Vol- Nom

(177)

CL. NO. 177

Panjab Digital Library

Ori nal with;
Pu ab Vidhan Sabha
Dig ized by;
Pan

177

Vol No-177 (1)

ਇਸ਼ਤਿਹਾਰ ਪੰ... ਪੰ... ਨੰ...

# PUNJAB VIDHAN SABHA

## DEBATES

*Tuesday, the 19th June, 2007*

**Vol. II – No. 1**

OFFICIAL REPORT

CONTENTS


| | Page |
|---|---|
| Obituary References | (1) 1 |


**Punjab Vidhan Sabha Secretariat, Chandigarh**

Price : Rs.________.


*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 19th June, 2007*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Sardar Nirmal Singh Kahlon) in the Chair.*

---

## OBITUARY REFERENCES

**Mr. Speaker :** Obituary references.

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਕੁਝ ਮਹਾਨ ਸ਼ਖਸੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ ਜਿਸ ਦੇ ਨਾਲ ਸਮੁੱਚੇ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਦੁਖ ਹੋਇਆ ਹੈ ਅਤੇ ਅਫ਼ਸੋਸ ਹੋਇਆ ਹੈ। ਇਨ੍ਹਾਂ ਵਿਚੋਂ ਇਕ ਸਰਦਾਰ ਜਗਜੀਤ ਸਿੰਘ ਚੌਹਾਨ ਹਨ ਜੋ ਕਿ ਡਿਪਟੀ ਸਪੀਕਰ ਵੀ ਰਹਿ ਚੁੱਕੇ ਹਨ ਅਤੇ ਖਜ਼ਾਨਾ ਮੰਤਰੀ ਵੀ ਰਹਿ ਚੁੱਕੇ ਹਨ। ਉਨ੍ਹਾਂ ਦਾ ਅਕਾਲ ਚਲਾਣਾ ਮਿਤੀ 4 ਅਪ੍ਰੈਲ, 2007 ਨੂੰ ਹੋਇਆ। ਉਨ੍ਹਾਂ ਦੇ ਚਲੇ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ। ਉਹ ਬੜੇ ਡੂੰਘੇ ਸਿਆਸਤਦਾਨ ਸਨ ਅਤੇ ਉਨ੍ਹਾਂ ਦਾ ਚਲੇ ਜਾਣਾ ਸਾਡੇ ਸਾਰਿਆਂ ਵਾਸਤੇ ਬੜਾ ਦੁਖਦਾਈ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਕਿਰਪਾਲ ਸਿੰਘ ਲਿਬੜਾ ਮਿਤੀ 7 ਮਈ, 2007 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 22-1-1947 ਨੂੰ ਪਿੰਡ ਲਿਬੜਾ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਉਹ ਸਾਲ 1985 ਵਿਚ ਸਰਹੰਦ ਹਲਕੇ ਤੋਂ ਐਮ.ਐਲ.ਏ. ਬਣੇ ਅਤੇ ਪਨਸਪ ਦੇ ਵੀ ਉਹ ਚੇਅਰਮੈਨ ਰਹੇ। ਉਹ ਬੜੇ ਵੱਡੇ ਸਮਾਜ ਸੇਵਕ ਸਨ ਅਤੇ ਜਿਹੜਾ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਵਿਚ ਹੈ, ਉਸ ਦੇ ਉਹ ਸਕੱਤਰ ਸਨ। ਉਸ ਕਾਲਜ ਦਾ ਸਾਰਾ ਕੰਮ ਉਹੀ ਚਲਾਉਂਦੇ ਸਨ। ਇਸ ਤੋਂ ਇਲਾਵਾ ਜਿਹੜਾ ਐਸ.ਜੀ.ਪੀ.ਸੀ. ਵੱਲੋਂ ਚਲਾਇਆ ਜਾ ਰਿਹਾ ਇਕ ਪਬਲਿਕ ਸਕੂਲ ਹੈ, ਉਸ ਦੇ ਵੀ ਉਹ ਪ੍ਰਧਾਨ ਰਹੇ ਹਨ। ਐਜੂਕੇਸ਼ਨ ਦੇ ਖੇਤਰ ਵਿਚ ਉਨ੍ਹਾਂ ਦਾ ਇਕ ਵਿਸ਼ੇਸ਼ ਯੋਗਦਾਨ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਵੀ ਉਹ ਮੈਂਬਰ ਰਹੇ। ਉਨ੍ਹਾਂ ਦੇ ਇਸ ਬੇਵਕਤ ਅਕਾਲ ਚਲਾਣੇ ਨਾਲ ਇਕ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਿਆ ਹੈ ਅਤੇ ਇਸ ਦਾ ਸਾਨੂੰ ਬਹੁਤ ਜ਼ਿਆਦਾ ਦੁਖ ਹੈ।

ਇਸੇ ਤਰ੍ਹਾਂ ਸਰਦਾਰ ਸਾਧੂ ਸਿੰਘ, ਸਾਬਕਾ ਵਿਧਾਇਕ, ਮਿਤੀ 27 ਮਈ, 2007 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਗਹਿਰਾ ਸਦਮਾ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਪਹੁੰਚਿਆ ਹੈ। ਉਨ੍ਹਾਂ ਦਾ ਜਨਮ ਮਿਤੀ 27 ਅਗਸਤ, 1927, ਨੂੰ ਪਿੰਡ ਬਿਧੀਪੁਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਹ ਜ਼ਿਲ੍ਹਾ ਕਪੂਰਥਲਾ ਦੇ ਕਾਂਗਰਸ ਪਾਰਟੀ ਦੇ ਬਹੁਤ ਲੰਮਾ ਸਮਾਂ ਪ੍ਰਧਾਨ ਰਹੇ। 1972 ਤੋਂ 1977 ਤੱਕ ਉਹ ਐਮ.ਐਲ.ਏ. ਵੀ ਰਹੇ। 1978 ਤੋਂ 1992 ਤੱਕ ਦੇ ਲੰਮੇਂ ਸਮੇਂ ਲਈ ਉਹ ਜ਼ਿਲ੍ਹਾ ਕਪੂਰਥਲਾ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਰਹੇ ਅਤੇ ਜੋ ਜ਼ਿਲ੍ਹਾ ਪ੍ਰੀਸ਼ਦ, ਕਪੂਰਥਲਾ ਹੈ, ਉਸ ਦੇ ਉਹ ਚੇਅਰਮੈਨ ਵੀ ਰਹੇ। ਉਹ ਬੜੇ ਤਜਰਬੇਕਾਰ ਸਿਆਸਤਦਾਨ ਸਨ। ਉਨ੍ਹਾਂ ਦਾ ਚਲੇ ਜਾਣਾ ਸਾਡੇ ਸਾਰਿਆਂ ਲਈ ਇਕ ਬਹੁਤ ਵੱਡਾ ਸਦਮਾ ਹੈ ਅਤੇ ਇਕ ਨਾ ਪੂਰਾ ਹੋ ਸਕਣ ਵਾਲਾ ਘਾਟਾ ਹੈ।

ਸਪੀਕਰ ਸਾਹਿਬ, ਜਿਨ੍ਹਾਂ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨਾਲ ਸਾਡਾ ਦੇਸ਼ ਆਜ਼ਾਦ ਹੋਇਆ ਹੈ, ਉਨ੍ਹਾਂ ਵਿਚੋਂ ਵੀ ਕੁਝ ਇਸ ਸੰਸਾਰ ਵਿਚੋਂ ਚਲੇ ਗਏ ਹਨ। ਉਨ੍ਹਾਂ ਵਿਚੋਂ ਇਕ ਸਰਦਾਰ ਬੁਧ ਸਿੰਘ ਸਨ ਜਿਨ੍ਹਾਂ ਦਾ ਅਕਾਲ ਚਲਾਣਾ ਮਿਤੀ 18 ਮਈ, 2007, ਨੂੰ ਹੋਇਆ। ਉਨ੍ਹਾਂ ਦਾ ਜਨਮ ਪਿੰਡ ਖਰਾਜਪੁਰ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ। ਅਕਾਲ ਚਲਾਣੇ ਵੇਲੇ ਉਨ੍ਹਾਂ ਦੀ ਉਮਰ 95 ਸਾਲ ਦੀ ਸੀ। ਜੰਗੇ-ਆਜ਼ਾਦੀ ਦੌਰਾਨ ਉਨ੍ਹਾਂ ਨੇ ਕਈ ਵਾਰ ਜੇਲ੍ਹ ਯਾਤਰਾ ਵੀ ਕੀਤੀ। ਆਜ਼ਾਦੀ ਵਾਸਤੇ ਉਨ੍ਹਾਂ ਨੇ ਬਹੁਤ ਸੰਘਰਸ਼ ਕੀਤਾ। ਉਹ ਇਕ ਮਹਾਨ ਵਿਅਕਤੀ ਸਨ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਇਸੇ ਤਰ੍ਹਾਂ ਸ਼੍ਰੀ ਦਲੀਪ ਚੰਦ ਵੀ ਇਕ ਆਜ਼ਾਦੀ ਘੁਲਾਟੀਏ ਸਨ ਅਤੇ ਆਜ਼ਾਦੀ ਦੀ ਲੜਾਈ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ। ਉਹ ਮਿਤੀ 16 ਅਪ੍ਰੈਲ, 2007 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਉਸ ਵੇਲੇ ਉਮਰ 97 ਵਰ੍ਹਿਆਂ ਦੀ ਸੀ। ਉਨ੍ਹਾਂ ਦੇ ਇਸ ਵਿਛੋੜੇ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਸਰਦਾਰ ਕਰਤਾਰ ਸਿੰਘ ਵੀ ਆਜ਼ਾਦੀ ਘੁਲਾਟੀਆਂ ਵਿਚੋਂ ਇਕ ਬਹੁਤ ਵੱਡੀ ਸ਼ਖਸੀਅਤ ਹੋਏ ਹਨ। ਉਨ੍ਹਾਂ ਦਾ ਜਨਮ ਸੰਨ 1908 ਵਿਚ ਪਿੰਡ ਬਹਾਦਰਪੁਰ, ਜ਼ਿਲ੍ਹਾ ਸੰਗਰੂਰ ਵਿਚ ਹੋਇਆ। ਉਨ੍ਹਾਂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਦੀ ਫੌਜ ਵਿਚ ਬੜੀ ਸੇਵਾ ਕੀਤੀ ਅਤੇ ਹੋਰ ਵੀ ਜਿਸ ਵੇਲੇ ਵੀ ਦੇਸ਼ ਨੂੰ ਲੋੜ ਪਈ, ਉਨ੍ਹਾਂ ਨੇ ਹਮੇਸ਼ਾ ਆਪਣਾ ਯੋਗਦਾਨ ਪਾਇਆ। ਮੈਂ ਬੜੇ ਡੂੰਘੇ ਦੁਖ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਹੀ, ਸਰਦਾਰ ਨਿਰੰਜਣ ਸਿੰਘ, ਵੀ ਆਜ਼ਾਦੀ ਘੁਲਾਟੀਏ ਸਨ। 1920 ਵਿਚ ਬਲਰਾਂ ਜ਼ਿਲ੍ਹਾ ਸੰਗਰੂਰ, ਵਿਚ ਉਨ੍ਹਾਂ ਦਾ ਜਨਮ ਹੋਇਆ। ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਦੀ ਫੌਜ ਵਿਚ ਉਨ੍ਹਾਂ ਨੇ ਯੋਗਦਾਨ ਪਾਇਆ ਔਰ ਬਹਾਦਰਗੜ੍ਹ ਕਿਲ੍ਹੇ ਵਿਚ ਵੀ ਲੰਮਾ ਸਮਾਂ ਉਨ੍ਹਾਂ ਨੇ ਜੇਲ੍ਹ ਯਾਤਰਾ ਕੀਤੀ। ਉਨ੍ਹਾਂ ਦੇ ਚਲੇ ਜਾਣ ਅਤੇ ਸਦੀਵੀ ਵਿਛੋੜਾ ਦੇ

Original with;
Punjab Vidhan Sabha
Digitized by;
Panjab Digital Library

ਜਾਣ ਦਾ ਵੀ ਸਾਨੂੰ ਬੜਾ ਭਾਰੀ ਦੁਖ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਅਸੀਂ ਇਕ ਮਹਾਨ ਆਜ਼ਾਦੀ ਘੁਲਾਟੀਏ ਨੂੰ ਗਵਾ ਲਿਆ ਹੈ।

ਸਪੀਕਰ ਸਾਹਿਬ, ਇਹ ਸਾਰੀਆਂ ਹੀ ਮਹਾਨ ਸ਼ਖਸੀਅਤਾਂ ਹਨ ਜਿਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਬੜਾ ਭਾਰੀ ਦੁਖ ਹੈ ਔਰ ਮੈਂ ਸਾਰੇ ਹਾਊਸ ਵੱਲੋਂ ਉਨ੍ਹਾਂ ਪ੍ਰਤੀ ਅਫ਼ਸੋਸ ਪ੍ਰਗਟ ਕਰਦਾ ਹਾਂ, ਦੁਖ ਪ੍ਰਗਟ ਕਰਦਾ ਹਾਂ ਔਰ ਨਾਲ ਹੀ ਬੇਨਤੀ ਕਰਦਾ ਹਾਂ ਕਿ ਹਮਦਰਦੀ ਦਾ ਇਕ ਮਤਾ ਪਾਸ ਕਰਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਵੇ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਮਾਨਯੋਗ ਸਪੀਕਰ ਸਾਹਿਬ, ਲੀਡਰ ਆਫ ਦਿ ਹਾਊਸ ਨੇ ਅੱਜ ਇਸ ਬਜਟ ਸੈਸ਼ਨ ਦੇ ਪਹਿਲੇ ਦਿਨ ਉਨ੍ਹਾਂ ਮਹਾਨ ਸ਼ਖਸੀਅਤਾਂ ਜਿਹੜੀਆਂ ਪਿਛਲੇ ਸਮੇਂ ਵਿਚ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ, ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ ਭੇਂਟ ਕਰਕੇ ਇਸ ਹਾਊਸ ਵੱਲੋਂ ਜੋ ਮਤਾ, ਜੋ ਪ੍ਰਸਤਾਵ ਰੱਖਿਆ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ। ਅੱਜ ਇਹ ਸਾਰਾ ਹਾਊਸ ਇਕੱਤਰ ਹੋਇਆ ਹੈ ਉਨ੍ਹਾਂ ਮਹਾਨ ਸ਼ਖਸੀਅਤਾਂ ਨੂੰ, ਮਹਾਨ ਹਸਤੀਆਂ ਨੂੰ ਸ਼ਰਧਾ ਦੇਣ ਲਈ ਜਿਨ੍ਹਾਂ ਨੇ ਪੰਜਾਬ ਦੇ ਵਿਕਾਸ ਵਿਚ ਔਰ ਪੰਜਾਬ ਦੀ ਸਿਆਸਤ ਵਿਚ ਅਤੇ ਪੰਜਾਬ ਨੂੰ ਉਚਾ ਚੁੱਕਣ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਇਨ੍ਹਾਂ ਵਿਚ ਸਭ ਤੋਂ ਪਹਿਲਾਂ ਡਾਕਟਰ ਜਗਜੀਤ ਸਿੰਘ ਚੌਹਾਨ ਹਨ, ਜੋ ਸਾਬਕਾ ਡਿਪਟੀ ਸਪੀਕਰ ਅਤੇ ਸਾਬਕਾ ਫਾਇਨਾਂਸ ਮਨਿਸਟਰ ਸਨ ਅਤੇ ਜੋ ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਨ, ਰਾਜਨੀਤੀ ਵਿਚ ਉਨ੍ਹਾਂ ਦਾ ਬੜਾ ਨਾਂ ਸੀ ਅਤੇ ਇੰਟਰਨੈਸ਼ਨਲ ਲੈਵਲ ਤੇ ਉਨ੍ਹਾਂ ਦੀ ਬੜੀ ਪਹਿਚਾਣ ਸੀ। ਆਪਣੇ ਰਾਜਨੀਤਕ ਕੰਮਾਂ ਕਰਕੇ ਉਨ੍ਹਾਂ ਨੇ ਆਪਣਾ ਨਾਂ ਬਣਾਇਆ। ਅੱਜ ਉਹ ਸਾਡੇ ਵਿਚ ਨਹੀਂ ਹਨ ਅਤੇ ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸ ਤੋਂ ਬਾਅਦ ਬਹੁਤ ਉੱਚੇ ਅਤੇ ਸੁੱਚੇ ਸਿਆਸਤਦਾਨ ਸਰਦਾਰ ਕ੍ਰਿਪਾਲ ਸਿੰਘ ਲਿਬੜਾ ਸਨ। ਉਹ ਐਮ.ਐਲ.ਏ. ਵੀ ਰਹੇ ਔਰ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਵੀ ਬਹੁਤ ਵਧੀਆ ਨੁਮਾਇੰਦਗੀ ਸਰਹਿੰਦ ਕਾਂਸਟੀਚੂਐਂਸੀ ਤੋਂ ਕੀਤੀ। ਉਨ੍ਹਾਂ ਦਾ ਸਿਆਸੀ ਜੀਵਨ ਬਹੁਤ ਤਜਰਬਿਆਂ ਭਰਿਆ ਸੀ। ਉਹ ਪਨਸਪ ਦੇ ਚੇਅਰਮੈਨ ਵੀ ਰਹੇ। ਉਹ ਐਜੂਕੇਸ਼ਨਿਸਟ ਵੀ ਸਨ ਅਤੇ ਸਮਾਜ ਸੇਵੀ ਵੀ ਸਨ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਦੀ ਬਹੁਤ ਵੱਡੀ ਸੇਵਾ ਕੀਤੀ। ਸਪੀਕਰ ਸਾਹਿਬ, ਪੰਜਾਬ ਉਨ੍ਹਾਂ ਦੇ ਵਿਛੋੜੇ ਨਾਲ ਉਨ੍ਹਾਂ ਤੋਂ ਸਦਾ ਲਈ ਵਾਂਝਾ ਹੋ ਗਿਆ ਹੈ। ਉਹ ਇਕ ਬਹੁਤ ਉੱਚੇ ਰਾਜਨੀਤੀਵਾਨ ਸਨ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਸਰਦਾਰ ਸਾਧੂ ਸਿੰਘ ਜੀ ਵੀ ਸਾਡੇ ਤੋਂ

Original with;
Punjab Vidhan Sabha
Digitized by;
Panjab Digital Library

**[ ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ]**

ਵਿਛੜ ਗਏ ਹਨ ਜਿਹੜੇ ਕਿ ਸਾਡੇ ਹਾਊਸ ਦੇ ਐਮ.ਐਲ.ਏ. ਰਹੇ ਹਨ। ਸੰਨ 1927 ਵਿਚ ਪਿੰਡ ਬਿਧੀਪੁਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਵਿਚ ਉਨ੍ਹਾਂ ਦਾ ਜਨਮ ਹੋਇਆ। ਮਿਤੀ 27-5-2007 ਨੂੰ ਉਹ ਇਸ ਸੰਸਾਰ ਤੋਂ ਉਠ ਗਏ। ਉਹ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪੱਧਰ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਨੇ ਆਪਣੇ ਸਿਆਸੀ ਜੀਵਨ ਵਿਚ ਬੜੀਆਂ ਪੁਲਾਘਾਂ ਪੁੱਟੀਆਂ ਅਤੇ ਉਨ੍ਹਾਂ ਨੇ ਜ਼ਿਲ੍ਹਾ ਪ੍ਰੀਸ਼ਦ, ਕਪੂਰਥਲਾ ਦੇ ਚੇਅਰਮੈਨ ਦੇ ਤੌਰ ਤੇ ਵੀ ਆਪਣੀ ਜ਼ਿੰਮੇਵਾਰੀ ਨਿਭਾਈ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਪੰਜਾਬ ਨੂੰ ਬਹੁਤ ਘਾਟਾ ਹੋਇਆ ਹੈ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਉਹ ਲੋਕ ਵੀ ਵਿਛੜ ਗਏ ਹਨ ਜਿਨ੍ਹਾਂ ਨੇ ਆਪਣੇ ਜੀਵਨ ਦੀ ਪ੍ਰਵਾਹ ਨਾ ਕਰਦੇ ਹੋਏ ਇਸ ਦੇਸ਼ ਨੂੰ ਅਜ਼ਾਦ ਕਰਵਾਇਆ ਅਤੇ ਦੇਸ਼ ਦੀ ਸੇਵਾ ਕੀਤੀ। ਅੱਜ ਹਿੰਦੁਸਤਾਨ ਦੇ ਵਿਚ ਅਸੀਂ ਉਨ੍ਹਾਂ ਵੱਲੋਂ ਕੀਤੀ ਗਈ ਦੇਸ਼ ਸੇਵਾ ਕਰਕੇ ਹੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਨ੍ਹਾਂ ਦੇ ਵਿਚ ਸਰਦਾਰ ਬੁੱਧ ਸਿੰਘ, ਫਰੀਡਮ ਫਾਈਟਰ, ਸ਼੍ਰੀ ਦਲੀਪ ਚੰਦ, ਫਰੀਡਮ ਫਾਈਟਰ ਔਰ ਸਰਦਾਰ ਕਰਤਾਰ ਸਿੰਘ, ਫਰੀਡਮ ਫਾਈਟਰ ਸ਼ਾਮਲ ਹਨ ਅਤੇ ਉਨ੍ਹਾਂ ਦੇ ਨਾਲ ਹੀ ਸਰਦਾਰ ਨਿਰੰਜਣ ਸਿੰਘ, ਫਰੀਡਮ ਫਾਈਟਰ ਵੀ ਹਨ ਜੋ ਸਾਡੇ ਤੋਂ ਵਿਛੜ ਗਏ ਹਨ। ਇਨ੍ਹਾਂ ਸਾਰੇ ਮਹਾਨ ਪੁਰਸ਼ਾਂ ਨੇ ਆਪਣੀ ਜ਼ਿੰਦਗੀ ਦੀ ਪ੍ਰਵਾਹ ਨਾ ਕਰਦੇ ਹੋਏ, ਆਪਣੇ ਕੰਮਾਂ-ਕਾਰਾਂ ਅਤੇ ਘਰ ਬਾਰ ਨੂੰ ਛੱਡ ਕੇ, ਸਪੀਕਰ ਸਾਹਿਬ, ਦੇਸ਼ ਦੀ ਸੇਵਾ ਕੀਤੀ। ਉਨ੍ਹਾਂ ਨੇ ਜੇਲ੍ਹਾਂ ਵੀ ਕੱਟੀਆਂ, ਲੋਕਾਂ ਦੀ ਅਗਵਾਈ ਵੀ ਕੀਤੀ ਅਤੇ ਅਖੀਰ ਵਿਚ ਇਸ ਮੁਲਕ ਨੂੰ ਅਜ਼ਾਦ ਕਰਵਾ ਕੇ ਹੀ ਦਮ ਲਿਆ। ਇਹ ਸਾਰੀਆਂ ਮਹਾਨ ਸ਼ਖਸੀਅਤਾਂ ਹੌਲੀ ਹੌਲੀ ਕਰਕੇ ਸਾਨੂੰ ਸਦੀਵੀ ਵਿਛੋੜਾ ਦੇ ਕੇ ਚਲੀਆਂ ਗਈਆਂ ਹਨ। ਇਨ੍ਹਾਂ ਦੇ ਜਾਣ ਨਾਲ ਸਾਨੂੰ ਬੜਾ ਘਾਟਾ ਪਿਆ ਹੈ। ਮੌਤ ਇਕ ਅਟੱਲ ਸਚਾਈ ਹੈ। ਜਿਹੜਾ ਵੀ ਇਸ ਸੰਸਾਰ ਵਿਚ ਆ ਗਿਆ ਹੈ, ਉਸਨੇ ਇਕ ਨਾ ਇਕ ਦਿਨ ਤੁਰ ਜਾਣਾ ਹੈ। ਉਨ੍ਹਾਂ ਦੇ ਜਾਣ ਦਾ ਸਾਨੂੰ ਬੜਾ ਦੁਖ ਹੈ। ਉਹ ਆਪਣੇ ਲਈ ਨਹੀਂ ਜੀਏ ਬਲਕਿ ਸਮਾਜ ਲਈ, ਦੇਸ਼ ਲਈ ਜੀਏ ਹਨ। ਮੈਂ ਆਪਣੇ ਵੱਲੋਂ ਜੋ ਲੀਡਰ ਆਫ ਦਿ ਹਾਊਸ ਨੇ ਪ੍ਰਸਤਾਵ ਪੇਸ਼ ਕੀਤਾ ਹੈ, ਉਸਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਸਾਰੀਆਂ ਵਿਛੜੀਆਂ ਆਤਮਾਵਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) :** ਮਾਨਯੋਗ ਸਪੀਕਰ ਸਾਹਿਬ, ਅੱਜ ਅਸੀਂ ਬਜਟ ਸੈਸ਼ਨ ਦੇ ਪਹਿਲੇ ਦਿਨ ਇਕੱਤਰ ਹੋਏ ਹਾਂ। ਪ੍ਰੋਗਰਾਮ ਦੇ ਮੁਤਾਬਿਕ ਇਕ ਮਤਾ ਹਾਊਸ ਵਿਚ ਆਇਆ ਹੈ ਕਿ ਜਿਹੜੇ ਸਾਡੇ ਵਿਛੜੇ ਹੋਏ ਕੁੱਝ ਸਾਬਕਾ ਐਮ.ਐਲ.ਏਜ਼, ਦੇਸ਼ ਭਗਤ ਅਤੇ ਹੋਰ ਲੋਕ ਹਨ, ਉਨ੍ਹਾਂ ਨੂੰ ਅਸੀਂ ਆਪਣੀ ਸ਼ਰਧਾ ਦੇ ਫੁੱਲ ਭੇਟ ਕਰੀਏ। ਇਸ ਸਬੰਧ ਵਿਚ ਮੈਂ ਸਾਰਿਆਂ ਤੋਂ ਪਹਿਲਾਂ ਸਰਦਾਰ ਸਾਧੂ ਸਿੰਘ, ਸਾਬਕਾ ਵਿਧਾਇਕ ਜੋ ਮਿਤੀ 27-5-2007 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਲਈ

Original with;
Punjab Vidhan Sabha
Digitized by;
Panjab Digital Library

ਗਹਿਰਾ ਦੁਖ ਪ੍ਰਗਟ ਕਰਦੀ ਹਾਂ। ਉਹ ਕਾਂਗਰਸ ਪਾਰਟੀ ਦੇ ਉੱਚੇ ਤੇ ਸੁੱਚੇ ਲੀਡਰ ਸਨ। ਉਹ ਐਮ.ਐਲ.ਏ. ਵੀ ਰਹੇ। ਐਮ.ਐਲ.ਏ. ਤੋਂ ਇਲਾਵਾ ਉਨ੍ਹਾਂ ਨੇ ਜ਼ਿਲ੍ਹਾ ਕਾਂਗਰਸ ਦੀ ਪ੍ਰਧਾਨਗੀ ਵੀ 2-3 ਸਾਲ ਕੀਤੀ। ਉਹ ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ ਦੇ ਚੇਅਰਮੈਨ ਵੀ ਰਹੇ। ਪਿੰਡ ਬਿਧੀਪੁਰ ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਚ ਉਹ ਪੈਦਾ ਹੋਏ। ਉਹ ਬੜੀ ਅੱਛੀ ਤੇ ਨਿੱਘੀ ਸੋਚ, ਨਿਮਰਤਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹੇ। ਉਨ੍ਹਾਂ ਦੇ ਜਾਣ ਨਾਲ ਸਾਨੂੰ ਸਾਰਿਆਂ ਨੂੰ ਦੁਖ ਹੈ।

ਸਰਦਾਰ ਕਿਰਪਾਲ ਸਿੰਘ ਲਿਬੜਾ ਵੀ ਸਾਬਕਾ ਵਿਧਾਇਕ ਸਨ ਜੋ ਮਿਤੀ 7-5-2007 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਲਿਬੜਾ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਚ 1947 ਵਿਚ ਹੋਇਆ। ਉਹ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ 1985 ਵਿਚ ਸਰਹਿੰਦ ਹਲਕੇ ਤੋਂ ਐਮ.ਐਲ.ਏ. ਰਹੇ। ਉਹ ਪਨਸਪ ਦੇ ਚੇਅਰਮੈਨ ਵੀ ਰਹੇ। ਇਸ ਤਰ੍ਹਾਂ ਕਿਸੇ ਵੀ ਸਿਆਸਤਦਾਨ ਦਾ ਲੋਕਾਂ ਦੀ ਸੇਵਾ ਕਰਦੇ ਹੋਏ ਚਲੇ ਜਾਣਾ ਦੁਖਦਾਇਕ ਹੁੰਦਾ ਹੈ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਾਡੇ ਦੇਸ਼ ਦੀ ਸੇਵਾ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਵਿਚੋਂ ਇਕ ਸਰਦਾਰ ਬੁੱਧ ਸਿੰਘ ਹਨ ਜੋ ਮਿਤੀ 18-5-2007 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿੰਡ ਖਰਾਜਪੁਰ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਅੱਗੇ ਹੋ ਕੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜੀ ਅਤੇ ਕਈ ਵਾਰ ਜੇਲ੍ਹ ਵੀ ਕੱਟੀ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਭਾਰੀ ਦੁਖ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਸ਼੍ਰੀ ਦਲੀਪ ਚੰਦ, ਆਜ਼ਾਦੀ ਘੁਲਾਟੀਏ ਜੋ ਪਿੰਡ ਮਲਕਾਣਾ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਵਿਖੇ ਮਿਤੀ 16-4-2007 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਜਾਣ ਦਾ ਸਾਨੂੰ ਗਹਿਰਾ ਸਦਮਾ ਹੈ। ਉਨ੍ਹਾਂ ਨੇ ਬੜੀ ਚੰਗੀ ਤਰ੍ਹਾਂ ਦੇਸ਼ ਸੇਵਾ ਕੀਤੀ ਅਤੇ ਅੰਦਰੂਨੀ ਭਾਵਨਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ। ਇਸੇ ਤਰ੍ਹਾਂ ਸਰਦਾਰ ਕਰਤਾਰ ਸਿੰਘ ਆਜ਼ਾਦੀ ਘੁਲਾਟੀਏ ਵੀ ਸਾਨੂੰ ਮਿਤੀ 14-5-2007 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਬਹਾਦਰਪੁਰ ਵਿਚ 1908 ਵਿਚ ਹੋਇਆ ਸੀ। ਉਹ ਸਾਡੇ ਜ਼ਿਲ੍ਹੇ ਸੰਗਰੂਰ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜੀ ਅਤੇ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਵਿਚ ਵੀ ਉਨ੍ਹਾਂ ਨੇ ਸੇਵਾ ਕੀਤੀ। ਇਹੋ ਜਿਹੇ ਦੇਸ਼ ਭਗਤ ਦੇ ਚਲੇ ਜਾਣ ਦਾ ਵੀ ਸਾਨੂੰ ਬੜਾ ਭਾਰੀ ਦੁਖ ਹੈ। ਇਸੇ ਤਰ੍ਹਾਂ ਸਰਦਾਰ ਨਿਰੰਜਣ ਸਿੰਘ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 12-5-2007 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1920 ਵਿਚ ਬਲਰਾਂ, ਜ਼ਿਲ੍ਹਾ ਸੰਗਰੂਰ ਵਿਚ ਹੋਇਆ। ਉਨ੍ਹਾਂ ਨੇ ਵੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਵਿਚ ਸੇਵਾ ਕੀਤੀ। ਆਜ਼ਾਦੀ ਦੀ ਲੜਾਈ ਸਮੇਂ ਉਹ ਬਹਾਦਰਗੜ੍ਹ ਕਿਲ੍ਹੇ ਵਿਚ ਵੀ ਕੈਦ ਰਹੇ। ਇਹ ਸਦੀਵੀ ਵਿਛੋੜਾ ਦੁਖਦਾਇਕ ਹੈ ਅਤੇ ਇਸ ਤਰ੍ਹਾਂ ਨਾਲ ਅਸੀਂ ਇਕ ਮਹਾਨ ਆਜ਼ਾਦੀ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ]

ਘੁਲਾਟੀਆ ਗਵਾਇਆ ਹੈ। ਸਪੀਕਰ ਸਾਹਿਬ, ਇਸੇ ਤਰ੍ਹਾਂ ਹੋਰ ਵੀ ਕੁਝ ਕੇਸਿਜ਼ ਮੇਰੇ ਨੋਟਿਸ ਵਿਚ ਆਏ ਹਨ। ਇਕ ਹੋਰ ਦੇਸ਼ ਭਗਤ ਸਰਦਾਰ ਚੰਨਣ ਸਿੰਘ, ਜਿਨ੍ਹਾਂ ਦਾ ਕਿ ਕੱਲ੍ਹ ਨੂੰ ਭੋਗ ਹੈ, ਸਾਡੇ ਤੋਂ ਵਿਛੜ ਗਏ ਹਨ। ਉਹ ਮਾਛੀਵਾੜਾ ਪਿੰਡ ਦੇ ਰਹਿਣ ਵਾਲੇ ਸਨ। ਉਹ ਆਈ.ਐਨ.ਏ. ਵਿਚ ਵੀ ਰਹੇ ਹਨ ਅਤੇ ਉਨ੍ਹਾਂ ਦੀ ਮਿਤੀ 11-6-2007 ਨੂੰ ਮੌਤ ਹੋ ਗਈ ਹੈ। ਸਾਨੂੰ ਇਸ ਤਰ੍ਹਾਂ ਦੇ ਦੇਸ਼ ਭਗਤਾਂ ਨੂੰ ਯਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਦੇ ਕਾਰਣ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

ਇਸ ਦੇ ਨਾਲ ਹੀ ਮੈਂ ਕੁਝ ਹੋਰ ਵੀ ਕਹਿਣਾ ਚਾਹੁੰਦੀ ਹਾਂ ਕਿ ਪਿਛਲੇ ਸਮੇਂ ਵਿਚ ਕੁਝ ਐਸੀਆਂ ਘਟਨਾਵਾਂ ਘਟੀਆਂ ਹਨ ਜਿਨ੍ਹਾਂ ਦਾ ਮੈਂ ਜ਼ਿਕਰ ਕਰਨਾ ਚਾਹੁੰਦੀ ਹਾਂ। ਦੋ ਤਿੰਨ ਦਲਿਤ ਪ੍ਰਵਾਰ ਬਲਕਿ ਚਾਰ ਦਲਿਤ ਪ੍ਰਵਾਰਾਂ ਦੇ ਮੈਂਬਰ ਬਹੁਤ ਹੀ ਭਿਆਨਕ ਮੌਤ ਦੇ ਨਾਲ ਇਸ ਦੁਨੀਆਂ ਨੂੰ ਛੱਡ ਗਏ ਹਨ। ਸਭ ਤੋਂ ਪਹਿਲਾਂ ਮੈਂ ਨੂਰਮਹਿਲ ਦੇ ਕੇਸ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ ਜਿੱਥੇ ਦਹਿਸ਼ਤ ਕਾਰਣ, ਡਰ ਕਾਰਣ ਇਕ ਪ੍ਰਵਾਰ ਨੇ ਸੁਸਾਈਡ ਕੀਤਾ ਜਿਸ ਵਿਚ ਇਕ ਛੇ ਸਾਲ ਦੀ ਲੜਕੀ ਵੀ ਸ਼ਾਮਿਲ ਸੀ ਅਤੇ ਗਰਭਵਤੀ ਮਾਂ ਵੀ ਸ਼ਾਮਿਲ ਸੀ। ਸੁਖਦੇਵ ਸਿੰਘ, ਤਾਰਾ ਸਿੰਘ ਅਤੇ ਸ਼੍ਰੀਮਤੀ ਬਿੰਦਰ ਕੌਰ ਨੇ ਸੁਸਾਈਡ ਕੀਤੇ। ਮੈਂ ਸਮਝਦੀ ਹਾਂ ਕਿ ਇਹ ਇਕ ਬਹੁਤ ਹੀ ਨਿੰਦਣਯੋਗ ਘਟਨਾ ਹੈ ਅਤੇ ਅਸੀਂ ਮੰਗ ਕਰਦੇ ਹਾਂ ਕਿ ਇਸ ਦੀ ਇਨਕੁਆਇਰੀ ਹੋਵੇ ਤਾਂ ਕਿ ਅੱਗੇ ਨੂੰ ਇਸ ਤਰ੍ਹਾਂ ਦਾ ਕਦਮ ਉਠਾਉਣ ਲਈ ਕੋਈ ਮਜਬੂਰ ਨਾ ਹੋਵੇ। ਇਸ ਦੇ ਪਿੱਛੋਂ ਬਲਵਿੰਦਰ ਸਿੰਘ ਬਿੱਲੂ ਵਾਸੀ ਪਿੰਡ ਬਹਾਦਰਗੜ੍ਹ ਜਿਹੜਾ ਕਿ ਆਰ.ਐਸ.ਐਸ. ਦਾ ਪ੍ਰਚਾਰਕ ਵੀ ਸੀ, ਉਹ ਵੀ ਜਾਂਦਾ ਹੋਇਆ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ। ਇਸੇ ਤਰ੍ਹਾਂ ਸਪੀਕਰ ਸਾਹਿਬ ਮਿਤੀ 21-4-2007 ਨੂੰ ਕੇਵਲ ਸਿੰਘ ਸਪੁੱਤਰ ਸਰਦਾਰ ਬੂਟਾ ਸਿੰਘ, ਮਜ਼ਬੀ ਸਿੱਖ ਵਾਸੀ ਪਿੰਡ ਬੁਧਣਵਾਲ, ਮੋਗਾ ਨੂੰ ਵੀ ਬੈਰਕ ਵਿਚ ਮਾਰਿਆ ਗਿਆ। ਇਹ ਪਹਿਲੀ ਵੇਰ ਘਟਨਾ ਹੋਈ ਹੈ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸਪੀਕਰ ਸਾਹਿਬ, ਅੱਜ ਸਿਰਫ ਜਿਹੜਾ ਪ੍ਰਸਤਾਵ ਪੇਸ਼ ਹੋਇਆ ਹੈ, ਜਿਨ੍ਹਾਂ ਨੇ ਸਮਾਜ ਅਤੇ ਦੇਸ਼ ਲਈ ਕੁਝ ਕੀਤਾ ਹੈ, ਉਨ੍ਹਾਂ ਦੇ ਲਈ ਕੰਡੋਲੈਂਸ ਹੈ, ਨਾ ਕਿ ਕਿਲਿੰਗਜ਼ ਜਾਂ ਹੋਰ ਜੋ ਡੈਥਸ ਹੋਈਆਂ ਹਨ, ਉਨ੍ਹਾਂ ਨੂੰ ਡਿਸਕਸ ਕਰਨ ਲਈ ਹੈ। ਉਨ੍ਹਾਂ ਬਾਰੇ ਇਹ ਫੇਰ ਡਿਸਕਸ਼ਨ ਕਰ ਲੈਣ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਸ਼੍ਰੀ ਤਿਕਸ਼ਨ ਸੂਦ ਪਿਛਲੀ ਕਾਰਵਾਈ ਦੇਖ ਲੈਣ। ਇਹ ਰਵਾਇਤ ਬਣੀ ਹੋਈ ਹੈ ਅਤੇ ਰਵਾਇਤ ਤੋਂ ਉਪਰ ਕੋਈ ਨਹੀਂ ਹੈ। ਸਪੀਕਰ ਸਾਹਿਬ, ਕੇਵਲ ਸਿੰਘ ਮਜ਼ਬੀ ਸਿੱਖ ਦੀ ਜੋ ਘਟਨਾ ਹੋਈ ਹੈ, ਇਹ ਵੀ ਬਹੁਤ ਨਿੰਦਣਯੋਗ ਅਤੇ ਬੜੀ ਸ਼ਰਮਨਾਕ ਹੈ। ਇਸੇ ਤਰ੍ਹਾਂ ਮਿਤੀ 17.3.2007 ਨੂੰ ਸੁਖਬੀਰ ਸਿੰਘ ਪੁੱਤਰ ਬਿੰਦਰ ਸਿੰਘ ਜਾਤੀ ਮਹਿਰਾ, ਵਾਸੀ ਪਾਰੋਵਾਲ, ਬਟਾਲਾ ਦਾ

Original with;
Punjab Vidhan Sabha
Digitized by;
Punjab Digital Library

ਮਰਡਰ ਕੀਤਾ ਗਿਆ। ਇਸ ਨੂੰ ਪੁਲੀਟੀਕਲਾਈਜ਼ ਸਮਝਦੇ ਹੋਏ ਕੁਝ ਲੋਕਾਂ ਨੇ ਉਸ ਨੂੰ ਮਾਰ ਦਿੱਤਾ।

**ਮਾਨਯੋਗ ਸਪੀਕਰ** : ਬੀਬੀ ਜੀ, ਜਿਹੜੀਆਂ ਘਟਨਾਵਾਂ ਦਾ ਜ਼ਿਕਰ ਏਜੰਡੇ ਵਿਚ ਹੈ, ਉਥੋਂ ਤੱਕ ਹੀ ਸੀਮਤ ਰਹਿਣ ਦੀ ਕੋਸ਼ਿਸ਼ ਕੀਤੀ ਜਾਵੇ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਜਾਂ ਤਾਂ ਪਿਛਲੀਆਂ ਰਵਾਇਤਾਂ ਕੱਟ ਦਿਓ ਜਾਂ ਫਿਰ ਸਾਨੂੰ ਬੋਲਣ ਦਿਓ। ਅਸੀਂ ** ** ਨਹੀਂ ਚੱਲਣ ਦਿਆਂਗੇ। ਇਸੇ ਤਰ੍ਹਾਂ, ਸਪੀਕਰ ਸਾਹਿਬ, ਰਣਜੀਤ ਸਿੰਘ ਜਿਹੜਾ ਕਿ ਕਾਂਗਰਸ ਦਾ ਵਰਕਰ ਸੀ, ਉਸਦਾ ਵੀ ਅੰਮ੍ਰਿਤਸਰ ਵਿਚ ਕਤਲ ਕੀਤਾ ਗਿਆ।

ਇਸ ਦੇ ਨਾਲ ਹੀ ਸਰਦਾਰ ਜਗਜੀਤ ਸਿੰਘ ਚੌਹਾਨ ਜਿਹੜੇ ਕਿ ਇਸ ਹਾਊਸ ਵਿਚ ਡਿਪਟੀ ਸਪੀਕਰ ਰਹੇ, ਇਕ ਰਵਾਇਤ ਕਰਕੇ, ਇਕ ਮਰਿਆਦਾ ਕਰਕੇ, ਸਪੀਕਰ ਸਾਹਿਬ, ਮੈਂ ਉਨ੍ਹਾਂ ਦਾ ਨਾਂ ਵੀ ਇਸ ਥਾਂ ਤੋਂ ਸ਼ਰਧਾਂਜਲੀ ਵਿਚ ਸ਼ਾਮਿਲ ਕਰਦੀ ਹਾਂ ਲੇਕਿਨ ਜੋ ਰੋਲ ਉਨ੍ਹਾਂ ਦਾ ਬਾਅਦ ਵਿਚ ਰਿਹਾ, ਜਿਸ ਦੇ ਨਾਲ ਸਾਡੇ ਦੇਸ਼ ਦੇ ਨਾਲ ਦੇਸ਼ ਧਰੋਹੀ ਹੋਈ...

**ਮਾਨਯੋਗ ਸਪੀਕਰ** : ** ** ਵਾਲਾ ਸ਼ਬਦ ਡਿਲੀਟ ਕਰ ਦਿੱਤਾ ਜਾਵੇ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਜੋ ਰੋਲ ਉਨ੍ਹਾਂ ਦਾ ਬਾਅਦ ਵਿਚ ਰਿਹਾ, ਖਾਲਿਸਤਾਨ ਦੀ ਜੋ ਉਨ੍ਹਾਂ ਨੇ ਗੱਲ ਕੀਤੀ ਅਤੇ ਬਾਅਦ ਵਿਚ ਜਿਹੜਾ ਉਨ੍ਹਾਂ ਦਾ ਰੋਲ ਰਿਹਾ ਜਿਸਦੇ ਨਾਲ ਦੇਸ਼ ਧਰੋਹੀ ਹੋਈ ਅਤੇ ਸਾਡੇ ਦੇਸ਼ ਵਿਚ 12 ਸਾਲ ਦੇਸ਼ ਦੇ ਲੋਕਾਂ ਨਾਲ ਖੂਨ ਦੀ ਹੋਲੀ ਖੇਡੀ ਗਈ ਅਤੇ ਜਿਸ ਤਰ੍ਹਾਂ ਦਾ ਕਦਮ ਉਨ੍ਹਾਂ ਨੇ ਚੁੱਕਿਆ, ਇਸ ਦੀ ਅਸੀਂ ਪਿਛੇ ਵੀ ਨਿੰਦਿਆ ਕੀਤੀ ਸੀ ਅਤੇ ਅੱਜ ਵੀ ਮੈਂ ਆਪਣੇ ਵੱਲੋਂ ਅਤੇ ਆਪਣੀ ਕਾਂਗਰਸ ਪਾਰਟੀ ਵੱਲੋਂ ਨਿੰਦਿਆ ਕਰਦੀ ਹਾਂ। ਇਸ ਤਰ੍ਹਾਂ ਦੇ ਲੋਕ ਜਿਹੜੇ ਇਸ ਤਰ੍ਹਾਂ ਦਾ ਰੋਲ ਅਦਾ ਕਰਦੇ ਹਨ, ਉਨ੍ਹਾਂ ਦੇ ਉਸ ਰੋਲ ਨੂੰ ਮੈਂ ਨਿੰਦਦੀ ਹਾਂ। ਕਿਉਂਕਿ ਉਹ ਡਿਪਟੀ ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਰਹੇ ਸਨ, ਇਸ ਲਈ ਹਾਊਸ ਦੀ ਪ੍ਰੰਪਰਾ ਦੇ ਮੁਤਾਬਿਕ ਅਸੀਂ ਉਨ੍ਹਾਂ ਨੂੰ ਇਸ ਆਬੀਚਰੀ ਵਿਚ ਸ਼ਾਮਿਲ ਕੀਤਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਇਕ ਸ਼ਾਇਰ ਨੇ ਕਿਹਾ ਕਿ :

ਆਗਾਹ ਆਪਣੀ ਮੌਤ ਸੇ ਕੋਈ ਬਸ਼ਰ ਨਹੀਂ
ਸਾਮਾਨ ਸੌ ਬਰਸ ਕਾ ਪਲ ਕੀ ਖਬਰ ਨਹੀਂ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ ਸਰਦਾਰ ਚਰਨਜੀਤ ਸਿੰਘ ਚੰਨੀ ]

ਗੁਰਬਾਣੀ ਵਿਚ ਦਰਜ ਹੈ :

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣ ਅਵਗੁਣ ਨਾ ਬੀਚਾਰਹੁ ਕੋਈ ।
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥

ਆਪਾਂ ਸਾਰਿਆਂ ਨੇ ਇੱਕ ਦਿਨ ਜਾਣਾ ਹੈ। ਮੌਤ ਨੇ ਹਰ ਕਿਸੇ ਨੂੰ ਜਕੜਿਆ ਹੋਇਆ ਹੈ। ਆਮ ਤੌਰ ਤੇ ਇੱਕ ਵਿਅਕਤੀ ਆਪਣੇ ਜੀਵਨ ਵਿਚ ਆਪਣੇ ਪਰਿਵਾਰ ਦੀ, ਆਪਣੇ ਬੱਚਿਆਂ ਦੀ ਅਤੇ ਆਪਣੇ ਆਪ ਦੇ ਪਾਲਣ-ਪੋਸ਼ਣ ਵਿਚ ਲੱਗਿਆ ਰਹਿੰਦਾ ਹੈ ਪਰ ਕੁਝ ਸ਼ਖਸੀਅਤਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸਮਾਜ ਲਈ, ਆਪਣੀ ਕੌਮ ਲਈ ਅਤੇ ਆਪਣੇ ਦੇਸ਼ ਲਈ, ਆਪਣੀ ਜ਼ਿੰਦਗੀ ਲੇਖੇ ਲਗਾਉਂਦੀਆਂ ਹਨ। ਅੱਜ ਵੀ ਕੁਝ ਸ਼ਖਸੀਅਤਾਂ ਜਿਨ੍ਹਾਂ ਨੇ ਆਪਣੇ ਦੇਸ਼ ਲਈ, ਆਪਣੀ ਕੌਮ ਲਈ ਸੁਤੰਤਰਤਾ ਸੰਗਰਾਮੀ ਦੇ ਤੌਰ ਤੇ ਅਤੇ ਰਾਜਨੀਤਿਕ ਤੌਰ ਤੇ ਆਪਣਾ ਜੀਵਨ ਲਗਾਇਆ ਹੈ, ਉਨ੍ਹਾਂ ਨੂੰ ਅੱਜ ਸਦਨ ਵਿਚ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਮਾਨਯੋਗ ਮੁੱਖ ਮੰਤਰੀ ਜੀ ਨੇ ਇਨ੍ਹਾਂ ਸ਼ਖਸੀਅਤਾਂ ਬਾਰੇ, ਉਨ੍ਹਾਂ ਦੇ ਜੀਵਨ ਬਾਰੇ ਦੱਸਿਆ ਹੈ, ਉਹ ਮੈਂ ਦੁਹਰਾਉਣਾ ਨਹੀਂ ਚਾਹਾਂਗਾ ਲੇਕਿਨ ਅੱਜ ਮੈਂ ਇੱਕ ਗੱਲ ਜ਼ਰੂਰ ਕਰਾਂਗਾ ਕਿ ਉਨ੍ਹਾਂ ਦੇ ਪਰਿਵਾਰਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਅੱਜ ਇੱਥੇ ਸਦਨ ਵਿਚ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਇਹ ਸਾਡੇ ਪੰਜਾਬ ਦੇ ਨੌਜਵਾਨਾਂ ਲਈ ਵੀ ਇੱਕ ਸੇਧ ਹੈ ਕਿ ਚੰਗਾ ਕੰਮ, ਚੰਗਾ ਜੀਵਨ ਬਤੀਤ ਕਰਕੇ ਅਸੀਂ ਅੱਗੇ ਆਈਏ ਤੇ ਦੇਸ਼ ਅਤੇ ਕੌਮ ਦੀ ਸੇਵਾ ਕਰੀਏ। ਸੋ, ਅੱਜ ਜੋ ਮੁੱਖ ਮੰਤਰੀ ਜੀ ਨੇ ਪ੍ਰਸਤਾਵ ਰੱਖਿਆ ਹੈ, ਉਸ ਦੀ ਮੈਂ ਤਾਈਦ ਕਰਦਾ ਹੋਇਆ ਇਨ੍ਹਾਂ ਸਾਰੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਇਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਜੈ ਹਿੰਦ।

**ਮਾਨਯੋਗ ਸਪੀਕਰ :** ਅੱਜ ਆਪਾਂ ਸਾਰੇ ਇਸ ਪਵਿੱਤਰ ਸਦਨ ਵਿਚ ਇਸ ਹਾਊਸ ਵਿਚ ਬੈਠਣ ਵਾਲੇ ਮੈਂਬਰ ਸਾਹਿਬਾਨ ਡਾਕਟਰ ਜਗਜੀਤ ਸਿੰਘ ਜੀ ਚੌਹਾਨ, ਸਰਦਾਰ ਕਿਰਪਾਲ ਸਿੰਘ ਜੀ ਲਿਬੜਾ ਅਤੇ ਸਰਦਾਰ ਸਾਧੂ ਸਿੰਘ ਜੀ ਨੇ ਇਸ ਹਾਊਸ ਦੇ ਮੈਂਬਰ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਲੋਕਾਂ ਦੀਆਂ ਸਮੱਸਿਆਵਾਂ ਲਈ ਉਨ੍ਹਾਂ ਨੇ ਬਹੁਤ ਹੀ ਚੰਗੇ ਢੰਗ ਨਾਲ ਆਪਣੇ ਵਿਚਾਰ ਰੱਖੇ, ਉਨ੍ਹਾਂ ਦੇ ਹੱਲ ਲੱਭੇ, ਹਾਊਸ ਦੀਆਂ ਰਵਾਇਤਾਂ ਕਾਇਮ ਰੱਖਦਿਆਂ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਲੀਆਂ ਗੱਲਾਂ ਕੀਤੀਆਂ, ਡਸਿਪਲਨ ਕਾਇਮ ਰੱਖਿਆ ਔਰ ਬੜੇ ਸੁਚੱਜੇ ਢੰਗ ਨਾਲ ਅਤੇ ਮਿਹਨਤ ਦੇ ਨਾਲ ਲੋਕਾਂ ਦੀ ਸੇਵਾ ਕੀਤੀ। ਹਾਊਸ ਵਿਚ ਆਉਣਾ, ਇੱਥੋਂ ਤੱਕ ਅਪੜਣਾ ਕੋਈ ਸਧਾਰਣ ਗੱਲ ਨਹੀ। ਕਾਂਸਟੀਚਿਊਸ਼ਨ ਦੇ ਹਿਸਾਬ ਨਾਲ ਇਹ ਸੁਪਰੀਮ ਹਾਊਸ ਹੈ। ਇੱਥੇ ਚੰਗੇ ਕਾਨੂੰਨ ਬਣਾਏ ਜਾਂਦੇ ਹਨ ਔਰ ਲੋਕਾਂ ਦੇ ਹਿਤਾਂ ਵਾਸਤੇ, ਚੜ੍ਹਦੀ ਕਲਾ ਵਾਸਤੇ ਉਪਰਾਲੇ ਕੀਤੇ ਜਾਂਦੇ ਹਨ। ਮੈਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ, ਤੁਸੀਂ ਵੀ ਕੀਤੇ ਹਨ ਔਰ ਨਾਲ ਹੀ ਹਾਊਸ ਅੱਗੇ ਸਨਿਮਰ ਬੇਨਤੀ ਕਰਦਾ ਹਾਂ ਕਿ ਹਾਊਸ

Original with;
Punjab Vidhan Sabha
Digitized by;
Panjab Digital Library

ਦੀਆਂ ਰਵਾਇਤਾਂ ਔਰ ਹਾਊਸ ਵਿਚ ਆਪਣੇ ਖਿਆਲ ਰੱਖਣ ਵਾਸਤੇ ਆਰਟੀਕਲ 212 ਬਹੁਤ ਹੀ ਸਪਸ਼ਟ ਹੈ ਔਰ ਬਹੁਤ ਹੀ ਵੱਡੇ ਅਧਿਕਾਰ ਦਿੰਦਾ ਹੈ ਤਾਂ ਕਿ ਆਪਣੇ ਖਿਆਲ ਰੱਖੇ ਜਾ ਸਕਣ। ਲੋਕ ਜਿਸ ਵਿਸ਼ਵਾਸ ਨਾਲ ਇਸ ਹਾਊਸ ਵਿਚ ਮੈਂਬਰ ਸਾਹਿਬਾਨ ਨੂੰ ਭੇਜਦੇ ਹਨ, ਉਸ ਵਿਸ਼ਵਾਸ ਦੀ ਪੂਰਤੀ ਬੜੀ ਫਰਾਖਦਿਲੀ ਨਾਲ ਇਸ ਹਾਊਸ ਦੇ ਮੈਂਬਰ ਵਜੋਂ ਅਸੀਂ ਸਾਰੇ ਕਰ ਸਕਦੇ ਹਾਂ ਪਰ ਇਸ ਵਿਚ ਲਿਮਟਸ ਵੀ ਹਨ, ਡਿਸਿਪਲਨ ਵੀ ਹੈ ਔਰ ਜਿਹੜਾ ਟਾਈਮ ਇਸ ਹਾਊਸ ਦੇ ਵਿਚਾਰਾਂ ਵਾਸਤੇ ਹੈ, ਉਸ ਨੂੰ ਵੱਧ ਤੋਂ ਵੱਧ ਇਸਤੇਮਾਲ ਕਰਨਾ ਚਾਹੀਦਾ ਹੈ। ਜਿਹੜੇ ਮੈਂਬਰ ਸਾਹਿਬਾਨ ਸਾਥੋਂ ਵਿਛੜੇ ਹਨ, ਉਨ੍ਹਾਂ ਪ੍ਰਤੀ ਵਿਚਾਰਾਂ ਰੱਖੀਆਂ ਗਈਆਂ ਹਨ। ਯਤਨ ਕਰੀਏ ਕਿ ਉਨ੍ਹਾਂ ਦੇ ਪਦ ਚਿੰਨ੍ਹਾਂ ਤੇ ਚੱਲੀਏ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਨਾਲ ਲੈ ਕੇ ਸਹੀ ਮਾਅਨਿਆਂ ਵਿਚ ਉਨ੍ਹਾਂ ਨੂੰ ਸ਼ਰਧਾਂਜਲੀਆਂ ਦਈਏ ਅਤੇ ਇਸ ਹਾਊਸ ਦੀਆਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ। ਉਨ੍ਹਾਂ ਸਾਰੀਆਂ ਵਿਛੜੀਆਂ ਰੂਹਾਂ ਨੂੰ, ਇਸ ਹਾਊਸ ਦੇ ਮੈਂਬਰ ਸਾਹਿਬਾਨ ਨੇ ਅਕੀਦਤ ਦੇ ਫੁੱਲ ਭੇਂਟ ਕੀਤੇ ਹਨ ਅਤੇ ਮੈਂ ਵੀ ਉਨ੍ਹਾਂ ਦੇ ਨਾਲ ਸ਼ਾਮਿਲ ਹਾਂ। ਇਸ ਦੇ ਨਾਲ ਹੀ ਸਾਡੇ ਦੇਸ਼ ਦੀ ਸੇਵਾ ਕਰਦੇ ਹੋਏ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਵਾਸਤੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਦੇ ਸਦਕਾ ਜਿਨ੍ਹਾਂ ਕਰਕੇ ਹਿੰਦੁਸਤਾਨ ਆਜ਼ਾਦ ਹੋਇਆ ਹੈ, ਇਸ ਹਾਊਸ ਦੇ ਵਿਚ ਆਪਾਂ ਸਾਰੇ ਜਿਨ੍ਹਾਂ ਕਰਕੇ ਹਾਜ਼ਰ ਹਾਂ, ਉਨ੍ਹਾਂ ਦੀ ਯਾਦ ਵਿਚ ਵੀ ਆਪਾਂ ਸਾਰਿਆਂ ਨੇ ਕੁਝ ਅਕੀਦਤ ਦੇ ਲਫਜ਼ ਰੱਖੇ ਹਨ। ਸਰਦਾਰ ਬੁੱਧ ਸਿੰਘ, ਫਰੀਡਮ ਫਾਈਟਰ, ਸ਼੍ਰੀ ਦਲੀਪ ਚੰਦ ਜੀ, ਫ਼ਰੀਡਮ ਫਾਈਟਰ, ਸਰਦਾਰ ਕਰਤਾਰ ਸਿੰਘ ਜੀ, ਫ਼ਰੀਡਮ ਫਾਈਟਰ ਅਤੇ ਸਰਦਾਰ ਨਿਰੰਜਨ ਸਿੰਘ ਜੀ, ਫ਼ਰੀਡਮ ਫਾਈਟਰ ਜਿਨ੍ਹਾਂ ਦਾ ਅੱਜ ਅਸੀਂ ਆਪਣੇ ਆਪਣੇ ਲਫਜ਼ਾਂ ਦੇ ਰਾਹੀਂ ਜ਼ਿਕਰ ਕੀਤਾ ਹੈ, ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ। ਉਨ੍ਹਾਂ ਨੇ ਮਹਾਨ ਕੁਰਬਾਨੀਆਂ ਕਰਕੇ ਹਿੰਦੁਸਤਾਨ ਨੂੰ ਆਜ਼ਾਦੀ ਲੈ ਕੇ ਦਿੱਤੀ ਅਤੇ ਉਹ ਆਪਣੀ ਲਗਨ, ਆਪਣੀ ਮਿਹਨਤ ਨਾਲ ਆਜ਼ਾਦੀ ਦੇ ਸੰਗਰਾਮ ਵਿਚ ਜੁੱਟ ਗਏ ਅਤੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਇਆ ਔਰ ਉਨ੍ਹਾਂ ਨੂੰ ਅੱਜ ਆਪਾਂ ਚੰਗੇ ਢੰਗ ਨਾਲ ਯਾਦ ਕੀਤਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਸਾਰੇ ਜਿਹੜੇ ਤੁਸੀਂ ਅਕੀਦਤ ਦੇ ਫੁੱਲ ਭੇਂਟ ਕੀਤੇ ਹਨ, ਇਹ ਸੱਚੀ ਮੁੱਚੀ ਉਨ੍ਹਾਂ ਮਹਾਨ ਸ਼ਖਸੀਅਤਾਂ ਜਿਹੜੀਆਂ ਸਾਥੋਂ ਵਿਛੜੀਆਂ ਹਨ, ਉਨ੍ਹਾਂ ਪ੍ਰਤੀ ਯਾਦ ਦਾ ਇੱਕ ਚੰਗਾ ਢੰਗ ਹੈ ਔਰ ਉਨ੍ਹਾਂ ਪ੍ਰਤੀ ਇਹ ਜਿਹੜੇ ਤੁਸੀਂ ਸਾਰਿਆਂ ਨੇ ਵਿਚਾਰ ਰੱਖੇ ਹਨ, ਮੇਰਾ ਵੀ ਉਨ੍ਹਾਂ ਪ੍ਰਤੀ ਸਿਰ ਝੁਕਦਾ ਹੈ। ਸਤਿਕਾਰਯੋਗ ਮੈਂਬਰ ਸਾਹਿਬਾਨ ਵੱਲੋਂ ਵਿਛੜੀਆਂ ਰੂਹਾਂ ਲਈ ਪ੍ਰਗਟਾਈਆਂ ਗਈਆਂ ਭਾਵਨਾਵਾਂ ਵਿਚ ਮੈਂ ਵੀ ਜਿਥੇ ਸ਼ਾਮਿਲ ਹੁੰਦਾ ਹਾਂ, ਉਥੇ ਮੈਂ ਪਰਮਾਤਮਾ ਅੱਗੇ ਅਰਦਾਸ ਵੀ ਕਰਦਾ ਹਾਂ ਕਿ ਪਰਮਾਤਮਾ ਉਨ੍ਹਾਂ ਵਿਛੜੀਆਂ ਆਤਮਾਵਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਔਰ ਉਨ੍ਹਾਂ ਦੇ ਪਰਿਵਾਰ ਚੜ੍ਹਦੀ ਕਲਾ ਵਿਚ ਰਹਿਣ। ਮੈਂ ਇਹ ਆਪਣੇ ਵੱਲੋਂ ਵੀ ਕਾਮਨਾ ਕਰਦਾ ਹਾਂ ਅਤੇ ਇਸ ਹਾਊਸ ਵੱਲੋਂ ਵੀ ਕਰਦਾ ਹਾਂ। ਹੁਣ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀ ਯਾਦ ਵਿਚ ਮੌਨ ਧਾਰਨ ਲਈ ਦੋ ਮਿੰਟ ਵਾਸਤੇ ਆਪਾਂ ਖੜ੍ਹੇ

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਹੋਈਏ।

(ਇਸ ਸਮੇਂ ਹਾਊਸ ਵਿਚ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ।)

**ਮਾਨਯੋਗ ਸਪੀਕਰ :** ਸਦਨ ਦੀ ਇੱਛਾ ਅਨੁਸਾਰ ਸ਼ੋਕ ਪ੍ਰਸਤਾਵ ਦੁਖੀ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ ਅਤੇ ਪ੍ਰਸਤਾਵ ਕੇਵਲ ਉਨ੍ਹਾਂ ਸ਼ਖਸੀਅਤਾਂ ਵਾਸਤੇ ਹੀ ਰਹੇਗਾ ਜਿਨ੍ਹਾਂ ਦੇ ਨਾਂ ਅਜੰਡੇ ਵਿਚ ਹਨ।

ਹੁਣ ਸਦਨ ਬੁੱਧਵਾਰ, ਮਿਤੀ 20 ਜੂਨ, 2007 ਨੂੰ 10-00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

*2.30 ਵਜੇ ਬਾਅਦ ਦੁਪਹਿਰ

(ਇਸ ਉਪ੍ਰੰਤ* ਸਦਨ ਬੁੱਧਵਾਰ, ਮਿਤੀ 20 ਜੂਨ, 2007 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 2007

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾ ਕੇ ਛਾਪੀ ਗਈ।

Punjab Govt. Press, S.A.S. Nagar/6041/08-07

4308

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Wednesday, the 20th June, 2007*

Vol.II-No. 2

OFFICIAL REPORT

CONTENTS


| | | Page |
|---|---|---|
| Starred Questions and Answers | .. | (2) 1 |
| Unstarred Questions and Answers | .. | (2) 46 |
| Presentation of the Budget Estimates for the Year 2007-08 | .. | (2) 67 |
| Walk out | .. | (2) 70 |
| Presentation of the Budget Estimates for the Year 2007-08 *(Resumption)* | .. | (2) 70 |
| Appendix-I | .. | (i) |
| Appendix-II | .. | (iv) |



**Punjab Vidhan Sabha Secretariat, Chandigarh.**

**Price : Rs._________**



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

PUNJAB VIDHAN SABHA

*Wednesday, the 20th June, 2007*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Nirmal Singh Kahlon) in the Chair.*

-----------------

## STARRED QUESTIONS AND ANSWERS

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ, ਸਰਦਾਰ ਗੁਰਦੀਪ ਸਿੰਘ ਭੈਣੀ ।

### ਜਗਰਾਉਂ ਸ਼ਹਿਰ ਵਿੱਚ ਸੈਨੀਟੇਸ਼ਨ ਸਿਸਟਮ

***46. ਸਰਦਾਰ ਗੁਰਦੀਪ ਸਿੰਘ ਭੈਣੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਸ਼ਹਿਰ ਵਿੱਚ ਸੈਨੀਟੇਸ਼ਨ ਸਿਸਟਮ ਮਾੜੀ ਹਾਲਤ ਵਿੱਚ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਸੁਧਾਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਮਨੋਰੰਜਨ ਕਾਲੀਆ :** ਨਹੀਂ ਜੀ ।

**ਸਰਦਾਰ ਗੁਰਦੀਪ ਸਿੰਘ ਭੈਣੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਜਵਾਬ ਰਿਟਨ ਵਿੱਚ 'ਨਹੀਂ ਜੀ' ਆਇਆ ਹੋਇਆ ਹੈ............

**ਮਾਨਯੋਗ ਸਪੀਕਰ :** ਤੁਸੀਂ ਮਾਈਕ ਠੀਕ ਕਰ ਲਓ ।

**ਸਰਦਾਰ ਗੁਰਦੀਪ ਸਿੰਘ ਭੈਣੀ :** ਸਪੀਕਰ ਸਾਹਿਬ, ਜੇਕਰ ਇਸ ਤੋਂ ਇਲਾਵਾ ਕੋਈ ਹੋਰ ਜਵਾਬ ਅਇਆ ਹੈ ਤਾਂ ਕਿਰਪਾ ਕਰਕੇ ਦੱਸਣ ਕਿ ਇਸ ਵਕਤ ਕੀ ਹੋ ਰਿਹਾ ਹੈ, ਗਰੀਬ ਲੋਕਾਂ ਦੀਆਂ ਬਸਤੀਆਂ ਵਿੱਚ ਪਾਣੀ ਭਰਿਆ ਹੋਇਆ ਹੈ । ਤੁਸੀਂ ਮੌਕੇ ਤੇ ਚੱਲ ਕੇ ਆਪ ਦੇਖ ਲਓ ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਫ਼ਾਈ ਬਾਰੇ ਸਵਾਲ ਪੁੱਛਿਆ ਸੀ ਕਿ ਉਥੇ ਮੰਦੀ ਹਾਲਤ ਹੈ ਅਤੇ ਮੈਂ ਕਿਹਾ ਹੈ ਕਿ ਉਥੇ ਠੀਕ ਹਾਲਤ ਹੈ । ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉੱਥੇ ਲਗਭਗ 83 ਕਰਮਚਾਰੀ ਰੈਗੂਲਰ ਹਨ ਅਤੇ 73 ਸਫ਼ਾਈ ਸੇਵਕ ਹਨ ਜਿਹੜੇ ਕਿ 48 ਸੁਸਾਇਟੀਆਂ ਰਾਹੀਂ ਰੱਖੇ ਗਏ ਹਨ। ਇਸੇ ਤਰ੍ਹਾਂ ਸਫ਼ਾਈ ਵਾਸਤੇ ਉੱਥੇ ਇਕ ਲੋਡਰ, 4 ਟ੍ਰੈਕਟਰ ਅਤੇ 6 ਟਰਾਲੀਆਂ ਹਨ ਅਤੇ ਸਫ਼ਾਈ ਦੋ ਟਾਈਮ ਕੀਤੀ ਜਾਂਦੀ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ :** ਸਪੀਕਰ ਸਾਹਿਬ, ਮੈਂ ਦੁਬਾਰਾ ਰਿਕੁਐਸਟ ਕਰਦਾ ਹਾਂ ਕਿ ਜ਼ਬਾਨੀ-ਕਲਾਮੀ ਕੋਈ ਗੱਲ ਨਹੀਂ ਬਣਨੀ । ਉਥੇ ਇੱਕ ਪੁਰਾਣਾ ਸਿਵਲ ਹਸਪਤਾਲ ਅਤੇ ਪ੍ਰਾਚੀਨ ਮੰਦਰ ਕਾਲੀ ਮਾਤਾ ਦਾ ਹੈ, ਜਿਥੇ ਹੁਣ ਵੀ ਗੰਦਗੀ ਦੇ ਢੇਰ ਲੱਗੇ ਹੋਏ ਹਨ । ਇਹ ਕੋਈ ਪ੍ਰੈਕਟੀਕਲ ਕੰਮ ਕਰਕੇ ਦੱਸਣ । ਉੱਥੇ ਬਿਲਕੁਲ ਕੰਮ ਨਹੀਂ ਹੋ ਰਿਹਾ । ਹਰ ਵਕਤ ਗੰਦਗੀ ਦੇ ਢੇਰ ਲੱਗੇ ਰਹਿੰਦੇ ਹਨ ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਰੈਗੂਲਰ ਪ੍ਰਾਸੈਸ ਹੈ । ਰੋਜ਼ ਸਵੇਰੇ ਸਫ਼ਾਈ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਕੋਈ ਨਾ ਕੋਈ ਗੰਦਗੀ ਸੁੱਟ ਜਾਂਦਾ ਹੈ । ਸ਼ਾਮ ਨੂੰ ਫੇਰ ਸਫਾਈ ਕੀਤੀ ਜਾਂਦੀ ਹੈ । ਬਾਕੀ ਜੇਕਰ ਸਫਾਈ ਨਹੀਂ ਹੋ ਰਹੀ ਤਾਂ ਕਰਵਾਈ ਕੀਤੀ ਜਾਵੇਗੀ । ਉੱਥੇ ਜਿਹੜਾ ਐਗਜ਼ੀਕਿਊਟਿਵ ਅਫ਼ਸਰ ਹੈ, ਉਸ ਨੂੰ ਹਦਾਇਤ ਕਰ ਦਿੰਦੇ ਹਾਂ ਜਾਂ ਫਿਰ ਜਾ ਕੇ ਜਾਂਚ ਕਰਵਾ ਲਵਾਂਗੇ ।

**ਸਰਦਾਰ ਗੁਰਦੀਪ ਸਿੰਘ ਭੈਣੀ :** ਸਪੀਕਰ ਸਾਹਿਬ, ਸ਼ਹਿਰ ਦੇ ਪੁਰਾਣੇ ਸਿਵਲ ਹਸਪਤਾਲ ਵਿੱਚ ਗੰਦਗੀ ਦੇ ਢੇਰ ਲੱਗੇ ਹੋਏ ਹਨ ।

**ਮਾਨਯੋਗ ਸਪੀਕਰ :** ਭੈਣੀ ਜੀ, ਜਵਾਬ ਆ ਗਿਆ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ :** ਸਪੀਕਰ ਸਾਹਿਬ, ਜਗਰਾਉਂ ਸ਼ਹਿਰ ਦੀ ਸਫਾਈ ਚੈਕ ਕਰਨ ਸਬੰਧੀ ਕਮੇਟੀ ਬਣਾ ਕੇ ਭੇਜੀ ਜਾਵੇ ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ :** ਸਪਲੀਮੈਂਟਰੀ ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜਿਨ੍ਹਾਂ ਮਿਊਂਸਿਪੈਲਟੀਆਂ ਵਿੱਚ ਸਫ਼ਾਈ ਕਰਮਚਾਰੀਆਂ ਦੀ ਘਾਟ ਹੈ, ਕੀ ਉਥੇ ਕਰਮਚਾਰੀ ਰੱਖਣ ਦਾ ਵਿਚਾਰ ਹੈ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ । ਖਹਿਰਾ ਜੀ ।

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ :** ਸਪੀਕਰ ਸਾਹਿਬ, ਜਵਾਬ ਤਾਂ ਦਿਵਾਓ ਜੀ ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਤਾਂ ਪੁੱਛੋ ।

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ :** ਜਿਹੜੇ ਸਫ਼ਾਈ ਸੇਵਕ ਹਨ ਉਹ ਕੱਚੇ ਹਨ ਜਾਂ ਪੱਕੇ ਹਨ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ, ਖਹਿਰਾ ਜੀ ।

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ :** ਬੋਲਣ ਤਾਂ ਤੁਸੀਂ ਦਿੰਦੇ ਨਹੀਂ । ਆਪਣੀ ਮਰਜ਼ੀ ਹੀ ਤੁਸੀਂ ਕਰਨੀ ਹੈ ।

----------

## ਸਰਪੰਚਾਂ ਨੂੰ ਮਿਹਨਤਾਨਾ ਵੰਡਣਾ

***64. ਸਰਦਾਰ ਸੁਖਪਾਲ ਸਿੰਘ ਖਹਿਰਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਮ ਤੌਰ ਤੇ ਰਾਜ ਵਿੱਚ ਅਤੇ ਖਾਸ ਤੌਰ ਤੇ ਜ਼ਿਲ੍ਹਾ ਕਪੂਰਥਲਾ ਵਿੱਚ ਸਰਪੰਚਾਂ ਨੂੰ ਮਿਹਨਤਾਨਾ ਵੰਡਣ ਲਈ ਕੀ ਪ੍ਰਣਾਲੀ ਅਪਣਾਈ ਜਾ ਰਹੀ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਸਰਕਾਰ ਨੇ ਰਾਜ ਦੇ ਸਰਪੰਚਾਂ ਨੂੰ 600 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਮਾਨ-ਭੇਟਾ ਦੇਣ ਸਬੰਧੀ ਫੈਸਲਾ ਕੀਤਾ ਸੀ । ਇਸ ਫੈਸਲੇ ਨੂੰ ਮੁੱਖ ਰੱਖਦੇ ਹੋਏ ਇਸ ਵਿਭਾਗ ਵੱਲੋਂ ਨੋਟੀਫਿਕੇਸ਼ਨ ਮਿਤੀ 12-10-2006 ਨੂੰ ਜਾਰੀ ਕੀਤੀ ਗਈ ਸੀ । ਇਸ ਨੋਟੀਫਿਕੇਸ਼ਨ ਅਨੁਸਾਰ ਮਾਨ-ਭੇਟਾ ਦੀ ਯੋਗਤਾ ਲਈ ਹੇਠ ਲਿਖੀਆਂ ਸ਼ਰਤਾਂ ਰੱਖੀਆਂ ਗਈਆਂ ਸਨ :-

1. ਕਿ ਰਾਜ ਦੇ ਸਰਪੰਚ ਅਤੇ ਅਧਿਕਾਰਤ ਪੰਚ ਜਿਹੜੇ ਸਰਪੰਚ ਦੇ ਫਰਜ਼ ਨਿਭਾਉਣਗੇ, ਉਹ 600/- ਰੁਪਏ ਪ੍ਰਤੀ ਮਹੀਨਾ ਮਾਣ-ਭੇਟਾ ਪਾਉਣ ਦੇ ਹੱਕਦਾਰ ਹੋਣਗੇ । ਕਿਸੇ ਵੀ ਮੁਅੱਤਲ ਸਰਪੰਚ ਜਾਂ ਅਧਿਕਾਰਤ ਪੰਚ, ਜਿਹਾ ਵੀ ਕੇਸ ਹੋਵੇ, ਨੂੰ ਮੁਅੱਤਲੀ ਦੇ ਸਮੇਂ ਦਾ ਮਾਨ-ਭੇਟਾ ਨਹੀਂ ਦਿੱਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

2. ਇਹ ਮਾਨ-ਭੇਟਾ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦੇ ਦਫ਼ਤਰ ਵੱਲੋਂ ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫ਼ਸਰ ਵੱਲੋਂ ਜਾਰੀ ਕੀਤੇ ਸਰਟੀਫਿਕੇਟ ਜਿਹੜਾ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਵੱਲੋਂ ਕਾਊਂਟਰ ਸਾਇਨ ਕੀਤਾ ਹੋਵੇ ਕਿ ਸਬੰਧਤ ਸਰਪੰਚ ਜਾਂ ਅਧਿਕਾਰਤ ਪੰਚ, ਜਿਹਾ ਵੀ ਕੇਸ ਹੋਵੇ, ਨੇ ਗਰਾਮ ਪੰਚਾਇਤ ਵਿੱਚ ਕੋਈ ਉਕਾਈ ਜਾਂ ਬੇਕਾਇਦਗੀ ਨਹੀਂ ਕੀਤੀ ਅਤੇ ਨਾ ਹੀ ਗਰਾਮ ਪੰਚਾਇਤ ਵਿੱਚ ਕੋਈ ਨੁਕਸਾਨ ਪਹੁੰਚਾਇਆ ਗਿਆ ਹੈ । ਨਾ ਉਹ ਮੁਅੱਤਲ ਸੀ ਅਤੇ ਨਾ ਹੀ ਉਹ ਪਦ-ਮੁਕਤ ਸੀ। ਇਸ ਤੋਂ ਇਲਾਵਾ ਉਹ ਲਗਾਤਾਰ ਦੋ ਮਹੀਨਿਆਂ ਤੋਂ ਪੰਚਾਇਤ ਦੀਆਂ ਮੀਟਿੰਗਾਂ ਤੋਂ ਅਣ-ਅਧਿਕਾਰਤ ਤੌਰ ਤੇ ਵੀ ਗ਼ੈਰ-ਹਾਜ਼ਰ ਨਹੀਂ ਰਿਹਾ, ਲੈਣ ਉਪਰੰਤ ਮਾਨ-ਭੱਤਾ ਦਿੱਤਾ ਜਾਵੇਗਾ ।

ਉਕਤ ਦਰਸਾਈਆਂ ਗਈਆਂ ਸ਼ਰਤਾਂ ਅਨੁਸਾਰ ਜਿਹੜੇ ਸਰਪੰਚ ਜਾਂ ਅਧਿਕਾਰਤ ਪੰਚ, ਜਿਹਾ ਵੀ ਕੇਸ ਹੋਵੇ, ਯੋਗ ਪਾਏ ਜਾਂਦੇ ਹਨ, ਉਨ੍ਹਾਂ ਨੂੰ ਇਹ ਮਾਨ-ਭੇਟਾ ਦਿੱਤਾ ਜਾਂਦਾ ਹੈ । ਇਹ ਸਕੀਮ ਸਾਰੇ ਪੰਜਾਬ ਰਾਜ ਲਈ ਹੈ । ਕੇਵਲ ਕਪੂਰਥਲਾ ਜ਼ਿਲ੍ਹੇ ਲਈ ਸਪੈਸ਼ਲ ਨਹੀਂ ਹੈ ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮਾਨਯੋਗ ਵਜ਼ੀਰ ਸਾਹਿਬ ਨੂੰ ਮਹਿਕਮੇ ਵਾਲਿਆਂ ਨੇ ਇਹ ਸਵਾਲ ਸਮਝਾਇਆ ਨਹੀਂ ਹੈ । ਮੈਂ ਤਾਂ ਇਹ ਪੁੱਛਿਆ ਸੀ ਕਿ what is the system being followed for the disbursement of pay & allowances paid to the Sarpanches. ਕੀ ਕੋਈ ਵਿਅਕਤੀ ਵਿਸ਼ੇਸ਼ ਜਿਹੜਾ ਕਿ ਉਥੋਂ ਦਾ ਹਾਰਿਆ ਹੋਇਆ ਉਮੀਦਵਾਰ ਹੈ, ਉਹ ਇਨ੍ਹਾਂ ਦੀ ਪਾਰਟੀ ਦਾ ਹੈ, ਉਹ ਸਾਰੇ ਸਰਪੰਚਾਂ ਨੂੰ ਮਜਬੂਰ ਕਰਕੇ ਇਕੱਠੇ ਕਰਕੇ ਬੀ.ਡੀ.ਈ.ਓ. ਦੇ ਦਫ਼ਤਰ ਦੇ ਵਿੱਚ ਬੁਲਾ ਕੇ ਚੈੱਕ ਦੇ ਸਕਦਾ ਹੈ ਜਾਂ ਨਹੀਂ ? ਮਹੀਨਾਵਾਰ ਸਰਪੰਚਾਂ ਨੂੰ ਕੀ ਮਿਲਦਾ ਹੈ, ਕੀ ਅਲਾਊਂਸ ਮਿਲਦਾ ਹੈ, ਉਹ ਸਭ ਬਾਰੇ ਮੈਨੂੰ ਗਿਆਨ ਹੈ ਪਰੰਤੂ 24 ਅਪ੍ਰੈਲ, 2007 ਨੂੰ ਇਨ੍ਹਾਂ ਦੀ ਪਾਰਟੀ ਦਾ ਹਾਰਿਆ ਹੋਇਆ ਉਮੀਦਵਾਰ...

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਚੈੱਕ ਸਰਪੰਚਾਂ ਦੇ ਅਕਾਊਂਟਸ ਵਿੱਚ ਸਿੱਧੇ ਤੌਰ ਤੇ ਕਿਉਂ ਨਹੀਂ ਭੇਜ ਦਿੱਤੇ ਜਾਂਦੇ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਪ੍ਰੰਪਰਾ ਇਨ੍ਹਾਂ ਦੀ ਸਰਕਾਰ ਨੇ ਹੀ ਪਾਈ ਹੈ। ਜਿੰਨੇ ਵੀ ਇਲੈਕਟਿਡ ਮੈਂਬਰ ਸੀ, ਉਨ੍ਹਾਂ ਨੂੰ ਇਹ ਪੈਸੇ ਨਹੀਂ ਦਿੰਦੇ ਸੀ ਪਰ ਜਿਹੜੇ ਗ਼ੈਰ-ਜ਼ਿੰਮੇਵਾਰ ਲੋਕ ਸਨ, ਉਨ੍ਹਾਂ ਨੂੰ ਇਹ ਦਿੰਦੇ ਰਹੇ ਹਨ। ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਸ ਦੇ ਵਿੱਚ ਸੁਧਾਰ ਕਰਕੇ... (ਵਿਘਨ) (ਸ਼ੋਰ) ਇਹ ਪ੍ਰੰਪਰਾਵਾਂ ਤੁਸੀਂ ਹੀ ਬਣਾਈਆਂ ਸੀ। (ਵਿਘਨ) (ਸ਼ੋਰ) ਮੈਂ ਆਪਣੇ ਮਹਿਕਮੇ ਨੂੰ ਇਹ ਹੁਕਮ ਦਿੱਤੇ ਹਨ ਕਿ...

**ਮਾਨਯੋਗ ਸਪੀਕਰ** : ਸਪੱਸ਼ਟ ਜਵਾਬ ਦਿਓ ਜੀ।

**ਮੰਤਰੀ** : ਸਪੀਕਰ ਸਾਹਿਬ, ਜਿੰਨੇ ਵੀ ਸਰਪੰਚ ਹਨ, ਉਨ੍ਹਾਂ ਦੇ ਖਾਤੇ ਖੋਲ੍ਹੇ ਜਾਣਗੇ ਅਤੇ ਪੈਸੇ ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਏ ਜਾਣਗੇ। ( ਥੰਪਿੰਗ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਇਹੀ ਐਸ਼ੋਰੈਂਸ ਚਾਹੁੰਦਾ ਸੀ। ਠੀਕ ਹੈ ਜੀ, ਵਜ਼ੀਰ ਸਾਹਿਬ ਨੇ ਹੁਣ ਡਾਇਰੈਕਸ਼ਨਜ਼ ਕਰ ਦਿੱਤੀਆਂ ਹਨ। ਅਗਾਂਹ ਨੂੰ ਕੋਈ ਸਰਪੰਚਾਂ ਦਾ ਇਮਤਿਹਾਨ ਲੈ ਕੇ ਫੰਡਜ਼ ਦੇ ਮਾਮਲੇ ਵਿੱਚ ਇਸ ਤਰ੍ਹਾਂ ਨਹੀਂ ਕਰ ਸਕੇਗਾ। "Two wrongs can never make a right."

**ਮੰਤਰੀ** : ਜਿਹੜੀ ਤੁਹਾਡੀ ਗਲਤੀ ਕੀਤੀ ਹੋਈ ਸੀ, ਉਸ ਦੇ ਵਿੱਚ ਅਸੀਂ ਸੁਧਾਰ ਕੀਤਾ ਹੈ।

**ਸ਼੍ਰੀ ਬ੍ਰਹਮ ਮਹਿੰਦਰਾ** : ਸਪੀਕਰ ਸਾਹਿਬ, ਇੱਕ ਪਾਸੇ ਤਾਂ ਇਹ ਸਰਪੰਚਾਂ ਨੂੰ ਮਾਨ ਪੱਤਰ ਜਾਂ ਜਿਹੜਾ ਮਾਣ ਹੈ, ਉਹ ਦੇਣ ਦੀ ਗੱਲ ਕਰ ਰਹੇ ਹਨ ਪਰ ਦੂਜੇ ਪਾਸੇ ਮੇਰੇ ਹਲਕੇ ਸਮਾਣਾ ਦੇ ਵਿੱਚ, ਇੱਕ ਕਾਫ਼ੀ ਵੱਡਾ ਪਿੰਡ ਗਾਜੇਵਾਸ ਹੈ, ਉਥੋਂ ਦੀ ਜਿਹੜੀ ਸਰਪੰਚ ਸੀ, ਉਹ ਦਲਿਤ ਮਹਿਲਾ ਰਿਜ਼ਰਵ ਸੀਟ ਤੇ ਸਰਪੰਚ ਹੈ, ਉਸ ਨੂੰ ਇਸ ਕਰਕੇ ਸਸਪੈਂਡ ਕਰ ਦਿੱਤਾ ਗਿਆ ਕਿਉਂਕਿ ਉਸ ਨੇ ਕਾਂਗਰਸ ਦੀ ਮਦਦ ਕੀਤੀ ਸੀ। ਉਥੇ ਇੱਕ ਮੇਲ ਮੈਂਬਰ ਨੂੰ ਬਹਾਲ ਕਰ ਦਿੱਤਾ ਹੈ। (ਵਿਘਨ)... ਮੈਂ ਤੁਹਾਡੇ ਇਸ ਧੱਕੇ ਦੀ ਗੱਲ ਕਰ ਰਿਹਾ ਹਾਂ। ਉਥੇ ਰਿਜ਼ਰਵ ਸੀਟ ਤੇ ਮਹਿਲਾ ਸਰਪੰਚ ਹਟਾ ਕੇ ਜਨਰਲ ਕੈਟਾਗਰੀ ਦਾ ਮੇਲ ਮੈਂਬਰ ਸਰਪੰਚ ਬਣਾ ਦਿੱਤਾ ਹੈ। ਕੀ ਇਸ ਬਾਰੇ ਕੁਝ ਕਾਰਵਾਈ ਕਰੋਗੇ ਜਾਂ ਕੀ ਇਸੇ ਤਰ੍ਹਾਂ ਧੱਕਾ ਅੱਗੇ ਨੂੰ ਵੀ ਚਲਦਾ ਰਹੇਗਾ ?

**ਮਾਨਯੋਗ ਸਪੀਕਰ** : ਇਸ ਕੁਐਸਚਨ ਨਾਲ ਇਸ ਦੀ ਰੈਲੇਵੈਂਸੀ ਨਹੀਂ ਹੈ ਜੀ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਅਗਰ ਕੋਈ ਗਲਤ ਗੱਲ ਹੋਈ ਹੋਵੇਗੀ ਤਾਂ ਉਸ ਤੇ ਕਾਰਵਾਈ ਹੋਵੇਗੀ। ਜੋ ਵੀ ਫਾਲਟੀ ਹੋਵੇਗਾ, ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਸਵਾਲ ਇਹ ਨਹੀਂ ਹੈ ਕਿ ਜੇ ਕਿਸੇ ਨੇ ਕੁਰੱਪਸ਼ਨ ਕੀਤੀ ਹੈ, ਉਸ ਦੇ ਖਿਲਾਫ ਐਕਸ਼ਨ ਹੋਵੇਗਾ। ਇਸ ਗੱਲ ਦਾ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪਰ ਸਵਾਲ ਇਹ ਹੈ ਕਿ ਕੀ ਇੱਕ ਰਿਜ਼ਰਵ ਸ਼ਡਿਊਲਡ ਕਾਸਟ ਮਹਿਲਾ ਸਰਪੰਚ ਦੀ ਸੀਟ ਤੇ ਕੋਈ ਜਨਰਲ ਕੈਟਾਗਰੀ ਦਾ ਮੇਲ ਮੈਂਬਰ ਆ ਸਕਦਾ ਹੈ ਕਿ ਨਹੀਂ?

**ਮਾਨਯੋਗ ਸਪੀਕਰ :** ਇਸ ਦੇ ਲਈ ਵੱਖਰਾ ਸੁਵਾਲ ਕਰੋ। ਇਹ ਇਸ ਦੇ ਨਾਲ ਰੈਲੇਵੈਂਟ ਨਹੀਂ ਹੈ। ਅਗਲਾ ਸਵਾਲ।

-----------

## ਸਹਿਕਾਰੀ ਖੰਡ ਮਿਲ, ਭੋਗਪੁਰ ਦੀ ਪੀੜਣ ਸਮਰੱਥਾ

*41. **ਸਰਦਾਰ ਸਰਬਜੀਤ ਸਿੰਘ ਮੱਕੜ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿੱਚ ਸਹਿਕਾਰੀ ਖੰਡ ਮਿਲ, ਭੋਗਪੁਰ ਦੀ ਪੀੜਣ ਸਮਰੱਥਾ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ?

**ਕੈਪਟਨ ਕੰਵਲਜੀਤ ਸਿੰਘ :** ਸ਼੍ਰੀਮਾਨ ਜੀ, ਮਾਮਲਾ ਵਿਚਾਰ ਅਧੀਨ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ :** ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਦੇਰ ਤੋਂ ਪਹਿਲੀਆਂ ਸਰਕਾਰਾਂ ਅਤੇ ਕੈਪਟਨ ਸਾਹਿਬ ਦੀ ਸਰਕਾਰ ਵੀ ਬੜੇ ਵਾਅਦੇ ਕਰਕੇ ਚਲੀ ਗਈ ਅਤੇ ਲੋਕ ਬੜੇ ਤੰਗ ਹਨ। ਇਹ ਗੰਨਾ ਮਿਲ ਸਬੰਧੀ ਮੈਂ ਜਾਨਣਾ ਚਾਹੁੰਦਾ ਹਾਂ ਕਿ ਇਸ ਦੀ ਸਮਰੱਥਾ ਵਧਾਉਣ ਦਾ ਕੰਮ ਕਿੰਨੇ ਕੁ ਟਾਈਮ ਵਿੱਚ ਹੋ ਜਾਵੇਗਾ।

**ਮਾਨਯੋਗ ਸਪੀਕਰ :** ਕੈਪਟਨ ਸਾਹਿਬ ਜੀ।

(ਇੱਕ ਆਵਾਜ਼ : ਇਹ ਉਹ ਕੈਪਟਨ ਨਹੀਂ ਦੂਸਰਾ ਹੈ ) (ਹਾਸਾ)

**ਮਾਨਯੋਗ ਸਪੀਕਰ ( ਹੱਸਦੇ ਹੋਏ) :** ਭੁਲੇਖਾ ਪੈ ਜਾਂਦਾ ਹੈ ਜੀ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਫਰਕ ਇਨ੍ਹਾਂ ਹੀ ਹੈ ਕਿ ਇਹ ਕਪਤਾਨ ਮੈਦਾਨ ਵਿੱਚ ਖੜ੍ਹਾ ਹੋ ਕੇ ਲੜਦਾ ਹੈ ਤੇ ਤੁਹਾਡੇ ਵਾਲਾ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਦੌੜ ਜਾਂਦਾ ਹੈ। ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜਾ ਅੱਛਾ ਸਵਾਲ ਪੁੱਛਿਆ ਹੈ। ਸਪੀਕਰ ਸਾਹਿਬ, ਇਹ ਮਿੱਲ 1956 ਵਿੱਚ ਸਥਾਪਿਤ ਕੀਤੀ ਗਈ ਸੀ ਅਤੇ ਉਸ ਤੋਂ ਬਾਅਦ ਅਪਗ੍ਰੇਡ ਨਹੀਂ ਕੀਤੀ ਗਈ। ਜਿਹੜੀ ਉਥੇ ਮਸ਼ੀਨਰੀ ਹੈ, ਉਹ ਅੱਜ ਵੀ 1956 ਵਾਲੀ ਹੀ ਹੈ। ਇਸ ਮਸ਼ੀਨਰੀ ਨਾਲ ਇਹ ਮਿੱਲ ਠੀਕ ਢੰਗ ਨਾਲ ਕੰਮ ਨਹੀਂ ਕਰ ਰਹੀ। ਪਿਛਲੀ ਸਰਕਾਰ ਨੇ, ਕਾਂਗਰਸ ਸਰਕਾਰ ਨੇ, ਸਪੀਕਰ ਸਾਹਿਬ 25-8-05 ਨੂੰ ਇਹ ਫੈਸਲਾ ਕਰ ਦਿੱਤਾ ਸੀ ਕਿ ਇਸ ਨੂੰ ਵੇਚ ਦੇਈਏ ਜਾਂ ਬੰਦ ਕਰ ਦੇਈਏ ਪਰ ਹੁਣ ਸਾਡੀ ਸਰਕਾਰ ਆਈ ਹੈ, ਬਾਦਲ ਸਾਹਿਬ ਦੀ ਸਰਕਾਰ ਆਈ ਹੈ, ਅਸੀਂ ਇਹ ਸਮਝਿਆ ਹੈ ਕਿ ਇਹ ਮਿੱਲਾਂ ਕਿਸਾਨਾਂ ਦੀ ਸੇਵਾ ਲਈ ਲਾਈਆਂ ਗਈਆਂ ਸਨ। ਇਨ੍ਹਾਂ ਮਿੱਲਾਂ ਨੂੰ ਵੀ ਅਤੇ ਪਿਛਲੀ ਸਰਕਾਰ ਨੇ ਜਿਹੜੀਆਂ 6 ਮਿੱਲਾਂ ਬੰਦ ਕੀਤੀਆਂ ਸਨ, ਉਨ੍ਹਾਂ ਨੂੰ ਅਸੀਂ ਕਿਸੇ ਢੰਗ ਨਾਲ ਕਿਸਾਨਾਂ ਦੀ ਸੇਵਾ ਵਿੱਚ ਲਿਆ ਸਕੀਏ। ਹਾਲੇ ਸਾਨੂੰ 3 ਮਹੀਨੇ ਹੀ ਹੋਏ ਹਨ। ਇਸ ਸਬੰਧੀ ਮੈਂ ਦਿੱਲੀ ਵੀ ਗਿਆ ਸੀ, ਉਥੇ ਮੈਂ ਮੰਤਰੀਆਂ ਨਾਲ ਗੱਲਬਾਤ ਕੀਤੀ ਹੈ। ਮੈਂ 15 ਤਰੀਖ ਨੂੰ ਮਹਾਰਾਸ਼ਟਰ ਵਿੱਚ ਇਹ ਸਾਰਾ ਦੇਖਣ ਵਾਸਤੇ ਜਾ ਰਿਹਾ ਹਾਂ, ਮੈਂ ਨਾਬਾਰਡ ਦੇ ਚੇਅਰਮੈਨ ਨਾਲ ਵੀ ਗੱਲ ਕੀਤੀ ਹੈ ਅਤੇ ਸਾਡੀ ਇਹ ਕੋਸ਼ਿਸ਼ ਹੈ ਕਿ ਇਨ੍ਹਾਂ ਸ਼ੂਗਰ ਮਿੱਲਾਂ ਨੂੰ ਚਲਾ ਕੇ ਅਸੀਂ ਕਿਸਾਨ ਦੀ ਸੇਵਾ ਵਿੱਚ ਸਮਰਪਿਤ ਕਰੀਏ। ਥੋੜ੍ਹਾ ਸਮਾਂ ਜ਼ਰੂਰ ਲੱਗੇਗਾ ਕਿਉਂਕਿ ਟੈਕਨੀਕਲ ਐਡਵਾਈਜ਼ ਦੀ ਲੋੜ ਹੈ, ਮਸ਼ੀਨਰੀ ਲਈ ਪੈਸੇ ਜੋੜਨ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਪਰਾਫੀਟੇਬਲ ਬਣਾਉਣ ਦੀ ਲੋੜ ਹੈ। ਸਪੀਕਰ ਸਾਹਿਬ, ਅੱਜ ਕੱਲ੍ਹ ਦੇ ਸਮੇਂ ਦੇ ਅੰਦਰ ਮੈਂ ਦੱਸਣਾ ਚਾਹੁੰਦਾ ਹਾਂ ਕਿ 5000-6000 ਮੀਟਰਿਕ ਟਨ ਤੋਂ ਘੱਟ ਕਰੱਸ਼ਿੰਗ ਕਪੈਸਟੀ ਵਾਲੇ ਮਿੱਲ ਕੰਮ ਨਹੀਂ ਕਰ ਰਹੇ ਲੇਕਿਨ ਇਸ ਮਿੱਲ ਦੀ 1016 ਮੀਟਰਿਕ ਟਨ ਦੀ ਕਰੱਸ਼ਿੰਗ ਕਪੈਸਟੀ ਹੈ। ਪਿਛਲੀ ਵਾਰ ਤਾਂ ਇਸ ਵਿੱਚੋਂ ਸਿਰਫ 800 ਮੀਟਰਿਕ ਟਨ ਕਰੱਸ਼ਿੰਗ ਹੋਈ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਅਤੇ ਸਾਰੇ ਸਦਨ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਡੀ ਕੋਸ਼ਿਸ਼ ਹੋਵੇਗੀ ਕਿ ਅਸੀਂ ਮਿਹਨਤ ਕਰਕੇ ਇਨ੍ਹਾਂ ਮਿੱਲਾਂ ਨੂੰ ਚਲਾਉਣ ਦੀ ਕੋਸ਼ਿਸ਼ ਕਰੀਏ।

**ਸਰਦਾਰ ਸਰਬਜੀਤ ਸਿੰਘ ਮੱਕੜ :** ਸਰ, ਇੱਕ ਹੋਰ ਬੇਨਤੀ ਹੈ ਕਿ ਤਕਰੀਬਨ 6 ਕਰੋੜ ਰੁਪਿਆ ਪਹਿਲੀ ਸਰਕਾਰ ਵਲੋਂ ਕਿਸਾਨਾਂ ਨੂੰ ਦੇਣ ਵਾਸਤੇ ਬਕਾਇਆ ਹੈ, ਉਸ ਵਾਸਤੇ ਵੀ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ 6 ਕਰੋੜ ਰੁਪਿਆ ਹੈ, ਕਿਸਾਨ ਬੜੇ ਤੰਗ ਹਨ, ਉਨ੍ਹਾਂ ਨੂੰ ਪੈਸੇ ਦਿਵਾਉਣ ਵਾਸਤੇ ਬੇਨਤੀ ਕਰਦਾ ਹਾਂ ਕਿ ਇਹ ਕਦੋਂ ਦਿਵਾਏ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਸ ਦੇ ਵਿੱਚ ਕੋਈ ਸ਼ੱਕ ਨਹੀਂ, ਸਪੀਕਰ ਸਾਹਿਬ ਕਿ ਕਾਂਗਰਸ ਦੀ ਸਰਕਾਰ ਨੇ ਕਿਸਾਨਾਂ ਤੋਂ 37.50 ਕਰੋੜ ਰੁਪਏ ਦਾ ਗੰਨਾ ਲੈ ਲਿਆ ਅਤੇ ਉਨ੍ਹਾਂ ਦੇ ਪੈਸੇ ਦੀ ਅਦਾਇਗੀ ਨਹੀਂ ਕੀਤੀ। ਜਿਹੜੀ ਸਰਕਾਰ ਬਾਰ ਬਾਰ ਇਹ ਦਾਅਵਾ ਕਰਦੀ ਰਹੀ ਕਿ ਅਸੀਂ ਕਿਸਾਨ ਪੱਖੀ ਹਾਂ ਉਹ 37.50 ਕਰੋੜ ਕਿਸਾਨਾਂ ਦਾ ਦੱਬ ਕੇ ਚਲੇ ਗਏ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਅਤੇ ਸਦਨ ਨੂੰ ਜਾਣਕਾਰੀ ਦਿੰਦਾ ਹਾਂ ਕਿ ਕਲ੍ਹ ਹੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ 18.50 ਕਰੋੜ ਰਿਲੀਜ਼ ਕਰ ਦਿੱਤੇ ਹਨ। (ਥੰਪਿੰਗ) ਔਰ ਅਸੀਂ ਆਰ.ਡੀ.ਐਫ. ਦੇ ਵਿੱਚੋਂ ਇਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਅੱਧਾ ਹੁਣ ਦੇ ਦਿਆਂਗੇ ਅਤੇ ਅੱਧਾ ਥੋੜ੍ਹੇ ਸਮੇਂ ਬਾਅਦ ਦੇ ਦਿਆਂਗੇ ਲੇਕਿਨ ਸਾਡੀ ਇਹ ਕੋਸ਼ਿਸ਼ ਜ਼ਰੂਰ ਹੈ ਕਿ ਕਿਸਾਨਾਂ ਦਾ ਬਕਾਇਆ ਪੂਰਾ ਅਦਾ ਕੀਤਾ ਜਾਵੇ।

---------

## ਰਾਜ ਵਿੱਚ ਜੰਗਲੀ ਜੀਵ ਵਾਰਡਨਜ਼ ਦੀਆਂ ਅਸਾਮੀਆਂ ਦੀ ਗਿਣਤੀ

***49. ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਜੰਗਲੀ-ਜੀਵ ਵਾਰਡਨਜ਼ ਦੀਆਂ ਮੰਜ਼ੂਰਸ਼ੁਦਾ ਅਸਾਮੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉਨ੍ਹਾਂ ਦੇ ਵਿਰੁੱਧ ਕੰਮ ਕਰ ਰਹੇ ਪਦਧਾਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਨਿਸ਼ਚਿਤ ਕਰਨ ਲਈ ਕਿ ਉਹ ਆਪਣੀਆਂ ਡਿਊਟੀਆਂ ਨੂੰ ਸਹੀ ਢੰਗ ਨਾਲ ਨਿਭਾਉਣ ਦੇ ਯੋਗ ਹੋ ਸਕਣ, ਉਨ੍ਹਾਂ ਨੂੰ ਮੁਹੱਈਆ ਕੀਤੀਆਂ ਜਾ ਰਹੀਆਂ ਸਹੂਲਤਾਂ ਦੇ ਵੇਰਵੇ ਕੀ ਹਨ ?

**ਸ਼੍ਰੀ ਤਿਕਸ਼ਨ ਸੂਦ** : ਸ਼੍ਰੀਮਾਨ ਜੀ, ਰਾਜ ਵਿੱਚ ਜੰਗਲੀ ਜੀਵ ਵਾਰਡਨਾਂ ਦੀਆਂ 3 ਅਸਾਮੀਆਂ ਹਨ। ਇਨ੍ਹਾਂ ਦੀ ਕੋਈ ਜ਼ਿਲ੍ਹੇਵਾਰ ਵੰਡ ਨਹੀਂ ਕੀਤੀ ਗਈ। ਇਨ੍ਹਾਂ ਅਸਾਮੀਆਂ ਦੇ ਵਿਰੁੱਧ 2 ਜੰਗਲੀ ਜੀਵ ਵਾਰਡਨ ਕੰਮ ਕਰ ਰਹੇ ਹਨ। ਇਹਨਾਂ ਕਰਮਚਾਰੀਆਂ ਨੂੰ ਲੋੜ ਪੈਣ ਤੇ ਵਾਹਨ, ਟ੍ਰੇਂਕੂਲਾਈਜ਼ਿੰਗ ਗੰਨ, ਕੁਐਰਨਟਾਈਨ ਪਿੰਜਰੇ ਆਦਿ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਸਪੀਕਰ ਸਾਹਿਬ, ਇਹ ਜਿਹੜਾ ਡਿਪਾਰਟਮੈਂਟ ਹੈ, ਕੁਝ ਮਹੀਨੇ ਪਹਿਲਾਂ ਮਾਨਸਾ ਜ਼ਿਲ੍ਹੇ ਵਿੱਚ ਇਸ ਦੀ ਸਾਨੂੰ ਲੋੜ ਪੈ ਗਈ ਸੀ। ਉੱਥੇ ਇੱਕ ਬਾਂਦਰ/ਲੰਗੂਰ ਨੂੰ ਕਿਸੇ ਨੇ ਮਾਰ ਦਿੱਤਾ। ਅਸੀਂ ਇਸ ਬਾਰੇ ਸਾਰੀ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਨੂੰ ਨੋਟ ਕਰਾਇਆ ਲੇਕਿਨ ਕਿਸੇ ਨੂੰ ਪਤਾ ਹੀ ਨਾ

Original with;
Punjab Vidhan Sabha
Digitized by;
Panjab Digital Library

ਲੱਗਿਆ ਕਿ ਇਹ ਵਾਈਲਡਲਾਈਫ ਵਾਰਡਨ ਹੈ ਕਿੱਥੇ ? ਕੁਝ ਬਲਿਊ ਬੁਲਜ਼ ਜਿਨ੍ਹਾਂ ਨੂੰ ਰੋਚ ਵੀ ਕਹਿੰਦੇ ਹਨ, ਵੀ ਫਿਰਦੇ ਰਹਿੰਦੇ ਹਨ। ਉਨ੍ਹਾਂ ਕਾਰਨ ਕਾਫੀ ਐਕਸੀਡੈਂਟ ਹੋਏ ਹਨ। ਉਨ੍ਹਾਂ ਦੇ ਕੰਟਰੋਲ ਜਾਂ ਹਿਫਾਜ਼ਤ ਵਾਸਤੇ ਵੀ ਸਾਨੂੰ ਇਸ ਮਹਿਕਮੇ ਦੀ ਲੋੜ ਪੈਂਦੀ ਰਹਿੰਦੀ ਹੈ ਲੇਕਿਨ ਸਾਨੂੰ ਇਸ ਮਹਿਕਮੇ ਬਾਰੇ ਕੁਝ ਪਤਾ ਨਹੀ ਲੱਗਦਾ। ਇਸ ਕਰਕੇ ਸਾਨੂੰ ਇਹ ਦੱਸਿਆ ਜਾਵੇ ਕਿ ਇਹ ਜਿਹੜੇ 2 ਵਾਰਡਨ ਹਨ, ਇਹ ਕਿੱਥੇ ਸਟੇਸ਼ਨਡ ਹਨ, ਉਨ੍ਹਾਂ ਨੂੰ ਕਿਹੜੀਆਂ ਗੱਡੀਆਂ ਦਿੱਤੀਆਂ ਹੋਈਆਂ ਹਨ ਅਤੇ ਉਹ ਕਿੰਨੀ ਦੇਰ ਵਿੱਚ ਪਹੁੰਚ ਸਕਦੀਆਂ ਹਨ ? ਇਸ ਤੋਂ ਜ਼ਿਆਦਾ ਬਿਹਤਰ ਇਹ ਹੋਵੇਗਾ ਜੇਕਰ ਇਹ ਪੋਸਟਾਂ ਜ਼ੋਨਵਾਈਜ਼ ਦੇ ਦਿੱਤੀਆਂ ਜਾਣ।

**ਮੰਤਰੀ** : ਸਪੀਕਰ ਸਾਹਿਬ, ਵਾਈਲਡਲਾਈਫ ਵਾਰਡਨਜ਼ ਦੀਆਂ 3 ਪੋਸਟਾਂ ਹਨ। ਇਹ ਡਿਵੀਜ਼ਨਵਾਈਜ਼ ਨਹੀਂ ਹੁੰਦੀਆਂ। ਪਹਿਲਾਂ ਵਾਈਲਡਲਾਈਫ ਡਿਵੀਜ਼ਨਲ ਇੰਸਪੈਕਟਰਾਂ ਦੀਆਂ 2 ਪੋਸਟਾਂ ਹੁੰਦੀਆਂ ਸਨ ਅਤੇ ਉਹ ਹੀ ਇਹ ਸਾਰਾ ਕੰਮ ਵੇਖਦੇ ਸਨ। ਫਿਰ 1966 ਵਿੱਚ ਇਨ੍ਹਾਂ ਨੂੰ ਰੀਡੈਜ਼ੀਗਨੇਟ ਕਰਕੇ ਵਾਈਲਡਲਾਈਫ ਵਾਰਡਨਜ਼ ਬਣਾ ਦਿੱਤਾ ਗਿਆ। ਇਨ੍ਹਾਂ ਦੀਆਂ 3 ਪੋਸਟਾਂ ਬਣੀਆਂ ਹੋਈਆਂ ਹਨ। ਪਿਛਲੀ ਸਰਕਾਰ ਸਮੇਂ ਇਕ ਵੇਕੈਂਸੀ ਖਤਮ ਹੋ ਗਈ ਸੀ ਕਿਉਂਕਿ ਉਹ ਖਾਲੀ ਹੋ ਗਈ ਸੀ। ਬਾਕੀ ਦੋ ਪੋਸਟਾਂ ਵਿੱਚੋਂ ਇੱਕ ਡਾਇਰੈਕਟ ਤੌਰ ਤੇ ਅਤੇ ਇੱਕ ਪ੍ਰੋਮੋਸ਼ਨ ਕਰਕੇ ਭਰੀ ਜਾਂਦੀ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਪਹਿਲਾਂ ਵਾਂਗ ਇਹ 3 ਪੋਸਟਾਂ ਹੋ ਜਾਣ। ਜਦੋਂ ਵੀ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਅਫ਼ਸਰ ਮੌਕੇ ਤੇ ਪਹੁੰਚਦੇ ਹਨ। ਜਿਹੜੀ ਗੱਲ ਇਹ ਕਰਦੇ ਹਨ, ਜਦੋਂ ਲੰਗੂਰ ਵਾਲੀ ਉਹ ਸ਼ਿਕਾਇਤ ਆਈ, ਸਾਡੇ ਅਫ਼ਸਰ ਮੌਕੇ ਤੇ ਪਹੁੰਚੇ ਸਨ ਅਤੇ ਕੇਸ ਵੀ ਦਰਜ ਹੋਇਆ ਸੀ। ਹਾਈ ਕੋਰਟ ਵਿੱਚ ਦੋਸ਼ੀ ਦੀ ਅਰੈਸਟ ਸਟੇਅ ਹੋ ਗਈ ਸੀ। ਇਸ ਕੇਸ ਦੀ ਇਨਕੁਆਇਰੀ ਚੱਲ ਰਹੀ ਹੈ ਅਤੇ ਡਿਵੀਜ਼ਨਲ ਫਾਰੈਸਟ ਅਫ਼ਸਰ/ਵਾਈਲਡਲਾਈਫ ਇਹ ਇਨਕੁਆਇਰੀ ਕਰ ਰਹੇ ਹਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਉਹ ਵਾਰਡਨ ਹਨ ਕਿੱਥੇ ? ਉਨ੍ਹਾਂ 2 ਵਾਰਡਨਜ਼ ਦੇ ਨਾਂ ਕੀ ਹਨ ? ਉਨ੍ਹਾਂ ਨੂੰ ਕਿਹੜੀਆਂ ਸਹੂਲਤਾਂ ਮਿਲੀਆਂ ਹੋਈਆਂ ਹਨ ਅਤੇ ਉਨ੍ਹਾਂ ਨੂੰ ਕਿਹੜੀਆਂ ਗੱਡੀਆਂ ਦਿੱਤੀਆਂ ਹੋਈਆਂ ਹਨ।

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਖੁਦ ਸ਼ਿਕਾਇਤ ਕੀਤੀ ਸੀ, ਉਸ ਦੇ ਵਾਸਤੇ ਸਾਡੇ ਅਫ਼ਸਰ ਮੌਕੇ ਤੇ ਪਹੁੰਚੇ ਸਨ .......

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਇਨ੍ਹਾਂ ਨੂੰ ਤਿਆਰ ਹੋ ਕੇ ਆਉਣਾ ਚਾਹੀਦਾ ਸੀ, ਇਹ ਮੇਰੇ ਸਵਾਲ ਦਾ ਜਵਾਬ ਨਹੀਂ ਦੇ ਰਹੇ ਹਨ ।

**ਮੰਤਰੀ** : ਸਪੀਕਰ ਸਾਹਿਬ, ਅਫਸਰਾਂ ਦੇ ਨਾਂ ਤਾਂ ਬਦਲਦੇ ਰਹਿੰਦੇ ਹਨ, ਇਸ ਕਰਕੇ ਉਨ੍ਹਾਂ ਦੇ ਨਾਂ ਕਿਵੇਂ ਦੱਸੇ ਜਾ ਸਕਦੇ ਹਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਇਨ੍ਹਾਂ ਨੂੰ ਜਵਾਬ ਦੇਣ ਵਾਸਤੇ ਹੋਰ ਸਮਾਂ ਦੇ ਦਿਓ। ਕੱਲ੍ਹ ਨੂੰ ਜੇ ਫੇਰ ਸਾਨੂੰ ਲੋੜ ਪੈ ਗਈ ਤਾਂ ਅਸੀਂ ਇਨ੍ਹਾਂ ਨਾਲ ਕਿੱਥੇ ਕਾਂਟੈਕਟ ਕਰਾਂਗੇ ?

**ਮਾਨਯੋਗ ਸਪੀਕਰ** : ਮੋਫਰ ਸਾਹਿਬ, ਤੁਸੀਂ ਇਨ੍ਹਾਂ ਦੇ ਚੈਂਬਰ ਵਿੱਚ ਜਾ ਕੇ ਪਤਾ ਕਰ ਲੈਣਾ।

**ਮੰਤਰੀ** : ਠੀਕ ਹੈ ਜੀ, ਮੈਂ ਇਨ੍ਹਾਂ ਨੂੰ ਚਾਹ ਵੀ ਪਿਆਵਾਂਗਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਇਹ ਮੇਰੇ ਇਕੱਲੇ ਦੀ ਗੱਲ ਨਹੀਂ ਹੈ। ਇਥੇ ਹੋਰ ਵੀ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਕਿਸੇ ਨੂੰ ਵੀ ਇਸ ਜਾਣਕਾਰੀ ਦੀ ਲੋੜ ਪੈ ਸਕਦੀ ਹੈ। ਚੈਂਬਰ ਵਿੱਚ ਜਾਣ ਵਾਲੀ ਕਿਹੜੀ ਗੱਲ ਹੈ। ਸਾਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਉਨ੍ਹਾਂ ਵਾਰਡਨਜ਼ ਦਾ ਹੈੱਡਕਵਾਰਟਰ ਕਿਥੇ ਹੈ ਅਤੇ ਉਨ੍ਹਾਂ ਨੂੰ ਕਿਹੜੀਆਂ ਗੱਡੀਆਂ ਦਿੱਤੀਆਂ ਹੋਈਆਂ ਹਨ।

**ਮਾਨਯੋਗ ਸਪੀਕਰ** : ਸੂਦ ਜੀ, ਦੱਸੋ।

**ਮੰਤਰੀ** : ਸਪੀਕਰ ਸਾਹਿਬ, ਗੱਡੀਆਂ ਦੇ ਨੰਬਰ ਜਾਂ ਅਫ਼ਸਰਾਂ ਦੇ ਨਾਂ ਤਾਂ ਕਿਸੇ ਵੀ ਮਹਿਕਮੇ ਦੇ ਵਜ਼ੀਰ ਨੂੰ ਪਤਾ ਨਹੀਂ ਹੁੰਦੇ। ਤੁਸੀਂ ਪੀ.ਡਬਲਯੂ.ਡੀ. ਮਨਿਸਟਰ ਰਹੇ ਹੋ ਤੁਸੀਂ ਦੱਸ ਦਿਓ ਕਿ ਤੁਹਾਡੇ ਐਕਸੀਅਨਾਂ ਜਾਂ ਐਸ.ਡੀ.ਓਜ਼ ਦੇ ਨਾਂ ਕੀ ਕੀ ਸਨ। ਇਸ ਕਰਕੇ ਜਿਹੜੀ ਗੱਲ ਇਨ੍ਹਾਂ ਦੇ ਮਤਲਬ ਦੀ ਹੈ, ਸਿਰਫ਼ ਉਹ ਹੀ ਪੁੱਛਣ।

**ਮਾਨਯੋਗ ਸਪੀਕਰ** : ਸੂਦ ਜੀ, ਕੱਲ੍ਹ ਨੂੰ ਇਨ੍ਹਾਂ ਦੀ ਮੇਜ਼ ਤੇ ਗੱਡੀਆਂ ਦੇ ਨੰਬਰ ਅਤੇ ਅਫ਼ਸਰਾਂ ਦੇ ਨਾਂ ਤੁਸੀਂ ਰੱਖ ਦਿਓ।

**ਮੰਤਰੀ**: ਠੀਕ ਹੈ ਜੀ।

------------

Original with;
Punjab Vidhan Sabha
Digitized by;
Punjab Digital Library

## ਸਿਵਲ ਡਿਸਪੈਂਸਰੀ, ਭੋਗਪੁਰ ਨੂੰ ਅਪਗ੍ਰੇਡ ਕਰਨਾ

***42. ਸਰਦਾਰ ਸਰਬਜੀਤ ਸਿੰਘ ਮੱਕੜ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਿਵਲ ਡਿਸਪੈਂਸਰੀ, ਭੋਗਪੁਰ, ਜ਼ਿਲ੍ਹਾ ਜਲੰਧਰ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਿਵਲ ਡਿਸਪੈਂਸਰੀ ਨੂੰ ਸਿਵਲ ਹਸਪਤਾਲ ਵਜੋਂ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** (ੳ) ਕੈਟਾਗਰੀ ਵਾਈਜ਼ ਮਨਜ਼ੂਰਸ਼ੁਦਾ ਅਸਾਮੀਆਂ ਸਬੰਧੀ ਲੋੜੀਂਦੀ ਸੂਚਨਾ ਅਨੁਲੱਗ 'ੳ' ਤੇ ਉਪਲੱਬਧ ਹੈ ਜੀ।

(ਅ) ਇਸ ਸਮੇਂ ਸਿਵਲ ਡਿਸਪੈਂਸਰੀ, ਭੋਗਪੁਰ ਨੂੰ ਬਤੌਰ ਸਿਵਲ ਹਸਪਤਾਲ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

### ਅਨੁਲੱਗ 'ੳ'

| ਲੜੀ ਨੰ: | ਅਸਾਮੀ ਦਾ ਨਾਂ | | ਮਨਜ਼ੂਰ ਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ |
|---|---|---|---|---|
| 1. | ਮੈਡੀਕਲ ਅਫ਼ਸਰ | .. | 1 | 1 |
| 2. | ਫਾਰਮਾਸਿਸਟ | .. | 1 | 1 |
| 3. | ਸੈਨੇਟਰੀ ਇੰਸਪੈਕਟਰ | .. | 1 | 1 |
| 4. | ਐਲ.ਐਚ.ਵੀ. | .. | 2 | 2 |
| 5. | ਮਲਟੀਪਰਪਜ਼ ਹੈਲਥ ਵਰਕਰ (ਮੇਲ) | .. | 1 | 1 |
| 6. | ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | .. | 1 | 1 |
| 7. | ਕਲਾਸ-4 | .. | 1 | 1 |
| 8. | ਸਵੀਪਰ | .. | 1 | 1 |

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਸਪੀਕਰ ਸਾਹਿਬ, ਜਿਹੜਾ ਸਵਾਲ ਮਾਨਯੋਗ ਮੈਂਬਰ ਸਾਹਿਬ ਨੇ ਪੁੱਛਿਆ ਹੈ, ਉਸ ਦੇ 'ੳ' ਪਾਰਟ ਦੀ ਜਾਣਕਾਰੀ ਇਨ੍ਹਾਂ ਨੂੰ ਲਿਖਤੀ ਰੂਪ ਵਿੱਚ ਦੇ ਦਿੱਤੀ ਗਈ ਹੈ। ਇਨ੍ਹਾਂ ਨੂੰ ਦੱਸ ਦਿੱਤਾ ਗਿਆ ਹੈ ਕਿ ਸਿਵਲ ਡਿਸਪੈਂਸਰੀ, ਭੋਗਪੁਰ ਵਿੱਚ 9 ਕਰਮਚਾਰੀਆਂ ਦੀ ਸਵੀਕ੍ਰਿਤੀ ਸੀ ਅਤੇ ਉਥੇ 9 ਦੇ 9 ਕਰਮਚਾਰੀ ਲੱਗੇ ਹੋਏ ਹਨ। ਇਸ ਸਵਾਲ ਦਾ ਜਿਹੜਾ ਦੂਸਰਾ ਪਾਰਟ ਹੈ, ਉਸ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਸ ਦਾ ਦਰਜਾ ਵਧਾਉਣ ਦਾ ਹਾਲੇ ਕੋਈ ਵਿਚਾਰ ਨਹੀਂ ਹੈ ਅਤੇ ਹਾਲੇ ਇਸ ਦੀ ਕੋਈ ਲੋੜ ਵੀ ਨਹੀਂ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਸ਼ਿਕਾਇਤ ਸੀ ਕਿ ਉਸ ਡਿਸਪੈਂਸਰੀ ਵਿੱਚ ਕੋਈ ਵੀ ਮੁਲਾਜ਼ਮ ਨਹੀਂ ਹੁੰਦਾ ਪਰ ਮੰਤਰੀ ਸਾਹਿਬਾ ਨੇ ਉੱਥੇ 9 ਦੇ 9 ਮੁਲਾਜ਼ਮ ਪੂਰੇ ਕਰ ਦਿੱਤੇ ਹਨ, ਇਸ ਗੱਲ ਦੇ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ । ਦੂਸਰੀ ਮੈਂ ਬੇਨਤੀ ਇਹ ਕਰਨਾ ਚਾਹੁੰਦਾ ਹਾਂ ਕਿ ਇਸ ਛੋਟੇ ਜਿਹੇ ਸ਼ਹਿਰ ਨੂੰ 93 ਪਿੰਡ ਲਗਦੇ ਹਨ ਅਤੇ ਅਲਾਵਲਪੁਰ ਅਤੇ ਭੋਗਪੁਰ ਦੋ ਸ਼ਹਿਰ ਲਗਦੇ ਹਨ । ਜਦੋਂ ਕੋਈ ਵੀ ਐਮਰਜੈਂਸੀ ਹੁੰਦੀ ਹੈ ਜਾਂ ਕੋਈ ਐਕਸੀਡੈਂਟ ਹੁੰਦਾ ਹੈ, ਭੋਗਪੁਰ ਦਾ ਨਾਂ ਹੋਣ ਕਰਕੇ ਪਠਾਨਕੋਟ ਤੋਂ, ਦਸੂਹਾ ਤੋਂ ਕੋਈ ਲੋੜਵੰਦ ਤੁਰਦਾ ਹੈ ਤਾਂ ਉਸ ਨੂੰ ਕੋਈ ਐਮਰਜੈਂਸੀ ਸਰਵਿਸ ਨਹੀਂ ਮਿਲਦੀ । ਲੋਕ ਸੋਚਦੇ ਹਨ ਕਿ ਮੈਂ ਮਰੀਜ਼ ਨੂੰ ਭੋਗਪੁਰ ਡਿਸਪੈਂਸਰੀ ਵਿੱਚ ਲੈ ਜਾਵਾਂਗਾ ਅਤੇ ਉਥੇ ਉਸ ਨੂੰ ਪੂਰਾ ਟਰੀਟਮੈਂਟ ਮਿਲੇਗਾ........

**ਮਾਨਯੋਗ ਸਪੀਕਰ** : ਤੁਸੀਂ ਕੁਐਸਚਨ ਕਰੋ ।

**ਸਰਦਾਰ ਸਰਬਜੀਤ ਸਿੰਘ ਮੱਕੜ** : ਕੁਐਸਚਨ ਹੈ ਕਿ ਉੱਥੇ ਕੋਈ ਟਰੀਟਮੈਂਟ ਨਹੀਂ ਮਿਲਦਾ । ਲੋਕਾਂ ਦੀ ਬਹੁਤ ਵੱਡੀ ਲੋੜ ਹੈ ਅਤੇ ਮੰਗ ਹੈ ਕਿ ਜਲਦੀ ਤੋਂ ਜਲਦੀ ਇਸ ਡਿਸਪੈਂਸਰੀ ਨੂੰ ਅਪਗ੍ਰੇਡ ਕੀਤਾ ਜਾਵੇ । ਮੇਰੀ ਰਿਕੁਐਸਟ ਹੈ ਅਤੇ ਇਹ ਇਕ ਲੱਖ ਲੋਕਾਂ ਦੀ ਮੰਗ ਹੈ, ਇਸ ਨੂੰ ਜਲਦੀ ਪੂਰਾ ਕੀਤਾ ਜਾਵੇ ।

**ਮੰਤਰੀ** : ਅਧਿਅਕਸ਼ ਜੀ, ਜਿਹੜੀ ਭੋਗਪੁਰ ਸਿਵਲ ਡਿਸਪੈਂਸਰੀ ਹੈ, ਉਹ 15 ਹਜ਼ਾਰ ਦੀ ਜਨ ਸੰਖਿਆ ਵਾਸਤੇ ਸੇਵਾ ਦੇ ਰਹੀ ਹੈ । ਉਥੇ ਡਾਕਟਰ ਜਸਬੀਰ ਸਿੰਘ ਪੋਸਟਿਡ ਹੈ । ਉਸ ਤੋਂ ਸਿਰਫ 2 ਕਿਲੋਮੀਟਰ ਤੇ ਕਾਲਾ ਬੱਕਰਾ ਹੈ ਜਿਥੇ ਬਲਾਕ ਦੇ ਅਨੁਸਾਰ ਸੀ.ਐਚ.ਸੀ. ਹੈ ਜਿਹੜਾ ਕਿ 30 ਬੈਡਿੱਡ ਹਸਪਤਾਲ ਹੈ । ਉਹ 24 ਘੰਟੇ ਸੇਵਾ ਕਰ ਰਿਹਾ ਹੈ । ਇਸ ਤੋਂ ਪਹਿਲਾਂ ਟਾਂਡਾ ਵਿੱਚ ਸੀ.ਐਚ.ਸੀ. ਹੈ ਜਿਹੜਾ ਪੂਰੇ 24 ਘੰਟੇ ਸੇਵਾ ਦੇ ਰਿਹਾ ਹੈ ਕਿਉਂਕਿ ਇਹ ਸਿਵਲ ਹਸਪਤਾਲ ਹੈ ਅਤੇ 15 ਹਜ਼ਾਰ ਦੀ ਜਨ ਸੰਖਿਆ ਵਾਸਤੇ ਹੈ। ਬਲਾਕ ਵਿੱਚ ਸਾਡਾ ਹਸਪਤਾਲ ਹੈ। ਇਸ ਕਰਕੇ

Original with;
Punjab Vidhan Sabha
Digitized by;
Panjab Digital Library

ਸੀ.ਐਚ.ਸੀ. (ਕਮਿਊਨਿਟੀ ਹੈਲਥ ਸੈਂਟਰ) ਦੀ ਭੋਗਪੁਰ ਲਈ ਬਹੁਤ ਜ਼ਿਆਦਾ ਜ਼ਰੂਰਤ ਨਹੀਂ ਹੈ । ਇਸ ਦੇ ਨੇੜੇ ਹੀ ਜਲੰਧਰ ਹੈ । ਉਥੇ ਬਹੁਤ ਸਾਰੀਆਂ ਸਿਹਤ ਸੇਵਾਵਾਂ ਦੀ ਸੁਵਿਧਾ ਹੈ । ਇਸ ਕਰਕੇ ਮੇਰੀ ਬੇਨਤੀ ਹੈ ਕਿ ਭੋਗਪੁਰ, ਕਾਲਾ ਬੱਕਰਾ, ਟਾਂਡਾ, ਜਲੰਧਰ ਇਹ ਸਾਰੇ ਐਮਰਜੈਂਸੀ ਸੇਵਾਵਾਂ ਦੇਣ ਲਈ ਹਰ ਵੇਲੇ ਤਿਆਰ ਹਨ । ਇਸ ਵਕਤ ਕਿਉਂਕਿ ਭੋਗਪੁਰ ਸਿਵਲ ਡਿਸਪੈਂਸਰੀ ਹੈ ਅਤੇ ਇਹ 15 ਹਜ਼ਾਰ ਦੀ ਜਨ ਸੰਖਿਆ ਵਾਸਤੇ ਹੈ, ਜੋ ਕਹਿਣਾ ਹੈ, ਉਹ ਕਰਨਾ ਹੈ, ਇਸ ਕਰਕੇ ਇਸ ਵਕਤ ਇਸ ਨੂੰ ਅਪਗ੍ਰੇਡ ਕਰਨਾ ਵਿਚਾਰ ਅਧੀਨ ਨਹੀਂ ਹੈ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਵੇਂ ਮੱਕੜ ਸਾਹਿਬ ਨੇ ਕਿਹਾ ਹੈ ਕਿ ਭੋਗਪੁਰ ਜੀ.ਟੀ. ਰੋਡ ਤੇ ਸਥਿੱਤ ਹੈ ਅਤੇ ਉੱਥੇ ਕੇਵਲ ਡਿਸਪੈਂਸਰੀ ਹੈ । ਇਹ ਬਹੁਤ ਵੱਡਾ ਹਾਈਵੇਅ ਹੈ, ਇਸ ਕਰਕੇ ਉਥੇ ਐਕਸੀਡੈਂਟ ਵਗੈਰਾ ਵੀ ਹੁੰਦੇ ਰਹਿੰਦੇ ਹਨ, ਇਸ ਲਈ ਉਥੇ ਕੋਈ ਟਰਾਮਾ ਸੈਂਟਰ ਖੋਲ੍ਹਣ ਦੀ ਲੋੜ ਹੈ । ਕੀ ਇਹ ਉਥੇ ਕੋਈ ਟਰਾਮਾ ਸੈਂਟਰ ਖੋਲ੍ਹਣ ਲਈ ਤਿਆਰ ਹਨ ?

**ਮੰਤਰੀ** : ਅਧਿਅਕਸ਼ ਜੀ, ਟਰਾਮਾ ਸੈਂਟਰ ਕਿਸੇ ਹਸਪਤਾਲ ਵਿੱਚ ਖੋਲ੍ਹਿਆ ਜਾ ਸਕਦਾ ਹੈ । ਇਹ ਕਿਸੇ ਪ੍ਰਾਇਮਰੀ ਹੈਲਥ ਸੈਂਟਰ ਜਾਂ ਸਿਵਲ ਡਿਸਪੈਂਸਰੀ ਵਿੱਚ ਨਹੀਂ ਖੋਲ੍ਹਿਆ ਜਾ ਸਕਦਾ । ਜਲੰਧਰ ਵਿੱਚ ਇਹ ਟਰਾਮਾ ਸੈਂਟਰ ਬਣਾਉਣ ਦੀ ਮਨਜ਼ੂਰੀ ਆ ਗਈ ਹੈ । 1.5 ਕਰੋੜ ਰੁਪਿਆ ਵੀ ਆ ਗਿਆ ਹੈ । ਇਹ ਕੁਝ ਸਮੇਂ ਬਾਅਦ ਜਲਦੀ ਸ਼ੁਰੂ ਹੋ ਜਾਵੇਗਾ । ਜਿਹੜੀ ਨਵੀਂ ਪਰਪੋਜ਼ਲ ਭੇਜੀ ਹੋਈ ਹੈ ਉਸ ਵਿੱਚ ਜਲੰਧਰ-ਪਠਾਨਕੋਟ ਰਸਤੇ ਵਾਸਤੇ ਵੀ ਟਰਾਮਾ ਸੈਂਟਰ ਮੰਗਿਆ ਗਿਆ ਹੈ ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਸਰਦਾਰ ਸੰਗਤ ਸਿੰਘ ਗਿਲਜੀਆਂ।

----------

## ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਟਾਂਡਾ ਨੂੰ ਸਬ-ਡਿਵੀਜ਼ਨ ਦਾ ਦਰਜਾ ਦੇਣਾ

***33. ਸਰਦਾਰ ਸੰਗਤ ਸਿੰਘ ਗਿਲਜੀਆਂ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਬ-ਤਹਿਸੀਲ ਨੂੰ ਸਬ-ਡਿਵੀਜ਼ਨ ਵਜੋਂ ਅਪਗ੍ਰੇਡ ਕਰਨ ਲਈ ਕੀ ਕਸੌਟੀ ਅਪਨਾਈ ਜਾ ਰਹੀ ਹੈ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਸੰਗਤ ਸਿੰਘ ਗਿਲਜੀਆਂ]

(ਅ) ਕੀ ਸਬ-ਤਹਿਸੀਲ, ਟਾਂਡਾ, ਸਬ-ਡਿਵੀਜ਼ਨ ਵੱਜੋਂ ਅਪਗ੍ਰੇਡ ਕਰਨ ਲਈ ਨਾਰਮਜ਼ ਪੂਰੇ ਕਰਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਸਬ-ਤਹਿਸੀਲ ਨੂੰ ਸਬ-ਡਿਵੀਜ਼ਨ ਵੱਜੋਂ ਅਪਗ੍ਰੇਡ ਕਰਨ ਵਿੱਚ ਹੋਈ ਦੇਰੀ ਦੇ ਕਾਰਣ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ** : (ੳ) ਪੰਜਾਬ ਸਰਕਾਰ ਵੱਲੋਂ ਸਥਾਪਤ ਪੁਨਰਗਠਨ ਕਮੇਟੀ ਦੀ ਰਿਪੋਰਟ ਮਿਤੀ 10-8-1994 ਅਨੁਸਾਰ ਸ. ਅਮਰੀਕ ਸਿੰਘ ਪੂੰਨੀ, ਚੇਅਰਮੈਨ, ਪੁਨਰਗਠਨ ਕਮੇਟੀ ਨੇ ਰਿਪੋਰਟ ਦਿੱਤੀ ਸੀ । ਇਸ ਰਿਪੋਰਟ ਦੇ ਅਧਿਆਏ 5 ਅਨੁਸਾਰ ਪੁਨਰਗਠਨ ਸਬੰਧੀ ਮਾਪ ਦੰਡ ਦੇ ਪੈਰ੍ਹਾ 5.2 ਅਤੇ 5.3 ਅਨੁਸਾਰ ਸਬ-ਡਵੀਜ਼ਨ/ਤਹਿਸੀਲ, ਪ੍ਰਬੰਧਕੀ ਹੈਡਕੁਆਟਰ ਦਾ ਫਾਸਲਾ 30-40 ਕਿਲੋਮੀਟਰ ਹੋਣਾ ਚਾਹੀਦਾ ਹੈ । ਇਸ ਤੋਂ ਇਲਾਵਾ ਤਹਿਸੀਲ ਵਿੱਚ 4-7 ਕਾਨੂੰਨਗੋਈ ਸਰਕਲ ਹੋਣੇ ਚਾਹੀਦੇ ਹਨ । ਇਹ ਮਾਪ ਦੰਡ ਕੇਵਲ ਦਿਸ਼ਾ ਨਿਰਦੇਸ਼ ਹੀ ਹਨ ਅਤੇ ਸਰਕਾਰ ਕਿਸੇ ਵੀ ਇਲਾਕੇ ਦੀ ਧਾਰਮਿਕ ਮਹੱਤਤਾ, ਦੇਸ਼ ਪ੍ਰਤੀ ਕੁਰਬਾਨੀਆਂ ਅਤੇ ਲੋਕਹਿੱਤ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਮਾਪ ਦੰਡਾਂ ਵਿੱਚ ਤਬਦੀਲੀ ਵੀ ਕਰ ਸਕਦੀ ਹੈ ।

(ਅ) ਨਹੀਂ ਜੀ ।

**ਸਰਦਾਰ ਸੰਗਤ ਸਿੰਘ ਗਿਲਜੀਆਂ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਬ-ਡਵੀਜ਼ਨ ਦਸੂਹਾ ਬਣਾਈ ਗਈ ਹੈ, ਪਰ ਟਾਂਡਾ ਦੀ ਆਮਦਨ ਬਹੁਤ ਜ਼ਿਆਦਾ ਹੈ । ਲੋਕਾਂ ਦੀ ਇਹ ਬੜੀ ਭਾਰੀ ਮੰਗ ਹੈ ਅਤੇ ਇਹ ਮੰਗ ਪਹਿਲਾਂ ਵੀ ਚਲਦੀ ਆ ਰਹੀ ਹੈ ਕਿ ਟਾਂਡਾ ਨੂੰ ਕਦੋਂ ਸਬ-ਡਵੀਜ਼ਨ ਬਣਾਇਆ ਜਾਵੇਗਾ ।

**ਮੰਤਰੀ** : ਸਪੀਕਰ ਸਾਹਿਬ, ਇਸ ਸਮੇਂ ਰਾਜ ਸਰਕਾਰ ਕੋਲ ਇਹ ਤਜਵੀਜ਼ ਵਿਚਾਰ ਅਧੀਨ ਨਹੀਂ ਹੈ । ਹੁਸ਼ਿਆਰਪੁਰ ਵਿੱਚ ਚਾਰ ਸਬ-ਡਵੀਜ਼ਨਾਂ ਹੁਸ਼ਿਆਰਪੁਰ, ਦਸੂਹਾ, ਮੁਕੇਰੀਆਂ, ਗੜ੍ਹਸ਼ੰਕਰ ਹਨ ਅਤੇ 5 ਸਬ-ਤਹਿਸੀਲਾਂ ਭੂੰਗਾ, ਟਾਂਡਾ, ਗੜ੍ਹਦੀਵਾਲ, ਤਲਵਾੜਾ ਅਤੇ ਮਾਹਿਲਪੁਰ ਹਨ । ਇਸ ਕਰਕੇ ਇਸ ਦੀ ਕੋਈ ਜ਼ਰੂਰਤ ਨਹੀਂ ਹੈ । ਇਸ ਤਰ੍ਹਾਂ ਹੀ ਅੱਗੇ ਪੰਜਾਬ ਸਰਕਾਰ ਵੱਲੋਂ ਸਥਾਪਤ ਪੁਨਰਗਠਨ ਕਮੇਟੀ ਦੀ ਰਿਪੋਰਟ ਮਿਤੀ 10-8-1994 ਅਨੁਸਾਰ ਸਰਦਾਰ ਅਮਰੀਕ ਸਿੰਘ ਪੂੰਨੀ,

Original with;
Punjab Vidhan Sabha
Digitized by;
Panjab Digital Library

ਚੇਅਰਮੈਨ, ਪੁਨਰਗਠਨ ਕਮੇਟੀ ਨੇ ਰਿਪੋਰਟ ਦਿੱਤੀ ਸੀ, ਇਸ ਰਿਪੋਰਟ ਦੇ ਅਧਿਆਏ 5 ਅਨੁਸਾਰ ਪੁਨਰਗਠਨ ਸਬੰਧੀ ਮਾਪਦੰਡ ਦੇ ਪੈਰ੍ਹਾ 5.2 ਅਤੇ 5.3 ਅਨੁਸਾਰ ਸਬ-ਡਵੀਜ਼ਨ/ਤਹਿਸੀਲ, ਪ੍ਰਬੰਧਕੀ ਹੈੱਡਕੁਆਰਟਰ ਦਾ ਫਾਸਲਾ 30-40 ਕਿਲੋਮੀਟਰ ਦਾ ਹੋਣਾ ਚਾਹੀਦਾ ਹੈ । ਇਹ ਫਾਸਲਾ ਪੂਰਾ ਨਹੀਂ ਕਰਦਾ, ਇਸ ਕਰਕੇ ਇਸ ਨੂੰ ਸਬ-ਡਵੀਜ਼ਨ ਬਣਾਉਣ ਦੀ ਕੋਈ ਲੋੜ ਨਹੀਂ ਹੈ । ਉਸ ਇਲਾਕੇ ਦਾ ਖੇਤਰਫਲ ਵੇਖਿਆ ਜਾਂਦਾ ਹੈ । ਉਥੇ ਲੋਕਾਂ ਨੂੰ ਮੁਹੱਈਆ ਸਹੂਲਤਾਂ ਵੱਲ ਵੇਖਿਆ ਜਾਂਦਾ ਹੈ । ਹੈੱਡਕੁਆਟਰ ਤੋਂ ਵੱਖ-ਵੱਖ ਹਿੱਸਿਆਂ ਦੀ ਦੂਰੀ ਵੇਖੀ ਜਾਂਦੀ ਹੈ । ਸਬ-ਤਹਿਸੀਲ ਟਾਂਡਾ ਦਾ ਖੇਤਰਫਲ 175 ਵਰਗ ਕਿਲੋਮੀਟਰ ਹੈ ਜਦੋਂ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਤਹਿਸੀਲਾਂ ਗੜ੍ਹਸ਼ੰਕਰ ਦਾ ਖੇਤਰਫਲ 972 ਵਰਗ ਕਿਲੋਮੀਟਰ, ਦਸੂਹਾ ਦਾ 816 ਵਰਗ ਕਿਲੋਮੀਟਰ ਅਤੇ ਤਹਿਸੀਲ ਮੁਕੇਰੀਆਂ ਦਾ ਖੇਤਰਫਲ 535 ਵਰਗ ਕਿਲੋਮੀਟਰ ਹੈ । ਟਾਂਡਾ ਨੂੰ ਸਬ-ਡਵੀਜ਼ਨ ਬਣਾਉਣ ਨਾਲ ਘਾਟਾ ਹੁੰਦਾ ਹੈ ।

**ਸਰਦਾਰ ਸੰਗਤ ਸਿੰਘ ਗਿਲਜੀਆਂ** : ਸਪੀਕਰ ਸਾਹਿਬ, ਇਸ ਵਿੱਚ ਕਿਸੇ ਹੋਰ ਏਰੀਏ ਨੂੰ ਸ਼ਾਮਲ ਕਰਕੇ ਇਸ ਨੂੰ ਸਬ-ਡਵੀਜ਼ਨ ਦਾ ਦਰਜਾ ਦਿੱਤਾ ਜਾਵੇ । ਉਥੋਂ ਦੇ ਲੋਕਾਂ ਦੀ ਬਹੁਤ ਜ਼ਿਆਦਾ ਡਿਮਾਂਡ ਹੈ ਅਤੇ ਇਸ ਡਿਮਾਂਡ ਨੂੰ ਪੂਰਾ ਕਰਨਾ ਚਾਹੀਦਾ ਹੈ ।

**ਮੰਤਰੀ** : ਟਾਂਡਾ ਸਬ-ਤਹਿਸੀਲ ਦੀ ਅਬਾਦੀ 1 ਲੱਖ 25 ਹਜ਼ਾਰ ਹੈ ਜਦੋਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਦੂਸਰੀਆਂ ਤਹਿਸੀਲਾਂ ਦੀ ਅਬਾਦੀ ਕ੍ਰਮਵਾਰ ਗੜ੍ਹਸ਼ੰਕਰ ਦੀ 3 ਲੱਖ 50 ਹਜ਼ਾਰ, ਦਸੂਹਾ ਦੀ 3 ਲੱਖ 40 ਹਜ਼ਾਰ ਅਤੇ ਮੁਕੇਰੀਆਂ 3 ਲੱਖ 25 ਹਜ਼ਾਰ ਦੀ ਹੈ । ਟਾਂਡਾ ਦੀ ਅਬਾਦੀ ਵੀ ਬਹੁਤ ਘੱਟ ਹੈ । ਇਸ ਲਈ ਇਸ ਨੂੰ ਸਬ-ਡਵੀਜ਼ਨ ਦਾ ਦਰਜਾ ਦੇਣਾ ਠੀਕ ਨਹੀਂ ਹੈ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 38**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---

Original with;
Punjab Vidhan Sabha
Digitized by;
Panjab Digital Library

## ਮਾਨਸਾ ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ

***50. ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਨਸਾ ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ ਲਈ ਅਰੰਭ ਕੀਤੇ ਗਏ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਮਾਨਸਾ ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ ਦਾ ਕੰਮ ਅਲਾਟ ਕਰ ਦਿੱਤਾ ਗਿਆ ਹੈ ਅਤੇ ਮਿਤੀ 30-6-2007 ਨੂੰ ਸ਼ੁਰੂ ਹੋ ਜਾਣ ਦੀ ਸੰਭਾਵਨਾ ਹੈ । ਇਸ ਕੰਮ ਦੇ 6-9 ਮਹੀਨਿਆਂ ਵਿੱਚ ਪੂਰੇ ਹੋ ਜਾਣ ਦੀ ਸੰਭਾਵਨਾ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਟੈਂਡਰ ਕਦੋਂ ਹੋਏ ਸੀ ਅਤੇ ਇਸ ਟੈਂਡਰ ਵਿੱਚ ਕਿਤਨਾ ਪੂਲ ਰੇਲਵੇ ਵਾਲਿਆਂ ਦਾ ਹੈ ਅਤੇ ਕਿਤਨਾ ਪੰਜਾਬ ਸਰਕਾਰ ਦਾ ਹੈ ?

**ਮੰਤਰੀ :** ਤਕਰੀਬਨ ਡੇਢ ਮਹੀਨਾ ਪਹਿਲਾਂ ਟੈਂਡਰ ਅਲਾਟ ਕੀਤਾ ਗਿਆ ਹੈ। ਜਿਹੜਾ ਬ੍ਰਿਜ ਬਣਾਉਣ ਦਾ ਕੰਮ ਹੈ ਉਹ ਪੀ.ਡਬਲਯੂ.ਡੀ. ਦਾ ਹੈ ਅਤੇ ਰੇਲਵੇ ਲਾਈਨ ਦੇ ਥੱਲੇ ਦਾ ਜਿਹੜਾ ਹਿੱਸਾ ਹੈ ਉਹ ਰੇਲਵੇ ਵਾਲਿਆਂ ਨੇ ਬਣਾਉਣਾ ਹੈ । ਐਗਜ਼ੈਕਟ ਸ਼ੇਅਰ ਦੀ ਇਨਫਰਮੇਸ਼ਨ ਤਾਂ ਮੇਰੇ ਕੋਲ ਇਸ ਵੇਲੇ ਨਹੀਂ ਹੈ ਪ੍ਰੰਤੂ ਰੇਲਵੇ ਦੇ ਸ਼ੇਅਰ ਨਾਲੋਂ ਪੀ.ਆਈ.ਡੀ.ਬੀ. ਦਾ ਸ਼ੇਅਰ ਜ਼ਿਆਦਾ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ :** ਮੰਤਰੀ ਜੀ ਨੇ ਜਿਹੜਾ ਕੰਪਲੀਸ਼ਨ ਦਾ ਟਾਈਮ ਦੱਸਿਆ ਹੈ ਉਹ ਟੈਂਡਰ ਅਲਾਟ ਕਰਨ ਦੇ ਵੇਲੇ ਤੋਂ 6-9 ਮਹੀਨੇ ਤੱਕ ਦਾ ਹੈ ਜਾਂ ਕਿ ਹੁਣ ਤੋਂ 6-9 ਮਹੀਨੇ ਤੱਕ ਦਾ ਹੈ ।

**ਮੰਤਰੀ :** ਇਹ ਹੁਣ ਦਾ ਟਾਈਮ ਹੈ । ਪੀ.ਡਬਲਯੂ.ਡੀ. ਨੇ ਇਸ ਨੂੰ 6-9 ਮਹੀਨੇ ਦੇ ਸਮੇਂ ਵਿੱਚ ਬਣਾਉਣਾ ਹੈ ।

**ਸਰਦਾਰ ਸ਼ੇਰ ਸਿੰਘ ਗਾਗੋਵਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਦੇ ਓਵਰ-ਬ੍ਰਿਜ ਦਾ ਕੰਮ ਬਹੁਤ ਹੀ ਸਲੋਅ ਚੱਲ ਰਿਹਾ ਹੈ । ਇਸ ਓਵਰ-ਬ੍ਰਿਜ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਵੈਸੇ ਤਾਂ ਇਹ ਵੱਖਰਾ ਸਵਾਲ ਬਣਦਾ ਹੈ ਪ੍ਰੰਤੂ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੀ.ਆਈ.ਡੀ.ਬੀ. ਦੇ ਬਿਹਾਫ ਤੇ ਜਿਹੜਾ ਕੰਮ ਪੀ.ਡਬਲਯੂ.ਡੀ. ਕਰ ਰਿਹਾ ਹੈ ਉਹ ਬਿਲਕੁਲ ਟਾਈਮ ਤੇ ਚਲ ਰਿਹਾ ਹੈ ਅਤੇ ਇਹ ਸਮੇਂ ਸਿਰ ਪੂਰਾ ਹੋ ਜਾਵੇਗਾ। ਰੇਲਵੇ ਦੇ ਕੰਮ ਬਾਰੇ ਰੇਲਵੇ ਵਾਲਿਆਂ ਦੇ ਨਾਲ ਮਾਮਲਾ ਟੇਕ-ਅੱਪ ਕੀਤਾ ਹੈ ਕਿ ਉਹ ਵੀ ਆਪਣੇ ਸੈਕਸ਼ਨ ਨੂੰ ਜਲਦੀ ਤੋਂ ਜਲਦੀ ਬਣਾਉਣ।

**ਰਾਣਾ ਗੁਰਮੀਤ ਸਿੰਘ ਸੋਢੀ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਡਰ-ਬ੍ਰਿਜ ਅਤੇ ਓਵਰ-ਬ੍ਰਿਜਜ਼ ਦੀ ਜਿਹੜੀ ਪ੍ਰਪੋਜ਼ਲ ਪਿਛਲੀ ਸਰਕਾਰ ਦੇ ਸਮੇਂ ਬਣਾਈ ਗਈ ਸੀ, ਉਸ ਦਾ ਇਸ ਵੇਲੇ ਕੀ ਸਟੇਟਸ ਹੈ ? ਕੀ ਉਹ ਕੰਮ ਪੂਰੇ ਹੋਣਗੇ ਜਾਂ ਨਹੀਂ ?

**ਮਾਨਯੋਗ ਸਪੀਕਰ** : ਸੈਪਰੇਟ ਕੁਐਸਚਨ ਕਰੋ ਜੀ।

----------

## ਜਗਰਾਉਂ-ਹਠੂਰ ਸੜਕ ਦੀ ਮੁਰੰਮਤ

*65. (1) **ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ**
(2) **ਸਰਦਾਰ ਗੁਰਦੀਪ ਸਿੰਘ ਭੈਣੀ** } : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਜਗਰਾਉਂ-ਹਠੂਰ ਬਰਾਸਤਾ ਅਖਾੜਾ-ਭਾਮੀਪੁਰ-ਮਾਣੂੰਕੇ ਲੱਖਾ ਸੜਕ ਦੀ ਹਾਲਤ ਬਹੁਤ ਖਸਤਾ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਇਸ ਸੜਕ ਦੇ ਚਾਰ ਹਿੱਸੇ ਹਨ। ਦੋ ਹਿੱਸੇ : ਜਗਰਾਉਂ-ਰਾਏਕੋਟ ਸੜਕ ਤੋਂ ਅਖਾੜਾ ਅਤੇ ਮਾਣੂੰਕੇ ਤੋਂ ਲੱਖਾ ਨੂੰ ਚਾਲੂ ਵਿੱਤੀ ਸਾਲ ਦੌਰਾਨ ਨਾਬਾਰਡ 12 (1) ਅਤੇ ਪੀ.ਐਮ.ਜੀ.ਐਸ.ਵਾਈ. ਫੇਜ਼ 7 ਸਕੀਮਾਂ ਤਹਿਤ ਕ੍ਰਮਵਾਰ ਚੌੜਾ/ਮਜ਼ਬੂਤ ਅਤੇ ਅਪਗਰੇਡ ਕੀਤੇ ਜਾਣ ਦੀ ਸੰਭਾਵਨਾ ਹੈ। ਬਾਕੀ ਦੇ ਦੋ ਹਿੱਸੇ ਅਖਾੜਾ ਤੇ ਮਾਣੂੰਕੇ ਵਿਚਕਾਰ ਅਤੇ ਲੱਖਾ ਅਤੇ ਹਠੂਰ ਵਿੱਚਕਾਰ (ਸਿਵਾਏ 1.64 ਕਿ.ਮੀ.) ਮੰਡੀ ਬੋਰਡ ਪਾਸ ਹਨ, ਜਿਨ੍ਹਾਂ ਦੀ ਸਮਾਂ-ਬੱਧ ਸਾਂਭ ਸੰਭਾਲ ਅਤੇ ਰਿਪੇਅਰ ਦੀ ਜ਼ਰੂਰਤ ਹੈ। ਸੜਕ ਦਾ 1.64 ਕਿ.ਮੀ. ਹਿੱਸਾ ਜਿਸ ਤੇ ਐਸ.ਡੀ.ਬੀ.ਸੀ. ਪਿਛਲੇ ਸਾਲ ਪਾਈ ਗਈ ਸੀ, ਦੀ ਹਾਲਤ ਅੱਛੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ** : ਸਪੀਕਰ ਸਾਹਿਬ, ਮੰਤਰੀ ਜੀ ਟਾਈਮ ਤਾਂ ਦੱਸਣ ਕਿ ਕਦੋਂ ਤੱਕ ਕੰਪਲੀਟ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਤਾਂ ਪਹਿਲਾ ਹਿੱਸਾ ਹੈ ਜੋ ਕਿ ਮੇਨ ਰੋਡ ਹੈ, ਜਗਰਾਉਂ ਤੋਂ ਰਾਏਕੋਟ ਸੜਕ, ਉਸ ਦਾ ਨਾਬਾਰਡ 12 ਦੇ ਤਹਿਤ ਕੰਮ ਚਲ ਰਿਹਾ ਹੈ । ਦੂਸਰਾ ਹਿੱਸਾ ਜਿਹੜਾ ਅਖਾੜਾ ਜੰਕਸ਼ਨ ਤੋਂ ਲੈ ਕੇ ਭਾਮੀਪੁਰ ਤੱਕ ਹੈ ਉਸਦੀ ਰਿਪੇਅਰ 2008 ਤੱਕ ਡਿਊ ਹੈ ਜੋ ਕਿ ਮੰਡੀ ਬੋਰਡ ਨੇ ਕਰਨੀ ਹੈ ਕਿਉਂਕਿ ਇਹ ਮੰਡੀਕਰਨ ਬੋਰਡ ਦੇ ਅੰਦਰ ਹੈ । ਜਿਹੜੀ ਭਾਮੀਪੁਰ ਤੋਂ ਮਾਣੂੰਕੇ ਸੜਕ ਹੈ ਇਹ 3.45 ਕਿਲੋਮੀਟਰ ਦਾ ਹਿੱਸਾ ਹੈ, ਇਸ ਦੀ ਰਿਪੇਅਰ ਇਸੇ ਸਾਲ ਡਿਊ ਹੈ, ਉਹ ਵੀ ਮੰਡੀਕਰਨ ਬੋਰਡ ਨੇ ਕਰਨੀ ਹੈ । ਪੀ.ਐਮ.ਜੀ.ਐਸ.ਵਾਈ. ਫੇਜ-4 ਦੇ ਵਿੱਚ ਅਸੀਂ ਮਾਣੂੰਕੇ ਤੋਂ ਲੈ ਕੇ ਲੱਖੋਵਾਲ ਤੱਕ ਪਾਇਆ ਹੈ, ਇਹ 4.7 ਕਿਲੋਮੀਟਰ ਹੈ ਅਤੇ ਇਹ ਗੁਰੂ ਗੋਬਿੰਦ ਸਿੰਘ ਮਾਰਗ ਦਾ ਵੀ ਹਿੱਸਾ ਹੈ । ਇਹ ਵੀ ਪੀ.ਐਮ.ਜੀ.ਐਸ.ਵਾਈ. ਸਕੀਮ ਤਹਿਤ ਅਸੀਂ ਕੇਂਦਰ ਸਰਕਾਰ ਨਾਲ ਟੇਕ-ਅੱਪ ਕੀਤਾ ਹੈ ਅਤੇ ਅਗਲੇ ਸਾਲ ਦੇ ਸ਼ੁਰੂ ਤੱਕ ਇਸ ਦੇ ਮੁਕੰਮਲ ਹੋਣ ਦੀ ਆਸ ਹੈ । ਬਾਕੀ ਲਾਸਟ ਹਿੱਸਾ 4.8 ਕਿਲੋਮੀਟਰ ਦਾ ਹੈ, ਉਹ ਮੰਡੀਕਰਨ ਬੋਰਡ ਦੇ ਅਧੀਨ ਆਉਂਦਾ ਹੈ ਅਤੇ ਇਸੇ ਸਾਲ ਡਿਊ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕ ਬਹੁਤ ਅਹਿਮ ਹੈ ਅਤੇ ਸਹਿਣਾ, ਭਦੌੜ, ਬਰਨਾਲਾ ਤੋਂ ਹੁੰਦੀ ਹੋਈ ਹਠੂਰ, ਅਖਾੜਾ, ਜਗਰਾਉਂ ਤੋਂ ਨਕੋਦਰ ਜਾਂਦੀ ਹੈ ਅਤੇ ਇਹ ਬਹੁਤ ਵੱਡੀ ਸੜਕ ਹੈ । ਬਠਿੰਡਾ, ਸੰਗਰੂਰ ਦਾ ਸਾਰਾ ਟਰੈਫਿਕ ਇਸ ਤੇ ਚੱਲ ਰਿਹਾ ਹੈ। ਤੁਸੀਂ ਤਾਂ ਮੁਰੰਮਤ ਕਰਵਾਉਣ ਲਈ ਛੋਟੇ-ਛੋਟੇ ਟੁਕੜੇ ਬਣਾ ਰਹੇ ਹੋ । ਇਸ ਤਰ੍ਹਾਂ ਤਾਂ ਬਹੁਤ ਮੁਸ਼ਕਲ ਹੋ ਜਾਣਾ ਹੈ । ਇਸ ਸੜਕ ਤੇ ਨਾ ਕੋਈ ਸਾਈਕਲ, ਨਾ ਟਾਂਗਾ, ਨਾ ਕੋਈ ਮੋਟਰ ਸਾਈਕਲ ਚਲ ਸਕਦੀ ਹੈ, ਇਸ ਤੇ ਹੈਵੀ ਟਰੈਫਿਕ ਚਲਦਾ ਹੈ, ਟਰੱਕ ਅਤੇ ਬੱਸਾਂ ਦਾ ਭਾਰੀ ਟਰੈਫਿਕ ਰਹਿੰਦਾ ਹੈ । ਇਸ ਦੀ ਹਾਲਤ ਬਹੁਤ ਮਾੜੀ ਹੈ । ਕੀ ਮੰਤਰੀ ਜੀ ਕੋਈ ਟਾਈਮ ਫਿਕਸ ਕਰਨਗੇ ਕਿ ਇਸ ਦੀ ਕਦੋਂ ਤੱਕ ਰਿਪੇਅਰ ਕਰਵਾ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਅਸੀਂ ਇਹ ਟੇਕ-ਅੱਪ ਕਰ ਰਹੇ ਹਾਂ । ਜਿਹੜਾ ਪੀ.ਡਬਲਯੂ.ਡੀ. ਦੇ ਅੰਦਰ ਹਿੱਸਾ ਹੈ, ਉਹ ਪੀ.ਐਮ.ਜੀ.ਐਸ.ਵਾਈ., ਨਾਬਾਰਡ ਦੇ ਅੰਦਰ ਟੇਕ-ਅੱਪ ਕੀਤਾ ਹੈ । ਬਾਕੀ ਮੰਡੀ ਬੋਰਡ ਨੂੰ ਲਿਖ ਕੇ ਭੇਜ ਦਿੰਦੇ ਹਾਂ ਕਿ ਇਸ ਸਾਲ ਦਾ ਜਿਹੜਾ ਹਿੱਸਾ ਡਿਊ ਹੈ ਅਤੇ ਅਗਲੇ ਸਾਲ ਦਾ ਵੀ

Original with;
Punjab Vidhan Sabha
Digitized by;
Panjab Digital Library

ਪ੍ਰੀ-ਮੈਚਿਓਰ ਲੈ ਕੇ ਇਸੇ ਸਾਲ ਕਰਵਾ ਦੇਣ । ਅਸੀਂ ਮੰਡੀ ਬੋਰਡ ਨੂੰ ਡਿਪਾਰਟਮੈਂਟ ਵੱਲੋਂ ਲਿਖਤੀ ਬੇਨਤੀ ਕਰਾਂਗੇ ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੈਨੂੰ ਪਿਛਲੇ ਹਫਤੇ ਜਗਰਾਉਂ ਤੋਂ ਅਖਾੜਾ ਮਾਣੂੰਕੇ ਜਾਣਾ ਪੈ ਗਿਆ, ਕਿਉਂਕਿ ਮੇਰੇ ਮਾਮਾ ਜੀ ਦਾ ਭੋਗ ਸੀ । ਸਪੀਕਰ ਸਾਹਿਬ, ਵਾਕਿਆ ਹੀ ਜਿਵੇਂ ਐਮ.ਐਲ.ਏ. ਸਾਹਿਬ ਨੇ ਦੱਸਿਆ ਹੈ ਇਸ ਸੜਕ ਦੀ ਬਹੁਤ ਮਾੜੀ ਹਾਲਤ ਹੈ। ਜੇ ਇਨ੍ਹਾਂ ਨੂੰ ਮੇਰੀ ਗੱਲ ਤੇ ਵਿਸ਼ਵਾਸ ਨਹੀਂ ਤਾਂ ਕੋਈ ਆਪਣਾ ਅਧਿਕਾਰੀ ਭੇਜ ਦੇਣ । ਮੈਂ ਇਸ ਗੱਲ ਤੇ ਨਹੀਂ ਜਾਂਦਾ ਕਿ ਮੰਡੀਕਰਨ ਬੋਰਡ ਨੇ ਉਸਦੀ ਰਿਪੇਅਰ ਕਰਨੀ ਹੈ, ਡਿਊ ਹੈ ਜਾਂ ਨਹੀਂ । ਇਹ ਕੋਈ ਆਪਣਾ ਅਧਿਕਾਰੀ ਭੇਜ ਕੇ ਦੇਖ ਲੈਣ ਅਤੇ ਉਥੇ ਕੋਈ ਨਵੀਂ ਗੱਡੀ ਭੇਜ ਕੇ ਦੇਖ ਲਓ ਜੇਕਰ ਉਹ ਠੀਕ ਵਾਪਸ ਆ ਜਾਵੇ ਤਾਂ ਮੈਂ ਕਸੂਰਵਾਰ ਹੋਵਾਂਗਾ । ਉਸ ਸੜਕ ਦੀ ਇੰਨੀ ਮਾੜੀ ਹਾਲਤ ਹੈ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰਾਇਅਰਟੀ ਤੇ ਇਸਦੀ ਮੁਰੰਮਤ ਕਰਾਉਣੀ ਬਹੁਤ ਜ਼ਰੂਰੀ ਹੈ, ਉਸ ਸੜਕ ਦੀ ਬੜੀ ਤਰਸਯੋਗ ਹਾਲਤ ਹੈ । ਸਪੀਕਰ ਸਾਹਿਬ, ਜੇ ਸਾਰੇ ਪੰਜਾਬ ਦੀਆਂ ਸੜਕਾਂ ਦਾ ਨਿਰੀਖਣ ਕਰਵਾਇਆ ਜਾਵੇ ਤਾਂ ਇਸ ਸੜਕ ਦੀ ਹਾਲਤ ਸਾਰੀਆਂ ਸੜਕਾਂ ਤੋਂ ਮਾੜੀ ਹੋਵੇਗੀ ।

**ਮੰਤਰੀ :** ਸਪੀਕਰ ਸਾਹਿਬ, ਮੈਂ ਪ੍ਰਾਇਅਰਟੀ ਤੇ ਟੇਕ-ਅੱਪ ਕਰਾਂਗਾ ਜੀ ਪਰ ਫੰਡਜ਼ ਅਰੇਂਜ ਕਰਨ ਲਈ ਸਕੀਮ ਪਾਸ ਕਰਾਉਣ ਵਾਸਤੇ ਥੋੜ੍ਹਾ ਸਮਾਂ ਲੱਗ ਹੀ ਜਾਂਦਾ ਹੈ ।

(ਇਸ ਸਮੇਂ ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਨਹੀਂ ਜੀ, ਪਹਿਲਾਂ ਹੀ ਬਹੁਤ ਸਪਲੀਮੈਂਟਰੀਜ਼ ਹੋ ਗਈਆਂ ਹਨ । ਅਗਲਾ ਸਵਾਲ ।

---------

**ਨਥਾਣਾ, ਜ਼ਿਲ੍ਹਾ ਬਠਿੰਡਾ ਵਿਖੇ ਆਈ.ਟੀ.ਆਈ.**

*35 (1) **ਸਰਦਾਰ ਅਜਾਇਬ ਸਿੰਘ ਭੱਟੀ**
(2) **ਸਰਦਾਰ ਮੱਖਣ ਸਿੰਘ** } : ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡ ਨਥਾਣਾ ਵਿਖੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਭੱਟੀ]

ਆਈ.ਟੀ.ਆਈ. ਲਈ ਇਮਾਰਤ ਦੀ ਉਸਾਰੀ ਕਿਹੜੇ ਸਾਲ ਵਿੱਚ ਮੁਕੰਮਲ ਕੀਤੀ ਗਈ ਸੀ ਅਤੇ ਉਕਤ ਆਈ.ਟੀ.ਆਈ. ਲਈ ਜ਼ਮੀਨ ਖਰੀਦਣ ਅਤੇ ਇਮਾਰਤ ਦੀ ਉਸਾਰੀ ਤੇ, ਵੱਖ-ਵੱਖ, ਕਿੰਨਾ ਖਰਚਾ ਆਇਆ ਅਤੇ ਇਸਦੀ ਵਰਤੋਂ ਦੀ ਮੌਜੂਦਾ ਸਥਿਤੀ ਕੀ ਹੈ ?

**ਚੌਧਰੀ ਸਵਰਨਾ ਰਾਮ :** ਇਹ ਸੰਸਥਾ 1994 ਵਿੱਚ ਹੋਂਦ ਵਿੱਚ ਆਈ ਸੀ । ਇਸ ਸੰਸਥਾ ਲਈ ਜ਼ਮੀਨ ਸਬੰਧਤ ਗ੍ਰਾਮ ਪੰਚਾਇਤ ਵੱਲੋਂ ਦਾਨ ਵਿੱਚ ਦਿੱਤੀ ਗਈ ਸੀ ਅਤੇ ਇਮਾਰਤ ਦੀ ਉਸਾਰੀ ਲਈ 159.71 ਲੱਖ ਰੁਪਏ ਖਰਚਾ ਕੀਤਾ ਗਿਆ । ਫੰਡਾਂ ਦੀ ਘਾਟ ਹੋਣ ਕਰਕੇ ਆਈ.ਟੀ.ਆਈ., ਨਥਾਣਾ ਦੀ ਇਮਾਰਤ ਮਿਤੀ 15-2-2005 ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਮੋਡ ਅਧੀਨ ਪੰਜਾਬ ਇਨਫ੍ਰਾਸਟ੍ਰਕਚਰ ਡਿਵੈਲਪਮੈਂਟ ਬੋਰਡ (ਪੀ.ਆਈ.ਡੀ.ਬੀ.) ਰਾਹੀਂ ਪ੍ਰਾਈਵੇਟ ਪ੍ਰੋਮੋਟਰ ਬਾਲਾ ਜੀ ਐਜੂਕੇਸ਼ਨ ਟਰੱਸਟ, ਬਠਿੰਡਾ ਨੂੰ ਸੌਂਪ ਦਿੱਤੀ ਗਈ ।

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਸਾਲ 1994 ਵਿੱਚ ਇਹ ਆਈ.ਟੀ.ਆਈ. ਹੋਂਦ ਵਿੱਚ ਆਈ । ਇਸ ਦੀ ਵਰਤੋਂ ਸਾਲ 2005 ਵਿੱਚ ਹੋਣੀ ਸ਼ੁਰੂ ਹੋਈ ਹੈ । ਗਿਆਰਾਂ ਸਾਲ ਦਾ ਲੰਬਾ ਸਮਾਂ ਇਹ ਆਈ.ਟੀ.ਆਈ. ਇਸੇ ਤਰ੍ਹਾਂ ਪਈ ਰਹੀ । ਪਬਲਿਕ ਦਾ ਫੰਡ ਲੱਗਾ ਤੇ ਪੰਚਾਇਤ ਦੀ ਕੀਮਤੀ ਜ਼ਮੀਨ ਇਸੇ ਤਰ੍ਹਾਂ ਪਈ ਰਹੀ । ਇਸ ਵਾਸਤੇ ਕਿਸ ਦੀ ਜ਼ੁੰਮੇਵਾਰੀ ਹੈ । ਇਸ ਦੇ ਕੀ ਕਾਰਨ ਹਨ ? ਦੂਸਰੀ ਗੱਲ ਇਹ ਹੈ ਕਿ ਬਾਲਾ ਜੀ ਐਜੂਕੇਸ਼ਨ ਟਰੱਸਟ ਨੂੰ ਇਹ ਬਿਲਡਿੰਗ ਦਿੱਤੀ ਗਈ ਹੈ । ਉਹ ਇਹ ਆਈ.ਟੀ.ਆਈ. ਰਨ ਕਰ ਰਹੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਟਰੱਸਟ ਨੂੰ ਇਹ ਆਈ.ਟੀ.ਆਈ. ਕਿਹੜੀਆਂ ਸ਼ਰਤਾਂ ਤਹਿਤ ਦਿੱਤੀ ਗਈ ਹੈ ? ਕੀ ਇਹ ਪ੍ਰਾਈਵੇਟ ਮਾਲਕ ਸਰਕਾਰੀ ਆਈ.ਟੀ.ਆਈ. ਦੀਆਂ ਕੰਡੀਸ਼ਨਾਂ ਨੂੰ ਸ਼ਤ-ਪ੍ਰਤੀਸ਼ਤ ਪੂਰੀਆਂ ਕਰਦੇ ਹਨ ਜਾਂ ਕਿਸੇ ਪ੍ਰਕਾਰ ਦਾ ਕੋਈ ਹੋਰ ਐਗਰੀਮੈਂਟ ਕੀਤਾ ਗਿਆ ਹੈ, ਇਸ ਬਾਰੇ ਮੰਤਰੀ ਜੀ ਸਪੱਸ਼ਟ ਕਰਨ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਡਿਲੇਅ ਹੋਈ ਹੈ, ਇਸ ਬਾਰੇ ਤਾਂ ਇਨ੍ਹਾਂ ਦੀ ਸਰਕਾਰ ਹੀ ਦੱਸ ਸਕਦੀ ਹੈ ਕਿ ਇਹ ਡਿਲੇਅ ਕਿਉਂ ਹੋਈ । ਇਨ੍ਹਾਂ ਨੇ ਪਿਛਲੇ ਸਾਲ ਇਸ ਬਾਰੇ ਕੋਈ ਵਿਚਾਰ ਨਹੀਂ ਕੀਤੀ । ਬਾਕੀ ਗੱਲ ਇਹ ਹੈ ਕਿ ਪ੍ਰਾਈਵੇਟ ਪਰੋਮੋਟਰ ਨੂੰ ਇਸ ਕਰਕੇ ਦਿੱਤੀ ਗਈ ਹੈ ਕਿਉਂਕਿ ਸਰਕਾਰ ਕੋਲ ਇਸ ਨੂੰ ਚਲਾਉਣ ਲਈ ਫੰਡਜ਼ ਨਹੀਂ ਹਨ । ਅਸੀਂ ਚਾਹੁੰਦੇ ਹਾਂ ਕਿ ਐਜੂਕੇਸ਼ਨ ਦਾ ਕੋਈ ਨੁਕਸਾਨ ਨਾ ਹੋਵੇ । ਜਿਹੜੀਆਂ ਸੰਸਥਾਵਾਂ ਜਾਂ ਸੰਗਠਨ ਉਦਯੋਗਿਕ ਸਿਖਲਾਈ

Original with;
Punjab Vidhan Sabha
Digitized by;
Panjab Digital Library

ਸੰਸਥਾਵਾਂ ਨੂੰ ਚਲਾਉਣ ਦੇ ਚਾਹਵਾਨ ਹਨ, ਉਨ੍ਹਾਂ ਨੂੰ ਇਹ ਲੀਜ਼ ਤੇ ਦਿੱਤੀਆਂ ਗਈਆਂ ਹਨ ਅਤੇ ਇਹ ਇਨਫ੍ਰਾਸਟ੍ਰਕਚਰ ਡਿਵੈਲਪਮੈਂਟ ਬੋਰਡ ਨੇ ਦਿੱਤੀਆਂ ਹਨ । ਇਸ ਬਾਰੇ ਜੋ ਸ਼ਰਤਨਾਮਾ ਹੋਇਆ ਹੈ, ਉਹ ਉਨ੍ਹਾਂ ਕੋਲ ਹੈ । ਇਹ 33 ਸਾਲ ਲਈ ਲੀਜ਼ ਤੇ ਦਿੱਤੀਆਂ ਗਈਆਂ ਹਨ ਇਸ ਦਾ ਗੌਰਮਿੰਟ ਨੂੰ ਢਾਈ ਲੱਖ ਰੁਪਿਆ ਸਲਾਨਾ ਮੁਆਵਜ਼ਾ ਮਿਲ ਰਿਹਾ ਹੈ । ਇਸ ਕਰਕੇ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਵੱਲੋਂ ਡਿਲੇਅ ਦੀ ਕੋਈ ਅਜਿਹੀ ਗੱਲ ਨਹੀਂ ਹੈ । ਅਸੀਂ ਚਾਹੁੰਦੇ ਹਾਂ ਕਿ ਆਈ.ਟੀ.ਆਈਜ਼ ਦਾ ਨੁਕਸਾਨ ਨਾ ਹੋਵੇ, ਜਨਤਾ ਦਾ ਨੁਕਸਾਨ ਨਾ ਹੋਵੇ, ਪਬਲਿਕ ਦਾ ਕੋਈ ਨੁਕਸਾਨ ਨਾ ਹੋਵੇ, ਬੱਚਿਆਂ ਨੂੰ ਸਿੱਖਿਆ ਮਿਲ ਸਕੇ, ਇਸ ਕਰਕੇ ਅਸੀਂ ਇਹ ਸੰਸਥਾਵਾਂ ਲੀਜ਼ ਤੇ ਦਿੱਤੀਆਂ ਹਨ ।

**ਸਰਦਾਰ ਅਜਾਇਬ ਸਿੰਘ ਭੱਟੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਜਵਾਬ ਨਾਲ ਅੰਸ਼ਿਕ ਤੌਰ ਤੇ ਸਹਿਮਤੀ ਪ੍ਰਗਟ ਕਰਦਾ ਹਾਂ । ਸਰਕਾਰ ਅਕਾਲੀ ਦਲ ਦੀ ਵੀ ਰਹੀ, ਸਰਕਾਰ ਕਾਂਗਰਸ ਦੀ ਵੀ ਰਹੀ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਦੀ ਸਰਕਾਰ ਆਈ ਹੈ, ਇਸ ਸਰਕਾਰ ਨੇ ਕੀ ਉਦਮ ਕੀਤਾ ਹੈ ਤਾਂ ਕਿ ਇਹ ਆਈ.ਟੀ.ਆਈ. ਚੱਲ ਸਕੇ ? ਦੂਸਰੀ ਗੱਲ, ਮੈਂ ਇਹ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਕੰਡੀਸ਼ਨਾਂ ਲਗਾਈਆਂ ਗਈਆਂ ਹਨ, ਉਹ ਸਰਕਾਰੀ ਆਈ.ਟੀ.ਆਈਜ਼ ਵਾਲੀਆਂ ਹਨ ਜਾਂ ਪ੍ਰਾਈਵੇਟ ਪਰੋਮੋਟਰਜ਼ ਨੇ ਆਪਣੀਆਂ ਸ਼ਰਤਾਂ ਬੱਚਿਆਂ ਨੂੰ ਟ੍ਰੇਨਿੰਗ ਦੇਣ ਵਾਸਤੇ ਰੱਖੀਆਂ ਹਨ ? ਇਸ ਬਾਰੇ ਮੰਤਰੀ ਜੀ ਦੱਸਣ ।

**ਮੰਤਰੀ** : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਸਵਾਲ ਦਾ ਹਿੱਸਾ ਨਹੀਂ ਹੈ ਜਿਹੜੀ ਇਹ ਹੁਣ ਪੁੱਛ ਰਹੇ ਹਨ । ਅਗਰ ਇਹ ਨਵਾਂ ਸਵਾਲ ਦੇ ਦੇਣ ਤਾਂ ਮੈਂ ਇਕੱਲੇ-ਇਕੱਲੇ ਦੀ ਜਾਣਕਾਰੀ ਦੇ ਦੇਵਾਂਗਾ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਇਹ ਬਿਲਡਿੰਗ ਸਾਲ 1994 ਵਿੱਚ ਬਣ ਕੇ ਤਿਆਰ ਹੋ ਗਈ ਸੀ । ਸਪੀਕਰ ਸਾਹਿਬ, ਤੁਸੀਂ ਵੀ ਉਸ ਸਮੇਂ ਹਾਊਸ ਵਿੱਚ ਮੌਜੂਦ ਸੀ ਔਰ ਤੁਸੀਂ ਹੈਰਾਨ ਹੋਵੋਗੇ ਕਿ ਮੈਂ ਇਸ ਬਾਰੇ ਪਹਿਲਾਂ ਵੀ ਸਵਾਲ ਸਾਲ 1999 ਵਿੱਚ ਪੁੱਛਿਆ ਸੀ ਕਿ ਇਹ ਆਈ.ਟੀ.ਆਈ. ਸਥਾਪਿਤ ਕਰਨ ਵਾਸਤੇ ਕਦੋਂ ਪਲਾਨਿੰਗ ਹੋਈ ਔਰ ਇਸ ਵਾਸਤੇ ਕਦੋਂ ਪੈਸੇ ਇਸ਼ੂ ਹੋਏ ? ਸਾਲ 1994 ਵਿੱਚ ਇਹ ਬਿਲਡਿੰਗ ਬਣ ਗਈ ਔਰ ਤਕਰੀਬਨ ਗਿਆਰਾਂ ਸਾਲ ਇਹ ਬਿਲਡਿੰਗ ਅਣਵਰਤੀ ਪਈ ਰਹੀ । ਇਸ ਤਰ੍ਹਾਂ ਇਸ ਡਿਲੇਅ ਨਾਲ ਕਿੰਨਾ ਨੁਕਸਾਨ ਹੋਇਆ । ਇਹ ਗਿਆਰਾਂ ਸਾਲ ਜਿਹੜਾ ਪੈਸਾ ਇਸੇ ਤਰ੍ਹਾਂ ਹੀ ਲੱਗਿਆ ਪਿਆ ਰਿਹਾ, ਇਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੱਖਣ ਸਿੰਘ]

ਵਾਸਤੇ ਕਿਸ ਦੀ ਜ਼ੁੰਮੇਵਾਰੀ ਫਿਕਸ ਕੀਤੀ ਗਈ ਹੈ ? ਇਸ ਲਈ ਕੌਣ ਜ਼ੁੰਮੇਵਾਰ ਹੈ ਜਿਸ ਨੇ ਰੌਂਗ ਪਲਾਨਿੰਗ ਕੀਤੀ ? ਗੌਰਮਿੰਟ ਦੇ ਖਜ਼ਾਨੇ ਵਿੱਚੋਂ ਪੈਸਾ ਗਿਆ, ਬਿਲਡਿੰਗ ਤਿਆਰ ਹੋਈ ਔਰ ਗਿਆਰਾਂ ਸਾਲ ਵਿਹਲੀ ਪਈ ਰਹੀ, ਇਸ ਲਈ ਕੌਣ ਜ਼ੁੰਮੇਵਾਰ ਹੈ ?

**ਮਾਨਯੋਗ ਸਪੀਕਰ :** ਜੋ ਤੁਸੀਂ ਪੁੱਛਿਆ ਹੈ, ਮੈਂ ਸਮਝਦਾ ਹਾਂ ਕਿ ਜਵਾਬ ਪਰਾਪਰ ਤੁਹਾਡੇ ਤੱਕ ਪਹੁੰਚ ਗਿਆ ਹੈ ।

**ਸਰਦਾਰ ਮੱਖਣ ਸਿੰਘ :** ਸਪੀਕਰ ਸਾਹਿਬ, ਜਵਾਬ ਪਰਾਪਰ ਕਿਵੇਂ ਪਹੁੰਚ ਗਿਆ ਹੈ ? ਅੱਠ ਸਾਲ ਪਹਿਲਾਂ ਆਈ.ਟੀ.ਆਈ. ਬਾਰੇ ਸਵਾਲ ਪੁੱਛਿਆ ਸੀ । ਚਾਹੇ ਸਰਕਾਰ ਕੋਈ ਆਈ । ਪਰਮਾਨੈਂਟਲੀ ਲੋਕ ਇੱਥੇ ਬੈਠੇ ਹਨ । (ਵਿਘਨ)

**ਮਾਨਯੋਗ ਸਪੀਕਰ :** ਸਵਾਲ ਕਾਫੀ ਡਿਸਕਸ ਹੋ ਚੁੱਕਾ ਹੈ । (ਵਿਘਨ)

**ਸਰਦਾਰ ਮੱਖਣ ਸਿੰਘ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਇਸ ਬਾਰੇ ਐਸ਼ਿਓਰੈਂਸ ਦੇਣ ਕਿ ਇਸ ਵਿੱਚ ਰਿਸਪਾਂਸੀਬਿਲਟੀ ਫਿਕਸ ਕੀਤੀ ਜਾਵੇਗੀ, ਗੌਰਮਿੰਟ ਦਾ ਲੱਖਾਂ ਰੁਪਿਆ ਆਇਡੀਅਲ ਲੱਗਾ ਰਿਹਾ । ਇਸ ਸਬੰਧੀ ਰਿਸਪਾਂਸੀਬਿਲਟੀ ਫਿਕਸ ਕੀਤੀ ਜਾਵੇ ਤਾਂ ਕਿ ਅਗਾਂਹ ਤੋਂ ਕਿਸੀ ਦੀ ਵੀ ਸਰਕਾਰ ਆਵੇ, ਇਸ ਤਰ੍ਹਾਂ ਦੀ ਅਣਗਹਿਲੀ ਨਾ ਵਰਤੀ ਜਾਵੇ ਤੇ ਗੌਰਮਿੰਟ ਦੇ ਪੈਸੇ ਦੀ ਦੁਰਵਰਤੋਂ ਨਾ ਹੋ ਸਕੇ । ਮੁੱਖ ਮੰਤਰੀ ਜੀ ਇਸ ਬਾਰੇ ਐਸ਼ਿਓਰੈਂਸ ਦੇਣ ।

**Mr. Speaker :** Thank you. Next question.

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਕੋਈ ਡੈਕੋਰਮ ਤਾਂ ਰੱਖੋ, ਕੋਈ ਜਵਾਬ ਤਾਂ ਦਿਵਾਓ ।

**ਮਾਨਯੋਗ ਸਪੀਕਰ :** ਲਾਲ ਸਿੰਘ ਜੀ, ਜਿਹੜਾ ਸਵਾਲ ਪੁੱਛਿਆ ਗਿਆ ਸੀ, ਉਸ ਦਾ ਪਰਾਪਰ ਜਵਾਬ ਆ ਗਿਆ ਹੈ । .............(ਵਿਘਨ) । ਜਿਹੜਾ ਸਵਾਲ ਪੁੱਛਿਆ ਗਿਆ ਹੈ, ਉਸ ਦਾ ਜਵਾਬ ਆ ਗਿਆ ਹੈ ਅਤੇ ਮੈਂ ਉਸ ਨਾਲ ਸੈਟਿਸਫਾਈਡ ਹਾਂ । ....... (ਵਿਘਨ) । ਨੈਕਸਟ ਕੁਐਸਚਨ ਜੀਤਮਹਿੰਦਰ ਸਿੰਘ ।

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜਾ ਵਧੀਆ ਸਵਾਲ ਕੀਤਾ ਹੈ, ਮੈਂ

Original with;
Punjab Vidhan Sabha
Digitized by;
Panjab Digital Library

ਇਸ ਦਾ ਸਵਾਗਤ ਕਰਦਾ ਹਾਂ । ਇਹ ਸਾਥੋਂ ਜਵਾਬ ਵੀ ਮੰਗਦੇ ਹਨ ਪਰ ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਤਾਂ ਇਨ੍ਹਾਂ ਦੀ ਵੀ ਰਹੀ 2002 ਤੋਂ 2007 ਤੱਕ । ਇਨ੍ਹਾਂ ਨੇ ਉਸ ਬਿਲਡਿੰਗ ਬਾਰੇ ਕੀ ਕੀਤਾ ? ਕੀ ਇਨ੍ਹਾਂ ਨੇ ਕਿਸੇ ਨੂੰ ਜ਼ੁੰਮੇਵਾਰ ਠਹਿਰਾਇਆ ? ..........(ਵਿਘਨ) ਇਹ ਜ਼ਰਾ ਦੱਸਣ ਤਾਂ ਸਹੀ। ਪੰਜ ਸਾਲ ਇਹ ਕੀ ਕਰਦੇ ਰਹੇ ? ਕੀ ਇਹ ਸੁੱਤੇ ਪਏ ਰਹੇ ? ........ (ਵਿਘਨ) ਕੀ ਇਹ ਸੁੱਤੇ ਪਏ ਰਹੇ ? ...........(ਵਿਘਨ) ਸਪੀਕਰ ਸਾਹਿਬ, ਉਦੋਂ ਇਹ ਮੈਂਬਰ ਸਾਹਿਬ ਸਾਡੇ ਵੱਲ ਸੀ, ਹੁਣ ਇਸ ਨੂੰ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਚੁੱਕ ਕੇ ਉਧਰ ਲੈ ਗਏ ਹਨ ।(ਹਾਸਾ) ............(ਵਿਘਨ) ਬੈਠ ਜਾਓ ਹੁਣ । ਤੁਹਾਨੂੰ ਕੋਈ ਹੱਕ ਨਹੀਂ ਸਵਾਲ ਪੁੱਛਣ ਦਾ ।

(ਇਸ ਸਮੇਂ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਜੀਤਮਹਿੰਦਰ ਸਿੰਘ ਸਿੱਧੂ । .........(ਵਿਘਨ) ਨੈਕਸਟ ਕੁਐਸਚਨ ਜੀਤਮਹਿੰਦਰ ਸਿੰਘ ਸਿੱਧੂ । .........(ਵਿਘਨ) ਬਰਾੜ ਸਾਹਿਬ (ਸਰਦਾਰ ਅਵਤਾਰ ਸਿੰਘ ਬਰਾੜ), ਨੈਕਸਟ ਕੁਐਸਚਨ ਆ ਗਿਆ ਹੈ । ........(ਵਿਘਨ) ਪਲੀਜ਼, ਜਵਾਬ ਸੁਣੋ ਜੀ ।

----------

## ਯਾਦਵਿੰਦਰਾ ਇੰਜੀਨੀਅਰਿੰਗ ਕਾਲਜ, ਤਲਵੰਡੀ ਸਾਬੋ ਨੂੰ ਬੰਦ ਕਰਨਾ

***55. ਸਰਦਾਰ ਜੀਤਮਹਿੰਦਰ ਸਿੰਘ ਸਿੱਧੂ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਲਵੰਡੀ ਸਾਬੋ ਵਿਖੇ ਯਾਦਵਿੰਦਰਾ ਇੰਜੀਨੀਅਰਿੰਗ ਕਾਲਜ ਨੂੰ ਬੰਦ ਕਰਨ ਜਾਂ ਉਸ ਨੂੰ ਕਿਸੇ ਹੋਰ ਥਾਂ ਤੇ ਬਦਲਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ?

**ਚੌਧਰੀ ਸਵਰਨਾ ਰਾਮ :** ਯਾਦਵਿੰਦਰਾ ਇੰਜੀਨੀਅਰਿੰਗ ਕਾਲਜ, ਤਲਵੰਡੀ ਸਾਬੋ ਤਕਨੀਕੀ ਸਿੱਖਿਆ ਵਿਭਾਗ ਅਤੇ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਨਾਲ ਸਬੰਧਿਤ ਨਹੀਂ ਹੈ ਜੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਸਵਾਲ ਪੁੱਛਿਆ ਸੀ ਐਜੂਕੇਸ਼ਨ ਮਨਿਸਟਰ ਤੋਂ ਅਤੇ ਇਹ ਚੁੱਕ ਕੇ ਫੜ੍ਹਾ ਦਿੱਤਾ ਟੈਕਨੀਕਲ ਐਜੂਕੇਸ਼ਨ ਮਨਿਸਟਰ ਨੂੰ, ਇਨ੍ਹਾਂ ਨੂੰ ਤਾਂ ਯਾਦਵਿੰਦਰਾ ਇੰਜੀਨੀਅਰ ਕਾਲਜ ਬਾਰੇ ਪਤਾ ਹੀ ਕੁਝ ਨਹੀਂ, ਇਸ ਕਰਕੇ ਇਨ੍ਹਾਂ ਨੇ ਜਵਾਬ ਇਹੀ ਦੇਣਾ ਸੀ ।

**ਮਾਨਯੋਗ ਸਪੀਕਰ** : ਇਹ ਸਵਾਲ ਤਾਂ ਟੈਕਨੀਕਲ ਐਜੂਕੇਸ਼ਨ ਮਨਿਸਟਰ ਨਾਲ ਸਬੰਧਿਤ ਹੈ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਮਨਿਸਟਰ ਤੋਂ ਸਵਾਲ ਪੁੱਛਿਆ ਸੀ । ਮੈਨੂੰ ਪਤਾ ਹੈ ਕਿ ਕਾਲਜ ਪੰਜਾਬੀ ਯੂਨੀਵਰਸਿਟੀ ਦੇ ਅੰਡਰ ਹੈ । ਤੁਸੀਂ ਮੇਰਾ ਕੁਐਸਚਨ ਦੇਖੋ, ਇਹ ਤੁਹਾਡੇ ਵਿਧਾਨ ਸਭਾ ਵਾਲਿਆਂ ਨੇ ਟੈਕਨੀਕਲ ਐਜੂਕੇਸ਼ਨ ਡਿਪਾਰਟਮੈਂਟ ਨੂੰ ਭੇਜ ਦਿੱਤਾ । ਐਜੂਕੇਸ਼ਨ ਡਿਪਾਰਟਮੈਂਟ ਨੂੰ ਨਹੀਂ ਭੇਜਿਆ । ਇਹ ਕੁਐਸਚਨ ਐਜੂਕੇਸ਼ਨ ਡਿਪਾਰਟਮੈਂਟ ਦੇ ਮੰਤਰੀ ਸਾਹਿਬ ਨੂੰ ਜਾਣਾ ਚਾਹੀਦਾ ਸੀ, ਤਾਂ ਕਿ ਇਸ ਦਾ ਜਵਾਬ ਉਨ੍ਹਾਂ ਤੋਂ ਆਉਂਦਾ। ਪੰਜਾਬੀ ਯੂਨੀਵਰਸਿਟੀ ਉਨ੍ਹਾਂ ਦੇ ਅਧੀਨ ਆਉਂਦੀ ਹੈ । ਇਹ ਕਾਲਜ ਪੰਜਾਬੀ ਯੂਨੀਵਰਸਿਟੀ ਰਨ ਕਰ ਰਹੀ ਹੈ । ਇਸ ਕਰਕੇ ਮੇਰੀ ਆਪ ਜੀ ਨੂੰ ਬੇਨਤੀ ਹੈ ਇਸ ਕੁਐਸਚਨ ਨੂੰ ਐਕਸਟੈਨਸ਼ਨ ਦਿਓ ਤਾਂ ਕਿ ਮੈਡਮ ਮਨਿਸਟਰ ਇਸ ਦਾ ਜਵਾਬ ਦੇਣ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਨਾ ਇਹ ਕਾਲਜ ਕਿਸੇ ਹੋਰ ਜਗ੍ਹਾ ਬਦਲਿਆ ਜਾਵੇਗਾ ਅਤੇ ਨਾ ਹੀ ਬੰਦ ਕੀਤਾ ਜਾਵੇਗਾ । (ਥੰਪਿੰਗ)

----------

ਨਿਸ਼ਾਨ ਵਾਲਾ ਪ੍ਰਸ਼ਨ ਨੰ: 37

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

----------

**ਤਹਿਸੀਲ ਦਸੂਹਾ ਵਿੱਚ ਸਿੰਜਾਈ ਲਈ ਟਿਊਬਵੈੱਲ ਲਗਾਉਣੇ**

***31. ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

Original with;
Punjab Vidhan Sabha
Digitized by;
Panjab Digital Library

(ੳ) ਚਾਲੂ ਵਿੱਤੀ ਸਾਲ ਦੌਰਾਨ ਤਹਿਸੀਲ ਦਸੂਹਾ ਵਿੱਚ ਸਿੰਜਾਈ ਲਈ ਲਗਾਏ ਜਾਣ ਵਾਲੇ ਡੂੰਘੇ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਵਰਣਿਤ ਟਿਊਬਵੈੱਲਾਂ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : (ੳ) ਅਤੇ (ਅ) ਵਿੱਤੀ ਸਾਲ 2007-08 ਦੌਰਾਨ ਦਸੂਹਾ ਤਹਿਸੀਲ ਵਿੱਚ ਸਿੰਜਾਈ ਵਾਸਤੇ ਡੂੰਘੇ ਟਿਊਬਵੈੱਲ ਲਗਾਉਣ ਦੀ ਅਜੇ ਕੋਈ ਤਜਵੀਜ਼ ਨਹੀਂ ਹੈ ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਿਹੜੇ ਇਲਾਕੇ ਸਬੰਧੀ ਦੱਸਿਆ ਹੈ ਕਿ ਉਥੇ ਸਾਲ 2007-08 ਦੌਰਾਨ ਕੋਈ ਵੀ ਡੂੰਘੇ ਟਿਊਬਵੈੱਲ ਲਗਾਉਣ ਦੀ ਪਰੋਪੋਜ਼ਲ ਨਹੀਂ ਹੈ, ਉਹ ਇਲਾਕਾ ਇਰੀਗੇਸ਼ਨ ਤੋਂ ਬਿਲਕੁਲ ਵਾਂਝਾ ਹੈ । ਖਾਸ ਕਰਕੇ ਕੰਢੀ ਇਲਾਕਾ ਹੋਣ ਕਰਕੇ ਅਤੇ ਉਥੇ ਕੋਈ ਵੀ ਇਰੀਗੇਸ਼ਨ ਦਾ ਸਾਧਨ ਨਹੀਂ ਹੈ । ਇੱਕ ਤਾਂ ਉਥੇ ਲੋਕ ਬਹੁਤ ਗਰੀਬ ਹਨ । ਬਿਲੋਅ ਪਾਵਰਟੀ ਲਾਈਨ ਦੀ ਜਨਤਾ ਸਭ ਤੋਂ ਜ਼ਿਆਦਾ ਉੱਥੇ ਹੈ । ਉੱਥੇ ਨਾ ਹੀ ਕੰਢੀ ਕੈਨ੍ਹਾਲ ਦਾ ਪਾਣੀ ਲਗਦਾ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਉਸ ਇਲਾਕੇ ਨਾਲ ਬਿਲਕੁਲ ਧੱਕਾ ਹੋ ਰਿਹਾ ਹੈ । ਪਿਛਲੇ 4-5 ਸਾਲਾਂ ਤੋਂ ਬਾਰਸ਼ ਵੀ ਘੱਟ ਹੋਣ ਕਰਕੇ ਉਥੇ ਸੋਕੇ ਦੀ ਸਥਿਤੀ ਰਹਿੰਦੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੰਢੀ ਦੇ ਉਸ ਇਲਾਕੇ ਵਿੱਚ ਕਿੰਨੇ ਟਿਊਬਵੈੱਲ ਲਗਾ ਦਿੱਤੇ ਜਾਣਗੇ ਅਤੇ ਕਦੋਂ ਤੱਕ ਲਗਾ ਦਿੱਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਦਸੂਹਾ ਹਲਕੇ ਵਿੱਚ 27 ਟਿਊਬਵੈੱਲ ਚੱਲ ਰਹੇ ਹਨ । ਦੋ ਕੈਨਾਲਾਂ, ਕੰਢੀ ਕੈਨਾਲ ਅਤੇ ਸ਼ਾਹ ਕੈਨਾਲ ਦਾ ਪਾਣੀ ਉਥੇ ਲਗਦਾ ਹੈ । ਕੁਝ ਦਿਨ ਪਹਿਲਾਂ ਇਨ੍ਹਾਂ ਮਾਨਯੋਗ ਐਮ.ਐਲ.ਏ. ਸਾਹਿਬ ਨੇ ਮੇਰੇ ਕੋਲ ਡਿਮਾਂਡ ਕੀਤੀ ਸੀ ਅਤੇ ਮੈਂ ਉਹ ਪੀ.ਐਸ.ਟੀ.ਸੀ. ਦੇ ਐਮ.ਡੀ. ਨੂੰ ਲਿਖ ਕੇ ਭੇਜ ਦਿੱਤੀ ਹੈ । ਜੇਕਰ ਫ਼ਿਜ਼ਿਬਿਲਟੀ ਹੋਵੇਗੀ ਤਾਂ ਇਸ ਤੇ ਵਿਚਾਰ ਕਰ ਲਿਆ ਜਾਵੇਗਾ । ਫ਼ਿਜ਼ਿਬਿਲਟੀ ਅਸੀਂ ਤਿੰਨ ਗੱਲਾਂ ਵਿੱਚ ਦੇਖਦੇ ਹਾਂ । ਇਕ ਤਾਂ ਨਹਿਰ ਦਾ ਕਮਾਂਡ ਏਰੀਆ ਨਾ ਹੋਵੇ । ਦੂਜਾ, ਉਥੇ ਪਾਣੀ ਥੱਲੇ ਵਾਲਾ ਉਪਲਬਧ ਹੋਵੇ । ਤੀਸਰਾ, ਛੋਟੇ-ਛੋਟੇ ਜ਼ਿੰਮੀਦਾਰ ਉਥੇ ਹੋਣ ਤਾਂ ਇਹ ਪਾਣੀ ਜਾ ਸਕਦਾ ਹੈ । ਇਹ ਗੱਲ ਸਰਕਾਰ ਦੇ ਵਿਚਾਰ ਅਧੀਨ ਹੈ । ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਵਿਚਾਰ ਲਵਾਂਗੇ ਅਤੇ ਫ਼ਿਜ਼ਿਬਿਲਟੀ ਸਬੰਧੀ ਜਦੋਂ ਰਿਪੋਰਟ ਆ ਜਾਵੇਗੀ ਤਾਂ ਇਸ ਸਬੰਧੀ ਵਿਚਾਰ ਕਰ ਲਿਆ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕੁਝ ਐਸਾ ਇਲਾਕਾ ਵੀ ਹੈ ਜਿਥੇ ਕੰਢੀ ਕੈਨਾਲ ਦਾ ਪਾਣੀ ਨਹੀਂ ਲਗਦਾ। ਦਸੂਹਾ ਤਹਿਸੀਲ ਵਿੱਚ ਕੰਢੀ ਦਾ ਇਲਾਕਾ ਬਹੁਤ ਜ਼ਿਆਦਾ ਹੈ। ਚਾਹੇ ਉਥੇ 27 ਟਿਊਬਵੈੱਲ ਚਲਦੇ ਹਨ ਪਰ ਇਹ ਸਮਰੱਥਾ ਮੁਤਾਬਿਕ ਪੂਰੇ ਨਹੀਂ ਹਨ। ਅਜਿਹੀਆਂ ਥਾਵਾਂ ਦੇ ਮੈਂ ਨਾਂ ਦੱਸ ਸਕਦਾ ਹਾਂ। ਜਿਵੇਂ ਸ਼ੰਗਿਅਲ, ਸੰਗਵਾਲ, ਕਾਲੋਵਾਲ, ਮੱਕੋਵਾਲ, ਗਲੋਰ, ਨੇਕਨਾਮਾ ਸੈਸੋਂ, ਸੰਸਾਰਪੁਰ, ਡਡਿਆਲ, ਝੁਲਮੀਵਾਲ, ਕੋਲੀਆਂ, ਮੋਰੀਆਂ। ਬਹੁਤ ਪਿੰਡ ਅਜਿਹੇ ਹਨ ਜਿਥੇ ਟਿਊਬਵੈੱਲਾਂ ਦੀ ਜ਼ਰੂਰਤ ਹੈ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਪਿੰਡਾਂ ਵਿੱਚ ਟਿਊਬਵੈੱਲ ਮੁਹੱਈਆ ਕਰਵਾਏ ਜਾਣ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਇਸ ਤੇ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪਲੀਮੈਂਟਰੀ, ਸਪੀਕਰ ਸਾਹਿਬ। ਇਹ ਸਮਾਂ ਬੱਧ ਕਰ ਦਿੱਤਾ ਜਾਵੇ। ਮੈਂ ਇਸ ਸਬੰਧੀ ਐਸ਼ੋਰੈਂਸ ਲੈਣੀ ਚਾਹਾਂਗਾ ਕਿ ਇਹ ਇਸ ਸਬੰਧੀ ਸਮਾਂ ਨਿਸ਼ਚਿਤ ਕਰ ਦੇਣ।

**ਮਾਨਯੋਗ ਸਪੀਕਰ** : ਹਾਂ ਜੀ, ਕਦੋਂ ਤੱਕ ਕਰੋਗੇ ?

**ਮੰਤਰੀ** : ਸਪੀਕਰ ਸਾਹਿਬ, ਫ਼ਿਜ਼ਿਬਿਲਟੀ ਵਾਸਤੇ ਭੇਜਿਆ ਹੈ ਜਦੋਂ ਉਹ ਆ ਜਾਵੇਗਾ ਤਾਂ ਫੇਰ ਦੱਸ ਦਿਆਂਗਾ।

----------

### ਬਿਸਤ ਦੁਆਬ ਨਹਿਰ ਦੀ ਸਫ਼ਾਈ ਕਰਨਾ

*40. **ਸਰਦਾਰ ਜਤਿੰਦਰ ਸਿੰਘ ਕਰੀਹਾ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਿਸਤ ਦੁਆਬ ਨਹਿਰ ਅਤੇ ਇਸ ਵਿੱਚੋਂ ਨਿਕਲਦੇ ਸੂਇਆਂ (ਮਾਈਨਰਜ਼) ਦੀ ਸਫ਼ਾਈ ਕਿਸ ਸਾਲ ਵਿੱਚ ਕੀਤੀ ਗਈ ਸੀ ਅਤੇ ਸਰਕਾਰ ਦੁਆਰਾ ਇਨ੍ਹਾਂ ਦੀ ਸਫ਼ਾਈ ਮੁੜ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਸਾਲ 2005-06 ਦੌਰਾਨ ਬਿਸਤ ਦੁਆਬ ਨਹਿਰ ਦਾ ਕੁਝ ਭਾਗ (2.0 ਕਿਲੋਮੀਟਰ) ਅਤੇ ਇਸ ਵਿੱਚੋਂ ਨਿਕਲਣ ਵਾਲੀਆਂ ਡਿਸਟ੍ਰੀਬਿਊਟਰੀਜ਼/ਮਾਈਨਰਾਂ ਦੀ 64.0 ਕਿਲੋਮੀਟਰ ਸਫ਼ਾਈ ਕੀਤੀ ਗਈ ਹੈ। ਸਾਲ

Original with;
Punjab Vidhan Sabha
Digitized by;
Panjab Digital Library

2006-07 ਦੌਰਾਨ ਇਸ ਦੀਆਂ ਡਿਸਟ੍ਰੀਬਿਊਟਰੀਜ਼/ਮਾਈਨਰਾਂ ਦੀ 160 ਕਿਲੋਮੀਟਰ ਸਫ਼ਾਈ ਕੀਤੀ ਗਈ ਹੈ ਅਤੇ ਇਸ ਵਿੱਤੀ ਸਾਲ ਵਿੱਚ ਹੁਣ ਤੱਕ ਇਨ੍ਹਾਂ ਡਿਸਟ੍ਰੀਬਿਊਟਰੀਜ਼/ਮਾਈਨਰਾਂ ਦੀ 5 ਕਿਲੋਮੀਟਰ ਸਫ਼ਾਈ ਕੀਤੀ ਜਾ ਚੁੱਕੀ ਹੈ ।

ਬਿਸਤ ਦੁਆਬ ਕੈਨਾਲ ਸਿਸਟਮ ਦੀ ਰੀਹੈਬੀਲੀਟੇਸ਼ਨ ਅਤੇ 20% ਸਮਰੱਥਾ ਵਧਾਉਣ ਦਾ ਪ੍ਰੋਜੈਕਟ ਐਸਟੀਮੇਟ ਜੋ ਕਿ 140.48 ਕਰੋੜ ਰੁ: ਦਾ ਹੈ, ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਸਰਕਾਰ ਵੱਲੋਂ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਪ੍ਰੋਜੈਕਟ ਭਾਰਤ ਸਰਕਾਰ ਨੂੰ ਏ.ਆਈ.ਬੀ.ਪੀ. ਸਕੀਮ ਅਧੀਨ ਮਨਜ਼ੂਰੀ ਲਈ ਭੇਜਿਆ ਜਾ ਰਿਹਾ ਹੈ । ਫੰਡਜ਼ ਮੁਹੱਈਆ ਹੋਣ ਤੇ ਮੌਕੇ ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ 1977 ਵਿੱਚ ਮੈਨੂੰ ਇਸ ਹਾਊਸ ਵਿੱਚ ਬਤੌਰ M.L.A. ਆਉਣ ਦਾ ਮੌਕਾ ਮਿਲਿਆ । ਉਦੋਂ ਤੋਂ ਲੈ ਕੇ ਅੱਜ ਤੱਕ ਕੋਈ ਐਸੀ ਟੇਲ ਨਹੀਂ ਜਿਹੜੀ ਸੁੱਕ ਨਾ ਗਈ ਹੋਵੇ । ਮੰਤਰੀ ਸਾਹਿਬ ਮੇਰੇ ਨਾਲ ਮੌਕੇ ਤੇ ਚੱਲ ਕੇ ਵਿਜ਼ਿਟ ਕਰ ਲੈਣ । ਜੇਕਰ ਚਾਹੋ ਤਾਂ ਉਥੇ ਨਹਿਰੀ ਵਿਸ਼ਰਾਮ ਘਰ ਹੈ ਉਥੇ ਸਾਰੇ ਇਲਾਕੇ ਨੂੰ ਬੁਲਾ ਲੈਣ ਅਤੇ ਦੇਖ ਲੈਣ ਕਿ ਉਥੇ ਨਹਿਰੀ ਪਾਣੀ ਬਿਲਕੁਲ ਮੁਹੱਈਆ ਨਹੀਂ ਹੋ ਰਿਹਾ ।

**ਮੰਤਰੀ** : ਸਪੀਕਰ ਸਾਹਿਬ, ਬਿਲਕੁਲ ਗੱਲ ਠੀਕ ਹੈ । ਬਿਸਤ ਦੁਆਬ ਕੈਨਾਲ ਦਾ ਸਿਸਟਮ ਸਾਰਾ ਖਰਾਬ ਹੋ ਚੁੱਕਾ ਹੈ । ਅਸੀਂ ਇਸ ਵਾਸਤੇ 140 ਕਰੋੜ ਰੁਪਏ ਦਾ ਪ੍ਰਾਜੈਕਟ ਬਣਾਇਆ ਹੈ । ਇਸ ਸਾਲ 30 ਕਰੋੜ ਰੁਪਏ ਦੀ ਬਜਟ ਵਿੱਚ ਪ੍ਰੋਵੀਜ਼ਨ ਕੀਤੀ ਜਾ ਰਹੀ ਹੈ ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਿਸਤ ਦੁਆਬ ਨਹਿਰ ਦੇ ਮਸਲੇ ਸਬੰਧੀ ਮੈਂ ਪਿਛਲੀ ਸਰਕਾਰ ਦੇ ਵੇਲੇ ਵੀ ਕਾਫ਼ੀ ਆਵਾਜ਼ ਉਠਾਈ ਸੀ ਪਰ ਮੰਤਰੀ ਜੀ ਜਵਾਬ ਹੋਰ ਹੀ ਦਿੰਦੇ ਰਹੇ । ਇਸ ਨਹਿਰ ਦਾ ਬੈਂਡ ਪਹਿਲਾਂ ਹੀ ਖਰਾਬ ਹੋ ਚੁੱਕਿਆ ਹੈ ਅਤੇ ਇਸ ਦੇ ਉਪਰ ਬਣੇ ਹੋਏ ਪੁੱਲ ਵੀ ਡੈਮੇਜ਼ ਹੋ ਗਏ ਹਨ । ਜਿਸ ਵੇਲੇ ਇਹ ਪੁੱਲ ਬਣੇ ਸੀ, ਉਦੋਂ ਇਨ੍ਹਾਂ ਦੀ ਚੌੜਾਈ ਵੀ ਬਹੁਤ ਘੱਟ ਸੀ । ਇਸ ਵੇਲੇ ਗੱਡੀਆਂ ਅਤੇ ਮੋਟਰਾਂ ਆਦਿ ਚਲਣ ਕਾਰਨ ਇਹ ਚੌੜਾਈ ਜ਼ਿਆਦਾ ਕਰਨ ਦੀ ਲੋੜ ਪੈ ਗਈ ਹੈ । ਹੁਣ ਸਾਰੀ ਨਹਿਰ ਨੂੰ ਫਿਰ ਤੋਂ ਬਣਾਉਣ ਦਾ ਅਤੇ ਰਿਪੇਅਰ ਕਰਨ ਦਾ ਕੰਮ ਪ੍ਰੋਜੈਕਟ ਵਿੱਚ ਕਰ ਰਹੇ ਹਨ, ਕੀ ਪੁੱਲਾਂ ਨੂੰ ਵੀ ਬਣਾਉਣ ਦਾ ਕੰਮ ਪ੍ਰੋਜੈਕਟ ਵਿੱਚ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਾਰੇ ਪੁੱਲ ਤੇ ਸਾਈਫ਼ਨ ਆਦਿ, ਸਾਰਾ ਕੁਝ ਹੀ ਇਸ 140 ਕਰੋੜ ਰੁਪਏ ਦੇ ਪ੍ਰਾਜੈਕਟ ਵਿੱਚ ਲੈ ਲਿਆ ਜਾਵੇਗਾ (ਥੰਪਿੰਗ) ।

------------

ਨਿਸ਼ਾਨ ਵਾਲਾ ਪ੍ਰਸ਼ਨ ਨੰ: 36*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

------------

ਨਿਸ਼ਾਨ ਵਾਲਾ ਪ੍ਰਸ਼ਨ ਨੰ: 30**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

------------

## ਜਗਰਾਉਂ ਵਿੱਚ ਖਰਾਬ ਹੋਈਆਂ ਜਲ ਸਪਲਾਈ ਪਾਈਪਾਂ ਨੂੰ ਬਦਲਣਾ

*45. ਸਰਦਾਰ ਗੁਰਦੀਪ ਸਿੰਘ ਭੈਣੀ : ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਸਬ-ਡਵੀਜ਼ਨ ਵਿੱਚ ਮੀਰਪੁਰ ਹਾਂਸ ਅਤੇ ਬਾਰਦੇਕੇ ਪਿੰਡਾਂ ਦੇ ਵਿਚਕਾਰ ਅਬੋਹਰ ਬ੍ਰਾਂਚ ਕੈਨਾਲ ਤੇ ਪੁੱਲ ਉਪਰੋਂ ਜਾਂਦੀਆਂ ਜਲ ਸਪਲਾਈ ਪਾਈਪਾਂ ਟੁੱਟ-ਭੱਜ ਗਈਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਉਕਤ ਪਾਈਪਾਂ ਨੂੰ ਬਦਲਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

ਸਰਦਾਰ ਬਿਕਰਮ ਸਿੰਘ ਮਜੀਠੀਆ : ਨਹੀਂ, ਸ਼੍ਰੀਮਾਨ ਜੀ ।

---

* For Starred Question No. 36 and reply thereto, please *see* PVS Debates dated 25.6.2007.

** For Starred Question No. 30 and reply thereto, please *see* PVS Debates dated 29.6.2007.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਸਾਰੇ ਕੁਐਸਚਨਜ਼ ਦੇ ਜਵਾਬ ਤਕਰੀਬਨ 'ਨਹੀਂ ਜੀ' ਵਿੱਚ ਹੀ ਆਉਂਦੇ ਹਨ, ਮਨਿਸਟਰ ਸਾਹਿਬ ਇਥੇ ਬੈਠ ਕੇ ਹੀ 'ਨਹੀਂ ਜੀ' ਲਿਖ ਕੇ ਦੇ ਦੇਣ, ਸਾਡੇ ਤੋਂ ਕਾਹਨੂੰ ਕੁਐਸਚਨ ਕਰਵਾਉਂਦੇ ਹਨ । ਮੇਰਾ ਤਾਂ ਇੱਕ ਛੋਟਾ ਜਿਹਾ ਕੰਮ ਹੈ । ਮੀਤਪਰ ਹਾਂਸ ਤੋਂ ਜਗਰਾਉਂ ਤਹਿਸੀਲ ਦੇ ਬਾਰਦੇਕੇ ਨੂੰ ਜਲ ਸਪਲਾਈ ਦੀਆਂ ਨਾਲਾਂ ਜੋ ਕਿ ਅਬੋਹਰ ਬ੍ਰਾਂਚ ਦੇ ਉਤੋਂ ਜਾਂਦੀਆਂ ਹਨ, ਇਹ ਤਕਰੀਬਨ 3-4 ਨਾਲਾਂ ਲੀਕ ਹੋ ਰਹੀਆਂ ਹਨ, ਇਹ ਪੁਰਾਣੀਆਂ ਹੋ ਗਈਆਂ ਹਨ, ਉਥੋਂ ਦੇ ਪੁੱਲ ਵੀ ਡੈਮੇਜ ਹੋ ਰਹੇ ਹਨ । ਜਲ ਸਪਲਾਈ ਪਾਈਪਾਂ ਟੁੱਟ-ਭੱਜ ਗਈਆਂ ਹਨ । ਸਪੀਕਰ ਸਾਹਿਬ, ਇਹ ਇੱਕ ਛੋਟਾ ਜਿਹਾ ਮਾਈਨਰ ਜਿਹਾ ਕੰਮ ਹੈ, ਇਹ ਐਕਸੀਅਨ ਭੇਜ ਦੇਣ । ਇਨ੍ਹਾਂ ਕੋਲ ਇੰਨਾ ਵੱਡਾ ਮਹਿਕਮਾ ਹੈ, ਉਥੇ ਐਕਸੀਅਨ ਭੇਜ ਦੇਣ, ਉਹ ਜਵਾਬ ਤਾਂ ਸਹੀ ਦੇਣ ।

**ਮਾਨਯੋਗ ਸਪੀਕਰ** : ਕੁਐਸਚਨ ਕਰੋ ।

**ਮੰਤਰੀ** : ਸਪੀਕਰ ਸਾਹਿਬ, ਇਹ ਮੇਰੇ ਬੜੇ ਹੀ ਸਤਿਕਾਰਯੋਗ ਬਜ਼ੁਰਗ ਹਨ । ਇਨ੍ਹਾਂ ਨੇ ਸਵਾਲ ਕੀਤਾ ਸੀ ਕਿ ਪਾਈਪਾਂ ਟੁੱਟੀਆਂ ਹੋਈਆਂ ਹਨ, ਉਸ ਦੇ ਜਵਾਬ ਵਿੱਚ ਇਹ ਕਿਹਾ ਗਿਆ ਸੀ ਕਿ 'ਨਹੀਂ ਜੀ, ਇਹ ਟੁੱਟੀਆਂ ਹੋਈਆਂ ਨਹੀਂ ਹਨ' । ਜਿਹੜੀ ਦੂਜੀ ਗੱਲ ਹੈ ਕਿ ਪਾਣੀ ਪਹੁੰਚਣਾ ਚਾਹੀਦਾ ਹੈ, ਉਸ ਦੇ ਬਾਰੇ ਮੈਂ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਸੀ, ਇਹ ਸਾਲ 1994 ਦੇ ਵਿੱਚ ਸਟਾਰਟ ਹੋਈ ਸੀ, ਜਦੋਂ ਉਸ ਦਾ ਬੋਰ ਹੋਇਆ ਸੀ । ਹੁਣ ਹੌਲੀ-ਹੌਲੀ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਪਹਿਲਾਂ ਇਹ ਮੀਰਪੁਰ, ਹਾਂਸ, ਅਗਵਾਰ, ਕੋਨਾ, ਬੀਰ ਗਾਗਰਾ, ਬਾਰਦੇਕੇ ਗਾਗਰਾ ਤੇ ਸੂਹੀਆਂ ਸੱਤ ਪਿੰਡਾਂ ਨੂੰ ਕਵਰ ਕਰਦੀ ਸੀ । ਹੁਣ ਕਿਉਂਕਿ ਟਿਊਬਵੈੱਲ ਫੇਲ੍ਹ ਹੋ ਗਿਆ ਹੈ, ਵਾਟਰ ਲੈਵਲ ਵੀ ਥੱਲੇ ਚਲਾ ਗਿਆ ਹੈ, ਆਬਾਦੀ ਵੱਧਣ ਨਾਲ ਵੀ ਕਾਫ਼ੀ ਫਰਕ ਪਿਆ ਹੈ । ਪਹਿਲਾਂ ਇੱਕ ਸਕੀਮ ਸੱਤ ਪਿੰਡਾਂ ਨੂੰ ਕਵਰ ਕਰਦੀ ਸੀ । ਹੁਣ ਤਿੰਨ ਸਕੀਮਾਂ ਬਣਾਈਆਂ ਹਨ ਜਿਹੜੀਆਂ ਸੱਤ ਪਿੰਡਾਂ ਨੂੰ ਕਵਰ ਕਰਨਗੀਆਂ । ਪਹਿਲੀ ਸਕੀਮ 26 ਲੱਖ 27 ਹਜ਼ਾਰ ਦੀ ਹੈ, ਦੂਜੀ ਸਕੀਮ 70 ਲੱਖ 78 ਹਜ਼ਾਰ ਰੁਪਏ ਦੀ ਹੈ ਅਤੇ ਤੀਜੀ 56 ਲੱਖ 68 ਹਜ਼ਾਰ ਰੁਪਏ ਦੀ ਹੈ । ਇਹ ਨਵਾਂ ਪ੍ਰੋਜੈਕਟ ਹੁਣ ਬਣਨਾ ਹੈ ਕਿਉਂਕਿ ਪਹਿਲਾ ਕੰਮ ਫੇਲ੍ਹ ਹੋ ਗਿਆ ਹੈ । ਮਗਰ ਪਾਈਪਾਂ ਨਹੀਂ ਟੁੱਟੀਆਂ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਅਸੀਂ ਮੰਗਿਆ ਕੁਝ ਹੋਰ ਹੈ ਤੇ ਤੁਸੀਂ ਦੇ ਕੁਝ ਹੋਰ ਰਹੇ ਹੋ । ਇਹ ਤਾਂ ਤੁਹਾਡਾ ਬਹੁਤ ਵੱਡਾ ਪ੍ਰੋਜੈਕਟ ਹੈ । ਇਹ ਪਤਾ ਨਹੀਂ ਕਦੋਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੀਪ ਸਿੰਘ ਭੈਣੀ]

ਮੁਕੰਮਲ ਕਰੋਗੇ । ਮਿਹਰਬਾਨੀ ਕਰਕੇ ਉਥੇ ਰਿਪੇਅਰ ਕਰਵਾ ਦਿਓ ਤਾਂ ਕਿ ਕੰਮ ਚਲਦਾ ਰਹੇ । ਤੁਹਾਡੇ ਪ੍ਰੋਜੈਕਟ ਤੇ ਤਾਂ ਪਤਾ ਨਹੀਂ ਕਿੰਨੇ ਸਾਲ ਹੋਰ ਲੱਗਣਗੇ । ਰਿਪੇਅਰ ਤਾਂ ਕਰਵਾ ਸਕਦੇ ਹੋ ਕਿ ਨਹੀਂ ?

**ਮੰਤਰੀ** : ਮੈਂ ਪਹਿਲਾਂ ਵੀ ਇਹੀ ਬੇਨਤੀ ਕੀਤੀ ਸੀ ਕਿ ਪਹਿਲਾਂ ਇੱਕ ਟਿਊਬਵੈੱਲ ਸੱਤ ਪਿੰਡਾਂ ਦੇ ਵਿੱਚ ਲੱਗਿਆ ਹੁੰਦਾ ਸੀ ਪਰ ਤੁਹਾਡੇ ਪਿਆਰ ਕਰਕੇ ਤੇ ਸਤਿਕਾਰ ਕਰਕੇ ਹੁਣ ਤਿੰਨ ਮਨਜ਼ੂਰ ਕਰ ਦਿੱਤੇ ਹਨ । (ਥੰਪਿੰਗ)

**ਸਰਦਾਰ ਗੁਰਦੀਪ ਸਿੰਘ ਭੈਣੀ** : ਪਿਆਰ ਨਾ ਤੁਸੀਂ ਕਰੋ । ਸਵਾਲ ਦਾ ਜਵਾਬ ਦਿਓ । ਮੈਂ ਤਾਂ ਕਹਿੰਦਾ ਹਾਂ ਕਿ ਰਿਪੇਅਰ ਕਰਵਾ ਦਿਓ ਪਰ ਇਹ ਕਹਿੰਦੇ ਹਨ ਕਿ ਬੜਾ ਵੱਡਾ ਪ੍ਰੋਜੈਕਟ ਬਣਾ ਕੇ ਦਿਆਂਗੇ । ਪਰ ਪ੍ਰੋਜੈਕਟ ਕਦੋਂ ਬਣਿਆ । ਬੜਾ ਪਿਆਰ ਕਰਦੇ ਹਨ । (ਹਾਸਾ)

**ਮਾਨਯੋਗ ਸਪੀਕਰ** : ਰਿਪੇਅਰ ਦੀ ਗੱਲ ਕਰਦੇ ਹਨ ।

**ਮੰਤਰੀ** : ਸਪੀਕਰ ਸਾਹਿਬ, ਜੋ ਟਿਊਬਵੈੱਲ ਫੇਲ੍ਹ ਹੋ ਗਏ ਹਨ, ਉਨ੍ਹਾਂ ਦੀ ਰਿਪੇਅਰ ਨਹੀਂ ਹੋ ਸਕਦੀ ਕਿਉਂਕਿ ਹੁਣ ਪਾਪੂਲੇਸ਼ਨ ਵੀ ਵੱਧ ਗਈ ਹੈ ਅਤੇ ਵਾਟਰ ਲੈਵਲ ਵੀ ਥੱਲੇ ਜਾ ਰਿਹਾ ਹੈ । ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਦੀ ਜਗ੍ਹਾ ਤੇ ਤਿੰਨ ਸਕੀਮਾਂ ਬਣਾ ਰਹੇ ਹਾਂ । ਮੈਂ ਵਿਸ਼ਵਾਸ ਦਿਵਾਉਂਦਾ ਹਾਂ......

**ਸਰਦਾਰ ਗੁਰਦੀਪ ਸਿੰਘ ਭੈਣੀ** : ਪਾਈਪਾਂ ਰਿਪੇਅਰ ਕਰਨੀਆਂ ਹਨ, ਉਥੇ ਨਵਾਂ ਟਿਊਬਵੈੱਲ ਲਾਉਣ ਨੂੰ ਨਹੀਂ ਕਿਹਾ ।

**ਮੰਤਰੀ** : ਭੈਣੀ ਸਾਹਿਬ, ਜੋ ਹੁਕਮ ਕਰਨਗੇ ਮੈਂ ਉਹ ਕਰ ਦੇਵਾਂਗਾ ।

**ਮਾਨਯੋਗ ਸਪੀਕਰ** : ਬਸ ਜੀ, ਗੱਲ ਸਰ ਗਈ । ਨੈਕਸਟ ਜੀ, ਸਰਦਾਰ ਸੰਗਤ ਸਿੰਘ ਗਿਲਜੀਆਂ ।

-----------

Original with;
Punjab Vidhan Sabha
Digitized by;
Panjab Digital Library

## ਟਾਂਡਾ ਵਿਖੇ ਸਪੋਰਟਸ ਸਟੇਡੀਅਮ ਦੀ ਉਸਾਰੀ

*34. ਸਰਦਾਰ ਸੰਗਤ **ਸਿੰਘ ਗਿਲਜੀਆਂ** : ਕੀ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਪੋਰਟਸ ਸਟੇਡੀਅਮ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਸਟੇਡੀਅਮ ਦੀ ਉਸਾਰੀ ਨੂੰ ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਲਜ਼ਾਰ **ਸਿੰਘ ਰਣੀਕੇ** : ਨਹੀਂ ਜੀ ।

ਮਾਨਯੋਗ ਸਪੀਕਰ : ਜਵਾਬ ਉਨ੍ਹਾਂ ਨੇ ਤੁਹਾਨੂੰ "ਨਹੀਂ ਜੀ" ਦੇ ਦਿੱਤਾ ਹੈ, ਜੇਕਰ ਕੋਈ ਸਪਲੀਮੈਂਟਰੀ ਕਰਨ ਦੀ ਲੋੜ ਹੈ ਤਾਂ ਠੀਕ ਹੈ ਨਹੀਂ ਤਾਂ ਅਗਲਾ ਸਵਾਲ ਟੇਕ-ਅੱਪ ਕਰ ਲੈਂਦੇ ਹਾਂ ।

ਸਰਦਾਰ ਸੰਗਤ ਸਿੰਘ **ਗਿਲਜੀਆਂ** : ਸਪੀਕਰ ਸਾਹਿਬ, ਮੈਂ ਇੱਕ ਗੱਲ ਦੱਸਣਾ ਚਾਹੁੰਦਾ ਕਿ ਬਹੁਤ ਹੀ ਸਤਿਕਾਰਯੋਗ ਗਿਆਨੀ ਕਰਤਾਰ ਸਿੰਘ ਜੀ ਇਸ ਹਾਊਸ ਦੇ ਮੈਂਬਰ ਰਹੇ, ਉਨ੍ਹਾਂ ਨੇ ਟਾਂਡੇ ਕਾਲਜ ਨੂੰ 48 ਕਿੱਲੇ ਜਗ੍ਹਾ ਦਿੱਤੀ ਜਿਸ ਵਿੱਚੋਂ 6-7 ਕਿੱਲੇ ਵਿੱਚ ਕਾਲਜ ਬਣਿਆ ਹੈ ਅਤੇ ਬਾਕੀ 40 ਕਿੱਲੇ ਜ਼ਮੀਨ ਖਾਲੀ ਪਈ ਹੈ । ਇਸ ਲਈ ਉਸ ਵਿੱਚ ਬੱਚਿਆਂ ਵਾਸਤੇ ਕੋਈ ਸਟੇਡੀਅਮ ਬਣਾ ਦਿੱਤਾ ਜਾਵੇ ਕਿਉਂਕਿ ਸਾਡੇ ਟਾਂਡੇ ਹਲਕੇ ਵਿੱਚ ਕੋਈ ਸਟੇਡੀਅਮ ਨਹੀਂ ਹੈ । ਉਥੇ 164-165 ਪਿੰਡ ਹਨ ਅਤੇ ਨਾਲ ਹੀ ਹੋਰ ਪਿੰਡ ਵੀ ਲਗਦੇ ਹਨ । ਇਸ ਤਰ੍ਹਾਂ ਕਰਨ ਨਾਲ ਜਿਹੜਾ ਨਸ਼ਿਆਂ ਵੱਲ ਬੱਚਿਆਂ ਦਾ ਰੁਝਾਨ ਵਧ ਰਿਹਾ ਹੈ ਉਸ ਨੂੰ ਰੋਕਿਆ ਜਾ ਸਕਦਾ ਹੈ । ਇਸ 40 ਏਕੜ ਜਗ੍ਹਾ ਤੇ ਬਹੁਤ ਹੀ ਵਧੀਆ ਸਟੇਡੀਅਮ ਬਣ ਸਕਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਮੰਗ ਤਾਂ ਬੜੀ ਜਾਇਜ਼ ਹੈ [illegible] ਦੀ ਘੜੀ ਟਾਂਡਾ ਵਿਖੇ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ।

**ਸਰਦਾਰ ਸੰਗਤ ਸਿੰਘ ਗਿਲਜੀਆਂ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਟੇਡੀਅਮ ਬਣਨ ਨਾਲ ਸਰਦਾਰ ਕਰਤਾਰ ਸਿੰਘ ਜੀ ਦੀ ਯਾਦ ਤਾਜ਼ਾ ਰਹੇਗੀ ਕਿਉਂਕਿ ਇਹ 40 ਏਕੜ ਜਗ੍ਹਾ ਵਿਹਲੀ ਪਈ ਹੈ । ਉਥੇ ਪਸ਼ੂ ਚਰਦੇ ਹਨ ਅਤੇ ਸਾਰੀ ਚਾਰ ਦੀਵਾਰੀ ਗਿਰੀ ਪਈ ਹੈ । ਇਸ ਵਿੱਚ ਕੋਈ ਬੜੀ ਗੱਲ ਨਹੀਂ, ਜੇਕਰ ਸਰਕਾਰ ਇਹ ਕਰ ਦੇਵੇ, ਕਿਉਂਕਿ ਕਰੋੜਾਂ-ਅਰਬਾਂ ਰੁਪਏ ਦੀ ਉਹ ਜਗ੍ਹਾ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੰਗਤ ਸਿੰਘ ਗਿਲਜੀਆਂ]

ਅਤੇ ਬੇ-ਅਬਾਦ ਪਈ ਹੈ ਅਤੇ ਇਸ ਤਰ੍ਹਾਂ ਜਗ੍ਹਾ ਕੰਮ ਆ ਜਾਵੇਗੀ । ਸਟੇਡੀਅਮ ਇਲਾਕੇ ਦੀ ਵੀ ਡਿਮਾਂਡ ਹੈ ।

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਇਸ ਦੀ ਤਜਵੀਜ਼ ਬਣਾ ਕੇ ਦੇ ਦੇਣ, ਉਸ ਤੇ ਵਿਚਾਰ ਕਰ ਲਵਾਂਗੇ । ਜੇਕਰ ਫੰਡ ਸਰਕਾਰ ਵੱਲੋਂ ਮੁਹੱਈਆ ਹੋ ਗਏ ਤਾਂ ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ ।

**ਰਾਣਾ ਗੁਰਮੀਤ ਸਿੰਘ ਸੋਢੀ :** ਸਰ, ਇਨ੍ਹਾਂ ਦੀ ਸਰਕਾਰ ਨੇ ਇਹ ਅਨਾਊਂਸਮੈਂਟ ਕੀਤੀ ਸੀ ਕਿ ਅਸੀਂ ਪਿੰਡਾਂ ਵਿੱਚ ਸਟੇਡੀਅਮ ਬਣਾਵਾਂਗੇ ਅਤੇ ਜਿਹੜੀ ਮਾਨਯੋਗ ਮੈਂਬਰ ਸਾਹਿਬ ਨੇ ਮੰਗ ਕੀਤੀ ਹੈ ਕਿ ਜ਼ਮੀਨ ਉੱਥੇ ਅਵੇਲੇਬਲ ਹੈ, ਫਿਰ ਤਾਂ ਮੰਤਰੀ ਜੀ ਨੂੰ ਕੁਮਿਟਮੈਂਟ ਕਰਨੀ ਚਾਹੀਦੀ ਹੈ, ਐਸ਼ੋਰੈਂਸ ਦੇ ਦੇਣੀ ਚਾਹੀਦੀ ਹੈ ਕਿ ਉਥੇ ਸਟੇਡੀਅਮ ਬਣਾਇਆ ਜਾਵੇਗਾ । ਇਸ ਨਾਲ ਪੰਜਾਬ ਦੇ ਯੂਥ ਨੂੰ ਇੱਕ ਨਵੀਂ ਰਾਹ ਮਿਲੇਗੀ ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪਹਿਲਾਂ ਵੀ ਦੱਸ ਚੁੱਕਾ ਹਾਂ ਅਤੇ ਹੁਣ ਵੀ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਪੰਜਾਬ ਸਰਕਾਰ ਦੀ ਕੋਈ ਤਜਵੀਜ਼ ਬਣੀ ਤਾਂ ਇਸ ਨੂੰ ਜ਼ਰੂਰ ਅਸੀਂ ਪਹਿਲ ਦੇ ਆਧਾਰ ਤੇ ਲਵਾਂਗੇ ।

---------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 56****

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

-------------

**ਰਾਜ ਵਿੱਚ ਜਲ ਸਪਲਾਈ ਪ੍ਰਾਜੈਕਟਾਂ ਲਈ ਵਿਸ਼ਵ ਬੈਂਕ ਦੀ ਸਹਾਇਤਾ**

*87. **(1) ਸਰਦਾਰ ਅਜਾਇਬ ਸਿੰਘ ਭੱਟੀ**
**(2) ਸਰਦਾਰ ਮੱਖਣ ਸਿੰਘ** } : ਕੀ ਜਲ ਸਪਲਾਈ

---

** For Starred Question No. 56 and reply therto, please *see* PVS Debates dated 29.6.2007.

Original with;
Punjab Vidhan Sabha
Digitized by;
Punjab Digital Library

ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਇਸ ਸਮੇਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਸਥਾਪਤ ਕੀਤੇ ਜਾ ਰਹੇ ਪੀਣ ਵਾਲੇ ਪਾਣੀ ਦੇ ਪ੍ਰਾਜੈਕਟਾਂ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ਅਤੇ ਇਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ ?

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸ੍ਰੀਮਾਨ ਜੀ, ਵਿਸ਼ਵ ਬੈਂਕ ਦੀ ਸਹਾਇਤਾ ਨਾਲ ਲਾਗੂ ਕੀਤੀ ਜਾਣ ਵਾਲੀ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਤਹਿਤ ਰਾਜ ਦੇ 20 ਜ਼ਿਲ੍ਹਿਆਂ ਦੇ 88 ਪਿੰਡਾਂ ਵਿੱਚ ਪੇਂਡੂ ਜਲ ਸਪਲਾਈ ਸਕੀਮਾਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ । ਇਨ੍ਹਾਂ ਦਾ ਜ਼ਿਲ੍ਹਾਵਾਰ ਵੇਰਵਾ, ਸਮੇਤ ਮੌਜੂਦਾ ਸਥਿਤੀ, ਨੱਥੀ ਅਨੁਲੱਗ ਵਿੱਚ ਦਿੱਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

**Annexure-1**

## Scheme-wise detail of Pilot villages

(Rs. In lacs)

| Sr. No. | Name of Block | Name of Village | Category (Bet/Border/ Kandi area/ SC) to qualify for 5% contribution | Estimated cost | Status of administrative approval of estimates | Beneficiary Share Due | Beneficiary Share Collected | Position of detail scheme report with cost, no. & date | Status of Tenders | Work allotted or not |
|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 |
| 1. | **District Sangrur** | | | | | | | | | |
| | Andana | 1. Ghore nab | – | 45.00 | Observations (45) | 4.50 | 0.50 | – | – | – |
| | Andana | 1. Andana | – | 51.70 | Observations (51.70) | 5.17 | 1.25 | – | – | – |
| | Sunam | 1. Khanal Khurd | – | 29.80 | Observations (29.80) | 2.98 | 0.10 | – | – | – |
| | Sunam | 1. Mauran | – | 51.56 | Observations (51.56) | 5.16 | 0.70 | – | – | – |
| | Sunam | 1. Biggarwal | – | 28.99 | Sent to Govt. vide C.E. No. 1796 dt. 26.12.06 for Rs. 28.99 lacs | 2.90 | 3.20 | – | – | – |
| | Malerkotla | 1. Borahi Kalan | – | 18.72 | Observations (18.72) | 1.87 | 1.80 | – | – | – |
| | | **Total 6 villages** | – | | | **22.58** | **7.55** | – | – | – |
| 2. | **District Barnala** | | | | | | | | | |
| | Barnala | 1. Khudi Khurd | – | 21.89 | Approved by Pb. Govt. vide No. 4524 dt. 8.08.06 Rs. 36.43 lacs | 2.19 | 3.80 | Sanctioned 21.89 | Due on 26.6.07 | |
| | | **Total 1 village** | | | | **2.19** | **3.80** | | | |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| 3. | **District Ropar** | | | | | | | | |
| | Nurpur Bedi | 1. Dummewal<br>2. Raipur | Kandi Area<br>Kandi Area | 42.97 | Approved by Pb. Govt. vide No. 788 dt. 6.03.07 Rs. 42.97 lacs | 2.15 | 1.83 | Submitted for approval | Due on 28.6.07 |
| | Nurpur Bedi | 1. Jatauli | Kandi Area | 31.84 | Approved by Pb. Govt. vide No. 4524 dt. 8.08.06 Rs. 36.43 lacs | 1.50 | 1.90 | T/S vide CE PTA No. 49273 dt. 4.10.06 (Rs. 31.84 Lacs) | – |
| | Ropar | 1. Paprala<br>2. Chhoti Railon<br>3. Rasulpur | Kandi Area<br>–<br>– | 42.75 | Approved by Pb. Govt. vide No. 4526 dt. 8.08.06 Rs. 43.93 lacs | 4.28 | 2.46 | T/S vide CE PTA No. 50024 dt. 9.10.06 (Rs. 42.75 Lacs) | Due on 28.6.07 |
| | | **Total 6 villages** | | | | **6.43** | **6.19** | | |
| 4. | **District Patiala** | | | | | | | | |
| | Nabha | 1. Jattiwal | SC | 22.03 | Approved by Pb. Govt. vide No. 3501 dt. 13.06.06 Rs. 28.36 lacs | 1.10 | 0.80 | T/S vide CE PTA No. 45322 dt. 07.09.06 (Rs. 22.03 Lacs) | – |
| | Rajpura | 1. Rampur kalan | – | 35.86 | Sent to Govt. vide C.E. No. 773 dt. 22.2.07 for Rs. 35.86 lacs | 3.59 | 1.90 | – | – |
| | Rajpura | 1. Khandoli | – | 34.44 | Observations (34.44) | 3.44 | 2.00 | – | – |
| | Ghanour | 1. Part of village Mehmoodpur | – | 31.04 | Sent to Govt. vide C.E. No. 149 dt. 27.1.07 for Rs. 31.04 lacs | 0.90 | 0.50 | – | – |
| | | **Total 4 villages** | | | | **9.03** | **5.20** | | |

Original with;
Punjab Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| **5.** | **District Fatehgarh Sahib** | | | | | | | | | |
| | Sirhind | 1. Malko Majra | SC | 23.51 | Approved by Pb. Govt. vide No. 3503 dt. 13.06.06 Rs. 24.10 lacs | 1.18 | 0.65 | T/S vide CE PTA No. 818 dt. 11.07.06 (Rs. 23.51 Lacs) | - | - |
| | Khera | 1. Manhera Jattan | SC | 19.60 | Approved by Pb. Govt. vide No. 3499 dt. 13.06.06 Rs. 24.21 lacs | 0.98 | 1.35 | T/S vide CE PTA No. 45886 dt. 11.09.06 (Rs. 19.60 Lacs) | - | Approved |
| | Bassi | 1. Talwara | SC | 23.77 | Approved by Pb. Govt. vide No. 3505 dt. 13.06.06 Rs. 28.62 lacs | 1.19 | 1.40 | T/S vide CE PTA No. 45750 dt. 11.09.06 (Rs. 23.77 Lacs) | - | Approved |
| | Amloh | 1. Shahpur | -- | 24.20 | Approved by Pb. Govt. vide No. 3590 dt. 15.06.06 Rs. 27.74 lacs | 1.18 | 1.41 | T/S vide CE PTA No. 814 dt. 11.07.06 (Rs. 24.20 Lacs) | - | - |
| | | **Total 4 villages** | | | . | **4.53** | **4.81** | | | |
| **6.** | **District Ludhiana** | | | | | | | | | |
| | Sudhar | 1. Rajoana Kalan | SC | 34.45 | Approved by Pb. Govt. vide No. 2761 dt. 1.5.06 Rs. 35.57 lacs | 1.72 | 2.50 | T/S vide CE PTA No. 61375 dt. 8.12.06 (Rs. 34.45 Lacs) | Received on 12.6.07 and under process Package-2 due on 1.7.07 | |
| | Jagraon | 1. Chakker | -- | 62.63 | Approved by Pb. Govt. vide No. 2761 dt. 1.5.06 Rs. 65.09 lacs | 6.26 | 6.12 | T/S vide CE PTA No. 61383 dt. 8.12.06 (Rs. 62.63 Lacs) | Received on 3.4.07 and under process Package-2 due on 1.7.07 | |

Original with; Punjab Vidhan Sabha Digitized by; Panjab Digital Library

| | | | | | | | | | |
|---|---|---|---|---|---|---|---|---|---|
| | Sidhwan Bet | 1. Ramgarh Bhullar | -- | 24.02 | Approved by Pb. Govt. vide No. 4731 dt. 30.8.06 Rs. 39.10 lacs | 2.40 | 3.67 | T/S vide CE PTA No. 61379 dt. 8.12.06 (Rs. 34.02 Lacs) | Received on 3.4.07 and under process Package-2 due on 1.7.07 |
| | Sidhwan Bet | 1. Malsian Bhaike | SC | 25.92 | Approved by Pb. Govt. vide No. 4729 dt. 25.08.06 Rs. 26.05 lacs | 1.30 | 1.28 | T/S vide CE PTA No. 61388 dt. 8.12.06 (Rs. 25.92 Lacs) | Due on 1.7.07 |
| | | **Total 4 villages** | | | | **11.68** | **13.57** | | |
| 7. | **District Moga** | | | | | | | | |
| | Dharamkot | 1. Manawan | SC | 35.96 | Approved by Pb. Govt. vide No. 2761 dt. 01.05.06 Rs.35.96 lacs | 1.80 | 3.60 | lying in circle office 35.96 | Tender for T/well and machinery received on 14.6.07 |
| | Bagha Purana | 1. Cheeda | -- | 39.42 | Yet to be obtained | 3.93 | 0.87 | -- | -- |
| | Bagha Purana | 1.Sekhan Khurd | -- | 39.05 | Approved by Pb. Govt. vide No. 3777 dt. 28.6.06 Rs.29.05 lacs | 2.91 | 2.00 | lying in circle office | Tender for T/well and machinery received on 14.6.07 |
| | | **Total 3 villages** | | | | **8.64** | **6.47** | | |

Original with;
Punjab.Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| **8.** | **District Nawanshahar** | | | | | | | | | |
| | Aur | 1. Bakhloor | SC | 55.83 | Approved by Pb. Govt. vide No. 1716 dt. 28.5.07 Rs.41.46 lacs | 2.79 | 1.40 | – | – | |
| | Aur | 1. Ratinda | SC | 42.25 | Approved by Pb. Govt. vide No. 3084 dt. 12.5.06 Rs. 56.39 lacs | 2.11 | 2.84 | Sanctioned 42.25 | – | |
| | Banga | 1. Mehliana | SC | 28.03 | Approved by Pb. Govt. vide No. 3066 dt. 12.5.06 Rs. 33.74 lacs | 1.40 | 1.75 | Sanctioned 28.03 | – | |
| | Banga | 1. Lakhpur | SC | 26.36 | Approved by Pb. Govt. vide No. 3060 dt. 12.5.06 Rs. 31.49 lacs | 1.32 | 2.51 | Sanctioned 26.36 | – | |
| | Banga | 1. Khanpur | SC | 25.87 | Approved by Pb. Govt. vide No. 4457 dt. 4.8.06 Rs. 28.54 lacs | 1.29 | 0.76 | Sanctioned 25.87 | – | |
| | | **Total 5 villages** | | | | **8.91** | **9.26** | | | |
| **9.** | **District Hoshiarpur** | | | | | | | | | |
| | Tanda | 1. Daburji | Bet Area | 20.53 | Approved by Pb. Govt. vide No. 3079 dt. 12.5.06 Rs. 24.86 lacs | 1.03 | 2.40 | Tech. Sanction vide CE (N) Patiala No. 62592 dt. 26.12.06 for Rs. 20.53 | Due on 4.7.07 | |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| | Hoshiarpur-1 | 1. Tanuli | SC | 37.11 | Approved by Pb. Govt. vide No. 3086 dt. 12.5.06 Rs. 37.13 lacs | 1.86 | 4.50 | Tech. Sanction vide CE (N) Patiala No. 62596 dt. 26.12.06 for Rs. 37.11 | Due on 9.7.07 |
| | Mukerian<br>Mukerian | 1. Tanda Ram Sabai<br>2. Samrai | Bet Area<br>Bet Area | 52.46 | Approved by Pb. Govt. vide No. 3062 dt. 12.5.06 Rs. 53.94 lacs | 2.62 | 2.80 | Tech. Sanction vide CE (N) Patiala No. 2076 dt. 18.1.07 for Rs. 52.46 | – |
| | Mukerian | 1. Khanpur | Kandi Area | 30.95 | Approved by Pb. Govt. vide No. 3078 dt. 12.5.06 Rs. 36.07 lacs | 1.55 | 1.56 | T/S vide CE PTA No. 2079 dt. 18.1.07 (Rs. 30.95 Lacs) | Tender received on 29.5.07 and under process |
| | Dasuya | 1. Chak Kasim | Kandi Area | 18.20 | Approved by Pb. Govt. vide No. 3074 dt. 12.5.06 Rs. 21.28 lacs | 0.91 | 1.07 | T/S vide CE PTA No. 1259 dt. 12.1.07 (Rs. 18.20 Lacs) | – |
| | | **Total 6 villages** | | | | **7.97** | **12.33** | | |
| **10.** | **District Tarn Taran** | | | | | | | | |
| | Tarn Taran | 1. Pand ri Rehmana | – | 25.38 | Sent to Govt. vide C.E. No. 389 dt. 4.7.06 for Rs. 23.65 lacs (25.38) | 1.92 | 1.81 | – | – |
| | Patti | 1. Dhari al | Border Area | 29.30 | Sent to Govt. vide C.E. No. 34 dt. 23.1.07 for Rs. 29.30 lacs | 1.47 | 1.30 | – | – |
| | Naushehra Pannuan | 1. Ushma | – | 31.19 | Sent to Govt. vide C.E. No. 625 dt. 29.11.06 for Rs. 31.19 lacs | 3.12 | 1.50 | – | – |
| | | **Total 3 villages** | | | | **6.51** | **4.61** | | |

Original with;
Punjab Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| 11. | **District Amritsar** | | | | | | | | | |
| | Tarsika | 1. Diwali Brahmna | – | 27.60 | Observations (27.60) | 2.76 | 1.31 | – | – | |
| | Verka | 1. Naushera | SC | 87.50 | Sent to Govt. vide C.E. No. 7456 dt. 1.8.06 for Rs. 87.50 lacs | 4.37 | 2.03 | – | – | |
| | Jandiala | 1. Ballian Manjpur | SC | 40.54 | Under preparation (40.54) | 2.03 | 0.05 | – | – | |
| | | **Total 3 villages** | | | | **9.16** | **3.39** | | | |
| 12. | **District Gurdaspur** | | | | | | | | | |
| | Kalanour | 1. Kalanour | Border Area | 118.95 | Approved by Pb. Govt. vide No. 3072 dt. 12.5.06 Rs. 135.78 lacs | 6.67 | 6.80 | T/S vide CE PTA No. 16013 dt. 29.5.07 (Rs. 118.95 Lacs) | Approved | |
| | Kalanour | 1. Mustfapur | Border Area | 38.89 | Observations (38.89) | 1.94 | 0.40 | – | – | |
| | Kalanour | 1. Kot Mian Sahib | Border Area/ SC | 30.47 | Observations (30.47) | 1.52 | 0.40 | – | – | |
| | Kalanour | 1. Shahur | Border Area | 35.19 | Observations (35.19) | 1.76 | 0.21 | – | – | |
| | Gurdaspur | 1. Chawa | Border Area | 44.23 | Approved by Pb. Govt. vide No. 5847 dt. 7.11.06 Rs. 44.38 lacs | 2.21 | 3.75 | T/S vide CE PTA No. 58938 dt. 30.11.06 (Rs. 44.23 Lacs) | Approved | |
| | Gurdaspur | 1. Ghot Pokhar | Border Area | 44.85 | Approved by Pb. Govt. vide No. 3058 dt. 12.5.06 Rs. 44.85 lacs | 2.24 | 1.62 | T/S vide CE PTA No. 62606 dt. 26.12.06 (Rs. 44.85 Lacs) | – | |

Original with; Punjab Vidhan Sabha Digitized by; Panjab Digital Library

| | | | | | | | | | |
|---|---|---|---|---|---|---|---|---|---|
| | Dhariwal | 1. Sohal | – | | Under Preparation | 0 | 0 | – | – |
| | Fatehgarh Churian | 1. Hardowal | – | 41.31 | Sent to Govt. vide C.E. No. 636 dt. 18.12.06 for Rs. 41.31 lacs | 4.13 | 1.30 | – | – |
| | | **Total 8 villages** | | | | **20.47** | **14.48** | | |
| **13.** | **District Ferozepur** | | | | | | | | |
| | Zira | 1. Lehra Rohi | – | 11.74 | Approved by Pb. Govt. vide No. 3090 dt. 12.5.06 Rs. 12.36 lacs | 1.17 | 1.35 | T/S vide CE PTA No. 55806 dt. 10.11.06 (Rs. 11.74 Lacs) | Approved |
| | Mamdot | 1. Chak Bhange Wala | Border Area | 30.75 | Approved by Pb. Govt. vide No. 3183 dt. 22.5.06 Rs. 28.07 lacs | 1.53 | 0.70 | Observations | – |
| | Ghall Khurd | 1. Bagge Ke Pipal | Border Area | 32.82 | Approved by Pb. Govt. vide No. 3206 dt. 23.5.06 Rs. 33.25 lacs | 1.66 | 0.87 | T/S vide CE PTA No. 55809 dt. 10.11.06 (Rs. 32.82 Lacs) | Due on 5.7.07 |
| | Jalalabad | 1. Ch. Singhe Wala | Border Area | 29.69 | Approved by Pb. Govt. vide No. 2868 dt. 2.5.06 Rs. 27.36 lacs | 1.48 | 1.00 | Observations | – |
| | Jalalabad | 1. Ch. Khere Wala | Border Area/ SC | 23.61 | Approved by Pb. Govt. vide No. 2866 dt. 5.5.06 Rs. 23.65 lacs | 1.18 | 1.34 | T/S vide CE PTA No. 55812 dt. 10.11.06 (Rs. 23.61 Lacs) | Tender received on 24.3.07 and under process |
| | | **Total 5 villages** | | | | **7.02** | **5.26** | | |

Original with;
Punjab Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| 14. | **District Muktsar** | | | | | | | | | |
| | Muktsar | 1. Tamkot<br>2. Chak Tamkot | --<br>SC | 93.55 | Approved by Pb. Govt. vide No. 2847 dt. 5.5.06 Rs. 87.19 lacs | 7.67 | 3.76 | Observations | --<br>-- | |
| | Lambi | 1. Beedowali | SC | 45.00 | Approved by Pb. Govt. vide No. 3191 dt. 22.5.06 Rs. 35.20 lacs | 2.25 | 2.47 | -- | Tender received on 29.5.07 and under process | |
| | Malout | 1. Shamkot | -- | 104.44 | Approved by Pb. Govt. vide No. 2949 dt. 5.5.06 Rs. 104.44 lacs | 7.72 | 1.31 | -- | -- | |
| | Malout | 1. Ram Nagar | SC | 40.32 | Approved by Fb. Govt. vide No. 2870 dt. 5.5.06 Rs. 40.32 lacs | 2.02 | 1.10 | -- | -- | |
| | | **Total 5 villages** | | | | **19.66** | **8.64** | | | |
| 15. | **District Faridkot** | | | | | | | | | |
| | Faridkot | 1. Gudhuwala | -- | 49.07 | Observations (49.07) | 2.47 | 0.65 | -- | -- | |
| | Faridkot | 1. Sangat Pura | -- | 40.24 | Observations (40.24) | 2:01 | 0.61 | -- | -- | |
| | Faridkot | 1. Hardialeana | -- | 49.61 | Observations (49.61) | 3.15 | 3.53 | -- | -- | |
| | Kotkapura | 1. Jiwan Wala | -- | 105.37 | Approved by Pb. Govt. vide No. 6263 dt. 11.12.06 Rs. 105.37 lacs | 10.54 | 10.55 | -- | -- | |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| | Kotkapura | 1. Behbal Khurd | SC | 71.79 | Observations (71.79) | 4.87 | 0.86 | – | – |
| | | Total 5 villages | | | | **23.04** | **16.20** | | |
| 16. | **District Bathinda** | | | | | | | | |
| | Bathinda | 1. Buladewala | SC | 54.18 | Approved by Pb. Govt. vide No. 2845 dt. 5.5.06 Rs. 54.18 lacs | 2.71 | 2.70 | Lying in head office | – |
| | Bathinda | 1. Virk Khurd | SC | 42.79 | Approved by Pb. Govt. vide No. 3068 dt. 12.5.06 Rs. 47.86 lacs | 2.14 | 1.21 | Observations | – |
| | Talwandi Saboo | 1. Fatta Ballu | – | 23.81 | Approved by Pb. Govt. vide No. 2851 dt. 5.5.06 Rs. 23.81 lacs | 2.10 | 2.00 | Observations | – |
| | | Total 3 villages | | | | **6.95** | **5.91** | | |
| 17. | **District Mansa** | | | | | | | | |
| | Jhunir | 1. Gudhuwala | SC | 40.24 | Approved by Pb. Govt. vide No. 2843 dt. 5.5.06 (Rs. 40.24 lacs) | 3.98 | 3.00 | – | – |
| | Budhlada | 1. Saidewala | – | 46.98 | Approved by Pb. Govt. vide No. 3524 dt. 14.6.06 (Rs. 46.98 lacs) | 4.70 | 2.80 | – | – |
| | Budhlada | 1. Mander | – | 65.75 | Approved by Pb. Govt. vide No. 3601 dt. 15.6.06 (Rs. 65.75 lacs) | 5.45 | 3.30 | – | – |

Original with;
Punjab Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| | Budhlada | 1. Malikpur Bheemra | SC | 41.06 | Sent to Govt. vide C.E. No. 28 dt. 20.9.06 for Rs. 41.06 lacs | 2.05 | 3.60 | -- | -- | |
| | Budhlada | 1. Dodra | -- | 30.84 | Approved by Pb. Govt. vide No. 3076 dt. 12.5.06 Rs. 30.84 lacs | 3.08 | 3.00 | -- | -- | |
| | Bhikhi | 1. Ram Garh Shahpurian | -- | 45.48 | Approved by Pb. Govt. vide No. 3526 dt. 14.6.06 Rs. 45.48 lacs | 4.37 | 0.86 | -- | -- | |
| | Bhikhi | 2. Toderpur | -- | | | | | | | |
| | | **Total 7 villages** | | | | **23.63** | **16.56** | | | |
| **18.** | **District Kapurthala** | | | | | | | | | |
| | Phagwara | 1. Parwa | SC | 25.93 | Approved by Pb. Govt. vide No. 458 dt. 28.7.06 Rs. 25.93 lacs | 1.30 | 2.50 | -- | -- | |
| | Phagwara | 1. Jagatpur Jattan | SC | 42.26 | Approved by Pb. Govt. vide No. 3082 dt. 12.5.06 Rs. 42.26 lacs | 2.11 | 2.15 | -- | -- | |
| | Phagwara | 1. Bhulla Rai | SC | 45.64 | Approved by Pb. Govt. vide No. 3088 dt. 12.5.06 Rs. 45.64 lacs | 2.28 | 3.00 | -- | -- | |
| | | **Total 3 villages** | | | | **5.69** | **7.65** | | | |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| 19. | **District Jalandhar** | | | | | | | | |
| | Phillaur<br>Phillaur | 1. Dhindsa<br>2. Langrian | SC<br>SC | 47.50 | Approved by Pb. Govt. vide No. 3688 dt. 27.6.06 Being revised Rs. 47.50 Lacs | 2.35 | 3.00 | T/S vide CE PTA No. 44516 dt. 1.9.06 (Rs. 35.87 Lacs) | -- |
| | Jalandhar East | 1. Raipur | SC | 27.99 | Approved by Pb. Govt. vide No. 3692 dt. 23.6.06 Rs. 29.59 lacs | 1.40 | 3.00 | T/S vide CE PTA No. 40320 dt. 14.8.06 (Rs. 27.99 Lacs) | Due on 20.6.07 |
| | Rurka Kalan | 1. Dhanipind | -- | 35.87 | Approved by Pb. Govt. vide No. 3800 dt. 4.7.06 Rs. 39.27 lacs | 3.59 | 4.01 | T/S vide CE PTA No. 44510 dt. 1.9.06 (Rs. 35.87 Lacs) | Due on 25.6.07 |
| | Rurka Kalan | 1. Sarhali | SC | 43.36 | Approved by Pb. Govt. vide No. 3841 dt. 5.7.06 Rs. 44.71 lacs | 2.17 | 4.66 | T/S vide CE PTA No. 40316 dt. 1 .8.06 (Rs. 43.26 Lacs | Due on 19.6.07 |
| | Nakodar | 1. Ladhran | SC | 31.72 | Approved by Pb. Govt. vide No. 3686 dt. 23.6.06 Rs. 33.34 lacs | 1.59 | 3.28 | T/S vide CE PTA No. 1291 dt. 12. .07 (Rs. 31.72 Lacs) | Due on 22.6.07 |
| | Nakodar | 1. Rasulpur | SC | 30.20 | Approved by Pb. Govt. vide No. 3690 dt. 23.6.06 Rs. 33.45 lacs | 1.51 | 3.35 | T/S vide CE PTA No. 40330 dt. 14.8.06 (Rs. 30.20 Lacs) | Due on 21.6.07 |
| | | **Total 7 villages** | | | | **12.61** | **21.30** | | |
| | | **G. Total 88 villages/81 schemes** | | **3223.71** | | | | | **26 schemes** |

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਭੱਟੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਨਥਾਣਾ ਹਲਕੇ ਵਿੱਚ ਜਿੱਥੇ ਕਿ ਲੋਕੀ ਛੱਪੜਾਂ ਦਾ ਅਤੇ ਸੂਏ-ਕੱਸੀਆਂ ਦਾ ਰਾਅ ਵਾਟਰ ਪੀਣ ਲਈ ਮਜਬੂਰ ਹਨ, ਉਥੇ ਲੋਕ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਮਰ ਰਹੇ ਹਨ । ਉਸ ਹਲਕੇ ਲਈ ਵੀ ਇਨ੍ਹਾਂ ਦੀ ਕੋਈ ਆਉਣ ਵਾਲੇ ਦਿਨਾਂ ਦੇ ਵਿੱਚ ਤਜਵੀਜ਼ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਇਨ੍ਹਾਂ ਦਾ ਬੜਾ ਵਧੀਆ ਸਵਾਲ ਹੈ ਜੀ । ਮੈਂ ਦੱਸਣਾ ਚਾਹੁੰਦਾ ਹਾਂ ਕਿ 1280 ਕਰੋੜ ਦਾ ਵਰਲਡ ਬੈਂਕ ਦਾ ਪ੍ਰਾਜੈਕਟ ਆਇਆ ਹੈ ਉਸ ਵਿੱਚੋਂ 2124 ਪਿੰਡ ਅਜਿਹੇ ਹਨ ਜਿਹੜੇ ਨਾਟ ਕਵਰਡ ਹਨ ਉਨ੍ਹਾਂ ਨੂੰ ਕਵਰ ਕੀਤਾ ਜਾਵੇਗਾ। 920 ਪਾਰਸ਼ਲੀ ਕਵਰਡ ਪਿੰਡ ਹਨ, ਉਨ੍ਹਾਂ ਵਾਸਤੇ ਵੀ ਸਹੀ ਪਾਣੀ ਉੱਥੇ ਤੱਕ ਪਹੁੰਚਾਇਆ ਜਾਵੇਗਾ । ਜਿਹੜੀ ਮੌਜੂਦਾ ਸਥਿਤੀ ਪੁੱਛੀ ਸੀ ਉਸ ਵਿੱਚ 88 ਪਿੰਡਾਂ ਦੀ ਸਹਿਮਤੀ ਆਈ ਹੈ, ਰੈਜ਼ੋਲਿਊਸ਼ਨ ਆਇਆ ਹੈ ।

**ਸਰਦਾਰ ਅਜਾਇਬ ਸਿੰਘ ਭੱਟੀ** : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿੱਥੇ ਬਹੁਤ ਜ਼ਿਆਦਾ ਲੋੜ ਹੈ, ਉਨ੍ਹਾਂ ਵਾਸਤੇ ਕੋਈ ਪਰਪੋਜ਼ਲ ਬਣੀ ਹੈ ?

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ ।

-----------

## UNSTARRED QUESTIONS AND ANSWERS

### ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 6*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

-----------

### ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 7*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

---

* For Unstarred Questions No. 6 & 7 and replies thereto, please *see* Appendix-I to this Debates.

Original with;
Punjab Vidhan Sabha
Digitized by;
Panjab Digital Library

## ਸੈਕਟਰ 39, ਚੰਡੀਗੜ੍ਹ ਦੇ ਸਰਕਾਰੀ ਮਕਾਨਾਂ ਵਿੱਚ ਜਾਲੀਦਾਰ ਦਰਵਾਜ਼ੇ

8. ਸਰਦਾਰ ਗੁਰਪ੍ਰੀਤ ਸਿੰਘ ਕਾਂਗੜ : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸੈਕਟਰ 39, ਚੰਡੀਗੜ੍ਹ ਵਿੱਚ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਰਹਿਣ ਲਈ ਬਣਾਏ ਗਏ ਮਕਾਨਾਂ ਦੀਆਂ ਖਿੜਕੀਆਂ ਵਿੱਚ ਲੋਹੇ ਦੀਆਂ ਗਰਿਲਾਂ ਨਹੀਂ ਲਗਾਈਆਂ ਗਈਆਂ ਹਨ ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਮਕਾਨਾਂ ਵਿੱਚ ਜਾਲੀਦਾਰ ਦਰਵਾਜ਼ੇ ਵੀ ਨਹੀਂ ਲਗਾਏ ਗਏ ਹਨ ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਇਸਦੇ ਕਾਰਣ ਕੀ ਹਨ ਅਤੇ ਇਨ੍ਹਾਂ ਮਕਾਨਾਂ ਵਿੱਚ ਗਰਿਲਾਂ ਅਤੇ ਜਾਲੀਦਾਰ ਦਰਵਾਜ਼ੇ ਕਦੋਂ ਤੱਕ ਲਗਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : (ੳ) ਸੈਕਟਰ 39, ਚੰਡੀਗੜ੍ਹ ਸਥਿਤ ਪੰਜਾਬ ਸਰਕਾਰ ਦੇ ਕਰਮਚਾਰੀਆਂ ਲਈ ਮਕਾਨਾਂ ਵਿੱਚ (ਗਰਾਊਂਡ ਫਲੋਰ ਵਿੱਚ) ਲੋਹੇ ਦੀਆਂ ਗਰਿਲਾਂ ਪਹਿਲਾਂ ਹੀ ਲੱਗੀਆਂ ਹੋਈਆਂ ਹਨ ।

(ਅ) ਜੀ ਹਾਂ, ਉਕਤ 'ੳ' ਤੇ ਦਰਜ ਮਕਾਨਾਂ ਵਿੱਚ ਜਾਲੀਦਾਰ ਦਰਵਾਜ਼ੇ ਮੁਹੱਈਆ ਨਹੀਂ ਕਰਵਾਏ ਗਏ ।

(ੲ) ਇਨ੍ਹਾਂ ਕੰਮਾਂ ਦੇ ਅਨੁਮਾਨ ਆਮ ਰਾਜ ਪ੍ਰਬੰਧ ਵਿਭਾਗ ਨੂੰ ਜੁਲਾਈ, 2004 ਵਿੱਚ ਪ੍ਰਸ਼ਾਸਕੀ ਪ੍ਰਵਾਨਗੀ ਅਤੇ ਫੰਡਾਂ ਦੀ ਅਲਾਟਮੈਂਟ ਲਈ ਭੇਜੇ ਹੋਏ ਹਨ ।

ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਹੋਣ ਤੇ ਫੰਡਾਂ ਦੀ ਅਲਾਟਮੈਂਟ ਉਪਰੰਤ ਇਨ੍ਹਾਂ ਕੰਮਾਂ ਨੂੰ ਹੱਥ ਵਿੱਚ ਲੈ ਲਿਆ ਜਾਵੇਗਾ ।

---

Original with;
Punjab Vidhan Sabha
Digitized by;
Punjab Digital Library

## ਰਾਜ ਵਿੱਚ ਆਵਾਜਾਈ ਖਤਰਾ

**9. ਸਰਦਾਰ ਸੁਖਪਾਲ ਸਿੰਘ ਖਹਿਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਪਿਛਲੇ ਦੋ ਸਾਲਾਂ ਦੇ ਦੌਰਾਨ ਸੜਕ ਦੁਰਘਟਨਾਵਾਂ ਕਾਰਣ ਹੋਈਆਂ ਮੌਤਾਂ ਦੀ ਗਿਣਤੀ ਕਿੰਨੀ ਹੈ ਅਤੇ ਸਰਕਾਰ ਦੁਆਰਾ ਅਜਿਹੀਆਂ ਮਾਰੂ ਦੁਰਘਟਨਾਵਾਂ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :-

### ਅਨੁਲੱਗ 'ੳ'

ਰਾਜ ਵਿੱਚ ਪਿਛਲੇ 2 ਸਾਲਾਂ ਦੌਰਾਨ ਸੜਕ ਦੁਰਘਟਨਾਵਾਂ ਵਿੱਚ ਹੋਈਆਂ ਮੌਤਾਂ ਦੀ ਗਿਣਤੀ :-

| ਸਾਲ | | ਮੌਤਾਂ ਦੀ ਗਿਣਤੀ |
|---|---|---|
| 2005 | .. | 2777 |
| 2006 | .. | 2966 |

### ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮ

1. ਇਸ ਸਮੇਂ ਪੰਜਾਬ ਵਿੱਚ 65 ਹਾਈਵੇ ਪੈਟਰੋਲ ਗੱਡੀਆਂ ਪੂਰੇ ਸਾਜੋ-ਸਮਾਨ ਨਾਲ ਲੈਸ ਕਰਕੇ ਨੈਸ਼ਨਲ ਹਾਈਵੇ ਅਤੇ ਸਟੇਟ ਹਾਈਵੇ ਤੇ ਚਲਾਈਆਂ ਗਈਆਂ ਹਨ। ਇਹ ਗੱਡੀਆਂ 24 ਘੰਟੇ ਚਲਦੀਆਂ ਹਨ । ਹਰੇਕ ਗੱਡੀ ਵਿੱਚ ਸਟਰੈਚਰ, ਆਕਸੀਜਨ ਸਿਲੰਡਰ, ਸਪੀਡ ਰਡਾਰ, ਐਲਕੋਮੀਟਰ ਅਤੇ ਵੀਡੀਓ ਕੈਮਰੇ ਮੁਹੱਈਆ ਕਰਵਾਏ ਗਏ ਹਨ । ਸੜਕਾਂ ਤੇ ਐਕਸੀਡੈਂਟ ਵਾਲੀਆਂ ਥਾਵਾਂ ਤੇ ਆਵਾਜਾਈ ਚਲਦੀ ਰੱਖਣ ਲਈ 21 ਕਰੇਨਾਂ ਮੁਹੱਈਆਂ ਕਰਵਾਈਆਂ ਗਈਆਂ ਹਨ ।

2. ਪੰਜਾਬ ਵਿੱਚ ੯7 ਟਰੈਫਿਕ ਏਡ ਪੋਸਟਾਂ ਕੰਮ ਕਰ ਰਹੀਆਂ ਹਨ । ਇਨ੍ਹਾਂ ਗੱਡੀਆਂ ਤੇ ਟਰੇਂਡ ਸਟਾਫ਼ ਲਗਾਇਆ ਗਿਆ ਹੈ ਜੋ ਕਿ ਜ਼ਖ਼ਮੀ ਵਿਅਕਤੀਆਂ ਨੂੰ ਮੁਢਲੀ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ ਲੋੜ ਪੈਣ ਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਦਾ ਕੰਮ ਕਰਦਾ ਹੈ । ਇਹ ਗੱਡੀਆਂ ਵੱਖ-ਵੱਖ ਪ੍ਰਾਈਵੇਟ ਸੰਸਥਾਵਾਂ

Original with;
Punjab Vidhan Sabha
Digitized by;
Panjab Digital Library

ਵੱਲੋਂ ਮੁਹੱਈਆ ਕਰਵਾਈਆਂ ਗਈਆਂ ਹਨ । ਇਨ੍ਹਾਂ ਟਰੈਫਿਕ ਏਡ ਪੋਸਟਾਂ ਅਤੇ ਹਾਈਵੇ ਪੈਟਰੋਲਿੰਗ ਨੇ ਇਸ ਸਾਲ 2662 ਜ਼ਖਮੀ ਵਿਅਕਤੀਆਂ ਨੂੰ ਮੁੱਢਲੀ ਸਹਾਇਤਾ ਦੇ ਕੇ ਇਲਾਜ ਲਈ ਹਸਪਤਾਲ ਪਹੁੰਚਾਇਆ ।

3. ਟਰੈਫਿਕ ਵਿੰਗ ਨੇ ਐਨ.ਜੀ.ਓ. ਸੰਸਥਾ (ਸਾਥ) ਦੀ ਮਦਦ ਨਾਲ ਕਿਤਾਬਾਂ ਦੇ 5 ਸੈਟ ਬੱਚਿਆਂ ਨੂੰ ਮੁੱਢਲੀ ਟਰੈਫਿਕ ਸਿੱਖਿਆ ਦੇਣ ਲਈ ਛਪਵਾਈਆਂ ਹਨ ।

4. ਟਰੈਫਿਕ ਐਜੂਕੇਸ਼ਨ ਸੈਲ : ਸਾਰੇ ਜ਼ਿਲ੍ਹਿਆਂ ਵਿੱਚ ਸਕੂਲਾਂ, ਕਾਲਜਾਂ ਅਤੇ ਟਰੱਕ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਟਰੈਫਿਕ ਸਿੱਖਿਆ ਦਿੱਤੀ ਜਾਂਦੀ ਹੈ । ਇਸ ਤੋਂ ਇਲਾਵਾ ਪਿੰਡ ਅਤੇ ਕਸਬਿਆਂ ਵਿੱਚ ਟਰੈਫਿਕ ਜਾਗਰੂਕਤਾ ਕੈਂਪ ਲਾਏ ਜਾਂਦੇ ਹਨ। ਪ੍ਰਾਈਵੇਟ ਡਰਾਈਵਰਾਂ ਨੂੰ ਸਿੱਖਿਆ ਦੇਣ ਲਈ 2 ਦਿਨਾਂ ਕੋਰਸ ਲੁਧਿਆਣਾ, ਜਹਾਨ ਖੇਲਾ, ਬਠਿੰਡਾ ਅਤੇ ਠੱਠੀਆਂ ਮਹੰਤਾਂ ਵਿਖੇ ਚਲਾਏ ਜਾਂਦੇ ਹਨ ।

5. ਬਿਨਾਂ ਫਾਟਕ ਤੋਂ ਰੇਲਵੇ ਕਰਾਸਿੰਗ ਦੀ ਵਰਤੋਂ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ ਤਾਂ ਜੋ ਲੋਕਾਂ ਨੂੰ ਦੁਰਘਟਨਾਵਾਂ ਤੋਂ ਬਚਾਇਆ ਜਾ ਸਕੇ ।

-----------

## ਸ੍ਰੀ ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਨੂੰ ਸਪਲਾਈ ਕੀਤੇ ਗਏ ਕੋਇਲੇ ਦੀ ਕੀਮਤ

**10. ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਮਾਰਚ, 2007 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੇ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਨੂੰ ਸਪਲਾਈ ਕੀਤੇ ਗਏ ਕੋਇਲੇ ਦੀ ਮਾਤਰਾ, ਕੀਮਤ ਅਤੇ ਕਿਸਮ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਕੰਪਨੀਆਂ/ਫਰਮਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਨੇ ਕੋਇਲਾ ਸਪਲਾਈ ਕੀਤਾ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :-

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

## ਸੂਚੀ

### ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ

(ਕੋਲੇ ਦੀ ਮਾਤਰਾ, ਕੀਮਤ ਅਤੇ ਗੁਣਕਾਰਜਤਾ ਦੀ ਸਾਰਣੀ)

| ਮਹੀਨਾ | ਕੋਲ ਕੰਪਨੀ | ਖੇਤਰ ਦਾ ਨਾਂ | | ਕੋਲੇ ਦੀ ਮਾਤਰਾ (ਟਨਾਂ ਵਿੱਚ) | ਸੁਆਹ ਦੀ ਵੇਟਡ ਐਵਰੇਜ਼ ਪ੍ਰਤੀਸ਼ਤ | ਵੇਟਡ ਐਵਰੇਜ਼ ਉਪਯੋਗੀ ਊਰਜਾ (ਕਿਲੋ ਕੈਲੋਰੀ ਕਿਲੋਗ੍ਰਾਮ) | ਗ੍ਰੇਡ | ਕੋਲੇ ਦੀ ਕੁੱਲ ਕੀਮਤ (ਕਰੋੜਾਂ ਵਿੱਚ) |
|---|---|---|---|---|---|---|---|---|
| ਮਾਰਚ, 07 | ਏ.ਸੀ.ਬੀ.ਐਲ. | ਦੀਪਕਾ | .. | 27820 | 28.83 | 3970 | ਈ | 6.30 |
| | ਬੀ.ਸੀ.ਸੀ.ਐਲ. | ਝਰੀਆ | .. | 27319 | 30.00 | 4385 | ਡੀ | 6.41 |
| | ਸੀ.ਸੀ.ਐਲ. | ਬਾਚਰਾ | .. | 36174 | 33.81 | 3208 | ਐਫ | 8.90 |
| | | ਐਨ.ਕੇ.ਪੀ./ਐਸ.ਕੇ.ਪੀ. | .. | 17957 | 32.08 | 3483 | ਈ | 4.42 |
| | ਐਸ.ਈ.ਟੀ.ਐਲ. | ਕੋਰੀਆ ਰੇਵਾ | .. | 11940 | 21.68 | 5069 | ਸੀ | 3.65 |
| ਅਪ੍ਰੈਲ, 07 | ਏ.ਸੀ.ਬੀ.ਐਲ. | ਦੀਪਕਾ | .. | 17758 | 29.65 | 3946 | ਈ | 4.02 |
| | ਬੀ.ਸੀ.ਸੀ.ਐਲ. | ਝਰੀਆ | .. | 21126 | 32.44 | 4227 | ਡੀ | 4.85 |
| | ਸੀ.ਸੀ.ਐਲ. | ਬਾਚਰਾ | .. | 31951 | 33.71 | 3234 | ਐਫ | 7.38 |

Original with; Punjab Vidhan Sabha Digitized by; Panjab Digital Library

| | | | | | | | | |
|---|---|---|---|---|---|---|---|---|
| | | ਝਰੀਆ | .. | 54365 | 33.87 | 3806 | ਈ | 12.55 |
| | | ਐਨ.ਕੇ.ਪੀ/ਐਸ.ਕੇ.ਪੀ. | .. | 21118 | 33.35 | 3321 | ਐਫ | 4.87 |
| | ਪੈਨਮ | ਪਛਵਾੜਾ | .. | 13709 | 24.59 | 4633 | ਡੀ | 3.18 |
| ਮਈ, 07 | ਬੀ.ਸੀ.ਸੀ.ਐਲ. | ਝਰੀਆ | .. | 10061 | 29.19 | 4526 | ਡੀ | 2.32 |
| | | ਬਾਚਰਾ | | | | | | |
| | ਸੀ.ਸੀ.ਐਲ. | ਬੈਨੀਫਿਕੇਟਡ | .. | 10902 | 34.00 | 3234 | ਐਫ | 2.57 |
| | | ਝਰੀਆ | .. | 17913 | 34.58 | 3746 | ਈ | 4.23 |
| | | ਐਨ.ਕੇ.ਪੀ./ਐਸ.ਕੇ.ਪੀ. | .. | 3974 | 32.46 | 3529 | ਈ | 0.93 |
| | ਪੈਨਮ | ਪਛਵਾੜਾ | .. | 85838 | 24.91 | 4471 | ਡੀ | 18.91 |
| ਕੁੱਲ ਜੋੜ | | | .. | 409985 | | | | 95.50 |
| ਜੂਨ, 07 | ਬੀ.ਸੀ.ਸੀ.ਐਲ. | ਝਰੀਆ | .. | 7336.86 | ਨਤੀਜੇ ਵਿਸ਼ਲੇਸ਼ਣ ਅਧੀਨ ਹਨ | | | - |
| (15-6-07 | ਸੀ.ਸੀ.ਐਲ. | ਝਰੀਆ | .. | 26167.86 | | -ਉਹੀ- | | - |
| ਤੱਕ) | ਪੈਨਮ | ਪਛਵਾੜਾ | .. | 28878 (10-6-07 ਤੱਕ) | 26.81 | 4066 | ਈ | ਬਿਲ ਹਾਲੇ ਪ੍ਰਾਪਤ ਨਹੀਂ ਹੋਇਆ । |

ਨੋਟ :- ਕੋਲੇ ਦੀ ਕੁਆਲਟੀ ਗ੍ਰੇਡ-ਏ ਤੋਂ ਐਫ ਤੱਕ ਹੇਠਾਂ ਨੂੰ ਜਾਂਦੀ ਹੈ ।

Original with; Punjab Vidhan Sabha Digitized by; Panjab Digital Library

## ਜ਼ਿਲ੍ਹਾ ਮਾਨਸਾ ਵਿੱਚ ਡੇਰਿਆਂ/ਢਾਣੀਆਂ ਨੂੰ 24-ਘੰਟੇ ਬਿਜਲੀ ਦੀ ਸਪਲਾਈ

11. ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਵਿੱਚ ਕੁਝ ਫਾਰਮ ਹਾਊਸਾਂ/ਡੇਰਿਆਂ/ਢਾਣੀਆਂ ਨੇ ਜਿਸ਼ੇ ਕਿ ਕੁਨੈਕਸ਼ਨਾਂ ਦੀ ਗਿਣਤੀ ਪੰਜ ਜਾਂ ਇਸ ਨਾਲੋਂ ਵੱਧ ਹੈ, 24-ਘੰਟੇ ਬਿਜਲੀ ਦੀ ਸਪਲਾਈ ਲਈ ਲੋੜੀਂਦੇ ਖਰਚੇ ਜਮ੍ਹਾਂ ਕਰਵਾ ਦਿੱਤੇ ਹਨ ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ਅਤੇ ਸਰਕਾਰ ਪਾਸ ਹਰ ਇਕ ਕੇਸ ਵਿੱਚ ਕਿੰਨੀ-ਕਿੰਨੀ ਰਕਮ ਜਮ੍ਹਾਂ ਕਰਵਾਈ ਗਈ ਹੈ ;

(ਅ) ਸਰਕਾਰ ਦੁਆਰਾ ਉਪਰੋਕਤ ਭਾਗ (ੳ) ਵਿੱਚ ਵਰਣਿਤ ਫਾਰਮ ਹਾਊਸਾਂ/ਡੇਰਿਆਂ/ਢਾਣੀਆਂ ਨੂੰ 24-ਘੰਟੇ ਬਿਜਲੀ ਦੀ ਸਪਲਾਈ ਮੁਹੱਈਆ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਇਹ ਕਿਸ ਤਰੀਕ ਤੋਂ ਮੁਹੱਈਆ ਕਰਵਾ ਦਿੱਤੀ ਜਾਵੇਗੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਪਿੰਡ ਰੱਲਾ, ਤਹਿਸੀਲ ਜੋਗਾ, ਜ਼ਿਲ੍ਹਾ ਮਾਨਸਾ ਦੀਆਂ ਮੋਹੰਤਾਂ ਵਾਲੀ ਅਤੇ ਕੋਠਾ ਸੁਜਾਨਕਾ ਨਾਮਕ ਦੋਵੇਂ ਢਾਣੀਆਂ ਵੱਲੋਂ 10,000/- ਰੁ: (ਰੁਪਏ ਦਸ ਹਜ਼ਾਰ) ਫ਼ੀਸ ਵਜੋਂ ਜਮ੍ਹਾਂ ਕਰਵਾਏ ਜਾ ਚੁੱਕੇ ਹਨ । ਦੋਵੇ ਢਾਣੀਆਂ ਕਲੱਸਟਰ ਦੀ ਪਰਿਭਾਸ਼ਾ ਵਿੱਚ ਪਹਿਲਾਂ ਕਵਰ ਨਹੀਂ ਹੁੰਦੀਆਂ ਸਨ । ਹੁਣ ਪੰਜਾਬ ਰਾਜ ਬਿਜਲੀ ਬੋਰਡ ਦੇ ਵਣਜ ਸਰਕੁਲਰ ਨੰ: 65/2006 ਤਹਿਤ ਇਹ ਢਾਣੀਆਂ 5-15 ਮਾਪਦੰਡ ਦੇ ਘਰਾਂ ਤਹਿਤ ਪ੍ਰਤੀ 300 ਮੀਟਰ ਦੇ ਘੇਰੇ ਅੰਦਰ ਕਵਰ ਹੋ ਗਈਆਂ ਹਨ ਅਤੇ ਇਨ੍ਹਾਂ ਨੂੰ 24 ਘੰਟੇ ਬਿਜਲੀ ਦੀ ਸਪਲਾਈ ਮਨਜ਼ੂਰ ਹੋ ਚੁੱਕੀ ਹੈ ।

(ਅ) ਇਨ੍ਹਾਂ ਦੋਹਾਂ ਢਾਣੀਆਂ ਦਾ ਕੰਮ ਮਿਤੀ 31-12-2007 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ ।

---

### ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 12*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

---

* For Unstarred Question No. 12 and reply thereto, please *see* Appendix-II to this Debates.

Original with;
Punjab Vidhan Sabha
Digitized by;
Panjab Digital Library

**ਜ਼ਿਲ੍ਹਾ ਬਠਿੰਡਾ ਵਿੱਚ ਖੇਤੀ ਖਾਲਿਆਂ ਦੀ ਮੁਰੰਮਤ**

13. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2006-07 ਦੌਰਾਨ ਜ਼ਿਲ੍ਹਾ ਬਠਿੰਡਾ ਵਿੱਚ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ ਮੁਰੰਮਤ ਕੀਤੇ ਗਏ ਖਾਲਿਆਂ ਅਤੇ ਮਿਤੀ ਅੰਤ ਤੱਕ ਉਨ੍ਹਾਂ ਤੇ ਖ਼ਰਚ ਕੀਤੀ ਗਈ ਰਕਮ ਦੇ ਵੇਰਵੇ ਕੀ ਹਨ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਸਾਲ 2006-07 ਦੌਰਾਨ ਬਠਿੰਡਾ ਜ਼ਿਲ੍ਹੇ ਵਿੱਚ 242.490 ਕਿਲੋਮੀਟਰ ਲੰਬਾਈ ਦੇ ਖਾਲਿਆਂ ਦੀ ਮੁਰੰਮਤ ਤੇ 8.97 ਕਰੋੜ ਰੁਪਏ ਦੀ ਰਾਸ਼ੀ ਖ਼ਰਚ ਕੀਤੀ ਗਈ । 31 ਮਈ, 2007 ਤੱਕ 323.423 ਕਿਲੋਮੀਟਰ ਖਾਲਿਆਂ ਤੇ 11.97 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ । ਇਨ੍ਹਾਂ ਖਾਲਿਆਂ ਦੀ ਮੁਰੰਮਤ ਤੇ ਖਰਚੇ ਸਬੰਧੀ ਵੇਰਵੇ *ਨਾਲ ਨੱਥੀ ਕੀਤੇ ਜਾਂਦੇ ਹਨ ।

---

**ਬੁੱਢਾ ਨਾਲਾ, ਜ਼ਿਲ੍ਹਾ ਲੁਧਿਆਣਾ ਤੇ ਅਸੁਰੱਖਿਅਤ ਪੁਲੀਆਂ**

14. **ਸਰਦਾਰ ਈਸ਼ਰ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਹਿਲੋਲਪੁਰ ਤੋਂ ਲੁਧਿਆਣਾ ਸ਼ਹਿਰ ਤੱਕ ਬੁੱਢੇ ਨਾਲੇ ਤੇ ਕੁਝ ਪੁਰਾਣੀਆਂ ਪੁਲੀਆਂ ਨੂੰ ਅਸੁਰੱਖਿਅਤ ਐਲਾਨ ਕੀਤਾ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਥਾਂ ਤੇ ਨਵੇਂ ਪੁਲ ਕਦੋਂ ਤੱਕ ਉਸਾਰੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਬਹਿਲੋਲਪੁਰ ਤੋਂ ਲੁਧਿਆਣਾ ਸ਼ਹਿਰ ਤੱਕ ਬੁੱਢਾ ਨਾਲੇ ਤੇ 10 ਪੁਰਾਣੀਆਂ ਪੁਲੀਆਂ ਹਨ, ਜਿਨ੍ਹਾਂ ਨੂੰ ਸੁਰੱਖਿਆ ਲਈ ਤਕਨੀਕੀ ਤੌਰ ਤੇ ਟੈਸਟ ਕੀਤਾ ਜਾ ਰਿਹਾ ਹੈ । ਇਨ੍ਹਾਂ ਪੁਲੀਆਂ ਦੀ ਮੁਰੰਮਤ ਦਾ ਕੰਮ ਤਕਨੀਕੀ ਜ਼ਰੂਰਤਾਂ ਅਨੁਸਾਰ ਚਾਲੂ ਮਾਲੀ ਸਾਲ ਦੌਰਾਨ ਕੀਤਾ ਜਾਵੇਗਾ ।

---

**ਸਰਦੂਲਗੜ੍ਹ, ਸਬ-ਡਵੀਜ਼ਨ ਵਿੱਚ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ**

15. **ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਮਾਰਚ, 2007 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਸਬ-ਡਵੀਜ਼ਨ, ਸਰਦੂਲਗੜ੍ਹ ਵਿੱਚ ਆਉਂਦੇ ਪੁਲਿਸ ਸਟੇਸ਼ਨਾਂ ਵਿੱਚ ਦਰਜ ਕੀਤੇ ਗਏ ਕੇਸਾਂ ਦੇ ਵੇਰਵੇ ਕੀ ਹਨ ਅਤੇ ਹਰ ਇਕ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ :-

---

* Placed in Revisor's Branch.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

## ਅਨੁਲੱਗ

ਸਬ-ਡਵੀਜ਼ਨ ਸਰਦੂਲਗੜ੍ਹ ਵਿੱਚ ਮਿਤੀ 1-03-2007 ਤੋਂ 15-06-2007 ਤੱਕ ਦਰਜ ਕੀਤੇ ਕੇਸਾਂ ਅਤੇ ਗ੍ਰਿਫਤਾਰ ਵਿਅਕਤੀਆਂ ਦਾ ਵੇਰਵਾ :-

| ਲੜੀ ਨੰ: | ਕਰਾਈਮ ਹੈਡ | | ਥਾਣਾ ਸਰਦੂਲਗੜ੍ਹ | | ਥਾਣਾ ਝੁਨੀਰ | | ਥਾਣਾ ਜੋੜਕੀਆਂ | | ਜੋੜ | |
|---|---|---|---|---|---|---|---|---|---|---|
| | | | ਦਰਜ ਕੇਸ | ਗ੍ਰਿਫਤਾਰ ਦੋਸ਼ੀ | ਦਰਜ ਕੇਸ | ਗ੍ਰਿਫਤਾਰ ਦੋਸ਼ੀ | ਦਰਜ ਕੇਸ | ਗ੍ਰਿਫਤਾਰ ਦੋਸ਼ੀ | ਦਰਜ ਕੇਸ | ਗ੍ਰਿਫਤਾਰ ਦੋਸ਼ੀ |
| 1. | ਕਤਲ | .. | 0 | 0 | 3 | 5 | 1 | 1 | 4 | 6 |
| 2. | ਦੰਡ ਯੋਗ ਮਨੁੱਖਘਾਤ | .. | 0 | 0 | 1 | 1 | 0 | 0 | 1 | 1 |
| 3. | ਇਰਾਦਾ ਕਤਲ | .. | 1 | 1 | 1 | 5 | 1 | 1 | 3 | 7 |
| 4. | ਸੱਟਾਂ | .. | 4 | 13 | 4 | 7 | 3 | 6 | 11 | 26 |
| 5. | ਬਲਾਤਕਾਰ | .. | 0 | 0 | 1 | 0 | 0 | 0 | 1 | 0 |
| 6. | ਚੋਰੀਆਂ | .. | 3 | 2 | 0 | 0 | 1 | 0 | 4 | 2 |
| 7. | ਧੋਖਾ ਦੇਹੀ | .. | 0 | 0 | 0 | 0 | 1 | 1 | 1 | 1 |

Original with;
Punjab Vidhan Sabha
Digitized by;
Punjab Digital Library

| | | | | | | | | |
|---|---|---|---|---|---|---|---|---|
| 8. ਸਰਕਾਰੀ ਕਰਮਚਾਰੀ ਤੇ ਹਮਲਾ .. | 0 | 0 | 2 | 2 | 0 | 0 | 2 | 2 |
| 9. ਆਈ.ਪੀ.ਸੀ. ਦੀਆਂ ਹੋਰ ਧਾਰਾਵਾਂ .. | 8 | 13 | 10 | 12 | 6 | 8 | 24 | 33 |
| ਜੋੜ ਆਈ.ਪੀ.ਸੀ. .. | 16 | 29 | 22 | 32 | 13 | 17 | 51 | 78 |
| 1. ਐਨ.ਡੀ.ਪੀ.ਐਸ. ਐਕਟ .. | 10 | 15 | 7 | 11 | 6 | 6 | 23 | 32 |
| 2. ਸ਼ਰਾਬ ਐਕਟ .. | 9 | 10 | 10 | 10 | 10 | 10 | 29 | 30 |
| 3. ਲੋਕਲ ਅਤੇ ਸਪੈਸ਼ਲ ਲਾਅ ਦੀਆਂ ਹੋਰ ਧਾਰਾਵਾਂ .. | 9 | 17 | 2 | 2 | 0 | 0 | 11 | 19 |
| ਜੋੜ ਲੋਕਲ ਅਤੇ ਸਪੈਸ਼ਲ ਲਾਅ . | 28 | 42 | 19 | 23 | 16 | 16 | 63 | 81 |
| ਕੁੱਲ ਜੋੜ .. | 44 | 71 | 41 | 55 | 29 | 33 | 114 | 159 |

Original with;
Punjab Vidhan Sabha
Digitized by;
Panjab Digital Library

## ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਵਿਖੇ ਸਰਕਾਰੀ ਕਾਲਜ ਸਥਾਪਤ ਕਰਨਾ

17. **ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਵਿਖੇ ਸਰਕਾਰੀ ਕਾਲਜ ਸਥਾਪਤ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

**ਡਾਕਟਰ ਉਪਿੰਦਰਜੀਤ ਕੌਰ** : ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਵਿਖੇ ਸਰਕਾਰੀ ਕਾਲਜ ਸਥਾਪਤ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

----------

## ਅਧਿਸੂਚਿਤ ਖੇਤਰੀ ਕਮੇਟੀਆਂ, ਢਿੱਲਵਾਂ, ਬੇਗੋਵਾਲ ਅਤੇ ਭੁਲੱਥ ਵਿੱਚ ਸੀਵਰੇਜ ਵਿਛਾਉਣਾ

18. **ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਧਿਸੂਚਿਤ ਖੇਤਰੀ ਕਮੇਟੀਆਂ, ਢਿੱਲਵਾਂ, ਬੇਗੋਵਾਲ ਅਤੇ ਭੁਲੱਥ, ਜ਼ਿਲ੍ਹਾ ਕਪੂਰਥਲਾ ਵਿੱਚ ਕਦੋਂ ਤਕ ਸੀਵਰੇਜ ਵਿਛਾਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : 585.51 ਲੱਖ ਰੁਪਏ ਦਾ ਤਖਮੀਨਾ ਨੋਟੀਫਾਈਡ ਏਰੀਆ ਕਮੇਟੀ, ਢਿੱਲਵਾਂ ਵਿਖੇ ਸੀਵਰੇਜ ਪਾਉਣ ਲਈ ਤਿਆਰ ਕੀਤਾ ਗਿਆ ਹੈ । ਇਸੇ ਤਰ੍ਹਾਂ ਹੀ 536.28 ਲੱਖ ਦਾ ਤਖਮੀਨਾ ਭੁਲੱਥ ਵਿਖੇ ਸੀਵਰੇਜ ਪਾਉਣ ਲਈ ਤਿਆਰ ਕੀਤਾ ਗਿਆ ਹੈ । ਬੇਗੋਵਾਲ ਵਿਖੇ ਸੀਵਰੇਜ ਪਾਉਣ ਦੀ ਅਜੇ ਕੋਈ ਤਜਵੀਜ਼ ਨਹੀਂ ਹੈ । ਢਿੱਲਵਾਂ ਅਤੇ ਭੁਲੱਥ ਵਿਖੇ ਵੀ ਸੀਵਰੇਜ ਦਾ ਕੰਮ ਫੰਡਜ਼ ਦੀ ਉਪਲਬਧਤਾ ਤੇ ਹੀ ਨਿਰਭਰ ਹੈ । ਇਸ ਲਈ ਨੋਟੀਫਾਈਡ ਏਰੀਆ ਕਮੇਟੀ ਢਿੱਲਵਾਂ, ਬੇਗੋਵਾਲ ਅਤੇ ਭੁਲੱਥ ਵਿਖੇ ਸੀਵਰੇਜ ਸਿਸਟਮ ਪਾਉਣ ਲਈ ਅਜੇ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ।

----------

Original with;
Punjab Vidhan Sabha
Digitized by;
Panjab Digital Library

## ਸਿਵਲ ਡਿਸਪੈਂਸਰੀ, ਨਡਾਲਾ ਨੂੰ ਅਪਗ੍ਰੇਡ ਕਰਨਾ

19. **ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਡਿਸਪੈਂਸਰੀ, ਨਡਾਲਾ ਨੂੰ ਮੁੱਢਲੇ ਸਿਹਤ ਕੇਂਦਰ ਵਜੋਂ ਅਪਗ੍ਰੇਡ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਿਵਲ ਡਿਸਪੈਂਸਰੀ, ਨਡਾਲਾ ਨੂੰ ਮੁਢਲਾ ਸਿਹਤ ਕੇਂਦਰ ਬਣਾਉਣ ਦੀ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ ਜੀ ।

----------

## ਪੰਜਾਬ ਨਿਰਮਾਣ ਪ੍ਰੋਗਰਾਮ ਅਧੀਨ ਫੰਡਾਂ ਦੀ ਵੰਡ

22. **ਸਰਦਾਰ ਲਾਲ ਸਿੰਘ** : ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਵਿੱਤੀ ਸਾਲ 2006-07 ਦੇ ਦੌਰਾਨ ਰਾਜ ਵਿੱਚ ਪੰਜਾਬ ਨਿਰਮਾਣ ਪ੍ਰੋਗਰਾਮ ਅਧੀਨ, ਵੱਖ-ਵੱਖ, ਵੰਡੇ ਗਏ ਅਤੇ ਵਰਤੇ ਗਏ ਫੰਡਾਂ ਦਾ ਜ਼ਿਲ੍ਹਾਵਾਰ ਵੇਰਵਾ ਕੀ ਹੈ ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡਾਂ ਵਿੱਚੋਂ ਬਕਾਇਆ ਰਕਮਾਂ ਦੀ ਵਰਤੋਂ ਰੋਕ ਦਿੱਤੀ ਗਈ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਕੀ ਹਨ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : (ੳ) ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਸਾਲ 2005-06 ਅਤੇ 2006-07 ਦੌਰਾਨ ਫ਼ੰਡਾਂ ਦੀ ਜ਼ਿਲ੍ਹਾਵਾਰ ਵੰਡ ਅਤੇ ਵਰਤੋਂ ਅਨੁਲੱਗ 'ੲ' ਤੇ ਰੱਖੀ ਗਈ ਹੈ ।

(ਅ) ਨਹੀਂ, ਸ਼੍ਰੀਮਾਨ ਜੀ । ਰਾਜ ਸਰਕਾਰ ਨੇ ਆਪਣੀ ਮਿਤੀ 22-3-2007 ਦੀਆਂ ਹਦਾਇਤਾਂ ਮੁਤਾਬਕ (ਕਾਪੀ ਨੱਥੀ) ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਅਣ-ਵਰਤੇ ਫ਼ੰਡਾਂ ਨੂੰ ਲੇਖਾ ਵਿਧੀ ਮੁਤਾਬਕ ਸਰਕਾਰੀ ਖਜ਼ਾਨਿਆਂ ਵਿੱਚ ਜਮ੍ਹਾਂ ਕਰਾਉਣ ਦੀ ਹਦਾਇਤ ਦਿੱਤੀ ਸੀ । ਪ੍ਰੰਤੂ, ਇਹ ਗੱਲ ਸਾਫ ਕਰ ਦਿੱਤੀ ਗਈ ਸੀ ਕਿ ਚਾਲੂ ਕੰਮ ਨਹੀਂ ਰੋਕੇ ਜਾਣਗੇ ਅਤੇ ਇਨ੍ਹਾਂ ਕੰਮਾਂ ਲਈ ਲੋੜੀਂਦੇ ਫੰਡਾਂ ਦੀ ਮੁੜ ਵੰਡ ਸਾਲ 2007-08 ਦੌਰਾਨ ਕੀਤੀ ਜਾਵੇਗੀ । ਕੰਮ ਚਾਲੂ ਹਨ ਅਤੇ ਜ਼ਿਲ੍ਹਿਆਂ ਵਿੱਚ ਉਪਲਬਧ ਫ਼ੰਡ ਵਰਤੋਂ ਵਿੱਚ ਲਿਆਂਦੇ ਜਾ ਰਹੇ ਹਨ ।

Original with;
Punjab Vidhan Sabha
Digitized by;
Punjab Digital Library

[ਵਿੱਤ ਅਤੇ ਯੋਜਨਾਬੰਦੀ ਮੰਤਰੀ]

GOVERNMENT OF PUNJAB
DEPARTMENT OF PLANNING
(LPD Division)

To

All The Deputy Commissioners in the State.

No. PSPB/LPD (1) Exp. 2007/Spl-I
Dated, Chandigarh, the 22nd March, 2007

Sub : **Unutilised funds of Punjab Nirman Programme.**

1. The Government has decided that all unutilised funds of Punjab Nirman Programme for both District level and State level shall be deposited back in Government Treasury at once. This would include funds released and works not yet started and also funds in respect of which works are in progress. This is being done to account for unutilised Government funds and in keeping with accounting procedure of the Government.

2. It is, however, made clear that ongoing works would not be stopped and the funds which will be deposited by the department would be reallocated to them in the first week of April, 2007.

3. The balance amount should be deposited in the following Head of Account :-

0075 - Miscellaneous General Services.
800 - Other Receipts
85 - Miscellaneous Receipts

Sd/-
(R. L. Mehta)
Special Secretary Planning.

Endst. No. PSPB/LPD (1)/Exp. 2007/Spl. (1) Dated 22nd March, 2007

A copy is forwarded to all Principal Secretaries/Administrative Secretaries for information and necessary action.

Sd/-
(R. L. Mehta)
Special Secretary Planning.

Original with;
Punjab Vidhan Sabha
Digitized by;
Panjab Digital Library

## Annexure 'A'

### Districtwise detail of funds disbursed and utilised under Punjab Nirman Programme during 2005-06 & 2006-07

Rs. lacs As on 31-3-07

| S. No. | District | Dist. Level 2005-06 (Rs. 138 cr.) | | Dist. Level 2006-07 (Rs. 300 Cr.) | | Dist. Level 2006-07 (Rs. 118 cr.) | | Dist. Level 2006-07 (Rs. 100 Cr.) | | Dist. Level 2006-07 (Rs. 75 cr.) | | Dist. Level 2006-07 (Rs. 66 cr.) | | State Level I (Rs. 260 Cr.) | | State Level II (Rs. 30 cr.) | | Total | | |
|---|---|---|---|---|---|---|---|---|---|---|---|---|---|---|---|---|---|---|---|---|
| | | Funds disbursed | Utilised | Funds disbursed | Utilised | Funds disbursed | Utilised | Funds disbursed | Utilised | Funds disbursed | Utilised | Funds disbursed | Utilised | Funds disbursed | Utilised | Funds disbursed | Utilised | Funds disbursed | Utilised | % Utilisation |
| 1. | Amritsar .. | 1093.46 | 1064.63 | 2647.06 | 2515.78 | 1543.08 | 1173.90 | 0.00 | 0.00 | 664.16 | 405.33 | 524.96 | 469.15 | 939.00 | 828.00 | 172.00 | 150.40 | 7583.72 | 6607.19 | 87.12 |
| 2. | Tarn Taran .. | 507.10 | 506.10 | 1165.94 | 1145.34 | 214.46 | 161.09 | 0.00 | 0.00 | 289.14 | 199.82 | 626.24 | 401.75 | 930.00 | 800.00 | 160.65 | 154.06 | 3893.53 | 3368.16 | 86.51 |
| 3. | Gurdaspur .. | 1271.75 | 1271.75 | 2412.47 | 2297.18 | 2047.19 | 1867.19 | 0.00 | 0.00 | 647.53 | 465.96 | 626.59 | 28.50 | 1941.00 | 1211.00 | 116.94 | 116.94 | 9063.47 | 7258.52 | 80.09 |
| 4. | Kapurthala .. | 625.75 | 624.29 | 929.25 | 883.88 | 241.00 | 208.81 | 0.00 | 0.00 | 232.32 | 26.70 | 242.75 | 34.00 | 1174.00 | 616.00 | 0.00 | 0.00 | 3445.07 | 2393.68 | 69.48 |
| 5. | Jalandhar .. | 1115.73 | 1104.57 | 2417.25 | 2225.87 | 1564.95 | 1208.50 | 0.00 | 0.00 | 604.33 | 35.50 | 216.49 | 0.00 | 905.00 | 729.00 | 36.00 | 23.08 | 6859.75 | 5326.52 | 77.65 |
| 6. | Hoshiarpur .. | 1040.00 | 1039.70 | 1824.00 | 1796.10 | 771.08 | 509.76 | 0.00 | 0.00 | 455.93 | 104.25 | 802.92 | 176.65 | 3060.00 | 2383.00 | 28.00 | 23.35 | 7981.93 | 6032.81 | 75.58 |
| 7. | Nawan Shahar .. | 423.25 | 418.25 | 723.75 | 710.63 | 381.04 | 374.97 | 0.00 | 0.00 | 180.89 | 50.94 | 218.80 | 217.80 | 894.00 | 737.00 | 868.30 | 277.80 | 3690.03 | 2787.39 | 75.54 |
| 8. | Ropar .. | 546.57 | 546.57 | 774.60 | 708.93 | 401.10 | 176.02 | 0.00 | 0.00 | 193.63 | 14.10 | 0.00 | 0.00 | 783.00 | 370.00 | 30.00 | 0.00 | 2728.90 | 1815.62 | 66.53 |
| 9. | S.A.S. Nagar .. | 398.67 | 398.67 | 860.14 | 820.09 | 72.80 | 54.80 | 0.00 | 0.00 | 215.02 | 159.09 | 0.00 | 0.00 | 1271.00 | 990.00 | 355.05 | 62.71 | 3172.68 | 2485.36 | 78.34 |
| 10. | Fatehgarh Sahib .. | 358.75 | 355.92 | 662.25 | 651.45 | 291.47 | 210.09 | 0.00 | 0.00 | 165.67 | 128.89 | 0.00 | 0.00 | 714.00 | 621.00 | 54.44 | 52.94 | 2246.58 | 2020.29 | 89.93 |
| 11. | Ludhiana .. | 1507.00 | 1470.54 | 3735.00 | 3313.66 | 549.65 | 347.46 | 102.70 | 72.82 | 933.83 | 0.00 | 85.00 | 69.00 | 1104.00 | 809.00 | 986.82 | 736.25 | 9004.00 | 6818.73 | 75.73 |
| 12. | Patiala .. | 952.50 | 893.83 | 2012.50 | 1859.14 | 753.44 | 350.70 | 93.00 | 0.00 | 503.08 | 102.00 | 100.00 | 25.00 | 3704.00 | 2048.00 | 224.05 | 68.00 | 8342.57 | 5346.67 | 64.09 |
| 13. | Sangrur .. | 767.50 | 764.50 | 2034.50 | 1902.00 | 50.00 | 25.00 | 1800.00 | 700.44 | 453.62 | 290.00 | 447.40 | 215.00 | 2066.00 | 1604.00 | 171.50 | 40.00 | 7790.52 | 5540.94 | 71.12 |
| 14. | Barnala .. | 175.50 | 171.50 | 428.50 | 392.00 | 219.65 | 145.00 | 800.00 | 448.00 | 162.25 | 135.00 | 217.60 | 125.00 | 567.00 | 425.00 | 143.25 | 82.00 | 2713.75 | 1923.50 | 70.88 |
| 15. | Ferozepur .. | 1184.70 | 1184.70 | 2150.00 | 2018.41 | 1475.54 | 839.94 | 0.00 | 0.00 | 537.64 | 120.00 | 231.45 | 60.00 | 1852.00 | 853.00 | 210.00 | 144.75 | 7641.33 | 5220.80 | 68.32 |
| 16. | Moga .. | 425.25 | 422.75 | 1101.56 | 995.70 | 4.95 | 1.63 | 0.00 | 0.00 | 275.53 | 70.66 | 715.51 | 80.00 | 1037.00 | 899.00 | 0.00 | 0.00 | 3559.80 | 2469.74 | 69.38 |
| 17. | Faridkot .. | 254.25 | 251.91 | 678.75 | 662.85 | 4.11 | 2.25 | 1000.00 | 724.00 | 0.00 | 0.00 | 0.00 | 0.00 | 371.00 | 343.00 | 0.00 | 0.00 | 2308.11 | 1984.01 | 85.96 |
| 18. | Mukatsar .. | 341.25 | 333.36 | 957.75 | 827.50 | 199.53 | 111.41 | 1904.00 | 0.00 | 239.40 | 0.00 | 537.92 | 0.00 | 814.00 | 675.00 | 10.00 | 4.00 | 5003.85 | 1951.27 | 39.00 |
| 19. | Bathinda .. | 495.75 | 495.75 | 1457.25 | 1435.72 | 654.46 | 537.99 | 2750.00 | 897.31 | 364.34 | 69.83 | 413.97 | 48.69 | 697.00 | 639.00 | 97.00 | 68.56 | 6929.77 | 4192.85 | 60.50 |
| 20. | Mansa .. | 302.75 | 302.75 | 848.25 | 794.35 | 285.26 | 105.00 | 1550.00 | 1165.26 | 212.07 | 194.95 | 339.00 | 211.72 | 777.00 | 597.00 | 0.00 | 0.00 | 4314.33 | 3371.03 | 78.14 |
| | **Total** .. | **13787.48** | **13622.04** | **29820.77** | **27956.58** | 11724.76 | 8411.51 | 9999.70 | 4007.83 | 7330.38 | 2573.02 | 6346.60 | 2162.26 | 25600.00 | 18177.00 | 3664.00 | 2004.84 | 108273.69 | 78915.08 | 72.88 |

-----------

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

## ਰਾਜ ਵਿੱਚ ਨਿਕਾਸੀ ਜ਼ਮੀਨ ਦੀ ਅਲਾਟਮੈਂਟ

23. **ਸਰਦਾਰ ਈਸ਼ਰ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਨਿਕਾਸੀ ਜ਼ਮੀਨ ਦਾ ਜ਼ਿਲ੍ਹਾਵਾਰ ਵੇਰਵਾ ਕੀ ਹੈ ਅਤੇ ਮੌਜੂਦਾ ਸਰਕਾਰ ਦੀ ਪੱਟੇਦਾਰਾਂ ਨੂੰ ਨਿਕਾਸੀ ਜ਼ਮੀਨ ਦੀ ਅਲਾਟਮੈਂਟ ਲਈ ਨੀਤੀ ਦਾ ਵੇਰਵਾ ਕੀ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ** : ਸਾਲ 1997 ਵਿੱਚ ਘਟੀਆ ਨਿਕਾਸੀ ਜ਼ਮੀਨ ਅਤੇ ਸਰਪਲੱਸ ਦਿਹਾਤੀ ਨਿਕਾਸੀ ਜ਼ਮੀਨ ਨੂੰ ਸ਼੍ਰੇਣੀਕ੍ਰਿਤ ਕਰਦੇ ਹੋਏ ਦਿਹਾਤੀ ਨਿਕਾਸੀ ਜ਼ਮੀਨ ਕਰਾਰ ਕੀਤਾ ਗਿਆ ਹੈ । ਦਿਹਾਤੀ ਨਿਕਾਸੀ ਜ਼ਮੀਨ ਦੀ ਜ਼ਿਲ੍ਹੇ-ਵਾਰ ਵੰਡ ਦਾ ਵੇਰਵਾ ਹੇਠ ਅਨੁਸਾਰ ਹੈ :-

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਉਪਲਬਧ ਨਿਕਾਸੀ ਜ਼ਮੀਨ | | |
|---|---|---|---|---|---|
| | | | ਏਕੜ | ਕਨਾਲ | ਮਰਲੇ |
| 1. | ਅੰਮ੍ਰਿਤਸਰ | .. | 2399 | 0 | 0 |
| 2. | ਬਠਿੰਡਾ | .. | 29 | 3 | 19 |
| 3. | ਫਤਹਿਗੜ੍ਹ ਸਾਹਿਬ | .. | ਨਿੱਲ | ਨਿੱਲ | ਨਿੱਲ |
| 4. | ਫਰੀਦਕੋਟ | .. | ਨਿੱਲ | ਨਿੱਲ | ਨਿੱਲ |
| 5. | ਫਿਰੋਜ਼ਪੁਰ | .. | 11114 | 5 | 4 |
| 6. | ਗੁਰਦਾਸਪੁਰ | .. | 7318 | 5 | 11 |
| 7. | ਹੁਸ਼ਿਆਰਪੁਰ | .. | 2266 | 2 | 4 |
| 8. | ਜਲੰਧਰ | .. | 5178 | 3 | 3 |
| 9. | ਕਪੂਰਥਲਾ | .. | 5652 | 1 | 2 |
| 10. | ਲੁਧਿਆਣਾ | .. | 5058 | 163 | 75 |
| 11. | ਮਾਨਸਾ | .. | 30 | 6 | 12 |
| 12. | ਮੁਕਤਸਰ | .. | 31 | 3 | 7 |
| 13. | ਮੋਗਾ | .. | 2074 | 4 | 0 |
| 14. | ਨਵਾਂ ਸ਼ਹਿਰ | .. | ਨਿੱਲ | ਨਿੱਲ | ਨਿੱਲ |
| 15. | ਪਟਿਆਲਾ | .. | 391 | 4 | 0 |
| 16. | ਰੋਪੜ | .. | 179 | 0 | 0 |
| 17. | ਬਰਨਾਲਾ | .. | ਨਿੱਲ | ਨਿੱਲ | ਨਿੱਲ |

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਉਪਲਬਧ ਨਿਕਾਸੀ ਜ਼ਮੀਨ | | |
|---|---|---|---|---|---|
| | | | ਏਕੜ | ਕਨਾਲ | ਮਰਲੇ |
| 18. | ਸੰਗਰੂਰ | .. | 29 | 2 | 11 |
| 19. | ਤਰਨਤਾਰਨ | .. | 421 | 0 | 4 |
| 20. | ਐਸ.ਏ.ਐਸ. ਨਗਰ | .. | ਨਿੱਲ | ਨਿੱਲ | ਨਿੱਲ |
| | ਕੁੱਲ ਜੋੜ | .. | 42195 | 0 | 12 |

ਦਿਹਾਤੀ ਨਿਕਾਸੀ ਜ਼ਮੀਨ ਦੀ ਅਣ-ਅਧਿਕਾਰਤ ਕਾਬਜਕਾਰਾਂ ਨੂੰ ਅਲਾਟਮੈਂਟ ਸਬੰਧੀ ਪਾਲਿਸੀ ਮੌਜੂਦਾ ਸਰਕਾਰ ਵੱਲੋਂ ਅਜੇ ਅੰਤਿਮ ਕਰਨੀ ਬਾਕੀ ਹੈ ।

------------

**ਕੰਢੀ ਖੇਤਰ ਵਿੱਚ ਪਾਣੀ ਦੇ ਖ਼ਰਚਿਆਂ ਦੀ ਵਸੂਲੀ ਤੋਂ ਛੋਟ**

24. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੰਢੀ ਖੇਤਰ ਦੇ ਕਿਸਾਨਾਂ ਜਿਨ੍ਹਾਂ ਨੂੰ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੇ ਟਿਊਬਵੈੱਲਾਂ ਰਾਹੀਂ ਸਿੰਜਾਈ ਲਈ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ, ਤੋਂ ਪ੍ਰਤੀ ਘੰਟਾ ਵਸੂਲੇ ਜਾਂਦੇ ਪਾਣੀ ਦੇ ਖ਼ਰਚਿਆਂ ਦੀ ਦਰ ਕੀ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਿਸਾਨਾਂ ਨੂੰ ਪਾਣੀ ਦੇ ਖ਼ਰਚਿਆਂ ਦੀ ਵਸੂਲੀ ਤੋਂ ਛੋਟ ਦਿੱਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : (ੳ) ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਵੱਲੋਂ ਕੰਢੀ ਇਲਾਕੇ ਵਿੱਚ ਟਿਊਬਵੈੱਲਾਂ ਰਾਹੀਂ ਸਿੰਜਾਈ ਵਾਸਤੇ ਕਿਸਾਨਾਂ ਨੂੰ ਦਿੱਤੇ ਜਾਂਦੇ ਪਾਣੀ ਦੀ ਵਸੂਲੀ ਇਕ ਰੁਪਿਆ ਪ੍ਰਤੀ ਯੂਨਿਟ ਬਿਜਲੀ ਖਪਤ ਦੇ ਹਿਸਾਬ ਨਾਲ ਕੀਤੀ ਜਾਂਦੀ ਹੈ ।

(ਅ) ਇਹ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ ।

------------

Original with;
Punjab Vidhan Sabha
Digitized by;
Panjab Digital Library

## ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 25*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

-----------

## ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਤੋਂ ਹੱਡਾਰੋੜੀ ਦੀ ਥਾਂ ਨੂੰ ਹਟਾਉਣਾ

26. **ਸਰਦਾਰ ਅਜਾਇਬ ਸਿੰਘ ਭੱਟੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਪਿੰਡਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿੱਥੇ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਦੇ ਨਜ਼ਦੀਕ ਪਸ਼ੂਆਂ ਦੇ ਪਿੰਜਰ ਸੁੱਟਣ ਵਾਲੀਆਂ ਥਾਂਵਾਂ ਮੌਜੂਦ ਹਨ ਅਤੇ ਅਜਿਹੀਆਂ ਬਸਤੀਆਂ ਤੋਂ ਅਜਿਹੀਆਂ ਥਾਂਵਾਂ ਨੂੰ ਬਦਲਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਖੇਤਰੀ ਅਧਿਕਾਰੀਆਂ ਪਾਸੋਂ ਪ੍ਰਾਪਤ ਕੀਤੀ ਸੂਚਨਾ ਅਨੁਸਾਰ ਜ਼ਿਲ੍ਹਾ ਅੰਮ੍ਰਿਤਸਰ, ਨਵਾਂਸ਼ਹਿਰ, ਫਰੀਦਕੋਟ, ਗੁਰਦਾਸਪੁਰ, ਪਟਿਆਲਾ, ਤਰਨਤਾਰਨ, ਫਤਹਿਗੜ੍ਹ ਸਾਹਿਬ, ਰੋਪੜ ਅਤੇ ਹੁਸ਼ਿਆਰਪੁਰ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਦੇ ਨੇੜੇ ਹੱਡਾ ਰੋੜੀਆਂ ਸਥਿਤ ਨਹੀਂ ਹਨ । ਜ਼ਿਲ੍ਹਾ ਮੁਕਤਸਰ ਵਿੱਚ 5, ਜਲੰਧਰ ਵਿੱਚ 16, ਬਠਿੰਡਾ ਵਿੱਚ 14, ਬਰਨਾਲਾ ਵਿੱਚ 2, ਲੁਧਿਆਣਾ ਵਿੱਚ 13, ਫਿਰੋਜ਼ਪੁਰ ਵਿੱਚ 13, ਮਾਨਸਾ ਵਿੱਚ 14, ਸੰਗਰੂਰ ਵਿੱਚ 2, ਐਸ.ਏ.ਐਸ. ਨਗਰ ਵਿੱਚ 3, ਮੋਗਾ ਵਿੱਚ 13 ਅਤੇ ਕਪੂਰਥਲਾ ਵਿੱਚ 13 ਪਿੰਡਾਂ ਵਿੱਚ ਹੱਡਾ ਰੋੜੀਆਂ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਦੇ ਨੇੜੇ ਪਾਈਆਂ ਗਈਆਂ ਹਨ ਜਿਨ੍ਹਾਂ ਦਾ ਵੇਰਵਾ ਅਨੁਲੱਗ 'ੳ' ਤੇ ਹੇਠ ਰੱਖਿਆ ਜਾਂਦਾ ਹੈ ।

ਇਨ੍ਹਾਂ ਹੱਡਾ ਰੋੜੀਆਂ ਨੂੰ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਤੋਂ ਦੂਰ ਕਰਵਾਉਣ ਹਿਤ ਗਰਾਮ ਪੰਚਾਇਤਾਂ ਵੱਲੋਂ ਹੋਰ ਢੁਕਵੇਂ ਥਾਂ ਦੀ ਤਲਾਸ਼ ਕੀਤੀ ਜਾ ਰਹੀ ਹੈ । ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 35 (g) ਅਧੀਨ ਗਰਾਮ ਪੰਚਾਇਤਾਂ ਨੂੰ ਆਪ ਹੁਕਮ ਪਾਸ ਕਰਨ ਦੇ ਅਧਿਕਾਰ ਹਨ ਕਿ ਉਹ ਪਿੰਡ ਦੀ ਅਬਾਦੀ ਤੋਂ 440 ਗਜ਼ ਦੇ ਘੇਰੇ ਅੰਦਰ ਸਥਿਤ ਹੱਡਾ ਰੋੜੀਆਂ ਨੂੰ ਬਾਹਰ ਕਢਵਾ ਸਕਦੀ ਹੈ ।

---

* For Unstarred Questions No. 25 and reply thereto, please *see* Appendix-I to this Debates.

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਪੰਚਾਇਤਾਂ ਨੂੰ ਆਪਣੇ ਅਧਿਕਾਰ ਵਰਤਣ ਲਈ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਰਾਹੀਂ ਲਿਖਿਆ ਗਿਆ ਹੈ ।

## ਅਨੁਲੱਗ 'ੳ'

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਦੇ ਨੇੜੇ ਹੱਡਾ ਰੋੜੀਆਂ ਦੀ ਗਿਣਤੀ ਸਬੰਧੀ ਖੇਤਰੀ ਅਧਿਕਾਰੀਆਂ ਪਾਸੋਂ ਪ੍ਰਾਪਤ ਹੋਈ ਸੂਚਨਾ |
|---|---|---|---|
| 1 | 2 | | 3 |
| 1. | ਅੰਮ੍ਰਿਤਸਰ | .. | ਨਿਲ |
| 2. | ਬਠਿੰਡਾ | .. | ਭੈਣੀ ਚੂਹੜ, ਜੇਠੂਕੇ, ਜਿਉਂਦ, ਭੂੰਦੜ, ਦਿਆਲਪੁਰਾ ਮਿਰਜਾ, ਬੁਰਜ ਲੱਧਾ ਸਿੰਘ, ਧੌਨ ਸਿੰਘ ਖਾਨਾ, ਰਾਏਕੇ ਕਲਾਂ, ਮੁਹਾਲਾ, ਬਾਜਕ, ਗਹਿਰੀ ਬੁੱਟਰ, ਆਕਲੀਆਂ ਕਲਾਂ, ਬਹਿਮਣ ਦੀਵਾਨਾ, ਢੇਲਵਾ (ਕੁੱਲ 14) |
| 3. | ਫਿਰੋਜ਼ਪੁਰ | .. | ਬਸਤੀ ਨਿਜ਼ਾਮੁਦੀਨ ਵਾਲੀ, ਪੱਲਾ ਮੇਘਾ, ਭਾਵੜਾ ਆਜਮਸ਼ਾਹ, ਸ਼ੇਰ ਖਾਂ, ਬਸਤੀ ਖਾਨਪੁਰ, ਮਾਛੀਬੁਗਰਾ, ਕੈਲਾਸ਼, ਤੂੰਬੜ ਭੰਨ, ਯਾਰੇਸ਼ਾਹ ਵਾਲਾ, ਸੋਢੀ ਨਗਰ, ਭਾਲਾ ਫਰਾਇਆ ਮੱਲ, ਸੁਲਹਾਣੀ, ਪਿਆਰੇਆਣਾ (ਕੁੱਲ 13) |
| 4. | ਫਰੀਦਕੋਟ | .. | ਨਿੱਲ |
| 5. | ਫਤਹਿਗੜ੍ਹ ਸਾਹਿਬ | .. | ਨਿੱਲ |
| 6. | ਗੁਰਦਾਸਪੁਰ | .. | ਨਿੱਲ |
| 7. | ਹੁਸ਼ਿਆਰਪੁਰ | .. | ਨਿੱਲ |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 8. | ਜਲੰਧਰ | .. | ਤੱਲਹਣ, ਚੂਹੜਵਾਲੀ, ਨੱਥੇਵਾਲ, ਚਚਰਾੜੀ, ਸੁੰਨੜ ਕਲਾਂ, ਪਨੀ ਪਿੰਡ, ਬਹਾਦਰਪੁਰ, ਹੱਸਨਮੁੰਡਾ, ਲੱਲੀਆਂ ਕਲਾਂ, ਬਸਤੀ ਇਬਰਾਹਿਮ ਖਾਂ, ਐਮਾਂ ਕਾਜੀ, ਛੋਟਾ-ਬੜਾ ਪਿੰਡ, ਰੰਧਾਵਾ ਮਸੰਦਾਂ, ਬਘੇਲਾ, ਆਧੀ, ਟੂਟ ਕਲਾਂ (ਕੁੱਲ 16) |
| 9. | ਕਪੂਰਥਲਾ | .. | ਕੱਟੂਪੁਰ, ਕੋਕਲਾਪੁਰ, ਪ੍ਰਵੇਜ਼ ਨਗਰ, ਧਵਾਂਖੇ ਨਿਸ਼ਾਨ, ਖਾਲੂ, ਮੁਖੀਆ ਨੰਗਲ, ਮੀਨਪੁਰ, ਕੋਟ ਰਾਣੀ, ਭਾਣੋਕੀ, ਨੰਗਲ ਮੱਝਾ, ਰੰਧਾਵਾ, ਭੁੱਲਰ ਬੇਟ, ਮਾਨਪੁਰ (ਕੁੱਲ 13) |
| 10. | ਲੁਧਿਆਣਾ | .. | ਬੂਟਾਹਰੀ, ਸੁਧਾਰ, ਜਲਾਲਦੀਵਾਲ, ਕੈਮਾਂ, ਰੋਹਣੋਂ ਕਲਾਂ, ਅਲੂਣਾਂ ਪੱਲਾ, ਅਲੂਣਾ ਤੋਲਾ, ਘੁੰਗਰਾਲੀ ਰਾਜਪੂਤਾਂ, ਚੌਂਪਰ, ਇਕੋਲਾਹੀ, ਬੁਲਾਣੀ, ਭੱਠਲ, ਸੀਹੌੜਾ (ਕੁੱਲ 13) |
| 11. | ਮਾਨਸਾ | .. | ਨਰਿੰਦਰਪੁਰਾ, ਖਿਆਲਾ ਕਲਾਂ, ਸਹਾਰਨਾ, ਭਾਈ ਦੇਸਾ, ਜ਼ਵਾਹਰਕੇ, ਭਖੜਿਆਲ, ਮੱਲ ਸਿੰਘ ਵਾਲਾ, ਸ਼ੇਖੂਪੁਰ ਖੁਡਾਲ, ਰੰਘੜਿਆਲ, ਬੁਰਜ ਭਲਾਈਕੇ, ਤਲਵੰਡੀ, ਅਕਲੀਆਂ, ਬੀਰੇਵਾਲਾ ਜੱਟਾਂ, ਸੰਘਾ, ਨਾਹਰਾ (ਕੁੱਲ 14) |
| 12. | ਮੁਕਤਸਰ | .. | ਉਦੇਕਾਰਾਂ, ਬਰਕੰਡੀ, ਮਲੋਟ ਪਿੰਡ, ਕੋਠੇ ਹਜੂਰੇਵਾਲਾ, ਭਿਟੀਵਾਲਾ (ਕੁੱਲ 5) |
| 13. | ਮੋਗਾ | .. | ਚੁੱਪਕੀਤੀ, ਡਾਲਾ, ਕੋਕਰੀ ਹੇਰਾਂ, ਕਿਲੀ ਚਾਹਲ, ਰਾਮੂਵਾਲਾ, ਦੌਲਤਪੁਰਾ ਉਚਾ, ਘੱਲ ਕਲਾਂ ਪੱਤੀ ਮਹਿਰ, ਚੰਦ ਪੁਰਾਣਾ, ਸੰਗਤਪੁਰਾ, ਭੁੱਲੇਵਾਲਾ, ਸੁਖਾਨੰਦ, ਸਮਾਧ ਭਾਈ, ਮੱਲਕੇ (ਕੁੱਲ 13) |

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

| 1 | 2 | | 3 | |
|---|---|---|---|---|
| 14. | ਨਵਾਂਸ਼ਹਿਰ | .. | ਨਿੱਲ | |
| 15. | ਪਟਿਆਲਾ | .. | ਨਿੱਲ | |
| 16. | ਰੋਪੜ | .. | ਨਿੱਲ | |
| 17. | ਬਰਨਾਲਾ | .. | ਦਰਾਕਾ ਅਤੇ ਦਰਾਜ, ਬਡਬਰ | (ਕੁੱਲ 2) |
| 18. | ਸੰਗਰੂਰ | .. | ਨਗਲਾ, ਚੌਟੀਆਂ | (ਕੁੱਲ 2) |
| 19. | ਐਸ.ਏ.ਐਸ. ਨਗਰ | .. | ਤੱਕੀ ਪੁਰ, ਬੀੜ ਸੌਹਾਣਾ, ਨਵੀਪੁਰ | (ਕੁੱਲ 3) |
| 20. | ਤਰਨਤਾਰਨ | .. | ਨਿੱਲ | |
| | ਕੁੱਲ ਗਿਣਤੀ | .. | 108 | |

**ਮਾਨਯੋਗ ਸਪੀਕਰ** : ਹੁਣ ਵਿੱਤ ਮੰਤਰੀ ਸਾਹਿਬ ਸਾਲ 2007-08 ਲਈ ਬਜਟ ਅਨੁਮਾਨ ਪੇਸ਼ ਕਰਨਗੇ ।

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਮੈਂ ਕੁਝ ਆਪਣੇ ਸਵਾਲਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ.............

**ਮਾਨਯੋਗ ਸਪੀਕਰ** : ਮੈਂ ਤਾਂ ਰੂਲ ਦੀ ਗੱਲ ਕਰਦਾ ਹਾਂ । ਜੇ ਕਹੋ ਤਾਂ ਮੈਂ ਰੂਲ 165 ਪੜ੍ਹ ਕੇ ਸੁਣਾ ਦਿਆਂ ? ਇਹ ਗੱਲ ਸਾਰੇ ਮੈਂਬਰ ਸਾਹਿਬਾਨ ਜੋ ਇਸ ਹਾਊਸ ਵਿੱਚ ਮੌਜੂਦ ਹਨ, ਜਾਣਦੇ ਹਨ ਕਿ ਇਥੇ ਰੂਲਜ਼ ਦੇ ਮੁਤਾਬਿਕ ਹੀ ਸਾਰਾ ਕੰਮ ਹੁੰਦਾ ਹੈ। ਇਹ ਰੂਲ ਮੇਰੇ ਬਣਾਏ ਹੋਏ ਨਹੀਂ ਹਨ । ਇਹ ਸਾਰੇ ਹਾਊਸ ਵਾਸਤੇ ਰੂਲ ਹਨ । ਜੇ ਮੁਨਾਸਬ ਸਮਝੋ ਤਾਂ ਮੈਂ ਇਹ ਪੜ੍ਹ ਕੇ ਸੁਣਾ ਦਿੰਦਾ ਹਾਂ - ਨਿਸ਼ਚਿਤ ਦਿਨ ਤੇ ਬਜ਼ਟ ਪੇਸ਼ ਕਰਨ ਅਤੇ ਪ੍ਰਸ਼ਨ ਪੁੱਛਣ ਅਤੇ ਉੱਤਰ ਦੇਣ ਤੋਂ ਇਲਾਵਾ ਸਿਵਾਏ......(ਵਿਘਨ) ਮੈਂ ਰੂਲਜ਼ ਦੀ ਗੱਲ ਕਰ ਰਿਹਾ ਹਾਂ...........

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਮੇਰੀ ਗੱਲ ਸਵਾਲਾਂ ਨਾਲ ਸਬੰਧਤ ਹੈ................

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਇਹ ਆਪ ਫਾਈਨੈਂਸ ਮਨਿਸਟਰ ਰਹੇ ਹਨ, ਇਨ੍ਹਾਂ ਨੂੰ ਪਤਾ ਹੈ ਕਿ ਜਿਸ ਦਿਨ ਬਜਟ ਪੜ੍ਹਨਾ ਹੈ....

**ਮਾਨਯੋਗ ਸਪੀਕਰ** : ਮਨਪ੍ਰੀਤ ਜੀ, ਇਕ ਮਿੰਟ । ਮੈਂ ਕਲ੍ਹ ਬਿਜ਼ਨਸ ਅਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਸਾਰਿਆਂ ਨੂੰ ਬੜੀ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਸੀ ਕਿ ਕੁਐਸਚਨ ਆਵਰ ਤੋਂ ਬਾਅਦ ਬਜਟ ਪੇਸ਼ ਕਰਨ ਵਾਲੇ ਦਿਨ ਜ਼ੀਰੋ ਆਵਰ ਨਹੀਂ ਹੁੰਦਾ । ਇਹ ਗੱਲ ਰੂਲਜ਼ ਪ੍ਰੋਵਾਈਡ ਕਰਦੇ ਹਨ.........(ਵਿਘਨ)

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਮੈਂ ਆਪਣੇ ਸਵਾਲਾਂ ਬਾਰੇ ਗੱਲ ਕਰ ਰਿਹਾ ਹਾਂ । ਮੇਰੇ ਸਵਾਲ ਰਿਜੈਕਟ ਕਰ ਦਿੱਤੇ ਗਏ ਹਨ.......... (ਵਿਘਨ)

(ਇਸ ਸਮੇਂ ਸਦਨ ਵਿੱਚ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ ਅਤੇ ** ਨਾਅਰੇ ਮਾਰਨ ਲੱਗੇ । ਹਾਊਸ ਵਿੱਚ ਕਾਫੀ ਸ਼ੋਰ ਸੀ ।)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ । ਹਾਂ ਜੀ, ਮਨਪ੍ਰੀਤ ਜੀ । ਹੁਣ ਵਿੱਤ ਮੰਤਰੀ ਜੀ ਬਜਟ ਪੇਸ਼ ਕਰਨਗੇ । (ਰੂਲਿੰਗ ਪਾਰਟੀ ਵੱਲੋਂ ਥੰਪਿੰਗ) (ਵਿਘਨ) (ਸ਼ੋਰ)

---

## PRESENTATION OF THE BUDGET ESTIMATES FOR THE YEAR 2007-08

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਆਨਰੇਬਲ ਮੈਂਬਰਾਨ, ਲੈਜਿਸਲੇਟਿਵ ਅਸੈਂਬਲੀ, ਪੰਜਾਬ, ਪ੍ਰਮਾਤਮਾ ਦਾ ਫਜ਼ਲੋ-ਕਰਮ ਹੈ ਅਤੇ ਮੇਰੀ ਖੁਸ਼ਨਸੀਬੀ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਅੱਵਲੀਨ ਬਜਟ ਪੇਸ਼ ਕਰਨ ਦਾ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ। ਇਹ ਉਹ ਸੁਨਹਿਰੀ

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਮੌਕਾ ਹੈ ਜਿਸ ਨੂੰ ਤਰੀਖੀ ਕਹਿਣਾ ਹੱਕ-ਬ-ਜਾਨਿਬ ਹੈ ਅਤੇ ਮੇਰੇ ਲਈ ਇਹ ਬਾਈਸੇ-ਫ਼ਖਰ ਹੈ ਕਿ ਮੈਨੂੰ ਇਹ ਮੌਕਾ ਨਸੀਬ ਹੋਇਆ। ਮੈਨੂੰ ਇਸ ਮੁਕਾਮ ਦਾ ਔਰ ਮੁਅੱਜਜ਼ ਹੈਸੀਅਤ ਦਾ ਵੀ ਅਹਿਸਾਸ ਹੈ ਜੋ ਇਸ ਰੁਤਬੇ ਤੋਂ, ਮੇਰੇ ਤੋਂ ਉਮੀਦ ਕੀਤੀ ਜਾ ਰਹੀ ਹੈ। ਜਿਸ ਨਾਜ਼ੁਕ ਸੂਰਤੇ-ਹਾਲ ਵਿੱਚ ਪੰਜਾਬ ਦੇ ਫਾਈਨਾਂਸ ਦੀ ਨਿਗਰਾਨੀ ਦਾ ਸਾਹਮਣਾ ਕਰਨਾ ਹੈ, ਮੈਨੂੰ ਇਸ ਜ਼ੁੰਮੇਵਾਰੀ ਦਾ ਵੀ ਅਹਿਸਾਸ ਹੈ। ਸਪੀਕਰ ਸਾਹਿਬ, ਅੱਜ ਅਸੀਂ ਆਪਣੇ ਫਾਨੀ ਹੱਥਾਂ ਦੇ ਵਿੱਚ ਉਹ ਤਾਕਤ ਰੱਖਦੇ ਹਾਂ ਜਿਸ ਦੀ ਬਦੌਲਤ ਪੰਜਾਬ ਨੂੰ ਪੱਛਮੀ ਯੂਰਪ ਦੀ ਜਮਾਤ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਮੈਂ ਚਾਹੁੰਦਾ ਹਾਂ ਅਤੇ ਮੇਰੀ ਇਹ ਤਮੰਨਾ ਹੈ ਕਿ ਆਪਣੀ ਜ਼ੁੰਮੇਵਾਰੀ ਨੂੰ ਦਿਆਨਤਦਾਰੀ ਅਤੇ ਇਮਾਨਦਾਰੀ ਨਾਲ ਨਿਭਾਉਣ ਵਿੱਚ ਅਜ਼ੀਮ ਸਦਨ ਦਾ ਹਰ ਮੈਂਬਰ ਪੂਰੀ ਦਿਲ-ਜ਼ਮੀਂ ਅਤੇ ਦਿਲ ਦੀ ਗਹਿਰਾਈ ਨਾਲ ਮੈਨੂੰ ਤਾਅਵੁਨ ਦੇਵੇਗਾ, ਇਸ ਵਿੱਚ ਕੋਈ ਸ਼ੱਕ ਵੀ ਨਹੀਂ। ਜਨਾਬ ਸਪੀਕਰ ਸਾਹਿਬ, ਨਿਕੋਲਾਇ ਓਸਟਰੋਵਸਕੀ ਮੁਜਾਹਿਦ ਨੇ ਸੰਨ 1904 ਤੋਂ 1936 ਤੱਕ ਨਿਹਾਇਤ ਛੋਟੀ ਜ਼ਿੰਦਗੀ ਗੁਜ਼ਾਰੀ.............(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਹਾਂ ਜੀ, ਸੀ.ਐਮ. ਸਾਹਿਬ। (ਸ਼ੋਰ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਆਪੋਜ਼ੀਸ਼ਨ ਨੂੰ ਇਕ ਬੇਨਤੀ ਕਰਨ ਲਈ ਖੜ੍ਹਾ ਹੋਇਆ ਹਾਂ। ਮੈਂ ਆਪਣੇ ਹੱਥ ਬੰਨ੍ਹ ਕੇ ਨਿਮਰਤਾ ਸਹਿਤ ਆਪੋਜ਼ੀਸ਼ਨ ਲੀਡਰ ਨੂੰ ਅਤੇ ਮੈਂਬਰਜ਼ ਨੂੰ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਦਾ ਦਿਨ ਜਿਹੜਾ ਹੈ, ਇਹ ਬੜਾ ਇਤਿਹਾਸਕ ਦਿਨ ਹੈ ਅਤੇ ਮੈਂ ਐਸ਼ੋਰੈਂਸ ਦਿੰਦਾ ਹਾਂ ਕਿ ਜਿਹੜੇ ਮਸਲੇ ਇਹ ਹਾਊਸ ਵਿੱਚ ਉਠਾਉਣਾ ਚਾਹੁੰਣਗੇ, ਉਸਦੇ ਵਾਸਤੇ ਜਿੰਨਾ ਮਰਜ਼ੀ ਇਹ ਟਾਈਮ ਲੈ ਲੈਣ। ਕਾਲਾ ਕੱਪੜਾ ਜਿਹੜਾ ਇਨ੍ਹਾਂ ਨੇ ਪਾਇਆ ਹੈ, ਉਸ ਤੇ ਜੋ ਕੁਝ ਲਿਖਿਆ ਹੈ, ਭਾਵੇਂ ਦਾਲ-ਆਟਾ ਲਿਖਿਆ ਹੈ ਅਤੇ ਭਾਵੇਂ ਕੁਝ ਹੋਰ ਲਿਖਿਆ ਹੈ, ਇਕ ਇਕ ਚੀਜ਼ ਤੇ ਆਪਾਂ ਵਿਚਾਰ ਕਰ ਲਵਾਂਗੇ। ............(ਸ਼ੋਰ) (ਵਿਘਨ) ਜੋ ਲਾਅ ਐਂਡ ਆਰਡਰ ਦੀ ਗੱਲ ਹੈ, ਉਸ ਬਾਰੇ ਵੀ ਆਪਾਂ ਬਹਿਸ ਕਰ ਲਵਾਂਗੇ। ਜਿਹੜੇ ਵੀ ਮਸਲੇ ਕਾਂਗਰਸ ਪਾਰਟੀ ਉਠਾਉਣਾ ਚਾਹੁੰਦੀ ਹੈ, ਇਕ ਦਿਨ ਪੂਰਾ ਉਸ ਦੇ ਵਾਸਤੇ ਅਸੀਂ ਬਹਿਸ ਕਰਨ ਨੂੰ ਤਿਆਰ ਹਾਂ। ..............(ਸ਼ੋਰ) (ਵਿਘਨ) ਜੇ ਤਾਂ ਇਨ੍ਹਾਂ ਨੇ ਮਨ ਹੀ ਬਣਾਇਆ ਹੈ ਕਿ ਹਾਊਸ ਨੂੰ ਡਿਸਟਰਬ ਕਰਨਾ ਹੀ ਕਰਨਾ ਹੈ ਤਾਂ ਮੈਂ ਕੁਝ ਨਹੀਂ ਕਹਿ ਸਕਦਾ। ਮੇਰੀ ਅਪੀਲ ਹੈ ਕਿ ਸਦਨ ਦੀਆਂ ਸਾਰੀਆਂ ਪ੍ਰੰਪਰਾਵਾਂ ਨੂੰ ਸਾਹਮਣੇ ਰੱਖ ਕੇ ਅੱਜ ਦਾ ਦਿਨ ਇਹ ਰੌਲਾ ਨਾ ਪਾਉਣ, ਹਾਲੇ ਬਹੁਤ ਦਿਨ ਹੋਰ ਪਏ ਹਨ।

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਜਨਾਬ ਸਪੀਕਰ ਸਾਹਿਬ, ਨਿਕੋਲਾਇ ਓਸਟਰੋਵਸਕੀ ਮੁਜਾਹਿਦ ਨੇ ਸੰਨ 1904 ਤੋਂ 1936 ਤੱਕ ਨਿਹਾਇਤ ਛੋਟੀ ਜ਼ਿੰਦਗੀ ਗੁਜ਼ਾਰੀ ਲੇਕਿਨ ਜਿਸ ਬਹਾਦਰੀ ਅਤੇ ਮੁਹਾਜਿਦਾਨਾ ਅੰਦਾਜ਼ ਨਾਲ ਗੁਜ਼ਾਰੀ ਹੈ, ਦੁਨੀਆ ਉਸ ਨੂੰ ਫ਼ਰਾਮੋਸ਼ ਅਤੇ ਨਜ਼ਰਅੰਦਾਜ਼ ਨਹੀਂ ਕਰ ਸਕਦੀ । 20 ਸਾਲ ਦੀ ਉਮਰ ਵਿੱਚ ਉਸ ਨੇ ਰੂਸ ਦੀ ਗ੍ਰਿਹਿ ਜੰਗ ਦੇ ਮੁਹਾਜ਼ 'ਤੇ ਗਹਿਰੇ ਜ਼ਖ਼ਮ ਖਾਏ । ਇੱਥੋਂ ਤਕ ਕਿ ਅੱਖਾਂ ਦੀ ਰੌਸ਼ਨੀ ਵੀ ਜਾਂਦੀ ਰਹੀ । ਇਨ੍ਹਾਂ ਜ਼ਖ਼ਮਾਂ ਨੇ ਉਸ ਨੂੰ ਚਾਰਪਾਈ ਤੇ ਪਈ ਇਕ ਬੇਕਾਰ ਚੀਜ਼ ਬਣਾ ਕੇ ਰੱਖ ਦਿੱਤਾ । ਲੇਕਿਨ ਉਸ ਦੀ ਜ਼ਾਤ ਦੇ ਅੰਦਰ ਉਹ ਕਦੀ ਵੀ ਹਾਰ ਨਾ ਮੰਨਣ ਵਾਲਾ ਜਜ਼ਬਾ ਸੀ, ਜਿਸ ਨੇ ਉਸ ਨੂੰ ਰੂਸੀ ਅਦਬ ਦੀਆਂ ਉਚਾਈਆਂ ਅਤੇ ਆਲ੍ਹਾ ਪੈਮਾਨੇ 'ਤੇ ਪਹੁੰਚਾ ਦਿੱਤਾ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਅਜ਼ਾਦ ਉਮੀਦਵਾਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ** ਨਾਅਰੇ ਮਾਰ ਰਹੇ ਸਨ)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਲਗਾਤਾਰ ਦੁਨੀਆ ਲਈ ਕੰਮ ਆ ਸਕੇ ਅਤੇ ਬਿਹਤਰ ਦੁਨੀਆ ਬਣਾ ਸਕੇ । ਉਸ ਦੇ ਨਾਵਲ "How the steel was tempered" ਨੇ ਨਸਲਾਂ ਨੂੰ ਸੰਘਰਸ਼ ਕਰਨ ਲਈ ਇਕ ਨਵੀਂ ਰੂਹ ਫੂਕ ਦਿੱਤੀ । ਉਹ ਜੋਸ਼ ਭਰ ਦਿੱਤਾ ਕਿ ਜ਼ਿੰਦਗੀ ਦੇ ਮਸਲਿਆਂ ਅਤੇ ਮੁਸੀਬਤਾਂ 'ਤੇ ਫ਼ਤਹਿ ਹਾਸਲ ਕਰਨ ਲਈ ਉਹ ਕੋਸ਼ਿਸ਼ ਕਰਦੇ ਰਹੇ । ਅੱਜ ਮੈਨੂੰ ਵੀ ਇਹ ਅਲਫ਼ਾਜ਼ ਜੱਦੋ-ਜਹਿਦ ਕਰਨ ਦਾ ਸਬਕ ਦੇ ਰਹੇ ਹਨ :

"ਇਨਸਾਨ ਦੀ ਕੀਮਤੀ ਅਤੇ ਅਜ਼ੀਜ਼-ਤਰੀਨ ਦੌਲਤ ਉਸ ਦੀ ਜ਼ਿੰਦਗੀ ਹੁੰਦੀ ਹੈ ਜੋ ਉਸ ਨੂੰ ਸਿਰਫ਼ ਇਕ ਵਾਰ ਮਿਲਦੀ ਹੈ । ਉਸ ਨੂੰ ਚਾਹੀਦਾ ਹੈ ਕਿ ਜ਼ਿੰਦਗੀ ਬਾ-ਮਕਸਦ ਗੁਜ਼ਾਰੇ ਤਾਂ ਕਿ ਬਾਅਦ ਵਿੱਚ ਉਸ ਨੂੰ ਇਹ ਅਹਿਸਾਸ ਜਾਂ ਇਸ ਗੱਲ ਦਾ ਪਛਤਾਵਾ ਨਾ ਹੋਵੇ ਕਿ ਉਸ ਨੇ ਜ਼ਿੰਦਗੀ ਦੇ ਸਾਲ ਬਰਬਾਦ ਕਰ ਦਿੱਤੇ ਹਨ । ਉਹ ਇਸ ਤਰ੍ਹਾਂ ਜ਼ਿੰਦਗੀ ਦੇ ਮਕਸਦ ਨੂੰ ਹਾਸਲ ਕਰਦਾ ਹੋਇਆ ਜੀਵੇ ਅਤੇ ਮੌਤ ਦੇ ਵਕਤ ਉਸ ਦੀ ਜ਼ੁਬਾਨ 'ਤੇ ਇਹ ਅਲਫ਼ਾਜ਼ ਹੋਣ ਅਤੇ ਉਹ ਸ਼ਾਨ ਨਾਲ ਇਹ ਗੱਲ ਕਹਿ ਸਕੇ ਕਿ ਮੇਰੀ ਤਮਾਮਤਰ ਜ਼ਿੰਦਗੀ ਮੇਰੀ ਤਮਾਮ ਤਾਕਤ ਪੂਰੀ ਦੁਨੀਆ ਲਈ ਬਿਹਤਰੀਨ ਮਕਸਦ ਪਾਉਣ ਲਈ ਔਰ ਇਨਸਾਨੀਅਤ ਨੂੰ ਗ਼ਰੀਬੀ ਦੀ ਕੈਦ ਤੋਂ ਅਜ਼ਾਦ ਕਰਨ ਲਈ ਖ਼ਰਚ ਹੋਈ" । (ਥੰਪਿੰਗ)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

3. ਪੰਜਾਬ ਦੀ ਮਿੱਟੀ ਨੇ ਹਮੇਸ਼ਾ ਦੂਰ-ਅੰਦੇਸ਼, ਦਿਆਨਤਦਾਰ, ਇਮਾਨਦਾਰ ਕਿਸੇ ਕੰਮ ਲਈ ਖ਼ੁਦ ਨੂੰ ਵਕਫ਼ ਕਰਨ ਲਈ ਤਾਰੀਖ਼ੀ ਖ਼ੂਬੀਆਂ ਆਪਣੇ ਜਵਾਨਾਂ ਅਤੇ ਬੇਟੀਆਂ ਵਿੱਚ ਲਗਾਤਾਰ ਪੈਦਾ ਕੀਤੀਆਂ ਨੇ ਅਤੇ ਇਹ ਖ਼ੂਬੀਆਂ, ਜੋ ਪਰਮਾਤਮਾ ਦੀ ਨੁਸੱਰਤ ਅਤੇ ਮਦਦ ਨਾਲ ਮਿਲਦੀਆਂ ਨੇ । ਮੈਂ ਦਾਸ ਜੋ ਵੀ ਕਹਿ ਰਿਹਾ ਹਾਂ, ਪੂਰੇ ਯਕੀਨ ਤੇ ਇਮਾਨਦਾਰੀ ਨਾਲ ਕਹਿ ਰਿਹਾ ਹਾਂ ਅਤੇ ਪਰਮਾਤਮਾ ਦੀ ਜ਼ਾਤ ਤੋਂ ਨਿਮਰਤਾ ਨਾਲ ਮਦਦ ਚਾਹੁੰਨਾ ਹਾਂ । ਇਸ ਲਈ ਕਿ ਮੈਨੂੰ ਪਤਾ ਹੈ ਕਿ ਪਰਮਾਤਮਾ ਵੀ ਦੁਨੀਆ ਵਿੱਚ ਇਨਸਾਨ ਰਾਹੀਂ ਆਪਣੇ ਮਨਸੂਬੇ ਪੂਰੇ ਕਰਦਾ ਹੈ ।

----------

## WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਅਜ਼ਾਦ ਉਮੀਦਵਾਰ ਸਦਨ ਵਿੱਚੋਂ **ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ ।

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ ।

----------

## PRESENTATION OF THE BUDGET ESTIMATES FOR THE YEAR 2007-08 *(Resumption)*

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਆਪ ਸਭ ਮੁਅੱਜ਼ਜ਼ ਮੈਂਬਰਾਨ ਜਾਣਦੇ ਹੋ ਕਿ ਮੈਂ ਇਕ ਨਵੇਂ ਅਤੇ ਨਿਹਾਇਤ ਅਹਿਮ ਸਫ਼ਰ ਲਈ ਅੱਗੇ ਕਦਮ ਵਧਾ ਰਿਹਾ ਹਾਂ । ਇਸ ਲਈ ਤੁਹਾਡੀਆਂ ਦੁਆਵਾਂ ਅਤੇ ਮਦਦ ਦਾ ਤਲਬਗਾਰ ਹਾਂ । ਡਾਕਟਰ ਇਕਬਾਲ ਦੀਆਂ ਚੰਦ ਲਾਈਨਾਂ ਪੰਜਾਬ ਦੀ ਸੂਰਤੇ-ਹਾਲ ਤੇ ਢੁਕਦੀਆਂ ਨੇ :-

"ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈ
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈ
ਖੋ ਗਯਾ ਏਕ ਨਸ਼ੇਮਨ (ਆਲਣਾ) ਤੋਂ ਕਿਆ ਗ਼ਮ ਹੈ
ਤੇਰੇ ਸਾਮਨੇ ਮੁਕਾਮ ਔਰ ਭੀ ਹੈ
ਤੂ ਸ਼ਾਹੀਂ ਹੈ, ਪਰਵਾਜ਼ ਹੈ ਕਾਮ ਤੇਰਾ
ਤੇਰੇ ਸਾਮਨੇ ਆਸਮਾਂ ਔਰ ਭੀ ਹੈ" (ਥੰਪਿੰਗ)

----------

** Not recorded as ordered by the Chair.

Original with;
Punjab Vidhan Sabha
Digitized by;
Panjab Digital Library

4. ਸਾਡੀ ਸਰਕਾਰ ਦਾ ਬੁਨਿਆਦੀ ਫ਼ਰਜ਼ ਪੰਜਾਬ ਦੇ ਲੋਕਾਂ ਨੂੰ ਸਾਫ਼-ਸੁਥਰਾ ਅਤੇ ਬਿਹਤਰੀਨ ਨਿਜ਼ਾਮ ਮੁਹੱਈਆ ਕਰਵਾਉਣਾ ਅਤੇ ਸੂਬੇ ਨੂੰ ਸਭ ਤੋਂ ਵੱਧ ਖ਼ੁਸ਼ਹਾਲ ਅਤੇ ਦੇਸ਼ ਦਾ ਤਰੱਕੀਯਾਫ਼ਤਾ ਸੂਬਾ ਬਣਾਉਣਾ ਅਤੇ ਇਸ ਦੇ ਵਕਾਰ ਨੂੰ ਮੁੜ ਬਹਾਲ ਕਰਨਾ ਹੈ । ਮੈਂ ਗ਼ਰੀਬੀ ਹਟਾਉਣ, ਲੋਕਾਂ ਨੂੰ ਇਨਸਾਫ਼ ਦਿਵਾਉਣ ਅਤੇ ਐਸ.ਸੀ. ਤੇ ਐਸ.ਟੀ. ਅਤੇ ਸਮਾਜ ਦੇ ਕਮਜ਼ੋਰ ਤਬਕੇ ਦੀ ਭਲਾਈ ਲਈ ਆਪਣੇ ਮਜ਼ਬੂਤ ਇਰਾਦੇ ਨੂੰ ਦੁਹਰਾਉਣਾ ਚਾਹਵਾਂਗਾ । ਸਰਕਾਰ ਜ਼ਾਤ-ਪਾਤ ਅਤੇ ਮਜ਼ਹਬ ਤੋਂ ਉਪਰ ਉੱਠ ਕੇ ਆਪਸੀ ਪਿਆਰ-ਮੁਹੱਬਤ ਅਤੇ ਅਮਨ-ਵ-ਸਕੂਨ ਦੀ ਹਾਲਤ ਨੂੰ ਮੁਕੰਮਲ ਤੌਰ ਤੇ ਬਣਾਏ ਰੱਖਣ ਦਾ ਵਾਅਦਾ ਕਰਦੀ ਹੈ । (ਥੰਪਿੰਗ)

**ਅਰਥਚਾਰਾ**

5. ਇਹ ਬਹੁਤ ਫ਼ਿਕਰ ਦੀ ਗੱਲ ਹੈ ਕਿ ਸੂਬੇ ਦਾ ਅਰਥਚਾਰਾ ਪਿਛਲੇ ਕਈ ਸਾਲਾਂ ਤੋਂ ਕੌਮੀ-ਅਰਥਚਾਰੇ ਦੀ ਤਰੱਕੀ ਦਰ ਤੋਂ ਘੱਟ ਵਿਕਾਸ ਦਰ ਨਾਲ ਤਰੱਕੀ ਕਰ ਰਿਹਾ ਹੈ । ਇਹ ਖ਼ਾਸ ਤੌਰ ਤੇ ਖੇਤੀਬਾੜੀ ਅਤੇ ਮੁਤੱਲਕ ਖੇਤਰਾਂ ਦੀ ਤਰੱਕੀ ਦੀ ਰਫ਼ਤਾਰ ਵਿੱਚ ਕਮੀ ਕਰਕੇ ਹੈ, ਜਿਸਨੇ ਕਿ ਸਾਲ 2002-03 ਤੋਂ 2006-07 ਤੱਕ ਦੇ ਸਮੇਂ ਦੌਰਾਨ 2.21 ਫ਼ੀ ਸਦ ਦੀ ਔਸਤ ਦਰ ਉਤੇ ਵਿਕਾਸ ਕੀਤਾ । ਗਿਆਰਵੀਂ ਪੰਜ ਸਾਲਾ ਯੋਜਨਾ (2007-12) ਲਈ ਯੋਜਨਾਬੰਦੀ ਕਮਿਸ਼ਨ ਦੇ ਤਿਆਰ ਕੀਤੇ ਗਏ ਅੰਕੜਿਆਂ ਦੇ ਮੁਤਾਬਕ ਪੰਜਾਬ ਦੇਸ਼ ਦਾ ਸਭ ਤੋਂ ਘੱਟ ਤਰੱਕੀਯਾਫ਼ਤਾ ਸੂਬਾ ਹੋਵੇਗਾ । ਤਰੱਕੀ ਦੀ ਮੱਠੀ ਚਾਲ, ਜੇਕਰ ਜਾਰੀ ਰਹਿਣ ਦਿਤੀ ਜਾਂਦੀ ਹੈ ਤਾਂ ਇਹ ਸੂਬੇ ਦੇ ਆਮਦਨ ਅਤੇ ਰੋਜ਼ਗਾਰ ਦੀ ਸਤਹਾ ਉੱਤੇ ਉਲਟ ਅਸਰ ਪਵੇਗਾ, ਜੋ ਕਿ ਡੂੰਘੀ ਚਿੰਤਾ ਦਾ ਸਬੱਬ ਹੈ ।

6. ਫ਼ੌਰੀ ਅੰਦਾਜ਼ੇ ਦੇ ਮੁਤਾਬਕ, ਪੰਜਾਬ ਦੇ ਅਰਥਚਾਰੇ ਨੇ 2004-05 ਵਿੱਚ 4.95 ਫ਼ੀ ਸਦ (ਆਰਜ਼ੀ) ਦੇ ਮੁਕਾਬਲੇ 2005-06 ਦੌਰਾਨ 4.65 ਫ਼ੀ ਸਦ ਦੀ ਵਿਕਾਸ ਦਰ ਦਰਸਾਈ ਹੈ । ਸਥਿਰ ਕੀਮਤਾਂ (1999-2000) ਉਤੇ ਰਾਜ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਐਸ.ਡੀ.ਪੀ.) 4.65 ਫ਼ੀ ਸਦ ਦੀ ਵਿਕਾਸ ਦਰ ਨੂੰ ਪਿਛਾਂਹ ਵੱਲ ਮੋੜਦੇ ਹੋਏ ਪਿਛਲੇ ਸਾਲ ਤੋਂ ਸਾਲ 2005-06 ਦੌਰਾਨ 81.081 ਕਰੋੜ ਰੁਪਏ ਤੋਂ ਵੱਧ ਕੇ 84.851 ਕਰੋੜ ਰੁਪਏ ਹੋ ਗਿਆ ਹੈ । ਜ਼ਾਹਿਰ ਹੈ ਕਿ ਸੂਬੇ ਦਾ ਅਰਥਚਾਰਾ ਹੌਲੀ-ਹੌਲੀ ਦੱਖਣ ਵੱਲ ਵੱਧ ਰਿਹਾ ਹੈ । ਮੁੱਢਲੇ ਸੈਕਟਰ, ਜਿਸ ਵਿੱਚ ਖੇਤੀਬਾੜੀ ਅਤੇ ਮੁਤੱਲਕ ਸੈਕਟਰ ਸ਼ਾਮਲ ਹਨ, ਦੀ ਵਿਕਾਸ ਦਰ 2004-05 ਵਿੱਚ 2.17 ਫ਼ੀ ਸਦ ਦੇ ਮੁਕਾਬਲੇ ਵਿੱਚ 2005-06 ਵਿੱਚ 1.86 ਫ਼ੀ ਸਦ ਸੀ । ਮੁੱਢਲੇ ਸੈਕਟਰ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਵਿੱਚ ਮਨਫ਼ੀ ਵਾਧਾ ਖ਼ਾਸ ਤੌਰ ਤੇ ਖੜ੍ਹੋਤ ਵਾਲੀ ਖੇਤੀਬਾੜੀ ਦੇ ਕਾਰਨ ਹੈ। ਦੂਜੇ ਦਰਜੇ ਦੇ ਸੈਕਟਰ, ਜਿਸ ਵਿੱਚ ਪੈਦਾਵਾਰ, ਉਸਾਰੀ ਅਤੇ ਬਿਜਲੀ ਸੈਕਟਰ ਸ਼ਾਮਲ ਹਨ, ਨੇ 2004-05 ਵਿੱਚ 7.88 ਫ਼ੀ ਸਦ ਦੇ ਮੁਕਾਬਲੇ ਵਿੱਚ 2005-06 ਵਿੱਚ 5.65 ਫ਼ੀ ਸਦ ਤਕ ਵਿਕਾਸ ਕੀਤਾ ਹੈ। ਇਹ ਸੂਬਾ ਹਿਮਾਚਲ ਪ੍ਰਦੇਸ਼, ਉਤਰਾਂਚਲ ਅਤੇ ਜੰਮੂ ਤੇ ਕਸ਼ਮੀਰ ਦੇ ਸੂਬਿਆਂ ਵਿੱਚ ਲਗਾਈਆਂ ਜਾ ਰਹੀਆਂ ਸਨਅੱਤਾਂ ਵਾਸਤੇ ਹਿੰਦ ਸਰਕਾਰ ਦੁਆਰਾ ਦਿੱਤੀਆਂ ਗਈਆਂ ਵੱਡੀਆਂ ਰਿਆਇਤਾਂ ਦੇ ਕਾਰਨ ਨਿੱਜੀ ਸਰਮਾਇਆਕਾਰੀ ਨੂੰ ਹੌਸਲਾ-ਅਫ਼ਜ਼ਾਈ ਕਰਨ ਵਿੱਚ ਅਸਮਰੱਥ ਰਿਹਾ ਹੈ। ਸਗੋਂ ਇਨ੍ਹਾਂ ਗਵਾਂਢੀ ਰਾਜਾਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਦੇ ਕਾਰਨ ਪੰਜਾਬ ਤੋਂ ਇੰਡਸਟਰੀ ਇਨ੍ਹਾਂ ਸੂਬਿਆਂ ਵੱਲ ਕੂਚ ਕਰ ਰਹੀ ਹੈ। ਤੀਜੇ ਦਰਜੇ ਦੇ ਸੈਕਟਰ ਟ੍ਰਸ਼ਰੀ ਸੈਕਟਰ ਜਿਸ ਵਿੱਚ ਵਪਾਰ, ਟਰਾਂਸਪੋਰਟ, ਬੈਂਕਿੰਗ, ਬੀਮਾ ਅਤੇ ਪਬਲਿਕ ਐਡਮਨਿਸਟ੍ਰੇਸ਼ਨ ਸ਼ਾਮਲ ਹੈ, ਨੇ ਸਿਰਫ਼ 0.65 ਫ਼ੀ ਸਦ ਦਾ ਮਾਮੂਲੀ ਜਿਹਾ ਵਾਧਾ ਦਰਸਾਉਂਦੇ ਹੋਏ ਪਿਛਲੇ ਸਾਲ ਵਿੱਚ 5.67 ਫ਼ੀ ਸਦ ਦੇ ਮੁਕਾਬਲੇ 2005-06 ਵਿੱਚ 6.32 ਫ਼ੀ ਸਦ ਦਾ ਵਿਕਾਸ ਕੀਤਾ।

ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਨਾਲ ਕੁਝ ਪੈਰੇ ਮੈਂ ਅੰਗਰੇਜ਼ੀ ਵਿੱਚ ਪੜ੍ਹਣਾ ਚਾਹੁੰਦਾ ਹਾਂ ਕਿਉਂਕਿ ਕੁਝ ਫਾਇਨਾਂਸ਼ੀਅਲ ਟਰਮਜ਼, ਲਫਜ਼ ਜਿਹੜੇ ਹਨ, ਉਹ ਔਖੇ ਹਨ।

**State Finances**

7. The previous Government, while demitting office did not leave behind State's fiscal situation in good health. Sluggish revenue receipts and sharp increase in expenditure has led to fiscal deterioration. Revenue deficit has been increasing implying lower availability of funds for development works. The previous Government has left a revenue deficit of Rs. 2190.60 crore and fiscal deficit of Rs. 5566.50 crore which was 4.79 percent of Gross State Domestic Product. The expenditure on salaries, pensions and interest payments, which represents committed expenditure, pre-empted 75.96 percent of the revenue receipts in 2006-07. The previous Government also left behind large amounts of unfunded liabilities on account of non-release of funds received from the Govt. of India for various development programmes. This has further compounded the fiscal crisis. The position is so grim that the State has no resources of its own for funding the plan and, therefore, there is no option but to go in for additional resource mobilization.

Original with;
Punjab Vidhan Sabha
Digitized by;
Panjab Digital Library

8. ਨਿਮਨ ਮਾਲੀ ਸੰਕੇਤਕ ਮਾਲੀ-ਦਬਾਉ ਦੀ ਹੱਦ ਅਤੇ ਪਸਾਰ ਨੂੰ ਪੇਸ਼ ਕਰਦੇ ਹਨ :-

(ਕਰੋੜ ਰੁਪਏ ਵਿੱਚ)

| ਲੜੀ ਨੰ: | ਵੇਰਵਾ | 2005-06 (ਅਸਲ) | 2006-07 (ਸੋਧੇ ਅਨੁਮਾਨ) | 2007-08 (ਬਜਟ ਅਨੁਮਾਨ) |
|---|---|---|---|---|
| 1 | 2 | 3 | 4 | 5 |
| 1. | ਮਾਲ-ਆਮਦਨ-ਘਾਟਾ .. | 1240.25 | 2190.60 | 1429.49 |
| 2. | ਕੁੱਲ ਮਾਲੀ ਘਾਟਾ .. | 2653.92 | 5566.50 | 5545.79 |
| 3. | ਮਾਲ-ਆਮਦਨ ਪ੍ਰਾਪਤੀਆਂ (ਲਾਟਰੀ ਨਿਰੋਲ) ਦੀ ਪ੍ਰਤੀਸ਼ਤਤਾ ਵਜੋਂ ਤਨਖਾਹਾਂ, ਪੈਨਸ਼ਨਾਂ .. | 51.18 | 49.07 | 44.99 |
| 4. | ਮਾਲ-ਆਮਦਨ ਪ੍ਰਾਪਤੀਆਂ (ਲਾਟਰੀ ਨਿਰੋਲ) ਦੀ ਪ੍ਰਤੀਸ਼ਤਤਾ ਵਜੋਂ ਵਿਆਜ .. | 26.81 | 26.89 | 23.74 |
| 5. | ਮਾਲ-ਆਮਦਨ ਪ੍ਰਾਪਤੀਆਂ (ਲਾਟਰੀ ਨਿਰੋਲ) ਦੀ ਪ੍ਰਤੀਸ਼ਤਤਾ ਵਜੋਂ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ .. | 77.99 | 75.96 | 68.73 |
| 6. | ਮਾਲ-ਆਮਦਨ-ਘਾਟਾ ਅਤੇ ਕੁੱਲ ਮਾਲੀ ਘਾਟੇ ਦੀ ਪ੍ਰਤੀਸ਼ਤਤਾ .. | 46.73 | 39.35 | 25.78 |
| 7. | ਰਿਣ ਸਟਾਕ .. | 48838 | 47801* | 52764 |
| 8. | ਰਾਜ ਦੇ ਕੁੱਲ ਘਰੇਲੂ ਉਤਪਾਦਨ ਦੀ ਪ੍ਰਤੀਸ਼ਤਤਾ ਵਜੋਂ ਰਿਣ .. | 46.64 | 41.13* | 40.94 |

* ਭਾਰਤ ਸਰਕਾਰ ਵੱਲੋਂ 3772 ਕਰੋੜ ਰੁਪਏ ਦਾ ਖ਼ਾਸ ਮਿਆਦੀ ਕਰਜ਼ਾ ਮੁਆਫ਼ ਕੀਤਾ ਗਿਆ ਹੈ ।

9. ਮਾਲੀ ਵਿਗਾੜ ਦੀ ਹੱਦ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 76 ਫ਼ੀ ਸਦ ਮਾਲ-ਆਮਦਨ ਪ੍ਰਾਪਤੀਆਂ ਤਨਖ਼ਾਹਾਂ, ਪੈਨਸ਼ਨਾਂ ਅਤੇ ਵਿਆਜ ਅਦਾਇਗੀਆਂ ਦੁਆਰਾ ਖ਼ਪਤ ਕੀਤੀਆਂ ਜਾ ਰਹੀਆਂ ਹਨ । ਕੁਲ ਮਾਲੀ ਘਾਟੇ ਨਾਲ ਮਾਲ-ਆਮਦਨ ਘਾਟੇ ਦੇ ਅਨੁਪਾਤ ਵਿੱਚ ਕਾਫ਼ੀ ਵਾਧਾ ਹੁੰਦਾ ਰਿਹਾ ਹੈ ਜਿਸ ਦਾ ਅਸਲ ਮਤਲਬ ਇਹ ਹੈ ਕਿ ਸੂਬੇ ਵੱਲੋਂ ਉਧਾਰ ਲਈਆਂ ਰਕਮਾਂ ਦੀ ਵਰਤੋਂ ਖਪਤ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਖ਼ਰਚਿਆਂ ਨੂੰ ਪੂਰਾ ਕਰਨ ਲਈ ਕੀਤੀ ਜਾ ਰਹੀ ਹੈ ਜੋ ਕਰਜ਼ੇ ਦੇ ਕਾਇਮ ਰਹਿਣ ਕਾਰਨ ਫ਼ਿਕਰ ਦਾ ਬਾਇਸ ਹੈ । ਇਹ ਨਾਜ਼ੁਕ ਹਾਲਾਤ ਬਾਰ੍ਹਵੇਂ ਵਿੱਤ ਕਮਿਸ਼ਨ ਜ਼ਰੀਏ ਹਿੰਦ ਸਰਕਾਰ ਵੱਲੋਂ ਫ਼ਰਾਖ਼-ਦਿਲੀ ਨਾਲ ਮਿਲੀਆਂ ਗਰਾਂਟਾਂ ਦੇ ਹਾਸਲ ਕਰਨ ਦੇ ਬਾਵਜੂਦ ਹੈ । ਅਜਿਹੇ ਮੰਦੇ ਹਾਲਾਤ ਵਿੱਚ ਜਾਰੀ ਰੱਖਣਾ ਨਾ ਕਾਬਿਲੇ-ਮਨਜ਼ੂਰ ਅਤੇ ਨਾ ਕਾਬਿਲੇ-ਬਰਦਾਸ਼ਤ ਵਾਲੀ ਗੱਲ ਹੈ । ਸਾਡੀ ਸਰਕਾਰ ਰਾਜ ਦੇ ਫਾਇਨੈਂਸਿਸ ਨੂੰ ਮੁੜ ਲੀਹਾਂ ਤੇ ਪਾਉਣ ਲਈ ਦ੍ਰਿੜ੍ਹ ਹੈ ਤਾਂ ਜੋ ਤਰੱਕੀ ਪ੍ਰੋਗਰਾਮਾਂ ਲਈ ਵਸੀਲੇ ਮੁਹੱਈਆ ਕੀਤੇ ਜਾ ਸਕਣ । ਸਪੀਕਰ ਸਾਹਿਬ, ਰੋਜ਼ ਦੀ ਆਮਦਨ ਦੇ ਮੁਕਾਬਲੇ ਸਾਡਾ ਰੋਜ਼ ਦਾ ਖ਼ਰਚਾ ਆਮਦਨ ਨਾਲੋਂ ਵੱਧ ਹੈ । ਰੋਜ਼ ਦਾ ਪੰਜਾਬ ਦਾ ਖ਼ਰਚਾ ਚਲਾਉਣ ਵਾਸਤੇ ਸਰਕਾਰ ਕਰਜ਼ਾ ਲੈਂਦੀ ਹੈ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹੋ ਜਿਹੇ ਹਾਲਾਤ ਵਿੱਚ ਇਹ ਗੱਲ ਕਾਬਲੇ-ਕਬੂਲ ਅਤੇ ਨਾ-ਕਾਬਲੇ ਬਰਦਾਸ਼ਤ ਹੈ ਕਿ ਸਰਕਾਰ ਚਲਾਉਣ ਵਾਸਤੇ ਸਰਕਾਰਾਂ ਨੂੰ ਕਰਜ਼ਾ ਲੈਣਾ ਪਵੇ । ਪਿਛਲੇ 15 ਸਾਲ ਤੋਂ ਪੰਜਾਬ ਦੇ ਇਹੋ ਜਿਹੇ ਹਾਲਾਤ ਹਨ ਕਿ ਸਾਡਾ ਰੈਵੀਨਿਊ ਡੈਫੀਸਿਟ ਖ਼ਤਮ ਨਹੀਂ ਹੋ ਰਿਹਾ । ਇਸ ਸਾਲ ਦੇ ਐਸਟੀਮੇਟਾਂ ਵਿੱਚ ਇਸ ਨੂੰ ਘਟਾ ਕੇ 1,429.49 ਕਰੋੜ ਰੁਪਏ ਲੈ ਆਉਣਾ ਹੈ । ਮੈਂ ਜ਼ੁੰਮੇਵਾਰੀ ਨਾਲ ਇਸ ਹਾਊਸ ਨੂੰ ਕਹਿੰਦਾ ਹਾਂ ਕਿ ਜੋ ਸਾਨੂੰ ਵਿਰਸੇ ਵਿੱਚ ਮਿਲਿਆ ਹੈ ਮੈਂ ਇਸ ਨੂੰ ਇਕਦਮ ਨਹੀਂ ਘੱਟ ਕਰ ਸਕਦਾ । ਅਗਲੇ ਸਾਲ ਦੇ ਫਾਇਨਾਂਸ਼ੀਅਲ ਯੀਅਰ ਦੇ ਕਲੋਜ਼ ਤੱਕ ਇਹ ਅਸੀਂ ਜ਼ੀਰੋ ਤੇ ਲੈ ਆਉਣਾ ਹੈ। ਅਸੀਂ ਆਪਣੇ ਵਸੀਲੇ ਵਧਾਈਏ, ਆਪਣੇ ਖਰਚੇ ਘਟਾਈਏ, ਸਾਨੂੰ ਕੁਝ ਕਰਨਾ ਪਵੇਗਾ । ਜੇਕਰ ਅਸੀਂ ਆਪਣੇ ਵਸੀਲੇ ਨਾ ਵਧਾ ਸਕੇ ਅਤੇ ਖ਼ਰਚੇ ਨਾ ਘਟਾ ਸਕੇ ਤਾਂ ਕਰਜ਼ੇ ਦੇ ਨਾਲ-ਨਾਲ ਅਸੀਂ ਦੋ ਸਾਲ ਤੋਂ ਵੱਧ ਇਸ ਸੂਬੇ ਨੂੰ ਨਹੀਂ ਚਲਾ ਸਕਾਂਗੇ । (ਥੰਪਿੰਗ)

ਤਨਖਾਹਾਂ, ਪੈਨਸ਼ਨਾਂ ਅਤੇ ਕਰਜ਼ਿਆਂ ਦੀ ਵਾਪਸੀ ਇਹ ਤਕਰੀਬਨ 76 ਫ਼ੀਸਦੀ ਸਾਡੇ ਕੁਮਿਟਿਡ ਖ਼ਰਚੇ ਹਨ । ਅਗਲੇ ਦੋ ਸਾਲਾਂ ਵਿੱਚ ਇਹ ਅਸੀਂ 76 ਤੋਂ ਘਟਾ ਕੇ 50 ਫ਼ੀਸਦੀ ਤੇ ਲੈ ਕੇ ਆਈਏ ।

**ਬਜਟ ਕਾਰਜ-ਨੀਤੀ**

10. ਸਾਲ 2007-08 ਲਈ ਬਜਟ, ਜੋ ਕਿ ਸਾਡੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਜ਼ਾਹਿਰ ਕਰਦਾ ਹੈ, ਹੇਠ ਲਿਖੇ ਕਾਰਜਾਂ ਲਈ ਪਰਮ ਧਿਆਨ ਦਿੰਦਾ ਹੈ :-

> ਰਾਜ ਦੇ ਅਰਥਚਾਰੇ ਵਿਚਲੇ ਹੇਠਾਂ ਵੱਲ ਰੁਝਾਨ ਨੂੰ ਰੋਕਣਾ ਅਤੇ ਇਸ ਨੂੰ ਤੇਜ਼ ਰਫ਼ਤਾਰ ਅਤੇ ਤਰੱਕੀਯਾਫ਼ਤਾ ਰਾਹ ਉਤੇ ਪਾਉਣਾ । ਇਹ ਸਭ ਤੋਂ ਵੱਡੀ ਸਟ੍ਰੈਟਜੀ ਹੈ ।

Original with;
Punjab Vidhan Sabha
Digitized by;
Panjab Digital Library

- ਮਾਲੀ ਜ਼ੁੰਮੇਵਾਰੀ ਅਤੇ ਰਾਜ ਦੇ ਵਸੀਲਿਆਂ ਦਾ ਸਿਆਣਪ ਵਾਲਾ ਇੰਤਜ਼ਾਮ ਅਤੇ ਜਨਤਕ ਖ਼ਰਚੇ ਦੇ ਮਿਆਰ ਵਿੱਚ ਸੁਧਾਰ ਲਿਆਉਣਾ।
- ਵਧੀਕ ਸਾਧਨ ਜੁਟਾਅ ਕੇ, ਰਾਜ ਦੇ ਟੈਕਸਾਂ ਦੇ ਵਧੀਆ ਅਤੇ ਬਿਹਤਰੀਨ ਪ੍ਰਬੰਧ ਰਾਹੀਂ ਅਤੇ ਅਣ-ਉਤਪਾਦਕ ਗ਼ੈਰ-ਯੋਜਨਾ ਖ਼ਰਚੇ (Un-porductive Non-Plan Expenditure) ਨੂੰ ਕੰਟਰੋਲ ਕਰਕੇ, ਵਗੈਰਾ ਰਾਜ ਦੀ ਮਾਲੀ ਹਾਲਤ ਨੂੰ ਬਿਹਤਰ ਬਣਾਉਣਾ।
- ਦੁਨੀਆ ਪੱਧਰ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਾਉਣਾ ਤਾਂ ਜੋ ਪੰਜਾਬ ਦਾ ਇਨਫਰਾਸਟਰਕਚਰ world class ਦਾ ਬਣ ਸਕੇ, ਨੂੰ ਸਰਮਾਇਆਕਾਰੀ ਲਈ ਮਨ-ਪਸੰਦ ਠਿਕਾਣੇ ਵਜੋਂ ਬਣਾਉਣਾ।
- ਬਿਜਲੀ ਦੀ ਸਪਲਾਈ ਬਿਹਤਰ ਬਣਾਉਣਾ।
- ਖੇਤੀਬਾੜੀ ਦੇ ਨਿਜ਼ਾਮ ਵਿੱਚ ਤਬਦੀਲੀ ਲਿਆਉਣਾ।
- ਫ਼ੰਡਾਂ ਦੀ ਸਪੁਰਦਗੀ ਰਾਹੀਂ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਦੇ ਹਾਲਾਤ ਵਿੱਚ ਸੁਧਾਰ ਲਿਆਉਣਾ।
- ਵਧੀਆ ਸਿਹਤ ਅਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਾਉਣੀਆਂ।
- ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਹੋਰਨਾਂ ਕਮਜ਼ੋਰ ਵਰਗਾਂ ਦੀ ਭਲਾਈ।
- ਸਬਸਿਡੀਆਂ ਵਾਲੀ ਖ਼ੁਰਾਕ ਮੁਹੱਈਆ ਕਰਵਾ ਕੇ ਮਹਿੰਗਾਈ ਤੋਂ ਸਮਾਜ ਦੇ ਕਮਜ਼ੋਰ ਤਬਕਿਆਂ ਦਾ ਬਚਾਅ ਕਰਨਾ। (ਥੰਪਿੰਗ)

**Debt**

11. I would like to inform the Hon' ble Members that our Government has inherited heavy debt burden from the previous Government. The State is groaning under huge debt burden. Continuous Government borrowings to cover fiscal imbalances has resulted in ever increasing debt stock of the State. When our Government demitted office in February, 2002, the total debt of the State was only Rs. 32,496 crore. Since, then the debt has increased rapidly and has reached Rs. 47,801 crore by the end of the year 2006-07. The debt-GSDP ratio is hovering around 41 percent and is very high. The State has reached a stage of debt unsustainability. The mounting debt stock has led to higher level of interest payments. The interest outgo which was Rs.3178 crore in 2001-02 has increased to Rs. 4,288 crore in 2006-07. As per the Fiscal Responsibility and Budget Management Act, 2003 and amended in 2005 to

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]
make it conform to the recommendations of the Twelfth Finance Commission, the State was to reduce the gross fiscal deficit to Rs. 4049 crore in 2006-07, but the previous Government failed to adhere to its own fiscal correction path and gross fiscal deficit sharply increased to Rs.5567 crore. There is urgent need to keep the debt burden at sustainable level. Our Government will follow a prudent debt management_policy to keep the debt under control. ਸੋ, ਸਪੀਕਰ ਸਾਹਿਬ, ਹਰ ਸਾਲ 4,288 ਕਰੋੜ ਦਾ ਤਕਰੀਬਨ ਜਿੰਨਾ ਸਾਡਾ ਪਲਾਨ ਹੈ, ਉਨ੍ਹਾਂ ਹੀ ਸਾਡਾ ਵਿਆਜ਼ ਹੈ ।

**ਰਾਜ ਵਿੱਤ ਕਮਿਸ਼ਨ**

12. 2006-07 ਤੋਂ 2010-11 ਤਕ ਦੇ ਪੰਜ ਸਾਲਾਂ ਦੇ ਸਮੇਂ ਦੌਰਾਨ ਟੈਕਸਾਂ ਦੀ ਹਿੱਸੇਦਾਰੀ, ਟੈਕਸਾਂ ਅਤੇ ਡਿਊਟੀਆਂ ਦੇ ਤੈਅ ਕਰਨ ਅਤੇ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸਹਾਇਤਾ-ਗਰਾਂਟਾਂ ਦੇਣ ਲਈ ਨਿਯਮਾਂ ਦੀ ਸਿਫ਼ਾਰਸ਼ ਕਰਨ ਵਾਸਤੇ ਸਤੰਬਰ, 2004 ਵਿੱਚ ਤੀਜੇ ਪੰਜਾਬ ਵਿੱਤ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ । ਕਮਿਸ਼ਨ ਨੇ ਆਪਣੀ ਅੰਤਰਿਮ ਰਿਪੋਰਟ ਜਨਵਰੀ, 2006 ਵਿੱਚ ਅਤੇ ਮੁੱਖ ਰਿਪੋਰਟ ਦਸੰਬਰ, 2006 ਵਿੱਚ ਪੇਸ਼ ਕੀਤੀ ਸੀ । ਕਮਿਸ਼ਨ ਦੀਆਂ ਸਿਫ਼ਾਰਸਾਂ ਉਤੇ ਵਿਚਾਰ ਕੀਤਾ ਜਾ ਚੁੱਕਿਆ ਹੈ ਅਤੇ ਉਨ੍ਹਾਂ ਵਿੱਚੋਂ ਰਾਜ ਤੋਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਗਠਨਾਂ ਨੂੰ ਵਸੀਲਿਆਂ ਦੇ ਟ੍ਰਾਂਸਫਰ ਨਾਲ ਮੁਤੱਲਕ ਸਿਫ਼ਾਰਸ਼ਾਂ ਨੂੰ ਮੰਨਣ ਦਾ ਫ਼ੈਸਲਾ ਕੀਤਾ ਗਿਆ ਹੈ । ਭਾਰਤੀ ਸੰਵਿਧਾਨ ਦੀ ਧਾਰਾ 243 ਅਧੀਨ ਲੋੜੀਂਦੇ ਅਨੁਸਾਰ ਸਾਲ 2006-2011 ਦੇ ਸਮੇਂ ਲਈ ਕਮਿਸ਼ਨ ਦੀਆਂ ਸਿਫਾਰਸ਼ਾਂ ਉਤੇ ਕੀਤੀ ਗਈ ਕਾਰਵਾਈ ਸਬੰਧੀ ਰਿਪੋਰਟ ਮੌਜੂਦਾ ਇਜਲਾਸ ਦੌਰਾਨ ਸਦਨ ਦੇ ਸਾਹਮਣੇ ਰੱਖੀ ਜਾਵੇਗੀ । ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਨਾਲ, ਸਾਲ 2007-2008 ਦੌਰਾਨ 664 ਕਰੋੜ ਰੁਪਏ ਦੇ ਫ਼ੰਡ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਗਠਨਾਂ ਨੂੰ ਟ੍ਰਾਂਸਫਰ ਕੀਤੇ ਜਾਣਗੇ । ਰਾਜ ਵਿੱਚ ਹੁਣ ਤਕ ਦੀ ਮੁਹੱਈਆ ਕੀਤੀ ਗਈ ਇਹ ਸਭ ਤੋਂ ਵੱਡੀ ਹਵਾਲਗੀ ਰਕਮ ਹੈ । ਇਸ ਨਾਲ ਪੇਂਡੂ ਤੇ ਸ਼ਹਿਰੀ ਸਥਾਨਕ ਸੰਗਠਨਾਂ ਨੂੰ ਆਪਣੇ-ਆਪਣੇ ਇਲਾਕਿਆਂ ਵਿੱਚਲੇ ਬੁਨਿਆਦੀ ਢਾਂਚੇ ਅਤੇ ਸ਼ਹਿਰੀ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਬਹੁਤ ਮਦਦ ਮਿਲੇਗੀ । ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੀ ਜਾਣ ਲਈ ਹਵਾਲਗੀ ਰਕਮ ਸਭ ਤੋਂ ਪਹਿਲਾਂ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੀ ਕਾਰਜ-ਸੰਚਾਲਨ ਲਾਗਤ ਦੇ ਘੱਪੇ ਨੂੰ ਪੂਰਾ ਕਰਨ ਲਈ ਇਸਤੇਮਾਲ ਕੀਤੀ ਜਾਵੇਗੀ । ਇਹ ਕਾਰਜ-ਸੰਚਾਲਨ ਲਾਗਤ-ਘੱਪਾ ਤਕਰੀਬਨ 50 ਕਰੋੜ ਰੁਪਏ ਤੈਅ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

**ਕਮਜ਼ੋਰ ਤਬਕਿਆਂ ਲਈ ਸਬਸਿਡੀ ਵਾਲੀਆਂ ਖ਼ੁਰਾਕ-ਵਸਤਾਂ**

13. ਸਾਡੀ ਸਰਕਾਰ ਸਮਾਜ ਦੇ ਕਮਜ਼ੋਰ ਤਬਕਿਆਂ ਦੀ ਭਲਾਈ ਨੂੰ ਖ਼ਾਸ ਅਹਿਮੀਅਤ ਦਿੰਦੀ ਹੈ ਅਤੇ ਉਹ ਇਸ ਗੱਲ ਨੂੰ ਯਕੀਨੀ ਬਣਾਵੇਗੀ ਕਿ ਸਾਰੀਆਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਵਿੱਚ ਰਹਿਣ । ਗ਼ਰੀਬ ਤਬਕਿਆਂ ਨੂੰ ਵਧਦੀਆਂ ਕੀਮਤਾਂ ਦੀ ਮਾਰ ਤੋਂ ਬਚਾਉਣ ਲਈ ਅਤੇ ਉਨ੍ਹਾਂ ਨਾਲ ਕੀਤਾ ਗਿਆ ਆਪਣਾ ਵਾਅਦਾ ਨਿਭਾਉਣ ਲਈ ਸਰਕਾਰ ਨੇ 15 ਅਗਸਤ, 2007 ਤੋਂ ਗ਼ਰੀਬੀ ਰੇਖਾ ਤੇ ਹੇਠਾਂ ਰਹਿਣ ਵਾਲੇ 13.26 ਲੱਖ ਪਰਿਵਾਰਾਂ ਨੂੰ 4/- ਰੁਪਏ ਪ੍ਰਤੀ ਕਿਲੋ ਦੀ ਦਰ ਤੇ ਆਟਾ ਅਤੇ 20/- ਰੁਪਏ ਪ੍ਰਤੀ ਕਿਲੋ ਦੀ ਦਰ ਤੇ ਦਾਲ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ । (ਥੰਪਿੰਗ)

**ਸਰਕਾਰੀ ਮੁਲਾਜ਼ਮਾਂ ਦੀ ਭਲਾਈ**

14. ਸਾਡੀ ਸਰਕਾਰ, ਸਰਕਾਰੀ ਮੁਲਾਜ਼ਮਾਂ ਅਤੇ ਰਿਟਾਇਰਡ ਮੁਲਾਜ਼ਮਾਂ ਦੀ ਭਲਾਈ ਲਈ ਸੰਜੀਦਾ ਹੈ । ਮੁਲਾਜ਼ਮ ਸਾਡਾ ਇਕ ਕੀਮਤੀ ਸਰਮਾਇਆ ਹਨ ਅਤੇ ਉਹ ਰਾਜ ਦੀ ਮੁਕੰਮਲ ਤਰੱਕੀ ਲਈ ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਦਿਲਚਸਪੀ ਅਤੇ ਲਗਨ ਨਾਲ ਕੰਮ ਕਰ ਰਹੇ ਹਨ । ਉਨ੍ਹਾਂ ਨੂੰ ਹੋਰਨਾਂ ਸੂਬਿਆਂ ਅਤੇ ਕੇਂਦਰ ਦੇ ਮੁਲਾਜ਼ਮਾਂ ਦੇ ਮੁਕਾਬਲੇ ਵਿੱਚ ਸਭ ਤੋਂ ਵੱਧ ਤਨਖ਼ਾਹ ਮਿਲਦੀ ਹੈ । ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਉਤੇ ਆਪਣੇ ਖ਼ਜ਼ਾਨੇ ਵਿੱਚੋਂ ਮਾਲ-ਆਮਦਨ ਖ਼ਰਚੇ ਦੀ 43 ਫ਼ੀ ਸਦ ਰਕਮ ਖ਼ਰਚ ਕਰਦਾ ਹੈ । ਮਾੜੀ ਮਾਲੀ ਹਾਲਤ ਦੇ ਬਾਵਜੂਦ, ਸਰਕਾਰ ਨੇ ਕੇਂਦਰੀ ਸਰਕਾਰ ਦੇ ਪੈਟਰਨ ਉਤੇ ਰਾਜ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 1 ਜਨਵਰੀ, 2007 ਤੋਂ 6 ਫ਼ੀ ਸਦ ਮਹਿੰਗਾਈ ਭੱਤੇ ਦੀ ਕਿਸ਼ਤ ਮਨਜ਼ੂਰ ਕੀਤੀ ਹੈ । (ਥੰਪਿੰਗ)

15. Mr. Speaker Sir, now, I turn to the Annual Plan 2007-08 and will briefly highlight what the Government has provided in the Plan side of this year's Budget.

16. The State Plan for 2007-08 seeks to focus on removing intra-regional imbalances, generation of productive employment, improving quality of life by providing better healthcare facilities, sanitation, safe drinking water education and greater access to food. It seeks to lay special thrust in concomitantly improving the State's performance on social indicators and correcting the mismatch between its social development and economic progress.

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

**ਸਾਲ 2007-08 ਦੌਰਾਨ ਆਰਥਿਕ ਵਿਕਾਸ**

17. ਗਿਆਰਵੀਂ ਪੰਜ ਸਾਲਾ ਯੋਜਨਾ ਦੌਰਾਨ ਪਲੈਨਿੰਗ ਕਮਿਸ਼ਨ ਨੇ ਰਾਜ ਲਈ ਆਰਥਿਕ ਵਿਕਾਸ ਦੇ 5.90 ਫ਼ੀ ਸਦ ਦੇ ਟੀਚੇ ਵੱਲ ਇਸ਼ਾਰਾ ਕੀਤਾ ਹੈ । ਇਸ ਨੂੰ ਨਾ ਕੇਵਲ ਹਾਸਲ ਹੀ ਕਰਨਾ ਹੈ ਸਗੋਂ ਸੰਕੇਤ ਕੀਤੇ ਇਸ ਟੀਚੇ ਨੂੰ ਪਾਰ ਵੀ ਕਰਨਾ ਹੈ। ਇਸ ਸਾਲ ਦੀ ਪਲਾਨ 5,111 ਕਰੋੜ ਰੁਪਏ ਦੀ ਹੈ । ਪਿਛਲੇ ਸਾਲ 4,000 ਕਰੋੜ ਰੁਪਏ ਦੀ ਸੀ । ਉਸ ਨਾਲੋਂ ਇਹ ਪਲਾਨ 28, 29, 30% ਵੱਡੀ ਹੈ । ਇਸ ਮੌਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਬਹੁਤ ਵੱਡੀ ਟਰੈਜ਼ਡੀ ਹੈ, ਜੋ ਪਲਾਨ ਲੈ ਕੇ ਆਏ ਹਾਂ, ਇਹ ਪਿਛਲੇ ਸਾਲ ਨਾਲੋਂ 30% ਵੱਡੀ ਹੈ । ਜੋ ਪੰਜਾਬ ਸਾਡਾ ਹੈ, ਪੰਜਾਬ ਦੀ ਪਲਾਨ ਇਸ ਵੇਲੇ ਘੱਟੋ-ਘੱਟ 10,000 ਕਰੋੜ ਰੁਪਏ ਦੀ ਹੋਣੀ ਚਾਹੀਦੀ ਸੀ । ਇਸਦੇ ਵਿੱਚ ਮੈਨੂੰ ਸ਼ਰਮ ਮਹਿਸੂਸ ਹੁੰਦੀ ਹੈ, ਤਕਲੀਫ ਮਹਿਸੂਸ ਹੁੰਦੀ ਹੈ ਕਿ ਪੰਜਾਬ ਗੌਰਮਿੰਟ ਦੀ ਪਲਾਨ ਸਿਰਫ 5,100 ਕਰੋੜ ਰੁਪਏ ਦੀ ਹੈ । ਜੇਕਰ ਪ੍ਰਮਾਤਮਾ ਨੇ ਜ਼ਿੰਦਗੀ ਬਖਸ਼ੀ ਤਾਂ ਅਗਲੇ ਚਾਰ ਸਾਲ ਵਿੱਚ ਇਹ ਪਲਾਨ ਵਧਾਈ ਜਾਵੇਗੀ । ਸਾਡੀ ਕੋਸ਼ਿਸ਼ ਹੋਏਗੀ ਕਿ ਹਰ ਸਾਲ ਸਾਡੇ ਸੂਬੇ ਦੀ ਪਲਾਨ ਦੇ ਵਿੱਚ 25 ਫ਼ੀ ਸਦ ਦਾ ਵਾਧਾ ਹੋਵੇ, ਇਲੈਕਸ਼ਨ ਤੋਂ ਪਹਿਲਾਂ ਜਿਹੜੀ ਪਲਾਨ ਹੋਏਗੀ ਉਹ ਘੱਟੋ-ਘੱਟ 10,000 ਕਰੋੜ ਰੁਪਏ ਤੋਂ ਘੱਟ ਨਾ ਹੋਵੇ । ਇਸ ਤੋਂ ਘੱਟ ਸਾਡਾ ਸੂਬਾ ਤਰੱਕੀ ਨਹੀਂ ਕਰ ਸਕਦਾ । ਇਸ ਲਈ ਮੈਂ ਤੁਹਾਡਾ ਸਾਰੇ ਮੈਂਬਰਾਂ ਦਾ ਤੁਆਵਨ ਚਾਹਾਂਗਾ । ਹੋ ਸਕਦਾ ਹੈ ਕਿ ਕੁਝ ਫੈਸਲੇ ਇਸ ਕਿਸਮ ਦੇ ਲੈਣੇ ਪੈਣ ਕਿਉਂਕਿ 10,000 ਕਰੋੜ ਰੁਪਏ ਤੇ ਪਹੁੰਚਣ ਵਾਸਤੇ ਸਾਨੂੰ ਇਹ ਕੁਝ ਕਰਨਾ ਪਵੇਗਾ । ਸਪੀਕਰ ਸਾਹਿਬ, ਦ੍ਰਿੜ ਇਰਾਦਾ ਹੈ । ਅਲਾਮਾ ਇਕਬਾਲ ਸਾਹਿਬ ਦਾ ਸ਼ੇਅਰ ਹੈ :

"ਪ੍ਰਵਾਜ਼ ਹੈ ਦੋਨੋਂ ਕਾ ਉਸੀ ਏਕ ਹੀ ਫਿਜ਼ਾ ਮੇਂ
ਕਰਗਿਜ਼ ਕਾ ਜਹਾਂ ਔਰ ਹੈ, ਸ਼ਾਹੀ ਕਾ ਜਹਾਂ ਔਰ"

ਇਕੋ ਹਵਾ ਦੇ ਵਿੱਚ ਦੋ ਪਰਿੰਦੇ ਉਡਦੇ ਹਨ । ਕਰਗਿਜ਼ ਗਿਰਝ ਹੁੰਦੀ ਹੈ ਅਤੇ ਸ਼ਾਹੀ ਬਾਜ ਹੁੰਦਾ ਹੈ । ਗਿਰਝ ਵੀ ਉਸੇ ਆਸਮਾਨ ਦੇ ਵਿੱਚ ਉਡਦੀ ਹੈ ਅਤੇ ਬਾਜ ਵੀ ਉਸੇ ਆਸਮਾਨ ਵਿੱਚ ਉਡਦਾ ਹੈ । ਜਿਹੜੀ ਗਿਰਝ ਹੈ ਉਹ ਮਰੇ ਹੋਏ ਜਾਨਵਰਾਂ ਦਾ ਮਾਸ ਖਾਂਦੀ ਹੈ ਪ੍ਰੰਤੂ ਜਿਹੜਾ ਬਾਜ ਹੈ ਉਹ ਆਪ ਸ਼ਿਕਾਰ ਮਾਰ ਕੇ ਉਸਦਾ ਮਾਸ ਖਾਂਦਾ ਹੈ । ਮੈਂ ਚਾਹੁੰਦਾ ਹਾਂ ਕਿ ਪੰਜਾਬ ਦੀ ਇਕਾਨਮੀ ਜੋ ਹੈ ਉਹ ਇਸ ਚੱਕਰ ਵਿੱਚੋਂ ਨਿਕਲ ਆਵੇ । ਜਦੋਂ ਸਾਨੂੰ ਸੈਂਟਰ ਦੇ ਵਿੱਚ ਕੋਈ ਲੋਨ ਲੈਣ ਜਾਣਾ ਪੈਂਦਾ ਹੈ ਜਾਂ ਕੋਈ ਗਰਾਂਟ ਲੈਣ ਜਾਣਾ ਪੈਂਦਾ ਹੈ ਤਾਂ ਪਲਾਨਿੰਗ ਕਮਿਸ਼ਨ ਨੂੰ ਕਹਿਣਾ

Original with;
Punjab Vidhan Sabha
Digitized by;
Panjab Digital Library

ਪੈਂਦਾ ਹੈ ਕਿ ਸਾਡੀ ਬਾਰਡਰ ਦੀ ਸਟੇਟ ਹੈ, ਅਸੀਂ ਅੱਤਵਾਦ ਦੇ ਸ਼ਿਕਾਰ ਹਾਂ ਤਾਂ ਸਾਨੂੰ ਅਜਿਹਾ ਕਹਿੰਦੇ ਹੋਏ ਬਹੁਤ ਤਕਲੀਫ਼ ਹੁੰਦੀ ਹੈ । ਆਉਣ ਵਾਲੇ ਸਮੇਂ ਵਿੱਚ ਜਿਸ ਵੇਲੇ 10,000 ਕਰੋੜ ਰੁਪਏ ਦੀ ਸਾਡੀ ਪਲਾਨ ਹੋਏਗੀ ਤਾਂ ਅਜਿਹੀਆਂ ਸਾਰੀਆਂ ਚੀਜ਼ਾਂ ਆਪਣੇ ਆਪ ਕਵਰ ਕਰ ਲਵਾਂਗੇ । ਰਾਜ ਨੇ 5,111 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਤਿਆਰ ਕੀਤੀ ਹੈ ! ਜਿਹੜੀ ਕਿ ਪਿਛਲੇ ਸਾਲ ਦੀ ਯੋਜਨਾ ਲਈ 4,000 ਕਰੋੜ ਰੁਪਏ ਦੇ ਮਨਜ਼ੂਰਸ਼ੁਦਾ ਖ਼ਰਚੇ ਨਾਲੋਂ 30 ਫ਼ੀ ਸਦ ਜ਼ਿਆਦਾ ਹੈ ਅਤੇ ਇਹ 4,687 ਕਰੋੜ ਰੁਪਏ ਦੇ ਹੋਏ ਖ਼ਰਚੇ ਨਾਲੋਂ ਕਾਫ਼ੀ ਵੱਧ ਹੈ । ਸੈਕਟਰ-ਵਾਰ ਤੈਅ ਕੀਤੀਆਂ ਰਕਮਾਂ ਨੂੰ ਇਉਂ ਦਰਸਾਇਆ ਗਿਆ ਹੈ :-

| ਲੜੀ ਨੰ: | ਸੈਕਟਰ | | ਸਾਲ 2006-07 ਦਾ ਪ੍ਰਵਾਨਿਤ ਖ਼ਰਚਾ | ਸਾਲ 2007-08 ਲਈ ਪ੍ਰਵਾਨਿਤ ਖ਼ਰਚਾ | ਸਾਲ 2007-08 ਦੇ ਖ਼ਰਚੇ ਸਬੰਧੀ ਪ੍ਰਤੀਸ਼ਤਤਾ | ਸਾਲ 2007-08 ਦਾ ਐਸ.ਸੀ. ਐਸ.ਪੀ. ਹਿੱਸਾ |
|---|---|---|---|---|---|---|
| 1. | ਖੇਤੀਬਾੜੀ ਅਤੇ ਉਸ ਨਾਲ ਸਬੰਧਤ ਗਤੀਵਿਧੀਆਂ | .. | 135.70 | 200.08 | 3.91 | 18.08 |
| 2. | ਦਿਹਾਤੀ ਵਿਕਾਸ | .. | 283.80 | 350.88 | 6.87 | 174.20 |
| 3. | ਵਿਸ਼ੇਸ਼ ਖੇਤਰ ਪ੍ਰੋਗਰਾਮ | .. | 7.50 | 0.00 | 0.00 | 0.00 |
| 4. | ਸਿੰਜਾਈ ਅਤੇ ਹੜ੍ਹ ਕੰਟਰੋਲ | .. | 292.24 | 650.00 | 12.72 | 54.61 |
| 5. | ਊਰਜਾ | .. | 924.38 | 1062.02 | 20.78 | 181.01 |
| 6. | ਉਦਯੋਗ ਅਤੇ ਖਣਿਜ ਪਦਾਰਥ | .. | 0.33 | 28.30 | 0.55 | 0.00 |
| 7. | ਟਰਾਂਸਪੋਰਟ | .. | 720.50 | 866.48 | 16.95 | 82.50 |
| 8. | ਵਿਗਿਆਨ ਅਤੇ ਤਕਨੀਕੀ ਵਾਤਾਵਰਣ | .. | 3.80 | 40.32 | 0.79 | 0.00 |
| 9. | ਆਮ ਆਰਥਿਕ ਸੇਵਾਵਾਂ | .. | 469.15 | 262.06 | 5.13 | 76.55 |
| 10. | ਸਮਾਜਿਕ ਸੇਵਾਵਾਂ | .. | 1,093.75 | 1,587.48 | 31.06 | 743.05 |
| 11. | ਆਮ ਸੇਵਾਵਾਂ | .. | 68.85 | 63.38 | 1.24 | 0.00 |
| | ਜੋੜ | .. | 4,000.00 | 5,111.00 | 100.00 | 1,330.00 |

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਸਾਲ 2007-08 ਦੀ ਸਾਲਾਨਾ ਯੋਜਨਾ ਵਿੱਚ ਸਮਾਜਿਕ ਸੇਵਾਵਾਂ ਸੈਕਟਰ ਦੇ ਇਕੱਲੇ ਸੈਕਟਰ ਲਈ 31.06 ਫ਼ੀ ਸਦ ਦਾ ਖ਼ਰਚਾ ਤੈਅ ਕਰਕੇ ਇਸ ਸੈਕਟਰ ਨੂੰ ਤਰਜੀਹ ਦਿੱਤੀ ਗਈ ਹੈ । ਇਸ ਯੋਜਨਾ ਤਹਿਤ ਬਜ਼ੁਰਗਾਂ ਅਤੇ ਸਮਾਜ ਦੇ ਹੋਰ ਤਬਕਿਆਂ ਨੂੰ ਪੈਨਸ਼ਨਾਂ, ਮੁਹਾਰਤ ਦੇ ਵਿਕਾਸ, ਰੋਜ਼ਗਾਰ ਪੈਦਾ ਕਰਨ ਅਤੇ ਦਿਹਾਤੀ ਜਲ ਸਪਲਾਈ ਸਕੀਮਾਂ ਨੂੰ ਤਰਜੀਹ ਦਿੱਤੀ ਗਈ ਹੈ । ਊਰਜਾ ਲਈ 20.78 ਫ਼ੀ ਸਦ ਹਿੱਸਾ ਬਿਜਲੀ ਪੈਦਾ ਕਰਨ ਅਤੇ ਸੰਚਾਰ ਨੂੰ ਬਿਹਤਰ ਬਣਾਉਣ ਵੱਲ ਮੁੱਖ ਜ਼ੋਰ ਦੇਣ ਨਾਲ ਇਸ ਯੋਜਨਾ ਦਾ ਦੂਜਾ ਸਭ ਤੋਂ ਵੱਡਾ ਹਿੱਸਾ ਬਣ ਗਿਆ ਹੈ । ਇਸ ਯੋਜਨਾ ਅਨੁਸਾਰ ਸੜਕੀ ਆਵਾਜਾਈ ਦੇ ਸੈਕਟਰ ਲਈ ਵੀ ਵਿਸ਼ਵ ਬੈਂਕ ਅਤੇ ਨਾਬਾਰਡ ਸਹਾਇਤਾ ਪ੍ਰਾਪਤ ਪ੍ਰਜੈਕਟਾਂ ਦੇ ਕਾਰਨ ਨਿਰੂਪਣ ਕੀਤੇ ਅਨੁਸਾਰ ਜ਼ਿਆਦਾ ਫ਼ੰਡ ਜੁਟਾਉਣ ਨਾਲ ਯੋਜਨਾ ਖ਼ਰਚੇ ਦਾ 16.95 ਫ਼ੀ ਸਦ ਹਿੱਸਾ ਬਣ ਗਿਆ ਹੈ ।

**Agriculture**

**18.** Mr. Speaker Sir, it needs no reiteration that the agricultural economy is centred on the wheat-paddy rotation under an intensive farming regime. This has over the years brought in its share of concomitant problems, viz. over-exploitation of ground water resources, destabilization of soil nutrient balance and rising indebtedness of farmers. Farm yields have also failed to register significant increases in the last decade or so whereas the Minimum Support Price (MSP) has fallen short of fast-escalating farm input costs. The consequences of these symptoms of crisis in Punjab's agriculture have been increasing indebtedness among farmers, loss of morale and tragic narratives of farmer's suicides. As a result, a new orientation to the State's agriculture is urgently required to provide a fresh impetus to the farm sector in particular and the rural economy in general.

19. The excessive reliance on wheat-paddy rotation requires to be urgently addressed in order to bring about effective diversification of agriculture. While cereal production must remain in the vanguard, the State needs to diversify towards crops which are agro-climatically more sustainable as well as economically more remunerative. This would help in arresting the rapid depletion of ground water, especially in the districts of central and southern Punjab. Some success has been registered under BT cotton with cotton production rising to 27 lac bales in 2006-07 with productivity at 750 kg lint/ha. The State's efforts to promote contract.farming through hybrid maize, hyola, sunflower, etc. have met with moderate success with around 3.00 lac ha being brought under these crops in 2006-07. Pulses and Oilseeds cultivation could be increased substantially as an attractive alternative to the wheat-paddy cycle by improving procurement operations and ensuring remunerative returns. Along with diversification from the wheat-paddy cycle, it is important that new varieties of paddy and wheat are developed by PAU for imparting a fresh push to stagnant farm yields. To tackle the problem of soil degradation and water

Original with;
Punjab Vidhan Sabha
Digitized by;
Panjab Digital Library

depletion, a dedicated programme for promoting resource conservation technologies, such as zero tillage, deep ploughing, raised bed planting, laser land leveling, etc. is proposed to be aggressively popularized.

20. The State would focus on the need to modernize marketing of agricultural produce that is possible only with the involvement of mega corporate entities. The State proposes to enact an enabling legislation to promote agri-processing and marketing and carry further the MODs signed with Reliance and Bharti in 2006-07 to promote contract farming and organized retail in vegetables, foodgrains and dairying. To boost farm exports, a temporary Perishable Cargo Complex at Amritsar Airport has already been constructed though GOI have not allowed construction of a permanent Complex in view of the present sub-optimal business. The State also proposes to set up 4 Modern Terminal Markets for Fruits and Vegetables at Hoshiarpur, Jalandhar, Ludhiana and Muktsar. To make agriculture more remunerative, allied activities such as dairy farming, poultry and fish- farming need to be strengthened through more capital assistance and extension services.

21. To sustain and diversify agriculture in the State, our Government has embarked upon major programmes in the Annual Plan which include:

- Pilot Project for Diversification through Agriculture Production Pattern Adjustment Programme in Punjab for productivity and growth and Macro Management Work Plan.
- Horticulture would be given special impetus by the Government and a sum of Rs. 100 crore is proposed to be spent under the National Horticulture Mission in the current year besides strengthening of 5 Centres for Citrus Cultivation and a new project on Mulberry Sericulture.
- The Government proposes to set up 20 Farmers Training Centres in the State for bridging the gap between labs and farms and a provision of Rs. 5.00 crore has been made for the purpose in the Plan.
- The Government has prepared a State Plan for rejuvenation of State Agriculture for Higher Growth under which Rs. 25.00 crore has been provided this year.
- The Rs. 100.00 crore grant sanctioned by GOI to PAU, Ludhiana in 2006-07 would go a long way in revitalizing research and development activities to bring about the "Second Push" to Punjab's agriculture. The State reiterates its concern for making Minimum Support Price (MSP) for crops more consistent with rising input costs.
- The Government has already slashed prices of BT Cottonseed from Rs. 1350/- to Rs. 750/- per packet for one acre thereby directly extending a benefit of Rs. 60 crore to cotton growers.

An overall outlay of Rs. 9300 lac has been proposed under the sub-head "Crop Husbandry" for the Annual Plan 2007-08.

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

**ਪਸ਼ੂ ਪਾਲਣ ਅਤੇ ਡੇਅਰੀ ਵਿਕਾਸ**

22. ਸਾਡੀ ਸਰਕਾਰ ਰਾਜ ਵਿੱਚ ਡੇਅਰੀ ਕਿੱਤੇ ਦੇ ਸੈਕਟਰ ਨੂੰ ਮੁੜ ਸੁਰਜੀਤ ਕਰਨ ਲਈ ਵਚਨਬੱਧ ਹੈ । ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਸੈਕਟਰ ਲਈ ਇਸ ਸਾਲ ਦੀ ਯੋਜਨਾ ਵਿੱਚ ਵੱਡੀਆਂ ਰਕਮਾਂ ਤੈਅ ਕੀਤੀਆਂ ਗਈਆਂ ਹਨ ।

- 50 ਕਰੋੜ ਰੁਪਏ ਦੇ ਅੰਦਾਜ਼ਨ ਖ਼ਰਚੇ ਨਾਲ ਘਾਟੇ ਵਿੱਚ ਜਾ ਰਹੀਆਂ ਦੁੱਧ ਯੂਨੀਅਨਾਂ ਨੂੰ ਮੁੜ ਬਹਾਲ ਕਰਨ ਦੀ ਤਜਵੀਜ਼ ਹੈ, ਜਿਸ ਵਿੱਚੋਂ 25 ਕਰੋੜ ਰੁਪਏ ਦਾ ਹਿੱਸਾ ਰਾਜ ਸਰਕਾਰ ਵੱਲੋਂ ਦਿੱਤਾ ਜਾਵੇਗਾ ।

- ਪੰਜਾਬ ਡੇਅਰੀ ਵਿਕਾਸ ਬੋਰਡ ਨੂੰ ਪਹਿਲੀ ਵਾਰ ਇਸ ਦੀਆਂ ਵੱਖ-ਵੱਖ ਸਕੀਮਾਂ ਲਈ 10 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾ ਰਹੀ ਹੈ ।

- ਰਾਜ ਨੇ ਪਹਿਲਾਂ ਹੀ ਲੁਧਿਆਣਾ ਵਿਖੇ ਗੁਰੂ ਅੰਗਦ ਦੇਵ ਪਸ਼ੂ ਵਿਗਿਆਨ ਯੂਨੀਵਰਸਿਟੀ ਕਾਇਮ ਕੀਤੀ ਹੈ ਅਤੇ ਇਸ ਸਾਲਾਨਾ ਯੋਜਨਾ ਵਿੱਚ ਉਸ ਨੂੰ ਹੋਰ ਮਜ਼ਬੂਤ ਕੀਤੇ ਜਾਣ ਦੀ ਤਜਵੀਜ਼ ਰੱਖਦੀ ਹੈ ।

- ਪਸ਼ੂ ਪਾਲਣ ਸੈਕਟਰ ਵਿੱਚਲੀਆਂ ਹੋਰ ਸਕੀਮਾਂ ਵਿੱਚ ਵੱਖ-ਵੱਖ ਪਸ਼ੂ-ਹਸਪਤਾਲ, ਪਾਲੀ-ਕਲਿਨਿਕਸ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ ।

ਸਪੀਕਰ ਸਾਹਿਬ, ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਵੈਟਰਨਰੀ ਸਾਇੰਸਜ਼ ਯੂਨੀਵਰਸਿਟੀ ਹੈ, ਪਿਛਲੇ 15-20 ਸਾਲਾਂ ਤੋਂ they have been short of funds but we are working out our strategies. ਬਜਟ ਵਿੱਚ ਸ਼ਾਇਦ ਅਸੀਂ ਇਸ ਦਾ ਇਸ਼ਾਰਾ ਨਹੀਂ ਦੇ ਸਕੇ but in the coming years, PAU, Veterinary Sciences University, Medical and Dental Colleges of our state will be given substantial amounts of money. May be not through the Budget but we are working because these are vital for the progress of Punjab. So, I can assure the Honourable Members of this House that sufficient funds would be provided in the course of time.

Original with;
Punjab Vidhan Sabha
Digitized by;
Panjab Digital Library

**ਜੰਗਲਾਤ ਅਤੇ ਜੰਗਲੀ ਜੀਵ**

ਇਸ ਸੈਕਟਰ ਲਈ ਚਾਲੂ ਸਾਲ ਦੇ ਬਜਟ ਦੇ ਤਹਿਤ ਯੋਜਨਾ ਪੱਖ ਤੋਂ 37.02 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਗਈ ਹੈ, ਜਿਸ ਵਿੱਚ ਜੇ.ਬੀ.ਆਈ.ਸੀ. (JBIC) ਦੁਆਰਾ ਫ਼ੰਡ ਜੁਟਾਏ ਵਣ-ਆਰੋਪਣ ਪ੍ਰਾਜੈਕਟ ਦੇ ਤਹਿਤ ਸਹਾਇਤਾ ਸ਼ਾਮਲ ਹੈ, ਜੰਗਲੀ ਜੀਵ ਵਾਲੀਆਂ ਰੁੱਖਾਂ ਦੀ ਵਾੜ ਲਗਾਉਣ ਅਤੇ ਗ਼ੈਰ-ਜੰਗਲਾਤੀ ਸਰਕਾਰੀ ਅਤੇ ਸੰਸਥਾਇਕ ਜ਼ਮੀਨਾਂ ਉਪਰ ਪੌਦੇ ਲਗਾਉਣਾ ਆਦਿ ਸ਼ਾਮਿਲ ਹੈ । ਸਾਡੀ ਸਰਕਾਰ ਨੇ ਜੀਵ ਵੰਨ-ਸੁਵੰਨਤਾ ਸੰਭਾਲ ਲਈ ਬਾਹਰੀ ਫ਼ੰਡ ਜੁਟਾਉਣ ਲਈ 312 ਕਰੋੜ ਰੁਪਏ ਦਾ ਇਕ ਪ੍ਰਾਜੈਕਟ ਭਾਰਤ ਸਰਕਾਰ ਕੋਲ ਪੇਸ਼ ਕੀਤਾ ਹੈ ।

**ਸਹਿਕਾਰਤਾ**

24. ਜਨਾਬ ਸਪੀਕਰ ਸਾਹਿਬ, ਸਾਡੀ ਸਰਕਾਰ ਸਹਿਕਾਰਤਾ ਦੇ ਸੈਕਟਰ ਨੂੰ ਤਰਜੀਹ ਦਿੰਦੀ ਹੈ ਅਤੇ ਮੈਨੂੰ ਇਹ ਦੱਸਣ ਵਿੱਚ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ ਇਸ ਸਬੰਧ ਵਿੱਚ ਜਨਤਕ ਹਿੱਤ ਵਿੱਚ ਅਸੀਂ ਕੁਝ ਬਹੁਤ ਅਹਿਮ ਕਦਮ ਚੁੱਕੇ ਹਨ ।

- ਮਿਤੀ 01-09-2007 ਤੋਂ ਸਾਰੀਆਂ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਲਈ 2 ਲੱਖ ਰੁਪਏ ਪ੍ਰਤੀ ਸਾਲ ਤੱਕ ਮੈਡੀਕਲ ਬੀਮੇ ਵਾਸਤੇ ਭਾਈ ਘਨੱਈਆ ਸਿਹਤ ਸੇਵਾ ਸਕੀਮ ਸ਼ੁਰੂ ਕੀਤੀ ਜਾਵੇਗੀ ਜਿਸ ਵਿੱਚ ਪੂਰਬਲੀ ਸਕੀਮ ਦੇ ਖੇਤਰ ਵਿੱਚ ਵਾਧਾ ਕੀਤਾ ਗਿਆ ਹੈ ਜਿਹੜੀ ਕਿ ਪਹਿਲਾਂ ਕੇਵਲ ਪ੍ਰਾਈਮਰੀ ਐਗਰੀਕਲਚਰ ਸੁਸਾਇਟੀਆਂ ਦੇ ਮੈਂਬਰਾਂ ਤਕ ਹੀ ਸੀਮਤ ਸੀ ।

- ਦੁੱਧ ਉਤਪਾਦਕਾਂ ਲਈ ਦੁੱਧ ਪ੍ਰਾਪਤ ਕਰਨ ਦੀਆਂ ਦਰਾਂ ਵਿੱਚ ਪ੍ਰਤੀ ਲੀਟਰ 3 ਰੁਪਏ ਦਾ ਵਾਧਾ ਕੀਤਾ ਗਿਆ ਹੈ ।

- ਕਿਸਾਨਾਂ ਲਈ ਰੀਵਾਲਵਿੰਗ ਕੈਸ਼ ਕਰੈਡਿਟ ਦੀ ਹੱਦ 4 ਲੱਖ ਰੁਪਏ ਤੋਂ ਵਧਾਕੇ 6 ਲੱਖ ਰੁਪਏ ਕਰ ਦਿੱਤੀ ਗਈ ਹੈ । ਇਸੇ ਤਰ੍ਹਾਂ ਪੀ.ਐਸ.ਏ.ਡੀ.ਬੀ. ਨੇ ਭੂਮੀ ਦਾ ਮੁੱਲ 70 ਤੋਂ 75 ਫ਼ੀ ਸਦ ਵਧਾਉਂਦਿਆਂ ਆਪਣੀਆਂ ਕਰਜ਼ਾ ਦੇਣ ਦੀਆਂ ਸ਼ਰਤਾਂ ਆਸਾਨ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਕੀਤੀਆਂ ਹਨ । ਟਰੈਕਟਰ ਵਾਸਤੇ ਕਰਜ਼ਾ ਲੈਣ ਲਈ ਘੱਟੋ-ਘੱਟ 10 ਏਕੜ ਰਕਬੇ ਦੀ ਮਾਲਕੀ ਦੀ ਸ਼ਰਤ ਨੂੰ ਖ਼ਤਮ ਕਰ ਦਿੱਤਾ ਗਿਆ ਹੈ ।

- ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਘਾਟਾ ਦਿਖਾ ਰਹੀਆਂ ਦੁੱਧ ਯੂਨੀਅਨਾਂ ਨੂੰ 50 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਮੁੜ ਬਹਾਲ ਕਰਨ ਦੀ ਤਜਵੀਜ਼ ਹੈ, ਜਿਸ ਵਿੱਚੋਂ 25 ਕਰੋੜ ਰੁਪਏ ਰਾਜ ਸਰਕਾਰ ਵੱਲੋਂ ਦਿੱਤੇ ਜਾਣਗੇ ।

**Health and Medical Education**

25. The 11th Five Year Plan has set ambitious targets for the State on certain select health indicators. The Infant Mortality Rate (IMR) is proposed to be brought down from 44 per 1000 presently to 22 in 5 years time. Likewise, Maternal Mortality Rate (MMR) is proposed to be brought down from 178 per 1000 to 59 during the corresponding period. The State has already achieved the Total Fertility Rate national target of 2.1 fixed for the 11th Plan.

26. Our Government has accorded high priority to Health and Medical Education in this year's Annual Plan to enable the State to achieve some of the targets set by the Planning Commission. To briefly highlight :

- The State has taken a special initiative to upgrade the hospitals in Municipal Corporation Towns in the current year at an estimated cost of Rs. 11.37 crore.

- To tackle the problem of drug addiction, it is proposed to establish drug de-addiction centres in the existing hospitals and a State Drug Dependence Treatment Centre at a cost of Rs. 3.34 crore.

- The State Government has earmarked its State Share of Rs. 28.41 crore to access the Central Grant of Rs. 161.00 crore under the National Rural Health Mission.

- The facilities at Baba Farid University of Health Sciences, Faridkot are proposed to be upgraded at an estimated cost of Rs. 8.00 crore.

- The 3 Medical Colleges at Patiala, Amritsar and Faridkot and 2 Dental Colleges at Amritsar and Patiala are being provided a sum of Rs. 25 crore for the upgradation of their infrastructure. The Government Ayurvedic College at Patiala is also being provided Rs. 50 lac for upgradation of its infrastructure.

Original with;
Punjab Vidhan Sabha
Digitized by;
Panjab Digital Library

- Department of Information Technology, GOI has recently sanctioned a sum of Rs. 4 crore for Tele- Medicine Project under which all the district hospitals and the 3 Medical Colleges are to be linked with PGI at Chandigarh and other National Level Institutions.

*11.30 A.M. . [*At this stage Hon'ble Deputy Speaker occupied the Chair.]

- The Bhai Ghanaiya Sehat Seva Yojana Scheme to cover members of all Co-operative Societies in the State with a medical insurance upto Rs. 2 lac has already been referred by me earlier. The Government plans to introduce a similar scheme for the BPL families numbering about 4.45 lakh. The premium for AAY families is proposed to be paid entirely by the State Government while BPL families would pay premium of Rs. 100 per family per year and the remaining premium will be paid by the State Government.

- Besides, continuing funding under schemes for the development of the girl child such as Balri Rakshak Yojana, Kanya Jagriti Yojana to improve the adverse child sex ratio in the State, to create awareness and provide assistance to NGOs and district administration for enforcement of PNDT Act, a special scheme has been included in this year's Plan.

In sum, a total outlay of Rs. 103.22 crore has been proposed for the Health and Medical Education Sector this year.

## ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ

27. ਰਾਜ ਸਰਕਾਰ ਸਮਾਜ ਦੇ ਕਮਜ਼ੋਰ ਅਤੇ ਗ਼ਰੀਬ ਵਰਗਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਦੇ ਸਿਲਸਿਲੇ ਵਿੱਚ ਹਮੇਸ਼ਾ ਪ੍ਰਤੀਬੱਧ ਹੈ । ਬੁਢਾਪਾ ਅਤੇ ਹੋਰ ਪੈਨਸ਼ਨਾਂ, ਅਨੁਸੂਚਿਤ ਜਾਤਾਂ ਦੀਆਂ ਲੜਕੀਆਂ ਅਤੇ ਲੜਕਿਆਂ ਅਤੇ ਹੋਰ ਲਾਭ-ਪਾਤਰਾਂ ਲਈ ਵੱਖ-ਵੱਖ ਪ੍ਰਕਾਰ ਦੇ ਵਜ਼ੀਫ਼ਿਆਂ ਅਤੇ ਗ਼ਰੀਬ ਵਰਗਾਂ ਲਈ ਸਕੀਮਾਂ ਦੇ ਸਬੰਧ ਵਿੱਚ ਰਾਜ ਦੀ ਪ੍ਰਤੀਬੱਧਤਾ ਨੂੰ ਪੂਰਾ ਕਰਨ ਵਾਸਤੇ ਬਿਜਲੀ ਡਿਊਟੀ ਉਪਰ 5 ਫ਼ੀ ਸਦ ਉਪਕਾਰ ਅਤੇ ਸ਼ਹਿਰੀ ਭੂਮੀ ਲੈਣ-ਦੇਣ ਉਪਰ 3 ਫ਼ੀ ਸਦ ਵਧੀਕ ਅਸ਼ਟਾਮ ਡਿਊਟੀ ਲਗਾਉਣ ਨਾਲ ਫ਼ੰਡ ਜੁਟਾਅ ਕੇ ਇਕ "ਸਮਰਪਿਤ ਸਮਾਜਕ ਸੁਰੱਖਿਆ ਫ਼ੰਡ" (ਡੈਡੀਕੇਟਿਡ ਸੋਸ਼ਲ ਸਿਕਿਓਰਟੀ ਫ਼ੰਡ) ਪੈਦਾ ਕੀਤਾ ਗਿਆ ਹੈ ।

28. ਰਾਜ ਸਰਕਾਰ 10.78 ਲੱਖ ਬਜ਼ੁਰਗਾਂ (60 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੀਆਂ ਮਹਿਲਾਵਾਂ ਲਈ ਅਤੇ 65 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਮਰਦਾਂ ਲਈ) 72,000 ਮੁਹਤਾਜ ਬੱਚਿਆਂ, 92,000 ਅਪੰਗ ਵਿਅਕਤੀਆਂ ਅਤੇ 1.84 ਲੱਖ ਵਿਧਵਾਵਾਂ ਨੂੰ 250 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਅਦਾ ਕਰ ਰਹੀ ਹੈ । ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]
14.50 ਲੱਖ ਵਿਅਕਤੀਆਂ ਪ੍ਰਤੀ ਕੁਲ ਸਾਲਾਨਾ ਦੇਣਦਾਰੀ 423 ਕਰੋੜ ਦੇ ਲਗਭਗ ਹੈ । ਰਾਜ ਸਰਕਾਰ 11.19 ਲੱਖ ਬੱਚਿਆਂ ਅਤੇ ਗਰਭਵਤੀ ਮਾਵਾਂ ਦੇ ਲਾਭ ਲਈ 17,421 ਆਂਗਨਵਾੜੀ ਕੇਂਦਰਾਂ ਨੂੰ ਚਲਦਾ ਰੱਖਣ ਲਈ ਵੀ ਪ੍ਰਤੀਬੱਧ ਹੈ । ਇਹਨਾਂ ਪ੍ਰਤੀ ਸਾਲਾਨਾ ਦੇਣਦਾਰੀ 55 ਕਰੋੜ ਰੁਪਏ ਹੈ । ਬੱਚਿਆਂ ਵਿੱਚ ਕੁਪੋਸ਼ਣ (Mal-nutrition) ਦਾ ਪੱਧਰ, ਜਿਹੜਾ ਕਿ ਮੌਜੂਦਾ ਸਮੇਂ ਲਗਭਗ 28 ਫ਼ੀ ਸਦ ਹੈ, ਨੂੰ 11ਵੀਂ ਪੰਜ ਸਾਲ ਯੋਜਨਾ ਦੇ ਅੰਤ ਤਕ ਘਟਾ ਕੇ 14 ਫ਼ੀ ਸਦ ਤਕ ਕਰ ਦੇਣ ਦੀ ਤਜ਼ਵੀਜ਼ ਹੈ । ਇਸ ਸੈਕਟਰ ਲਈ ਚਾਲੂ ਮਾਲੀ ਸਾਲ ਦੌਰਾਨ 482.46 ਕਰੋੜ ਰੁਪਏ ਦੀ ਰਕਮ ਤੈਅ ਕੀਤੀ ਗਈ ਹੈ ।

**ਅਨੁਸੂਚਿਤ ਜਾਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ**

29. ਮੈਂ ਰਾਜ ਵਿੱਚ ਅਨੁਸੂਚਿਤ ਜਾਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਉਪਰ ਉਠਾਉਣ ਪ੍ਰਤੀ ਆਪਣੀ ਸਰਕਾਰ ਦੀ ਤੀਬਰ ਪ੍ਰਤੀਬੱਧਤਾ ਨੂੰ ਦੁਹਰਾਉਣਾ ਚਾਹਾਂਗਾ। ਸਭ ਤੋਂ ਪਹਿਲਾਂ ਐਸ.ਸੀ.ਐਸ.ਪੀ. ਦੇ ਅਧੀਨ ਰਕਮ ਦੇ ਨਿਰਧਾਰਣ ਸਾਲ 2006-07 ਵਿੱਚਲੇ 1,154 ਕਰੋੜ ਰੁਪਏ ਤੋਂ ਵੱਧਾ ਕੇ ਇਸ ਸਾਲ 1,330.00 ਕਰੋੜ ਰੁਪਏ ਕਰ ਦਿੱਤੇ ਹਨ, ਜੋ ਕਿ ਯੋਜਨਾ ਆਕਾਰ ਦਾ ਲਗਭਗ 26 ਫ਼ੀ ਸਦ ਬਣਦੀ ਹੈ । (ਥੰਪਿੰਗ) ਇਸ ਸਾਲ ਦੀ ਯੋਜਨਾ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਵੱਖਰੇ ਤੌਰ ਤੇ 118.20 ਕਰੋੜ ਰੁਪਏ ਦੀ ਰਕਮ ਮੁਹੱਈਆ ਕਰਵਾਈ ਗਈ ਹੈ, ਜਿਹੜੀ ਕਿ ਪਿਛਲੇ ਸਾਲ ਦੇ 65.65 ਕਰੋੜ ਰੁਪਏ ਤੋਂ ਲਗਭਗ ਦੁੱਗਣੀ ਹੈ । ਇਸ ਲਾਗਤ ਖ਼ਰਚ ਵਿੱਚ ਮੁੱਖ ਤੌਰ ਤੇ ਹੇਠ ਲਿਖੇ ਖ਼ਰਚੇ ਸ਼ਾਮਿਲ ਹਨ :-

- ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ/ਈਸਾਈ/ਮੁਸਲਿਮ ਲੜਕੀਆਂ ਅਤੇ ਵਿਧਵਾਵਾਂ ਨੂੰ ਵਿਆਹ ਦੇ ਸਮੇਂ 15,000 ਰੁਪਏ ਦੇ ਹਿਸਾਬ ਨਾਲ ਗਰਾਂਟ ਸਬੰਧੀ ਆਸ਼ੀਰਵਾਦ ਸਕੀਮ ਅਧੀਨ 40 ਕਰੋੜ ਰੁਪਏ ।
- ਅੰਬੇਦਕਰ ਭਵਨਾਂ ਦੇ ਨਿਰਮਾਣ ਅਤੇ ਉਹਨਾਂ ਦੇ ਸੰਚਾਲਨ ਲਈ 5.05 ਕਰੋੜ ਰੁਪਏ ।
- ਅਨੁਸੂਚਿਤ ਜਾਤਾਂ ਦੀਆਂ ਪ੍ਰਾਇਮਰੀ ਤਕ ਦੀਆਂ ਵਿਦਿਆਰਥਣਾਂ ਦੇ ਹਾਜ਼ਰੀ ਵਜ਼ੀਫੇ ਲਈ 20 ਕਰੋੜ ਰੁਪਏ ।

Original with;
Punjab Vidhan Sabha
Digitized by;
Panjab Digital Library

- ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿੱਚ ਬੇਘਰੇ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਦੇ ਘਰਾਂ ਦੀ ਉਸਾਰੀ ਲਈ 10 ਕਰੋੜ ਰੁਪਏ ।

- ਅਨੁਸੂਚਿਤ ਜਾਤਾਂ ਦੇ ਲੋਕਾਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਅਤੇ ਉਸਾਰੀ ਲਈ 5 ਕਰੋੜ ਰੁਪਏ ।

- ਅਨੁਸੂਚਿਤ ਜਾਤਾਂ ਦੇ ਵਿਦਿਆਰਥੀਆਂ ਲਈ ਉਦਯੋਗਕ ਸਿਖਲਾਈ ਸੰਸਥਾਵਾਂ ਵਿੱਚ ਨਵੇਂ ਕੋਰਸਾਂ/ਪੇਸ਼ਾਵਰਾਨਾ ਸਿਖਲਾਈ ਲਈ ਨਵੀਂ ਸਕੀਮ ਅਧੀਨ 7 ਕਰੋੜ ਰੁਪਏ ।

- ਅਨੁਸੂਚਿਤ ਜਾਤਾਂ ਦੇ ਵਿਦਿਆਰਥੀਆਂ ਨੂੰ ਵਪਾਰਕ (ਕਮਰਸ਼ੀਅਲ) ਪਾਇਲਟ ਲਸੰਸ ਲਈ ਉਡਾਨ ਸਿਖਲਾਈ ਵਾਸਤੇ ਵਿੱਤੀ ਸਹਾਇਤਾ ਦੇਣ ਲਈ 1.00 ਕਰੋੜ ਰੁਪਏ ਦੇ ਖ਼ਰਚੇ ਵਾਲੀ ਸਕੀਮ ।(ਥੰਪਿੰਗ)

- ਅਨੁਸੂਚਿਤ ਜਾਤਾਂ ਦੀਆਂ ਵਿਦਿਆਰਥਣਾਂ ਨੂੰ 10+2 ਦੀ ਸਿੱਖਿਆ ਜਾਰੀ ਰੱਖਣ ਲਈ 1.00 ਕਰੋੜ ਰੁਪਏ ਦੇ ਖ਼ਰਚੇ ਨਾਲ ਹੌਸਲਾ-ਅਫ਼ਜ਼ਾਈ ਇਨਾਮ ।

- ਪ੍ਰਾਈਵੇਟ ਨਰਸਿੰਗ ਸੰਸਥਾਵਾਂ ਵਿੱਚ ਅਨੁਸੂਚਿਤ ਜਾਤਾਂ ਦੇ ਵਿਦਿਆਰਥੀਆਂ ਨੂੰ ਫ਼ੀਸ ਮੁਆਫ਼ੀ ਲਈ 2 ਕਰੋੜ ਰੁਪਏ ਦੇ ਖ਼ਰਚੇ ਨਾਲ ਇਕ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ ।

- ਅਨੁਸੂਚਿਤ ਜਾਤਾਂ ਦੇ ਸਮਾਜੀ-ਆਰਥਿਕ ਵਿਕਾਸ ਨੂੰ ਉਤਸ਼ਾਹਤ ਕਰਨ ਲਈ 2.50 ਕਰੋੜ ਰੁਪਏ ਦੇ ਖ਼ਰਚੇ ਨਾਲ ਪੰਚਾਇਤਾਂ ਨੂੰ ਇਨਾਮ ।

- ਰਾਜ ਸਰਕਾਰ 2.50 ਕਰੋੜ ਰੁਪਏ ਦੀ ਵਧੀਕ ਰਕਮ ਦੇ ਨਾਲ-ਨਾਲ 8.55 ਕਰੋੜ ਰੁਪਏ ਦੇ ਖ਼ਰਚੇ ਨਾਲ ਇਕੋ ਵਾਰ ਨਿਪਟਾਰਾ (ਓ.ਟੀ.ਐਸ.) ਸਕੀਮ ਦੇ ਕੰਮ ਨੂੰ ਹੱਥ ਵਿੱਚ ਲੈਣ ਲਈ ਪੀ.ਐਸ.ਸੀ.ਐਫ.ਸੀ. ਨੂੰ ਵਧੀਕ ਸਹਾਇਤਾ ਮੁਹੱਈਆ ਕਰਵਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

- ਇਸੇ ਤਰ੍ਹਾਂ, ਐੱਨ.ਐੱਮ.ਡੀ.ਐੱਫ.ਸੀ. ਨੂੰ ਵਧੀਕ ਰਕਮ ਦੇ ਹਿੱਸੇ ਦੇ ਨਾਲ ਹੀ ਬੈਕਫਿਨਕੋ ਨੂੰ 5.21 ਕਰੋੜ ਰੁਪਏ ਦੀ ਵਿਸ਼ੇਸ਼ ਓ.ਟੀ.ਐਸ. ਗਰਾਂਟ ਦਿੱਤੀ ਗਈ ਹੈ ।

ਰਾਜ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪ੍ਰੀਵਾਰਾਂ ਨੂੰ 200 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੇਣ ਦੀ ਸਕੀਮ ਨੂੰ ਵੀ ਜਾਰੀ ਰੱਖੇਗੀ। ਰਾਜ ਸਰਕਾਰ ਵੱਲੋਂ ਰਾਜ ਦੇ ਬਿਜਲੀ ਬੋਰਡ ਨੂੰ ਮੁਫ਼ਤ ਬਿਜਲੀ ਦੇ ਖ਼ਰਚੇ ਦੀ ਮੁਕੰਮਲ ਪ੍ਰਤੀ-ਪੂਰਤੀ ਕਰ ਦਿੱਤੀ ਗਈ ਹੈ ।

**ਦਿਹਾਤੀ ਵਿਕਾਸ**

30. ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਹੀ ਦੁਖ ਵਾਲੀ ਗੱਲ ਹੈ ਕਿ ਭਾਰਤ ਦੀ ਆਜ਼ਾਦੀ ਦੇ 60ਵੇਂ ਵਰ੍ਹੇ ਵਿੱਚ ਅਜੇ ਵੀ ਸ਼ਹਿਰਾਂ ਦੇ ਮੁਕਾਬਲੇ ਸਾਡੇ ਦਿਹਾਤੀ ਖੇਤਰ ਗੰਭੀਰ ਅਣਦੇਖੀ ਦੀ ਤਸਵੀਰ ਪੇਸ਼ ਕਰ ਰਹੇ ਹਨ । ਲਗਭਗ 66 ਫ਼ੀ ਸਦ ਲੋਕ ਪਿੰਡਾਂ ਵਿੱਚ ਰਹਿੰਦੇ ਹਨ ਅਤੇ ਇਹ ਜ਼ਰੂਰਆਤ-ਏ-ਵਕਤ ਹੈ ਕਿ ਅਸੀਂ ਦਿਹਾਤੀ ਬੁਨਿਆਦੀ ਢਾਂਚੇ ਅਤੇ ਸ਼ਹਿਰੀ ਸਹੂਲਤਾਂ ਵਿੱਚ ਕਾਰਗਰ ਢੰਗ ਨਾਲ ਸੁਧਾਰ ਕਰੀਏ । ਸਰਕਾਰ ਦਿਹਾਤੀ ਖੇਤਰਾਂ ਦੇ ਲੋਕਾਂ ਲਈ ਆਪਣੇ ਵਾਅਦੇ ਨੂੰ ਠੋਸ ਅਮਲੀ ਰੂਪ ਦੇਣਾ ਚਾਹੁੰਦੀ ਹੈ । ਅਸੀਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਹੋਰ ਵਧੇਰੇ ਮਜ਼ਬੂਤ ਬਣਾਉਣ ਅਤੇ ਇਨ੍ਹਾਂ ਸੰਸਥਾਵਾਂ ਨੂੰ ਇਖ਼ਤਿਆਰ ਦਿੱਤੇ ਜਾਣ ਲਈ ਵਚਨਬੱਧ ਹਾਂ । ਕੁਲ ਯੋਜਨਾ ਖਰਚੇ ਦੀ ਰਕਮ ਪਿਛਲੇ ਸਾਲ ਦੀ 175 ਕਰੋੜ ਰੁਪਏ ਦੀ ਰਕਮ ਤੋਂ ਵਧਾ ਕੇ 217.87 ਕਰੋੜ ਰੁਪਏ ਕਰ ਦਿੱਤੀ ਗਈ ਹੈ । ਮੁੱਖ ਤੌਰ ਤੇ ਨਿਮਨ ਅਨੁਸਾਰ ਇਹ ਤਜਵੀਜ਼ ਕੀਤਾ ਗਿਆ ਹੈ :-

- ਰਾਜ ਸਰਕਾਰ ਪੇਂਡੂ ਵਿਕਾਸ ਲਈ ਕੇਂਦਰੀ ਸਰਕਾਰ ਦੁਆਰਾ ਸਪਾਂਸਰ ਸਕੀਮਾਂ ਅਧੀਨ ਕੇਂਦਰੀ ਸਹਾਇਤਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਵਚਨਬੱਧ ਹੈ ਅਤੇ ਉਸ ਦੇ ਅਨੁਰੂਪ ਰਾਜ ਦਾ ਹਿੱਸਾ ਸਮੇਂ ਸਿਰ ਜਾਰੀ ਕਰੇਗੀ । ਇਸ ਮੰਤਵ ਲਈ 90.50 ਕਰੋੜ ਰੁਪਏ ਦੇ ਖ਼ਰਚੇ ਦਾ ਉਪਬੰਧ ਕੀਤਾ ਗਿਆ ਹੈ ।

- ਇਸ ਸਾਲ ਵਿੱਚ ਅੰਮ੍ਰਿਤਸਰ, ਜਲੰਧਰ ਅਤੇ ਨਵਾਂ ਸ਼ਹਿਰ ਦੇ ਤਿੰਨ ਜ਼ਿਲ੍ਹਿਆਂ ਲਈ ਕੌਮੀ ਦਿਹਾਤੀ ਰੋਜ਼ਗਾਰ ਗਾਰੰਟੀ ਸਕੀਮ ਦਾ ਵਾਧਾ ਕੀਤਾ ਗਿਆ ਹੈ । ਇਸ ਤੋਂ ਪਹਿਲਾਂ ਸਿਰਫ਼ ਹੁਸ਼ਿਆਰਪੁਰ

Original with;
Punjab Vidhan Sabha
Digitized by;
Panjab Digital Library

ਜ਼ਿਲ੍ਹੇ ਵਿੱਚ ਹੀ ਇਹ ਸਕੀਮ ਲਾਗੂ ਕੀਤੀ ਗਈ ਸੀ । ਇਸ ਨਾਲ ਇਨ੍ਹਾਂ ਜ਼ਿਲ੍ਹਿਆਂ ਵਿੱਚ ਦਿਹਾਤੀ ਬੇਰੋਜ਼ਗਾਰੀ ਦੀ ਸਮੱਸਿਆ ਨੂੰ ਹਲ ਕਰਨ ਲਈ ਮੱਦਦ ਮਿਲੇਗੀ ।

- 12ਵੇਂ ਵਿੱਤ ਕਮਿਸ਼ਨ ਦੁਆਰਾ ਸਿਫਾਰਸ਼ ਕੀਤੀਆਂ ਗਰਾਂਟਾਂ ਵਜੋਂ ਇਸ ਬਜਟ ਵਿੱਚ 64.80 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

- ਰਾਜ ਵਿਚਲੇ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਦੇ ਸੁਧਾਰ ਲਈ 20 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ ।

- ਦਿਹਾਤੀ-ਛੱਪੜਾਂ (ਤਲਾਵਾਂ) ਦੀ ਸਫ਼ਾਈ ਲਈ 10 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ ।

- ਦਿਹਾਤ ਵਿੱਚ ਗੁਸਲਖ਼ਾਨੇ ਬਣਾਉਣ ਲਈ 10 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ ।

ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਸਥਾਨਕ ਭਾਈਚਾਰੇ ਪ੍ਰਤੀ ਕਰਮਚਾਰੀਆਂ ਦੀ ਜਵਾਬਦੇਹੀ ਵਿੱਚ ਸੁਧਾਰ ਲਿਆਉਣ ਲਈ ਇਨ੍ਹਾਂ ਸੰਸਥਾਵਾਂ ਰਾਹੀਂ ਪ੍ਰਾਇਮਰੀ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੀ ਭਰਤੀ ਦਾ ਕੰਮ ਹੱਥ ਵਿੱਚ ਲੈਣ ਲਈ ਵੀ ਤਜਵੀਜ਼ ਰੱਖਦੀ ਹੈ ।

**Irrigation**

31. Irrigation undoubtedly forms an important thrust area of this year's Plan with an outlay of Rs. 650 crore against an approved outlay of Rs. 292 crore last year, an increase of almost 125%. While I acknowledge with gratitude the increased assistance provided by the GOI in this sector and their having agreed in principle to relax the condition under AIBP for taking new works upon completion of existing projects, it would be noteworthy to mention that the State Government has also allocated a substantial chunk of its scarce resources to this Sector. We stand committed to the rejuvenation and improvement in the carrying capacity of our existing irrigation network as well as completion of ongoing projects that have been delayed on account of inadequate funding by the State Government. The main areas of focus in the Plan are delineated below:

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

- 80 ਕਰੋੜ ਰੁਪਏ ਦੀ ਲਾਗਤ ਨਾਲ ਕੰਢੀ ਨਹਿਰਾਂ ਦੇ ਪੜਾਅ-II ਦਾ ਵਿਸਥਾਰ ।

- ਮੌਜੂਦਾ ਸਾਲ ਵਿੱਚ 98 ਕਰੋੜ ਰੁਪਏ ਦੇ ਖ਼ਰਚੇ ਨਾਲ ਸ਼ਾਹਪੁਰ ਕੰਢੀ ਡੈਮ ਦੀ ਉਸਾਰੀ ।

- 80 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਨਹਿਰ ਪ੍ਰਣਾਲੀਆਂ ਸਬੰਧੀ ਕਮਾਨ ਖੇਤਰ ਵਿਕਾਸ ਅਥਾਰਟੀ (ਸੀ.ਏ.ਡੀ.ਏ.) ਅਧੀਨ ਖੇਤ-ਸੂਇਆਂ ਦੀ ਉਸਾਰੀ ।

- 60 ਕਰੋੜ ਰੁਪਏ ਦੀ ਲਾਗਤ ਨਾਲ ਪਹਿਲਾਂ ਪਟਿਆਲਾ ਫੀਡਰ ਅਤੇ ਕੋਟਲਾ ਬਰਾਂਚ ਦਾ ਸੁਧਾਰ ।

- 30 ਕਰੋੜ ਰੁਪਏ ਦੀ ਲਾਗਤ ਨਾਲ ਬਿਸਤ ਦੁਆਬ ਕੈਨਾਲ ਸਿਸਟਮ ਦਾ ਸੁਧਾਰ ।

- 17.50 ਕਰੋੜ ਰੁਪਏ, 8.00 ਕਰੋੜ ਰੁਪਏ ਅਤੇ 10.00 ਕਰੋੜ ਰੁਪਏ ਦੇ ਖ਼ਰਚੇ ਨਾਲ ਕ੍ਰਮਵਾਰ ਬਠਿੰਡਾ ਬਰਾਂਚ, ਸਿਸਵਾਂ ਬਰਾਂਚ ਅਤੇ ਅਬੋਹਰ ਬਰਾਂਚ ਦਾ ਸੁਧਾਰ ।

- ਕੈਪਟਨ ਕੰਵਲਜੀਤ ਸਿੰਘ ਜੀ ਦੇ ਇਲਾਕੇ ਵਿੱਚ 20 ਕਰੋੜ ਰੁਪਏ ਦੀ ਲਾਗਤ ਨਾਲ ਬੰਨੂੜ ਨਹਿਰ ਨੂੰ ਗ਼ੈਰ-ਬਾਰਾਮਾਸੀ ਨਹਿਰ ਤੋਂ ਬਾਰਾਮਾਸੀ ਨਹਿਰ ਵਿੱਚ ਤਬਦੀਲ ਕਰਨਾ ।

- 30 ਕਰੋੜ ਰੁਪਏ ਦੀ ਲਾਗਤ ਨਾਲ ਡੂੰਘੇ ਟਿਊਬਵੈੱਲਾਂ ਰਾਹੀਂ ਛੋਟੀ ਸਿੰਜਾਈ ।

- 19.28 ਕਰੋੜ ਰੁਪਏ ਦੀ ਲਾਗਤ ਨਾਲ 2 ਲੱਧੂਕਾ ਵਾਟਰ ਡਿਸਟ੍ਰੀਬਿਊਟਰੀ ਸਿਸਟਮ ਦੇ ਮਾਰਗ ਬਣਾਉਣੇ ।

- 11 ਕਰੋੜ ਰੁਪਏ ਦੀ ਲਾਗਤ ਨਾਲ ਸੂਇਆਂ ਅਤੇ ਡਿਸਟ੍ਰੀਬਿਊਟਰੀਜ਼ ਦਾ ਪੁਨਰ ਨਿਰਮਾਣ ਮਾਰਗ ਬਣਾਉਣੇ ।

Original with;
Punjab Vidhan Sabha
Digitized by;
Panjab Digital Library

- 8 ਕਰੋੜ ਰੁਪਏ ਦੀ ਲਾਗਤ ਨਾਲ ਯੂ.ਬੀ.ਡੀ.ਸੀ. ਸਿਸਟਮ ਦਾ ਪੁਨਰ-ਨਿਰਮਾਣ ।

- 10 ਕਰੋੜ ਰੁਪਏ ਦੀ ਲਾਗਤ ਨਾਲ ਰਣਜੀਤ ਸਾਗਰ ਡੈਮ ਦੇ ਕਾਇਆ ਕਾਰਜਾਂ ਨੂੰ ਪੂਰਾ ਕਰਨਾ ।

- ਘੱਗਰ, ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਉਤੇ ਹੜ੍ਹ ਕੰਟਰੋਲ ਆਪ੍ਰੇਸ਼ਨਾਂ ਲਈ ਅਤੇ ਪੰਜਾਬ ਦੇ ਦੱਖਣੀ ਜ਼ਿਲ੍ਹਿਆਂ ਵਿੱਚ ਸੇਮ ਰੋਕਣ ਸਬੰਧੀ ਕਾਰਜਾਂ ਨੂੰ ਹੱਥ ਵਿੱਚ ਲੈਣ ਵਾਸਤੇ 83.48 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ ।

**Energy**

32. The outlay for energy has increased from Rs. 924 crore in 2006-07 to Rs. 1062 crore this year. Our Government stands committed to taking all possible steps to increase generation in the State as well as to improve the transmission and distribution system. The State Government has already unveiled its vision of making Punjab a power surplus State by the end of the 11th Plan and reiterates its commitment to providing adequate power to all sections of Society.

33. ਮੌਜੂਦਾ ਸਾਲ ਵਿੱਚ ਲਹਿਰਾ ਮੁਹੱਬਤ ਥਰਮਲ ਪਲਾਂਟ ਦੇ ਦੂਜੇ ਪੜਾਅ ਦਾ ਕੰਮ ਖ਼ਤਮ ਕਰ ਦਿੱਤਾ ਜਾਵੇਗਾ । ਤਲਵੰਡੀ ਸਾਬੋ ਅਤੇ ਨਾਭਾ ਵਿਖੇ ਤਕਰੀਬਨ 3,000 ਮੈਗਾਵਾਟ ਬਿਜਲੀ ਸਮਰੱਥਾ ਵਾਲੇ ਥਰਮਲ ਪਾਵਰ ਪ੍ਰਾਜੈਕਟਾਂ ਪ੍ਰਤੀ ਬੋਲੀ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ । ਇਸ ਸਾਲ ਦੀ ਯੋਜਨਾ ਦੀਆਂ ਇਹ ਖ਼ਾਸੀਅਤਾਂ ਹਨ :-

- ਪਿਛਲੇ ਸਾਲ ਦੇ 400 ਕਰੋੜ ਰੁਪਏ ਦੀ ਤੈਅਸ਼ੁਦਾ ਰਕਮ ਦੇ ਮੁਕਾਬਲੇ ਸੰਚਾਰ ਅਤੇ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ 778 ਕਰੋੜ ਰੁਪਏ ਦੀ ਰਕਮ ਤੈਅ ਕੀਤੀ ਗਈ ਹੈ । (ਥੰਪਿੰਗ)

- ਜੀ.ਐੱਨ.ਡੀ.ਟੀ.ਪੀ. (ਪੜਾਅ III ਅਤੇ IV) ਦੇ ਨਵਿਆਉਣ ਅਤੇ ਆਧੁਨਿਕ ਬਣਾਉਣ ਲਈ 126 ਕਰੋੜ ਰੁਪਏ ਦੀ ਰਕਮ ਤੈਅ ਕੀਤੀ ਗਈ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

- 12 ਕਰੋੜ ਰੁਪਏ ਦੀ ਰਕਮ ਜੀ.ਐੱਨ.ਡੀ.ਟੀ.ਪੀ. (ਪੜਾਅ I ਅਤੇ II) ਨੂੰ ਨਵਿਆਉਣ ਅਤੇ ਆਧੁਨਿਕ ਬਣਾਉਣ ਲਈ ਤੈਅ ਕੀਤੀ ਗਈ ਹੈ ।

- 13.80 ਕਰੋੜ ਰੁਪਏ ਦੇ ਖ਼ਰਚੇ ਨਾਲ ਰੋਪੜ ਵਿਖੇ ਜੀ.ਜੀ.ਐੱਸ.ਟੀ.ਪੀ. ਦੀ ਮੁਰੰਮਤ ਕਰਾਉਣ ਅਤੇ ਆਧੁਨਿਕ ਬਣਾਉਣ ਲਈ ਤੈਅ ਕੀਤੀ ਗਈ ਹੈ ।

- ਰਾਜੀਵ ਗਾਂਧੀ ਗ੍ਰਾਮ ਵਿਦਯੁਤੀਕਰਨ ਯੋਜਨਾ ਲਈ 16.50 ਕਰੋੜ ਰੁਪਏ ।

- ਮੁਕੇਰੀਆਂ ਹਾਈਡਲ ਪੜਾਅ II (18 ਮੈਗਾਵਾਟ) ਦੇ ਕੰਮ ਨੂੰ ਮੁਕੰਮਲ ਕਰਨ ਲਈ 14.47 ਕਰੋੜ ਰੁਪਏ ਦੀ ਰਕਮ ਤੈਅ ਕੀਤੀ ਗਈ ਹੈ ।

- Similarly, Rs. 5.02 crore have been allocated for Renewable Energy programmes. The State is committed towards harnessing the biomass power generation potential as well as generate power through minihydel projects.

## ਉਦਯੋਗ

34. ਜਨਾਬ ਡਿਪਟੀ ਸਪੀਕਰ ਸਾਹਿਬ, ਮੈਂ ਸਾਡੇ ਸਨਅੱਤੀ ਸੈਕਟਰ ਨੂੰ ਦਰਪੇਸ਼ ਵਿਗੜੀ ਹਾਲਤ ਬਾਰੇ ਵੀ ਸਪੱਸ਼ਟ ਰੂਪ ਵਿੱਚ ਕਹਿਣਾ ਚਾਹੁੰਦਾ ਹਾਂ ਭਾਰਤ ਸਰਕਾਰ ਦੁਆਰਾ ਸਾਡੇ ਗਵਾਂਢੀ ਰਾਜਾਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਨੇ ਨਵੇਂ ਸਨਅੱਤੀ ਸਰਮਾਇਆਕਾਰਾਂ ਨੂੰ ਜ਼ਿਆਦਾਤਰ ਪਰ੍ਹੇ ਹੀ ਰੱਖਿਆ ਹੈ ਅਤੇ ਇਨ੍ਹਾਂ ਰਿਆਇਤਾਂ ਕਰਕੇ ਉਦਯੋਗ ਇੱਥੋਂ ਚਲਿਆ ਗਿਆ ਹੈ । ਇਸੇ ਤਰ੍ਹਾਂ, ਸਾਡੇ ਡਰੱਗ ਫਾਰਮਾਸਿਊਟਿਕਲ ਉਦਯੋਗ ਉੱਤੇ ਵੀ ਮੈਡੀਸਨਜ਼ ਅਤੇ ਡਰੱਗਜ਼ ਦੇ ਸਬੰਧ ਵਿੱਚ ਵੱਧ ਤੋਂ ਵੱਧ ਪ੍ਰਚੂਨ ਮੁੱਲ ਉੱਤੇ ਕੇਂਦਰੀ ਆਬਕਾਰੀ ਡਿਊਟੀ ਲਗਾਉਣ ਕਰਕੇ ਪ੍ਰਤਿਕੂਲ ਪ੍ਰਭਾਵ ਪਿਆ ਹੈ। ਸਾਡੀ ਕਣਕ ਪ੍ਰਾਸੈਸਿੰਗ ਸਨਅੱਤ ਭਾਰਤੀ ਖੁਰਾਕ ਨਿਗਮ ਦੀ ਕਣਕ ਸਬੰਧੀ ਮੁੱਲ ਨਿਰਧਾਰਣ ਨੀਤੀ ਦੇ ਕਾਰਨ ਗ਼ੈਰ-ਮੁਕਾਬਲੇ ਵਾਲੀ ਕਰ ਦਿੱਤੀ ਗਈ ਹੈ ਅਤੇ ਅੰਤਿਮ ਤੌਰ ਤੇ, ਸਰਹੱਦੀ ਅਤੇ ਖੁਸ਼ਕੀ ਨਾਲ ਘਿਰਿਆ ਹੋਇਆ ਰਾਜ ਹੋਣ ਕਰਕੇ, ਪੰਜਾਬ ਦੀਆਂ ਕੁਝ ਸੁਭਾਵਿਕ ਸੀਮਾਵਾਂ ਹਨ, ਜਿਨ੍ਹਾਂ ਦਾ

Original with;
Punjab Vidhan Sabha
Digitized by;
Punjab Digital Library

ਸਾਹਮਣਾ ਸਾਡੇ ਵਰਗੇ ਰਾਜ ਨਹੀਂ ਕਰ ਰਹੇ । ਅਸੀਂ ਭਾਰਤ ਸਰਕਾਰ ਨੂੰ ਵਾਘਾ ਸਰੱਹਦ ਰਾਹੀਂ ਵਪਾਰ ਦਾ ਰਾਹ ਖੋਲ੍ਹਣ ਦੀ ਇਜਾਜ਼ਤ ਦੇਣ ਲਈ ਬੇਨਤੀ ਕਰਦੇ ਆ ਰਹੇ ਹਾਂ ਕਿਉਂ ਜੋ ਇਸ ਨਾਲ ਪੰਜਾਬ ਵਿੱਚ ਸਨਅੱਤਕਾਰੀ ਅਤੇ ਤਿਜਾਰਤ ਨੂੰ ਇਕ ਵੱਡਾ ਹੁਲਾਰਾ ਮਿਲੇਗਾ । ਅਸੀਂ ਉਨ੍ਹਾਂ ਨੂੰ ਸਾਡੇ ਗਵਾਂਢੀ ਪਹਾੜੀ ਰਾਜਾਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਸਾਡੇ ਸਰਹੱਦੀ ਜ਼ਿਲ੍ਹਿਆਂ ਵਿਚਲੇ ਉਦਯੋਗ ਨੂੰ ਦੇਣ ਲਈ ਬੇਨਤੀ ਕੀਤੀ ਹੈ ।

35. ਸਰਕਾਰ ਨੂੰ ਜ਼ਰੂਰੀ ਤੌਰ ਤੇ ਸਨਅੱਤੀ ਤਰੱਕੀ ਲਈ ਅਤੇ ਚੰਗੇਰੀ ਗੁਣਵੱਤਾ ਵਾਲੇ ਉਦਯੋਗਿਕ ਬੁਨਿਆਦੀ ਢਾਂਚੇ ਦੀ ਸਿਰਜਣਾ ਕਰਨ ਦੇ ਯੋਗ ਹੋਣ ਲਈ ਇਕ ਸਹਿਯੋਗੀ ਦਾ ਕਿਰਦਾਰ ਨਿਭਾਉਣਾ ਚਾਹੀਦਾ ਹੈ । ਇਸ ਸਬੰਧ ਵਿੱਚ, ਅਸੀਂ ਪਿਛਲੇ ਸਾਲ ਦੇ ਸਿਰਫ਼ 33 ਲੱਖ ਰੁਪਏ ਦੇ ਨਿਰਧਾਰਣ ਦੇ ਮੁਕਾਬਲੇ 28.30 ਕਰੋੜ ਰੁਪਏ ਦੀ ਰਕਮ ਤੈਅ ਕੀਤੀ ਹੈ । ਇਹ ਬਜਟ ਦੇ ਗ਼ੈਰ ਯੋਜਨਾ ਪਾਸੇ ਵੱਲ ਤਬਦੀਲ ਕੀਤੀ ਜਾ ਰਹੀ ਕੀਤੇ ਵਾਅਦੇ ਵਾਲੀ 100 ਕਰੋੜ ਰੁਪਏ ਦੀ ਉਦਯੋਗਿਕ ਸਬਸਿਡੀ ਦੇ ਬਾਵਜੂਦ ਹੈ । ਮੁੱਖ ਤੌਰ ਤੇ ਹੇਠ ਲਿਖੇ ਮੁਤਾਬਕ ਰਕਮਾਂ ਤੈਅ ਕੀਤੀਆਂ ਹਨ :-

- ਮੌਜੂਦਾ ਉਦਯੋਗਿਕ ਫੋਕਲ ਪੁਆਇੰਟਾਂ ਦੇ ਸੁਧਾਰ ਲਈ 10 ਕਰੋੜ ਰੁਪਏ ।
- ਨਵੇਂ ਉਦਯੋਗਿਕ ਫੋਕਲ ਪੁਆਇੰਟਾਂ ਦੀ ਸਿਰਜਣਾ ਲਈ 14 ਕਰੋੜ ਰੁਪਏ ।
- ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਉੱਤਰੀ ਭਾਰਤੀ ਫੈਸ਼ਨ ਤਕਨਾਲੋਜੀ ਸੰਸਥਾ ਦੇ ਕੰਮ ਨੂੰ ਮੁਕੰਮਲ ਕਰਨ ਲਈ 3 ਕਰੋੜ ਰੁਪਏ ।

36. ਕੁਆਰਕ ਮੀਡੀਆ ਹਾਊਸ ਯੂ.ਐਸ.ਏ. ਲਗਭਗ 700 ਆਈ.ਟੀ. ਪੇਸ਼ਾਵਰਾਂ ਦੀ ਟੀਮ ਨਾਲ ਮੁਹਾਲੀ ਵਿਖੇ ਇਕ ਸਾਫ਼ਟਵੇਅਰ ਵਿਕਾਸ ਕੇਂਦਰ ਚਲਾ ਰਿਹਾ ਹੈ । ਕੁਆਰਕ ਮੁਹਾਲੀ ਵਿਖੇ ਇਕ ਆਈ.ਟੀ. ਪਾਰਕ (ਵਿਸ਼ੇਸ਼ ਆਰਥਿਕ ਜ਼ੋਨ) ਦਾ ਵੀ ਵਿਕਾਸ ਕਰ ਰਿਹਾ ਹੈ, ਜਿਸ ਲਈ ਭਾਰਤ ਸਰਕਾਰ ਦੁਆਰਾ ਨੋਟੀਫ਼ਿਕੇਸ਼ਨ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ । ਰੇਨਬੈਕਸੀ ਲਬਾਰਟਰੀਜ਼ ਦੁਆਰਾ ਮੁਹਾਲੀ ਵਿਖੇ ਵਿਕਸਤ ਕੀਤੇ ਜਾਣ ਵਾਲੇ ਫਰਮਾਸੀਊਟੀਕਲ ਉਦਯੋਗ ਲਈ ਇਕ ਹੋਰ ਸੇਜ਼ (SEZ) ਵੀ ਭਾਰਤ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਗਿਆ ਹੈ । ਇਨ੍ਹਾਂ 2 ਜ਼ੋਨਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਦੇ ਨਾਲ-ਨਾਲ, ਭਾਰਤ ਸਰਕਾਰ ਨੇ ਪੰਜਾਬ ਵਿੱਚ ਹੋਰ 9 ਸੇਜ਼ ਪ੍ਰਾਜੈਕਟਾਂ ਲਈ ਸਿਧਾਂਤਕ ਤੌਰ ਤੇ ਮਨਜ਼ੂਰੀ ਦਿੱਤੀ ਹੈ । ਪੰਜਾਬ ਇਨਫੋਟੈੱਕ ਨੇ ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੇ ਸਹਿਯੋਗ ਨਾਲ ਰਾਜ ਦੇ ਕਾਲਜਾਂ ਵਿੱਚ ਬੀ.ਪੀ.ਓ. ਸਿਖਲਾਈ ਕੇਂਦਰ ਸਥਾਪਿਤ ਕਰਨ ਦਾ ਕੰਮ ਸ਼ੁਰੂ ਕੀਤਾ ਹੈ ।

**Roads and Bridges**

37. The State's economy requires urgent upgradation of the road and communication network to provide the essential pre-requisite for giving a major push to the State's growth in all sectors. Realizing this, our Government has hiked allocations for this Sector from Rs. 367.75 crore last year to Rs. 605.10 crore this year. To illustrate :

- ਰਾਜ ਦੇ ਯੋਜਨਾ ਸੜਕ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ 1,500 ਕਰੋੜ ਰੁਪਏ ਵਾਲੇ ਵਿਸ਼ਵ ਬੈਂਕ ਸਹਾਇਤਾ-ਪ੍ਰਾਪਤ ਪ੍ਰਾਜੈਕਟ ਵਾਸਤੇ ਸੂਬੇ ਦੇ ਹਿੱਸੇ ਵਜੋਂ ਇਸ ਸਾਲ 275 ਕਰੋੜ ਰੁਪਏ ਤੈਅ ਕੀਤੇ ਗਏ ਹਨ । ਇਸ ਅਪ੍ਰੈਲ ਵਿੱਚ ਰਾਜ ਵਿੱਚ ਇਹ ਪ੍ਰਾਜੈਕਟ ਇਕਦਮ ਸ਼ੁਰੂ ਕੀਤਾ ਗਿਆ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਅਸੀਂ ਆਪਣੇ ਆਪ ਨੂੰ ਮਿਥੇ ਸਮੇਂ ਉਤੇ ਪਾਬੰਦ ਰੱਖਾਂਗੇ ।

- ਸੜਕਾਂ ਚੌੜੀਆਂ ਕਰਨ ਅਤੇ ਪੁਲਾਂ ਦੇ ਨਿਰਮਾਣ ਲਈ ਨਾਬਾਰਡ ਸਹਾਇਤਾ-ਪ੍ਰਾਪਤ ਪ੍ਰਾਜੈਕਟ ਅਧੀਨ 260 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

- ਮੌਜੂਦਾ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਸੈਂਟਰਲ ਰੋਡ ਫ਼ੰਡ ਵਿੱਚੋਂ 70 ਕਰੋੜ ਰੁਪਏ ਦੀ ਵਰਤੋਂ ਕੀਤੀ ਜਾਵੇਗੀ ।

ਇਸ ਤੋਂ ਇਲਾਵਾ, ਕਾਬਲੇ ਤਾਜ਼ੀਮ ਮਾਣਯੋਗ ਮੁੱਖ ਮੰਤਰੀ ਸਾਹਿਬ ਦੀਆਂ ਕੋਸ਼ਿਸ਼ਾਂ ਦਾ ਧੰਨਵਾਦ ਕਰਦੇ ਹੋਏ, ਸਾਡੀ ਸਰਕਾਰ ਐਨ.ਐੱਚ.ਏ.ਆਈ. ਦੁਆਰਾ ਰਾਜ ਦੇ ਕੌਮੀ ਸ਼ਾਹਰਾਹਾਂ ਨੂੰ ਬਿਹਤਰ ਬਣਾਉਣ ਲਈ 3,000 ਕਰੋੜ ਰੁਪਏ ਤੋਂ ਵੱਧ ਰਕਮ ਦੀ ਭਾਰਤ ਸਰਕਾਰ ਪਾਸੋਂ ਸਹਾਇਤਾ ਪ੍ਰਾਪਤ ਕਰਨ ਵਿੱਚ ਸਫ਼ਲ ਰਹੀ ਹੈ (ਥੰਪਿੰਗ) ਜਿਸ ਨਾਲ ਅਗਲੇ 2-3 ਸਾਲਾਂ ਵਿੱਚ ਪੰਜਾਬ ਦੀਆਂ ਸੜਕਾਂ ਦੇ ਨੈੱਟਵਰਕ ਦੀ ਨੁਹਾਰ ਬਦਲਣ ਵਿੱਚ ਮਦਦ ਮਿਲੇਗੀ ।

Original with;
Punjab Vidhan Sabha
Digitized by;
Panjab Digital Library

ਬੁਨਿਆਦੀ ਢਾਂਚਾ

38. ਇਸ ਮੱਦ ਅਧੀਨ ਯੋਜਨਾ ਨਿਰਧਾਰਣ, ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਪਾਸੋਂ ਫ਼ੰਡ ਜੁਟਾਏ ਜਾਣ ਨਾਲ ਸਬੰਧ ਰੱਖਦੇ ਹਨ । ਪਿਛਲੇ ਸਾਲ ਦੀ ਯੋਜਨਾ ਵਿਚਲੇ 200 ਕਰੋੜ ਰੁਪਏ ਦੀ ਸੋਧੀ ਲਾਗਤ ਦੇ ਮੁਕਾਬਲੇ ਅਸੀਂ ਇਸ ਸਾਲ ਇਹ ਨਿਰਧਾਰਣ 220 ਕਰੋੜ ਰੁਪਏ ਤੱਕ ਵਧਾ ਦਿੱਤੇ ਹਨ । ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਕੁਝ ਅਹਿਮ ਪਹਿਲਕਦਮੀਆਂ ਹੇਠ ਲਿਖੇ ਅਨੁਸਾਰ ਹਨ :-

- 1,516 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਬੀ.ਓ.ਟੀ. ਕਾਰਜਵਿਧੀ ਰਾਹੀਂ ਲੁਧਿਆਣਾ ਵਿਖੇ 62 ਕਿਲੋਮੀਟਰ ਲੰਮੀ ਰਿੰਗ ਰੋਡ ।
- ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਰਿੰਗ ਰੋਡ ਅਤੇ ਸ਼ਹਿਰੀ ਲਾਂਘਾ ।
- ਬਠਿੰਡਾ, ਨਵਾਂ ਸ਼ਹਿਰ ਅਤੇ ਗੜ੍ਹਸ਼ੰਕਰ ਵਿਖੇ 3 ਅਹਿਮ ਸੜਕਾਂ ਦੇ ਬਾਈ-ਪਾਸ ।
- ਪੰਜਾਬ ਮੈਡੀਕਲ ਸਾਇੰਸ ਸੰਸਥਾ, ਜਲੰਧਰ । ਇਹ ਤਕਰੀਬਨ ਮੁਕੰਮਲ ਹੋ ਗਿਆ ਹੈ ।
- ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਦੇ ਨਗਰ ਨਿਗਮਾਂ ਵਾਲੇ 4 ਨਗਰਾਂ ਵਿੱਚ ਸ਼ਹਿਰੀ ਟ੍ਰਾਂਸਪੋਰਟ ਸੇਵਾਵਾਂ ।
- ਅੰਮ੍ਰਿਤਸਰ ਅਤੇ ਗੋਇੰਦਵਾਲ ਸਾਹਿਬ ਵਿਖੇ ਵਿਸ਼ੇਸ਼ ਆਰਥਿਕ ਜ਼ੋਨ ।

ਪ੍ਰਵਾਸੀ ਭਾਰਤੀ (NRI) ਮਾਮਲੇ

39. ਸਾਡੀ ਸਰਕਾਰ ਇਕ ਨਵੇਂ ਪੰਜਾਬ ਦੇ ਨਿਰਮਾਣ ਵਿੱਚ ਸਾਡੀ ਪੰਜਾਬੀ ਵਿਦੇਸ਼ੀ-ਵਸੋਂ ਦਾ ਸਹਿਯੋਗ ਅਤੇ ਯੋਗਦਾਨ ਪ੍ਰਾਪਤ ਕਰਨਾ ਚਾਹੁੰਦੀ ਹੈ । ਸਰਕਾਰ ਵਿਕਾਸ ਅਤੇ ਹੋਰਨਾਂ ਕਾਰਜਾਂ ਲਈ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਨੂੰ ਅਸਾਨ ਬਣਾਉਣ ਅਤੇ ਘੱਟ ਬੋਝਲ ਬਣਾਉਣ ਲਈ ਕਈ ਉਪਰਾਲਿਆਂ ਬਾਰੇ ਸੋਚ ਵਿਚਾਰ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਕਰ ਰਹੀ ਹੈ । ਪਲਾਹੀ ਅਤੇ ਖਰੌਦੀ ਦੇ ਕੁਝ ਮੌਜੂਦਾ ਦਿਹਾਤ ਵਿਕਾਸ ਮਾਡਲਾਂ ਦੇ ਅਨੁਰੂਪ ਹੋਰਨਾਂ ਜ਼ਿਲ੍ਹਿਆਂ ਵਿੱਚ ਵੀ ਅਜਿਹੇ ਮਾਡਲ ਬਣਾਏ ਜਾਣ ਦੀ ਲੋੜ ਹੈ । ਇਸ ਮੰਤਵ ਲਈ 1.00 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ । ਇਹ ਟੋਟਲ ਮਨੀ ਹੈ । ਜੇ ਕੋਈ ਐਨ.ਆਰ.ਆਈ. ਆਪਣੇ ਪਿੰਡ ਵਿੱਚ ਪੈਸਾ ਲਾਉਣਾ ਚਾਹੁੰਣਗੇ ਤਾਂ ਇਹ ਰਕਮ 100 ਕਰੋੜ ਰੁਪਏ ਤੱਕ ਦੀ ਹੋ ਸਕਦੀ ਹੈ ।

ਟਰਾਂਸਪੋਰਟ

40. ਸਾਡੀ ਸਰਕਾਰ ਨੇ ਟਰਾਂਸਪੋਰਟ ਸੈਕਟਰ ਲਈ ਪਿਛਲੇ ਸਾਲ ਦੇ ਸੋਧੇ ਯੋਜਨਾ ਅਨੁਮਾਨਾਂ ਵਿਚਲੇ 2.87 ਕਰੋੜ ਰੁਪਏ ਦੇ ਥੋੜ੍ਹੇ ਜਿਹੇ ਖ਼ਰਚੇ ਦੀ ਤੈਅ ਕੀਤੀ ਰਕਮ ਨੂੰ ਇਸ ਸਾਲ ਵਧਾ ਕੇ 7.60 ਕਰੋੜ ਰੁਪਏ ਕਰ ਦਿੱਤਾ ਹੈ । ਅਸੀਂ 3 ਕਰੋੜ ਰੁਪਏ ਦੀ ਇਕਵਿਟੀ ਗਰਾਂਟ ਨਾਲ ਪੀ.ਆਰ.ਟੀ.ਸੀ. ਦੀਆਂ ਬੱਸਾਂ ਦੇ ਫਲੀਟ ਨੂੰ ਬਦਲਣ ਲਈ ਇਕ ਦਹਾਕੇ ਤੋਂ ਬਾਅਦ ਪੀ.ਆਰ.ਟੀ.ਸੀ. ਨੂੰ ਬਜਟੀ ਸਹਾਇਤਾ ਮੁਹੱਈਆ ਕਰਵਾ ਰਹੇ ਹਾਂ । ਡਿਪੂਆਂ ਦੇ ਕੰਪਿਊਟ੍ਰੀਕਰਨ ਅਤੇ ਸੜਕ ਸੁਰੱਖਿਆ ਉਪਰਾਲਿਆਂ ਵਾਸਤੇ ਵੀ ਫ਼ੰਡ ਤੈਅ ਕੀਤੇ ਗਏ ਹਨ । ਸਾਡੀ ਸਰਕਾਰ ਲੁਧਿਆਣਾ ਤੋਂ ਕੋਲਕਾਤਾ ਤੱਕ ਦੇ ਰੇਲਵੇ ਮਾਲ-ਢੁਆਈ ਲਾਂਘੇ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਉਣ ਲਈ ਮਾਮਲੇ ਦੀ ਭਾਰਤ ਸਰਕਾਰ ਨਾਲ ਸ਼ਿੱਦਤ ਨਾਲ ਪੈਰਵੀ ਕਰ ਰਹੀ ਹੈ ।

**ਸੈਰ ਸਪਾਟਾ (ਟੂਰਿਜ਼ਮ)**

41. ਸਾਡੀ ਸਰਕਾਰ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਸੈਰ ਸਪਾਟਾ (ਟੂਰਿਜ਼ਮ) ਸੈਕਟਰ ਦੀ ਅਹਿਮੀਅਤ ਨੂੰ ਸਮਝਦੀ ਹੈ । ਰਾਜ ਸਰਕਾਰ 11ਵੀਂ ਪੰਜ ਸਾਲਾ ਯੋਜਨਾ ਦੇ ਅਗਲੇ ਦੋ ਸਾਲਾਂ ਦੌਰਾਨ ਸੈਰ-ਸਪਾਟਾ ਦੇ ਸਥਾਨਾਂ ਵਜੋਂ ਅੰਮ੍ਰਿਤਸਰ, ਵਾਘਾ ਅਤੇ ਪਟਿਆਲਾ ਨੂੰ ਵਿਕਸਿਤ ਕਰਨ ਲਈ ਅਤੇ ਧਾਰਮਿਕ ਯਾਤਰਾ ਵਾਲੇ ਸਥਾਨਾਂ ਅਤੇ ਅਜ਼ਾਦੀ ਘੋਲ ਵਾਲੇ ਸਥਾਨਾਂ ਦੇ ਵਿਕਾਸ ਲਈ ਲਗਭਗ 35 ਕਰੋੜ ਰੁਪਏ ਖ਼ਰਚ ਕਰੇਗੀ। ਮੌਜੂਦਾ ਧਾਰਮਿਕ ਯਾਦਗਾਰਾਂ, ਅਜ਼ਾਦੀ ਘੁਲਾਟੀਆਂ ਦੇ ਘਰਾਂ ਅਤੇ ਹੋਰ ਯਾਦਗਾਰਾਂ ਦੀ ਰਾਜ ਸਰਕਾਰ ਦੁਆਰਾ ਮੁਰੰਮਤ ਕਰਵਾਈ ਜਾਵੇਗੀ। ਰਾਜ ਸਰਕਾਰ ਅਤੇ ਭਾਰਤੀ ਰੇਲਵੇ ਦੁਆਰਾ ਵਿਉਂਤੀ ਇਕ ਹੋਰ ਅਹਿਮ ਪਹਿਲਕਦਮੀ ਲਗਭਗ 30 ਕਰੋੜ ਰੁਪਏ ਦੀ ਲਾਗਤ ਵਾਲੀ ਅਸੰਭਾਵੀ ਭਾਰਤ-ਪੰਜਾਬ ਸੁਖਦਾਇਕ ਰੇਲਗੱਡੀ (Incredible India-Punjab Luxury Train) ਹੈ। ਸੈਰ ਸਪਾਟਾ ਮੰਤਰਾਲਾ, ਭਾਰਤ ਸਰਕਾਰ ਅਤੇ ਭਾਰਤੀ ਰੇਲਵੇ ਅਤੇ ਪੰਜਾਬ ਸਰਕਾਰ ਸਾਂਝੇ ਤੌਰ ਤੇ ਇਸ ਪ੍ਰਾਜੈਕਟ ਲਈ ਫ਼ੰਡ ਜੁਟਾਅ ਰਹੇ ਹਨ । ਇਸ ਪ੍ਰਾਜੈਕਟ ਵਿੱਚ ਰਾਜ ਵਿਚਲੇ ਅਹਿਮ ਸੈਰ-ਸਪਾਟਾ

Original with;
Punjab Vidhan Sabha
Digitized by;
Panjab Digital Library

ਸਥਾਨਾਂ ਦੇ ਨਾਲ ਨਾਲ ਨਵੀਂ ਦਿੱਲੀ, ਜੈਪੁਰ ਅਤੇ ਆਗਰੇ ਦੇ ਸੈਰ ਸਪਾਟਾ ਸਥਾਨਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

42. ਰਾਜ ਵਿੱਚ ਸੈਰ ਸਪਾਟੇ ਨੂੰ ਮਹੱਤਵਪੂਰਨ ਬਣਾਉਣ ਲਈ ਵਿਉਂਤੇ ਹੋਰ ਪ੍ਰਾਜੈਕਟ ਵਾਘਾ ਬਾਰਡਰ ਉੱਤੇ ਨੀਮ ਚਮੇਲੀ ਸੈਰ-ਸਪਾਟਾ ਕੰਪਲੈਕਸ ਦੀਆਂ ਸਹੂਲਤਾਂ ਨੂੰ ਵਧਾਉਣਾ ਅਤੇ ਅੰਮ੍ਰਿਤਸਰ ਅਤੇ ਮੁਹਾਲੀ ਵਿਖੇ ਕਨਵੈਨਸ਼ਨ ਕੇਂਦਰਾਂ ਦੀ ਉਸਾਰੀ ਕਰਨੀ ਹੈ। ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਜੀ ਦੀ ਮੁਦਾਖ਼ਲਤ ਨਾਲ ਫੌਜ ਦੇ ਕੰਟਰੋਲ ਹੇਠਲੇ, ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਏ ਗਏ ਅੰਮ੍ਰਿਤਸਰ ਵਿਖੇ ਗੋਬਿੰਦਗੜ੍ਹ ਵਿੱਚ ਬਣੇ ਇਤਿਹਾਸਕ ਕਿਲੇ ਨੂੰ ਰਾਜ ਸਰਕਾਰ ਨੂੰ ਸੌਂਪ ਦਿੱਤਾ ਗਿਆ ਹੈ। ਇਹ ਕਿਲਾ ਹੁਣ ਸੈਰ-ਸਪਾਟਾ ਵਿਭਾਗ ਨੂੰ ਟਰਾਂਸਫਰ ਕਰ ਦਿੱਤਾ ਗਿਆ ਹੈ ਅਤੇ 11ਵੀਂ ਪੰਜ ਸਾਲਾਂ ਯੋਜਨਾ ਵਿੱਚ 50 ਕਰੋੜ ਰੁਪਏ ਦੀ ਲਾਗਤ ਨਾਲ ਇਸ ਦੀ ਮੁਰੰਮਤ ਦੇ ਕੰਮ ਨੂੰ ਵਿਉਂਤਿਆ ਗਿਆ ਹੈ। ਇਸ ਵਰ੍ਹੇ ਦੇ ਬਜਟ ਵਿੱਚ ਅਸੀਂ ਇਸ ਸੈਕਟਰ ਲਈ ਪਿਛਲੇ ਸਾਲ ਦੇ 5.05 ਕਰੋੜ ਰੁਪਏ ਦੇ ਖ਼ਰਚੇ ਨੂੰ ਵਧਾ ਕੇ 18.25 ਕਰੋੜ ਰੁਪਏ ਕਰ ਦਿੱਤਾ ਹੈ।

ਕਲਾ ਅਤੇ ਸਭਿਆਚਾਰ

43. ਸਾਡੀ ਸਰਕਾਰ ਨੇ ਕਲਾ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪਿਛਲੇ ਵਰ੍ਹੇ ਦੇ 7.26 ਕਰੋੜ ਰੁਪਏ ਦੇ ਮੁਕਾਬਲੇ 8.83 ਕਰੋੜ ਰੁਪਏ ਦੀ ਰਾਸ਼ੀ ਨਿਰਧਾਰਣ ਕੀਤੀ ਹੈ। ਅੱਜ ਦੇ ਲੋਕਾਂ ਨੂੰ ਆਪਣੇ ਸ਼ਾਨਾਮੱਤੇ ਅਤੀਤ ਦਾ ਝਰੋਖਾ ਮੁਹੱਈਆ ਕਰਵਾਉਣ ਲਈ, ਅਸੀਂ ਰਾਜ ਦੇ ਅਜਾਇਬ ਘਰਾਂ ਨੂੰ ਬਿਹਤਰ ਬਣਾਉਣ ਲਈ 65 ਲੱਖ ਰੁਪਏ ਖਾਸ ਤੌਰ ਤੇ ਵੱਖਰੇ ਹੀ ਰੱਖੇ ਹਨ। ਚੰਡੀਗੜ੍ਹ ਵਿਖੇ ਆਧੁਨਿਕ ਪੁਰਾਤੱਤਵੀ ਇਮਾਰਤ ਨੂੰ ਪੂਰਾ ਕਰਨ ਲਈ ਅਸੀਂ 2 ਕਰੋੜ ਰੁਪਏ ਦਾ ਉਪਬੰਧ ਵੀ ਕੀਤਾ ਹੈ।

**ਸ਼ਹਿਰੀ ਹਵਾਬਾਜ਼ੀ**

44. ਮਾਣਯੋਗ ਡਿਪਟੀ ਸਪੀਕਰ ਸਾਹਿਬ, ਜੇਕਰ ਪੰਜਾਬ ਨੇ ਸਾਹਿਤਕ ਅਤੇ ਰੂਪਕ ਦੋਹਾਂ ਪੱਖਾਂ ਤੋਂ ਉੱਚਾਂਆਂ ਉਡਾਰੀਆਂ ਭਰਨੀਆਂ ਹਨ ਤਾਂ ਇਹ ਲਾਜ਼ਮੀ ਹੈ ਕਿ ਸਰਕਾਰ ਜ਼ਰੂਰ ਹੀ ਸ਼ਹਿਰੀ ਅਤੇ ਹਵਾਬਾਜ਼ੀ ਸੈਕਟਰ ਦੀ ਵਿਸ਼ਾਲ ਸਮਰੱਥਾ ਨੂੰ ਵਰਤੋਂ ਵਿੱਚ ਲਿਆਵੇ ਅਤੇ ਇਸ ਨੂੰ ਮਜ਼ਬੂਤ ਬਣਾਉਣ ਅਤੇ ਇਸ ਦੇ ਵਿਕਾਸ ਲਈ ਸਾਧਨ ਮੁਹੱਈਆ ਕਰੇ । ਰਾਜ ਸਰਕਾਰ ਨੇ ਪਿਛਲੇ ਵਰ੍ਹੇ ਦਿੱਤੀ ਗਈ 89 ਲੱਖ ਰੁਪਏ ਦੀ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਰਾਸ਼ੀ ਨੂੰ ਇਸ ਵਰ੍ਹੇ 33.78 ਕਰੋੜ ਰੁਪਏ ਤੱਕ ਵਧਾ ਕੇ ਆਪਣੀ ਵਚਨਬੱਧਤਾ ਉਤੇ ਜ਼ੋਰ ਦਿੱਤਾ ਹੈ । (ਥੰਪਿੰਗ) ਕੁਝ ਵਿਸ਼ੇਸ਼ਤਾ ਵਾਲੇ ਨੁਕਤੇ ਨਿਮਨ ਹਨ :-

- ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਅਤੇ ਸਾਹਨੇਵਾਲ ਫਲਾਇੰਗ ਕਲੱਬ ਦੇ ਵਿਸਥਾਰ ਲਈ 25 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

- ਤਲਵੰਡੀ ਸਾਬੋ ਦੇ ਨੇੜੇ ਫਲਾਇੰਗ ਅਕੈਡਮੀ ਦੇ ਲਈ ਭੋਂ ਪ੍ਰਾਪਤੀ ਵਾਸਤੇ ਨਿਰਧਾਰਣ ਵੀ ਕੀਤਾ ਗਿਆ ਹੈ। ਇਥੇ ਲੈਂਡ ਐਕੁਜ਼ੀਸ਼ਨ ਦੀ ਗੱਲ ਚਲ ਰਹੀ ਹੈ।

- 4 ਕਰੋੜ ਰੁਪਏ ਦੀ ਰਾਸ਼ੀ ਦੇ ਨਿਰਧਾਰਣ ਨਾਲ ਪਟਿਆਲਾ ਹਵਾਬਾਜ਼ੀ ਕਲੱਬ ਨੂੰ ਵਧੀਆ ਬਣਾਉਣ ਲਈ ਤਜਵੀਜ਼ ਰੱਖੀ ਗਈ ਹੈ।

- ਸਰਕਾਰ ਚੰਡੀਗੜ੍ਹ ਦੇ ਹਵਾਈ ਅੱਡੇ ਦਾ ਕੌਮਾਂਤਰੀ ਹਵਾਈ ਅੱਡੇ ਵਜੋਂ ਰੁਤਬਾ ਉੱਚਾ ਚੁੱਕਣ ਅਤੇ ਹਲਵਾਰਾ ਨੂੰ ਵੀ ਕੌਮਾਂਤਰੀ ਹਵਾਈ ਅੱਡੇ ਵਜੋਂ ਵਿਕਸਿਤ ਕਰਨ ਲਈ ਤੁਰੰਤ ਮਨਜ਼ੂਰੀ ਪ੍ਰਾਪਤ ਕਰਨ ਲਈ ਵਚਨਬੱਧ ਹੈ।

*11.57 ਵਜੇ ਪੂਰਵ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸ਼ਹਿਰੀ ਵਿਕਾਸ**

45. ਮਾਨਯੋਗ ਸਪੀਕਰ ਸਾਹਿਬ, ਜਿਉਂ ਜਿਉਂ ਦੇਸ਼ ਵਿਕਾਸ ਕਰਦਾ ਹੈ, ਤਿਉਂ ਤਿਉਂ ਸਾਡੇ ਮੌਜੂਦਾ ਸ਼ਹਿਰਾਂ ਅਤੇ ਬਾਹਰਲੇ ਸ਼ਹਿਰੀ ਖੇਤਰਾਂ ਉੱਤੇ ਵੀ ਚੌਖਾ ਦਬਾਅ ਪੈਂਦਾ ਹੈ। ਇਸ ਸਮੇਂ ਪੰਜਾਬ ਦੀ ਤਕਰੀਬਨ 35 ਫ਼ੀ ਸਦ ਸ਼ਹਿਰੀ ਵਸੋਂ ਹੈ ਅਤੇ ਇਕ ਦਹਾਕੇ ਵਿੱਚ ਇਸ ਦੀ ਤਕਰੀਬਨ 50 ਫ਼ੀ ਸਦ ਤੱਕ ਵਧਣ ਦੀ ਸੰਭਾਵਨਾ ਹੈ। ਜੇਕਰ ਰਾਜ ਸਰਕਾਰ ਇਸ ਤੇਜ਼ੀ ਨਾਲ ਵੱਧ ਰਹੇ ਇਸ ਸ਼ਹਿਰੀਕਰਨ ਕਰਕੇ ਪੈਦਾ ਹੋ ਰਹੇ ਮਸਲਿਆਂ ਪ੍ਰਤੀ ਜਾਗਰੂਕ ਨਹੀ ਹੁੰਦੀ ਅਤੇ ਮੌਜੂਦਾ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਨੂੰ ਨਾਲੋਂ ਨਾਲ ਬਿਹਤਰ ਬਣਾਉਣ ਲਈ ਸਮੇਂ ਸਿਰ ਕਦਮ ਨਹੀਂ ਚੁੱਕਦੀ ਤਾਂ ਉਸ ਸੂਰਤ ਵਿੱਚ ਮੈਨੂੰ ਡਰ ਹੈ ਕਿ ਸਾਡਾ ਸ਼ਹਿਰੀ ਭੂ-ਦ੍ਰਿਸ਼ ਬਹੁਤ ਹੀ ਮਾੜਾ ਹੋ ਜਾਵੇਗਾ।

Original with;
Punjab Vidhan Sabha
Digitized by;
Panjab Digital Library

46. ਆਉਣ ਵਾਲੇ ਕੁਝ ਵਰ੍ਹਿਆਂ ਵਿੱਚ ਗ਼ੈਰ ਯੋਜਨਾਬੱਧ ਬਸਤੀਆਂ ਦੇ ਫੈਲ ਜਾਣ ਨਾਲ ਜ਼ਰੂਰ ਹੀ ਮੈਂ ਸ਼ਹਿਰੀ ਸੈਕਟਰ ਲਈ ਇਸ ਵਰ੍ਹੇ ਦੇ ਬਜਟ ਦੀਆਂ ਕੁਝ ਵਿਸ਼ੇਸ਼ਤਾਵਾਂ ਨੂੰ ਸੰਖੇਪ ਵਿੱਚ ਦੱਸਦਾ ਹਾਂ :

- ਪਿਛਲੇ ਵਰ੍ਹੇ ਦੇ 76.28 ਕਰੋੜ ਰੁਪਏ ਦੇ ਖ਼ਰਚੇ ਦੇ ਮੁਕਾਬਲੇ ਇਸ ਵਰ੍ਹੇ ਅਸੀ ਸ਼ਹਿਰੀ ਵਿਕਾਸ ਲਈ ਨਿਰਧਾਰਣ 125.57 ਕਰੋੜ ਰੁਪਏ ਤੱਕ ਵਧਾਅ ਦਿੱਤਾ ਹੈ।
- ਅਸੀਂ ਮਿਉਂਸਿਪਲ ਸ਼ਹਿਰ, ਲੁਧਿਆਣਾ ਅਤੇ ਅੰਮ੍ਰਿਤਸਰ ਦੇ ਚੁਣੇ ਹੋਏ ਸ਼ਹਿਰਾਂ ਲਈ ਜੇ.ਐਨ.ਐਨ.ਯੂ.ਆਰ.ਐਮ. ਅਧੀਨ ਸਾਰਾ ਲੋੜੀਂਦਾ ਸਹਿਯੋਗ ਮੁਹੱਈਆ ਕਰਾਂਗੇ। ਇਸ ਸਕੀਮ ਵਿੱਚ 10% ਸਟੇਟ ਗੌਰਮਿੰਟ ਦਾ , 10% ਲੋਕਲ ਏਰੀਆ ਕਮੇਟੀ ਦਾ ਅਤੇ 80% ਸੈਂਟਰ ਸਰਕਾਰ ਦਾ ਹਿੱਸਾ ਹੁੰਦਾ ਹੈ। ਅੰਮ੍ਰਿਤਸਰ ਸ਼ਹਿਰ ਲਈ 3,000 ਕਰੋੜ ਰੁਪਏ ਮਨਜ਼ੂਰ ਕਰਵਾਏ ਹਨ। ਲੁਧਿਆਣਾ ਲਈ ਕੁਝ ਘੱਟ ਰਕਮ ਹੈ। ਜਲੰਧਰ ਪ੍ਰੋਪੋਜ਼ਲ ਵੀ ਤਿਆਰ ਹੋ ਰਹੀ ਹੈ।
- ਉਪਰੋਕਤ ਦਿੱਤੇ ਗਏ ਖ਼ਰਚੇ ਦੀ ਰਾਸ਼ੀ ਦੇ ਨਾਲ-ਨਾਲ ਸ਼ਹਿਰੀ ਜਲ ਸਪਲਾਈ ਸਕੀਮਾਂ ਲਈ 12.01 ਕਰੋੜ ਰੁਪਏ ਦੀ ਰਕਮ ਵੱਖਰੇ ਤੌਰ ਤੇ ਨਿਰਧਾਰਤ ਕੀਤੀ ਗਈ ਹੈ।
- ਪੰਜਾਬ ਸਰਕਾਰ ਨੇ ਪਹਿਲਾਂ ਹੀ ਐਸ.ਏ.ਐਸ. ਨਗਰ (ਮੁਹਾਲੀ) ਦੇ ਸ਼ਹਿਰੀ ਜਮਘਟ ਨੂੰ ਜੇ.ਐਨ.ਐਨ.ਯੂ.ਆਰ.ਐਮ. ਅਧੀਨ ਸ਼ਾਮਿਲ ਕਰਨ ਲਈ ਇਹ ਮਾਮਲਾ ਭਾਰਤ ਸਰਕਾਰ ਨਾਲ ਉਠਾਇਆ ਹੈ।
- ਛੋਟੇ ਅਤੇ ਦਰਮਿਆਨੇ ਦਰਜੇ ਦੇ ਸ਼ਹਿਰਾਂ ਲਈ ਭਾਰਤ ਸਰਕਾਰ ਦੁਆਰਾ ਸਹਾਇਤਾ-ਪ੍ਰਾਪਤ 36 ਸ਼ਹਿਰ ਚੁਣ ਲਏ ਗਏ ਹਨ।
- ਰਾਜ ਦੇ ਚੁਣੇ ਹੋਏ 14 ਸ਼ਹਿਰਾਂ ਵਿੱਚ ਸੀਵਰੇਜ ਟ੍ਰੀਟਮੈਂਟ ਪਲਾਂਟ ਸਥਾਪਤ ਕਰਨ ਲਈ 10 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ ।
- ਰਾਜ ਸਰਕਾਰ ਨੇ ਜਨਤਕ ਨਿੱਜੀ ਭਾਈਵਾਲੀ (ਪੀ.ਪੀ.ਪੀ.) ਨਾਲ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਰਗੇ ਇਨ੍ਹਾਂ ਸਾਰੇ ਸ਼ਹਿਰਾਂ ਵਿੱਚ ਉੱਚੇ ਮਿਆਰ ਵਾਲੀ ਬੱਸ ਸੇਵਾ ਮੁਹੱਈਆ ਕਰਾਉਣ ਦਾ ਫ਼ੈਸਲਾ ਵੀ ਲਿਆ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

**ਦਿਹਾਤੀ ਜਲ ਸਪਲਾਈ**

47. ਮਾਣਯੋਗ ਸਪੀਕਰ ਸਾਹਿਬ, ਲੋਕਾਂ ਨੂੰ ਪੀਣਯੋਗ ਪਾਣੀ ਮੁਹੱਈਆ ਕਰਨਾ ਸੂਬੇ ਦੇ ਮੁੱਖ ਕਾਰਜਾਂ ਵਿੱਚੋਂ ਇਕ ਹੈ। ਸੂਬੇ ਦੇ ਸਾਰੇ ਪਿੰਡਾਂ ਨੂੰ ਇਸ ਅਧੀਨ ਲਿਆਉਣ ਲਈ ਮੈਂ ਇਥੇ ਆਪਣੀ ਸਰਕਾਰ ਵੱਲੋਂ ਕੀਤੀ ਗਈ ਵਚਨਬੱਧਤਾ ਨੂੰ ਦੁਹਰਾਉਂਦਾ ਹਾਂ। ਅਸੀਂ ਰਾਜ ਵਿੱਚ 1,280 ਕਰੋੜ ਰੁਪਏ ਵਾਲੇ ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਪ੍ਰਾਜੈਕਟ ਨੂੰ ਚਾਲੂ ਕਰ ਦਿੱਤਾ ਹੈ ਅਤੇ ਇਸ ਵਰ੍ਹੇ ਦੇ ਬਜਟ ਵਿੱਚ ਸੂਬੇ ਦੇ ਹਿੱਸੇ ਵਜੋਂ 120 ਕਰੋੜ ਰੁਪਏ ਤੈਅ ਕੀਤੇ ਹਨ। ਇਸ ਪ੍ਰਾਜੈਕਟ ਦੇ ਹੇਠਾਂ ਦੱਸੇ ਹਿੱਸੇ ਹਨ :-

- ਨਾ ਕਵਰ ਕੀਤੇ ਗਏ 2,124 ਪਿੰਡਾਂ ਅਤੇ ਅੰਸ਼ਕ ਰੂਪ ਵਿੱਚ ਕਵਰ ਕੀਤੇ ਗਏ 920 ਪਿੰਡਾਂ ਨੂੰ ਕਵਰ ਕਰਨਾ।
- 1,600 ਪਿੰਡਾਂ ਵਿੱਚ ਪਹਿਲਾਂ ਤੋਂ ਹੀ ਚੱਲ ਰਹੀਆਂ ਜਲ ਸਪਲਾਈ ਸਕੀਮਾਂ ਵਿੱਚ ਸੁਧਾਰ।
- 100 ਪਿੰਡਾਂ ਵਿੱਚ ਘੱਟ ਡੂੰਘੇ ਬੋਰ ਵਾਲੇ ਸੀਵਰੇਜ ਮੁਹੱਈਆ ਕਰਨਾ।
- 1,000 ਪਿੰਡਾਂ ਵਿੱਚ ਛੱਪੜਾਂ (ਟੋਭਿਆਂ) ਦੀ ਮੁਰੰਮਤ।

48. ਇਸੇ ਤਰ੍ਹਾਂ, ਅਸੀਂ ਨਾਬਾਰਡ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਦੇ ਤਹਿਤ 105 ਕਰੋੜ ਰੁਪਏ ਅਤੇ ਰਾਜੀਵ ਗਾਂਧੀ ਪੀਣ ਵਾਲਾ ਪਾਣੀ ਮਿਸ਼ਨ ਅਧੀਨ 13.31 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਹੈ । ਬਾਕੀ ਰਹਿੰਦੇ ਪਿੰਡਾਂ ਨੂੰ ਨਾਬਾਰਡ ਸਹਾਇਤਾ-ਪ੍ਰਾਪਤ ਪ੍ਰਾਜੈਕਟ ਅਤੇ ਤੀਬਰ ਜਲ ਸਪਲਾਈ ਪ੍ਰੋਗਰਾਮ ਅਧੀਨ ਕਵਰ ਕੀਤਾ ਜਾਵੇਗਾ । ਇਸ ਸੈਕਟਰ ਦਾ ਕੁੱਲ ਖ਼ਰਚ ਪਿਛਲੇ ਵਰ੍ਹੇ ਦੇ ਸੋਧੇ ਅਨੁਮਾਨਾਂ ਦੀ 101 ਕਰੋੜ ਰੁਪਏ ਦੀ ਰਾਸ਼ੀ ਨੂੰ ਵਧਾ ਕੇ 267 ਕਰੋੜ ਰੁਪਏ ਕਰ ਦਿੱਤਾ ਗਿਆ ਹੈ । (ਥੰਪਿੰਗ)

**Education**

49. Mr. Speaker, Sir, the literacy rate of Punjab at 69.95% (as per 2001 census) is only marginally higher than national average of 65.38%. The State has not succeeded in universalization of primary education. The enrolment in schools is about 80% and the drop out rate at primary level is 25% and at secondary level is 70%. The drop out rate of SCs and other weaker sections is even higher.ਇਹ ਬੜਾ ਚਿੰਤਾ ਦਾ ਵਿਸ਼ਾ ਹੈ ।

Original with;
Punjab Vidhan Sabha
Digitized by;
Panjab Digital Library

50. ਰਾਜ ਦੇ ਮਨੁੱਖੀ ਵਸੀਲਿਆਂ ਨੂੰ ਵਧੀਆ ਬਣਾਉਣ ਲਈ ਸਾਡੀ ਨਿੱਗਰ ਵਚਨਬੱਧਤਾ ਦੇ ਪ੍ਰਗਟਾਵੇ ਵਜੋਂ ਸਾਡੀ ਸਰਕਾਰ ਨੇ ਸਿੱਖਿਆ ਸੈਕਟਰ ਲਈ ਪਿਛਲੇ ਵਰ੍ਹੇ ਦੀ 240.95 ਕਰੋੜ ਰੁਪਏ ਦੀ ਰਾਸ਼ੀ ਨੂੰ ਹੁਣ 373.34 ਕਰੋੜ ਰੁਪਏ ਤੱਕ ਵਧਾ ਦਿੱਤਾ ਹੈ। ਇਸ ਅਧੀਨ ਕੁਝ ਅਹਿਮ ਖ਼ਾਸੀਅਤਾਂ ਇਸ ਤਰ੍ਹਾਂ ਹਨ :-

- ਸਰਵ ਸਿੱਖਿਆ ਅਭਿਆਨ ( ਐੱਸ.ਐੱਸ.ਏ.) ਲਈ 1.20 ਕਰੋੜ ਰੁਪਏ ਦਾ ਨਿਰਧਾਰਣ ਜੋ ਕਿ ਇਸ ਵਰ੍ਹੇ ਤੋਂ ਕੇਂਦਰ ਸਰਕਾਰ ਅਤੇ ਰਾਜ ਵਿੱਚਕਾਰਲੇ ਹਿੱਸੇਦਾਰੀ ਦੇ ਪੈਟਰਨ ਨੂੰ 75.25 ਤੋਂ ਬਦਲ ਕੇ 50:50 ਕਰ ਦਿੱਤਾ ਹੈ।
- ਦੁਪਹਿਰ ਦਾ ਭੋਜਨ (ਮਿਡ ਡੇ ਮੀਲ) ਸਕੀਮ ਲਈ 55 ਕਰੋੜ ਰੁਪਏ ।
- ਸਕੂਲਾਂ ਵਿੱਚ ਹੋਰ ਕਲਾਸ-ਰੂਮਾਂ ਦੀ ਉਸਾਰੀ ਜਾਂ ਮੁਰੰਮਤ/ਰੱਖ-ਰਖਾਓ ਲਈ 20 ਕਰੋੜ ਰੁਪਏ ਦੀ ਗਰਾਂਟ।
- ਈ.ਡੀ.ਯੂ.ਐੱਸ.ਏ.ਐਸ ਦੀ ਤਾਮੀਲ ਲਈ 4.72 ਕਰੋੜ ਰੁਪਏ।
- ਆਈ.ਸੀ.ਟੀ. ਪ੍ਰਾਜੈਕਟ ਦੇ ਵਿਸਤਾਰ ਲਈ 53.14 ਕਰੋੜ ਰੁਪਏ।
- ਸਿੱਖਿਆ ਉਪ-ਕਰ (ਸੈੱਸ) ਤੋਂ ਸਕੂਲੀ ਬੁਨਿਆਦੀ ਢਾਂਚੇ ਦੇ ਵਿਸਥਾਰ ਲਈ 30 ਕਰੋੜ ਰੁਪਏ।

51. ਸਾਡੀ ਸਰਕਾਰ ਪੇਂਡੂ ਖੇਤਰਾਂ ਵਿੱਚ ਗ਼ਰੀਬ ਪਰਿਵਾਰਾਂ ਦੇ ਮੈਰਿਟ ਵਾਲੇ ਬੱਚਿਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਦੇਣ ਲਈ ਰਾਜ ਵਿੱਚ ਆਦਰਸ਼ ਸਕੂਲ ਖੋਲ੍ਹਣ ਲਈ ਵੀ ਵਚਨਬੱਧ ਹੈ । ਇਸ ਮੰਤਵ ਲਈ ਅਸੀਂ ਇਸ ਵਰ੍ਹੇ 50 ਕਰੋੜ ਰੁਪਏ ਦੀ ਰਕਮ ਤੈਅ ਕੀਤੀ ਹੈ । (ਥੰਪਿੰਗ)

### ਉਚੇਰੀ ਸਿੱਖਿਆ

52. ਉਚੇਰੀ ਸਿੱਖਿਆ ਵੱਲ ਅਸੀਂ ਹੇਠਾਂ ਦਰਸਾਏ ਅਨੁਸਾਰ ਉਪਬੰਧ ਕੀਤਾ ਹੈ:-

- ਰਾਜ ਵਿੱਚ ਸਰਕਾਰੀ ਕਾਲਜਾਂ ਦਾ ਦਰਜਾ ਵਧਾਉਣ ਲਈ 13 ਕਰੋੜ ਰੁਪਏ ਦੀ ਰਕਮ ।

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

- ਪਟਿਆਲਾ ਵਿਖੇ ਰਾਜੀਵ ਗਾਂਧੀ ਕੌਮੀ ਕਾਨੂੰਨ ਯੂਨੀਵਰਸਿਟੀ ਦੀ ਸਥਾਪਨਾ ਲਈ 15 ਕਰੋੜ ਰੁਪਏ ।
- ਪਟਿਆਲਾ ਵਿਖੇ ਵਿਸ਼ਵ ਪੰਜਾਬੀ ਕੇਂਦਰ ਦੀ ਸਥਾਪਨਾ ਲਈ 3 ਕਰੋੜ ਰੁਪਏ ।
- ਕੌਣੀ (ਮੁਕਤਸਰ) ਵਿਖੇ ਹੋਮ ਸਾਇੰਸ ਕਾਲਜ ਨੂੰ ਨਰਸਿੰਗ ਤੇ ਬੀ.ਐੱਡ. ਕਾਲਜ ਵਿੱਚ ਤਬਦੀਲ ਕਰਨ ਲਈ 2 ਕਰੋੜ ਰੁਪਏ ਨਿਰਧਾਰਤ ਕੀਤੇ ਗਏ ਹਨ ।

ਸਪੀਕਰ ਸਾਹਿਬ, ਮੈਂ ਸਦਨ ਨੂੰ ਇਹ ਦੱਸਣ ਦੀ ਖ਼ੁਸ਼ੀ ਲੈਂਦਾ ਹਾਂ ਕਿ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਅਤੇ ਰਿਸਰਚ (ਆਈ.ਆਈ.ਐਸ.ਈ.ਆਰ.) ਦਾ ਪਹਿਲਾ ਬੈਚ, ਜੋ ਕਿ ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਨਾਲੇਜ ਸਿਟੀ ਵਿੱਚ ਸਥਾਪਿਤ ਕੀਤਾ ਜਾਣਾ ਤਜਵੀਜ਼ਤ ਹੈ, ਇਸ ਵਰ੍ਹੇ ਜੁਲਾਈ ਤੋਂ ਚੰਡੀਗੜ੍ਹ ਵਿਖੇ ਮਹਾਤਮਾ ਗਾਂਧੀ ਪੀ.ਐਸ.ਆਈ.ਪੀ.ਏ. ਵਿਖੇ ਸ਼ੁਰੂ ਕੀਤਾ ਜਾਵੇਗਾ ।

**Technical Education**

53. The Sector of Technical Education and Industrial Training is seminal to our Government's commitment to develop a set of skills in the people, especially the youth of Punjab, to render them employable at different levels both within and outside the country. This is amply reflected in the increased allocations from Rs. 4.57 crore in last year's budget to Rs. 26.55 crore this year. Significantly, we have included :

- Optimal utilization of 18 Government Polytechnics for opening new colleges/courses with an allocation of Rs. 22 crore.
- Creation of infrastructure for running programmes in Food Processing with an allocation of Rs. 5 crore including the State's share of Rs. 1.25 crore.

**ਸੁਰੱਖਿਆ ਸੇਵਾਵਾਂ ਦੀ ਭਲਾਈ**

54. ਸ਼੍ਰੀਮਾਨ ਸਪੀਕਰ ਸਾਹਿਬ, ਸਾਡੇ ਵਿਚਾਰ ਅਨੁਸਾਰ ਵਰ੍ਹਿਆਂ ਤੋਂ ਸਾਡੇ ਦੇਸ਼ ਦੇ ਮਾਣ ਨੂੰ ਸੁਰੱਖਿਅਤ ਰੱਖਣ ਵਾਲੇ ਸਾਡੇ ਗੌਰਵਮਈ ਪੁੱਤਰਾਂ ਦੇ ਪ੍ਰਤੀ ਪੰਜਾਬ ਦੀ ਕਿਸੇ ਵੀ ਸਰਕਾਰ ਨੂੰ ਪ੍ਰਤੀਬੱਧ ਹੋਣਾ ਬਣਦਾ ਹੈ । ਇਸ ਵਰ੍ਹੇ ਦੀ ਯੋਜਨਾ ਵਿੱਚ ਸਾਡੀ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਇਸ ਵਿਭਾਗ ਲਈ 6.10 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਹੈ । ਅਸੀਂ ਆਸ ਕਰਦੇ ਹਾਂ ਕਿ ਭਾਰਤ ਸਰਕਾਰ ਰਾਜ ਵਿੱਚ ਕੌਮੀ ਸੁਰੱਖਿਆ ਯੂਨੀਵਰਸਿਟੀ ਕਾਇਮ ਕਰਨ ਦੇ ਕੰਮ ਵਿੱਚ ਤੇਜ਼ੀ ਲਿਆਵੇਗੀ ਜਿਸ ਦੇ ਲਈ ਇਸ ਵਰ੍ਹੇ ਦੀ ਯੋਜਨਾ ਵਿੱਚ 50.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

**Employment Generation**

55. Mr. Speaker, Sir, it has been our Chief Minister's commitment to impart a special thrust to growth in employment and equipping the youth of this State with a set of skills, which would make them suitable for employment in the organized sector. I am happy to state that a new Department of Employment Generation has been created which would dovetail the multi-pronged initiatives in skill development and employment generation.

56. A sum of Rs. 15 crore has been earmarked for this Department in the current year though enhanced allocations have also been provided to other line Departments. Schemes would be worked out to enhance the skill and competency of the students through vocational education, introduction of more courses in ITIs/Polytechincs, Institute for Pilot Training, Training in retail and overseas placements.

**ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ**

57. ਸਾਡੀ ਸਰਕਾਰ ਨੇ ਵਿਗਿਆਨ ਅਤੇ ਤਕਨਾਲੋਜੀ ਸੈਕਟਰ ਵਾਸਤੇ ਪਿਛਲੇ ਸਾਲ ਦੇ ਪਰਵਾਨਿਤ ਖ਼ਰਚੇ ਦੀ 3.80 ਕਰੋੜ ਰੁਪਏ ਦੀ ਰਾਸ਼ੀ ਨੂੰ ਵਧਾ ਕੇ 40.32 ਕਰੋੜ ਰੁਪਏ ਦੀ ਰਾਸ਼ੀ ਦਾ ਨਿਰਧਾਰਣ ਕੀਤਾ ਹੈ । (ਥੰਪਿੰਗ) ਭਾਰਤ ਸਰਕਾਰ ਦੁਆਰਾ ਮਨਜ਼ੂਰ-ਸ਼ੁਦਾ ਤਿੰਨ ਅਹਿਮ ਅਦਾਰਿਆਂ ਜਿਵੇਂ ਕਿ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਈ.ਆਈ.ਐਸ.ਈ.ਆਰ.), ਨੈਸ਼ਨਲ ਐਗਰੋ-ਫੂਡ ਬਾਇਓ-ਟੈਕਨਾਲੋਜੀ ਇੰਸਟੀਚਿਊਟ (ਐਸ.ਏ.ਬੀ.ਆਈ.) ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਨੈਨੋ-ਟੈਕਨਾਲੋਜੀ (ਐਨ.ਆਈ.ਐਨ.ਟੀ.) ਨੂੰ ਸਥਾਪਿਤ ਕਰਨ ਲਈ ਰਾਜ ਸਰਕਾਰ ਨੇ 272 ਕਰੋੜ ਰੁਪਏ ਦੀ ਲਾਗਤ ਵਾਲੀ 390 ਏਕੜ ਜ਼ਮੀਨ ਪਹਿਲਾਂ ਹੀ ਪ੍ਰਾਪਤ ਕਰ ਲਈ ਹੈ । ਇਨ੍ਹਾਂ ਦੇ ਆਉਣ ਨਾਲ ਪੰਜਾਬ ਦਾ ਵੱਕਾਰ ਉੱਚਾ ਹੋ ਜਾਵੇਗਾ । ਇਸ ਤੋਂ ਇਲਾਵਾ, ਬਾਇਓ-ਪ੍ਰਾਸੈਸਿੰਗ ਯੂਨਿਟ ਅਤੇ ਇਕ ਬਾਇਓ-ਤਕਨਾਲੋਜੀ ਪਾਰਕ ਦੀ ਵੀ ਯੋਜਨਾ ਬਣਾਈ ਗਈ ਹੈ । ਰਾਜ ਸਰਕਾਰ 'ਨਾਲੇਜ ਸਿਟੀ' ਵਿੱਚ ਇਨ੍ਹਾਂ ਪ੍ਰਾਜੈਕਟਾਂ ਦੇ ਜਲਦੀ ਸੰਚਾਲਨ ਲਈ ਪ੍ਰਤਿਬੱਧ ਹੈ । ਅਸੀਂ ਚਾਲੂ ਸਾਲ ਵਿੱਚ 15 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਜਲੰਧਰ ਵਿਖੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੇ ਦੂਜੇ ਪੜਾਅ ਨੂੰ ਪੂਰਾ ਕਰਨ ਦੀ ਵੀ ਤਜਵੀਜ਼ ਰੱਖਦੇ ਹਾਂ।

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

58. ਇਸ ਸਾਲ ਦੇ ਬਜਟ ਵਿੱਚ ਸਾਇੰਸ ਨੂੰ ਹਰਮਨ ਪਿਆਰਾ ਬਣਾਉਣ ਲਈ ਅਤੇ ਸਾਡੇ ਨੌਜਵਾਨ ਵਿਦਿਆਰਥੀਆਂ, ਜਿਨ੍ਹਾਂ ਵਿੱਚ ਬਹੁਤਿਆਂ ਲਈ ਸਾਇੰਸ ਇਕ ਵੱਡਾ ਭੈਅ ਹੈ, ਨੂੰ ਭੈਅ-ਮੁਕਤ ਕਰਨ ਲਈ ਰਾਖਵੀਂ ਰਕਮ ਵਧਾ ਦਿੱਤੀ ਗਈ ਹੈ । ਪਵਿੱਤਰ ਵੇਈਂ (ਇਕ ਪਵਿੱਤਰ ਪਰ ਦੂਸ਼ਿਤ ਛੋਟੀ ਨਦੀ) ਜੋ ਕਿ ਬਿਆਸ ਨਦੀ ਵਿੱਚ ਡਿਗਦੀ ਹੈ ਅਤੇ ਬੁੱਢਾ ਨਾਲਾ ਜੋ ਕਿ ਲੁਧਿਆਣਾ ਸ਼ਹਿਰ ਦਾ ਰਹਿੰਦ-ਖੂੰਹਦ ਨਾਲ ਰੋੜ੍ਹ ਕੇ ਲੈ ਜਾਂਦਾ ਹੈ ਅਤੇ ਸਤਲੁਜ ਨਦੀ ਵਿੱਚ ਡਿੱਗਦਾ ਹੈ, ਦੀ ਸਫਾਈ ਲਈ ਰਾਜ ਸਰਕਾਰ ਨੇ ਇਕ ਮੁੱਖ ਪ੍ਰੋਗਰਾਮ ਆਰੰਭਿਆ ਹੈ, ਜਿਸ ਲਈ ਇਸ ਸਾਲ ਦੀ ਯੋਜਨਾ ਵਿੱਚ 12 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

**ਸੂਚਨਾ ਤਕਨਾਲੋਜੀ**

59. ਮਾਣਯੋਗ ਸਪੀਕਰ ਸਾਹਿਬ, ਸਾਡਾ ਇਹ ਪੱਕਾ ਇਰਾਦਾ ਹੈ ਕਿ ਰਾਜ ਵਿੱਚ ਸੂਚਨਾ ਤਕਨਾਲੋਜੀ ਅਤੇ ਈ-ਗਵਰਨੈਂਸ ਦੇ ਪ੍ਰਸਾਰ ਲਈ, ਸਰਕਾਰ ਨੂੰ ਜ਼ਰੂਰ ਹੀ ਸਰਗਰਮ ਕਿਰਦਾਰ ਨਿਭਾਉਣਾ ਚਾਹੀਦਾ ਹੈ । ਅਸੀਂ ਇਸ ਵਿਭਾਗ ਦੇ ਬਜਟ ਨਿਰਧਾਰਣ ਨੂੰ ਪਿਛਲੇ ਸਾਲ ਦੇ 2.50 ਕਰੋੜ ਰੁਪਏ ਦੇ ਸੋਧੇ ਖ਼ਰਚੇ ਨੂੰ ਵਧਾ ਕੇ 22.62 ਕਰੋੜ ਰੁਪਏ ਕਰ ਦਿੱਤਾ ਹੈ । ਅਸੀਂ ਮੁੱਖ ਤੌਰ 'ਤੇ ਨਿਮਨ ਨਿਰਧਾਰਣ ਕੀਤਾ ਹੈ :-

- ਸਰਕਾਰੀ ਅਤੇ ਹੋਰ ਦਫ਼ਤਰਾਂ ਦੇ ਕੰਪਿਊਟਰੀਕਰਣ ਲਈ 6 ਕਰੋੜ ਰੁਪਏ ।
- ਸੁਵਿਧਾ ਪ੍ਰਾਜੈਕਟ ਦੇ ਰਾਜ ਪੱਧਰੀ ਉਚਿਤ ਸੰਚਾਲਨ ਲਈ 5 ਕਰੋੜ ਰੁਪਏ ।
- ਸਟੇਟ ਨੈਟੱਵਰਕ ਸੈਂਟਰ ਅਤੇ ਹੋਰ ਈ-ਗਵਰਨੈਂਸ ਬੁਨਿਆਦੀ ਢਾਂਚੇ ਦੀ ਉਸਾਰੀ ਲਈ 8 ਕਰੋੜ ਰੁਪਏ ।

**ਖੇਡਾਂ ਅਤੇ ਯੁਵਕ ਸੇਵਾਵਾਂ**

60. ਰਾਜ ਸਰਕਾਰ ਇਸ ਸਾਲ ਦੋ ਨਵੇਂ ਸਟੇਡੀਅਮਾਂ ਦੀ ਉਸਾਰੀ ਦਾ ਕੰਮ ਹੱਥ ਵਿੱਚ ਲਵੇਗੀ । ਇਸ ਤੋਂ ਇਲਾਵਾ, ਸਾਡੀ ਨਿਮਨ ਸਬੰਧੀ ਯੋਜਨਾ ਬਣਾਈ ਹੈ :

- 2 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਸੰਸਾਰਪੁਰ (ਜਲੰਧਰ) ਵਿਖੇ ਰਾਜ ਪੱਧਰੀ ਹਾਕੀ ਅਕਾਦਮੀ ਦੇ ਬੁਨਿਆਦੀ

Original with;
Punjab Vidhan Sabha
Digitized by;
Panjab Digital Library

ਢਾਂਚੇ ਨੂੰ ਬਿਹਤਰ ਬਣਾਉਣਾ ਅਤੇ ਭਾਰਤੀ ਹਾਕੀ ਦੀ ਇਸ ਨਰਸਰੀ ਵਿੱਚ ਐਸਟਰੋ-ਟਰਫ ਨੂੰ ਵਿਛਾਉਣਾ । (ਥੰਪਿੰਗ) ਉਥੋਂ ਦੇ ਹਾਕੀ ਖਿਡਾਰੀ ਭਾਵੇਂ ਅਜੀਤਪਾਲ ਸਿੰਘ ਜਾਂ ਸੁਰਜੀਤ ਸਿੰਘ ਹੋਰੀਂ ਸਨ, ਉਹ ਕੱਚੇ ਮੈਦਾਨ ਵਿੱਚ ਹੀ ਹਾਕੀ ਖੇਡਦੇ ਸਨ ।

- 250 ਖਿਡਾਰੀਆਂ ਵਾਸਤੇ ਐਸ.ਏ.ਆਈ. ਟ੍ਰੇਨਿੰਗ ਸੈਂਟਰ ਦੀ ਸਥਾਪਨਾ ਲਈ ਸਾਡੀ ਸਰਕਾਰ ਨੇ ਲੁਧਿਆਣਾ ਵਿਖੇ ਐਸ.ਪੀ.ਡੀ. ਏ. ਬਿਲਡਿੰਗ ਨੂੰ ਪਹਿਲਾਂ ਹੀ ਸਪੋਰਟਸ ਅਥਾਰਟੀ ਆਫ਼ ਇੰਡੀਆ ਨੂੰ ਸੌਂਪ ਦਿੱਤਾ ਹੈ ।

61. ਰਾਜ ਸਰਕਾਰ ਨੇ ਨੀਮ ਫੌਜੀ ਅਤੇ ਹਥਿਆਰਬੰਦ ਬਲਾਂ ਵਿੱਚ ਰਾਜ ਦੇ ਨੌਜਵਾਨਾਂ ਦੀ ਰੋਜ਼ਗਾਰ ਯੋਗਤਾ ਵਧਾਉਣ ਲਈ ਸਮੁੱਚੇ ਰਾਜ ਵਿੱਚ ਹੋਰ 14 ਕੇਂਦਰ ਸਥਾਪਿਤ ਕਰਕੇ ਪੰਜਾਬ ਨੌਜਵਾਨ ਸਿਖਲਾਈ ਅਤੇ ਰੋਜ਼ਗਾਰ ਕੇਂਦਰਾਂ (ਸੀ.ਪੀ.ਵਾਈ. ਟੀ.ਈ.) ਦੀ ਸਕੀਮ ਨੂੰ ਵਧਾਉਣ ਦੀ ਤਜਵੀਜ਼ ਰੱਖੀ ਹੈ, ਜਿਨ੍ਹਾਂ ਵਿੱਚੋਂ 4 ਕੇਂਦਰ ਮੌਜੂਦਾ ਸਾਲ ਦੌਰਾਨ ਖੋਲ੍ਹੇ ਜਾਣਗੇ ।

ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ

62. ਮੈਂ ਰਾਜ ਦੇ ਸਰਹੱਦੀ ਜ਼ਿਲ੍ਹਿਆਂ ਦੇ ਤੀਬਰ ਵਿਕਾਸ ਸਬੰਧੀ ਸਾਡੀ ਸਰਕਾਰ ਦੀ ਵਚਨਬੱਧਤਾ ਉਪਰ ਦ੍ਰਿਸ਼ਟੀ ਪੁਆਉਣਾ ਚਾਹਾਂਗਾ । ਇਹ ਖੇਤਰ ਮੁੱਢ ਤੋਂ ਹੀ ਅਣਗੌਲੇ ਰਹੇ ਹਨ ਭਾਵੇਂ ਕਿ ਇਨ੍ਹਾਂ ਜ਼ਿਲ੍ਹਿਆਂ ਦੇ ਲੋਕਾਂ ਨੇ ਬਾਹਰਲੇ ਹਮਲੇ ਅਤੇ ਅੰਦਰੂਨੀ ਖਾੜਕੂਵਾਦ, ਦੋਹਾਂ ਦਾ ਬੜੀ ਬਹਾਦਰੀ ਨਾਲ ਡਟ ਕੇ ਸਾਹਮਣਾ ਕੀਤਾ ਹੈ । ਇਸ ਸਾਲ ਦੇ ਬਜਟ ਵਿੱਚ, ਗ੍ਰਾਂਟ ਵਜੋਂ 32 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜੋ ਕਿ ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਦੇ ਤਹਿਤ ਇਨ੍ਹਾਂ ਖੇਤਰਾਂ ਦੇ ਵਿਸ਼ੇਸ਼ ਵਿਕਾਸ ਲਈ ਪ੍ਰਾਪਤ ਹੋਏ ਹਨ । ਇਸ ਦੇ ਨਾਲ ਹੀ ਅਸੀਂ ਇਨ੍ਹਾਂ ਖੇਤਰਾਂ ਦੇ ਟੀਚਾਬੱਧ ਵਿਕਾਸ ਲਈ 137 ਕਰੋੜ ਰੁਪਏ ਦੀ ਵਧੀਕ ਕੇਂਦਰੀ ਸਹਾਇਤਾ ਨੂੰ ਵਰਤੋਂ ਵਿੱਚ ਲਿਆਉਣ ਦੀ ਤਜਵੀਜ਼ ਰੱਖਦੇ ਹਾਂ । ਸਾਡੀ ਸਰਕਾਰ ਨੇ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਸਰਹੱਦੀ ਖੇਤਰ ਤੋਂ ਪਾਰ ਪੈਂਦੀਆਂ ਹਨ, ਜਾਂ ਜਿਨ੍ਹਾਂ ਦੀ ਜ਼ਮੀਨ ਲਾਗੂ ਬੰਦਿਸ਼ਾਂ ਕਾਰਨ ਘੱਟ ਪੈਦਾਵਾਰ ਦਿੰਦੀ ਹੈ, ਉਨ੍ਹਾਂ ਕਿਸਾਨਾਂ ਨੂੰ ਸਾਲਾਨਾ ਆਧਾਰ ਉਤੇ ਮੁਆਵਜ਼ਾ ਦੇਣ ਲਈ ਮਾਮਲਾ ਭਾਰਤ ਸਰਕਾਰ ਨਾਲ ਉਠਾਇਆ ਹੈ । ਰਾਜ ਸਰਕਾਰ ਨੇ ਸਰਹੱਦੀ ਖੇਤਰਾਂ ਵਿੱਚ 753 ਕਿਲੋਮੀਟਰ ਲੰਮੀਆਂ ਪੇਂਡੂ ਲਿੰਕ ਸੜਕਾਂ ਦੇ ਸੁਧਾਰ ਲਈ ਭਾਰਤ ਸਰਕਾਰ ਨੂੰ 200 ਕਰੋੜ ਰੁਪਏ ਦੀ ਗਰਾਂਟ ਲੈਣ ਲਈ ਇਕ ਪੈਕੇਜ ਵੀ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਪੇਸ਼ ਕੀਤਾ ਹੈ । ਪਿਛਲੀ ਵਾਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰੀਂ 3,000 ਤੋਂ 4,000 ਰੁਪਏ ਪ੍ਰਤੀ ਏਕੜ ਲੈ ਕੇ ਆਏ ਸੀ। ਇਸ ਵਾਰੀ 10,000 ਰੁਪਏ ਪ੍ਰਤੀ ਏਕੜ ਲੈਣ ਦੀ ਕੋਸ਼ਿਸ਼ ਹੋਵੇਗੀ ।

**ਪੱਛੜਿਆ ਖੇਤਰ ਗਰਾਂਟ ਫੰਡ**

63. ਭਾਰਤ ਸਰਕਾਰ ਵੱਲੋਂ ਸਾਲ 2005-06 ਵਿੱਚ ਰਾਸ਼ਟਰੀ ਸਮ ਵਿਕਾਸ ਯੋਜਨਾ ਦੇ ਅਧੀਨ ਹੁਸ਼ਿਆਰਪੁਰ ਜ਼ਿਲ੍ਹੇ ਦੀ ਚੋਣ ਕੀਤੀ ਗਈ ਸੀ । ਇਹ ਸਕੀਮ ਹੁਣ ਪੱਛੜਿਆ ਖੇਤਰ ਗ੍ਰਾਂਟ ਫੰਡ ਅਧੀਨ ਸ਼ਾਮਲ ਕਰ ਲਈ ਗਈ ਹੈ । ਅਸੀਂ ਇਸ ਸਾਲ ਇਸ ਪੱਖੋਂ ਜ਼ਿਲ੍ਹੇ ਵਿੱਚ 15 ਕਰੋੜ ਰੁਪਏ ਦੀ ਰਾਸ਼ੀ ਦੀ ਸਮਾਂਬੱਧ ਅਦਾਇਗੀ ਲਈ ਪ੍ਰਤਿਬੱਧ ਹਾਂ ਅਤੇ ਪਿਛਲੇ ਵਿੱਤੀ ਵਰ੍ਹੇ ਦੀ ਬਕਾਇਆ 7.50 ਕਰੋੜ ਰੁਪਏ ਦੀ ਰਾਸ਼ੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ ।

**ਫੁਟਕਲ**

64. ਮਾਣਯੋਗ ਸਪੀਕਰ ਸਾਹਿਬ, ਸਮਾਪਤ ਕਰਨ ਤੋਂ ਪਹਿਲਾਂ ਮੈਂ ਕੁਝ ਹੋਰ ਵਿਭਾਗਾਂ ਦੀਆਂ ਬਜਟ ਤਜਵੀਜ਼ਾਂ ਬਾਰੇ ਸੰਖੇਪ ਵਿੱਚ ਦੱਸਣਾ ਚਾਹਾਂਗਾ :-

- ਨਿਆਂ ਅਤੇ ਗ੍ਰਹਿ ਮਾਮਲੇ ਵਿਭਾਗ ਵਿੱਚ, ਪਿਛਲੇ ਸਾਲ ਦੀ ਯੋਜਨਾ ਦੇ ਨਾਮਾਤਰ ਖ਼ਰਚੇ ਦੇ ਮੁਕਾਬਲੇ ਹੁਣ ਖ਼ਰਚਾ ਵਧਾ ਕੇ 44.47 ਕਰੋੜ ਰੁਪਏ ਕਰ ਦਿੱਤਾ ਗਿਆ ਹੈ । ਇਸ ਵਿੱਚ ਮੁੱਖ ਤੌਰ ਤੇ ਜੁਡੀਸ਼ੀਅਲ ਕੰਪਲੈਕਸਾਂ ਦੀ ਉਸਾਰੀ ਲਈ ਰਾਜ ਦੇ ਹਿੱਸੇ ਵਜੋਂ 25 ਕਰੋੜ ਰੁਪਏ ਦੇ ਨਾਲ ਪਿਛਲੇ ਸਾਲ ਦੀ ਏ.ਸੀ.ਏ ਵਜੋਂ 4 ਕਰੋੜ ਰੁਪਏ, ਵਾਘਾ ਸਰਹੱਦ ਵਿਖੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਵਾਸਤੇ 5 ਕਰੋੜ ਰੁਪਏ, ਚੰਡੀਗੜ੍ਹ ਵਿਖੇ ਜੁਡੀਸ਼ੀਅਲ ਅਕਾਦਮੀ ਲਈ 3 ਕਰੋੜ ਰੁਪਏ ਅਤੇ ਰਾਜ ਵਿੱਚ ਨਵੀਆਂ ਪੁਲਿਸ ਲਾਈਨਾਂ ਸਥਾਪਿਤ ਕਰਨ ਵਾਸਤੇ 5 ਕਰੋੜ ਰੁਪਏ ਸ਼ਾਮਿਲ ਹਨ ।

- ਮਾਲੀਆ ਪ੍ਰਬੰਧ ਦੀ ਮਜ਼ਬੂਤੀ ਅਤੇ ਨਵੇਂ ਦਫ਼ਤਰੀ ਕੰਪਲੈਕਸਾਂ ਦੀ ਉਸਾਰੀ ਲਈ ਮਾਲ-ਆਮਦਨ ਅਤੇ ਪੁਨਰਵਸੇਬਾ ਵਿਭਾਗ ਨੂੰ 8.75 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

- ਸਕੱਤਰੇਤ ਸੇਵਾਵਾਂ ਅਧੀਨ 243 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਜਿਸ ਵਿੱਚ ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ, ਪੰਜਾਬ ਪ੍ਰੋਗਰਾਮ, ਪੰਜਾਬ ਨਿਰਮਾਣ ਪ੍ਰੋਗਰਾਮ ਲਈ ਨਿਰਧਾਰਣ ਜ਼ਿਲ੍ਹਾ ਯੋਜਨਾਵਾਂ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਸਹਾਇਤਾ ਆਦਿ ਸ਼ਾਮਿਲ ਹਨ ।
- ਆਬਕਾਰੀ ਅਤੇ ਕਰਬੰਦੀ ਵਿਭਾਗ ਵਾਸਤੇ ਕੰਪਿਊਟਰੀਕਰਣ ਲਈ 1 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।
- ਬੁਨਿਆਦੀ ਢਾਂਚਾ ਅਤੇ ਸਿਖਲਾਈ ਗਰਾਂਟਾਂ ਦੇ ਰੂਪ ਵਿੱਚ ਮਹਾਤਮਾ ਗਾਂਧੀ ਪੀ.ਐਸ.ਆਈ.ਪੀ.ਏ. ਲਈ 3.60 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।
- ਇਸ ਸਾਲ ਦੇ ਬਜਟ ਵਿੱਚ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਲਈ 10 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।
- The Housing Department has been given an outlay of Rs. 10.16 crore against Rs. 7.77 crore in last year's Budget.
- Department of Food & Civil Supplies and Consumer Affairs is being allocated Rs. 1.11 crore against only Rs. 11 lacs in last year's revised outlay.
- Rs. 1.50 crore have been provided for renovation/completion of State Circuit Houses and other Rest Houses.

**ਵਿਕੇਂਦਰੀਕ੍ਰਿਤ ਯੋਜਨਾ**

65. ਸਾਲ 2005 ਵਿੱਚ ਪੰਜਾਬ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਐਕਟ ਬਣਾਇਆ ਗਿਆ ਸੀ ਅਤੇ ਪੰਜਾਬ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੇ ਕਾਰੋਬਾਰ ਦੇ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਸਬੰਧੀ ਨਿਯਮਾਵਲੀ, 2006 ਵੀ ਅਧਿਸੂਚਿਤ ਕੀਤੀ ਗਈ ਹੈ । ਜ਼ਿਲ੍ਹਾ ਪ੍ਰੀਸ਼ਦਾਂ ਅਤੇ ਸ਼ਹਿਰੀ ਸਥਾਨਕ ਸੰਗਠਨਾਂ ਦੇ ਮੈਂਬਰਾਂ ਵਿੱਚੋਂ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੇ 4/5 ਮੈਂਬਰਾਂ ਦੀ ਚੋਣ ਕਰਨ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਸਾਰੇ ਜ਼ਿਲ੍ਹਿਆਂ ਨੂੰ ਜਾਰੀ ਕਰ ਦਿੱਤੇ ਹਨ । ਰਾਜ ਸਰਕਾਰ ਛੇਤੀ ਹੀ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਉਣ ਜਾ ਰਹੀ ਹੈ ਅਤੇ ਇਨ੍ਹਾਂ ਚੋਣਾਂ ਦੇ ਤੁਰੰਤ ਬਾਅਦ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ ਕਰਨ ਦੀ ਤਜਵੀਜ਼ ਰੱਖੀ ਗਈ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

**ਕਰਬੰਦੀ/ਵਿੱਤੀ ਤਜਵੀਜ਼ਾਂ**

66. ਸ਼੍ਰੀਮਾਨ ਸਪੀਕਰ ਸਾਹਿਬ, ਮੈਂ ਹੁਣ ਵਿੱਤੀ ਸਾਲ 2007-2008 ਲਈ ਕਰਬੰਦੀ/ਵਿੱਤੀ ਤਜਵੀਜ਼ਾਂ ਵੱਲ ਆਉਂਦਾ ਹਾਂ । ਮੈਂ ਆਪਣੇ ਭਾਸ਼ਣ ਦੇ ਪਹਿਲੇ ਹਿੱਸੇ ਵਿੱਚ ਮਾਣਯੋਗ ਮੈਂਬਰ ਸਾਹਿਬਾਨ ਨੂੰ ਰਾਜ ਵੱਲੋਂ ਮਹਿਸੂਸ ਕੀਤੀਆਂ ਜਾ ਰਹੀਆਂ ਵਿੱਤੀ ਸਮੱਸਿਆਵਾਂ ਤੋਂ ਪਹਿਲਾਂ ਹੀ ਜਾਣੂੰ ਕਰਵਾ ਚੁੱਕਿਆ ਹਾਂ । ਰਾਜ ਦੇ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਅਤੇ ਇਕ ਭਰੋਸੇਮੰਦ ਵਿਕਾਸ ਕਾਰਜ ਚਲਾਉਣ ਲਈ ਵਧੀਕ ਵਸੀਲਿਆਂ ਦੀ ਜ਼ਰੂਰਤ ਹੈ । ਇਸ ਲਈ ਵਧੀਕ ਵਸੀਲੇ ਜੁਟਾਉਣ ਲਈ ਮੈਂ ਨਿਮਨਲਿਖਤ ਉਪਰਾਲੇ ਤਜਵੀਜ਼ ਕਰਦਾ ਹਾਂ :-

- ਇਸ ਵੇਲੇ, ਭੌਂ-ਵਰਤੋਂ-ਚਾਰਜਿਜ਼ (ਸੀ.ਐਲ.ਯੂ.) ਚੰਡੀਗੜ੍ਹ ਦੇ ਆਲੇ-ਦੁਆਲੇ ਦੀ ਫ਼ਿਰਨੀ ਦੇ ਖੇਤਰ ਵਿੱਚ ਲਾਗੂ ਕੀਤੇ ਜਾ ਰਹੇ ਹਨ । ਮੈਂ ਸਮੁੱਚੇ ਸੂਬੇ ਵਿੱਚ ਭੌਂ-ਵਰਤੋਂ-ਚਾਰਜਿਜ਼ ਲਗਾਉਣ ਦੀ ਤਜਵੀਜ਼ ਰੱਖਦਾ ਹਾਂ ਜਿਨ੍ਹਾਂ ਬਾਰੇ ਨੋਟੀਫਿਕੇਸ਼ਨ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਜਾਰੀ ਕੀਤੀ ਜਾਵੇਗੀ । ਇਸ ਕਦਮ ਨਾਲ 210 ਕਰੋੜ ਰੁਪਏ ਸਾਲਾਨਾ ਦੀ ਆਮਦਨ ਪੈਦਾ ਹੋਣ ਦੀ ਉਮੀਦ ਹੈ । (ਥੰਪਿੰਗ)

- ਸੂਬਾ ਗ਼ੈਰ-ਲੋਹੇ ਵਾਲੇ (Non-ferrous) ਖਣਿਜ ਪਦਾਰਥਾਂ (ਰੇਤ, ਬਜਰੀ, ਸਿੱਲ ਵਗੈਰਾ) ਉਤੇ ਰਾਇਲਟੀ ਦੀ ਥੋੜ੍ਹੀ ਜਿਹੀ ਰਕਮ ਪ੍ਰਾਪਤ ਕਰ ਰਿਹਾ ਹੈ । ਆਮਦਨ-ਪ੍ਰਾਪਤੀਆਂ ਦਾ ਇਕ ਹਿੱਸਾ ਸਬੰਧਤ ਪੰਚਾਇਤਾਂ ਨੂੰ ਦਿੱਤਾ ਜਾ ਰਿਹਾ ਹੈ । ਮੈਂ ਰਾਇਲਟੀ ਦੀਆਂ ਦਰਾਂ ਵਿੱਚ ਵਾਧੇ ਦੀ ਸੋਧ ਕਰਕੇ ਅਤੇ ਹੋਰਨਾਂ ਉਪਰਾਲਿਆਂ ਦੇ ਰਾਹੀਂ ਇਸ ਵਸੀਲੇ ਤੋਂ 200 ਕਰੋੜ ਰੁਪਏ ਵਧਾਉਣ ਦੀ ਤਜਵੀਜ਼ ਰੱਖਦਾ ਹਾਂ । ਦਰਾਂ ਸੁਨਅੱਤ ਦੇ ਮਹਿਕਮੇ ਵੱਲੋਂ ਰਸਮੀ ਤੌਰ 'ਤੇ ਨੋਟੀਫਾਈ ਕੀਤੀਆਂ ਜਾਣਗੀਆਂ । (ਥੰਪਿੰਗ)

67. ਉਪਰੋਕਤ ਯਤਨਾਂ ਸਦਕਾ ਤਕਰੀਬਨ 410 ਕਰੋੜ ਰੁਪਏ ਸਾਲਾਨਾ ਦੀ ਵਧੀਕ ਮਾਲ-ਆਮਦਨ ਪੈਦਾ ਕੀਤੇ ਜਾਣ ਦੀ ਸੰਭਾਵਨਾ ਹੈ, ਜਿਸ ਨੂੰ ਕਿ ਸਾਲ 2007-2008 ਦੇ ਬਜਟ ਵਿੱਚ ਜੋੜਿਆ ਗਿਆ ਹੈ ।

Original with;
Punjab Vidhan Sabha
Digitized by;
Panjab Digital Library

68. ਇਕ-ਦੋ ਆਈਟਮਾਂ ਬਜਟ ਵਿੱਚ ਪ੍ਰਿੰਟ ਹੋਣ ਤੋਂ ਰਹਿ ਗਈਆਂ ਹਨ । ਇਕ ਜਿਹੜਾ ਪੰਜਾਬ ਸਟੇਟ ਲਾਟਰੀ ਦਾ ਡੇਅਲੀ ਡਰਾਅ ਹੁੰਦਾ ਹੈ, ਉਸ ਤੇ 25,000 ਰੁਪਏ ਟੈਕਸ ਲਿਆ ਜਾਂਦਾ ਹੈ । ਇਸ ਨੂੰ ਵਧਾ ਕੇ 50,000 ਰੁਪਏ ਕਰਨ ਦੀ ਤਜਵੀਜ਼ ਹੈ । ਇਸ ਨਾਲ ਸਾਲਾਨਾ ਇਨਕਮ ਵਿੱਚ 50 ਕਰੋੜ ਰੁਪਏ ਦਾ ਇਜ਼ਾਫਾ ਹੋ ਜਾਵੇਗਾ । ਇਸ ਨਾਲ 460 ਕਰੋੜ ਰੁਪਏ ਦੀ ਸਲਾਨਾ ਐਡੀਸ਼ਨਲ ਰਿਸੋਰਸ ਮੋਬੇਲਾਈਜੇਸ਼ਨ ਹੋਵੇਗੀ ।

69. ਜਿਸ ਤਰ੍ਹਾਂ ਪੰਜਾਬ ਦੇ ਹਾਲਾਤ ਚਲ ਰਹੇ ਹਨ, ਇਸ ਵਿੱਚ ਆਮਦਨ ਨਾਲੋਂ ਖ਼ਰਚੇ ਵੱਧ ਗਏ ਹਨ । ਕੋਈ ਵੀ ਇਨਸਾਨ ਉਤਨੀ ਦੇਰ ਤੱਕ ਆਪਣਾ ਕਾਰੋਬਾਰ ਨਹੀਂ ਚਲਾ ਸਕਦਾ ਜਿਤਨੀ ਦੇਰ ਤੱਕ ਉਸਦੀ ਆਮਦਨ ਨਾਲੋਂ ਖ਼ਰਚੇ ਘੱਟ ਨਾ ਹੋਣ। ਸਟੇਟ ਵਿੱਚ ਇਕ ਸੁਨੇਹਾ ਜਾਣਾ ਚਾਹੀਦਾ ਹੈ ਕਿ ਜਿਤਨੀ ਦੇਰ ਤੱਕ ਸਟੇਟ ਦੀ ਇਕਾਨਮੀ ਸਹੀ ਲੀਹਾਂ ਉਤੇ ਨਹੀਂ ਆਉਂਦੀ, ਉਤਨੀ ਦੇਰ ਤੱਕ ਸਾਨੂੰ ਆਪਣੇ ਖ਼ਰਚਿਆਂ ਵਿੱਚ ਕਿਫਾਇਤ ਕਰਨੀ ਪੈਣੀ ਹੈ । ਮੈਂ ਕੈਬਨਿਟ ਦੀ ਸਲਾਹ ਤੋਂ ਬਿਨਾਂ ਹੀ ਇਕ ਤਜਵੀਜ਼ ਪੇਸ਼ ਕਰ ਰਿਹਾ ਹਾਂ, ਉਹ ਇਹ ਹੈ ਕਿ ਹਰੇਕ ਕੈਬਨਿਟ ਮੰਤਰੀ 1,000 ਰੁਪਿਆ ਪ੍ਰਤੀ ਮਹੀਨਾ ਆਪਣੀ ਤਨਖਾਹ ਵਿੱਚੋਂ ਵਾਲੰਟਰਲੀ ਕਟੌਤੀ ਕਰਵਾਏਗਾ ਯਾਨੀ ਕਿ 12,000 ਰੁਪਏ ਪ੍ਰਤੀ ਸਾਲ । ਇਹ ਇਕ ਮੈਸੇਜ ਹੋਵੇਗਾ ਅਤੇ ਸਿੰਬਾਲਿਕ ਹੋਵੇਗਾ । ਇਸ ਨਾਲ ਭਾਵੇਂ ਜ਼ਿਆਦਾ ਕੁਝ ਨਹੀਂ ਹੋ ਸਕੇਗਾ ਪ੍ਰੰਤੂ ਇਹ ਰਕਮ ਬੀ.ਪੀ.ਐਲ. ਪਰਿਵਾਰਾਂ ਦੀ ਹੈਲਥ ਇੰਸ਼ੋਰੈਂਸ ਦੇ ਪ੍ਰੀਮੀਅਮ ਦਾ ਕੰਮ ਕਰੇਗੀ । ਇਸੇ ਤਰ੍ਹਾਂ ਮੈਂ ਤਜਵੀਜ਼ ਕਰਦਾ ਹਾਂ ਕਿ ਸਟੇਟ ਦੇ ਕਲਾਸ-1 ਅਫ਼ਸਰ ਆਪਣੀ ਤਨਖਾਹ ਵਿੱਚੋਂ ਸਲਾਨਾ 1,000 ਰੁਪਏ ਦਾ ਯੋਗਦਾਨ ਪਾਉਣ । ਮੈਂ ਸਾਰੇ ਸਟੇਟ ਦੇ ਇੰਪਲਾਈਜ਼ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਵੀ ਕੁਝ ਨਾ ਕੁਝ ਯੋਗਦਾਨ ਪਾਉਣ । ਜਿਤਨੀ ਦੇਰ ਤੱਕ ਪੰਜਾਬ ਦੇ ਮਾਲੀ ਹਾਲਾਤ ਵਿੱਚ ਸੁਧਾਰ ਨਹੀਂ ਹੋ ਜਾਂਦਾ, ਇਹ ਕੰਡਾ ਮਾਸ ਵਿੱਚ ਫਸਿਆ ਰਹਿਣਾ ਚਾਹੀਦਾ ਹੈ ਤਾਂ ਜੋ ਸਾਨੂੰ ਰੋਜ਼ ਯਾਦ ਆਉਂਦਾ ਰਹੇ ਕਿ ਪੰਜਾਬ ਦੇ ਮਾਲੀ ਹਾਲਾਤ ਸਹੀ ਨਹੀਂ ਹਨ ।

**ਰਾਹਤ ਅਤੇ ਰਿਆਇਤਾਂ**

70. ਕੁਝ ਅਜਿਹੇ ਖੇਤਰ ਹਨ ਜਿਨ੍ਹਾਂ ਲਈ ਰਿਆਇਤਾਂ/ਰਾਹਤ ਲੋੜੀਂਦੀ ਹੈ । ਇਸ ਲਈ ਮੈਂ ਹੇਠਲੀਆਂ ਕੁਝ ਟੈਕਸ ਰਿਆਇਤਾਂ ਤਜਵੀਜ਼ ਕਰਦਾ ਹਾਂ :-

- ਬੁਨਿਆਦੀ ਅਸ਼ਟਾਮ ਡਿਊਟੀ ਦੀਆਂ ਦਰਾਂ 6 ਫ਼ੀ ਸਦ ਤੋਂ ਘਟਾ ਕੇ 5 ਫ਼ੀ ਸਦ ਕਰ ਦਿੱਤੀਆਂ ਜਾਣਗੀਆਂ । (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

- ਨਸਵਾਰ ਘਰੇਲੂ ਉਦਯੋਗ ਦਾ ਉਤਪਾਦ ਹੈ ਅਤੇ ਬਿਹਤਰ ਬਦਲਵੀਆਂ ਅੰਗਰੇਜ਼ੀ ਦਵਾਈਆਂ (ਐਲੋਪੈਥਿਕ) ਦੀ ਮੌਜੂਦਗੀ ਦੇ ਕਾਰਨ ਇਸ ਦੀ ਅਹਿਮੀਅਤ ਤੇਜ਼ੀ ਨਾਲ ਘੱਟ ਰਹੀ ਹੈ । ਇਸ ਵੇਲੇ ਇਸ ਉਤਪਾਦ ਉਤੇ 12.5 ਫ਼ੀ ਸਦ ਵੈਟ ਲੱਗਿਆ ਹੈ । ਮੈਂ ਇਸ ਸਨਅੱਤ ਨੂੰ ਕੁਝ ਰਾਹਤ ਦੇਣ ਲਈ ਨਸਵਾਰ ਉਤੇ ਵੈਟ ਖਤਮ ਕਰਨ ਦੀ ਤਜਵੀਜ਼ ਰੱਖਦਾ ਹਾਂ । ਇਸ ਦੇ ਸਿੱਟੇ ਵਜੋਂ 12 ਲੱਖ ਰੁਪਏ ਸਾਲਾਨਾ ਦੀ ਮਾਲ-ਆਮਦਨ ਦਾ ਨੁਕਸਾਨ ਹੋਵੇਗਾ ।

**ਸਾਲਾਨਾ ਵਿੱਤੀ ਸਾਰਣੀ**

71. ਬਜਟ ਅਨੁਮਾਨ 2007-2008 ਮੁਤਾਬਿਕ ਸਾਲਾਨਾ ਵਿੱਤੀ ਸਾਰਣੀ ਦਾ ਸਾਰ ਨਿਮਨ ਅਨੁਸਾਰ ਹੈ :-

| ਸੰਚਿਤ ਫ਼ੰਡ | | (ਕਰੋੜਾਂ ਰੁਪਏ ਵਿੱਚ) |
|---|---|---|
| 1. ਮਾਲ-ਆਮਦਨ ਲੇਖਾ : | | |
| ਪ੍ਰਾਪਤੀਆਂ | .. | 23,159.54 |
| ਖ਼ਰਚ | .. | 24,589.03 |
| ਨਿਰੋਲ | .. | (-) 1,429.49 |
| 2. ਪੂੰਜੀਗਤ ਖ਼ਰਚਾ | .. | 41774.01 |
| 3. ਜਨਤਕ ਉਧਾਰ : | | |
| ਲਿਆ ਗਿਆ ਉਧਾਰ | .. | 5,723.98 |
| ਅਦਾਇਗੀਆਂ | .. | 1,679.53 |
| ਨਿਰੋਲ | .. | 4,044.45 |
| 4. ਕਰਜ਼ੇ ਤੇ ਪੇਸ਼ਗੀਆਂ : | | |
| ਪੇਸ਼ਗੀਆਂ | .. | 18.20 |
| ਵਸੂਲੀਆਂ | .. | 75.91 |
| ਨਿਰੋਲ | .. | 57.71 |

Original with;
Punjab Vidhan Sabha
Digitized by;
Panjab Digital Library

| ਸੰਚਿਤ ਫ਼ੰਡ | | (ਕਰੋੜਾਂ ਰੁਪਏ ਵਿੱਚ) |
| --- | --- | --- |
| 5. ਕੁੱਲ ਸੰਚਿਤ ਫ਼ੰਡ (ਨਿਰੋਲ) (ਉਪਰੋਕਤ ਨੰ: 1 ਤੋਂ 4) | .. | (-) 1,501.34 |
| 6. ਜਨਤਕ ਲੇਖਾ (ਨਿਰੋਲ) (ਜੀ.ਪੀ.ਐਫ., ਜੀ.ਆਈ.ਐਸ., ਆਫ਼ਤ ਰਾਹਤ ਫ਼ੰਡ, ਸਿਵਲ ਜਮ੍ਹਾਂ-ਰਕਮਾਂ ਆਦਿ) | .. | 1,590.90 |
| 7. ਕੁੱਲ ਲੈਣ ਦੇਣ (5+6) | .. | 89.56 |
| 8. ਅਰੰਭਕ ਬਕਾਇਆ | .. | (-) 659.97 |
| 9. ਅੰਤਮ ਬਕਾਇਆ | .. | (-) 570.41 |

ਮੈਂ ਦਾਅਵਾ ਕਰਦਾ ਹਾਂ ਕਿ ਜੇਕਰ ਇਹ ਘਾਟਾ ਸਾਨੂੰ ਜ਼ੀਰੋ ਮਿਲਿਆ ਹੁੰਦਾ ਤਾਂ ਅੱਜ ਦਾ ਇਹ ਬਜਟ ਸਰਪੱਲਸ ਪੇਸ਼ ਕੀਤਾ ਜਾਣਾ ਸੀ । ਹੁਣ ਵੀ ਅਸੀਂ 2-3 ਸਾਲਾਂ ਵਿੱਚ ਇਸ ਘਾਟੇ ਨੂੰ ਜ਼ੀਰੋ ਤੇ ਲੈ ਆਵਾਂਗੇ ।

72. ਮਾਲ-ਆਮਦਨ ਲੇਖੇ ਸਬੰਧੀ ਘਾਟੇ ਦਾ ਅੰਦਾਜ਼ਾ 2190.60 ਕਰੋੜ ਰੁਪਏ ਦੇ ਸੋਧੇ ਅੰਦਾਜ਼ਿਆਂ ਦੇ ਮੁਕਾਬਲੇ 1,429.49 ਕਰੋੜ ਰੁਪਏ ਲਗਾਇਆ ਗਿਆ ਹੈ । ਪਿਛਲੇ ਸਾਲ ਤੋਂ ਮਾਲ-ਆਮਦਨ ਘਾਟੇ ਵਿੱਚ ਕਮੀ ਮੁੱਖ ਤੌਰ ਤੇ ਵਧੀਕ ਵਸੀਲੇ ਜੁਟਾਉਣ ਦੇ ਉਪਰਾਲਿਆਂ ਰਾਜ ਦੇ ਟੈਕਸਾਂ ਤੋਂ ਆਮਦਨ ਪ੍ਰਾਪਤੀਆਂ ਵਿੱਚ ਆਸਵੰਦੇ ਵਾਧੇ ਅਤੇ ਭਾਰਤ ਸਰਕਾਰ ਪਾਸੋਂ ਵਧੀਆਂ ਹੋਈਆਂ ਪ੍ਰਾਪਤੀਆਂ ਕਰਕੇ ਹੈ । ਵਿੱਤੀ ਸਾਲ 2007-2008 ਦਾ 570.41 ਕਰੋੜ ਰੁਪਏ ਦੇ ਘਾਟੇ ਨਾਲ ਖ਼ਤਮ ਹੋਣ ਦਾ ਅੰਦਾਜ਼ਾ ਹੈ ।

## ਸਿੱਟਾ

73. ਮਾਣਯੋਗ ਸਪੀਕਰ ਸਾਹਿਬ, ਆਖਰ ਵਿੱਚ ਹੁਣ ਮੈਂ ਆਪ ਦਾ ਅਤੇ ਮਾਣਯੋਗ ਮੈਂਬਰ ਸਾਹਿਬਾਨ ਦਾ ਧਿਆਨ ਪੰਜਾਬ ਦੇ ਹਾਲਾਤੇ-ਹਾਜ਼ਮ ਦੇ ਵੱਲ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਦਿਵਾਉਣਾ ਚਾਹਵਾਂਗਾ । ਪੰਜਾਬ ਤਰੱਕੀ ਦੇ ਏਤਬਾਰ ਨਾਲ ਪਹਿਲੇ ਨੰਬਰ ਦਾ ਸੂਬਾ ਸੀ ਅਤੇ ਹੁਣ ਹਾਲਾਤ ਤੋਂ ਦੋ-ਚਾਰ ਹੈ । ਇਸ ਵਕਤ ਅਜਿਹੇ ਮੋੜ ਤੇ ਖੜ੍ਹਾ ਹੈ ਜਿਸ ਦੇ ਇਕ ਪਾਸੇ ਤਰੱਕੀ ਅਤੇ ਦੂਸਰੇ ਪਾਸੇ ਤਨਜ਼ੁੱਲ (ਖੂਹ) ਹੈ । ਯਕੀਨਨ ਸਾਨੂੰ ਆਪਣੇ ਪੰਜਾਬ ਨੂੰ ਤਰੱਕੀ ਦੇ ਕੇ ਅੱਵਲ ਲੈ ਕੇ ਆਉਣਾ ਹੈ । ਜੋ ਵੀ ਸਾਡੇ ਮਸਲੇ ਹਨ, ਉਨ੍ਹਾਂ ਦਾ ਬਿਨਾਂ ਲਿਹਾਜ਼ ਮਜ਼ਹਬੋ-ਮਿਲੱਤ ਜ਼ਾਤ-ਪਾਤ ਅਤੇ ਪਾਰਟੀਬਾਜ਼ੀ ਤੋਂ ਹੱਟ ਕੇ ਹੱਲ ਤਲਾਸ਼ ਕਰਨਾ ਹੈ । ਸਰਕਾਰ ਦੇ ਫ਼ੈਸਲਿਆਂ ਨੂੰ ਪੰਜਾਬ ਦੀ ਭਲਾਈ/ਤਰੱਕੀ ਲਈ ਲਾਗੂ ਕਰਨਾ ਹੈ । ਇਸ ਲਈ ਹਾਊਸ ਦੇ ਮੁਅੱਜ਼ਜ਼ ਮੈਂਬਰਾਨ ਦੇ ਨਾਲ-ਨਾਲ ਪੰਜਾਬ ਦੇ ਹਰ ਤਬਕੇ ਦਾ ਸਹਿਯੋਗ ਨਿਹਾਇਤ ਜ਼ਰੂਰੀ ਹੈ । ਇਸ ਦੇ ਲਈ ਮੈਂ ਆਪ ਸਭ ਨੂੰ ਅਪੀਲ ਕਰਦਾ ਹਾਂ । ਸਰਕਾਰ ਜੋ ਆਵਾਮ ਤੇ ਜ਼ਿੰਮੇਵਾਰੀ ਪਾਵੇਗੀ, ਉਸ ਨੂੰ ਖ਼ੁਸ਼ਦਿਲੀ ਨਾਲ ਬਰਦਾਸ਼ਤ ਕਰਨਾ ਹੈ । ਅਸੀਂ ਜਾਣਦੇ ਹਾਂ ਜੋ ਆਲ੍ਹਣਾ ਨਾਜ਼ੁਕ ਸ਼ਾਖ਼ ਤੇ ਹੁੰਦਾ ਹੈ ਉਹ ਹਮੇਸ਼ਾ ਕਮਜ਼ੋਰ ਹੁੰਦਾ ਹੈ । ਤਕਰੀਰਾਂ, ਤਹਿਰੀਰਾਂ ਹੀ ਨਹੀਂ ਅਮਲ ਦੀ ਜ਼ਰੂਰਤ ਹੈ। ਸਿਆਸੀ ਸ਼ੋਹਰਤ, ਖਾਲੀ ਨਾਅਰੇਬਾਜ਼ੀ ਨਾਲ ਕੁਝ ਨਹੀਂ ਹੋਣ ਵਾਲਾ ਹੈ । ਵਕਤ ਅਤੇ ਹਾਲਾਤ ਦਾ ਵੀ ਇਹੋ ਤਕਾਜ਼ਾ ਹੈ । ਪੰਜਾਬ ਦੀ ਬਿਹਤਰੀ ਵਾਸਤੇ ਕੁਝ ਅਜਿਹਾ ਕਰ ਵਿਖਾਈਏ ਕਿ ਆਉਣ ਵਾਲੀਆਂ ਨਸਲਾਂ ਸਾਡੇ ਤੇ ਫ਼ਖ਼ਰ ਮਹਿਸੂਸ ਕਰ ਸਕਣ ।

74. ਸ਼੍ਰੀਮਾਨ ਜੀ, ਹੋ ਸਕਦਾ ਹੈ ਕਿ ਬਜਟ ਵਿੱਚ ਪੇਸ਼ ਕੀਤੀਆਂ ਜਾਣ ਵਾਲੀਆਂ ਕੁਝ ਤਜਵੀਜ਼ਾਂ ਸਾਨੂੰ ਨਾਗਵਾਰ ਗੁਜ਼ਰਨ, ਪਰ ਮੈਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕੋਈ ਵੀ ਮੈਂਬਰ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਕਿ ਇਹ ਬੋਝ ਕਿਸੇ ਦੇ ਜਾਤੀ ਮੁਫ਼ਾਦ ਵਾਸਤੇ ਜਾਂ ਜਾਤੀ ਸ਼ੋਹਰਤ ਵਾਸਤੇ ਨਹੀਂ ਹੈ । ਇਹ ਬੋਝ ਸੂਬੇ ਦੀ ਭਲਾਈ ਅਤੇ ਤਰੱਕੀ ਲਈ ਬਰਦਾਸ਼ਤ ਕਰਨਾ ਹੈ । ਲੋਕ ਸਾਡੀ ਸਰਕਾਰ ਤੇ ਆਪਣੀ ਭਲਾਈ ਲਈ ਅਤੇ ਤਰੱਕੀ ਲਈ ਉਮੀਦ ਰੱਖਦੇ ਹਨ ਅਤੇ ਜਿਸ ਦਾ ਉਨ੍ਹਾਂ ਨੂੰ ਪੂਰਾ ਹੱਕ ਵੀ ਹੈ, ਅਸੀਂ ਪੂਰਾ ਕਰਨਾ ਹੈ ।

75. ਪੰਜਾਬ ਦੇ ਸੁਪਨੇ ਸਾਕਾਰ ਕਰਨ ਲਈ ਅਲਾਮਾ ਸਰ ਡਾਕਟਰ ਇਕਬਾਲ ਸਾਹਿਬ ਦੀਆਂ ਚੰਦ ਲਾਈਨਾਂ ਮੇਰੇ ਜ਼ਹਿਨ ਵਿੱਚ ਆ ਰਹੀਆਂ ਹਨ :-

ਗ਼ੁਲਾਮੀ ਮੇਂ ਨਾ ਕਾਮ ਆਤੀ ਹੈਂ ਤਦਬੀਰੇਂ ਨਾ ਸ਼ਮਸ਼ੀਰੇਂ
ਜੋ ਹੋ ਜ਼ੌਕ-ਏ-ਯਕੀਂ ਪੈਦਾ ਤੋਂ ਕਟ ਜਾਤੀ ਹੈਂ ਜ਼ੰਜੀਰੇਂ
ਯਕੀਨ ਮੋਹਕਮ ਅਮਲ ਪੈਹਮ ਮੁਹੱਬਤ ਫ਼ਤਹੇ-ਆਲਮ
ਜਿਹਾਦ-ਏ-ਜ਼ਿੰਦਗਾਨੀ ਮੇਂ ਯੇ ਹੈਂ ਮਰਦੋਂ ਕੀ ਸ਼ਮਸ਼ੀਰੇਂ (ਥੰਪਿੰਗ)

ਪੰਜਾਬ ਦੀ ਇਕਾਨਮੀ ਜਿਹੜੀ ਥੱਲੇ ਗਈ ਹੈ ਇਹ ਵੀ ਗੁਲਾਮੀ ਹੈ ।

Original with;
Punjab Vidhan Sabha
Digitized by;
Panjab Digital Library

76. ਇਨ੍ਹਾਂ ਅਲਫਾਜ਼ ਨਾਲ, ਮੈਂ ਕਾਬਲੇ-ਇਹਤਰਾਮ ਸਦਨ ਨੂੰ ਦਰਖ਼ਾਸਤ ਕਰਦਾ ਹਾਂ, ਬਜਟ ਤਜਵੀਜ਼ਾਂ ਨੂੰ ਇਤਫ਼ਾਕ-ਰਾਏ ਨਾਲ ਪਾਸ ਕਰਕੇ ਸੂਬੇ ਲਈ ਇਕ ਸਿਹਤਮੰਦ ਪਿਰਤ ਪਾਈ ਜਾਵੇ ।

ਧੰਨਵਾਦ ਸਹਿਤ ।

ਜੈ ਹਿੰਦ ।

**ਮਾਨਯੋਗ ਸਪੀਕਰ :** ਹੁਣ ਹਾਊਸ ਵੀਰਵਾਰ, 21 ਜੂਨ, 2007 ਸਵੇਰ ਦੇ 10-00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ ।

| | |
|---|---|
| *12.27 ਵਜੇ ਬਾਅਦ ਦੁਪਹਿਰ | (ਇਸ ਉਪਰੰਤ ਸਦਨ ਵੀਰਵਾਰ, 21 ਜੂਨ, 2007 ਸਵੇਰ ਦੇ 10-00 ਵਜੇ ਤੱਕ *ਸਥਗਿਤ ਹੋ ਗਿਆ ।) |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# APPENDIX-I
# TO
# PUNJAB VIDHAN SABHA
# DEBATES

*Wednesday, the 20th June, 2007*

Vol. II- No. 2

## UNSTARRED QUESTIONS AND ANSWERS

### ਜੰਗਲਾਤ ਡਵੀਜ਼ਨ, ਬਠਿੰਡਾ ਵਿੱਚ ਪੌਦੇ ਲਗਾਉਣਾ

**6. ਸਰਦਾਰ ਮੱਖਣ ਸਿੰਘ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਜੰਗਲਾਤ ਡਵੀਜ਼ਨ, ਬਠਿੰਡਾ ਵਿੱਚ ਪੈਂਦੀਆਂ ਨਰਸਰੀਆਂ ਵਿੱਚ ਸਾਲ 2003-04 ਤੋਂ 2006-07 ਦੇ ਸਮੇਂ ਦੌਰਾਨ ਵਿਕਸਿਤ ਕੀਤੇ ਗਏ ਅਤੇ ਲਗਾਏ ਗਏ ਪੌਦਿਆਂ ਦੀਆਂ ਕਿਸਮਾਂ ਦੀ ਬਲਾਕ-ਵਾਰ ਅਤੇ ਸਾਲ-ਵਾਰ ਗਿਣਤੀ ਕਿੰਨੀ-ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਪੌਦਿਆਂ ਦੀਆਂ ਕਿਸਮਾਂ ਵਿੱਚੋਂ ਬਚ ਗਏ ਅਤੇ ਮਰ ਗਏ ਪੌਦਿਆਂ ਦੀ ਸਾਲ-ਵਾਰ ਵੱਖ-ਵੱਖ ਗਿਣਤੀ ਕਿੰਨੀ-ਕਿੰਨੀ ਹੈ ?

**ਸ਼੍ਰੀ ਤਿਕਸ਼ਨ ਸੂਦ** : ਸ਼੍ਰੀਮਾਨ ਜੀ, (ੳ) (i) ਜੰਗਲਾਤ ਡਵੀਜ਼ਨ, ਬਠਿੰਡਾ ਵਿੱਚ ਪੈਂਦੀਆਂ ਨਰਸਰੀਆਂ ਵਿੱਚ ਸਾਲ 2003-04 ਤੋਂ ਲੈ ਕੇ 2006-07 ਦੇ ਸਮੇਂ ਦੌਰਾਨ ਵਿਕਸਤ ਕੀਤੇ ਗਏ ਪੌਦਿਆਂ ਦਾ ਬਲਾਕਵਾਰ, ਕਿਸਮਵਾਰ ਅਤੇ ਸਾਲ-ਵਾਰ ਵੇਰਵਾ ਨਾਲ ਨੱਥੀ ਅਨੁਲੱਗ-I *ਅਨੁਸਾਰ ਹੈ ।

(ii) ਜੰਗਲਾਤ ਡਵੀਜ਼ਨ, ਬਠਿੰਡਾ ਵਿੱਚ ਸਾਲ 2003-04 ਤੋਂ 2006-07 ਤੱਕ ਦੇ ਸਮੇਂ ਦੌਰਾਨ ਲਗਾਏ ਗਏ ਪੌਦਿਆਂ ਦਾ ਬਲਾਕਵਾਰ, ਕਿਸਮਵਾਰ ਅਤੇ ਸਾਲਵਾਰ ਵੇਰਵਾ ਨਾਲ ਨੱਥੀ ਅਨੁਲੱਗ-II *ਅਨੁਸਾਰ ਹੈ ।

---

* Placed in the Revisor's Branch.

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਪੌਦਿਆਂ ਦੀਆਂ ਕਿਸਮਾਂ ਵਿੱਚੋਂ ਬਚ ਗਏ ਅਤੇ ਮਰ ਗਏ ਪੌਦਿਆਂ ਦੀ ਸਾਲ-ਵਾਰ ਵੱਖ-ਵੱਖ ਗਿਣਤੀ ਨਾਲ ਨੱਥੀ ਅਨੁਲੱਗ-III *ਅਨੁਸਾਰ ਹੈ ।

---

## ਜੰਗਲਾਤ ਡਵੀਜ਼ਨ, ਬਠਿੰਡਾ ਵਿੱਚ ਦਰੱਖਤਾਂ ਦੀ ਕਟਾਈ

7. **ਸਰਦਾਰ ਮੱਖਣ ਸਿੰਘ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੰਗਲਾਤ ਡਵੀਜ਼ਨ, ਬਠਿੰਡਾ ਵਿੱਚ ਸਾਲ 2003-04 ਤੋਂ ਲੈ ਕੇ 2006-07 ਦੇ ਦੌਰਾਨ ਕੱਟਣ ਲਈ ਜੰਗਲਾਤ ਨਿਗਮ ਨੂੰ ਸੌਂਪੇ ਗਏ ਦਰੱਖਤਾਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਤੋਂ ਕਮਾਏ ਗਏ ਮਾਲੀਏ ਦੇ ਸਾਲ-ਵਾਰ ਵੇਰਵੇ ਕੀ ਹਨ ?

**ਸ਼੍ਰੀ ਤਿਕਸ਼ਨ ਸੂਦ** : ਸ਼੍ਰੀਮਾਨ ਜੀ, ਜੰਗਲਾਤ ਡਵੀਜ਼ਨ, ਬਠਿੰਡਾ ਵਿੱਚ ਸਾਲ 2003-04 ਤੋਂ ਲੈ ਕੇ 2006-07 ਦੇ ਦੌਰਾਨ ਪੰਜਾਬ ਰਾਜ ਵਣ ਵਿਕਾਸ ਨਿਗਮ ਨੂੰ ਕਟਾਈ ਲਈ ਸੌਂਪੇ ਗਏ ਦਰੱਖਤਾਂ ਦੀ ਸਾਲ-ਵਾਰ ਗਿਣਤੀ ਅਤੇ ਇਨ੍ਹਾਂ ਤੋਂ ਕਮਾਏ ਗਏ ਮਾਲੀਏ ਦਾ ਸਾਲ-ਵਾਰ ਵੇਰਵਾ ਹੇਠ ਅਨੁਸਾਰ ਹੈ :-

| ਸਾਲ | | ਪੰਜਾਬ ਰਾਜ ਵਣ ਵਿਕਾਸ ਨਿਗਮ ਨੂੰ ਸੌਂਪੇ ਗਏ ਰੁੱਖਾਂ ਦੀ ਗਿਣਤੀ | ਪੰਜਾਬ ਰਾਜ ਵਣ ਵਿਕਾਸ ਨਿਗਮ ਤੋਂ ਪ੍ਰਾਪਤ ਹੋਈ ਰਕਮ (ਰੁਪਏ ਵਿੱਚ) |
|---|---|---|---|
| 2003-04 | .. | 16,562 | 85,49,637.00 |
| 2004-05 | .. | 13,461 | 82,83,894.00 |
| 2005-06 | .. | 10,163+443 ਪੋਲ | 56,33,205.00 |
| 2006-07 | .. | 7,768 | 7,161.00* |

* ਇਸ ਸਾਲ ਦੀ 32.5 ਲੱਖ ਰੁਪਏ ਦੀ ਰਕਮ ਪੰਜਾਬ ਰਾਜ ਵਣ ਵਿਕਾਸ ਨਿਗਮ ਵੱਲ ਬਕਾਇਆ ਹੈ ।

---

* Placed in the Revisor's Branch.

Original with;
Punjab Vidhan Sabha
Digitized by;
Punjab Digital Library

## ਕੰਢੀ ਖੇਤਰ ਵਿੱਚ ਦਰੱਖਤ ਲਗਾਉਣੇ

25. **ਸਰਦਾਰ ਅਮਰਜੀਤ ਸਿੰਘ ਸਾਹੀ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੰਢੀ ਖੇਤਰ ਦੇ ਕਿਸਾਨਾਂ, ਜਿਨ੍ਹਾਂ ਦੀ ਜ਼ਮੀਨ ਧਾਰਾ-4 ਅਧੀਨ ਦਿੱਤੇ ਗਏ ਨੋਟਿਸ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਨੂੰ ਆਪਣੀ ਜ਼ਮੀਨ ਤੇ ਬੇਟ ਖੇਤਰ ਦੇ ਕਿਸਾਨਾਂ ਦੀ ਤਰ੍ਹਾਂ ਪੋਪਲਰ ਅਤੇ ਸਫ਼ੈਦੇ ਦੇ ਦਰੱਖ਼ਤ ਲਗਾਉਣ ਦੀ ਇਜਾਜ਼ਤ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਨਹੀਂ, ਤਾਂ ਇਸਦੇ ਕੀ ਕਾਰਣ ਹਨ ?

**ਸ਼੍ਰੀ ਤਿਕਸ਼ਨ ਸੂਦ :** ਸ਼੍ਰੀਮਾਨ ਜੀ, ਪੋਪਲਰ ਜਾਂ ਸਫ਼ੈਦੇ ਦੇ ਰੁੱਖ ਪੰਜਾਬ ਪ੍ਰੀਜ਼ਰਵੇਸ਼ਨ ਐਕਟ ਦੀ ਧਾਰਾ-4 ਤਹਿਤ ਨੋਟੀਫਾਈਡ ਰਕਬੇ ਵਿੱਚ ਇਨ੍ਹਾਂ ਦਰਖੱਤਾਂ ਲਈ ਯੋਗ ਥਾਵਾਂ 'ਤੇ ਲਗਾਉਣ ਲਈ ਕਿਸੇ ਪ੍ਰਵਾਨਗੀ ਦੀ ਲੋੜ ਨਹੀਂ ਹੈ ।

------------

Original with;
Punjab Vidhan Sabha
Digitized by;
Panjab Digital Library

APPENDIX-II

TO

PUNJAB VIDHAN SABHA

DEBATES

*Wednesday, the 20th June, 2007*

**Vol. II- No. 2**

UNSTARRED QUESTION AND ANSWER

## ਰਾਜ ਵਿਚ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਆਤਮ-ਹੱਤਿਆਵਾਂ ਦੀ ਗਿਣਤੀ

12. ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਮਾਰਚ, 2007 ਤੋਂ ਮਿਤੀ ਅੰਤ ਤੱਕ ਰਾਜ ਵਿਚ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਆਤਮ-ਹੱਤਿਆਵਾਂ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ਅਤੇ ਸਰਕਾਰ ਦੁਆਰਾ ਹਰ ਇਕ ਕੇਸ ਵਿਚ ਕਿਸਾਨਾਂ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਅਦਾ ਕੀਤੇ ਗਏ ਮੁਆਵਜ਼ੇ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :-

ਸੂਚਨਾ

| ਕ੍ਰਮ ਨੰ: | ਜ਼ਿਲ੍ਹਾ | ਕਿਸਾਨ ਦਾ ਨਾਂ ਅਤੇ ਪਤਾ | ਸਰਕਾਰ ਦੁਆਰਾ ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਦਿੱਤੀ ਵਿੱਤੀ ਸਹਾਇਤਾ |
|---|---|---|---|
| 1 | 2 | 3 | 4 |
| 1. | ਅੰਮ੍ਰਿਤਸਰ (ਸਿਟੀ) | -- | ਇਸ ਸਬੰਧੀ ਪਾਲਿਸੀ ਦੀ ਬਣਤਰ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜਲਦ ਹੀ ਪਾਲਿਸੀ ਤਿਆਰ ਕਰ ਲਈ ਜਾਵੇਗੀ । |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 2. | ਅੰਮ੍ਰਿਤਸਰ (ਦਿਹਾਤੀ) | -- | -ਉਹੀ- |
| 3. | ਤਰਨ ਤਾਰਨ | ਚਰਨਜੀਤ ਸਿੰਘ [illegible] ਪੁੱਤਰ ਸੁਲੱਖਣ ਸਿੰਘ ਵਾਸੀ ਅਨਾਇਤਪੁਰ, ਜ਼ਿਲ੍ਹਾ ਤਰਨ ਤਾਰਨ। | -ਉਹੀ- |
| 4. | ਗੁਰਦਾਸਪੁਰ | -- | -ਉਹੀ- |
| 5. | ਬਟਾਲਾ | -- | -ਉਹੀ- |
| 6. | ਜਲੰਧਰ | -- | -ਉਹੀ- |
| 7. | ਹੁਸ਼ਿਆਰਪੁਰ | -- | -ਉਹੀ- |
| 8. | ਕਪੂਰਥਲਾ | -- | -ਉਹੀ- |
| 9. | ਨਵਾਂ ਸ਼ਹਿਰ | -- | -ਉਹੀ- |
| 10. | ਪਟਿਆਲਾ | -- | -ਉਹੀ- |
| 11. | ਸੰਗਰੂਰ | -- | -ਉਹੀ- |
| 12. | ਬਰਨਾਲਾ | -- | -ਉਹੀ- |
| 13. | ਫਤਹਿਗੜ੍ਹ ਸਾਹਿਬ | -- | -ਉਹੀ- |
| 14. | ਐਸ.ਏ.ਐਸ. ਨਗਰ | -- | -ਉਹੀ- |
| 15. | ਲੁਧਿਆਣਾ (ਸਿਟੀ) | -- | -ਉਹੀ- |
| 16. | ਲੁਧਿਆਣਾ (ਦਿਹਾਤੀ) | 1. ਸੁਖਵਿੰਦਰ ਸਿੰਘ, ਪੁੱਤਰ ਭਾਗ ਸਿੰਘ, ਵਾਸੀ ਬੋਪਾਰਾਏ ਖੁਰਦ, ਪੀ.ਐਸ. ਰਾਏਕੋਟ। 2. ਕੌਰ ਸਿੰਘ, ਪੁੱਤਰ ਜੋਰਾ ਸਿੰਘ, ਵਾਸੀ ਕਲਸਨ, ਪੀ.ਐਸ. ਰਾਏਕੋਟ। | -ਉਹੀ- |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 17. | ਖੰਨਾ | -- | -ਉਹੀ- |
| 18. | ਰੋਪੜ | -- | -ਉਹੀ- |
| 19. | ਫਿਰੋਜ਼ਪੁਰ | -- | -ਉਹੀ- |
| 20. | ਮਾਨਸਾ | -- | -ਉਹੀ- |
| 21. | ਬਠਿੰਡਾ | ਪ੍ਰੀਤਮ ਸਿੰਘ ਪੁੱਤਰ ਰੰਗਾ ਸਿੰਘ, ਵਾਸੀ ਪਿੰਡ ਬਾਏਤਾਲਾ, ਜ਼ਿਲ੍ਹਾ ਬਠਿੰਡਾ । | -ਉਹੀ- |
| 22. | ਫਰੀਦਕੋਟ | -- | -ਉਹੀ- |
| 23. | ਮੁਕਤਸਰ | ਨਿਰਮਲ ਸਿੰਘ ਪੁੱਤਰ ਸ੍ਰੀ ਬੰਤ ਸਿੰਘ, ਵਾਸੀ ਪਿੰਡ ਸ਼ਹਿਣਾ ਖੇੜਾ । | -ਉਹੀ- |
| 24. | ਮੋਗਾ | 1. ਗਰਮੇਲ ਸਿੰਘ ਪੁੱਤਰ ਮਲਕੀਤ ਸਿੰਘ, ਵਾਸੀ ਪਿੰਡ ਸੁੱਖਾ ਨਵਲ । | -ਉਹੀ- |
| | | 2. ਨਛੱਤਰ ਸਿੰਘ, ਪੁੱਤਰ ਸੁਦਾਗਰ ਸਿੰਘ, ਵਾਸੀ ਪਿੰਡ ਚੋਘਵਾਨਾ । | -ਉਹੀ- |
| | | 3. ਮੱਘਰ ਸਿੰਘ ਪੁੱਤਰ ਸੁਦਾਗਰ ਸਿੰਘ, ਵਾਸੀ ਪਿੰਡ ਬਿਲਾਸਪੁਰ । | -ਉਹੀ- |
| 25. | ਜੀ.ਆਰ.ਪੀ. ਪਟਿਆਲਾ | -- | -ਉਹੀ- |

3932/11-9-2007-305 ਕਾਪੀਆਂ-ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

© 2007

Published under the authority of the Punjab Vidhan Sabha and printed by the Controller, Printing and Stationery, Punjab, Chandigarh, at Pb. Govt. Press, Patiala.

Original with;
Punjab Vidhan Sabha
Digitized by;
Panjab Digital Library

3

# PUNJAB VIDHAN SABHA

## DEBATES

*Thursday, the 21st June, 2007*

Vol.II-No. 3

## OFFICIAL REPORT

CONTENTS


| | | Page |
|---|---|---|
| Starred Questions and Answers | .. | (3)1 |
| Written Answer to Starred Question laid on the Table of the House under Rule 38 | .. | (3)38 |
| Unstarred Questions and Answers | .. | (3)39 |
| Announcement by the Speaker reg. Panel of Chairmen | .. | (3)42 |
| Announcement by the Secretary | .. | (3)42 |
| Matter raised during Zero Hour and Statement by the Chief Minister | .. | (3)42 |
| Call Attention Notice under Rule 66 | .. | (3)55 |
| Short adjournment of the House | .. | (3)56 |
| Observation by the Speaker reg. Unruly Behaviour of the Opposition | .. | (3)57 |
| Motion reg. behaviour of the Opposition | .. | (3)59 |
| Call Attention Notice under rule 66 *(Resumption)* | .. | (3)66 |
| Presentation of the First Report of the Business Advisory Committee | .. | (3)70 |
| Resolution reg. Recommendation to the State Government to instruct the Police Department to get the increasing dowry related cases registered by the parents of the newly wedded brides thoroughly investigated | .. | (3)72 |



**Punjab Vidhan Sabha Secretariat, Chandigarh.**

Price : **Rs.**________



*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Thursday, the 21st June, 2007*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Nirmal Singh Kahlon) in the Chair.*

---------------

## STARRED QUESTIONS AND ANSWERS

### ਨਿਸ਼ਾਨ ਵਾਲਾ ਪ੍ਰਸ਼ਨ ਨੰ: 74*

**ਮਾਨਯੋਗ ਸਪੀਕਰ** : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

------------

### ਰਾਜ ਵਿੱਚ ਅਨੁਸੂਚਿਤ ਜਾਤੀਆਂ ਲਈ ਵਿਦਿਅਕ ਕਰਜ਼ੇ

***88. 1. ਸਰਦਾਰ ਅਜਾਇਬ ਸਿੰਘ ਭੱਟੀ**
**2. ਸਰਦਾਰ ਮੱਖਣ ਸਿੰਘ** } : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਪਿਛਲੇ ਤਿੰਨ ਸਾਲਾਂ ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਸਹਿਕਾਰੀ ਬੈਂਕਾਂ ਦੁਆਰਾ ਵਿਦਿਅਕ ਕਰਜ਼ਿਆਂ ਦੀ ਵੰਡ ਸਬੰਧੀ ਨਿਸ਼ਚਿਤ ਅਤੇ ਪ੍ਰਾਪਤ ਕੀਤੇ ਗਏ ਟੀਚੇ ਕੀ ਸਨ :

(ਅ) ਕੀ ਸਮਾਜ ਦੇ ਕਮਜ਼ੋਰ ਵਰਗ ਜਿਵੇਂ ਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਸਸਤੀਆਂ ਦਰਾਂ ਤੇ ਕਰਜ਼ੇ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

---

* For Starred Question No. 74 and reply thereto, please *see* PVS Debates dated 29-6-2007.

*Original with;*
Punjab Vidhan Sabha
*Digitized by;*
Panjab Digital Library

**ਕੈਪਟਨ ਕੰਵਲਜੀਤ ਸਿੰਘ** : (ੳ) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਵਿਦਿਆ ਲਈ ਕਰਜ਼ਾ ਵੰਡਣ ਸਬੰਧੀ ਵੱਖਰੇ ਟੀਚੇ ਨਹੀਂ ਮਿੱਥੇ ਗਏ । ਪਿਛਲੇ ਤਿੰਨ ਸਾਲਾਂ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਇਹ ਕਰਜ਼ੇ ਹੇਠ ਪ੍ਰਕਾਰ ਵੰਡੇ ਗਏ :-

| ਸਾਲ | | ਰਕਮ (ਲੱਖਾਂ ਵਿੱਚ) |
|---|---|---|
| 2004-05 | .. | ਨਿਲ |
| 2005-06 | .. | 0.50 |
| 2006-07 | .. | 2.00 |

(ਅ) ਜੀ ਨਹੀਂ ।

**ਸਰਦਾਰ ਅਜਾਇਬ ਸਿੰਘ ਭੱਟੀ** : ਮਾਨਯੋਗ ਸਪੀਕਰ ਸਾਹਿਬ, ਅੱਜ ਦੇ ਜ਼ਮਾਨੇ ਦੇ ਵਿੱਚ ਜਿਹੜੀ ਐਜੂਕੇਸ਼ਨ ਹੈ, ਬਹੁਤ ਮਹਿੰਗੀ ਹੋ ਗਈ ਹੈ, ਵੀਕਰ ਸੈਕਸ਼ਨ ਦੇ ਜਿਹੜੇ ਬੱਚੇ ਹਨ ਉਨ੍ਹਾਂ ਨੂੰ ਜੇਕਰ ਸਸਤੇ ਰੇਟ ਤੇ, ਸਸਤੇ ਵਿਆਜ ਤੇ ਕਰਜ਼ੇ ਨਹੀਂ ਮਿਲਦੇ ਤਾਂ ਉਹ ਐਜੂਕੇਸ਼ਨ ਹਾਸਲ ਨਹੀਂ ਕਰ ਸਕਦੇ । ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਇਸ ਦੀ ਵਿਵਸਥਾ ਆਉਣ ਵਾਲੇ ਸਮੇਂ ਵਿੱਚ ਕੀਤੀ ਜਾਵੇਗੀ ਜੇਕਰ ਪਿਛਲੇ ਸਮੇਂ ਵਿੱਚ ਸਰਕਾਰ ਨਹੀਂ ਕਰ ਸਕੀ ?

**ਮੰਤਰੀ** : ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਇਸ ਗੱਲੋਂ ਵਚਨਬੱਧ ਹੈ ਕਿ ਅਸੀਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਹਰ ਸਹਾਇਤਾ ਅਤੇ ਹਰ ਸਹੂਲਤ ਦੇਣ ਵਾਸਤੇ ਹਮੇਸ਼ਾ ਤੱਤਪਰ ਰਹਾਂਗੇ । ਮਾਨਯੋਗ ਮੈਂਬਰ ਸਾਹਿਬ ਨੇ ਇਕ ਬਹੁਤ ਹੀ ਸਪੱਸ਼ਟ ਸਵਾਲ ਮੇਰੇ ਤੋਂ ਪੁੱਛਿਆ ਸੀ ਕਿ 4% ਵਿਆਜ ਦਰ ਤੇ ਅਸੀਂ ਕਰਜ਼ਾ ਦੇ ਰਹੇ ਹਾਂ ਜਾਂ ਨਹੀਂ ? ਸਪੀਕਰ ਸਾਹਿਬ, 4% ਤੇ ਤਾਂ ਅਸੀਂ ਨਹੀਂ ਦੇ ਸਕਦੇ ਕਿਉਂਕਿ ਜਿਹੜੇ ਪ੍ਰਾਈਵੇਟ ਅਤੇ ਕਮਰਸ਼ੀਅਲ ਬੈਂਕ ਹਨ, ਉਹ ਵੀ 9% ਜਾਂ 9.¼% ਜਾਂ 9%.½ ਵਿਆਜ ਦਰ ਤੇ ਲੋਨ ਦਿੰਦੇ ਹਨ ਲੇਕਿਨ ਉਨ੍ਹਾਂ ਬੈਂਕਾਂ ਵੱਲੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਜਾਂ ਜਨਰਲ ਕੈਟੇਗਰੀ ਨਾਲ ਸਬੰਧਤ ਬੱਚਿਆਂ ਲਈ ਰੇਟ ਆਫ਼ ਇੰਟਰੈਸਟ ਵਿੱਚ ਕੋਈ ਫਰਕ ਨਹੀਂ ਰੱਖਿਆ ਗਿਆ । ਲੇਕਿਨ ਸਾਡੀ ਸਰਕਾਰ ਇਸ ਗੱਲੋਂ ਵਚਨਬੱਧ ਹੈ ਜਿਵੇਂ ਕਿ ਮੈਂ ਪਹਿਲਾਂ ਆਖਿਆ ਹੈ ਅਸੀਂ ਵਿਦਿਆ

Original with;
Punjab Vidhan Sabha
Digitized by;
Panjab Digital Library

ਦੀ ਪ੍ਰਫੁੱਲਤਾ ਲਈ ਵੀ ਅਤੇ ਇਸ ਗੱਲ ਲਈ ਵੀ ਕਿ ਪੱਛੜੇ ਵਰਗਾਂ ਅਤੇ ਅਨੁਸੂਚਿਤ ਜਾਤੀਆਂ ਨੂੰ ਸਹੂਲਤਾਂ ਦੇਣੀਆਂ ਹਨ, ਅਸੀਂ ਇੱਕ ਸਕੀਮ ਬਣਾਈ ਹੈ ਜਿਹੜੀ ਕਿ ਥੋੜ੍ਹੇ ਦਿਨਾਂ ਵਿੱਚ ਹੀ ਲਾਗੂ ਹੋਣ ਵਾਲੀ ਹੈ । ਉਸ ਵਿੱਚ ਇਹ ਹੈ ਕਿ 5 ਲੱਖ ਰੁਪਿਆ ਕਰਜ਼ਾ ਅਸੀਂ ਦਿਆਂਗੇ ਜਿਹੜੇ ਬੱਚੇ ਦੇਸ਼ ਵਿੱਚ ਪੜ੍ਹਨਗੇ ਅਤੇ 10 ਲੱਖ ਰੁਪਿਆ ਕਰਜ਼ਾ ਉਨ੍ਹਾਂ ਬੱਚਿਆਂ ਨੂੰ ਦੇਵਾਂਗੇ ਜਿਹੜੇ ਵਿਦੇਸ਼ਾਂ ਵਿੱਚ ਪੜ੍ਹਨ ਲਈ ਜਾਣਾ ਚਾਹੁੰਣਗੇ ਅਗਰ ਇਨ੍ਹਾਂ ਤੋਂ ਇਲਾਵਾ ਹੋਰ ਵੀ ਕੋਈ ਸਪੈਸ਼ਲ ਕੇਸ ਸਾਹਮਣੇ ਆਇਆ ਤਾਂ ਉਸ ਤੇ ਵੀ ਹਮਦਰਦੀ ਨਾਲ ਵਿਚਾਰ ਕਰਾਂਗੇ ਮਤਲਬ ਇਹ ਕਿ ਅਸੀਂ ਐਜੂਕੇਸ਼ਨ ਨੂੰ ਪ੍ਰੋਮੋਟ ਕਰਾਂਗੇ । ਮੈਂ ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਜਿਹੜੀ ਵਿਆਜ ਦਰ ਹੈ, ਉਹ ਅੱਜ ਘਟਾਉਣ ਦਾ ਐਲਾਨ ਕਰਦਾ ਹਾਂ । ਅਸੀਂ 7.¼ % ਵਿਆਜ ਲਵਾਂਗੇ ਜਿਹੜਾ ਕਿ ਹਿੰਦੁਸਤਾਨ ਭਰ ਵਿੱਚ ਕਿਧਰੇ ਨਹੀਂ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਬੱਚਿਆਂ ਦੀ ਪੜ੍ਹਾਈ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਵਾਲੀ ਸਰਕਾਰ ਵਿਸ਼ੇਸ਼ ਧਿਆਨ ਦਿੰਦੀ ਹੈ । ਇਨ੍ਹਾਂ ਨੇ ਆਪਣੇ ਜਵਾਬ ਵਿੱਚ ਇਹ ਵੀ ਕਿਹਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਵੱਖਰੇ ਤੌਰ ਤੇ ਕਰਜ਼ੇ ਦੇਣ ਦੀ ਕੋਈ ਵਿਸ਼ੇਸ਼ ਵਿਵਸਥਾ ਨਹੀਂ ਕੀਤੀ ਗਈ । ਇਸ ਤੋਂ ਇਹ ਪਤਾ ਚਲਦਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦੀ ਪੜ੍ਹਾਈ ਵਾਸਤੇ ਸਰਕਾਰ ਕਿੰਨੀ ਕੁ ਸੁਹਿਰਦ ਹੈ ।

**ਮਾਨਯੋਗ ਸਪੀਕਰ** : ਹੁਣੇ ਤਾਂ ਉਨ੍ਹਾਂ ਨੇ ਐਲਾਨ ਕੀਤਾ ਹੈ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਵੱਖਰੇ ਤੌਰ ਤੇ ਕੋਈ ਵਿਵਸਥਾ ਨਹੀਂ ਕੀਤੀ । ਇਸ ਲਈ ਕਿਰਪਾ ਕਰਕੇ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨ ਕਿ ਇਸ ਬਜਟ ਵਿੱਚ ਜਿਸ ਤੇ ਬਹਿਸ ਕੱਲ੍ਹ ਸ਼ੁਰੂ ਹੋਣੀ ਹੈ, ਇਸ ਬਾਰੇ ਵਿਵਸਥਾ ਕੀਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਨੇ ਮੇਰੀ ਗੱਲ ਨਹੀਂ ਸੁਣੀ । ਸ਼ਾਇਦ ਇਨ੍ਹਾਂ ਦਾ ਧਿਆਨ ਕਿਤੇ ਹੋਰ ਹੋਣਾ ਹੈ । ਮੈਂ ਖ਼ਾਸ ਤੌਰ ਤੇ ਆਖਿਆ ਹੈ ਕਿ ਜੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਸਾਡੇ ਤੱਕ ਪਹੁੰਚ ਕਰਨਗੇ ਤਾਂ ਉਨ੍ਹਾਂ ਨੂੰ ਪੰਜ ਲੱਖ ਰੁਪਏ ਤੋਂ ਦਸ ਲੱਖ ਰੁਪਏ ਤੱਕ ਕਰਜ਼ੇ ਦਿੱਤੇ ਜਾਣਗੇ ਔਰ ਅਗਰ ਇਸ ਤੋਂ ਜ਼ਿਆਦਾ ਵੀ ਕਿਸੇ ਸਪੈਸ਼ਲ ਕੇਸ ਵਿੱਚ ਲੋੜ ਹੋਵੇਗੀ, ਉਹ ਵੀ ਅਸੀਂ ਕੰਸਿਡਰ ਕਰਕੇ ਮਨਜ਼ੂਰ ਕਰਾਂਗੇ ਲੇਕਿਨ 9%

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

ਤੇ ਨਹੀਂ ਬਲਕਿ ਸਵਾ ਸੱਤ ਪਰਸੈਂਟ ਤੇ ਕਰਜ਼ੇ ਦਿੱਤੇ ਜਾਣਗੇ ਜਿਹੜੀ ਕਿ ਦੇਸ਼ ਵਿੱਚ ਪਹਿਲੀ ਮਿਸਾਲ ਹੈ । ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਨੇ ਪਹਿਲਾਂ ਮੇਰੀ ਗੱਲ ਨਹੀਂ ਸੁਣੀ । ਹੁਣ ਸੁਣ ਲੈਣ ।

**ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ** (ਸਰਦਾਰ ਸੀਤਲ ਸਿੰਘ) : ਸਪੀਕਰ ਸਾਹਿਬ, ਕਰਜ਼ੇ ਮਨਜ਼ੂਰ ਹੋਣ ਤੋਂ ਬਾਅਦ ਵੀ ਪ੍ਰੋਸੀਜਰ ਜਿਹੜਾ ਹੈ, ਉਹ ਪੂਰਾ ਕਰਨਾ ਔਖਾ ਹੋ ਜਾਂਦਾ ਹੈ । ਮੈਂ ਮੰਤਰੀ ਜੀ ਤੋਂ ਇਹ ਆਸ਼ਵਾਸਨ ਚਾਹੁੰਦਾ ਹਾਂ ਕਿ ਕੀ ਇਸ ਵਾਸਤੇ ਸਰਲ ਵਿਧੀ ਅਪਣਾਈ ਜਾਵੇਗੀ ਤਾਂ ਕਿ ਕਰਜ਼ੇ ਅਸਾਨੀ ਨਾਲ ਮਿਲ ਸਕਣ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਐਪਲੀਕੇਸ਼ਨ ਆਉਣ ਉਪਰੰਤ ਕਰਜ਼ੇ ਮਨਜ਼ੂਰ ਕੀਤੇ ਜਾਣਗੇ ਔਰ ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇੱਕ ਸਾਲ ਇਸ ਕਰਜ਼ੇ ਦੀ ਅਦਾਇਗੀ ਸ਼ੁਰੂ ਨਹੀਂ ਕੀਤੀ ਜਾਵੇਗੀ । ਇਸ ਤੋਂ ਇਲਾਵਾ ਇਸ ਦਾ ਵਿਆਜ ਵੀ ਛਿਮਾਹੀ ਵਿੱਚ ਅਦਾ ਕਰਨਾ ਹੋਵੇਗਾ ਲੇਕਿਨ ਇਸ ਤੋਂ ਬਾਅਦ ਵੀ ਅਗਰ ਕੋਈ ਹੋਰ ਸਹੂਲਤ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਸਿੱਖਿਆ ਲਈ ਸਹਿਕਾਰਤਾ ਵਿਭਾਗ ਜਾਂ ਸਰਕਾਰ ਵੱਲੋਂ ਮੈਂਬਰ ਸਾਹਿਬਾਨ ਲੈਣਾ ਚਾਹੁੰਦੇ ਹਨ, ਉਹ ਮੈਨੂੰ ਦੱਸ ਦੇਣ, ਅਸੀਂ ਬੜੀ ਅਸਾਨੀ ਔਰ ਬਿਨਾਂ ਕਿਸੇ ਦੇਰੀ ਤੋਂ ਪ੍ਰਵਾਨ ਕਰ ਲਵਾਂਗੇ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਵਿਆਜ ਦੀ ਦਰ ਨੌਂ ਪਰਸੈਂਟ ਤੋਂ ਸਵਾ ਸੱਤ ਪਰਸੈਂਟ ਕਰ ਦਿੱਤੀ ਹੈ ਪਰ ਇਹ ਤਾਂ ਪਿਛਲੀ ਸਰਕਾਰ ਨੇ ਕੀਤੀ ਸੀ । ਕੀ ਇਹ ਦਰ ਇਸ ਤੋਂ ਘਟਾਉਣਗੇ ਕਿਉਂਕਿ ਕਿਸਾਨਾਂ ਦਾ ਬਹੁਤ ਬੁਰਾ ਹਾਲ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਅਨੁਸੂਚਿਤ ਜਾਤੀਆਂ ਦੀ ਗੱਲ ਕਰ ਰਿਹਾ ਹਾਂ ਪਰ ਮਾਨਯੋਗ ਮੈਂਬਰ ਕਿਸਾਨਾਂ ਦੀ ਗੱਲ ਕਰ ਰਹੇ ਹਨ । ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ, ਉਹ ਦਰੁਸਤ ਨਹੀਂ ਹੈ ਕਿ ਵਿਆਜ ਦੀ ਦਰ ਪਿਛਲੀ ਸਰਕਾਰ ਵੇਲੇ ਸੱਤ ਪਰਸੈਂਟ ਸੀ । ਮੈਂ ਜਿਵੇਂ ਕਿ ਅੰਕੜੇ ਪੜ੍ਹ ਕੇ ਦੱਸੇ ਹਨ, ਪਿਛਲੇ ਤਿੰਨ ਸਾਲਾਂ ਤੋਂ ਨੌਂ ਪਰਸੈਂਟ ਦੀ ਦਰ ਤੇ ਅਨੁਸੂਚਿਤ ਜਾਤੀਆਂ ਤੇ ਜਨਰਲ ਕੈਟਾਗਰੀ ਨੂੰ ਬਿਨਾਂ ਕਿਸੇ ਫਰਕ ਤੋਂ ਦੋਨਾਂ ਤੋਂ ਬਰਾਬਰ ਇੰਟਰਸਟ ਤੇ ਚਾਰਜ ਕੀਤਾ ਜਾਂਦਾ ਸੀ ਲੇਕਿਨ ਜਿਵੇਂ ਕਿ ਮੈਂ ਆਖਿਆ ਹੈ ਕਿ ਸਾਡੀ ਸਰਕਾਰ ਪੱਛੜੀਆਂ ਸ਼੍ਰੇਣੀਆਂ ਤੇ

Original with;
Punjab Vidhan Sabha
Digitized by;
Panjab Digital Library

ਅਨੁਸੂਚਿਤ ਜਾਤੀਆਂ ਪ੍ਰਤੀ ਵਚਨਬੱਧ ਹੈ, ਇਸ ਲਈ ਅਸੀਂ ਨੌਂ ਪਰਸੈਂਟ ਤੋਂ ਘਟਾ ਕੇ ਸਵਾ ਸੱਤ ਪਰਸੈਂਟ ਕੀਤਾ ਹੈ । ਕਾਂਗਰਸ ਸਰਕਾਰ ਸਮੇਂ ਨੌਂ ਪਰਸੈਂਟ ਹੀ ਚਾਰਜ ਕੀਤਾ ਜਾਂਦਾ ਸੀ ।

**ਸਰਦਾਰ ਸਾਧੂ ਸਿੰਘ ਧਰਮਸੋਤ** : ਸਪੀਕਰ ਸਾਹਿਬ, ਬੜੀ ਵਧੀਆ ਗੱਲ ਹੈ ਕਿ ਦਸ ਲੱਖ ਦੇ ਕਰਜ਼ੇ ਲਈ ਸਵਾ ਸੱਤ ਪਰਸੈਂਟ ਵਿਆਜ ਦੀ ਦਰ ਰੱਖੀ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਬੱਚੇ, ਗਰੀਬ ਮਾਂ-ਪਿਓ ਹਨ ਜੋ ਆਪਣੇ ਬੱਚਿਆਂ ਦੇ ਕਰਜ਼ੇ ਲਈ ਗਰੰਟੀ ਨਹੀਂ ਦੇ ਸਕਦੇ, ਕੋਈ ਜ਼ੁੰਮੇਵਾਰੀ ਨਹੀਂ ਦੇ ਸਕਦੇ, ਉਨ੍ਹਾਂ ਨੂੰ ਕਿਸ ਅਧਾਰ ਤੇ ਕਰਜ਼ੇ ਦਿੱਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਵਿਰੋਧੀ ਧਿਰ ਦੇ ਮੈਂਬਰ ਸਾਹਿਬ ਮੇਰਾ ਜਵਾਬ ਨਹੀਂ ਸੁਣਦੇ ਹਨ । ਜੇ ਧਿਆਨ ਨਾਲ ਸੁਣਦੇ, ਫਿਰ ਇਨ੍ਹਾਂ ਨੂੰ ਸਵਾਲ ਕਰਨ ਦੀ ਲੋੜ ਨਹੀਂ ਸੀ । ਮੈਂ ਆਖਿਆ ਹੈ ਕਿ ਜੇ ਸਪੈਸ਼ਲ ਕੇਸ ਹੋਵੇਗਾ ਔਰ ਉਸ ਵਿੱਚ ਸਪੈਸ਼ਲ ਰਿਲੀਫ਼ ਦੇਣ ਦੀ ਲੋੜ ਪਵੇਗੀ, ਅਸੀਂ ਹਮਦਰਦੀ ਨਾਲ ਵਿਚਾਰ ਕਰਾਂਗੇ ਔਰ ਲਾਗੂ ਕਰਾਂਗੇ ।

**Mr. Speaker :** Next Question.

**ਸਰਦਾਰ ਸਾਧੂ ਸਿੰਘ ਧਰਮਸੋਤ** : ਸਪੀਕਰ ਸਾਹਿਬ, ਮੈਂ ਉਨ੍ਹਾਂ ਕੇਸਾਂ ਦੀ ਗੱਲ ਕਰ ਰਿਹਾ ਹਾਂ ਜਿਨ੍ਹਾਂ ਕੋਲ ਗਰੰਟੀ ਦੇਣ ਲਈ ਕੁਝ ਨਹੀਂ ਹੈ.............(ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ)

**ਮਾਨਯੋਗ ਸਪੀਕਰ** : ਮੈਂ ਅਗਲਾ ਸਵਾਲ ਕਰ ਦਿੱਤਾ ਹੈ ।

**ਮੰਤਰੀ** : ਸਪੀਕਰ ਸਾਹਿਬ, ਮੈਂ ਸਵਾਲ ਦਾ ਜਵਾਬ ਦੇ ਰਿਹਾ ਹਾਂ । ਇਹ ਕਨਸੈਸ਼ਨ ਮੈਂਬਰਾਂ ਨੂੰ ਨਹੀਂ ਮਿਲਦਾ ਜਿਨ੍ਹਾਂ ਦੀ ਹਜ਼ਾਰਾਂ ਰੁਪਏ ਤਨਖਾਹ ਹੈ । ਇਹ ਸਪੈਸ਼ਲ ਕੇਸ ਵਿੱਚ ਮਿਲਦਾ ਹੈ ।

**ਮਾਨਯੋਗ ਸਪੀਕਰ** : ਅਗਲਾ ਸਵਾਲ ।

----------

Original with;
Punjab Vidhan Sabha
Digitized by;
Panjab Digital Library

## ਜਲੰਧਰ ਵਿਖੇ ਮੈਡੀਕਲ ਕਾਲਜ

***91. ਸਰਦਾਰ ਜਗਬੀਰ ਸਿੰਘ ਬਰਾੜ** : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲੰਧਰ ਵਿਖੇ ਸਥਾਪਤ ਕੀਤੇ ਜਾ ਰਹੇ ਮੈਡੀਕਲ ਕਾਲਜ ਦੇ ਪ੍ਰੋਜੈਕਟ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਹੁਣ ਤੱਕ ਇਸ ਉੱਤੇ ਖ਼ਰਚ ਕੀਤੀ ਗਈ ਰਕਮ ਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਚਾਲੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਤਿਕਸ਼ਨ ਸੂਦ** : ਮੈਡੀਕਲ ਕਾਲਜ ਅਤੇ ਹਸਪਤਾਲ (ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼), ਜਲੰਧਰ ਦੀ ਉਸਾਰੀ ਦਾ 94% ਕੰਮ ਮੁਕੰਮਲ ਹੋ ਚੁੱਕਾ ਹੈ । ਇਸ ਪ੍ਰੋਜੈਕਟ ਦੇ ਪਹਿਲੇ ਫੇਜ਼ ਤੇ ਕੁੱਲ 117.00 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ । ਇਸ ਸੰਸਥਾ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼), ਨਵੀਂ ਦਿੱਲੀ ਦੀ ਪੱਧਰ ਤੇ ਭਾਰਤ ਸਰਕਾਰ ਰਾਹੀਂ ਚਲਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ । ਇਸ ਸੰਸਥਾ ਦੇ ਬਕਾਇਆ ਕੰਮ ਨੂੰ ਮੁਕੰਮਲ ਕਰਨ ਅਤੇ ਇਸ ਨੂੰ ਚਲਾਉਣ ਸਬੰਧੀ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 05-07-2007 ਨੂੰ ਇਸ ਸੰਸਥਾ ਦੀ ਗਵਰਨਿੰਗ ਬਾਡੀ ਦੀ ਮੀਟਿੰਗ ਸੱਦੀ ਗਈ ਹੈ ।

**ਸਰਦਾਰ ਜਗਬੀਰ ਸਿੰਘ ਬਰਾੜ** : ਸਪੀਕਰ ਸਾਹਿਬ, ਇਸ ਸੰਸਥਾ ਦਾ 94 ਪ੍ਰਤੀਸ਼ਤ ਕੰਮ ਹੋ ਚੁੱਕਿਆ ਹੈ ਅਤੇ ਮਗਰਲੇ ਪੰਜ ਸਾਲ ਤੋਂ ਇਹ 94 ਪ੍ਰਤੀਸ਼ਤ ਤੇ ਹੀ ਖੜ੍ਹਾ ਹੈ । ਉਸ ਬਿਲਡਿੰਗ ਵਿੱਚ ਪਸ਼ੂ ਫਿਰ ਰਹੇ ਹਨ, ਸੂਰ ਫਿਰ ਰਹੇ ਹਨ । ਲੋਕਾਂ ਤੇ ਇਸ ਗੱਲ ਦਾ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ । ਪਿਛਲੇ ਪੰਜ ਸਾਲਾਂ ਤੋਂ ਇਹ ਬਿਲਡਿੰਗ ਕੰਪਲੀਟ ਨਹੀਂ ਹੋ ਰਹੀ । ਸਰਕਾਰ ਦਾ ਇਸ ਤੇ 117 ਕਰੋੜ ਰੁਪਏ ਲੱਗਿਆ ਹੈ । ਹੁਣ ਮੰਤਰੀ ਜੀ ਨੇ ਗੱਲ ਆਖੀ ਹੈ ਕਿ ਇਸ ਵਾਸਤੇ ਮੀਟਿੰਗ ਫਿਕਸ ਕੀਤੀ ਗਈ ਹੈ । ਮੈਂ ਇਸ ਦਾ ਆਸ਼ਵਾਸਨ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਚਾਲੂ ਹੋ ਜਾਵੇਗੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੀ ਸਰਕਾਰ ਨੇ ਇਸ ਬਾਰੇ ਕੁਝ ਨਹੀਂ ਕੀਤਾ । ਇਹ ਕੰਮ ਅਕਾਲੀ-ਭਾਜਪਾ ਸਰਕਾਰ ਵੇਲੇ ਸ਼ੁਰੂ ਕੀਤਾ ਗਿਆ ਸੀ । ਬੜੀ ਵਧੀਆ ਬਿਲਡਿੰਗ ਬਣਾਈ ਗਈ ਸੀ । ਪਿਛਲੀ ਸਰਕਾਰ ਨੇ ਇਸ ਨੂੰ ਪੀ.ਪੀ.ਪੀ. ਮੋਡ ਵਿੱਚ ਕਰਨ ਦਾ ਫੈਸਲਾ ਕੀਤਾ ਸੀ ਪਰ ਕੰਮ ਲਟਕਿਆ ਰਿਹਾ । ਉਹ ਵੀ ਸਿਰੇ ਨਹੀਂ ਲੱਗਿਆ ।

Original with;
Punjab Vidhan Sabha
Digitized by;
Panjab Digital Library

ਮੈਡੀਕਲ ਐਜੂਕੇਸ਼ਨ ਦਾ ਬੁਰਾ ਹਾਲ ਹੈ । ਐਮ.ਸੀ.ਆਈ. ਨੇ ਕਿਹਾ ਹੈ ਤਾਂ ਇਹ ਸਾਰਾ ਠੀਕ ਕਰ ਰਹੇ ਹਾਂ । ਮਾਨਯੋਗ ਮੁੱਖ ਮੰਤਰੀ ਜੀ ਨੇ ਹਦਾਇਤਾਂ ਦਿੱਤੀਆਂ ਜਿਸ ਅਨੁਸਾਰ ਤਿੰਨ-ਚਾਰ ਮੈਡੀਕਲ ਐਜੂਕੇਸ਼ਨ ਬਾਰੇ ਮੀਟਿੰਗਾਂ ਲੈ ਚੁੱਕੇ ਹਾਂ । ਇਸ ਸੰਸਥਾ ਬਾਰੇ ਬਜਟ ਵਿੱਚ ਅਸੀਂ ਪ੍ਰੋਵੀਜ਼ਨ ਰੱਖੀ ਹੈ ਕਿ ਇਸ ਨੂੰ ਪੂਰਾ ਕਰਨਾ ਹੈ । ਸਪੀਕਰ ਸਾਹਿਬ, ਜੋ ਪਿਛਲੀ ਸਰਕਾਰ ਵੱਲੋਂ ਪੀ.ਪੀ.ਪੀ. ਮੋਡ ਨਾਲ ਪੂਰਾ ਕਰਨ ਦੀ ਗੱਲ ਕੀਤੀ ਗਈ ਸੀ, ਉਹ ਪੂਰਾ ਕਰਨ ਦਾ ਚੈਨਲ ਅਸੀਂ ਚਲਾ ਰਹੇ ਹਾਂ । ਸਾਡੇ ਡਿਪਾਰਟਮੈਂਟ ਦੀ ਪੁਰਜ਼ੋਰ ਕੋਸ਼ਿਸ਼ ਹੈ ਕਿ ਏਮਜ਼ (AIIMS) ਦੀ ਤਰਜ਼ ਤੇ ਇੰਸਟੀਚਿਊਟ ਬਣਾਈਏ । ਪੀ.ਜੀ.ਆਈ., ਚੰਡੀਗੜ੍ਹ ਤਾਂ ਸੈਂਟਰ ਕੋਲ ਚਲਾ ਗਿਆ ਹੈ । ਅਸੀਂ ਚਾਹੁੰਦੇ ਹਾਂ ਕਿ ਬਹੁਤ ਵਧੀਆ ਸਿਹਤ ਸੇਵਾਵਾਂ, ਬਹੁਤ ਵਧੀਆ ਮੈਡੀਕਲ ਐਜੂਕੇਸ਼ਨ ਪੰਜਾਬ ਵਿੱਚ ਇਸ ਇੰਸਟੀਚਿਊਟ ਰਾਹੀਂ ਦੇ ਸਕੀਏ ।

-------------

## ਰਾਜ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ

***108. ਸਰਦਾਰ ਲਾਲ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਉਕਤ ਅਸਾਮੀਆਂ ਕਦੋਂ ਤੱਕ ਭਰੀਆਂ ਜਾਣਗੀਆਂ ਅਤੇ ਭਰਤੀ ਲਈ ਕੀ ਕਸੌਟੀ ਅਪਣਾਈ ਗਈ ਹੈ ?

**ਡਾਕਟਰ ਉਪਿੰਦਰਜੀਤ ਕੌਰ** : ਅਧਿਆਪਕਾਂ ਦੀਆਂ ਜ਼ਿਲ੍ਹਾਵਾਰ ਖਾਲੀ ਪਈਆਂ ਵੱਖ-ਵੱਖ ਕੈਟਾਗਰੀਆਂ ਦੀਆਂ ਅਸਾਮੀਆਂ ਦੀ ਗਿਣਤੀ ਅਨੁਲੱਗ "ੳ" ਤੇ ਨੱਥੀ ਕੀਤੀ ਜਾਂਦੀ ਹੈ । ਇਹ ਅਸਾਮੀਆਂ ਜਲਦੀ ਹੀ ਭਰੀਆਂ ਜਾ ਰਹੀਆਂ ਹਨ ।

**ਮਾਪਦੰਡ** :-

ਭਰਤੀ, ਸਬੰਧਤ ਕੈਟਾਗਰੀਆਂ ਵਿੱਚ ਬਿਨਾਂ ਭਰਤੀ ਟੈਸਟ ਜਾਂ ਇੰਟਰਵਿਊ ਦੇ, ਕੇਵਲ ਮੈਰਿਟ ਦੇ ਆਧਾਰ ਤੇ ਕੀਤੀ ਜਾਵੇਗੀ । ਮੈਰਿਟ ਸੂਚੀ ਮੁੱਢਲੀ ਵਿਦਿਅਕ ਯੋਗਤਾ ਦੇ ਪ੍ਰਾਪਤ ਅੰਕਾਂ ਅਤੇ ਮੁੱਢਲੀ ਪ੍ਰੋਫੈਸ਼ਨਲ ਯੋਗਤਾ ਦੇ ਪ੍ਰਾਪਤ ਅੰਕਾਂ ਦੇ ਆਧਾਰ ਤੇ ਅਤੇ ਉਚੇਰੀ ਯੋਗਤਾ ਅਤੇ ਤਜਰਬੇ ਨੂੰ ਆਧਾਰ ਮੰਨ ਕੇ ਨਿਰਧਾਰਤ ਕੀਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

## ਅਨੁਲੱਗ 'ੳ'

## ਅਧਿਆਪਕਾਂ ਦੀਆਂ ਵੱਖ-ਵੱਖ ਕੈਟਾਗਰੀਆਂ ਦੀਆਂ ਜ਼ਿਲ੍ਹਾ ਵਾਈਜ਼ ਖਾਲੀ ਅਸਾਮੀਆਂ ਦੀ ਗਿਣਤੀ

| ਲੜੀ ਨੰ: | ਜ਼ਿਲ੍ਹਾ | | ਲੈਕਚਰਾਰ | ਮਾਸਟਰ/ ਮਿਸਟ੍ਰੈਸ | ਸੀ. ਅਤੇ ਵੀ. ਕਾਡਰ | ਜੇ.ਬੀ.ਟੀ. | ਹੈਡ ਟੀਚਰ | ਸੈਂਟਰ ਹੈਡ ਟੀਚਰ |
|---|---|---|---|---|---|---|---|---|
| 1. | ਫਰੀਦਕੋਟ | .. | 71 | 64 | 86 | 99 | 31 | 07 |
| 2. | ਮੋਗਾ | .. | 252 | 54 | 51 | 668 | 72 | 25 |
| 3. | ਮੁਕਤਸਰ | .. | 261 | 69 | 65 | 369 | 46 | 12 |
| 4. | ਬਠਿੰਡਾ | .. | 169 | 143 | 69 | 380 | 69 | 21 |
| 5. | ਮਾਨਸਾ | .. | 123 | 241 | 54 | 95 | 55 | 11 |
| 6. | ਫਿਰੋਜ਼ਪੁਰ | .. | 160 | 153 | 130 | 276 | 75 | 47 |
| 7. | ਅੰਮ੍ਰਿਤਸਰ | .. | 207 | 926 | 31 | 967 | 104 | 13 |
| 8. | ਗੁਰਦਾਸਪੁਰ | .. | 375 | 439 | 29 | 37 | 214 | 71 |
| 9. | ਹੁਸ਼ਿਆਰਪੁਰ | .. | 284 | 306 | 102 | 535 | 133 | 23 |
| 10. | ਜਲੰਧਰ | .. | 348 | 580 | 209 | 854 | 206 | 29 |
| 11. | ਕਪੂਰਥਲਾ | .. | 143 | 363 | 61 | 267 | 48 | 15 |
| 12. | ਨਵਾਂ ਸ਼ਹਿਰ | .. | 100 | 331 | 82 | 173 | 30 | 12 |
| 13. | ਤਰਨ ਤਾਰਨ | .. | 240 | 650 | 51 | 554 | 36 | 17 |
| 14. | ਸੰਗਰੂਰ | .. | 195 | 351 | 110 | 713 | 151 | 35 |
| 15. | ਲੁਧਿਆਣਾ | .. | 218 | 321 | 97 | 1221 | 175 | 35 |
| 16. | ਪਟਿਆਲਾ | .. | 78 | 213 | 86 | 298 | 125 | 48 |
| 17. | ਬਰਨਾਲਾ | .. | 80 | 151 | 28 | 0 | 0 | 0 |
| 18. | ਰੋਪੜ | .. | 86 | 108 | 27 | 76 | 21 | 16 |
| 19. | ਫਤਹਿਗੜ੍ਹ ਸਾਹਿਬ | .. | 83 | 77 | 55 | 120 | 25 | 18 |
| 20. | ਐਸ.ਏ.ਐਸ. ਨਗਰ | .. | 62 | 110 | 42 | 184 | 24 | 17 |
| | ਜੋੜ | .. | 3535 | 5650 | 1465 | 7886 | 1640 | 472 |

ਉਪਰੋਕਤ ਖਾਲੀ ਅਸਾਮੀਆਂ ਦਾ ਕੁੱਲ ਜੋੜ = 20648

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੈਰਿਟ ਦੇ ਅਧਾਰ ਤੇ ਭਰਤੀ ਕਰਨ ਦਾ ਫੈਸਲਾ ਕੀਤਾ ਹੈ । ਇਹ ਬਹੁਤ ਵਧੀਆ ਗੱਲ ਹੈ । ਇਨ੍ਹਾਂ ਨੇ ਕਿਹਾ ਹੈ ਕਿ 20,648 ਅਸਾਮੀਆਂ ਜਲਦੀ ਭਰ ਦੇਵਾਂਗੇ । ਇਹ ਇਸ ਨੂੰ ਡੇਟ-ਬਾਊਂਡ ਕਰਨ । ਦੂਜਾ ਸਵਾਲ ਹੈ ਕਿ ਕੀ ਇਨ੍ਹਾਂ ਅਸਾਮੀਆਂ ਤੇ ਪੱਕੇ ਤੌਰ ਤੇ ਭਰਤੀ ਕੀਤੀ ਜਾਵੇਗੀ? ਤੀਜਾ ਸਵਾਲ ਹੈ ਕਿ ਇਨ੍ਹਾਂ ਅਸਾਮੀਆਂ ਦੀ ਭਰਤੀ ਡਿਪਾਰਟਮੈਂਟ ਦੇ ਥਰੂ ਕਰੋਗੇ ਜਾਂ ਪੁਰਾਣੇ ਸਿਸਟਮ ਦੇ ਥਰੂ ਕਰੋਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਪਰਮ ਸਤਿਕਾਰਤ ਮੈਂਬਰ ਨੂੰ ਦੱਸਣਾ ਚਾਹਾਂਗੀ ਕਿ ਇਹ ਜੋ ਭਰਤੀ ਕੀਤੀ ਜਾ ਰਹੀ ਹੈ, ਇਹ ਕੇਵਲ ਮੈਰਿਟ ਦੇ ਅਧਾਰ ਤੇ ਕੀਤੀ ਜਾ ਰਹੀ ਹੈ ਅਤੇ ਛੇਤੀ ਕੀਤੀ ਜਾ ਰਹੀ ਹੈ । ਸਾਡਾ ਯਤਨ ਹੈ ਕਿ ਅਸੀਂ ਡਿਪਾਰਟਮੈਂਟਲ ਕਮੇਟੀ ਬਣਾ ਕੇ ਮੈਰਿਟ ਦੇ ਅਧਾਰ ਤੇ ਭਰਤੀ ਕਰੀਏ । ਇਸ ਭਰਤੀ ਲਈ ਪ੍ਰਕਿਰਿਆ ਜਾਰੀ ਹੋ ਚੁੱਕੀ ਹੈ । ਕੁਝ ਦਿਨਾਂ ਵਿੱਚ ਹੀ ਇਸ਼ਤਿਹਾਰ ਆ ਜਾਣਾ ਹੈ ਔਰ ਸਾਡਾ ਯਤਨ ਹੋਵੇਗਾ ਕਿ ਅਸੀਂ ਅਗਸਤ ਮਹੀਨੇ ਵਿੱਚ ਚੋਣ ਕਰਕੇ ਅਧਿਆਪਕ ਸਕੂਲਾਂ ਵਿੱਚ ਉਪਲਬਧ ਕਰ ਦੇਈਏ । (ਥੰਪਿੰਗ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਸਬ ਡਵੀਜ਼ਨ ਸਰਦੂਲਗੜ੍ਹ ਵਿੱਚ ਜੇਕਰ ਇਨ੍ਹਾਂ ਕੋਲ ਰਿਕਾਰਡ ਹੋਵੇ ਤਾਂ ਇਹ ਦੱਸਣ ਕਿ ਉਥੇ ਕਿੰਨੇ ਟੀਚਰ ਘੱਟ ਹਨ ਅਤੇ ਇਨ੍ਹਾਂ ਟੀਚਰਾਂ ਦੀਆਂ ਪੋਸਟਾਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਸਬ ਡਵੀਜ਼ਨ ਬਾਰੇ ਪੁੱਛਿਆ ਹੈ । ਇਹ ਇਸ ਸਬੰਧੀ ਵੱਖਰਾ ਸਵਾਲ ਪੁੱਛ ਲੈਣ । ਜ਼ਿਲ੍ਹਾਵਾਰ ਸੂਚਨਾ ਇਸ ਵਕਤ ਉਪਲਬਧ ਹੈ ।

**ਮਾਨਯੋਗ ਸਪੀਕਰ** : ਕਾਫ਼ੀ ਕਲੀਅਰ ਸਪੱਸ਼ਟ ਜਵਾਬ ਆ ਚੁੱਕਾ ਹੈ । Try to be more relevant.

**ਰਾਣਾ ਗੁਰਮੀਤ ਸਿੰਘ ਸੋਢੀ** : ਸਪੀਕਰ ਸਾਹਿਬ, ਸਾਡੀ ਸਰਕਾਰ ਵੇਲੇ 849 ਪੀ.ਟੀ.ਆਈ. ਟੀਚਰਾਂ ਦੀਆਂ ਪੋਸਟਾਂ ਕੱਢੀਆਂ ਗਈਆਂ ਸਨ । ਉਸ ਵਿੱਚ ਕੁਝ ਰਿਜ਼ਰਵ ਕੈਟਾਗਰੀ ਦੀਆਂ ਪੋਸਟਾਂ ਸਨ ਜੋ ਕਿ ਸਾਰੀਆਂ ਭਰੀਆਂ ਨਹੀਂ ਗਈਆਂ

Original with;
Punjab Vidhan Sabha
Digitized by;
Punjab Digital Library

[ਰਾਣਾ ਗੁਰਮੀਤ ਸਿੰਘ ਸੋਢੀ]
ਸਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੋਸਟਾਂ ਬਚ ਗਈਆਂ ਸਨ, ਕੀ ਉਨ੍ਹਾਂ ਨੂੰ ਜਨਰਲ ਵਿੱਚ ਕਨਵਰਟ ਕਰਨਗੇ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ ਉਹ ਦਰੁੱਸਤ ਹੈ । 849 ਪੋਸਟਾਂ ਵਿੱਚੋਂ 581 ਪੋਸਟਾਂ ਭਰੀਆਂ ਜਾ ਚੁੱਕੀਆਂ ਸਨ । ਇਸ ਵਿੱਚ ਰਿਜ਼ਰਵ ਕੈਟਾਗਰੀ ਦੀਆਂ ਪੋਸਟਾਂ ਵੀ ਸਨ । ਇਸ ਸਮੇਂ ਲਗਭਗ 270 ਦੇ ਕਰੀਬ ਅਸਾਮੀਆਂ ਖਾਲੀ ਪਈਆਂ ਹਨ । ਰਿਜ਼ਰਵ ਕੈਟਾਗਰੀ ਦੇ ਕੋਈ ਅਧਿਆਪਕ ਉਪਲਬਧ ਨਹੀਂ ਹਨ ਜਦ ਕਿ ਇਹ ਰਿਜ਼ਰਵ ਕੈਟਾਗਰੀ ਦੀਆਂ ਪੋਸਟਾਂ ਹਨ । ਇਨ੍ਹਾਂ ਪੋਸਟਾਂ ਨੂੰ ਡੀ-ਰਿਜ਼ਰਵ ਕਰਨ ਦਾ ਮਾਮਲਾ ਹੈ । ਜਿਹੜੇ ਅਧਿਆਪਕ ਇਨ੍ਹਾਂ ਪੋਸਟਾਂ ਤੇ ਭਰਤੀ ਹੋਣ ਲਈ ਕੋਸ਼ਿਸ਼ ਕਰ ਰਹੇ ਹਨ, ਸਾਡੀ ਵੀ ਇੱਛਾ ਹੈ ਕਿ ਅਸੀਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਭਰਤੀ ਕਰੀਏ ਪਰ ਜਿਹੜਾ ਡੀਰਿਜ਼ਰਵ ਕਰਨ ਦਾ ਮੁੱਦਾ ਹੈ, ਇਹ ਸੰਵਿਧਾਨ ਨਾਲ ਸਬੰਧ ਰੱਖਦਾ ਹੈ । ਇਸ ਬਾਰੇ ਕਾਨੂੰਨੀ ਰਾਏ ਲਈ ਜਾ ਰਹੀ ਹੈ । ਜੇ ਸਮੁੱਚਾ ਸਦੰਨ ਇਸ ਦੀ ਪ੍ਰਵਾਨਗੀ ਦੇਵੇ ਤਾਂ ਅਸੀਂ ਇਸ ਪ੍ਰਕ੍ਰਿਆ ਨੂੰ ਸ਼ੁਰੂ ਕਰ ਦੇਈਏ ।

**ਰਾਣਾ ਗੁਰਮੀਤ ਸਿੰਘ ਸੋਢੀ** : ਸਪੀਕਰ ਸਾਹਿਬ,..................

**ਮਾਨਯੋਗ ਸਪੀਕਰ** : ਜਵਾਬ ਕਲੀਅਰ ਆ ਚੁੱਕਾ ਹੈ ।

**ਰਾਣਾ ਗੁਰਮੀਤ ਸਿੰਘ ਸੋਢੀ** : ਇਨ੍ਹਾਂ ਨੇ ਇਸ ਹਾਊਸ ਦੀ ਕੋਆਰਡੀਨੇਸ਼ਨ ਮੰਗੀ ਹੈ । ਸਾਨੂੰ ਇਸ ਸਬੰਧੀ ਕੋਈ ਇਤਰਾਜ਼ ਨਹੀਂ । ਇਹ ਇਸ ਸਬੰਧੀ ਪ੍ਰਕ੍ਰਿਆ ਸ਼ੁਰੂ ਕਰ ਦੇਣ ।

**ਮਾਨਯੋਗ ਸਪੀਕਰ** : ਠੀਕ ਹੈ । ਨੈਕਸਟ ਕੁਐਸਚਨ ।

-----------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 111**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

-----------

Original with;
Punjab Vidhan Sabha
Digitized by;
Panjab Digital Library

## ਰਾਜ ਵਿੱਚ ਕਣਕ ਦੀ ਖਰੀਦ

***107 ਸਰਦਾਰ ਲਾਲ ਸਿੰਘ** : ਕੀ ਖੁਰਾਕ ਅਤੇ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਚਾਲੂ ਕਣਕ ਦੇ ਸੀਜ਼ਨ ਦੌਰਾਨ ਅਤੇ ਸਾਲ 2006 ਵਿੱਚ ਵੱਖ-ਵੱਖ ਸਰਕਾਰੀ ਏਜੰਸੀਆਂ ਅਤੇ ਪ੍ਰਾਈਵੇਟ ਏਜੰਸੀਆਂ ਦੁਆਰਾ ਖਰੀਦੀ ਗਈ ਕਣਕ ਦੀ ਜ਼ਿਲ੍ਹਾਵਾਰ ਮਾਤਰਾ ਕਿੰਨੀ-ਕਿੰਨੀ ਹੈ ?

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** : ਸ਼੍ਰੀਮਾਨ ਜੀ, ਲੋੜੀਂਦੀ ਸੂਚਨਾ ਸਦਨ ਦੇ ਟੇਬਲ ਤੇ ਰੱਖੀ ਜਾਂਦੀ ਹੈ :-

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈ ਮੰਤਰੀ]

## ਸੂਚਨਾ

ਸਰਕਾਰ ਦੀਆਂ ਖਰੀਦ ਏਜੰਸੀਆਂ (ਸਮੇਤ ਐਫ.ਸੀ.ਆਈ.) ਅਤੇ ਪ੍ਰਾਈਵੇਟ ਏਜੰਸੀਆਂ ਵੱਲੋਂ ਰਬੀ ਸੀਜ਼ਨ 2006-07 ਅਤੇ ਰਬੀ ਸੀਜ਼ਨ 2007-08 ਦੌਰਾਨ ਜ਼ਿਲ੍ਹਾਵਾਰ ਵੱਖੋ-ਵੱਖ ਖਰੀਦੀ ਗਈ ਕਣਕ ਦੇ ਵੇਰਵੇ :-

(ਅੰਕੜੇ ਟਨਾਂ ਵਿੱਚ)

| ਡਵੀਜ਼ਨ | ਜ਼ਿਲ੍ਹੇ ਦਾ ਨਾਂ | ਰਬੀ ਸੀਜ਼ਨ 2006-07 | | | ਰਬੀ ਸੀਜ਼ਨ 2007-08 (ਮਿਤੀ 15-6-07 ਤੱਕ) | | | | |
|---|---|---|---|---|---|---|---|---|---|
| | | ਸਰਕਾਰ ਦੀਆਂ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤੀ ਮਿਕਦਾਰ | ਪ੍ਰਾਈਵੇਟ ਏਜੰਸੀਆਂ ਵੱਲੋਂ ਖਰੀਦ ਕੀਤੀ ਮਿਕਦਾਰ | ਕੁੱਲ ਜੋੜ | ਸਰਕਾਰ ਦੀਆਂ ਖਰੀਦ ਏਜੰਸੀਆਂ ਵੱਲੋਂ ਖਰੀਦੀ ਮਿਕਦਾਰ | | | ਪ੍ਰਾਈਵੇਟ ਏਜੰਸੀਆਂ ਵੱਲੋਂ ਖਰੀਦ ਕੀਤੀ ਮਿਕਦਾਰ | ਕੁੱਲ ਜੋੜ |
| | | | | | ਕੇਂਦਰੀ ਪੂਲ | ਸਟੇਟ ਪੂਲ | ਜੋੜ | | |
| ਜਲੰਧਰ | ਅੰਮ੍ਰਿਤਸਰ .. | 825616 | 134897 | 960513 | 373359 | 31099 | 404458 | 43219 | 447677 |
| | ਤਰਨ ਤਾਰਨ .. | 0 | | 0 | 428091 | 15603 | 443694 | 12513 | 456207 |
| | ਗੁਰਦਾਸਪੁਰ .. | 314239 | 151643 | 465882 | 211157 | 44789 | 255946 | 136424 | 392370 |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| | ਕਪੂਰਥਲਾ .. | 238217 | 69687 | 307904 | 251229 | 12441 | 263670 | 4542 | 268212 |
| | ਜਲੰਧਰ .. | 373522 | 24740 | 398262 | 308341 | 31629 | 339970 | 16332 | 356302 |
| | ਹੁਸ਼ਿਆਰਪੁਰ .. | 138305 | 19325 | 157630 | 99670 | 26328 | 125998 | 22136 | 148134 |
| | ਨਵਾਂ ਸ਼ਹਿਰ .. | 145845 | 12808 | 158653 | 123237 | 13193 | 136430 | 407 | 136837 |
| ਪਟਿਆਲਾ | ਪਟਿਆਲਾ .. | 625150 | 44045 | 669195 | 545919 | 28057 | 573976 | 34044 | 608020 |
| | ਸੰਗਰੂਰ .. | 898331 | 116138 | 1014469 | 577747 | 26039 | 603786 | 127355 | 731141 |
| | ਬਰਨਾਲਾ .. | 0 | | 0 | 245899 | 9640 | 255539 | 4855 | 260394 |
| | ਲੁਧਿਆਣਾ .. | 470061 | 183963 | 654024 | 408161 | 41956 | 450117 | 103573 | 553690 |
| | ਫ਼ਤਹਿਗੜ੍ਹ ਸਾਹਿਬ .. | 190663 | 14810 | 205473 | 129576 | 8862 | 138438 | 13503 | 151941 |
| | ਐਸ.ਏ.ਐਸ. ਨਗਰ .. | 0 | | 0 | 13587 | 7558 | 21145 | 14590 | 35735 |
| | ਰੋਪੜ .. | 75480 | 13688 | 89168 | 43499 | 14117 | 57616 | 1088 | 58704 |
| ਫਿਰੋਜ਼ਪੁਰ | ਫਿਰੋਜ਼ਪੁਰ .. | 792414 | 133462 | 925876 | 946445 | 34372 | 980817 | 51187 | 1032004 |
| | ਮੋਗਾ .. | 418549 | 50472 | 469021 | 407200 | 10042 | 417242 | 29780 | 447022 |
| | ਫਰੀਦਕੋਟ .. | 248399 | 58270 | 306669 | 265054 | 15120 | 280174 | 25874 | 306048 |
| | ਮੁਕਤਸਰ .. | 457216 | 64366 | 521582 | 494068 | 20599 | 514667 | 1781 | 516448 |
| | ਬਠਿੰਡਾ .. | 404372 | 52029 | 456401 | 493026 | 23452 | 516478 | 28801 | 545279 |
| | ਮਾਨਸਾ .. | 333996 | 24375 | 358371 | 391491 | 12723 | 404214 | 17987 | 422201 |
| | ਕੁੱਲ ਜੋੜ .. | 6950375 | 1168718 | 8119093 | 6756756 | 427619 | 7184375 | 689991 | 7874366 |

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਜਵਾਬ ਆ ਗਿਆ ਹੈ । ਜਿਹੜਾ ਚਾਰਟ ਇਥੇ ਰੱਖਿਆ ਗਿਆ ਹੈ, ਇਸ ਵਿੱਚ ਦਰਸਾਇਆ ਗਿਆ ਹੈ ਕਿ ਪਿਛਲੇ ਸਾਲ ਨਾਲੋਂ ਇਸ ਸਾਲ ਕਣਕ ਘੱਟ ਆਈ ਹੈ । ਇਸ ਦੇ ਕਾਰਨ ਕੀ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਦੱਸ ਦੇਣ ਕਦੋਂ ਘੱਟ ਆਈ ਹੈ । ਇਹ ਮੇਰੇ ਕੋਲ ਚਾਰਟ ਹੈ । ਇਨ੍ਹਾਂ ਕੋਲ ਸ਼ਾਇਦ ਹੋਰ ਚਾਰਟ ਚਲਾ ਗਿਆ ਹੈ । ਸਰਕਾਰੀ ਏਜੰਸੀ ਨੇ ਵੱਧ ਪ੍ਰੋਕਿਓਰਮੈਂਟ ਕੀਤੀ ਹੈ ।

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਪਿਛਲੇ ਸਾਲ ਵਿੱਚ ਜਿਹੜੇ ਅੰਕੜੇ ਦਿੱਤੇ ਹਨ ਉਸ ਮੁਤਾਬਿਕ ਕਣਕ ਦੀ ਖਰੀਦ 81,19,093 ਲੱਖ ਮੀਟ੍ਰਿਕ ਟਨ ਬਣਦੀ ਹੈ ਜਦਕਿ ਇਸ ਸਾਲ ਜਿਹੜੇ ਅੰਕੜੇ ਹਨ ਉਸ ਮੁਤਾਬਿਕ ਟੋਟਲ ਖਰੀਦ 78,74,366 ਮੀਟ੍ਰਿਕ ਟਨ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਐਕਸਪਲੇਨ ਕਰ ਦਿੰਦਾ ਹਾਂ। ਮੇਰਾ ਖਿਆਲ ਸੀ ਕਿ ਸਾਬਕਾ ਮੰਤਰੀ ਜੀ ਨੂੰ ਪਤਾ ਲੱਗ ਗਿਆ ਹੋਣਾ ਹੈ। ਜੇ ਆਪਾਂ ਜੋੜ ਲਾਈਏ ਤਾਂ ਸਰਕਾਰੀ ਏਜੰਸੀਆਂ ਦੀ ਖਰੀਦ 71,84,375 ਲੱਖ ਮੀਟ੍ਰਿਕ ਟਨ ਹੈ। ਇਹ ਤਾਂ ਇਸ ਸਾਲ ਦਾ ਰਿਕਾਰਡ ਹੈ। ਜੇ ਆਪਾਂ ਸਰਕਾਰ ਦੀ ਪ੍ਰੋਕਿਓਰਮੈਂਟ ਪਿਛਲੇ ਸਾਲ ਦੀ ਲਾਈਏ ਤਾਂ ਉਹ ਹੈ 69,50,375 ਲੱਖ ਮੀਟ੍ਰਿਕ ਟਨ। ਜੇ ਆਪਾਂ ਇਨ੍ਹਾਂ ਨੂੰ ਸਬਟ੍ਰੈਕਟ ਕਰੀਏ ਤਾਂ 2,34,00 ਲੱਖ ਮੀਟ੍ਰਿਕ ਟਨ ਬਣਦਾ ਹੈ। ਇਹ ਏਜੰਸੀ ਦੀ ਪ੍ਰੋਕਿਓਰਮੈਂਟ ਪਿਛਲੇ ਸਾਲ ਨਾਲੋਂ ਵੱਧ ਹੈ। ਪ੍ਰਾਈਵੇਟ ਵਾਲਿਆਂ ਦੀ ਲਾਈਏ ਤਾਂ ਪਿਛਲੀ ਵਾਰੀ ਦੀ ਸੇਲ ਨਾਲੋਂ ਘੱਟ ਹੈ। ਪਿਛਲੀ ਵਾਰੀ 21 ਤਰੀਕ ਨੂੰ ਸਰਕਾਰ ਨੇ ਬੋਨਸ ਡਿਕਲੇਅਰ ਕੀਤਾ ਸੀ। 20 ਦਿਨ ਪ੍ਰਾਈਵੇਟ ਸੇਲ ਲਈ ਮਿਲੇ। ਐਤਕੀਂ ਪਹਿਲੀ ਅਪ੍ਰੈਲ ਤੋਂ ਬੋਨਸ ਡਿਕਲੇਅਰ ਕਰ ਦਿੱਤਾ ਹੈ ਜਿਸ ਕਰਕੇ ਸਰਕਾਰੀ ਪਰਚੇਜ਼ ਇਸ ਵਾਰੀ ਵਧੀ ਹੈ। (ਥੰਪਿੰਗ)

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਇਹ ਜਿਹੜਾ ਚਾਰਟ ਮੇਰੇ ਕੋਲ ਆਇਆ ਹੈ, ਇਸ ਵਿੱਚ ਲਿਖਿਆ ਹੋਇਆ ਹੈ ਕਿ ਸਾਲ 2006-07 ਵਿੱਚ ਕਣਕ ਜੋ ਮੰਡੀਆਂ ਵਿੱਚ ਪਿਛਲੇ ਸਾਲ ਆਈ ਹੈ, ਉਹ ਤਕਰੀਬਨ 81 ਲੱਖ 19 ਹਜ਼ਾਰ ਮੀਟ੍ਰਿਕ ਟਨ ਸੀ। ਸਾਲ 2007-08 ਵਿੱਚ ਕੁੱਲ ਕਣਕ ਜਿਹੜੀ ਮੰਡੀਆਂ ਵਿੱਚ ਆਈ ਹੈ, ਉਹ 78 ਲੱਖ 74 ਹਜ਼ਾਰ 366 ਮੀਟ੍ਰਿਕ ਟਨ ਹੈ । ਇਹ ਇਨ੍ਹਾਂ ਦਾ ਹੀ ਜਵਾਬ ਹੈ । ਇਸ ਤਰ੍ਹਾਂ ਕੁਲ ਕਣਕ ਢਾਈ ਲੱਖ ਮੀਟ੍ਰਿਕ ਟਨ ਦੇ ਕਰੀਬ ਘੱਟ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਕੀ ਵਜ੍ਹਾ ਹੈ ? ਕੀ ਇਹ ਜ਼ਖੀਰਾਬਾਜ਼ਾਂ ਨੇ

Original with;
Punjab Vidhan Sabha
Digitized by;
Panjab Digital Library

ਇੱਕਠੀ ਕਰਕੇ ਤਾਂ ਨਹੀਂ ਰੱਖੀ ਹੋਈ ? ਜਾਂ ਫਿਰ ਕੀ ਪੈਦਾਵਾਰ ਘੱਟ ਹੋਈ ਹੈ ? ਮੈਂ ਤਾਂ ਇਹੀ ਪੁੱਛਿਆ ਹੈ । ਅਗਰ ਜ਼ਖੀਰਾਬਾਜ਼ਾਂ ਨੇ ਇੱਕਠੀ ਕਰਕੇ ਰੱਖੀ ਹੋਈ ਹੈ ਤਾਂ ਇਸ ਕੰਮ ਨੂੰ ਰੋਕਿਆ ਜਾਣਾ ਚਾਹੀਦਾ ਹੈ । ਇਸ ਦੇ ਰੋਕਣ ਲਈ ਯਤਨ ਹੋਣੇ ਚਾਹੀਦੇ ਹਨ ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹ ਜਿਹੜੀ ਗੱਲ ਹੈ, ਇਹ ਖੇਤੀਬਾੜੀ ਮਹਿਕਮੇ ਦਾ ਕੰਮ ਨਹੀਂ ਹੈ ਕਿ ਕਿੰਨੀ ਕਣਕ ਵੱਧ ਆਈ ਹੈ ਜਾਂ ਘੱਟ ਆਈ ਹੈ ਜਾਂ ਕੀ ਹੋਇਆ ਹੈ । ਇਹ ਵੀ ਜਾਣਦੇ ਹਨ, ਪਿਛਲੇ ਸਾਲ ਵਿੱਚ 8 ਕਰੋੜ ਰੁਪਏ ਦਾ ਬੋਨਸ ਦੇਣ ਦਾ ਪ੍ਰੋਮਿਸ ਕੀਤਾ ਗਿਆ ਸੀ ਕਿ ਦੇਵਾਂਗੇ ਪਰ ਉਹ ਪੂਰਾ ਨਹੀਂ ਕੀਤਾ ਗਿਆ।

**ਮਾਨਯੋਗ ਸਪੀਕਰ** : ਅਗਲਾ ਸਵਾਲ ।

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ਮੈਂ ਅਜੇ ਹੋਰ ਪੁੱਛਣਾ ਹੈ.........

**ਮਾਨਯੋਗ ਸਪੀਕਰ** : ਕੀ ਅਜੇ ਤਸੱਲੀ ਨਹੀਂ ਹੋਈ ?

**ਸਰਦਾਰ ਲਾਲ ਸਿੰਘ** : ਨਹੀਂ ਜੀ । (ਹਾਸਾ) ਸਪੀਕਰ ਸਾਹਿਬ, ਇਹ ਜਿਹੜੀ ਖਰੀਦ ਕਰਨ ਦਾ ਮਾਮਲਾ ਹੈ, ਇਹ ਕਿਸੇ ਹੋਰ ਮਹਿਕਮੇ ਨਾਲ ਤੁਅੱਲਕ ਨਹੀਂ ਰੱਖਦਾ । ਫੂਡ ਡਿਪਾਰਟਮੈਂਟ ਹੀ ਕੰਟਰੋਲ ਕਰਦਾ ਹੈ ਕਿ ਕਣਕ ਕਿਉਂ ਨਹੀਂ ਆਈ, ਕੀ ਕਿਸੇ ਨੇ ਰੋਕ ਕੇ ਰੱਖੀ ਹੈ ਜਾਂ ਫਿਰ ਕਿਸ ਨੇ ਕਣਕ ਦਾ ਜ਼ਖੀਰਾ ਕੀਤਾ ਹੈ, ਇਹ ਸਾਰੀ ਜ਼ਿੰਮੇਵਾਰੀ ਫੂਡ ਡਿਪਾਰਟਮੈਂਟ ਦੀ ਹੀ ਬਣਦੀ ਹੈ, ਹੋਰ ਕਿਸੇ ਮਹਿਕਮੇ ਦੀ ਨਹੀਂ।

**ਮੰਤਰੀ** : ਸਪੀਕਰ ਸਾਹਿਬ, ਜਿੰਨਾ ਵੀ ਮੰਡੀ ਵਿੱਚ ਮਾਲ ਆਉਂਦਾ ਹੈ, ਉਹ ਸਾਰਾ ਡਿਪਾਰਟਮੈਂਟ ਨੇ ਪ੍ਰੋਕਿਓਰ ਕਰਨਾ ਹੁੰਦਾ ਹੈ। ਜਿਹੜਾ ਮਾਲ ਮੰਡੀ ਵਿੱਚ ਹੀ ਨਹੀਂ ਆਇਆ, ਇਸ ਬਾਰੇ ਮਹਿਕਮੇ ਦੀ ਰਿਸਪਾਂਸੀਬਿਲਟੀ ਨਹੀਂ ਹੁੰਦੀ। ਇਹ ਮੈਂਬਰ ਸਾਹਿਬ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿੰਨਾ ਮਾਲ ਆਇਆ ਹੈ ਤੇ ਕਿੰਨਾ ਨਹੀਂ ਆਇਆ।

------------

Original with;
Punjab Vidhan Sabha
Digitized by;
Panjab Digital Library

## 12ਵੀਂ ਵਿਧਾਨ ਸਭਾ ਦੇ ਸਾਬਕਾ ਐਮ.ਐਲ.ਏਜ਼ ਨੂੰ ਅਦਾ ਕੀਤੇ ਜਾਣ ਵਾਲੇ ਪੈਂਡਿੰਗ ਪਏ ਬਿਲ

***68. ਸਰਦਾਰ ਮੱਖਣ ਸਿੰਘ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 12ਵੀਂ ਵਿਧਾਨ ਸਭਾ ਦੇ ਸਾਬਕਾ ਮੈਂਬਰਾਂ ਨੂੰ 30 ਅਪ੍ਰੈਲ, 2007 ਤੱਕ ਉਨ੍ਹਾਂ ਦੀਆਂ ਸੁਰੱਖਿਆ ਗੱਡੀਆਂ ਦੇ ਡੀਜ਼ਲ/ਪੈਟਰੋਲ ਅਤੇ ਮੁਰੰਮਤ ਖ਼ਰਚਿਆਂ ਦੇ ਪੈਂਡਿੰਗ ਪਏ ਬਿੱਲਾਂ ਦੀ ਕੁੱਲ ਕਿੰਨੀ ਰਕਮ ਬਕਾਇਆ ਹੈ ਅਤੇ ਉਨ੍ਹਾਂ ਸਾਬਕਾ ਵਿਧਾਨਕਾਰਾਂ ਦੇ ਨਾਮ ਕੀ-ਕੀ ਹਨ, ਜਿਨ੍ਹਾਂ ਦੀ ਅਦਾਇਗੀ ਵੀ ਬਕਾਇਆ ਹੈ ਅਤੇ ਇਨ੍ਹਾਂ ਦੀਆਂ ਗੱਡੀਆਂ ਦੇ ਡੀਜ਼ਲ/ਪੈਟਰੋਲ ਅਤੇ ਮੁਰੰਮਤਾਂ ਦੀ ਅਦਾ ਕੀਤੀ ਜਾਣ ਵਾਲੀ, ਵੱਖ-ਵੱਖ ਕਿੰਨੀ ਰਕਮ ਪੈਂਡਿੰਗ ਪਈ ਹੈ ?

**ਮਾਸਟਰ ਮੋਹਨ ਲਾਲ** : ਹਾਂ ਜੀ, 12ਵੀਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰਾਂ ਨੂੰ ਉਨ੍ਹਾਂ ਦੇ ਪੈਟਰੋਲ/ਡੀਜ਼ਲ ਅਤੇ ਰਿਪੇਅਰ ਦੇ ਬਿਲ ਮਿਤੀ 30-04-2007 ਤੱਕ ਕ੍ਰਮਵਾਰ 11,40,876/-ਰੁਪਏ ਅਤੇ 4,17,247/-ਰੁਪਏ ਦੇਣ ਲਈ ਪੈਂਡਿੰਗ ਹਨ। ਜਿਨ੍ਹਾਂ ਪੁਰਾਣੇ ਮੈਂਬਰਾਂ ਨੂੰ ਪੈਟਰੋਲ/ਡੀਜ਼ਲ ਅਤੇ ਰਿਪੇਅਰ ਦੇ ਬਿੱਲਾਂ ਦੀ ਅਦਾਇਗੀ ਕਰਨੀ ਹੈ, ਉਨ੍ਹਾਂ ਦੇ ਨਾਵਾਂ ਦੀਆਂ ਸੂਚੀਆਂ ਕ੍ਰਮਵਾਰ ਅਨੁਲੱਗ 'ਏ' ਅਤੇ 'ਬੀ' ਤੇ ਰੱਖੀਆਂ ਗਈਆਂ ਹਨ।

### ANNEXURE 'A'

List of Pending Bills of POL of Former Members of 12th VIDHAN SABHA as on 30-04-07

| Sr. No. | Name of MLA | | Vehicle No. | Amount (Rs.) |
|---|---|---|---|---|
| 1. | Sh. Ashok Sharma | .. | 2148 | 16017 |
| 2. | Sh. Rajinder Singh Kadian | .. | 2106 | 15770 |
| 3. | Sh. Kanwaljit Singh Adampur | .. | 2134 | 31248 |
| 4. | Sh. Nirmal Singh | .. | 2105 | 11778 |
| 5. | Sh. Rumal Chand | .. | 2143 | 45081 |
| 6. | Sh. Sadhu Singh Amloh | .. | 8085 | 47340 |
| 7. | Sh. Gobind Singh Longowal | .. | 2172 | 30799 |
| 8. | Sh. Balwinder Singh Bhunder | .. | 2174 | 30781 |
| 9. | Sh. Jugal Kishore | .. | 2117 | 44265 |
| 10. | Sh. Gurbinder Singh Atwal | .. | 2102 | 46331 |
| 11. | Sh. Gura Singh Tungwali | .. | 2171 | 31097 |
| 12. | Ch. Santokh Singh | .. | 2052 | 29770 |
| 13. | Sh. Khushal Behal | .. | 2140 | 47807 |

Original with;
Punjab Vidhan Sabha
Digitized by;
Panjab Digital Library

| Sr. No. | Name of MLA | | Vehicle No. | Amount (Rs.) |
|---|---|---|---|---|
| 14. | Sh. Nathu Ram | .. | 2124 | 47832 |
| 15. | Sh. Raj Kumar Gupta | .. | 2130 | 30602 |
| 16. | Sh. Gurjant Singh Kutiwal | .. | 2118 | 15727 |
| 17. | Sh. Love Kumar Goldy | .. | 2137 | 15139 |
| 18. | Smt. Satwant Kaur Sandhu | .. | 2114 | 15420 |
| 19. | Bibi Jagir Kaur | .. | 2126 | 61599 |
| 20. | Sh. Harbant Singh | .. | 2193 | 33751 |
| 21. | Sh. Malkiat Singh Birmi | .. | 8287 | 43393 |
| 22. | Sh. Balbir Singh Miani | .. | 2089 | 44386 |
| 23. | Sh. Gura Singh Tungwali | .. | 2171 | 15035 |
| 24. | Sh. Mantar Singh Brar | .. | 2149 | 43179 |
| 25. | Sh. Surinder Kumar Dawar | .. | 8095 | 14645 |
| 26. | Sh. Jagdeep Singh Nakai | .. | 2188 | 15140 |
| 27. | Sh. Sarwan Singh Phillaur | .. | 2112 | 13139 |
| 28. | Rana K. P. Singh | .. | 2157 | 29640 |
| 29. | Sh. Ranjit Singh Talwandi | .. | 2139 | 29559 |
| 30. | Sant Balbir Singh Ghunas | .. | 2179 | 45777 |
| 31. | Sh. Sher Singh Gagowal | .. | 2132 | 29569 |
| 32. | Sh. Tej Parkash Singh | .. | 2189 | 31416 |
| 33. | Sh. Malkiat Singh Babehali | .. | 2165 | 31371 |
| 34. | Sh. Mohinder Singh | .. | 2141 | 31200 |
| 35. | Sh. Sukhdarshan Singh Mrar | .. | 2161 | 15621 |
| 36. | Sh. Gurchet Singh | .. | 2060 | 28852 |
| 37. | Sh. Surjit Singh | .. | 2195 | 15145 |
| 38. | Sh. Harjinder Singh | .. | 2101 | 15655 |
| | Total | .. | | 1140876 |

## ANNEXURE 'B'

List of Pending Bills of outside repair of Former Members of 12th VIDHAN SABHA as on 30-04-07

| Sr. No. | Name of MLA | | Vehicle No. | Amount (Rs.) |
|---|---|---|---|---|
| 1. | Sh. Ashok Sharma | .. | 2148 | 10178 |
| 2. | Capt. Kanwaljit Singh | .. | 2182 | 460 |
| 3. | Sh. Jagdeep Singh Nakai | .. | 2188 | 28043 |
| 4. | Sh. Sucha Singh Chhotepur | .. | 2146 | 13840 |
| 5. | Sh. Rumal Chand | .. | 2143 | 5012 |
| 6. | Sh. Nirmal Singh | .. | 2196 | 4300 |

Original with;
Punjab Vidhan Sabha
Digitized by;
Panjab Digital Library

[ਟਰਾਂਸਪੋਰਟ ਮੰਤਰੀ]

| Sr. No. | Name of MLA | | Vehicle No. | Amount (Rs.) |
|---|---|---|---|---|
| 7. | Sh. Tripat Rajinder Singh | .. | 2106 | 9721 |
| 8. | Sh. Gobind Singh Longowal | .. | 2172 | 36469 |
| 9. | Sh. Balwinder Singh Bhunder | .. | 2174 | 559 |
| 10. | Smt. Satwant Kaur Sandhu | .. | 2114 | 4180 |
| 11. | Sh. Balbir Singh | .. | 2089 | 5135 |
| 12. | Capt. Balbir Singh Bath | .. | 2162 | 24492 |
| 13. | Sh. Sohan Singh Thandal | .. | 2197 | 12894 |
| 14. | Sh. Ranjit Singh Brahampura | .. | 2196 | 10949 |
| 15. | Sh. Gobind Singh Kanjla | .. | 2113 | 34381 |
| 16. | Sh. Tikshan Sud | .. | 2145 | 6431 |
| 17. | Sh. Sukhdarshan Singh Mrar | .. | 2161 | 5138 |
| 18. | S. Kushal deep Singh Dhillon | .. | 2181 | 2566 |
| 19. | Sh. Manjit Singh | .. | 2177 | 2626 |
| 20. | Bibi Jagir Kaur | .. | 2126 | 2143 |
| 21. | Sh. Parminder Singh Dhindsa | .. | 2180 | 16694 |
| 22. | Sh. Jeet Mohinder Singh | .. | 2147 | 11855 |
| 23. | Sh. Sadhu Singh | .. | 2134 | 713 |
| 24. | Sh. Harbant Singh | .. | 2193 | 375 |
| 25. | Sh. Des Raj Dhugga | .. | 2120 | 4690 |
| 26. | Sh. Sher Singh Gagowal | .. | 2132 | 1331 |
| 27. | Sh. Swinder Singh Kathu Nagal | .. | 2108 | 461 |
| 28. | Sh. Ranjit Singh | .. | 2139 | 937 |
| 29. | Sh. Gurdev Singh Badal | .. | 2185 | 1190 |
| 30. | Sh. Malkiat Singh Kittu | .. | 2165 | 17112 |
| 31. | Sh. Mantar Singh Brar | .. | 2149 | 13859 |
| 32. | Sh. Gurjant Singh | .. | 2118 | 23220 |
| 33. | Sh. Gulzar Singh Ranike | .. | 2178 | 26247 |
| 34. | Ch. Balbir Singh Miani | .. | 2080 | 18510 |
| 35. | Sh. Gurpreet Singh Kangar | .. | 2142 | 31221 |
| 36. | Sh. Ajit Singh Kohar | .. | 2159 | 29315 |
| | Total | .. | | 417247 |

**ਮਾਨਯੋਗ ਸਪੀਕਰ :** ਇਸ ਤੇ ਬਹੁਤੇ ਸਵਾਲ ਕਰਨ ਦੀ ਲੋੜ ਨਹੀਂ ਹੈ। ਜਿਹੜੀ ਪੇਮੈਂਟ ਐਮ.ਐਲ.ਏ. ਸਾਹਿਬਾਨ ਦੀ ਡਿਊ ਪਈ ਹੈ, ਉਹ ਉਨ੍ਹਾਂ ਨੂੰ ਜਲਦੀ ਦੇ ਦਿੱਤੀ ਜਾਵੇ। ਇਹ ਆਪਾਂ ਨੂੰ ਕਰਨਾ ਚਾਹੀਦਾ ਹੈ।

----------

Original with;
Punjab Vidhan Sabha
Digitized by;
Panjab Digital Library

## ਤਲਵਾੜੇ ਤੋਂ ਹੋਰਨਾਂ ਸ਼ਹਿਰਾਂ ਨੂੰ ਬੱਸ ਸੇਵਾ ਚਲਾਉਣਾ

***119. ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਨਿਮਨ ਲਿਖਤ ਰੂਟਾਂ ਤੇ ਸਿੱਧੀ ਬੱਸ ਸੇਵਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ :–

(1) ਤਲਵਾੜਾ–ਦਿੱਲੀ ;
(2) ਤਲਵਾੜਾ–ਚੰਡੀਗੜ੍ਹ ;
(3) ਦਸੂਹਾ–ਚੰਡੀਗੜ੍ਹ ;
(4) ਹੁਸ਼ਿਆਰਪੁਰ–ਕਮਾਹੀ ਦੇਵੀ ;
(5) ਕਮਾਹੀ ਦੇਵੀ–ਅੰਮ੍ਰਿਤਸਰ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਉਕਤ ਰੂਟਾਂ ਤੇ ਬੱਸ ਸੇਵਾ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਮਾਸਟਰ ਮੋਹਨ ਲਾਲ** : ਹਾਂ ਜੀ। ਪੰਜਾਬ ਰੋਡਵੇਜ਼, ਹੁਸ਼ਿਆਰਪੁਰ ਡਿਪੂ ਵੱਲੋਂ ਪ੍ਰਸ਼ਨ ਵਿੱਚ ਦਰਸਾਏ ਰੂਟਾਂ ਤੇ ਹੇਠ ਲਿਖੇ ਅਨੁਸਾਰ ਬੱਸ ਸੇਵਾ ਚਲਾਈ ਜਾ ਰਹੀ ਹੈ:–

1) ਰੂਟ ਤਲਵਾੜਾ – ਦਿੱਲੀ
ਸਮਾਂ 5:10 12:00 ਵਜੇ ਰਾਤ ਨੂੰ
2) ਰੂਟ ਤਲਵਾੜਾ – ਚੰਡੀਗੜ੍ਹ
ਸਮਾਂ 6:10 13:20
3) ਰੂਟ ਦਸੂਹਾ –ਚੰਡੀਗੜ੍ਹ
ਸਮਾਂ 5:00 10:35
4) ਰੂਟ ਹੁਸ਼ਿਆਰਪੁਰ – ਕਮਾਹੀ ਦੇਵੀ
ਸਮਾਂ 08:25 12:00
5) ਰੂਟ ਕਮਾਹੀ ਦੇਵੀ – ਅੰਮ੍ਰਿਤਸਰ

ਪੰਜਾਬ ਰੋਡਵੇਜ਼, ਹੁਸ਼ਿਆਰਪੁਰ ਡਿਪੂ ਪਾਸ ਇਸ ਰੂਟ ਦਾ ਕੋਈ ਪਰਮਿੱਟ ਨਹੀਂ ਹੈ । ਇਸ ਲਈ ਇਸ ਰੂਟ ਤੇ ਬੱਸ ਸੇਵਾ ਨਹੀਂ ਚਲਾਈ ਜਾ ਰਹੀ ਹੈ । ਵਿਭਾਗ ਵੱਲੋਂ ਹਾਲ ਦੀ ਘੜੀ ਇਸ ਰੂਟ ਤੇ ਬੱਸ ਸਰਵਿਸ ਚਲਾਉਣ ਦੀ ਕੋਈ ਤਜਵੀਜ਼ ਨਹੀਂ ਹੈ ਕਿਉਂਕਿ ਹੁਸ਼ਿਆਰਪੁਰ–ਅੰਮ੍ਰਿਤਸਰ ਰੂਟ ਤੇ ਬੱਸ ਸਰਵਿਸ ਪਹਿਲਾਂ ਹੀ ਕਾਫੀ ਮੌਜੂਦ ਹੈ ।

Original with;
Punjab Vidhan Sabha
Digitized by;
Panjab Digital Library

[ਟਰਾਂਸਪੋਰਟ ਮੰਤਰੀ]

ਸਪੀਕਰ ਸਾਹਿਬ, ਇਹ ਜਿਹੜਾ ਰੂਟ ਕਮਾਹੀ ਦੇਵੀ ਤੋਂ ਅੰਮ੍ਰਿਤਸਰ ਹੈ, ਇਸ ਰੂਟ ਦਾ ਕੋਈ ਪਰਮਿੱਟ ਨਹੀਂ ਹੈ। ਕਮਾਹੀ ਦੇਵੀ ਤੋਂ ਹੁਸ਼ਿਆਰਪੁਰ ਦਾ ਜਿਹੜਾ ਰੂਟ ਹੈ, ਉਹ ਜਿਹੜੀਆਂ ਬੱਸਾਂ ਹੁਸ਼ਿਆਰਪੁਰ ਵਿੱਚ ਆ ਜਾਂਦੀਆਂ ਹਨ, ਉਸ ਤੋਂ ਬਾਅਦ ਹੁਸ਼ਿਆਰਪੁਰ ਤੋਂ ਅੰਮ੍ਰਿਤਸਰ ਤੱਕ ਅੱਗੇ 35 ਰੂਟ ਚਲਦੇ ਹਨ । ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਰੂਟਾਂ ਤੇ ਪਿਛਲੇ ਪੰਜ ਸਾਲ ਵਿੱਚ ਕੋਈ ਬੱਸ ਨਹੀਂ ਚਲਾਈ ਗਈ । ਹੁਣ ਮਾਨਯੋਗ ਬਾਦਲ ਸਾਹਿਬ ਦੀ ਸਰਕਾਰ ਆਈ ਹੈ । ਹੁਣ ਇਨ੍ਹਾਂ ਰੂਟਾਂ ਤੇ ਪਿਛਲੇ ਦਸ ਦਿਨਾਂ ਤੋਂ ਲਗਾਤਾਰ ਬੱਸਾਂ ਚਲਾਈਆਂ ਜਾ ਰਹੀਆਂ ਹਨ।

**ਸਰਦਾਰ ਅਮਰਜੀਤ ਸਿੰਘ ਸਾਹੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ 2-3 ਗੱਲਾਂ ਜ਼ਰੂਰ ਲਿਆਉਣਾ ਚਾਹੁੰਦਾ ਹਾਂ । ਧੰਨਵਾਦ ਜ਼ਰੂਰ ਹੈ ਕਿ ਬੱਸਾਂ ਚਲਾਈਆਂ ਜਾ ਰਹੀਆਂ ਹਨ । ਸਪੀਕਰ ਸਾਹਿਬ, ਜਿਹੜੀ ਬੱਸ ਤਲਵਾੜੇ ਤੋਂ ਦਿੱਲੀ ਨੂੰ ਚਲਦੀ ਹੈ, ਉਹ ਜਾਂ ਤਾਂ ਰੋਪੜ ਨਹੀਂ ਲੰਘਦੀ ਤੇ ਜੇ ਲੰਘਦੀ ਹੈ ਤਾਂ ਅੰਬਾਲੇ ਜਾ ਕੇ ਖੜ੍ਹੀ ਹੋ ਜਾਂਦੀ ਹੈ। ਹੁਣ ਇਹ ਨਹੀਂ ਪਤਾ ਕਿ ਉਧਰੋਂ ਕਿਹੜੇ ਵੇਲੇ ਚਲਦੀ ਹੈ। ਬੱਸਾਂ ਦੀ ਹਾਲਤ ਇੰਨੀ ਖਸਤਾ ਹੈ ਕਿ ਕੀ ਦੱਸੀਏ। ਮੈਂ ਮਾਨਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਬੱਸ ਦਸੂਹੇ ਤੋਂ ਚੰਡੀਗੜ੍ਹ ਨੂੰ ਚਲਦੀ ਹੈ ਉਸ ਦੀ ਹਾਲਤ ਖਸਤਾ ਹੈ ਉਹ ਗੜ੍ਹਸ਼ੰਕਰ ਸ਼ਾਇਦ ਹੀ ਲੰਘਦੀ ਹੋਵੇ। ਮੈਂ ਮਾਨਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ ਬੱਸਾਂ ਦੇ ਰੂਟ ਦੀ ਗੱਲ ਕੀਤੀ ਹੈ, ਇਨ੍ਹਾਂ ਵਿੱਚੋਂ ਜਿਹੜੀਆਂ ਪਹਿਲਾਂ ਨਹੀਂ ਚਲਦੀਆਂ ਸਨ ਅਤੇ ਹੁਣ ਚਲਦੀਆਂ ਹਨ, ਉਨ੍ਹਾਂ ਦੀ ਹਾਲਤ ਬੜੀ ਖਰਾਬ ਹੈ। ਕੀ ਇਹ ਬੱਸਾਂ ਨਵੀਆਂ ਲਗਾ ਦਿੱਤੀਆਂ ਜਾਣਗੀਆਂ ? ਕੁਝ ਜਿਹੜੇ ਰੂਟ ਆਲਰੇਡੀ ਚਲਦੇ ਸੀ ਤੇ ਹੁਣ ਬੰਦ ਪਏ ਹਨ, ਜਿਸ ਤਰ੍ਹਾਂ ਅੰਮ੍ਰਿਤਸਰ ਤੋਂ ਤਲਵਾੜਾ 5 ਰੂਟ ਚਲਦੇ ਸੀ.................. ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ। ਤੁਸੀਂ ਸਵਾਲ ਪੁੱਛੋ ਕਿ ਕੀ ਕਰਨਾ ਚਾਹੀਦਾ ਹੈ।

**ਸਰਦਾਰ ਅਮਰਜੀਤ ਸਿੰਘ ਸਾਹੀ :** ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਰੂਟ ਬੰਦ ਪਏ ਹਨ, ਉਨ੍ਹਾਂ ਨੂੰ ਦੁਬਾਰਾ ਚਲਾਇਆ ਜਾਣਾ ਚਾਹੀਦਾ ਹੈ। ਜਿਹੜਾ ਕਮਾਹੀ ਦੇਵੀ ਤੋਂ ਚੰਡੀਗੜ੍ਹ ਦਾ ਰੂਟ ਬੰਦ ਪਿਆ ਹੈ, ਉਸ ਰੂਟ ਤੇ ਪੰਜਾਬ ਰੋਡਵੇਜ਼, ਰੋਪੜ ਡਿਪੂ ਦੀ ਬੱਸ ਚੱਲਦੀ ਸੀ, ਉਹ ਪਿਛਲੇ 5-6 ਸਾਲ ਤੋਂ ਬੰਦ ਪਿਆ

Original with;
Punjab Vidhan Sabha
Digitized by;
Panjab Digital Library

ਹੈ । ਇਸੇ ਤਰ੍ਹਾਂ ਜਿਹੜਾ ਜਲੰਧਰ-ਕਮਾਹੀ ਦੇਵੀ ਰੂਟ ਤੇ ਪੰਜਾਬ ਰੋਡਵੇਜ਼, ਜਲੰਧਰ ਡਿਪੂ ਦੀ ਬੱਸ ਚਲਦੀ ਸੀ, ਉਹ ਵੀ ਬੰਦ ਪਿਆ ਹੈ। ਮੰਤਰੀ ਜੀ ਘੱਟੋ-ਘੱਟ ਜ਼ਰੂਰ ਦੱਸਣ ਕਿ ਇਹ ਰੂਟ ਕਦੋਂ ਚਲਣਗੇ ?

**ਮਾਨਯੋਗ ਸਪੀਕਰ :** ਮੋਹਨ ਲਾਲ ਜੀ, ਦੱਸੋ ਕਦੋਂ ਤੱਕ ਚਲਾਓਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਮੋਹਤਰਮ ਐਮ.ਐਲ.ਏ. ਸਾਹਿਬ ਲਿਖ ਕੇ ਦੇ ਦੇਣ ਕਿ ਜਿੱਥੇ-ਜਿੱਥੇ ਬੱਸ ਚਲਾਉਣੀ ਹੈ, ਉੱਥੇ ਅਸੀਂ ਬੱਸ ਚਲਾ ਦਿੰਦੇ ਹਾਂ । ਇੱਕ ਸਵਾਲ ਇਨ੍ਹਾਂ ਨੇ ਇਹ ਕੀਤਾ ਹੈ ਕਿ ਦੋ ਰੂਟਾਂ ਤੇ ਬੱਸਾਂ ਜਿਹੜੀਆਂ ਖਰਾਬ ਚਲਦੀਆਂ ਹਨ, ਉਹ ਵੀ ਮੇਰੇ ਨਾਲ ਚਲ ਕੇ ਦੇਖ ਲੈਣ ਜੇ ਖਰਾਬ ਬੱਸਾਂ ਚਲਦੀਆਂ ਹਨ ਤਾਂ ਉਹ ਵੀ ਉਸੇ ਵੇਲੇ ਅਸੀਂ ਨਵੀਆਂ ਲਗਾ ਦਿਆਂਗੇ, ਕੋਈ ਗੱਲ ਨਹੀਂ । ਅਸੀਂ ਨਵੀਆਂ ਬੱਸਾਂ ਚਲਾ ਰਹੇ ਹਾਂ । ਕੋਈ ਪੁਰਾਣੀ ਬੱਸ ਨਹੀਂ ਚਲਾ ਰਹੇ ।

----------

## ਰਾਏ ਕੋਟ ਵਿਖੇ ਸਬ-ਡਿਵੀਜ਼ਨ ਕੰਪਲੈਕਸ ਦੀ ਉਸਾਰੀ

***66. (1) ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ**
**(2) ਸਰਦਾਰ ਗੁਰਦੀਪ ਸਿੰਘ ਭੈਣੀ** } : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਰਾਏਕੋਟ ਵਿਖੇ ਸਬ-ਡਵੀਜ਼ਨ ਕੰਪਲੈਕਸ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ, ਇਸਦੀ ਉਸਾਰੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਹਾਲ ਦੀ ਘੜੀ ਰਾਏਕੋਟ ਵਿਖੇ ਉੱਪ ਮੰਡਲ ਕੰਪਲੈਕਸ ਦੀ ਉਸਾਰੀ ਲਈ ਕੋਈ ਤਜਵੀਜ਼ ਨਹੀਂ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ :** ਸਪੀਕਰ ਸਾਹਿਬ, ਬਹੁਤ ਦੇਰ ਦੀ ਸਬ-ਡਵੀਜ਼ਨ ਬਣੀ ਹੈ ਰਾਏਕੋਟ ਜੋ ਜ਼ਿਲ੍ਹਾ ਲੁਧਿਆਣਾ ਵਿੱਚ.........

**ਮਾਨਯੋਗ ਸਪੀਕਰ :** ਥੋੜ੍ਹਾ ਜਿਹਾ ਮਾਈਕ ਨੇੜੇ ਕਰ ਲਓ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੀਪ ਸਿੰਘ ਭੈਣੀ** : ਜਿੱਥੇ ਮਹਿਕਮੇ ਦੇ ਅਫ਼ਸਰ ਸਾਹਿਬਾਨ ਨੂੰ ਅਤੇ ਪਬਲਿਕ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉੱਥੇ ਇਸ ਸਬ ਡਵੀਜ਼ਨ ਦੀ ਬੜੀ ਭੈੜੀ ਹਾਲਤ ਹੈ । ਕੋਈ ਮੁਲਾਜ਼ਮ ਕਿਤੇ ਬੈਠਾ ਹੈ ਕੋਈ ਕਿਤੇ । ਇਹ ਦਿੱਕਤ ਦੂਰ ਕਰਨ ਵਾਸਤੇ ਖਜ਼ਾਨਾ ਮੰਤਰੀ ਜੀ ਨੂੰ ਚਾਹੀਦਾ ਸੀ ਕਿ ਹੋਰ ਕੰਪਲੈਕਸ ਬਣਾ ਦਿੱਤੇ ਜਾਣ । ਇਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ ਪਬਲਿਕ ਤੇ ਤਰਸ ਕਰੋ, ਮੁਲਾਜ਼ਮਾਂ ਤੇ ਤਰਸ ਕਰੋ, ਇਸ ਬਾਰੇ ਯਤਨ ਕਰੋ ਅਤੇ ਸਮਾਂ-ਬੱਧ ਕਰੋ ......

**ਮਾਨਯੋਗ ਸਪੀਕਰ** : ਸਵਾਲ ਪੁੱਛੋ ਜੀ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਮੈਂ ਪੁੱਛਦਾ ਹਾਂ ਕਿ ਇਹ ਕੰਮ ਕਿੰਨੇ ਸਮੇਂ ਵਿੱਚ ਹੋ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਐਡਮਨਿਸਟਰੇਟਿਵ ਕੰਪਲੈਕਸ ਬਣਾਉਣ ਵਿੱਚ ਸਿਰਫ਼ ਐਗਜ਼ੀਕਿਊਸ਼ਨ ਦਾ ਕੰਮ ਪੀ.ਡਬਲਯੂ.ਡੀ.(ਬੀ.ਐਂਡ ਆਰ.) ਕਰਦੀ ਹੈ । ਬਾਕੀ ਜਿਥੋਂ ਤੱਕ ਐਡਮਨਿਸਟਰੇਟਿਵ ਅਪਰੂਵਲ ਜਾਂ ਪ੍ਰਾਓਰਿਟਾਈਜ਼ੇਸ਼ਨ ਦਾ ਸਵਾਲ ਹੈ ਉਹ ਕੰਮ ਰੈਵੇਨਿਊ ਡਿਪਾਰਟਮੈਂਟ ਕਰਦਾ ਹੈ। ਇਨ੍ਹਾਂ ਦੀ ਲੋੜ ਮੁਤਾਬਿਕ ਜੋ ਰੈਵੇਨਿਊ ਡਿਪਾਰਟਮੈਂਟ ਸਾਨੂੰ ਕਹੇਗਾ, ਉਸ ਮੁਤਾਬਿਕ ਅਸੀਂ ਐਡਮਨਿਸਟਰੇਟਿਵ ਕੰਪਲੈਕਸ ਬਣਾਵਾਂਗੇ । ਰੈਵੇਨਿਊ ਡਿਪਾਰਟਮੈਂਟ ਨੇ ਐਡਮਨਿਸਟਰੇਟਿਵ ਅਪਰੂਵਲ ਦੇਣੀ ਹੈ ।

**ਮਾਨਯੋਗ ਸਪੀਕਰ** : ਭੈਣੀ ਜੀ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਤੋਂ ਵੀ ਪੁੱਛਦਾ ਹਾਂ ਕਿ ਕਦੋਂ ਤੱਕ ਇਹ ਝਮੇਲਾ ਖਤਮ ਹੋਵੇਗਾ । ਇਹ ਕਹਿੰਦੇ ਹਨ ਕਿ ਰੈਵੇਨਿਊ ਡਿਪਾਰਟਮੈਂਟ ਇਸ ਬਾਰੇ ਦੱਸੇਗਾ । ਖਜ਼ਾਨਾ ਮੰਤਰੀ ਜੀ ਨੇ ਇਸ ਬਾਰੇ ਕੋਈ ਫੰਡ ਨਹੀਂ ਰੱਖਿਆ । ਉਥੇ ਪਬਲਿਕ ਦਾ ਕੀ ਹਾਲ ਹੋ ਰਿਹਾ ਹੈ । ਮੁਲਾਜ਼ਮਾਂ ਦਾ ਕੀ ਹਾਲ ਹੋ ਰਿਹਾ ਹੈ । ਇਸ ਲਈ ਸਰਕਾਰ ਨੂੰ ਇਸ ਦਾ ਕੋਈ ਹੱਲ ਕਰਨਾ ਚਾਹੀਦਾ ਹੈ ।

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ, ਕੀ ਤੁਸੀਂ ਕੁਝ ਦੱਸੋਗੇ ਜੀ ? ਕਈ ਥਾਂ ਇਹ ਗੱਲ ਕਰ ਗਏ ਹਨ ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਸਰਕਾਰ ਬਣੀ ਨੂੰ ਕਰੀਬ ਸਾਢੇ ਤਿੰਨ ਮਹੀਨੇ ਹੋਏ ਹਨ । ਇਹ ਸਾਰੇ ਹੀ ਕੰਪਲੈਕਸ ਜਿਹੜੇ ਹਨ, ਅਸੀਂ ਤਿੰਨ ਮਹੀਨੇ ਵਿੱਚ ਕਿਵੇਂ ਬਣਾ ਸਕਦੇ ਹਾਂ । ਲੇਕਿਨ ਆਨਰੇਬਲ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦੇ ਹਾਂ ਕਿ ਛੇਤੀ ਤੋਂ ਛੇਤੀ ਇਹ ਕੰਪਲੈਕਸ ਬਣੇਗਾ ।

------------

## ਮੋਗਾ-ਫਿਰੋਜ਼ਪੁਰ ਰੇਲਵੇ ਲਾਈਨ ਉਪਰ ਪੁਲ ਦੀ ਉਸਾਰੀ

***69. ਸ਼੍ਰੀ ਜੋਗਿੰਦਰ ਪਾਲ ਜੈਨ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਸੰਬਰ, 2006 ਦੇ ਦੌਰਾਨ ਮੋਗਾ ਜ਼ਿਲ੍ਹੇ ਵਿੱਚ ਧੁਨੇਕੇ-ਸਿੰਘਵਾਲਾ ਵਿਖੇ ਮੋਗਾ-ਫਿਰੋਜ਼ਪੁਰ ਰੇਲਵੇ ਲਾਈਨ ਉਪਰ ਲੈਵਲ-ਬ੍ਰਿਜ ਦੀ ਉਸਾਰੀ ਲਈ ਮਨਜ਼ੂਰੀ ਮਿਲੀ ਸੀ ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਉਸਾਰੀ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਅਜਿਹਾ ਕੋਈ ਪੁਲ ਦਸੰਬਰ, 2006 ਵਿੱਚ ਬਣਨਾ ਮਨਜ਼ੂਰ ਨਹੀਂ ਹੋਇਆ।

**ਸ਼੍ਰੀ ਜੋਗਿੰਦਰ ਪਾਲ ਜੈਨ** : ਸਪੀਕਰ ਸਾਹਿਬ, ਇਹ ਸਵਾਲ ਗਲਤ ਟਾਈਪ ਹੋ ਗਿਆ ਹੈ। ਐਕਚੂਅਲ ਸਵਾਲ ਇਹ ਸੀ--Opening of canal level crossing........

**ਮਾਨਯੋਗ ਸਪੀਕਰ** : ਕੀ ਇਹ ਸਵਾਲ ਤੁਸੀਂ ਗਲਤ ਟਾਈਪ ਕਰਵਾ ਲਿਆ ਸੀ ?

**ਸ਼੍ਰੀ ਜੋਗਿੰਦਰ ਪਾਲ ਜੈਨ** : ਸਪੀਕਰ ਸਾਹਿਬ, ਜੇ ਇਹ ਮੇਰੀ ਸਪਲੀਮੈਂਟਰੀ ਦਾ ਜਵਾਬ ਦੇ ਸਕਦੇ ਹਨ ਤਾਂ ਠੀਕ ਹੈ, ਨਹੀਂ ਤਾਂ ਇਸ ਨੂੰ ਅੱਗੇ ਪਾ ਦਿਓ।

**ਮਾਨਯੋਗ ਸਪੀਕਰ** : ਕੀ ਇਹ ਇਨ੍ਹਾਂ ਦੇ ਮਹਿਕਮੇ ਦਾ ਹੀ ਸਵਾਲ ਹੈ ?

**ਸ਼੍ਰੀ ਜੋਗਿੰਦਰ ਪਾਲ ਜੈਨ** : ਹਾਂ ਜੀ। ਸਵਾਲ ਹੈ, Opening of canal level crossing No. C-56 A at KM 71 between Pol. No.4-5 on Ludhiana-Ferozepur railway line. ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੋਗਿੰਦਰ ਪਾਲ ਜੈਨ]

ਇਨ੍ਹਾਂ ਦੇ ਮਹਿਕਮੇ ਵੱਲੋਂ ਸਾਲ 2004 ਵਿੱਚ ਲੁਧਿਆਣਾ-ਫਿਰੋਜ਼ਪੁਰ ਰੇਲਵੇ ਲਾਈਨ ਤੇ ਕਾਰਵਾਈ ਸ਼ੁਰੂ ਕੀਤੀ ਗਈ ਸੀ । ਮੋਗਾ-ਫਿਰੋਜ਼ਪੁਰ ਸੜਕ ਵਿੱਚ ਇੱਕ ਨਹਿਰ ਪੈਂਦੀ ਹੈ। ਉਹ ਸੜਕ ਜੋੜਨ ਵਾਸਤੇ ਇਨ੍ਹਾਂ ਦੇ ਮਹਿਕਮੇ ਵੱਲੋਂ ਐਕਸੀਅਨ ਕੰਸਟਰੱਕਸ਼ਨ ਡਵੀਜ਼ਨ, ਪੀ.ਡਬਲਯੂ.ਡੀ. (ਬੀ.ਐਡ.ਆਰ.) ਦੇ ਲੈਟਰ ਨੰ: 5056, ਮਿਤੀ 9-1-2004 ਰਾਹੀਂ ਕਾਰਵਾਈ ਸ਼ੁਰੂ ਕੀਤੀ ਗਈ ਸੀ। ਉਹ ਜੋ ਇਨ੍ਹਾਂ ਦੀ ਪ੍ਰੋਪੋਜ਼ਲ ਸੀ, ਉਸ ਦੇ ਬਾਰੇ ਮੈਂ ਪਤਾ ਲੈਣਾ ਚਾਹੁੰਦਾ ਹਾਂ।

**ਮੰਤਰੀ** : ਸਪੀਕਰ ਸਾਹਿਬ, ਇਹ ਟੋਟਲੀ ਡਿਫਰੈਂਟ ਕੁਐਸਚਨ ਹੈ। ਇਨ੍ਹਾਂ ਨੇ ਪੁਲ ਬਾਰੇ ਪੁੱਛਿਆ ਸੀ ਜਦ ਕਿ ਹੁਣ ਇਹ ਲੋਕਲ ਕਰਾਸਿੰਗ ਦੀ ਗੱਲ ਕਰ ਰਹੇ ਹਨ। ਇਸ ਦੇ ਬਾਰੇ ਇਹ ਦੁਬਾਰਾ ਪੁੱਛ ਲੈਣ, ਪਤਾ ਕਰਕੇ ਦੱਸ ਦਿਆਂਗੇ ਜੀ।

**ਸ਼੍ਰੀ ਜੋਗਿੰਦਰ ਪਾਲ ਜੈਨ** : ਠੀਕ ਹੈ ਜੀ।

-------------

## ਮੱਤੇਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਜਲ ਸਪਲਾਈ ਸਕੀਮ

***71. ਸਰਦਾਰ ਈਸ਼ਰ ਸਿੰਘ** : ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਕੂੰਮ-ਕਲਾਂ ਚੋਣ ਹਲਕੇ ਵਿੱਚ ਮੱਤੇਵਾਲ ਵਿਖੇ ਜਲ ਸਪਲਾਈ ਸਕੀਮ ਕਦੋਂ ਤੱਕ ਚਾਲੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਬਿਕਰਮ ਸਿੰਘ ਮਜੀਠੀਆ** : ਇਸ ਸਕੀਮ ਦੇ ਟਿਊਬਵੈੱਲ ਦੀ ਡਰਿਲਿੰਗ ਪ੍ਰਗਤੀ ਅਧੀਨ ਹੈ। ਇਹ ਸਕੀਮ ਅਗਲੇ ਛੇ ਮਹੀਨਿਆਂ ਵਿੱਚ ਕਮਿਸ਼ਨ ਹੋਣ ਦੀ ਸੰਭਾਵਨਾ ਹੈ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਮੱਤੇਵਾਲ/ਮੱਤੇਵਾੜਾ ਵਿਖੇ ਵਾਟਰ ਸਪਲਾਈ ਸਕੀਮ ਲੱਗੀ ਹੋਈ ਹੈ ਲੇਕਿਨ ਟਿਊਬਵੈੱਲ ਦਾ ਪਾਣੀ ਘੱਟ ਡਿਸਚਾਰਜ ਹੋਣ ਕਰਕੇ ਇਸ ਦੇ ਆਗੂਮੈਨਟੇਸ਼ਨ ਦੀ ਲੋੜ ਸੀ । ਇਸ ਦੇ ਵਾਸਤੇ 35 ਲੱਖ ਰੁਪਿਆ ਜੂਨ 2006 ਵਿੱਚ ਦਿੱਤਾ ਗਿਆ ਸੀ । ਇਸ ਗੱਲ ਨੂੰ ਡੇਢ ਸਾਲ ਹੋ ਗਿਆ ਹੋਇਆ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਡੇਢ ਸਾਲ ਦੀ ਡਿਲੇਅ ਕਿਉਂ ਹੋਈ ਹੈ ਜਦ ਕਿ 35 ਲੱਖ ਰੁਪਿਆ ਮਹਿਕਮੇ ਦੇ ਕੋਲ ਪਿਆ ਹੋਇਆ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਮੇਰੀ ਜਗ੍ਹਾ ਤੇ ਜੇਕਰ ਮੇਰੇ ਤੋਂ ਪਹਿਲੇ ਮੰਤਰੀ ਤੋਂ ਪੁੱਛਿਆ ਜਾਂਦਾ ਤਾਂ ਜ਼ਿਆਦਾ ਵਧੀਆ ਉਹ ਜਵਾਬ ਦੇ ਸਕਦੇ ਸਨ । ਸਾਡੀ ਸਰਕਾਰ ਬਣੀ ਨੂੰ ਤਾਂ ਹਾਲੇ ਸਾਢੇ ਤਿੰਨ ਮਹੀਨੇ ਹੀ ਹੋਏ ਹਨ । ਉਥੇ ਲੈਂਡ ਦਾ ਡਿਸਪਿਊਟ ਸੀ ਜੋ ਇਨ੍ਹਾਂ ਦੇ ਸਮੇਂ ਵਿੱਚ ਹੋਇਆ ਸੀ। ਉਹ ਡਿਸਪਿਊਟ ਸੈਟਲ ਕਰ ਦਿੱਤਾ ਗਿਆ ਹੈ। ਜਿਸ ਥਾਂ 'ਤੇ ਟਿਊਬਵੈੱਲ ਬੋਰ ਹੋਣਾ ਹੈ, ਉਥੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਅਗਲੇ 6 ਮਹੀਨਿਆਂ ਦੇ ਵਿੱਚ ਉਥੇ ਪਾਣੀ ਹੀ ਪਾਣੀ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ** : ਹੁਣ ਤਾਂ ਕਾਫੀ ਗੱਲ ਹੋ ਗਈ ਹੈ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਲੈਂਡ ਦਾ ਡਿਸਪਿਊਟ ਸੈਟਲ ਹੋ ਗਿਆ ਹੈ। ਉਥੇ ਕੱਲ੍ਹ ਹੀ ਟੋਆ ਪੁੱਟਿਆ ਗਿਆ ਹੈ ਅਤੇ ਕੱਲ੍ਹ ਹੀ ਕੰਮ ਸ਼ੁਰੂ ਹੋਇਆ ਹੈ। ਮੈਂ ਇਨ੍ਹਾਂ ਤੋਂ ਵਿਸ਼ਵਾਸ ਚਾਹੁੰਦਾ ਹਾਂ ਕਿ ਜੇ ਫਿਰ ਕੋਈ ਲੋਕ ਡਿਸਪਿਊਟ ਪੈਦਾ ਕਰਦੇ ਹਨ ਤਾਂ ਕੀ ਉਨ੍ਹਾਂ ਬੰਦਿਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ਅਤੇ ਕੰਮ ਨਿਰਵਿਘਨ ਚਲਾਇਆ ਜਾਵੇਗਾ ?

**ਮਾਨਯੋਗ ਸਪੀਕਰ** : ਮੇਰਾ ਖਿਆਲ ਹੈ ਕਿ ਇਸ ਨਾਲ ਤੁਹਾਡੀ ਤਸੱਲੀ ਹੋ ਜਾਣੀ ਚਾਹੀਦੀ ਹੈ । ਡਿਸਪਿਊਟ ਸੈਟਲ ਹੋ ਗਿਆ ਹੈ ਅਤੇ ਮਸਲਾ ਹੱਲ ਹੋ ਗਿਆ ਹੈ।

**ਸਰਦਾਰ ਈਸ਼ਰ ਸਿੰਘ** : ਮੈਂ ਇਨ੍ਹਾਂ ਤੋਂ ਐਸ਼ਿਓਰੈਂਸ ਚਾਹੁੰਦਾ ਹਾਂ ਜੀ।

**ਮਾਨਯੋਗ ਸਪੀਕਰ** : ਮੇਰਾ ਖਿਆਲ ਹੈ ਕਿ ਤੁਹਾਡਾ ਮਸਲਾ ਹੱਲ ਹੋ ਗਿਆ ਹੈ ।

**ਸਰਦਾਰ ਈਸ਼ਰ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਡਿਸਪਿਊਟ ਕਰੇਗਾ ਤਾਂ ਮੰਤਰੀ ਜੀ ਕਾਰਵਾਈ ਕਰਨਗੇ ਅਤੇ ਕੰਮ ਨਿਰਵਿਘਨ ਚੱਲੇਗਾ।

**ਮਾਨਯੋਗ ਸਪੀਕਰ** : ਅਗਲਾ ਸਵਾਲ ।

------------

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਮੋਗਾ ਵਿੱਚ ਰਾਉਕੇ ਕਲਾਂ/ਹਿੰਮਤਪੁਰਾ ਲਈ 220 ਕੇ.ਵੀ. ਸਬ-ਸਟੇਸ਼ਨ

***94 ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮੋਗਾ ਵਿੱਚ ਰਾਉਕੇ ਕਲਾਂ ਅਤੇ ਹਿੰਮਤਪੁਰਾ ਪਿੰਡਾਂ ਵਿੱਚ 220 ਕੇ.ਵੀ. ਸਬ ਸਟੇਸ਼ਨ ਸਥਾਪਿਤ ਕਰਨ ਲਈ ਕੋਈ ਤਜਵੀਜ਼ ਮਨਜ਼ੂਰ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਿੰਮਤਪੁਰਾ ( ਜ਼ਿਲ੍ਹਾ ਮੋਗਾ) ਵਿਖੇ ਨਵੇਂ 220 ਕੇ.ਵੀ. ਗਰਿੱਡ ਸਬ-ਸਟੇਸ਼ਨ ਦਾ ਕਾਰਜ 2007-08 ਦੇ ਯੋਜਨਾਬੱਧ ਸੰਚਾਰ ਕਾਰਜਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਪਰੰਤੂ 2008-09 ਦੌਰਾਨ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ। ਇਕ ਹੋਰ 66 ਕੇ.ਵੀ. ਗਰਿੱਡ ਸਬ-ਸਟੇਸ਼ਨ ਰਾਉਕੇ ਕਲਾਂ ਵਿਖੇ ਲਾਉਣ ਲਈ 2008-09 ਦੀ ਸੰਚਾਰ ਕਾਰਜਾਂ ਦੀ ਸੂਚੀ ਵਿੱਚ ਤਜਵੀਜ਼ ਕੀਤੀ ਗਈ ਹੈ ਅਤੇ ਇਸ ਸਬ-ਸਟੇਸ਼ਨ ਦਾ ਕਾਰਜ ਸਾਲ 2008-09 ਦੀ ਯੋਜਨਾ ਵਿੱਚ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ।

**ਸਰਦਾਰ ਅਜੀਤ ਸਿੰਘ ਸ਼ਾਂਤ** : ਸਪੀਕਰ ਸਾਹਿਬ, ਮਾਨਯੋਗ ਸੀ.ਐਮ. ਸਾਹਿਬ ਨੇ ਜਵਾਬ ਦਿੱਤਾ ਹੈ, ਉਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਦੋਨੋਂ ਸਬ-ਸਟੇਸ਼ਨ ਬਣਾਉਣ ਲਈ ਇਨ੍ਹਾਂ ਨੇ ਮਨਜ਼ੂਰੀ ਦਿੱਤੀ ਹੈ ਲੇਕਿਨ ਉਥੇ ਜਿਹੜੇ ਪਹਿਲਾਂ ਸਬ-ਸਟੇਸ਼ਨ ਚਲਦੇ ਹਨ, 66 ਕੇ.ਵੀ. ਦੇ, ਦੀਨਾ ਸਾਹਿਬ, ਪਤੋ, ਬਿਲਾਸਪੁਰ, ਇਹ ਸਾਰੇ ਹੀ ਓਵਰਲੋਡਿਡ ਚੱਲ ਰਹੇ ਹਨ। ਇਹ ਜਿਹੜੀ ਬੈਲਟ ਹੈ, ਇਹ ਸਾਰੀ ਹੀ ਪੈਡੀ ਦੀ ਬੈਲਟ ਹੈ। 60,000 ਕੁਨੈਕਸ਼ਨ ਸਮੁੱਚੇ ਪੰਜਾਬ ਵਿੱਚ ਇਨ੍ਹਾਂ ਨੇ ਦੇਣੇ ਹਨ ਜਿਸ ਦੇ ਹਿੱਸੇ ਨਿਹਾਲ ਸਿੰਘ ਵਾਲਾ ਵੀ ਆਉਣਾ ਹੈ। ਜਿਹੜੀ ਯੋਜਨਾ ਹੈ, ਇਹ ਲੇਟ ਹੈ, ਇਸ ਦੇ ਕੀ ਕਾਰਨ ਹਨ, ਕੀ ਫੰਡਜ਼ ਦੀ ਘਾਟ ਹੈ ? ਮੈਂ ਇਸ ਹਲਕੇ ਦਾ ਪ੍ਰਤੀਨਿੱਧ ਹੋਣ ਦੇ ਨਾਤੇ ਬੇਨਤੀ ਕਰਦਾ ਹਾਂ ਕਿ ਇਸ ਯੋਜਨਾ ਨੂੰ ਸਾਲ 2007-08 ਵਿੱਚ ਜਲਦੀ ਮੁਕੰਮਲ ਕੀਤਾ ਜਾਵੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਉੱਤੇ ਬੜਾ ਸਮਾਂ ਲਗਦਾ ਹੈ । ਇਹ 220 ਕੇ.ਵੀ. ਦਾ ਬਹੁਤ ਵੱਡਾ ਪ੍ਰਾਜੈਕਟ ਹੈ। ਇਸ ਕਰਕੇ ਸਰਦਾਰ ਅਜੀਤ ਸਿੰਘ ਦਾ ਜ਼ਰੂਰ ਖਿਆਲ ਰੱਖਿਆ ਜਾਵੇਗਾ। ਸਾਨੂੰ ਇਨ੍ਹਾਂ ਦਾ ਬਹੁਤ ਖਿਆਲ ਹੈ। ਇਹ ਸਾਡੇ ਵਿੱਚੋਂ ਹੀ ਗਏ ਹਨ। ਇਨ੍ਹਾਂ ਦੀ ਸਿਫਾਰਸ਼ 'ਤੇ ਪੂਰਾ ਜ਼ੋਰ ਲਾਵਾਂਗੇ। ਜਿੰਨੀ ਛੇਤੀ ਪਾਸੀਬਲ ਹੋ ਸਕਿਆ, ਕਰਾਂਗੇ।

-------------------

Original with;
Punjab Vidhan Sabha
Digitized by;
Panjab Digital Library

## ਤਲਵਾੜਾ ਲਈ ਅਧਿਸੂਚਿਤ ਇਲਾਕਾ ਕਮੇਟੀ ਦੀ ਸਥਾਪਨਾ

***32. ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿੱਚ ਅਧਿਸੂਚਿਤ ਇਲਾਕਾ ਕਮੇਟੀਆਂ ਸਥਾਪਿਤ ਕਰਨ ਲਈ ਕੀ ਕਸੌਟੀ ਅਪਨਾਈ ਜਾ ਰਹੀ ਹੈ ;

(ਅ) ਕੀ ਤਹਿਸੀਲ ਦਸੂਹਾ ਵਿੱਚ ਪਿੰਡ ਤਲਵਾੜਾ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਸੌਟੀ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਉਕਤ ਪਿੰਡ ਲਈ ਅਧਿਸੂਚਿਤ ਇਲਾਕਾ ਕਮੇਟੀ ਸਥਾਪਿਤ ਕਰਨ ਵਿੱਚ ਹੋਈ ਦੇਰੀ ਦੇ ਕਾਰਨ ਕੀ ਹਨ ਅਤੇ ਇਸ ਦੇ ਕਦੋਂ ਤੱਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਮਨੋਰੰਜਨ ਕਾਲੀਆ** : (ੳ) ਰਾਜ ਸਰਕਾਰ ਨੇ ਪੰਜਾਬ ਮਿਊਂਸਿਪਲ ਐਕਟ, 1911 ਦੀ ਧਾਰਾ-4 ਦੇ ਉਪਬੰਧਾਂ ਦੀ ਪੂਰਤੀ ਕਰਨੀ ਗਾਈਡ ਲਾਈਨਜ਼/ਕਰਾਈਟੇਰੀਆ ਆਪਣੇ ਹੁਕਮ ਨੰ: 10/31/92-2ਸਸ3/960-981, ਮਿਤੀ 29-12-1992 ਅਤੇ ਨੰ:10/50/97-2ਸਸ3/13019 ਮਿਤੀ 10-12-1997 ਰਾਹੀਂ ਜਾਰੀ ਕੀਤੇ ਹਨ ਜਿਨ੍ਹਾਂ ਰਾਹੀਂ ਨਗਰ ਪੰਚਾਇਤ ਦੀ ਸਥਾਪਨਾ/ਗਠਨ ਕਰਨ ਲਈ ਵਿਸਥਾਰ ਪੂਰਵਕ ਮਾਪਦੰਡ ਹੇਠ ਲਿਖੇ ਅਨੁਸਾਰ ਹਨ :-

i) ਆਬਾਦੀ 5000 ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ ;

ii) ਜੇਕਰ ਉਸ ਜਗ੍ਹਾ 'ਤੇ ਨਗਰ ਪੰਚਾਇਤ ਦਾ ਗਠਨ ਕੀਤਾ ਜਾਂਦਾ ਹੈ ਤਾਂ ਉਸ ਦੀ ਆਮਦਨ ਸਾਰੇ ਵਸੀਲਿਆਂ ਤੋਂ 10 ਲੱਖ ਰੁਪਏ ਤੋਂ ਘੱਟ ਨਹੀਂ ਹੋਣੀ ਚਾਹੀਦੀ;

iii) ਉਥੇ ਚੰਗਾ ਚਲਦਾ ਬਜ਼ਾਰ ਹੋਣਾ ਚਾਹੀਦਾ ਹੈ ;

iv) ਆਬਾਦੀ ਇਕਸਾਰ ਹੋਣੀ ਚਾਹੀਦੀ ਹੈ ਅਤੇ ਇਹ ਖਿਲਰਵੀਂ ਨਹੀਂ ਹੋਣੀ ਚਾਹੀਦੀ ਹੈ ; ਅਤੇ

v) ਆਬਾਦੀ ਪੂਰੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਨਹੀਂ ਹੋਣੀ ਚਾਹੀਦੀ;

ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠਾਂ ਨੋਟੀਫਾਈਡ ਏਰੀਆ ਕਮੇਟੀ ਦਾ ਗਠਨ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਜਿਸ ਵਿੱਚ ਸਬੰਧਤ ਡਵੀਜ਼ਨਲ ਟਾਊਨ ਪਲੈਨਰ ਅਤੇ ਡਿਪਟੀ ਡਾਇਰੈਕਟਰ, ਸ਼ਹਿਰੀ ਸਥਾਨਕ ਸੰਸਥਾਵਾਂ ਮੈਂਬਰ ਹਨ। ਇਹ ਕਮੇਟੀ ਉਪਰੋਕਤ ਮਾਪਦੰਡਾਂ ਅਤੇ ਪੰਜਾਬ ਮਿਊਂਸਿਪਲ ਐਕਟ, 1911 ਦੀਆਂ ਸਬੰਧਤ ਧਾਰਾਵਾਂ ਦੀ ਪੂਰਤੀ ਕਰਕੇ ਨੋਟੀਫਾਈਡ ਏਰੀਆ ਕਮੇਟੀ ਦਾ ਗਠਨ ਕਰਨ ਲਈ ਸਰਕਾਰ ਨੂੰ ਸਿਫਾਰਸ਼ ਭੇਜੇਗੀ।

(ਅ) ਨੋਟੀਫਾਈਡ ਏਰੀਆ ਕਮੇਟੀ, ਤਲਵਾੜਾ ਦਾ ਗਠਨ ਕਰਨ ਲਈ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਦੀ ਪ੍ਰਧਾਨਗੀ ਹੇਠਾਂ ਗਠਿਤ ਕੀਤੀ ਕਮੇਟੀ ਵੱਲੋਂ ਕੋਈ ਵੀ ਰਿਪੋਰਟ ਹੁਣ ਤੱਕ ਪ੍ਰਾਪਤ ਨਹੀਂ ਹੋਈ ਹੈ।

(ੲ) ਦੇਰੀ ਦਾ ਕੋਈ ਸੁਆਲ ਨਹੀਂ ਬਣਦਾ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਵਾਬ ਪੜ੍ਹਿਆ ਹੈ ਅਤੇ ਉਨ੍ਹਾਂ ਨੇ ਦੱਸਿਆ ਹੈ ਕਿ ਸੰਨ 1992 ਵਿੱਚ, 1997 ਵਿੱਚ ਦੋ ਨੋਟੀਫਿਕੇਸ਼ਨ ਕੀਤੇ ਗਏ । 5 ਹਜ਼ਾਰ ਦੀ ਆਬਾਦੀ ਦਾ ਆਧਾਰ ਫਿਕਸ ਕੀਤਾ ਗਿਆ ਜਿਸ ਅਨੁਸਾਰ ਨੋਟੀਫਾਈਡ ਏਰੀਆ ਕਮੇਟੀ ਬਣ ਸਕਦੀ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਸਤਿਕਾਰਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਦੋਂ ਪਿਛਲੇ ਸਮੇਂ 1997 ਵਿੱਚ ਮੁੱਖ ਮੰਤਰੀ ਬਣੇ ਸਨ ਉਨ੍ਹਾਂ ਦੇ ਕਾਰਜਕਾਲ ਦੌਰਾਨ 20-3-1998 ਨੂੰ ਸਬ ਡਵੀਜ਼ਨਲ ਮੈਜਿਸਟ੍ਰੇਟ, ਮੁਕੇਰੀਆਂ ਨੇ ਇਕ ਲੈਟਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੂੰ ਲਿਖਿਆ। ਜਿਹੜੀ ਮੰਗ ਡਿਪਟੀ ਡਾਇਰੈਕਟਰ, ਜਲੰਧਰ ਨੇ ਮੰਗੀ, ਡਿਪਟੀ ਕਮਿਸ਼ਨਰ ਵਾਇਆ ਐਸ.ਡੀ.ਐਮ. ਸਾਹਿਬ ਉਸ ਵਿੱਚ ਉਨ੍ਹਾਂ ਨੇ ਦੱਸਿਆ ਕਿ 1991 ਦੀ ਜਨਗਣਨਾ ਮੁਤਾਬਿਕ 5896 ਦੀ ਆਬਾਦੀ ਸੰਨ 1991 ਵਿੱਚ ਸੀ ਅਤੇ ਨਾਲ ਲਗਦੇ ਉਥੋਂ ਦੇ ਟਾਊਨਸ਼ਿਪ ਦੀ ਆਬਾਦੀ 17374 ਹੈ। ਇਹ ਪੱਤਰ ਨੰਬਰ 296 ਮਿਤੀ 20-3-98 ਨੂੰ ਲਿਖਿਆ ਗਿਆ ਹੈ। ਜਿਹੜੀ ਇਨਕਮ ਮੁਕੱਰਰ ਕੀਤੀ ਗਈ ਸੀ ਉਹ 3 ਲੱਖ ਰੁਪਏ ਤੋਂ ਜ਼ਿਆਦਾ ਸੀ। ਉਸ ਦੇ ਵਿੱਚ ਹੀ ਜਿਹੜੀ ਬਜ਼ਾਰ ਦੀ ਸ਼ਰਤ ਹੈ, ਉਥੇ 800 ਤੋਂ 1000 ਦੁਕਾਨਾਂ ਦਾ ਵੇਰਵਾ ਦਿੱਤਾ ਗਿਆ ਸੀ। ਮੈਂ ਸਮਝਦਾ ਹਾਂ ਕਿ ਮੰਤਰੀ ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ, ਉਹ ਬਿਲਕੁਲ ਬੇਬੁਨਿਆਦ ਹੈ। ਡੀ.ਸੀ.ਹੁਸ਼ਿਆਰਪੁਰ ਨੇ ਪੱਤਰ ਲਿਖਿਆ ਹੈ............

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਮਰਜੀਤ ਸਿੰਘ ਸਾਹੀ** : ਇਹ ਚਿੱਠੀ ਆਲਰੇਡੀ ਮੇਰੇ ਕੋਲ ਹੈ। ਮੇਰੇ ਕੋਲ ਪੰਜਾਬ ਕੇਸਰੀ ਅਖਬਾਰ ਦੀ ਕਟਿੰਗ ਵੀ ਹੈ ਜਿਸ ਵਿੱਚ ਲਿਖਿਆ ਗਿਆ ਹੈ ਕਿ ਡਿਪਟੀ ਡਾਇਰੈਕਟਰ ਦਾ ਬਿਆਨ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 3 ਨੋਟੀਫਾਈਡ ਏਰੀਆ ਕਮੇਟੀਆਂ ਬਲਾਚੌਰ, ਤਲਵਾੜਾ ਅਤੇ ਮਾਹਿਲਪੁਰ ਬਣਾਈਆਂ ਜਾਣਗੀਆਂ ਜਿਨ੍ਹਾਂ ਵਿੱਚੋਂ ਬਲਾਚੌਰ ਅਤੇ ਮਾਹਿਲਪੁਰ ਦੋ ਬਣ ਗਈਆਂ ਪਰੰਤੂ ਤਲਵਾੜਾ ਨੂੰ ਛੱਡ ਦਿੱਤਾ ਗਿਆ ਹੈ। ਮੇਰੇ ਕੋਲ ਸਾਲ 1998 ਦਾ ਪੱਤਰ ਹੈ। ਜੇਕਰ ਮੰਤਰੀ ਸਾਹਿਬ ਚਾਹੁਣ ਤਾਂ ਮੈਂ ਦੇ ਸਕਦਾ ਹਾਂ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 1998 ਦਾ ਜੋ ਇਹ ਜ਼ਿਕਰ ਕਰ ਰਹੇ ਹਨ, ਉਹ ਡੀ.ਸੀ. ਲੈਵਲ ਤੇ ਇਕ ਕਮੇਟੀ ਬਣੀ ਸੀ। ਉਸ ਨੇ ਇਹ ਸਾਰਾ ਕੁਝ ਕਨਸਿਡਰ ਕੀਤਾ ਸੀ। ਜਿਹੜੀਆਂ 5 ਕੰਡੀਸ਼ਨਾਂ ਜਾਂ ਕਰਾਈਟੇਰੀਆ ਫਿਕਸ ਕੀਤਾ ਗਿਆ ਸੀ, ਉਹ ਸਾਰਾ ਪੂਰਾ ਹੋਣਾ ਚਾਹੀਦਾ ਸੀ। 10 ਲੱਖ ਰੁਪਏ ਦੀ ਇਨਕਮ ਹੋਣੀ ਚਾਹੀਦੀ ਹੈ। ਤਲਵਾੜਾ ਦੀ ਇਨਕਮ 3 ਲੱਖ ਰੁਪਏ ਸੀ। ਇਸ ਲਈ ਇਸ ਨੂੰ ਟੇਕ-ਅੱਪ ਨਹੀਂ ਸੀ ਕੀਤਾ ਗਿਆ।

**ਸਰਦਾਰ ਅਮਰਜੀਤ ਸਿੰਘ ਸਾਹੀ** : ਹੁਣ ਇਨਕਮ 3 ਲੱਖ ਰੁਪਏ ਤੋਂ ਜ਼ਿਆਦਾ ਹੈ। ਹੁਣ ਚੁੰਗੀ ਤਾਂ ਮੁਆਫ਼ ਕੀਤੀ ਹੋਈ ਹੈ। ਇਸ ਲਈ 10 ਲੱਖ ਇਨਕਮ ਕਿਸ ਤਰ੍ਹਾਂ ਹੋ ਸਕਦੀ ਹੈ। ਚੁੰਗੀ ਵਾਲਾ ਪੈਸਾ ਜੁੜ ਜਾਵੇ ਤਾਂ ਇਹ 10 ਲੱਖ ਰੁਪਏ ਤੋਂ ਵੀ ਵੱਧ ਜਾਂਦੀ ਹੈ। ਬਾਕੀ ਦੀਆਂ ਸਾਰੀਆਂ ਸ਼ਰਤਾਂ ਤਲਵਾੜਾ ਪੂਰੀਆਂ ਕਰਦਾ ਹੈ। ਉਥੋਂ ਦੀ ਆਬਾਦੀ 8 ਹਜ਼ਾਰ ਦੇ ਕਰੀਬ ਹੈ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਕਹਿ ਰਹੇ ਹਨ ਕਿ 10 ਲੱਖ ਦੀ ਇਨਕਮ ਹੈ, ਅਸੀਂ ਇਸ ਨੂੰ ਇਕ ਵਾਰੀ ਦੁਬਾਰਾ ਐਗਜ਼ਾਮਿਨ ਕਰਵਾ ਲੈਂਦੇ ਹਾਂ।

**ਸਰਦਾਰ ਅਮਰਜੀਤ ਸਿੰਘ ਸਾਹੀ** : ਮੈਂ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਇਹ ਕਮੇਟੀ ਕਦੋਂ ਤੱਕ ਗਠਿਤ ਕਰ ਦਿੱਤੀ ਜਾਵੇਗੀ ਅਤੇ ਕਿੰਨੇ ਚਿਰ ਵਿੱਚ ਇਹ ਕੰਮ ਹੋ ਜਾਵੇਗਾ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਹੜੀ ਡੀ.ਸੀ. ਲੈਵਲ 'ਤੇ ਕਮੇਟੀ ਪਹਿਲਾਂ ਹੀ ਗਠਿਤ ਕੀਤੀ ਹੋਈ ਹੈ, ਉਸ ਨੂੰ ਇਹ ਮਾਮਲਾ ਭੇਜ ਕੇ ਦੁਬਾਰਾ ਐਗਜ਼ਾਮਿਨ ਕਰਵਾ ਲਵਾਂਗੇ ਕਿ ਕੀ ਇਹ ਹੁਣ ਕਰਾਈਟੇਰੀਏ ਵਿੱਚ ਆਉਂਦੀ ਹੈ ਜਾਂ ਨਹੀਂ।

---

Original with;
Punjab Vidhan Sabha
Digitized by;
Panjab Digital Library

## ਲੁਧਿਆਣਾ ਸ਼ਹਿਰ ਵਿਖੇ ਅੱਗ ਲੱਗਣ ਦੀਆਂ ਘਟਨਾਵਾਂ

***70. ਸਰਦਾਰ ਈਸ਼ਰ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਜਨਵਰੀ, 2006 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਲੁਧਿਆਣਾ ਸ਼ਹਿਰ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਕੁੱਲ ਗਿਣਤੀ ਅਤੇ ਵੇਰਵੇ ਕੀ ਹਨ ਅਤੇ ਅੱਗ-ਬੁਝਾਊ ਸਾਜ਼ੋ-ਸਾਮਾਨ ਅਤੇ ਇਸ ਸਥਿਤੀ ਨੂੰ ਨਜਿੱਠਣ ਲਈ ਲੁਧਿਆਣਾ ਸ਼ਹਿਰ ਵਿਖੇ ਉਪਲਬਧ ਅਮਲੇ ਦੇ ਸ਼੍ਰੇਣੀ-ਵਾਰ ਵੇਰਵੇ ਕੀ ਹਨ ?

**ਸ਼੍ਰੀ ਮਨੋਰੰਜਨ ਕਾਲੀਆ** : ਲੋੜੀਂਦੀ **ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਸਰਦਾਰ ਈਸ਼ਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਲੁਧਿਆਣਾ ਸ਼ਹਿਰ ਬਹੁਤ ਵੱਡਾ ਸ਼ਹਿਰ ਹੈ ਅਤੇ ਇਸ ਦੀ ਆਬਾਦੀ ਬਹੁਤ ਜ਼ਿਆਦਾ ਹੋ ਗਈ ਹੈ । ਜਵਾਬ ਵਿੱਚ ਮੰਤਰੀ ਜੀ ਨੇ 836 ਕੇਸਾਂ ਦਾ ਵੇਰਵਾ ਦਿੱਤਾ ਹੈ। ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਇਤਨੇ ਵੱਡੇ ਸ਼ਹਿਰ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਬਾਰੇ ਡਿਟੇਲਵਾਈਜ਼ ਸਟਾਫ ਮੁਹੱਈਆ ਕੀਤਾ ਗਿਆ ਹੈ, ਉਸ ਵਿੱਚ ਫਾਇਰਮੈਨ ਬਹੁਤ ਘੱਟ ਹਨ ਜਿਨ੍ਹਾਂ ਨੇ ਕਿ ਮੌਕੇ ਉਤੇ ਜਾ ਕੇ ਅੱਗ ਬੁਝਾਉਣ ਦਾ ਕੰਮ ਕਰਨਾ ਹੁੰਦਾ ਹੈ। ਮੇਰੇ ਇਕ ਦੋਸਤ ਦੀ ਫੈਕਟਰੀ ਅਰਾਧਨਾ ਫੈਬਰਿਕਸ ਵਿੱਚ ਮਿਤੀ 30/4 ਨੂੰ ਅੱਗ ਲੱਗ ਗਈ ਸੀ ਅਤੇ ਉਥੇ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਸੀ। ਵਿਭਾਗ ਨੇ ਅੱਗ ਬੁਝਾਉਣ ਦੀ ਪੂਰੀ ਕੋਸ਼ਿਸ ਕੀਤੀ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਫਾਇਰਮੈਨ ਦਾ ਸਟਾਫ ਬਹੁਤ ਹੀ ਘੱਟ ਹੈ। ਕੀ ਸਤਿਕਾਰਯੋਗ ਮੰਤਰੀ ਜੀ ਦੱਸਣਗੇ ਕਿ ਇਨ੍ਹਾਂ ਫਾਇਰਮੈਨਾਂ ਦੀ ਗਿਣਤੀ ਵਧਾਈ ਜਾਵੇਗੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਾਨਯੋਗ ਮੈਂਬਰ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣੇ ਵਿੱਚ 4 ਜਗ੍ਹਾ 'ਤੇ ਫਾਇਰ ਸਟੇਸ਼ਨ ਹਨ। ਲੁਧਿਆਣਾ ਇੱਕ ਇੰਡਸਟਰੀਅਲ ਹੱਬ ਹੈ। ਉਥੇ ਹਰ ਮਹੀਨੇ ਅਤੇ ਹਰ ਦਿਨ ਵਿਕਾਸ ਹੁੰਦਾ ਰਹਿੰਦਾ ਹੈ। ਉਸ ਦੇ ਨਾਲ ਜ਼ਰੂਰਤਾਂ ਵੀ ਵਧਦੀਆਂ ਰਹਿੰਦੀਆਂ ਹਨ। ਜਿਹੜੇ ਸਾਡੇ ਫਾਇਰ ਸਟੇਸ਼ਨ ਅਤੇ ਫਾਇਰਮੈਨ ਹਨ, ਉਨ੍ਹਾਂ ਦੀ ਕੁਸ਼ਲਤਾ ਦੇ ਕਾਰਨ 836

---

** Placed in the Revisor's Branch.

Original with;
Punjab Vidhan Sabha
Digitized by;
Panjab Digital Library

ਇੰਸੀਡੈਂਟ ਫਾਇਰ ਦੇ ਜਿਹੜੇ ਹੋਏ ਹਨ, ਉਨ੍ਹਾਂ ਦੇ ਵਿੱਚ ਹੋਈਆਂ ਮੌਤਾਂ, ਹੈ ਤਾਂ ਦੁਖਦਾਈ, ਲੇਕਿਨ ਸਪੀਕਰ ਸਾਹਿਬ ਕੇਵਲ 3 ਮੌਤਾਂ ਹੋਈਆਂ ਅਤੇ ਜ਼ਖਮੀ ਤਿੰਨ ਹੋਏ ਹਨ । ਉਨ੍ਹਾਂ ਦੀ ਕਾਰਗੁਜ਼ਾਰੀ ਜਿਹੜੀ ਹੈ, ਉਹ ਦਰਸਾਉਂਦੀ ਹੈ ਕਿ ਬੜੀ ਤੇਜ਼ੀ ਨਾਲ ਜਿਥੇ ਦੁਰਘਟਨਾ ਹੁੰਦੀ ਹੈ, ਉਥੇ ਪਹੁੰਚ ਜਾਂਦੇ ਹਨ ਅਤੇ ਅੱਗ ਬੁਝਾਉਣ ਦਾ ਕੰਮ ਕਰਦੇ ਹਨ । ਜਿੱਥੇ ਤੱਕ ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਇੰਪਲਾਈਜ਼ ਵਿੱਚ ਵਾਧਾ ਕੀਤਾ ਜਾਵੇ, ਉਹ ਵਿਚਾਰ ਲਵਾਂਗੇ ਜੀ ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਹੁਣ ਮਲਟੀਸਟੋਰੀਡ ਬਿਲਡਿੰਗਾਂ ਬਣ ਰਹੀਆਂ ਹਨ ਅਤੇ ਬੜੀਆਂ ਉੱਚੀਆਂ-ਉੱਚੀਆਂ ਬਿਲਡਿੰਗਾਂ ਬਣਾਉਣ ਦਾ ਰੁਝਾਨ ਹੈ ਕਿਉਂਕਿ ਜ਼ਮੀਨ ਬਹੁਤ ਮਹਿੰਗੀ ਹੋ ਚੁੱਕੀ ਹੈ ਔਰ ਉਥੇ ਅਗਰ ਅੱਗ ਲੱਗ ਜਾਂਦੀ ਹੈ ਤਾਂ ਮਲਟੀਸਟੋਰੀਡ ਬਿਲਡਿੰਗਾਂ ਵਿੱਚ ਅੱਗ ਤੇ ਕੰਟਰੋਲ ਲਈ ਕੋਈ ਨਵੇਂ ਆਧੁਨਿਕ ਇਕੁਇਪਮੈਂਟ ਇੰਪਲਾਈਜ਼ ਨੂੰ ਨਹੀਂ ਦਿੱਤੇ ਗਏ । ਮੈਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਅਜਿਹੇ ਹਾਲਾਤ ਵਿੱਚ ਅੱਗ 'ਤੇ ਕਾਬੂ ਪਾਉਣ ਲਈ ਕੀ ਸਟਾਫ ਨੂੰ ਆਧੁਨਿਕ ਇਕੁਇਪਮੈਂਟ ਜਾਂ ਫੋਲਡਿੰਗ ਪੌੜੀਆਂ ਵਗੈਰਾ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਜਾਂ ਨਹੀਂ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਠੀਕ ਹੈ ਕਿ ਹੁਣ ਵੱਡੀਆਂ-ਵੱਡੀਆਂ ਬਿਲਡਿੰਗਾਂ ਮਲਟੀਸਟੋਰੀਡ ਬਿਲਡਿੰਗਾਂ ਬਣਨੀਆਂ ਸ਼ੁਰੂ ਹੋ ਗਈਆਂ ਹਨ । ਇਸ ਲਈ ਵੀ ਵਿਚਾਰ ਕਰਾਂਗੇ ਕਿ ਇਕੁਇਪਮੈਂਟ ਨੂੰ ਕਿਸ ਤਰ੍ਹਾਂ ਆਧੁਨਿਕ ਕੀਤਾ ਜਾਵੇ ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਮਾਨਯੋਗ ਸਪੀਕਰ ਸਾਹਿਬ, ਲੁਧਿਆਣਾ ਇਕ ਇੰਡਸਟਰੀਅਲ ਟਾਊਨ ਹੈ ਅਤੇ ਉਥੇ ਹੁਣ ਮਲਟੀਸਟੋਰੀਡ ਬਿਲਡਿੰਗਾਂ ਬਣ ਗਈਆਂ ਹਨ ਅਤੇ ਅਗਰ ਉਥੇ ਕੋਈ ਫਾਇਰ ਇੰਸੀਡੈਂਟ ਹੁੰਦਾ ਹੈ ਤਾਂ ਉਸ 'ਤੇ ਕਾਬੂ ਪਾਉਣ ਲਈ ਆਧੁਨਿਕ ਇਕੁਇਪਮੈਂਟ ਹੋਣੇ ਚਾਹੀਦੇ ਹਨ ਲੇਕਿਨ ਸਪੀਕਰ ਸਾਹਿਬ, ਪੰਜਾਬ ਵਿੱਚ ਹਾੜ੍ਹੀ ਦੇ ਸਮੇਂ ਖੇਤਾਂ ਵਿੱਚ ਜਿਹੜੇ ਫਾਇਰ ਇੰਸੀਡੈਂਟ ਹੋ ਜਾਂਦੇ ਹਨ, ਨਰਮੇ ਦੇ ਸਮੇਂ ਹੋ ਜਾਂਦੇ ਹਨ, ਜਿਨਿੰਗ ਫੈਕਟਰੀਜ਼ ਵਿੱਚ ਹੋ ਜਾਂਦੇ ਹਨ, ਇਨ੍ਹਾਂ ਨੂੰ ਦੇਖਦੇ ਹੋਏ ਕੀ ਇਹ ਮੰਤਰੀ ਜੀ ਨਹੀਂ ਸਮਝਦੇ ਕਿ with regard to the Fire Services, we are already over-burdened, over-stretched, under man power. ਇਨ੍ਹਾਂ ਨੂੰ ਦੇਖਦੇ ਹੋਏ ਕੀ ਮੰਤਰੀ ਜੀ ਇਹ ਕੰਸਿਡਰ ਕਰਨਗੇ ਕਿ ਜਿੱਥੇ ਇਹ ਐਗਰੀਕਲਚਰ ਦੇ ਰਿਲੇਟਿਡ ਸੈਕਟਰ ਨਾਲ ਇਹ ਇੰਸੀਡੈਂਟ ਹੁੰਦੇ ਹਨ, ਕੀ ਇਹ ਵਿੰਗ ਮੰਡੀਕਰਨ ਬੋਰਡ ਨੂੰ ਟਰਾਂਸਫਰ ਕਰ ਦੇਣਗੇ ਕਿਉਂਕਿ ਉਨ੍ਹਾਂ ਕੋਲ ਇਨਫਰਾਸਟਰੱਕਚਰ ਵੀ ਹੈ ਅਤੇ ਫੰਡਜ਼ ਵੀ ਹਨ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹਾਂ ਜੀ, ਕਾਲੀਆ ਜੀ ਕਰੋਗੇ ?

**ਮੰਤਰੀ** : ਸਰ, ਇਹ ਤਾਂ ਵੇਗ ਸਵਾਲ ਹੈ ਜੀ ।

------------

## ਡੀ.ਏ.ਵੀ. ਕਾਲਜ, ਜਲੰਧਰ ਨੇੜੇ ਓਵਰ ਬ੍ਰਿਜ ਦੀ ਉਸਾਰੀ

***80 ਸ਼੍ਰੀ ਕੇ.ਡੀ. ਭੰਡਾਰੀ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡੀ.ਏ.ਵੀ. ਕਾਲਜ, ਜਲੰਧਰ ਦੇ ਨੇੜੇ ਓਵਰ ਬ੍ਰਿਜ ਦੀ ਉਸਾਰੀ ਦਾ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਮਾਨਯੋਗ ਸਪੀਕਰ** : ਹਾਂ ਜੀ, ਪੀ.ਡਬਲਿਊ.ਡੀ. ਮੰਤਰੀ, ਢੀਂਡਸਾ ਜੀ ।

**ਲੋਕ ਨਿਰਮਾਣ ਮੰਤਰੀ** (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਰ, ਇਹ ਸਵਾਲ ਸਥਾਨਕ ਸਰਕਾਰ ਵਿਭਾਗ ਨੂੰ ਟਰਾਂਸਫਰ ਕਰ ਦਿੱਤਾ ਗਿਆ ਹੈ ਜੀ ।

**ਮਾਨਯੋਗ ਸਪੀਕਰ** : ਹਾਂ ਜੀ, ਕਾਲੀਆ ਜੀ ।

**ਸ਼੍ਰੀ ਮਨੋਰੰਜਨ ਕਾਲੀਆ** : ਸ਼੍ਰੀਮਾਨ ਜੀ, ਡੀ.ਏ.ਵੀ. ਕਾਲਜ, ਜਲੰਧਰ ਨੇੜੇ ਰੇਲਵੇ ਓਵਰ ਬ੍ਰਿਜ ਜਿਸ ਦੀ ਅਨੁਮਾਨਤ ਲਾਗਤ 13.40 ਕਰੋੜ ਰੁ: ਹੈ, ਉਸਾਰੀ ਅਧੀਨ ਹੈ । ਇਸ ਕੰਮ ਦੀ ਉਸਾਰੀ ਮੈਸ: ਗੈਮਨ ਇੰਡੀਆ ਲਿਮਟਿਡ ਵਲੋਂ ਕੀਤੀ ਜਾ ਰਹੀ ਹੈ । ਇਸ ਕੰਮ ਦੀ 25% ਉਸਾਰੀ ਹੋ ਚੁੱਕੀ ਹੈ ਅਤੇ ਇਹ ਕੰਮ 31-3-08 ਤੱਕ ਮੁਕੰਮਲ ਹੋ ਜਾਵੇਗਾ ।

**ਸ਼੍ਰੀ ਕੇ.ਡੀ. ਭੰਡਾਰੀ** : ਮਾਨਯੋਗ ਸਪੀਕਰ ਸਾਹਿਬ, ਇਸ ਕੰਮ ਨੂੰ ਕੰਪਲੀਟ ਕਰਨ ਵਾਸਤੇ ਇਕ ਸਾਲ ਦਾ ਸਮਾਂ ਰੱਖਿਆ ਗਿਆ ਸੀ ਅਤੇ 30-6-2006 ਨੂੰ ਇਹ ਕੰਪਲੀਟ ਹੋਣਾ ਸੀ । ਇਹ ਕੰਮ ਬੀ.ਓ.ਟੀ. ਦੇ ਅੰਡਰ ਇਹ ਕੰਮ ਸ਼ੁਰੂ ਹੋਇਆ ਸੀ ਲੇਕਿਨ ਬੀ.ਓ.ਟੀ. ਦਾ ਠੇਕੇਦਾਰ ਪੈਸਾ ਨਹੀਂ ਦੇ ਰਿਹਾ ਔਰ ਕਾਰਪੋਰੇਸ਼ਨ ਦੀ 20 ਕਰੋੜ ਰੁਪਏ ਦੀ ਦੇਣਦਾਰੀ ਹੈ । ਮੈਨੂੰ ਨਹੀਂ ਲੱਗਦਾ ਕਿ ਇਹ ਕੰਮ ਸਮੇਂ ਸਿਰ ਪੂਰਾ ਹੋ ਜਾਵੇਗਾ ? ਸਪੀਕਰ ਸਾਹਿਬ, ਕਾਲੀਆ ਸਾਹਿਬ ਨੂੰ ਕਹੋ ਕਿ ਇਸ ਕੰਮ ਨੂੰ ਟਾਈਮ-ਬਾਊਂਡ ਕੀਤਾ ਜਾਵੇ ਜੀ ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਆਪਣੇ ਜਵਾਬ ਵਿੱਚ ਕਿਹਾ ਹੈ ਕਿ 31-3-2007 ਤੱਕ ਕੰਪਲੀਟ ਹੋ ਜਾਵੇਗਾ । ਜਿੱਥੋਂ ਤੱਕ ਡੀਲੇਅ ਦਾ ਕਾਰਨ ਹੈ, ਫਾਰੈਸਟ ਵਿਭਾਗ ਨੇ ਪੌਦੇ ਜਿਹੜੇ ਲੱਗੇ ਹੋਏ ਸਨ, ਉਨ੍ਹਾਂ ਨੂੰ ਕੱਟਣ ਦੀ ਪਰਮਿਸ਼ਨ ਨਹੀਂ ਦਿੱਤੀ ਸੀ ।

**ਸ਼੍ਰੀ ਕੇ.ਡੀ. ਭੰਡਾਰੀ** : ਸਪੀਕਰ ਸਾਹਿਬ, ਉਸ ਇਲਾਕੇ ਵਿੱਚ ਚਾਰ ਕਾਲਜ ਹਨ, ਸਬਜ਼ੀ ਮੰਡੀ ਹੈ, ਦਾਣਾ ਮੰਡੀ ਹੈ ਲੇਕਿਨ ਉਸ ਇਲਾਕੇ ਵਿੱਚ ਸਰਵਿਸ ਲੇਨ ਨਹੀਂ ਹੈ । ਸਰਵਿਸ ਲੇਨ ਨਾ ਬਣਨ ਕਾਰਨ ਲੋਕਾਂ ਨੂੰ ਬਹੁਤ ਜ਼ਿਆਦਾ ਤਕਲੀਫ ਹੋ ਰਹੀ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਵਿਸ ਲੇਨ ਜ਼ਰੂਰ ਬਣਾਈ ਜਾਵੇ ।

**ਮਾਨਯੋਗ ਸਪੀਕਰ** : ਤੁਸੀਂ ਕੁਐਸਚਨ ਪੁੱਛੋ । (ਵਿਘਨ) ਨੈਕਸਟ ਕੁਐਸਚਨ ।

------------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 95***

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

----------

**ਰਾਜ ਵਿੱਚ ਅਣਅਧਿਕਾਰਿਤ ਕਾਲੋਨੀਆਂ ਨੂੰ ਨਿਯਮਤ ਕਰਨਾ**

*89. (1) **ਸਰਦਾਰ ਅਜਾਇਬ ਸਿੰਘ ਭੱਟੀ**
(2) **ਸਰਦਾਰ ਮੱਖਣ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਪੰਜ ਮਿਊਂਸਿਪਲ ਕਾਰਪੋਰੇਸ਼ਨਾਂ ਵਿੱਚ ਅਣਅਧਿਕਾਰਿਤ ਕਾਲੋਨੀਆਂ ਨੂੰ ਨਿਯਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ, ਇਸ ਦੇ ਵੇਰਵੇ ਕੀ ਹਨ ?

---

* For Starred Question No. 95 and reply therto, please see PVS Debates dated 29-6-2007.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਨੋਰੰਜਨ ਕਾਲੀਆ** : ਸਥਾਨਕ ਸਰਕਾਰ ਵਿਭਾਗ ਵੱਲੋਂ ਮਿਊਂਸਿਪਲ ਲਿਮਟਸ ਵਿੱਚ ਅਣਅਧਿਕਾਰਿਤ ਕਾਲੋਨੀਆਂ ਨੂੰ ਨਿਯਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

**ਸਰਦਾਰ ਅਜਾਇਬ ਸਿੰਘ ਭੱਟੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੇਕਰ ਰੈਗੂਲਰਾਈਜ਼ ਕਰਨ ਦੀ ਕੋਈ ਸਕੀਮ ਨਹੀਂ ਹੈ ਤਾਂ ਇਹ ਦੱਸਿਆ ਜਾਵੇ ਕਿ ਕੁੱਲ ਕਿੰਨੀਆਂ ਅਣਅਧਿਕਾਰਤ ਕਾਲੋਨੀਆਂ ਹਨ ਤੇ ਜਿਹੜੇ ਅਣਅਧਿਕਾਰਤ ਕਾਲੋਨੀਕਾਰ ਹਨ, ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਕਰ ਰਹੇ ਹਨ ਤੇ ਕਦੋਂ ਤੱਕ ਕਾਰਵਾਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਦੀਆਂ ਪੰਜ ਮਿਊਂਸਿਪਲ ਕਾਰਪੋਰੇਸ਼ਨਾਂ ਵਿੱਚ 606 ਅਣ-ਅਧਿਕਾਰਤ ਕਾਲੋਨੀਆਂ ਹਨ । ਅਸੀਂ ਉਨ੍ਹਾਂ ਨੂੰ ਰੈਗੂਲਰਾਈਜ਼ ਨਹੀਂ ਕਰ ਰਹੇ ਪਰ ਜੇ ਉਹ ਨਕਸ਼ਾ ਪਾਸ ਕਰਵਾਉਣਾ ਚਾਹੁੰਦੇ ਹਨ ਤੇ ਡਿਵੈਲਪਮੈਂਟ ਚਾਰਜ਼ਿਜ਼ ਜਮ੍ਹਾਂ ਕਰਵਾ ਦੇਣ ਤਾਂ ਉਹ ਰੈਗੂਲਰਾਈਜ਼ ਹੋ ਸਕਦੀਆਂ ਹਨ । ਬਾਕੀ ਸਰਕਾਰ ਦੇ ਕੋਲ ਫੰਡਜ਼ ਨਹੀਂ ਹਨ । ਐਮ.ਐਲ.ਏਜ਼ ਔਰ ਐਮ.ਪੀਜ਼ ਸਾਹਿਬਾਨ ਆਪਣੇ ਫੰਡਜ਼ ਵਿੱਚੋਂ ਡਿਵੈਲਪਮੈਂਟ ਆਦਿ ਕਰਵਾਉਂਦੇ ਹਨ ।

(ਕੁਝ ਆਵਾਜ਼ਾਂ : ਐਮ.ਐਲ.ਏਜ਼ ਦੇ ਫੰਡਜ਼ ਨਹੀਂ ਹੁੰਦੇ ।)

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਅਣ-ਅਧਿਕਾਰਤ ਕਾਲੋਨੀਆਂ ਪੈਦਾ ਕਿਉਂ ਹੁੰਦੀਆਂ ਹਨ ? ਇਸ ਕਰਕੇ ਇਹ ਪੈਦਾ ਹੁੰਦੀਆਂ ਹਨ ਕਿਉਂਕਿ ਪੁੱਡਾ ਤੇ ਇੰਪਰੂਵਮੈਂਟ ਟਰੱਸਟ ਨੇ ਸ਼ਹਿਰਾਂ ਵਿੱਚ ਕਾਲੋਨੀਆਂ ਬਣਾਉਣੀਆਂ ਹੁੰਦੀਆਂ ਹਨ, ਇਸ ਲਈ ਜ਼ਮੀਨ ਐਕੁਆਇਰ ਕਰਨੀ ਹੁੰਦੀ ਹੈ ਤੇ ਇਸ ਵਾਸਤੇ ਤਿੰਨ ਕਿਸਮ ਦਾ ਨੋਟੀਫਿਕੇਸ਼ਨ ਜਾਰੀ ਕਰਨਾ ਪੈਂਦਾ ਹੈ । ਇਕ ਨੋਟੀਫਿਕੇਸ਼ਨ ਦਫਾ-4 ਤਹਿਤ, ਇੱਕ ਦਫਾ-6 ਤਹਿਤ ਤੇ ਇੱਕ ਦਫਾ-17 ਤਹਿਤ । ਦਫਾ-4 ਤਹਿਤ ਨੋਟੀਫਿਕੇਸ਼ਨ ਜਾਰੀ ਕਰਕੇ ਸਰਕਾਰ ਸੌਂ ਜਾਂਦੀ ਹੈ ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, 25-25 ਸਾਲ ਦਫਾ-4 ਤਹਿਤ ਨੋਟੀਫਿਕੇਸ਼ਨ ਜਾਰੀ ਕਰਕੇ ਸਰਕਾਰ ਸੌਂ ਜਾਂਦੀ ਹੈ । (ਵਿਘਨ) ਇਸ ਕਰਕੇ ਲੋਕ ਬੇ-ਘਰੇ ਹੋ ਜਾਂਦੇ ਹਨ । (ਵਿਘਨ) ਇਸ ਲਈ ਇਹ ਸਮੇਂ ਦੀ ਲੋੜ ਹੈ ਕਿ ਇਨ੍ਹਾਂ ਨੂੰ ਰੈਗੂਲਰਾਈਜ਼ ਕੀਤਾ ਜਾਵੇ । (ਵਿਘਨ)

Original with;
Punjab Vidhan Sabha
Digitized by;
Panjab Digital Library

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਨ, ਪੈਨਸ਼ਨਾਂ ਅਤੇ ਪੈਨਸ਼ਨਰਾਂ ਦੇ ਭਲਾਈ ਮੰਤਰੀ** (ਕੈਪਟਨ ਕੰਵਲਜੀਤ ਸਿੰਘ) : ** **

**ਮਾਨਯੋਗ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਸਵਾਲ ਕੋਆਪ੍ਰੇਸ਼ਨ ਮਨਿਸਟਰ ਨੂੰ ਨਹੀਂ ਕਰ ਰਿਹਾ । ਇਹ ਐਵੇਂ ਹੀ ਜਵਾਬ ਦੇ ਰਹੇ ਹਨ । ਮੈਂ ਸਵਾਲ ਸਥਾਨਕ ਸਰਕਾਰ ਮਨਿਸਟਰ ਤੋਂ ਪੁੱਛਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਅਣ-ਅਧਿਕਾਰਤ ਕਾਲੋਨੀਆਂ ਇਸ ਕਰਕੇ ਬਣਦੀਆਂ ਹਨ ਕਿਉਂਕਿ ਦਫਾ-4 ਤਹਿਤ ਨੋਟੀਫਿਕੇਸ਼ਨ ਕਰਕੇ 25-25 ਸਾਲ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ । ਮਿਸਾਲ ਦੇ ਤੌਰ 'ਤੇ ...................... ।

**ਮਾਨਯੋਗ ਸਪੀਕਰ** : ਤੁਸੀਂ ਰੈਪੀਟੀਸ਼ਨ ਕਿਉਂ ਕਰ ਰਹੇ ਹੋ ? ਸਵਾਲ ਪੁੱਛੋ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਕੁਐਸਚਨ ਕਰ ਰਿਹਾ ਹਾਂ । ਕੀ ਇਨ੍ਹਾਂ ਕਾਲੋਨੀਆਂ ਨੂੰ ਰੈਗੂਲਰਾਈਜ਼ ਕਰਨ ਦਾ ਸਰਕਾਰ ਦਾ ਕੋਈ ਪ੍ਰੋਗਰਾਮ ਹੈ ? ਮਿਸਾਲ ਦੇ ਤੌਰ 'ਤੇ ਮੈਂ ਉਦਾਹਰਣ ਦੇਣੀ ਚਾਹੁੰਦਾ ਹਾਂ । ਅੱਜ ਤੋਂ 25 ਸਾਲ ਪਹਿਲਾਂ ਮਾਡਲ ਗਰਾਮ ਬਣਾਉਣ ਵਾਸਤੇ .................. ।

**ਮਾਨਯੋਗ ਸਪੀਕਰ** : ਤੁਸੀਂ ਫਿਰ ਲੈਕਚਰ ਕਰ ਲੈਣਾ । ਕਾਲੀਆ ਜੀ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਬਹੁਤ ਹੀ ਸੂਝਵਾਨ ਔਰ ਸੁਲਝੇ ਹੋਏ ਮੈਂਬਰ ਹਨ । ਇਹ 20-25 ਸਾਲ ਪੁਰਾਣੀ ਗੱਲ ਕਰਦੇ ਹਨ ਪਰ ਸਾਡੀ ਸਰਕਾਰ ਨੂੰ ਹਾਲੇ ਤਿੰਨ ਮਹੀਨੇ ਹੀ ਹੋਏ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਅਣ-ਆਥੋਰਾਈਜ਼ਡ ਕਾਲੋਨੀਆਂ ਹਨ, ਉਸ ਦੇ ਵਿੱਚ ਵੱਡਾ ਕਾਰਨ ਇਹ ਹੈ ਕਿ ਕਿਸੇ ਵੀ ਸ਼ਹਿਰ ਦੀ ਮਾਸਟਰ ਪਲਾਨ ਨਹੀਂ ਬਣੀ ਹੋਈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਉਣ ਤੇ ਅਸੀਂ ਫੈਸਲਾ ਕੀਤਾ ਹੈ ਕਿ ਹਰ ਇੱਕ ਸ਼ਹਿਰ ਦੀ ਮਾਸਟਰ ਪਲਾਨ ਬਣੇਗੀ ਅਤੇ ਉਸ ਦੀ ਡਿਵੈਲਪਮੈਂਟ ਉਸੇ ਅਨੁਸਾਰ ਹੋਵੇਗੀ ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** Thank you. ਅਗਲਾ ਸਵਾਲ ।

**ਸਰਦਾਰ ਮੱਖਣ ਸਿੰਘ :** ਮੇਰੀ ਇਕ ਸਪਲੀਮੈਂਟਰੀ ਹੋਰ ਰਹਿੰਦੀ ਹੈ ਜੀ ।

**ਮਾਨਯੋਗ ਸਪੀਕਰ :** ਇੰਨਾ ਲੰਬਾ ਨਾ ਲੈ ਕੇ ਜਾਇਓ ।

**ਸਰਦਾਰ ਮੱਖਣ ਸਿੰਘ :** ਮੈਂ ਤਾਂ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਈ ਵਾਰ ਇਹ ਸੋਚਿਆ ਜਾਂਦਾ ਹੈ ਕਿ ਮੈਂ ਗੌਰਮਿੰਟ ਤੇ ਅਟੈਕ ਕਰਨ ਲਈ ਸਵਾਲ ਕਰ ਰਿਹਾ ਹਾਂ । ਸਵਾਲ ਤਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਹੈ । ਮੈਂ ਬੇਨਤੀ ਕਰਦਾ ਹਾਂ ਕਿ 35 ਸਾਲ ਪਹਿਲਾਂ ਰਾਮਾ ਮੰਡੀ ਵਿੱਚ ਇੱਕ ਨੋਟੀਫਿਕੇਸ਼ਨ ਹੋਇਆ ਕਿ ਉਥੇ ਮਾਡਲ ਗਰਾਮ ਬਣਾਇਆ ਜਾਵੇਗਾ ਪਰ 35 ਸਾਲਾਂ ਵਿੱਚ ਕੋਈ ਕਾਰਵਾਈ ਨਹੀਂ ਹੋਈ । ਮੈਂ ਦਸ ਸਾਲ ਤੋਂ ਸਥਾਨਕ ਸਰਕਾਰ ਨਾਲ ਇਸ ਗੱਲ ਲਈ ਜ਼ਿੱਦ ਕਰ ਰਿਹਾ ਹਾਂ ਕਿ ਇਸ ਨੂੰ ਡੀਨੋਟੀਫਾਈ ਕਰੋ । ਉਹ ਕਹਿੰਦੇ ਹਨ ਕਿ ਸਾਡੇ ਕੋਲ ਨੋਟੀਫਿਕੇਸ਼ਨ ਦੀ ਕਾਪੀ ਨਹੀਂ ਹੈ । ਇਹ ਕਦੋਂ ਲੱਭ ਕੇ ਡੀਨੋਟੀਫਾਈ ਕਰਵਾਉਣਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਪ੍ਰਸ਼ਨ ਜਿਹੜਾ ਹੈ, ਇਹ ਜਨਰਲ ਇਨ੍ਹਾਂ ਨੇ ਪੁੱਛਿਆ ਸੀ । ਡੀਨੋਟੀਫਾਈ ਬਾਰੇ ਮੈਂ ਇਨ੍ਹਾਂ ਨੂੰ ਜਵਾਬ ਲਿਖ ਕੇ ਭਿਜਵਾ ਦੇਵਾਂਗਾ ।

**ਮਾਨਯੋਗ ਸਪੀਕਰ :** ਨੈਕਸਟ ਸਵਾਲ, ਸਰਦਾਰ ਜਗਬੀਰ ਸਿੰਘ ਬਰਾੜ ।

------------

## ਮਿਊਂਸਿਪਲ ਕਾਰਪੋਰੇਸ਼ਨ, ਜਲੰਧਰ ਵਿੱਚ ਪਿੰਡਾਂ ਨੂੰ ਸ਼ਾਮਿਲ ਕਰਨਾ

*92. **ਸਰਦਾਰ ਜਗਬੀਰ ਸਿੰਘ ਬਰਾੜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਢਿਲਵਾਂ, ਲੱਧੇਵਾਲੀ, ਬੜਿੰਗ ਅਤੇ ਚੋਹਕਾਂ ਪਿੰਡਾਂ ਨੂੰ ਮਿਊਂਸਿਪਲ ਕਾਰਪੋਰੇਸ਼ਨ, ਜਲੰਧਰ ਦੇ ਪ੍ਰਸ਼ਾਸਕੀ ਖੇਤਰ ਵਿੱਚ ਸ਼ਾਮਿਲ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਹੁਣ ਤੱਕ ਉਕਤ ਪਿੰਡਾਂ ਵਿੱਚ ਮੁਹੱਈਆ ਕੀਤੀਆਂ ਗਈਆਂ ਨਾਗਰਿਕ ਸਹੂਲਤਾਂ ਦੇ ਪਿੰਡ-ਵਾਰ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਨੋਰੰਜਨ ਕਾਲੀਆ** : ਹਾਂ, ਸ਼੍ਰੀਮਾਨ ਜੀ, ਪਿੰਡ ਢਿਲਵਾਂ, ਲੱਧੇਵਾਲੀ, ਬੜਿੰਗ ਅਤੇ ਚੋਹਕਾਂ ਨਗਰ ਨਿਗਮ, ਜਲੰਧਰ, ਦੇ ਪ੍ਰਸ਼ਾਸਕੀ ਖੇਤਰ ਵਿੱਚ ਮਿਤੀ 16-4-1993, 4-8-1979, 4-8-1979 ਅਤੇ 16-4-1993 ਨੂੰ ਕ੍ਰਮਵਾਰ ਸ਼ਾਮਲ ਹੋ ਚੁੱਕੇ ਹਨ। ਪਿੰਡ ਢਿਲਵਾਂ ਵਿੱਚ 95%, ਲੱਧੇਵਾਲੀ ਵਿੱਚ 95%, ਬੜਿੰਗ ਵਿੱਚ 95% ਅਤੇ ਚੋਹਕਾਂ ਵਿੱਚ 90% ਪਾਣੀ ਦੀ ਸੁਵਿਧਾ ਦਿੱਤੀ ਜਾ ਚੁੱਕੀ ਹੈ। ਸੀਵਰੇਜ ਸੁਵਿਧਾ ਸਿਰਫ ਪਿੰਡ ਲੱਧੇਵਾਲੀ ਵਿੱਚ 90% ਦਿੱਤੀ ਜਾ ਚੁੱਕੀ ਹੈ। ਉਪਰੋਕਤ ਸਾਰੇ ਪਿੰਡਾਂ ਵਿੱਚ ਸਟਰੀਟ ਲਾਈਟ 100% ਲਗਵਾਈ ਜਾ ਚੁੱਕੀ ਹੈ। ਇਸ ਵੇਲੇ 80-90% ਸੜਕਾਂ/ਗਲੀਆਂ ਦੀ ਉਸਾਰੀ ਇਨ੍ਹਾਂ ਪਿੰਡਾਂ ਵਿੱਚ ਹੋ ਚੁੱਕੀ ਹੈ ਅਤੇ 80-90% ਪੁਰਾਣਾ ਨਿਕਾਸੀ ਸਿਸਟਮ ਇਨ੍ਹਾਂ ਪਿੰਡਾਂ ਵਿੱਚ ਮੌਜੂਦ ਹੈ।

**ਸਰਦਾਰ ਜਗਬੀਰ ਸਿੰਘ ਬਰਾੜ** : ਮਾਨਯੋਗ ਸਪੀਕਰ ਸਾਹਿਬ, ਦੋ ਪਿੰਡ 1979 ਵਿੱਚ ਮਿਊਂਸਿਪਲ ਕਾਰਪੋਰੇਸ਼ਨ ਵਿੱਚ ਲਏ ਗਏ ਸੀ ਅਤੇ ਦੋ ਪਿੰਡ 1993 ਵਿੱਚ ਲਏ ਗਏ। 25-25 ਸਾਲ ਹੋ ਗਏ ਅਤੇ ਅਜੇ ਤੱਕ 95 ਪ੍ਰਤੀਸ਼ਤ ਪੀਣ ਵਾਲਾ ਪਾਣੀ ਦਿੱਤਾ ਗਿਆ ਹੈ। ਤਿੰਨ ਪਿੰਡ ਐਸੇ ਹਨ ਜਿਥੇ ਜ਼ੀਰੋ ਪ੍ਰਤੀਸ਼ਤ ਸੀਵਰੇਜ ਸੁਵਿਧਾ ਦਿੱਤੀ ਗਈ ਹੈ। ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਜ਼ੀਰੋ ਪ੍ਰਤੀਸ਼ਤ ਸੀਵਰੇਜ ਦੀ ਸੁਵਿਧਾ ਦਿੱਤੀ ਗਈ ਹੈ, ਉਥੇ ਕਦੋਂ ਤੱਕ ਸੀਵਰੇਜ ਪਾਉਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਧਿਆਨ ਨਹੀਂ ਦਿੱਤਾ। ਹੁਣ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ, ਅਸੀਂ ਸੋਚਿਆ ਹੈ ਕਿ ਸਿਵਿਕ ਅਮੈਨਟੀਜ਼ ਸਾਰੇ ਸ਼ਹਿਰਾਂ ਵਿੱਚ ਅਸੀਂ ਪੂਰੀਆਂ ਕਰੀਏ। ਇਸ ਲਈ ਐਸਾ ਉਪਰਾਲਾ ਕੀਤਾ ਗਿਆ ਹੈ। ਜਲੰਧਰ ਸ਼ਹਿਰ ਨੂੰ "ਅਰਬਨ ਇਨਫਰਾਸਟਰਕਚਰ ਡਿਵੈਲਪਮੈਂਟ ਸਕੀਮ ਫਾਰ ਮੀਡੀਅਮ ਐਂਡ ਸਮਾਲ ਟਾਊਨ ਸਕੀਮ" ਵਿੱਚ ਲਿਆ ਗਿਆ ਹੈ। ਉਥੇ 100 ਪ੍ਰਤੀਸ਼ਤ ਸਿਵਿਕ ਅਮੈਨਟੀਜ਼ ਪ੍ਰੋਵਾਈਡ ਕੀਤੀਆਂ ਜਾਣਗੀਆਂ। ਇਸ ਦੇ ਲਈ ਕੁਝ ਸਮਾਂ ਲੱਗੇਗਾ। ਇਸ ਦੇ ਲਈ ਡਿਟੇਲਡ ਪ੍ਰੋਜੈਕਟ ਬਣੇਗਾ। ਕੇਂਦਰ ਨਾਲ ਸਬੰਧਤ ਸਕੀਮਾਂ ਹਨ, ਜਿਸ ਵਿੱਚ 80 ਪ੍ਰਤੀਸ਼ਤ ਕੇਂਦਰ ਨੇ ਪਾਉਣਾ ਹੈ, 10 ਪ੍ਰਤੀਸ਼ਤ ਸਟੇਟ ਗੌਰਮਿੰਟ ਦੀ ਕੰਟਰੀਬਿਊਸ਼ਨ ਅਤੇ 10 ਪ੍ਰਤੀਸ਼ਤ ਮਿਊਂਸਿਪਲ ਕਾਰਪੋਰੇਸ਼ਨ ਨੇ ਕੰਟਰੀਬਿਊਟ ਕਰਨਾ ਹੈ। ਇਸ ਸਕੀਮ ਦੇ ਤਹਿਤ ਲਿਆ ਕੇ ਸ਼ਤ ਪ੍ਰਤੀਸ਼ਤ ਸਾਰੀਆਂ ਸਿਵਿਕ ਅਮੈਨਟੀਜ਼ ਪ੍ਰੋਵਾਈਡ ਕੀਤੀਆਂ ਜਾਣਗੀਆਂ।

-----------

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਮੋਗਾ ਵਿੱਚ ਬੋਦੇ-ਨਿਹਾਲ ਸਿੰਘ ਵਾਲਾ ਲਿੰਕ ਸੜਕ ਨੂੰ ਚੌੜਾ ਕਰਨਾ

***93. ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮੋਗਾ ਵਿੱਚ ਬੋਦੇ-ਨਿਹਾਲ ਸਿੰਘ ਵਾਲਾ ਲਿੰਕ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਚੌੜਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਨਹੀਂ ਜੀ ।

**ਸਰਦਾਰ ਅਜੀਤ ਸਿੰਘ ਸ਼ਾਂਤ** : ਸਪੀਕਰ ਸਾਹਿਬ, ਮੰਤਰੀ ਜੀ ਦਾ ਜਵਾਬ ਆਇਆ ਹੈ 'ਨਹੀਂ ਜੀ' । ਇਹ ਕਲਿਆਣਕਾਰੀ ਸਰਕਾਰਾਂ ਦਾ ਜਵਾਬ ਨਹੀਂ ਹੁੰਦਾ ਕਿ ਉਸ ਕੋਲ ਤਜਵੀਜ਼ ਨਾ ਹੋਵੇ । ਮੈਂ ਬੇਨਤੀ ਕਰਨੀ ਚਾਹਾਂਗਾ.....................।

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ । ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ ।

------------

WRITTEN ANSWER TO STARRED QUESTION LAID ON THE TABLE OF THE HOUSE UNDER RULE 38

## ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਵਿੱਚ ਟਿਊਬਵੈੱਲਾਂ ਦੀ ਗਿਣਤੀ

***112. ਸਰਦਾਰ ਰਮਿੰਦਰ ਸਿੰਘ ਬੁਲਾਰੀਆ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਲਗਾਏ ਗਏ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਚਾਲੂ ਹਾਲਤ ਵਿੱਚ ਨਾ ਹੋਣ ਵਾਲਿਆਂ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਚਾਲੂ ਕੀਤੇ ਜ਼ਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : ਸ਼੍ਰੀਮਾਨ ਜੀ, ਨਗਰ ਨਿਗਮ, ਅੰਮ੍ਰਿਤਸਰ ਵਿੱਚ ਇਸ ਸਮੇਂ 278 ਟਿਊਬਵੈੱਲ ਸਾਫ਼-ਸੁਥਰੇ ਪੀਣ ਵਾਲੇ ਪਾਣੀ ਦੀ ਸਪਲਾਈ ਕਰ ਰਹੇ ਹਨ । ਇਨ੍ਹਾਂ ਤੋਂ ਇਲਾਵਾ 15 ਨੰਬਰ ਟਿਊਬਵੈੱਲ ਇਸ ਸਮੇਂ ਬਿਲਕੁਲ ਤਿਆਰ

Original with;
Punjab Vidhan Sabha
Digitized by;
Panjab Digital Library

ਹਾਲਤ ਵਿੱਚ ਹਨ ਪਰ ਬਿਜਲੀ ਦਾ ਕੁਨੈਕਸ਼ਨ ਨਾ ਮਿਲਣ ਕਰਕੇ ਉਨ੍ਹਾਂ ਤੋਂ ਪਾਣੀ ਦੀ ਸਪਲਾਈ ਨਹੀਂ ਦਿੱਤੀ ਜਾ ਰਹੀ ਹੈ । ਇਹ 15 ਟਿਊਬਵੈਲ ਇਕ ਮਹੀਨੇ ਦੇ ਅੰਦਰ-ਅੰਦਰ ਚਾਲੂ ਹਾਲਤ ਵਿੱਚ ਹੋ ਜਾਣਗੇ ।

-------------

UNSTARRED QUESTIONS AND ANSWERS

**ਸਰਦੂਲਗੜ੍ਹ ਵਿੱਚ ਪਬਲਿਕ-ਮੈੱਨ ਨੂੰ ਮੁਹੱਈਆ ਕੀਤੀ ਗਈ ਸੁਰੱਖਿਆ**

16. **ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਪਬਲਿਕ ਮੈੱਨ ਦੇ ਨਾਂ ਕੀ ਹਨ ਜਿਨ੍ਹਾਂ ਨੂੰ ਸਰਦੂਲਗੜ੍ਹ ਸਬ-ਡਿਵੀਜ਼ਨ ਵਿੱਚ ਸਰਕਾਰੀ ਸੁਰੱਖਿਆ ਮੁਹੱਈਆ ਕੀਤੀ ਗਈ ਹੈ ਅਤੇ ਇਸ ਦੇ ਕਾਰਨ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ :-

**ਸੂਚਨਾ**

**ਉਨ੍ਹਾਂ ਪਬਲਿਕ ਵਿਅਕਤੀਆਂ ਦੇ ਵੇਰਵੇ ਜਿਨ੍ਹਾਂ ਨੂੰ ਸਰਦੂਲਗੜ੍ਹ ਸਬ-ਡਿਵੀਜ਼ਨ ਵਿੱਚ ਸਕਿਉਰਟੀ ਦਿੱਤੀ ਹੋਈ ਹੈ :-**

| ਲੜੀ ਨੰ: | ਨਾਮ | ਲਗਾਈ ਗਈ ਫੋਰਸ | ਕਥਨ |
|---|---|---|---|
| 1. | ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਅਜੀਤ ਸਿੰਘ ਵਾਸੀ ਬੰਨਾਵਾਲੀ, ਜ਼ਿਲ੍ਹਾ ਮਾਨਸਾ (ਜ਼ਿਲ੍ਹਾ ਪ੍ਰਧਾਨ, ਯੂਥ ਅਕਾਲੀ ਦਲ, ਮਾਨਸਾ) | 1 | ਪੈਂਡਿੰਗ ਥਰੈਟ ਪਰਸ਼ੇਪਸ਼ਨ ਰਿਪੋਰਟ ਇਹ ਸਕਿਉਰਟੀ ਦਿੱਤੀ ਗਈ ਹੈ । |
| 2. | ਸ਼੍ਰੀ ਗੁਰਸੇਵਕ ਸਿੰਘ ਪੁੱਤਰ ਸ਼੍ਰੀ ਦਰਬਾਰਾ ਸਿੰਘ ਵਾਸੀ ਝੁਨੀਰ, ਜ਼ਿਲ੍ਹਾ ਮਾਨਸਾ (ਜਨਰਲ ਸਕੱਤਰ, ਯੂਥ ਅਕਾਲੀ ਦਲ, ਮਾਨਸਾ) | 1 | -ਉਹੀ- |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਲੜੀ ਨੰ: | ਨਾਮ | ਲਗਾਈ ਗਈ ਫੋਰਸ | ਕਥਨ |
|---|---|---|---|
| 3. | ਸ਼੍ਰੀ ਬਲਵਿੰਦਰ ਸਿੰਘ ਭੂੰਦੜ, ਸਾਬਕਾ ਮੰਤਰੀ, ਪੰਜਾਬ | ਪੀ.ਐਸ.ਓ., ਐਸਕੋਰਟ ਅਤੇ ਰਿਹਾਇਸ਼ੀ ਗਾਰਡ ਡਿਊਟੀ ਲਈ ਇੱਕ ਮੁੱਖ ਸਿਪਾਹੀ, 8 ਸਿਪਾਹੀ । ਇੱਕ ਜਿਪਸੀ ਐਸਕਾਰਟ ਡਿਊਟੀ ਲਈ | ਖਤਰੇ ਦੀਆਂ ਰਿਪੋਰਟਾਂ ਦੇ ਆਧਾਰ 'ਤੇ |
| 4. | ਸ਼੍ਰੀ ਅਜੀਤ ਇੰਦਰ ਸਿੰਘ ਮੋਫ਼ਰ, ਐਮ.ਐਲ.ਏ., ਸਰਦੂਲਗੜ੍ਹ | 4 ਪੀ.ਐਸ.ਓਜ਼ | ਨਾਰਮ ਮੁਤਾਬਿਕ |

## ਮੁਢਲੇ ਸਿਹਤ ਕੇਂਦਰ, ਢਿੱਲਵਾਂ ਨੂੰ ਅਪਗ੍ਰੇਡ ਕਰਨਾ

**20. ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੁਢਲੇ ਸਿਹਤ ਕੇਂਦਰ, ਢਿੱਲਵਾਂ ਨੂੰ ਸਮੂਹਿਕ ਸਿਹਤ ਕੇਂਦਰ ਵਜੋਂ ਅਪਗ੍ਰੇਡ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਨਹੀਂ, ਸ਼੍ਰੀਮਾਨ ਜੀ ।

----------

## ਰਾਜ ਵਿੱਚ ਦਰਜ ਕੀਤੇ ਗਏ ਕਤਲਾਂ ਆਦਿ ਦੇ ਕੇਸਾਂ ਦੀ ਗਿਣਤੀ

**21. ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਫ਼ਰਵਰੀ, 2007 ਤੋਂ ਕਤਲ, ਕਤਲ ਕਰਨ ਦੀ ਕੋਸ਼ਿਸ਼, ਬਲਾਤਕਾਰ, ਡਕੈਤੀ, ਚੋਰੀ, ਜ਼ਬਰਦਸਤੀ ਵਸੂਲੀ ਅਤੇ ਅਗਵਾ ਕਰਨ ਆਦਿ ਦੇ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਕਿੰਨੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

ਸੂਚਨਾ

ਪੰਜਾਬ ਰਾਜ ਵਿੱਚ ਮਿਤੀ 1-2-2007 ਤੋਂ 31-5-2007 ਤੱਕ ਦਰਜ ਕੀਤੇ ਗਏ ਕੇਸਾਂ ਦਾ ਵੇਰਵਾ ਹੇਠ ਅਨੁਸਾਰ ਹੈ ਜੀ :-

| ਦਰਜ ਮੁਕੱਦਮੇ | | 1-2-2007 ਤੋਂ 31-5-2007 |
|---|---|---|
| ਕਤਲ | .. | 255 |
| ਡਕੈਤੀ | .. | 8 |
| ਡਕੈਤੀ ਦੀ ਤਿਆਰੀ | .. | 15 |
| ਪਾੜ ਚੋਰੀਆਂ | .. | 846 |
| ਦੰਡ ਯੋਗ ਮਨੁੱਖਘਾਤ | .. | 51 |
| ਇਰਾਦਾ ਕਤਲ | .. | 282 |
| ਅਗਵਾ | .. | 151 |
| ਵਰਗਲਾਉਣਾ | .. | 101 |
| ਬਲਾਤਕਾਰ | .. | 156 |
| ਚੋਰੀਆਂ | .. | 1671 |
| ਖੋਹ | .. | 43 |
| ਅਮਾਨਤ ਵਿੱਚ ਖਿਆਨਤ | .. | 1001 |
| ਸਰਕਾਰੀ ਕਰਮਚਾਰੀ ਤੇ ਹਮਲਾ | .. | 137 |
| ਧਮਕੀ ਨਾਲ ਪੈਸਾ ਮੰਗਣਾ | .. | 12 |
| ਆਈ.ਪੀ.ਸੀ. ਦੀਆਂ ਹੋਰ ਧਾਰਾਵਾਂ | .. | 6583 |
| ਜੋੜ | .. | 11312 |

Original with;
Punjab Vidhan Sabha
Digitized by;
Panjab Digital Library

## ANNOUNCEMENT BY THE SPEAKER REG. PANEL OF CHAIRMEN

**ਮਾਨਯੋਗ ਸਪੀਕਰ** : ਹੁਣ ਅਗਲੀ ਆਈਟਮ । ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 13(1) ਅਧੀਨ ਮੈਂ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਦੇ ਪੈਨਲ ਲਈ ਨਾਮਜ਼ਦ ਕਰਦਾ ਹਾਂ :-

1. ਕੈਪਟਨ ਬਲਬੀਰ ਸਿੰਘ ਬਾਠ, ਐਮ.ਐਲ.ਏ.
2. ਸ਼੍ਰੀ ਸੁਰਜੀਤ ਕੁਮਾਰ ਜਿਆਨੀ, ਐਮ.ਐਲ.ਏ
3. ਸਰਦਾਰ ਅਵਤਾਰ ਸਿੰਘ ਬਰਾੜ, ਐਮ.ਐਲ.ਏ.
4. ਸਰਦਾਰ ਸੋਹਣ ਸਿੰਘ ਠੰਡਲ, ਐਮ.ਐਲ.ਏ.

ਹੁਣ ਸਕੱਤਰ ਸਾਹਿਬ ਅਨਾਊਂਸਮੈਂਟ ਕਰਨਗੇ ।

----------

## ANNOUNCEMENT BY THE SECRETARY

**ਸ਼੍ਰੀ ਸਕੱਤਰ** : ਮੈਂ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਪਹਿਲੇ ਸਮਾਗਮ ਦੌਰਾਨ ਪਾਸ ਕੀਤੇ ਬਿਲਾਂ, ਜਿਨ੍ਹਾਂ ਨੂੰ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. ਪੰਜਾਬ ਰਾਜ ਚੌਕਸੀ ਕਮਿਸ਼ਨ (ਮਨਸੂਖੀ ਬਿਲ, 2007)
2. ਪੰਜਾਬ ਨਮਿੱਤਣ ਬਿਲ, 2007
3. ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2007

----------

## MATTER RAISED DURING ZERO HOUR AND STATEMENT BY THE CHIEF MINISTER

**ਮਾਨਯੋਗ ਸਪੀਕਰ** : ਅਗਲੀ ਆਈਟਮ । ਧਿਆਨ ਦਿਵਾਊ ਨੋਟਿਸ । ਸ਼੍ਰੀ ਸੁਰਜੀਤ ਕੁਮਾਰ ਜਿਆਨੀ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਜ਼ੀਰੋ ਆਵਰ ਤੇ ਖੜ੍ਹੀ ਹਾਂ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਜਿਆਨੀ ਜੀ, ਬੈਠ ਜਾਓ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਬੜੇ ਹੀ ਦੁਖਦਾਈ ਹਾਲਾਤ ਵਿੱਚ ਮੈਂ ਦੋ ਮੁੱਦੇ ਅੱਜ ਉਠਾਉਣਾ ਚਾਹੁੰਦੀ ਹਾਂ ਜਿਨ੍ਹਾਂ ਦਾ ਸਿੱਧਾ ਸਬੰਧ ਸਾਡੇ ਇਸ ਬਜਟ ਨਾਲ ਹੈ । ਕੱਲ੍ਹ ਵੀ ਮੈਂ ਚਾਹੁੰਦੀ ਸੀ ਕਿ ਮੁੱਖ ਮੰਤਰੀ ਜੀ ਵਲੋਂ ਅਨਾਊਂਸਮੈਂਟ ਆਵੇ । ਚੰਗੀਆਂ ਸਰਕਾਰਾਂ ਲਈ ਅਤੇ ਅੱਛੀਆਂ ਆਪੋਜ਼ੀਸ਼ਨਾਂ ਲਈ ਇਹ ਗੱਲ ਅੱਛੀ ਹੁੰਦੀ ਹੈ ਕਿ ਜੇਕਰ ਬਰਾਬਰ ਦੀ ਆਪੋਜ਼ੀਸ਼ਨ ਖੜ੍ਹੀ ਹੈ ਤਾਂ ਉਨ੍ਹਾਂ ਨੂੰ ਜਵਾਬ ਦਿੱਤਾ ਜਾਵੇ ਪਰ ਤੁਸੀਂ ਸਾਨੂੰ ਟਾਈਮ ਨਹੀਂ ਦਿੱਤਾ । ਅਸੀਂ ਪੜ੍ਹੇ-ਲਿਖੇ ਫਾਈਨਾਂਸ ਮਨਿਸਟਰ ਦਾ ਭਾਸ਼ਣ ਸੁਣਨਾ ਚਾਹੁੰਦੇ ਸੀ ਕਿ ਉਹ ਕੀ ਲੈ ਕੇ ਆਏ ਹਨ । ਪਹਿਲਾ ਮੁੱਦਾ, ਆਟੇ-ਦਾਲ ਬਾਰੇ ਅਕਾਲੀ ਪਾਰਟੀ ਦੀ ਸਰਕਾਰ ਨੇ ਚੋਣ ਮੈਨੀਫੈਸਟੋ ਵਿੱਚ, ਜਿਹੜਾ ਸਾਡੇ ਕੋਲ ਵੀ ਪਿਆ ਹੈ ਤੇ ਇਨ੍ਹਾਂ ਕੋਲ ਵੀ ਪਿਆ ਹੈ, ਉਸ ਵਿੱਚ ਕਿਹਾ ਸੀ ਕਿ ਗਰੀਬਾਂ ਨੂੰ ਦੇਵਾਂਗੇ । ਲੇਕਿਨ ਸਰਕਾਰ ਬਣਨ ਤੋਂ ਬਾਅਦ ਬਹੁਤ ਵੱਡਾ ਲੋਕਾਂ ਨਾਲ ਧੋਖਾ ਹੋਇਆ ਹੈ । ਉਨ੍ਹਾਂ ਤੇ ਜਿਹੜੀ ਲਿਮਟ ਲਾਈ ਹੈ, ਉਸ ਬਾਰੇ ਬੇਨਤੀ ਅਸੀਂ ਕੀਤੀ ਸੀ ਕਿ ਇਸ ਨੂੰ ਵਧਾ ਕੇ 60,000 ਕਰ ਦਿਓ, ਪਰ ਅਜਿਹਾ ਨਹੀਂ ਕੀਤਾ ਗਿਆ । ਜਿਹੜੀ ਇਨ੍ਹਾਂ ਦੀ ਆਪਣੀ ਲਿਮਟ ਸੀ, ਉਸ ਤੋਂ ਵੀ ਅੰਕੜੇ ਘੱਟ ਹਨ । ਇੰਨੀ ਹਨੇਰ ਗਰਦੀ ਅਤੇ ਪੱਖ-ਪਾਤ ਹੋਇਆ ਹੈ । ਟੋਟਲੀ ਜਿਹੜਾ ਨਾਨ-ਅਕਾਲੀ ਅਤੇ ਬੀ.ਜੇ.ਪੀ. ਦਾ ਮਜ਼ਦੂਰ ਹੈ, ਉਸ ਨੂੰ ਬਾਹਰ ਰੱਖਿਆ ਗਿਆ ਹੈ । ਮੁੱਖ ਮੰਤਰੀ ਜੀ ਬੈਠੇ ਹਨ, ਕੀ ਇਹ ਇਸ ਸਬੰਧੀ ਅਨਾਊਂਸਮੈਂਟ ਕਰਨਗੇ ?

**ਮਾਨਯੋਗ ਸਪੀਕਰ** : ਬੀਬੀ ਜੀ, ਬਜਟ ਤੇ ਡਿਸਕਸ਼ਨ ਹੋਣੀ ਹੈ । ਇਸ ਗੱਲ ਨੂੰ ਉਸ ਵੇਲੇ ਰੇਜ਼ ਕੀਤਾ ਜਾ ਸਕਦਾ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮਾਨਯੋਗ ਸਪੀਕਰ ਸਾਹਿਬ, ਅਫ਼ਸੋਸ ਹੈ ਕਿ ਤੁਸੀਂ ਰੁਟੀਨ ਦੇ ਮੈਟਰਜ਼ ਵਾਂਗ ਹੀ ਲੈ ਲੈਂਦੇ ਹੋ । ਇਹ ਮਾਮਲਾ ਪੰਜਾਬ ਦੇ ਸਾਰੇ ਗਰੀਬਾਂ ਨਾਲ ਤਾਅਲੁਕ ਰੱਖਦਾ ਹੈ । ਬਜਟ ਤੋਂ ਪਹਿਲਾਂ ਸੀ.ਐਮ. ਸਾਹਿਬ ਨੂੰ ਅਨਾਊਂਸਮੈਂਟ ਕਰਨੀ ਚਾਹੀਦੀ ਸੀ । ਇਸ ਸਬੰਧੀ ਜੋ ਬਹਿਸ ਹੋਣੀ ਹੈ, ਮੈਂ ਚਾਹੁੰਦੀ ਹਾਂ ਕਿ ਸੀ.ਐਮ. ਸਾਹਿਬ ਉਸ ਤੋਂ ਪਹਿਲਾਂ ਹੀ ਅਨਾਊਂਸਮੈਂਟ ਕਰ ਦੇਣ ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ) : ਪੁਅਇੰਟ ਆਫ਼ ਆਰਡਰ, ਸਪੀਕਰ ਸਾਹਿਬ । (ਸ਼ੋਰ) ਸਪੀਕਰ ਸਾਹਿਬ, ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਬੀਬੀ ਜੀ ਨੇ ਆਟੇ-ਦਾਲ ਸਬੰਧੀ ਚੋਣ ਮੈਨੀਫੈਸਟੋ ਬਾਰੇ ਕਿਹਾ ਹੈ, ਅਸੀਂ ਇਹ ਸਭ ਕੁਝ ਕਰ ਰਹੇ ਹਾਂ । ਇਨ੍ਹਾਂ ਨੇ ਆਪਣੇ ਚੋਣ

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ]
ਮੈਨੀਫੈਸਟੋ ਵਿੱਚ ਪਿਛਲੀ ਵਾਰੀ ਜਿਮੀਂਦਾਰਾਂ ਨੂੰ ਬਿਜਲੀ ਤੁਰੰਤ ਮਾਫ਼ ਕਰਨ ਬਾਰੇ ਕਿਹਾ ਸੀ ਜੋ ਕਿ ਸਾਢੇ ਚਾਰ ਸਾਲ ਬਾਅਦ ਤੱਕ ਜਦੋਂ ਵੋਟਾਂ ਸਿਰ ਤੇ ਆ ਗਈਆਂ ਸਨ, ਉਦੋਂ ਕੀਤੀ ਸੀ । ਇਸ ਲਈ ਸਮਾਂ ਲੱਗ ਜਾਂਦਾ ਹੈ । (ਸ਼ੋਰ)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਸ ਦਾ ਮਤਲਬ ਮੇਰੇ ਭਰਾ ਨੂੰ ਗਰੀਬਾਂ ਨਾਲ ਹਮਦਰਦੀ ਨਹੀਂ ਹੈ । ਅਸੀਂ ਕਿਸਾਨਾਂ ਦੇ ਨਾਲ ਹਮਦਰਦੀ ਕੀਤੀ ਸੀ । ਉਨ੍ਹਾਂ ਨੂੰ 100-100 ਰੁਪਿਆ ਬੋਨਸ ਐਮ.ਐਸ.ਪੀ. ਦਿੱਤਾ ਸੀ । ਦੂਜਾ ਮਾਮਲਾ ਜਿਹੜਾ ਹੈ ਉਹ ਇਹ ਹੈ ਕਿ ਸੰਵਿਧਾਨਿਕ ਤੌਰ ਤੇ ਡਿਊਟੀ ਨਿਭਾਉਣਾ ਇੱਕ ਸਰਕਾਰ ਦਾ ਫਰਜ਼ ਹੈ । ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਪਿਛਲੇ ਸਮੇਂ ਵਿੱਚ ਇੱਕ ਬਹੁਤ ਮਾੜੀ ਘਟਨਾ ਵਾਪਰੀ ਹੈ ਜਿਸ ਸਬੰਧੀ ਸਾਰਿਆਂ ਨੂੰ ਸਾਥ ਦੇਣਾ ਚਾਹੀਦਾ ਹੈ............

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਜ਼ੀਰੋ ਆਵਰ ਦੇ ਵਿੱਚ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੁੰਦਾ । (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਜ਼ਿਆਦਾ ਸ਼ੋਰ ਕਾਰਨ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ ।)

**ਸਰਦਾਰ ਸਰਬਜੀਤ ਸਿੰਘ ਮੱਕੜ** : ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ ।

**ਮਾਨਯੋਗ ਸਪੀਕਰ** : ਹਾਂ ਜੀ, ਸਰਬਜੀਤ ਸਿੰਘ ਮੱਕੜ ਜੀ ।

**ਸਰਦਾਰ ਸਰਬਜੀਤ ਸਿੰਘ ਮੱਕੜ** : ** ** **

**ਮਾਨਯੋਗ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

(ਵਿਘਨ) (ਸ਼ੋਰ) (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਜ਼ਿਆਦਾ ਸ਼ੋਰ ਕਾਰਨ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ ।)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਇਕ ਪੁਆਇੰਟ ਆਫ਼ ਆਰਡਰ ਹੀ ਕੀਤਾ ਹੈ ਪਰ ਮੈਨੂੰ ਬੜਾ ਦੁਖ ਹੈ ਕਿ ਮੇਰੇ ਭਰਾ ਵਿੱਚੋਂ ਦੀ ਵਾਰ-ਵਾਰ ਪੁਆਇੰਟ ਆਫ਼ ਆਰਡਰ ਰੇਜ਼ ਕਰ ਰਹੇ ਹਨ । ਵਾਰ-ਵਾਰ ਵਿਘਨ ਪਾ ਰਹੇ ਹਨ। ਸਾਨੂੰ ਸਾਡੀ ਆਵਾਜ਼ ਬੁਲੰਦ ਕਰਨ ਤੋਂ ਕਿਉਂ ਰੋਕਿਆ ਜਾ ਰਿਹਾ ਹੈ ? ਮੈਂ ਦੱਸਣਾ ਚਾਹੁੰਦੀ ਹਾਂ ਕਿ ਕਿਸ ਤਰੀਕੇ ਨਾਲ ਵਿਚਾਰੇ ਪੰਜ ਦਲਿਤ ਮਾਰੇ ਗਏ । ਕਿੰਨੀ ਜ਼ਿਆਦਤੀ ਹੋ ਰਹੀ ਹੈ । ਸਾਡੀ ਪਾਰਟੀ ਦਾ ਡਿੰਪਾ ਹੈ, ਉਸ ਨਾਲ ਕੀ ਹੋ ਰਿਹਾ ਹੈ । ਉਸ ਦਾ ਕੀ ਹਾਲ ਕੀਤਾ ਹੈ । ਇਥੇ ਅਕਾਲੀਕਰਨ ਕੀਤਾ ਜਾ ਰਿਹਾ ਹੈ । ਇੱਕ ਹੋਰ ਮਾਮਲਾ ਹੈ, ਉਸ ਬਾਰੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਅੱਜ ਪ੍ਰੇਮੀਆਂ ਦੇ ਨਾਲ ਧੱਕਾ ਹੋ ਰਿਹਾ ਹੈ ਪਰ ਸਰਕਾਰ ਚੁੱਪ ਬੈਠੀ ਹੈ । ਇਕ ਜਿਹੜਾ ਇੰਸੀਡੈਂਟ ਵਾਪਰਿਆ ਹੈ, ਉਸ ਦੇ ਬਾਰੇ ਕਹਿਣਾ ਚਾਹੁੰਦੀ ਹਾਂ । ਅਸੀਂ ਸਾਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ । ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਿਆਂ ਨੂੰ ਪਤਾ ਹੈ ਕਿ ਗੁਰੂ ਸਾਹਿਬ ਨੇ ਮੁਆਫ਼ੀ ਨੂੰ ਸਭ ਤੋਂ ਵੱਡੀ ਗੱਲ ਦੱਸਿਆ ਹੈ । ਮੁਕਤਸਰ ਦੀ ਧਰਤੀ ਇਸ ਗੱਲ ਦੀ ਗਵਾਹ ਹੈ ਕਿ ਕਿਵੇਂ ਗੁਰੂ ਸਾਹਿਬ ਨੇ ਬੇਦਾਵਾ ਪਾੜ ਕੇ ਮੁਆਫ਼ ਕਰਨ ਦਾ ਰਸਤਾ ਸਾਨੂੰ ਦਿਖਾਇਆ ਹੈ ਪਰ ਇਥੇ ਕੁਝ ਸ਼ਖਸੀਅਤਾਂ ਹਨ ਜਿਹੜੀਆਂ ਕਿ ਪੰਜਾਬ ਦੀ ਅਮਨ ਸ਼ਾਂਤੀ ਭੰਗ ਕਰਨਾ ਚਾਹੁੰਦੀਆਂ ਹਨ। ਉਹ ਖਾਲਿਸਤਾਨ ਦੀ ਗੱਲ ਕਰਨਾ ਚਾਹੁੰਦੀਆਂ ਹਨ ਤੇ ਜਥੇਦਾਰੀ ਰਾਜ ਦੀ ਗੱਲ ਕਰਨਾ ਚਾਹੁੰਦੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਤਕੜੇ ਹੱਥੀਂ ਉਨ੍ਹਾਂ ਦੇ ਖਿਲਾਫ ਲੜਿਆ ਜਾਵੇ। ਜਿਹੜੇ ਕਾਂਗਰਸੀਆਂ ਖਿਲਾਫ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ ਅਤੇ ਕਾਂਗਰਸੀਆਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ, ਉਨ੍ਹਾਂ ਨੂੰ ਬੰਦ ਕਰਨ ਲਈ ਮੁੱਖ ਮੰਤਰੀ ਇਸ ਗੱਲ ਦੀ ਐਸ਼ੋਰੈਂਸ ਦੇਣ ਕਿ ਦੋਸ਼ੀ ਅਫ਼ਸਰਾਂ ਨੂੰ ਸਜ਼ਾ ਦੇਵਾਂਗੇ। ਜਿਹੜੇ ਅਫ਼ਸਰ ਜ਼ਿਆਦਤੀਆਂ ਕਰਦੇ ਹਨ, ਉਨ੍ਹਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ ਔਰ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕੀਤੀ ਜਾਵੇ ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਦੇ ਹਨ...

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ,

Original with;
Punjab Vidhan Sabha
Digitized by;
Punjab Digital Library

[ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ
ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ]
ਹਾਊਸ ਦੀ ਇਹ ਰਵਾਇਤ ਰਹੀ ਹੈ ਕਿ ਜੇ ਕੋਈ ਇੰਪਾਰਟੈਂਟ ਮਸਲਾ ਹੈ ਤਾਂ ਉਸ ਬਾਰੇ ਜ਼ੀਰੋ ਆਵਰ ਵਿੱਚ ਗੱਲ ਉਠਾਈ ਜਾ ਸਕਦੀ ਹੈ। ਇਹ ਵੀ ਕੋਈ ਇੱਕ ਇੰਪਾਰਟੈਂਟ ਮਸਲਾ ਲੈ ਲੈਣ ਪਰ ਇਹ ਤਾਂ ਭਾਸ਼ਣ ਹੀ ਦੇਣ ਲੱਗ ਪਏ ਹਨ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਸਾਰੀਆਂ ਪੱਖਪਾਤ ਵਾਲੀਆਂ ਗੱਲਾਂ ਅਸੀਂ ਚੱਲਣ ਨਹੀਂ ਦੇਵਾਂਗੇ। ਜੋ ਆਟੇ ਦਾਲ ਦੇ ਮਾਮਲੇ ਵਿੱਚ ਪੱਖਪਾਤ ਵਾਲੀ ਗੱਲ ਹੈ, ਉਸ ਦੇ ਲਈ ਅਸੀਂ ਨੰਗੇ ਪੇਟ ਗਰੀਬਾਂ ਨੂੰ ਇਥੇ ਖੜ੍ਹੇ ਕਰਾਂਗੇ। ਇੱਕ 10 ਮੈਂਬਰੀ ਕਮੇਟੀ ਵੀ ਖੜ੍ਹੀ ਹੋਵੇਗੀ (ਆਪੋਜ਼ੀਸ਼ਨ ਪਾਰਟੀ ਵਲੋਂ ਥੰਪਿੰਗ) ਅਸੀਂ ਮੰਗ ਕਰਦੇ ਹਾਂ ਕਿ ਇੱਕ 21 ਮੈਂਬਰੀ ਕਮੇਟੀ ਬਣਾਓ। ਜੇ ਤੁਹਾਡੀ ਸਰਕਾਰ ਫੇਲ੍ਹ ਹੋ ਗਈ ਹੈ ਤਾਂ ਕਾਂਗਰਸ ਪਾਰਟੀ ਤਾਂ ਫੇਲ੍ਹ ਨਹੀਂ ਹੋਈ। ਅਸੀਂ ਆਪਣੀ ਮੌਲਿਕ ਡਿਊਟੀ ਨਿਭਾਵਾਂਗੇ। ਅਗਲੀ ਗੱਲ ਹੈ ਕਿ ਰਾਣਾ ਸੋਢੀ ਜੀ ਕੋਲ ਇੱਕ ਅਖਬਾਰ ਪਿਆ ਹੈ, ਇਸ ਦੇ ਵਿੱਚ ਜਿਹੜੀ ਗੱਲ ਹੋਈ ਹੈ...

**ਮਾਨਯੋਗ ਸਪੀਕਰ** : ਬੀਬੀ ਜੀ, ਮੁੱਖ ਮੰਤਰੀ ਸਾਹਿਬ ਐਸ਼ੋਰੈਂਸ ਦੇਣ ਲੱਗੇ ਹਨ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਅਗਰ ਇਹ ਗੱਲ ਕਹਿ ਦੇਣ ਕਿ ਸਬੰਧਤ ਅਫ਼ਸਰਾਂ ਨੂੰ ਸਜ਼ਾ ਦੇਵਾਂਗੇ ਤਾਂ ਮੈਂ ਸੁਣਨ ਲਈ ਤਿਆਰ ਹਾਂ।

(ਇਕ ਅਵਾਜ਼ : ਆਪੇ ਹੀ ਗੱਲ ਕਹਿ ਕੇ ਆਪੇ ਹੀ ਨਿਰਣਾ ਦੇ ਰਹੇ ਹਨ।)

(ਇਕ ਹੋਰ ਅਵਾਜ਼ : ਬੀਬੀ ਜੀ ਥਰੈੱਟ ਕਰ ਰਹੇ ਹਨ।)

**ਮੁੱਖ ਮੰਤਰੀ** : ਬੀਬੀ ਜੀ ਨੇ ਇਥੇ ਦੋ-ਤਿੰਨ ਅਹਿਮ ਸਵਾਲ ਉਠਾਏ ਹਨ। ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਲੇਕਿਨ ਸਵਾਲ ਹੈ ਕਿ ਜਿਹੜੀ ਗੱਲ ਕਹਿਣੀ ਚਾਹੀਦੀ ਹੈ ਉਹ ਸਦਾਕਤ ਦੇ ਨਾਲ ਅਤੇ ਸੱਚਾਈ ਨਾਲ ਕਹਿਣੀ ਚਾਹੀਦੀ ਹੈ। ਪਹਿਲਾਂ ਤਾਂ ਤੁਹਾਨੂੰ ਇਸ ਸਰਕਾਰ ਨੂੰ ਵਧਾਈ ਦੇਣੀ ਚਾਹੀਦੀ ਹੈ ਕਿ ਇਨ੍ਹਾਂ ਨੇ ਗਰੀਬਾਂ ਨੂੰ ਧਿਆਨ ਵਿੱਚ ਰੱਖਿਆ ਹੈ। ਜਦੋਂ ਦਾ ਦੇਸ਼ ਆਜ਼ਾਦ ਹੋਇਆ ਹੈ, ਕੁੱਲੀ-ਗੁੱਲੀ ਦਾ ਪ੍ਰਬੰਧ ਕਰਨ ਦਾ ਆਪਾਂ ਨੇ ਯਤਨ ਕੀਤਾ ਹੈ (ਥੰਪਿੰਗ) ਲੇਕਿਨ ਗਰੀਬ ਜਿਹੜਾ ਹੈ, ਉਹ ਰੱਜ ਕੇ ਰੋਟੀ ਨਹੀਂ ਖਾ ਸਕਦਾ । (ਵਿਘਨ) ਤੁਹਾਨੂੰ ਕੀ ਤਕਲੀਫ ਹੈ ? ਮੇਰੀ ਅਰਜ਼ ਹੈ ਕਿ ਪੰਜਾਬ ਦੇ ਰਿਕਾਰਡ ਵਿੱਚ ਅਜ਼ਾਦੀ ਦੇ 60 ਸਾਲ ਦੇ ਸਮੇਂ

Original with;
Punjab Vidhan Sabha
Digitized by;
Panjab Digital Library

ਤੋਂ ਬਾਅਦ ਪਹਿਲੀ ਦਫ਼ਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਆ ਕੇ ਲੋਕਾਂ ਦੀ ਨਬਜ਼ ਤੇ ਹੱਥ ਰੱਖ ਕੇ ਇਹ ਫੈਸਲਾ ਕੀਤਾ ਹੈ ਕਿ ਗਰੀਬ ਵਰਗ ਦੇ ਲੋਕਾਂ ਨੂੰ 4/- ਰੁਪਏ ਕਿੱਲੋ ਆਟਾ/ਕਣਕ ਤੇ 20/- ਰੁਪਏ ਕਿੱਲੋ ਦਾਲ ਦੇਵਾਂਗੇ। (ਥੰਪਿੰਗ) ਸਪੀਕਰ ਸਾਹਿਬ, ਇਹ ਇੰਨਾ ਵੱਡਾ ਕੰਮ ਸੀ। ਪਹਿਲਾਂ ਤਾਂ ਮੈਂ ਐਲਾਨ ਕਰਦਾ ਹਾਂ ਕਿ ਇਹ ਜਿਹੜਾ ਪ੍ਰੋਗਰਾਮ ਹੈ, ਇਹ 15 ਅਗਸਤ ਤੋਂ ਸ਼ੁਰੂ ਹੋ ਜਾਵੇਗਾ। (ਥੰਪਿੰਗ) ਔਰ ਬੀਬੀ ਜੀ ਮੇਰੀ ਇੰਨੀ ਚਿੰਤਾ ਕਰਦੇ ਹਨ ਕਿ ਮੈਂ ਆਪ ਵੀ ਇਨ੍ਹਾਂ ਨੂੰ ਥਾਲੀ ਵਿੱਚ ਰੋਟੀ ਤੇ ਦਾਲ ਰੱਖ ਕੇ ਦੇਵਾਂਗਾਂ ਅਤੇ ਇਨ੍ਹਾਂ ਨੂੰ ਖਵਾਵਾਂਗਾ। ਭਾਵੇਂ ਇਨ੍ਹਾਂ ਦਾ ਇਹ ਹੱਕ ਨਹੀਂ ਬਣਦਾ। ਮੈਂ ਵੀ ਖਾਵਾਂਗਾ, ਆਪਾਂ ਦੋਵੇਂ ਰਲ ਕੇ ਖਾਵਾਂਗੇ ਤਾਂ ਕਿ ਆਪਾਂ ਪੰਜਾਬ ਵਲੋਂ ਦੱਸ ਸਕੀਏ ਸਾਰੇ ਹਿੰਦੁਸਤਾਨ ਨੂੰ ਕਿ ਅਸੀਂ ਸਾਂਝੇ ਤੌਰ ਤੇ ਗਰੀਬਾਂ ਦੇ ਹਾਮੀ ਹਾਂ। ਦੂਸਰੀ, ਮੈਂ ਇਹ ਗੱਲ ਕਰਦਾ ਹਾਂ ਤੇ ਨਾਲ ਹੀ ਅਰਜ਼ ਹੈ ਕਿ ਕਾਹਲ ਕੋਈ ਨਾ ਕਰੋ। ਆਪਾਂ ਕਿਹੜਾ ਜਾ ਕੇ ਵਾਹੀ ਕਰਨੀ ਹੈ। ਆਪਾਂ ਤਾਂ ਵਿਹਲੇ ਹਾਂ। ਸਾਨੂੰ ਤਾਂ ਫਿਰ ਵੀ ਅਜੇ ਕੰਮ ਹੈ ਪਰ ਤੁਸੀਂ ਤਾਂ ਜਮ੍ਹਾਂ ਹੀ ਵੇਹਲੇ ਹੋ । (ਹਾਸਾ) ਦੂਸਰਾ, ਇਨ੍ਹਾਂ ਨੇ ਕਿਹਾ ਹੈ ਕਿ ਘੱਟ ਲੋਕਾਂ ਨੂੰ ਫਾਇਦਾ ਹੋਵੇਗਾ। ਮੇਰਾ ਖਿਆਲ ਹੈ ਕਿ ਜੇਕਰ ਮੈਂ 100% ਨੂੰ ਵੀ ਦੇ ਦਿੰਦਾ ਤਾਂ ਬੀਬੀ ਜੀ ਨੇ ਆਖਣਾ ਸੀ ਕਿ 101 ਨੂੰ ਦਿਓ ਤੇ ਨਾਲ ਹਰਿਆਣੇ ਵਾਲਿਆਂ ਨੂੰ ਵੀ ਦਿਓ। ਇਹ ਆਪੋਜ਼ੀਸ਼ਨ ਦੀ ਆਦਤ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਵਿੱਚ ਤਕਰੀਬਨ 13.50 ਲੱਖ ਫੈਮਲੀਜ਼ ਆ ਗਈਆਂ ਹਨ ਔਰ ਤਕਰੀਬਨ ਵਨ ਥਰਡ ਆਫ਼ ਦੀ ਪਾਪੂਲੇਸ਼ਨ ਆਫ਼ ਪੰਜਾਬ ਨੂੰ ਇਹ ਦਿੱਤਾ ਜਾਣਾ ਹੈ। ਜੇ ਬੀਬੀ ਜੀ ਕਹਿੰਦੇ ਹਨ, ਮੈ ਇੱਕਲਾ ਜਿੰਮੇਂਵਾਰੀ ਨਹੀਂ ਲੈਂਦਾ। ਜੇਕਰ ਇਨ੍ਹਾਂ ਨੂੰ ਕੋਈ ਖਿਆਲ ਹੈ ਕਿ ਕਾਂਗਰਸ ਵਾਲੇ ਛੱਡ ਦਿੱਤੇ ਹਨ, ਇਹ ਬਿਲਕੁਲ ਗਲਤ ਹੈ, ਸਰਪੰਚ ਤਾਂ ਪਹਿਲਾਂ ਦੇ ਧੱਕੇ ਨਾਲ ਤੁਸੀਂ ਬਣਾਏ ਹਨ। ਉਨ੍ਹਾਂ ਨੇ ਤਸਦੀਕ ਕੀਤੀ ਹੈ। ਜੇਕਰ ਤੁਸੀਂ ਚਾਹੁੰਦੇ ਹੋ, ਪਰ ਮੈਂ ਨਹੀਂ ਚਾਹੁੰਦਾ ਕਿ ਡਿਲੇਅ ਹੋਵੇ ਤਾਂ ਅਸੀਂ ਦੁਬਾਰਾ ਰਿਵਿਊ ਕਰਵਾ ਲੈਂਦੇ ਹਾਂ। ਜੇਕਰ ਤੁਹਾਨੂੰ ਇਹ ਮਨਜ਼ੂਰ ਹੈ, ਤੁਸੀਂ ਜਿੰਮੇਂਵਾਰੀ ਨਾਲ ਕਹੋ ਕਿ ਕਾਂਗਰਸ ਪਾਰਟੀ ਚਾਹੁੰਦੀ ਹੈ ਕਿ ਦੁਬਾਰਾ ਰਿਵਿਊ ਕਰਵਾ ਲਓ। 2-2 ਬੰਦਿਆਂ ਦੀ ਕਮੇਟੀ ਹਰ ਬਲਾਕ ਵਿੱਚ ਬਣਾ ਦਿਆਂਗੇ। ਉਹ ਦੁਬਾਰਾ ਰਿਵਿਊ ਕਰ ਦੇਣਗੇ। ਸਾਨੂੰ ਕੀ ਇਤਰਾਜ਼ ਹੈ ਲੇਕਿਨ ਉਸ ਦੇ ਨਾਲ ਲੇਟ ਹੋ ਜਾਣਾ ਹੈ। ਫਿਰ ਸਾਨੂੰ ਨਾ ਕਿਹੋ ਕਿ ਹੁਣ ਅਸੀਂ ਪੀਪੇ ਖੜਕਾਵਾਂਗੇ। ਫਿਰ ਪੀਪੇ ਖੜਕਾਉਂਗੇ, ਕੀ ਫਾਇਦਾ। ਅਜੇ ਤਾਂ ਸ਼ੁਰੂਆਤ ਹੈ, ਹਾਲੇ ਅਸੀਂ ਸਰਕਾਰ ਸ਼ੁਰੂ ਕੀਤੀ ਹੈ। ਅਸੀਂ ਰਲ ਕੇ ਚੱਲੀਏ ਪੰਜਾਬ ਦਾ ਹਿੱਤ ਵੇਖੀਏ ਨਾ ਕਿ ਟੂ ਪਲੇ ਦਾ ਗੈਲਰੀ ਇਹ ਕੰਮ ਕਰੀਏ । ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਦੱਸੋ ਕਿ ਇਹ ਸਾਡੇ 10 ਇਸ਼ੂਜ ਹਨ ਤੇ ਮੈਂ ਉਨ੍ਹਾਂ ਦਸ ਇਸ਼ੂਜ਼ ਤੇ ਇੱਕ ਦਿਨ ਬਹਿਸ ਕਰਵਾ ਲੈਂਦਾ ਹਾਂ। ਇਹ ਵੈਂਡੇਟਾ ਵਗੈਰਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਿਥੋਂ ਪਤਾ ਨਹੀਂ ਅਖਬਾਰ ਵਿੱਚੋਂ ਪੜ੍ਹ ਲਿਆ। ਅਸੀਂ ਕਿਸ ਨਾਲ ਵੈਂਡੇਟਾ ਕੀਤਾ ਹੈ, ਕਿਸ ਨੂੰ ਅੰਦਰ ਕੀਤਾ ਹੈ ? ਕੀ ਕੋਈ ਕਾਂਗਰਸੀ ਪੰਜਾਬ ਵਿੱਚ ਅੱਜ ਅੰਦਰ ਹੈ ? ਐਵੇਂ ਵੈਂਡੇਟਾ ਕਹੀ ਜਾਣਾ। ਮੈਂ ਮੌਕੇ ਤੇ ਜਵਾਬ ਦੇਵਾਂਗਾ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਲੀਡਰ ਆਫ ਦਿ ਹਾਊਸ ਬੋਲ ਰਹੇ ਹਨ । (ਵਿਘਨ) (ਸ਼ੋਰ)

**ਮੁੱਖ ਮੰਤਰੀ** : ਮੇਰੀ ਬੇਨਤੀ ਹੈ, ਸਪੀਕਰ ਸਾਹਿਬ, ਭਾਵੇਂ ਤੁਹਾਡੇ ਪ੍ਰੋਗਰਾਮ ਵਿੱਚ ਹੋਵੇ ਜਾਂ ਨਾ ਹੋਵੇ ਪਰ ਤੁਸੀਂ ਜ਼ਰੂਰ ਕਰ ਦੇਵੋ ਕਿ ਦੋ ਘੰਟੇ ਵੈਂਡੇਟਾ ਜਿਹੜਾ ਇਹ ਕਹਿੰਦੇ ਹਨ ਸਾਡੇ ਨਾਲ ਕੀ ਹੋਇਆ ਤੇ ਇਨ੍ਹਾਂ ਨਾਲ ਕੀ ਹੋਇਆ, ਇਸ ਤੇ ਬਹਿਸ ਹੋਵੇ। ਉਸ ਵਿੱਚ ਨਿਤਾਰਾ ਹੋ ਜਾਵੇਗਾ ਕਿ ਵੈਂਡੇਟਾ ਇਧਰੋਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਹੋਇਆ ਹੈ ਕਿ ਸਾਡੇ ਵਲੋਂ ਹੋਇਆ ਹੈ। ਹੋਰ ਭਾਵੇਂ ਦਾਲ ਰੋਟੀ ਤੇ ਬਹਿਸ ਕਰ ਲਓ ਜਾਂ ਕੋਈ ਹੋਰ ਵੀ ਮੁੱਦਾ, ਜਿਹੜਾ ਤੁਹਾਨੂੰ ਨਜ਼ਰ ਆਉਂਦਾ ਹੈ, ਉਸ ਤੇ ਬਹਿਸ ਕਰ ਲਵੋ। ਆਪਾਂ ਕੋਈ ਇੱਥੇ ਫੋਟੋ ਖਿਚਾਉਣ ਵਾਸਤੇ ਨਹੀਂ ਆਏ ਹਾਂ ਜਾਂ ਕਾਲੇ ਕਪੜੇ ਪਾਉਣ ਵਾਸਤੇ ਇਸ ਸਦਨ ਵਿੱਚ ਨਹੀਂ ਆਏ ਹਾਂ। ਆਪਾਂ ਰਵਾਇਤਾਂ ਗਲਤ ਨਾ ਪਾਈਏ। ਜੇਕਰ ਸਾਡੇ ਤੋਂ ਕਿਤੇ ਗਲਤੀ ਹੋ ਗਈ ਹੈ ਤਾਂ ਹੁਣ ਤੁਸੀਂ ਇਸ ਨੂੰ ਸੁਧਾਰੋ ਤਾਂ ਕਿ ਅਸੀਂ ਇਸ ਪਵਿੱਤਰ ਅਸੈਂਬਲੀ ਵਿੱਚ ਕੰਮ ਚੰਗੀ ਤਰ੍ਹਾਂ ਚਲਾ ਸਕੀਏ। ਹੋਰ ਵੀ ਬੀਬੀ ਜੀ, ਜੋ ਕੁਝ ਤੁਸੀਂ ਕਹਿਣਾ ਚਾਹੁੰਦੇ ਹੋ ਉਸ ਬਾਰੇ ਵੀ ਮੈਂ ਹੁਣੇ ਜਵਾਬ ਦੇ ਦੇਵਾਂਗਾ।

**ਮਾਨਯੋਗ ਸਪੀਕਰ** : ਸਰਦਾਰ ਲਾਲ ਸਿੰਘ ।

**ਸਰਦਾਰ ਲਾਲ ਸਿੰਘ** : ਸਪੀਕਰ ਸਾਹਿਬ, ** ** **

Mr. Speaker : This is no Point of Order. ਹਾਂ ਜੀ, ਬੀਬੀ ਜੀ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੇਰੀ ਗੱਲ ਦਾ, ਸਪੀਕਰ ਸਾਹਿਬ, ਜਵਾਬ ਨਹੀਂ ਆਇਆ। ਮੈਂ ਜਿਹੜੀ ਗੱਲ ਕਹੀ ਹੈ, ਅਸੀਂ ਬਿਲਕੁਲ ਨਹੀਂ ਚਾਹੁੰਦੇ ਕਿ 15 ਅਗਸਤ ਤੋਂ ਅੱਗੇ ਲਿਜਾਇਆ ਜਾਵੇ। ਅਸੀਂ ਤਾਂ ਇਹ ਕਹਿੰਦੇ ਹਾਂ ਕਿ ਇਹ ਬੜੇ ਤਜਰਬੇਕਾਰ ਹਨ ਸ਼ਾਇਦ ਚੌਥੀ ਵਾਰ ਜਾਂ ਪੰਜਵੀਂ ਵਾਰ ਇਹ ਮੁੱਖ ਮੰਤਰੀ ਬਣੇ ਹਨ,

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਉਮਰ ਕਰਕੇ ਵੀ ਇਨ੍ਹਾਂ ਦਾ ਲਿਹਾਜ਼ ਹੈ। ਅਸੀਂ ਸਾਰੇ ਸਤਿਕਾਰ ਕਰਦੇ ਹਾਂ । ਇਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕੋਈ ਲਿਮਟ ਨਹੀਂ ਲਾਈ ਪਰ ਹੁਣ ਸਰਵੇ ਕਰਨਾ ਪੈ ਰਿਹਾ ਹੈ। ਉਸ ਚੋਣ ਮੈਨੀਫੈਸਟੋ ਵਿੱਚ ਬਗੈਰ ਕਿਸੇ ਲਿਮਟ ਦੇ ਵੋਟਾਂ ਲੋਕਾਂ ਤੋਂ ਲਈਆਂ ਗਈਆਂ ਸਨ ਔਰ ਇਨ੍ਹਾਂ ਨੇ ਪਹਿਲਾਂ ਵਿਸਾਖੀ ਕਹੀ ਸੀ ਕਿ ਇਹ ਸਕੀਮ ਵਿਸਾਖੀ ਤੇ ਲਾਗੂ ਕਰਾਂਗੇ ਪਰ ਵਿਸਾਖੀ ਵੀ ਸੁੱਕੀ ਲੰਘ ਗਈ ਹੈ। ਹੁਣ 15 ਅਗਸਤ ਦਾ ਇਹ ਬਹਾਨਾ ਲੈਣਾ ਚਾਹੁੰਦੇ ਹਨ ਕਿ ਦੁਬਾਰਾ ਸਰਵੇ ਕਰ ਲਈਏ । ਤੁਹਾਨੂੰ ਤਿੰਨ ਮਹੀਨੇ ਮਿਲੇ ਸੀ ਸਰਵੇ ਕਰਨ ਵਾਸਤੇ ਪਰ ਅੱਜ ਤੁਸੀਂ ਕਹਿੰਦੇ ਹੋ ਕਿ ਅਸੀਂ ਕੋਈ ਬੰਦਾ ਛੱਡਿਆ ਨਹੀਂ । ਮੈਂ ਕਹਿੰਦੀ ਹਾਂ ਕਿ ਜਿੱਥੇ ਤੁਸੀਂ ਰਾਸ਼ਨ ਵੰਡੋਗੇ, ਉਥੇ ਅਸੀਂ ਲਾਈਨਾਂ ਦੀਆਂ ਲਾਈਨਾਂ ਖੜ੍ਹੀਆਂ ਕਰਾਂਗੇ ਕਿ ਜਿਹੜੇ ਟੋਟਲ ਕਾਂਗਰੇਸਮੈਨ ਹਨ, ਉਹ ਭੁੱਖੇ ਹਨ ਔਰ ਗਰੀਬ ਵੀ ਹਨ ਅਤੇ ਡਿਜ਼ਰਵ ਵੀ ਕਰਦੇ ਹਨ । ਹੁਣ ਮੈਂ ਇਨ੍ਹਾਂ ਨੂੰ ਸਿਰਫ ਇਹ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਉਨ੍ਹਾਂ ਵਾਸਤੇ ਆਮਦਨ ਦੀ ਰੱਖੀ ਲਿਮਟ ਹਟਾਉਣ ਦੀ ਅਨਾਊਸਮੈਂਟ ਕਰੋ ਜਿਸ ਤਰ੍ਹਾਂ ਕਿ ਤੁਸੀਂ ਆਪਣੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ।

ਦੂਜੀ ਗੱਲ ਹੈ, ਲਾਅ ਐਂਡ ਆਰਡਰ ਦੀ। ਕਿੰਨੇ ਹੀ ਕੇਸ ਮੈਂ ਇਨ੍ਹਾਂ ਦੇ ਸਾਹਮਣੇ ਰੱਖੇ ਹਨ । 101 ਕੇਸ ਪਏ ਹਨ ਜਿਥੇ ਸੰਵਿਧਾਨ ਦੇ ਮੁਤਾਬਿਕ ਕਾਰਵਾਈ ਹੋਣੀ ਚਾਹੀਦੀ ਹੈ । ਜਿਸ ਵੀ ਇਨਸਾਨ ਨੂੰ ਪਰਮਾਤਮਾ ਨੇ ਪੈਦਾ ਕੀਤਾ ਹੈ, ਉਸ ਦਾ ਹੱਕ ਹੈ ਕਿ ਉਹ ਹਰ ਹਾਲਤ ਵਿੱਚ ਖੁਸ਼ੀ ਗਮੀ ਵਿੱਚ ਆਪਣੀ ਜ਼ਿੰਦਗੀ ਬਸਰ ਕਰੇ ਲੇਕਿਨ ਸਾਡੇ ਰਾਜ ਵਿੱਚ ਇਨਸਾਨਾਂ ਤੇ ਬਹੁਤ ਜ਼ਿਆਦਾ ਜ਼ਿਆਦਤੀਆਂ ਹੋਈਆਂ ਹਨ । ਜੇਲ੍ਹਾਂ ਵਿੱਚ ਜ਼ਿਆਦਤੀਆਂ ਹੋਈਆਂ ਹਨ ਅਤੇ ਥਾਣਿਆਂ ਵਿੱਚ ਜ਼ਿਆਦਤੀਆਂ ਹੋਈਆਂ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਉਨ੍ਹਾਂ ਦੋਸ਼ੀ ਅਫ਼ਸਰਾਂ ਦੇ ਖਿਲਾਫ ਕਾਰਵਾਈ ਕਰਨਗੇ ? ਕੋਈ ਜੁਡੀਸ਼ੀਅਲ ਜਾਂ ਸੀ.ਬੀ.ਆਈ. ਇਨਕੁਆਇਰੀ ਕਰਵਾ ਕੇ ਦੋਸ਼ੀ ਅਫ਼ਸਰਾਂ ਨੂੰ ਸਜ਼ਾ ਦੇਣਗੇ? ਜੋ ਕੁਝ ਵੀ ਅੱਜ ਹੋ ਰਿਹਾ ਹੈ, ਉਹ ਠੀਕ ਨਹੀਂ ਹੋ ਰਿਹਾ। ਅੱਜ ਅੱਤਵਾਦੀ ਫਿਰ ਆਪਣੇ ਝੰਡੇ ਲਹਿਰਾ ਰਹੇ ਹਨ । ਕੀ ਪੰਜਾਬ ਵਿੱਚ ਅੱਜ ਉਨ੍ਹਾਂ ਦਾ ਰਾਜ ਹੈ ਜਾਂ ਅਕਾਲੀ ਦਲ ਅਤੇ ਬੀ.ਜੇ.ਪੀ. ਦਾ ਰਾਜ ਹੈ ? ਮੈਂ ਇਸ ਗੱਲ ਦਾ ਜਵਾਬ ਚਾਹੁੰਦੀ ਹਾਂ। ਰੋਟੀਆਂ ਤਾਂ ਸਾਰੇ ਛਕਣ ਨੂੰ ਤਿਆਰ ਹਨ, ਅਸੀਂ ਵੀ ਤਿਆਰ ਹਾਂ। ਇਹ ਗਰੀਬ ਆਦਮੀ ਦਾ ਹੱਕ ਬਣਦਾ ਹੈ ਅਤੇ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਮੈਂ ਚਾਹੁੰਦੀ ਹਾਂ ਕਿ ਇਨਕਮ ਦੀ ਇਹ ਲਿਮਟ ਹਟਾਈ ਜਾਵੇ ਅਤੇ ਜਿਸ ਤਰ੍ਹਾਂ ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿੱਚ ਕਿਹਾ ਸੀ, ਉਸੇ ਤਰ੍ਹਾਂ ਕੀਤਾ ਜਾਵੇ । ਇਸ ਤੋਂ ਇਲਾਵਾ ਇਸ ਨੂੰ 15 ਅਗਸਤ ਤੋਂ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਅੱਗੇ ਨਾ ਲਿਜਾਇਆ ਜਾਵੇ। ਇਹ ਸਾਰੇ ਗਰੀਬਾਂ ਦਾ ਸਵਾਲ ਹੈ। ਇਸ ਤੋਂ ਇਲਾਵਾ ਜੋ ਜ਼ਿਆਦਤੀਆਂ ਹੋਈਆਂ ਹਨ, ਉਨ੍ਹਾਂ ਦੀ ਇਨਕੁਆਇਰੀ ਕਰਵਾਈ ਜਾਵੇ ਅਤੇ ਜਿਹੜੀਆਂ ਖ਼ੁਦਕਸ਼ੀਆਂ ਹੋਈਆਂ ਹਨ, ਉਹ ਵੀ ਵੇਖਿਆ ਜਾਵੇ ਕਿ ਉਸ ਦੇ ਵਾਸਤੇ ਕੀ ਮਜਬੂਰੀ ਸੀ। ਮਜੀਠਾ ਵਿੱਚ ਜ਼ਿਆਦਤੀਆਂ ਹੋਈਆਂ ਹਨ ਅਤੇ ਅੰਮ੍ਰਿਤਸਰ ਵਿੱਚ ਵੀ ਜ਼ਿਆਦਤੀਆਂ ਹੋਈਆਂ ਹਨ। ਇਨ੍ਹਾਂ ਗੱਲਾਂ ਦਾ ਇਨ੍ਹਾਂ ਕੋਲ ਕੀ ਜਵਾਬ ਹੈ ? ਲੰਬੀ ਹਲਕਾ ਇਨ੍ਹਾਂ ਦਾ ਆਪਣਾ ਹਲਕਾ ਹੈ। ਉਥੇ ਵੀ ਜ਼ਿਆਦਤੀਆਂ ਹੋਈਆਂ ਹਨ। ਲੰਬੀ ਥਾਣੇ ਵਿੱਚ ਕਿਸੇ ਦਾ ਕੰਨ ਵੱਢਿਆ ਜਾਵੇ, ਕਿੰਨੀ ਬੁਰੀ ਗੱਲ ਹੈ। ਸਾਰੇ ਪੰਜਾਬ ਵਿੱਚ ਅੱਜ ਥਾਣਿਆਂ ਵਿੱਚ, ਪੁਲਿਸ ਸਟੇਸ਼ਨਾਂ ਵਿੱਚ ਜ਼ਿਆਦਤੀਆਂ ਹੋ ਰਹੀਆਂ ਹਨ। ਇਸ ਤੋਂ ਬੁਰੀ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਕੀ ਹੋ ਸਕਦੀ ਹੈ ? ਸੋ, ਮੈਂ ਚਾਹੁੰਦੀ ਹਾਂ ਕਿ ਇਹ ਦੋ ਗੱਲਾਂ ਦੀ ਅਨਾਊਂਸਮੈਂਟ ਕਰਨ। ਪਹਿਲੀ, ਪੁਲਿਸ ਜ਼ਿਆਦਤੀਆਂ ਦੇ ਕੇਸਾਂ ਵਿੱਚ ਦੋਸ਼ੀ ਅਫ਼ਸਰਾਂ ਨੂੰ ਸਜ਼ਾ ਅਤੇ ਦੂਸਰੀ, ਇਨਕਮ ਲਿਮਟ ਹਟਾਉਣ ਦੀ ਗੱਲ ਕਰਨ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੀਬੀ ਜੀ ਦਾ ਮੈਨੂੰ ਬੇਹੱਦ ਸਤਿਕਾਰ ਹੈ। ਸ਼ਾਇਦ ਮੇਰੇ ਸਾਹਮਣੇ ਬੈਠੇ ਭਰਾਵਾਂ ਨੂੰ ਇਨ੍ਹਾਂ ਦਾ ਇੰਨਾ ਸਤਿਕਾਰ ਨਾ ਹੋਵੇ ਜਿੰਨਾ ਮੈਨੂੰ ਹੈ । ਮੈਂ ਇਨ੍ਹਾਂ ਦਾ ਭੈਣ ਵਾਂਗ ਸਤਿਕਾਰ ਕਰਦਾ ਹਾਂ । ਇਨ੍ਹਾਂ ਨੇ ਇਥੇ ਦੋ ਹੀ ਗੱਲਾਂ ਆਖੀਆਂ ਹਨ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਕੋਈ ਗਲਤ ਗੱਲ ਕਹਿਣ ਦਾ ਆਦੀ ਨਹੀਂ ਹਾਂ । ਆਟਾ-ਦਾਲ ਸਕੀਮ 15 ਅਗਸਤ ਨੂੰ ਸ਼ੁਰੂ ਹੋ ਜਾਵੇਗੀ, ਇਹ ਗੱਲ ਮੈਂ ਜ਼ਿੰਮੇਵਾਰੀ ਨਾਲ ਹਾਊਸ ਵਿੱਚ ਆਖਦਾ ਹਾਂ। (ਥੰਪਿੰਗ) ਆਪਾਂ ਜ਼ਿਆਦਾ ਬਹਿਸ ਵਿੱਚ ਨਹੀਂ ਪੈਂਦੇ । ਇੰਨਾ ਮੈਂ ਜ਼ਰੂਰ ਕਹਾਂਗਾ ਕਿ ਜੇ ਕੋਈ ਲੋੜਵੰਦ ਇਸ ਸਕੀਮ ਵਿੱਚੋਂ ਬਾਹਰ ਰਹਿ ਗਿਆ ਤਾਂ ਉਸ ਨੂੰ ਵੀ ਇਸ ਵਿੱਚ ਸ਼ਾਮਲ ਕਰ ਲਵਾਂਗੇ ਅਤੇ ਜੇ ਕੋਈ ਗਲਤ ਆਦਮੀ ਇਸ ਦਾ ਫਾਇਦਾ ਲੈ ਗਿਆ ਤਾਂ ਉਸ ਦਾ ਨਾਂ ਕੱਟ ਦਿਆਂਗੇ। ਇਸ ਸਕੀਮ ਨੂੰ ਸਿਰੇ ਚੜ੍ਹਾਉਣ ਵਾਸਤੇ ਮੈਂ ਇਨ੍ਹਾਂ ਦਾ ਸਹਿਯੋਗ ਮੰਗਦਾ ਹਾਂ । ਗਰੀਬ ਸਾਡੇ ਸਾਰਿਆਂ ਦੇ ਸਾਂਝੇ ਹਨ ਅਤੇ ਉਨ੍ਹਾਂ ਦਾ ਭਲਾ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ । ਜਿਹੜੇ ਤੁਹਾਡੇ ਵਰਕਰ ਹਨ, ਉਨ੍ਹਾਂ ਨੂੰ ਕਹੋ ਕਿ ਇਸ ਸਕੀਮ ਨੂੰ ਕਾਮਯਾਬ ਕਰਨ ਵਿੱਚ ਉਹ ਸਾਡਾ ਸਾਥ ਦੇਣ। ਇਹ ਅਫਸੋਸ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਵੀ ਸਾਡੇ ਦੇਸ਼ ਵਿੱਚੋਂ ਗਰੀਬੀ ਮਿਟੀ ਨਹੀਂ ਹੈ।

ਜਿਹੜੀ ਦੂਸਰੀ ਗੱਲ ਹੈ ਕਿ ਲੋਕਾਂ ਤੇ ਗਲਤ ਕੇਸ ਬਣੇ ਹੋਏ ਹਨ ਜਾਂ ਵੈਨਡੈਟਾ ਨਾਲ ਕੇਸ ਬਣਾਏ ਗਏ ਹਨ, ਇਸ ਦੇ ਵਾਸਤੇ ਬੀਬੀ ਜੀ, ਆਪਾਂ ਇੱਕ ਦਿਨ

Original with;
Punjab Vidhan Sabha
Digitized by;
Panjab Digital Library

ਪੂਰਾ ਲਾਅ ਐਂਡ ਆਰਡਰ ਦੀ ਗੱਲ ਕਰਾਂਗੇ। ਉਸ ਦਿਨ ਆਪਾਂ ਦੋਵੇਂ ਹੀ ਇਹ ਗੱਲ ਕਰਾਂਗੇ। ਬਾਕੀ ਮੈਂ ਤੁਹਾਨੂੰ ਇੰਨਾ ਜ਼ਰੂਰ ਕਹਾਂਗਾ ਕਿ ਇਨ੍ਹਾਂ (ਕਾਂਗਰਸ ਪਾਰਟੀ ਦੇ ਕੁਝ ਮੈਂਬਰਾਂ ਵੱਲ ਇਸ਼ਾਰਾ) ਤੋਂ ਬਚੋ। ਮੈਂ ਤੁਹਾਡਾ ਹਮਦਰਦ ਹਾਂ, ਇਸੇ ਕਰਕੇ ਮੈਂ ਤੁਹਾਨੂੰ ਇਹ ਗੱਲ ਕਹਿੰਦਾ ਹਾਂ। ਅੱਗੇ ਅਮਰਿੰਦਰ ਸਿੰਘ ਦਾ ਸਾਰਾ ਪੁਆੜਾ ਇਨ੍ਹਾਂ ਨੇ ਹੀ ਪੁਆਇਆ ਹੈ। ਇਨ੍ਹਾਂ ਵਿੱਚੋਂ ਇੱਕ ਪਤਲਾ ਜਿਹਾ ਬਾਜਵਾ ਹੈ। ਜੇ ਉਹ (ਕੈਪਟਨ ਅਮਰਿੰਦਰ ਸਿੰਘ) ਸਿਆਣਾ ਬਿਆਣਾ ਬੰਦਾ ਹੁੰਦਾ ਤਾਂ ਇਨ੍ਹਾਂ ਦੀਆਂ ਗੱਲਾਂ ਵਿੱਚ ਨਾ ਆਉਂਦਾ। ਇਸ ਕਰਕੇ ਮੈਂ ਤੁਹਾਨੂੰ ਇਹ ਕਹਿੰਦਾ ਹਾਂ ਕਿ ਇਨ੍ਹਾਂ ਦੋ ਬੰਦਿਆਂ ਤੋਂ ਬਚ ਜਾਓ। ਇਨ੍ਹਾਂ ਕੋਲ ਕੋਈ ਛੂ-ਮੰਤਰ ਜ਼ਰੂਰ ਹੈ ਜਿਸ ਨਾਲ ਇਹ ਬੰਦੇ ਨੂੰ ਵੱਸ ਵਿੱਚ ਕਰ ਲੈਂਦੇ ਹਨ। ਇਹ ਦੂਰ ਹਟਣ ਦੀ ਬਜਾਏ ਮੱਲੋ ਮੱਲੀ ਤੁਹਾਡੇ ਨੇੜੇ ਆਉਣਗੇ (ਹਾਸਾ) ਸਿੱਧੇ ਅੱਗੇ ਆ ਕੇ ਜੇ ਇਨ੍ਹਾਂ ਦਾ ਕੰਮ ਨਾ ਬਣਿਆ ਤਾਂ ਇਹ ਕਿਸੇ ਹੋਰ ਨੂੰ ਤੁਹਾਡੇ ਕੋਲ ਭੇਜਣਗੇ। ਸੋ, ਇਹ ਜੋ ਕਹਿ ਰਹੇ ਹਨ ਕਿ ਗਲਤ ਕੇਸ ਬਣੇ ਹਨ, ਅਸੀਂ ਇਨ੍ਹਾਂ ਦੀ ਦੁਬਾਰਾ ਇਨਕੁਆਇਰੀ ਕਰਵਾ ਲਵਾਂਗੇ। ਇਨ੍ਹਾਂ ਨੇ ਕਿਹਾ ਹੈ ਕਿ ਕੰਨ ਵੱਢਿਆ ਹੈ। ਕੰਨ ਹੀ ਵੱਢਿਆ ਹੈ, ਕੋਈ ਗਲ ਤਾਂ ਨਹੀਂ ਵੱਢਿਆ। ਝਗੜੇ ਅਕਸਰ ਹੋ ਜਾਂਦੇ ਹਨ। ਇਕ ਨੇ ਦੂਸਰੇ ਦੀ ਉਂਗਲੀ ਖਾ ਲਈ ਅਤੇ ਦੂਸਰੇ ਨੇ ਉਸ ਦਾ ਕੰਨ ਵੱਢ ਲਿਆ। ਇਹ ਕਾਨੂੰਨੀ ਕਾਰਵਾਈ ਹੈ ਅਤੇ ਮੈਂ ਇਸ ਦੇ ਵਿੱਚ ਕੋਈ ਦਖਲ ਨਹੀਂ ਦਿੰਦਾ। ਇਨ੍ਹਾਂ ਨੇ ਕਿਹਾ ਹੈ ਕਿ ਲੰਬੀ ਮੇਰਾ ਆਪਣਾ ਥਾਣਾ ਹੈ। ਸੀ.ਐਮ. ਦਾ ਕੋਈ ਆਪਣਾ ਥਾਣਾ ਨਹੀਂ ਹੁੰਦਾ। ਉਸ ਦੇ ਵਾਸਤੇ ਸਾਰਾ ਪੰਜਾਬ ਇੱਕੋ ਜਿਹਾ ਹੁੰਦਾ ਹੈ। ਇਥੇ ਕਾਨੂੰਨ ਦਾ ਰਾਜ ਹੈ ਅਤੇ ਕਾਨੂੰਨ ਦਾ ਰਾਜ ਕਾਇਮ ਕਰਨਾ ਮੇਰੀ ਜ਼ਿੰਮੇਵਾਰੀ ਹੈ। ਇੱਥੇ ਨਾ ਕਿਸੇ ਬੇਗੁਨਾਹ ਨੂੰ ਫੜਿਆ ਜਾਵੇਗਾ ਅਤੇ ਨਾ ਕਿਸੇ ਗੁਨਾਹਗਾਰ ਨੂੰ ਬਖਸ਼ਿਆ ਜਾਵੇਗਾ।

ਔਰ ਇਸੇ ਦੇ ਵਿੱਚ ਸਭ ਤੋਂ ਵੱਧ ਤੁਸੀਂ ਮੇਰਾ ਸਾਥ ਦਿਓ । ਆਪੋਜ਼ੀਸ਼ਨ ਵਾਲੇ ਮੇਰਾ ਸਾਥ ਦੇਣ । ਜਿਥੇ ਮੈਂ ਕੋਈ ਗਲਤ ਗੱਲ ਕਰਾਂ ਤਾਂ ਤੁਸੀਂ ਆ ਕੇ ਮੇਰੀ ਬਾਂਹ ਫੜ ਲਓ ਕਿ ਤੁਸੀਂ ਆਹ ਗਲਤ ਕੀਤਾ ਹੈ ਪਰ ਤੁਸੀਂ ਤਾਂ ਮੇਰੇ ਕੋਲ ਨਹੀਂ ਆਉਣਾ, ਚਲੋ ਮੈਂ ਆ ਜਾਵਾਂਗਾ । ਮੈਨੂੰ ਤੁਸੀਂ ਦੱਸ ਦਿਓ ਕਿ ਇਹ ਗਲਤ ਹੋ ਰਿਹਾ ਹੈ । ਮੈਂ ਉਸ ਨੂੰ ਅਮੈਂਡ ਕਰ ਲਵਾਂਗਾ । ਸਾਡੀ ਆਦਤ ਹੀ ਨਹੀਂ ਕਿ ਅਸੀਂ ਸੀਨਾ ਪਰਵਰ ਹੋਈਏ। ਕੋਈ ਬਦਲਾਖੋਰੀ ਦਾ ਸਾਡਾ ਨਤੀਜਾ ਹੋਵੇ। ਜੇ ਬਦਲਾਖੋਰੀ ਹੁੰਦੀ ਤਾਂ ਜਿਵੇਂ ਸਾਨੂੰ ਛੜਿਆ ਸੀ, ਬਿਨਾਂ ਗੱਲ ਤੋਂ ਕਿ ਮੋਹਤਬਰ ਸੂਤਰਾਂ ਤੋਂ ਸੂਚਨਾ ਮਿਲੀ ਹੈ ਕਿ ਕੋਹਾੜ ਸਾਹਿਬ ਇੰਨੇ ਖਾ ਗਿਆ। ਮੋਹਤਬਰ ਸੂਤਰਾਂ ਤੋਂ ਇਤਲਾਹ ਮਿਲੀ ਹੈ ਕਿ ਕਾਹਲੋਂ ਸਾਹਿਬ ਕੋਲ ਇੰਨੀ ਜਾਇਦਾਦ ਹੈ । ਅੱਜ ਕੋਰਟ ਨੇ ਕੋਹਾੜ ਸਾਹਿਬ ਨੂੰ ਵੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਬਰੀ ਕੀਤਾ ਹੈ, ਕਾਹਲੋਂ ਸਾਹਿਬ ਨੂੰ ਵੀ ਬਰੀ ਕੀਤਾ ਹੈ । ਇਨ੍ਹਾਂ ਨੇ 5 ਸਾਲ ਇਨ੍ਹਾਂ ਨੂੰ ਰਗੜੇ ਲਾਏ ਹਨ। ਇਨ੍ਹਾਂ ਦੇ ਬੱਚਿਆਂ ਨੂੰ, ਬੱਚੀਆਂ ਨੂੰ ਪਰੇਸ਼ਾਨ ਕੀਤਾ ਗਿਆ । ਕੀ ਤੁਸੀਂ ਉਸ ਲਈ ਜ਼ਿੰਮੇਵਾਰ ਹੋਵੋਗੇ ? ਇਹੋ ਜਿਹੇ ਦਿਨ ਰੱਬ ਕਿਸੇ ਤੇ ਨਾ ਲਿਆਵੇ। ਸਾਨੂੰ ਇਹੋ ਜਿਹੀਆਂ ਪ੍ਰੰਪਰਾਵਾਂ ਬੰਦ ਕਰਨੀਆਂ ਚਾਹੀਦੀਆਂ ਹਨ । ਜਾਇਜ਼ ਤਰੀਕੇ ਦੇ ਨਾਲ ਮੈਂ ਦੱਸਾਂਗਾ, ਇਕ ਮੈਂਬਰ ਵੀ ਮੈਨੂੰ ਕਹਿ ਦੇਵੇ ਮੇਰੇ ਖਿਲਾਫ ਪੁਲੀਟੀਕਲ ਵੈਨਡੈਟੇ ਨਾਲ ਕੇਸ ਬਣਾਇਆ ਹੈ ਤਾਂ ਬੀਬੀ ਜੀ ਮੈਂ ਦੇਣਦਾਰ ਹੋਵਾਂਗਾ । ਮੈਂ ਤੁਹਾਨੂੰ ਐਸ਼ਿਓਰ ਕਰਦਾ ਹਾਂ ਕਿ ਕੋਈ ਵੈਨਡੈਟਾ ਨਹੀਂ ਹੋਵੇਗਾ। ਜੇਕਰ ਕੋਈ ਮਲੋਮਲੀ ਫਸਦਾ ਹੈ ਤਾਂ ਅਸੀਂ ਕੀ ਕਰੀਏ । ਫਸਣ ਵਾਲੇ ਕਈ ਬੈਠੇ ਹਨ, ਮੈਨੂੰ ਪਤਾ ਹੈ। ਲੇਕਿਨ ਮੈਂ ਬਹੁਤ ਠੰਡਾ ਚਲ ਰਿਹਾ ਹਾਂ । ਇਹ ਮੇਰੇ ਗਲ ਪੈਂਦੇ ਹਨ ਕਿ ਤੁਸੀ ਠੰਡਾ ਕਿਉਂ ਚਲ ਰਹੇ ਹੋ । ਮੈਂ ਕਹਿੰਦਾ ਹਾਂ ਕਿ ਮੈਂ ਕੋਈ ਗਲਤ ਕੰਮ ਨਹੀਂ ਕਰਨਾ । ਇਹ ਤੱਤਾ ਚਲੇ ਤਾਂ ਲੋਕਾਂ ਨੇ ਇਨ੍ਹਾਂ ਨੂੰ ਉਧਰ ਬਿਠਾ ਦਿੱਤਾ। ਇਹ ਤਾਂ ਕਿਸੇ ਹੋਰ ਦੀ ਮਿਹਰਬਾਨੀ ਹੋ ਗਈ ਕਿ ਇੰਨੇ ਕੁ ਆ ਗਏ। ਨਹੀਂ ਤਾਂ ਪਹਿਲੀ ਲਾਈਨ ਤੱਕ ਹੀ ਰਹਿੰਦੇ । ਮੈਂ ਇਨ੍ਹਾਂ ਨੂੰ ਵੀ ਕਹਿੰਦਾ ਹੁੰਦਾ ਹਾਂ ਕਿ ਸਿਆਸਤਦਾਨ ਉਹ ਹੁੰਦਾ ਹੈ ਜਿਹੜਾ ਦੁਸ਼ਮਣੀ ਘਟਾਏ। ਦੁਸ਼ਮਣ ਕਿਸੇ ਨੂੰ ਮੰਨੋ ਹੀ ਨਾ। ਆਪਾਂ ਤਾਂ ਮੰਗਤੇ ਹਾਂ । ਆਪਾਂ ਤਾਂ ਹਰ ਕੋਲ ਜਾਣਾ ਹੈ। ਇਸ ਲਈ ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਸੀਂ ਬਜਟ ਤੇ ਬਹਿਸ ਕਰੋ, ਸਾਨੂੰ ਸੁਝਾਅ ਦਿਓ, ਅਸੀਂ ਉਸ ਤੇ ਅਮਲ ਕਰੀਏ। ਨਾ ਕਿ ਕਾਲੇ ਕਪੜੇ ਪਾ ਕੇ ਇਥੇ ਬੈਠ ਜਾਈਏ। ਕੀ ਫਾਇਦਾ, ਇਸ ਗੱਲ ਦਾ ਕੋਈ ਲਾਭ ਨਹੀਂ। ਜੇਕਰ ਕਿਸੇ ਦੇ ਖਿਲਾਫ ਕੋਈ ਕੇਸ ਦਰਜ ਹੋਇਆ ਹੈ ਤਾਂ ਮੈਂ ਸਾਰੇ ਕੇਸਾਂ ਦਾ ਰਿਵਿਊ ਕਰ ਲਵਾਂਗਾ। ਜਿਹੜਾ ਜਲੰਧਰ ਦੇ ਵਿੱਚ ਹੋਇਆ ਹੈ ਉਸ ਬਾਰੇ ਮੈਨੂੰ ਬੜਾ ਭਾਰੀ ਅਫਸੋਸ ਹੈ। ਉਸੇ ਵੇਲੇ ਥਾਣੇਦਾਰ ਨੂੰ ਸਸਪੈਂਡ ਕੀਤਾ ਗਿਆ ਹੈ। ਮੈਂ ਐਸ.ਐਸ.ਪੀ. ਨੂੰ ਚਾਰ ਵਾਰ ਫੋਨ ਕੀਤਾ ਹੈ ਕਿ ਬੜੀ ਮਾੜੀ ਘਟਨਾ ਹੋਈ ਹੈ, ਇਸ ਤੇ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਮੈਨੂੰ ਵੀ ਇਸ ਦਾ ਬੜਾ ਭਾਰੀ ਦੁੱਖ ਹੈ, ਅਫਸੋਸ ਹੈ। ਇਹੋ ਜਿਹਾ ਕਦਮ ਅਚਾਨਕ ਹੋ ਜਾਂਦਾ ਹੈ। ਬੀਬੀ ਜੀ, ਤੁਸੀਂ ਵੀ ਮੁੱਖ ਮੰਤਰੀ ਰਹੇ ਹੋ। ਪਤਾ ਨਹੀਂ ਲਗਦਾ ਕਿੱਥੇ ਕੀ ਹੋ ਜਾਂਦਾ ਹੈ। ਸਾਨੂੰ ਕੀ ਪਤਾ ਕੱਲ੍ਹ ਨੂੰ ਕਿੱਥੇ ਕੀ ਹੋ ਜਾਣਾ ਹੈ। ਇਥੇ ਬੈਠੇ ਆਪਾਂ ਕੀ ਕਰ ਸਕਦੇ ਹਾਂ। ਪਰ ਸਵਾਲ ਹੈ ਕਿ ਗੁਨਾਹਗਾਰ ਨੂੰ ਛੱਡਿਆ ਨਾ ਜਾਵੇ । ਇਹ ਆਪਾਂ ਨੂੰ, ਸਾਰਿਆਂ ਨੂੰ ਕਰਨਾ ਚਾਹੀਦਾ ਹੈ । ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਦੋ ਗੱਲਾਂ ਆਖੀਆਂ ਹਨ, ਉਨ੍ਹਾਂ ਤੇ ਮੈਂ ਪੂਰਾ ਅਮਲ ਕਰਾਂਗਾ । ਅੱਗੇ ਨੂੰ ਵੀ ਜੇ ਆਖੋ ਤਾਂ ਉਸ ਉਤੇ ਵੀ ਅਮਲ ਕਰਾਂਗਾ । ਇਨ੍ਹਾਂ ਨੂੰ ਭਾਵੇਂ ਨਾਂਹ ਕਰ ਦੇਵਾਂ ਪਰ ਤੁਹਾਨੂੰ ਨਾਂਹ ਨਹੀਂ ਕਰਦਾ ।

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੇਰੀ ਗੱਲ ਦਾ ਜਵਾਬ ਨਹੀਂ ਮਿਲਿਆ ।

**ਮਾਨਯੋਗ ਸਪੀਕਰ** : ਬੱਸ ਜੀ, ਹੁਣ ਬਹੁਤ ਹੋ ਗਿਆ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਲੰਮੀ ਸਟੋਰੀ ਹੋਰ ਪਾਸੇ ਹੀ ਲੈ ਕੇ ਜਾਂਦੇ ਹਨ । ਮੇਰੀਆਂ ਗੱਲਾਂ ਦਾ ਕੋਈ ਜਵਾਬ ਹੀ ਇਨ੍ਹਾਂ ਨੇ ਨਹੀਂ ਦਿੱਤਾ ।...................

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਨੇ ਤੁਹਾਡੀਆਂ ਗੱਲਾਂ ਦਾ ਹੀ ਜਵਾਬ ਦਿੱਤਾ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਨ੍ਹਾਂ ਨੇ ਕਿਹਾ ਹੈ ਕਿ ਮੰਗ ਰੱਖੋ । ਇਨ੍ਹਾਂ ਨੇ ਕਿਹਾ ਹੈ ਕਿ ਕਾਲੇ ਕਪੜੇ ਪਾਏ, ਕਾਲੇ ਕਪੜੇ ਇਨ੍ਹਾਂ ਨੇ ਵੀ ਪਾਏ ਹਨ, ਅਸੀਂ ਵੀ ਪਾਏ ਹਨ । ਇਹ ਪਾਉਣੇ ਹੀ ਪੈਂਦੇ ਹਨ, ਇਹ ਗੱਲ ਸਾਰੇ ਜਾਣਦੇ ਹਨ । ਮੈਂ ਇਹ ਗੱਲ ਕਹਿ ਰਹੀ ਹਾਂ ਕਿ ਜਿਹੜੀ ਗੱਲ ਕਰਨੀ ਹੈ ਉਹ ਤਾਂ ਅਸੀਂ ਕਰਾਂਗੇ ਹੀ । ਮੇਰੇ ਦੋਸਤ ਬੈਠੇ ਹਨ । ਮੈਨੂੰ ਕਿਸੇ ਤੇ ਕੋਈ ਸ਼ੱਕ ਨਹੀਂ, ਡਰ ਨਹੀਂ । ਅਸੀਂ ਸਾਰੇ ਇਕੱਠੇ ਹਾਂ ਔਰ ਦੂਸਰੇ ਪਾਸੇ ਜਿਹੜੇ ਬਾਦਲ ਸਾਹਿਬ ਨੇ ਆਟੇ-ਦਾਲ ਤੇ ਇਹ ਕਿਹਾ ਹੈ ਕਿ ਇਹ ਲਿਮਟ ਹਟਾਈ ਜਾਏ । ਮੈਂ ਮੰਗ ਰੱਖੀ ਹੈ ਕਿ ਇਹ ਅੱਜ ਅਨਾਊਂਸਮੈਂਟ ਕਰਨ ਜਿਹੜਾ ਇਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕਿਹਾ ਹੈ ਕਿ ਉਹ ਲਿਮਟ ਹਟਾਈ ਜਾਵੇਗੀ, ਉਸਦਾ ਕੋਈ ਜਵਾਬ ਨਹੀਂ ਆਇਆ । ਹੁਣ ਇਹ ਕਦੇ ਆਪਣੀ ਗੱਲ ਮਹਾਰਾਜੇ ਵੱਲ ਲੈ ਜਾਂਦੇ ਹਨ । ਪਤਾ ਨਹੀਂ ਇਨ੍ਹਾਂ ਦਾ ਪੁਰਾਣਾ ਕੀ ਸਬੰਧ ਹੈ । ਉਹ ਇਨ੍ਹਾਂ ਦੇ ਵਿੱਚ ਹੀ ਰਹੇ ਹਨ । ਕਦੇ ਮਹਾਰਾਜਾ ਸਾਹਿਬ ਨੂੰ ਯਾਦ ਕਰਦੇ ਹਨ, ਕਦੇ ਬਾਜਵਾ ਸਾਹਿਬ ਨੂੰ। ਇਹ ਮੇਰੇ ਸਾਰੇ ਸਾਥੀ ਮੈਂਬਰ ਹਨ, ਮੈਨੂੰ ਇਨ੍ਹਾਂ ਸਾਰਿਆਂ ਤੇ ਯਕੀਨ ਹੈ । ਮੈਂ ਬਾਦਲ ਸਾਹਿਬ ਨੂੰ ਨਹੀਂ ਕਹਿੰਦੀ । ਪੰਜਾਬ ਦੀ ਇੱਕ ਪੁਰਾਣੀ ਅਖੌਤ ਹੈ, ਉਹ ਕਹਿੰਦੀ ਹਾਂ, ਮੈਨੂੰ ਬੜੇ ਹੱਥ ਲੱਗੇ ਹਨ । ਮੈਂ ਤਾਂ ਕਿਸੇ ਤੇ ਵਿਸ਼ਵਾਸ ਨਹੀਂ ਕਰਦੀ । ਬਗਲੇ ਦੇ ਡੱਡ ਪਕੜਣ ਵਾਲੀ ਗੱਲ ਵਾਂਗੂੰ, ਮੈਨੂੰ ਤਾਂ ਬਿਲਕੁਲ ਕਿਸੇ ਦੀ ਹਮਦਰਦੀ ਦੀ ਜ਼ਰੂਰਤ ਨਹੀਂ, ਨਾ ਕਿਸੇ ਦੇ ਪਿਆਰ ਦੀ ਲੋੜ ਹੈ, ਨਾ ਆਸ਼ੀਰਵਾਦ ਦੀ ਲੋੜ ਹੈ । ਇਹ ਸਰਕਾਰ ਚਲਾ ਰਹੇ ਹਨ, ਅਸੀਂ ਆਪੋਜ਼ੀਸ਼ਨ ਚਲਾ ਰਹੇ ਹਾਂ । ਅਸੀਂ ਚਾਹੁੰਦੇ ਹਾਂ ਕਿ ਤਿੰਨ ਮਹੀਨਿਆਂ ਵਿੱਚ ਜਿੰਨਾ ਅੰਨ੍ਹਾਗੁਰਦ ਹੋਇਆ, ਉਹ ਬੰਦ ਹੋਵੇ। ਇਹ ਕਹਿੰਦੇ ਹਨ ਕਿ ਮੇਰੇ ਧਿਆਨ ਵਿੱਚ ਲਿਆ ਦੇਣ। ਥੱਲੇ ਸਾਰੇ ਪਾਸੇ ਲੁੱਟ ਪਈ ਹੋਈ ਹੈ ।

Original with;
Punjab Vidhan Sabha
Digitized by;
Punjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]
ਉਨ੍ਹਾਂ ਤੇ ਕਿਸੇ ਤੇ ਕੋਈ ਐਕਸ਼ਨ ਨਹੀਂ ਹੋਇਆ । ਮੈਂ ਆਪਣੇ ਥਾਣੇ ਬਾਰੇ ਦਸਦੀ ਹਾਂ ਕਿ...............

**ਮਾਨਯੋਗ ਸਪੀਕਰ** : ਬੀਬੀ ਜੀ, ਤੁਹਾਨੂੰ ਟਾਈਮ ਮਿਲਣਾ ਹੈ, ਤੁਸੀਂ ਬਜਟ ਤੇ ਬੋਲਣਾ ਹੈ । ਉਸ ਵੇਲੇ ਜਿੰਨਾ ਮਰਜ਼ੀ ਬੋਲ ਲੈਣਾ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੇਰਾ ਆਟਾ ਦਾਲ ਦੀ ਲਿਮ਼ਟ ਤੇ ਸਵਾਲ ਹੈ, ਆਟ੍ਹਾ ਦਾਲ ਦੀ ਲਿਮਟ ਜਿਹੜੀ ਚੋਣ ਮੈਨੀਫੈਸਟੋ ਵਿੱਚ ਰੱਖੀ ਹੈ, ਉਹ ਹਟਾਈ ਜਾਵੇ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** (ਸ਼੍ਰੀ ਜਗਦੀਸ਼ ਸਾਹਨੀ) : ਸਪੀਕਰ ਸਾਹਿਬ, ਮਾਨਯੋਗ ਭੈਣ ਜੀ ਨੇ ਕਿਹਾ ਹੈ ਕਿ ਬਹੁਤ ਕੇਸ ਬਣੇ ਡਿੰਪਾ ਤੇ ਐਕਸ ਐਮ.ਐਲ.ਏ. ਤੇ ਤਸ਼ੱਦਦ ਹੋ ਰਿਹਾ ਹੈ । ਇਹ ਭੁੱਲ ਗਏ ਉਸ ਵੇਲੇ ਮੰਤਰੀ ਸਨ, ਡਿੰਪੇ ਨੇ ਲੋਕਾਂ ਤੇ ਬੜਾ ਤਸ਼ਦੱਦ ਕੀਤਾ। ਅੱਛੇ ਭਲੇ, ਕਹਿੰਦੇ ਕਹਾਉਂਦੇ ਲੋਕਾਂ ਤੇ ਡਿੰਪਾ ਦੇ ਕਹਿਣ ਤੇ ਚੋਰੀ ਦੇ ਪਰਚੇ ਪਾਏ ਗਏ । ਗੋਲੀ ਮਾਰੀ ਡਿੰਪਾ ਹੋਰਾਂ ਨੇ ਅਤੇ ਅੰਦਰ ਹੋਏ ਡਿੰਪੇ ਹੋਰੀਂ................ ਜੋ ਗੋਲੀ ਦੇ ਕੇਸ ਵਿੱਚ ਅੰਦਰ ਹੋਇਆ ਵਿਅਕਤੀ ਆਪਣੇ ਆਪ ਹੀ ਕੰਧ ਨਾਲ ਸਿਰ ਮਾਰੇ ਤਾਂ ਇਹ ਕਹਿੰਦੇ ਹਨ ਕਿ ਉਸ ਉਤੇ ਤਸ਼ੱਦਦ ਹੋਇਆ ਹੈ । ਇੱਕ ਉਹ ਵੀ ਵੇਲਾ ਸੀ ਜਦੋਂ ਡਿੰਪੇ ਦਾ ਅੰਮ੍ਰਿਤਸਰ ਤੋਂ ਲੈ ਕੇ ਜਲੰਧਰ ਤੱਕ ਡੰਕਾ ਵੱਜਦਾ ਹੁੰਦਾ ਸੀ । ਕੋਈ ਵੀ ਦੂਸਰਾ ਬੱਸ ਅਪਰੇਟਰ ਆਪਣੀ ਬੱਸ ਨਹੀਂ ਸੀ ਚਲਾ ਸਕਦਾ । ਉਸ ਵਕਤ ਜੋ ਵਧੀਕੀਆਂ ਡਿੰਪੇ ਨੇ ਕੀਤੀਆਂ, ਉਦੋਂ ਤਾਂ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਕੁਝ ਨਹੀਂ ਬੋਲੇ । ਅੱਜ ਕਹਿੰਦੇ ਹਨ ਕਿ ਡਿੰਪੇ ਨਾਲ ਧੱਕਾ ਹੋ ਰਿਹਾ ਹੈ । ਉਸ ਵੇਲੇ ਸਾਰੇ ਪੰਜਾਬ ਵਿੱਚ ਡਿੰਪੇ ਨੇ ਜੋ ਹਾਲਾਤ ਪੈਦਾ ਕੀਤੇ ਹੋਏ ਸਨ, ਹਰ ਥਾਂ ਤੇ ਡਿੰਪੇ ਦਾ ਹੱਥ ਹੁੰਦਾ ਸੀ, ਉਸ ਵਕਤ ਤਾਂ ਇਹ ਬਿਲਕੁਲ ਨਹੀਂ ਬੋਲੇ । ਉਸ ਨੇ ਹਰ ਪਾਸੇ ਲੁੱਟ-ਖਸੁੱਟ ਪਾਈ ਹੋਈ ਸੀ । ਅਜੇ ਤਾਂ ਉਸ ਦੇ ਸਾਰੇ ਕੇਸ ਖੁੱਲ੍ਹਣੇ ਹਨ । ਜੋ ਐਮ.ਐਲ.ਏ ਦੇ ਹੁੰਦਿਆਂ ਉਸ ਨੇ ਲੁੱਟ ਕੀਤੀ, ਕੀ ਤੁਸੀਂ ਚਾਹੁੰਦੇ ਹੋ ਕਿ ਹੁਣ ਉਹ ਕੇਸ ਨਾ ਖੁੱਲ੍ਹਣ ? ਜੇ ਕੇਸ ਖੁੱਲ੍ਹਦੇ ਹਨ ਤਾਂ ਤੁਸੀਂ ਕਹਿੰਦੇ ਹੋ ਕਿ ਵੈਨਡੈਟਾ ਹੈ ।

(ਇਸ ਸਮੇਂ ਰਾਣਾ ਗੁਰਮੀਤ ਸਿੰਘ ਸੋਢੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਅਗਲੀ ਆਈਟਮ ਕਾਲ ਅਟੈਂਸ਼ਨ ਨੋਟਿਸ ਹੈ । ਸ਼੍ਰੀ ਜਿਆਨੀ ਜੀ, ਤੁਸੀਂ ਆਪਣੀ ਕਾਲ ਅਟੈਂਸ਼ਨ ਪੜ੍ਹੋ ।

(ਇਸ ਸਮੇਂ ਸਰਦਾਰ ਅਵਤਾਰ ਸਿੰਘ ਬਰਾੜ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

**ਮਾਨਯੋਗ ਸਪੀਕਰ** : ਬਰਾੜ ਜੀ, ਤੁਸੀਂ ਬੈਠੋ । ਤੁਹਾਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ।

**ਸਰਦਾਰ ਅਵਤਾਰ ਸਿੰਘ ਬਰਾੜ** : ** **

**ਮਾਨਯੋਗ ਸਪੀਕਰ** : ਜੋ ਵੀ ਬਿਨਾਂ ਆਗਿਆ ਬੋਲਿਆ ਜਾ ਰਿਹਾ ਹੈ, ਬਿਲਕੁਲ ਰਿਕਾਰਡ ਨਾ ਕੀਤਾ ਜਾਵੇ ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਮਾਨਯੋਗ ਸਪੀਕਰ ਸਾਹਿਬ, ਮੈਂ ਕਾਲ ਅਟੈਂਸ਼ਨ ਪੜ੍ਹਨ ਤੋਂ ਪਹਿਲਾਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਕੱਲ੍ਹ ਜਦੋਂ ਆਪੋਜ਼ੀਸ਼ਨ ਦੇ ਸਾਰੇ ਮੈਂਬਰਾਂ ਨੇ ਕਾਲੇ ਕੱਪੜੇ ਪਾਏ ਹੋਏ ਸਨ ਤਾਂ ਬੀਬੀ ਜੀ ਨੇ ਲਾਲ ਕੱਪੜੇ ਕਿਉਂ ਪਾਏ ਹੋਏ ਸਨ ?

--------

## CALL ATTENTION NOTICE UNDER RULE 66

(ਕ੍ਰਮ ਨੰ: 1)

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਲੁਧਿਆਣਾ ਤੋਂ ਫੈਕਟਰੀਆਂ ਦਾ ਸਾਰਾ ਗੰਦਾ ਤੇ ਤੇਜ਼ਾਬੀ ਪਾਣੀ ਸਤਲੁਜ ਦਰਿਆ ਰਾਹੀਂ ਹਰੀਕੇ ਪੱਤਣ ਤੇ ਜਾਂਦਾ ਹੈ । ਲੁਧਿਆਣਾ ਦੇ ਬੁੱਢਾ ਨਾਲੇ ਦਾ ਵੀ ਅਤਿ ਗੰਦਾ ਪਾਣੀ ਦਰਿਆ ਰਾਹੀਂ ਉੱਥੇ ਹੀ ਜਾ ਰਿਹਾ ਹੈ । ਪੱਤਣ ਤੇ ਸਾਰਾ ਪਾਣੀ ਕਾਲੇ ਰੰਗ ਦਾ ਹੋ ਗਿਆ ਹੈ । ਮੱਛੀਆਂ ਮਰ ਰਹੀਆਂ ਹਨ । ਬਦਬੂ ਆ ਰਹੀ ਹੈ, ਪੱਤਣ ਤੇ ਬਹੁਤ ਹੀ ਸੁੰਦਰ ਪੰਛੀ ਜੋ ਬਹੁਤ ਹੀ ਦੂਰ-ਦੂਰ ਤੋਂ ਆ ਕੇ ਚਹਿਚਹਾਉਂਦੇ ਸਨ, ਉਨ੍ਹਾਂ ਦਾ ਆਉਣਾ ਬੰਦਾ ਹੋ ਗਿਆ ਹੈ । ਪੱਤਣ ਤੇ ਆਉਣ ਵਾਲੇ ਸੈਲਾਨੀਆਂ ਲਈ ਇਹ

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਰਜੀਤ ਕੁਮਾਰ ਜਿਆਨੀ]
ਬਹੁਰੰਗੇ ਪੰਛੀ ਖਿੱਚ ਦਾ ਕਾਰਨ ਬਣਦੇ ਸਨ ਪਰ ਹੁਣ ਪ੍ਰਦੂਸ਼ਿਤ ਪਾਣੀ ਹੋਣ ਕਰਕੇ ਨਾ ਪੰਛੀ ਅਤੇ ਨਾ ਹੀ ਸੈਲਾਨੀ ਸੈਰ ਲਈ ਆ ਰਹੇ ਹਨ । ਬਦਬੂਦਾਰ ਪਾਣੀ ਜ਼ਿਲ੍ਹਾ ਮੋਗਾ, ਮੁਕਤਸਰ, ਫਰੀਦਕੋਟ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਅਤੇ ਆਲੇ-ਦੁਆਲੇ ਦੇ ਵਸਨੀਕਾਂ ਦੀ ਸਿਹਤ ਲਈ ਭਾਰੀ ਖਤਰੇ ਦਾ ਕਾਰਨ ਬਣ ਗਿਆ ਹੈ ਤੇ ਕੋਈ ਵੀ ਭਿਆਨਕ ਬਿਮਾਰੀ ਫੈਲ ਸਕਦੀ ਹੈ । ਹਰੀਕੇ ਪੱਤਣ ਤੋਂ ਜੋ ਦੋ ਨਹਿਰਾਂ ਰਾਜਸਥਾਨ ਨੂੰ ਜਾਂਦੀਆਂ ਹਨ, ਉਨ੍ਹਾਂ ਵਿੱਚ ਇਹੋ ਪ੍ਰਦੂਸ਼ਿਤ ਪਾਣੀ ਜਾਂਦਾ ਹੈ ਜੋ ਸਿੰਚਾਈ ਲਈ ਵੀ ਨੁਕਸਾਨਦਾਇਕ ਹੈ ਤੇ ਪੀਣ ਲਈ ਬਹੁਤਾ ਹੀ ਮਾੜਾ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ** (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ........

(ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ । ਆਪੋਜ਼ੀਸ਼ਨ ਦੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਥਾਲੀਆਂ-ਚਮਚੇ ਖੜਕਾ ਰਹੇ ਸਨ ਅਤੇ ਸਦਨ ਵਿੱਚ ਭਾਰੀ ਸ਼ੋਰ-ਸ਼ਰਾਬਾ ਸੀ । ਮੰਤਰੀ ਜੀ ਵੱਲੋਂ ਪੜ੍ਹਿਆ ਜਾ ਰਿਹਾ ਜਵਾਬ ਬਿਲਕੁਲ ਵੀ ਸਾਫ ਸੁਣਾਈ ਨਹੀਂ ਸੀ ਦੇ ਰਿਹਾ ।)

--------------------

SHORT ADJOURNMENT OF THE HOUSE

**ਮਾਨਯੋਗ ਸਪੀਕਰ** : ਸਦਨ 12-30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ ।

*11-30 ਵਜੇ ਪੂਰਵ ਦੁਪਹਿਰ

(ਇਸ ਉਪ੍ਰੰਤ ਸਦਨ *12-30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ ।)

(The House re-assembled at 12.30 P.M.)

-------------------

Original with;
Punjab Vidhan Sabha
Digitized by;
Panjab Digital Library

## OBSERVATION BY THE SPEAKER REG. UNRULY BEHAVIOUR OF THE OPPOSITION

**ਮਾਨਯੋਗ ਸਪੀਕਰ** : ਹਾਊਸ ਦੇ ਬਹੁਤ ਹੀ ਸਤਿਕਾਰਯੋਗ ਮੈਂਬਰ ਸਾਹਿਬਾਨ, ਅੱਜ ਦੀ ਘਿਨਾਉਣੀ ਘਟਨਾ ਜਿਹੜੀ ਹੋਈ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਜਿੰਨੀ ਵੀ ਉਸਦੀ ਨਿੰਦਾ ਕੀਤੀ ਜਾਵੇ, ਥੋੜ੍ਹੀ ਹੈ, ਸ਼ਰਮਨਾਕ ਹੈ । ਇਹ ਹਾਊਸ ਬਹੁਤ ਲੰਬੀ ਘਾਲਣਾ ਤੋਂ ਬਾਅਦ, ਲੱਖਾਂ ਕੁਰਬਾਨੀਆਂ ਤੋਂ ਬਾਅਦ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਤੋਂ ਬਾਅਦ, ਹੋਂਦ ਵਿੱਚ ਆਇਆ ਹੈ । ਹਾਊਸ ਹੈ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਸਤੇ, ਹਾਊਸ ਹੈ ਪਵਿੱਤਰ ਅਤੇ ਵਧੀਆ ਵਿਚਾਰ ਦੇਣ ਵਾਸਤੇ, ਦਲੀਲਾਂ ਦੇਣ ਵਾਸਤੇ ਔਰ ਚੰਗੇ ਕਾਨੂੰਨ ਬਣਾਉਣ ਵਾਸਤੇ, ਵਧੀਆ ਔਰ ਚੰਗੇ ਸੁਝਾਓ ਦੇਣ ਵਾਸਤੇ ਹੈ । ਇਹ ਹਾਊਸ ਤਮਾਸ਼ਾ ਨਹੀਂ ਹੈ, ਜਿੰਨਾ ਅੱਜ ਤਮਾਸ਼ਾ ਬਣਾਇਆ ਗਿਆ ਹੈ । ਮੈਂ ਤਾਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਹਾਊਸ ਦੀਆਂ ਮਰਿਆਦਾਵਾਂ ਜਿਹੜੀਆਂ ਹਨ, ਉਹ ਬੜੀਆਂ ਸੂਝਵਾਨ ਸ਼ਖ਼ਸੀਅਤਾਂ ਨੇ ਬਣਾਈਆਂ ਹਨ, ਉਨ੍ਹਾਂ ਤੇ ਅਮਲ ਕਰਦੇ ਹੋਏ ਉਹ ਚੰਗੇ ਨਤੀਜਿਆਂ ਤੇ ਪਹੁੰਚੇ ਔਰ ਬਹੁਤ ਅਹਿਮ ਫੈਸਲੇ ਇਸ ਹਾਊਸ ਵਿੱਚ ਲਏ ਗਏ ਹਨ । ਇਸ ਹਾਊਸ ਦੇ ਇਤਿਹਾਸ ਵਿੱਚ ਜਿਸ ਢੰਗ ਨਾਲ ਅੱਜ ਜੋ ਕੀਤਾ ਗਿਆ ਹੈ, ਮੈਂ ਸਮਝਦਾ ਹਾਂ ਕਿ ਉਸ ਨਾਲ ਚੰਗੀ ਪਰੰਪਰਾ ਨਹੀਂ ਰਹਿਣ ਦਿੱਤੀ ਗਈ । ਇਸ ਹਾਊਸ ਦੀ ਸ਼ਾਨੋ-ਸ਼ੌਕਤ ਹੈ, ਇਸ ਹਾਊਸ ਦੀ ਜਿਹੜੀ ਸ਼ਕਤੀ ਹੈ, ਉਸ ਦਾ ਇਸਤੇਮਾਲ ਵੀ ਚੰਗੇ ਢੰਗ ਨਾਲ ਹੋਵੇ, ਤਾਂ ਹੀ ਚੰਗਾ ਲੱਗਦਾ ਹੈ ਪਰ ਜੇਕਰ ਇਸ ਹਾਊਸ ਦੀਆਂ ਮਰਿਆਦਾਵਾਂ ਦੀਆਂ ਧੱਜੀਆਂ ਉਡਾ ਦੇਣੀਆਂ ਹਨ, ਤਾਂ ਬਹੁਤ ਸ਼ਰਮਨਾਕ ਹੋਵੇਗਾ । ਮੇਰੇ ਕੋਲ ਸ਼ਕਤੀ ਹੈ, ਤੁਹਾਨੂੰ ਬਾਹਰ ਕਰਨ ਦੀ ਔਰ ਹੋਰ ਕਿਸਮ ਦੀ ਵੀ ਤਾਂ ਕਿ ਕੋਈ ਚੀਜ਼ ਅੰਦਰ ਨਾ ਆ ਸਕੇ, ਪਰ ਤੁਹਾਡੇ ਮਾਣ-ਸਤਿਕਾਰ, ਤੁਹਾਡੀ ਪ੍ਰਿਵਿਲੇਜ਼ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੇਖਦਿਆਂ, ਇਥੇ ਤੁਹਾਡੀ ਗੱਲ ਅਸੀਂ ਕਰਦੇ ਹਾਂ ਕਿ ਤੁਹਾਡੀ ਤਲਾਸ਼ੀ ਨਹੀਂ ਲਈ ਜਾਂਦੀ ਕਿਉਂਕਿ ਥੋੜ੍ਹਾ ਬਹੁਤ ਤੁਹਾਡਾ ਮਾਣ ਕਰਦੇ ਹਾਂ। ਇਸ ਮਾਣ ਦੀ ਮਿੱਟੀ ਪਲੀਤ ਜਿਸ ਢੰਗ ਨਾਲ ਅੱਜ ਹੋਈ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਇਹ ਬਹੁਤ ਮੰਦਭਾਗੀ ਘਟਨਾ ਹੈ । ਆਪਣੇ ਹਾਊਸ ਦੀ ਇਹ ਪਹਿਲੀ ਗੱਲ ਹੈ । ਹਾਊਸ ਅੰਦਰ ਆਪਣੀ ਗੱਲ ਕਰਨੀ, ਗੱਲ ਸੁਣਾਉਣੀ, ਗੱਲ ਸੁਣਨੀ ਅਤੇ ਕਹਿਣ ਦੀ ਤੁਹਾਨੂੰ ਕਿੰਨੇ ਖੁਲ੍ਹੇ ਢੰਗ ਨਾਲ ਆਫਰ ਕੀਤੀ ਗਈ ਹੈ ਪਰ ਤੁਸੀਂ ਆਪਣੇ ਬੀਹੇਵੀਅਰ ਤੇ ਝਾਤੀ ਮਾਰੋ । ਬਾਹਰ ਜਾ ਕੇ ਤੁਸੀਂ ਜੋ ਮਰਜ਼ੀ ਕਰੋ, ਖੁੱਲ੍ਹਾ ਟਾਈਮ ਹੈ ਤੁਹਾਡੇ ਕੋਲ ਪਰ ਅੱਜ ਦੀ ਘਟਨਾ ਤੇ ਮੈਨੂੰ ਸ਼ਰਮ ਆਈ ਹੈ, ਮੈਂ ਤਕਲੀਫ਼ ਮਹਿਸੂਸ ਕੀਤੀ ਹੈ, ਮੈਂ ਪਰਟਰਬਡ ਹਾਂ, ਇਸ ਗੱਲ ਲਈ । ਮੈਂ ਉਸ ਤਾਕਤ ਦਾ ਇਸਤੇਮਾਲ ਵੀ ਕਰ ਸਕਦਾ ਹਾਂ ਪਰ

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

ਤੁਹਾਡਾ ਮਾਣ ਕਰਦੇ ਹੋਏ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਹਾਊਸ ਦੀ ਮਰਿਆਦਾ ਜਿਹੜੀ ਹੈ, ਉਸ ਨੂੰ ਚੰਗੇ ਢੰਗ ਨਾਲ ਚਲਾਉਣ ਦਾ ਆਪਾਂ ਨੂੰ ਯਤਨ ਕਰਨਾ ਚਾਹੀਦਾ ਹੈ । ਮਰਿਆਦਾ ਦਾ ਨਾਸ ਪੁੱਟਣਾ ਨਾ ਆਪਾਂ ਨੂੰ ਸ਼ੋਭਦਾ ਹੈ ਅਤੇ ਨਾ ਹੀ ਸਾਡੇ ਤੋਂ ਅਜਿਹੀ ਆਸ ਕੀਤੀ ਜਾ ਸਕਦੀ ਹੈ । ਕਿੰਨਾ ਵਿਸ਼ਵਾਸ ਕੀਤਾ ਲੋਕਾਂ ਨੇ ਤੁਹਾਡੇ ਤੇ, ਆਪਣੇ ਅੰਦਰ ਝਾਤੀ ਤਾਂ ਮਾਰ ਕੇ ਦੇਖੋ ਔਰ ਇਸ ਕਰਕੇ ਨਹੀਂ ਭੇਜਿਆ ਕਿ ਅੰਦਰ ਤੁਸੀਂ ਲੋਕ ਭਲਾਈ ਦੀ ਗੱਲ ਹੀ ਨਹੀਂ ਕਰਨੀ । ਅੰਦਰ ਜਾ ਕੇ ਮਾੜੇ ਅਤੇ ਕੋਝੇ ਐਕਟ ਕਰਨੇ ਹਨ ਅਤੇ ਲੋਕਾਂ ਦੇ ਵਿਸ਼ਵਾਸ ਦਾ ਗਲਾ ਘੁੱਟਣਾ ਹੈ । ਕਿੰਨਾ ਖੁੱਲ੍ਹਾ ਟਾਈਮ ਤੁਹਾਨੂੰ ਦਿੱਤਾ ਗਿਆ ਹੈ ਤਾਂ ਕਿ ਜਿੰਨੀਆਂ ਮਰਜ਼ੀ ਚੰਗੀਆਂ ਗੱਲਾਂ ਕਰੋ । ਖੁੱਲ੍ਹਾ ਟਾਈਮ ਤੁਹਾਨੂੰ ਦੇਵਾਂਗੇ ਔਰ ਚੰਗੀ ਗੱਲ ਜਿਹੜੀ ਹੈ, ਉਹ ਅਪਣਾਵਾਂਗੇ । ਮੈਂ ਹਾਊਸ ਵਿੱਚ ਹਰ ਮੈਂਬਰ ਨੂੰ ਬਰਾਬਰ ਗਿਣਦਾ ਹਾਂ ਭਾਵੇਂ ਉਹ ਇਸ ਪਾਸੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਹੈ ਤੇ ਭਾਵੇਂ ਦੂਜੇ ਪਾਸੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠਾ ਹੈ । ਮੈਂਬਰ, ਮੈਂਬਰ ਹੈ, ਇਸ ਹਾਊਸ ਦਾ । ਉਹ ਖੁੱਲ੍ਹ ਕੇ ਵਿਚਾਰ ਦੇ ਸਕਦਾ ਹੈ । ਇਸ ਲਈ ਅਸੀਂ ਲੋਕਾਂ ਦੇ ਵਿਸ਼ਵਾਸ ਮੁਤਾਬਕ ਪੂਰਾ ਉਤਰਨ ਦਾ ਯਤਨ ਕਰੀਏ ਔਰ ਚੰਗੀਆਂ ਰਵਾਇਤਾਂ ਕਾਇਮ ਕਰੀਏ ਪਰ ਮੈਨੂੰ ਸੱਚੀ ਮੁੱਚੀ ਦੁਖ ਹੋਇਆ ਹੈ । ਇਥੇ ਸਿਆਣੇ ਬੰਦੇ ਬੈਠੇ ਹਨ ਜਿਨ੍ਹਾਂ ਦਾ ਕਾਫੀ ਲੰਬੇ ਸਮੇਂ ਦਾ ਇਥੇ, ਇਨ੍ਹਾਂ ਸੀਟਾਂ ਤੇ ਬੈਠਣ ਦਾ ਕੈਰੀਅਰ ਹੈ ਪਰ ਉਨ੍ਹਾਂ ਵੱਲੋਂ ਕੋਈ ਜ਼ੁੰਮੇਵਾਰੀ ਨਹੀਂ ਦਿਖਾਈ ਗਈ ਜਿਸ ਢੰਗ ਨਾਲ ਇਹ ਸਾਰਾ ਸ਼ੋਅ ਹੋਇਆ ਹੈ । ਮੈਂ ਅੱਜ ਸਾਰਿਆਂ ਵਿੱਚਕਾਰ ਇਹ ਖਲ੍ਹੋ ਕੇ ਜ਼ਰੂਰ ਕਹਾਂਗਾ ਕਿ ਜੋ ਕੁਝ ਹੋਇਆ ਹੈ, ਇਸ ਮੁਤੱਲਕ ਜੋ ਵੀ ਐਕਸ਼ਨ ਹੋਵੇਗਾ, ਉਹ ਹੋਵੇਗਾ, ਔਰ ਨਾਲ ਹੀ ਕਾਨੂੰਨ ਮੁਤਾਬਕ ਸਾਰਾ ਐਕਸ਼ਨ ਜੋ ਵੀ ਬਣਦਾ ਹੋਵੇਗਾ, ਉਹ ਜ਼ਰੂਰ ਹੋਵੇਗਾ । (ਥੰਪਿੰਗ) ਮੈਂ ਤੁਹਾਡੇ ਤੋਂ ਆਸ ਰੱਖਦਾ ਹਾਂ ਕਿ ਹਾਊਸ ਦੀ ਡਿਗਨਿਟੀ ਨੂੰ ਮਿੱਟੀ ਵਿੱਚ ਮਿਲਾਉਣ ਦੀ ਕੋਸ਼ਿਸ਼ ਨਾ ਕਰੀਏ । ਇਸ ਨੂੰ ਖ਼ੂਬਸੂਰਤ ਬਣਾਉਣ ਦਾ ਰਲ-ਮਿਲ ਕੇ ਯਤਨ ਕਰੀਏ । ਇਹ ਸਾਰੇ ਪੰਜਾਬ ਦਾ ਹਾਊਸ ਹੈ, ਇਹ ਸੁਪਰੀਮ ਹੈ । ਇੱਕ ਪਾਸੇ ਅਸੀਂ ਆਖਦੇ ਹਾਂ ਕਿ ਲੈਜਿਸਲੇਚਰ ਸਭ ਤੋਂ ਸੁਪਰੀਮ ਹੈ, ਬਾਕੀ ਸਭ ਹੇਠਾਂ ਹਨ ਪਰ ਜੋ ਕੁਝ ਹੋਇਆ ਹੈ, ਇਹ ਠੀਕ ਨਹੀਂ । ਮੈਨੂੰ ਅਫਸੋਸ ਹੈ ਕਿ ਜਿਨ੍ਹਾਂ ਨੇ ਅੱਜ ਜਿਸ ਢੰਗ ਨਾਲ ਹਾਊਸ ਨੂੰ ਜ਼ਲੀਲ ਕਰਨ ਦਾ ਯਤਨ ਕੀਤਾ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਤੁਸੀਂ ਵੀ ਜ਼ਰੂਰ ਇਸ ਗੱਲ ਨੂੰ ਮਹਿਸੂਸ ਕਰੋਗੇ ਕਿ ਇਹ ਗੱਲ ਠੀਕ ਨਹੀਂ ਬਲਕਿ ਘਟੀਆ ਹੋਈ ਹੈ । ਇਸ ਬਾਰੇ ਸਾਨੂੰ ਸੋਚ ਵਿਚਾਰ ਕਰਨੀ ਚਾਹੀਦੀ ਹੈ । ਫਿਰ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਹਾਊਸ ਨੂੰ ਚੰਗੇ ਢੰਗ ਨਾਲ ਚਲਾਈਏ, ਇਸ ਹਾਊਸ ਵਿੱਚ ਚੰਗੇ ਢੰਗ ਨਾਲ ਕਾਨੂੰਨ ਬਣਨ ਜਿਸ

Original with;
Punjab Vidhan Sabha
Digitized by;
Panjab Digital Library

ਨਾਲ ਲੋਕਾਂ ਨੂੰ ਲਾਭ ਹੋਵੇ । ਇਸ ਹਾਊਸ ਨੂੰ ਵਧੀਆ ਬਣਾਉਣ ਦਾ ਯਤਨ ਕਰੀਏ । ਬਹੁਤ ਸਖ਼ਤ ਕਾਨੂੰਨ ਵੀ ਹਨ ਜਿਨ੍ਹਾਂ ਸਦਕਾ ਐਕਸ਼ਨ ਕਰ ਸਕਦੇ ਹਾਂ ਤੇ ਫਿਰ ਕਾਨੂੰਨ ਅਨੁਸਾਰ ਸਖ਼ਤ ਐਕਸ਼ਨ ਜ਼ਰੂਰ ਹੋਣਗੇ । ਮੈਂ ਇਹ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਚੰਗੇ ਢੰਗ ਨਾਲ, ਜ਼ੁੰਮੇਵਾਰੀ ਨਾਲ ਸਾਰੇ ਕੰਮ ਕਰੀਏ ।

**Smt. Rajinder Kaur Bhattal :** Speaker Sahib............

**Mr. Speaker :** Please sit down.

**Minister for Parliamentary Affairs, Medical Education & Research, Forests & Wild Life Preservation and Labour Minister** (Shri Tikshan Sud) : Sir, I want to move a Resolution.

**Mr. Speaker :** Yes, Sud Sahib.

## MOTION REG. BEHAVIOUR OF THE OPPOSITION

**Minister for Parliamentary Affairs, Medical Education & Research, Forests & Wild Life Preservation and Labour Minister** (Shri Tikshan Sud) : Sir, I beg to move that -

"This House strongly condemns the behaviour of the Congress Legislature Party for their bringing steel plates and spoons inside the Chamber and creating noise with them, which is against the norms of the House. This party has lowered the prestige of the august House. Such type of act by the Congress Legislature Party could have resulted into fatal incidents, if these articles were misused in the House. Such shameful act has for the first time occurred in the history of Punjab Legislature and amounts to serious breach of the privilege of the House.

This House, while condemning the irresponsible behaviour of the Congress Legislature Party, authorizes the Hon'ble Speaker to order the checking of such Members before their entry in the House to prevent them from bringing such like articles in order to save the dignity of the House.

This House also resolves that the Members of the Opposition Party, who are present in the House today, be suspended for the remainder period of today's sitting of the House."

**ਸ਼੍ਰੀ ਬ੍ਰਹਮ ਮਹਿੰਦਰਾ :** ਸਪੀਕਰ ਸਾਹਿਬ............ (ਵਿਘਨ)

**ਮਾਨਯੋਗ ਸਪੀਕਰ :** ਗੱਲ ਸੁਣਨ ਦਾ ਸੁਭਾਅ ਬਣਾਓ । ਤੁਹਾਨੂੰ ਸੁਣ ਲੈਂਦੇ ਹਾਂ, ਘਬਰਾਓ ਨਾ । ਡਿਸਟਰਬ ਕਰਨ ਦਾ ਯਤਨ ਨਾ ਕਰੋ । 10 ਮਿੰਟ ਪਹਿਲਾਂ ਅਜਿਹਾ ਹੋ ਚੁੱਕਾ ਹੈ । ਥੋੜ੍ਹਾ ਸੁਣੋ ਤੁਸੀਂ ।

Original with;
Punjab Vidhan Sabha
Digitized by;
Panjab Digital Library

**Mr. Speaker : Motion moved -**

"This House strongly condemns the behaviour of the Congress Legislature Party for their bringing steel plates and spoons inside the Chamber and creating noise with them, which is against the norms of the House. This party has lowered the prestige of the august House. Such type of act by the Congress Legislature Party could have resulted into fatal incidents if these articles were misused in the House. Such shameful act has, for the first time, occurred in the history of Punjab Legislature and amounts to serious breach of the privilege of the House.

This House, while condemning the irresponsible behaviour of the Congress Legislature Party, authorizes the Hon'ble Speaker to order the checking of such Members before their entry in the House to prevent them from bringing such like articles in order to save the dignity of the House.

This House also resolves that the Members of Opposition Party, who are present in the House today, be suspended for the remainder period of today's sitting of the House."

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਕੁਝ ਹੋਇਆ ਹੈ, ਇਹ ਚੰਗਾ ਨਹੀਂ ਹੋਇਆ ਪਰ ਮੈਂ ਇਹ ਵੀ ਕਹਿੰਦਾ ਹਾਂ ਕਿ ਜਿਹੜੀ ਸਸਪੈਨਸ਼ਨ ਵਾਲੀ ਗੱਲ ਹੈ, ਇਹ ਆਪਾਂ ਨੂੰ ਨਹੀਂ ਕਰਨੀ ਚਾਹੀਦੀ । ਇਹ ਅਸੀਂ ਵਿਦਡਰਾਅ ਕਰਦੇ ਹਾਂ । ਇਹ ਖੁਦ ਹੀ ਅਹਿਸਾਸ ਕਰਨ ਕਿ ਸਾਨੂੰ ਇਹ ਕਰਨਾ ਚਾਹੀਦਾ ਸੀ ਕਿ ਨਹੀਂ ਕਰਨਾ ਚਾਹੀਦਾ ਸੀ । ਇਸ ਲਈ ਮੈਂ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਵਿਦਡਰਾਅ ਕਰ ਲੈਣ । ਮੈਂ ਇਹ ਵਿਦਡਰਾਅ ਕਰਦਾ ਹਾਂ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਅਸੀਂ ਪਹਿਲੇ ਦਿਨ ਤੋਂ ਇਹ ਗੱਲ ਸੋਚ ਕੇ ਤੁਰੇ ਹਾਂ ਕਿ ਸਾਨੂੰ ਹਾਊਸ ਦਾ ਬੜਾ ਸਤਿਕਾਰ ਹੈ। ਅਸੀਂ ਹਮੇਸ਼ਾ ਹਾਊਸ ਦਾ ਸਤਿਕਾਰ ਕੀਤਾ ਹੈ । ਲੇਕਿਨ ਹਰ ਇੱਕ ਮੈਂਬਰ ਨੂੰ ਆਪਣੀ ਗੱਲ ਕਹਿਣ ਦਾ, ਆਪਣੀਆਂ ਭਾਵਨਾਵਾਂ ਰੱਖਣ ਦਾ ਪੂਰਾ ਹੱਕ ਹੈ। ਮੈਂ ਇਹ ਗੱਲ ਪੁੱਛਣਾ ਚਾਹੁੰਦੀ ਹਾਂ ਕਿ ਬਾਰ-ਬਾਰ, ਬਾਰ-ਬਾਰ ਅਸੀਂ ਤੁਹਾਨੂੰ ਵੀ ਬੇਨਤੀ ਕੀਤੀ ਹੈ ਪਹਿਲੇ ਦਿਨ ਤੋਂ ਕਿ ਸਾਡੀ ਗੱਲ ਤਾਂ ਸੁਣ ਲਓ। ਅਸੀਂ ਸਿਰਫ ਆਪਣੀ ਗੱਲ ਰੱਖ ਕੇ ਲੀਡਰ ਆਫ ਦਿ ਹਾਊਸ ਤੋਂ ਜਵਾਬ ਲੈਣਾ ਚਾਹੁੰਦੇ ਹਾਂ।

**ਟਰਾਂਸਪੋਰਟ ਮੰਤਰੀ** (ਮਾਸਟਰ ਮੋਹਨ ਲਾਲ ) : ਕੱਲ੍ਹ ਨੂੰ ਤੁਸੀਂ ਕਿਰਪਾਨਾਂ ਲੈ ਕੇ ਆ ਜਾਵੋਗੇ....(ਵਿਘਨ)....

Original with;
Punjab Vidhan Sabha
Digitized by;
Punjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਹਾਊਸ ਦੇ ਵਿੱਚ ਕਿਰਪਾਨਾਂ ਹਨ । ਜੇਕਰ ਕੋਈ ਸ਼ਰਧਾਵਾਨ ਲਿਆਉਣਾ ਚਾਹੇ ਤਾਂ ਲਿਆ ਸਕਦਾ ਹੈ । ਸ਼ਰਧਾਵਾਨ ਲਿਆਏਗਾ (ਵਿਘਨ) ।

**ਮਾਨਯੋਗ ਸਪੀਕਰ** : ਮੋਹਨ ਲਾਲ ਜੀ, ਪਲੀਜ਼।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੈਂ ਇਹੀ ਕਹਿਣਾ ਚਾਹੁੰਦੀ ਹਾਂ ਕਿ ਸਾਨੂੰ ਹਾਊਸ ਦਾ ਪੂਰਾ ਸਤਿਕਾਰ ਹੈ .......(ਵਿਘਨ) .........ਪਹਿਲਾਂ ਤੁਸੀਂ ਬੋਲ ਲਓ, ਅਸੀਂ ਨਹੀਂ ਬੋਲਦੇ ਜੇਕਰ ਸੁਣਨਾ ਨਹੀਂ ਚਾਹੁੰਦੇ।

**ਮੁੱਖ ਮੰਤਰੀ** : ਮੇਰੀ ਬੇਨਤੀ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਆਪਣੀ ਗੱਲ ਕਹਿਣ ਦਿਓ । ਤੁਸੀਂ ਸੁਣੋ ਵੀ ਅਤੇ ਸੁਣਾਓ ਵੀ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਹੀ ਕਾਰਨ ਹੈ ਜੋ ਤੁਹਾਡੇ ਹੁਣ ਸਾਹਮਣੇ ਹੈ। ਅਸੀਂ ਹਾਊਸ ਦਾ ਪੂਰਾ ਸਤਿਕਾਰ ਕਰਦੇ ਹਾਂ। ਸਾਡਾ ਪੁਆਇੰਟ ਇਹੀ ਸੀ ਕਿ ਕਿਸੇ ਵੀ ਗਰੁੱਪ, ਵਰਗ ਵਾਸਤੇ 60,000 ਰੁਪਏ ਦੀ ਲਿਮਿਟ ਰੱਖ ਲਓ। ਮੁੱਖ ਮੰਤਰੀ ਜੀ ਜਿਹੜੇ ਬੜੇ ਦਰਿਆ ਦਿਲ ਹਨ, ਹਮਦਰਦੀ ਰੱਖਦੇ ਹਨ, ਇਨ੍ਹਾਂ ਦੇ ਮਨ ਵਿੱਚ ਹੋਣੀ ਵੀ ਹੈ, ਇਹ ਉਸ ਦੀ ਅਨਾਊਂਸਮੈਂਟ ਕਰ ਦੇਣਗੇ ਤਾਂ ਹਾਊਸ ਦਾ ਬੜਾ ਅੱਛਾ ਫੈਸਲਾ ਬਣ ਜਾਵੇਗਾ। ਸਾਡੀ ਮਨਸ਼ਾ ਤਾਂ ਗੱਲ ਰੱਖਣ ਦੀ ਇਹੀ ਸੀ। ਜੇਕਰ ਗਰੀਬਾਂ ਦੀ ਗੱਲ ਡੈਮੋਕਰੇਟਿਕ ਢੰਗ ਨਾਲ ਸੁਣੀ ਨਹੀਂ ਜਾਂਦੀ ਤਾਂ ਅਸੀਂ ਅਜਿਹਾ ਕੀਤਾ ਹੈ। ਇਹ ਭਾਂਡੇ ਕਿਸੇ ਦੇ ਮਾਰਨ ਵਾਸਤੇ ਨਹੀਂ ਲਿਆਂਦੇ ਸੀ। ਜਿਹੜੀ ਇਹ ਸਭਿਅਤਾ ਦੀ ਗੱਲ ਕਰਦੇ ਹਨ, ਪ੍ਰੰਪਰਾਵਾਂ ਦੀ ਗੱਲ ਕਰਦੇ ਹਨ ....

**ਮਾਨਯੋਗ ਸਪੀਕਰ** : ਭਾਂਡੇ ਲਿਆਉਣ ਦੀ ਗੱਲ ਨਹੀਂ, ਭਾਂਡੇ ਅੰਦਰ ਕਿਵੇਂ ਆਏ ਅਤੇ ਇਹ ਕਿਉਂ ਆਏ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਅਸੀਂ ਇਹੀ ਕਹਿਣਾ ਚਾਹੁੰਦੇ ਹਾਂ ਕਿ ਇੱਥੇ ਪੱਗਾਂ ਵੀ ਲਾਹੀਆਂ ਗਈਆਂ ਹਨ, ਜੁੱਤੀਆਂ ਵੀ ਮਾਰੀਆਂ ਗਈਆਂ ਹਨ। ਅਸੀਂ ਉਹ ਨਹੀਂ ਕਰਨਾ ਚਾਹੁੰਦੇ। ਅਸੀਂ ਡੈਮੋਕਰੇਟਿਕ ਤਰੀਕੇ ਨਾਲ ਆਪਣੀ ਆਵਾਜ਼ ਉਠਾਉਣਾ ਚਾਹੁੰਦੇ ਹਾਂ। ਸਾਨੂੰ ਤੁਹਾਡੇ ਤੋਂ ਵੀ ਇਹੀ ਆਸ ਹੈ ਕਿ ਤੁਸੀਂ ਸਾਨੂੰ ਆਵਾਜ਼ ਉਠਾਉਣ ਵਾਸਤੇ ਮੌਕਾ ਦਿਓਗੇ। ਅਸੀਂ ਹਰ ਥਾਂ ਤੇ, ਚੰਗੀ ਸਥਿਤੀ ਵਿੱਚ ਤੁਹਾਡਾ ਸਮਰਥਨ ਕੀਤਾ ਹੈ। ਵਿਕਾਸ ਲਈ ਸਮਰਥਨ ਕੀਤਾ ਹੈ ਪਰ ਤੁਸੀਂ ਆਪੋਜ਼ੀਸ਼ਨ ਨੂੰ ਗੱਲ ਹੀ ਨਹੀਂ ਕਰਨ ਦਿੰਦੇ। ਫਿਰ ਸਾਡੇ ਕੋਲ ਗੱਲ ਕਰਨ ਦਾ ਹੋਰ ਕਿਹੜਾ ਤਰੀਕਾ ਹੈ। ਇਥੇ ਡੈਕੋਰਮ ਦੀ ਗੱਲ ਕੀਤੀ ਹੈ, ਜਦੋਂ ਆਪੋਜ਼ੀਸ਼ਨ ਨੂੰ ਬੋਲਣ ਦਾ ਮੌਕਾ ਨਾ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]
ਮਿਲੇ ਤਾਂ ਕੀ ਕੀਤਾ ਜਾ ਸਕਦਾ ਹੈ। ਅਸੀਂ ਹਾਊਸ ਦਾ ਸਤਿਕਾਰ ਕਰਦੇ ਹਾਂ ਅਤੇ ਕਰਾਂਗੇ। ਤੁਸੀਂ ਵੀ ਸਾਡੇ ਵਾਸਤੇ ਇਸ ਤਰ੍ਹਾਂ ਦੀ ਨੌਬਤ ਨਾ ਆਉਣ ਤੋਂ ਬਚਦੇ ਹੋਏ ਸਾਡੀਆਂ ਮੰਗਾਂ ਵੱਲ ਧਿਆਨ ਰੱਖਦੇ ਹੋਏ ਸਾਨੂੰ ਬੋਲਣ ਦਾ ਮੌਕਾ ਦਿਓਗੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਸ ਇਸ਼ੂ ਤੇ ਅੱਜ ਇਥੇ ਥਾਲ, ਕੌਲੀਆਂ ਅਤੇ ਚਮਚੇ ਆਏ ਹਨ, ਇਹ ਦੱਸਦੇ ਹਨ ਕਿ ਘੱਟ ਤਾਦਾਦ ਨੂੰ ਆਟੇ, ਦਾਲ ਦਾ ਕਨਸੈਸ਼ਨ ਮਿਲਿਆ ਹੈ। ਦੁੱਖ ਹੁੰਦਾ ਹੈ ਕਿ ਇੰਨੇ ਸਾਲ ਇਹ ਕਿਉਂ ਨਹੀਂ ਹੋਇਆ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਪੰਜਾਬ ਸਰਕਾਰ ਨੇ ਤਾਂ ਕੀ ਦੇਣਾ ਸੀ, ਸੈਂਟਰ ਦੀ ਸਰਕਾਰ, ਜਿਹੜੀ ਹਿੰਦੁਸਤਾਨ ਦੀ ਵੱਡੀ ਸਰਕਾਰ ਹੈ, ਜਿਸ ਕੋਲ ਫੰਡ ਹੀ ਫੰਡ ਹਨ ਉਨ੍ਹਾਂ ਨੇ 4.54 ਲੱਖ ਗਰੀਬ ਫੈਮਿਲੀਜ਼ ਨੂੰ ਕੁਝ ਕਨਸੈਸ਼ਨ ਦਿੱਤਾ ਸੀ। ਉਸ ਨੂੰ ਅਸੀਂ ਵਧਾ ਕੇ 13.50 ਲੱਖ ਕਰ ਦਿੱਤਾ ਹੈ (ਥੰਪਿੰਗ) ਹੁਣ ਅਸੀਂ ਇਸ ਨੂੰ ਬੰਦ ਨਹੀਂ ਕਰਨਾ। ਅਸੀਂ ਚੈੱਕ ਕਰਾ ਲਵਾਂਗੇ। ਹੁਣ 1/3 ਫੈਮਿਲੀਜ਼ ਜੋ ਕਿ ਤਕਰੀਬਨ ਪਾਪੂਲੇਸ਼ਨ ਦਾ 29% ਬਣਦਾ ਹੈ, ਉਹ ਕਵਰ ਹੋ ਗਏ ਹਨ। ਹੋਰ ਕਵਰ ਹੋ ਗਏ ਹਨ, ਅਮੀਰ ਰਹਿ ਗਏ ਹੋਣਗੇ। ਇੰਨੀ ਵੱਡੀ ਪਾਪੂਲੇਸ਼ਨ ਵਾਸਤੇ ਇੰਨਾ ਵੱਡਾ ਕਦਮ ਪੁੱਟਣਾ, ਤੁਹਾਨੂੰ ਇਹ ਚਾਹੀਦਾ ਹੈ ਕਿ ਜੇਕਰ ਅਸੀਂ ਕੋਈ ਮਾੜਾ ਕੰਮ ਕਰੀਏ ਤਾਂ ਤੁਸੀਂ ਸਾਨੂੰ ਨਿੰਦੋ। ਅਸੀਂ ਉਸ ਚੀਜ਼ ਨੂੰ ਵਿਦਡਰਾਅ ਕਰ ਲਵਾਂਗੇ ਪਰ ਜੇ ਅਸੀਂ ਚੰਗਾ ਕੰਮ ਕਰਦੇ ਹਾਂ ਤਾਂ ਤੁਸੀਂ ਸਾਡੀ ਤਾਰੀਫ਼ ਕਰੋ। ਮੈਂ ਸਮਝਦਾ ਸੀ ਕਿ ਭੈਣ ਤਾਰੀਫ਼ ਕਰੇਗੀ ਪਰ ਇਹ ਉਲਟਾ ਚਮਚੇ ਖੜਕਾਉਣ ਲੱਗ ਪਏ। ਕੱਲ੍ਹ ਤੁਸੀਂ ਪਿਸਤੌਲ ਲਿਆਉਣੀ ਹੈ। ਇਹ ਪਰੰਪਰਾ ਕੋਈ ਚੰਗੀ ਨਹੀਂ। ਪਹਿਲੇ ਦਿਨ ਕਰ ਲਿਆ, ਚੰਗਾ ਹੋ ਗਿਆ। ਅਸੀਂ ਵੀ ਕਰਦੇ ਰਹੇ ਹਾਂ ਪਰ ਹੁਣ ਇਹੋ ਜਿਹੀ ਗੱਲ ਨਾ ਹੋਵੇ ਕਿ ਕੱਲ੍ਹ ਨੂੰ ਛੁਰੇ ਜਾਂ ਪਿਸਤੌਲ ਅੰਦਰ ਆ ਗਏ, ਇਸ ਸਦਨ ਦਾ ਫੇਰ ਕੀ ਹੋਵੇਗਾ। Let us forget and forgive. ਸਪੀਕਰ ਸਾਹਿਬ, ਤੁਹਾਨੂੰ ਦੁਖ ਹੈ, ਜਿੰਨੇ ਦੁਖੀ ਹਿਰਦੇ ਨਾਲ ਤੁਸੀਂ ਮਹਿਸੂਸ ਕੀਤਾ ਹੈ, ਮੈਂ ਤੁਹਾਡੀ ਪੁਜ਼ੀਸ਼ਨ ਸਮਝਦਾ ਹਾਂ। ਇਸ ਨੂੰ forget and forgive ਕਰਕੇ ਸੈਸ਼ਨ ਦੀ ਅਗਲੀ ਕਾਰਵਾਈ ਚਲਾਉਣੀ ਚਾਹੀਦੀ ਹੈ। ਮੇਰੀ ਇੰਨੀ ਬੇਨਤੀ ਹੈ। ਧੰਨਵਾਦ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਬਾਦਲ ਸਾਹਿਬ, ਤੁਸੀਂ ਥੈਂਕਸ ਕਰਨ ਦੀ ਗੱਲ ਕੀਤੀ ਹੈ। ਅਸੀਂ ਕਹਿੰਦੇ ਹਾਂ ਕਿ ਤੁਸੀਂ ਚੰਗਾ ਕੀਤਾ ਹੈ, ਐਲਾਨ ਕੀਤਾ ਹੈ ਪਰ ਭਾਰਤ ਸਰਕਾਰ ਵਲੋਂ ਆਟਾ ਪੌਣੇ ਤਿੰਨ ਰੁਪਏ ਕਿਲੋ ਚਾਰ ਲੱਖ ਫੈਮਿਲੀਜ਼ ਨੂੰ ਪਹਿਲਾਂ ਹੀ ਮਿਲ ਰਿਹਾ ਸੀ। (ਟਰੈਜ਼ਰੀ ਬੈਂਚਿਜ਼ ਵਲੋਂ ਨੋ, ਨੋ ਦੀਆਂ ਆਵਾਜ਼ਾਂ) ਰਿਕਾਰਡ ਕਢਾ

Original with;
Punjab Vidhan Sabha
Digitized by;
Panjab Digital Library

ਕੇ ਦੇਖ ਲਓ। ਮੈਂ ਰਿਕਾਰਡ ਦੀ ਗੱਲ ਕੀਤੀ ਹੈ। ਅੰਕੜੇ ਕਢਾ ਲਓ । (ਸ਼ੋਰ) ਹੁਣ ਗੱਲ ਕਹਿਣ ਦਿਓ।

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ** : ਤੁਸੀਂ ਬੈਠ ਜਾਓ, ਪਲੀਜ਼।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਅਸੀਂ ਧੰਨਵਾਦ ਕਰਨ ਲਈ ਤਿਆਰ ਹਾਂ। ਬਾਦਲ ਸਾਹਿਬ ਨੂੰ ਪਿਛਲੀ ਵਾਰ ਬੇਨਤੀ ਕੀਤੀ ਸੀ, 100 ਰੁਪਿਆ ਬੋਨਸ ਐਮ.ਐਸ.ਪੀ. ਪਿਛਲੀ ਵਾਰ ਦਿੱਤਾ ਹੈ ਅਤੇ ਯੂਨੀਵਰਸਿਟੀਆਂ ਨੂੰ 100 ਕਰੋੜ ਰੁਪਿਆ ਦਿੱਤਾ ਹੈ। ਇਹ ਇਸ ਸਬੰਧੀ ਭਾਰਤ ਸਰਕਾਰ ਜਿਹੜੀ ਕਿ ਕਾਂਗਰਸ ਦੀ ਸਰਕਾਰ ਹੈ ਉਸ ਤੋਂ ਪਤਾ ਲੈ ਆਉਣ, ਇਨ੍ਹਾਂ ਨੇ ਕੋਈ ਲਿਮਟ ਨਹੀਂ ਰੱਖੀ, ਹੁਣ 60,000 ਹੋਵੇ ਮੈਂ ਦੋਨੋਂ ਹੱਥ ਖੜ੍ਹੇ ਕਰਕੇ ਥੈਂਕ ਯੂ ਕਰਾਂਗੀ। ਇਹ ਥੈਂਕਸ ਦਾ ਮਤਾ ਲਿਆਉਣ।

**ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** (ਸ਼੍ਰੀ ਮਨੋਰੰਜਨ ਕਾਲੀਆ) : ਮਾਨਯੋਗ ਸਪੀਕਰ ਸਾਹਿਬ, ਲੀਡਰ ਆਫ਼ ਦਿ ਹਾਊਸ ਨੇ ਬੜੀ ਦਰਿਆ ਦਿਲੀ ਦਿਖਾਈ ਹੈ ਅਤੇ ਬਾਦਲ ਸਾਹਿਬ ਨੇ ਇਹ ਗੱਲ ਕਹੀ ਹੈ ਕਿ forget and forgive ਲੇਕਿਨ ਜੋ ਪਵਿੱਤਰਤਾ ਅੱਜ ਭੰਗ ਹੋਈ ਹੈ, ਕਮ-ਸੇ-ਕਮ ਆਪੋਜ਼ੀਸ਼ਨ ਵਲੋਂ ਇਸ ਗੱਲ ਦਾ ਰਿਗਰੈਟ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਗਲਤ ਕੀਤਾ ਹੈ। ਜਿਹੜੀ ਉਨ੍ਹਾਂ ਨੇ ਗਲਤੀ ਕੀਤੀ ਹੈ, ਉਸ ਲਈ ਉਨ੍ਹਾਂ ਨੂੰ ਸ਼ਰਮਸਾਰ ਹੋਣਾ ਚਾਹੀਦਾ ਹੈ।

**ਸ਼੍ਰੀ ਬ੍ਰਹਮ ਮਹਿੰਦਰਾ** : ਪ੍ਰੈਸੀਪੀਟੇਟ ਕਿਉਂ ਕਰਦੇ ਹੋ । ਪ੍ਰੈਸੀਪੀਟੇਟ ਨਾ ਕਰਿਆ ਕਰੋ ।

**ਮਾਨਯੋਗ ਸਪੀਕਰ** : ਪਲੀਜ਼ ਬ੍ਰਹਮ ਮਹਿੰਦਰਾ ਜੀ, ਪਲੀਜ਼ ਸਿੱਟ ਡਾਊਨ । ਮੈਂ ਤੁਹਾਡਾ ਨਾਂ ਲਿਆ ਹੈ ।

**ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** : ਬਾਦਲ ਸਾਹਿਬ ਨੇ ਫਰਾਖ਼ਦਿਲੀ ਦਿਖਾਈ ਹੈ ਤਾਂ ਲੀਡਰ ਆਫ਼ ਦਿ ਆਪੋਜ਼ੀਸ਼ਨ ਨੂੰ ਆਪਣੇ ਤੌਰ ਤੇ ਜੋ ਉਨ੍ਹਾਂ ਨੇ ਗਲਤੀ ਕੀਤੀ ਹੈ ਜਿਸ ਨਾਲ ਸਦਨ ਦੀ ਮਰਿਆਦਾ ਭੰਗ ਹੋਈ ਹੈ, ਪਵਿੱਤਰਤਾ ਭੰਗ ਹੋਈ ਹੈ, ਇਸ ਲਈ ਮਾਫ਼ੀ ਮੰਗਣੀ ਚਾਹੀਦੀ ਹੈ । ਸਵਾਲ ਇਹ ਨਹੀਂ ਕਿ ਬੋਲਣ ਦਾ ਅਧਿਕਾਰ ਨਹੀਂ ਹੈ । ਕੱਲ੍ਹ ਵੀ ਕਿਹਾ ਸੀ, ਅੱਜ ਵੀ ਕਿਹਾ ਹੈ ਕਿ ਜਿਸ ਤਰ੍ਹਾਂ ਮਰਜ਼ੀ ਆਪਣੀ ਗੱਲ ਕਹੋ, ਬਹਿਸ ਕਰ ਲੈਂਦੇ ਹਾਂ, ਇੰਨਾ ਟਾਈਮ ਬਹਿਸ ਕਰ ਲਓ । ਸਵਾਲ ਇਸ ਗੱਲ ਦਾ ਹੈ ਕਿ ਥਾਲੀਆਂ, ਕੌਲੀਆਂ ਜਿਹੜੀਆਂ ਅੰਦਰ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ]

ਆਈਆਂ ਹਨ ਇਸ ਨਾਲ ਹਾਊਸ ਦੀ ਮਰਿਆਦਾ ਭੰਗ ਕੀਤੀ ਗਈ ਹੈ । ਉਸ ਵਾਸਤੇ ਵਿਰੋਧੀ ਧਿਰ ਨੂੰ ਰਿਗਰੈਟ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਲੀਡਰ ਆਫ਼ ਦਿ ਹਾਊਸ ਨੇ ਫਰਾਖ਼ਦਿਲੀ ਦਿਖਾਈ ਹੈ, ਉਸ ਤਰ੍ਹਾਂ ਵਿਰੋਧੀ ਧਿਰ ਵੱਲੋਂ ਕਿਹਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਬੜਾ ਅਫ਼ਸੋਸ ਹੈ ਕਿ ਲੀਡਰ ਆਫ਼ ਦਿ ਹਾਊਸ ਨੇ ਫਰਾਖ਼ਦਿਲੀ ਦਿਖਾਈ ਹੈ । ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਤੇ ਕੋਈ ਐਕਸ਼ਨ ਨਹੀਂ ਹੋਣਾ ਚਾਹੀਦਾ । ਮੈਂ ਸਮਝਦਾ ਹਾਂ ਕਿ ਇਸ ਗੱਲ ਦਾ ਜਵਾਬ ਆਪੋਜ਼ੀਸ਼ਨ ਵਲੋਂ ਜ਼ਰੂਰ ਆਉਣਾ ਚਾਹੀਦਾ ਹੈ । ਇਨ੍ਹਾਂ ਦੀ ਗੱਲ ਵਿੱਚ ਕੋਈ ਸਬਸਟਾਂਸ ਨਹੀਂ । ਅਸੀਂ ਤਾਂ ਗਰੀਬਾਂ ਲਈ ਆਟੇ ਦੀ ਗੱਲ ਕਰਦੇ ਹਾਂ ਪਰ ਇਹ ਪਤਾ ਨਹੀਂ ਕਿਹੜੇ ਅਮੀਰਾਂ ਵਾਸਤੇ ਆਟੇ ਦੀ ਗੱਲ ਕਰ ਰਹੇ ਹਨ । (ਵਿਘਨ) (ਸ਼ੋਰ) ਤੁਸੀਂ ਵੇਖੋ ਕਿ ਇਨ੍ਹਾਂ ਨੂੰ 27 ਮਿੰਟ ਜ਼ੀਰੋ ਆਵਰ ਦੇ ਦਿੱਤੇ ਗਏ ਹਨ । ਲੀਡਰ ਆਫ਼ ਦਿ ਹਾਊਸ ਨੇ ਜਵਾਬ ਵੀ ਦੇ ਦਿੱਤਾ ਹੈ ਪਰ ਫਿਰ ਪਤਾ ਨਹੀਂ ਕਿ ਇਨ੍ਹਾਂ ਨੂੰ ਥਾਲੀਆਂ ਤੇ ਕੌਲੀਆਂ ਖੜਕਾਉਣ ਦੀ ਕੀ ਲੋੜ ਪੈ ਗਈ ? ਸਪੀਕਰ ਸਾਹਿਬ, ਪੰਜਾਬ ਦੇ............ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਇਹ ਮਤਾ ਵਾਪਸ ਲੈ ਲਿਆ ਗਿਆ ਹੈ । ਮੈਂ ਸਮਝਦਾ ਹਾਂ ਕਿ ਇਸ ਤੇ ਫਰਦਰ ਬੋਲਣ ਦੀ ਲੋੜ ਨਹੀਂ ਹੈ । ਕੀ ਹਾਊਸ ਇਸ ਲਈ ਸਹਿਮਤ ਹੈ ? (ਵਿਘਨ) (ਸ਼ੋਰ)

(ਆਵਾਜ਼ਾਂ : ਹਾਂ ਜੀ, ਹਾਂ ਜੀ ।) (ਵਿਘਨ) (ਸ਼ੋਰ)

(ਆਪੋਜ਼ੀਸ਼ਨ ਪਾਰਟੀ ਵੱਲੋਂ ਇੱਕ ਆਵਾਜ਼ (ਬੈਠੇ-ਬੈਠੇ) : ਇਹ ਤਾਂ ਜ਼ਰੂਰ ਬੋਲਣਗੇ ਕਿਉਂਕਿ ਇਹ ਮੁੱਖ ਸੰਸਦੀ ਸਕੱਤਰ ਬਣੇ ਹਨ ।)

ਹਾਂ ਜੀ, ਸਾਹਨੀ ਜੀ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** (ਸ਼੍ਰੀ ਜਗਦੀਸ਼ ਸਾਹਨੀ) : ਸਪੀਕਰ ਸਾਹਿਬ, ਤੁਹਾਡੀ ਬਹੁਤ ਮਿਹਰਬਾਨੀ ਕਿ ਮਤਾ ਵਾਪਸ ਲੈਣ ਤੋਂ ਬਾਅਦ ਵੀ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਮੈਂ ਭੈਣ ਜੀ ਦੀ ਗੱਲ ਦਾ ਜਵਾਬ ਦੇਣਾ ਜ਼ਰੂਰੀ

Original with;
Punjab Vidhan Sabha
Digitized by;
Panjab Digital Library

ਸਮਝਦਾ ਹਾਂ । ਮੈਂ ਸ਼੍ਰੀ ਬ੍ਰਹਮ ਮਹਿੰਦਰਾ ਜੀ ਦੀ ਗੱਲ ਦਾ ਵੀ ਜਵਾਬ ਦੇਣਾ ਚਾਹੁੰਦਾ ਹਾਂ। ਬ੍ਰਹਮ ਮਹਿੰਦਰਾ ਜੀ ਜਵਾਬ ਦਿਓਗੇ ਕਿ ਤੁਹਾਡੇ ਵੇਲੇ ਬੀ.ਪੀ.ਐਲ. ਸਕੀਮ ਤਹਿਤ ਕੀ ਸਾਰੇ ਸਰਪੰਚਾਂ ਨੇ ਕਿਸੇ ਗਰੀਬ ਨੂੰ ਕਣਕ ਦਿੱਤੀ ਸੀ ? ਤੁਹਾਡੇ ਵੇਲੇ ਲੱਖਾਂ ਮੀਟਰਿਕ ਟਨ ਕਣਕ ਸਰਪੰਚ ਵੇਚ ਕੇ ਖਾ ਗਏ। ਬੀ.ਪੀ.ਐਲ. ਸਕੀਮ ਤਹਿਤ ਕਿਸੇ ਗਰੀਬ ਨੂੰ ਕੋਈ ਮਦਦ ਨਹੀਂ ਮਿਲੀ। ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਆਪਣੇ ਆਪ ਨੂੰ ਜ਼ਿਆਦਾ ਅਹਿਮ ਬਣਾਉਣ ਦੀ ਕੋਸ਼ਿਸ਼ ਨਾ ਕਰੋ, ਜੋ ਗੱਲ ਸਹੀ ਹੈ, ਉਹ ਕਰੋ....(ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੀ ਬ੍ਰਹਮ ਮਹਿੰਦਰਾ ਆਪਣੀ ਸੀਟ 'ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜੋ ਕਿ ਸ਼ੋਰ ਹੋਣ ਕਾਰਨ ਸੁਣਾਈ ਨਹੀਂ ਦੇ ਰਿਹਾ ਸੀ ।)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਇਸ ਸਬੰਧੀ ਇਨਕੁਆਇਰੀ ਕਰਵਾ ਲਓ ਕਿ ਬੀ.ਪੀ.ਐਲ. ਸਕੀਮ ਤਹਿਤ ਕਿੰਨੇ ਸਰਪੰਚਾਂ ਨੇ ਕਣਕ ਖਾਧੀ ਹੈ। ਸਾਰਾ ਕੁਝ ਤੁਹਾਡੇ ਸਾਹਮਣੇ ਆ ਜਾਵੇਗਾ। ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋ ਜਾਵੇਗਾ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ....(ਵਿਘਨ) (ਸ਼ੋਰ).......

**ਸ਼੍ਰੀ ਬ੍ਰਹਮ ਮਹਿੰਦਰਾ** : ਮੈਂ ਲੀਡਰ ਆਫ਼ ਦਿ ਹਾਊਸ ਨੂੰ ਕਹਾਂਗਾ ਕਿ ਇਸ ਦੀ ਇਨਕੁਆਇਰੀ ਕਰਵਾਉਣ....(ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਇਨਕੁਆਇਰੀ ਕਰਵਾਉਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਆਰਡਰ ਪਲੀਜ਼ । ਸਾਹਨੀ ਜੀ ਬੈਠੋ, ਪਲੀਜ਼ । ਸ਼੍ਰੀ ਸੁਰਜੀਤ ਕੁਮਾਰ ਜਿਆਨੀ ਜੀ ਵਲੋਂ ਪੇਸ਼ ਕੀਤੀ ਗਈ ਕਾਲ ਅਟੈਂਨਸ਼ਨ ਦੀ ਆਈਟਮ ਚੱਲ ਰਹੀ ਸੀ ਅਤੇ ਸਰਦਾਰ ਮਜੀਠੀਆ ਜੀ ਇਸ ਦਾ ਜਵਾਬ ਦੇ ਰਹੇ ਹਨ। ਮਜੀਠੀਆ ਜੀ, ਪਲੀਜ਼ ਬੋਲੋ ।

Original with;
Punjab Vidhan Sabha
Digitized by;
Panjab Digital Library

CALL ATTENTION NOTICE UNDER RULE 66 (*Resumption*)

**ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗ਼ੈਰ ਰਵਾਇਤੀ ਊਰਜਾ ਮੰਤਰੀ** (ਸਰਦਾਰ ਬਿਕਰਮ ਸਿੰਘ ਮਜੀਠੀਆ): ਧੰਨਵਾਦ, ਸਪੀਕਰ ਸਾਹਿਬ। ਪਹਿਲਾਂ ਵੀ ਮੈਂ ਜ਼ਿਕਰ ਕਰ ਰਿਹਾ ਸੀ ਕਿ ਜੋ ਸ਼੍ਰੀ ਜਿਆਨੀ ਸਾਹਿਬ ਦਾ ਕਨਸਰਨ ਹੈ, ਇਨ੍ਹਾਂ ਨੇ ਜੋ ਸਵਾਲ ਕੀਤਾ ਹੈ, ਮੈਂ ਉਸ ਦੀ ਸ਼ਲਾਘਾ ਕਰਦਾ ਹਾਂ। ਇਹ ਬਹੁਤ ਹੀ ਮਹੱਤਵਪੂਰਨ ਮੁੱਦਾ ਹੈ।

ਬੁੱਢਾ ਨਾਲਾ ਪਿੰਡ ਕੂਮ ਕਲਾਂ, ਜ਼ਿਲ੍ਹਾ ਲੁਧਿਆਣਾ ਵਿੱਚੋਂ ਨਿਕਲਦਾ ਹੈ। ਇਹ ਨਾਲਾ ਮਿਊਂਸਿਪਲ ਕਾਰਪੋਰੇਸ਼ਨ, ਲੁਧਿਆਣਾ ਦੇ ਘਰੇਲੂ ਮਲ ਦੇ ਨਾਲ ਨਾਲ ਵੱਖ ਵੱਖ ਉਦਯੋਗਾਂ ਦਾ ਉਦਯੋਗਿਕ ਮਲ ਲੈ ਕੇ ਜਾਂਦਾ ਹੈ। ਇਹ ਪਿੰਡ ਵਲੀਪੁਰ ਨੇੜੇ ਦਰਿਆ ਸਤਲੁਜ ਵਿੱਚ ਜਾ ਮਿਲਦਾ ਹੈ। ਲੁਧਿਆਣਾ ਵਿਖੇ ਉਦਯੋਗਿਕ ਯੂਨਿਟਾਂ ਦੇ ਸਥਾਪਿਤ ਹੋਣ ਦੇ ਨਾਲ ਹੀ ਨਾਲਾ ਪ੍ਰਦੂਸ਼ਿਤ ਹੋਣਾ ਸ਼ੁਰੂ ਹੋ ਗਿਆ ਸੀ। ਸ਼ਹਿਰ ਦੇ ਉਦਯੋਗਿਕ ਅਤੇ ਆਬਾਦੀ ਦੇ ਵਾਧੇ ਨਾਲ ਨਾਲ ਸਾਲਾਂ ਤੋਂ ਪ੍ਰਦੂਸ਼ਣ ਦੀ ਸਮੱਸਿਆ ਬਦ ਤੋਂ ਬਦਤਰ ਹੁੰਦੀ ਚਲੀ ਗਈ।

ਸਰਕਾਰ ਸਮੱਸਿਆ ਦੀ ਗੰਭੀਰਤਾ ਨੂੰ ਸਮਝਦੀ ਹੈ ਅਤੇ ਸ਼੍ਰੀ ਪੀ. ਰਾਮ, ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਦੀ ਪ੍ਰਧਾਨਗੀ ਹੇਠ ਵੱਖ-ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀ ਇੱਕ ਕਮੇਟੀ ਬੁੱਢਾ ਨਾਲਾ ਦੀ ਸਫਾਈ ਲਈ ਨੋਟੀਫਿਕੇਸ਼ਨ ਮਿਤੀ 11-10-2006 ਰਾਹੀਂ ਬਣਾਈ ਹੈ। ਇਹ ਵਿਭਾਗ ਹਨ, ਪਬਲਿਕ ਹੈਲਥ ਡਿਪਾਰਟਮੈਂਟ, ਇਰੀਗੇਸ਼ਨ, ਲੋਕਲ ਬਾਡੀਜ਼, ਸੋਇਲ ਕੰਜ਼ਰਵੇਸ਼ਨ, ਡਿਸਟ੍ਰਿਕਟ ਐਡਮਿਨਿਸਟ੍ਰੇਸ਼ਨ, ਪੋਲਿਊਸ਼ਨ ਕੰਟਰੋਲ ਬੋਰਡ, ਸਾਇੰਸ ਐਂਡ ਟੈਕਨੋਲੋਜੀ, ਇੰਡਸਟਰੀ ਡਿਪਾਰਟਮੈਂਟ, ਹਾਊਸਿੰਗ ਐਂਡ ਅਰਬਨ ਡਿਪਾਰਟਮੈਂਟ, ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਅਤੇ ਫੋਰੈਸਟ ਡਿਪਾਰਟਮੈਂਟ।

ਸਰਕਾਰ ਵਲੋਂ ਇਸ ਵਾਟਰ ਬਾਡੀ ਨੂੰ ਸਾਫ ਕਰਨ ਲਈ ਹੇਠ ਦਰਸਾਏ ਕੰਮ ਕੀਤੇ ਗਏ ਹਨ :

1. ਭੱਟੀਆਂ ਵਿਖੇ (111 ਐਮ.ਐਲ.ਡੀ) ਦਾ ਸੀਵੇਜ ਟਰੀਟਮੈਂਟ ਪਲਾਂਟ ਚਾਲੂ ਕੀਤਾ ਹੈ।

2. ਪਿੰਡ ਕੂਮ ਕਲਾਂ ਤੋਂ ਬੁੱਢਾ ਨਾਲਾ ਦੇ ਉਪਰਲੇ ਪਾਸੇ ਅਤੇ ਹੇਠਲੇ ਪਾਸੇ ਤਿੰਨ ਕਿਲੋਮੀਟਰ ਦੀ ਲੰਬਾਈ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਨਾਲ ਸਫਾਈ ਕੀਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

3. ਇਲੈਕਟਰੋਪਲੇਟਿੰਗ ਯੂਨਿਟ ਫੇਸ 8 ਲੋਕਲ ਪੁਆਇੰਟ ਲੁਧਿਆਣਾ ਲਈ ਕਾਮਨ ਐਫਲੂਐਂਟ ਟਰੀਟਮੈਂਟ ਪਲਾਂਟ ਚਾਲੂ ਕੀਤਾ ਗਿਆ ਹੈ।

4. ਸਪੀਕਰ ਸਾਹਿਬ, ਇਸ ਸਾਲ ਸਰਕਾਰ ਵਲੋਂ ਇਸ ਦੀ ਸਫਾਈ ਵਾਸਤੇ 10 ਕਰੋੜ ਰੁਪਏ ਰੱਖੇ ਗਏ ਹਨ ਜਦਕਿ ਪਿਛਲੀ ਸਰਕਾਰ ਵੇਲੇ ਸਿਰਫ ਇਕ ਕਰੋੜ ਰੁਪਿਆ ਹੀ ਰੱਖਿਆ ਗਿਆ ਸੀ। ਸਾਡੇ ਮੁੱਖ ਮੰਤਰੀ ਸਾਹਿਬ ਇਸ ਬਾਰੇ ਚਿੰਤਤ ਹਨ ਅਤੇ ਇਸ ਲਈ 10 ਕਰੋੜ ਰੁਪਏ ਇਸ ਦੀ ਸਫਾਈ ਲਈ ਮੁਹੱਈਆ ਕੀਤੇ ਹਨ।

5. ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ 17 ਉਦਯੋਗਿਕ ਇਕਾਈਆਂ ਨੂੰ ਐਫਲੂਐਂਟ ਟਰੀਟਮੈਂਟ ਪਲਾਂਟ ਨਾ ਲਗਾਉਣ ਕਰਕੇ ਵਾਟਰ ਐਕਟ, 1974 ਅਧੀਨ ਬੰਦ ਕਰਨ ਲਈ ਆਦੇਸ਼ ਜਾਰੀ ਕਰ ਦਿੱਤੇ ਗਏ ਹਨ ਅਤੇ ਅਜਿਹੀਆਂ ਹੀ ਦੋ ਹੋਰ ਇਕਾਈਆਂ ਵਿਰੁੱਧ ਕਾਰਵਾਈ ਵਿਚਾਰ ਅਧੀਨ ਹੈ।

6. ਮੁੱਖ ਮੰਤਰੀ, ਪੰਜਾਬ ਵਲੋਂ ਮਿਤੀ 6 ਜੂਨ, 2007 ਨੂੰ ਸਾਰੇ ਸਬੰਧਤ ਵਿਭਾਗਾਂ ਨਾਲ ਮੀਟਿੰਗ ਕੀਤੀ ਗਈ ਅਤੇ ਬੁੱਢਾ ਨਾਲਾ ਦੇ ਨਾਲ-ਨਾਲ ਪਵਿੱਤਰ ਬੇਈਂ ਵਿੱਚ ਪ੍ਰਦੂਸ਼ਿਤ ਪਾਣੀ ਦੇ ਵਹਾਅ ਨੂੰ ਰੋਕਣ ਲਈ ਮਿਤੀ ਬੱਧ ਤਰੀਕੇ ਨਾਲ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ।

ਇਹ ਕੰਮ ਕੀਤੇ ਜਾ ਰਹੇ ਹਨ ਅਤੇ ਪਹਿਲਾਂ ਵੀ ਕੀਤੇ ਗਏ ਹਨ। ਇਹ ਚਲ ਵੀ ਰਹੇ ਹਨ।

**ਹੇਠ ਦਰਸਾਏ ਗਏ ਕੰਮ ਪ੍ਰਗਤੀ ਅਧੀਨ ਹਨ :**

1. ਜਮਾਲਪੁਰ ਵਿਖੇ ਸੀਵੇਜ ਟਰੀਟਮੈਂਟ ਪਲਾਂਟ ਮਿਤੀ 30-9-2007 ਤੱਕ ਚਾਲੂ ਹੋਣ ਦੀ ਸੰਭਾਵਨਾ ਹੈ। ਬੱਲੋਕੇ ਵਿਖੇ ਸੀਵੇਜ ਟਰੀਟਮੈਂਟ ਪਲਾਂਟ ਦਾ ਪਹਿਲਾ ਮਡਿਊਲ ਮਿਤੀ 30-9-2007 ਤੱਕ ਅਤੇ ਦੂਜਾ ਮਡਿਊਲ ਮਿਤੀ 31-12-2007 ਤੱਕ ਚਾਲੂ ਹੋ ਜਾਵੇਗਾ।

2. ਸੁਆਇਲ ਅਤੇ ਵਾਟਰ ਕੰਜ਼ਰਵੇਸ਼ਨ ਵਿਭਾਗ ਵਲੋਂ ਬੁੱਢਾ ਨਾਲਾ ਦੇ ਨਾਲ ਲਗਾਏ 30 ਹਜ਼ਾਰ ਏਕੜ ਦੇ ਏਰੀਏ ਵਿੱਚ ਸੋਧੇ ਹੋਏ ਘਰੇਲੂ ਮੱਲ ਨੂੰ ਸਿੰਚਾਈ ਦੇ ਮੰਤਵ ਲਈ ਵਰਤਣ ਲਈ ਸਰਵੇ ਕੀਤਾ ਗਿਆ ਹੈ। ਵਿਭਾਗ ਮਿਤੀ 30-6-2007 ਤੱਕ ਇਕ ਵਿਸਥਾਰ ਪੂਰਵਕ ਰਿਪੋਰਟ ਤਿਆਰ ਕਰੇਗਾ।

Original with;
Punjab Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗ਼ੈਰ ਰਵਾਇਤੀ ਊਰਜਾ ਮੰਤਰੀ]

3. ਸ਼ਹਿਰ ਦੀ ਹੱਦ ਅੰਦਰ ਬੁੱਢਾ ਨਾਲਾ ਵਿੱਚੋਂ ਗਾਰ ਕੱਢਣ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਮਿਤੀ 31-7-2007 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਜੇਕਰ ਸਪੀਕਰ ਸਾਹਿਬ ਇਜਾਜ਼ਤ ਦੇਣ ਤਾਂ ਮੈਂ ਅੱਗੇ ਇੰਗਲਿਸ਼ ਵਿੱਚ ਪੜ੍ਹ ਕੇ ਸੁਣਾ ਦਿੰਦਾ ਹਾਂ।

A Civil Writ Petition No. 13881 of 2006 titled as 'Court on its own motion versus State also pending before the Hon'ble Punjab & Haryana High Court on the same subject of stopping the discharge of polluted water in the Budha Nullah, Ludhiana.

Regarding the issue of checking the quality of water at Harike Pattan as well as in the down stream canals, regular study is being carried out by the Punjab Pollution Control Board. As per study, the water quality at Harike Pattan is of "B" category which is suitable for drinking after conventional treatment and disinfection, for propagation of wild life and fishery, irrigation and industrial cooling purposes. Migratory birds from far flung areas like upper Himalayas, Siberia, Afghanistan etc. visit Harike Pattan during the winter months of October to February.

I would finally inform the Hon'ble Members of this House that Government is taking every possible step to rid the Budha Nullah of the pollution by stopping the discharge of industrial as well as domestic effluents into it.

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਮੇਰੀ ਸਮੱਸਿਆ ਨੂੰ ਆਪਣੀ ਸਮੱਸਿਆ ਮੰਨਦੇ ਹੋਏ ਵਿਸਥਾਰ ਨਾਲ ਸਾਰੀ ਗੱਲ ਦੱਸੀ ਹੈ ਪਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਰੀਕੇ ਪੱਤਣ ਵਿਖੇ ਦਰਿਆ ਇੱਕ ਦਰਿਆ ਨਾ ਹੋ ਕੇ ਇਕ ਨਹਿਰ ਬਣਨ ਜਾ ਰਹੀ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਿਛਲੀ ਸਰਕਾਰ ਵੇਲੇ ਸਫਾਈ ਵਾਸਤੇ ਉਹ ਏਰੀਆ ਮਿਲਟਰੀ ਨੂੰ ਦਿੱਤਾ ਸੀ ਅਤੇ ਮਿਲਟਰੀ ਨੇ ਉਥੇ ਸਫ਼ਾਈ ਕੀਤੀ ਵੀ ਸੀ। ਮਿੱਟੀ ਅਤੇ ਹਰੀ ਬੂਟੀ ਕਾਰਣ ਅੱਜ ਫੇਰ ਹਾਲਾਤ ਪਹਿਲਾਂ ਦੀ ਤਰ੍ਹਾਂ ਬਣ ਗਏ ਹਨ ਜਿਸ ਕਰਕੇ ਦਰਿਆ ਦਾ ਦਾਇਰਾ ਘਟਦਾ ਜਾ ਰਿਹਾ ਹੈ । ਇਸ ਕਰਕੇ ਇਸ ਦੀ ਸਫਾਈ ਕਰਾਈ ਜਾਣੀ ਚਾਹੀਦੀ ਹੈ । ਬਾਕੀ ਗੰਦੇ ਪਾਣੀ ਬਾਰੇ ਮਨਿਸਟਰ ਸਾਹਿਬ ਨੇ ਜੋ ਕਿਹਾ ਹੈ, ਉਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ।

Original with;
Punjab Vidhan Sabha
Digitized by;
Punjab Digital Library

**श्री सुनील कुमार जाखड़** : आपका धन्यवाद स्पीकर साहिब, कि आप ने इस मसले पर बोलने का मुझे समय दिया है। सी.एम. साहिब has been very kind कि उन्होंने इस काम के लिए इतना पैसा दिया है। मुनासिब है कि अच्छी बात के लिए धन्यवाद किया जाये, I really appreciate it.

**ਮਾਨਯੋਗ ਸਪੀਕਰ** : ਤੁਸੀਂ ਸਪਲੀਮੈਂਟਰੀ ਕਰੋ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਕਾਲ ਅਟੈਨਸ਼ਨ ਵਿੱਚ ਕਿਸੇ ਹੋਰ ਮੈਂਬਰ ਨੂੰ ਇਜਾਜ਼ਤ ਨਹੀਂ ਦਿੱਤੀ ਜਾਂਦੀ ।

**श्री सुनील कुमार जाखड़** : यह पीने के पानी का मसला है। I fully agree with it. (interruption)

**ਮਾਨਯੋਗ ਸਪੀਕਰ** : ਸਪਲੀਮੈਂਟਰੀ ਪਲੀਜ਼ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਕਾਲ ਅਟੈਨਸ਼ਨ ਵਿੱਚ ਸਿਰਫ ਇੱਕੋ ਸਪਲੀਮੈਂਟਰੀ ਅਲਾਊਡ ਹੈ ਅਤੇ ਉਸ ਦੀ ਕਿਸੇ ਹੋਰ ਮੈਂਬਰ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ।

**श्री सुनील कुमार जाखड़** : आपको वहां अबोहर लेकर चलेंगे और पानी पिला कर दिखायेंगे। उसके बाद आप उस की रिपोर्ट स्पीकर साहिब को दे देना।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਕਾਲ ਅਟੈਨਸ਼ਨ ਵਿੱਚ ਸਿਰਫ ਇੱਕ ਹੀ ਸਪਲੀਮੈਂਟਰੀ ਹੋ ਸਕਦੀ ਹੈ......

**ਮਾਨਯੋਗ ਸਪੀਕਰ** : ਮੈਂ ਉਹ ਸਪਲੀਮੈਂਟਰੀ ਅਲਾਓ ਕਰ ਦਿੱਤੀ ਹੈ ।

**श्री सुनील कुमार जाखड़** : मैं बादल साहिब का धन्यवादी हूँ कि उन्होंने बुड्ढे नाले की सफाई के लिए पैसे की ऐलोकेशन को बढ़ा कर एक करोड़ रुपये से 10 करोड़ रुपया कर दिया है। यह वाकई काबिले–तारीफ है लेकिन मैं आनरेबल मजीठीया साहिब की बात से

Original with;
Punjab Vidhan Sabha
Digitized by;
Panjab Digital Library

[श्री सुनील कुमार जाखड़]
सहमत नहीं हूँ और न ही पाल्यूशन कंट्रोल बोर्ड से सहमत हूँ जो उन्होंने बताया है कि B category का पानी है which is suitable or they call it potable water after regular treatment. आप को ध्यान होगा कि जयानी साहिब मेरे को सर्पोट करेंगे कि पहली दफा जब राजस्थान कैनाल, I would appreciate because यह पीने के पानी का मसला है जिसमें बादल साहिब भी involved हैं, if he could spare a moment, जब राजस्थान कैनाल बंद हुई थी।

**ਮਾਨਯੋਗ ਸਪੀਕਰ** : ਡਿਟੇਲਡ ਜਵਾਬ ਆ ਗਿਆ ਹੋਇਆ ਹੈ । ਸਪਲੀਮੈਂਟਰੀ ਦੇ ਤੌਰ ਤੇ ਜੋ ਕੋਈ ਸਪਲੀਮੈਂਟਰੀ ਕਰਨੀ ਹੈ ਤਾਂ ਕਰੋ, ਨਹੀਂ ਤਾਂ ਬੈਠ ਜਾਓ।

**श्री सुनील कुमार जाखड़** : स्पीकर साहिब, या तो हमें अलाओ करो कि वहां से पानी ला कर सदन में पेश कर दिया जाए। If any Member of the House finds it to be potable or drinkable water, I will withdraw it. All these efforts which are being made are well taken but the thing is that they are not sufficient. It needs to be done on war-footing. All these affluent treatment plants are not enough by themselves.

**ਮਾਨਯੋਗ ਸਪੀਕਰ**: ਇਸ ਸਾਰੀ ਗੱਲ ਦਾ ਉਨ੍ਹਾਂ ਨੇ ਨੋਟਿਸ ਲੈ ਲਿਆ ਹੈ ਅਤੇ ਪੈਸੇ ਦੇ ਦਿੱਤੇ ਗਏ ਹਨ। ਕਾਰਵਾਈ ਸ਼ੁਰੂ ਹੋ ਗਈ ਹੈ। Please sit down.

--------------------

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ** : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ:-

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ, ਕਮੇਟੀ ਨੇ ਸਿਫਾਰਸ਼ ਕੀਤੀ ਕਿ 21 ਜੂਨ, 2007 ਤੋਂ 29 ਜੂਨ, 2007 ਤੱਕ ਵਿਧਾਨ ਸਭਾ ਦੀਆਂ ਬੈਠਕਾਂ

Original with;
Punjab Vidhan Sabha
Digitized by;
Panjab Digital Library

ਵਿੱਚ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇ :-

| | |
|---|---|
| ਵੀਰਵਾਰ, 21 ਜੂਨ, 2007<br>(10.00 ਵਜੇ ਸਵੇਰੇ) | ਗੈਰ-ਸਰਕਾਰੀ ਕੰਮ-ਕਾਰ |
| ਸ਼ੁੱਕਰਵਾਰ, 22 ਜੂਨ, 2007<br>(10.00 ਵਜੇ ਸਵੇਰੇ) | ਸਾਲ 2007-08 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ । |
| ਸਨਿੱਚਰਵਾਰ, 23 ਜੂਨ, 2007<br>ਐਤਵਾਰ, 24 ਜੂਨ, 2007 | ਛੁੱਟੀਆਂ |
| ਸੋਮਵਾਰ, 25 ਜੂਨ, 2007<br>(2.00 ਵਜੇ ਬਾਅਦ ਦੁਪਹਿਰ) | ਸਾਲ 2007-08 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ । |
| ਮੰਗਲਵਾਰ, 26 ਜੂਨ, 2007<br>(10.00 ਵਜੇ ਸਵੇਰੇ) | ਸਾਲ 2007-08 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ । (ਸਮਾਪਤ ਕੀਤੀ ਜਾਵੇਗੀ) |
| ਬੁੱਧਵਾਰ, 27 ਜੂਨ, 2007<br>(10.00 ਵਜੇ ਸਵੇਰੇ) | (i) ਸਾਲ 2007-08 ਲਈ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ ।<br>(ii) ਨਮਿੱਤਣ ਬਿਲ । |
| ਵੀਰਵਾਰ, 28 ਜੂਨ, 2007<br>(10.00 ਵਜੇ ਸਵੇਰੇ) | ਗੈਰ-ਸਰਕਾਰੀ ਕੰਮ-ਕਾਰ । |
| ਸ਼ੁੱਕਰਵਾਰ, 29 ਜੂਨ, 2007<br>(10.00 ਵਜੇ ਸਵੇਰੇ) | (i) ਵਿਧਾਨਕ ਕੰਮ-ਕਾਰ ।<br>(ii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ । |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਵੇ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ ।

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਮੈਂ ਪ੍ਰਸਤਾਵ ਕਰਦਾ ਹਾਂ ਕਿ-

ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ਼ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ-

ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ਼ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ-

ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ਼ ਸਿਫਾਰਸ਼ਾਂ ਨਾਲ ਸਹਿਮਤ ਹੈ।

(ਆਵਾਜ਼ਾਂ : ਇਸ ਨੂੰ ਯੂਨਾਨੀਮਸਲੀ ਪਾਸ ਕਰੋ ਜੀ।)

*ਪ੍ਰਸਤਾਵ ਸਰਬਸੰਮਤੀ ਨਾਲ ਪਾਸ ਕੀਤਾ ਗਿਆ।*

**ਮਾਨਯੋਗ ਸਪੀਕਰ**: ਅਗਲੀ ਆਈਟਮ, ਕੈਪਟਨ ਬਲਬੀਰ ਸਿੰਘ ਬਾਠ।

----------

RESOLUTION REG. RECOMMENDATION TO THE STATE GOVERNMENT TO INSTRUCT THE POLICE DEPARTMENT TO GET THE INCREASING DOWRY RELATED CASES REGISTERED BY THE PARENTS OF THE NEWLY WEDDED BRIDES THOROUGHLY INVESTIGATED

**Capt. Balbir Singh Bath** : Sir, I beg to move that :

"This House recommends to the State Government to instruct the Police Department to get the increasing dowry related cases registered by the parents of the newly wedded brides thoroughly investigated before proceeding with the same in a stringent manner in order to ensure that the innocent people are not subjected to undue humiliation."

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ**: ਪ੍ਰਸਤਾਵ ਕੀਤਾ ਕਿ-

ਇਹ ਸਦਨ ਰਾਜ ਸਰਕਾਰ ਨੂੰ ਨਵੀਆਂ ਵਿਆਹੀਆਂ ਦੁਲਹਨਾਂ ਦੇ ਮਾਪਿਆਂ ਦੁਆਰਾ ਦਾਜ ਨਾਲ ਸਬੰਧਤ ਦਰਜ ਕਰਵਾਏ ਜਾਂਦੇ ਵੱਧ ਰਹੇ ਕੇਸਾਂ ਨੂੰ ਸਖਤੀ ਨਾਲ ਨਜਿੱਠਣ ਤੋਂ ਪਹਿਲਾਂ ਇਨ੍ਹਾਂ ਦੀ ਪੂਰੀ ਤਰ੍ਹਾਂ ਜਾਂਚ ਪੜਤਾਲ ਕਰਨ ਲਈ ਪੁਲਿਸ ਵਿਭਾਗ ਨੂੰ ਹਦਾਇਤ ਕਰਨ ਦੀ ਸਿਫਾਰਸ਼ ਕਰਦਾ ਹੈ ਤਾਂ ਕਿ ਨਿਰਦੋਸ਼ ਲੋਕਾਂ ਨੂੰ ਅਨੁਚਿਤ ਪ੍ਰੇਸ਼ਾਨੀ ਤੋਂ ਬਚਾਏ ਜਾਣ ਨੂੰ ਯਕੀਨੀ ਬਣਾਇਆ ਜਾ ਸਕੇ।

**ਕੈਪਟਨ ਬਲਬੀਰ ਸਿੰਘ ਬਾਠ** (ਸ੍ਰੀ ਹਰਗੋਬਿੰਦਪੁਰ) : ਸਪੀਕਰ ਸਾਹਿਬ, ਮੈਂ ਆਪ ਜੀ ਤੋਂ ਇਸ ਮਸਲੇ ਤੇ ਕਿਉਂਕਿ ਇਹ ਬਹੁਤ ਹੀ ਸੰਜੀਦਾ ਅਤੇ ਗੰਭੀਰ ਮਸਲਾ ਹੈ, ਕੁਝ ਕਹਿਣ ਦੀ ਇਜਾਜ਼ਤ ਮੰਗਦਾ ਹਾਂ। ਸਪੀਕਰ ਸਾਹਿਬ, ਅੱਜ ਜਿਨ੍ਹਾਂ ਕਲਮਾਂ ਨੇ ਇਹ ਐਕਟ ਪਾਸ ਕੀਤਾ ਸੀ, ਜਿਨ੍ਹਾਂ ਵਿਦਵਾਨਾਂ ਨੇ ਇਹ ਐਕਟ ਪਾਸ ਕੀਤਾ ਸੀ, ਜਿਨ੍ਹਾਂ ਵੀ ਪਾਰਲੀਮੈਂਟੇਰੀਅਨਜ਼ ਨੇ ਇਹ ਐਕਟ ਪਾਸ ਕੀਤਾ ਸੀ, ਅੱਜ ਉਨ੍ਹਾਂ ਕਲਮਾਂ ਦੇ ਗੁਨਾਹਾਂ ਦੀ ਕੋਈ ਗੱਲ ਨਹੀਂ ਹੈ, ਨਾ ਹੀ ਕੋਈ ਉਲਾਂਭਾ ਹੈ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਕਲਮਾਂ ਨੇ ਇਹ ਐਕਟ ਪਾਸ ਕੀਤਾ, ਆਪਣੀਆਂ ਚਿੰਤਾਵਾਂ ਦਾ ਪ੍ਰਗਟਾਵਾ ਕੀਤਾ, ਉਨ੍ਹਾਂ ਦੁਆਰਾ ਸਿਆਹੀ ਨਾਲ ਲਿਖੇ ਗਏ ਕਾਗਜ਼ਾਂ ਉਤੇ ਕੁਝ ਧੱਬੇ ਲਗ ਗਏ, ਕੁਝ ਕਾਗਜ਼ ਖਰਾਬ ਹੋ ਗਏ। ਮੇਰਾ ਭਾਵ ਐਕਟ ਤੋਂ ਹੈ। ਮੈਂ ਤਾਂ ਉਨ੍ਹਾਂ ਕਲਮਾਂ ਦੀ ਗੱਲ ਕਰਨ ਲੱਗਾ ਹਾਂ। ਗੁਰਬਾਣੀ ਵਿੱਚ ਵੀ ਦਰਜ਼ ਹੈ:

ਪੜਿਆ ਹੋਵੈ ਗੁਨਹਗਾਰ ਤ ਓਮੀ ਸਾਧੁ ਨ ਮਾਰੀਐ

ਅੱਜ ਉਨ੍ਹਾਂ ਲੋਕਾਂ ਦੀ ਚਰਚਾ ਕਰਨ ਲੱਗਾ ਹਾਂ, ਉਨ੍ਹਾਂ ਇਨਸਾਨਾਂ ਦੀ ਗੱਲ ਕਰਨ ਲੱਗਾ ਹਾਂ, ਉਨ੍ਹਾਂ ਪੀੜਤਾਂ ਦੀ ਗੱਲ ਕਹਿਣ ਲੱਗਾ ਹਾਂ ਜਿਹੜੇ ਕਿ ਬਣਾਏ ਗਏ ਐਕਟ ਦੀ ਦੁਰਵਰਤੋਂ ਦੀ ਬਦੌਲਤ ਪ੍ਰਭਾਵਿਤ ਹੋਏ ਹਨ। ਅੱਜ ਸਦਨ ਵਿੱਚ ਇਨ੍ਹਾਂ ਗੱਲਾਂ ਤੇ ਵਿਚਾਰ ਅਤੇ ਚਰਚਾ ਦੀਆਂ ਗੱਲਾਂ ਮੈਂ ਕਰਾਂਗਾ। ਇਹ ਇਕ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਮੈਂ ਇਹ ਕਹਿਣ ਤੋਂ ਗੁਰੇਜ਼ ਨਹੀਂ ਕਰਦਾ ਕਿ ਕਾਨੂੰਨ ਆਦਮੀ ਬਣਾਉਂਦਾ ਹੈ, ਸਮਾਜ ਦੇ ਭਲੇ ਵਾਸਤੇ ਅਤੇ ਆਪਣੇ ਭਲੇ ਵਾਸਤੇ। ਫਿਰ ਕਿਤੇ-ਕਿਤੇ ਇਸ ਦੀ ਉਹ ਦੁਰਵਰਤੋਂ ਵੀ ਕਰਦਾ ਹੈ। ਆਦਮੀ ਬੰਦੂਕ ਆਪਣੀ ਡਿਫੈਂਸ ਵਾਸਤੇ ਬਣਾਉਂਦਾ ਹੈ ਪਰ ਜੇ ਕਿਧਰੇ ਉਸੇ ਬੰਦੂਕ ਦਾ ਮੂੰਹ ਆਪਣੇ ਵੱਲ ਹੀ ਹੋ ਜਾਵੇ ਤਾਂ ਫਿਰ ਆਤਮਘਾਤ ਹੋ ਜਾਂਦਾ ਹੈ, ਨੁਕਸਾਨ ਹੁੰਦਾ ਹੈ, ਬੜਾ ਮਾੜਾ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

[ਕੈਪਟਨ ਬਲਬੀਰ ਸਿੰਘ ਬਾਠ]

ਇਸੇ ਤਰ੍ਹਾਂ ਹੀ ਜੇਕਰ ਐਕਟ ਦੀ ਦੁਰਵਰਤੋਂ ਹੋ ਜਾਵੇ ਤਾਂ ਉਹ ਵੀ ਮਾੜਾ ਹੁੰਦਾ ਹੈ ਅਤੇ ਚਿੰਤਾ ਦਾ ਵਿਸ਼ਾ ਹੁੰਦਾ ਹੈ। ਇਸ ਐਕਟ ਦੀ ਦੁਰਵਰਤੋਂ ਬਾਰੇ ਪੰਜਾਬੀ ਦੇ ਮਸ਼ਹੂਰ ਕਵੀ ਸ਼ਾਹ ਮੁਹੰਮਦ ਨੇ ਵੀ ਬਿਆਨ ਕੀਤਾ ਹੈ। ਪਰ ਉਦੋਂ ਵਕਤ ਹੋਰ ਸੀ ਅਤੇ ਅੱਜ ਵਕਤ ਹੋਰ ਹੈ : "ਸ਼ਾਹ ਮੁਹੰਮਦਾ ਇਨ੍ਹਾਂ ਬੁਰਛਿਆਂ ਨੇ, ਨਹੀਂ ਛੱਡੇ ਸੰਤ ਤੇ ਸਾਧ ਮੀਆਂ।"

| *1-12 ਵਜੇ ਬਾਅਦ ਦੁਪਹਿਰ |
|---|

(* ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਕਹਿ ਰਿਹਾ ਸੀ ਕਿ ਇਸ ਨੇ ਨਾ ਕੋਈ ਜੱਜ ਛੱਡੇ, ਨਾ ਵਕੀਲ ਛੱਡੇ ਨਾ ਬਿਓਰੋਕਰੇਟ ਛੱਡੇ ਭਾਵ ਕਿਸੇ ਨੂੰ ਵੀ ਨਹੀਂ ਛੱਡਿਆ। ਬਹੁਤ ਸਾਰੇ ਲੋਕ ਇਸ ਐਕਟ ਦੀ ਦੁਰਵਰਤੋਂ ਨਾਲ ਪੀੜਤ ਹੋਏ ਹਨ। ਮੈਂ ਇਸ ਦਾ ਜ਼ਿਕਰ ਬਾਅਦ ਵਿੱਚ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਐਕਟ ਹੈ ਕੀ ? ਇਹ ਗੱਲ ਸਮਝ ਤਾਂ ਆਉਣੀ ਚਾਹੀਦੀ ਹੈ। ਅਜ਼ਾਦੀ ਤੋਂ 14 ਸਾਲ ਬਾਅਦ ਹਿੰਦੁਸਤਾਨ ਦੇ ਵਿਧਾਨਕਾਰਾਂ ਨੇ ਪਾਰਲੀਮੈਂਟੇਰੀਅਨਾਂ ਨੇ ਜਦੋਂ ਚਿੰਤਾ ਜਿਤਾਈ ਕਿ ਸਮਾਜ ਵਿੱਚ ਬਹੁਤ ਕੁਝ ਬੁਰਾ ਹੋ ਰਿਹਾ ਹੈ, ਦਾਜ ਦੀਆਂ ਕੁਰੀਤੀਆਂ ਹਨ ਜਿਸ ਦੇ ਨਾਲ ਬੜਾ ਵੱਡਾ ਨੁਕਸਾਨ ਹੋ ਰਿਹਾ ਹੈ। ਫਿਰ ਸਾਲ 1961 ਵਿੱਚ ਦਾਜ ਵਿਰੋਧੀ ਐਕਟ ਪਾਸ ਕੀਤਾ ਗਿਆ। ਇਹ ਐਕਟ ਵੀ ਕਾਫੀ ਨਹੀਂ ਹੈ। ਲੋਕ ਅੱਜ ਵੀ ਗੁਨਾਹ ਕਰ ਰਹੇ ਹਨ। ਕਾਨੂੰਨ ਵਿੱਚ ਸੋਧ ਦੀ ਲੋੜ ਪੈ ਗਈ ਹੈ ਤਾਂ ਇਸ ਨੂੰ ਸਾਲ 1984 ਵਿੱਚ ਦੁਬਾਰਾ ਸੋਧ ਕੇ ਹੋਰ ਸਖਤ ਕੀਤਾ ਗਿਆ। ਜਿਹੜਾ ਐਕਟ, 1961 ਵਿੱਚ ਬਣਿਆ ਸੀ, ਮੈਂ ਮੈਂਬਰ ਸਾਹਿਬਾਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਸ ਵੇਲੇ ਜਿਹੜਾ ਗੁਨਾਹ ਕਰਦਾ ਸੀ, ਉਸ ਉਤੇ ਧਾਰਾ 498 ਅਧੀਨ ਦੋਸ਼ ਲਗਦੇ ਸਨ। ਉਸ ਵਿੱਚ 6 ਮਹੀਨੇ ਦੀ ਕੈਦ ਅਤੇ 5 ਹਜ਼ਾਰ ਰੁਪਏ ਜੁਰਮਾਨਾ ਹੁੰਦਾ ਸੀ। ਸਾਲ 1984 ਵਿੱਚ ਸੋਧ ਕੇ ਇੱਕ ਸਾਲ ਦੀ ਕੈਦ ਅਤੇ 10,000 ਰੁਪਏ ਜੁਰਮਾਨਾ ਕਰ ਦਿੱਤਾ ਪਰ ਫਿਰ ਵੀ ਇਸ ਦੀ ਦੁਰਵਰਤੋਂ ਹੁੰਦੀ ਰਹੀ। ਇਸ ਦਾ ਮੁੱਖ ਕਾਰਨ ਮੈਂ ਸਮਝਦਾ ਹਾਂ ਕਿ ਕਿਤੇ ਕੁੜੀ-ਮੁੰਡੇ ਦਾ ਝਗੜਾ ਹੋ ਗਿਆ, ਕਿਤੇ ਕੁੜਮਾਂ-ਕੁੜਮਾਂ ਦਾ ਝਗੜਾ ਹੋ ਗਿਆ, ਕਿਧਰੇ ਪਰਚੇ ਠੀਕ ਰਜਿਸਟਰਡ ਨਹੀਂ ਕੀਤੇ ਗਏ, ਕਿਧਰੇ ਦਾਜ ਦਾ ਲਾਲਚ ਆ ਗਿਆ ਜਿਸ ਕਾਰਨ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਈਆਂ। ਧਾਰਾ 498 ਅਧੀਨ ਜਿਹੜੇ ਪਰਚੇ ਦਰਜ ਹੁੰਦੇ ਸਨ, ਉਸ ਵਿੱਚ ਉਲਝਣਾਂ ਪੈਦਾ ਹੋਈਆਂ ਜਿਨ੍ਹਾਂ ਦਾ ਜ਼ਿਕਰ ਮੈਂ ਅੱਜ ਕਰ ਰਿਹਾ ਹਾਂ। ਇਸ ਐਕਟ ਦੀ ਦੁਰਵਰਤੋਂ ਹੀ ਇਸ ਦੀ ਤ੍ਰਾਸਦੀ ਹੈ । ਇਹ ਗੱਲਾਂ ਕਿਉਂ ਹੋਈਆਂ ? ਸਮੇਂ ਨੂੰ ਮੱਦੇਨਜ਼ਰ ਰੱਖਦਿਆਂ

Original with;
Punjab Vidhan Sabha
Digitized by;
Panjab Digital Library

ਹੋਇਆਂ ਮੈਂ ਇਹ ਗੱਲ ਮਹਿਸੂਸ ਕਰਦਾ ਹਾਂ ਕਿ ਲੋਕਾਂ ਨੇ ਆਪਣੇ ਖਰਚੇ ਵਧਾ ਲਏ। ਉਸ ਵੇਲੇ ਆਮਦਨ ਦੇ ਸਾਧਨ ਸੀਮਤ ਸਨ ਪਰ ਹੁਣ ਵੇਖੋ-ਵੇਖੀ ਵੈਸਟਰਨ ਕਲਚਰ ਦਾ ਅਸਰ ਹੋ ਗਿਆ, ਟੈਲੀਵਿਜ਼ਨ ਆਦਿ ਦਾ ਅਸਰ ਹੋ ਗਿਆ। ਮੁੰਡਿਆਂ ਨੇ ਮੋਟਰ ਸਾਈਕਲ ਲੈ ਲਏ, ਕਾਰਾਂ ਲੈ ਲਈਆਂ ਅਤੇ ਮਰਸੀਡੀਜ਼ ਕਾਰਾਂ ਲੈ ਲਈਆਂ। ਜਦੋਂ ਖਰਚਿਆਂ ਵਿੱਚ ਤੰਗੀ ਆਈ ਤਾਂ ਕੁੜੀ ਵਾਲਿਆਂ ਨੂੰ ਤੰਗ ਕਰਨ ਲੱਗੇ, ਦਾਜ ਮੰਗਣ ਲੱਗੇ। ਇਨ੍ਹਾਂ ਦੀ ਗੱਲ ਮੈਂ ਬਾਅਦ ਵਿੱਚ ਕਰਾਂਗਾ। ਪੁਲਿਸ ਲੈਵਲ ਅਤੇ ਐਡਮਨਿਸਟ੍ਰੇਸ਼ਨ ਲੈਵਲ ਤੇ ਕੁਰੱਪਸ਼ਨ ਵੀ ਇਕ ਬਹੁਤ ਵੱਡਾ ਕਾਰਨ ਸੀ ਕਿ ਪੁਲਿਸ ਅਫ਼ਸਰਾਂ ਨੇ ਆਪਣੀਆਂ ਜੇਬਾਂ ਭਰ ਲਈਆਂ। ਪੁਲਿਸ ਵਾਲਿਆਂ ਨੇ ਲੋਕਾਂ ਨੂੰ ਗੁੰਮਰਾਹ ਕਰਕੇ, ਬਲੈਕਮੇਲ ਕਰਕੇ ਪਰਚੇ ਦਰਜ ਕੀਤੇ। ਗੁਨਾਹ ਇਕ ਦਾ ਸੀ ਅਤੇ ਪਰਚਾ 7-7 ਤੇ ਦਰਜ ਕੀਤਾ ਗਿਆ। ਇਥੋਂ ਤੱਕ ਕਿ ਬੱਚਿਆਂ ਤੱਕ ਨੂੰ ਵੀ ਨਹੀਂ ਬਖਸ਼ਿਆ ਗਿਆ। ਇਨ੍ਹਾਂ ਗੱਲਾਂ ਨੇ ਇਸ ਕਾਨੂੰਨ ਵਿੱਚ ਉਲਝਣਾਂ ਪੈਦਾ ਕੀਤੀਆਂ, ਮੈਂ ਇਸ ਦਾ ਬਾਅਦ ਵਿੱਚ ਜ਼ਿਕਰ ਕਰਾਂਗਾ। ਇਸ ਦਾ ਕਾਰਨ ਇਹ ਹੈ ਕਿ ਕਿਸੇ ਜ਼ਿੰਮੇਵਾਰ ਅਫ਼ਸਰ ਦੀ ਜ਼ਿੰਮੇਵਾਰੀ ਫਿਕਸ ਨਾ ਹੋਈ ਕਿ ਕਿਸ ਲੈਵਲ ਤੇ ਪਰਚੇ ਦਰਜ ਹੋਣੇ ਚਾਹੀਦੇ ਸਨ ਲੈਵਲ ਫਿਕਸ ਨਾ ਹੋਣ ਕਾਰਨ ਐਸ.ਐਚ.ਓ. ਪਰਚਾ ਦਰਜ ਕਰਦਾ ਹੈ, ਚੌਂਕੀ ਦਾ ਇੰਚਾਰਜ ਵੀ ਪਰਚਾ ਦਰਜ ਕਰ ਸਕਦਾ ਹੈ ਅਤੇ ਇਥੋਂ ਤੱਕ ਕਿ ਵੂਮੈੱਨ ਸੈਲ ਦੀ ਇੰਚਾਰਜ ਵੀ ਪਰਚਾ ਦਰਜ ਕਰ ਸਕਦੀ ਹੈ। ਉਨ੍ਹਾਂ ਨੂੰ ਇਹ ਤਾਕਤਾਂ ਦਿੱਤੀਆਂ ਗਈਆਂ ਹਨ ਕਿਉਂਕਿ ਸੰਵਿਧਾਨ ਵਿੱਚ ਕਿਸੇ ਸੀਨੀਅਰ ਅਫ਼ਸਰ ਨੂੰ ਜ਼ਿੰਮੇਵਾਰੀ ਨਹੀਂ ਦਿੱਤੀ ਗਈ ਕਿ ਕਿਸ ਲੈਵਲ ਤੇ ਪਰਚਾ ਦਰਜ ਕਰਨਾ ਹੈ। ਇਸ ਦੇ ਨਾਲ ਵੀ ਪ੍ਰਾਬਲਮਜ਼ ਵਧੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਕ ਹੋਰ ਕਾਰਨ ਵੀ ਹੈ, ਕਿ ਇਸ ਐਕਟ ਵਿੱਚ ਜੇਕਰ ਕਿਸੇ ਬੱਚੇ ਬੱਚੀ ਦੇ ਵਿਆਹ ਨੂੰ 7 ਸਾਲ ਹੋ ਗਏ ਹੋਣ ਤਾਂ ਉਨ੍ਹਾਂ ਤੇ ਇਹ ਕਾਨੂੰਨ ਲਾਗੂ ਨਹੀਂ ਹੋਣਾ ਚਾਹੀਦਾ ਸੀ, ਧਾਰਾ 498(ਏ) ਉਨ੍ਹਾਂ ਤੇ ਨਹੀਂ ਲਗਣੀ ਚਾਹੀਦੀ। ਉਨ੍ਹਾਂ ਤੇ ਵੀ ਇਹ ਲਾਗੂ ਹੈ ਅਤੇ 7 ਸਾਲ ਤੋਂ ਬਾਅਦ ਤਾਂ ਬੱਚੇ-ਬੱਚੀਆਂ ਮਿਚਿਊਰ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਅੱਗੇ ਬੱਚੇ ਹੋ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਆਪਣੀਆਂ ਸਮੱਸਿਆਵਾਂ ਅਗਾਂਹ ਵੱਧ ਜਾਂਦੀਆਂ ਹਨ। ਇਹ ਧਾਰਾ ਉਨ੍ਹਾਂ ਤੇ ਲਾਗੂ ਨਹੀਂ ਹੋਣੀ ਚਾਹੀਦੀ ਸੀ ਪਰ ਇਹ ਉਨ੍ਹਾਂ ਤੇ ਵੀ ਲਾਗੂ ਹੈ। ਇਹ ਵੀ ਇਕ ਤਰਾਸਦੀ ਦਾ ਕਾਰਨ ਬਣ ਗਈ ਹੈ। ਜੇ ਮੈਂ ਕੋਟ ਕਰਾਂ ਤਾਂ ਸ਼ਾਇਦ ਮਾੜੀ ਗੱਲ ਨਹੀਂ ਹੋਵੇਗੀ। ਮੈਂ ਸਾਹਨੀ ਸਾਹਿਬ ਦੇ ਹਲਕਾ ਬਟਾਲਾ ਦੀ ਗੱਲ ਕਰਨ ਲੱਗਾ ਹਾਂ। ਬਟਾਲਾ ਸ਼ਹਿਰ ਵਿੱਚ ਕਾਲੀ ਮੰਦਰ ਵਾਲੀ ਗਲੀ ਦਾ ਕੇਸ ਹੈ, ਇਹ ਰੋਜ਼ ਉਥੇ ਮੱਥਾ

Original with;
Punjab Vidhan Sabha
Digitized by;
Panjab Digital Library

[ਕੈਪਟਨ ਬਲਬੀਰ ਸਿੰਘ ਬਾਠ]

ਟੇਕਣ ਜਾਂਦੇ ਹਨ। ਲੜਕੀ ਇੱਕ ਦਿਨ ਸਹੁਰੇ ਘਰ ਰਹੀ ਹੈ ਅਤੇ ਅਗਲੇ ਦਿਨ ਨਹੀਂ ਗਈ। ਨਾ ਵਸਣ ਦਾ ਕਾਰਨ ਮੈਨੂੰ ਨਹੀਂ ਪਤਾ ਪਰ ਲੜਕੀ ਵਾਲਿਆਂ ਨੇ ਸਹੁਰੇ ਪਰਿਵਾਰ ਦੇ 7 ਜੀਆਂ ਦੇ ਖਿਲਾਫ ਪਰਚਾ ਦਰਜ ਕਰਵਾ ਦਿੱਤਾ ਅਤੇ ਉਹ ਸਾਰੇ ਅੰਦਰ ਹਨ। ਇਸ ਤੋਂ ਅੱਗੇ ਮੈਂ ਹਲਕਾ ਸ਼੍ਰੀ ਹਰਿਗੋਬਿੰਦਪੁਰਾ ਦਾ ਜ਼ਿਕਰ ਕਰਨ ਲੱਗਾ ਹਾਂ ਜਿਹੜਾ ਕਿ ਮੇਰਾ ਖੁਦ ਦਾ ਹਲਕਾ ਹੈ। ਪਿੰਡ ਨਵੀਂਕੀਰੀ ਦੀ ਲੜਕੀ ਹੈ ਅਤੇ ਨਰਸ ਹੈ ਅਤੇ ਮੁੰਡਾ ਮਾਸਟਰ ਹੈ। ਕੁੜੀ ਕਹਿੰਦੀ ਹੈ ਕਿ ਸ਼ਹਿਰ ਵਿੱਚ ਰਹਿਣਾ ਹੈ। ਉਨ੍ਹਾਂ ਦਾ ਆਪਸੀ ਝਗੜਾ ਹੈ। ਮੈਂ ਇਸ ਕੇਸ ਨਾਲ ਬੜੀ ਗੰਭੀਰਤਾ ਨਾਲ ਟੱਚ ਹਾਂ ਕਿਉਂਕਿ ਮੈਂ ਚਾਹੁੰਦਾ ਹਾਂ ਪਰਿਵਾਰ ਵੱਸਦਾ ਰਹੇ ਅਤੇ ਪਰਿਵਾਰ ਦੇ ਟੁੱਟਣ ਦੀ ਸਮੱਸਿਆ ਪੈਦਾ ਨਾ ਹੋਵੇ।

ਮੈਂ ਇਕ ਹੋਰ ਕੇਸ ਕੋਟ ਕਰਨਾ ਚਾਹਾਂਗਾ, ਐਸਟੀਮੇਟ ਕਮੇਟੀ ਦਾ । ਅੱਜ ਤੋਂ 2 ਸਾਲ ਪਹਿਲਾਂ ਹੀ ਹਾਊਸ ਦੀ ਐਸਟੀਮੇਟ ਕਮੇਟੀ, ਪਟਿਆਲਾ ਵਿਖੇ ਜੇਲ੍ਹ ਚੈੱਕ ਕਰਨ ਲਈ ਗਈ ਸੀ ਅਤੇ ਉਥੇ ਦੇਖਿਆ ਕਿ ਇੱਕ ਨੌਜਵਾਨ ਲੜਕੀ, ਮੇਰੀ ਧੀ ਵਰਗੀ ਹੋਵੇਗੀ, ਉਸਦੀ 2-3 ਸਾਲ ਦੀ ਬੱਚੀ ਸੀ, ਕੈਦ ਵਿੱਚ ਸੀ, ਉਸ ਦੇ ਘਰ ਵਾਲਾ ਰੋਪੜ ਵਿੱਚ ਹੈ, ਉਸਦਾ 5-7 ਸਾਲ ਦਾ ਬੱਚਾ ਉਸ ਦੇ ਨਾਲ ਹੈ। ਉਸ ਦੇ ਬੁੱਢੇ ਮਾਂ ਬਾਪ ਪਟਿਆਲਾ ਜੇਲ੍ਹ ਵਿੱਚ ਹਨ । ਉਨ੍ਹਾਂ ਦਾ ਦੋਸ਼ ਸੀ ਕਿ ਲੜਕੀ ਸਲਫਾਸ ਖਾ ਕੇ ਮਰ ਗਈ ਸੀ ਅਤੇ ਹੁਣ ਸਾਰਾ ਸਹੁਰਾ ਪਰਿਵਾਰ ਅੰਦਰ ਹੈ । ਇਕ ਮੈਂ ਹੋਰ ਘਟਨਾ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਪਿੰਡ ਭੋਲਬਾਬਾ ਹੈ ਲੜਕੀ ਜਲਾਲੂਸਮਾਨ ਵਿਆਹੀ ਹੈ, ਉਨ੍ਹਾਂ ਦੀ ਵੀ ਇਹੀ ਸਮੱਸਿਆ ਹੈ । 8 ਸਾਲ ਦਾ ਬੱਚਾ ਹੈ।

ਅੱਜ ਬਿਲਕੁਲ ਅਜਿਹੀ ਸਮੱਸਿਆ ਇੱਥੇ ਚੱਲ ਰਹੀ ਹੈ। ਇਹੋ ਜਿਹੀਆਂ ਸਮੱਸਿਆਵਾਂ ਸਾਰੇ ਮੁਹੱਲਿਆਂ, ਸਾਰੇ ਸ਼ਹਿਰਾਂ, ਸਾਰੇ ਪਿੰਡਾਂ ਦੀਆਂ ਹੋਣਗੀਆਂ। ਮੈਂ ਅੱਗੇ ਜਾ ਕੇ ਇਨ੍ਹਾਂ ਦੇ ਵੇਰਵੇ ਦੱਸਾਂਗਾ ਕਿ ਹਰ ਪਰਿਵਾਰ ਵਿੱਚ ਡਿਸਟ੍ਰਿਕਟ-ਵਾਈਜ਼, ਤਹਿਸੀਲ-ਵਾਈਜ਼ ਕੀ ਕੀ ਸਮੱਸਿਆਵਾਂ ਹਨ। ਮੈਂ ਸਦਨ ਦੇ ਧਿਆਨ ਵਿੱਚ ਲਿਆਉਣ ਲਈ ਆਪ ਜੀ ਦੀ ਡਿਪਟੀ ਸਪੀਕਰ ਸਾਹਿਬ, ਇਜਾਜ਼ਤ ਮੰਗਾਂਗਾ। ਡਿਪਟੀ ਸਪੀਕਰ ਸਾਹਿਬ, ਮੈਨੂੰ ਜ਼ਬਾਨੀ ਚੇਤਾ ਹੈ। ਮੈਂ ਕਾਗਜ਼ ਖੋਲ੍ਹਣੇ ਬੰਦ ਕਰ ਦਿੰਦਾ ਹਾਂ। ਜਿਹੜੀ ਮੈਂ ਗੱਲ ਕੀਤੀ ਹੈ, ਇਸ ਬਾਰੇ ਪਿਛਲੇ ਸਾਲ ਸੈਸ਼ਨ ਵਿੱਚ ਇੱਕ ਕੁਐਸਚਨ ਵੀ ਆਇਆ ਸੀ, ਸਰਦਾਰ ਮਨਜੀਤ ਸਿੰਘ ਮੰਨਾ, ਐਮ.ਐਲ.ਏ. ਵਲੋਂ। ਕੁਐਸਚਨ ਇਨ੍ਹਾਂ ਵਲੋਂ ਲਿਆਂਦਾ ਗਿਆ ਸੀ, ਇਹ ਉਸ ਵੇਲੇ, ਮਤਾ ਨਹੀਂ ਸੀ ।

Original with;
Punjab Vidhan Sabha
Digitized by;
Panjab Digital Library

ਸਰਕਾਰ ਵਲੋਂ ਇਸ ਬਾਰੇ ਜਵਾਬ ਦਿੱਤਾ ਗਿਆ ਸੀ । ਡੀ.ਜੀ.ਪੀ. ਸਾਹਿਬ ਨੇ ਇਹ ਕਿਹਾ ਸੀ ਕਿ ਇਸ ਐਕਟ ਦੀ ਜ਼ਰੂਰਤ ਹੈ। ਮੇਰੇ ਕੋਲ ਵੇਰਵਾ ਹੈ। ਪੰਜਾਬ ਵਿੱਚ ਇਸ ਐਕਟ ਨਾਲ ਜੋ ਮਾੜਾ ਅਸਰ ਹੋਇਆ ਹੈ, ਇਸ ਨਾਲ ਹਰ ਜ਼ਿਲ੍ਹੇ ਵਿੱਚ ਕਿੰਨੇ ਹੀ ਲੋਕ ਪੀੜ੍ਹਤ ਹਨ। ਮੇਰੇ ਕੋਲ ਇਸ ਦਾ ਵੇਰਵਾ ਹੈ। ਪਿਛਲੇ ਸਾਲ ਡੀ.ਜੀ.ਪੀ. ਸਾਹਿਬ ਨੇ ਬਿਆਨ ਦਿੱਤਾ ਸੀ। ਉਸ ਦੀ ਰਾਈਟਿੰਗ ਮੇਰੇ ਕੋਲ ਹੈ। ਪਿਛਲੇ ਸਾਲ ਪੰਜਾਬ ਵਿੱਚ 707 ਕੇਸ ਅਜਿਹੇ ਹਨ ਜਿਹੜੇ ਧਾਰਾ 498 ਤਹਿਤ, ਰਜਿਸਟਰ ਕੀਤੇ ਗਏ ਪਰ ਇਹ ਦੱਸ ਨਹੀਂ ਸਕੇ ਕਿ ਦਫਾ 304 ਤਹਿਤ ਜਿਨ੍ਹਾਂ ਲੜਕੀਆਂ ਨੇ ਸੁਸਾਈਡ ਕੀਤਾ, ਸਲਫਾਸ ਖਾਧੀ ਜਾਂ ਕੁਝ ਹੋਰ ਖਾਧਾ, ਉਸ ਸਬੰਧੀ ਕਿੰਨੇ ਲੋਕ ਜੇਲ੍ਹਾਂ ਵਿੱਚ ਹਨ। ਇਹ ਨਹੀਂ ਦੱਸ ਸਕੇ ਪਰ ਮੈਂ ਆਪਣੇ ਜ਼ਿਲ੍ਹੇ ਦੀ ਗੱਲ ਕਰਦਾ ਹਾਂ। ਫਿਰ ਗੱਲ ਸਮਝ ਆ ਜਾਵੇਗੀ । ਪੰਜਾਬ ਵਿੱਚ 20 ਜ਼ਿਲ੍ਹੇ ਹਨ। ਉਨ੍ਹਾਂ ਵਿੱਚ ਇੱਕ ਜ਼ਿਲ੍ਹਾ ਗੁਰਦਾਸਪੁਰ ਹੈ। ਡਿਪਟੀ ਸਪੀਕਰ ਸਾਹਿਬ, ਗੁਰਦਾਸਪੁਰ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ 800 ਕੇਸ ਹੋਏ ਹਨ, ਧਾਰਾ 498 ਤਹਿਤ, ਡੌਰੀ ਐਕਟ ਤਹਿਤ। ਇਨ੍ਹਾਂ 800 ਕੇਸਾਂ ਵਿੱਚ 500 ਕੇਸ ਅਜਿਹੇ ਹਨ ਜਿਨ੍ਹਾਂ ਵਿੱਚੋਂ ਧਾਰਾ 304 ਤਹਿਤ ਘੱਟੋ ਘੱਟ ਸੱਤ ਸਾਲ ਦੀ ਕੈਦ ਹੋਈ, ਦਸ ਹਜ਼ਾਰ ਰੁਪਿਆ ਜੁਰਮਾਨਾ ਹੋਇਆ। ਇਸ ਤੋਂ ਵੱਧ ਵੀ ਹੋ ਸਕਦੀ ਹੈ। ਇਹ ਕੇਸ ਹੋਏ ਹਨ। ਜੇ ਇਸ ਨੂੰ ਵੀਹ ਨਾਲ ਜ਼ਰਬ ਦੇ ਲਈਏ ਤੇ ਸਾਰੇ ਪੰਜਾਬ ਦੀ ਫਿਗਰ ਆ ਜਾਵੇਗੀ। ਇਹ ਪੰਜਾਬ ਦੀ ਤਰਾਸਦੀ ਹੈ, ਪੰਜਾਬ ਦੇ ਲੋਕਾਂ ਦਾ ਦੁਖਾਂਤ ਹੈ ਜਿੱਥੇ ਇਸ ਐਕਟ ਦੀ ਭਾਵਨਾ ਜੋ ਬਹੁਤ ਖੂਬਸੂਰਤ ਹੈ, ਇਸ ਦੀ ਦੁਰਵਰਤੋਂ ਹੋ ਰਹੀ ਹੈ ਜਿਸ ਦਾ ਜ਼ਿਕਰ ਹੋ ਰਿਹਾ ਹੈ। ਇਸ ਵਿੱਚ ਹਾਊਸ ਨੂੰ ਸੋਧ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਕਿ ਮੈਂ ਸਮਾਪਤੀ ਵੱਲ ਆਵਾਂ, ਮੈਂ ਕਹਿਣਾ ਚਾਹੁੰਦਾ ਹਾਂ ਕਿ ਔਰਤ ਦਾ ਬੜਾ ਵੱਡਾ ਰੁਤਬਾ ਹੈ ਜਿਸ ਕਰਕੇ ਇਹ ਐਕਟ ਬਣਿਆ । ਉਹ ਬਰਾਬਰ ਪੀੜ੍ਹਤ ਹੈ, ਉਸ ਦੀਆਂ ਆਪਣੀਆਂ ਸਮੱਸਿਆਵਾਂ ਹਨ। ਭਾਰਤ ਦੇ ਸੱਭਿਆਚਾਰ ਵਿੱਚ, ਭਾਰਤ ਦੇ ਇਤਿਹਾਸ ਵਿੱਚ, ਸਾਰੀ ਦੁਨੀਆਂ ਵਿੱਚ, ਸਾਡੇ ਸਮਾਜ ਵਿੱਚ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਔਰਤ ਨੂੰ ਬਹੁਤ ਉੱਚਾ ਸਥਾਨ ਦਿੱਤਾ ਗਿਆ ਹੈ । ਬਹੁਤ ਉੱਚਾ । ਮਾਤਾ ਭਾਗੋ ਜੀ ਦਾ ਸਥਾਨ ਬਹੁਤ ਉੱਚਾ ਹੈ। ਬੇਬੇ ਨਾਨਕੀ ਤੋਂ ਲੈ ਕੇ ਕਲਪਨਾ ਚਾਵਲਾ ਤੱਕ, ਸਾਰੀਆਂ ਔਰਤਾਂ ਦਾ ਸਥਾਨ ਬਹੁਤ ਉੱਚਾ ਹੈ । ਇਨ੍ਹਾਂ ਨੇ ਸਮਾਜ ਵਿੱਚ ਕਿੰਨਾ ਵੱਡਾ ਰੋਲ ਪਾਇਆ । ਗੁਰੂ ਨਾਨਕ ਸਾਹਿਬ ਨੇ ਵੀ ਫਰਮਾਇਆ ਹੈ :

ਸੋ ਕਿਉ ਮੰਦਾ ਆਖੀਐ ਜਿਤੁ ਜਮੈ ਰਾਜਾਨ ॥

Original with;
Punjab Vidhan Sabha
Digitized by;
Panjab Digital Library

[ਕੈਪਟਨ ਬਲਬੀਰ ਸਿੰਘ ਬਾਠ]

ਇਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਿਉਂ ਬਣ ਗਿਆ ਹੈ, ਚਰਚਾ ਦਾ ਵਿਸ਼ਾ, ਕਿਉਂ ਸਮਾਜ ਵਿੱਚ ਕੁੜੱਤਣਾਂ ਪੈਦਾ ਹੋਈਆਂ ਹਨ। ਦਹੇਜ ਦਾ ਲਾਲਚ। ਇਹ ਮੁਸ਼ਕਲਾਂ ਸਾਡੇ ਸਾਹਮਣੇ ਆ ਰਹੀਆਂ ਹਨ। ਇਸ ਲਈ ਇੰਨਾ ਕੁਝ ਕਹਿਣ ਦੇ ਬਾਵਜੂਦ ਮੈਂ ਸਮਝਦਾ ਹਾਂ ਕਿ ਇਸ ਦੀਆਂ ਰੈਮੇਡੀਜ਼ ਕੀ ਹਨ ? ਇਨ੍ਹਾਂ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਬਿਨਾਂ ਕਾਨੂੰਨ ਚੇਂਜ ਕੀਤਿਆਂ ਮੈਂ ਸਦਨ ਦੇ ਮੈਂਬਰ ਸਾਹਿਬਾਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਕੋਈ ਵੀ ਸੂਬਾ ਸੈਂਟਰ ਦੀ ਪਰਾਇਰ ਪਰਮਿਸ਼ਨ ਤੋਂ ਬਿਨਾਂ ਸੋਧ ਨਹੀਂ ਕਰ ਸਕਦਾ। ਕਿਉਂਕਿ ਇਹ ਸੈਂਟਰ ਦਾ ਕਨੂੰਨ ਹੈ, ਸੋਧ ਕਰਨ ਦਾ ਹੱਕ ਉਸ ਕੋਲ ਹੈ। ਇਹ 1981 ਵਿੱਚ ਐਕਟ ਬਣਿਆ। 1984 ਵਿੱਚ ਸੋਧ ਹੋਈ। ਇਸ ਲਈ ਇਹ ਸੋਧ ਕਰਨ ਲਈ ਸੈਂਟਰ ਦੀ ਪਰਾਇਰ ਪਰਮਿਸ਼ਨ ਲੈਣੀ ਪਵੇਗੀ। ਅੱਜ ਚਰਚਾ ਦਾ ਵਿਸ਼ਾ ਹੈ, ਇਸ ਦੀ ਇੰਪਲੀਮੈਂਟੇਸ਼ਨ ਦਾ ਕਿਉਂਕਿ ਇਸ ਨੂੰ ਠੀਕ ਢੰਗ ਨਾਲ ਲਾਗੂ ਕਰਨ ਦਾ ਸਵਾਲ ਹੈ। ਸਾਡੇ ਸਿਆਣੇ ਤੇ ਦਾਨਸ਼ਵਰ ਮੈਂਬਰ ਸਾਹਿਬਾਨ ਗੌਰ ਕਰਨਗੇ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਤੇ ਅਮਲ ਕਰੇ । ਡਿਪਟੀ ਸਪੀਕਰ ਸਾਹਿਬ, ਚੌਕੀ, ਥਾਣੇ ਅਤੇ ਸਪੈਸ਼ਲੀ ਵੁਮੈੱਨ ਸੈਲ ਤਿੰਨ ਪੁਆਇੰਟ ਹਨ, ਜਿਥੇ ਪਰਚੇ ਦਰਜ ਹੁੰਦੇ ਹਨ । ਇਹ ਤਿੰਨ ਪੁਆਇੰਟ ਹਨ ਜਿਥੇ ਪਰਚੇ ਰਜਿਸਟਰ ਹੁੰਦੇ ਹਨ । ਇਹ ਬੰਦ ਹੋਣੇ ਚਾਹੀਦੇ ਹਨ । ਇਹ ਮੇਰਾ ਸੁਝਾਓ ਹੈ । ਮੈਂ ਸ਼ਬਦ ਨਹੀਂ ਵਰਤਣਾ ਚਾਹੁੰਦਾ ਪਰ ਲਾਲਚ ਜਾਂ ਪੁਲੀਟੀਕਲ ਜਾਂ ਸਮਾਜਿਕ ਕਾਰਨ ਕਹਿ ਲਵਾਂ, ਇਨ੍ਹਾਂ ਮਜ਼ਬੂਰੀਆਂ ਕਾਰਨ ਉਹ ਲੋਕ ਗਲਤ ਪਰਚਾ ਰਜਿਸਟਰ ਕਰ ਜਾਂਦੇ ਹਨ, ਜਿਸ ਕਾਰਨ ਅੱਜ ਇਹ ਸਮੱਸਿਆਵਾਂ ਆਈਆਂ ਹਨ । Hence ਮੈਂ ਇਹ ਬੇਨਤੀ ਕਰਾਂਗਾ ਕਿ ਗਜ਼ਟਿਡ ਲੈਵਲ ਦੇ ਅਫ਼ਸਰ, ਡੀ.ਐਸ.ਪੀ. ਲੈਵਲ ਦੇ ਅਫ਼ਸਰ ਨੂੰ ਅਖ਼ਤਿਆਰ ਦਿੱਤੇ ਜਾਣ ਕਿ ਉਹ ਪੂਰੀ ਜ਼ਿੰਮੇਵਾਰੀ ਤੋਂ ਬਾਅਦ ਪਰਚਾ ਦਰਜ ਕਰੇ । ਉਸ ਨੂੰ ਵੀ ਬੈਲੈਂਸ ਰੱਖਣ ਲਈ ਕਾਊਂਟਰ ਚੈੱਕ ਕਰਨ ਲਈ ਵਿਧਾਨ ਸਭਾ ਵੱਲੋਂ ਕੋਈ ਨਾ ਕੋਈ ਇੰਸਟ੍ਰਕਸ਼ਨ ਹੋਣ । ਜੇਕਰ ਉਹ ਕਿਸੇ ਲੈਵਲ ਤੇ ਗੁਨਾਹਗਾਰ ਪਾਇਆ ਗਿਆ ਤਾਂ ਉਸ ਦੇ ਖਿਲਾਫ਼ ਵੀ ਡਿਸਿਪਲੀਨਰੀ ਐਕਸ਼ਨ ਲਿਆ ਜਾਵੇ, ਉਸ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ । ਇਹ ਬਹੁਤ ਜ਼ਰੂਰੀ ਹੈ । ਨਾਲ ਹੀ ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਐਪਲੀਕੈਂਟ ਹੈ, ਜਿਹੜਾ ਪੀੜਤ ਹੈ, ਜਿਹੜਾ ਦਰਖ਼ਾਸਤ ਦਿੰਦਾ ਹੈ, ਜੇਕਰ ਉਹ ਪਰਾਪਰ ਇਨਕੁਆਇਰੀ ਤੋਂ ਬਾਅਦ ਗਲਤ ਪਾਇਆ ਜਾਂਦਾ ਹੈ, ਤਾਂ ਉਹ ਵੀ ਗੁਨਾਹਗਾਰ ਹੋਵੇਗਾ ਅਤੇ ਉਸ ਤੇ ਵੀ ਪਰਾਪਰ ਪਰਚਾ ਦਰਜ ਹੋਣਾ ਚਾਹੀਦਾ ਹੈ, ਇਹ ਮੇਰੀ ਬੇਨਤੀ ਹੈ । ਇੱਕ ਹੋਰ ਬਹੁਤ ਜ਼ਰੂਰੀ ਬੇਨਤੀ ਹੈ ਕਿ ਮਰਸਡੀਜ਼ ਕਾਰਾਂ ਦੀ ਗੱਲ ਚੱਲੀ ਸੀ, ਇਹ ਸਾਡੇ ਸਮਾਜ ਦਾ ਹਿੱਸਾ ਬਣ ਗਈਆਂ ਹਨ । ਮੈਂ ਵੀ ਉਸ ਦਾ

Original with;
Punjab Vidhan Sabha
Digitized by;
Panjab Digital Library

ਹਿੱਸਾ ਹਾਂ । ਇਸ ਦੁਖਾਂਤ ਨੂੰ ਰੋਕਣ ਲਈ ਤਿੰਨ-ਚਾਰ ਸਾਲ ਪਹਿਲਾਂ ਵੀ ਮੈਂ ਇਸ ਹਾਊਸ ਵਿੱਚ ਬੇਨਤੀ ਕੀਤੀ ਸੀ । ਦਹੇਜ ਦੇ ਵਧੇ ਹੋਏ ਖਰਚੇ ਨੂੰ ਰੋਕਣ ਦੀ ਗੱਲ ਕੀਤੀ ਸੀ । ਤੁਹਾਨੂੰ ਸਾਰਿਆਂ ਨੂੰ ਪਤਾ ਹੈ, ਇਮਾਨਦਾਰੀ ਨਾਲ ਜੇਕਰ ਪੰਜਾਬ ਨੂੰ ਬਚਾਉਣਾ ਹੈ, ਇਸ ਨੂੰ ਅੱਗੇ ਲਿਜਾਣਾ ਹੈ ਤਾਂ ਸਾਨੂੰ ਦਹੇਜ ਵਾਲੇ ਪਾਸੇ ਧਿਆਨ ਦੇਣਾ ਪਵੇਗਾ । ਦਹੇਜ ਧੀ ਦਾ ਹੱਕ ਹੈ । ਮੈਂ ਮੰਨਦਾ ਹਾਂ ਕਿ ਧੀ ਸਾਡਾ ਹਿੱਸਾ ਹੈ, ਸਾਡੀ ਜ਼ਿੰਦਗੀ ਦਾ ਹਿੱਸਾ ਹੈ, ਸਾਡਾ ਖੂਨ ਹੈ । ਦਹੇਜ ਲੈਣਾ ਉਸ ਦਾ ਹੱਕ ਬਣਦਾ ਹੈ। ਉਸ ਦਾ ਉਵੇਂ ਹੀ ਹੱਕ ਹੈ ਜਿਵੇਂ ਮਕਾਨ ਬਣਾਉਣਾ ਹੋਵੇ ਤਾਂ ਇੱਟਾਂ ਦੇ ਨਾਲ ਸੀਮਿੰਟ ਦੀ ਲੋੜ ਹੁੰਦੀ ਹੈ। ਸੀਮਿੰਟ ਬਿਨਾਂ ਗੱਲ ਨਹੀਂ ਬਣਦੀ । ਉਹ ਦਹੇਜ ਤਾਂ ਦਿੱਤਾ ਜਾਂਦਾ ਹੈ ਤਾਂ ਕਿ ਉਸ ਦਾ ਨਵਾਂ ਘਰ ਵਸ ਜਾਵੇ । ਉਸ ਨੂੰ ਲੋੜ ਹੈ ਪਰ ਉਸ ਦੀ ਲਿਮਿਟ ਹੈ । ਐਕਟ ਤਾਂ ਹੀ ਆਉਂਦਾ ਹੈ । ਜੇਕਰ ਲਿਮਿਟ ਵੱਧ ਜਾਵੇ ਤਾਂ ਕਾਨੂੰਨ ਦੀ ਉਲੰਘਣਾ ਹੈ। ਅੱਜ, ਡਿਪਟੀ ਸਪੀਕਰ ਸਾਹਿਬ, ਲੋੜ ਹੈ ਇਸ ਗੱਲ ਨੂੰ ਰੋਕਣ ਦੀ । ਫਜ਼ੂਲ ਵਧੇ ਹੋਏ ਖਰਚਿਆਂ ਨੂੰ ਨੱਥ ਪਾਉਣ ਦੀ ਲੋੜ ਹੈ । ਮੈਂ ਇਨ੍ਹਾਂ ਸ਼ਬਦਾਂ ਨਾਲ ਹੋਰ ਸਮਾਂ ਨਾ ਲੈਂਦਾ ਹੋਇਆ ਸਦਨ ਦੇ ਚਰਨਾਂ ਵਿੱਚ ਬੇਨਤੀ ਕਰਦਾ ਹਾਂ ਕਿ ਜਿਥੇ ਉਹ ਆਪਣੇ ਵਿਚਾਰ ਰੱਖਣ, ਉਥੇ ਗੰਭੀਰਤਾ ਨਾਲ ਵਿਚਾਰ ਵੀ ਕਰਨ ਤਾਂ ਕਿ ਇਸ ਦਾ ਹੱਲ ਲੱਭਿਆ ਜਾ ਸਕੇ । ਧੰਨਵਾਦ ।

**ਸਰਦਾਰ ਜਗਬੀਰ ਸਿੰਘ ਬਰਾੜ** (ਜਲੰਧਰ ਛਾਉਣੀ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਭਾਵੇਂ ਭਾਰਤ ਸਰਕਾਰ ਹੋਵੇ ਜਾਂ ਸਟੇਟ ਦੀ ਸਰਕਾਰ ਹੋਵੇ, ਜਦੋਂ ਕੋਈ ਕਾਨੂੰਨ ਪਾਸ ਕਰਦਾ ਹੈ ਤਾਂ ਅਮੂਮਨ ਤੌਰ ਤੇ ਉਸ ਦਾ ਸਹੀ ਇਸਤੇਮਾਲ ਕੀਤਾ ਜਾਂਦਾ ਹੈ ਪਰ ਕਾਫੀ ਦਫਾ ਦੇਖਿਆ ਗਿਆ ਹੈ, ਜਿਵੇਂ ਖਾਸ ਤੌਰ ਤੇ ਇਹ ਐਕਟ, ਇਸ ਦਾ ਕਾਫੀ ਜ਼ਿਆਦਾ ਦੁਰਉਪਯੋਗ ਹੋਇਆ ਹੈ । ਪਹਿਲਾਂ ਸੰਯੁਕਤ ਪਰਿਵਾਰ ਟੁੱਟੇ । ਹੁਣ ਪਤੀ-ਪਤਨੀ ਇਕੱਲੇ ਰਹਿੰਦੇ ਹਨ, ਉਨ੍ਹਾਂ ਦੇ ਟੁੱਟਣ ਦੀ ਬਹੁਤ ਜ਼ਿਆਦਾ ਤਾਦਾਦ ਵੱਧ ਗਈ ਹੈ । ਲੜਕੀ ਵਾਲੇ ਕਹਿੰਦੇ ਹਨ ਕਿ ਸਾਡੀ ਲੜਕੀ ਦਾ ਜਿਥੇ ਲੜਕੇ ਨਾਲ ਨਿਭਾਅ ਨਹੀਂ ਹੋ ਰਿਹਾ ਹੈ, ਅਸੀਂ ਉਥੇ ਵਸਣਾ ਨਹੀਂ ਹੈ । ਥਾਣੇ ਵਿੱਚ ਪਰਚਾ ਦਰਜ ਕੀਤਾ ਜਾਂਦਾ ਹੈ । ਆਖਿਰ ਵਿੱਚ ਕੁਝ ਵਿਚੋਲੇ ਵਿੱਚ ਪੈਂਦੇ ਹਨ । ਸਮਾਨ ਦਾ ਮੋੜ ਮੁੜਾਈਆ ਕਰਕੇ ਕਹਿੰਦੇ ਹਨ ਕਿ ਅਸੀਂ ਲੜਕੀ ਲੈ ਜਾਵਾਂਗੇ, ਸਾਡਾ ਸਮਾਨ ਵਾਪਸ ਕੀਤਾ ਜਾਵੇ । ਉਹ ਸਮਾਨ ਵਾਪਸ ਲੈਣ ਲਈ ਆਈ.ਪੀ.ਸੀ. ਦੀ ਧਾਰਾ 406 ਅਤੇ 498 ਦਾ ਸਹਾਰਾ ਲਿਆ ਜਾਂਦਾ ਹੈ । ਜੋ ਸਮਾਨ ਦੀ ਲਿਸਟ ਦਿੱਤੀ ਜਾਂਦੀ ਹੈ, ਉਹ ਵਧਾ ਚੜ੍ਹਾ ਕੇ ਦਿੱਤੀ ਜਾਂਦੀ ਹੈ । ਲੜਕੇ ਵਾਲਿਆਂ ਨੂੰ ਉਹ ਮਨਜ਼ੂਰ ਨਹੀਂ ਹੁੰਦੀ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਬੀਰ ਸਿੰਘ ਬਰਾੜ]
ਕੜਵਾਹਟ ਹੋਰ ਬਹੁਤ ਜ਼ਿਆਦਾ ਵਧਦੀ ਹੈ । ਉਸ ਐਕਟ ਦੀ ਦੁਰਵਰਤੋਂ ਕਰਕੇ ਲੜਕੇ ਦੇ ਪਰਿਵਾਰ ਵਾਲਿਆਂ ਦੇ ਸਾਰੇ ਮੈਂਬਰ ਵਿੱਚ ਲਿਖਾ ਦਿੱਤੇ ਜਾਂਦੇ ਹਨ । ਸੱਸ ਸਹੁਰਾ ਲਿਖਾ ਦਿੱਤੇ ਜਾਂਦੇ ਹਨ । ਕਈ ਵਾਰ ਪਰਿਵਾਰ ਦੀਆਂ ਅਣ-ਮੈਰਿਡ ਲੜਕੀਆਂ ਦੇ ਨਾਂ ਦਹੇਜ ਮੰਗਣ ਵਿੱਚ ਲਿਖਾ ਦਿੱਤੇ ਜਾਂਦੇ ਹਨ । ਉਨ੍ਹਾਂ ਨੂੰ ਥਾਣਿਆਂ ਵਿੱਚ ਬੁਲਾਇਆ ਜਾਂਦਾ ਹੈ ਜਿਹੜਾ ਉਨ੍ਹਾਂ ਦੇ ਮਾਣ ਵਿੱਚ ਬਹੁਤ ਵੱਡਾ ਘਾਟਾ ਹੁੰਦਾ ਹੈ । ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਬੜੀਆਂ ਦੁਖ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਜਿਹੜੀ 406 ਅਤੇ 498 ਧਾਰਾ ਹੈ, ਉਹ ਅਮੂਮਨ ਲੜਕੀ ਵਾਲੇ ਵਰਤਦੇ ਹਨ ਅਤੇ ਇਕ ਵਾਰ ਜਦੋਂ ਇਹ ਗਲਤ ਵਰਤੀ ਜਾਂਦੀ ਹੈ ਤਾਂ ਇਸ ਦਾ ਲੋਕਾਂ ਤੇ ਪ੍ਰਭਾਵ ਬਹੁਤ ਮਾੜਾ ਪੈਂਦਾ ਹੈ । ਕਈ ਦਫ਼ਾ ਇਹ ਹੁੰਦਾ ਹੈ ਕਿ ਜਦੋਂ ਪਰਿਵਾਰ ਟੁੱਟਣ ਦੇ ਕਿਨਾਰੇ ਹੁੰਦਾ ਹੈ ਤਾਂ ਇੰਨੀ ਜ਼ਿਆਦਾ ਆਰਥਿਕ ਮੰਦੀ ਹੋ ਜਾਂਦੀ ਹੈ ਕਿ ਪਰਿਵਾਰ ਮੰਗ ਕੇ ਖਾਣ ਤੱਕ ਆ ਜਾਂਦਾ ਹੈ । ਕਈ ਵਾਰ ਘਰ ਟੁੱਟਣ ਦਾ ਕਾਰਨ ਆਰਥਿਕ ਤੰਗੀ ਵੀ ਹੁੰਦਾ ਹੈ ਪਰ ਬਹਾਨਾ ਡੌਰੀ ਦਾ ਲਾਇਆ ਜਾਂਦਾ ਹੈ ਕਿ ਸਾਡੇ ਕੋਲੋਂ ਡੌਰੀ ਮੰਗੀ ਜਾਂਦੀ ਹੈ । ਸਪੀਕਰ ਸਾਹਿਬ, ਸਾਰੇ ਕੇਸਾਂ ਵਿੱਚ ਲੜਕੀ ਵਾਲੇ ਸਹੀ ਨਹੀਂ ਹੁੰਦੇ ਅਤੇ ਸਾਰੇ ਕੇਸਾਂ ਵਿੱਚ ਲੜਕੇ ਵਾਲੇ ਝੂਠੇ ਨਹੀਂ ਹੁੰਦੇ । ਫਿਰ ਇਹ ਗੁਹਾਰ ਲਾਈ ਜਾਂਦੀ ਹੈ ਕਿ ਸਾਡੇ ਤੋਂ ਦਾਜ ਮੰਗਿਆ ਜਾਂਦਾ ਹੈ । ਕਈ ਵਾਰ ਇਹ ਦੇਖਣ ਵਿੱਚ ਆਇਆ ਹੈ ਕਿ ਲੜਕੀ ਮਾਪਿਆਂ ਦੀ ਮਰਜ਼ੀ ਨਾਲ ਸ਼ਾਦੀ ਕਰ ਲੈਂਦੀ ਹੈ ਪਰ ਕੁਆਲੀਫਿਕੇਸ਼ਨ ਦਾ ਗੈਪ ਪੈ ਜਾਂਦਾ ਹੈ ਜਾਂ ਫਿਰ ਆਰਥਿਕ ਮੰਦੀ ਹੁੰਦੀ ਹੈ । ਅਜਿਹੇ ਮਿਸ ਮੈਚ ਹੋ ਜਾਂਦੇ ਹਨ । ਅਜਿਹੇ ਕੇਸਾਂ ਵਿੱਚ ਗੁਹਾਰ ਡੌਰੀ ਦੀ ਲਾਈ ਜਾਂਦੀ ਹੈ । ਜਿਸ ਤਰ੍ਹਾਂ ਬਾਠ ਸਾਹਿਬ ਨੇ ਕਿਹਾ ਹੈ ਕਿ ਇਸ ਸਬੰਧੀ ਇਨਵੈਸਟੀਗੇਸ਼ਨ ਕਰਕੇ ਪਰਚਾ ਦਰਜ ਹੋਣਾ ਚਾਹੀਦਾ ਹੈ । ਸਪੀਕਰ ਸਾਹਿਬ, ਜਿਸ ਹਲਕੇ ਨੂੰ ਮੈਂ ਬਿਲੌਂਗ ਕਰਦਾ ਹਾਂ ਉਥੇ ਹਜ਼ਾਰਾਂ ਪਰਿਵਾਰ ਬਾਹਰ ਗਏ ਹੋਏ ਹਨ । ਲੜਕੇ ਬਾਹਰੋਂ ਆਉਂਦੇ ਹਨ, ਸ਼ਾਦੀ ਕਰਕੇ ਬਾਹਰ ਚਲੇ ਜਾਂਦੇ ਹਨ । 7-8 ਸਾਲ ਲੜਕੇ ਵਾਪਸ ਨਹੀਂ ਆਉਂਦੇ। ਅਜਿਹੀਆਂ ਲੜਕੀਆਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਬੱਚੇ ਹੋ ਜਾਂਦੇ ਹਨ ਪਰ ਲੜਕੀ ਦੇ ਸਹੁਰੇ ਉਨ੍ਹਾਂ ਨੂੰ ਸੰਭਾਲਦੇ ਨਹੀਂ । ਲੜਕਾ ਵਾਪਸ ਨਹੀਂ ਆਉਂਦਾ । ਅਜਿਹੇ ਲੜਕਿਆਂ ਨੂੰ ਕਿਸੇ ਕਾਨੂੰਨ ਦੇ ਘੇਰੇ ਵਿੱਚ ਲਿਆਉਣਾ ਚਾਹੀਦਾ ਹੈ । ਜਿਸ ਤਰ੍ਹਾਂ ਬਾਠ ਸਾਹਿਬ ਨੇ ਕਿਹਾ ਹੈ ਕੋਈ ਨਾ ਕੋਈ ਕਾਨੂੰਨ ਵਿੱਚ ਮੱਦ ਹੋਣੀ ਚਾਹੀਦੀ ਹੈ । ਸਾਡੇ ਹਿਸਾਬ ਨਾਲ ਹਰ ਡਿਸਟ੍ਰਿਕਟ ਵਿੱਚ ਇਕ ਮੈਰਿਜ਼ ਅਫ਼ਸਰ ਨਿਯੁਕਤ ਹੋਣਾ ਚਾਹੀਦਾ ਹੈ । ਜਦੋਂ ਸ਼ਾਦੀ ਹੁੰਦੀ ਹੈ ਤਾਂ ਉਸ ਵਿੱਚ ਭਾਵੇਂ ਗਿਫ਼ਟ ਦੇ ਤੌਰ ਤੇ ਜਾਂ ਡੌਰੀ ਦੇ ਤੌਰ ਤੇ ਮਾਪੇ ਜੋ ਕੁਝ ਲੜਕੀ ਨੂੰ ਦਿੰਦੇ ਹਨ, ਉਸ ਦੀ

Original with;
Punjab Vidhan Sabha
Digitized by;
Panjab Digital Library

ਲਿਸਟ ਮੈਰਿਜ਼ ਅਫ਼ਸਰ ਕੋਲ ਪਹੁੰਚਣੀ ਚਾਹੀਦੀ ਹੈ ਤਾਂ ਕਿ ਜੇਕਰ ਕਿਤੇ ਅਜਿਹੀ ਨੌਬਤ ਆ ਜਾਵੇ, ਪਰਿਵਾਰ ਵਿੱਚ ਲੜਕੇ-ਲੜਕੀ ਨੂੰ ਅਲੱਗ ਰਹਿਣਾ ਪੈ ਜਾਵੇ ਤਾਂ ਉਸ ਲਿਸਟ ਦੇ ਹਿਸਾਬ ਨਾਲ ਜੋ ਮੈਰਿਜ਼ ਵਿੱਚ ਆਰਟੀਕਲ ਆਏ ਹਨ, ਉਹ ਵਾਪਸ ਕੀਤੇ ਜਾਣ ਅਤੇ ਵਧਾ-ਚੜ੍ਹਾ ਕੇ ਨਾ ਦੱਸਿਆ ਜਾਵੇ । ਇਸ ਸਬੰਧੀ ਇੱਕ ਟ੍ਰਿਬਿਊਨਲ ਬਣਾਇਆ ਜਾਵੇ । ਪੁਲਿਸ ਥਾਣਿਆਂ ਵਿੱਚ ਇਸ ਤਰ੍ਹਾਂ ਦੇ ਕੇਸ ਬਹੁਤ ਪਏ ਹਨ ਜਿਹੜੇ ਕਿ ਪੈਂਡਿੰਗ ਹਨ । ਹਰ ਪੰਜਵਾਂ ਮੁਕੱਦਮਾ ਇਸ ਡੌਰੀ ਐਕਟ ਦੇ ਤਹਿਤ ਪਿਆ ਹੈ । ਡੀ.ਜੀ.ਪੀ. ਸਾਹਿਬ ਨੇ ਦੱਸਿਆ ਹੈ ਕਿ ਸਾਲ 2005 ਨਾਲੋਂ ਸਾਲ 2006 ਵਿੱਚ ਅਜਿਹੇ ਕੇਸਾਂ ਵਿੱਚ ਇਜ਼ਾਫ਼ਾ ਹੋਇਆ ਹੈ । ਦੱਸੇ ਗਏ ਕੇਸ ਉਹ ਹਨ ਜਿਹੜੇ ਕਿ ਰਜਿਸਟਰਡ ਹਨ, ਜਿਹੜੇ ਅਨ-ਰਜਿਸਟਰਡ ਹਨ ਉਹ ਥਾਣਿਆਂ ਵਿੱਚ ਪਏ ਹਨ । ਲੜਕੇ ਵਾਲੇ, ਲੜਕੀ ਵਾਲੇ ਪੁਲਿਸ ਥਾਣੇ, ਕਚਹਿਰੀਆਂ ਵਿੱਚ ਚੱਕਰ ਮਾਰਦੇ ਹਨ, ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ । ਸੋ, ਇਸ ਕਰਕੇ ਅਜਿਹੇ ਕੇਸਾਂ ਨੂੰ ਸਿਵਲ ਨੇਚਰ ਦਿੱਤੀ ਜਾਵੇ ਤਾਂ ਕਿ ਪੁਲਿਸ ਵੱਲੋਂ ਬੱਚੀਆਂ ਨੂੰ, ਔਰਤਾਂ ਨੂੰ ਖਿੱਚ ਕੇ, ਧੂਹ ਕੇ ਥਾਣੇ ਨਾ ਲਿਜਾਇਆ ਜਾਵੇ । ਇਸ ਨੂੰ ਸਿਵਲ ਨੇਚਰ ਦੇਣ ਦੀ ਬਹੁਤ ਜ਼ਰੂਰਤ ਹੈ । ਜੋ ਕੇਸ ਰਜਿਸਟਰਡ ਕੀਤਾ ਜਾਂਦਾ ਹੈ, ਉਸ ਦੀ ਪੂਰੀ ਇਨਵੈਸਟੀਗੇਸ਼ਨ ਹੋਣੀ ਚਾਹੀਦੀ ਹੈ । ਇਸ ਸਬੰਧੀ ਪਾਬੰਦੀ ਹੋਵੇ ਕਿ ਜਿਸ ਦਿਨ ਕੋਈ ਕੰਪਲੇਂਟ ਆਉਂਦੀ ਹੈ ਕਈ ਵਾਰ 3-3 ਸਾਲ ਥਾਣੇ ਵਾਲੇ ਲੋਕਾਂ ਨੂੰ ਥਾਣੇ ਲੈ ਜਾਂਦੇ ਹਨ ਫੇਰ ਮੋੜ ਦਿੰਦੇ ਹਨ, ਲਗਾਤਾਰ ਇਸ ਤਰ੍ਹਾਂ 3-3 ਸਾਲ ਕੇਸ ਚਲਦੇ ਰਹਿੰਦੇ ਹਨ । ਜਦੋਂ ਪੁਲਿਸ ਵਾਲੇ ਰੱਜ ਜਾਂਦੇ ਹਨ ਜਾਂ ਤਬਦੀਲ ਹੋ ਜਾਂਦੇ ਹਨ ਤਾਂ ਫਾਇਲਾਂ ਤੇ ਘੱਟਾ ਪੈਂਦਾ ਰਹਿੰਦਾ ਹੈ । ਉਧਰ ਲੜਕੇ-ਲੜਕੀ ਵਾਲੇ ਵੀ ਥੱਕ ਜਾਂਦੇ ਹਨ । ਮੈਂ ਆਖਾਂਗਾ ਕਿ ਅਜਿਹੇ ਕੇਸਾਂ ਦੀ ਰਿਪੋਰਟ ਮੰਗਾ ਲੈਣੀ ਚਾਹੀਦੀ ਹੈ ਕਿ ਪਿਛਲੇ 5 ਸਾਲਾਂ ਜਾਂ 10 ਸਾਲਾਂ ਵਿੱਚ ਅਜਿਹੇ ਕਿੰਨੇ ਕੇਸ ਆਏ ਹਨ ਜਿਹੜੇ ਰਜਿਸਟਰਡ ਹੋਏ ਹਨ ਪਰ ਪੈਂਡਿੰਗ ਛੱਡੇ ਗਏ ਹਨ ਅਤੇ ਇਹ ਕਿਉਂ ਛੱਡੇ ਗਏ ਹਨ । ਮੈਂ ਆਖਾਂਗਾ ਕਿ ਇਨ੍ਹਾਂ ਸਬੰਧੀ ਇਨਵੈਸਟੀਗੇਸ਼ਨ ਕਰਾਉਣੀ ਬਹੁਤ ਜ਼ਰੂਰੀ ਹੈ । ਇਸ ਤਰ੍ਹਾਂ ਸਰਕਾਰ ਤੇ ਕਾਨੂੰਨ ਦਾ ਪ੍ਰਭਾਵ ਚੰਗਾ ਪਵੇਗਾ । ਇੰਨਾ ਕਹਿੰਦਾ ਹੋਇਆ ਮੈਂ ਇਹ ਤਵੱਕੋਂ ਕਰਾਂਗਾ ਕਿ ਸਾਰਾ ਹਾਊਸ ਇਸ ਨੂੰ ਬੜੀ ਸਹਾਨਭੂਤੀ ਨਾਲ ਵਿਚਾਰੇਗਾ । ਧੰਨਵਾਦ ।

**ਸਰਦਾਰ ਸਰਬਜੀਤ ਸਿੰਘ ਮੱਕੜ** (ਆਦਮਪੁਰ) : ਆਦਰ ਤੇ ਸਤਿਕਾਰਯੋਗ ਸਪੀਕਰ ਸਾਹਿਬ, ਆਦਰ ਤੇ ਸਤਿਕਾਰਯੋਗ ਮੈਂਬਰ ਸਾਹਿਬਾਨ, ਕਿਉਂਕਿ ਮੇਰੇ ਦੋਨਾਂ ਸਾਥੀਆਂ ਨੇ ਜਿੰਨੀਆਂ ਵੀ ਵਿਚਾਰਾਂ ਰੱਖੀਆਂ ਹਨ, ਉਹ ਬਿਲਕੁਲ ਸੱਚੀਆਂ ਰੱਖੀਆਂ

Original with;
Punjab Vidhan Sabha
Digitized by;
Panjab Digital Library

[ਸਰਦਰ ਸਰਬਜੀਤ ਸਿੰਘ ਮੱਕੜ]

ਹਨ । ਮੈਂ ਇਨ੍ਹਾਂ ਦੀ ਪ੍ਰੋੜ੍ਹਤਾ ਕਰਦਾ ਹਾਂ । ਪਰ ਲੇਕਿਨ ਕੁਝ ਐਸੀਆਂ ਗੱਲਾਂ ਹਨ ਜਿਹੜੀਆਂ ਨੈਚੁਰਲ ਵੇਅ ਨਾਲ ਇਸ ਦਫ਼ਾ ਦੇ ਵਿੱਚ ਚਲੀਆਂ ਗਈਆਂ ਹਨ । ਚਾਹੇ ਬੱਚਾ-ਬੱਚੀ ਦੀ ਨੇਚਰ ਨਾ ਮਿਲਦੀ ਹੋਵੇ, ਚਾਹੇ ਬੱਚਾ ਬੱਚੀ ਦੇ ਕਿਤੇ ਹੋਰ ਅਫੇਅਰ ਹੋਣ ਅਤੇ ਚਾਹੇ ਬੱਚਾ ਬੱਚੀ ਵਿੱਚੋਂ ਕਿਸੇ ਇੱਕ ਦੇ ਮਾਪੇ ਗਰੀਬ ਹੋਣ ਅਤੇ ਦੂਸਰੇ ਦੇ ਮਾਪੇ ਅਮੀਰ ਹੋਣ ਅਤੇ ਚਾਹੇ ਕੋਈ ਦੂਰ-ਦੁਰੇਡੇ ਵਿਆਹਿਆ ਜਾਵੇ ਅਤੇ ਉਸ ਨਾਲ ਠੀਕ ਵਿਵਹਾਰ ਨਾ ਹੋਵੇ । ਕਿਉਂਕਿ ਬੇਟੀਆਂ ਦਾ ਪੱਖ ਦੇਖਣਾ ਵੀ ਬੜਾ ਜ਼ਰੂਰੀ ਹੈ । ਮੈਂ ਤਾਂ ਕਈ ਵਾਰੀ ਇਹ ਵੀ ਸੋਚਦਾ ਹੁੰਦਾ ਹਾਂ ਕਿ ਜੇਕਰ ਇਹ ਦਫ਼ਾ ਨਾ ਹੁੰਦੀ ਤਾਂ ਸ਼ਾਇਦ ਸੁਸਾਈਡ ਕਰਨ ਦੇ ਕੇਸ ਕਾਫ਼ੀ ਜ਼ਿਆਦਾ ਵੱਧ ਜਾਂਦੇ ਕਿਉਂਕਿ ਬੱਚੀਆਂ ਜਦੋਂ ਤੰਗ ਹੁੰਦੀਆਂ ਹਨ ਅਤੇ ਮਾਪੇ ਜਾਂ ਕਾਨੂੰਨ ਉਸ ਨੂੰ ਨਹੀਂ ਝੱਲਦੇ ਤਾਂ ਉਹ ਸੁਸਾਈਡ ਕਰ ਲੈਂਦੀਆਂ ਹਨ ਪਰ ਸ਼ੁਰੂਆਤ ਬਹੁਤ ਹੀ ਮਾੜੀ ਹੋ ਚੁੱਕੀ ਹੈ । ਕਿਉਂਕਿ ਅੱਜ ਦੋ-ਦੋ, ਤਿੰਨ-ਤਿੰਨ ਬੱਚੇ ਹਨ ਅਤੇ ਉਨ੍ਹਾਂ ਵਿੱਚੋਂ ਡੇਢ-ਡੇਢ ਬੱਚਾ ਇਕ ਪਰਿਵਾਰ ਦੇ ਹਿੱਸੇ ਆਉਂਦਾ ਹੈ । ਜਦੋਂ ਕੋਈ ਬੱਚਾ ਵਿਆਹਿਆ ਜਾਂਦਾ ਹੈ ਤਾਂ ਉਸ ਨੂੰ ਕਾਫ਼ੀ ਗਿਫ਼ਟ ਦਿੱਤੇ ਜਾਂਦੇ ਹਨ ਜਿਹੜੇ ਬਾਅਦ ਵਿੱਚ ਡੌਰੀ ਵਿੱਚ ਬਦਲ ਜਾਂਦੇ ਹਨ । ਬੱਚੇ ਨੂੰ ਕਾਫ਼ੀ ਰੀਝਾਂ ਨਾਲ ਵਿਆਹਿਆ ਜਾਂਦਾ ਹੈ ਪਰ ਕਈ ਸਿਆਣੇ ਮਾਪੇ ਅਤੇ ਸਿਆਣੀਆਂ ਕਮਿਊਨਿਟੀਆਂ ਦੇਖੀਆਂ ਹਨ ਜਿਹੜੀਆਂ ਕਿ ਹਰ ਗੱਲ ਨੂੰ ਮੈਚ ਕਰਦੀਆਂ ਹਨ ਅਤੇ ਗੱਲੀਂ ਬਾਤੀਂ ਸਾਰਾ ਕੁਝ ਦੇਖਦੀਆਂ ਹਨ ਅਤੇ ਦਿਖਾਵੇ ਵਿੱਚ ਨਹੀਂ ਆਉਂਦੀਆਂ । ਬਿਜ਼ਨੈਸਮੈਨਜ਼ ਕਮਿਊਨਿਟੀਆਂ ਹੁੰਦੀਆਂ ਹਨ । ਮੈਂ ਜਾਤੀਵਾਦ ਦਾ ਨਾਂ ਨਹੀਂ ਲੈਣਾ ਚਾਹੁੰਦਾ । ਉਹ ਮੈਚ ਕਰਦੇ ਹਨ ਕਿ ਬੱਚੇ ਦਾ ਕੀ ਪ੍ਰੋਫੈਸ਼ਨ ਹੈ ਅਤੇ ਸਾਰੀਆਂ ਚੀਜ਼ਾਂ ਮੈਚ ਕਰਨ ਤੋਂ ਬਾਅਦ ਕੰਡੀਸ਼ਨਲ ਸ਼ਾਦੀ ਕਰਦੀਆਂ ਹਨ ਪਰ ਸਾਡਾ ਮੁਲਕ ਗਰੀਬੀ ਵਿੱਚ ਵੀ ਬਹੁਤ ਅੱਗੇ ਹੈ ਅਤੇ ਅਮੀਰੀ ਵਿੱਚ ਵੀ ਬਹੁਤ ਅੱਗੇ ਹੈ । ਇਸ ਗੈਪ ਨੇ ਵੀ ਸਾਡਾ ਬਹੁਤ ਨਕਸਾਨ ਕੀਤਾ ਹੈ ।

*1.37 ਵਜੇ ਬਾਅਦ ਦੁਪਹਿਰ

(ਇਸ ਸਮੇਂ* ਕੈਪਟਨ ਬਲਬੀਰ ਸਿੰਘ ਬਾਠ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਪਹਿਲੀ ਗੱਲ ਤਾਂ ਇਹ ਹੈ ਕਿ ਇਸ ਦਾ ਮਿਸਯੂਜ਼ ਖਤਮ ਹੋਣਾ ਚਾਹੀਦਾ ਹੈ ਪਰ ਜਿਹੜੇ ਸੱਚੇ ਲੋਕ ਹਨ, ਉਨ੍ਹਾਂ ਨੂੰ ਕਾਨੂੰਨ ਨੂੰ ਚੰਗੀ ਤਰ੍ਹਾਂ ਵਰਤਣ ਦੀ ਆਗਿਆ ਵੀ ਹੋਣੀ ਚਾਹੀਦੀ ਹੈ । ਨਾਲ ਹੀ ਮੈਂ ਇਹ ਵੀ ਚਾਹੁੰਦਾ ਹਾਂ ਕਿ ਜਿਵੇਂ ਹਰ ਥਾਣੇ ਵਿੱਚ ਹਰ ਇਨਸਾਨ ਅਧਿਕਾਰ ਰੱਖਦਾ ਹੈ ਅਤੇ ਪੁਲੀਟੀਕਲ ਬੰਦਾ ਵੀ ਇੰਟਰਫੀਅਰੈਂਸ

Original with;
Punjab Vidhan Sabha
Digitized by;
Panjab Digital Library

ਕਰਦਾ ਹੈ, ਪਿਛਲੇ ਪੰਜ ਸਾਲਾਂ ਦੀ ਤੁਸੀਂ ਡਿਟੇਲ ਕੱਢੋ, ਬਹੁਤ ਜ਼ਿਆਦਾ ਕੇਸ ਇਸ ਸਮੇਂ ਵਿੱਚ ਵਧੇ ਹਨ । ਰਾਜਸੀ ਪਾਰਟੀਆਂ ਦੇ ਜ਼ਿੰਮੇ ਵੀ ਜਾਂਦੇ ਹਨ । ਅੱਜ ਮੈਂ ਐਮ.ਐਲ.ਏ. ਬਣ ਗਿਆ ਤੇ ਮੈਂ ਐਸ.ਐਚ.ਓ. ਨੂੰ ਸਿਫਾਰਸ਼ ਕਰੀ ਜਾਵਾਂ ਕਿ ਤੂੰ ਪਰਚਾ ਰਜਿਸਟਰ ਕਰ ਦੇ ਅਤੇ ਇਸ ਦੀ ਮੈਰਿਟ ਨਾ ਵੇਖੇ ਤਾਂ ਵੀ ਕੇਸ ਵੱਧ ਜਾਣਗੇ । ਮੈਂ ਫਾਰ ਐਗਜ਼ਾਂਪਲ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਦੀ ਇੱਕ ਲੜਕੀ ਕਲਕੱਤਾ ਸਾਈਡ ਵਿਆਹੀ ਗਈ । ਮੈਨੂੰ ਕੁਝ ਬੰਦਿਆਂ ਨੇ ਅਪਰੋਚ ਕੀਤਾ ਅਤੇ ਉਹ ਬੜੇ ਪ੍ਰਮੁੱਖ ਆਦਮੀ ਸਨ, ਉਨ੍ਹਾਂ ਕਿਹਾ ਕਿ ਸਾਡੀ ਬੇਟੀ ਕਿਹੜੀ ਘਰੇ ਆ ਕੇ ਬੈਠੀ ਹੈ, ਉਸ ਨੂੰ ਵਾਪਸ ਸਹੁਰੇ ਪਰਿਵਾਰ ਵਿੱਚ ਭੇਜਿਆ ਜਾਵੇ । ਡੌਰੀ ਦਾ ਕੇਸ ਵਾਪਸ ਲੈਣਾ ਹੈ । ਬੇਟੀ ਵਾਲਿਆਂ ਨੇ ਕਿਹਾ । ਅਸੀਂ ਉਨ੍ਹਾਂ ਦਾ ਕੰਪਰੋਮਾਈਜ਼ ਕਰਵਾ ਦਿੱਤਾ । ਪਰ ਲੇਕਿਨ ਕੰਪਰੋਮਾਈਜ਼ ਮੁੰਡਾ ਕਰਕੇ ਚਲਾ ਗਿਆ । ਕਿਉਂਕਿ ਜਦੋਂ ਬੇਟੀ ਤੇ ਬੇਟਾ ਆਪਸ ਵਿੱਚ ਫੈਸਲਾ ਕਰਦੇ ਹਨ ਤਾਂ ਇਹੋ ਜਿਹੇ ਕੇਸਾਂ ਵਿੱਚ ਫੈਸਲਾ ਜਲਦੀ ਹੋ ਜਾਂਦਾ ਹੈ ਪਰ ਉਸ ਦੀ ਮਦਰ ਅਤੇ ਉਸ ਦੀ ਨਨਾਣ ਜਿਹੜੀ ਘਰ ਵਿੱਚ ਪ੍ਰਵੇਸ਼ ਕਰਦੀ ਸੀ, ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਦੇ ਥਰੂ ਉਥੋਂ ਸਾਨੂੰ ਜਵਾਬ ਭਿਜਵਾ ਦਿੱਤਾ ਕਿ ਇਸ ਗੱਲ ਲਈ ਰਿਸ਼ਤੇਦਾਰ ਤਾਂ ਸਹਿਮਤ ਹਨ ਪਰ ਉਸ ਦੇ ਘਰ ਦੇ ਸਹਿਮਤ ਨਹੀਂ ਹੋਏ । ਇਸ ਕਰਕੇ ਸਾਡਾ ਛੱਡ ਛੱਡਈਆ ਕਰਵਾ ਦਿੱਤਾ ਜਾਵੇ । ਕਈ ਵਾਰੀ ਇਹੋ ਜਿਹੀਆਂ ਗੱਲਾਂ ਤੇ ਮਹਿਸੂਸ ਹੁੰਦਾ ਹੈ ਕਿ ਇੱਕ ਪਿੰਡ ਦੀ ਕੁੜੀ ਚੰਗੇ ਟਰਾਂਸਪੋਰਟਰਾਂ ਦੇ ਅਮੀਰ ਆਦਮੀਆਂ ਦੇ ਘਰੇ ਵਿਆਹੀ ਗਈ ਪਰ ਉਸ ਨੂੰ ਯੋਗ ਸਥਾਨ ਨਹੀਂ ਮਿਲਿਆ । ਇਹੋ ਜਿਹੀ ਥਾਂ ਤੇ ਫਿਰ ਬਦਲੀ ਕਰਨ ਦਾ ਦਿਲ ਕਰਦਾ ਹੈ । ਸਾਨੂੰ ਲੋਕਾਂ ਨੂੰ ਮੈਰਿਟ ਬਣਾਉਣੀ ਚਾਹੀਦੀ ਹੈ । ਅਫ਼ਸਰਸ਼ਾਹੀ ਨੂੰ ਮੈਰਿਟ ਬਣਾਉਣੀ ਚਾਹੀਦੀ ਹੈ । ਉਸ ਤੋਂ ਬਾਅਦ ਇਸ ਦਾ ਡਿਸੀਜ਼ਨ ਹੋਣਾ ਚਾਹੀਦਾ ਹੈ । ਮੈਂ ਤਾਂ ਇਹੀ ਕਹਾਂਗਾ ਕਿ ਇਸ ਦਾ ਅਲੱਗ ਸੈੱਲ ਬਣਨਾ ਚਾਹੀਦਾ ਹੈ । ਜੇ ਮੇਰੇ ਹਲਕੇ ਦਾ ਕੇਸ ਰਜਿਸਟਰ ਹੋਣਾ ਹੈ ਤਾਂ ਉਸ ਦੇ ਲਈ ਅਲੱਗ ਸੈੱਲ ਬਣਿਆ ਹੋਵੇ। ਉਸ ਵਿੱਚ ਇੱਕ ਡੀ.ਐਸ.ਪੀ. ਇਕ ਐਸ.ਪੀ. ਹੋਵੇ, ਬਕਾਇਦਾ ਉਸ ਦੀ ਦੇਖਭਾਲ ਹੋਵੇ। ਉਸ ਤੋਂ ਬਾਅਦ ਹੀ ਉਹ ਕੇਸ ਰਜਿਸਟਰ ਕਰਨ ਦੀ ਆਗਿਆ ਦਿੱਤੀ ਜਾਵੇ। ਇੱਕ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਲਾਅ ਹਨ, ਜਿਹੜੇ ਅਜੇ ਤੱਕ ਸਾਹਮਣੇ ਨਹੀਂ ਆ ਸਕੇ ਕਿਉਂਕਿ ਡੌਰੀ ਐਕਟ ਬਾਰੇ ਸਭ ਨੂੰ ਪਤਾ ਲੱਗ ਗਿਆ ਹੈ ਤੇ ਡੌਰੀ ਐਕਟ ਦੇ ਅਧੀਨ ਸਾਰੇ ਇਸ ਦੀ ਦੁਰਵਰਤੋਂ ਕਰ ਰਹੇ ਹਨ। ਜਿਸ ਤਰ੍ਹਾਂ ਡੋਮੈਸਟਿਕ ਵਾਇਲੈਂਸ ਦਾ ਇਕ ਲਾਅ ਹੈ, ਕਿ ਜਦੋਂ ਕੋਈ ਵੀ ਘਰ ਦੇ ਵਿੱਚ ਲੜਾਈ ਹੁੰਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਹੈ, ਗਾਲੀ-ਗਲੋਚ ਹੁੰਦਾ ਹੈ ਤਾਂ ਉਹ ਵੀ ਸੱਸ ਸਹੁਰਾ ਜਾਂ ਪਰਿਵਾਰ ਦਾ ਕੋਈ ਮੈਂਬਰ ਨਹੀਂ ਕਰ ਸਕਦਾ ਲੇਕਿਨ ਉਸ ਨੂੰ ਕਿਸੇ ਨੇ ਵਰਤਿਆ ਨਹੀਂ । ਇੱਕ ਤਾਂ ਇਹ ਨਾਲਿਜ ਲਿਆਉਣੀ ਚਾਹੀਦੀ ਹੈ ਕਿ ਪੁਲਿਸ ਅਫ਼ਸਰ ਇਸ ਗੱਲ ਦੇ ਮਗਰ ਵੀ ਜਾਣ। ਜਦੋਂ ਫਸਟ ਸਟੇਜ ਤੇ ਕੋਈ ਗੱਲ ਹੋਵੇ, ਉਦੋਂ ਇਮੀਜੀਏਟਲੀ ਉਸ ਨੂੰ ਇੰਪਲੀਮੈਂਟ ਕਰਨਾ ਚਾਹੀਦਾ ਹੈ। ਸਾਰੇ ਪੱਖਾਂ ਨੂੰ ਦੇਖਣਾ ਚਾਹੀਦਾ ਹੈ। ਇੱਕ ਜਦੋਂ ਬੱਚੇ ਨੂੰ ਕੋਈ ਜਾਇਦਾਦ ਜਾਂ ਕੋਈ ਚੀਜ਼ ਦੇਣੀ ਹੋਵੇ, ਗਿਫ਼ਟ ਦੇ ਤੌਰ ਤੇ ਤਾਂ ਬੇਟੀ ਵਾਲਿਆਂ ਨੂੰ ਆਪਣੀ ਬੇਟੀ ਦੇ ਨਾਂ ਤੇ ਦੇਣੀ ਚਾਹੀਦੀ ਹੈ, ਜਿਸ ਦੇ ਨਾਲ ਆਉਣ ਵਾਲੇ ਸਮੇਂ ਦੇ ਵਿੱਚ ਗੈਪ ਘਟ ਸਕਦਾ ਹੈ। ਮੈਂ ਦੂਸਰੀ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਇਹੋ ਜਿਹੇ ਲੋਕ ਵੀ ਹਨ ਜਿਹੜੇ ਕਿ ਤਿੰਨ ਤਿੰਨ ਜਾਂ ਚਾਰ ਚਾਰ ਥਾਵਾਂ ਤੇ ਵਿਆਹ ਕਰਵਾਉਂਦੇ ਹਨ ਅਤੇ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਵਾਸਾ ਵੀ ਮਿਲ ਗਿਆ ਹੈ।

*1.40 ਵਜੇ ਬਾਅਦ ਦੁਪਹਿਰ

(ਇਸ ਸਮੇਂ* ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਪਰ ਉਹ ਉਥੋਂ ਦੇ ਡਾਲਰਾਂ ਪੌਂਡਾਂ ਨੂੰ ਨਹੀਂ ਵੇਖਣਾ ਚਾਹੁੰਦੇ ਅਤੇ ਪੰਜਾਬ ਦੀ ਕਮਾਈ ਨੂੰ ਵੇਖਣਾ ਚਾਹੁੰਦੇ ਹਨ। ਉਹ ਇਕ ਦੀ ਬੇਟੀ ਵਿਆਹ ਲੈਂਦੇ ਹਨ ਅਤੇ ਉਸ ਦਾ ਸਾਰਾ ਕੁਝ ਲੈ ਲੈਂਦੇ ਹਨ। ਫਿਰ ਉਹੀ ਪੇਰੈਂਟਸ ਚਾਰ ਵਿਆਹਾਂ ਤੇ ਜਾਂਦੇ ਹਨ, ਇਹੋ ਜਿਹੇ ਲੋਕਾਂ ਤੇ ਡੌਰੀ ਕੇਸ ਹੋਣੇ ਚਾਹੀਦੇ ਹਨ ਪਰ ਇੰਨੋਸੈਂਟ ਪਰਿਵਾਰਾਂ ਨੂੰ ਇਸ ਗੱਲ ਤੋਂ ਰੋਕਣਾ ਚਾਹੀਦਾ ਹੈ ਕਿ ਉਨ੍ਹਾਂ ਤੇ ਪਰਚੇ ਦਰਜ ਨਾ ਹੋ ਸਕਣ। ਦੂਸਰਾ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਸੈੱਲ ਵਿੱਚ ਜਿਹੜਾ ਫੈਮਲੀ ਕਾਊਂਸਲਿੰਗ ਸੈਸ਼ਨ ਹੈ, ਇਹ ਜ਼ਰੂਰ ਵਧੀਆ ਤਰੀਕੇ ਨਾਲ ਆਰਗੇਨਾਈਜ਼ ਕਰਨਾ ਚਾਹੀਦਾ ਹੈ। ਇਹ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕਦੇ ਮਾਂ-ਪਿਓ ਮੈਚ ਮੇਲਦੇ ਹਨ ਤਾਂ ਅੰਡਰ ਏਜ਼ ਰਿਸ਼ਤਾ ਵੀ ਕਰ ਦਿੰਦੇ ਹਨ। ਉਸ ਵਿੱਚ ਵੀ ਇਹ ਸਾਰੀਆਂ ਗੱਲਾਂ ਮਿਲਦੀਆਂ ਹਨ। ਮੈਂ ਇਹ ਸਮਝਦਾ ਹਾਂ ਕਿ ਪਿਛਲੇ ਪੰਜ ਸਾਲਾਂ ਵਿੱਚ ਡਿਕਟੇਟਰਸ਼ਿਪ ਬਹੁਤ ਵੱਡੀ ਰਹੀ। ਪੁਲਿਸ ਵਿੱਚ ਇੰਟਰਫੀਅਰੈਂਸ ਰਹੀ। ਪੁਲਿਸ ਨੇ ਇਕ ਕੇਸ ਕਿਸੇ ਦੀ ਸਿਫਾਰਸ਼ ਤੇ ਕਰ ਦਿੱਤਾ ਤੇ ਦੂਜਾ ਕੇਸ ਆਪਣੀ ਜ਼ਾਤੀ ਤੌਰ ਤੇ ਆਪਣੇ ਵਾਸਤੇ ਕਰ ਦਿੱਤਾ, ਇਸ ਨੂੰ ਰੋਕਣ ਵਾਸਤੇ ਮੈਂ ਸਾਰਿਆਂ ਦੇ ਸਹਿਯੋਗ ਦੀ ਮੰਗ ਕਰਦਾ ਹਾਂ। ਸਾਨੂੰ ਸਾਰਿਆਂ ਨੂੰ ਇਸ ਗੱਲ ਨੂੰ ਮੈਰਿਟ ਤੇ ਲੈ ਲੈਣਾ ਚਾਹੀਦਾ ਹੈ। ਚਾਹੇ ਅਸੀਂ ਕਿਸੇ ਹੋਰ ਹਲਕੇ ਵਾਸਤੇ ਟਾਈਮ ਨਾ ਕੱਢੀਏ ਪਰ ਜਦੋਂ ਪੁਲਿਸ ਕੇਸ ਰਜਿਸਟਰ ਹੁੰਦਾ ਹੈ, ਜਦੋਂ ਉਸ ਨੂੰ ਕੋਲ

Original with;
Punjab Vidhan Sabha
Digitized by;
Panjab Digital Library

ਬੈਠ ਕੇ ਸੁਣਾਂਗੇ ਤਦ ਹੀ ਕੇਸ ਬਹੁਤ ਜਲਦੀ ਹੱਲ ਹੋਵੇਗਾ। ਜਿਵੇਂ ਬਰਾੜ ਸਾਹਿਬ ਨੇ ਕਿਹਾ ਹੈ ਕਿ ਮੇਰੇ ਹਲਕੇ ਵਿੱਚੋਂ ਬਹੁਤ ਸੰਗਤ ਬਾਹਰ ਗਈ ਹੋਈ ਹੈ। ਨਾਲ ਨਾਲ ਸਾਡੀਆਂ ਬਾਊਂਡਰੀਆਂ ਹਨ । ਮੇਰੇ ਹਲਕੇ ਤੋਂ ਵੀ ਬਹੁਤ ਸੰਗਤ ਬਾਹਰ ਗਈ ਹੋਈ ਹੈ। ਮੈਂ ਦੱਸ ਸਕਦਾ ਹਾਂ ਕਿ ਤਿੰਨ ਮਹੀਨਿਆਂ ਵਿੱਚ 18 ਕੇਸਾਂ ਦਾ ਅਸੀਂ ਫੈਸਲਾ ਕਰਵਾਇਆ ਤੇ 18 ਕੇਸਾਂ ਵਿੱਚ ਇੱਕ ਵੀ ਕੇਸ ਰਜਿਸਟਰ ਨਹੀਂ ਹੋਣ ਦਿੱਤਾ। 18 ਕੇਸ ਬੇਟੀਆਂ ਵਾਲੇ ਉਹ ਸਨ, ਜਿੰਨ੍ਹਾਂ ਵਿੱਚ ਮੇਰੇ ਹਲਕੇ ਦੀ ਬੇਟੀ ਸੀ। ਮੇਰੇ ਹਲਕੇ ਦੀ ਬੇਟੀ ਹੋਵੇ, ਤਾਂ ਜਿਵੇਂ ਮਾਂ-ਪਿਓ ਨੂੰ ਪਿਆਰ ਹੁੰਦਾ ਹੈ, ਉਵੇਂ ਸਾਰਿਆਂ ਨੂੰ ਪਿਆਰ ਹੁੰਦਾ ਹੈ। ਸਾਡੇ ਹਲਕੇ ਦੀ ਬੇਟੀ ਨੂੰ ਜੇ ਅਸੀਂ ਰਿਲੀਫ ਦਿਵਾਵਾਂਗੇ ਤਾਂ ਸਾਨੂੰ ਇਸ ਗੱਲ ਦੀ ਸ਼ੁਹਰਤ ਮਿਲੇਗੀ ਪਰ ਆਉਂਦਿਆਂ ਜਦੋਂ ਮਾਂ-ਪਿਓ ਦਾ ਬਰੇਨ ਵਾਸ਼ ਕਰੀਦਾ ਹੈ ਕਿ ਕੁੜੀ ਵਸਣੀ ਨਹੀਂ, ਜੇਕਰ ਤੁਸੀਂ ਪਰਚਾ ਕਰਵਾ ਦਿੱਤਾ ਅਤੇ ਕਿਸੇ ਇੱਕ ਅੱਧ ਨੂੰ ਅੰਦਰ ਕਰਵਾ ਦਿੱਤਾ ਤਾਂ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ। ਇਸ ਦੀ ਦੁਰਵਰਤੋਂ ਰੋਕਣੀ ਚਾਹੀਦੀ ਹੈ। ਜਿਹੜਾ ਡੌਰੀ ਐਕਟ ਹੈ, ਇਸ ਨੂੰ ਬੜੇ ਵਧੀਆ ਤਰੀਕੇ ਨਾਲ ਇੰਪਲੀਮੈਂਟ ਕਰਵਾਉਣਾ ਚਾਹੀਦਾ ਹੈ। ਇਸ ਨਾਲ ਬਹੁਤ ਸਾਰੇ ਲੋਕਾਂ ਦੀ ਜਾਨ ਬਚ ਸਕਦੀ ਹੈ। ਜਿੰਨੀ ਦੇਰ ਤੱਕ ਇਹ ਨਾ ਲੱਗੇ ਕਿ ਸਾਡੀ ਬੇਟੀ ਦੀ ਜਾਨ ਖਤਰੇ ਵਿੱਚ ਨਹੀਂ ਹੈ, ਉਸ ਸਮੇਂ ਤੱਕ ਲੋਕਾਂ ਨੂੰ ਐਕਸ਼ਨ ਵਿੱਚ ਨਹੀਂ ਆਉਣਾ ਚਾਹੀਦਾ। ਜਦੋਂ ਵੇਖੀਏ ਕਿ ਬੇਟੀ ਦੀ ਜਾਨ ਖਤਰੇ ਵਿੱਚ ਹੈ ਤਾਂ ਉਦੋਂ ਐਕਸ਼ਨ ਲੈਣਾ ਚਾਹੀਦਾ ਹੈ। ਮੈਂ ਇਸ ਸਬੰਧੀ ਬਹੁਤ ਮਨ ਕੱਲ੍ਹ ਦਾ ਬਣਾਇਆ ਹੋਇਆ ਹੈ ਕਿ ਕੀ-ਕੀ ਗੱਲ ਕਹਿਣੀ ਚਾਹੀਦੀ ਹੈ ਪਰ ਜੋ ਪੁਆਇੰਟ ਮੈਂ ਬਣਾਏ, ਉਹ ਇਨ੍ਹਾਂ ਕੋਲ ਵੀ ਹਨ। ਜੋ ਲਾਅ ਬੋਲਦਾ ਹੈ, ਉਹ ਅਸੀਂ ਬੋਲਣਾ ਹੈ। ਚਾਹੇ ਸੱਤ ਸਾਲ ਦੀ ਕੰਡੀਸ਼ਨ ਹੋਵੇ ਚਾਹੇ ਕੁਝ ਹੋਰ ਹੋਵੇ ਪਰ ਮੇਰੀ ਬੇਨਤੀ ਹੈ ਕਿ ਇਸ ਦਾ ਮਿਸਯੂਜ਼ ਅਸੀਂ ਰੋਕਣਾ ਹੈ। ਆਉਣ ਵਾਲੇ ਸਮੇਂ ਵਿੱਚ ਮਿਸਯੂਜ਼ ਰੋਕ ਕੇ ਲੋਕਾਂ ਨੂੰ ਇਨਸਾਫ ਦਿਵਾਉਣਾ ਹੈ। ਮੈਂ ਸਾਰਿਆਂ ਤੋਂ ਮੰਗ ਕਰਦਾ ਹਾਂ ਕਿ ਸਾਰੇ ਆਪਣੇ ਆਪਣੇ ਹਲਕਿਆਂ 'ਤੇ ਪਹਿਰਾ ਦਿਓ। ਇਨ੍ਹਾਂ ਪਰਚਿਆਂ ਦੀ ਗਿਣਤੀ ਨੂੰ ਘਟਾਓ। ਆਪਣੇ ਏਰੀਏ ਦੇ ਐਸ.ਐਸ.ਪੀਜ਼ ਨਾਲ ਮੀਟਿੰਗਾਂ ਕਰੋ ਕਿ ਇਨ੍ਹਾਂ ਪਰਚਿਆਂ ਦੀ ਗਿਣਤੀ ਨਹੀਂ ਵੱਧਣ ਦੇਣੀ। ਸਮੂਹਿਕ ਤੌਰ ਤੇ ਜਦੋਂ ਇਹ ਫੈਸਲਾ ਹੋਵੇਗਾ ਤਾਂ ਸਾਡੇ ਮਨ ਵਿੱਚ ਗਲ ਆਵੇਗੀ ਅਤੇ ਵਿਧਾਨ ਸਭਾ ਵਿੱਚ ਚਰਚਾ ਦਾ ਇਹ ਵਿਸ਼ਾ ਬਣਿਆ ਹੈ, ਇਹ ਸਾਨੂੰ ਉਜਾਗਰ ਕਰੇਗਾ। ਮੈਂ ਬਾਠ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਗੱਲ ਨੂੰ ਮੂਹਰੇ ਲਿਆਂਦਾ। ਕਈ ਚਰਚੇ ਐਸੇ ਹਨ ਜਿਹੜੇ ਕਿ ਫਾਰਮੈਲਟੀ ਸੇਕ ਅਸੀਂ ਕਰੀ ਜਾਂਦੇ ਹਨ ਜਿਨ੍ਹਾਂ ਦਾ ਕੋਈ ਅੰਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਨਹੀਂ, ਜਿਨ੍ਹਾਂ ਦਾ ਕੋਈ ਰਿਜ਼ਲਟ ਨਹੀਂ ਪਰ ਇਹੋ ਜਿਹੇ ਕੇਸ ਜਿਹੜੇ ਸਾਡੇ ਵਾਸਤੇ ਤੁਹਮਤ ਬਣੇ ਹੋਏ ਹਨ, ਜਿਸ ਵਿੱਚ ਕਈ ਗਰੀਬ ਨਜਾਇਜ਼ ਅੰਦਰ ਹੋ ਜਾਂਦੇ ਹਨ ਅਤੇ ਕਈਆਂ ਨੂੰ ਰਿਲੀਫ ਨਹੀਂ ਮਿਲਦਾ, ਉਸ ਵਾਸਤੇ ਚਰਚਾ ਕਰਨੀ ਚਾਹੀਦੀ ਹੈ ਸਾਨੂੰ ਆਪਣੇ ਤੌਰ ਤੇ ਇਸ ਨੂੰ ਇੰਪਲੀਮੈਂਟ ਕਰਵਾਉਣ ਵਾਸਤੇ ਬਹੁਤ ਘੱਟ ਸਿਫਾਰਸ਼ ਕਰਨੀ ਚਾਹੀਦੀ ਹੈ ਤੇ ਰੇਅਰ ਕੇਸਾਂ ਵਿੱਚ ਪਰਚੇ ਕਰਵਾਉਣੇ ਚਾਹੀਦੇ ਹਨ। ਜੇ ਕਿਤੇ ਬੇਟੀ ਨਾਲ ਬੇਇਨਸਾਫੀ ਹੁੰਦੀ ਹੈ ਤਾਂ ਬੇਟੀ ਦਾ ਸਾਥ ਵੀ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡੇ ਤੋਂ ਆਗਿਆ ਮੰਗਦਾ ਹਾਂ ਅਤੇ ਆਪਣੀ ਸੁਜੈਸ਼ਨ ਪੇਸ਼ ਕਰਦਾ ਹਾਂ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** (ਸਰਦੂਲਗੜ੍ਹ) : ਡਿਪਟੀ ਸਪੀਕਰ ਸਾਹਿਬ, ਬਹੁਤ ਧੰਨਵਾਦ ਕਰਦਾ ਹਾਂ ਕਿ ਜੋ ਰੈਜ਼ੋਲਿਊਸ਼ਨ ਮੇਰੇ ਆਨਰੇਬਲ ਮੈਂਬਰ ਬਾਠ ਸਾਹਿਬ ਲੈ ਕੇ ਆਏ ਹਨ ਉਸ ਤੇ ਡਿਸਕਸ਼ਨ ਹੋ ਰਹੀ ਹੈ। ਮੈਨੂੰ ਇਸ ਗੱਲ ਦੀ ਥੋੜ੍ਹੀ ਜਿਹੀ ਹੈਰਾਨੀ ਹੈ ਕਿ ਐਨੀ ਵੱਡੀ ਇੱਕ ਜ਼ੁੰਮੇਵਾਰ ਸਰਕਾਰ ਚਲ ਰਹੀ ਹੈ, ਕੀ ਸਾਨੂੰ ਆਪਣੀ ਸਰਕਾਰ ਤੇ ਵਿਸ਼ਵਾਸ ਨਹੀਂ ਹੈ। ਕੀ ਤੁਹਾਡੀਆਂ ਇਨਵੈਸਟੀਗੇਟਿੰਗ ਏਜੰਸੀਜ਼ ਜੋ ਹਨ, ਪੁਲਿਸ ਹੈ, ਕੀ ਉਹ ਸਾਰੇ ਪਰਚੇ ਗਲਤ ਕਰ ਰਹੀ ਹੈ? ਇਸ ਦੇ ਨਾਲ ਹੀ ਜਿਹੜੇ ਧਾਰਾ 498 ਦੇ ਅੰਦਰ ਡੌਰੀ ਐਕਟ ਦੇ ਅੰਦਰ ਪਰਚੇ ਦਰਜ ਹੋ ਰਹੇ ਹਨ, ਕੀ ਉਨ੍ਹਾਂ ਲੜਕੀਆਂ ਦਾ ਰਾਈਟ ਡਿਪਰਾਈਵ ਕਰਨਾ ਚਾਹੁੰਦੇ ਹਾਂ ਕਿਉਂਕਿ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਸੀ ਕਿ ਜੇ ਸਾਡੇ ਅੰਦਰ ਸਮਰਥਾ ਹੋਵੇ ਤਾਂ ਅਸੀਂ ਕਾਨੂੰਨ ਵੀ ਬਦਲ ਦੇਈਏ ਪਰ ਇਹ ਸੈਂਟਰ ਤੋਂ ਕਾਨੂੰਨ ਬਣਿਆ ਹੈ। It shows the intention ਕਿ ਤੁਸੀਂ ਉਨ੍ਹਾਂ ਬੰਦਿਆਂ ਨੂੰ ਪ੍ਰੋਟੈਕਟ ਕਰਨਾ ਚਾਹੁੰਦੇ ਹੋ ਕਿਉਂਕਿ ਇਥੇ ਤੁਸੀਂ ਕਹਿ ਰਹੇ ਹੋ ਕਿ ਬਹੁਤ ਮਾੜੀ ਗੱਲ ਹੈ । ਦੋਹਾਂ ਪਾਸਿਆਂ ਤੋਂ ਆਨਰੇਬਲ ਮੈਂਬਰ ਸਾਹਿਬਾਨ ਨੇ ਕਿਹਾ ਕਿ ਇਸ ਨੂੰ ਸਹੀ ਕਰਵਾਉਣਾ ਚਾਹੀਦਾ ਹੈ। ਜੇਕਰ ਅਸੀਂ ਹੀ ਜਾ ਕੇ ਬੰਦੇ ਰਾਜ਼ੀ ਕਰਵਾਉਣੇ ਹਨ ਤਾਂ ਫਿਰ ਇਹ ਕਾਨੂੰਨ ਕਿਸ ਵਾਸਤੇ ਬਣੇ ਹਨ ? ਪੁਲਿਸ ਕਿਸ ਵਾਸਤੇ ਹੈ? ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੋ ਤੁਸੀਂ ਰੈਜ਼ੋਲਿਊਸ਼ਨ ਲੈ ਕੇ ਆਏ ਹੋ, ਤੁਹਾਨੂੰ ਆਪਣੇ ਸਿਸਟਮ ਤੇ ਵਿਸ਼ਵਾਸ ਨਹੀਂ ਹੈ। ਇਸ ਕਰਕੇ ਮੈਂ ਇਸ ਮਤੇ ਨਾਲ ਸਹਿਮਤੀ ਨਹੀਂ ਪ੍ਰਗਟ ਕਰ ਰਿਹਾ ਹਾਂ ਸਗੋਂ ਇਸ ਰੈਜ਼ੋਲਿਊਸ਼ਨ ਦੇ ਲਿਆਉਣ ਨਾਲ ਤਾਂ ਸਾਫ ਸ਼ੋਅ ਹੋ ਰਿਹਾ ਹੈ ਕਿ ਇਥੇ ਲੜਕੀਆਂ ਨਾਲ ਜ਼ਿਆਦਤੀਆਂ ਹੋ ਰਹੀਆਂ ਹਨ। ਸਾਨੂੰ ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਥੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਬੈਠੇ ਹਨ। ਇਨ੍ਹਾਂ ਦੇ ਹਲਕੇ ਦਾ ਇੱਕ ਕੇਸ ਹੈ। ਉਸ ਕੇਸ ਵਿੱਚ ਸਾਡੇ ਇੱਕ ਲੜਕੀ ਸੀ। ਬਹੁਤ ਕੋਸ਼ਿਸ਼ ਹੋਈ ਕਿ ਉਸ

Original with;
Punjab Vidhan Sabha
Digitized by;
Panjab Digital Library

ਨੂੰ ਇਨਸਾਫ ਮਿਲੇ ਲੇਕਿਨ ਕੋਈ ਗੱਲ ਸਿਰੇ ਨਹੀਂ ਲੱਗੀ। ਅਸੀਂ ਬਹੁਤ ਟਰਾਈ ਕੀਤੀ। ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਇਸ ਦਾ ਮਤਲਬ ਇਹ ਹੈ ਕਿ ਅਸੀਂ ਇਸ ਪੱਖ ਤੋਂ ਗਲਤੀ ਕਰ ਰਹੇ ਹਾਂ। ਕਿਉਂ ਨਾ ਇਹ ਸਿਸਟਮ ਹੀ ਕਲੀਅਰ ਕੀਤਾ ਜਾਵੇ। ਤੁਹਾਡੇ ਅਫ਼ਸਰਾਂ ਦੀ ਇਹ ਤਾਕਤ ਹੀ ਨਾ ਹੋਵੇ ਕਿ ਉਹ ਗਲਤ ਕੇਸ ਰਜਿਸਟਰ ਕਰ ਦੇਣ ਅਤੇ ਜੇ ਕੋਈ ਅਫ਼ਸਰ ਗਲਤ ਕੇਸ ਰਜਿਸਟਰ ਕਰਦਾ ਹੈ ਤਾਂ ਕਿਉਂ ਨਾ ਉਸ ਤੇ ਐਕਸ਼ਨ ਲਿਆ ਜਾਵੇ। ਕਿਉਂ ਸਿੰਪੈਥੈਟਿਕ ਬਿਆਨ ਕਰੀ ਜਾ ਰਹੇ ਹੋ ਕਿ ਲੜਕੀਆਂ ਤੇ ਬੜੀ ਜ਼ਿਆਦਤੀ ਹੋ ਰਹੀ ਹੈ। ਜੇ ਕੁਝ ਗਲਤ ਹੋ ਰਿਹਾ ਹੈ ਤਾਂ ਗਲਤ ਸਿਸਟਮ ਦੀ ਵਜ੍ਹਾ ਕਰਕੇ ਹੋ ਰਿਹਾ ਹੈ । ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਕਈ ਵਾਰ ਗਲਤ ਕੰਮ ਹੋ ਜਾਂਦੇ ਹਨ ਲੇਕਿਨ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਕਿਹੜੀ ਇਹੋ ਜਿਹੀ ਲੜਕੀ ਹੈ ਕਿ ਜਿਹੜੀ ਸ਼ਾਦੀ ਤੋਂ ਬਾਅਦ ਆਪਣੇ ਪਤੀ ਜਾਂ ਸਹੁਰੇ ਘਰ ਨਾਲੋਂ ਸੈਪਰੇਟ ਹੋਣਾ ਚਾਹੁੰਦੀ ਹੋਵੇ। ਕਿਹੜੀ ਇਹੋ ਜਿਹੀ ਲੜਕੀ ਹੈ ਜਿਹੜੀ ਕਾਨੂੰਨ ਦੇ ਤਹਿਤ ਆਪਣੇ ਸਹੁਰਿਆਂ ਦੇ ਉਤੇ ਕੇਸ ਕਰੇ ਜਦ ਤੱਕ ਕਿ ਉਸ ਨਾਲ ਜ਼ਿਆਦਤੀ ਨਾ ਹੋਈ ਹੋਵੇ । ਜਦੋਂ ਇਹੋ ਜਿਹੀ ਨੌਬਤ ਆਉਂਦੀ ਹੈ, ਉਦੋਂ ਹੀ ਉਹ ਕੇਸ ਕਰਦੀ ਹੈ। ਫਿਰ ਉਹ ਕਾਨੂੰਨ ਦੀ ਪ੍ਰੋਟੈਕਸ਼ਨ ਭਾਲਦੀ ਹੈ। ਬਾਹਰਲੇ ਮੁਲਕਾਂ ਵਿੱਚ ਇਹੋ ਜਿਹਾ ਸਿਸਟਮ ਹੈ ਕਿ ਜੇ ਕਿਸੇ ਲੜਕੀ ਨਾਲ ਕੋਈ ਮਾੜੀ ਜਿਹੀ ਵੀ ਵਧੀਕੀ ਕਰਦਾ ਹੈ ਤਾਂ ਉਹ 100 ਨੰਬਰ ਤੇ ਫੋਨ ਕਰਦੀ ਹੈ ਅਤੇ ਪੁਲਿਸ ਦੋਸ਼ੀ ਨੂੰ ਫੜ ਕੇ ਲੈ ਜਾਂਦੀ ਹੈ। ਇਥੇ ਕਹਿੰਦੇ ਹਨ ਕਿ ਉਸ ਨੂੰ ਫੜੋ ਵੀ ਨਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਰੈਜ਼ੋਲਿਊਸ਼ਨ ਤੁਸੀਂ ਲੈ ਕੇ ਆਏ ਹੋ, ਇਸ ਨੂੰ ਕਲੀਅਰ ਕਰੋ। ਕੀ ਤੁਹਾਨੂੰ ਆਪਣੇ ਸਿਸਟਮ ਤੇ ਵਿਸ਼ਵਾਸ ਨਹੀਂ ਜੋ ਇਹ ਰੈਜ਼ੋਲਿਊਸ਼ਨ ਲੈ ਕੇ ਆਏ ਹੋ? ਤੁਸੀਂ ਪਿਛਲੀ ਸਰਕਾਰ ਦੀ ਗੱਲ ਕੀਤੀ ਕਿ ਉਸ ਦੇ ਸਮੇਂ ਲੋਕਾਂ ਨਾਲ ਬੜੇ ਧੱਕੇ ਹੋਏ । ਮੈਂ ਚਾਹੁੰਦਾ ਹਾਂ ਕਿ ਇਸ ਗੱਲ ਦਾ ਨਿਤਾਰਾ ਕਰਨ ਲਈ ਤੁਸੀਂ ਹਾਊਸ ਦੀ ਇੱਕ ਕਮੇਟੀ ਬਣਾਓ । 5 ਜਾਂ 10 ਮੈਂਬਰਾਂ ਦੀ ਇਕ ਕਮੇਟੀ ਬਣਾਓ ਜਿਹੜੀ ਧੱਕੇ ਦੇ ਸਪੈਸੇਫਿਕ ਕੇਸ ਵੇਖੇ ਅਤੇ ਦੱਸੇ ਕਿ ਕਿਥੇ ਲੈਪਸ ਹੋਈ ਹੈ । ਇਥੇ ਵੈਨਡੈਟਾ ਦੀ ਗੱਲ ਵੀ ਹੋਈ ਹੈ। ਬਾਦਲ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ (ਆਪੋਜ਼ੀਸ਼ਨ) ਨੂੰ ਪਤਾ ਹੀ ਨਹੀਂ ਕਿ ਵੈਨਡੈਟਾ ਹੁੰਦਾ ਕੀ ਹੈ ............

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** (ਸ਼੍ਰੀ ਜਗਦੀਸ਼ ਸਾਹਨੀ) :**

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਡਿਪਟੀ ਸਪੀਕਰ ਸਾਹਿਬ, ਸਾਹਨੀ ਸਾਹਿਬ ਨੇ ਜੇ ਬੋਲਣਾ ਹੈ ਤਾਂ ਇਹ ਵੀ ਟਾਈਮ ਲੈ ਲੈਣ । ਮੈਂ ਬਾਦਲ ਸਾਹਿਬ ਦੀ ਹੇਠੀ ਨਹੀਂ ਕੀਤੀ । ਮੈਂ ਤਾਂ ਤੁਹਾਡੇ ਸਿਸਟਮ ਦੀ ਗੱਲ ਕਰ ਰਿਹਾ ਹਾਂ । ਜੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਕੇਸ ਰਜਿਸਟਰ ਹੋਇਆ ਸੀ ਤਾਂ ਮੈਂ ਨਹੀਂ ਕਹਿੰਦਾ ਕਿ ਠੀਕ ਹੋਇਆ ਸੀ। ਬਾਕੀ ਉਨ੍ਹਾਂ ਦੇ ਬੇਟੇ ਅਤੇ ਵਾਈਫ ਦੀ ਗੱਲ ਹੈ ਜੇ ਅਸੀਂ ਉਨ੍ਹਾਂ ਦੇ ਖਿਲਾਫ਼ ਕਦੀ ਬੋਲੇ, ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਤੁਹਾਨੂੰ ਜਵਾਬਦੇਹ ਹਾਂ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਅਖਬਾਰ ਪੜ੍ਹਦੇ ਹੋ ਤਾਂ ਤੁਹਾਨੂੰ ਸਾਰਾ ਪਤਾ ਹੋਣਾ ਚਾਹੀਦਾ ਹੈ..............

**ਸਰਦਾਰ ਅਵਤਾਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਸਾਹਨੀ ਸਾਹਿਬ ਸਾਡੇ ਪੁਰਾਣੇ ਮਿੱਤਰ ਹਨ ਅਤੇ ਪੁਰਾਣੇ ਲੈਜਿਸਲੇਟਰ ਹਨ । ਮੇਰੀ ਤਾਂ ਸਿਰਫ ਇੰਨੀ ਬੇਨਤੀ ਹੈ ਕਿ ਜੇ ਇਕ ਮੈਂਬਰ ਬੋਲ ਰਿਹਾ ਹੈ ਤਾਂ ਉਸ ਨੂੰ ਬੋਲਣ ਦਿਓ । ਇਹ ਐਵੇਂ ਹੀ ਮਿਹਣੋ-ਮਿਹਣੀਂ ਹੋਈ ਜਾਂਦੇ ਹਨ । ਆਨਰੇਬਲ ਮੈਂਬਰ ਸਾਹਿਬਾਨ ਨੂੰ ਕਹਿਣਾ ਕਿ ਤੁਹਾਡਾ ਕੰਮ ਹੈ ਕਿ ਵਿਸ਼ੇ ਤੇ ਬੋਲੋ । ਜੇ ਇਹ ਗੱਲ ਮੈਂ ਕਹਾਂ ਤਾਂ ਇਹ ਕੋਈ ਗੱਲ ਨਹੀਂ ਬਣਦੀ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਬਿਲਕੁਲ ਮਤੇ ਤੇ ਹੀ ਬੋਲ ਰਿਹਾ ਹਾਂ ਜਿਹੜਾ ਰੈਜ਼ੋਲਿਊਸ਼ਨ ਹੈ ਉਹ ਕਹਿ ਰਿਹਾ ਹੈ ਕਿ ਧੱਕਾ ਹੋ ਰਿਹਾ ਹੈ । ਗਲਤ ਬੰਦੇ 498-ਏ ਦੇ ਤਹਿਤ ਫੜੇ ਜਾਂਦੇ ਹਨ । ਉਸ ਨੂੰ ਸੰਕੋਚ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ । ਮੈਂ ਇਸ ਸਿਸਟਮ ਦੀ ਗੱਲ ਕਰ ਰਿਹਾ ਹਾਂ । ਇਕ ਕਾਨੂੰਨ ਹੈ, ਇਕ ਕਾਇਦਾ ਹੈ, ਪੁਲਿਸ ਏਜੰਸੀ ਹੈ, ਕਿਉਂ ਉਥੇ ਗਲਤ ਕੰਮ ਹੁੰਦਾ ਹੈ ? ਇਸ ਰੈਜ਼ੋਲਿਊਸ਼ਨ ਦੀ ਬਜਾਏ ਸਿਸਟਮ ਨੂੰ ਠੀਕ ਕਰਨ ਦੀ ਗੱਲ ਕਿਉਂ ਨਹੀਂ ਕੀਤੀ ਜਾਂਦੀ । ਤੁਹਾਡੇ ਥਾਣੇਦਾਰ ਪੈਸੇ ਲਈ ਜਾਣ ਥਾਣੇਦਾਰ ਆਪਣੀ ਮਰਜ਼ੀ ਕਰੀ ਜਾਣ, ਫਿਰ ਚਾਰ ਐਮ.ਐਮ.ਐਲ.ਏ. ਜਾਂਦੇ ਹਨ, ਉਹ ਜਾ ਕੇ ਰਾਜ਼ੀਨਾਮਾ ਕਰਵਾਉਂਦੇ ਹਨ । ਕੀ ਗੱਲ, ਐਮ.ਐਲ.ਏ. ਕੋਲ ਇਕੋ ਕੰਮ ਹੈ, ਹੋਰ ਕੋਈ ਕੰਮ ਨਹੀਂ ਹੈ We should abide by the Law. Nobody is above the Constitution. ਜੋ ਸਰਕਾਰ ਨੇ ਕਾਨੂੰਨ ਬਣਾ ਦਿੱਤਾ ਉਸ ਤੇ ਖੜ੍ਹੋ । ਜੇਕਰ ਕਾਨੂੰਨ ਦੀ ਕੋਈ ਉਲੰਘਣਾ ਕਰਦਾ ਹੈ ਤਾਂ ਉਸ ਬਾਰੇ ਸਰਕਾਰ ਨੂੰ ਐਕਸ਼ਨ ਲੈਣਾ ਚਾਹੀਦਾ ਹੈ । ਜੇਕਰ ਗੱਲ ਦੀ ਲੀਪਾਪੋਚੀ ਕੀਤੀ ਜਾਂਦੀ ਹੈ ਤਾਂ ਇਸ ਨਾਲ ਲੜਕੀਆਂ ਦਾ ਹੱਕ ਮਾਰਿਆ ਜਾਵੇਗਾ । ਫਿਰ ਤਾਂ

Original with;
Punjab Vidhan Sabha
Digitized by;
Panjab Digital Library

ਕਿਸੇ ਲੜਕੀ ਨੇ ਹਿੰਮਤ ਨਹੀਂ ਕਰਨੀ । ਜੋ ਵਰਤਮਾਨ ਕਾਨੂੰਨ ਹੈ ਉਸ ਅਨੁਸਾਰ ਸਟਰਨ ਐਕਸ਼ਨ ਹੋਣਾ ਚਾਹੀਦਾ ਹੈ । ਪੁਲਿਸ ਮੌਜੂਦ ਹੈ, ਕਾਨੂੰਨ ਆਪਣਾ ਪੱਖ ਲਵੇ । ਜੇਕਰ ਕੋਈ ਅਫ਼ਸਰ ਮੌਕੇ ਤੇ ਗੱਲ ਨਹੀਂ ਕਰਦਾ ਤਾਂ ਉਸਦੇ ਖ਼ਿਲਾਫ action should be taken ਸੀ.ਐਮ. ਸਾਹਿਬ ਨੂੰ ਇਹ ਐਨਸ਼ਿਓਰ ਕਰਨਾ ਚਾਹੀਦਾ ਹੈ । ਜੇਕਰ ਕੋਈ ਐਕਸ਼ਨ ਨਹੀਂ ਲੈਂਦਾ ਜਾਂ ਇਨਸਾਫ ਨਹੀਂ ਮਿਲਦਾ ਜਾਂ ਲੜਕੀ ਦੇ ਕੇਸ ਵਿੱਚ ਗਲਤ ਕੰਮ ਹੁੰਦਾ ਹੈ ਤਾਂ ਉਸ ਵੇਲੇ ਐਕਸ਼ਨ ਲਵੋ । ਸੋ, ਇੰਨਾਂ ਕਹਿੰਦਾ ਹੋਇਆ ਮੈਂ ਆਪਣੀ ਪਾਰਟੀ ਵੱਲੋਂ ਇਸ ਮਤੇ ਨਾਲ ਬਿਲਕੁਲ ਸਹਿਮਤ ਨਹੀਂ ਹਾਂ । ਇਸ ਦੇ ਨਾਲ ਆਪੋ ਵਿੱਚ ਹੋਰ ਵੀ ਬਹੁਤ ਵੱਡਾ ਗੈਪ ਵਧੇਗਾ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** (ਸ਼੍ਰੀ ਜਗਦੀਸ਼ ਸਾਹਨੀ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਜੋ ਰੈਜ਼ੋਲਿਊਸ਼ਨ ਕੈਪਟਨ ਬਲਬੀਰ ਸਿੰਘ ਬਾਠ ਜੀ ਨੇ ਲਿਆਂਦਾ ਹੈ, ਇਹ ਬਹੁਤ ਸੁੰਦਰ ਰੈਜ਼ੋਲਿਊਸ਼ਨ ਹੈ ਔਰ ਇਹ ਅੱਜ ਦੇ ਸਮੇਂ ਦੀ ਮੰਗ ਹੈ । ਮੇਰੇ ਤੋਂ ਪਹਿਲਾਂ ਬੋਲਦਿਆਂ ਮੋਫਰ ਸਾਹਿਬ ਨੇ ਜਿਸ ਤਰ੍ਹਾਂ ਦੱਸਿਆ ਹੈ, ਠੀਕ ਹੈ, ਉਨ੍ਹਾਂ ਦੀ ਇਸ ਮਤੇ ਦੇ ਨਾਲ ਨਾ-ਇਤਫਾਕੀ ਹੋਵੇਗੀ, ਸਾਡੀ ਲੜਾਈ ਸਿਸਟਮ ਨਾਲ ਨਹੀਂ ਹੈ । ਸਾਡੀ ਲੜਾਈ 498-ਏ ਦੀ ਦੁਰਵਰਤੋਂ ਨਾਲ ਹੈ । 498-ਏ ਵਕਤ ਦੇ ਮੁਤਾਬਿਕ ਠੀਕ ਬਣਾਈ ਗਈ ਸੀ ਲੇਕਿਨ ਇਸ ਦੀ ਵੱਡੀ ਪੱਧਰ ਤੇ ਦੁਰਵਰਤੋਂ ਹੋਈ ਹੈ । ਗਰੀਬ ਆਦਮੀ ਹੈ ਤਾਂ ਉਸ ਨੇ ਵੀ ਦੁਰਵਰਤੋਂ ਕੀਤੀ ਹੈ, ਅਮੀਰ ਹੈ ਤਾਂ ਉਸ ਨੇ ਵੀ ਕੀਤੀ ਹੈ । ਹਰ ਇਨਸਾਨ ਨੇ ਆਪਣੇ-ਆਪਣੇ ਤਰੀਕੇ ਨਾਲ ਇਸ ਦੀ ਦੁਰਵਰਤੋਂ ਕੀਤੀ ਹੈ । ਲੜਕਾ ਲੜਕੀ ਦਾ ਝਗੜਾ ਹੁੰਦਾ ਹੈ ਲੇਕਿਨ ਮਾਂ ਬਾਪ ਨੂੰ ਇਨਵਾਲਵ ਕੀਤਾ ਜਾਂਦਾ ਹੈ । ਜੇਕਰ ਲੜਕੀ ਕਿਤੇ ਹੋਰ ਵਿਆਹੀ ਜਾਂਦੀ ਹੈ ਤਾਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਨ੍ਹਾਂ ਨੂੰ ਸੇਕ ਲਾਇਆ ਜਾਵੇ । ਲੜਕੇ ਵਾਲੇ ਦੇ ਸਾਰੇ ਘਰ ਵਾਲਿਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ । ਮੱਕੜ ਸਾਹਿਬ ਨੇ ਕੋਟ ਕੀਤਾ ਹੈ । ਉਨ੍ਹਾਂ ਨੇ ਜਿਹੜਾ ਕੇਸ ਕੋਟ ਕੀਤਾ ਹੈ, ਉਹ ਸਾਰਾ ਬਟਾਲੇ ਦਾ ਕੇਸ ਹੈ ਔਰ ਜਲੰਧਰ ਨਾਲ ਰੀਲੇਟਿਡ ਹੈ । ਇਸ ਵਿੱਚ ਕੋਈ ਡੌਰੀ ਮੰਗੀ ਨਹੀਂ ਗਈ । ਲੜਕੇ ਵਾਲੇ ਵੀ ਕਰੋੜਪਤੀ ਸਨ ਔਰ ਲੜਕੀ ਵਾਲੇ ਕਰੋੜਪਤੀ ਸਨ । ਲੇਕਿਨ ਫਿਰ ਵੀ ਡੌਰੀ ਮੰਗਣ ਦਾ ਦਸ਼ ਲਾਇਆ ਗਿਆ । ਇਕ ਦੱਮ ਪੁਲਿਸ ਦੇ ਤੌਰ ਤੇ ਧੱਕਾ ਕੀਤਾ ਗਿਆ । ।ਬਨਾਂ ਦੇਖੇ ਤੋਂ ਪਰਚਾ ਦਰਜ ਕੀਤਾ ਗਿਆ । ਇਕ ਕਰੋੜਪਤੀ ਇਨਸਾਨ ਨੂੰ ਚਾਰ ਪੰਜ ਮਹੀਨੇ ਜੇਲ੍ਹ ਵਿੱਚ ਬਿਠਾ ਦਿੱਤਾ ਗਿਆ । ਕੇਸ ਜਲੰਧਰ ਦਾ ਹੈ । ਮੇਰਾ ਖਿਆਲ ਹੈ ਕਿ ਕੋਈ ਵੀ ਰਾਜਨੀਤਿਕ ਪਾਰਟੀ ਅਜਿਹੀ ਨਹੀਂ ਸੀ ਜਿਹੜੀ ਕਿ ਉਸ ਸ਼ਾਦੀ ਦੇ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਫੰਕਸ਼ਨ ਵਿੱਚ ਨਾ ਗਈ ਹੋਵੇ । ਲੜਕੀ ਬਟਾਲੇ ਜਾ ਕੇ ਸੈਟ ਨਹੀਂ ਸੀ, ਲੜਕਾ ਜਲੰਧਰ ਜਾ ਕੇ ਸੈਟ ਨਹੀਂ ਸੀ । ਨਤੀਜਾ ਇਹ ਹੋਇਆ ਕਿ, 498-ਏ ਦਾ ਇਸਤੇਮਾਲ ਹੋਇਆ । ਪੰਜ ਕਰੋੜ ਰੁਪਏ ਵਿੱਚ ਫੈਸਲਾ ਹੋ ਗਿਆ । ਕੀ ਕੋਈ ਬੋਲਿਆ? ਕੋਈ ਨਹੀਂ ਬੋਲਿਆ । ਇਹ ਦੁਰਵਰਤੋਂ ਨਹੀਂ ਤਾਂ ਹੋਰ ਕੀ ਹੈ ? ਇਸੇ ਤਰ੍ਹਾਂ ਹੀ ਦੁਰਵਰਤੋਂ ਦੇ ਹੋਰ ਵੀ ਕਈ ਕੇਸ ਹਨ । ਹਰ ਇਨਸਾਨ ਜਿਹੜਾ ਲੜਕੀ ਦਾ ਫਾਦਰ ਹੈ, ਹਰ ਪਾਸੇ ਤੋਂ ਇਸ ਗੱਲ ਦਾ ਥ੍ਰੈਟ ਫੇਸ ਕਰਦਾ ਹੈ, ਕੁਝ ਤਾਂ ਅੰਦਰਖਾਤੇ ਹੀ ਕੰਮ ਹੋ ਜਾਂਦਾ ਹੈ । ਮਗਰ ਕੇਸ ਦੇ ਮੁਤਾਬਿਕ ਜੋ ਵੀ ਪੁਲਿਸ ਕੋਲ ਪਾਵਰਾਂ ਹਨ । ਜੇ ਕਿਸੇ ਪੁਲਿਸ ਅਫ਼ਸਰ ਦਾ ਦਿਲ ਕਰਦਾ ਹੈ ਉਹ ਝੱਟ ਕਹਿ ਦਿੰਦਾ ਹੈ ਕਿ ਧਾਰਾ 498-ਏ ਦਾ ਕੇਸ ਦਰਜ ਕਰ ਦਿਓ । ਕੋਈ ਵੀ ਲੜਕੇ ਵਾਲਿਆਂ ਦਾ ਰਿਸ਼ਤੇਦਾਰ ਜਿਸ ਥਾਂ ਤੇ ਵੀ ਹੋਵੇ ਉਸ ਨੂੰ ਚੁੱਕ ਕੇ ਲੈ ਆਓ ਤਾਂ ਕਿ ਫੈਸਲਾ ਹੋ ਜਾਵੇਗਾ ਅਤੇ ਛੁੱਟ-ਛੁਟਾ ਹੋ ਜਾਵੇਗਾ । ਸਾਜ਼ੋ-ਸਮਾਨ ਲਿਆ ਦਿੱਤਾ ਜਾਂਦਾ ਹੈ । ਸਭ ਕੁਝ ਹੋ ਜਾਂਦਾ ਹੈ । ਇਸ ਦੇ ਪਿੱਛੇ ਜਿਹੜੀ ਚੀਜ਼ ਦੇਖੀ ਗਈ ਹੈ । ਮੈਂ ਧਾਰਾ 498-ਏ ਦੇ ਖਿਲਾਫ ਨਹੀਂ । ਜਿਸ ਵੇਲੇ ਇਹ ਧਾਰਾ ਬਣਾਈ ਗਈ ਸੀ, ਉਸ ਵੇਲੇ ਇਸ ਦੀ ਜ਼ਰੂਰਤ ਸੀ । ਲੜਕੀਆਂ ਨੂੰ ਮਾਰਿਆ ਜਾਂਦਾ ਸੀ । ਲੜਕੀਆਂ ਨੂੰ ਦੁੱਖ ਦਿੱਤਾ ਜਾਂਦਾ ਸੀ । ਅਸੀਂ ਕਈ ਫਿਲਮਾਂ ਵਿੱਚ ਦੇਖਦੇ ਹਾਂ । ਉਹ ਫਿਲਮਾਂ ਵਿੱਚ ਸਾਡੇ ਸਾਰੇ ਲੋਕਾਂ ਦੀ ਜ਼ਿੰਦਗੀ ਦਾ ਅਕਸ ਹੁੰਦਾ ਹੈ । ਉਸ ਅਕਸ ਨੂੰ ਵੇਖਦੇ ਹੋਏ ਸਾਡੀਆਂ ਆਨਰੇਬਲ ਕੋਰਟਾਂ ਨੇ ਇਸ ਧਾਰਾ ਨੂੰ ਬਣਾਇਆ । ਇਸ ਦੀ ਇੰਪਲੀਮੈਂਟੇਸ਼ਨ ਕੀਤੀ ਪਰ ਅੱਜ ਦੇ ਸਮੇਂ ਵਿੱਚ ਜਿਹੜੀ ਇਸ ਦੀ ਦੁਰਵਰਤੋਂ ਹੋਈ ਉਸ ਲਈ ਸਾਰੇ ਖੜ੍ਹੇ ਹੋਏ ਹਾਂ । ਮੋਫਰ ਸਾਹਿਬ ਕਹਿ ਰਹੇ ਸਨ ਕਿ ਪੁਲਿਸ ਤਾਂ ਇਨ੍ਹਾਂ ਦੀ ਹੈ । ਮੈਂ ਕਹਿੰਦਾ ਹਾਂ ਕਿ ਪੁਲਿਸ ਕਦੇ ਕਿਸੇ ਦੀ ਵੀ ਨਹੀਂ ਹੋਈ । ਵਕਤ ਦੇ ਮੁਤਾਬਿਕ ਸਾਰਿਆਂ ਦੀ ਚਲਦੀ ਰਹਿੰਦੀ ਹੈ । ਅੱਜ ਬਾਦਲ ਸਾਹਿਬ ਗੱਦੀ ਤੇ ਹਨ ਤਾਂ ਅਸੀਂ ਬਾਦਲ ਸਾਹਿਬ ਨੂੰ ਬੇਨਤੀ ਕਰਨੀ ਹੈ ਕਿ ਉਹ ਪੁਲਿਸ ਨੂੰ ਇੰਸਟਰਕਸ਼ਨਾਂ ਦੇਣ ਅਤੇ ਉਨ੍ਹਾਂ ਦੇ ਹਿਸਾਬ ਨਾਲ ਹੀ ਪੂਰੀ ਇਨਵੈਸਟੀਗੇਸ਼ਨ ਹੋਵੇ । ਇਸ ਬਾਰੇ ਆਲਰੇਡੀ ਕੋਰਟਾਂ ਨੇ ਵੀ ਇੰਸਟਰਕਸ਼ਨਾਂ ਇਸ਼ੂ ਕੀਤੀਆਂ ਹਨ । ਮਗਰ ਇਸ ਦੇ ਬਾਵਜੂਦ ਵੀ ਧੱਕੇ ਹੋ ਰਹੇ ਹਨ । ਅਜਿਹੇ ਧੱਕਿਆਂ ਬਾਰੇ ਇੱਥੇ 700 ਕੇਸ ਦੱਸੇ ਗਏ ਹਨ ਪਰ ਮੈਂ ਕਹਿੰਦਾ ਹਾਂ ਕਿ ਅਜਿਹੇ ਕੇਸਾਂ ਦੀ ਗਿਣਤੀ ਹਜ਼ਾਰਾਂ ਤੇ ਪਹੁੰਚ ਗਈ ਹੋਵੇਗੀ । ਹਰ ਸ਼ਹਿਰ ਵਿੱਚ ਰੋਜ਼ਾਨਾ 20-25 ਕੇਸ ਡੌਰੀ ਦੇ ਹੁੰਦੇ ਹਨ । ਫੈਸਲੇ ਹੁੰਦੇ ਹਨ, ਕੇਸਾਂ ਦੀ ਵਿਦਡਰਾਅਲ ਹੋ ਜਾਂਦੀ ਹੈ । ਇਹ ਚੰਗੀ ਗੱਲ ਹੈ । ਵੂਮੈਨ ਸੈਲ ਵੀ ਬਣੇ ਹੋਏ ਹਨ ਪ੍ਰੰਤੂ ਉਥੇ ਵੀ ਧੱਕੇ ਹੁੰਦੇ ਹਨ । ਇਸ ਵਾਸਤੇ ਕਾਨੂੰਨ ਦਾ ਦੋਸ਼ ਨਹੀਂ ਹੈ । ਇਸ ਸਾਰੇ ਨੂੰ ਰੋਕਣ ਵਾਸਤੇ ਸਾਨੂੰ ਸਮਾਜਿਕ ਤੌਰ ਤੇ ਵੀ ਉਪਰ ਉਠਣਾ ਚਾਹੀਦਾ ਹੈ । ਆਨਰੇਬਲ

Original with;
Punjab Vidhan Sabha
Digitized by;
Panjab Digital Library

ਕੋਰਟਾਂ ਨੇ ਵੀ 498 ਅਧੀਨ ਪਰਚਾ ਦਾਖਲ ਕਰਨ ਦੇ ਆਰਡਰ ਕੀਤੇ ਹੋਏ ਹਨ । ਇਸ ਦਾ ਲੜਕੀ ਨੂੰ ਹੱਕ ਮਿਲਣਾ ਚਾਹੀਦਾ ਹੈ ਪਰ ਅੱਜ ਦੇ ਹਾਲਾਤ ਵਿੱਚ ਲੜਕੀਆਂ ਨੇ ਪੈਦਾ ਕਰ ਦਿੱਤੇ । ਮੇਰਾ ਖਿਆਲ ਜਿੰਨੇ ਕੇਸਾਂ ਦੀ ਇਨਕੁਆਰੀ ਕੀਤੀ ਜਾਵੇ ਤਾਂ 50% ਕੇਸ ਅਜਿਹੇ ਹੋਣਗੇ ਜਿਹੜੇ ਕਿ ਵੇਗ ਹੋਣਗੇ । ਮਗਰ ਫਿਰ ਵੀ ਕੋਈ ਗੱਲ ਨਹੀਂ ਹੈ । ਕੁਝ ਨਹੀਂ ਹੋਇਆ ਪਰ ਕੇਸ ਰਜਿਸਟਰ ਹੋ ਗਿਆ । ਕੋਈ ਵੀ ਜੱਜ ਜ਼ਾਮਨੀ ਨਹੀਂ ਲੈਂਦਾ। 498 ਵਿੱਚ ਚੰਗੇ-ਭਲੇ ਬੰਦੇ, ਮਾਤਾ-ਪਿਤਾ ਰੁਲਦੇ ਹਨ, ਛੋਟੇ-ਛੋਟੇ ਬੱਚੇ ਵੀ ਜੇਲ੍ਹਾਂ ਵਿੱਚ ਰੁਲਦੇ ਹਨ । ਨਨਾਣ ਜਾਂ ਭਰਜਾਈ ਨੂੰ ਵੀ ਦੁਖ ਦਿੱਤਾ ਜਾਂਦਾ ਹੈ । ਅਸੀਂ ਕਹਿੰਦੇ ਹਾਂ ਕਿ ਕੇਸ ਰਜਿਸਟਰ ਹੋਣ । ਕਾਨੂੰਨ ਦੀ ਕੋਈ ਨੁਕਤਾਚੀਨੀ ਨਹੀਂ ਹੈ। ਜੋ ਨੁਕਤਾਚੀਨੀ ਹੈ ਉਹ ਇਹ ਹੈ ਕਿ ਸਮੇਂ ਦੀ ਮੰਗ ਨੂੰ ਦੇਖਦੇ ਹੋਏ ਇਸ ਦਾ ਗਲਤ ਇਸਤੇਮਾਲ ਹੋ ਰਿਹਾ ਹੈ । ਅਸੀਂ ਇਹ ਨਹੀਂ ਕਹਿੰਦੇ ਕਿ ਕਾਨੂੰਨ ਵਿੱਚ ਕੋਈ ਖਾਮੀ ਹੈ । ਪੁਲਿਸ ਵਿੱਚ ਖਾਮੀ ਹੈ ਜਾਂ ਫਲਾਣੇ ਵਿੱਚ ਖਾਮੀ ਹੈ । ਖਾਮੀ ਸਾਡੇ ਆਪਣੇ ਲੋਕਾਂ ਵਿੱਚ ਹੈ । ਸਮਾਜਕ ਤੌਰ ਤੇ ਖਾਮੀਆਂ ਉਠੀਆਂ ਹਨ । ਡਿਪਟੀ ਸਪੀਕਰ ਸਾਹਿਬ, ਅੱਜ ਸਭ ਤੋਂ ਵੱਡਾ ਸਿਆਪਾ ਜਿਹੜਾ ਹੈ ਉਹ ਹੈ ਟੀ.ਵੀ. । ਟੀ.ਵੀ. ਉਤੇ ਸਾਡੀਆਂ ਧੀਆਂ-ਭੈਣਾਂ, ਬਜ਼ੁਰਗ ਪ੍ਰੋਗਰਾਮ ਵੇਖਦੇ ਹਨ, ਸਾਸ ਭੀ ਕਭੀ ਬਹੂ ਥੀ। ਅਸੀਂ ਅੱਜ ਤੱਕ ਸੁਣਿਆ ਨਹੀਂ ਸੀ। ਉਸ ਵਿੱਚ ਇੱਕ ਜ਼ਨਾਨੀ 6-6 ਵਿਆਹ ਕਰਵਾਉਂਦੀ ਹੈ, 9-9 ਵਿਆਹ ਕਰਵਾਉਂਦੀ ਹੈ । ਇਹ ਸਿਸਟਮ ਸਾਡੇ ਸਮਾਜ ਵਿੱਚ ਸੂਟੇਬਲ ਨਹੀਂ ਹੈ । ਅਸੀਂ ਹਿੰਦੂ ਸਮਾਜ ਵਿੱਚ ਰਹਿੰਦੇ ਹਾਂ ਜਿਸ ਵਿੱਚ ਅਸੀਂ ਇਕ ਪਤਨੀ ਵਾਸਤੇ ਪਾਬੰਦ ਹਾਂ । ਪਹਿਲੇ ਸਮੇਂ ਵਿੱਚ ਜੇ ਕੋਈ ਝਗੜਾ ਹੁੰਦਾ ਸੀ ਤਾਂ ਦੋਨਾਂ ਪਿੰਡਾਂ ਦੀਆਂ ਪੰਚਾਇਤਾਂ ਆਪਸ ਵਿੱਚ ਬੈਠ ਕੇ ਹੀ ਫੈਸਲਾ ਕਰ ਦਿੰਦੀਆਂ ਸਨ ਅਤੇ ਕੰਮ ਮੁੱਕ ਜਾਂਦਾ ਸੀ। ਟੀ.ਵੀ. ਨੇ ਭਾਰੀ ਨੁਕਸਾਨ ਕੀਤਾ ਹੈ । ਅੱਜ ਕੋਰਟ ਕੇਸ ਵਿੱਚ ਅੰਦਰ ਕਰ ਦਿਓ । ਮੈਂ ਪ੍ਰੋੜ੍ਹਤਾ ਕਰਦਾ ਹਾਂ ਕਿ ਪੰਜਾਬ ਸਰਕਾਰ ਐਸੀਆਂ ਇੰਸਟਰਕਸ਼ਨਾਂ ਜਾਰੀ ਕਰੇ ਕਿ ਪੁਲਿਸ ਉਦੋਂ ਤੱਕ ਕੇਸ ਰਜਿਸਟਰ ਨਾ ਕਰੇ ਜਦੋਂ ਤੱਕ ਕੇਸ ਦੀ ਪੂਰੀ ਇਨਵੈਸਟੀਗੇਸ਼ਨ ਨਾ ਕਰ ਲਵੇ । ਚਾਹੇ ਉਹ ਆਮ ਇਨਸਾਨ ਹੋਵੇ, ਉਹ ਚਲਾ ਜਾਵੇਗਾ ਜਿਸ ਨਾਲ ਧੱਕਾ ਹੋ ਰਿਹਾ ਹੈ । ਉਸ ਦੀ ਪੂਰੀ ਇਨਵੈਸਟੀਗੇਸ਼ਨ ਹੋਵੇਗੀ । ਜਿਹੜਾ ਜ਼ੋਰਾਵਰ ਹੋਵੇਗਾ ਉਸ ਤੇ ਪਰਚਾ ਰਜਿਸਟਰ ਹੋ ਜਾਵੇਗਾ ਭਾਵ ਕਿ ਪੂਰੀ ਤਰ੍ਹਾਂ ਛਾਣਬੀਣ ਹੋਣੀ ਚਾਹੀਦੀ ਹੈ । ਚਾਹੇ ਉਹ ਜ਼ੋਰਾਵਰ ਹੋਵੇ ਜਾਂ ਮਾੜਾ ਹੋਵੇ ਜਾਂ ਗਰੀਬ ਹੋਵੇ । ਇਸ ਤਰ੍ਹਾਂ ਕਰਨ ਨਾਲ ਹੀ 498 ਧਾਰਾ ਦਾ ਗਲਤ ਇਸਤੇਮਾਲ ਰੋਕਿਆ ਜਾ ਸਕਦਾ ਹੈ । ਬਹੁਤ ਬਹੁਤ ਧੰਨਵਾਦ ।

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ** (ਸ਼੍ਰੀ ਹਰੀਸ਼ ਰਾਏ ਢਾਂਡਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਬਾਠ ਸਾਹਿਬ ਨੇ ਬਹੁਤ ਹੀ ਅਹਿਮ ਮਸਲਾ ਚੁੱਕਿਆ ਹੈ । ਇਸ ਦੇ ਲਈ ਪੂਰੇ ਕਾਨੂੰਨ ਦੀ ਜਾਣਕਾਰੀ ਦੀ ਜ਼ਰੂਰਤ ਹੈ । ਬਾਠ ਸਾਹਿਬ ਜ਼ਿਕਰ ਕਰਦੇ ਸੀ ਕਿ ਪੁਲਿਸ ਵਾਲੇ ਗਲਤ ਪਰਚਾ ਦਰਜ ਕਰਦੇ ਹਨ । 154 Sec. CRPC ਅਧੀਨ ਕੋਈ ਵੀ ਪਰਚਾ ਲਿਖਾਉਣ ਆਵੇ ਤਾਂ ਇਸ ਦੀ ਐਫ.ਆਈ.ਆਰ. ਲਿਖਾਉਣੀ ਪੈਂਦੀ ਹੈ । ਸਵਾਲ ਇਹ ਹੈ ਕਿ ਕਾਨੂੰਨ ਦੇ ਦੁਰਉਪਯੋਗ ਤੋਂ ਕਿਸ ਤਰ੍ਹਾਂ ਬਚਿਆ ਜਾਵੇ । ਡੌਰੀ ਪ੍ਰੋਹਿਬਸ਼ਨ ਐਕਟ ਸਾਲ 1961 ਵਿੱਚ ਬਣਿਆ ਸੀ। ਪਰ ਅੱਜ ਕੱਲ੍ਹ ਇਕ ਵੀ ਕੇਸ ਇਸ ਦੇ ਤਹਿਤ ਰਜਿਸਟਰਡ ਨਹੀਂ ਹੋਇਆ । ਫਿਰ ਸਾਲ 1993 ਵਿੱਚ ਸੀ.ਆਰ.ਪੀ.ਸੀ. ਵਿੱਚ ਸੰਸ਼ੋਧਨ ਆਇਆ ਅਤੇ 498-ਏ ਧਾਰਾ ਜੋੜੀ ਗਈ ਉਸ ਅਧੀਨ ਵੀ ਅੱਜ ਕੱਲ੍ਹ ਕੇਸ ਦਰਜ ਹੁੰਦੇ ਹਨ। ਸਾਲ 1985 ਵਿੱਚ ਡੌਰੀ ਐਕਟ ਅਧੀਨ ਰੂਲਜ਼ ਬਣੇ। ਇਨ੍ਹਾਂ ਰੂਲਜ਼ ਵਿੱਚ ਇਕ ਅਹਿਮ ਚੀਜ਼ ਸੀ ਜਿਸ ਦੇ ਮੁਤਾਬਿਕ ਜੋ ਵੀ ਗਿਫਟ ਸ਼ਾਦੀ ਸਮੇਂ ਦਿੱਤੇ ਜਾਂਦੇ ਹਨ, ਉਸ ਦੀ ਲਿਸਟ ਦਿੱਤੀ ਜਾਵੇ ਜੋ ਕਿ ਘਰਵਾਲੀ ਅਤੇ ਘਰਵਾਲੇ ਦੁਆਰਾ ਲਿਖਤੀ ਰੂਪ ਵਿੱਚ ਹੋਵੇ । ਜੇਕਰ ਕਿਸੇ ਰਿਸ਼ਤੇਦਾਰ ਨੇ ਕੁਝ ਦਿੱਤਾ ਹੈ ਤਾਂ ਉਸ ਦੇ ਨਾਂ ਦਾ ਵੀ ਜ਼ਿਕਰ ਹੋਵੇ । ਜੇਕਰ ਇਸ ਤਰ੍ਹਾਂ ਹੋ ਜਾਵੇ ਤਾਂ ਸ਼ਾਇਦ ਕਾਫੀ ਤਕਲੀਫਾਂ ਦੂਰ ਹੋ ਜਾਣ । ਜੋ ਸਾਹਨੀ ਸਾਹਿਬ ਨੇ ਜ਼ਿਕਰ ਕੀਤਾ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ । ਕ੍ਰਾਈਸਜ਼ ਆਫ ਕਰੈਕਟਰ ਹੈ, ਕਾਨੂੰਨ ਮਾੜਾ ਨਹੀਂ ਹੈ । ਜੇ ਅਸੀਂ ਖੁਦ ਜਾ ਕੇ ਝੂਠੇ ਬਿਆਨ ਦੇਈਏ ਤਾਂ ਕਾਨੂੰਨ ਕੀ ਕਰੇਗਾ । 50% ਕੇਸ ਨਹੀਂ, ਮੈਂ 25 ਸਾਲ ਵਕਾਲਤ ਕਰਦਾ ਰਿਹਾ ਹਾਂ, 99% ਕੇਸ ਝੂਠੇ ਹੁੰਦੇ ਹਨ ਕਿਉਂਕਿ ਹਰ ਕੇਸ ਵਿੱਚ ਕੋਈ ਨਾ ਕੋਈ ਰਿਸ਼ਤੇਦਾਰ ਜ਼ਰੂਰ ਨਜਾਇਜ਼ ਵਾੜਿਆ ਜਾਂਦਾ ਹੈ । ਉਸ ਹੱਦ ਤੱਕ ਉਹ ਕੇਸ ਨਜਾਇਜ਼ ਹੁੰਦੇ ਹਨ, ਤੰਗ ਕਰਨ ਲਈ। ਮੈਂ ਮੋਫਰ ਸਾਹਿਬ ਨੂੰ ਵੀ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਇਕ ਸਰਕੂਲਰ ਪੰਜਾਬ ਸਰਕਾਰ ਵੱਲੋਂ ਪੁਲਿਸ ਡਿਪਾਰਟਮੈਂਟ ਵੱਲੋਂ ਪਹਿਲਾਂ ਹੀ 2003 ਵਿੱਚ ਜਾਰੀ ਹੋ ਚੁਕਿਆ ਹੈ ਕੋਈ ਵੀ ਕੇਸ ਰਜਿਸਟਰ ਹੋਣ ਤੋਂ ਪਹਿਲਾਂ ਉਸਦੀ ਇਨਕੁਆਰੀ ਹੋਣੀ ਚਾਹੀਦੀ ਹੈ । ਇਹ 7-11-2003 ਨੂੰ ਜਾਰੀ ਹੋਇਆ ਹੈ । ਪਰ ਸੀ.ਆਰ.ਪੀ.ਸੀ. ਵਿੱਚ ਅਜਿਹੀ ਕੋਈ ਪ੍ਰੋਵੀਜ਼ਨ ਨਹੀਂ ਕਿ ਐਫ.ਆਈ.ਆਰ. ਦਰਜ ਹੋਣ ਤੋਂ ਪਹਿਲਾਂ ਤਫਤੀਸ਼ ਹੋਵੇ । ਇਸ ਲਈ ਕਾਨੂੰਨ ਵਿੱਚ ਸੋਧ ਕਰਨ ਦੀ ਲੋੜ ਹੈ । Lord Daniel said "Law is a continuous process of delivering due to every person." ਕਾਨੂੰਨ ਅੱਜ ਦੀਆਂ ਲੋੜਾਂ ਨੂੰ ਪੂਰੀਆਂ ਨਹੀਂ ਕਰ ਰਿਹਾ। ਇਸ ਲਈ ਇਸ ਵਿੱਚ ਬਦਲਾਵ ਲਿਆਉਣ ਦੀ ਲੋੜ ਹੈ । ਪੁਲਿਸ ਨੂੰ ਵੀ ਇਸ ਕਾਨੂੰਨ ਦਾ ਪਤਾ ਹੈ ਪਰ ਫਿਰ ਵੀ ਉਸਨੇ ਐਫ.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਇਨਕੁਆਰੀ ਕਰਨ ਦਾ ਸਿਸਟਮ

Original with;
Punjab Vidhan Sabha
Digitized by;
Panjab Digital Library

ਕਰੀਏਟ ਕੀਤਾ ਹੋਇਆ ਹੈ ਜਦ ਕਿ ਇਸ ਸਿਸਟਮ ਦੀ ਕਾਨੂੰਨ ਵਿੱਚ ਪ੍ਰੋਵੀਜ਼ਨ ਨਹੀਂ ਹੈ । ਇਸ ਦੇ ਤੌਰ ਤਰੀਕੇ ਦੀ Detailed ਨਹੀਂ ਹਨ । ਰੂਲਾਂ ਵਿੱਚ ਸੋਧ ਕਰਨ ਦੀ ਅਵਸ਼ਕਤਾ ਹੈ । ਹਾਲਾਂ ਕਿ 2006 ਵਿੱਚ ਸ਼ੀਮਾ ਵਰਸਿਜ਼ ਅਸ਼ਵਨੀ ਕੁਮਾਰ ਦੇ ਕੇਸ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਡਬਲ ਬੈਂਚ ਨੇ ਰੂਲਿੰਗ ਦਿੱਤੀ ਹੈ ਅਤੇ ਸਟੇਟਸ ਨੂੰ ਅਖ਼ਤਿਆਰ ਦਿੱਤੇ ਹਨ ਕਿ ਮੈਰਿਜ ਰਜਿਸਟਰੇਸ਼ਨ ਲਾਜ਼ਮੀ ਕੀਤੀ ਜਾਵੇ ਹਾਲਾਂ ਕਿ ਸੈਕਸ਼ਨ 8 ਆਫ ਹਿੰਦੂ ਮੈਰਿਜ ਐਕਟ ਦੇ ਮੁਤਾਬਿਕ ਹਰ ਨਾਗਰਿਕ ਦੀ ਸ਼ਾਦੀ ਰਜਿਸਟਰ ਹੋਣੀ ਜ਼ਰੂਰੀ ਹੈ । ਇਸ ਲਈ ਕਾਨੂੰਨ ਅਤੇ ਰੂਲਜ਼ ਬਣਾ ਕੇ ਰਿਪੋਰਟ ਦਿੱਤੀ ਜਾਵੇ ਤਾਂ ਕਿ ਸੁਪਰੀਮ ਕੋਰਟ ਇਸ ਦੀ ਜਾਂਚ ਪੜਤਾਲ ਕਰ ਸਕੇ । ਮੈਂ ਤਾਂ ਇਹ ਵੀ ਕਹਾਂਗਾ ਕਿ ਰਜਿਸਟਰੇਸ਼ਨ ਦੇ ਨਾਲ-ਨਾਲ ਗਿਫਟਸ ਦੀ ਲਿਸਟ ਵੀ ਲਾਜ਼ਮੀ ਹੋਣੀ ਚਾਹੀਦੀ ਹੈ ਕਿਉਂਕਿ ਜਦ ਪ੍ਰਵਾਰਿਕ ਝਗੜੇ ਹੁੰਦੇ ਹਨ ਤਾਂ ਡੌਰੀ ਦੇ ਝੂਠੇ ਮੁਕੱਦਮੇ ਦਾਇਰ ਨਾ ਹੋ ਸਕਣ ਕਿਉਂਕਿ ਝਗੜੇ ਦੱਸ ਕੇ ਹੀ ਧਾਰਾ 406 ਅਤੇ 498 ਅਧੀਨ ਅਕਸਰ ਮੁਕਦਮਾ ਦਰਜ ਕਰਵਾਂਦੇ ਹਨ । ਮੈਂ ਇਕ ਕੇਸ ਦਾ ਜ਼ਿਕਰ ਕਰਦਾ ਹਾਂ ਮੇਰਾ ਇਕ ਡੀ.ਐਸ.ਪੀ. (ਆਈ.ਈ.) ਮਿੱਤਰ ਸੀ, ਉਹ ਮੇਰੇ ਕੋਲ ਆਇਆ ਅਤੇ ਮੈਨੂੰ ਕਿਹਾ ਕਿ ਮੇਰਾ ਇਕ ਮਿੱਤਰ ਹੈ ਉਹ ਬਹੁਤ ਤਕਲੀਫ ਵਿੱਚ ਹੈ, ਬੱਚੇ ਬਾਲਕ ਹਨ ਪਰ ਉਨ੍ਹਾਂ ਦੀ ਘਰ ਵਾਲੀ ਉਨ੍ਹਾਂ ਨੂੰ ਬਹੁਤ ਤੰਗ ਕਰਦੀ ਹੈ ਅਤੇ ਉਨ੍ਹਾਂ ਦਾ ਘਰ ਵਿੱਚ ਰਹਿਣਾ ਬਹੁਤ ਮੁਸ਼ਕਲ ਹੈ । ਇਕ ਪਲ ਵੀ ਘਰ ਵਿੱਚ ਨਹੀਂ ਰਹਿ ਸਕਦਾ । ਮੈਂ ਉਨ੍ਹਾਂ ਨੂੰ ਸੋਚ ਕੇ ਕਿਹਾ ਕਿ ਇਸ ਕਿਸਮ ਦੇ ਬਚਾਓ ਲਈ ਕੋਈ ਕਾਨੂੰਨ ਨਹੀਂ । ਕੇਵਲ ਆਈ.ਪੀ.ਸੀ. ਹੈ, ਉਸ ਵੱਲ ਦੇਖਿਆ ਜਾ ਸਕਦਾ ਹੈ ਕਿ ਉਹ ਕਿਸ ਕਿਸਮ ਦਾ ਬਚਾਓ ਲੈ ਸਕਦਾ ਹੈ । ਚਾਰ ਦਿਨਾਂ ਬਾਅਦ ਉਹ ਫਾਹਾ ਲੈ ਕੇ ਮਰ ਗਿਆ । ਕਾਨੂੰਨ ਕੇਵਲ ਇੱਕ ਵਰਗ ਲਈ ਨਹੀਂ, ਇੱਕ ਸੈਕਟਸ ਲਈ ਨਹੀਂ, ਕਾਨੂੰਨ ਹਰ ਇਨਸਾਨ ਲਈ ਹੁੰਦੇ ਹਨ । ਇਕ ਹੋਰ ਕੇਸ ਨਾਲੇਜ ਵਿੱਚ ਆਇਆ ਜਿਸ ਵਿੱਚ ਸ਼ਾਦੀ ਲੜਕੀ ਦੀ ਇੱਛਾ ਦੇ ਅਗੇਂਸਟ ਹੋਈ ਸੀ । ਇੱਕ ਮਹੀਨਾ ਰਹਿਣ ਤੋਂ ਬਾਅਦ ਉਸ ਨੇ ਆਤਮ ਹੱਤਿਆ ਕਰ ਲਈ । ਉਸ ਦੇ ਪਾਸ ਟੈਲੀਫੂਨ ਵੀ ਸਨ ਜਿਸ ਤੇ ਉਹ ਅਕਸਰ ਗੱਲਬਾਤ ਕਰਿਆ ਕਰਦੀ ਸੀ । ਸੁਸਾਇਡ ਤੋਂ ਬਾਅਦ ਉਹ ਲੜਕਾ ਜਿਸ ਨਾਲ ਗੱਲ ਕਰਦੀ ਸੀ, ਹਿੰਦੁਸਤਾਨ ਛੱਡ ਕੇ ਚਲਾ ਗਿਆ ਪਰ ਹੋਇਆ ਕੀ ? 304-ਬੀ ਦੇ ਤਹਿਤ ਕੇਸ ਰਜਿਸਟਰਡ ਹੋਇਆ ਤੇ ਪੂਰੇ ਦਾ ਪੂਰਾ ਪਰਿਵਾਰ ਅੰਦਰ । ਇਸ ਕਿਸਮ ਦੇ ਕੇਸਾਂ ਵਿੱਚ ਬਚਾਉਣ ਲਈ ਕਾਨੂੰਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ । ਸੀ.ਆਰ.ਪੀ.ਸੀ. ਵਿੱਚ ਅਮੈਂਡਮੈਂਟ ਦੀ ਲੋੜ ਹੈ । ਸਟੇਟ ਅਮੈਂਡਮੈਂਟ ਕਰ ਸਕਦੀ ਹੈ ਕਿ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਕੋਈ ਵੀ ਐਫ.ਆਈ.ਆਰ. ਤੋਂ ਪਹਿਲਾਂ ਪਰਾਪਰ ਪ੍ਰੋਸੀਜਰ ਇਨਕੁਆਰੀ ਦਾ ਹੋਵੇ । ਜਦ ਇਸ ਕਿਸਮ ਦਾ ਕਾਨੂੰਨ ਹੋਵੇਗਾ ਤੇ ਫਿਰ ਕੋਈ ਵਧੀਕੀ ਨਹੀਂ ਹੋ ਸਕਦੀ । ਦੇਖਣ ਵਿੱਚ ਕੀ ਆਉਂਦਾ ਹੈ ਕਿ ਇੱਕ ਵਾਰ ਦਰਖਾਸਤ ਦੇ ਦਿੱਤੀ ਜਾਂਦੀ ਹੈ, ਇਨਕੁਆਰੀ ਹੁੰਦੀ ਹੈ । ਇਨਕੁਆਰੀ ਵਿੱਚ ਕਹਿ ਦਿੰਦੇ ਹਨ ਕਿ ਕੇਸ ਰਜਿਸਟਰ ਕਰਨ ਦੇ ਯੋਗ ਨਹੀਂ ਹੈ । ਦਸ ਦਿਨ ਬਾਅਦ ਇੱਕ ਹੋਰ ਦੂਸਰੀ ਦਰਖਾਸਤ ਦੇ ਦਿੱਤੀ ਜਾਂਦੀ ਹੈ । ਫਿਰ ਉਹੀ ਆਰਡਰ ਹੋ ਜਾਂਦੇ ਹਨ ਤੇ ਫਿਰ ਤੀਸਰੀ ਦਰਖ਼ਾਸਤ ਦਿੱਤੀ ਜਾਂਦੀ ਹੈ । ਤੀਸਰੀ ਵਾਰ ਕੇਸ ਰਜਿਸਟਰਡ ਹੋ ਜਾਂਦਾ ਹੈ ਪਰ ਪਹਿਲੀਆਂ ਦੋ ਦਰਖ਼ਾਸਤਾਂ ਦਾ ਰਿਕਾਰਡ ਮੇਨਟੇਨ ਨਹੀਂ ਹੋਇਆ ਹੁੰਦਾ । ਕੋਈ ਪ੍ਰੋਸੀਜਰ ਤੇ ਵਿਧੀ ਨਹੀਂ ਦੱਸੀ ਗਈ ਕਿ ਇਸ ਦਾ ਰਿਕਾਰਡ ਰੱਖਿਆ ਜਾ ਸਕਦਾ ਹੋਵੇ । ਕਿਉਂਕਿ ਕਾਨੂੰਨ ਵਿੱਚ ਪ੍ਰੋਵਾਈਡ ਨਹੀਂ ਹੈ । ਇਸ ਲਈ ਵਿਧੀ ਬਣਾ ਦਿੱਤੀ ਜਾਵੇ । ਇਸ ਲਈ ਇਹ ਸੰਸ਼ੋਧਨ ਕਰਨ ਦੀ ਲੋੜ ਹੈ । CRPC ਵਿੱਚ ਅਮੈਂਡਮੈਂਟ ਤੋਂ ਬਾਅਦ ਇਹ ਰਿਕਾਰਡ ਰੱਖਣ ਦਾ ਪਰੋਸੀਜਰ ਬਣਾਇਆ ਜਾ ਸਕਦਾ ਹੈ । ਇਸ ਦੀ ਰਿਪੋਰਟ ਦਰਜ ਕਰਨ ਲਈ ਰਜਿਸਟਰ ਮੇਨਟੇਨ ਕੀਤਾ ਜਾ ਸਕਦਾ ਹੈ ਅਤੇ ਰਿਪੋਰਟ ਕਾਬਲੇ ਨੁਕਸੇ ਅਮਲ ਹੋਣਾ ਤੇ FIR ਦਰਜ ਕੀਤੀ ਜਾ ਸਕਦੀ ਹੈ ਅਤੇ ਨਾ ਹੋਣ ਤੇ ਲੋਕ ਧੱਕੇ ਤੋਂ ਨਿਜਾਤ ਪਾ ਸਕਦੇ ਹਨ । ਕਾਨੂੰਨ ਕਈ ਵਾਰੀ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਜਿਸ ਨੂੰ ਬਚਾਉਣ ਲਈ ਹੁੰਦਾ ਹੈ, ਉਸ ਦੇ ਵਿਰੁੱਧ ਹੀ ਇਸਤੇਮਾਲ ਹੋ ਜਾਂਦਾ ਹੈ । ਇਹ ਇੱਕ ਕਾਨੂੰਨ ਬਣਾਇਆ ਗਿਆ, ਔਰਤਾਂ ਨੂੰ ਬਚਾਉਣ ਲਈ ਪਰ ਕਈ ਵਾਰੀ ਸਭ ਤੋਂ ਵੱਧ ਦੁਖ, ਦਰਦ ਔਰਤ ਨੂੰ ਹੀ ਹੁੰਦਾ ਹੈ । ਬਾਠ ਸਾਹਿਬ ਵੀ ਜ਼ਿਕਰ ਕਰ ਰਹੇ ਸਨ । ਮੈਂ ਵੀ ਲੁਧਿਆਣਾ ਜੇਲ੍ਹ ਦੀ ਇੰਸਪੈਕਸ਼ਨ ਕੀਤੀ ਸੀ । ਉਥੇ ਜਿੰਨੀਆਂ ਔਰਤਾਂ ਖੜ੍ਹੀਆਂ ਸਨ, ਅੱਧੀਆਂ ਤੋਂ ਵੱਧ ਨਨਾਣਾਂ ਸਨ, ਮਾਸੀਆਂ ਸਨ ਜੋ ਕਿ ਝੂਠੇ ਕੇਸਾਂ ਤਹਿਤ ਅੰਦਰ ਸਨ। ਮੈਂ ਨਹੀਂ ਕਹਿੰਦਾ ਹਾਂ ਕਿ ਸੌ ਪ੍ਰਤੀਸ਼ਤ ਹੀ ਝੂਠੇ ਹੋਣਗੇ, ਸੱਚੇ ਵੀ ਹੋਣਗੇ ਪਰ ਝੂਠੇ ਕੇਸ ਦੀ ਰੋਕਥਾਮ ਕੀਤੀ ਜਾਣੀ ਚਾਹੀਦੀ ਹੈ । ਝੂਠਾ ਕੌਣ ਤੇ ਸੱਚਾ ਕੌਣ, ਇਸ ਲਈ ਇੰਵੈਸਟੀਗੇਟਿੰਗ ਏਜੰਸੀ ਨੂੰ ਇੰਪਰੂਵ ਕਰਨਾ ਹੋਵੇਗਾ । ਇਹ ਬਹੁਤ ਇੰਪਾਰਟੈਂਟ ਹੈ ।

*2.08 ਵਜੇ ਬਾਅਦ ਦੁਪਹਿਰ

(ਇਸ ਸਮੇਂ* ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਦੇਖਣ ਵਿੱਚ ਆਉਂਦਾ ਹੈ ਕਿ ਇਨਵੈਸਟੀਗੇਟਿੰਗ ਏਜੰਸੀ ਚੰਗਾ ਰੋਲ ਅਦਾ ਨਹੀਂ ਕਰਦੀ। ਇਹ ਏਜੰਸੀ ਮੁੱਦਈ ਨਾਲ ਹੀ ਹੁੰਦੀ ਹੈ, ਮੁੱਦਈ ਦੇ ਏਜੰਟਸ ਦੇ ਤੌਰ ਤੇ ਹੀ

Original with;
Punjab Vidhan Sabha
Digitized by;
Panjab Digital Library

ਹੁੰਦੀ ਹੈ ਜਦ ਕਿ ਹਕੀਕਤ ਇਹ ਹੈ ਕਿ ਇਨਵੈਸਟੀਗੇਟਿੰਗ ਏਜੰਸੀ ਨੂੰ ਇਨਸਾਫ ਦਿਵਾਉਣ ਲਈ ਮੋਹਰੀ ਰੋਲ ਅਦਾ ਕਰਨਾ ਚਾਹੀਦਾ ਹੈ । ਇਸ ਇਨਵੈਸਟੀਗੇਸ਼ਨ ਵਿੱਚ ਕੋਈ ਵੀ ਪੱਖ ਕਿਸੇ ਦਾ ਹੁੰਦਾ ਹੈ, ਉਹ ਸਾਹਮਣੇ ਆਉਣਾ ਚਾਹੀਦਾ ਹੈ । ਜਿਹੜੇ ਝੂਠੇ ਬਿਆਨ ਕੀਤੇ ਗਏ ਹਨ, ਉਹ ਸਾਹਮਣੇ ਆਉਣੇ ਚਾਹੀਦੇ ਹਨ ਪਰ ਅਜਿਹਾ ਅਸਲ ਵਿੱਚ, ਹਕੀਕਤ ਵਿੱਚ ਅਜਿਹਾ ਹੋਂਦ ਵਿੱਚ ਨਹੀਂ ਆਉਂਦਾ। ਇਸ ਲਈ ਇਸ ਪੱਖ ਤੋਂ ਵੀ ਇਨਵੈਸਟੀਗੇਸ਼ਨ ਏਜੰਸੀ ਨੂੰ ਬਹੁਤ ਜ਼ਿਆਦਾ ਇੰਪਰੂਵ ਕਰਨ ਦੀ ਲੋੜ ਹੈ, ਇਸ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਜਿਸ ਲਈ ਜ਼ਰੂਰ ਕੋਈ ਨਾ ਕੋਈ ਕਮੇਟੀ ਗਠਿਤ ਕੀਤੀ ਜਾਵੇ । ਇਸ ਬਾਰੇ ਸੋਚਣਾ ਚਾਹੀਦਾ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਜੋ ਐਫ.ਆਈ.ਆਰ. ਇੰਸਪੈਕਟਰ ਨੇ ਰਜਿਸਟਰ ਕਰਨੀ ਹੈ, ਸੀ.ਆਰ.ਪੀ.ਸੀ. ਤਹਿਤ ਤਾਂ ਉਸ ਦੀ ਇਨਵੈਸਟੀਗੇਸ਼ਨ ਜਿਹੜੀ ਹੈ, ਉਹ ਜ਼ਰੂਰ ਕਿਸੇ ਗਜ਼ਟਿਡ ਅਫ਼ਸਰ ਕੋਲੋਂ ਕਾਊਂਟਰ ਚੈੱਕ ਕਰਵਾਉਣੀ ਚਾਹੀਦੀ ਹੈ। ਗਜ਼ਟਿਡ ਅਫ਼ਸਰ ਸੁਪਰਵੀਜ਼ਨ ਕਰੇ, ਕਾਊਂਟਰ ਸਾਈਨ ਜ਼ਿਮਨੀਆਂ ਦੇ ਹੋਣ ਤੇ ਜੋ ਇਨਵੈਸਟੀਗੇਸ਼ਨ ਹੁੰਦੀ ਹੈ, ਉਸ ਦੀ ਪੀਰੀਆਡਕਲੀ ਚੈਕਿੰਗ ਹੋਵੇ ਤੇ ਫਾਈਨਲ ਰਿਪੋਰਟ ਤਿਆਰ ਹੋਣ ਤੇ ਰਿਪੋਰਟ ਐਸ.ਐਸ.ਪੀ. ਕੋਲ ਪੇਸ਼ ਹੋਵੇ ਤਾਂ ਕਿ ਉਹ ਪੂਰੀ ਵਾਚ ਕਰ ਸਕੇ ਔਰ ਇਨਸਾਫ ਮਿਲ ਸਕੇ ਕਿਉਂਕਿ ਇਹ ਇੱਕ ਅਜਿਹਾ ਮਸਲਾ ਹੈ ਜਿਸ ਨਾਲ ਸਮਾਜ ਦਾ ਤਾਣਾ-ਬਾਣਾ ਕਮਜ਼ੋਰ ਹੁੰਦਾ ਜਾ ਰਿਹਾ ਹੈ ਜਿਸ ਵਿੱਚ ਰੋਜ਼ਾਨਾ ਪਰਿਵਾਰਕ ਡਿਸਪਿਊਟ ਚਾਹੇ ਛੋਟੀ ਜਿਹੀ ਗੱਲ ਤੋਂ ਹੋਵੇ, ਉਹ ਐਂਡ ਅੱਪ ਧਾਰਾ 406 ਅਤੇ 498 ਅਧੀਨ ਡੌਰੀ ਦੀ ਦਰਖਾਸਤ ਦੇ ਕੇ ਹੀ ਹੁੰਦਾ ਹੈ । ਉਸ ਵਿੱਚ ਅਣ-ਵਿਆਹੀਆਂ ਕੁੜੀਆਂ ਨਨਾਣਾਂ, ਬੁੱਢੀ ਦਾਦੀ ਸੱਸ ਨੂੰ ਵੀ ਨਹੀਂ ਛੱਡਿਆ ਜਾਂਦਾ । ਜੇਕਰ ਕੋਈ ਤਕੜਾ ਰਿਸ਼ਤੇਦਾਰ ਹੋਵੇ ਜਿਸ ਬਾਰੇ ਸੋਚਣ ਕਿ ਉਹ ਸ਼ਾਇਦ ਮਦਦਗਾਰ ਹੋ ਸਕਦਾ ਹੈ, ਉਸ ਦਾ ਨਾਮ ਵੀ ਜ਼ਰੂਰ ਲਪੇਟੇ ਵਿੱਚ ਲੈ ਲਿਆ ਜਾਂਦਾ ਹੈ..............

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਫੁਰਮਾ ਰਹੇ ਸੀ, ਕਿਉਂਕਿ ਇਹ ਵਕੀਲ ਵੀ ਹਨ ਕਿ ਜਿਹੜੀ ਵੀ ਕੋਈ ਕੰਪਲੇਂਟ ਥਾਣੇ ਵਿੱਚ ਜਾਂਦੀ ਹੈ, ਉਸ ਬਾਰੇ ਐਸ.ਐਸ.ਪੀ. ਨੂੰ ਨਾਲੇਜ ਹੋਣੀ ਚਾਹੀਦੀ ਹੈ। ਮੈਂ ਇਨ੍ਹਾਂ ਦੀ ਨਾਲੇਜ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਵੀ ਕੋਈ ਪਰਚਾ ਦਰਜ ਹੁੰਦਾ ਹੈ, ਉਹ ਐਸ.ਐਸ.ਪੀ. ਦੀ ਨਾਲੇਜ ਤੋਂ ਬਾਅਦ ਹੀ ਦਰਜ ਹੁੰਦਾ ਹੈ ਜਿਹੜਾ ਵੀ ਇਹ ਕਹਿ ਰਹੇ ਹਨ ਕਿ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਮੈਂ ਨਾਲੇਜ ਦੀ ਗੱਲ ਨਹੀਂ ਕਹਿ ਰਿਹਾ, ਮੈਂ ਕਹਿ ਰਿਹਾ ਹਾਂ ਕਿ ਫਾਈਨਲ ਰਿਪੋਰਟ ਅੰਡਰ ਸੈਕਸ਼ਨ 173 ਸੀ.ਆਰ.ਪੀ.ਸੀ. ਐਸ.ਐਸ.ਪੀ. ਦੀ ਕਾਊਂਟਰ ਸਾਈਨ ਹੋ ਕੇ ਜਾਣੀ ਚਾਹੀਦੀ ਹੈ । ਮੈਂ ਕੋਈ ਐਫ.ਆਈ.ਆਰ. ਦਾ ਜ਼ਿਕਰ ਨਹੀਂ ਕੀਤਾ। ਉਹ ਤਾਂ ਮੈਂ ਬਿਆਨ ਕਰ ਚੁੱਕਿਆ ਹਾਂ ਕਿ ਇਸ ਨੂੰ ਘੋਖਣ ਦਾ ਸਿਸਟਮ 2003 ਦਾ ਬਣਿਆ ਹੋਇਆ ਹੈ। ਜਿਸ ਨੂੰ ਕਾਨੂੰਨ ਦੀ ਕੋਈ sanction ਨਹੀਂ ਹੈ, ਕਾਨੂੰਨ ਦੀ ਕੋਈ ਵਿਧੀ ਨਹੀਂ ਹੈ ਪਰ ਪੁਲਿਸ ਨੇ ਇਕ ਆਪਣਾ ਕਾਨੂੰਨ ਬਣਾਇਆ ਹੈ, ਉਸ ਨੂੰ ਮਾਨਯੋਗ ਸੁਪਰੀਮ ਕੋਰਟ ਵੀ ਬੁਰਾ ਨਹੀਂ ਮੰਨਦਾ ਅਤੇ ਮਾਨਯੋਗ ਸੁਪਰੀਮ ਕੋਰਟ ਨੇ ਵਾਰ-ਵਾਰ ਜੱਜਮੈਂਟਸ ਵੀ ਪੇਸ਼ ਕੀਤੀਆਂ ਹਨ ਕਿ ਅਜਿਹਾ ਕਰ ਲਿਆ ਜਾ ਸਕਦਾ ਹੈ, ਵੇਖਿਆ ਜਾ ਸਕਦਾ ਹੈ ਕਿ ਅਫੈਂਸ ਕਾਗਨੀਜੇਬਲ ਸਪੈਲ-ਆਊਟ ਹੁੰਦਾ ਹੈ ਕਿ ਨਹੀਂ, ਤਾਂ ਇਸ ਦੇ ਵਿੱਚ ਕੋਈ ਬੁਰਾਈ ਨਹੀਂ ਪਰ ਜੇ ਇਸ ਦੇ ਲਈ ਵਿਧੀ ਬਣਾ ਦਿੱਤੀ ਜਾਵੇ ਤਾਂ ਜ਼ਿਆਦਾ ਅੱਛਾ ਹੋਵੇਗਾ। ਜਿਹੜੀ ਮੈਂ ਲਿਸਟ ਦੀ ਗੱਲ ਕੀਤੀ ਹੈ, ਉਹ ਬਹੁਤ ਜ਼ਰੂਰੀ ਹੈ ਪਰ ਉਸ ਕਾਨੂੰਨ ਵਿੱਚ ਇਕ ਹੋਰ ਚੀਜ਼ ਐਡ ਕਰਨੀ ਪਵੇਗੀ ਕਿ ਜਿਹੜੀ ਲਿਸਟ ਦਿੱਤੀ ਜਾਂਦੀ ਹੈ, ਇਸ ਨੂੰ ਅਮਿਊਨਿਟੀ ਦੇ ਦੇਣੀ ਚਾਹੀਦੀ ਹੈ ਕਿ ਉਹ ਲਿਸਟ ਕੇਵਲ ਪਰਿਵਾਰਕ ਝਗੜਿਆਂ ਲਈ ਇਸਤੇਮਾਲ ਹੋਵੇਗੀ ਨਾ ਕਿ ਉਹ ਲਿਸਟ ਕਿਸੇ ਹੋਰ ਕਿਸਮ ਦੀ ਸ਼ਿਕਾਇਤਬਾਜ਼ੀ ਲਈ ਯੂਜ਼ ਕਰਨ। ਉਸ ਦੇ ਲਈ ਵੀ ਬਚਾਅ ਜ਼ਰੂਰ ਰੱਖਣਾ ਚਾਹੀਦਾ ਹੈ। 406, 498-ਏ-ਨਾਨ ਬੇਲਏਬਲ ਅਫੈਂਸ ਹੈ, ਸੀ.ਆਰ.ਪੀ.ਸੀ. ਵਿੱਚ ਬਹੁਤ ਅਵੱਸ਼ਕ ਹੋਵੇਗਾ ਜੇ ਸੋਧ ਕੀਤਾ ਜਾਵੇ ਕਿ ਘਰ ਵਾਲੇ ਨੂੰ ਛੱਡ ਕੋਈ ਹੋਰ ਰਿਸ਼ਤੇਦਾਰ ਹੋਣ, ਉਨ੍ਹਾਂ ਪ੍ਰਤੀ ਇਹ ਅਫੈਂਸ ਬੇਲਏਬਲ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਬਹੁਤ ਹੱਦ ਤੱਕ ਐਕਸਪਲਾਇਟੇਸ਼ਨ ਖਤਮ ਹੋ ਸਕੇ। ਐਫ.ਆਈ.ਆਰ. ਹੋਣਾ ਇਕ ਕੰਮ ਹੈ। ਪੁਲਿਸ ਨੇ ਆਪਣੀ ਰਿਪੋਰਟ ਵਿੱਚ ਮੁਲਜਮ ਤਹਿ ਕਰਨਾ, ਇਹ ਦੂਸਰਾ ਕੰਮ ਹੈ। ਸਜ਼ਾ ਹੋਣਾ ਤੀਸਰਾ ਕੰਮ ਹੈ। ਪਹਿਲੇ ਹੀ ਦਿਨ ਇਕ ਆਰੋਪ ਦੇ ਆਧਾਰ ਤੇ ਐਫ.ਆਈ.ਆਰ. ਦਰਜ ਕਰ ਲੈਣਾ, ਸਿੱਧੇ ਜਾ ਕੇ ਘਰਾਂ ਦੇ ਵਿੱਚੋਂ ਅਜਿਹੇ ਕੇਸਾਂ ਵਿੱਚ ਮੁਲਜਮ ਗ੍ਰਿਫਤਾਰ ਕਰ ਲੈਣਾ ਬਹੁਤ ਜ਼ਿਆਦਾ ਧੱਕਾ ਹੁੰਦਾ ਹੈ ਜਦ ਕਿ ਉਨ੍ਹਾਂ ਕੇਸਾਂ ਵਿੱਚ ਅੰਤ ਵਿੱਚ ਪੁਲਿਸ ਆਪਣੀ ਰਿਪੋਰਟ ਵਿੱਚ ਤਹਿ ਕਰਦੀ ਹੈ ਕਿ ਜੋ ਤੱਥ ਐਫ.ਆਈ.ਆਰ. ਵਿੱਚ ਦੱਸੇ ਹਨ, ਉਹ ਸੱਚ ਹਨ ਜਾਂ ਨਹੀਂ ਹਨ। ਉਨ੍ਹਾਂ ਦਾ ਮੁਆਵਜ਼ਾ ਕੌਣ ਦੇਵੇਗਾ ਜਿਹੜਾ ਇੱਜ਼ਤਦਾਰ ਲੋਕਾਂ ਨੂੰ ਫੜ ਕੇ ਅੰਦਰ ਕਰ ਦਿੱਤਾ ਜਾਂਦਾ ਹੈ। ਇਸ ਹੱਦ ਤੱਕ ਵੀ ਦੇਖਣ ਵਿੱਚ ਆਇਆ ਹੈ ਕਿ ਪੂਰੇ ਸਹੁਰੇ ਪਰਿਵਾਰ ਵਿੱਚ ਜੋ ਵੀ ਸਮਾਨ ਪਿਆ ਹੁੰਦਾ ਹੈ, ਸਭ ਤੇ ਉਂਗਲੀ ਕਰ ਦਿੱਤੀ ਜਾਂਦੀ ਹੈ ਕਿ ਡੋਰੀ ਵਿੱਚ ਦਿੱਤਾ ਗਿਆ ਹੈ। ਉਹ ਵੀ ਚੁੱਕ ਲਿਆ ਜਾਂਦਾ ਹੈ। ਬਾਕੀ ਗਹਿਣਿਆਂ ਦਾ ਤਾਂ

Original with;
Punjab Vidhan Sabha
Digitized by;
Panjab Digital Library

ਮਾਪ ਨਹੀਂ ਹੁੰਦਾ ਪਰ ਚੂੜੀਆਂ ਚਾਹੇ ਛੋਟੀਆਂ ਹੋਣ ਜਾਂ ਵੱਡੀਆਂ ਹੋਣ, ਉਹ ਵੀ ਡੌਰੀ ਦਾ ਹਿੱਸਾ ਬਣ ਜਾਂਦੀਆਂ ਹਨ। ਇਸ ਵਿੱਚ ਐਕਸਪਲਾਇਟੇਸ਼ਨ ਤੋਂ ਬਹੁਤ ਜ਼ਿਆਦਾ ਬੱਚਤ ਹੋਵੇਗੀ ਜੇ ਅਫੈਂਸ ਬੇਲਏਬਲ ਕਰ ਦਿੱਤੇ ਜਾਣ । ਹਾਂ ਜੇ ਇਨਵੈਸਟੀਗੇਸ਼ਨ ਦੌਰਾਨ ਪੁਲਿਸ ਨੂੰ ਨਜ਼ਰ ਆਵੇ ਕਿ ਘਰ ਵਾਲੇ ਤੋਂ ਇਲਾਵਾ ਹੋਰ ਵੀ ਕੋਈ ਕਥਿਤ ਦੋਸ਼ੀ ਹੈ, ਉਸ ਦੀ ਕਸਟੋਡੀਅਨ ਇੰਟੈਰੋਗੇਸ਼ਨ ਜ਼ਰੂਰੀ ਹੈ, ਉਹ ਕੇਸ ਵਿੱਚ ਮੈਜਿਸਟਰੇਟ ਨੂੰ ਦਰਖਾਸਤ ਦੇ ਕੇ ਕਸਟੋਡੀਅਨ ਇੰਟੈਰੋਗੇਸ਼ਨ ਦੀ ਪ੍ਰੋਵੀਜ਼ਨ ਬਣਾਈ ਜਾ ਸਕਦੀ ਹੈ ਤਾਂ ਕਿ ਇਨਵੈਸਟੀਗੇਸ਼ਨ ਵਿੱਚ ਕਮੀ ਨਾ ਰਹਿ ਜਾਵੇ। ਅਜਿਹੀ ਅਮੈਂਡਮੈਂਟ ਕਰਨ ਨਾਲ ਕਾਫੀ ਸੁਧਾਰ ਆ ਜਾਵੇਗਾ ਅਤੇ ਕਾਫੀ ਐਕਸਪਲਾਇਟੇਸ਼ਨ ਖਤਮ ਹੋ ਸਕਦੀ ਹੈ। ਜਿਹੜੀ ਪਰਾਸੀਕਿਊਸ਼ਨ ਏਜੰਸੀ ਹੈ, ਉਸ ਵਿੱਚ ਅਜਿਹੇ ਕੇਸਾਂ ਵਿੱਚ ਇਨਵਾਲਵਮੈਂਟ ਲੀਗਲ ਮਾਈਂਡਜ਼ ਦੀ ਅਤੇ ਸੋਸ਼ਲ ਮਾਈਂਡਜ਼ ਦੀ ਨਾਲ ਦੇਣੀ ਚਾਹੀਦੀ ਹੈ। ਆਪ ਨੇ ਰਾਜ਼ੀ ਬੰਦੇ ਨੂੰ ਕਹਿ ਕੇ ਉਂਗਲੀ ਚੁੱਕੀ, ਮਾਨਯੋਗ ਮੋਫਰ ਸਾਹਿਬ ਪਰ ਇਹ ਦੇਖਣ ਵਿੱਚ ਆਇਆ ਹੈ ਕਿ ਇਹ ਹਕੀਕਤ ਹੈ ਕਿ ਜਦ ਪਰਿਵਾਰਕ ਝਗੜੇ ਹੁੰਦੇ ਹਨ, ਜੇ ਸਮੇਂ ਸਿਰ ਉਨ੍ਹਾਂ ਵਿੱਚ ਇੰਟਰਵੈਨਸ਼ਨ ਹੋ ਜਾਵੇ, ਅੱਛਾ ਸੁਝਾਅ ਹੋ ਜਾਵੇ ਤਾਂ ਪਰਿਵਾਰ ਉਜੜਨ ਤੋਂ ਬਚ ਜਾਂਦੇ ਹਨ। ਉਹ ਮੌਕਾ ਹੱਥੋਂ ਗਵਾਉਣਾ ਨਹੀਂ ਚਾਹੀਦਾ। ਜਿਹੜੀ ਪਹਿਲੀ ਸਟੇਜ ਆਫ ਇਨਵੈਸਟੀਗੇਸ਼ਨ ਹੈ, ਜੇ ਉਸ ਵਿੱਚ ਸੰਸ਼ੋਧਨ ਹੋ ਜਾਵੇ ਕਿ ਐਫ.ਆਈ.ਆਰ. ਤੋਂ ਪਹਿਲਾਂ ਵੀ ਕੇਸ ਘੋਖੇ ਜਾਣ, ਉਸ ਵਿੱਚ ਖਾਸ ਤੌਰ ਤੇ ਤਹਿ ਹੋਣਾ ਚਾਹੀਦਾ ਹੈ ਕਿ ਪਹਿਲਾਂ ਹੀ ਤਹਿ ਤੱਕ ਜਾਣ ਦਾ ਪ੍ਰਯਤਨ ਕਰਨਾ ਚਾਹੀਦਾ ਹੈ। ਪ੍ਰਯਤਨ ਕਰਨਾ ਚਾਹੀਦਾ ਹੈ, ਪਰਿਵਾਰ ਨੂੰ ਉਜੜਨ ਤੋਂ ਬਚਾਉਣ ਦਾ । ਇਹ ਆਪ ਕੇਸ ਸੁਪਰੀਮ ਕੋਰਟ ਨੇ ਵੀ ਅਤੇ ਸਾਡੀਆਂ ਵੇਰੀਅਸ ਲੈਜਿਲੇਸ਼ਨ ਨੇ ਵੀ ਜੋ ਲੋਕ ਅਦਾਲਤ ਦਾ ਸਿਸਟਮ ਸਾਹਮਣੇ ਆਇਆ ਹੈ, ਉਸ ਵਿੱਚ ਵੀ ਬਹੁਤ ਬੜੇ ਤਰੀਕੇ ਨਾਲ ਦਰਸਾਇਆ ਗਿਆ ਹੈ ਕਿ ਕਚਹਿਰੀ ਜਾਣ ਤੋਂ ਪਹਿਲਾਂ ਜੇ ਕਿਸੇ ਕਿਸਮ ਦੀ ਸਲਿਊਸ਼ਨ ਹੋ ਸਕਦੀ ਹੈ ਤਾਂ ਉਹ ਸਮਾਜ ਦੇ ਹਿੱਤ ਵਿੱਚ ਹੋਵੇਗੀ। ਅੰਤ ਵਿੱਚ ਇੱਕ ਹੋਰ ਸੰਸ਼ੋਧਨ ਦੀ ਲੋੜ ਹੋਵੇਗੀ ਕਿ ਅਜਿਹੇ ਕੇਸਾਂ ਵਿੱਚ ਐਫ.ਆਈ.ਆਰ. ਦਰਜ ਕਰਨ ਦੇ ਤੁਰੰਤ ਬਾਅਦ ਗ੍ਰਿਫਤਾਰੀ ਨਹੀਂ ਹੋਣੀ ਚਾਹੀਦੀ । ਪੁਲਿਸ ਠੋਸ ਸਬੂਤ ਇਕੱਤਰਿਤ ਕਰੇ, ਉਸ ਠੋਸ ਸਬੂਤ ਵਿੱਚ ਜਦੋਂ ਮੁਲਜਮ ਦੀ ਮਿਲੀ-ਭੁਗਤ ਨਜ਼ਰ ਆਵੇ, ਉਸ ਦੀ ਗਿਲਟ ਇੰਡੀਕੇਟ ਹੋਵੇ ਤਾਂ ਉਸ ਮਗ ਗ੍ਰਿਫਤਾਰੀ ਹੋਣੀ ਚਾਹੀਦੀ ਹੈ । ਉਸ ਤੋਂ ਪਹਿਲਾਂ ਨਹੀਂ ਕਰਨੀ ਚਾਹੀਦੀ । ਜੇ ਇਸ ਕਿਸਮ ਦਾ ਸੰਸ਼ੋਧਨ ਹੋ ਜਾਵੇਗਾ, ਅਮੈਂਡਮੈਂਟ ਹੋ ਜਾਵੇਗੀ ਤਾਂ ਜ਼ਰੂਰ ਅਜਿਹੇ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]
ਕੇਸਾਂ ਦਾ ਦੁਰਉਪਯੋਗ ਰੋਕਿਆ ਜਾ ਸਕਦਾ ਹੈ । ਇੰਨਾ ਕਹਿੰਦਾ ਹੋਇਆ ਇਜਾਜ਼ਤ ਲੈਂਦਾ ਹਾਂ। ਧੰਨਵਾਦ (ਥੰਪਿੰਗ)

**ਟਰਾਂਸਪੋਰਟ ਮੰਤਰੀ** (ਮਾਸਟਰ ਮੋਹਨ ਲਾਲ) : ਸਤਿਕਾਰਯੋਗ ਸਪੀਕਰ ਸਾਹਿਬ, ਬਹੁਤ ਹੀ ਸਤਿਕਾਰਯੋਗ ਮੈਂਬਰ ਬਾਠ ਸਾਹਿਬ ਨੇ ਸਰਕਾਰ ਦਾ ਧਿਆਨ ਇਸ ਮੁੱਦੇ ਰਾਹੀਂ ਕਿ ਦਾਜ ਰਾਹੀਂ ਬਹੁਤ ਸਾਰੇ ਕੇਸ ਗਲਤ ਰਜਿਸਟਰ ਹੁੰਦੇ ਹਨ, ਇਸ ਮੁਤੱਲਕ ਸਰਕਾਰ ਦਾ ਧਿਆਨ ਇਸ ਸਦਨ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਬਾਠ ਸਾਹਿਬ ਨੂੰ ਇਹ ਨਹੀਂ ਕਹਾਂਗਾ ਕਿ ਸਾਰਾ ਝੂਠ ਹੈ। ਰੋਜ਼ ਅਖ਼ਬਾਰਾਂ ਵਿੱਚ ਹੈਡਿੰਗ ਭਰੇ ਹੁੰਦੇ ਹਨ ਅਤੇ ਉਹ ਹੈਡਿੰਗ ਇਸ ਤਰ੍ਹਾਂ ਹੁੰਦੇ ਹਨ :

'Bride burning a burning issue', 'Husband held in dowry case', 'Dowry death rally against such and such person', 'Whole of the family of the bride held under Section 406, 306'.

ਇਸ ਤਰ੍ਹਾਂ ਦੀਆਂ ਰੋਜ਼ਾਨਾ ਅਖ਼ਬਾਰਾਂ ਦੀਆਂ ਹੈਡਿੰਗਜ਼ ਬਣੀਆਂ ਹੁੰਦੀਆਂ ਹਨ। ਇਸ ਵਿੱਚ ਕੋਈ ਗਲਤ ਗੱਲ ਨਹੀਂ ਹੈ। ਮੈਂ ਕੁਝ ਫੈਕਟ ਐਂਡ ਫਿਗਰਜ਼ ਆਪ ਦੇ ਮਾਧਿਅਮ ਨਾਲ ਆਪਣੇ ਮਾਨਯੋਗ ਐਮ.ਐਲ.ਏ. ਸਾਹਿਬ, ਜਿਨ੍ਹਾਂ ਨੇ ਇਹ ਮੁੱਦਾ ਰੱਖਿਆ ਹੈ, ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ। ਪੰਜਾਬ ਸਰਕਾਰ ਨੇ 2005 ਵਿੱਚ 717 ਕੇਸ, 2006 ਵਿੱਚ 727 ਕੇਸ ਅਤੇ 2007 ਵਿੱਚ 235 ਕੇਸ ਦਾਜ ਸਬੰਧੀ ਰਜਿਸਟਰ ਕੀਤੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਸਭ ਤੋਂ ਮੰਦਭਾਗਾ ਦੁਖਾਂਤ ਹੈ ਕਿ ਕਿਸੇ ਲੜਕੀ ਦੇ ਪੇਰੈਂਟਸ-ਇਨ-ਲਾਅ ਵਲੋਂ ਉਸ ਨੂੰ ਤੰਗ ਕੀਤਾ ਜਾਵੇ, ਤਸੀਹੇ ਦੇਣ, ਦਾਜ ਮੰਗਣ। ਇਸ ਤਰ੍ਹਾਂ ਦੀ ਮਾੜੀ ਘਟਨਾ ਹੋ ਸਕਦੀ ਹੈ। ਪਰ, ਸਪੀਕਰ ਸਾਹਿਬ, ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਇਸ ਗੱਲ ਤੇ ਬੜੀ ਚੌਕਸ ਹੈ, ਇਸ ਗੱਲ ਦੀ ਪੂਰੀ ਘੋਖ ਕਰਦੀ ਹੈ। ਇਸ ਲਈ ਪੰਜਾਬ ਸਰਕਾਰ ਨੇ ਸਰਕਾਰੀ ਪੱਧਰ ਤੇ, ਸਟੇਟ ਲੈਵਲ ਪੱਧਰ ਤੇ ਡੀ.ਜੀ.ਪੀ. ਸਾਹਿਬ ਦੀ ਅਦਾਲਤ ਦਾ ਸੈੱਲ ਬਣਾਇਆ ਹੈ । ਡੀ.ਜੀ.ਪੀ. ਪੰਜਾਬ ਹਰ ਮਹੀਨੇ ਆਪਣੇ ਐਸ.ਐਸ.ਪੀਜ਼ ਦੀ ਮੀਟਿੰਗ ਲੈਂਦੇ ਹਨ। ਬਾਠ ਸਾਹਿਬ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੇਸਾਂ ਦੀ ਚੰਗੀ ਤਰ੍ਹਾਂ ਪੜਤਾਲ ਕਰਦੇ ਹਨ । ਐਸ.ਐਸ.ਪੀ. ਨੂੰ ਹਦਾਇਤ ਕਰਦੇ ਹਨ ਕਿ ਦਾਜ ਦੇ ਕੇਸਾਂ ਦੀ ਦੁਰਵਰਤੋਂ ਤਾਂ ਨਹੀਂ ਕੀਤੀ ਜਾ ਰਹੀ? ਜਾਂ ਕਿਸੇ ਸੱਚੇ ਕੇਸ ਨੂੰ ਛੱਡਿਆ ਤਾਂ ਨਹੀਂ ਜਾ ਰਿਹਾ। ਇਸ ਤਰ੍ਹਾਂ ਦੀਆਂ ਹਰ ਮਹੀਨੇ ਡੀ.ਜੀ.ਪੀ. ਵਲੋਂ ਮੀਟਿੰਗਜ਼ ਕੀਤੀਆਂ ਜਾਂਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਨੂੰਨ ਮੁਤਾਬਿਕ ਪੁਲਿਸ ਸਟੇਟ ਪੱਧਰ ਤੇ ਕਦਮ ਚੁੱਕ ਰਹੀ ਹੈ । ਇਨ੍ਹਾਂ ਦਾਜ ਸਬੰਧੀ ਜ਼ੁਲਮਾਂ ਸਬੰਧੀ ਜ਼ਿਲ੍ਹਾ ਹੈਡ ਕੁਆਰਟਰ

Original with;
Punjab Vidhan Sabha
Digitized by;
Panjab Digital Library

ਤੇ ਵੀ ਸੈੱਲ ਬਣੇ ਹੋਏ ਹਨ । ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਵਿਮੈਨ ਸੈੱਲ ਨੂੰ ਦਾਜ ਸਬੰਧੀ ਕਿਸੇ ਕੇਸ ਬਾਰੇ ਪੂਰਾ ਅਧਿਕਾਰ ਹੈ। ਅਜਿਹਾ ਨਹੀਂ ਕਿ ਕੇਵਲ ਉਹ ਵਿਮੈਨ ਸੈੱਲ ਦਾ ਇਕੱਲਾ ਪੁਲਿਸ ਅਫ਼ਸਰ ਇਸ ਦੀ ਜਾਂਚ ਪੜਤਾਲ ਕਰਦਾ ਹੈ ਬਲਕਿ ਨਾਲ ਉੱਘਾ ਵਕੀਲ, ਉੱਘਾ ਸੋਸ਼ਲ ਵਰਕਰ ਜਾਂ ਰਿਟਾਇਰਡ ਪੁਲਿਸ ਅਫ਼ਸਰ ਵੀ ਹੁੰਦੇ ਹਨ ਤੇ ਇਨ੍ਹਾਂ ਦੀ ਕਮੇਟੀ ਬਣੀ ਹੁੰਦੀ ਹੈ ਜੋ ਕਿ ਜ਼ਿਲ੍ਹਾ ਪੱਧਰ ਤੇ ਹੁੰਦੀ ਹੈ ਜੋ ਇਨ੍ਹਾਂ ਸਾਰੇ ਕੇਸਾਂ ਦੀ ਜਾਂਚ ਪੜਤਾਲ ਕਰਦੀ ਹੈ ਕਿ ਕੇਸ ਠੀਕ ਹੈ ਜਾਂ ਗਲਤ ਹੈ। ਜਿਸ ਚੀਜ਼ ਬਾਰੇ ਬਾਠ ਸਾਹਿਬ ਤੁਸੀਂ ਇਸ਼ਾਰਾ ਕਰਦੇ ਹੋ, ਜ਼ਿਲ੍ਹਾ ਪੱਧਰ ਤੇ ਵੀ ਜੋ ਕਮੇਟੀ ਬਣੀ ਹੁੰਦੀ ਹੈ ਅਤੇ ਜੋ ਵਿਮੈਨ ਸੈੱਲ ਬਣੇ ਹੋਏ ਹਨ, ਉਨ੍ਹਾਂ ਨੂੰ ਡਾਇਰੈਕਸ਼ਨ ਦਿੱਤੀ ਹੋਈ ਹੈ ਕਿ ਦਾਜ ਸਬੰਧੀ ਜੋ ਕੋਈ ਕੇਸ ਰਜਿਸਟਰ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਇਸ ਕਮੇਟੀ ਦੀ ਰਾਏ ਲਈ ਜਾਵੇ । ਪੂਰੀ ਜਾਂਚ ਪੜਤਾਲ ਕੀਤੀ ਜਾਵੇ । ਇਸ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇ ਔਰ ਪੰਜਾਬ ਸਰਕਾਰ ਪਰਾਪਰ ਇਸ ਗੱਲ ਦੀ ਜਾਂਚ ਪੜਤਾਲ ਕਰੇਗੀ ਕਿ ਜੇ ਕੋਈ ਦਫ਼ਾ 498 ਤਹਿਤ ਕੇਸ ਰਜਿਸਟਰ ਕਰਦਾ ਹੈ ਜਾਂ ਦਫ਼ਾ 306 ਤਹਿਤ ਕੇਸ ਰਜਿਸਟਰ ਕਰਦਾ ਹੈ ਜਾਂ ਕਿਸੇ ਹੋਰ ਧਾਰਾ ਦੇ ਤਹਿਤ ਕੇਸ ਰਜਿਸਟਰ ਕਰਦਾ ਹੈ ਤਾਂ ਇਸ ਤੋਂ ਪਹਿਲਾਂ ਵਿਮੈਨ ਸੈੱਲ ਵਿੱਚ ਪਹਿਲਾਂ ਆ ਕੇ ਕੇਸ ਦੀ ਪੜਤਾਲ ਕੀਤੀ ਜਾਵੇ ਪਰ ਅਗਰ ਜੇ ਕਿਤੇ ਕੁਤਾਹੀ ਹੋਈ ਹੈ ਜਾਂ ਐਟ ਰੈਂਡਮ ਕੇਸ ਰਜਿਸਟਰ ਕੀਤਾ ਗਿਆ ਹੈ ਤਾਂ ਬਾਠ ਸਾਹਿਬ ਇਸ ਬਾਰੇ ਸਾਡੇ ਧਿਆਨ ਵਿੱਚ ਲਿਆ ਦੇਣ । ਅਸੀਂ ਪੂਰੀ ਪੜਤਾਲ ਕਰਾਂਗੇ । ਦੂਜੀ ਗੱਲ ਹੈ ਕਿ ਅਗਰ ਫਿਰ ਵੀ ਇਸ ਐਕਟ ਦੇ ਵਿੱਚ ਜੋ ਖਾਮੀਆਂ ਹਨ, ਊਣਤਾਈਆਂ ਹਨ, ਉਨ੍ਹਾਂ ਨੂੰ ਦੂਰ ਕਰਨ ਦੀ ਪੰਜਾਬ ਸਰਕਾਰ ਪੂਰੀ ਕੋਸ਼ਿਸ਼ ਕਰੇਗੀ । ਅਸੀਂ ਇਸ ਦਾ ਭਰੋਸਾ ਦਿਵਾਉਂਦੇ ਹਾਂ । ਇਨ੍ਹਾਂ ਕੇਸਾਂ ਸਬੰਧੀ ਪੁਲਿਸ ਮੁਖੀ ਤੇ ਐਸ.ਪੀ. ਹੈੱਡ ਕੁਆਰਟਰ ਦੀ ਪ੍ਰਧਾਨਗੀ ਹੇਠ ਲਗਾਤਾਰ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਹਨ ਤਾਂ ਕਿ ਜੇ ਕੋਈ ਦਾਜ ਸਬੰਧੀ ਸ਼ਿਕਾਇਤ ਹੈ ਤਾਂ ਉਸ ਦਾ ਠੀਕ ਤਰੀਕੇ ਨਾਲ ਨਿਪਟਾਰਾ ਹੋ ਸਕੇ ਅਤੇ ਕੇਸ ਰਜਿਸਟਰ ਕਰਨ ਤੋਂ ਪਹਿਲਾਂ ਹੀ ਉਸ ਦਾ ਨਿਪਟਾਰਾ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਜਾਵੇ । ਸਪੀਕਰ ਸਾਹਿਬ, ਜੇਕਰ ਕੋਈ ਔਰਤ ਸ਼ਿਕਾਇਤ ਕਰਦੀ ਹੈ ਤਾਂ ਜ਼ਿਲ੍ਹਿਆਂ ਵਿੱਚ ਜਿਹੜੇ ਅਫ਼ਸਰ ਲੱਗੇ ਹੋਏ ਹਨ, ਉਨ੍ਹਾਂ ਨੂੰ ਇਸ ਗੱਲ ਦੀ ਖਾਸ ਹਦਾਇਤ ਹੈ ਕਿ ਇਸ ਗੱਲ ਨੂੰ ਚੰਗੀ ਤਰ੍ਹਾਂ ਘੋਖ ਕੇ ਜਾਂਚ ਪੜਤਾਲ ਕਰਨ । ਫਿਰ ਵੀ ਜੇ ਕੇਸ ਰਜਿਸਟਰ ਕਰਨ ਦੀ ਨੌਬਤ ਆ ਹੀ ਜਾਂਦੀ ਹੈ ਤਾਂ ਕੇਸ ਰਜਿਸਟਰ ਕੀਤਾ ਜਾਵੇ । ਇਹ ਵੀ ਹਦਾਇਤ ਹੈ ਕਿ ਜੇਕਰ ਲੜਕੀ ਦੇ ਬਿਆਨਾਂ ਜਾਂ ਉਸ ਦੇ ਪੇਰੈਂਟਸ ਦੇ ਬਿਆਨਾਂ ਵਿੱਚ ਕੋਈ ਸਚਾਈ

Original with;
Punjab Vidhan Sabha
Digitized by;
Panjab Digital Library

[ਟਰਾਂਸਪੋਰਟ ਮੰਤਰੀ]

ਨਜ਼ਰ ਆਵੇ ਤਾਂ ਹੀ ਕੇਸ ਰਜਿਸਟਰ ਕੀਤਾ ਜਾਵੇ । ਕਈ ਵਾਰੀ ਪੀੜਿਤ ਲੜਕੀ ਜਾਂ ਉਸ ਦੇ ਮਾਪਿਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਸਹੁਰਾ ਪਰਿਵਾਰ ਦੇ ਸਾਰੇ ਮੈਂਬਰਾਂ ਜਿਵੇਂ ਜੇਠ, ਦਿਉਰ, ਨਨਾਣ ਆਦਿ ਨੂੰ ਫਸਾਇਆ ਜਾਵੇ, ਮਦਦ ਕਰਨ ਵਾਲੇ ਵਕੀਲਾਂ ਅਤੇ ਰਿਸ਼ਤੇਦਾਰਾਂ ਨੂੰ ਫਸਾਇਆ ਜਾਵੇ ਅਤੇ ਕਈ ਵਾਰੀ ਪਰਿਵਾਰ ਦੀ ਕੁਆਰੀ ਲੜਕੀ ਨੂੰ ਵੀ ਫਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਨੂੰ ਪੈਰਵੀ ਕਰਕੇ ਬਚਾਉਣ ਵਾਲਾ ਕੋਈ ਨਾ ਰਹੇ । ਕਈ ਵਾਰੀ ਵੇਖਣ ਵਿੱਚ ਆਇਆ ਹੈ ਕਿ ਪਰਿਵਾਰਾਂ ਦੇ ਪਰਿਵਾਰ ਹੀ ਇਹੋ ਜਿਹੇ ਕੇਸਾਂ ਵਿੱਚ ਟੰਗੇ ਜਾਂਦੇ ਹਨ । ਇਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਡੌਰੀ ਐਕਟ ਦੇ ਤਹਿਤ ਕੋਈ ਬੇਕਸੂਰ ਵਿਅਕਤੀ ਨਾ ਫਸੇ, ਇਸ ਬਾਰੇ ਪੰਜਾਬ ਸਰਕਾਰ ਦੀਆਂ ਡਾਇਰੈਕਸ਼ਨਜ਼ ਜਾਰੀ ਹਨ । ਇਹ ਵੇਖਣ ਲਈ ਹਦਾਇਤਾਂ ਹਨ ਕਿ ਇਸ ਕੇਸ ਵਿੱਚ ਸਿਧਾਂਤਿਕ ਸਚਾਈ ਕੀ ਹੈ, ਲੜਕੀ ਦੇ ਬਿਆਨ ਕੀ ਹਨ, ਮਾਪਿਆਂ ਦੇ ਬਿਆਨ ਕੀ ਹਨ, ਆਲੇ ਦੁਆਲੇ ਦੇ ਗੁਆਂਢੀਆਂ ਦੇ ਬਿਆਨ ਕੀ ਹਨ ਅਤੇ ਹੋਰ ਰਿਸ਼ਤੇਦਾਰਾਂ ਦੇ ਕੀ ਬਿਆਨ ਹਨ, ਇਹ ਸਾਰੀਆਂ ਗੱਲਾਂ ਤੇ ਗੌਰ ਕੀਤੀ ਜਾਂਦੀ ਹੈ । ਇਸ ਗੱਲ ਦਾ ਖਾਸ ਕਰਕੇ ਧਿਆਨ ਰੱਖਿਆ ਜਾਂਦਾ ਹੈ ਕਿ ਕੋਈ ਨਿਰਦੋਸ਼ ਆਦਮੀ ਇਸ ਦਾਜ ਦੇ ਐਕਟ ਥੱਲੇ ਨਾ ਆਵੇ । ਇਸ ਸਬੰਧੀ ਮੰਥਲੀ ਮੀਟਿੰਗਜ਼ ਹੋ ਰਹੀਆਂ ਹਨ । ਡੀ.ਜੀ.ਪੀ. ਅਤੇ ਐਸ.ਐਸ.ਪੀ. ਸਾਹਿਬ ਵੀ ਮੀਟਿੰਗਜ਼ ਕਰਦੇ ਹਨ, ਵਿਮੈਨ ਸੈੱਲ ਬਣਿਆ ਹੋਇਆ ਹੈ । ਬਲਾਕ ਲੈਵਲ ਤੇ ਵੀ ਅਤੇ ਥੱਲੇ ਦੇ ਲੈਵਲ ਤੇ ਵੀ ਐਸ.ਐਚ.ਓ. ਸਾਹਿਬ ਨੂੰ ਹਦਾਇਤਾਂ ਹਨ ਕਿ ਜੇਕਰ ਕੋਈ ਸ਼ਦਾਕਤ ਜਾਂ ਸਚਾਈ ਕੇਸ ਵਿੱਚ ਨਜ਼ਰ ਆਉਂਦੀ ਹੈ ਤਾਂ ਜ਼ਰੂਰ ਕੇਸ ਰਜਿਸਟਰ ਕਰੋ ਵਰਨਾ ਕੇਸ ਰਜਿਸਟਰ ਨਾ ਕੀਤਾ ਜਾਵੇ । ਕੇਸ ਦੀ ਡੂੰਘਾਈ ਵਿੱਚ ਜਾਣਾ ਬਹੁਤ ਜ਼ਰੂਰੀ ਹੈ । ਜੇ ਕੋਈ ਦਾਜ ਸਬੰਧੀ ਕੇਸ ਆਉਂਦਾ ਹੈ ਤਾਂ ਹਦਾਇਤ ਹੈ ਕਿ ਜੇ ਟੇਬਲ ਥੱਲੇ ਕੋਈ ਗੱਲਾਂ ਕੀਤੀਆਂ ਜਾਂਦੀਆਂ ਹਨ ਜਾਂ ਜ਼ੋਰ ਜਬਰਦਸਤੀ ਕੀਤੀ ਜਾਂਦੀ ਹੈ ਜਾਂ ਕੋਈ ਐਸਾ ਪਰਿਵਾਰ ਆਉਂਦਾ ਹੈ ਜਿਸ ਨਾਲ ਜ਼ਿਆਦਤੀ ਹੋਈ ਹੈ ਤਾਂ ਇਨ੍ਹਾਂ ਗੱਲਾਂ ਸਬੰਧੀ ਐਸ.ਐਚ.ਓ. ਤੋਂ ਲੈ ਕੇ ਡੀ.ਜੀ.ਪੀ. ਲੈਵਲ ਤੱਕ ਸਭ ਨੂੰ ਹਦਾਇਤਾਂ ਹਨ ਕਿ ਇਹ ਸਾਰੀਆਂ ਚੀਜ਼ਾਂ ਚੰਗੀ ਤਰ੍ਹਾਂ ਜਾਂਚ-ਪੜਤਾਲ ਕੀਤੀਆਂ ਜਾਣ । ਜੋ ਸ਼ਦਾਕਤ, ਰਿਐਲਟੀ ਜਾਂ ਵਾਜਬ ਸਚਾਈ ਹੈ ਤਾਂ ਉਸ ਸਬੰਧੀ ਜਾਂਚ ਪੜਤਾਲ ਕਰਕੇ ਐਸ.ਐਚ.ਓ. ਕੇਸ ਰਜਿਸਟਰ ਕਰਨ, ਵਰਨਾ ਕੇਸ ਰਜਿਸਟਰ ਹੀ ਨਾ ਕੀਤਾ ਜਾਵੇ । ਇਹ ਸਾਰੀਆਂ ਹਦਾਇਤਾਂ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਕੀਤੀਆਂ ਹੋਈਆਂ ਹਨ। ਜ਼ਿਲ੍ਹਾ ਮੁਖੀਆਂ ਨੂੰ ਡੀ.ਜੀ.ਪੀ. ਸਾਹਿਬ ਨੇ ਮਿਤੀ 7-11-2003 ਨੂੰ ਇਕ ਸਟੈਂਡਿੰਗ ਆਰਡਰ ਜਾਰੀ ਕੀਤਾ ਹੋਇਆ ਹੈ ਜੋ ਕਿ ਦਾਜ ਵਿਰੋਧੀ ਐਕਟ ਦੇ ਨਿਯਮ ਦੀ

Original with;
Punjab Vidhan Sabha
Digitized by;
Panjab Digital Library

ਪਾਲਣਾ ਕਰਨ ਵਾਸਤੇ ਜਾਰੀ ਕੀਤਾ ਹੋਇਆ ਹੈ ਤਾਂ ਜੋ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਜੇ ਦਾਜ ਸਬੰਧੀ ਕੋਈ ਗਲਤ ਕੇਸ ਅ/ਧ 498-ਏ/ ਆਈ.ਪੀ.ਸੀ. ਤਹਿਤ ਦਰਜ ਨਾ ਹੋਵੇ । ਪੰਜਾਬ ਸਰਕਾਰ ਇਹ ਡਾਇਰੈਕਸ਼ਨਾਂ ਜਾਰੀ ਕਰੇ ਕਿ ਦਾਜ ਦੇ ਇਸ ਐਕਟ ਦੀ ਦੁਰਵਰਤੋਂ ਨਾ ਕੀਤੀ ਜਾਵੇ । ਪੰਜਾਬ ਸਰਕਾਰ ਇਸ ਗੱਲ ਤੇ ਪਹਿਲਾਂ ਹੀ ਬੜੀ ਜਾਗਰੂਕ ਹੈ ਔਰ ਇਸ ਪ੍ਰਕਾਰ ਦਾ ਇਕ ਲੈਟਰ ਪਹਿਲਾਂ ਹੀ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਭੇਜਿਆ ਜਾ ਚੁੱਕਿਆ ਹੈ ਕਿ ਇਸ ਦਾਜ ਸਬੰਧੀ ਕੋਈ ਵੀ ਦੁਰਵਰਤੋਂ ਨਾ ਕੀਤੀ ਜਾ ਸਕੇ । ਮੈਂ ਇਹ ਬੇਨਤੀ ਹੋਰ ਕਰਨੀ ਚਾਹੁੰਦਾ ਕਿ ਕਮਿਊਨਿਟੀ ਪੁਲਿਸਿੰਗ ਰਿਸੋਰਸ ਸੈਂਟਰ ਬਣੇ ਹਨ । ਇਸ ਬਾਰੇ ਸੁਝਾਅ ਵੀ ਆਇਆ ਹੈ ਅਸੀਂ ਵੀ ਇਸ ਬਾਰੇ ਵਿਚਾਰ ਕਰ ਰਹੇ ਹਾਂ ਕਿ ਪੁਲਿਸਿੰਗ ਰਿਸੋਰਸ ਸੈਂਟਰ ਜਿਹੜੇ ਹਨ ਜਿਹੜੇ ਵੂਮੈਨਜ਼ ਸੈੱਲ ਹਨ, ਉਨ੍ਹਾਂ ਦੇ ਮੈਂਬਰਾਂ ਦੇ ਅਧਿਕਾਰ ਹੋਰ ਵਧਾਏ ਜਾਣ ਤਾਂ ਕਿ ਉਹ ਕੇਸ ਦੀ ਸੱਚਾਈ ਸਦਾਕਤ ਨੂੰ ਸਮਝ ਸਕਣ ਅਤੇ ਸਮਝ ਕਰਕੇ ਹੀ ਕਿਸੇ ਨੂੰ ਰਜਿਸਟਰ ਕਰਨ ਵੱਲ ਅੱਗੇ ਵੱਧਣ । ਬਿਨ੍ਹਾਂ ਵਜ੍ਹਾ ਕਿਸੇ ਪਰਿਵਾਰ ਨੂੰ ਤੰਗ ਨਾ ਕੀਤਾ ਜਾਵੇ । ਮੈਂ, ਬਾਠ ਸਾਹਿਬ ਤੁਹਾਡੀ ਇਸ ਗੱਲ ਤੇ ਵੀ ਸਹਿਮਤ ਹਾਂ ਕਿ ਇਹ ਜਿਹੜਾ ਐਕਟ ਬਣਿਆ ਹੈ ਦਾਜ ਵਿਰੋਧੀ ਜਿਸ ਬਾਰੇ ਵਕੀਲ ਸਾਹਿਬ ਨੇ ਜ਼ਿਕਰ ਕੀਤਾ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਦਾ ਇਹ ਐਕਟ ਬਣਿਆ ਹੈ ਇਕ ਰਿਵਾਜ ਜਿਹਾ ਪੈ ਗਿਆ ਹੈ ਹਰ ਪਾਸੇ ਇਕ ਰੌਲਾ ਪੈ ਗਿਆ ਹੈ ਕਿ " ਉਹ ਕੁੜੀ ਦਾਜ ਨੇ ਮਾਰ ਦਿੱਤੀ", ਉਹ ਖਾ ਗਏ ਜੀ, ਸਹੁਰੇ ਵਾਲੇ ਖਾ ਗਏ । ਇਹ ਪਤਾ ਨਹੀਂ ਕਿਸ ਤਰ੍ਹਾਂ ਦਾ ਵਾਤਾਵਰਨ ਪੈਦਾ ਹੋ ਗਿਆ ਹੈ । ਸਪੀਕਰ ਸਾਹਿਬ, ਪਿਛਲੇ 10 ਸਾਲਾਂ ਤੋਂ ਹੀ ਇਸ ਤਰ੍ਹਾਂ ਦੀ ਗੱਲਬਾਤ ਆਈ ਹੈ । ਇਸ ਤੋਂ ਪਹਿਲਾਂ ਤਾਂ ਅਸੀਂ ਕਦੀ ਨਹੀਂ ਸੀ ਸੋਚਿਆ ਕਿ ਦਾਜ ਨਾਲ ਵੀ ਕੋਈ ਕੁੜੀ ਮਰ ਗਈ ਹੈ । ਇਹ ਕੋਈ ਪਿਛਲੇ 10-12 ਸਾਲਾਂ ਤੋਂ ਰਿਵਾਜ ਜਿਹਾ ਚੱਲ ਪਿਆ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਪਿਛੇ ਮੀਡਿਆ ਬੜੀ ਤੇਜ਼ੀ ਨਾਲ ਕੰਮ ਕਰ ਰਿਹਾ ਹੈ ਕਿ ਇਨ੍ਹਾਂ ਗੱਲਾਂ ਨੂੰ ਜਿਹੜੀਆਂ ਛੋਟੀਆਂ-ਮੋਟੀਆਂ ਹੁੰਦੀਆਂ ਹਨ, ਇਨ੍ਹਾਂ ਨੂੰ ਉਛਾਲਿਆ ਜਾਵੇ ਅਤੇ ਉਛਾਲ ਕੇ ਇਸ ਤਰ੍ਹਾਂ ਸਮਾਜ ਅੰਦਰ ਇਕ ਦੂਸ਼ਿਤ ਵਾਤਾਵਰਨ ਪੈਦਾ ਕੀਤਾ ਜਾਂਦਾ ਹੈ ਤਾਂ ਕਿ ਇਥੇ ਭੈਅ ਅਤੇ ਆਤੰਕ ਦਾ ਵਾਤਾਵਰਨ ਕਰ ਦਿਓ ਕਿ ਕੁੜੀਆਂ ਮਰ ਰਹੀਆਂ ਹਨ, ਉਹ ਫਲਾਣੀ ਸੱਸ ਹੈ, ਫਲਾਣਾ ਉਸ ਦਾ ਦੇਵਰ ਹੈ, ਫਲਾਣੀ ਨਨਾਣ ਹੈ, ਫਲਾਣਾ ਉਸ ਦਾ ਜੇਠ ਹੈ । ਇਸ ਪ੍ਰਕਾਰ ਦੀਆਂ ਗੱਲਾਂ ਕਰਕੇ ਸਾਰੇ ਪਰਿਵਾਰ ਨੂੰ ਬੰਨ ਦਿੱਤਾ ਜਾਂਦਾ ਹੈ । ਇਸ ਬਾਰੇ ਜਗਦੀਸ਼ ਸਾਹਨੀ ਜੀ ਨੇ ਜ਼ਿਕਰ ਕੀਤਾ ਹੈ ਕਿ ਨਾ ਕੋਈ

Original with;
Punjab Vidhan Sabha
Digitized by;
Punjab Digital Library

[ਟਰਾਂਸਪੋਰਟ ਮੰਤਰੀ]

ਉਸ ਦੇ ਪਿੱਛੇ ਰੋਣ ਵਾਲਾ ਹੈ, ਨਾ ਹੀ ਉਸ ਦੇ ਕੇਸ ਦੀ ਪੈਰਵੀ ਕਰਨ ਵਾਲਾ ਹੈ, ਨਾ ਕੋਈ ਵਕੀਲ ਕਰਨ ਵਾਲਾ ਹੁੰਦਾ ਹੈ, ਨਾ ਉਨ੍ਹਾਂ ਦੀ ਕੋਈ ਦਲੀਲ ਸੁਣਦਾ ਹੈ । ਇਸ ਪ੍ਰਕਾਰ ਦਾ ਇੱਕ ਟਰੈਂਡ ਜਿਹਾ ਸਮਾਜ ਵਿੱਚ ਚੱਲ ਪਿਆ ਹੈ । ਮੈਂ ਇਸ ਤੋਂ ਇਨਕਾਰ ਨਹੀਂ ਕਰਦਾ ਪਰ ਬਾਠ ਸਾਹਿਬ ਜੋ ਤੁਸੀਂ ਇਥੇ ਆਪਣੇ ਰੈਜ਼ੋਲਿਊਸ਼ਨ ਵਿੱਚ ਗੱਲ ਲਿਆਉਂਦੀ ਹੈ, ਮੈਂ ਇਸ ਤੋਂ ਮੁਨਕਰ ਨਹੀਂ ਪਰ ਪੰਜਾਬ ਸਰਕਾਰ ਵੀ ਇਸ ਗੱਲ ਤੇ ਪੂਰੀ ਤਰ੍ਹਾਂ ਚੌਕਸ ਹੈ ਔਰ ਪੰਜਾਬ ਸਰਕਾਰ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਹੀ ਹੈ । ਪੰਜਾਬ ਸਰਕਾਰ ਇੰਨ-ਬਿੰਨ ਇਨ੍ਹਾਂ ਅੱਖਰਾਂ ਤੇ ਜਿਨ੍ਹਾਂ ਬਾਰੇ ਬਾਠ ਸਾਹਿਬ ਨੇ ਜ਼ਿਕਰ ਕੀਤਾ ਹੈ, ਅਸੀਂ ਪੂਰੀ ਚੌਕਸੀ ਨਾਲ ਇਸ ਗੱਲ ਤੇ ਪਹਿਰਾ ਦੇਵਾਂਗੇ ਕਿ ਦਾਜ ਦਾ ਇਹ ਐਕਟ ਸਮਾਜ ਵਿੱਚ ਕਿਸੇ ਤਰੀਕੇ ਦੀ ਵਿਕ੍ਰਿਤੀ ਪੈਦਾ ਨਾ ਕਰ ਸਕੇ, ਸਮਾਜ ਨੂੰ ਡਾਂਵਾਂਡੋਲ ਨਾ ਕਰ ਸਕੇ ਔਰ ਕੋਈ ਊਣਤਾਈਆਂ ਜੇਕਰ ਕਿਸੇ ਵੇਲੇ ਕਿਸੇ ਥਾਂ ਤੇ ਕੋਈ ਨਜ਼ਰ ਵੀ ਆ ਜਾਣ, ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਅਤੇ ਮੇਰਾ ਪੂਰਾ ਇਹਤਰਾਮ ਪੂਰਾ ਮਾਣ ਸਨਮਾਨ ਇਸ ਹਾਊਸ ਦੇ ਮੈਂਬਰਾਂ ਵੱਲ ਹੈ, ਮੈਂ ਕਹਿਣਾ ਚਾਹੁੰਦਾ ਕਿ ਅੱਜ ਜੋ ਬਾਠ ਸਾਹਿਬ ਨੇ ਇਸ ਪਵਿੱਤਰ ਸਦਨ ਅੰਦਰ ਇਹ ਮਸੌਦਾ ਪ੍ਰਸਤਾਵ ਦੇ ਰੂਪ ਵਿੱਚ ਲਿਆਉਂਦਾ ਹੈ ਔਰ ਸਾਨੂੰ, ਸਰਕਾਰ ਨੂੰ, ਇਸ ਗੱਲ ਲਈ ਪ੍ਰੇਰਿਤ ਕੀਤਾ ਹੈ ਕਿ ਅਸੀਂ ਡਾਇਰੈਕਸ਼ਨਜ਼ ਜਾਰੀ ਕਰੀਏ ਤਾਂ ਕਿ ਇਹ ਦਾਜ ਦਾ ਜਿਹੜਾ ਐਕਟ ਹੈ, ਜਿਹੜੀ ਇਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਇਹ ਨਾ ਕੀਤੀ ਜਾਵੇ । ਅਸੀਂ ਆਪਣੇ ਪੁਲਿਸ ਮੁਖੀਆਂ ਨੂੰ ਅਤੇ ਵੂਮੈਨ ਸੈੱਲ ਨੂੰ ਵੀ ਫਿਰ ਹਦਾਇਤਾਂ ਜਾਰੀ ਕਰਾਂਗੇ । ਇਸੇ ਤਰ੍ਹਾਂ ਛੋਟੇ-ਛੋਟੇ ਬਲਾਕ ਲੈਵਲ ਤੇ ਪੁਲੀਟਿਕਲ ਲੋਕਾਂ ਦੀ ਰਾਏ, ਮਸ਼ਵਰਾ ਔਰ ਹਰ ਪਗ ਤੇ ਸਲਾਹ ਮਸ਼ਵਰਾ ਕਰਕੇ ਜਿਹੜੀ ਇਹ ਦਾਜ ਦੇ ਬਾਰੇ ਭ੍ਰਾਂਤੀਆਂ ਫੈਲਾਈਆਂ ਜਾ ਰਹੀਆਂ ਹਨ, 306,406 ਜਾਂ 498 ਜਾਂ ਇਸ ਪ੍ਰਕਾਰ ਦੀਆਂ ਧਾਰਾਵਾਂ ਦੀ ਕੋਈ ਵੀ ਐਸ.ਐਚ.ਓ. ਦੁਰਵਰਤੋਂ ਨਾ ਕਰ ਸਕੇ, ਅਸੀਂ ਇਸ ਗੱਲ ਦਾ ਪੂਰਾ ਧਿਆਨ ਰੱਖਾਂਗੇ ਔਰ ਅਦਾਲਤੀ ਮੈਰਿਜ ਰਜਿਸਟਰੇਸ਼ਨ ਜਿਹੜੀਆਂ ਜਿਨ੍ਹਾਂ ਬਾਰੇ ਵਕੀਲ ਸਾਹਿਬ ਨੇ ਜ਼ਿਕਰ ਕੀਤਾ ਹੈ, ਅਸੀਂ ਇਸ ਬਾਰੇ ਵੀ ਡਾਇਰੈਕਸ਼ਨ ਕਰਾਂਗੇ ਕਿ ਮੈਰਿਜਿਜ਼ ਦੀ ਰਜਿਸਟਰੇਸ਼ਨ ਜ਼ਰੂਰੀ ਬਣਾ ਦਿੱਤੀ ਜਾਵੇ ਤਾਂ ਕਿ ਕੋਈ ਔਰਤ ਜੇਕਰ ਬਗੈਰ ਰਜਿਸਟਰੇਸ਼ਨ ਆਫ ਮੈਰਿਜ ਦੇ ਕੇਸ ਰਜਿਸਟਰ ਕਰਵਾਉਂਦੀ ਹੈ ਤਾਂ ਉਸ ਤੇ ਵੀ ਐਸ.ਐਚ.ਓ. ਧਿਆਨ ਰੱਖ ਸਕੇ । ਦਾਜ ਦੇ ਕੇਸਾਂ ਵਿੱਚ ਕੁਝ ਲੋਕ ਸਪੀਕਰ ਸਾਹਿਬ, ਅੰਦਰ ਵੀ ਹਨ, ਉਨ੍ਹਾਂ ਬਾਰੇ ਵੀ ਅਸੀਂ ਘੋਖ ਕਰਾਂਗੇ ਕਿ ਜਿਹੜੇ ਲੋਕੀ ਦਾਜ ਦੀਆਂ ਵੱਖ-ਵੱਖ ਧਾਰਾਵਾਂ ਦੇ ਅੰਦਰ ਜੇਲ੍ਹਾਂ ਵਿੱਚ ਬੰਦ ਪਏ ਹਨ, ਉਨ੍ਹਾਂ ਬਾਰੇ ਵੀ ਚੰਗੀ ਤਰ੍ਹਾਂ ਜਾਂਚ ਪੜਤਾਲ ਕੀਤੀ ਜਾਵੇ ਤੇ ਜੇਕਰ ਉਨ੍ਹਾਂ ਤੇ

Original with;
Punjab Vidhan Sabha
Digitized by;
Panjab Digital Library

ਕੋਈ ਗਲਤ ਕੇਸ ਪਾਇਆ ਗਿਆ ਹੈ ਤਾਂ ਉਸ ਤੇ ਵੀ ਅਸੀਂ ਚੰਗੀ ਤਰ੍ਹਾਂ ਵਿਚਾਰ ਵਟਾਂਦਰਾ ਕਰਾਂਗੇ । ਅੱਜ ਜੋ ਇਹ ਮਤਾ ਲਿਆਂਦਾ ਗਿਆ ਹੈ, ਮੈਂ ਬਾਠ ਸਾਹਿਬ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਮਤੇ ਦੀ ਕੋਈ ਜ਼ਰੂਰਤ ਤਾਂ ਹੈ ਨਹੀਂ, ਪੰਜਾਬ ਸਰਕਾਰ ਦੀਆਂ, ਮੈਂ ਸਮਝਦਾ ਹਾਂ ਕਿ ਪਹਿਲਾਂ ਹੀ ਇੰਨੀਆਂ ਸਖ਼ਤ ਹਦਾਇਤਾਂ ਮੌਜੂਦ ਹਨ । ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਸਟੇਟ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ, ਜ਼ਿਲ੍ਹਾ ਪੱਧਰ ਤੋਂ ਲੈ ਕੇ ਬਲਾਕ ਪੱਧਰ ਤੱਕ ਔਰ ਬਲਾਕ ਪੱਧਰ ਤੋਂ ਲੈ ਕੇ ਇੱਕ-ਇੱਕ ਆਦਮੀ ਦੀ ਪੁੱਛ-ਗਿੱਛ ਕਰਕੇ ਜੋ ਇਹ ਕੇਸ ਰਜਿਸਟਰ ਕਰਨ ਦੀ ਗੱਲਬਾਤ ਜਿਹੜੀ ਆਈ ਹੈ............

**ਮਾਨਯੋਗ ਸਪੀਕਰ** : ਹੁਣ ਸਦਨ ਸ਼ੁੱਕਰਵਾਰ, ਮਿਤੀ 22 ਜੂਨ, 2007 ਨੂੰ 10.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ ।

| *2.30 ਵਜੇ ਬਾਅਦ ਦੁਪਹਿਰ |
|---|

(*ਇਸ ਉਪ੍ਰੰਤ ਸਦਨ ਸ਼ੁੱਕਰਵਾਰ, ਮਿਤੀ 22 ਜੂਨ, 2007 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ ।)

-----------

3919-30-8-2007-305 ਕਾਪੀਆਂ-ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 2007

Published under the authority of the Punjab Vidhan Sabha and Printed by the Controller, Printing and Stationery, Punjab, at Pb. Govt. Press, Patiala.

Original with;
Punjab Vidhan Sabha
Digitized by;
Panjab Digital Library

ਵਿਧਾਨ ਸਭਾ
ਚੰਡੀਗੜ੍ਹ
4

# PUNJAB VIDHAN SABHA

## DEBATES

*Friday, the 22nd June, 2007*

Vol. II - No. 4

**OFFICIAL REPORT**

CONTENTS


| | Page |
|---|---|
| Starred Questions and Answers | .. (4)1 |
| Statement by the Chief Minister *reg.* approval by the Central Government for Bathinda Refinery | .. (4)21 |
| Announcement by the Speaker | .. (4)26 |
| Matters raised during Zero Hour and Statement by the Chief Minister | .. (4)27 |
| Papers relaid/laid on the Table of the House | .. (4)34 |
| General Discussion on the Budget Estimates for the Year 2007-2008 | .. (4)37 |


**Punjab Vidhan Sabha Secretariat, Chandigarh**

**Price : Rs. 161-00**

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 22nd June, 2007*
*The Vidhan Sabha met in the Punjab Vidhan Sabha Hall,*
*Vidhan Bhavan, Sector 1, Chandigarh at 10.00 A.M.*
*Mr. Speaker (Sardar Nirmal Singh Kahlon)*
*in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ। ਮਦਨ ਲਾਲ ਠੇਕੇਦਾਰ ਜੀ।

### ਘਨੌਰ ਵਿਖੇ ਸਰਕਾਰੀ ਕਾਲਜ ਖੋਲ੍ਹਣਾ

***148. ਸ਼੍ਰੀ ਮਦਨ ਲਾਲ ਠੇਕੇਦਾਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਘਨੌਰ, ਜ਼ਿਲ੍ਹਾ ਪਟਿਆਲਾ ਵਿਖੇ ਇਕ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ?

**ਡਾਕਟਰ ਉਪਿੰਦਰਜੀਤ ਕੌਰ :** ਘਨੌਰ, ਜ਼ਿਲ੍ਹਾ ਪਟਿਆਲਾ ਵਿਖੇ ਸਰਕਾਰੀ ਕਾਲਜ ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਮਦਨ ਲਾਲ ਠੇਕੇਦਾਰ :** ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਘਨੌਰ, ਜ਼ਿਲ੍ਹਾ ਪਟਿਆਲਾ, ਵਿਖੇ ਸਰਕਾਰੀ ਕਾਲਜ ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਮੇਰਾ ਹਲਕਾ ਘਨੌਰ ਹਰਿਆਣਾ ਦੇ ਬਾਰਡਰ ਤੇ ਪੈਂਦਾ ਹੈ। ਇਸ ਲਈ ਜ਼ਿਆਦਾਤਰ ਵਿਦਿਆਰਥੀਆਂ ਨੂੰ ਅੰਬਾਲੇ ਪੜ੍ਹਣ ਲਈ ਜਾਣਾ ਪੈਂਦਾ ਹੈ, ਜਿਸ ਕਰਕੇ ਉਨ੍ਹਾਂ ਨੂੰ ਆਪਣੀ ਮਾਤ-ਭਾਸ਼ਾ ਪੰਜਾਬੀ ਛੱਡ ਕੇ ਹਿੰਦੀ ਪੜ੍ਹਣੀ ਪੈਂਦੀ ਹੈ। ਇਸ ਤੋਂ ਇਲਾਵਾ ਲੜਕੀਆਂ ਨੂੰ ਖਾਸ ਕਰਕੇ ਰੋਜ਼ ਸਫਰ ਕਰਨ ਕਰਕੇ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਪ੍ਰਾਇਰਟੀ ਬੇਸਿਸ ਤੇ ਉਥੇ ਕੋਈ ਸਰਕਾਰੀ ਕਾਲਜ ਖੋਲ੍ਹਣ ਲਈ ਵਿਚਾਰ ਕਰਨਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਸਤਿਕਾਰਤ ਵਿਧਾਇਕ ਸਾਹਿਬ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਹਲਕਾ ਘਨੌਰ ਤੋਂ 15 ਕਿਲੋਮੀਟਰ ਦੀ ਦੂਰੀ ਤੇ 5 ਸਰਕਾਰੀ ਕਾਲਜ ਕੰਮ ਕਰ ਰਹੇ ਹਨ ਅਤੇ 4 ਪ੍ਰਾਈਵੇਟ ਐਫੀਲੀਏਟਿਡ ਕਾਲਜ ਵੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਹਲਕਾ ਘਨੌਰ ਵਿਚ ਪੰਜਾਬੀ ਯੂਨੀਵਰਸਿਟੀ ਵੀ ਪੈਂਦੀ ਹੈ। ਇਸ ਕਰਕੇ ਵਿਦਿਆਰਥੀਆਂ ਦੀ ਲੋੜ ਬਹੁਤ ਅੱਛੀ ਤਰ੍ਹਾਂ ਸਮੀਪ ਦੇ ਕਾਲਜਾਂ ਵਿਚ ਹੀ ਪੂਰੀ ਹੋ ਸਕਦੀ ਹੈ। ਫਿਰ ਵੀ ਜੋ ਇਨ੍ਹਾਂ ਨੇ ਸੁਝਾਅ ਦਿੱਤਾ ਹੈ, ਉਸ ਤੇ ਵਿਚਾਰ ਕਰ ਲਵਾਂਗੇ ਪਰ ਫੌਰੀ ਤੌਰ ਤੇ ਇਸ ਦੀ ਕੋਈ ਲੋੜ ਨਹੀਂ ਜਾਪਦੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਲਾਲ ਠੇਕੇਦਾਰ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪਟਿਆਲਾ ਜਾਣ ਲਈ ਤਕਰੀਬਨ 30-35 ਕਿਲੋਮੀਟਰ ਦਾ ਸਫਰ ਤਹਿ ਕਰਨਾ ਪੈਂਦਾ ਹੈ। ਇਸ ਮਹਿੰਗਾਈ ਦੇ ਜ਼ਮਾਨੇ ਵਿਚ ਗਰੀਬ ਮਾਂ-ਬਾਪ ਆਪਣੇ ਬੱਚਿਆਂ ਦੀ ਫੀਸ ਤੋਂ ਇਲਾਵਾ ਬੱਸ ਕਿਰਾਏ ਦਾ ਬੋਝ ਨਹੀਂ ਉਠਾ ਸਕਦੇ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਮੈਂ ਚਾਹੁੰਦਾ ਹਾਂ ਕਿ ਸਿੱਖਿਆ ਮੰਤਰੀ ਜੀ ਇਹ ਕਾਲਜ ਬਣਾਉਣ ਦਾ ਆਸ਼ਵਾਸਨ ਦੇਣ। ਇਹ ਆਪ ਵੀ ਪਟਿਆਲੇ ਰਹੇ ਹਨ ਅਤੇ ਇਸ ਕਰਕੇ ਇਹ ਮੇਰੇ ਹਲਕੇ ਦੀਆਂ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ।

**ਮਾਨਯੋਗ ਸਪੀਕਰ** : ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੋਇਆ ਹੈ। ਅਗਲਾ ਸਵਾਲ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 43

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

## ਸਿਵਲ ਹਸਪਤਾਲ, ਘਨੌਰ ਨੂੰ ਅਪਗ੍ਰੇਡ ਕਰਨਾ

***147. ਸ਼੍ਰੀ ਮਦਨ ਲਾਲ ਠੇਕੇਦਾਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ, ਘਨੌਰ, ਜ਼ਿਲ੍ਹਾ ਪਟਿਆਲਾ ਨੂੰ 25 ਬਿਸਤਰਿਆਂ ਤੋਂ 50 ਬਿਸਤਰਿਆਂ ਵਾਲਾ ਹਸਪਤਾਲ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ?

**श्रीमती लक्ष्मी कांता चावला** : नहीं, श्रीमान जी।

**ਸ਼੍ਰੀ ਮਦਨ ਲਾਲ ਠੇਕੇਦਾਰ** : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ ਕਿ ਘਨੌਰ ਵਿਖੇ 25 ਬਿਸਤਰਿਆਂ ਵਾਲੇ ਹਸਪਤਾਲ ਨੂੰ 50 ਬਿਸਤਰਿਆਂ ਵਾਲਾ ਹਸਪਤਾਲ ਬਣਾ ਦਿੱਤਾ ਜਾਵੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਘਨੌਰ ਦਾ ਹਲਕਾ ਪਟਿਆਲਾ-ਚੰਡੀਗੜ੍ਹ ਜੀ.ਟੀ. ਰੋਡ ਤੇ ਪੈਂਦਾ ਹੈ ਜਿਸ ਕਰਕੇ ਉਥੇ ਅਕਸਰ ਦੁਰਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਅੱਜ ਕੱਲ੍ਹ ਟ੍ਰੈਫਿਕ ਵੀ ਬਹੁਤ ਵਧਿਆ ਹੋਇਆ ਹੈ। ਇਸ ਕਰਕੇ ਇਸ ਹਸਪਤਾਲ ਨੂੰ ਅਪਗਰੇਡ ਕਰਨ ਦੀ ਮੰਗ ਕਾਫੀ ਸਮੇਂ ਤੋਂ ਕੀਤੀ ਜਾਂਦੀ ਰਹੀ ਹੈ। ਰਾਜਿੰਦਰਾ ਹਸਪਤਾਲ ਵਿਚ ਵੀ ਅੱਜ ਕਲ੍ਹ ਲੋੜੀਂਦੀਆਂ ਸਹੂਲਤਾਂ ਮੌਜੂਦ ਨਹੀਂ ਹਨ। ਇਸ ਕਰਕੇ ਕੀ ਮੰਤਰੀ ਜੀ ਇਸ ਤੇ ਦੁਬਾਰਾ ਵਿਚਾਰ ਕਰਕੇ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਇਸ ਹਸਪਤਾਲ ਨੂੰ 50 ਬਿਸਤਰਿਆਂ ਵਾਲਾ ਹਸਪਤਾਲ ਬਣਾ ਦਿੱਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**मंत्री :** स्पीकर साहिब, घनौर में जो अस्पताल है, वह Community Health Centre है। वह 25 बैड का है। वहां 5 Wards में 25 बिस्तरे लगे हुए हैं। वहां दिन रात सेवा मिलती है। इस के समीप ही कई दूसरे अस्पताल भी हैं। राजपुरा वहां से 24 किलोमीटर है और पटियाला 26 किलोमीटर है जहां पर हर तरह की सेवा उपलब्ध है। इस के बावजूद जो functional beds हैं, वो 50% से ज्यादा नहीं हैं। इस लिए इस सी.एच.सी. को इस समय 50 बैडिड बनाने की कोई जरुरत नहीं है।

**ਸ਼੍ਰੀ ਮਦਨ ਲਾਲ ਠੇਕੇਦਾਰ :** ਸਪੀਕਰ ਸਾਹਿਬ, ਹਸਪਤਾਲ ਵਿੱਚ ਇਸ ਸਮੇਂ ਮੇਰੀ ਜਾਣਕਾਰੀ ਮੁਤਾਬਿਕ ਐਸ.ਐਮ.ਓ. ਦੀ ਪੋਸਟ ਵੀ ਖਾਲੀ ਪਈ ਹੈ। ਨਰਸਾਂ ਦੀਆਂ 8 ਆਸਾਮੀਆਂ ਵਿੱਚੋਂ 7 ਪੋਸਟਾਂ ਵੀ ਖਾਲੀ ਪਈਆਂ ਹਨ। ਇਸ ਲਈ ਕੀ ਮੰਤਰੀ ਜੀ ਇਨ੍ਹਾਂ ਖਾਲੀ ਪਈਆਂ ਆਸਾਮੀਆਂ ਨੂੰ ਤੁਰੰਤ ਭਰਨ ਵਾਸਤੇ ਕੀ ਕੋਈ ਵਿਸ਼ਵਾਸ ਦਿਵਾਉਣਗੇ ਤਾਂ ਕਿ ਲੋਕਾਂ ਨੂੰ ਕੋਈ ਅਸੁਵਿਧਾ ਪੇਸ਼ ਨਾ ਆਵੇ?

**मंत्री :** स्पीकर साहिब, मैं आप के द्वारा माननीय विधायक जी को बताना चाहती हूँ कि इस समय जो एस.एम.ओ. इंचारज है, डाक्टर ईश्वर तनेजा को वहां लगाया हुआ है, यह हरपालपुर बलाक के इंचारज है। मैडीकल अफसर की पोस्ट है, ये भरी हुई है, वेकेंट नहीं है। सरजरी के दो डाक्टर हैं। गायनी की जगह पर एक महिला डाक्टर काम कर रही है और एक डाक्टर छुटी पर गया हुआ है। डाक्टर जतिंदर कांसल थोड़े दिनों के लिए छुटी पर गया है। वह आंखों के डाक्टर हैं। वह केवल एक हफ्ते की छुटी पर हैं। वह वापस आ रहे हैं। एक डाक्टर बलजीत डैंटल सर्जन है। वहां स्टाफ पूरा है। बिल्डिंग की कमी बारे इन्होंने पूछा नहीं। फिर भी मैं बता रही हूँ कि 20 लाख रुपए की लागत से राष्ट्रीय ग्रामीण योजना तहत काम शुरु कर दिया गया है। ओपरेशन थीएटर की मुरम्मत हो रही है और वहां नया टायेलट भी तैयार हो गया है। इस समय वहां पर कोई कमी नहीं है। अगर कोई कमी इन के ध्यान में आएगी तो वह भी दूर कर दी जाएगी यह हमें बता दें।

**ਸ਼੍ਰੀ ਮਦਨ ਲਾਲ ਠੇਕੇਦਾਰ :** ਸਪੀਕਰ ਸਾਹਿਬ, ਉਥੇ ਨਾ ਕੋਈ ਐਂਬੂਲੈਂਸ ਹੈ ਔਰ ਨਾ ਹੀ ਅਲਟਰਾ ਸਾਊਂਡ ਦੀ ਮਸ਼ੀਨ ਹੈ। ਗਾਇਨੀ ਵਾਸਤੇ ਵੀ ਕੋਈ ਉਥੇ ਡਾਕਟਰ ਨਹੀਂ ਹੈ। ਇਸ ਦੇ ਆਲੇ ਦੁਆਲੇ ਵੀ ਕੋਈ ਹਸਪਤਾਲ ਨਾ ਹੋਣ ਕਰਕੇ ਸਾਡੀਆਂ ਧੀਆਂ ਭੈਣਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਐਂਬੂਲੈਂਸ ਅਤੇ ਅਲਟਰਾ ਸਾਊਂਡ ਦੀ ਮਸ਼ੀਨ ਅਤੇ ਗਾਇਨੀ ਦੇ ਮਾਹਿਰ ਮਹਿਲਾ ਡਾਕਟਰ ਦਾ ਕੋਈ ਪ੍ਰਬੰਧ ਕੀਤਾ ਜਾਵੇਗਾ ?

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ, ਸਹੂਲਤਾਂ ਬਾਰੇ ਦੱਸੋ।

**ਮੰਤਰੀ :** ਸਪੀਕਰ ਸਾਹਿਬ, ਲੇਡੀ ਡਾਕਟਰ ਭੇਜ ਦਿੱਤੀ ਗਈ ਹੈ।

**ਮਾਨਯੋਗ ਸਪੀਕਰ :** ਬਾਕੀ ਸਹੂਲਤਾਂ ਬਾਰੇ ਵੀ ਦੱਸੋ।

Original with;
Punjab Vidhan Sabha
Digitized by;
Panjab Digital Library

**मंत्री :** ओपरेशन थीएटर वहां पर है। वहां ओपरेशन होते हैं। जब से हमारी सरकार आई है वहां पहले से ज्यादा काम हुआ है। यूजर चार्जज भी पहले से ज्यादा मिला है। ऐंबूलेंस की इस समय मुझे जानकारी नहीं है। यदि वहां पर नहीं होगी तो वह भेज दी जाएगी।

**ਸ਼੍ਰੀ ਮਦਨ ਲਾਲ ਠੇਕੇਦਾਰ :** ਸਪੀਕਰ ਸਾਹਿਬ, ਉਥੇ ਹਾਟਲਾਈਨ ਦੀ ਸੁਵਿਧਾ ਨਾ ਹੋਣ ਕਰਕੇ ਬਿਜਲੀ ਦੇ ਕਾਫੀ ਕੱਟ ਲਗਦੇ ਹਨ, ਜਿਸ ਕਾਰਨ ਮਰੀਜ਼ਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਇਹ ਹਸਪਤਾਲ ਨੂੰ ਹਾਟਲਾਈਨ ਨਾਲ ਜੋੜ ਦੇਣਗੇ ਅਤੇ ਕੀ 24 ਘੰਟੇ ਬਿਜਲੀ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ ?

**ਮਾਨਯੋਗ ਸਪੀਕਰ :** ਇਕ ਸਵਾਲ ਵਿੱਚ ਹੀ ਇਹ ਇਹ ਸਾਰੇ ਪੁਆਇੰਟ ਆ ਸਕਦੇ ਸਨ।

**ਮੰਤਰੀ :** ਸਪੀਕਰ ਸਾਹਿਬ, ਹਾਟਲਾਈਨ ਦੇ ਬਾਰੇ ਮੈਂ ਇਸ ਸਮੇਂ ਕੁਝ ਨਹੀਂ ਕਹਿਣਾ ਚਾਹਾਂਗੀ। ਪਹਿਲਾਂ ਜਾਣਕਾਰੀ ਲਵਾਂਗੀ। ਜੇਕਰ ਬਾਕੀ ਸਾਰੇ ਹਸਪਤਾਲਾਂ ਕੋਲ ਇਹ ਹੈ ਤਾਂ ਇਥੇ ਵੀ ਪਹੁੰਚ ਜਾਵੇਗੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 155**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

## ਦਿੜ੍ਹਬਾ ਵਿਖੇ ਬੱਸ ਸਟੈਂਡ ਦੀ ਉਸਾਰੀ

*151. **ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਿੜ੍ਹਬਾ ਵਿਖੇ ਬੱਸ ਸਟੈਂਡ ਦੀ ਇਮਾਰਤ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ; ਅਤੇ ਇਸ ਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਅਤੇ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ?

**ਮਾਸਟਰ ਮੋਹਨ ਲਾਲ :** ਹਾਂ ਜੀ, ਬੱਸ ਸਟੈਂਡ, ਦਿੜ੍ਹਬਾ ਸਥਾਨਕ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਅਤੇ ਇਸ ਦੀ ਉਸਾਰੀ ਦਾ ਕੰਮ ਨਗਰ ਪੰਚਾਇਤ ਦਿੜ੍ਹਬਾ ਵੱਲੋਂ ਕੀਤਾ ਜਾ ਰਿਹਾ ਹੈ। ਇਸ ਬੱਸ ਸਟੈਂਡ ਦੀ ਉਸਾਰੀ ਲਈ ਨਗਰ ਪੰਚਾਇਤ ਦਿੜ੍ਹਬਾ ਨੂੰ 16 ਲੱਖ ਰੁਪਏ ਪੰਜਾਬ ਸਰਕਾਰ ਵੱਲੋਂ ਸੀ.ਡੀ. 32 ਅਤੇ ਪੰਜਾਬ ਨਿਰਮਾਣ ਸਕੀਮ ਅਧੀਨ ਪ੍ਰਾਪਤ ਹੋਏ ਹਨ। ਇਸ ਰਾਸ਼ੀ ਨਾਲ ਜਨਰਲ ਪਬਲਿਕ ਸ਼ੈੱਡ ਦੀ ਉਸਾਰੀ ਅਤੇ ਇਸ ਦੇ ਥੱਲੇ ਅਤੇ ਇਸ ਦੇ ਸਾਹਮਣੇ ਸੀਮਿੰਟ ਕੰਕਰੀਟ ਦਾ ਫਰਸ਼ ਬਣਾਉਣ ਦਾ ਕੰਮ ਪੂਰਾ ਹੋ ਚੁੱਕਾ ਹੈ। ਨਗਰ ਪੰਚਾਇਤ ਦਿੜ੍ਹਬਾ ਦੀ ਸੂਚਨਾ ਮੁਤਾਬਿਕ ਇਸ ਬੱਸ ਸਟੈਂਡ ਨੂੰ ਮੁਕੰਮਲ ਕਰਨ ਲਈ 50 ਲੱਖ ਰੁਪਏ ਸਰਕਾਰ ਤੋਂ ਲੋੜੀਂਦੇ ਹਨ ਅਤੇ ਉਨ੍ਹਾਂ ਨੇ ਫੰਡਜ਼ ਆਉਣ ਤੋਂ ਬਾਅਦ ਇਹ ਬੱਸ ਸਟੈਂਡ ਇਕ ਸਾਲ ਦੇ ਵਿੱਚ ਮੁਕੰਮਲ ਕਰਨ ਦਾ ਅਸ਼ਵਾਸਨ ਦਿੱਤਾ ਹੈ।

---

** For Starred Question No. 155 and reply thereto, please see P.V.S. Debates dated 29th June, 2007.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ ਧੀਮਾਨ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਉਹ ਜਿਹੜੇ ਫੰਡ ਦੀ ਗੱਲ ਕਰ ਰਹੇ ਹਨ, ਉਸ ਫੰਡ ਦਾ ਕਦੋਂ ਤੱਕ ਪ੍ਰਬੰਧ ਕਰ ਦਿੱਤਾ ਜਾਵੇਗਾ, ਕੀ ਮੰਤਰੀ ਜੀ ਇਸ ਬਾਰੇ ਵਿਸ਼ਵਾਸ ਦਿਵਾਉਣਗੇ ?

**ਮੰਤਰੀ** : ਮੈਂ ਮੈਂਬਰ ਸਾਹਿਬ ਦੀ ਸੇਵਾ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਦਿੜ੍ਹਬਾ ਨਗਰ ਪੰਚਾਇਤ ਨੂੰ ਸੀ.ਡੀ. ਸਕੀਮ ਰਾਹੀਂ 6 ਲੱਖ ਰੁਪਏ ਦਿੱਤੇ ਹਨ ਅਤੇ ਪੰਜਾਬ ਨਿਰਮਾਣ ਸਕੀਮ ਅਧੀਨ 10 ਲੱਖ ਰੁਪਏ ਦਿੱਤੇ ਹਨ। ਉਸ ਦੇ ਨਾਲ ਜਿਤਨਾ ਕੰਮ ਹੋ ਸਕਦਾ ਸੀ, ਉਹ ਕਰ ਦਿੱਤਾ ਗਿਆ ਹੈ। ਮੈਂ ਦਿੜ੍ਹਬਾ ਨਗਰ ਪੰਚਾਇਤ ਤੋਂ ਪੁੱਛਿਆ ਤੇ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ 50 ਲੱਖ ਰੁਪਏ ਹੋਰ ਚਾਹੀਦੇ ਹਨ। ਇਹ 50 ਲੱਖ ਰੁਪਏ ਵਾਸਤੇ ਐਫ.ਡੀ. ਨੂੰ ਲਿਖ ਕੇ ਭੇਜ ਦਿੱਤਾ ਹੈ ਕਿ ਜਲਦੀ ਦੇ ਦਿੱਤੇ ਜਾਣ। ਨਗਰ ਪੰਚਾਇਤ ਨੇ ਬੱਸ ਸਟੈਂਡ ਵਾਸਤੇ ਆਪਣੇ ਕੋਲੋਂ ਪੈਸੇ ਦਾ ਪ੍ਰਬੰਧ ਕਰਨਾ ਹੈ। ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਵਾਸਤੇ ਦੱਸ ਦਿਆਂ ਕਿ ਬੱਸ ਸਟੈਂਡ ਜਿਹੜੀ 4 ਕਨਾਲ 4 ਮਰਲੇ ਥਾਂ ਹੈ ਉਹ ਵੀ ਲਾਇਨਜ਼ ਕਲੱਬ ਵਾਲਿਆਂ ਨੇ ਦਿੱਤੀ ਸੀ। ਉਸ ਦਾ ਸਾਰਾ ਰੱਖ-ਰਖਾਵ, ਮੇਨਟੇਨੈਂਸ ਦਿੜ੍ਹਬਾ ਨਗਰ ਪੰਚਾਇਤ ਨੇ ਹੀ ਕਰਨੀ ਹੈ। ਟਰਾਂਸਪੋਰਟ ਵਿਭਾਗ ਨੂੰ ਤਾਂ ਉਸ ਵਿਚ ਪੈਸਾ ਖਰਚਣ ਦਾ ਵੀ ਕੋਈ ਅਧਿਕਾਰ ਨਹੀਂ ਹੈ। ਫਿਰ ਵੀ ਜੇਕਰ ਕਿਧਰੇ ਮੰਗ ਆਉਂਦੀ ਹੈ ਤਾਂ ਪੰਜਾਬ ਸਰਕਾਰ ਵੱਲੋਂ ਪੈਸਾ ਦੇ ਦਿੱਤਾ ਜਾਂਦਾ ਹੈ।

---

## ਬਲਾਕ ਪੱਧਰ ਤੇ ਗਊਸ਼ਾਲਾਵਾਂ ਦੀ ਉਸਾਰੀ

***158. ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਕੀ ਪਸ਼ੂ-ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਵਾਰਾ ਪਸ਼ੂਆਂ ਲਈ ਹਰ ਇਕ ਬਲਾਕ ਵਿਚ ਗਊਸ਼ਾਲਾ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਉਸਾਰੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਨਹੀਂ ਜੀ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਨਾਂਹ ਵਿਚ ਜਵਾਬ ਦੇ ਕੇ ਇਸ ਮਸਲੇ ਨੂੰ ਬੜਾ ਛੋਟਾ ਸਮਝਿਆ ਹੈ। ਪੰਜਾਬ ਵਿਚ ਇਹ ਇਕ ਬੜੀ ਗੰਭੀਰ ਸਮੱਸਿਆ ਹੈ। ਗੱਡੀਆਂ ਦੀ ਸਪੀਡ ਜ਼ਿਆਦਾ ਹੋ ਗਈ ਹੈ। ਅਵਾਰਾ ਪਸ਼ੂ ਖਾਸ ਕਰ ਗਾਵਾਂ ਜਿਹੜੀਆਂ ਕਿ ਧਰਮ ਨਾਲ ਵੀ ਜੁੜੀਆਂ ਹੋਈਆਂ ਹਨ, ਰਾਤ-ਬਰਾਤੇ ਸੜਕਾਂ ਤੇ ਆ ਜਾਂਦੀਆਂ ਹਨ ਅਤੇ ਐਕਸੀਡੈਂਟ ਹੋ ਜਾਂਦੇ ਹਨ। ਇਨ੍ਹਾਂ ਐਕਸੀਡੈਂਟਾਂ ਨਾਲ ਬੜਾ ਨੁਕਸਾਨ ਹੁੰਦਾ ਹੈ। ਸਪੀਕਰ ਸਾਹਿਬ, ਤੁਸੀਂ ਤਾਂ ਰੂਰਲ ਮਹਿਕਮੇ ਦੇ ਮੰਤਰੀ ਵੀ ਰਹੇ ਹੋ। ਅਗਰ ਗਊਸ਼ਾਲਾਵਾਂ ਬਣਾਉਣੀਆਂ ਹਨ ਤਾਂ ਪੰਜਾਬ ਵਿਚ ਜਿਹੜੇ ਪਸ਼ੂ ਮੇਲੇ ਲਗਦੇ ਹਨ, ਉਨ੍ਹਾਂ ਦੀ ਆਮਦਨ ਅਤੇ ਪੰਚਾਇਤਾਂ ਦੀ ਜ਼ਮੀਨ ਦੀ ਆਮਦਨ ਤੋਂ ਫੰਡ ਲਗਾ ਕੇ ਇਹ ਗਊਸ਼ਾਲਾਵਾਂ ਚਲਾਈਆਂ ਜਾ ਸਕਦੀਆਂ ਹਨ। ਬਾਦਲ ਸਾਹਿਬ ਵੀ ਇਸ ਵੱਲ ਇੰਟਰਸਟ ਲੈਣ। ਗਊਆਂ ਦਾ ਗੋਬਰ ਵੀ ਕੰਮ ਆਉਂਦਾ ਹੈ, ਮਲ-ਮੂਤਰ ਵੀ ਕੰਮ ਆਉਂਦਾ ਹੈ। ਇਸ ਤੋਂ ਆਮਦਨ ਵੀ ਹੋ ਸਕਦੀ ਹੈ। ਮੇਰੀ ਪ੍ਰਾਰਥਨਾ ਹੈ ਕਿ ਇਹ ਕੰਮ ਜ਼ਰੂਰ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਬਹੁਤ ਅਹਿਮ ਹੈ। ਇਸ ਵੇਲੇ ਪੰਜਾਬ ਵਿਚ ਤਕਰੀਬਨ 1 ਲੱਖ ਅਵਾਰਾ ਪਸ਼ੂ ਹਨ। ਇਸ ਸਮੱਸਿਆ ਤੋਂ ਸਰਕਾਰ ਭਲੀਭਾਂਤ ਜਾਣੂੰ ਹੈ। ਇਸ ਵੇਲੇ ਪ੍ਰਾਈਵੇਟ ਤੌਰ ਤੇ 167 ਗਊਸ਼ਾਲਾਵਾਂ ਚਲ ਰਹੀਆਂ ਹਨ, ਜਿਨ੍ਹਾਂ ਵਿਚ ਮੈਂਬਰ ਸਾਹਿਬ ਦੇ ਇਲਾਕੇ ਵਿਚ ਫਾਜ਼ਿਲਕਾ ਅਤੇ ਜਲਾਲਾਬਾਦ ਵੀ ਸ਼ਾਮਲ ਹਨ। ਫਿਰ ਵੀ ਅਸੀਂ ਐਨੀਮਲ ਵੈਲਫੇਅਰ ਆਫ ਇੰਡੀਆ ਕੋਲੋਂ 100% ਗਰਾਂਟ ਲੈਣ ਲਈ, 5 ਕਰੋੜ ਰੁਪਏ ਦੇ ਖਰਚ ਨਾਲ 20 ਜ਼ਿਲ੍ਹਿਆਂ ਵਿਚ ਜ਼ਿਲ੍ਹਾ-ਵਾਈਜ਼ ਗਊਸ਼ਾਲਾ ਬਣਾਉਣ ਵਾਸਤੇ, 25 ਲੱਖ ਰੁਪਏ ਹਰੇਕ ਦੀ, ਤਜਵੀਜ਼ ਭੇਜੀ ਹੋਈ ਹੈ। ਜਦੋਂ ਉਹ ਪੈਸਾ ਆ ਜਾਵੇਗਾ ਤਾਂ ਪਹਿਲਾਂ ਜ਼ਿਲ੍ਹਿਆਂ ਵਿਚ ਗਊਸ਼ਾਲਾਵਾਂ ਬਣਾਈਆਂ ਜਾਣਗੀਆਂ। ਉਸ ਤੋਂ ਬਾਅਦ ਬਲਾਕ ਪੱਧਰ ਬਾਰੇ ਸੋਚਿਆ ਜਾਵੇਗਾ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 128, 136, 52 ਅਤੇ 129**

(ਸਬੰਧਤ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ।)

---

## ਨਸਰਾਲਾ ਚੋਅ ਉਪਰ ਪੁਲ ਦੀ ਉਸਾਰੀ

***44. ਸਰਦਾਰ ਸਰਬਜੀਤ ਸਿੰਘ ਮੱਕੜ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿਚ ਨਸਰਾਲਾ ਚੋਅ ਤੇ ਪੁਲ ਬਣਾਉਣ ਅਤੇ ਆਦਮਪੁਰ-ਮੇਹਟੀਆਣਾ ਸੜਕ ਤੇ ਪੈਂਦੇ ਪਿੰਡ ਡਰੋਲੀ ਕਲਾਂ ਦੇ ਨੇੜੇ ਬਿਸਤ ਦੁਆਬ ਨਹਿਰ ਲਈ ਸਾਈਫਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਸਪੀਕਰ ਸਾਹਿਬ, ਜ਼ਿਲ੍ਹਾ ਜਲੰਧਰ ਵਿੱਚ ਨਸਰਾਲਾ ਚੋਅ ਤੇ ਪੁਲ ਬਣਾਉਣ ਅਤੇ ਆਦਮਪੁਰ ਮੇਹਟੀਆਣਾ ਸੜਕ ਤੇ ਪੈਂਦੇ ਪਿੰਡ ਡਰੋਲੀ ਕਲਾਂ ਨੇੜੇ ਬਿਸਤ ਦੁਆਬ ਨਹਿਰ ਵਿਚੋਂ ਨਿਕਲਦੀ ਜਲੰਧਰ ਬਰਾਂਚ ਦੀ ਬੁਰਜੀ 203760 ਤੇ ਸੁਪਰਪੈਸਿਜ਼ ਦੀ ਉਸਾਰੀ ਦੇ ਕੰਮ ਨੂੰ ਮੁਕੰਮਲ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਪਰ ਨਸਰਾਲਾ ਚੋਅ ਦਾ ਪਾਣੀ ਜਲੰਧਰ ਬਰਾਂਚ ਦੇ ਹੇਠੋਂ ਲੰਘਾਉਣ ਲਈ ਇਥੇ ਕੋਈ ਸਾਈਫਨ ਬਣਾਉਣ ਦੀ ਤਜਵੀਜ਼ ਨਹੀਂ ਹੈ। ਸੁਪਰਪੈਸਿਜ਼ ਦੀ ਉਸਾਰੀ ਦਾ ਕੰਮ ਸਾਲ 1993-94 ਤੋਂ ਸ਼ੁਰੂ ਕੀਤਾ ਗਿਆ ਸੀ ਅਤੇ ਸਾਲ 2000-2001 ਪਿਛੋਂ ਫੰਡਜ਼ ਨਾ ਮਿਲਣ ਕਰਕੇ ਇਹ ਕੰਮ ਅਧੂਰਾ ਰਹਿ ਗਿਆ। ਇਸਦੇ ਬਕਾਇਆ ਕੰਮ ਨੂੰ 1362.50 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਫੰਡਜ਼ ਮਿਲਣ ਉਪਰੰਤ ਇਸ ਕੰਮ ਨੂੰ 2 ਸਾਲਾਂ ਵਿੱਚ ਮੁਕੰਮਲ ਕਰਨ ਦੀ ਸੰਭਾਵਨਾ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਹ ਸਾਈਫਨ ਹੈ, ਇਹ ਬਹੁਤ ਵੱਡੀ ਮਹੱਤਤਾ ਰੱਖਦਾ ਹੈ। ਜਦੋਂ ਜ਼ਿਆਦਾ ਬਾਰਸ਼ਾਂ ਆਉਂਦੀਆਂ ਹਨ ਤਕਰੀਬਨ 10 ਪਿੰਡਾਂ ਨੂੰ ਇਹ ਬਿਲਕੁਲ ਰੋੜ੍ਹ ਦਿੰਦਾ ਹੈ ਅਤੇ ਬਹੁਤ ਦੇਰ ਤੋਂ ਉਸੇ ਤਰੀਕੇ ਨਾਲ ਬੰਦ ਪਿਆ ਹੈ। ਜਿਹੜਾ ਪਹਿਲਾਂ ਆਲਰੇਡੀ ਇਸ ਸਾਈਫਨ ਦੇ ਅੱਗੇ ਪੁਲ ਬਣਿਆ ਹੋਇਆ ਹੈ, ਉਸਦੀ ਵੀ ਇੰਨੀ ਮਾੜੀ

Original with;
Punjab Vidhan Sabha
Digitized by;
Panjab Digital Library

ਹਾਲਤ ਹੈ, ਕਿ ਉਥੇ ਕੋਈ ਫੈਂਸ ਨਾ ਹੋਣ ਕਾਰਨ ਐਕਸੀਡੈਂਟ ਹੁੰਦੇ ਰਹਿੰਦੇ ਹਨ। ਇਸ ਲਈ ਮੈਂ ਇਨ੍ਹਾਂ ਦੋ ਤਿੰਨ ਗੱਲਾਂ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਵੀ ਕਿਤੇ ਬਾਰਸ਼ ਹੋਈ ਅਤੇ ਚੋਅ ਵਿੱਚ ਜ਼ਿਆਦਾ ਪਾਣੀ ਆਇਆ ਤਾਂ ਸਾਡਾ ਬਹੁਤ ਵੱਡਾ ਨੁਕਸਾਨ ਹੋ ਸਕਦਾ ਹੈ। ਇਹ ਸਾਈਫਨ ਕਰਕੇ ਨਾ ਲਿਆ ਜਾਵੇ, ਇਸ ਦੇ ਵਿੱਚ ਬਹੁਤ ਵੱਡੀ ਆਬਾਦੀ ਦਾ ਨੁਕਸਾਨ ਹੋ ਸਕਦਾ ਹੈ, ਮੇਰੀ ਬੇਨਤੀ ਹੈ ਕਿ ਇਸ ਨੂੰ ਟਾਈਮ ਬਾਂਡ ਕਰਕੇ ਜਲਦੀ ਤੋਂ ਜਲਦੀ ਬਣਾਇਆ ਜਾਵੇ। ਚਾਹੇ ਇਸ ਵਾਸਤੇ ਮੁੱਖ ਮੰਤਰੀ ਸਾਹਿਬ ਦੀ ਸਪੈਸ਼ਲ ਪਰਮਿਸ਼ਨ ਲਈ ਜਾਵੇ ਕਿਉਂਕਿ ਇਹ ਸਾਰੇ ਇਲਾਕੇ ਦੀ ਮੰਗ ਹੈ। ਪਿਛਲੇ ਦੋ ਤਿੰਨ ਵਾਰ ਇਨ੍ਹਾਂ ਪਿੰਡਾਂ ਦਾ ਬਹੁਤ ਨੁਕਸਾਨ ਹੋ ਚੁੱਕਿਆ ਹੈ, ਚਾਹੇ ਰਿਕਾਰਡ ਦੇਖ ਲਿਆ ਜਾਵੇ। ਜਦੋਂ ਮਾਲੀ ਅਤੇ ਜਾਨੀ ਨੁਕਸਾਨ ਹੁੰਦਾ ਹੈ ਤਾਂ ਫਿਰ ਹਿੱਲਿਆ ਨਹੀਂ ਜਾਂਦਾ। ਇਸ ਲਈ ਬੇਨਤੀ ਹੈ ਕਿ ਇਸ ਨੂੰ ਜਲਦੀ ਤੋਂ ਜਲਦੀ ਬਣਵਾਇਆ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਨਸਰਾਲਾ ਚੋਅ ਦਾ ਮਸਲਾ ਹੈ, ਬਹੁਤ ਅਹਿਮ ਮਸਲਾ ਹੈ। ਇਹ ਜਿਹੜਾ ਅਸੀਂ ਬਿਸਤ ਦੁਆਬ ਕੈਨਾਲ ਸਿਸਟਮ ਰੀਹੈਬਲੀਟੇਟ ਕਰਨ ਦਾ ਪ੍ਰੋਗਰਾਮ ਬਣਾਇਆ ਹੈ, ਇਸਦੇ ਵਿੱਚ ਐਡਮਨਿਸਟਰੇਟਿਵ ਐਪਰੂਵਲ ਮਿਲ ਚੁੱਕੀ ਹੈ। ਇਹ ਵੀ ਆਈ.ਪੀ. ਸਕੀਮ ਥੱਲੇ ਸੈਂਟਰ ਨੂੰ ਭੇਜਿਆ ਗਿਆ ਹੈ, ਉਸਦੇ ਵਿੱਚ ਹੀ ਅਸੀਂ ਨਸਰਾਲਾ ਚੋਅ ਦਾ ਪੈਸਿਜ਼ ਵੀ ਲੈ ਲਿਆ ਹੈ। ਇਸ ਪੁਲ ਦਾ ਜਿਹੜਾ ਪ੍ਰੋਗਰਾਮ ਹੈ, ਉਹ ਉਸਦੇ ਵਿੱਚ ਹੀ ਲੈ ਲਿਆ ਅਤੇ ਮੇਰਾ ਖਿਆਲ ਹੈ ਕਿ ਪੈਸੇ ਮਿਲਣ ਤੋਂ ਬਾਅਦ ਦੋ ਸਾਲ ਵਿਚ ਇਹ ਪੂਰਾ ਹੋ ਜਾਵੇਗਾ।

**ਸਰਦਾਰ ਸਰਬਜੀਤ ਸਿੰਘ ਮੱਕੜ :** ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ 5 ਸਾਲਾਂ ਵਿੱਚ ਇਸ ਸਾਰੀ ਨਹਿਰ ਦੀ ਨਾ ਤਾਂ ਕੋਈ ਸਫਾਈ ਹੋਈ ਹੈ ਅਤੇ ਨਾ ਹੀ ਮੋਘਿਆਂ ਦੀ ਸੰਭਾਲ ਹੋਈ ਹੈ। ਇਹ ਇਕ ਨਿਊਸੈਂਸ ਬਣੀ ਹੋਈ ਹੈ ਅਤੇ ਇਕ ਪ੍ਰਦੂਸ਼ਣ ਦਾ ਕਾਰਨ ਵੀ ਬਣੀ ਹੋਈ ਹੈ। ਇਸਦੇ ਫੈਂਸ ਨਾ ਹੋਣ ਕਾਰਨ ਤੇ ਰੋਡ ਬਰਾਬਰ ਨਾ ਹੋਣ ਕਾਰਨ ਅਤੇ ਖਰਾਬ ਹੋਣ ਕਾਰਨ ਬਹੁਤ ਸਾਰੀਆਂ ਕਾਰਾਂ ਨਹਿਰ ਦੀ ਡੂੰਘਾਈ ਵਿੱਚ ਡਿੱਗ ਜਾਂਦੀਆਂ ਹਨ ਅਤੇ ਉਸਦੇ ਨਾਲ ਵੱਡਾ ਨੁਕਸਾਨ ਹੁੰਦਾ ਹੈ। ਮੈਂ ਇਹ ਵੀ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਵਿੱਚ ਕਿਸੇ ਨੇ ਇਸਦੀ ਸਫਾਈ ਨਹੀਂ ਕੀਤੀ ਅਤੇ ਪੰਜ ਸਾਲ ਉਸੇ ਤਰ੍ਹਾਂ ਗੁਜ਼ਰ ਗਏ ਅਤੇ ਆਉਣ ਵਾਲੇ ਸਮੇਂ ਵਿੱਚ ਮੈਂ ਮੰਤਰੀ ਜੀ ਤੋਂ ਮੰਗ ਕਰਦਾ ਹਾਂ ਕਿ ਇਮੀਜੇਟਲੀ ਇਸ ਦੀ ਸਫਾਈ ਦਾ ਧਿਆਨ ਅਤੇ ਇਸਦੇ ਮੋਘਿਆਂ ਦਾ ਧਿਆਨ ਅਤੇ ਇਸਦੀ ਫੈਂਸ ਦਾ ਧਿਆਨ ਕੀਤਾ ਜਾਵੇ ਤਾਂ ਕਿ ਇਹ ਐਕਸੀਡੈਂਟਸ ਦਾ ਕਾਰਨ ਨਾ ਬਣ ਸਕਣ ਅਤੇ ਪ੍ਰਦੂਸ਼ਣ ਦਾ ਕਾਰਨ ਨਾ ਬਣ ਸਕਣ।

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਅਸੀਂ ਉਸ ਨਹਿਰ ਨੂੰ ਰੀਹੈਬਲੀਟੇਟ ਕਰਨ ਲਈ 140 ਕਰੋੜ ਰੁਪਏ ਦਾ ਪ੍ਰੋਜੈਕਟ ਬਣਾਇਆ ਹੈ। ਇਸਦੇ ਵਿੱਚ ਸਾਰੇ ਹੀ ਸਿਸਟਮ, ਜਿੰਨੇ ਵੀ ਖਰਾਬ ਹੋਏ ਹਨ, ਡਿਸਟਰੀਬਿਊਟਰੀ ਵਗੈਰਾ, ਸਾਰੇ ਹੀ ਆ ਜਾਣੇ ਹਨ।

---

Original with;
Punjab Vidhan Sabha
Digitized by;
Panjab Digital Library

## ਜਗਰਾਉਂ ਸਬ-ਡਵੀਜ਼ਨ ਵਿਚ ਪਿੰਡਾਂ ਤੋਂ ਪਾਣੀ ਦਾ ਨਿਕਾਸ

***48. ਸਰਦਾਰ ਗੁਰਦੀਪ ਸਿੰਘ ਭੈਣੀ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਬੋਹਰ ਬ੍ਰਾਂਚ ਨਹਿਰ ਅਤੇ ਬੁੱਢਾ-ਨਾਲਾ ਪਾਣੀ ਨੇ ਸਤਲੁਜ ਦਰਿਆ ਦੇ ਕੰਢੇ ਤੇ ਸਥਿਤ ਸ਼ੇਰੇਵਾਲ ਅਤੇ ਕੰਨੀਆਂ ਪਿੰਡਾਂ ਵਿਚ ਤਬਾਹੀ ਮਚਾ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਪਿੰਡਾਂ ਤੋਂ ਇਸ ਪਾਣੀ ਦਾ ਨਿਕਾਸ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਬੁੱਢਾ ਨਾਲਾ ਦਰਿਆ ਸਤਲੁਜ ਦੇ ਕੰਢੇ ਤੇ ਸਥਿਤ ਪਿੰਡਾਂ ਸ਼ੇਰੇਵਾਲ ਅਤੇ ਕੰਨੀਆਂ ਵਿੱਚ ਨੁਕਸਾਨ ਪਹੁੰਚਾਉਂਦਾ ਹੈ। ਜ਼ਿਆਦਾ ਹੜ੍ਹਾਂ ਦੌਰਾਨ ਦਰਿਆ ਸਤਲੁਜ ਦਾ ਪਾਣੀ ਪਿੱਛੇ ਨੂੰ ਵਗਦਾ ਹੈ ਕਿਉਂਕਿ ਬੁੱਢਾ ਨਾਲਾ ਅਤੇ ਦਰਿਆ ਸਤਲੁਜ ਦੇ ਬੈੱਡ ਲੈਵਲ ਇੱਕੋ ਜਿਹੇ ਹਨ ਜਿਸ ਦੇ ਕਾਰਨ ਬੁੱਢਾ ਨਾਲੇ ਦੇ ਅਖੀਰ ਵਿੱਚ ਨਾਲ ਲੱਗਦੇ ਇਲਾਕੇ ਵਿੱਚ ਪਾਣੀ ਭਰ ਜਾਂਦਾ ਹੈ। ਸਰਕਾਰ ਇਸ ਸਮੱਸਿਆ ਬਾਰੇ ਸੁਚੇਤ ਹੈ ਅਤੇ ਹਰ ਸਾਲ ਕੁਦਰਤੀ ਤਬਾਹੀ ਤੋਂ ਬਚਣ ਲਈ ਬੁੱਢੇ ਨਾਲੇ ਦੀ ਸਫਾਈ ਕੀਤੀ ਜਾਂਦੀ ਹੈ। ਅਬੋਹਰ ਬਰਾਂਚ ਕੈਨਾਲ ਦੀ ਕੋਕਰੀ ਡਿਸਟਰੀਬਿਊਟਰੀ ਦੀ ਅਸਕੇਪ ਦਾ ਪਾਣੀ ਭਾਰੀ ਬਾਰਸ਼ਾਂ ਦੌਰਾਨ ਕਦੇ-ਕਦਾਈਂ ਜੱਸੋਵਾਲ ਡਰੇਨ ਰਾਹੀਂ ਬੁੱਢੇ ਨਾਲੇ ਵਿੱਚ ਜਾ ਪੈਂਦਾ ਹੈ। ਇਸ ਲਈ ਇਹ ਉਪਰੋਕਤ ਪਿੰਡਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਜਦੋਂ ਜੱਸੋਵਾਲ ਡਰੇਨ ਵਿੱਚ ਪਾਣੀ ਫਾਲਤੂ ਹੁੰਦਾ ਹੈ ਤਾਂ ਉਹ ਪਾਣੀ ਇਸ ਵਿੱਚ ਛੱਡ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸਿੱਧਵਾਂ ਬੇਟ ਦਾ ਵੀ ਫਾਲਤੂ ਪਾਣੀ ਛੱਡ ਦਿੱਤਾ ਜਾਂਦਾ ਹੈ, ਬੁੱਢੇ ਨਾਲੇ ਦਾ ਵੀ ਫਾਲਤੂ ਪਾਣੀ ਛੱਡਿਆ ਜਾਂਦਾ ਹੈ। ਸਪੀਕਰ ਸਾਹਿਬ, ਪਿਛਲੇ ਸੱਠ ਸਾਲਾਂ ਤੋਂ ਇਸ ਡਰੇਨ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਦਾ ਪਾਣੀ ਫਿਰ ਸਤਲੁਜ ਵਿੱਚ ਜਾਂਦਾ ਹੈ ਲੇਕਿਨ ਲੁਧਿਆਣਾ-ਫਿਰੋਜ਼ਪੁਰ ਰੋਡ ਤੇ ਇੱਕ ਪੁਲ ਬਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਚਾਰ ਕਿਲੋਮੀਟਰ ਦੀ ਸੜਕ ਤੇ ਕੋਈ ਪੁਲ ਨਹੀਂ ਹੈ। ਉਨ੍ਹਾਂ ਨਾਲ ਲੱਗਦੇ ਪਿੰਡਾਂ ਵਿੱਚ ਰਾਏ ਸਿੱਖ ਬਰਾਦਰੀ ਦੇ ਲੋਕ ਰਹਿੰਦੇ ਹਨ ਤੇ ਉਹ ਉਥੋਂ ਲੰਘਦੇ ਹਨ। ਲੋਕਾਂ ਨੂੰ ਇੱਥੋਂ ਤੱਕ ਕਿ ਕੱਪੜੇ ਉਤਾਰ ਕੇ ਲੰਘਣਾ ਪੈਂਦਾ ਹੈ। ਮੇਰੀ ਬੇਨਤੀ ਹੈ ਕਿ ਪਿਛਲੇ ਸੱਠ ਸਾਲਾਂ ਵਿੱਚ ਇਸ ਦਾ ਕੋਈ ਹੱਲ ਨਹੀਂ ਕੱਢਿਆ ਗਿਆ। ਉਥੇ ਸਾਰਾ ਦਿਨ ਬਹੁਤ ਜ਼ਿਆਦਾ ਪਾਣੀ ਵਗਦਾ ਰਹਿੰਦਾ ਹੈ, ਕਦੀ ਇੱਕ ਨਹਿਰ ਦਾ ਤੇ ਕਦੀ ਦੂਜੀ ਨਹਿਰ ਦਾ.........।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਵਾਲ ਹੀ ਪੁੱਛ ਰਿਹਾ ਹਾਂ। ਇਹ ਕੋਈ ਹੱਲ ਤਾਂ ਕਰਨ। ਬਾਦਲ ਸਾਹਿਬ ਵੀ ਬੈਠੇ ਹਨ। ਇਨ੍ਹਾਂ ਦੀ ਰਾਏ ਸਿੱਖਾਂ ਪ੍ਰਤੀ ਬਹੁਤ ਹਮਦਰਦੀ ਹੈ ਉਥੇ ਚਾਰ ਕਿਲੋਮੀਟਰ ਵਿਚ ਕੋਈ ਪੁਲ ਨਹੀਂ ਹੈ ਜਦ ਕਿ ਦਸ ਪਿੰਡ ਨਾਲ ਲੱਗਦੇ ਹਨ। ਇੱਕ ਬਾਬਾ ਨੰਦ ਸਿੰਘ ਜੀ ਦਾ ਇਤਿਹਾਸਿਕ ਗੁਰਦੁਆਰਾ ਸਾਹਿਬ ਵੀ ਪੈਂਦਾ ਹੈ ਜਿਨ੍ਹਾਂ ਦਾ ਬਹੁਤ ਸਤਿਕਾਰ ਹੈ। ਉਥੇ ਪੁਲ ਨਾ ਹੋਣ ਕਾਰਨ ਪਾਣੀ ਕਾਫੀ ਮਾਰ ਕਰ ਰਿਹਾ ਹੈ, ਗਰੀਬ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਇਸ ਲਈ ਇਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਨ੍ਹਾਂ ਨੇ ਇੱਕ ਜਵਾਬ ਦੇ ਦਿੱਤਾ ਹੈ ਪਰ ਕੀ ਉਥੇ ਕੋਈ ਪੁਲ ਜਾਂ ਸਾਈਫਨ ਬਣਾਉਣ ਦਾ ਸਰਕਾਰ ਦਾ ਕੋਈ ਪ੍ਰੋਗਰਾਮ ਹੈ? ਇਸ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਅਬੋਹਰ ਬਰਾਂਚ ਹੈ, ਜਦੋਂ ਵੀ ਕਦੀ ਇਸ ਵਿੱਚ ਕੋਈ ਕੱਟ ਜਾਂ ਬਰੀਚ ਹੁੰਦਾ ਹੈ ਤਾਂ ਕੋਈ ਜਾਨੀ ਨੁਕਸਾਨ ਨਾ ਹੋਵੇ, ਇਸ ਲਈ ਇਸ ਨੂੰ ਬੰਦ ਕਰਨਾ ਪੈਂਦਾ ਹੈ ਤੇ ਕੋਕਰੀ ਡਿਸਟਰੀਬਿਊਟਰੀ ਤੋਂ ਪਾਣੀ ਛੱਡਦੇ ਹਾਂ। ਫਿਰ ਇਹ ਜੱਸੋਵਾਲ ਡਰੇਨ ਰਾਹੀਂ ਹੁੰਦਾ ਹੋਇਆ ਬੁੱਢੇ ਨਾਲੇ ਵਿੱਚ ਪੈ ਜਾਂਦਾ ਹੈ। ਇਹ ਪਾਣੀ ਕਦੇ ਕਦਾਈਂ ਛੱਡਿਆ ਜਾਂਦਾ ਹੈ। ਜਿਹੜਾ ਮਾਨਯੋਗ ਮੈਂਬਰ ਸਾਹਿਬ ਨੇ ਨੁਕਸਾਨ ਦਾ ਜ਼ਿਕਰ ਕੀਤਾ ਹੈ, ਉਸ ਬਾਰੇ ਮੇਰੀ ਬੇਨਤੀ ਹੈ ਕਿ ਦਰਿਆ ਸਤਲੁਜ ਦਾ ਪਾਣੀ ਜਦੋਂ ਉਲਟੀ ਤਰਫ ਜਾਂਦਾ ਹੈ ਤਾਂ ਇਹ ਨੁਕਸਾਨ ਕਰਦਾ ਹੈ ਕਿਉਂਕਿ ਬੁੱਢੇ ਨਾਲੇ ਅਤੇ ਸਤਲੁਜ ਦਾ ਬੈੱਡ ਲੈਵਲ ਇੱਕ ਹੀ ਹੈ ਤੇ ਫਿਰ ਇਹ ਪਾਣੀ ਨੁਕਸਾਨ ਕਰਦਾ ਹੈ। ਇਸ ਵਾਸਤੇ ਸਾਡੇ ਪ੍ਰਮੁੱਖ ਸਕੱਤਰ, ਸ੍ਰੀ ਪੀ. ਰਾਮ ਜੀ ਦੇ ਅੰਡਰ ਇੱਕ ਕਮੇਟੀ ਬਣਾਈ ਗਈ ਹੈ। ਉਹ ਇਸ ਦੇ ਚੇਅਰਮੈਨ ਹਨ ਔਰ ਇਸ ਸਾਲ ਦਸ ਕਰੋੜ ਰੁਪਿਆ ਸਰਕਾਰ ਨੇ ਇਸ ਵਾਸਤੇ ਰੱਖਿਆ ਹੈ। ਪਹਿਲਾਂ ਇਨ੍ਹਾਂ ਦੀ ਸਰਕਾਰ ਨੇ ਇੱਕ ਕਰੋੜ ਰੁਪਿਆ ਰੱਖਿਆ ਸੀ। ਪਰ ਬਾਦਲ ਸਾਹਿਬ ਨੇ ਇਹ ਵਧਾ ਕੇ ਦਸ ਕਰੋੜ ਰੁਪਿਆ ਕਰ ਦਿੱਤਾ ਹੈ। ਇਸ ਤੋਂ ਇਲਾਵਾ ਪੰਜ ਡਰੈਗ ਲਾਈਨਾਂ ਵੀ ਇਸ ਤੇ ਚੱਲ ਰਹੀਆਂ ਹਨ ਤਾਂ ਕਿ ਇਸ ਦੀ ਸਫਾਈ ਹੋ ਸਕੇ।

**ਮਾਨਯੋਗ ਸਪੀਕਰ** : ਮੈਂਬਰ ਸਾਹਿਬ ਨੇ ਬਰਿਜ ਦੀ ਗੱਲ ਕੀਤੀ ਸੀ, ਉਸ ਦਾ ਜਵਾਬ ਦੇ ਦਿਓ।

**ਮੰਤਰੀ** : ਸਪੀਕਰ ਸਾਹਿਬ, ਬਰਿਜ ਦੇ ਬਾਰੇ ਇਹ ਵੱਖਰਾ ਸਵਾਲ ਦੇ ਦੇਣ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਇੱਥੇ ਸਿਰਫ ਅਬੋਹਰ ਬਰਾਂਚ ਦਾ ਪਾਣੀ ਨਹੀਂ ਪੈਂਦਾ ਬਲਕਿ ਸਿੱਧਵਾਂ ਬੇਟ ਤੇ ਬੁੱਢੇ ਨਾਲੇ ਦਾ ਵੀ ਪਾਣੀ ਪੈਂਦਾ ਹੈ। ਹਰ ਵਕਤ ਇਹ ਡਰੇਨ ਵਗਦੀ ਰਹਿੰਦੀ ਹੈ। ਸਤਲੁਜ ਦਾ ਪਾਣੀ ਵੀ ਜਾਂਦਾ ਹੈ ਤੇ ਲੋਕਾਂ ਦਾ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਉਥੇ ਪੁਲ ਜਾਂ ਸਾਈਫਨ ਬਣਾਉਣਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਤੁਸੀਂ ਇਸ ਬਾਰੇ ਵੱਖਰਾ ਸਵਲਾ ਦੇ ਦਿਓ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਲੋਕਾਂ ਨੂੰ ਕਾਫੀ ਮੁਸ਼ਕਲ ਆ ਰਹੀ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰ ਚੁੱਕਾ ਹਾਂ ਕਿ ਇਸ ਦਾ ਹੱਲ ਇਹੀ ਹੈ ਕਿ ਬੁੱਢੇ ਨਾਲੇ ਦੇ ਟੇਲ ਐਂਡ 'ਤੇ ਰੈਗੂਲੇਟਰ ਬਣਾਉਣਾ ਹੈ। ਇਹ ਰੈਗੂਲੇਟਰ ਬੁੱਢੇ ਨਾਲੇ ਨੂੰ ਵੀ ਕੈਨਾਲਾਈਜ਼ ਕਰੇਗਾ। ਇਸ ਦੀ ਸਫਾਈ ਕਰਕੇ ਜਿਹੜੀ ਕਿ ਹੋ ਰਹੀ ਹੈ, ਇਸ ਦਾ ਪ੍ਰਬੰਧ ਹੋ ਜਾਵੇਗਾ। ਫਿਰ ਦਰਿਆ ਦਾ ਪਾਣੀ ਨਹੀਂ ਚੜ੍ਹੇਗਾ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ........।

**ਮਾਨਯੋਗ ਸਪੀਕਰ** : ਭੈਣੀ ਸਾਹਿਬ, ਗੱਲ ਤਾਂ ਹੋ ਗਈ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਿੱਧਵਾਂ ਬਰਾਂਚ ਨਹਿਰ ਦੀ ਸਫਾਈ ਨਾ ਤਾਂ ਐਤਕੀਂ ਹੋਈ ਹੈ ਅਤੇ ਨਾ ਹੀ ਪਿਛਲੀ ਸਰਕਾਰ ਦੇ ਸਮੇਂ ਹੋਈ ਹੈ। ਉਸ ਦਾ ਪਾਣੀ ਮੇਰੇ ਬਾਘਾਪੁਰਾਣਾ ਹਲਕੇ ਵਿੱਚ ਵੀ ਜਾਂਦਾ ਹੈ ਅਤੇ ਮੰਤਰੀ ਸਾਹਿਬ ਦੇ ਹਲਕੇ ਵਿੱਚ ਵੀ ਜਾਂਦਾ ਹੈ। ਕਿਰਪਾ ਕਰਕੇ ਉਸ ਦੀ ਸਫਾਈ ਕਰਵਾਓ ਤਾਂ ਜੋ ਜ਼ਿਮੀਂਦਾਰਾਂ ਨੂੰ ਪੂਰਾ ਪਾਣੀ ਮਿਲ ਸਕੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਸਫਾਈ ਹੋ ਰਹੀ ਹੈ। ਇਸ ਵਾਸਤੇ ਪੰਜ ਡਰੈਗ ਲਾਈਨਾਂ ਉਥੇ ਲੱਗੀਆਂ ਹੋਈਆਂ ਹਨ।

**ਸਰਦਾਰ ਦਰਸ਼ਨ ਸਿੰਘ ਬਰਾੜ** : ਮੈਂ ਆਪਣੇ ਵਾਲੀ ਸਿੱਧਵਾਂ ਬਰਾਂਚ ਦੀ ਗੱਲ ਕਰਦਾ ਹਾਂ।

**ਮੰਤਰੀ** : ਇਸ ਵਾਸਤੇ ਅਲਹਿਦਾ ਸਵਾਲ ਕਰ ਦਿਓ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 39**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋਇਆ।)

---

## ਰਾਜ ਵਿਚ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ

***154. ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਰਹੱਦੀ ਖੇਤਰਾਂ ਵਿਚ ਰਹਿ ਰਹੇ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਵਿਚ ਰਾਖਵੇਂਕਰਨ ਦੇ ਲਾਭ ਦੇਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਨਹੀਂ ਜੀ। ਯੁਵਕ ਸੇਵਾਵਾਂ ਵਿਭਾਗ ਦੀ ਰਾਜ ਵਿੱਚ ਸਰਹੱਦੀ ਖੇਤਰਾਂ ਵਿੱਚ ਰਹਿ ਰਹੇ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦੇ ਲਾਭ ਦੇਣ ਦੀ ਕੋਈ ਵੱਖਰੀ ਪਾਲਿਸੀ ਨਹੀਂ ਹੈ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੈਨੂੰ ਜਵਾਬ ਸੁਣ ਕੇ ਬੜੀ ਹੈਰਾਨੀ ਹੋਈ ਹੈ ਔਰ ਅਸੀਂ ਪੰਜਾਬ ਵਾਲੇ ਜਾਂ ਪੰਜਾਬੀ ਸੂਬੇ ਦੀ ਜਿਹੜੀ ਸਰਕਾਰ ਹੈ, ਇਹ ਸੈਂਟਰ ਕੋਲੋਂ ਇਸ ਕਰਕੇ ਹੋਰ ਸਹੂਲਤਾਂ ਮੰਗਦੀ ਹੈ ਕਿ ਇਹ ਸਰਹੱਦੀ ਸੂਬਾ ਹੈ। ਜਿਹੜੇ ਲੋਕ ਸਰਹੱਦ ਤੇ ਬੈਠੇ ਹਨ, ਅਸੀਂ ਆਪ ਤਾਂ ਉਨ੍ਹਾਂ ਨੂੰ ਬਿਲਕੁੱਲ ਅਣਗੌਲਿਆ ਕੀਤਾ ਹੋਇਆ ਹੈ। ਉਥੇ ਨਾ ਪੜ੍ਹਾਈ ਹੁੰਦੀ ਹੈ ਅਤੇ ਨਾ ਚੰਗੇ ਸਕੂਲ ਹਨ। ਸੈਂਟਰ ਵੀ ਇਸ ਗੱਲ ਨੂੰ ਮੰਨ ਚੁੱਕਿਆ ਹੈ ਕਿ ਇਹ ਲੋਕ ਪੱਛੜੇ ਹੋਏ ਹਨ ਅਤੇ ਉਥੇ ਡਿਵੈਲਪਮੈਂਟ ਦੀ ਲੋੜ ਹੈ। ਬੀ.ਏ.ਡੀ.ਬੀ. (Border Area Development Board) ਦੇ ਤਹਿਤ ਅੱਜ ਉਥੇ ਫੰਡ ਦਿੱਤੇ ਜਾ ਰਹੇ ਹਨ। ਮੇਰਾ ਖਿਆਲ ਹੈ ਕਿ ਸਾਰੀਆਂ ਪਾਰਟੀਆਂ ਇਸ ਗੱਲ ਨੂੰ ਮਹਿਸੂਸ ਕਰਦੀਆਂ ਹਨ ਕਿ ਉਥੋਂ ਦੇ ਜਿਹੜੇ ਨੌਜਵਾਨ ਹਨ, ਉਨ੍ਹਾਂ ਦੇ ਵਾਸਤੇ ਨੌਕਰੀਆਂ ਦੇ ਵਿੱਚ

Original with;
Punjab Vidhan Sabha
Digitized by;
Panjab Digital Library

ਰਾਖਵਾਂਕਰਨ ਹੋਣਾ ਚਾਹੀਦਾ ਹੈ। ਮੇਰਾ ਕੁਐਸਚਨ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ ਸੰਬੋਧਨ ਕੀਤਾ ਗਿਆ ਸੀ ਪਰ ਇਸ ਦਾ ਜਵਾਬ ਮੰਤਰੀ ਸਾਹਿਬ ਨੇ ਦਿੱਤਾ ਹੈ। ਮੰਤਰੀ ਸਾਹਿਬ ਆਪ ਵੀ ਸਰਹੱਦੀ ਖੇਤਰ ਨਾਲ ਸਬੰਧਤ ਹਨ ਅਤੇ ਇਹ ਆਪ ਵੀ ਉਥੋਂ ਦੇ ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਮਹਿਸੂਸ ਕਰਦੇ ਹਨ। ਮੈਂ ਵਿਧਾਨ ਸਭਾ ਵਿੱਚ ਐਸ਼ੋਰੈਂਸ ਚਾਹੁੰਦਾ ਹਾਂ ਕਿ ਜੇਕਰ ਪਿੱਛੇ ਰਿਜ਼ਰਵੇਸ਼ਨ ਨਹੀਂ ਸੀ ਤਾਂ ਅਗਾਂਹ ਵਾਸਤੇ ਕੋਈ ਪਾਲਿਸੀ ਬਣਾ ਲਈ ਜਾਵੇ, ਜਿਸ ਨਾਲ ਉਥੋਂ ਦੇ ਨੌਜਵਾਨਾਂ ਨੂੰ ਲਾਭ ਮਿਲ ਸਕੇ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਮਸਲਾ ਬੜਾ ਅਹਿਮ ਹੈ ਔਰ ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਨੂੰ ਪੂਰਾ ਲੀਗਲੀ ਵਿਚਾਰ ਕੇ ਇਸ ਮਸਲੇ ਦਾ ਹੱਲ ਕੱਢਣ ਦਾ ਬਹੁਤ ਭਾਰੀ ਯਤਨ ਕੀਤਾ ਜਾਵੇਗਾ। (ਥੰਪਿੰਗ)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਮੈਂ ਮੁੱਖ ਮੰਤਰੀ ਸਾਹਿਬ ਵੱਲੋਂ ਸਦਨ ਵਿੱਚ ਇਸ ਮਸਲੇ ਪ੍ਰਤੀ ਚੰਗੇ ਕਦਮ ਪੁੱਟਣ ਦਾ ਵਿਸ਼ਵਾਸ ਦਿਵਾਉਣ ਤੇ ਬਹੁਤ ਧੰਨਵਾਦ ਕਰਦਾ ਹਾਂ।

---

## ਜਗਰਾਉਂ ਸ਼ਹਿਰ ਵਿਚ ਸੀਵਰੇਜ ਸਿਸਟਮ ਦੀ ਮੁਰੰਮਤ

***47. ਸਰਦਾਰ ਗੁਰਦੀਪ ਸਿੰਘ ਭੈਣੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਿਊਂਸਿਪਲ ਕੌਂਸਲ, ਜਗਰਾਓਂ ਵਿਚ ਵਾਰਡ ਨੰ: 4 ਅਤੇ 5 ਵਿਚ ਸੀਵਰੇਜ ਸਿਸਟਮ ਬੁਰੀ ਤਰ੍ਹਾਂ ਖਰਾਬ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਸੁਧਾਰਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਮਨੋਰੰਜਨ ਕਾਲੀਆ :** ਨਹੀਂ ਜੀ।

**ਸਰਦਾਰ ਗੁਰਦੀਪ ਸਿੰਘ ਭੈਣੀ :** ਬਹੁਤ ਹੀ ਸਤਿਕਾਰਯੋਗ ਮੰਤਰੀ ਸਾਹਿਬ, ਜਿਹੜੇ ਲੋਕਾਂ ਨਾਲ ਤਾਅਲੁੱਕ ਰੱਖਦੇ ਹਨ ਔਰ ਇਨ੍ਹਾਂ ਦਾ ਖਾਨਦਾਨ ਬੜਾ ਇਮਾਨਦਾਰ ਸੀ ਲੇਕਿਨ ਜਗਰਾਉਂ ਸ਼ਹਿਰ ਦੇ ਵਿੱਚ ਕਰੋੜਾਂ ਰੁਪਏ ਖਾਈ ਜਾਂਦੇ ਹਨ, ਉਥੇ 25 ਪ੍ਰਤੀਸ਼ਤ ਪੈਸਾ ਵੀ ਨਹੀਂ ਲੱਗਿਆ। ਇਹ ਸਾਡਾ ਪਵਿੱਤਰ ਹਾਊਸ ਹੈ, ਇਥੇ ਇਮਾਨਦਾਰੀ ਦੀ ਗੱਲ ਕਰਨੀ ਚਾਹੀਦੀ ਹੈ। ਮੈਂ ਬੇਨਤੀ ਕਰਾਂਗਾ ਕਿ ਮੈਨੂੰ ਤਾਂ ਉਮੀਦ ਸੀ ਕਿ ਇਹ ਇਮਾਨਦਾਰੀ ਨਾਲ ਜਵਾਬ ਦੇਣਗੇ। ਤੁਸੀਂ ਮੇਰੇ ਨਾਲ ਅਫ਼ਸਰ ਭੇਜ ਦਿਓ, ਉੱਥੇ ਬਰਸਾਤਾਂ ਤੋਂ ਬਗੈਰ ਹੀ ਪਾਣੀ ਨਾ ਖੜ੍ਹਾ ਹੋਵੇ ਤਾਂ, ਬਾਦਲ ਸਾਹਿਬ, ਮੈਨੂੰ ਜੋ ਮਰਜ਼ੀ ਜ਼ੁਰਮਾਨਾ ਕਰ ਦੇਣਾ। ਅੱਜ ਵੀ ਉਥੇ ਪਾਣੀ ਖੜ੍ਹਾ ਹੈ, ਮਈ ਵਿੱਚ ਵੀ ਪਾਣੀ ਖੜ੍ਹਾ ਸੀ, ਜੂਨ ਵਿੱਚ ਵੀ ਪਾਣੀ ਖੜ੍ਹਾ ਸੀ.....

**ਮਾਨਯੋਗ ਸਪੀਕਰ :** ਕੋਈ ਪ੍ਰਸ਼ਨ ਹੈ ਤਾਂ ਪੁੱਛੋ।

**ਸਰਦਾਰ ਗੁਰਦੀਪ ਸਿੰਘ ਭੈਣੀ :** ਇਸ ਦਾ ਕੋਈ ਹੱਲ ਕੱਢੋ। ਮੇਰੇ ਨਾਲ ਕੋਈ ਸੀਨੀਅਰ ਅਫ਼ਸਰ ਭੇਜੋ...........

**ਮਾਨਯੋਗ ਸਪੀਕਰ :** ਇਸ ਦਾ ਕੋਈ ਹੱਲ ਕਰੋਗੇ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੀਪ ਸਿੰਘ ਭੈਣੀ** : ਬਿਲਕੁੱਲ ਗਲਤ ਜਵਾਬ ਦਿੱਤਾ ਗਿਆ ਹੈ। ਈ.ਓ. ਪੈਸੇ ਖਾਈ ਜਾਂਦੇ ਹਨ। ਕਰੋੜਾਂ ਰੁਪਏ ਖਾਧੇ ਗਏ ਹਨ, ਇਸ ਦੀ ਇਨਕੁਆਇਰੀ ਕਰਵਾਓ..........

**ਮਾਨਯੋਗ ਸਪੀਕਰ** : ਤੁਸੀਂ ਹੁਣ ਜਵਾਬ ਸੁਣੋ। ਤੁਸੀਂ ਤਾਂ ਭਾਸ਼ਣ ਦੇਣ ਲੱਗ ਜਾਂਦੇ ਹੋ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਹੁਤ ਹੀ ਸੂਝਵਾਨ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ, ਉਹ ਇਹ ਸੀ ਕਿ ਸੀਵਰੇਜ ਸਿਸਟਮ ਡੈਮੇਜ ਤਾਂ ਨਹੀਂ ਹੋਇਆ। ਇਸ ਸਬੰਧੀ ਉਥੇ ਕੋਈ ਡੈਮੇਜ ਨਹੀਂ ਹੋਇਆ ਹੈ। ਸੀਵਰੇਜ ਬਿਲਕੁੱਲ ਠੀਕ ਹੈ, ਠੀਕ ਚੱਲ ਰਿਹਾ ਹੈ। ਜਿਥੋਂ ਤੱਕ ਸਫ਼ਾਈ ਦਾ ਸਵਾਲ ਹੈ, ਉਥੇ ਪੰਜ ਮਹੀਨਿਆਂ ਵਿੱਚ ਪੰਜ ਦਿਨ ਸਫ਼ਾਈ ਕਰਵਾਈ ਗਈ ਹੈ। ਮੇਰਾ ਖਿਆਲ ਹੈ ਕਿ ਮੌਕੇ ਤੇ ਐਮ.ਐਲ.ਏ. ਸਾਹਿਬ ਮੌਜੂਦ ਸਨ। ਇਨ੍ਹਾਂ ਨੇ ਵੀ ਦੇਖਿਆ ਹੈ। ਜੇਕਰ ਇਨ੍ਹਾਂ ਦੀ ਤਸੱਲੀ ਨਹੀਂ ਹੋਈ ਤਾਂ ਮੈਂ ਦੁਬਾਰਾ ਹਦਾਇਤ ਕਰ ਦਿੰਦਾ ਹਾਂ। ਮੌਕੇ ਤੇ ਐਗਜ਼ੈਕਟਿਵ ਅਫ਼ਸਰ ਜਾਵੇਗਾ ਅਤੇ ਜਿਹੜੀ ਵੀ ਸਮੱਸਿਆ ਹੈ, ਉਹ ਹੱਲ ਕਰਵਾਏਗਾ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ 2—4 ਵਾਰ ਸਫ਼ਾਈ ਕਰਵਾਈ ਸੀ ਪਰ ਮੁੜ ਕੇ ਫੇਰ ਪਾਣੀ ਨਾਲੀਆਂ ਵਿਚ ਭਰ ਗਿਆ ਹੈ। ਇਹ ਆਪਣਾ ਅਫ਼ਸਰ ਨਾਲ ਲੈ ਲੈਣ ਅਤੇ ਉਥੇ ਜਾ ਕੇ ਦੇਖ ਲੈਣ ਕਿ ਕੀ ਹਾਲਾਤ ਹਨ। ਜੇਕਰ ਉਥੇ ਇਸ ਵਕਤ ਪਾਣੀ ਨਾ ਖੜ੍ਹਾ ਹੋਵੇ ਤਾਂ ਭਾਵੇਂ ਤੁਸੀਂ ਮੈਨੂੰ ਜੁਰਮਾਨਾ ਪਾ ਦਿਓ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**ਮਾਨਯੋਗ ਸਪੀਕਰ** : ਅਗਲਾ ਸਵਾਲ।

---

## ਮਾਨਸਾ ਸ਼ਹਿਰ ਵਿਚ ਸੀਵਰੇਜ ਸਿਸਟਮ ਵਿਛਾਉਣਾ

***51. ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਨਸਾ ਸ਼ਹਿਰ ਵਿਚ ਸੀਵਰੇਜ ਸਿਸਟਮ ਨੂੰ ਵਿਛਾਉਣ ਲਈ ਆਰੰਭ ਕੀਤੇ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

**ਸ਼੍ਰੀ ਮਨੋਰੰਜਨ ਕਾਲੀਆ** : ਮਾਨਸਾ ਸ਼ਹਿਰ ਵਿਚ ਸੀਵਰੇਜ ਸਿਸਟਮ ਦੀ ਸਹੂਲਤ ਦੇਣ ਲਈ ਇਕ ਤਖ਼ਮੀਨਾ ਮਿਊਂਸਿਪਲ ਡਿਵੈਲਪਮੈਂਟ ਫੰਡ ਦੇ ਤਹਿਤ ਲਾਗਤ 640.36 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਸੀ। ਇਸ ਤਖ਼ਮੀਨੇ ਵਿਰੁੱਧ ਪੰਜਾਬ ਸਰਕਾਰ ਅਤੇ ਪੀ.ਆਈ.ਡੀ.ਬੀ. ਵੱਲੋਂ 73.39 ਲੱਖ ਰੁਪਏ ਜਮ੍ਹਾਂ ਕਰਵਾਏ ਗਏ ਹਨ।

ਇਸ ਪ੍ਰੋਜੈਕਟ ਤਹਿਤ ਮੇਨ ਸੀਵਰ 1.78 ਕਿਲੋਮੀਟਰ, ਪਾਈਪ ਸੀਵਰ 24.22 ਕਿਲੋਮੀਟਰ ਅਤੇ 36 ਇੰਚ ਡਾਇਆ ਦੀ ਰਾਈਜ਼ਿੰਗ ਮੇਨ 2 ਕਿਲੋਮੀਟਰ ਲਗਾਏ ਜਾਣ ਦੀ ਵਿਵਸਥਾ ਕੀਤੀ ਗਈ ਸੀ। ਇਸ ਪ੍ਰੋਜੈਕਟ ਤਹਿਤ 1.10 ਕਿਲੋਮੀਟਰ ਮੇਨ ਸੀਵਰ ਅਤੇ 9.45 ਕਿਲੋਮੀਟਰ ਪਾਈਪ ਸੀਵਰ ਲਗਾਇਆ ਗਿਆ ਹੈ ਅਤੇ ਬਾਕੀ ਦਾ ਕੰਮ ਫੰਡਜ਼ ਉਪਲੱਬਧ ਹੋਣ ਉਪਰੰਤ ਹੀ ਮੁਕੰਮਲ ਕੀਤਾ ਜਾ ਸਕੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਡਿਟੇਲ ਵਿਚ ਦੱਸਿਆ ਹੈ ਕਿ 640.36 ਲੱਖ ਦਾ ਪ੍ਰਾਜੈਕਟ ਹੈ ਅਤੇ ਪੰਜਾਬ ਸਰਕਾਰ ਅਤੇ ਪੀ.ਆਈ.ਡੀ.ਬੀ. ਵਲੋਂ 73.39 ਲੱਖ ਜਮ੍ਹਾਂ ਕਰਵਾਏ ਗਏ ਹਨ। ਕਿਰਪਾ ਕਰਕੇ ਇਹ ਦੱਸਣ ਕਿ ਬਾਕੀ ਪੈਸੇ ਕਿਸ ਹੈੱਡ ਤੋਂ ਆਉਣਗੇ ? ਕੀ ਇਹ ਕੰਮ ਕਰਵਾਇਆ ਜਾਵੇਗਾ ਜਾਂ ਫਿਰ ਰੁਕ ਜਾਵੇਗਾ, ਇਸ ਬਾਰੇ ਇਹ ਸਪੱਸ਼ਟ ਕਰਨ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਪਿਛਲੇ ਪੰਜ ਸਾਲ ਕੁਝ ਨਹੀਂ ਕੀਤਾ। ਇਹ ਪੈਸਾ ਪਿਛਲੀ ਸਰਕਾਰ ਨੇ ਜਾਂਦਿਆਂ ਹੋਇਆਂ ਜਨਵਰੀ, 2007 ਵਿਚ ਜਮ੍ਹਾਂ ਕਰਵਾਇਆ ਸੀ ਅਤੇ ਹੁਣ ਇਸ ਮਾਨਸਾ ਸ਼ਹਿਰ ਨੂੰ Road Infrastructure Development Scheme for medium and small towns ਤਹਿਤ ਲਿਆ ਹੈ, ਜਿਸ ਵਿਚ 40 ਸ਼ਹਿਰਾਂ ਦੇ ਸਾਰੇ ਡਿਸਟ੍ਰਿਕਟ ਟਾਊਨ ਅਤੇ ਇੰਪਾਰਟੈਂਟ ਤਹਿਸੀਲਾਂ ਲਈਆਂ ਹਨ। ਉਨ੍ਹਾਂ ਸ਼ਹਿਰਾਂ ਵਿਚ ਮਾਨਸਾ ਵੀ ਸ਼ਾਮਿਲ ਹੈ। ਇਸ ਦੇ ਤਹਿਤ ਸਾਰੀਆਂ ਸਿਵਿਕ ਐਮੈਨਟੀਜ਼ ਜਿਵੇਂ ਕਿ ਰੋਡਜ਼, ਸੀਵਰੇਜ਼, ਸਟ੍ਰੀਟ ਲਾਈਟਸ, ਵਾਟਰ ਸਪਲਾਈ ਆਦਿ ਇਹ ਸਾਰੀਆਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਸਾਰੇ ਕੰਮ ਲਈ ਡਿਟੇਲਡ ਪ੍ਰਾਜੈਕਟ ਰਿਪੋਰਟ ਬਣੇਗੀ। ਉਸ ਤੋਂ ਬਾਅਦ ਇਸ ਵਿਚ ਕੇਂਦਰ ਸਰਕਾਰ ਵਲੋਂ 80%, ਪੰਜਾਬ ਸਰਕਾਰ ਵਲੋਂ 10% ਅਤੇ ਮਿਊਂਸਿਪਲ ਕਮੇਟੀ ਵਲੋਂ 10% ਹਿੱਸਾ ਪਾਇਆ ਜਾਵੇਗਾ। ਇਹ ਕੰਮ ਆਉਣ ਵਾਲੇ ਦਿਨਾਂ ਵਿਚ ਮੁਕੰਮਲ ਕਰਵਾਇਆ ਜਾਵੇਗਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮੈਂ ਤਾਂ ਇਹ ਜਾਨਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੀ ਸਰਕਾਰ ਦੀ ਗੱਲ ਕਰਕੇ ਇਸ ਨੂੰ ਗੋਲ ਕਰ ਦਿਤਾ। ਬਠਿੰਡੇ ਦਾ ਬੁਰਾ ਹਾਲ ਹੈ ਅਤੇ ਇਹ ਬਾਦਲ ਸਾਹਿਬ ਦੀ ਨਾੱਲਿਜ਼ ਵਿਚ ਵੀ ਹੈ। ਸੀਵਰੇਜ਼ ਤੋਂ ਬਿਨਾਂ ਉਥੇ ਲੋਕਾਂ ਨੂੰ ਔਖ ਕੱਟਣੀ ਪੈ ਰਹੀ ਹੈ। ਉਹੀ ਹਾਲ ਮਾਨਸਾ ਦਾ ਹੈ। ਕੀ ਇਹ ਇਸ ਪ੍ਰਾਜੈਕਟ ਨੂੰ ਰੱਦ ਕਰਦੇ ਹਨ ਅਤੇ ਨਵੇਂ ਸਿਰੇ ਤੋਂ ਕੋਈ ਪ੍ਰਾਜੈਕਟ ਸ਼ੁਰੂ ਕਰਨਗੇ, ਜੋ ਕਿ ਇਨ੍ਹਾਂ ਦੀ ਟੈਨਿਓਰ ਦੇ ਅਖੀਰਲੇ ਸਾਲਾਂ ਵਿਚ ਕੰਮ ਕਰਨਾ ਸ਼ੁਰੂ ਕਰੇਗਾ ਜਾਂ ਫਿਰ ਇਸੇ ਪ੍ਰਾਜੈਕਟ ਨੂੰ ਕੰਟੀਨਿਊ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਇਸੇ ਨੂੰ ਕੰਟੀਨਿਊ ਰੱਖਾਂਗੇ। ਇਸੇ ਸਕੀਮ ਵਿਚ ਅਸੀਂ ਮਾਨਸਾ ਨੂੰ ਇਨਕਲੂਡ ਕੀਤਾ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਬਾਕੀ, ਸਪੀਕਰ ਸਾਹਿਬ, ਜਿਹੜੀ ਮੇਨ ਰੋਡ ਸਿਰਸਾ ਤੋਂ ਆ ਰਹੀ ਹੈ, ਜਿਸ ਉਪਰ ਕਾਲਜ ਹੈ ਅਤੇ ਡੀ.ਸੀ. ਦਾ ਰੈਂਜੀਡੈਂਸ ਵੀ ਹੈ, ਇਹ ਪਹਿਲਾਂ ਇਨਕਲੂਡ ਨਹੀਂ ਕੀਤਾ ਗਿਆ। ਇਹ 2 ਕਿ.ਮੀ. ਦਾ ਪੈਚ ਹੈ। ਕੀ ਇਹ ਇਸ ਨੂੰ ਵੀ ਵਿਚ ਹੀ ਇਨਕਲੂਡ ਕਰਨਗੇ ?

**ਮੰਤਰੀ** : ਜਿਹੜੀ ਅਸੀਂ ਅਗਲੀ ਸਕੀਮ ਬਣਾ ਰਹੇ ਹਾਂ ਉਸ ਵਿਚ ਇਹ ਸਾਰੇ ਇਨਕਲੂਡ ਕਰਾਂਗੇ।

---

*Original with;*
Punjab Vidhan Sabha
*Digitized by;*
Panjab Digital Library

## ਰਾਜ ਵਿੱਚ ਪੰਚਾਇਤ ਸਕੱਤਰਾਂ ਦੀ ਬਹਾਲੀ

***142. ਸਰਦਾਰ ਨਿਰਮਲ ਸਿੰਘ (ਸਰਦਾਰ ਮੱਖਣ ਸਿੰਘ ਵੱਲੋਂ ਪੇਸ਼ ਕੀਤਾ ਗਿਆ)** : ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੀ ਸਰਕਾਰ ਦੁਆਰਾ ਬਰਖਾਸਤ ਕੀਤੇ ਗਏ ਪੰਚਾਇਤ ਸਕੱਤਰਾਂ ਨੂੰ ਬਹਾਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਨਹੀਂ ਜੀ। ਮਾਮਲਾ ਮਾਨਯੋਗ ਹਾਈਕੋਰਟ ਵਿੱਚ ਲੰਬਿਤ ਹੈ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਜੇਕਰ ਮੰਤਰੀ ਸਾਹਿਬ ਐਸ਼ੋਰੈਂਸ਼ ਦੇ ਦੇਣ ਤਾਂ........

**ਮਾਨਯੋਗ ਸਪੀਕਰ** : ਇਹ ਮੈਟਰ ਸਬਜੂਡਿਸ ਹੈ। ਇਸ ਤੇ ਬਹੁਤੇ ਕੁਐਸਚਨ ਕਰਨਾ ਨਹੀਂ ਬਣਦਾ।

**ਸਰਦਾਰ ਮੱਖਣ ਸਿੰਘ** : ਅਗਰ ਮੰਤਰੀ ਸਾਹਿਬ ਐਸ਼ੋਰੈਂਸ਼ ਦੇ ਦੇਣ ਤਾਂ ਕੇਸ ਅਸੀਂ ਵਾਪਸ ਲੈ ਲਵਾਂਗੇ।

**ਮਾਨਯੋਗ ਸਪੀਕਰ** : ਫਿਰ ਕੇਸ ਵਾਪਸ ਲੈ ਕੇ ਗੱਲ ਕਰ ਲਵੋ।

**ਸਰਦਾਰ ਮੱਖਣ ਸਿੰਘ** : ਜੇ ਗੱਲਬਾਤ ਨਾਲ ਮੰਨਦੇ ਹੁੰਦੇ ਤਾਂ ਤੇ ਕੋਰਟ ਵਿਚ ਜਾਣ ਦੀ ਲੋੜ ਹੀ ਨਾ ਪੈਂਦੀ।

**ਮਾਨਯੋਗ ਸਪੀਕਰ** : ਜੇ ਹੁਣ ਕੋਰਟ ਵਿਚ ਗਏ ਹਨ ਤਾਂ ਫੈਸਲਾ ਉਡੀਕ ਲਵੋ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਕੋਰਟ ਵਿਚ ਜਾਣ ਦੀ ਲੋੜ ਤਾਂ ਤਦ ਹੀ ਪਈ ਜੇਕਰ ਮਹਿਕਮੇ ਨੇ ਜਵਾਬ ਦੇ ਦਿੱਤਾ। ਅਗਰ ਤੁਸੀਂ ਕਹਿੰਦੇ ਹੋ ਤਾਂ ਅਸੀਂ ਕੇਸ ਵਿਦਡਰਾਅ ਕਰ ਲੈਂਦੇ ਹਾਂ।

**ਮਾਨਯੋਗ ਸਪੀਕਰ** : ਜੇਕਰ ਕੋਈ ਕੇਸ ਕੋਰਟ ਵਿਚ ਲੱਗਾ ਹੋਇਆ ਹੋਵੇ ਤਾਂ ਉਹ ਸਬਜੂਡਿਸ ਬਣ ਜਾਂਦਾ ਹੈ। ਇਸ ਤੇ ਕੋਈ ਕੁਐਸਚਨ ਨਹੀਂ ਹੋ ਸਕਦਾ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਅਸੀਂ ਕੇਸ ਕੋਰਟ ਵਿਚੋਂ ਵਾਪਸ ਲੈ ਲਵਾਂਗੇ ਅਗਰ ਮੰਤਰੀ ਸਾਹਿਬ ਐਸ਼ੋਰੈਂਸ਼ ਦੇ ਦੇਣ। ਮੈਂ ਹਾਊਸ ਵਿਚ ਤੁਹਾਡੇ ਰਾਹੀਂ ਹੀ ਗੱਲ ਕਰ ਸਕਦਾ ਹਾਂ। ਮੈਂ ਸਿੱਧਾ ਆਪਣੇ ਤੌਰ ਤੇ ਤਾਂ ਗੱਲ ਨਹੀਂ ਕਰ ਸਕਦਾ। ਮੈਂ ਤੁਹਾਡੇ ਰਾਹੀਂ ਹੀ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ** : ਪਲੀਜ਼, ਬੈਠੋ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਵੀ ਇੱਕ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ.......

**ਮਾਨਯੋਗ ਸਪੀਕਰ** : ਇਹ ਮੈਟਰ ਸਬਜੂਡਿਸ ਹੈ। ਇਸ ਤੇ ਕੋਈ ਕੁਐਸਚਨ ਨਹੀਂ ਹੋ ਸਕਦਾ। ਅਗਲਾ ਸਵਾਲ ।

---

Original with;
Punjab Vidhan Sabha
Digitized by;
Panjab Digital Library

## ਸਿਵਲ ਹਸਪਤਾਲ, ਦਿੜਬਾ ਵਿਚ ਡਾਕਟਰਾਂ ਦੀਆਂ ਖਾਲੀ ਅਸਾਮੀਆਂ

***150. ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਦਿੜਬਾ ਵਿਚ ਡਾਕਟਰਾਂ ਦੀਆਂ ਮੰਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉਥੇ ਕਿੰਨੇ ਡਾਕਟਰ ਅਸਲ ਵਿਚ ਲਗਾਏ ਗਏ ਹਨ ਅਤੇ ਉਕਤ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

**श्रीमती लक्ष्मी कांता चावला :** स्पीकर साहिब, मैं बताना चाहती हूँ कि दिड़बा में कोई सिवल अस्पताल नहीं है, सिर्फ वहां मिन्नी पी.एच.सी. ही है। वहां एक ही डाक्टर की पोस्ट sanctioned थी, जो कि अब भरी जा चुकी है।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਪੋਸਟ ਭਰੀ ਜਾ ਚੁੱਕੀ ਹੈ। ਪਰ 16 ਤਰੀਕ ਤੱਕ ਤਾਂ ਇਹ ਭਰੀ ਨਹੀਂ ਗਈ ਸੀ। ਉਸ ਤੋਂ ਬਾਅਦ ਫ਼ਿਰ ਕਿਹੜੀ ਤਰੀਕ ਨੂੰ ਭਰੀ ਗਈ, ਇਹ ਇਸ ਗੱਲ ਦਾ ਜਵਾਬ ਦੇ ਦੇਣ।

**मंत्री :** स्पीकर साहिब, मैं 12 जून को संगरूर ज़िले के दौरे पर गई थी और भवानीगढ़ मीटिंग में मुझे पता चला कि दिड़बा के पी.एच.सी. में डाक्टर की एक पोस्ट खाली है। अब वहां डाक्टर मनजीत कौर की नियुक्ति हो चुकी है। पहले वहां विकास धीर नाम का डाक्टर हफ्ते में तीन दिन जाया करता था। अब वहां डाक्टर मौजूद हैं। माननीय विधायक जाकर वहां देख सकते हैं। इनको शायद मालूम नहीं था वहां पर एक स्टाफ नर्स की जगह भी खाली थी। वहां पर स्टाफ नर्स संदीप कौर को भी भेजा जा चुका है। (थंपिंग)

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਦਿੜਬਾ ਵਿਖੇ ਮਿੰਨੀ ਪੀ.ਐਚ.ਸੀ. ਵਿਚ ਡਾਕਟਰ ਸਾਹਿਬ ਦੇ ਆਰਡਰ ਕੀਤੇ ਗਏ ਹਨ, ਕੀ ਉਹ ਪੱਕੇ ਤੌਰ ਤੇ ਕੀਤੇ ਗਏ ਹਨ, ਜਾਂ ਫਿਰ ਟੈਂਪਰੇਰੀ ਤੌਰ ਤੇ ਕੀਤੇ ਗਏ ਹਨ ?

**मंत्री :** जब कहा है कि कर दिया तो पक्के तौर पर कर दिया है। कच्चा काम पहले होता था अब काम पक्का होता है। वर्ष 2005 से यह पोस्ट खाली पड़ी थी। जो कि अब हमने भर दी है।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਉਥੇ ਡਾਕਟਰ ਦੇ ਆਰਡਰ ਕੀਤੇ ਹਨ, ਕੀ ਉਥੇ ਉਸ ਦੀ ਰਿਹਾਇਸ਼ ਹੋਣਾ ਯਕੀਨੀ ਬਣਾਇਆ ਜਾਵੇਗਾ ਕਿਉਂਕਿ ਉਥੇ ਬਿਲਡਿੰਗ ਪਹਿਲਾਂ ਹੀ ਬਣੀ ਹੋਈ ਹੈ ਅਤੇ ਬੇਕਾਰ ਪਈ ਹੈ। ਅੱਜ ਤੱਕ ਕਿਸੇ ਵੀ ਡਾਕਟਰ ਦੀ ਉਥੇ ਰਿਹਾਇਸ਼ ਨਹੀਂ ਹੈ। ਜਿੱਥੇ ਡਾਕਟਰ ਦੀ ਨਿਯੁਕਤੀ ਦੇ ਆਰਡਰ ਕੀਤੇ ਗਏ ਹਨ, ਇਸੇ ਤਰ੍ਹਾਂ ਉਥੇ ਡਾਕਟਰ ਦੀ ਰਿਹਾਇਸ਼ ਵੀ ਪੱਕੇ ਤੌਰ ਤੇ ਕੀਤੀ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਪ੍ਰਾਰਥਨਾ ਕੀਤੀ ਸੀ ਕਿ ਆਰਡਰ ਪੱਕੇ ਹਨ ਪਰ ਮਿਨੀ ਪੀ.ਐਚ.ਸੀ. ਦੇ ਵਿਚ ਡਾਕਟਰ ਕੋਈ ਰਹਿੰਦਾ ਨਹੀਂ ਹੈ। ਸਗੋਂ ਸੀ.ਐਚ.ਸੀ. ਦੇ ਕਿਤੇ ਕਿਤੇ ਰਹਿੰਦੇ ਹਨ।

**ਸਰਦਾਰ ਸੁਰਜੀਤ ਸਿੰਘ ਧੀਮਾਨ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਡਾਕਟਰ ਦੀ ਰਿਹਾਇਸ਼ ਵੀ ਪੱਕੇ ਤੌਰ ਤੇ ਹੋਣੀ ਚਾਹੀਦੀ ਹੈ। ਅਗਰ ਪੱਕੇ ਤੌਰ ਤੇ ਰਿਹਾਇਸ਼ ਨਹੀਂ ਹੁੰਦੀ ਤਾਂ ਫ਼ਿਰ ਉਸ ਬਿਲਡਿੰਗ ਤੇ ਸਰਕਾਰ ਦਾ ਜੋ ਲੱਖਾਂ ਕਰੋੜਾਂ ਰੁਪਿਆ ਲੱਗਿਆ ਹੈ, ਉਹ ਕਿਸ ਵਾਸਤੇ ਲਗਾਇਆ ਗਿਆ ਹੈ? ਇੰਨਾ ਖਰਚਾ ਵੀ ਹੋਇਆ ਹੈ।

**ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਇਸ ਗੱਲ ਦਾ ਇਤਰਾਜ਼ ਹੈ ਕਿ ਬਿਲਡਿੰਗ ਇੰਨੀ ਵਧੀਆ ਕਿਉਂ ਬਣਾਈ ਹੋਈ ਹੈ। ਉਥੇ ਮਿਨੀ ਪੀ.ਐਚ.ਸੀ. ਦੇ ਵਿਚ ਸਾਰਾ ਸਟਾਫ ਵੀ ਹੈ। ਡਾਕਟਰ ਵੀ ਹਨ। ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਉਥੇ ਇੱਕ ਲੈਬ ਟੈਕਨੀਸ਼ੀਅਨ ਦੀ ਜਗ੍ਹਾ ਖਾਲੀ ਹੈ, ਉਹ ਵੀ ਇੱਕ ਮਹੀਨੇ ਦੇ ਵਿਚ ਵਿਚ ਭਰ ਦਿੱਤੀ ਜਾਵੇਗੀ। (ਥੰਪਿੰਗ)

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਮੇਰਾ ਸਵਾਲ ਨੰ: 43 ਰਹਿ ਗਿਆ ਹੈ ਜੀ। ਜੇ ਆਗਿਆ ਦਿੰਦੇ ਹੋ ਤਾਂ ਮੈਂ ਆਪਣਾ ਸਵਾਲ ਕਰ ਲਵਾਂ। ਇਹ ਸਵਾਲ ਮੇਰੇ ਆਉਣ ਤੋਂ ਪਹਿਲਾਂ ਨਿਕਲ ਗਿਆ ਹੈ ਕਿਉਂਕਿ ਮੈਂ ਥੋੜ੍ਹਾ ਜਿਹਾ ਲੇਟ ਹੋ ਗਿਆ ਸੀ। ਮੈਂ ਇਸ ਗੱਲ ਲਈ ਮੁਆਫ਼ੀ ਵੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਅੱਗੇ ਤੋਂ ਸਮੇਂ ਦਾ ਧਿਆਨ ਰੱਖਿਆ ਕਰੋ। ਹਾਂ ਜੀ, ਸਵਾਲ ਕਰੋ।

---

## ਸਿਵਲ ਹਸਪਤਾਲ, ਆਦਮਪੁਰ ਲਈ ਡਾਕਟਰੀ ਸਾਜ਼ੋ-ਸਮਾਨ

***43. ਸਰਦਾਰ ਸਰਬਜੀਤ ਸਿੰਘ ਮੱਕੜ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ, ਆਦਮਪੁਰ, ਜ਼ਿਲ੍ਹਾ ਜਲੰਧਰ ਦੀ ਇਮਾਰਤ ਜਿਹੜੀ ਇਸ ਸਮੇਂ ਖਸਤਾ ਹਾਲਤ ਵਿਚ ਹੈ, ਦੀ ਮੁਰੰਮਤ ਕਰਨ ਅਤੇ ਨਾਲ ਹੀ ਉਸ ਵਿਚ ਹਰ ਤਰ੍ਹਾਂ ਦਾ ਡਾਕਟਰੀ ਸਾਜ਼ੋ-ਸਮਾਨ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

**श्रीमती लक्ष्मी कांता चावला** : स्पीकर साहिब, मेरे पास स्वाल का जवाब तैयार है। आगे क्या परंपरा रही है, यह मुझे नहीं मालूम। अगर यह लेट हो गये हैं, लेकिन मैं तो फिर भी आपकी आज्ञा का पालन करूंगी।

मैं बताना चाहती हूँ कि आदमपुर के अस्पताल की बिल्डिंग काफी खस्ता है। इसमें कोई स्टाफ नहीं है, लेकिन उस बिल्डिंग को ठीक करने का प्राजैक्ट शुरु हो चुका है और यह चल रहा है। पिछली सरकार ने उस के लिए 10 लाख रुपए दिये थे, 5 लाख नगर पालिका के द्वारा लगे थे और 5 लाख नहीं लगे थे। अब हमने इस सारे काम को जो अगले वर्ष की योजना है उस में पी.एम. 1.5 के अर्न्तगत हमने Finance Department को 27 लाख की योजना भेज दी है। बिल्डिंग ठीक हो जाएगी लेकिन इसमें कोई नये साज़ो सामान देने का विचार अभी नहीं है।

Original with;
Punjab Vidhan Sabha
Digitized by;
Panjab Digital Library

**ਸਰਦਾਰ ਸਰਬਜੀਤ ਸਿੰਘ ਮੱਕੜ :** ਮੇਰੀ ਬੇਨਤੀ ਹੈ ਕਿ ਸਾਡੇ ਕੋਲ ਸਾਰੇ ਹਲਕੇ ਵਿੱਚ ਇੱਕ ਡਿਸਪੈਂਸਰੀ ਤੇ ਇੱਕ ਹਸਪਤਾਲ ਹੈ ਅਤੇ ਮੈਂ ਜਦੋਂ ਆਪੋਜ਼ੀਸ਼ਨ ਦੇ ਵਿੱਚ ਸੀ ਤਾਂ ਮੈਂ ਨਿਊਜ਼ ਬਣਾਉਂਦਾ ਰਿਹਾ ਹਾਂ ਕਿ ਇਸ ਹਸਪਤਾਲ ਦੇ ਵਿੱਚ ਲੋਕਾਂ ਦਾ ਬਹੁਤ ਬੁਰਾ ਹਾਲ ਹੈ। ਅੱਜ ਉਸ ਹਸਪਤਾਲ ਦੇ ਵਿੱਚ ਇੰਨੀ ਵੱਡੀ ਪ੍ਰਾਬਲਮ ਹੈ ਕਿ ਉੱਥੇ ਸਾਜੋ ਸਾਮਾਨ ਛੱਡ ਦਿਓ ਚਾਦਰਾਂ ਵੀ ਪੂਰੀਆਂ ਨਹੀਂ ਹਨ। ਮੇਰੀ ਬੇਨਤੀ ਹੈ ਕਿ ਇਸ ਵੱਲ ਪੂਰਾ ਧਿਆਨ ਦਿੱਤਾ ਜਾਵੇ। ਉੱਥੇ ਦੇ ਜਿਹੜੇ ਪੇਸ਼ੈਂਟਸ ਹਨ, ਉਨ੍ਹਾਂ ਨੂੰ ਬਹੁਤ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਗਰੀਬ ਆਦਮੀ ਉੱਥੇ ਆਉਂਦਾ ਹੈ। ਜਾਲੀ ਵਾਲੇ ਡੋਰਜ਼ ਵੀ ਉੱਥੇ ਨਹੀਂ ਹਨ। ਉੱਥੇ ਚੀਜ਼ਾਂ ਦੀ ਬਹੁਤ ਕਮੀ ਹੈ, ਜਿਹੜੀਆਂ ਇਮੀਜੀਏਟਲੀ ਪੂਰੀਆਂ ਕਰਨੀਆਂ ਬਹੁਤ ਜ਼ਰੂਰੀ ਹਨ। ਬਿਲਡਿੰਗ ਨੂੰ ਵੀ ਇਮੀਜੀਏਟਲੀ ਪੂਰਾ ਕਰਨਾ ਬਹੁਤ ਜ਼ਰੂਰੀ ਹੈ। ਮੇਰੀ ਮੰਗ ਹੈ ਕਿ ਬਾਰ ਬਾਰ ਮੁੱਖ ਮੰਤਰੀ ਸਾਹਿਬ ਜੀ ਨੂੰ ਮੈਂ ਇਸ ਲਈ ਕਹਿੰਦਾ ਹਾਂ ਕਿਉਂਕਿ ਇਨ੍ਹਾਂ ਨੇ ਸੰਗਤ ਦਰਸ਼ਨ ਦੇ ਵਿੱਚ ਲੋਕਾਂ ਦੀਆ ਤਕਲੀਫ਼ਾਂ ਸੁਣੀਆਂ ਹਨ। ਸਰਕਾਰ ਬਦਲ ਗਈ ਉਸ ਤੋਂ ਬਾਅਦ...............

**ਮਾਨਯੋਗ ਸਪੀਕਰ :** ਸਵਾਲ ਕਰੋ ਜੀ ਕੀ ਕਰਨਾ ਹੈ, ਤੁਸੀਂ ਸਵਾਲ ਕਰੋ।

**ਸਰਦਾਰ ਸਰਬਜੀਤ ਸਿੰਘ ਮੱਕੜ :** ਸਵਾਲ ਇਹੋ ਜੀ ਕਿ ਇਸਨੂੰ ਜਲਦੀ ਕਰਵਾਇਆ ਜਾਵੇ।

**ਮਾਨਯੋਗ ਸਪੀਕਰ :** ਇਹ ਮੰਗਾਂ ਪੂਰੀਆਂ ਕਰੋਗੇ, ਬੀਬੀ ਜੀ?

**ਮੰਤਰੀ :** ਸਪੀਕਰ ਸਾਹਿਬ, ਤੁਸੀਂ ਜੋ ਹੁਕਮ ਕੀਤਾ ਹੈ ਇੱਕ ਵਾਰ ਫਿਰ ਬੋਲ ਦਿਓ ਜੀ।

**ਮਾਨਯੋਗ ਸਪੀਕਰ :** ਇਨ੍ਹਾਂ ਨੇ ਕੁਝ ਗੱਲਾਂ ਕੀਤੀਆਂ ਹਨ ਕਿ ਉੱਥੇ ਕੁਝ ਕਮੀਆਂ ਹਨ, ਕੀ ਇਨ੍ਹਾਂ ਦੇ ਮੁਤਲੱਕ ਕੋਈ ਹੱਲ ਨਿਕਲੇਗਾ?

मंत्री :. स्पीकर साहिब, 5 लाख रूपये की लागत से बिल्डिंग को ठीक करने का काम शुरु हो चुका है । एक लाख रूपया माताओं को बच्चों को जन्म देने के समय जो सेवा चाहिये, उस के लिये भी दे दिया गया है । पानी की सही सप्लाई देने के लिए, वहां पानी की स्टोरेज का काम चालू हो गया है । 25,000 रूपया day to day जरूरतों के लिए दे दिया गया है और Minor Operation Theatre बनाने के लिए भी वहां काम चल रहा है । मैं आपके माध्यम से मानयोग विधायक जी से यह कहना चाहती हूँ कि जो 3 एकड़ जमीन हमें कम से कम चाहिये वो हमें वहां नगर पालिका से दिलवा दें तो हम एक CHC, National Rural Health Mission के अन्तर्गत बहुत जल्दी बनवा देंगे ।

**ਮਾਨਯੋਗ ਸਪੀਕਰ :** ਅਗਲਾ ਸਵਾਲ, ਬਲਬੀਰ ਸਿੰਘ ਬਾਠ ਜੀ।

**ਕੈਪਟਨ ਬਲਬੀਰ ਸਿੰਘ ਬਾਠ :** ਸਪੀਕਰ ਸਾਹਿਬ, ਜੇ ਤੁਸੀਂ ਇਸ ਕੁਰਸੀ ਤੇ ਨਾ ਹੁੰਦੇ ਤਾਂ ਮੈਨੂੰ ਇਤਰਾਜ਼ ਹੁੰਦਾ ਕਿ.....ਸਪੀਕਰ ਸਾਹਿਬ, ਮੈਂ ਦੂਜੇ ਢੰਗ ਨਾਲ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਜਵਾਬ ਹਨ ਇਹ ਸਾਨੂੰ ਅੱਜ ਮਿਲੇ ਹਨ, ਇਹ ਇੱਕ ਦਿਨ ਪਹਿਲਾਂ ਮਿਲਣੇ ਚਾਹੀਦੇ ਹਨ।

**ਮਾਨਯੋਗ ਸਪੀਕਰ :** ਮੈਂ ਕੁਐਸ਼ਚਨ ਦੀ ਗੱਲ ਕੀਤੀ ਹੈ, ਬਾਠ ਸਾਹਿਬ ਉਸ ਦਾ ਨੰਬਰ ਦੱਸੋ, ਤੇ ਇਹ ਉਸ ਦਾ ਜਵਾਬ ਦੇਣ।

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਮਾਰਕੀਟ ਫ਼ੀਸ ਦੀ ਚੋਰੀ

***135. ਕੈਪਟਨ ਬਲਬੀਰ ਸਿੰਘ ਬਾਠ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਮੰਡੀ ਬੋਰਡ ਦੁਆਰਾ ਮਾਰਕੀਟ ਫ਼ੀਸ ਵਜੋਂ ਸਾਲ-ਵਾਰ ਕਿੰਨਾ ਮਾਲੀਆ ਕਮਾਇਆ ਗਿਆ ਅਤੇ ਉਕਤ ਸਮੇਂ ਦੌਰਾਨ ਫ਼ੀਸ ਦੀ ਚੋਰੀ ਸਬੰਧੀ ਸਾਹਮਣੇ ਆਏ ਕੇਸਾਂ ਦੀ ਗਿਣਤੀ ਕਿੰਨੀ ਹੈ?

**ਸਰਦਾਰ ਸੁੱਚਾ ਸਿੰਘ ਲੰਗਾਹ :** ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

### ਸੂਚਨਾ

ਪੰਜਾਬ ਮੰਡੀ ਬੋਰਡ ਦੇ ਕੰਟਰੋਲ ਅਧੀਨ 145 ਮਾਰਕੀਟ ਕਮੇਟੀਆਂ ਹਨ। ਇਨ੍ਹਾਂ ਮਾਰਕੀਟ ਕਮੇਟੀਆਂ ਦੁਆਰਾ ਮਾਰਕੀਟ ਫ਼ੀਸ ਦੀ ਜੋ ਆਮਦਨ ਪਿਛਲੇ ਪੰਜਾਂ ਸਾਲਾਂ ਵਿਚ ਹੋਈ ਹੈ ਅਤੇ ਮਾਰਕੀਟ ਫੀਸ ਦੀ ਚੋਰੀ ਦੇ ਜੋ ਕੇਸ ਫੜੇ ਗਏ ਹਨ ਉਹ ਇਸ ਪ੍ਰਕਾਰ ਹਨ :—

| ਲੜੀ ਨੰ: | ਸਾਲ | ਮਾਰਕੀਟ ਫੀਸ (ਰਕਮ ਕਰੋੜਾਂ ਵਿਚ) | ਮਾਰਕੀਟ ਫ਼ੀਸ ਦੀ ਚੋਰੀ ਦੇ ਡਿਟੈਕਟ ਕੇਸਾਂ ਦੀ ਗਿਣਤੀ |
|---|---|---|---|
| 1 | 2002-03 | 307.77 | 968 |
| 2 | 2003-04 | 330.77 | 809 |
| 3 | 2004-05 | 353.71 | 747 |
| 4 | 2005-06 | 362.02 | 878 |
| 5 | 2006-07 | 345.55 | 870 |

**ਕੈਪਟਨ ਬਲਬੀਰ ਸਿੰਘ ਬਾਠ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਆੜ੍ਹਤੀਏ ਚੋਰੀ ਕਰਦੇ ਹਨ ਅਤੇ ਮਾੜਾ ਕੰਮ ਕਰਦੇ ਹਨ, ਉਨ੍ਹਾਂ ਦੇ ਲਾਇਸੰਸ ਸਸਪੈਂਡ ਕਰ ਦਿੱਤੇ ਜਾਂਦੇ ਹਨ ਲੇਕਿਨ ਉਹ ਕਿਸੇ ਹੋਰ ਦੇ ਨਾਂ ਤੇ ਲਾਇਸੰਸ ਬਣਾ ਲੈਂਦੇ ਹਨ। ਇਸੇ ਤਰ੍ਹਾਂ ਦੋਸ਼ੀ ਅਫ਼ਸਰ ਵੀ ਸਸਪੈਂਡ ਹੋ ਜਾਂਦੇ ਹਨ ਲੇਕਿਨ ਬਾਅਦ ਵਿਚ ਉਹ ਵੀ ਬਹਾਲ ਹੋ ਜਾਂਦੇ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਅਫ਼ਸਰ ਇਨ੍ਹਾਂ ਨੇ ਡਿਸਮਿਸ ਵੀ ਕੀਤੇ ਹਨ?

**ਮੰਤਰੀ :** ਸਪੀਕਰ ਸਾਹਿਬ, ਇਹ ਲਾਇਸੰਸ ਕੈਂਸਲ ਵੀ ਕੀਤੇ ਗਏ ਹਨ ਅਤੇ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਬਹਾਲ ਵੀ ਕੀਤੇ ਗਏ ਹਨ। ਕਸੂਰਵਾਰ ਅਫ਼ਸਰਾਂ ਦੇ ਖਿਲਾਫ ਐਕਸ਼ਨ ਵੀ ਲਿਆ ਜਾਂਦਾ ਹੈ। ਜੇਕਰ ਕੋਈ ਖਾਸ ਕੇਸ ਇਨ੍ਹਾਂ ਦੇ ਧਿਆਨ ਵਿਚ ਹੈ ਤਾਂ ਇਹ ਦੱਸ ਦੇਣ, ਅਸੀਂ ਜ਼ਰੂਰ ਕਾਰਵਾਈ ਕਰਾਂਗੇ।

Original with;
Punjab Vidhan Sabha
Digitized by;
Panjab Digital Library

**ਕੈਪਟਨ ਬਲਬੀਰ ਸਿੰਘ ਬਾਠ :** ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਮਾਰਕੀਟ ਕਮੇਟੀਆਂ ਦੀ ਫੀਸ 50% ਤੋਂ ਵੀ ਜ਼ਿਆਦਾ ਚੋਰੀ ਹੁੰਦੀ ਹੈ। ਜੇ ਇਹ ਚੋਰੀ ਰੋਕ ਲਈ ਜਾਵੇ ਤਾਂ ਕਰੋੜਾਂ ਰੁਪਏ ਦੀ ਵਾਧੂ ਆਮਦਨ ਹੋ ਸਕਦੀ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਚੋਰੀ ਨੂੰ ਰੋਕਣ ਲਈ ਕੀ ਕੋਈ ਫੂਲਪਰੂਫ ਮੈਥਡ ਅਪਣਾਏ ਜਾ ਰਹੇ ਹਨ?

**ਮੰਤਰੀ :** ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਇਸ ਸਾਰੇ ਮਾਮਲੇ ਨੂੰ ਪੂਰੇ ਗੌਰ ਨਾਲ ਵੇਖਿਆ ਜਾਵੇ ਅਤੇ ਐਸਾ ਪ੍ਰਬੰਧ ਕੀਤਾ ਜਾਵੇ ਜਿਸ ਨਾਲ ਕਿਸੇ ਕੀਮਤ ਤੇ ਵੀ ਇਹ ਚੋਰੀ ਨਾ ਹੋ ਸਕੇ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮੇਰਾ ਸਵਾਲ ਨੰ: 52 ਪਹਿਲਾਂ ਲੰਘ ਗਿਆ ਹੈ, ਉਸ ਵੇਲੇ ਮੈਂ ਹਾਜ਼ਰ ਨਹੀਂ ਸੀ। ਕਿਰਪਾ ਕਰਕੇ ਹੁਣ ਇਹ ਸਵਾਲ ਮੈਨੂੰ ਪੁੱਛ ਲੈਣ ਦਿਓ।

**ਮਾਨਯੋਗ ਸਪੀਕਰ :** ਠੀਕ ਹੈ ਜੀ।

---

## ਜ਼ਿਲ੍ਹਾ ਮਾਨਸਾ ਵਿਚ ਲਿੰਕ ਸੜਕਾਂ ਦੇ ਨਾਲ ਲਗਦੇ ਨਜਾਇਜ਼ ਕਬਜ਼ਿਆਂ ਦੀ ਬੇਦਖਲੀ

***52. ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਮਾਨਸਾ ਵਿਚ ਲਿੰਕ ਸੜਕਾਂ ਦੇ ਨਾਲ ਲਗਦੀ ਜ਼ਮੀਨ ਵਿਚ ਨਜਾਇਜ਼ ਕਬਜ਼ਿਆਂ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਨਜਾਇਜ਼ ਕਬਜ਼ਿਆਂ ਦੀ ਬੇਦਖਲੀ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਸੁੱਚਾ ਸਿੰਘ ਲੰਗਾਹ :** (ੳ) ਜ਼ਿਲ੍ਹਾ ਮਾਨਸਾ ਵਿਖੇ ਲਿੰਕ ਸੜਕਾਂ ਦੇ ਨਾਲ ਨਾਲ ਜ਼ਮੀਨ ਉਪਰ ਕੋਈ ਪੱਕਾ ਕਬਜਾ ਨਹੀਂ ਹੈ।

(ਅ) ਉਪਰੋਕਤ (ੳ) ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸੇ ਕਾਰਵਾਈ ਦੀ ਜ਼ਰੂਰਤ ਨਹੀਂ ਜਾਪਦੀ।

ਜ਼ਿਲ੍ਹਾ ਮਾਨਸਾ ਵਿਚ ਲਿੰਕ ਸੜਕਾਂ ਦੇ ਨਾਲ ਪੱਕੇ ਤੌਰ ਤੇ ਕੋਈ ਨਜਾਇਜ਼ ਕਬਜ਼ਾ ਧਿਆਨ ਵਿਚ ਨਹੀਂ ਆਇਆ। ਜ਼ਮੀਨ ਦੀ ਵਾਹੀ ਦੇ ਸਮੇਂ ਦੌਰਾਨ ਜ਼ਮੀਨ ਦੇ ਮਾਲਕਾਂ ਵੱਲੋਂ ਸੜਕਾਂ ਦੇ ਨਾਲ ਲਗਦੀ ਜ਼ਮੀਨ ਦਾ ਕੁਝ ਹਿੱਸਾ ਕੱਟ ਲਿਆ ਜਾਂਦਾ ਹੈ ਅਤੇ ਸੜਕਾਂ ਦੇ ਬਰਮਾਂ ਉਪਰ ਕੂੜਾ ਕਰਕਟ ਆਦਿ ਸੁੱਟ ਦਿੱਤਾ ਜਾਂਦਾ ਹੈ। ਇਨ੍ਹਾਂ ਹਾਲਾਤਾਂ ਵਿਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੜਕਾਂ ਦੇ ਬਰਮ ਪੂਰੇ ਕਰਵਾਏ

Original with;
Punjab Vidhan Sabha
Digitized by;
Panjab Digital Library

**[ਖੇਤੀਬਾੜੀ ਮੰਤਰੀ]**

ਜਾਂਦੇ ਹਨ। ਇਸ ਕੰਮ ਨੂੰ ਕਰਵਾਉਣ ਲਈ ਫੰਡਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੁੰਦੀ। ਇਨ੍ਹਾਂ ਹਾਲਾਤਾਂ ਵਿਚ ਮਾਲ ਵਿਭਾਗ ਵੱਲੋਂ ਦਿੱਤੀ ਨਿਸ਼ਾਨਦੇਹੀ ਅਨੁਸਾਰ ਮੌਕੇ ਤੇ ਰਸਤੇ ਦੀ ਚੌੜਾਈ ਅਨੁਸਾਰ ਬਾਊਂਡਰੀ ਪਿਲਰ ਲਗਾਏ ਜਾਂਦੇ ਹਨ। ਲਿੰਕ ਸੜਕਾਂ ਦੀ ਉਸਾਰੀ ਪਿੰਡ ਵਾਸੀਆਂ ਦੀ ਸਹੂਲਤ ਲਈ ਪੰਚਾਇਤਾਂ ਦੀ ਜ਼ਮੀਨ ਉਪਰ ਕੀਤੀ ਜਾਂਦੀ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਪਿਛਲੇ ਸਮੇਂ ਇਹ ਸੜਕਾਂ ਠੀਕ ਕਰਵਾਈਆਂ ਗਈਆਂ ਸਨ ਲੇਕਿਨ 3 ਮਹੀਨਿਆਂ ਦੇ ਵਿਚ ਵਿਚ ਹੀ 90% ਲਿੰਕ ਰੋਡਜ਼ ਦੁਬਾਰਾ ਇਨਕਰੋਚ ਹੋ ਗਈਆਂ ਹਨ। ਕਰੋੜਾਂ ਰੁਪਏ ਲਾ ਕੇ ਇਹ ਸੜਕਾਂ ਰਿਪੇਅਰ ਕੀਤੀਆਂ ਗਈਆਂ ਸਨ ਲੇਕਿਨ ਇਨ੍ਹਾਂ ਇਨਕਰੋਚਮੈਂਟਸ ਦੀ ਵਜ੍ਹਾ ਕਰਕੇ ਇਹ ਟੁੱਟਣ ਵੀ ਲੱਗ ਪਈਆਂ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਬੰਧੀ ਕੋਈ ਦੁਬਾਰਾ ਕਾਰਵਾਈ ਕੀਤੀ ਜਾਵੇਗੀ, ਚਾਹੇ ਉਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੋਵੇ ਅਤੇ ਜਾਂ ਫਿਰ ਮੰਡੀ ਬੋਰਡ ਵੱਲੋਂ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਤੁਰੰਤ ਕਾਰਵਾਈ ਕਰਕੇ ਜਿਥੇ ਇਨਕਰੋਚਮੈਂਟ ਹੋਈ ਹੈ, ਉਸ ਨੂੰ ਠੀਕ ਕਰ ਦੇਵਾਂਗੇ।

---

## ਜ਼ਿਲ੍ਹਾ ਪਟਿਆਲਾ ਵਿਚ ਚੰਬੋ-ਚੋਅ ਖਾਲ ਵਿਚੋਂ ਗਾਰ ਕੱਢਣਾ

***140. ਸਰਦਾਰ ਨਿਰਮਲ ਸਿੰਘ (ਸਰਦਾਰ ਮੱਖਣ ਸਿੰਘ ਵੱਲੋਂ ਪੇਸ਼ ਕੀਤਾ ਗਿਆ)** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਟਿਆਲਾ ਵਿੱਚ ਚੰਬੋ-ਚੋਅ ਖਾਲ ਵਿਚੋਂ ਗਾਰ ਨਾ ਕੱਢਣ ਕਾਰਣ ਦੁਘਾਲ, ਚੁਨੰਗੜਾ, ਸੈਲ ਆਲਾ ਅਤੇ ਖਾਨੇਵਾਲਾ ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ ਉਕਤ ਖਾਲ ਵਿਚੋਂ ਗਾਰ ਕੱਢੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਪਿੰਡ ਦੁਗਾਲ, ਚੁੰਗੜ੍ਹਾ, ਸੈਲ ਆਲਾ ਅਤੇ ਖਾਨੇ ਵਾਲਾ ਚੰਬੋਵਾਲੀ ਚੋਅ ਦੀ ਬੁਰਜੀ ਨੰਬਰ 18000—60000 ਤੇ ਸਥਿਤ ਹਨ ਜੋ ਕਿ ਪਟਿਆਲਾ ਜ਼ਿਲ੍ਹੇ ਵਿੱਚ ਪੈਂਦੇ ਹਨ। ਜਲ ਨਿਕਾਸ ਪ੍ਰਸ਼ਾਸਨ ਇਸ ਸਮੇਂ ਤਕਰੀਬਨ 96 ਅਤੀ ਜ਼ਰੂਰੀ ਡਰੇਨਾਂ ਦੀ ਭੱਲ ਸਫ਼ਾਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਅਧਿਕਤਰ ਤੌਰ ਤੇ ਸਰਕਾਰੀ ਮਸ਼ੀਨਰੀ ਨਾਲ ਕਰਵਾ ਰਿਹਾ ਹੈ। ਇਹ ਕੰਮ ਆਉਂਦੀਆਂ ਮੌਨਸੂਨ ਤੋਂ ਪਹਿਲਾਂ ਭਾਵ 30 ਜੂਨ, 2007 ਤੋਂ ਪਹਿਲਾਂ ਪਹਿਲਾਂ ਨੇਪਰੇ ਚਾੜ੍ਹਨ ਦੀ ਆਸ ਹੈ। ਉਪਰੋਕਤ ਪਿੰਡਾਂ ਵਿਚੋਂ ਲੰਘਦੀ ਚੰਬੋਵਾਲੀ ਚੋਅ ਦੀ ਭੱਲ ਸਫਾਈ ਕਰਵਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ। ਜਿਸ ਨੂੰ ਚੱਲ ਰਹੇ ਕੰਮਾਂ ਦੇ ਮੁਕੰਮਲ ਹੋਣ ਤੋਂ ਬਾਅਦ ਕਰਵਾਉਣ ਬਾਰੇ ਕਦਮ ਚੁੱਕੇ ਜਾਣਗੇ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਜਦੋਂ ਕੋਈ ਮੈਂਬਰ ਇਸ ਤਰ੍ਹਾਂ ਦਾ ਕੋਈ ਮਾਮਲਾ ਉਠਾਉਂਦਾ ਹੈ ਤਾਂ ਇਸ ਦਾ ਭਾਵ ਇਹ ਹੁੰਦਾ ਹੈ ਕਿ ਉਹ ਐਮਰਜੰਸੀ ਵਾਲਾ ਕੰਮ ਹੈ। ਮਨਿਸਟਰ ਸਾਹਿਬ ਆਮ ਤੌਰ ਤੇ ਜੋ ਮਹਿਕਮੇ ਵੱਲੋਂ ਜਵਾਬ ਤਿਆਰ ਕਰਕੇ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

ਦਿੱਤਾ ਜਾਂਦਾ ਹੈ, ਉਹ ਉਸ ਨੂੰ ਹੀ ਹਾਊਸ ਵਿੱਚ ਪੜ੍ਹ ਦਿੰਦੇ ਹਨ। ਸਪੀਕਰ ਸਾਹਿਬ, ਮੇਰਾ ਸਵਾਲ ਇਸ ਗੱਲ ਨਾਲ ਸਬੰਧਤ ਹੀ ਨਹੀਂ ਹੈ ਜੋ ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ 96 ਹੋਰ ਡਰੇਨਾਂ ਦੀ ਸਫਾਈ ਦਾ ਕੰਮ ਚੱਲ ਰਿਹਾ ਹੈ। ਮੈਂ ਤਾਂ ਇਹ ਪੁੱਛਿਆ ਹੀ ਨਹੀਂ। ਮੈਨੂੰ ਤਾਂ ਇਹ ਦੱਸ ਦੇਣ ਕਿ ਪਟਿਆਲੇ ਵਿੱਚ 7-8 ਪਿੰਡਾਂ ਦਾ ਨੁਕਸਾਨ ਹੁੰਦਾ ਹੈ। ਉਸ ਦੀ ਗਾਰ ਕਢਾਉਣ ਦਾ ਕੰਮ ਕਦੋਂ ਇਹ ਸ਼ੁਰੂ ਕਰ ਦੇਣਗੇ। ਇਹ ਕਹਿੰਦੇ ਹਨ ਕਿ 30 ਜੂਨ, 2007 ਤੱਕ ਕੰਮ ਮੁਕੰਮਲ ਹੋ ਜਾਵੇਗਾ। ਅੱਜ ਕੇਵਲ 8 ਦਿਨ ਬਾਕੀ ਰਹਿੰਦੇ ਹਨ। ਕੀ ਇਨ੍ਹਾਂ 8 ਦਿਨਾਂ ਵਿੱਚ ਇਹ ਡਰੇਨਾਂ ਦੀ ਭੱਲ ਸਫਾਈ ਦਾ ਕੰਮ ਸ਼ੁਰੂ ਕਰਵਾ ਦੇਣਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਕੁੱਲ 770 ਡਰੇਨਾਂ ਹਨ। ਅਸੀਂ ਦੋ ਕੈਟੇਗਰੀਜ਼ ਫਿਕਸ ਕੀਤੀਆਂ ਹੋਈਆਂ ਹਨ ਜਿਹੜੀਆਂ ਅਤਿ ਜ਼ਰੂਰੀ ਹਨ, ਇਹ ਪਹਿਲਾਂ ਸਾਫ਼ ਕਰ ਰਹੇ ਹਾਂ। ਇਹ ਕੁੱਲ 96 ਹਨ। ਉਸ ਤੋਂ ਬਾਅਦ ਇਸ ਦਾ ਵੀ ਨੰਬਰ ਲੱਗਣਾ ਹੈ। ਮਿਤੀ 30 ਜੂਨ, 2007 ਤੋਂ ਬਾਅਦ ਇਸ ਨੂੰ ਟੇਕ ਅੱਪ ਕਰਨਾ ਹੈ। ਮੈਂ ਇਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਕ ਮਹੀਨੇ ਦੇ ਵਿੱਚ ਵਿੱਚ ਇਹ ਵੀ ਹੋ ਜਾਵੇਗੀ।

**ਸਰਦਾਰ ਮੱਖਣ ਸਿੰਘ :** ਧੰਨਵਾਦ ਜੀ, ਬਹੁਤ ਮਿਹਰਬਾਨੀ।

**ਮਾਨਯੋਗ ਸਪੀਕਰ :** ਸਾਰੇ ਪ੍ਰਸ਼ਨਾਂ ਦੇ ਉੱਤਰ ਆ ਗਏ ਹਨ। ਅਸੀਂ ਹੁਣ ਅਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ। ਮਾਨਯੋਗ ਸੀ.ਐਮ. ਸਾਹਿਬ ਖੜ੍ਹੇ ਹਨ ਪਹਿਲਾਂ ਉਹ ਆਪਣੀ ਸਟੇਟਮੈਂਟ ਦੇਣਗੇ।

---

## Statement by the Chief Minister *reg.* approval by the Central Government for Bathinda Refinery

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਭਾਵੇਂ ਤੁਸੀਂ ਅਤੇ ਸਾਰੇ ਹੀ ਹਾਊਸ ਦੇ ਮੈਂਬਰ ਸਾਹਿਬਾਨ ਨੇ ਇਹ ਬਹੁਤ ਵੱਡੀ ਖੁਸ਼ੀ ਵਾਲੀ ਖਬਰ ਅੱਜ ਪੜ੍ਹ ਹੀ ਲਈ ਹੋਣੀ ਹੈ। ਅੱਜ ਦਾ ਦਿਨ ਪੰਜਾਬ ਦੇ ਇਤਿਹਾਸ ਵਿੱਚ ਇਕ ਇਤਿਹਾਸਕ ਦਿਨ ਹੈ। ਜਿਸ ਗੱਲ ਦਾ ਅਸੀਂ ਸਾਡੀ ਪਿਛਲੀ ਸਰਕਾਰ ਵੇਲੇ ਸੁਪਨਾ ਲਿਆ ਸੀ ਉਹ ਬਠਿੰਡਾ ਰਿਫਾਈਨਰੀ ਦੀ ਗੱਲ ਕੱਲ੍ਹ ਸਿਰੇ ਚੜ੍ਹ ਗਈ ਹੈ। (ਥੰਪਿੰਗ)। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਮੁੱਚੇ ਸਦਨ ਅਤੇ ਸਮੂਹ ਪੰਜਾਬੀਆਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਕੇਂਦਰ ਵੱਲੋਂ ਬਠਿੰਡਾ ਰਿਫਾਈਨਰੀ ਵਿੱਚ ਦੁਨੀਆਂ ਦੇ ਸਿਰਕੱਢ ਉਦਯੋਗਪਤੀ ਸ਼੍ਰੀ ਲਕਸ਼ਮੀ ਮਿੱਤਲ ਵੱਲੋਂ ਸਰਮਾਇਆ ਲਗਾਉਣ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ। (ਥੰਪਿੰਗ) ਸਾਡੇ ਸਾਰਿਆਂ ਲਈ ਇਹ ਬੇਹੱਦ ਅਹਿਮ ਖੁਸ਼ੀ ਵਾਲਾ ਪਲ ਹੈ। ਇਸ ਫ਼ੈਸਲੇ ਨਾਲ ਪੰਜਾਬ ਦਾ ਇਹ ਸਭ ਤੋਂ ਵੱਡਾ ਪ੍ਰਾਜੈਕਟ ਸਿਰੇ ਚੜ੍ਹਣ ਲਈ ਰਾਹ ਪੱਧਰਾ ਹੋ ਗਿਆ ਹੈ ਅਤੇ ਇਸ ਨਾਲ ਸੂਬੇ ਦੀ ਆਰਥਿਕਤਾ ਦੀ ਨੁਹਾਰ ਹੀ ਬਦਲ ਦਿੱਤੀ ਜਾਵੇਗੀ। ਸਪੀਕਰ ਸਾਹਿਬ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਂ ਤੇ ਬਣਨ ਵਾਲੀ ਰਿਫਾਈਨਰੀ ਉਤੇ ਕੁੱਲ 18919 ਕਰੋੜ ਰੁਪਏ ਦੀ ਲਾਗਤ ਆਵੇਗੀ। ਸ਼੍ਰੀ ਮਿੱਤਲ ਵੱਲੋਂ ਸ਼ੁਰੂ ਵਿੱਚ ਇਸ ਪ੍ਰਾਜੈਕਟ ਵਿੱਚ 3365 ਕਰੋੜ ਰੁਪਏ ਇਨਵੈਸਟ ਕੀਤੇ ਜਾਣਗੇ। ਇਸ ਵਿੱਚ ਹਰ ਸਾਲ 9 ਮਿਲੀਅਨ

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

ਮੀਟਰਕ ਟਨ ਤੇਲ ਸਾਫ਼ ਕੀਤਾ ਜਾਵੇਗਾ। ਇਸ ਪ੍ਰਾਜੈਕਟ ਦੇ ਪੂਰਾ ਹੋਣ ਤੇ ਲਗਭਗ 1.5 ਲੱਖ ਪੰਜਾਬੀਆਂ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਰੋਜ਼ਗਾਰ ਮਿਲੇਗਾ। ਸਪੀਕਰ ਸਾਹਿਬ, ਮੇਰੇ ਲਈ ਜ਼ਾਤੀ ਤੌਰ ਤੇ ਅਤੇ ਪੰਜਾਬੀਆਂ ਲਈ ਸਮੁੱਚੇ ਤੌਰ ਤੇ ਇਹ ਰਿਫਾਈਨਰੀ ਇਕ ਸੁਪਨੇ ਦੇ ਸੱਚ ਹੋਣ ਵਾਂਗ ਹੈ। ਆਪਣੀ ਪਿਛਲੀ ਸਰਕਾਰ ਦੇ ਦੌਰਾਨ ਅਸੀਂ ਸਿਰ ਤੋੜ ਯਤਨ ਕਰਕੇ ਇਸ ਰਿਫਾਈਨਰੀ ਨੂੰ ਪੰਜਾਬ ਲਈ ਹਾਸਲ ਕਰਨ ਵਿੱਚ ਸਫ਼ਲ ਹੋਏ ਸੀ ਜਦੋਂ ਕਿ ਇਹ ਪ੍ਰਾਜੈਕਟ ਸੂਬੇ ਤੋਂ ਲਗਭਗ ਖੁੱਸ ਹੀ ਚਲਿਆ ਸੀ। ਮੈਂ ਉਦੋਂ ਦੇ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਸਾਹਿਬ ਸਾਹਮਣੇ ਵਾਰ ਵਾਰ ਪੰਜਾਬ ਦਾ ਕੇਸ ਪੇਸ਼ ਕੀਤਾ ਅਤੇ ਉਨ੍ਹਾਂ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਇਸ ਦੀ ਮਨਜ਼ੂਰੀ ਲੈਣ ਵਿਚ ਸਫ਼ਲ ਹੋਏ। ਮੇਰੀ ਬੇਨਤੀ ਉਤੇ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਖੁਦ ਇਸ ਰਿਫਾਈਨਰੀ ਦਾ ਨੀਂਹ ਪੱਥਰ ਰੱਖਣ ਲਈ ਆਏ ਸਨ। ਅਸੀਂ ਆਪਣੀ ਸਰਕਾਰ ਸਮੇਂ ਇਸ ਪ੍ਰੋਜੈਕਟ ਨਾਲ ਸਬੰਧਤ ਸਾਰੀਆਂ ਕਲੀਅਰੈਂਸਿਜ਼ ਵੀ ਦੇ ਦਿੱਤੀਆਂ ਸਨ ਅਤੇ ਇਸ ਲਈ 1200 ਏਕੜ ਜ਼ਮੀਨ ਵੀ ਲੈ ਕੇ ਦਿੱਤੀ ਸੀ ਅਤੇ ਇਸ ਨੂੰ ਬਠਿੰਡੇ ਨਾਲ ਜੋੜਣ ਵਾਸਤੇ 4 ਮਾਰਗੀ ਸੜਕ ਵੀ ਤਿਆਰ ਕਰ ਦਿੱਤੀ ਸੀ। ਸਪੀਕਰ ਸਾਹਿਬ, ਇਹ ਬੜੇ ਦੁਖ ਦੀ ਗੱਲ ਹੈ ਕਿ ਸਾਡੇ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਆਉਂਦਿਆਂ ਸ਼ੁਰੂ ਵਿਚ ਹੀ ਇਸ ਪ੍ਰੋਜੈਕਟ ਦੇ ਰਾਹ ਵਿਚ ਰੋੜੇ ਅਟਕਾਉਣੇ ਸ਼ੁਰੂ ਕਰ ਦਿੱਤੇ। ਅਜਿਹਾ ਕਰਕੇ ਪਤਾ ਨਹੀਂ ਉਹ ਕਿਸ ਨੂੰ ਲਾਭ ਪਹੁੰਚਾਉਣਾ ਚਾਹੁੰਦੇ ਸਨ। ਉਨ੍ਹਾਂ ਦੇ ਇਸ ਰਵੱਈਏ ਕਾਰਨ ਪੰਜਾਬ ਇਤਨੇ ਵੱਡੇ ਵਰਦਾਨ ਤੋਂ ਵਾਂਝਾ ਹੋ ਗਿਆ। ਇਸੇ ਰਵੱਈਏ ਕਾਰਨ ਇਸ ਪ੍ਰੋਜੈਕਟ ਤੋਂ ਪੰਜਾਬ ਪੰਜ ਸਾਲ ਪਿੱਛੇ ਰਹਿ ਗਿਆ ਅਤੇ ਜਿਹੜਾ ਇਸ ਨਾਲ ਨੁਕਸਾਨ ਹੋਇਆ ਉਸ ਦਾ ਅੰਦਾਜ਼ਾ ਲਗਾਉਣਾ ਹੀ ਮੁਸ਼ਕਲ ਹੈ। ਖੁਸ਼ਕਿਸਮਤੀ ਨਾਲ ਸਾਡੀ ਅਕਾਲੀ-ਭਾਜਪਾ ਸਰਕਾਰ ਮੁੜ ਬਣੀ ਅਤੇ ਅਸੀਂ ਇਸ ਨੂੰ ਨੇਪਰੇ ਚਾੜ੍ਹਨ ਵਾਸਤੇ ਦੁਬਾਰਾ ਹੰਭਲੇ ਮਾਰੇ। ਮੈਂ ਕੇਂਦਰ ਸਰਕਾਰ ਨਾਲ ਇਸ ਸਾਰੇ ਮਸਲੇ ਨੂੰ ਨਵੇਂ ਸਿਰੇ ਤੋਂ ਉਠਾਇਆ। ਅੱਜ ਮੇਰੇ ਲਈ ਅਤੇ ਸਾਡੇ ਸਾਰਿਆਂ ਲਈ ਭਾਗਾਂ ਭਰਿਆ ਦਿਨ ਹੈ। ਸੰਸਾਰ ਦੇ ਸਭ ਤੋਂ ਅਮੀਰ ਉਦਯੋਗਪਤੀ ਨੇ ਇਸ ਪ੍ਰੋਜੈਕਟ ਵਿਚ ਹਿੱਸਾ ਪਾ ਦਿੱਤਾ ਹੈ। ਮਿੱਤਲ ਜੀ ਵਰਗੇ ਜਿਹੜੇ ਸੰਸਾਰ ਭਰ ਦੇ ਮੋਹਰੀ ਉਦਯੋਗਪਤੀਆਂ ਵਿਚੋਂ ਹਨ, ਉਨ੍ਹਾਂ ਦੇ ਪੰਜਾਬ ਵਿਚ ਵੱਡੀ ਪੱਧਰ ਤੇ ਸਰਮਾਇਆ ਲਾਉਣ ਨਾਲ ਇਹ ਗੱਲ ਮੁੜ ਸਾਬਤ ਹੋ ਗਈ ਹੈ ਕਿ ਅੱਜ ਪੰਜਾਬ ਵਿਚ ਵੱਡੇ ਵੱਡੇ ਸਰਮਾਏਦਾਰ ਆਪਣੀ ਪੂੰਜੀ ਲਗਾਉਣ ਲਈ ਤਿਆਰ ਹਨ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਇਸ ਫੈਸਲੇ ਨਾਲ ਇਸ ਝੂਠ ਦੇ ਪ੍ਰਚਾਰ ਦੀ ਫੂਕ ਨਿਕਲ ਗਈ ਹੈ ਕਿ ਅਕਾਲੀ-ਭਾਜਪਾ ਸਰਕਾਰ ਬਣਨ ਨਾਲ ਪੰਜਾਬ ਵਿਚ ਨਵੇਂ ਨਿਵੇਸ਼ਕਾਂ ਦਾ ਵਿਸ਼ਵਾਸ ਉਠ ਗਿਆ। ਮੈਨੂੰ ਇਹ ਗੱਲ ਦੱਸਦਿਆਂ ਫ਼ਖ਼ਰ ਮਹਿਸੂਸ ਹੋ ਰਿਹਾ ਹੈ ਕਿ ਇਸ ਰਿਫਾਈਨਰੀ ਵਿਚ ਮਿੱਤਲ ਜੀ ਵੱਲੋਂ ਲਗਾਇਆ ਜਾ ਰਿਹਾ ਸਰਮਾਇਆ, ਦੇਸ਼ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਸਿੱਧਾ ਵਿਦੇਸ਼ੀ ਨਿਵੇਸ਼ (ਡਾਇਰੈਕਟ ਇਨਵੈਸਟਮੈਂਟ) ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਾਡੀ ਸਰਕਾਰ ਦੇ ਸਮੇਂ ਹੀ ਵੱਡੇ ਵਿਕਾਸ ਪ੍ਰੋਜੈਕਟਾਂ ਵਿਚ ਨਿਵੇਸ਼ ਲੱਗਿਆ। ਰਣਜੀਤ ਸਾਗਰ ਡੈਮ ਵੀ ਸਾਡੀ ਸਰਕਾਰ ਸਮੇਂ ਹੀ ਸ਼ੁਰੂ ਹੋਇਆ ਸੀ ਅਤੇ ਅਸੀਂ ਹੀ ਇਸ ਨੂੰ ਪੂਰਾ ਕੀਤਾ। ਇਸੇ ਤਰ੍ਹਾਂ ਰਿਫਾਈਨਰੀ ਵੀ ਸਾਡੀ ਸਰਕਾਰ ਨੇ ਹੀ ਸ਼ੁਰੂ ਕੀਤੀ ਅਤੇ ਸਾਡੀ ਸਰਕਾਰ ਦੇ ਸਮੇਂ ਦੌਰਾਨ ਹੀ ਇਸ ਨੂੰ ਸਿਰੇ ਚਾੜ੍ਹਣ ਦਾ ਯਤਨ ਹੋਵੇਗਾ। ਮੈਂ ਸਮੁੱਚੇ ਸਦਨ ਅਤੇ ਸਮੂਹ ਪੰਜਾਬੀਆਂ ਨੂੰ ਵਧਾਈ ਦਿੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਇਸ ਦੇ ਵਿਕਾਸ ਨਾਲ ਪੰਜਾਬ ਇਕ ਨਵੀਂ ਰਫ਼ਤਾਰ ਫੜੇਗਾ ਅਤੇ ਮੈਂ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ (ਸਮੁੱਚੇ ਸਦਨ ਵੱਲੋਂ ਜ਼ੋਰਦਾਰ ਥੰਪਿੰਗ) ਕਿ ਉਨ੍ਹਾਂ ਨੇ ਇਸ ਮਰੀ ਹੋਈ ਰਿਫਾਈਨਰੀ, ਜਿਸ ਦੀ ਕਿ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਜਾਨ ਕੱਢ ਦਿੱਤੀ ਸੀ, ਉਹ ਫਿਰ ਸੁਰਜੀਤ ਕੀਤੀ ਹੈ। ਮੇਰਾ ਬੜਾ ਦਿਲ ਕਰਦਾ ਸੀ ਕਿ ਮੈਂ ਇੱਥੇ ਮਠਿਆਈ ਦਾ ਡੱਬਾ ਲੈ ਕੇ ਆਉਂਦਾ। ਲੇਕਿਨ ਜਿਵੇਂ ਕਾਂਗਰਸੀਆਂ ਨੇ ਕੱਲ੍ਹ ਕੀਤਾ ਸੀ, ਇਂਹ ਮੇਰੇ ਤੇ ਹੀ ਨਾ ਪੈ ਜਾਵੇ। (ਕੁਝ ਅਵਾਜ਼ਾਂ : ਬਾਹਰ ਲੱਡੂ ਖਵਾ ਦਿਉ।) ਮੇਰਾ ਦਿਲ ਕਰਦਾ ਸੀ ਕਿ ਮੈਂ ਹਰ ਇਕ ਦੇ ਮੂੰਹ ਵਿਚ ਲੱਡੂ ਪਾਵਾਂ। ਮੇਰਾ ਖਿਆਲ ਹੈ ਕਿ ਮੇਰੀ ਸਾਰੀ ਜ਼ਿੰਦਗੀ ਵਿਚ ਕਦੀ ਵੀ ਮੈਨੂੰ ਇਤਨੀ ਵੱਡੀ ਖੁਸ਼ੀ ਨਹੀਂ ਹੋਈ ਜਿੰਨੀ ਅੱਜ ਖੁਸ਼ੀ ਹੋਈ ਹੈ ਕਿ ਪੰਜਾਬ ਨੂੰ ਇਕ ਸਭ ਤੋਂ ਵੱਡਾ ਪ੍ਰੋਜੈਕਟ ਮਿਲ ਗਿਆ ਹੈ। ਮੈਂ ਸਾਰਿਆਂ ਦਾ ਬਹੁਤ ਧੰਨਵਾਦ ਕਰਦਾ ਹਾਂ ਅਤੇ ਤੁਹਾਨੂੰ ਵੀ (ਆਪੋਜੀਸ਼ਨ ਵੱਲ ਇਸ਼ਾਰਾ) ਵਧਾਈ ਦਿੰਦਾ ਹਾਂ। (ਥੰਪਿੰਗ)

**ਸ਼੍ਰੀ ਬ੍ਰਹਮ ਮਹਿੰਦਰਾ (ਸਮਾਣਾ)** : ਮਾਨਯੋਗ ਸਪੀਕਰ ਸਾਹਿਬ, ਮੈਂ ਵੀ ਆਪਣੇ ਵੱਲੋਂ ਅਤੇ ਆਪਣੀ ਸਾਰੀ ਆਪੋਜ਼ੀਸ਼ਨ ਵੱਲੋਂ ਬਾਦਲ ਸਾਹਿਬ ਦੀ ਖੁਸ਼ੀ ਵਿਚ ਸ਼ਰੀਕ ਹੁੰਦਾ ਹਾਂ। ਪੰਜਾਬ ਲਈ ਇਹ ਬਹੁਤ ਹੀ ਖੁਸ਼ੀ ਦਾ ਦਿਨ ਹੈ। ਪੰਜਾਬ ਦਾ ਅੱਜ ਨਵਾਂ ਇਤਿਹਾਸ ਬਣਿਆ ਹੈ। ਇਹ ਬਹੁਤ ਅੱਛਾ ਕਦਮ ਸ਼ੁਰੂ ਹੋਇਆ ਹੈ। ਅੱਜ ਦਾ ਇਹ ਦਿਨ ਪੰਜਾਬ ਦੀ ਇੰਡਸਟਰੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਪੰਜਾਬ ਵਾਸਤੇ ਅਤੇ ਪੰਜਾਬੀਆਂ ਵਾਸਤੇ ਮਾਣ ਦੀ ਗੱਲ ਹੈ ਕਿ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਜੀ, ਜਿਨ੍ਹਾਂ ਦਾ ਇਹ ਯੋਗਦਾਨ ਹੈ, ਇਹ ਬੜਾ ਖੁਸ਼ਕਿਸਮਤੀ ਭਰਿਆ ਮੌਕਾ ਹੈ, ਜਿਨ੍ਹਾਂ ਨੇ ਦੂਜੀ ਪਾਰਟੀ ਦੀ ਸਰਕਾਰ ਦੇ ਹੁੰਦੇ ਹੋਏ ਵੀ ਪੰਜਾਬ ਨਾਲ ਕੋਈ ਵਿਤਕਰੇ ਵਾਲੀ ਗੱਲ ਨਹੀਂ ਕੀਤੀ। ਇਹ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ। ਪੁਰਾਣੀਆਂ ਸਰਕਾਰਾਂ ਵੇਲੇ ਕਈ ਵੇਰ ਵਿਤਕਰਾ ਹੁੰਦਾ ਸੀ ਪਰ ਅੱਜ ਮੈਂ ਇਸ ਇਤਿਹਾਸਕ ਗੱਲ ਦੀ ਪ੍ਰੋੜਤਾ ਕਰਦਾ ਹਾਂ ਕਿ ਸਰਦਾਰ ਮਨਮੋਹਨ ਸਿੰਘ ਦੀ ਸਰਕਾਰ ਨੇ ਇਸ ਕਿਸਮ ਦਾ ਕੋਈ ਵਿਤਕਰਾ ਨਹੀਂ ਕੀਤਾ। ਇਸ ਲਈ ਮੈਂ ਪੰਜਾਬ ਦੀ ਸਰਕਾਰ ਨੂੰ, ਬਾਦਲ ਸਾਹਿਬ ਨੂੰ ਅਤੇ ਸਮੂਹ ਪੰਜਾਬੀਆਂ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਜੀ ਨੂੰ ਵੀ ਮੁਬਾਰਕਬਾਦ ਦਿੰਦਾ ਹਾਂ।

**ਸਰਦਾਰ ਮੱਖਣ ਸਿੰਘ (ਪੱਕਾ ਕਲਾਂ)** : ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ 49% ਸ਼ੇਅਰ ਪਾਉਣ ਦਾ ਫੈਸਲਾ ਕੇਂਦਰ ਕੈਬਨਿਟ ਨੇ ਕੱਲ੍ਹ ਕਰਕੇ ਮਿੱਤਲ ਸਾਹਿਬ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਹੁਣ ਉਹ ਰਿਫਾਈਨਰੀ ਜਿਹੜੀ ਮੇਰੇ, ਸ਼੍ਰੀ ਹਰਮਿੰਦਰ ਸਿੰਘ ਜੱਸੀ ਅਤੇ ਜੀਤਮਹਿੰਦਰ ਸਿੰਘ ਸਿੱਧੂ ਦੇ ਹਲਕੇ ਵਿੱਚ ਪੈਂਦੀ ਹੈ, ਉਸਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ। ਇਸ ਲਈ ਸੱਚਮੁੱਚ ਹੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਇਸ ਦੀ ਸਥਾਪਨਾ ਵੇਲੇ ਮਨਜ਼ੂਰੀ ਲੈਣ ਲਈ ਜੋ ਯਤਨ ਕੀਤੇ ਹਨ, ਉਹ ਸ਼ਲਾਘਾ ਦੇ ਯੋਗ ਹਨ ਪਰ ਅੱਜ ਇਹ ਕੰਮ ਜਿਨ੍ਹਾਂ ਕਾਰਨਾਂ ਕਰਕੇ ਰੁਕਿਆ ਹੋਇਆ ਹੈ, ਅਸੀਂ ਉਨ੍ਹਾਂ ਕਾਰਨਾਂ ਨੂੰ ਵੀ ਲੁਕੋ ਕੇ ਇਕ ਦੂਜੇ ਤੇ ਦੂਸ਼ਣਬਾਜੀ ਨਹੀਂ ਕਰ ਸਕਦੇ। ਸਭ ਨੂੰ ਪਤਾ ਹੈ ਕਿ ਫੰਡਜ਼ ਦੇ ਕਾਰਨ ਇਹ ਪ੍ਰੋਜੈਕਟ ਰੁਕਿਆ ਹੋਇਆ ਸੀ। ਪਹਿਲਾਂ ਵੀ ਕਈ ਪਾਰਟੀਆਂ ਸ਼ਮੂਲੀਅਤ ਕਰਨ ਲਈ ਹਾਜ਼ਰ ਹੋਈਆਂ ਪਰ ਗੱਲ ਟੁੱਟਦੀ ਰਹੀ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਤਾਂ ਵਧਾਈ ਵਾਲੀ ਗੱਲ ਹੈ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਵਧਾਈ ਵਾਲੀ ਗੱਲ ਹੀ ਕਰ ਰਿਹਾ ਹਾਂ ਅਤੇ ਰਿਫਾਈਨਰੀ ਦੀ ਗੱਲ ਹੀ ਕਰ ਰਿਹਾ ਹਾਂ। ਜੇ ਇਕ ਸ਼ਬਦ ਵੀ ਰਿਫਾਈਨਰੀ ਤੋਂ ਬਾਹਰ ਬੋਲਿਆ ਤਾਂ ਤੁਸੀਂ ਐਕਸਪੰਜ ਕਰਵਾ ਦੇਣਾ।

(ਇਸ ਸਮੇਂ ਸ਼੍ਰੀ ਜਗਦੀਸ਼ ਸਾਹਨੀ, ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ ਕੁਝ ਬੋਲਣ ਲਈ ਖੜ੍ਹੇ ਸਨ।)

**ਮਾਨਯੋਗ ਸਪੀਕਰ** : ਸਾਹਨੀ ਜੀ, ਤੁਸੀਂ ਬਾਅਦ ਵਿਚ ਬੋਲ ਲੈਣਾ, ਪਹਿਲਾਂ ਮੱਖਣ ਸਿੰਘ ਜੀ ਨੂੰ ਵਧਾਈ ਦੇ ਲੈਣ ਦਿਓ।

**ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ)** : ਸਪੀਕਰ ਸਾਹਿਬ,

ਮੀਆਂ ਬੀਵੀ ਰਾਜ਼ੀ ਤੇ ਕੀ ਕਰੇਗਾ ਕਾਜ਼ੀ।

ਬ੍ਰਹਮ ਮਹਿੰਦਰਾ ਜੀ ਵੀ ਖੁਸ਼ ਹਨ ਅਤੇ ਅਸੀਂ ਵੀ ਖੁਸ਼ ਹਾਂ ਪਰ ਪਤਾ ਨਹੀਂ ਇਹ ਕਾਜ਼ੀ ਕਿਥੋਂ ਆ ਗਏ ਹਨ।

**ਮਾਨਯੋਗ ਸਪੀਕਰ** : ਇਨ੍ਹਾਂ ਦੇ ਹਲਕੇ ਵਿੱਚ ਪੈਂਦੀ ਹੈ। ਇਸ ਲਈ ਹਾਂ ਜੀ, ਮੱਖਣ ਸਿੰਘ ਜੀ, ਬੋਲੋ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਜਿੱਥੇ ਮੈਂ ਬਾਦਲ ਸਾਹਿਬ ਦੇ ਯਤਨਾਂ ਲਈ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਉਥੇ ਸਾਨੂੰ ਇਹ ਵੀ ਪਤਾ ਹੈ ਕਿ ਫੰਡਾਂ ਦੀ ਘਾਟ ਕਰਕੇ ਇਹ ਕੰਮ ਲਟਕਿਆ ਰਿਹਾ ਹੈ। ਪਹਿਲਾਂ ਵੀ ਬਹੁਤ ਪਾਰਟੀਆਂ ਸ਼ਮੂਲੀਅਤ ਕਰਨ ਲਈ ਆਈਆਂ। ਸ਼੍ਰੀ ਲਕਸ਼ਮੀ ਮਿੱਤਲ ਨਾਲ ਵੀ ਐਮ.ਓ.ਯੂ. ਸਾਇਨ ਹੋਏ ਨੂੰ 6 ਮਹੀਨੇ ਤੋਂ ਉਪਰ ਹੋ ਗਏ ਹਨ ਅਤੇ ਇਕ ਮਹੀਨਾ ਪਹਿਲਾਂ ਇਹ ਕੈਬਨਿਟ ਦੀ ਮੀਟਿੰਗ ਵਿੱਚ ਆ ਜਾਣਾ ਸੀ ਪਰ ਏਜੰਡਾ ਜ਼ਿਆਦਾ ਹੋਣ ਕਾਰਨ ਇਹ ਨਹੀਂ ਲਿਆ ਜਾ ਸਕਿਆ। ਅਸੀਂ ਕੇਂਦਰ ਸਰਕਾਰ ਨੂੰ ਵਧਾਈ ਦਿੰਦੇ ਹਾਂ ਕਿਉਂਕਿ ਪਹਿਲਾਂ ਵੀ ਐਨ.ਆਰ.ਆਈ. ਦੀ ਸ਼ਮੂਲੀਅਤ ਸੀ ਪਰ ਪਹਿਲਾਂ ਉਹ 26% ਤੱਕ ਹੋ ਸਕਦੀ ਸੀ। ਹੁਣ ਇਕ ਸਪੈਸ਼ਲ ਕੇਸ ਦੇ ਤੌਰ ਤੇ ਕੇਂਦਰ ਦੀ ਕੈਬਨਿਟ ਨੇ ਸਿੱਧਾ ਵਿਦੇਸ਼ੀ ਨਿਵੇਸ਼ 26% ਤੋਂ ਵਧਾ ਕੇ 49% ਦੀ ਮਨਜ਼ੂਰੀ ਦਿਤੀ ਹੈ। ਇਹ ਇਕੋ ਇਕ ਕੇਸ ਹੈ। ਇਸ ਲਈ ਜਿੱਥੇ ਬਾਦਲ ਸਾਹਿਬ ਵਧਾਈ ਦੇ ਪਾਤਰ ਹਨ ਅਤੇ ਉਨ੍ਹਾਂ ਨੇ ਡਾਕਟਰ ਮਨਮੋਹਨ ਸਿੰਘ ਜੀ ਦਾ ਵੀ ਧੰਨਵਾਦ ਕੀਤਾ ਹੈ, ਮੈਂ ਬਾਦਲ ਸਾਹਿਬ ਨੂੰ ਵਧਾਈ ਦਿੰਦਾ ਹਾਂ ਅਤੇ ਇਸਦੇ ਨਾਲ ਹੀ ਮੈਂ ਕੇਂਦਰੀ ਕੈਬਨਿਟ ਦਾ ਵੀ ਧੰਨਵਾਦ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ, ਬਹੁਤ ਬਹੁਤ ਧੰਨਵਾਦ।

**ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ (ਸ਼੍ਰੀ ਮਨੋਰੰਜਨ ਕਾਲੀਆ)**: ਮਾਨਯੋਗ ਸਪੀਕਰ ਸਾਹਿਬ, ਅੱਜ ਇਕ ਖੁਸ਼ੀ ਦਾ ਮੁਕਾਮ ਹੈ ਅਤੇ ਸਾਰੇ ਪੰਜਾਬੀਆਂ ਲਈ ਫ਼ਖ਼ਰ ਦੀ ਗੱਲ ਹੈ। ਜਿਸ ਤਰ੍ਹਾਂ ਲੀਡਰ ਆਫ਼ ਦਿ ਹਾਊਸ ਨੇ ਬਠਿੰਡਾ ਰਿਫਾਈਨਰੀ ਬਾਰੇ ਦੱਸਿਆ ਹੈ,

Original with;
Punjab Vidhan Sabha
Digitized by;
Panjab Digital Library

ਇਸਦੀ ਸ਼ੁਰੂਆਤ ਅਕਾਲੀ ਅਤੇ ਬੀ.ਜੇ.ਪੀ. ਦੀ ਸਰਕਾਰ ਵੇਲੇ ਹੀ ਹੋਈ ਸੀ ਅਤੇ 5 ਸਾਲ ਪਿਛੇ ਕਾਂਗਰਸ ਦੀ ਸਰਕਾਰ ਇੱਥੇ ਰਹੀ ਹੈ, ਬੇਸ਼ੱਕ ਕੇਂਦਰ ਵਿੱਚ ਵੀ ਕਾਂਗਰਸ ਦੀ ਸਰਕਾਰ ਸੀ ਲੇਕਿਨ ਉਸ ਵੇਲੇ ਇਹ ਪ੍ਰੋਜੈਕਟ ਕਿਉਂ ਸ਼ੁਰੂ ਨਹੀਂ ਹੋਇਆ ਅਤੇ ਕਿਸ ਢੰਗ ਨਾਲ ਡੀਲੇਅ ਕੀਤੀ ਗਈ, ਇਹ ਇਕ ਪੁਰਾਣਾ ਇਤਿਹਾਸ ਹੈ ਲੇਕਿਨ ਅੱਜ ਅਸੀਂ ਕੇਂਦਰ ਸਰਕਾਰ ਦੇ ਵੀ ਅਭਾਰੀ ਹਾਂ ਕਿ ਡਾਕਟਰ ਮਨਮੋਹਨ ਸਿੰਘ ਜੀ, ਭਾਰਤ ਦੇ ਪ੍ਰਧਾਨ ਮੰਤਰੀ ਜੀ ਨੇ ਪੰਜਾਬੀ ਹੋਣ ਦੇ ਨਾਤੇ ਪੰਜਾਬ ਨਾਲ ਸਨੇਹ ਦਿਖਾਇਆ ਹੈ। ਸਪੀਕਰ ਸਾਹਿਬ, ਅੱਜ ਪੂਰੇ ਹਿੰਦੁਸਤਾਨ ਵਿੱਚ ਕੋਲੀਸ਼ਨ ਸਰਕਾਰਾਂ ਦਾ ਦੌਰ ਚੱਲ ਰਿਹਾ ਹੈ। ਕੇਂਦਰ ਵਿੱਚ ਇੱਕ ਸਰਕਾਰ ਹੈ ਤੇ ਪ੍ਰਦੇਸ਼ਾਂ ਵਿੱਚ ਦੂਸਰੀਆਂ ਪਾਰਟੀਆਂ ਦੀਆਂ ਸਰਕਾਰਾਂ ਹਨ। ਅਸੀਂ ਆਪਸ ਵਿੱਚ ਰਲ ਮਿਲ ਕੇ ਹੀ ਦੇਸ਼ ਦੀ ਤਰੱਕੀ ਲਈ, ਪ੍ਰਦੇਸ਼ਾਂ ਦੀ ਤਰੱਕੀ ਲਈ ਅੱਗੇ ਵੱਧਣਾ ਹੈ ਔਰ ਜਿਹੜੀ ਟਕਰਾਓ ਦੀ ਨੀਤੀ ਹੈ, ਉਸ ਨੂੰ ਕਿਤੇ ਵੀ ਅੱਗੇ ਨਹੀਂ ਲਿਆਉਣ ਦੇਣਾ। ਇਸੇ ਤਰ੍ਹਾਂ, ਜਿਸ ਤਰ੍ਹਾਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਬਤੌਰ ਮੁੱਖ ਮੰਤਰੀ ਇਹ ਕੋਸ਼ਿਸ਼ਾਂ ਕੀਤੀਆਂ ਹਨ, ਆਪਣੇ ਸੌ ਦਿਨਾਂ ਦੇ ਕਾਰਜਕਾਲ ਵਿੱਚ ਬਠਿੰਡਾ ਰਿਫਾਈਨਰੀ ਵਾਸਤੇ ਉਪਰਾਲੇ ਕੀਤੇ ਹਨ, ਕੇਂਦਰ ਨਾਲ ਗੱਲਬਾਤ ਕੀਤੀ ਔਰ ਜੋ ਸੁਪਨਾ ਸਾਲ 1997—2002 ਵਿੱਚ ਲਿਆ ਸੀ, ਉਹ ਅੱਜ ਮੁਕੰਮਲ ਹੋ ਰਿਹਾ ਹੈ। ਇਸਦਾ ਨੀਂਹ ਪੱਥਰ ਪੂਰਵ ਪ੍ਰਧਾਨ ਮੰਤਰੀ ਜੀ, ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੇ ਰੱਖਿਆ ਸੀ। ਸਾਡੇ ਸਾਰਿਆਂ ਲਈ ਇਹ ਹਰਸ਼ ਦਾ ਦਿਨ ਹੈ। ਇਸ ਤੇ ਪੰਜਾਬੀਆਂ ਨੂੰ ਮੈਂ ਵਧਾਈ ਦਿੰਦਾ ਹਾਂ ਔਰ ਸਦਨ ਵਿੱਚ ਤੁਹਾਨੂੰ ਸਾਰਿਆਂ ਨੂੰ ਵੀ ਵਧਾਈ ਦਿੰਦਾ ਹਾਂ। ਧੰਨਵਾਦ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) :** ਸਤਿਕਾਰਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਬਾਦਲ ਸਾਹਿਬ ਨੇ ਦੱਸਿਆ ਹੈ, ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ। ਸਪੀਕਰ ਸਾਹਿਬ, ਪੁਰਾਣੀ ਗੱਲ ਹੈ। ਸਾਲ 1997-98 ਵਿੱਚ ਇਸ ਬਠਿੰਡਾ ਦੀ ਰਿਫਾਈਨਰੀ ਦਾ ਨੀਂਹ ਪੱਥਰ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੇ ਰੱਖਿਆ ਸੀ। ਬਟਾਲੇ ਦੀ ਧਰਤੀ ਤੇ ਸਵਰਗਵਾਸੀ ਸ਼੍ਰੀਮਤੀ ਸੁਖਬੰਸ ਕੌਰ ਭਿੰਡਰ ਆਏ ਸਨ। ਕੈਪਟਨ ਅਮਰਿੰਦਰ ਸਿੰਘ ਜੀ, ਰਘੂਨੰਦਨ ਲਾਲ ਭਾਟੀਆ ਜੀ ਜੋ ਕਾਂਗਰਸ ਪਾਰਟੀ ਨਾਲ ਸੰਬੰਧਿਤ ਹਨ, ਬਟਾਲੇ ਆਏ ਸਨ। ਅੱਜ ਜ਼ਿਆਦਾ ਖੁਸ਼ੀ ਇਸ ਕਰਕੇ ਮਹਿਸੂਸ ਹੋ ਰਹੀ ਹੈ ਕਿਉਂਕਿ ਇਨ੍ਹਾਂ ਨੇ ਇੱਕ ਲਫਜ਼ ਕਿਹਾ ਸੀ ਸਟੇਜ ਤੇ ਕਿ ਮੁੰਗੇਰੀ ਲਾਲ ਕੇ ਹਸੀਨ ਸਪਨੇ, ਇਹ ਕਦੀ ਪੂਰੇ ਨਹੀਂ ਹੋਣਗੇ ਪਰ ਅੱਜ ਖੁਸ਼ੀ ਇਸ ਗੱਲ ਦੀ ਹੈ ਕਿ ਮੁੰਗੇਰੀ ਲਾਲ ਕੇ ਹਸੀਨ ਸੁਪਨੇ ਨੂੰ ਬਾਦਲ ਸਾਹਿਬ ਨੇ ਅੱਜ ਪੂਰਾ ਕਰ ਵਿਖਾਇਆ ਹੈ। (ਥੰਪਿੰਗ) ਇਹ ਜਿੰਨਾ ਮਰਜ਼ੀ ਕਹਿਣ ਪਰ ਇਨ੍ਹਾਂ ਨੂੰ ਦਿਲੋਂ ਖੁਸ਼ੀ ਮਹਿਸੂਸ ਨਹੀਂ ਹੋ ਰਹੀ। ਕਾਮਰੇਡ ਸਾਹਿਬ ਗੱਲ ਕਰ ਰਹੇ ਸੀ। ਇਨ੍ਹਾਂ ਨੇ ਪਾਰਟੀ ਤਾਂ ਜ਼ਰੂਰ ਬਦਲ ਲਈ ਹੈ ਪਰ ਆਪਣੀ ਫ਼ਿਤਰਤ ਨਹੀਂ ਬਦਲ ਸਕੇ। ਇਨ੍ਹਾਂ ਨੂੰ ਕਿਸੇ ਪਾਸਿਓਂ ਖੁਸ਼ੀ ਨਹੀਂ। ਇਹ ਭਾਵੇਂ ਇੱਧਰ ਚਲੇ ਜਾਣ ਤੇ ਭਾਵੇਂ ਉਧਰ ਪਰ ਇਨ੍ਹਾਂ ਨੇ ਵਿਚਕਾਰ ਹੀ ਰਹਿਣਾ ਹੈ। (ਵਿਘਨ)

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ,..................।

**ਮੁੱਖ ਮੰਤਰੀ :** ਸਪੀਕਰ ਸਾਹਿਬ, ਇੱਕ ਮੇਰੀ ਬੇਨਤੀ ਹੈ ਕਿ ਆਪਾਂ ਦੁੱਧ ਵਿੱਚ ਮੇਂਗਣਾ ਨਾ ਘੋਲੀਏ। ਇੰਨੀ ਵੱਡੀ ਗੱਲ ਹੈ।

**ਸਰਦਾਰ ਅਵਤਾਰ ਸਿੰਘ ਬਰਾੜ :** ਮੈਂ ਇਹੀ ਗੱਲ ਕਰ ਰਿਹਾ ਹਾਂ ਜੀ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** Thank you very much. ਆਪਾਂ ਨੂੰ ਇੱਕ ਚੀਜ਼ ਮਿਲ ਗਈ ਹੈ। Thank you.

**ਸਰਦਾਰ ਅਵਤਾਰ ਸਿੰਘ ਬਰਾੜ (ਫਰੀਦਕੋਟ) :** ਸਪੀਕਰ ਸਾਹਿਬ, ਹਕੀਕਤਨ, ਅੱਜ ਦਾ ਦਿਨ ਪੰਜਾਬੀਆਂ ਲਈ ਅੰਤਾਂ ਦੀ ਖੁਸ਼ੀ ਦਾ ਦਿਨ ਹੈ ਕਿਉਂਕਿ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ, ਭਾਰਤ ਦੀ ਸਰਕਾਰ ਨੇ ਪੰਜਾਬੀਆਂ ਨੂੰ ਇੱਕ ਇੰਨਾ ਵੱਡਾ ਤੋਹਫਾ ਦਿੱਤਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਬਹੁਤ ਹੀ ਖੁਸ਼ਹਾਲੀ ਦਾ ਇੱਕ ਸੋਮਾ ਬਣੇਗਾ। ਜਿਸ ਢੰਗ ਨਾਲ ਲੀਡਰ ਆਫ਼ ਦਿ ਹਾਊਸ ਸਤਿਕਾਰਯੋਗ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਗੱਲ ਸ਼ੁਰੂ ਕੀਤੀ ਸੀ, ਬਹੁਤ ਖੂਬਸੂਰਤ ਸ਼ਬਦਾਂ ਨਾਲ ਜਿੰਨੀ ਵੱਡੀ ਖੁਸ਼ੀ ਸੀ, ਉੱਨੇ ਹੀ ਖੂਬਸੂਰਤ ਸ਼ਬਦਾਂ ਨਾਲ ਇਹ ਸਾਰੀ ਗੱਲ ਕੀਤੀ ਪਰ ਅਸੀਂ ਬਦਲ ਨਹੀਂ ਸਕਦੇ। ਅਸੀਂ ਰਾਜਨੀਤਿਕ ਲੋਕ ਕਿਸੇ ਦੇ ਮਰਨੇ ਤੇ ਵੀ ਜਾਂਦੇ ਹਾਂ ਤਾਂ ਆਪਣੀ ਕਿਰਕਿਰੀ ਪਾਉਂਦੇ ਹਾਂ। ਵਿਆਹ ਸ਼ਾਦੀਆਂ ਵਿੱਚ ਵੀ ਆਪਣੀ ਹੀ ਕਿਰਕਿਰੀ ਪਾਉਂਦੇ ਹਾਂ, ਅਸੀਂ ਨਹੀਂ ਰਹਿ ਸਕਦੇ। ਪੰਜਾਬ ਵਾਸਤੇ ਇਹ ਕਿਰਕਿਰੀ ਬਦਕਿਸਮਤੀ ਵਾਲੀ ਹੈ। ਪਹਿਲਾਂ ਲੀਡਰ ਆਫ਼ ਦਿ ਹਾਊਸ ਕੈਪਟਨ ਅਮਰਿੰਦਰ ਸਿੰਘ ਰਹੇ ਔਰ ਹੁਣ ਲੀਡਰ ਆਫ਼ ਦਿ ਹਾਊਸ ਆਦਰਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ ਮੇਰੀ ਮਨਸ਼ਾ ਇਹੀ ਸੀ ਕਿ ਅੰਨੀ ਨਫ਼ਰਤ ਨਹੀਂ ਹੋਣੀ ਚਾਹੀਦੀ। ਬਾਦਲ ਸਾਹਿਬ ਸੁਲਝੇ ਹੋਏ ਲੀਡਰ ਹਨ। ਜਿਸ ਤਰ੍ਹਾਂ ਦੀ ਕਿਰਕਿਰੀ ਦੋਨਾਂ ਪਾਸਿਆਂ ਤੋਂ ਪੈਦਾ ਕਰ ਲਈ ਹੈ, ਇਹ ਬਦਕਿਸਮਤੀ ਵਾਲੀ ਗੱਲ ਹੈ। ਵਿਆਹ ਵਿੱਚ ਸਾਨੂੰ ਸਾਰਿਆਂ ਨੂੰ, ਜਿਸ ਤਰ੍ਹਾਂ ਬਾਦਲ ਸਾਹਿਬ ਨੇ ਕਿਹਾ ਹੈ ਕਿ ਅੱਜ ਲੱਡੂ ਖਵਾਉਣੇ ਚਾਹੀਦੇ ਹਨ। ਆਪਾਂ ਥੋੜ੍ਹੀ ਥੋੜ੍ਹੀ ਗੱਲ ਵਿੱਚ ਇੱਕ ਦੂਜੇ ਵਿਰੁੱਧ ਸ਼ਬਦ ਨਾ ਵਰਤੀਏ। ਜਿਹੜੇ ਸ਼ਬਦ ਇੱਕ ਦੂਜੇ ਪ੍ਰਤੀ ਕਹੇ ਗਏ ਹਨ, ਉਹ ਹਾਊਸ ਦੀ ਕਾਰਵਾਈ ਵਿਚੋਂ ਕੱਢ ਦਿੱਤੇ ਜਾਣ। ਸਰਬਸੰਮਤੀ ਨਾਲ ਪੰਜਾਬੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਵਧਾਈ ਦਾ ਮਤਾ ਜਾਵੇ। ਇਹ ਕਹਿ ਕੇ ਮੈਂ ਬੈਠਦਾ ਹਾਂ।

**ਰੂਲਿੰਗ ਪਾਰਟੀ ਵੱਲੋਂ ਆਵਾਜ਼ਾਂ :** ਮਤੇ ਵਿੱਚ ਬਾਦਲ ਸਾਹਿਬ ਦਾ ਧੰਨਵਾਦ ਹੋਵੇ।......... (ਵਿਘਨ)

**ਮਾਨਯੋਗ ਸਪੀਕਰ :** ਬਰਾੜ ਜੀ, ਬੈਠੋ ਜੀ। ਇਹ ਇਸ਼ੂ ਸਾਰੇ ਪੰਜਾਬ ਵਾਸੀਆਂ ਲਈ ਬਹੁਤ ਵਧਾਈ ਵਾਲਾ ਸੀ ਔਰ ਇਸ ਪਵਿੱਤਰ ਹਾਊਸ ਵਿੱਚ ਹਾਜ਼ਰ ਸਾਰਿਆਂ ਨੇ ਇਸ ਵਧਾਈ ਵਾਲੇ ਕੰਮ ਨੂੰ ਮਹਿਸੂਸ ਕੀਤਾ ਹੈ। ਸਾਰਿਆਂ ਨੂੰ ਮੇਰੇ ਵੱਲੋਂ ਵੀ ਬਹੁਤ ਬਹੁਤ ਵਧਾਈ।

---

## ANNOUNCEMENT BY THE SPEAKER

**ਮਾਨਯੋਗ ਸਪੀਕਰ :** ਇਸ ਦੇ ਨਾਲ ਹੀ ਮੈਂ ਅਨਾਊਂਸ ਕਰਦਾ ਹਾਂ ਕਿ ਸਾਡੇ ਵਿੱਚ ਲੋਕ ਸਭਾ ਦੇ ਮਾਨਯੋਗ ਡਿਪਟੀ ਸਪੀਕਰ, ਸਰਦਾਰ ਚਰਨਜੀਤ ਸਿੰਘ ਜੀ ਅਟਵਾਲ ਹਾਜ਼ਰ ਹਨ (ਥੰਪਿੰਗ) ਜਿਹੜੇ ਇਸ ਚੇਅਰ ਤੇ ਵੀ ਬਿਰਾਜਮਾਨ ਰਹੇ ਹਨ, ਬੜਾ ਸਤਿਕਾਰ ਮਾਣ ਉਨ੍ਹਾਂ ਨੇ ਇਸ ਪ੍ਰਤੀ ਕੀਤਾ ਹੈ। ਮੈਂ ਸਮੂਹ ਮੈਂਬਰ ਸਾਹਿਬਾਨ ਵੱਲੋਂ ਅਤੇ ਆਪਣੇ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਵੀ ਕਹਿੰਦਾ ਹਾਂ ਅਤੇ ਇਥੇ ਆਉਣ ਤੇ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ। ਹੁਣ ਨੈਕਸਟ ਆਈਟਮ, ਜ਼ੀਰੋ ਆਵਰ।

---

Original with;
Punjab Vidhan Sabha
Digitized by;
Panjab Digital Library

## MATTERS RAISED DURING ZERO HOUR AND STATEMENT BY THE CHIEF MINISTER

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ, ਸਪੀਕਰ ਸਾਹਿਬ, ਤੁਹਾਡਾ ਰਿਣੀ ਹਾਂ। ਇਕ ਬੜਾ ਅਹਿਮ ਮਸਲਾ ਮੈਂ ਹਾਊਸ ਦੇ ਸਾਹਮਣੇ ਰੱਖਣਾ ਹੈ। ਪੰਜਾਬ ਵਿੱਚ ਪਿਛਲੇ ਤਿੰਨ ਮਹੀਨਿਆਂ ਦੌਰਾਨ ਕਾਂਗਰਸ ਦੇ ਵੱਖ-ਵੱਖ ਲੀਡਰਾਂ ਅਤੇ ਵਰਕਰਾਂ ਤੇ ਤਸ਼ੱਦਦ ਹੋਇਆ ਹੈ ਅਤੇ ਪਰਚੇ ਦਰਜ ਹੋਏ ਹਨ। ਜੋ ਬਹਿਸ ਕੱਲ੍ਹ ਸਾਡੇ ਸਤਿਕਾਰਯੋਗ ਲੀਡਰ ਆਫ਼ ਦਿ ਆਪੋਜੀਸ਼ਨ ਨੇ ਕੀਤੀ ਸੀ ਕਿਉਂਕਿ ਪੂਰੀ ਇਨਫਰਮੇਸ਼ਨ ਕੱਲ੍ਹ ਸਾਡੇ ਕੋਲ ਨਹੀਂ ਸੀ, ਇਸ ਕਰਕੇ ਕੱਲ੍ਹ ਪੂਰੀ ਤਰ੍ਹਾਂ ਬਹਿਸ ਨਹੀਂ ਕਰ ਸਕੇ ਸੀ। ਅੱਜ ਮੈਂ ਤੁਹਾਡੇ ਜ਼ਰੀਏ, ਸਪੀਕਰ ਸਾਹਿਬ, ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਕੁਝ ਗੱਲਾਂ ਲਿਆਉਣੀਆਂ ਚਾਹੁੰਦਾ ਹਾਂ। ਸਰਕਾਰ ਬਦਲਣ ਉਪਰੰਤ ਇਹ ਜਿਹੜਾ ਵਿਵਾਦ ਉੱਠਿਆ ਹੈ, ਅਖਬਾਰਾਂ ਨੇ ਲਿਖਿਆ ਹੈ ਕਿ ਬਹੁਤ ਕੁਝ ਵਾਪਰਿਆ ਹੈ। ਕਈ ਵਰਕਰਾਂ ਦੀ ਪੁਲਿਸ ਕਸਟੱਡੀ ਵਿੱਚ ਡੈੱਥ ਵੀ ਹੋ ਗਈ। ਕਈਆਂ ਨੂੰ ਪੁਲਿਸ ਵੱਲੋਂ ਇੰਜੀਰੀ ਇਨਫਲੈਕਟ ਕੀਤੀਆਂ ਗਈਆਂ। ਲੰਬੀ ਪੁਲਿਸ ਸਟੇਸ਼ਨ ਵਿੱਚ................

**ਮਾਨਯੋਗ ਸਪੀਕਰ** : ਕੱਲ੍ਹ ਬੀਬੀ ਭੱਠਲ, ਲੀਡਰ ਆਫ਼ ਦਿ ਆਪੋਜੀਸ਼ਨ ਨੇ ਇਹ ਸਾਰਾ ਇਸ਼ੂ ਹਾਊਸ ਵਿੱਚ ਲਿਆ ਕੇ ਡਿਸਕਸ ਕੀਤਾ ਸੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਕੱਲ੍ਹ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਐਸ਼ੋਰੈਂਸ ਦਿੱਤੀ ਸੀ ਕਿ ਅਗਰ ਕੋਈ ਗੱਲ ਤੱਥਾਂ ਦੇ ਆਧਾਰ ਤੇ ਹੋਏਗੀ ਤਾਂ ਉਸ ਦੀ ਇਨਕੁਆਇਰੀ ਕਰ ਲਈ ਜਾਏਗੀ ਜਾਂ ਉਸ ਦਾ ਕੋਈ ਨਾ ਕੋਈ ਪੱਕਾ ਹੱਲ ਲੱਭਿਆ ਜਾਵੇਗਾ। ਇਸ ਕਰਕੇ ਮੈਂ ਅੱਜ ਖੜ੍ਹਾ ਹੋਇਆ ਹਾਂ। ਇਸ ਅਰਸੇ ਦੌਰਾਨ ਕਾਫੀ ਕੁਝ ਵਾਪਰਿਆ ਹੈ। ਮਿਸਾਲ ਦੇ ਤੌਰ ਤੇ ਸੀ.ਐਮ. ਸਾਹਿਬ ਦੇ ਹਲਕੇ ਵਿੱਚ ਲੰਬੀ ਪੁਲਿਸ ਸਟੇਸ਼ਨ ਵਿੱਚ ਇੱਕ ਕਾਂਗਰਸੀ ਵਰਕਰ ਨਾਇਬ ਸਿੰਘ ਦਾ ਕੰਨ ਕੱਟ ਗਿਆ। ਉਸ ਬਾਰੇ ਮੁੱਖ ਮੰਤਰੀ ਸਾਹਿਬ ਨੇ ਸਰਸਰੀ ਅੰਦਾਜ਼ ਵਿੱਚ ਕਹਿ ਦਿੱਤਾ ਕਿ ਕਿਹੜਾ ਕੋਈ ਗਲ ਵੱਢਿਆ ਗਿਆ ਹੈ। ਇਸ ਤਰ੍ਹਾਂ ਨਾਲ ਸਰਸਰੀ ਪੈਮਾਨੇ ਤੇ ਕਹਿ ਕੇ ਗੱਲ ਖ਼ਤਮ ਕਰ ਦਿੱਤੀ ਗਈ। ਅੱਜ ਮੈਂ ਇਸ ਸਦਨ ਵਿੱਚ ਤੁਹਾਡੇ ਜ਼ਰੀਏ ਕਹਿਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਨੇ ਸੁਹਿਰਦਤਾ, ਕੰਮ ਕਾਜ ਕਰਨ ਦੇ ਤਰੀਕੇ ਅਤੇ ਸਹਿਣਸ਼ੀਲਤਾ ਬਾਰੇ ਕਾਫੀ ਆਪਣੇ ਅਲਫਾਜ਼ ਕਹੇ। ਉਸੇ ਲੜੀ ਵਿੱਚ ਮੈਂ ਅੱਜ ਕਹਿਣਾ ਚਾਹੁੰਦਾ ਹਾਂ ਕਿ ਹਾਲੇ ਸਾਡੇ ਕੋਲ 18 ਅਸੰਬਲੀ ਹਲਕਿਆਂ ਦਾ ਰਿਕਾਰਡ ਉਪਲਬਧ ਹੈ। ਹਾਲੇ ਚਾਰ-ਪੰਜ ਮਾਝੇ ਦੇ ਅਸੰਬਲੀ ਹਲਕੇ, ਫਤਿਹਗੜ੍ਹ ਚੂੜੀਆਂ, ਅਜਨਾਲਾ ਆਦਿ ਹਲਕਿਆਂ ਦਾ ਰਿਕਾਰਡ ਸਾਡੇ ਕੋਲ ਅਜੇ ਪਾਈਪ ਲਾਈਨ ਵਿੱਚ ਚਲ ਰਿਹਾ ਹੈ। ਇਹ ਬਹੁਤ ਜਲਦੀ ਆ ਰਿਹਾ ਹੈ। ਅੱਜ ਜਿਹੜਾ ਰਿਕਾਰਡ ਹਾਸਲ ਹੈ, ਇਸ ਵਿੱਚ 103 ਐਫ.ਆਈ.ਆਰ. ਰਜਿਸਟਰ ਹੋਈਆਂ ਹਨ। 302 ਤੋਂ ਲੈ ਕੇ 452, 420 ਆਦਿ ਦੇ ਕੇਸ ਜਿਹੜੇ ਹਨ..........

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸਪੀਕਰ ਸਾਹਿਬ, ਇਹ ਹਮੇਸ਼ਾ ਹਾਊਸ ਦੀ ਰਿਵਾਇਤ ਰਹੀ ਹੈ ਕਿ ਜ਼ੀਰੋ ਆਵਰ ਵਿੱਚ ਸਿਰਫ ਮੁੱਦਾ ਦੱਸਿਆ ਜਾਂਦਾ ਹੈ, ਉਸ ਦੀ ਡਿਟੇਲਡ ਬਹਿਸ ਕਰਨੀ ਜ਼ੀਰੋ ਆਵਰ ਦੀ ਰਿਵਾਇਤ ਨਹੀਂ ਰਹੀ। ਕੱਲ੍ਹ ਇਹ ਮਾਮਲਾ, ਸਪੀਕਰ ਸਾਹਿਬ, ਪਹਿਲਾਂ ਡਿਸਕਸ ਹੋ ਚੁੱਕਿਆ ਹੈ। ਅੱਜ ਕੋਈ ਨਵੀਂ ਗੱਲ ਨਹੀਂ ਹੈ। ਜਿਹੜੀ ਗੱਲ ਕੱਲ੍ਹ ਨਹੀਂ ਹੋਈ, ਉਹ ਕਰ ਲੈਣ। ਇਥੇ ਸਿਰਫ਼ ਮਸਲਾ ਦੱਸਣਾ ਹੁੰਦਾ ਹੈ ਨਾ ਕਿ ਉਸ ਦੀ ਤਫ਼ਸੀਲ ਦੇਣੀ ਹੁੰਦੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਗੱਲ ਕਹੀ ਸੀ ਕਿ ਔਰਤਾਂ ਖਿਲਾਫ਼ ਪਰਚਾ ਦਰਜ ਨਹੀਂ ਹੋਵੇਗਾ ਪਰ these cases are against women.

**ਮਾਨਯੋਗ ਸਪੀਕਰ** : ਖਹਿਰਾ ਜੀ, ਜੇਕਰ ਕੋਈ ਹੋਰ ਖਾਸ ਇਸ਼ੂ ਹੈ ਤਾਂ ਤੁਸੀਂ ਉਸ ਬਾਰੇ ਦੱਸ ਸਕਦੇ ਹੋ। ਇਸ ਮੁੱਦੇ ਵਾਸਤੇ ਤੁਹਾਨੂੰ ਬਹਿਸ ਵੇਲੇ ਮੌਕਾ ਮਿਲੇਗਾ। ਉਸ ਸਮੇਂ ਜੋ ਕੁਝ ਕਹਿਣਾ ਚਾਹੁੰਦੇ ਹੋ, ਕਹਿ ਸਕਦੇ ਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਡਿੰਪਾ ਦੇ ਕੇਸ ਵਿਚ ਤਿੰਨ ਔਰਤਾਂ ਦੇ ਖਿਲਾਫ਼ ਚਲਾਨ ਵਿਚ ਨਾਂ ਦਰਜ਼ ਕੀਤਾ ਗਿਆ ਹੈ। ਉਸ ਦੇ ਮਾਤਾ ਜੀ ਉਪਰ ਕੇਸ ਰਜਿਸਟਰ ਕੀਤਾ ਗਿਆ ਹੈ। ਮੁਹਾਲੀ ਦੀ ਕੌਂਸਲਰ ਬੀਬੀ ਕੁਲਦੀਪ ਕੌਰ ਤੇ ਕੇਸ ਰਜਿਸਟਰ ਕੀਤਾ ਗਿਆ ਹੈ। ਇਕ ਅਬੋਹਰ ਦਾ ਜਰਨਲਿਸਟ ਸੁਭਾਸ਼ ਗੁਪਤਾ, ਜਿਸ ਦਾ ਵੀਕਲੀ ਪੱਤਰ ਜੰਗੇ-ਸਮਾਚਾਰ ਨਿਕਲਦਾ ਹੈ, ਉਸ ਤੇ ਪਰਚਾ ਦਰਜ ਕੀਤਾ ਗਿਆ।

**ਮਾਨਯੋਗ ਸਪੀਕਰ** : ਠੰਡਲ ਸਾਹਿਬ ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਹਨ।

**ਸਰਦਾਰ ਸੋਹਣ ਸਿੰਘ ਠੰਡਲ** : ਇਹ ਮਾਨਯੋਗ ਸਾਥੀ ਜਿਹੜੇ ਕਿ ਲੰਮੀ ਚੌੜੀ ਲਿਸਟ ਪੜ੍ਹ ਕੇ ਦੱਸ ਰਹੇ ਹਨ, ਇਨ੍ਹਾਂ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵਲੋਂ ਜਿਹੜੇ ਲੋਕ ਜ਼ੁਲਮ ਦਾ ਸ਼ਿਕਾਰ ਹੋਏ ਹਨ, ਉਨ੍ਹਾਂ ਵਿਚੋਂ ਮੈਂ ਵੀ ਇਕ ਹਾਂ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਹਾਊਸ ਦੀ ਕਮੇਟੀ ਬਣਾ ਕੇ ਪੜਤਾਲ ਕਰਾ ਲਈ ਜਾਵੇ। ਵਿਧਾਨ ਸਭਾ ਵਲੋਂ ਜੋ ਮੈਂਬਰਾਂ ਨੂੰ ਸੀ.ਏ./ਟੀ.ਏ. ਮਿਲਦਾ ਹੈ ਉਸ ਸਬੰਧੀ ਝੂਠਾ ਕੇਸ ਮੇਰੇ ਉਪਰ ਦਰਜ ਕੀਤਾ ਗਿਆ ਹੈ। ਮੇਰੇ ਦੋਸਤ, ਰਿਸ਼ਤੇਦਾਰਾਂ ਨੂੰ ਵਿਜੀਲੈਂਸ ਵਾਲੇ ਰੋਜ਼-ਰੋਜ਼ ਥਾਣੇ ਵਿਚ ਬੁਲਾਉਂਦੇ ਸਨ ਅਤੇ ਉਹ 50-50 ਹਜ਼ਾਰ ਜਾਂ ਲੱਖ-ਲੱਖ ਰੁਪਿਆ ਦੇ ਕੇ ਛੁਟਦੇ ਸਨ। (ਟਰੈਂਜ਼ਰੀ ਬੈਂਚਿਜ ਵਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਸਭ ਕੁਝ ਇਨ੍ਹਾਂ ਦੀ ਸਰਕਾਰ ਵੇਲੇ ਹੋਇਆ ਹੈ, ਗਲਤ ਐਫ.ਆਈ.ਆਰਜ਼. ਦਰਜ ਹੋਈਆਂ ਹਨ। ਮੈਂ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਭ ਕੁਝ ਕੀ ਹੁਣੇ ਹੋਣ ਲੱਗਿਆ ਹੈ? ਇਹੋ ਜਿਹੇ ਕੇਸ ਪੰਜਾਬ ਵਿਚ ਪਹਿਲਾਂ ਵੀ ਹੋਏ ਹਨ। ਜਿਹੜੇ ਕੇਸਾਂ ਦੀ ਤੁਸੀਂ ਗੱਲ ਕਰ ਰਹੇ ਹੋ ਇਹ ਸਾਡੇ ਨਾਲ ਵਾਪਰੀਆਂ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਇਹੀ ਕਹਿ ਰਿਹਾ ਸੀ..........

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਬਹਿਸ ਦਾ ਅਗਲਾ ਵਕਤ ਆਉਣਾ ਹੈ। ਉਸ ਵੇਲੇ ਤੁਹਾਨੂੰ ਟਾਈਮ ਮਿਲੇਗਾ ਅਤੇ ਸਾਰੇ ਇਸ਼ੂਜ਼ ਸਬੰਧੀ ਪੂਰੀ ਡਿਟੇਲ ਨਾਲ ਤੁਸੀਂ ਉਸ ਵੇਲੇ ਡਿਸਕਸ ਕਰ ਸਕਦੇ ਹੋ। ਇਹ ਜ਼ੀਰੋ ਆਵਰ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਮੈਂਬਰ ਸਾਹਿਬ ਨਾਲ ਸਹਿਮਤ ਹਾਂ। ਅਸੀਂ ਵੀ ਇਹੀ ਮੰਗ ਕਰਦੇ ਹਾਂ ਕਿ ਕੋਈ ਕਮੇਟੀ ਬਣਾ ਦਿਓ, ਪੁਲਿਸ ਦੀ ਕ੍ਰਾਈਮ ਬ੍ਰਾਂਚ ਤੋਂ ਇਨਕੁਆਇਰੀ ਕਰਾ ਦਿਓ। ਤੁਸੀਂ ਕਲ੍ਹ ਕਹਿ ਰਹੇ ਸੀ ਕਿ ਕਿੱਥੇ ਐਮ.ਐਲ.ਏ. ਅੰਦਰ ਹੋਏ ਹਨ, ਮੈਂ ਉਸ ਸਬੰਧੀ ਪੂਰੀ ਡਿਟੇਲ ਲਿਆਇਆ ਸੀ। ਪਿਛਲੇ ਦੋ ਮਹੀਨਿਆਂ ਵਿਚ ਮੇਰੇ ਉਪਰ ਚੋਰੀ ਦਾ ਮੁਕੱਦਮਾ ਪਾਇਆ ਹੋਇਆ ਹੈ। (ਸ਼ੋਰ)

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** : ਸਪੀਕਰ ਸਾਹਿਬ, ਜੋ ਮਾਨਯੋਗ ਮੈਂਬਰ ਸਾਹਿਬ ਕਹਿ ਰਹੇ ਹਨ, ਮੈਂ ਉਸ ਸਬੰਧੀ ਪਰਟੀਕੁਲਰਲੀ ਦੱਸਣਾ ਚਾਹੁੰਦਾ ਹਾਂ ਕਿ ਜੋ ਡਿੰਪਾ ਦੀ ਗੱਲ ਹੈ, ਉਹ ਜੱਗ ਜ਼ਾਹਰ ਹੈ। ਇਹ ਕਹਿੰਦੇ ਹਨ ਕਿ ਡਿੰਪਾ ਦੀ ਮਾਤਾ ਤੇ ਨਜਾਇਜ਼ ਪਰਚਾ ਹੋਇਆ। ਉਸ ਦੀ ਮਾਤਾ ਨੇ ਆਪਣੇ ਰਾਜ ਵਿਚ ਪੂਰਾ ਰਾਜ ਕੀਤਾ ਸੀ। ਇਕ ਸਰਪੰਚ ਜਿਹੜਾ ਕਿ ਕਰੋੜਾਂਪਤੀ ਸੀ, ਉਸ ਨੂੰ ਚੁੱਕ ਕੇ ਥਾਣੇ ਵਿਚ ਲਿਜਾਇਆ ਗਿਆ ਅਤੇ ਥਾਣੇ ਵਿਚ ਲਿਜਾ ਕੇ ਉਸ ਤੇ ਚੋਰੀ ਦਾ ਕੇਸ ਪਾਇਆ ਗਿਆ।

**ਮਾਨਯੋਗ ਸਪੀਕਰ** : ਮੈਂ ਤੁਹਾਨੂੰ ਸਾਰਿਆਂ ਨੂੰ ਇਕ ਗੱਲ ਕਹਿਣੀ ਚਾਹਾਂਗਾ ਕਿ ਕਿਸੇ ਦਾ ਨਾਂ ਨਹੀਂ ਹਾਊਸ ਵਿਚ ਲੈਣਾ। ਨਾਂ ਲਏ ਬਗੈਰ ਵੀ ਗੱਲ ਕੀਤੀ ਜਾ ਸਕਦੀ ਹੈ। ਇਸ ਲਈ ਕੋਈ ਜਵਾਬ ਦੇਣਾ ਹੈ ਜਾਂ ਗਲਬਾਤ ਕਰਨੀ ਹੈ ਤਾਂ ਕਿਸੇ ਦਾ ਨਾਂ ਨਹੀਂ ਲੈਣਾ। ਬੜੇ ਸੰਵਿਧਾਨਿਕ ਢੰਗ ਨਾਲ ਜਿਸ ਥਾਂ ਤੇ ਤੁਸੀਂ ਬੈਠੇ ਹੋ, ਉਸ ਨੂੰ ਇਸਤੇਮਾਲ ਕਰਨ ਦੀ ਲੋੜ ਹੈ। ਮੈਂ ਟਰੈਜ਼ਰੀ ਬੈਂਚਿਜ਼ ਵਾਸਤੇ ਜੇਕਰ ਇਹ ਕਹਿ ਰਿਹਾ ਹਾਂ ਤਾਂ ਇਹੀ ਗੱਲ ਦੂਜੇ ਪਾਸੇ ਵੀ ਲਾਗੂ ਹੁੰਦੀ ਹੈ। ਮੇਰੇ ਲਈ ਸਾਰੇ ਹਾਊਸ ਵਾਸਤੇ ਗੱਲ ਕਰਨੀ ਲਾਜ਼ਮੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਸੰਖੇਪ ਵਿਚ ਖ਼ਤਮ ਕਰਨ ਲੱਗਿਆ ਹਾਂ।

**ਮਾਨਯੋਗ ਸਪੀਕਰ** : ਹਾਂ ਜੀ, ਜਲਦੀ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਕਾਂਗਰਸ ਪਾਰਟੀ ਵਲੋਂ ਐਫ.ਆਈ.ਆਰ. ਦੀ ਲਿਸਟ ਦੇ ਦਿੰਦਾ ਹਾਂ। ਇਸ ਸਬੰਧੀ ਤੁਸੀਂ ਕ੍ਰਾਈਮ ਬ੍ਰਾਂਚ ਤੋਂ ਇਨਕੁਆਇਰੀ ਕਰਾ ਦਿਓ ਜਾਂ ਫਿਰ ਹਾਊਸ ਦੀ ਕਮੇਟੀ ਬਣਾ ਦਿਓ। I am sure you will find that 90% of these cases are fabricated, false, frivolous and with the only intention of intimidating the political opponents. ਮੈਂ ਮੰਗ ਕਰਦਾ ਹਾਂ ਕਿ ਇਸ ਮੁੱਦੇ ਤੇ ਜ਼ਰੂਰ ਸੀ.ਐਮ. ਸਾਹਿਬ ਆਪਣੀ ਕਮਿਟਮੈਂਟ ਇਸ ਹਾਊਸ ਵਿਚ ਦੇਣ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਨੇ ਸਦਨ ਦੀ ਮੇਜ਼ ਤੇ ਡਿਟੇਲਾਂ ਸਬੰਧੀ *ਕਾਗਜ਼ਾਤ ਰੱਖੇ।)

**ਸਰਦਾਰ ਸ਼ੇਰ ਸਿੰਘ ਘੁਬਾਇਆ** : ਸਪੀਕਰ ਸਾਹਿਬ, ਇਹ ਬਹੁਤ ਇੰਪਾਰਟੈਂਟ ਮੁੱਦਾ ਹੈ। ਇਸ ਤੇ ਜੋ ਉਨ੍ਹਾਂ ਨੇ ਆਪਣੀ ਰਿਕੁਮੈਂਡੇਸ਼ਨ/ਕੁਮਿਟਮੈਂਟ ਦੇਣੀ ਹੈ ਤਾਂ ਉਹ ਜ਼ਰੂਰ ਦੇਣ (ਵਿਘਨ) (ਸ਼ੋਰ) (ਆਪੋਜ਼ੀਸ਼ਨ ਪਾਰਟੀ ਵਲੋਂ ਇੱਕ ਆਵਾਜ਼ : ਇਹ ਹਾਊਸ ਨੂੰ ਡਿਸਟਰਬ ਕਰ ਰਹੇ ਹਨ ਜੀ।) (ਵਿਘਨ)...........

---

*Papers returned to the Member concerned under relevant Rules.

Original with;
Punjab Vidhan Sabha
Digitized by;
Panjab Digital Library

**ਜ਼ੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਹੀਰਾ ਸਿੰਘ ਗਾਬੜੀਆ)** : ਸਪੀਕਰ ਸਾਹਿਬ, ਅੱਜ ਇੱਥੇ ਗੱਲ ਕੀਤੀ ਗਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਦਿਲਬਾਗ ਸਿੰਘ ਸੀ, ਉਹ 32 ਸਾਲ ਦਾ ਨੌਜਵਾਨ ਸੀ ਜਿਹੜਾ ਕਿ ਮਹਿਸਮਪੁਰ ਪਿੰਡ ਦਾ ਸੀ। ਉਹ ਵਿਚਾਰਾ ਡੁਬਈ ਤੋਂ ਆਪਣੇ ਮਾਂ ਪਿਓ ਨੂੰ ਮਿਲਣ ਵਾਸਤੇ ਆਇਆ ਸੀ। ਉਸ ਨੂੰ ਜਿਸ ਦਾ ਇਹ ਨਾਂ ਲੈ ਰਹੇ ਹਨ, ਨੇ ਗੋਲੀਆਂ ਨਾਲ ਮਾਰ ਦਿੱਤਾ। ਇਹ ਦੱਸਣ ਕਿ ਉਦੋਂ ਇਹ ਕਿੱਥੇ ਸੀ? ਉਦੋਂ ਇਨ੍ਹਾਂ ਵਿਚੋਂ ਕੋਈ ਕੀ ਉਨ੍ਹਾਂ ਦੇ ਘਰ ਅਫ਼ਸੋਸ ਕਰਨ ਲਈ ਗਿਆ ? ਉਹ ਆਪਣੇ ਮਾਪਿਆਂ ਦਾ ਇਕਲੌਤਾ ਨੌਜਵਾਨ ਪੁੱਤਰ ਸੀ ਜਿਹੜਾ ਕਿ ਮਾਰ ਦਿੱਤਾ ਗਿਆ। ਜਿਸ ਦਾ ਕਿ ਇਹ ਨਾਂ ਵੀ ਨਹੀਂ ਲੈਂਦੇ। ਜੇਕਰ ਕੋਈ ਉਥੇ ਅਫ਼ਸੋਸ ਕਰਨ ਗਿਆ ਹੈ ਤਾਂ ਇਹ ਕਹਿ ਦੇਣ।

**ਸਰਦਾਰ ਸ਼ੇਰ ਸਿੰਘ ਘੁਬਾਇਆ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ..............

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** : ਸਪੀਕਰ ਸਾਹਿਬ, ਪਲੀਜ਼ ਪਹਿਲਾਂ ਮੈਨੂੰ ਗੱਲ ਕਰਨ ਲਈ ਟਾਈਮ ਦਿੱਤਾ ਜਾਵੇ.........

**ਮਾਨਯੋਗ ਸਪੀਕਰ** : ਪਹਿਲਾਂ ਇਨ੍ਹਾਂ ਨੂੰ ਆਪਣੀ ਗੱਲ ਕਰ ਲੈਣ ਦਿਓ, ਫਿਰ ਤੁਸੀਂ ਕਰ ਲੈਣਾ।

**ਸਰਦਾਰ ਸ਼ੇਰ ਸਿੰਘ ਘੁਬਾਇਆ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਐਮ.ਐਲ.ਏ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਗੱਲ ਕਰਦੇ ਹਨ ਕਿ ਇਨ੍ਹਾਂ ਤੇ ਪਰਚੇ ਝੂਠੇ ਦਰਜ ਹੋ ਰਹੇ ਹਨ ਅਤੇ ਇਨ੍ਹਾਂ ਕੇਸਾਂ ਦੀ ਇਨਕੁਆਇਰੀ ਕਰਵਾਉਣ ਦੀ ਗੱਲ ਕਰਦੇ ਹਨ, ਇਸ ਸਬੰਧ ਵਿਚ ਮੇਰੀ ਬੇਨਤੀ ਹੈ ਕਿ ਇਨ੍ਹਾਂ ਕੇਸਾਂ ਦੇ ਨਾਲ ਨਾਲ ਪਿਛਲੇ ਪੰਜ ਸਾਲਾਂ ਦੇ ਵਿਚ ਜਿਹੜੇ ਇਨ੍ਹਾਂ ਦੇ ਸਮੇਂ ਵਿਚ ਸਾਡੇ ਤੇ ਝੂਠੇ ਪਰਚੇ ਦਰਜ ਹੋਏ ਹਨ, ਉਨ੍ਹਾਂ ਦੀ ਵੀ ਇਨਕੁਆਇਰੀ ਕਰਵਾਈ ਜਾਵੇ। ਉਸ ਸਮੇਂ ਵਿਚ ਵੀ ਇਸ ਤਰ੍ਹਾਂ ਦੇ ਪਰਚੇ ਦਰਜ ਹੋਏ ਹਨ। ਅਸੀਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਦੇ ਵਿਚ ਦਰਖ਼ਾਸਤ ਕਰਾਉਣ ਵਾਸਤੇ ਗਏ, ਉਥੇ ਇਨ੍ਹਾਂ ਦੇ ਵੇਲੇ ਝੂਠੀ ਧਾਰਾ 307 ਦਾ ਪਰਚਾ ਮੇਰੇ ਤੇ ਦਰਜ ਕੀਤਾ ਗਿਆ ਤਾਂ ਕਿ ਪੰਚਾਇਤ ਦੀਆਂ ਇਲੈਕਸ਼ਨਾਂ ਦੇ ਦੌਰਾਨ ਅਸੀਂ ਆਪਣੇ ਹਲਕੇ ਵਿਚੋਂ ਬਾਹਰ ਚਲੇ ਜਾਈਏ। ਇਹ ਸਭ ਕੁਝ ਇਨ੍ਹਾਂ ਨੇ ਕੀਤਾ ਹੈ। ਇਨ੍ਹਾਂ ਨੇ ਲੋਕਾਂ ਦੀਆਂ ਜ਼ਮੀਨਾਂ ਖੋਹੀਆਂ ਹਨ। ਲੋਕਾਂ ਦਾ ਕਤਲੇਆਮ ਕੀਤਾ ਹੈ, ਇਨ੍ਹਾਂ ਸਾਰੇ ਮਾਮਲਿਆਂ ਸਬੰਧੀ ਇਨ੍ਹਾਂ ਦੀ ਵੀ ਇਨਕੁਆਇਰੀ ਕੀਤੀ ਜਾਵੇ।

**ਮੁੱਖ ਸੰਸਦੀ ਸਕੱਤਰ, ਮਾਲ (ਸਰਦਾਰ ਸੁਖਪਾਲ ਸਿੰਘ ਨੰਨੂ)** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿੱਥੇ ਇੱਕ ਪਾਸੇ ਖੁਸ਼ੀ ਦਾ ਮਾਹੌਲ ਸੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਬੜੀ ਹੀ ਖੁਸ਼ੀ ਦੇ ਮਾਹੌਲ ਵਿਚ ਸ਼ੁਰੂਆਤ ਕੀਤੀ ਸੀ ਪਰ ਅੱਜ ਦੁਖ ਹੈ ਕਿ ਸਾਡੇ ਸਾਹਮਣੇ ਬੈਠੇ ਵੀਰ ਗੱਲ ਹੋਰ ਪਾਸੇ ਲੈ ਗਏ ਹਨ। ਮੈਂ ਸਮਝਦਾ ਹਾਂ ਕਿ ਸਾਡੇ ਭਾਰਤੀ ਮੂਲ ਦੀ ਇਕ ਲੜਕੀ, ਜਿਹੜੀ ਕਿ ਅੰਤਰਿਕਸ਼ ਵਿਚੋਂ ਵਾਪਸ ਆ ਰਹੀ ਹੈ, ਸਾਰੀ ਦੁਨੀਆਂ ਉਸ ਦੀ ਸਲਾਮਤੀ ਲਈ ਪ੍ਰਾਰਥਨਾਵਾਂ ਤੇ ਦੁਆਵਾਂ ਕਰ ਰਹੀ ਹੈ। ਮੈਂ ਸਦਨ ਦੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਡੇ ਲਈ

Original with;
Punjab Vidhan Sabha
Digitized by;
Panjab Digital Library

ਮਾਣ ਵਾਲੀ ਗੱਲ ਹੈ। ਮੈਂ ਸਮਝਦਾ ਹਾਂ ਕਿ ਸਾਨੂੰ, ਇਕ ਹੋਰ ਖੁਸ਼ੀ ਦਾ ਇਜ਼ਾਫ਼ਾ ਕਰਨਾ ਚਾਹੀਦਾ ਹੈ। ਸਾਨੂੰ ਵੀ ਉਸ ਦੇ ਲਈ ਦੁਆਵਾਂ ਤੇ ਪ੍ਰਾਰਥਨਾਵਾਂ ਕਰਨੀਆਂ ਚਾਹੀਦੀਆਂ ਹਨ। ਪਰ ਇਹ ਤਾਂ ਇਸ ਸਮੇਂ ਆਪਣੇ ਹੀ ਦੁਖ ਲੈ ਕੇ ਬੈਠ ਗਏ ਹਨ ਜਦੋਂ ਕਿ ਸਾਰੇ ਮੁਲਕ ਲਈ ਕਿੰਨੀ ਵੱਡੀ ਖੁਸ਼ੀ ਦੀ ਗੱਲ ਹੈ। ਸਾਨੂੰ ਵੀ ਇਥੇ ਇਹ ਮਹਿਸੂਸ ਕਰਨਾ ਚਾਹੀਦਾ ਹੈ।.......

**ਮਾਨਯੋਗ ਸਪੀਕਰ :** ਜਦੋਂ ਉਹ ਵਾਪਸ ਧਰਤੀ ਤੇ ਆ ਜਾਣਗੇ ਤਾਂ ਉਸ ਦਿਨ ਕਰ ਦੇਵਾਂਗੇ।

**ਮੁੱਖ ਸੰਸਦੀ ਸਕੱਤਰ, ਮਾਲ :** ਸਾਨੂੰ ਵੀ ਉਸ ਦੀ ਸਹੀ ਸਲਾਮਤੀ ਲਈ ਪ੍ਰਾਰਥਨਾ ਜ਼ਰੂਰ ਕਰਨੀ ਚਾਹੀਦੀ ਹੈ ਕਿਉਂਕਿ ਸਾਰੀ ਦੁਨੀਆਂ ਇਸ ਗੱਲ ਲਈ ਪ੍ਰਾਰਥਨਾਵਾਂ ਕਰ ਰਹੀ ਹੈ............

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸ਼ਾਹਨੀ) :** ਸਪੀਕਰ ਸਾਹਿਬ, ਮੈਂ ਆਪਣੀ ਗੱਲ ਬਿਨਾਂ ਕਿਸੇ ਦਾ ਨਾਂ ਲਏ ਕਹਾਂਗਾ, ਜਿਸ ਤਰ੍ਹਾਂ ਕਿ ਜਨਾਬ ਨੇ ਕਿਹਾ ਹੈ। ਜੋ ਮਾਨਯੋਗ ਐਕਸ ਐਮ.ਐਲ.ਏ. ਨੇ ਆਪਣੇ ਹਲਕੇ ਦੇ ਵਿਚ ਕੀਤਾ ਹੈ, ਉਥੇ ਪੁਜ਼ੀਸ਼ਨ ਇਹ ਹੈ ਕਿ ਤੁਸੀਂ ਵੀ ਹੈਰਾਨ ਹੋਵੋਗੇ ਕਿ ਉਥੇ ਦਾ ਇਕ ਸਰਪੰਚ, ਜਿਹੜਾ ਕਿ ਲੱਖਾਂਪਤੀ ਹੈ, ਕਰੋੜਾਂਪਤੀ ਹੈ, ਅਸੀਂ ਉਸ ਨੂੰ ਕਰੋੜਾਂਪਤੀ ਵੀ ਕਹਿ ਸਕਦੇ ਹਾਂ, ਉਸ ਤੇ ਪਰਚਾ ਕੀ ਪਾਇਆ ਗਿਆ, ਉਸ ਤੇ ਪਰਚਾ ਦਰਜ ਕੀਤਾ ਗਿਆ ਦੋ ਟੀਨ ਘਿਓ ਦੇ ਅਤੇ ਇੱਕ ਬੋਰੀ ਖੰਡ ਦੀ ਚੋਰੀ ਦਾ। ਪਰਚਾ ਦਰਜ ਕਰਵਾਉਣ ਵਾਲਾ ਕੌਣ ਸੀ? ਇਹ ਹੋਰ ਕੋਈ ਨਹੀਂ ਸੀ। ਇਥੇ ਜਿਹੜਾ ਕਿਹਾ ਜਾਂਦਾ ਹੈ ਕਿ ਉਸ ਦੀ ਮਾਤਾ ਨੂੰ ਘਸੀਟਿਆ ਗਿਆ, ਉਸੀ ਮਾਤਾ ਨੇ ਪਰਚੇ ਵਿਚ ਇਹ ਲਿਖਵਾਇਆ ਕਿ ਮੈਂ ਆਪਣੇ ਅੱਖੀਂ ਇਹ ਘਟਨਾ ਦੇਖੀ ਹੈ। ਅੱਜ ਤੁਸੀਂ ਚਾਹੇ ਹਲਕੇ ਬਿਆਸ ਦਾ ਸ਼ਮਸ਼ਾਨਘਾਟ ਵੇਖ ਲਵੋ, ਉਥੇ ਵੀ ਸੰਤ ਨਗਰ ਬਣਿਆ ਹੋਇਆ ਹੈ। ਉਥੇ ਇੱਕ ਵੀ ਇਹੋ ਜਿਹੀ ਥਾਂ ਨਹੀਂ ਜਿੱਥੇ ਉਸ ਐਕਸ ਐਮ.ਐਲ.ਏ. ਦਾ ਨਾਂ ਨਹੀਂ ਲਿਖਿਆ ਹੋਇਆ। (ਵਿਘਨ)(ਸ਼ੋਰ)...............

**(ਆਪੋਜੀਸ਼ਨ ਪਾਰਟੀ ਵਲੋਂ ਕੁਝ ਆਵਾਜ਼ਾਂ :** ਤੁਸੀਂ ਇਸ ਸਭ ਕੁਝ ਦਾ ਹਿਸਾਬ ਕਿਤਾਬ ਦਿਖਾਓ) (ਵਿਘਨ)(ਸ਼ੋਰ)............

ਮੈਂ ਸਾਰਾ ਕੁਝ ਡਿਟੇਲ ਵਿਚ ਦੱਸਾਂਗਾ। ਇੱਕ ਇੱਕ ਪੈਸੇ ਦਾ ਹਿਸਾਬ ਸਾਡੇ ਕੋਲ ਹੈ। ਅੰਮ੍ਰਿਤਸਰ ਦੇ ਵਿਚ ਤਕਰੀਬਨ 40-50 ਪ੍ਰਾਪਰਟੀਜ਼ ਹਨ.....(ਵਿਘਨ)....ਉਹ ਤਾਂ ਬਣਾ ਗਿਆ 4 ਹਜ਼ਾਰ ਕਰੋੜ ਰੁਪਏ ਦੀ ਪ੍ਰਾਪਰਟੀ। ਸਾਡੇ ਕੋਲ ਸਾਰਾ ਰਿਕਾਰਡ ਹੈ। ਅਸੀਂ ਸਾਰੀ ਡਿਟੇਲ ਦੇ ਦੇਵਾਂਗੇ। ਇਸ ਸਬੰਧੀ ਸਾਰਾ ਕੁਝ, ਜੋ ਇਨਕੁਆਇਰੀਜ਼ ਚਲ ਰਹੀਆਂ ਹਨ, ਉਨ੍ਹਾਂ ਵਿਚ ਵੀ ਆ ਜਾਵੇਗਾ। ਇਨਵੈਸਟੀਗੇਸ਼ਨ ਵਾਲਿਆਂ ਨੇ ਸਾਰਾ ਕੁਝ ਲੈ ਲਿਆ ਹੈ.......

**ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਅੱਜ ਖਹਿਰਾ ਸਾਹਿਬ ਇੱਥੇ ਮਗਰਮੱਛ ਦੇ ਹੰਝੂ ਬਹਾ ਰਹੇ ਹਨ ਅਤੇ ਕਹਿ ਰਹੇ ਹਨ ਕਿ ** ਉਸ ਇਨਸਾਨ ਦੀ ਗੱਲ ਕਰ ਰਹੇ ਹਨ....

---

**Expunged as ordered by the Chair.

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ :** ਕਿਸੇ ਦਾ ਨਾਂ ਨਾ ਲਿਆ ਜਾਵੇ।

**ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ-ਰਵਾਇਤੀ ਊਰਜਾ ਮੰਤਰੀ** : ਮਗਰ ਇੱਕ ਦਿਨ ਉਹ ਵੀ ਸੀ ਜਦੋਂ ਕਿ ਅਜਨਾਲਾ ਦੀ ਬਾਈਇਲੈਕਸ਼ਨ ਹੋਈ ਸੀ। ਹਰਮੀਤ ਸਿੰਘ ਜੀ, ਜੋ ਕਿ ਤਰਨ ਤਾਰਨ ਤੋਂ ਸਾਡੇ ਐਮ.ਐਲ.ਏ. ਸੀ, ਉਨ੍ਹਾਂ ਤੇ ਵੀ ਗੋਲੀਆਂ ਚਲਾਈਆਂ ਗਈਆਂ। ਡਾਕਟਰ ਰਤਨ ਸਿੰਘ ਅਜਨਾਲਾ ਜਿਹੜੇ ਐਮ.ਪੀ. ਸਨ, ਹੁਣ ਵੀ ਐਮ.ਪੀ. ਹਨ, ਉਨ੍ਹਾਂ ਤੇ ਗੋਲੀਆਂ ਚਲਾਈਆਂ ਗਈਆਂ। ਚਲਾਉਣ ਵਾਲੇ ਕੌਣ ਸਨ? ਉਹੀ ਇਨਸਾਨ, ਜਿਸਦਾ ਤੁਸੀਂ ਨਾਂ ਲੈਣ ਤੋਂ ਰੋਕਿਆ ਹੈ ਅਤੇ ਜਦੋਂ ਥਾਣੇ ਰਿਪੋਰਟ ਦਰਜ ਕਰਾਉਣ ਜਾਂਦੇ ਸੀ ਤਾਂ ਐਸ.ਪੀ. ਕਿਹੜਾ ਬੈਠਾ ਹੁੰਦਾ ਸੀ, ਉਸ ਐਮ.ਐਲ.ਏ. ਦਾ ਭਰਾ ਜਿਹੜਾ ਆਊਟ ਆਫ ਟਰਨ ਪਰਮੋਟ ਵੀ ਹੋਇਆ ਸੀ। ਉਸ ਦੀ ਵੀ ਬੜੀ ਲੰਮੀ ਦਾਸਤਾਨ ਹੈ। ਜਿਹੜੀਆਂ ਉਹ ਬੱਸਾਂ ਚਲਾਉਂਦੇ ਸਨ, ਉਸ ਬਾਰੇ ਵੀ ਹਿੰਦੁਸਤਾਨ ਟਾਈਮਜ਼ ਵਿੱਚ ਕਈ ਵਾਰੀ ਤੇ ਹੋਰ ਕਈ ਅਖਬਾਰਾਂ ਵਿੱਚ ਵੀ ਆਇਆ ਹੈ ਕਿ ਨੰਬਰ ਸਕੂਟਰ ਦਾ ਹੁੰਦਾ ਸੀ ਤੇ ਉਸ ਨੰਬਰ ਤੇ ਬੱਸ ਜਾਂਦੀ ਹੁੰਦੀ ਸੀ। ਅੱਜ ਇਹ ਇੰਨੇ ਵੱਡੇ-ਵੱਡੇ ਹੰਝੂ ਬਹਾ ਰਹੇ ਹਨ। ਇਨ੍ਹਾਂ ਦੇ ਲੀਡਰ ਤਾਂ ਅੱਜ ਇੰਗਲੈਂਡ ਬੈਠੇ ਹਨ, ਠੰਡੀ ਥਾਂ ਤੇ ਬੈਠੇ ਹਨ। ਇਹ ਉਹ ਗੱਲਾਂ ਭੁੱਲ ਗਏ। ਮੈਂ ਸਤਿਕਾਰ ਕਰਦਾ ਹਾਂ ਸਾਡੇ ਸੀ.ਐਮ. ਸਾਹਿਬ ਦਾ, ਜਿਹੜੇ ਬੜੇ ਤਜਰਬੇਕਾਰ ਹਨ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਗਲਤ ਧੱਕਾ ਹੋਇਆ ਹੈ ਜਾਂ ਕੋਈ ਇਹੋ ਜਿਹੀ ਗੱਲ ਹੈ ਤਾਂ ਮੈਨੂੰ ਦੱਸੋ, ਮੈਂ ਉਸਤੇ ਕਾਰਵਾਈ ਕਰਵਾਵਾਂਗਾ। ਜਦ ਅਸੀਂ ਕੈਪਟਨ ਅਮਰਿੰਦਰ ਨੂੰ ਦੱਸਦੇ ਸੀ ਤਾਂ ਉਹ ਕਹਿੰਦਾ ਸੀ ਕਿ ਮੈਂ ਲੰਮੇ ਪਾ ਦਿਆਂਗਾ, ਪੜ੍ਹਨੇ ਪਾ ਦਿਆਂਗਾ। ਇਹ ਸ਼ਬਦ ਉਥੇ ਲਿਖੇ ਹੋਏ ਹਨ। ਹੁਣ ਪਤਾ ਨਹੀਂ ਕਿਉਂ ਇੰਨਾ ਦਰਦ ਹੋ ਰਿਹਾ ਹੈ। ਸਪੀਕਰ ਸਾਹਿਬ, ਮੈਂ......

**ਮਾਨਯੋਗ ਸਪੀਕਰ :** ਨੈਕਸਟ ਪ੍ਰੋਗਰਾਮ। (ਵਿਘਨ) (ਸ਼ੋਰ) ਸੀ.ਐਮ. ਸਾਹਿਬ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੇਨਤੀ ਹੈ ਕਿ ਇਹ ਨਾਨ ਇਸ਼ੂ ਨੂੰ ਇਸ਼ੂ ਬਣਾ ਰਹੇ ਹਨ। ਮੈਂ ਸਦਨ ਵਿੱਚ ਖੜ੍ਹਾ ਹੋ ਕੇ ਤੁਹਾਨੂੰ ਕਹਿ ਰਿਹਾ ਹਾਂ ਕਿ ਤੁਹਾਡੀ ਸਰਕਾਰ ਬਣੀ ਸੀ ਤਾਂ ਕਿੰਨੇ ਪੁਲਿਟੀਕਲ ਬੰਦੇ, ਦੂਜਿਆਂ ਦਾ ਮੈਂ ਜਿਕਰ ਨਹੀਂ ਕਰਦਾ ਕਿ ਫਲਾਣੇ ਦਾ ਕੰਨ ਵੱਢ ਲਿਆ, ਫਲਾਣੇ ਦੀ ਪੂਛ ਵੱਡ ਲਈ, ਮੈਂ ਕਹਿੰਦਾ ਹਾਂ ਕਿ ਕਿੰਨੇ ਐਮ.ਐਲ.ਏ. ਅਤੇ ਵਜੀਰ ਬਿਨਾਂ ਕਿਸੇ ਵੀ ਸ਼ਿਕਾਇਤ ਤੋਂ ਅੰਦਰ ਦੇ ਦਿੱਤੇ ਗਏ। ਜੇ ਕਦੇ ਲੋੜ ਪਈ, ਬਹਿਸ ਆਈ, ਤਾਂ ਮੈਂ ਸਾਰੀ ਗੱਲ ਦੱਸ ਦੇਵਾਂਗਾ। ਅੱਜ ਮੈਂ ਇਸ ਹਾਊਸ ਵਿੱਚ ਖੜ੍ਹਾ ਹੋ ਕੇ ਕਹਿੰਦਾ ਹਾਂ ਕਿ ਤੁਸੀਂ ਭਰਾਵੋ ਇੱਕ ਦਸੋ, ਤੁਹਾਡਾ ਇੱਕ ਐਮ.ਐਲ.ਏ. ਕੋਈ ਜੇਲ੍ਹ ਵਿਚ ਹੈ? ਕੋਈ ਇੱਕ। ਜੇਕਰ ਪਿੰਡਾਂ ਵਿੱਚ ਝਗੜੇ ਹੁੰਦੇ ਹਨ ਤਾਂ ਇਹ ਆਖ ਦਿੰਦੇ ਹਨ ਕਿ ਪੁਲਿਟੀਕਲੀ ਹੋਇਆ ਹੈ। ਕੋਈ ਕਿਸੇ ਸਿਆਸੀ ਬੰਦੇ ਦੇ ਖਿਲਾਫ ਕੇਸ ਨਹੀਂ ਦਰਜ ਕੀਤਾ ਗਿਆ। ਮੈਂ ਸਿਰਫ ਦੋ ਗੱਲਾਂ ਕਹਿਣੀਆਂ ਚਾਹੁੰਦਾ ਹਾਂ, ਜ਼ਿਆਦਾ ਨਹੀਂ, ਤਾਂ ਕਿ ਸਹੀ ਪਤਾ ਲਗ ਜਾਵੇ। ਇੱਕ ਤਾਂ, ਸਰਦਾਰ ਅਮਰਿੰਦਰ ਸਿੰਘ, ਮੈਂ ਉਸ ਦਾ ਨਾਂ ਨਹੀਂ ਲੈਣਾ ਚਾਹੁੰਦਾ ਸੀ, ਉਹ ਇਥੇ ਬੈਠੇ ਸਨ ਮੇਰੇ ਵਾਲੀ ਜਗ੍ਹਾ ਤੇ, ਉਨ੍ਹਾਂ ਤੇ ਮੈਂ ਕੇਸ ਦਰਜ ਨਹੀਂ ਕੀਤਾ। ਉਨ੍ਹਾਂ ਦੀ ਸਰਕਾਰ ਵੇਲੇ ਜਿਹੜਾ ਸਿਟੀ ਸੈਂਟਰ ਸਕੈਂਡਲ ਹੈ, ਉਸ ਦੀ ਉਨ੍ਹਾਂ ਨੇ ਇਨਕੁਆਰੀ ਦਿੱਤੀ। ਉਨ੍ਹਾਂ ਨੇ ਆਪਣਾ ਜਿਹੜਾ ਮਹਿਕਮਾ ਹੈ ਉਸ ਨੂੰ ਦਿੱਤੀ ਔਰ ਆਪਣਾ ਮਨਪਸੰਦ ਅਫ਼ਸਰ ਉਸ ਇਨਕੁਆਰੀ ਤੇ ਲਗਵਾਇਆ। ਉਸ ਨੇ ਇਨਕੁਆਰੀ ਵਿੱਚ ਦੱਸਿਆ ਕਿ

Original with;
Punjab Vidhan Sabha
Digitized by;
Panjab Digital Library

ਇਸ ਘਪਲੇ ਵਿੱਚ 1500 ਕਰੋੜ ਰੁਪਏ ਦਾ ਸਰਕਾਰ ਨੂੰ ਚੂਨਾ ਲੱਗਿਆ ਹੈ। ਤੁਹਾਡੀ ਸਰਕਾਰ ਵੇਲੇ ਇਹ ਹੋਇਆ ਹੈ, ਇਸ ਵਿੱਚ ਸਾਡਾ ਕੀ ਗੁਨਾਹ ਹੈ। ਔਰ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ ਦੀ ਫਰਦਰ ਪੜਤਾਲ ਹੋਣੀ ਜ਼ਰੂਰੀ ਹੈ। ਇਹ ਸਾਡੀ ਸਰਕਾਰ ਵੇਲੇ ਨਹੀਂ ਹੋਇਆ। ਮੈਂ ਆਪਣਾ ਵਿਊ ਕੋਈ ਨਹੀਂ ਦੇਣਾ ਚਾਹੁੰਦਾ ਕਿਉਂਕਿ ਜੇ ਚੀਫ ਮਨਿਸਟਰ ਆਪਣਾ ਵਿਊ ਦੇਵੇ ਤਾਂ ਇਨਕੁਆਰੀ ਤੇ ਅਸਰ ਆਉਂਦਾ ਹੈ। ਉਸ ਪੜਤਾਲ ਵਿੱਚ ਉਸ ਵੇਲੇ ਦੀ ਸਰਕਾਰ ਦੇ ਮਹਿਕਮੇ ਨੇ ਇਹ ਕਿਹਾ ਹੈ ਤਾਂ ਕੀ ਅਸੀਂ ਉਸ ਦੀ ਪੜਤਾਲ ਨਾ ਕਰੀਏ ? ਜੇ ਉਸ ਵਿੱਚ ਲਿਖਿਆ ਹੈ ਕਿ 1500 ਕਰੋੜ ਰੁਪਏ ਦਾ ਘਪਲਾ ਹੋਇਆ ਹੈ ਅਤੇ ਇਸ ਪੈਸੇ ਦਾ ਸਰਕਾਰ ਨੂੰ ਚੂਨਾ ਲਗਿਆ ਹੈ, ਤਾਂ ਇਸ ਵਿੱਚ ਇਨਕੁਆਰੀ ਹੋ ਰਹੀ ਹੈ ਔਰ ਇਹ ਕਿਸੇ ਨਾਲ ਵਿੰਡਿਕਟਿਵਨੈਸ ਨਹੀਂ ਹੈ। ਅਸੀਂ ਤੁਹਾਨੂੰ ਥੋੜ੍ਹਾ ਬਹੁਤ ਰਿਲੀਫ ਤਾਂ ਦੇ ਸਕਦੇ ਹਾਂ ਪਰ ਵਿੰਡਿਕਟਿਵ ਨਹੀਂ ਹੋ ਸਕਦੇ। ਡਿੰਪੇ ਦਾ ਕੇਸ ਕੀ ਅਸੀਂ ਦਰਜ ਕੀਤਾ ਹੈ ? ਅਸੀਂ ਤਾਂ ਕਿਸੇ ਤੇ ਕੀਤਾ ਨਹੀਂ ਪਰ ਤੁਸੀਂ ਸਾਨੂੰ ਮੱਲੋ ਮੱਲੀ ਡਰਾਈ ਜਾਂਦੇ ਹੋ। ਕੀ ਤੁਸੀਂ ਸਾਨੂੰ ਮਜਬੂਰ ਕਰਦੇ ਹੋ ਕਿ ਅਸੀਂ ਜ਼ਰੂਰ ਇਸ ਤਰ੍ਹਾਂ ਕਰੀਏ ? ਡਿੰਪੇ ਦਾ ਕੇਸ ਤੁਹਾਡੀ ਆਪਣੀ ਸਰਕਾਰ ਵੇਲੇ ਦਰਜ ਹੋਇਆ ਹੈ। ਇਹ ਉਸ ਵੇਲੇ ਹੋਇਆ ਜਦੋਂ ਤੁਹਾਡੀ ਸਰਕਾਰ ਸੀ। ਤੁਸੀਂ ਦਸੋ ਉਸ ਦੀ ਮਾਤਾ ਜੀ,ਉਹ ਉਸਦੀ ਮਾਤਾ ਨਹੀਂ ਮੇਰੀ ਮਾਤਾ ਹੈ, ਕੀ ਉਸ ਨੂੰ ਥਾਣੇ ਬੁਲਾਇਆ ? ਕੀ ਕਿਸੇ ਹੋਰ ਤੇ ਕੇਸ ਦਰਜ ਹੋਇਆ ? ਇੱਕ ਲੇਡੀ ਤੇ ਵੀ 4 ਮਹੀਨਿਆਂ ਵਿੱਚ ਕੇਸ ਦਰਜ ਨਹੀਂ ਹੋਇਆ ਨਾ ਕਿਸੇ ਨੂੰ ਥਾਣੇ ਬੁਲਾਇਆ ਗਿਆ। ਮੈਂ ਹੁਕਮ ਦਿੱਤਾ ਹੈ ਕਿ ਕਿਸੇ ਲੇਡੀ ਨੂੰ ਥਾਣੇ ਨਹੀਂ ਬੁਲਾਉਣਾ। ਇੱਕ ਵਾਰ ਬੁਲਾਇਆ ਗਿਆ ਸੀ, ਤਾਂ ਉਸ ਥਾਣੇਦਾਰ ਨੂੰ ਸਸਪੈਂਡ ਕੀਤਾ ਹੈ। ਇਸ ਲਈ, ਵੀਰੋ, ਇਹ ਰਾਮ ਰਾਜ ਹੈ, ਇਸ ਵਿੱਚ ਅਜਿਹੀ ਗੱਲ ਨਹੀਂ ਹੋਵੇਗੀ। ਤੁਸੀਂ ਕਾਹਨੂੰ ਐਵੇਂ ਸਾਰਾ ਦਿਨ ਸੀਨ ਕਰੀਏਟ ਕਰਦੇ ਰਹਿੰਦੇ ਹੋ। ਵੱਡੀਆਂ-ਵੱਡੀਆਂ ਚੀਜ਼ਾਂ ਫੜੀਆਂ ਗਈਆਂ, ਅਸੀਂ ਫਿਰ ਵੀ ਦਰ-ਗੁਜ਼ਰ ਕਰੀ ਜਾ ਰਹੇ ਹਾਂ। ਤੁਸੀਂ ਆਪਣੇ ਵਤੀਰੇ ਨਾਲ ਸਾਨੂੰ ਮਜਬੂਰ ਕਰ ਰਹੇ ਹੋ ਕਿ ਅਸੀਂ ਦਰ-ਗੁਜ਼ਰ ਨਾ ਕਰੀਏ। ਇਹ ਕਾਕਾ ਜੀ ਮੇਰੇ ਬੱਚਿਆਂ ਵਾਂਗ ਹਨ। ਮੈਂ ਸੌ ਵਾਰ ਇਨ੍ਹਾਂ ਦੇ ਘਰ ਗਿਆ ਹੋਵਾਂਗਾ। ਇਨ੍ਹਾਂ ਦੇ ਪਿਤਾ ਜੀ ਮੇਰੇ ਚੰਗੇ ਦੋਸਤ ਸਨ ਪਰ ਸਿਆਸਤ ਵਿਚ ਸਾਰੀਆਂ ਰਿਸ਼ਤੇਦਾਰੀਆਂ ਭੁੱਲ ਜਾਂਦੀਆਂ ਹਨ। ਇਨ੍ਹਾਂ ਨੂੰ ਕੀ ਤਕਲੀਫ ਹੋਈ ਹੈ ਜੋ ਇਹ ਬੇਵਜ੍ਹਾ ਸਰਕਾਰ ਦੇ ਖਿਲਾਫ ਰੌਲਾ ਪਾਈ ਜਾਂਦੇ ਹਨ। ਇਨ੍ਹਾਂ ਨੂੰ ਤਾਂ ਸਗੋਂ ਸਾਡਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਨੂੰ ਲੀਡਰ ਬਣਾ ਦਿੱਤਾ। ਜੇ ਦੋ ਰਾਤਾਂ ਅੰਦਰ ਰਹਿ ਆਏ ਹਨ ਤਾਂ ਇਨ੍ਹਾਂ ਨੂੰ ਕੀ ਫਰਕ ਪੈ ਗਿਆ................(ਵਿਘਨ)

(ਇਸ ਵਕਤ ਆਪੋਜ਼ੀਸ਼ਨ ਦੇ ਕੁਝ ਮੈਂਬਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)।

**ਮਾਨਯੋਗ ਸਪੀਕਰ** : ਲੀਡਰ ਆਫ ਦਿ ਹਾਊਸ ਬੋਲ ਰਹੇ ਹਨ। ਕੋਈ ਪੁਆਇੰਟ ਆਫ ਆਰਡਰ ਨਹੀਂ ਮਿਲੇਗਾ।

**ਮੁੱਖ ਮੰਤਰੀ :** ਮੈਂ ਇਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦਾ ਹਾਂ। ਇਨ੍ਹਾਂ ਦੇ ਪਿਤਾ ਜੀ ਨੇ ਬੜੀ ਜੇਲ੍ਹ ਯਾਤਰਾ ਕੀਤੀ ਹੈ ਅਤੇ ਕੁਰਬਾਨੀ ਕੀਤੀ ਹੈ। ਮੈਂ ਉਨ੍ਹਾਂ ਦੀ ਤਾਰੀਫ ਕਰਦਾ ਹਾਂ। ਜਿਹੜੀ ਡਿੰਪਾ ਦੀ ਗੱਲ ਹੈ, ਉਸ ਬਾਰੇ ਮੈਂ ਦੱਸਦਾ ਹਾਂ ਕਿ ਉਹਦੇ ਤੇ ਕਾਰਵਾਈ ਸਾਡੇ ਆਉਣ ਤੋਂ ਪਹਿਲਾਂ ਦੀ ਹੋਈ ਹੋਈ ਹੈ। ਇਲੈਕਸ਼ਨ ਕਮਿਸ਼ਨ ਨੇ ਕਿਹਾ ਅਤੇ ਉਸ ਤੇ

Original with;
Punjab Vidhan Sabha
Digitized by;
Panjab Digital Library

**[ਮੁੱਖ ਮੰਤਰੀ]**

ਕੇਸ ਦਰਜ ਹੋਇਆ। ਏ.ਕੇ. 47 ਉਥੇ ਵਰਤੀਆਂ ਗਈਆਂ ਅਤੇ ਹੋਰ ਬੜਾ ਕੁਝ ਹੋਇਆ। ਜੇ ਮੈਂ ਜਵਾਬ ਨਹੀਂ ਦਿੰਦਾ, ਤਾਂ ਵੀ ਮਾੜੀ ਗੱਲ ਹੈ। ਤੁਸੀਂ ਦੱਸੋ ਤਾਂ ਸਹੀ ਕਿ ਇਸ ਮਾਮਲੇ ਵਿਚ ਅਸੀਂ ਕੀ ਕੀਤਾ ਹੈ। ਫਿਰ ਵੀ ਜੇ ਤੁਸੀਂ ਮਜ਼ਬੂਰ ਕਰਦੇ ਹੋ ਤਾਂ ਜਿਹੜੀ ਅਸੀਂ ਥੋੜ੍ਹੀ-ਥੋੜ੍ਹੀ ਛੋਟ ਦਿੱਤੀ ਹੈ, ਉਹ ਛੋਟ ਅੱਗੇ ਤੋਂ ਨਹੀਂ ਦਿਆਂਗੇ। ਫਿਰ ਤੁਸੀਂ ਗੁੱਸਾ ਨਾ ਕਰਿਓ। ਸਾਡੇ ਵੱਲੋਂ ਐਨੀ ਢਿੱਲ ਵਰਤਣ ਦੇ ਬਾਅਦ ਵੀ ਤੁਸੀਂ ਅਹਿਸਾਨ-ਫਰਾਮੋਸ਼ ਹੋ। ਕੋਈ ਗੱਲ ਨਹੀਂ, ਕੋਈ ਬਾਤ ਨਹੀਂ। ਅਸੀਂ ਤੁਹਾਡੇ ਤੇ ਕੋਈ ਕੇਸ ਦਰਜ ਨਹੀਂ ਕੀਤਾ, ਫਿਰ ਵੀ ਤੁਸੀਂ ਲਾ...ਲਾ...ਕਰੀ ਜਾਂਦੇ ਹੋ। ਕਦੇ ਥਾਲੀਆਂ ਖੜਕਾਉਂਦੇ ਹੋ ਅਤੇ ਕਦੀ ਕਾਲੇ ਕਪੜੇ ਪਾ ਕੇ ਆ ਜਾਂਦੇ ਹੋ। ਇਸ ਹਾਊਸ ਵਿਚ ਇਨ੍ਹਾਂ ਗੱਲਾਂ ਦਾ ਕੋਈ ਮਤਲਬ ਨਹੀਂ ਹੈ। ਆਪਾਂ ਛੱਡੀਏ ਇਹ ਗੱਲਾਂ। ਮੇਰੇ ਤੇ ਕਿੰਨਾ ਵੀ ਪ੍ਰੈਸ਼ਰ ਹੋਵੇ, ਮੈਂ ਬੇਗੁਨਾਹ ਨੂੰ ਜੇਲ੍ਹ ਨਹੀਂ ਭੇਜਾਂਗਾ ਅਤੇ ਨਾ ਹੀ ਕੋਈ ਤਸ਼ੱਦਦ ਕਰਾਂਗਾ। ਸਰਦਾਰ ਅਵਤਾਰ ਸਿੰਘ ਜੀ, ਤੁਸੀਂ ਦੱਸੋ ਕਿ ਕੀ ਕੋਈ ਕਾਂਗਰਸੀ ਐਮ.ਐਲ.ਏ. ਜੇਲ੍ਹ ਵਿਚ ਹੈ ? ਵਰਕਰਾਂ ਦੀ ਗੱਲ ਛੱਡੋ। ਉਨ੍ਹਾਂ ਵਿਚ ਤਾਂ ਛੋਟੀਆਂ ਮੋਟੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਮੇਰੀ ਬੇਨਤੀ ਹੈ ਕਿ ਆਪਾਂ ਹਾਊਸ ਵਿਚ ਆ ਕੇ ਕੰਮ ਕਰੀਏ। ਕੱਲ੍ਹ ਵੀ ਕੋਈ ਵਧੀਆ ਕੰਮ ਨਹੀਂ ਹੋਇਆ ਅਤੇ ਅੱਜ ਵੀ ਹੁਣ 11.30 ਵੱਜ ਗਏ ਹਨ, ਕੋਈ ਕਾਰਗਰ ਕੰਮ ਨਹੀਂ ਹੋ ਰਿਹਾ। ਬਜਟ ਤੇ ਅਸੀਂ ਬਹਿਸ ਕਰਨੀ ਹੈ ਅਤੇ ਉਹ ਹੋ ਨਹੀਂ ਰਹੀ। ਤੁਸੀਂ ਆਪਣੀ ਗੱਲ ਠੀਕ ਤਰ੍ਹਾਂ ਦੱਸੋ, ਫਿਰ ਮੈਂ ਸਰਕਾਰ ਦੀ ਗੱਲ ਕਰ ਲਵਾਂਗਾ।

**ਮਾਨਯੋਗ ਸਪੀਕਰ :** ਅਗਲੀ ਆਈਟਮ। ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਸਦਨ ਦੀ ਮੇਜ਼ ਤੇ ਕਾਗਜ਼ ਰੱਖਣਗੇ।

---

## PAPERS RE-LAID/LAID ON THE TABLE OF THE HOUSE

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ੍ਰੀ ਤਿਕਸ਼ਨ ਸੂਦ) :** ਸ੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਮੁੜ ਰੱਖਦਾ ਹਾਂ :—

I. ਲਸੰਸ ਲੈਣ ਲਈ ਅਰਜ਼ੀ ਦੇਣ ਲਈ ਫੀਸ ਨਿਯਮਾਵਲੀ, 2004 ;

II. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਫੀਸ) ਵਿਨਿਯਮਨ, 2005 ;

III. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) ਵਿਨਿਯਮਨ, 2005 ;

IV. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅਪੀਲ ਅਥਾਰਿਟੀ ਅੱਗੇ ਅਪੀਲ ਦਾਇਰ ਕਰਨ ਲਈ ਕਾਰਜ ਵਿਧੀ) ਵਿਨਿਯਮਨ, 2005;

V. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਹੋਰਨਾਂ ਕਾਰੋਬਾਰਾਂ ਦੀ ਆਮਦਨ) ਵਿਨਿਯਮਨ, 2005 ;

VI. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਆਮ ਪਹੁੰਚ) ਵਿਨਿਯਮਨ, 2005 ;

Original with;
Punjab Vidhan Sabha
Digitized by;
Panjab Digital Library

VII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅਦਾਲਤ ਅਤੇ ਲੋਕਪਾਲ) ਵਿਨਿਯਮਨ, 2005 ;

VIII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਰਾਜ ਸਲਾਹਕਾਰ ਕਮੇਟੀ) ਵਿਨਿਯਮਨ, 2005 ;

IX. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੇਖਾ ਨੀਤੀ ਅਤੇ ਵਿਧੀ) ਵਿਨਿਯਮਨ, 2005 ;

X. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਸਲਾਹਕਾਰਾਂ ਦੀ ਨਿਯੁਕਤੀ) ਵਿਨਿਯਮਨ, 2005 ; ਅਤੇ

XI. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਦੇ ਨਿਰਧਾਰਣ ਲਈ ਸ਼ਰਤਾਂ) ਵਿਨਿਯਮਨ, 2005

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ। ..............(ਵਿਘਨ)

**ਮਾਨਯੋਗ ਸਪੀਕਰ :** ਤੁਹਾਡਾ ਟਾਈਮ ਆਵੇਗਾ ਤਾਂ ਫਿਰ ਤੁਸੀਂ ਆਪਣੀ ਗੱਲ ਕਰ ਲੈਣਾ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ।

1. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੰਜਾਬ ਰਾਜ ਗ੍ਰਿਡ ਕੋਡ) ਵਿਨਿਯਮਨ, 2006; ਅਤੇ

2. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਰਾਜ ਦੇ ਅੰਦਰ ਬਿਜਲੀ ਵਪਾਰ) ਵਿਨਿਯਮਨ, 2006 ;

   ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

3. ਤੀਸਰੇ ਪੰਜਾਬ ਵਿੱਤ ਕਮਿਸ਼ਨ ਦੀ ਮੁੱਖ ਰਿਪੋਰਟ ਅਤੇ ਉਸ ਤੇ ਕੀਤੀ ਗਈ ਕਾਰਵਾਈ ਸਬੰਧੀ ਵਿਆਖਿਆਤਮਕ ਯਾਦ-ਪੱਤਰ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243-1(4) ਅਤੇ 243-(ਵਾਈ)(2) ਅਤੇ ਪੰਜਾਬ ਪੰਚਾਇਤਾਂ ਅਤੇ ਨਗਰ ਪਾਲਿਕਾਵਾਂ ਲਈ ਵਿੱਤ ਕਮਿਸ਼ਨ ਐਕਟ, 1994 ਦੀ ਧਾਰਾ 11 ਅਧੀਨ ਲੋੜੀਂਦਾ ਹੈ।

4. ਸਾਲ 2004-05 ਲਈ ਪੰਜਾਬ ਰਾਜ ਬਿਜਲੀ ਬੋਰਡ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਅਤੇ ਉਕਤ ਰਿਪੋਰਟ ਨੂੰ ਰੱਖਣ ਲਈ ਉਦੇਸ਼ ਅਤੇ ਕਾਰਣ ਦਰਸਾਉਂਦਾ ਵਿਵਰਣ, ਜਿਵੇਂ ਕਿ ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ 75 ਅਧੀਨ ਲੋੜੀਂਦਾ ਹੈ।

*Original with;*
Punjab Vidhan Sabha
*Digitized by;*
Panjab Digital Library

**[ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ]**

5. ਸਾਲ 2007-08 ਲਈ ਪੰਜਾਬ ਰਾਜ ਬਿਜਲੀ ਬੋਰਡ ਦੀ ਸਾਲਾਨਾ ਵਿੱਤੀ ਵਿਵਰਣ ਅਤੇ ਉਕਤ ਸਾਲਾਨਾ ਵਿੱਤੀ ਵਿਵਰਣ ਨੂੰ ਰੱਖਣ ਲਈ ਉਦੇਸ਼ ਅਤੇ ਕਾਰਣ ਦਰਸਾਉਂਦਾ ਵਿਵਰਣ, ਜਿਵੇਂ ਕਿ ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ 61 ਅਧੀਨ ਲੋੜੀਂਦਾ ਹੈ।

6. ਸਾਲ 2004-05 ਲਈ ਪੰਜਾਬ ਰਾਜ ਹੌਜ਼ਰੀ ਅਤੇ ਨਿਟਵੀਅਰ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-(ੳ) ਅਧੀਨ ਲੋੜੀਂਦਾ ਹੈ।

7. ਸਾਲ 2005-06 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਅਤੇ ਆਡਿਟ ਰਿਪੋਰਟ, ਜਿਵੇਂ ਕਿ ਬਿਜਲੀ ਰੈਗੂਲੇਟਰੀ ਕਮਿਸ਼ਨ ਐਕਟ, 1998 ਦੀ ਧਾਰਾ 34(4) ਅਧੀਨ ਲੋੜੀਂਦਾ ਹੈ।

8. ਸਾਲ 2004-05 ਲਈ ਪੰਜਾਬ ਰਾਜ ਵਿੱਚ ਕਾਰਪੋਰੇਸ਼ਨ ਦੇ ਲੇਖਿਆਂ ਤੇ ਆਡਿਟ ਰਿਪੋਰਟ, ਜਿਵੇਂ ਕਿ ਪੰਜਾਬ ਰਾਜ ਵਿੱਚ ਕਾਰਪੋਰੇਸ਼ਨ ਐਕਟ, 1951 ਦੀ ਧਾਰਾ 37(6) ਅਧੀਨ ਲੋੜੀਂਦਾ ਹੈ।

9. ਸਾਲ 2005-06 ਲਈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ ਦੀ 40ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-(ੳ) ਅਧੀਨ ਲੋੜੀਂਦਾ ਹੈ।

10. ਸਾਲ 2004-05 ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਬੈਲੰਸ ਸੀਟ, ਜਿਵੇਂ ਕਿ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 27(6) ਅਧੀਨ ਲੋੜੀਂਦਾ ਹੈ।

11. ਸਾਲ 2002-03 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਪ੍ਰਬੰਧਕੀ ਰਿਪੋਰਟ, ਜਿਵੇਂ ਕਿ, ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 35(3) ਅਧੀਨ ਲੋੜੀਂਦਾ ਹੈ।

12. ਸਾਲ 2005-06 ਲਈ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਦੀ ਸਾਲਾਨਾਂ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਐਕਟ, 1976 ਦੀ ਧਾਰਾ 42(2) ਅਧੀਨ ਲੋੜੀਂਦਾ ਹੈ।

13. ਸਾਲ 2002-03 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਜਲ (ਪ੍ਰਦੂਸ਼ਣ ਦੀ ਰੋਕਥਾਮ ਅਤੇ ਕੰਟਰੋਲ) ਐਕਟ, 1974 ਦੀ ਧਾਰਾ 39 ਅਧੀਨ ਲੋੜੀਂਦਾ ਹੈ।

Original with;
Punjab Vidhan Sabha
Digitized by;
Panjab Digital Library

14. ਕਲੰਡਰੀ ਸਾਲ 2006 ਲਈ ਪੰਜਾਬ ਰਾਜ ਚੌਕਸੀ ਕਮਿਸ਼ਨ ਦੀ ਰਿਪੋਰਟ, ਜਿਵੇਂ ਕਿ ਪੰਜਾਬ ਰਾਜ ਚੌਕਸੀ ਕਮਿਸ਼ਨ ਐਕਟ, 2006 ਦੀ ਧਾਰਾ 15(3) ਅਧੀਨ ਲੋੜੀਂਦਾ ਹੈ।

**Mr. Speaker :** Allotment of time for discussion on the Budget :

| | | |
|---|---|---|
| ਸ਼੍ਰੋਮਣੀ ਅਕਾਲੀ ਦਲ | : | 3 ਘੰਟੇ 43 ਮਿੰਟ |
| ਕਾਂਗਰਸ ਪਾਰਟੀ | : | 3 ਘੰਟੇ 24 ਮਿੰਟ |
| ਬੀ.ਜੇ.ਪੀ. | : | 1 ਘੰਟਾ 29 ਮਿੰਟ |
| ਇੰਡੀਪੈਂਡੈਂਟਸ | : | 24 ਮਿੰਟ |

ਹੁਣ ਬਜਟ ਤੇ ਬਹਿਸ। ਹਰੀਸ਼ ਰਾਏ ਢਾਂਡਾ ਜੀ।

## GENERAL DISCUSSION ON THE BUDGET ESTIMATES FOR THE YEAR 2007-2008

**Chief Parliamentary Secretary, Local Government (Shri Harish Rai Dhanda, Ludhiana West) :** Hon'ble Speaker, Sir, at the outset, through you I state that I would fail in my duty, if I do not salute your young, dynamic and honest Finance Minister who has in his maiden attempt brought forward a really historic and people's budget and his speech clearly indicates the intentions and concerns of Sardar Parkash Singh Badal's Government. We do compliment the Finance Minister and I bow my head before the Leader of the House who has through this budget expressed clearly that all promises put forward in the election manifesto have been really transformed into reality and the one for which the Government has clear-cut intentions to implement. Many things were said during the course of elections. Many debates were held that these promises are false and how can these promises be fulfilled. I will quote here ਜੋਸ਼ ਮਲਾਹਾਬਾਦੀ :

ਹਵਾਏਂ ਜ਼ੋਰ ਜਿਤਨਾ ਲਗਾਏਂ ਆਂਧੀਆਂ ਬਨ ਕਰ,
ਮਗਰ ਜਬ ਘਿਰ ਕੇ ਆਤੇ ਹੈਂ ਬਾਦਲ ਛਾ ਹੀ ਜਾਤੇ ਹੈਂ।
ਬਾਦਲ ਸਾਹਿਬ ਵੀ ਛਾਏ, ਬਾਦਲ ਐਫ.ਐਮ. ਸਾਹਿਬ ਵੀ ਛਾਏ।

ਪਿਛਲੇ 15-20 ਸਾਲਾਂ ਤੋਂ ਅਸੀਂ ਦੇਖਦੇ ਰਹੇ ਹਾਂ ਕਿ ਪੰਜਾਬ ਦੀ ਆਰਥਿਕ ਹਾਲਤ ਕਿਸ ਤਰ੍ਹਾਂ ਡਗਮੰਗਾਂਉਂਦੀ ਰਹੀ ਹੈ। ਮੈਂ ਕੋਈ ਝਿਜਕ ਨਹੀਂ ਕਰੂੰਗਾ। ਅੱਜ ਇਕ ਸੱਚੀ ਔਰਤ ਦੀ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਤਰ੍ਹਾਂ ਬਿਆਨ ਕਰਾਂਗਾ। ਇਹ ਤਸਲੀਮ ਕਰਨਾ ਪਊ ਕਿ ਅਸੀਂ ਆਪਣੀ ਜ਼ਿੰਮੇਵਾਰੀ ਪਿਛਲੇ 20 ਸਾਲਾਂ ਤੋਂ ਸਹੀ ਢੰਗ ਨਾਲ ਨਹੀਂ ਨਿਭਾਉਂਦੇ ਰਹੇ। ਨਾ ਮੇਰੀ ਇਹ ਕੋਸ਼ਿਸ਼ ਹੈ ਕਿ ਕਿਸੇ ਤੇ ਉਂਗਲੀ ਉਠਾਵਾਂ ਜਾਂ ਕਿਸੇ ਤੇ ਇਲਜ਼ਾਮ ਲਗਾਏ ਜਾਣ ਪਰ ਆਤਮ ਚਿੰਤਨ ਕਰਨ ਦੀ ਲੋੜ ਅਵੱਸ਼ਕ ਹੈ। ਅੰਦਰ ਟਟੋਲਣਾ ਬਹੁਤ ਜ਼ਰੂਰੀ ਹੈ। ਅੱਜ ਸਾਨੂੰ ਇਹ ਕਾਰਨ ਲੱਭਣੇ ਪੈਣਗੇ, ਇਸ ਲਈ ਨਹੀਂ ਕਿਵੇਂ ਨਿੰਦਿਆ ਜਾਵੇ, ਇਸ ਲਈ ਕਿ ਇਸ ਨੂੰ ਸੁਧਾਰਿਆ ਕਿਵੇਂ ਜਾਵੇ। ਮੈਂ ਅੱਜ ਵੀ ਬਿਆਨ ਕਰਾਂਗਾ ਅਤੇ ਜੋ ਕਹਾਂਗਾ ਦਿਲ ਦੀ ਸਚਾਈ ਦੇ ਨਾਲ ਕਹਾਂਗਾ। ਕਿਸੇ ਤੇ ਕਿੱਚੜ ਉਛਾਲਣ ਦਾ ਯਤਨ ਨਹੀਂ ਹੋਏਗਾ। ਜਦੋਂ ਵੀ ਮੈਂ ਬਾਦਲ ਸਾਹਿਬ (ਐਫ.ਐਮ. ਸਾਹਿਬ) ਵੱਲ ਦੇਖਦਾ ਰਿਹਾ ਹਾਂ, ਚਾਹੇ ਸੁਣਦਾ ਰਿਹਾ ਹਾਂ ਜਾਂ ਗਲਬਾਤ ਕਰਦੇ ਦੇਖਦਾ ਰਿਹਾ ਹਾਂ, ਤਾਂ ਮੈਂ ਇਹ ਦੇਖਿਆ ਹੈ ਕਿ ਇਨ੍ਹਾਂ ਦੀ ਆਵਾਜ਼ ਚੋਕ ਹੁੰਦੀ ਸੀ। ਇਨ੍ਹਾਂ ਦੀਆਂ ਅੱਖਾਂ ਪੰਜਾਬ ਦੀ ਆਰਥਕ ਹਾਲਤ ਦੇਖ ਕੇ ਨਮ ਹੁੰਦੀਆਂ ਸਨ। ਇਹ ਬੜੇ ਚਿੰਤੁਤ ਸਨ। ਮੈਨੂੰ ਏਥੇ ਇਕ ਦੋ ਲਾਈਨਾਂ ਕਹਿਣੀਆਂ ਪੈਣਗੀਆਂ :

ਪੰਜੇ ਕਾਤਲ ਵੀ ਵਹੀ, ਦਸਤੇ ਈਸਾ ਵੀ ਵਹੀ,
ਕਿਤਨਾ ਨਾਜ਼ੁਕ ਹੈ ਚਰਾਗੋਂ ਕਾ ਹਵਾ ਸੇ ਰਿਸ਼ਤਾ।

ਜੇ ਇਸ ਸਦਨ ਦੀਆਂ ਪਿਛਲੀਆਂ ਸਰਕਾਰਾਂ ਤੋਂ ਕੁਝ ਭੁੱਲਾਂ ਹੋਈਆਂ ਹਨ ਤਾਂ ਜਰੂਰ ਅੱਜ ਦੀ ਸਰਕਾਰ ਉਸ ਤੇ ਗੌਰ ਕਰਕੇ ਇਸ ਪੰਜਾਬ ਦੀ ਆਰਥਿਕ ਹਾਲਤ ਨੂੰ ਸੁਧਾਰਨ ਵੱਲ ਯਤਨ ਕਰੇਗੀ। ਬਜਟ ਨੂੰ ਪੜ੍ਹਦੇ ਹੋਏ, ਬਾਰ-ਬਾਰ ਇਸ ਨੂੰ ਵਾਚਦੇ ਹੋਏ, ਜਦੋਂ ਮੈਂ ਟੋਟਲ ਟੋਟੈਲਿਟੀ ਵਿੱਚ ਦੇਖਿਆ, ਤਾਂ ਕੀ ਵੇਖਿਆ ਕਿ ਜੋ ਐਫ.ਐਮ. ਸਾਹਿਬ ਦੇ ਇਰਾਦੇ ਹਨ, ਉਨ੍ਹਾਂ ਦੀ ਜੋ ਇਮੇਜ਼ ਬਣ ਕੇ ਝਲਕ ਆਈ, ਉਹ ਨੈਪੋਲੀਅਨ ਬੋਨਾਪਾਰਟ ਦੇ ਘੋੜੇ ਦੀ ਤਰ੍ਹਾਂ ਹੈ ਜਿਹੜਾ ਦਰਿਆ ਦੇ ਵਿੱਚ ਛਾਲਾਂ ਮਾਰਨ ਲਈ ਤਿਆਰ ਖੜ੍ਹਾ ਸੀ। ਇਹ ਐਫ.ਐਮ. ਸਾਹਿਬ ਵਧਾਈ ਦੇ ਪਾਤਰ ਹਨ ਕਿ ਇਹ ਇੰਨਾਂ ਅੱਛਾ ਬਜਟ ਲੈ ਕੇ ਆਏ ਹਨ। ਇਨ੍ਹਾਂ ਦੀ ਹਿੰਮਤ ਦੀ ਦਾਦ ਦੇਣੀ ਪਵੇਗੀ ਜਦੋਂ ਇਨ੍ਹਾਂ ਨੇ ਕਿਹਾ ਕਿ ਫਿਸਕਲ ਘਾਟਾ ਤਿੰਨ ਸਾਲਾਂ ਦੇ ਵਿੱਚ ਜ਼ੀਰੋ ਤੇ ਲੈ ਕੇ ਆਵਾਂਗੇ। ਤਨਖਾਹ, ਪੈਨਸ਼ਨ ਅਤੇ ਵਿਆਜ 75.96% ਤੋਂ ਤਿੰਨ ਸਾਲਾਂ ਵਿੱਚ ਘਟਾ ਕੇ 50 ਫੀਸਦੀ ਤੇ ਲਿਆਂਦਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਜੋ ਪਲਾਨ ਬਜਟ 5,111 ਕਰੋੜ ਰੁਪਏ ਹੈ ਉਹ 10,000 ਕਰੋੜ ਰੁਪਏ ਤੱਕ ਕਰਨ ਦਾ ਇਨ੍ਹਾਂ ਦਾ ਇਰਾਦਾ ਹੈ। ਇਨ੍ਹਾਂ ਦੇ ਜਜ਼ਬਾਤ ਦੇਖਦੇ ਹੋਏ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਜ਼ਰੂਰ ਪੂਰਾ ਕਰਨਗੇ ਕਿਉਂਕਿ ਏਥੇ ਸਾਹਮਣੇ ਦੇਖਣ ਵਿੱਚ ਆਇਆ ਹੈ ਕਿ 4,000 ਤੋਂ 5111 ਬਜਟ ਪਲਾਨ ਕਰਕੇ 30ਫੀ ਸਦੀ ਦਾ ਵਾਧਾ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਚਸ਼ਮੇ ਬਦੂਰ, ਇਨ੍ਹਾਂ ਨੂੰ ਅਤੇ ਇਨ੍ਹਾਂ ਦੀ ਸੋਚ ਨੂੰ ਨਜ਼ਰ ਨਾ ਲੱਗੇ। ਇਨ੍ਹਾਂ ਦੀ ਹਿੰਮਤ ਵੀ ਘੱਟ ਨਹੀਂ। ਇਨ੍ਹਾਂ ਦੀ ਹਿੰਮਤ ਇਸ ਤਰ੍ਹਾਂ ਦੀ ਹੈ :

ਹਮਤੋ ਦਰਿਆ ਹੈਂ, ਅਪਨਾ ਹੁਨਰ ਜਾਨਤੇ ਹੈਂ,
ਜਿਧਰ ਚਲੇਂਗੇ ਉਧਰ ਰਾਸਤਾ ਹੋ ਜਾਏਗਾ।

Original with;
Punjab Vidhan Sabha
Digitized by;
Panjab Digital Library

ਪਰ ਇਹ ਜਿਹੜੀ ਨੀਚੇ ਨੂੰ ਡੋਬਣ ਵਾਲੀ ਪੰਜਾਬ ਦੀ ਆਰਥਕ ਹਾਲਤ ਹੈ, ਇਸ ਨੂੰ ਨੱਕਾ ਲਾਉਣ ਦੀ ਲੋੜ ਹੈ। ਸਾਨੂੰ ਇਸ ਬਜਟ ਸਪੀਚ ਵਿੱਚ ਸਮਝਣਾ ਪਵੇਗਾ ਕਿ ਐਫ.ਐਮ. ਸਾਹਿਬ ਦੇ ਮਨ ਦੀ ਇੱਛਾ ਕੀ ਸੀ। ਇਕ ਹਜ਼ਾਰ ਰੁਪਿਆ ਇਕ ਮੰਤਰੀ ਆਪਣੀ ਤਨਖਾਹ ਦੇ ਵਿੱਚੋਂ ਦੇਵੇ, ਮੈਂ ਸਮਝਦਾ ਹਾਂ ਕਿ ਇਹ ਕੋਈ ਬਹੁਤ ਵੱਡਾ ਉਪਰਾਲਾ ਨਹੀਂ ਲੇਕਿਨ ਇਹ ਇਕ ਸੰਦੇਸ਼, ਇਕ ਸੁਨੇਹਾ ਜ਼ਰੂਰ ਹੈ ਕਿ ਮੰਤਰੀ ਵੀ ਕਿਸੇ ਤਰੀਕੇ ਦੇ ਨਾਲ ਪੰਜਾਬ ਦੇ ਲੋਕਾਂ ਦੀ, ਗਰੀਬ ਲੋਕਾਂ ਦੀ ਭੁੱਖ ਮਿਟਾਉਣ ਲਈ ਆਪਣੇ ਢਿੱਡ ਦੀ ਰੋਟੀ ਕੱਟ ਕੇ ਆਪਣਾ ਯੋਗਦਾਨ ਪਾਉਣਾ ਚਾਹੁੰਦੇ ਹਨ। ਇਹ ਬੜੀ ਵੱਡੀ ਸੋਚ ਦਾ ਦ੍ਰਿਸ਼ ਹੈ। ਕੇਵਲ 12 ਲੱਖ ਰੁਪਏ ਨਾਲ ਕੋਈ ਆਰਥਿਕ ਸੁਧਾਰ ਨਹੀਂ ਹੋ ਸਕਦਾ।

*11.40 ਵਜੇ ਪੂਰਵ ਦੁਪਹਿਰ (ਇਸ ਸਮੇਂ* ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਬਜਟ ਵਿੱਚ ਸਰਕਾਰ ਦਾ ਉਦੇਸ਼ ਸੀ ਕਾਟੇਜ ਇੰਡਸਟਰੀ ਨੂੰ ਬਚਾਉਣਾ ਅਤੇ ਪਾਲਣਾ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਮਾਧਿਅਮ ਤੋਂ ਦੱਸਣਾ ਚਾਹੁੰਦਾ ਹਾਂ ਕਿ ਹੁਣ ਉਹ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਪੁਰਾਣੇ ਤੌਰ-ਤਰੀਕਿਆਂ ਨੂੰ ਪਰ੍ਹਾਂ ਹਟਾ ਦੇਈਏ। ਅੱਜ ਸਮਾਂ ਆ ਗਿਆ ਹੈ ਪੰਜਾਬ ਨੂੰ ਬਚਾਉਣ ਲਈ ਆਪਣੇ ਹੱਥ ਅੱਗੇ ਲਿਆਈਏ, ਨਹੀਂ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੀ ਵੀ ਮੁਆਫ ਨਹੀਂ ਕਰਨਗੀਆਂ। ਆਉਣ ਵਾਲੀਆਂ ਨਸਲਾਂ ਸਾਡੇ ਵੱਲ ਉਂਗਲ ਕਰਕੇ ਸਵਾਲ ਕਰਨਗੀਆਂ ਅਤੇ ਸਾਡੇ ਕੋਲੋਂ ਜਵਾਬ ਮੰਗਿਆ ਕਰਨਗੀਆਂ, ਪ੍ਰੰਤੂ ਸਾਡੇ ਕੋਲੋਂ ਜਵਾਬ ਨਹੀਂ ਦਿੱਤਾ ਜਾਣਾ। ਅੱਜ ਸਮਾਂ ਆ ਗਿਆ ਹੈ ਕਿ ਸਾਨੂੰ ਦੋਗਲੀਆਂ ਗੱਲਾਂ ਤੋਂ ਪਾਸੇ ਹਟਣਾ ਪਵੇਗਾ। We are at such a cross-roads today that we must shun this double standard and we have to chalk out our course—whether the one which goes to hell or the one which goes to heaven ? ਮੇਰੇ ਕਹਿਣ ਦਾ ਭਾਵ ਹੈ ਕਿ ਜਿਹੜੀਆਂ ਸਾਰੀਆਂ ਪਾਪੁਲਿਸਟ ਗੱਲਾਂ ਹਨ, ਉਨ੍ਹਾਂ ਨੂੰ ਪਿੱਛੇ ਛੱਡਣਾ ਪਵੇਗਾ। ਮੈਂ ਆਪਣੇ ਮਿੱਤਰ, ਜੋ ਉਸ ਪਾਸੇ ਬੈਠੇ ਹਨ (ਆਪੋਜੀਸ਼ਨ ਵੱਲ ਇਸ਼ਾਰਾ), ਉਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਅੱਜ ਸਮਾਂ ਆ ਗਿਆ ਹੈ ਕਿ ਅਸੀਂ ਇਕਮੱਤ ਹੋ ਕੇ ਅਵਾਜ਼ ਉਠਾਈਏ। ਅੱਜ ਸਮਾਂ ਆ ਗਿਆ ਹੈ ਕਿ ਅਸੀਂ ਤਲਵਾਰਾਂ ਅਤੇ ਤੀਰਾਂ ਦੀਆਂ ਗੱਲਾਂ ਛੱਡੀਏ ਅਤੇ ਵਿਸ਼ਵਕਰਮਾ ਜੀ ਦੀ ਤੇਸੀ ਅਤੇ ਕਰੰਡੀ ਹੱਥ ਵਿਚ ਫੜ ਕੇ ਪੰਜਾਬ ਦੀ ਨਵੇਂ ਸਿਰਿਉਂ ਉਸਾਰੀ ਕਰੀਏ ਅਤੇ ਪੰਜਾਬ ਨੂੰ ਆਪਣੀ ਮੰਜ਼ਲ ਤੇ ਲੈ ਕੇ ਜਾਈਏ। ਮੈਂ ਬਜਟ ਪੜ੍ਹਿਆ ਹੈ ਅਤੇ ਵਾਰ-ਵਾਰ ਪੜ੍ਹਿਆ ਹੈ। ਇਹ ਪੁਨਰ ਉਸਾਰੀ ਦਾ ਬਜਟ ਹੈ, ਰੀ-ਕੰਸਟਰਕਸ਼ਨ ਦਾ ਬਜਟ ਹੈ, ਇਹ ਸਮਾਜਿਕ, ਐਗਰੀਕਲਚਰ, ਸਿੱਖਿਆ, ਇਨਫਰਾਸਟਰੱਕਚਰ, ਹੈਲਥ ਸਿਸਟਮ, ਵੀਕਰ ਸੈਕਸ਼ਨ ਵਾਲਿਆਂ ਦੀ ਬਾਂਹ ਫੜਨ ਵਾਲਾ ਅਤੇ ਰੋਟੀ ਦੇਣ ਲਈ, ਢਿੱਡ ਭਰਨ, ਗਰੀਬਾਂ ਦੀ ਗੁਰਬਤ ਨੂੰ ਦੂਰ ਕਰਨ ਵਾਲਾ ਬਜਟ ਹੈ। ਇਰੀਗੇਸ਼ਨ ਲਈ ਪਾਣੀ ਮੂਲ-ਮੰਤਰ ਹੈ। ਪਿੱਛੇ ਜਿਹੇ ਅਮਰੀਕਾ ਦੇ ਰਾਸ਼ਟਰਪਤੀ ਸ਼੍ਰੀ ਕਲਿੰਟਨ ਭਾਰਤ ਆਏ ਸਨ ਤਾਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਭਾਰਤ ਨੂੰ ਕੀ ਸੁਨੇਹਾ ਦੇਣਾ ਚਾਹੋਗੇ ਤਾਂ ਉਨ੍ਹਾਂ ਨੇ ਕਿਹਾ ਸੀ ਕਿ "Save your Waters"। ਇਰੀਗੇਸ਼ਨ ਵਿਚ ਪਾਣੀ ਦੀ ਸਹੀ ਵਰਤੋਂ ਕਰਨੀ, ਉਸ ਨੂੰ ਚੰਗੇ ਢੰਗ ਨਾਲ ਚਲਾਉਣਾ, ਪਾਵਰ ਸੈਕਟਰ ਵੱਲ ਧਿਆਨ ਦੇਣਾ ਆਦਿ ਇਹ ਰੀ-ਕੰਸਟਰਕਸ਼ਨ ਦੀ ਝਲਕ ਬਜਟ ਵਿਚੋਂ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਮਿਲਦੀ ਹੈ। ਜਿਸ ਤਰ੍ਹਾਂ ਯੂ.ਐਨ.ਓ. ਨੇ ਜ਼ਾਹਿਰ ਕੀਤਾ ਹੈ ਕਿ ਸਿੱਖਿਆ ਅਤੇ ਸਿਹਤ ਇਨਸਾਨ ਦੇ ਮੁੱਢਲੇ ਹੱਕ ਹਨ। ਇਨ੍ਹਾਂ ਵੱਲ ਵੀ ਖਾਸ ਧਿਆਨ ਬਜਟ ਵਿਚ ਦਿੱਤਾ ਗਿਆ ਹੈ। ਮੈਂ ਸਲੱਮਜ਼ ਦੇ ਬਾਰੇ ਖਾਸ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਇਹ ਇਨਸਾਨ ਦੇ ਮੱਥੇ ਉੱਤੇ ਕਲੰਕ ਹੈ। ਇਸ ਬਾਰੇ ਜ਼ਰੂਰ ਅਨਾਉਂਸ ਹੋਣਾ ਚਾਹੀਦਾ ਸੀ। ਇਸ ਮਾਮਲੇ ਵਿਚ ਮੈਂ ਸਮਝਦਾ ਹਾਂ ਕਿ ਐਫ.ਐਮ. ਸਾਹਿਬ ਦੀ ਅੱਖ ਇਥੇ ਝਪਕੀ ਹੈ ਪਰ ਬੰਦ ਨਹੀਂ ਹੋਈ। ਉਹ ਇਸ ਬਾਰੇ ਵੀ ਜ਼ਰੂਰ ਅੱਖ ਖੋਲ੍ਹਣਗੇ। ਜਦੋਂ ਪਿਛਲੀ ਸਰਕਾਰ ਦੇ ਪਿਛਲੇ ਸਾਲ ਦੇ ਅੰਕੜੇ ਇਸ ਸਾਲ ਦੇ ਅੰਕੜਿਆਂ ਨਾਲ ਮਿਲਾਈਏ ਤਾਂ ਮਨ ਨੂੰ ਸਕੂਨ ਮਿਲਦਾ ਹੈ, ਚੈਨ ਆਉਂਦਾ ਹੈ। ਜਿਵੇਂ ਐਗਰੀਕਲਚਰ ਲਈ 135.70 ਕਰੋੜ ਰੁਪਏ ਤੋਂ ਵਧਾ ਕੇ 200.08 ਕਰੋੜ ਰੁਪਏ, ਰੂਰਲ ਡਿਵੈਲਪਮੈਂਟ ਲਈ 283.80 ਕਰੋੜ ਰੁਪਏ ਤੋਂ 350.88 ਕਰੋੜ ਰੁਪਏ, ਇਰੀਗੇਸ਼ਨ ਲਈ 292 ਕਰੋੜ ਰੁਪਏ ਤੋਂ 650 ਕਰੋੜ ਰੁਪਏ, ਐਨਰਜੀ ਲਈ 924.38 ਕਰੋੜ ਰੁਪਏ ਤੋਂ 1062.02 ਕਰੋੜ ਰੁਪਏ ਅਤੇ 3000 ਮੈਗਾਵਾਟ ਬਿਜਲੀ ਪੈਦਾ ਕਰਨ ਦੀਆਂ ਜੋ ਲਾਈਨਾਂ ਮੈਂ ਬਜਟ ਵਿਚ ਪੜ੍ਹੀਆਂ ਤਾਂ ਮੇਰਾ ਮੱਥਾ ਇਸ ਬਜਟ ਅੱਗੇ ਝੁਕ ਗਿਆ। ਟਰਾਂਸਪੋਰਟ ਨੂੰ ਵੀ ਅਣਦੇਖਾ ਨਹੀਂ ਕੀਤਾ ਗਿਆ ਇਸ ਨੂੰ 720.50 ਕਰੋੜ ਰੁਪਏ ਤੋਂ ਵਧਾ ਕੇ 866.48 ਕਰੋੜ ਰੁਪਏ ਕੀਤਾ ਗਿਆ ਹੈ। ਸਾਇੰਸ ਅਤੇ ਤਕਨਾਲੋਜੀ ਲਈ 3.80 ਕਰੋੜ ਰੁਪਏ ਤੋਂ 40.32 ਕਰੋੜ ਰੁਪਏ, ਸੋਸ਼ਲ ਸਰਵਿਸਿਜ਼ ਲਈ 1093.75 ਕਰੋੜ ਰੁਪਏ ਤੋਂ 1587.48 ਕਰੋੜ ਰੁਪਏ, ਸੜਕਾਂ ਲਈ 1500 ਕਰੋੜ ਰੁਪਏ, ਰੂਰਲ ਵਾਟਰ ਸਪਲਾਈ ਲਈ 1280 ਕਰੋੜ ਰੁਪਏ, ਹਾਈਵੇਜ਼ ਲਈ ਸੈਂਟਰ ਸਰਕਾਰ ਵੱਲੋਂ 3000 ਕਰੋੜ ਰੁਪਿਆ ਰੱਖਿਆ ਗਿਆ ਹੈ। 5 ਸਾਲ ਦੇ ਦੌਰਾਨ ਅਸੀਂ ਹਰ ਰਾਹ ਤੇ ਦੇਖਿਆ ਕਰਦੇ ਸੀ, ਚੌਕਾਂ ਚੁਰਾਹਿਆਂ ਵਿੱਚ ਵੀ ਦੇਖਦੇ ਸੀ, ਉਦਯੋਗਿਕ ਵਿਕਾਸ, ਖੇਤੀ ਵਿਭਿੰਨਤਾ, ਲੇਕਿਨ ਉਹ ਸਲੋਗਨਾਂ ਦੇ ਸਲੋਗਨ ਹੀ ਨਜ਼ਰ ਆਏ ਲੇਕਿਨ ਇਸ ਵੱਲ ਕੋਈ ਕਦਮ ਪੁੱਟਿਆ ਨਜ਼ਰ ਨਹੀਂ ਆਇਆ ਪਰ ਇਸ ਬਜਟ ਵਿੱਚ ਕਦਮ ਪੁੱਟਿਆ ਨਜ਼ਰ ਆਇਆ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਆਪ ਜੀ ਦੇ ਮਾਧਿਅਮ ਤੋਂ ਵਿੱਤ ਮੰਤਰੀ ਸਾਹਿਬ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਐਗਰੀਕਲਚਰ ਦੇ ਰੀਵਾਈਵ ਕਰਨ ਨਾਲ ਪੰਜਾਬ ਰੀਵਾਈਵ ਹੋਵੇਗਾ। ਪੰਜਾਬ ਦਾ ਭਵਿੱਖ ਇਸ ਤੇ ਨਿਰਭਰ ਕਰਦਾ ਹੈ। ਕਿਸਾਨ ਦੀ ਇਨਕਮ ਬਹੁਤ ਘੱਟ ਗਈ ਹੈ। ਐਮ.ਐਸ.ਪੀ. ਵਧਾਉਣ ਨਾਲ ਵੀ ਉਨ੍ਹਾਂ ਦੀ ਆਰਥਿਕਤਾ ਸੁਧਰ ਨਹੀਂ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, 65% ਉਹ ਕਿਸਾਨ ਹਨ ਜਿਨ੍ਹਾਂ ਕੋਲ 1/2 ਕਿੱਲੇ ਤੋਂ ਲੈ ਕੇ 10 ਕਿੱਲੇ ਤੱਕ ਜ਼ਮੀਨ ਹੈ ਅਤੇ 50% ਉਹ ਕਿਸਾਨ ਹਨ ਜਿਨ੍ਹਾਂ ਕੋਲ 5 ਕਿੱਲੇ ਤੋਂ ਘੱਟ ਜ਼ਮੀਨ ਹੈ। ਡਿਪਟੀ ਸਪੀਕਰ ਸਹਿਬ, ਯੀਲਡ ਵਧਾਈ ਜਾ ਸਕਦੀ ਹੈ ਪਰ ਇਨ੍ਹਾਂ ਦੀ ਆਰਥਿਕਤਾ ਨਹੀਂ ਵਧਾਈ ਜਾ ਸਕਦੀ। ਯੀਲਡ ਵਧਾਉਣ ਵਿੱਚ ਐਗਰੀਕਲਚਰ ਯੂਨੀਵਰਸਿਟੀ ਦਾ ਬਹੁਤ ਅਹਿਮ ਰੋਲ ਰਿਹਾ ਹੈ ਅਤੇ ਉਹ ਯੂਨੀਵਰਸਿਟੀ ਪਿਛਲੇ ਸਾਲਾਂ ਵਿੱਚ ਪਛਾੜ ਦਿੱਤੀ ਗਈ ਅਤੇ ਇਸ ਹਾਲਤ ਵਿੱਚ ਰਹੀ ਕਿ ਉਸ ਦੇ ਮੁਲਾਜ਼ਮ ਹਰ ਮਹੀਨੇ ਤਨਖਾਹ ਉਡੀਕਿਆ ਕਰਦੇ ਸਨ ਕਿ ਇਸ ਮਹੀਨੇ ਸ਼ਾਇਦ ਤਨਖਾਹ ਮਿਲ ਜਾਵੇਗੀ। ਬੋਰਡ ਆਫ ਡਾਇਰੈਕਟਰਜ਼ ਵਿੱਚ ਇਹ ਪ੍ਰਸਤਾਵ ਰੱਖੇ ਜਾਂਦੇ ਸਨ ਕਿ ਪ੍ਰਾਵੀਡੈਂਟ ਫੰਡ ਵਿਚੋਂ ਪੈਸੇ ਕਢਵਾ ਲਏ ਜਾਣ ਅਤੇ ਤਨਖਾਹ ਵਿਚੋਂ 10% ਕੱਟ ਕੇ ਤਨਖਾਹ ਦਿੱਤੀ ਜਾਵੇ। ਮੈਨੂੰ ਖੁਸ਼ੀ ਹੈ ਕਿ ਇਸ ਦੀ ਗਰਾਂਟ ਵਿੱਚ 80 ਕਰੋੜ ਰੁਪਏ ਤੋਂ ਲੈ ਕੇ 100 ਕਰੋੜ ਰੁਪਏ ਤੱਕ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰੀਸਰਚ ਦੇ ਕੰਮ ਲਈ ਵੀ ਫੰਡਜ਼ ਦੀ ਲੋੜ ਹੈ। ਮੈਨੂੰ ਆਸ ਹੈ ਕਿ ਇਸ ਯੂਨੀਵਰਸਿਟੀ ਨੂੰ 50 ਕਰੋੜ

Original with;
Punjab Vidhan Sabha
Digitized by;
Panjab Digital Library

ਰੁਪਏ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ ਲਈ ਵੀ 50 ਕਰੋੜ ਰੁਪਏ ਦਿੱਤੇ ਜਾਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਯੂਨੀਵਰਸਿਟੀ ਇੱਕ ਬਹੁਤ ਵੱਡਾ ਮਾਧਿਅਮ ਹੋ ਸਕਦੀ ਹੈ। ਕਿਉਂਕਿ ਉਥੇ ਰਿਸਰਚ ਹੁੰਦੀ ਹੈ, ਨਵੇਂ-ਨਵੇਂ ਬੀਜ ਆਉਂਦੇ ਹਨ। ਪਿਛੇ ਬੀ.ਟੀ. ਕਾਟਨ ਬਾਰੇ ਬੜੀ ਡੱਫਲੀ ਵਜਾਈ ਗਈ, ਮੈਂ ਦੁਖੀ ਹੁੰਦਾ ਸੀ, ਮੈਂ ਸਮਝਦਾ ਹਾਂ ਕਿ ਬੀ.ਟੀ. ਕਾਟਨ ਇਕ ਗਲਤ ਤਰੀਕੇ ਨਾਲ ਲਿਆਂਦਾ ਗਿਆ ਹੈ ਅਤੇ ਯੂਨੀਵਰਸਿਟੀ ਨੂੰ ਬੀ.ਟੀ. ਕਾਟਨ ਦੀ ਰਿਸਰਚ ਤੋਂ ਲਾਂਭੇ ਕਰ ਦਿੱਤਾ ਗਿਆ। ਹੁਣ ਮੁੜ ਉਸਦੀ ਰਿਸਰਚ ਹੋਣ ਜਾ ਰਹੀ ਹੈ। ਪਹਿਲਾਂ ਕਿਸਾਨ 1350/- ਰੁਪਏ ਕਿਲੋ ਬੀਜ ਲਿਆਕੇ ਬੀਜਿਆ ਕਰਦੇ ਸੀ ਅਤੇ ਹੁਣ 750/- ਰੁਪਏ ਤੇ ਇਸਦਾ ਰੇਟ ਆ ਗਿਆ ਹੈ। ਹੁਣ ਛੋਟੇ ਕਿਸਾਨ ਨੂੰ ਵੀ ਬੀਜ ਮਿਲਣਗੇ। ਇਸੇ ਤਰ੍ਹਾਂ ਐਨੀਮਲ ਹਸਬੈਂਡਰੀ ਇਕ ਐਸਾ ਕੰਮ ਹੋ ਸਕਦਾ ਹੈ, ਜਿਸਦੇ ਰਾਹੀਂ ਕਿਸਾਨ ਨੂੰ ਰਾਹਤ ਮਿਲੇਗੀ। ਇੱਕ ਨਵੀਂ ਚੀਜ਼ ਮਿਲੇਗੀ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਕਰਨ ਲਈ ਇਕੱਲੇ ਯੂਨੀਵਰਸਿਟੀ ਖੋਲ੍ਹਣ ਦੇ ਨਾਲ, ਕਿਸੇ ਪਹਿਲੀ ਯੂਨੀਵਰਸਿਟੀ ਨੂੰ ਦੋਫਾੜ ਕਰਕੇ ਨਵੀਂ ਯੂਨੀਵਰਸਿਟੀ ਬਣਾਉਣਾ ਕੋਈ ਸ਼ਲਾਘਾ ਵਾਲੀ ਗੱਲ ਨਹੀਂ ਪਰ ਹੁਣ ਇਸ ਬਜਟ ਵਿੱਚ ਐਨੀਮਲ ਹਸਬੈਂਡਰੀ ਯੂਨੀਵਰਸਿਟੀ ਨੂੰ ਪੈਸਾ ਮਿਲਿਆ ਹੈ, ਮੈਂ ਆਸ ਰੱਖਦਾ ਹਾਂ ਕਿ ਇਸ ਯੂਨੀਵਰਸਿਟੀ ਨੂੰ ਵੀ ਘੱਟੋ ਘੱਟ 50 ਕਰੋੜ ਰੁਪਿਆ ਮਿਲਣਾ ਚਾਹੀਦਾ ਹੈ ਤਾਂ ਕਿ ਪੰਜਾਬ ਮੁੜ ਕੇ ਪ੍ਰਫੁਲੱਤ ਹੋਵੇ। ਇਕ ਨਵੀਂ ਸੋਚ ਉਭਰ ਕੇ ਇਸ ਬਜਟ ਵਿੱਚ ਆਈ ਹੈ। Rain harvesting and irrigation optimum ਕਰਨ ਬਾਰੇ ਦੇਖਿਆ ਗਿਆ ਹੈ। ਇਰੀਗੇਸ਼ਨ ਦੀ ਐਫੀਸੈਂਸੀ ਬਾਰੇ ਵੀ ਸੋਚਣ ਦੀ ਲੋੜ ਸੀ। ਇਕ ਵਿਚਾਰ ਹੈ ਕਿ ਕੰਡੀ ਦੇ ਏਰੀਏ ਵਿੱਚ ਜਿਸ ਤਰ੍ਹਾਂ ਝੋਨੇ ਦੀ ਖੇਤੀ ਕੀਤੀ ਜਾ ਰਹੀ ਹੈ, ਇਸਦੇ ਬਾਰੇ ਵੀ ਸੋਚਣ ਦੀ ਲੋੜ ਹੈ ਕਿ ਪਾਣੀ ਦੀ ਵਰਤੋਂ ਦੇ ਨਾਲ ਪੰਜਾਬ ਦੇ ਭਵਿੱਖ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਇਸ ਨੂੰ ਬਦਲਣ ਲਈ ਵੀ ਸੋਚਣ ਦੀ ਲੋੜ ਹੈ। ਡਾਈਵਰਸੀਫੀਕੇਸ਼ਨ ਵੀ ਇਕ ਚੰਗਾ ਕਦਮ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਵਿੱਤ ਮੰਤਰੀ ਜੀ ਦੇ ਹੱਥ ਬਹੁਤ ਤੰਗ ਸੀ ਪਰ ਜਿਸ ਤਰੀਕੇ ਨਾਲ ਉਨ੍ਹਾਂ ਨੇ ਬਜਟ ਨੂੰ ਸੇਧ ਦਿੱਤੀ ਹੈ, ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਫੰਡਜ਼ ਵਿੱਚ ਵਾਧਾ ਹੋਵੇਗਾ ਅਤੇ ਇਸ ਪਾਸੇ ਵੀ ਧਿਆਨ ਦੇਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਖਾਸ ਤੌਰ ਤੇ ਫੋਕਲ ਪੁਆਇੰਟਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਤੇ ਬਹੁਤ ਸੋਚਣ ਵਿਚਾਰਨ ਦੀ ਲੋੜ ਹੈ। ਫੋਕਲ ਪੁਆਇੰਟ ਕਈ ਵਾਰ ਸਿਆਸੀ ਸੋਚ ਨਾਲ ਆਈਡੈਂਟੀਫਾਈ ਕਰਕੇ ਖੁੱਲ੍ਹ ਜਾਂਦੇ ਹਨ। ਪਿਛੋਕੜ ਵਿੱਚ ਕੁਝ ਖੁੱਲ੍ਹੇ ਹਨ। ਅੱਜ ਇਹ ਬੰਦ ਦੇ ਬੰਦ ਪਏ ਹਨ। ਇਨ੍ਹਾਂ ਨੂੰ ਨੈਚੂਰਲੀ ਸੈਂਟਰ ਵਿੱਚ ਖੋਲ੍ਹਣਾ ਚਾਹੀਦਾ ਹੈ ਤੇ ਮੈਂ ਆਸ ਰੱਖਦਾ ਹਾਂ ਕਿ ਕੁਝ ਨਾ ਕੁਝ ਇਨਫਰਾਸਟਰਕਚਰ ਇਨ੍ਹਾਂ ਲਈ ਜ਼ਰੂਰ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਸ ਰੱਖਦਾ ਹਾਂ ਕਿ ਇਸ ਵੱਲ ਐਫ.ਐਮ. ਸਾਹਿਬ ਜ਼ਰੂਰ ਧਿਆਨ ਦੇਣਗੇ। ਇੱਕ ਸੈਂਟਰ ਦੀ ਪਲਾਨ ਹੈ ਜਿਸ ਦੇ ਤਹਿਤ 25,000 ਕਰੋੜ ਰੁਪਿਆ ਐਗਰੀਕਲਚਰ ਡਿਵੈਲਪਮੈਂਟ ਲਈ ਰੱਖਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਟੇਟਸ ਤੋਂ ਉਮੀਦ ਰੱਖਦਾ ਹਾਂ ਕਿ ਸਟੇਟਸ ਪਲਾਨ ਲੈ ਕੇ ਜਾਣਗੀਆਂ ਕਿਉਂਕਿ ਅਸੀਂ ਖੇਤੀ ਵਿੱਚ ਅੱਗੇ ਹਾਂ। ਮੇਰੇ ਮਨ ਦੀ ਇੱਛਾ ਹੈ ਕਿ ਸਾਨੂੰ ਇਸ ਵਿਚੋਂ ਵੱਧ ਤੋਂ ਵੱਧ ਹਿੱਸਾ ਪ੍ਰਾਪਤ ਕਰਨਾ ਚਾਹੀਦਾ ਹੈ। ਸਾਨੂੰ ਇਸ ਵਾਸਤੇ ਲਾਮਬੰਦ ਹੋਣਾ ਚਾਹੀਦਾ ਹੈ। I would like to ask the bureaucrats to pull up their socks and put their heads together and work ambidexterously as the real architects of Punjab. Punjab needs more

Original with;
Punjab Vidhan Sabha
Digitized by;
Panjab Digital Library

**[Chief Parliamentary Secretary, Local Government]**

from them. In this regard I would like to quote Shakespeare, in Julius Ceaser scene of Brutus's tent and Brutus says "Let me tell you Cassious, you yourself are much condemned to have an itching palm to sell and mart your office for gold. To underservers—shall we now contaminate our fingers with base bribes and sell the mighty space of our large honours, for so much thrash as may be grasped thus I had rather be a dog, and bay the moon than such a Roman". The budget gives a wake-up call to the bureaucrats to please have this feeling.

**Sardar Sukhpal Singh Khaira :** Point of Order, Deputy Speaker Sahib.

**Mr. Deputy Speaker :** What is your Point of Order ?

**Sardar Sukhpal Singh Khaira :** ** ** ** **

**Mr. Deputy Speaker :** This is no Point of Order.

**Chief Parliamentary Secretary, Local Government :** Sir, I would not like to respond to his question because I can match with him some other day. My objective is to see the budget in the right perspective. ਪੰਜਾਬ ਸਰਕਾਰ ਦਾ ਰੁਪਿਆ ਖੜਕਦਾ ਨਹੀਂ, ਇਹ ਖੜਕਣਾ ਚਾਹੀਦਾ ਹੈ। ਜੇ ਇੱਕ ਰੁਪਿਆ ਲੱਗਦਾ ਹੈ ਤਾਂ ਇੱਕ ਰੁਪਏ ਦਾ ਮੁੱਲ ਮਿਲਣਾ ਚਾਹੀਦਾ ਹੈ। ਬਿਊਰੋਕਰੇਸੀ ਰੀੜ੍ਹ ਦੀ ਹੱਡੀ ਹੁੰਦੀ ਹੈ। ਇਸ ਲਈ ਭ੍ਰਿਸ਼ਟਾਚਾਰ ਵਲ ਧਿਆਨ ਦੇਣ ਦੀ ਲੋੜ ਹੈ। ਮੈਂ ਭ੍ਰਿਸ਼ਟਾਚਾਰ ਦੀ ਗੱਲ ਨਹੀਂ ਕੀਤੀ, ਰੋਕਣ ਦੀ ਕਰਦਾ ਹਾਂ। ਮੈਂ ਆਸ ਰੱਖਦਾ ਹਾਂ ਕਿ ਸਦਨ ਵਿੱਚੋਂ ਇੱਕ ਜ਼ਰੂਰ ਸੇਧ ਮਿਲੇਗੀ।

ਡਿਪਟੀ ਸਪੀਕਰ ਸਾਹਿਬ, ਵੈਟ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਟੈਕਸ ਪੰਜਾਹ ਪਰਸੈਂਟ ਹੀ ਕੁਲੈਕਟ ਹੁੰਦਾ ਹੈ। ਇਸ ਵਿੱਚ ਬਹੁਤ ਈਵੇਜ਼ਨ ਹੈ। ਮੈਂ ਮੁੱਖ ਮੰਤਰੀ ਜੀ ਦਾ ਖਾਸ ਤੌਰ ਤੇ ਸ਼ੁਕਰੀਆ ਕਰਨਾ ਚਾਹੁੰਦਾ ਹਾਂ। ਮੈਂ ਐਕਸਾਈਜ਼ ਦੇ ਅੰਕੜੇ ਪੜ੍ਹੇ ਹਨ। ਪਿਛਲੀ ਸਰਕਾਰ ਦੇ ਸਮੇਂ ਐਕਸਾਈਜ਼ ਵਿੱਚ ਪਿਛਲੇ ਚਾਰ ਸਾਲਾਂ ਵਿੱਚ 1486 ਕਰੋੜ ਰੁਪਏ ਤੋਂ 1600 ਕਰੋੜ ਰੁਪਏ ਤੱਕ ਦਾ ਵਾਧਾ ਹੋਇਆ ਭਾਵ 114 ਕਰੋੜ ਰੁਪਏ ਪਰ ਹੁਣ ਪਹਿਲੇ ਸਾਲ ਵਿੱਚ ਵੀ 1600 ਕਰੋੜ ਰੁਪਏ ਤੋਂ 1726 ਕਰੋੜ ਰੁਪਏ ਭਾਵ 126 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਹ ਉਪਰਾਲਾ ਵੈਟ ਵਿੱਚ ਵੀ ਕਰਨ ਦੀ ਲੋੜ ਹੈ। ਸਟੈਂਪ ਪੇਪਰ ਜਿਹੜੇ ਸੇਲਜ਼ ਤੇ ਲੱਗਦੇ ਹਨ, ਉਨ੍ਹਾਂ ਵਿੱਚ ਵੀ ਸੁਧਾਰ ਦੀ ਲੋੜ ਹੈ ਕਿਉਂਕਿ ਇਸ ਵਿਚ ਸਬ-ਰਜਿਸਟਰਾਰ ਲੈਵਲ ਤੇ ਡਿਸਕਰੀਸ਼ਨ ਦਾ ਦੁਰਉਪਯੋਗ ਹੁੰਦਾ ਹੈ। ਮੈਂ ਚਾਹੁੰਦਾ ਹਾਂ ਕਿ ਇਸ ਵਿੱਚ ਸਲੈਬ ਸਿਸਟਮ ਕੀਤਾ ਜਾਵੇ ਪਾਰਟੀਕੁਲਰ ਜ਼ੋਨ ਵਿੱਚ, ਫੀਸ ਪਰ ਗਜ਼, ਪਰ ਏਕੜ, ਪਰ ਕੈਨਾਲ ਤਹਿ ਕੀਤੀ ਜਾਵੇ ਤਾਂ ਕਿ ਡਿਸਕਰੀਸ਼ਨ ਖਤਮ ਹੋਵੇ ਔਰ ਜੋ 2300

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਰੋੜ ਰੁਪਏ ਦੀ ਸਰਕਾਰ ਗੱਲ ਕਰਦੀ ਹੈ, ਮੈਂ ਗਾਰੰਟੀ ਨਾਲ ਕਹਿੰਦਾ ਹਾਂ ਕਿ 4000 ਕਰੋੜ ਰੁਪਿਆ ਇੱਥੋਂ ਆਵੇਗਾ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਪ੍ਰਾਪਰਟੀ ਡੀਲਰ ਅਤੇ ਟਰੈਵਲ ਏਜੰਟਸ ਬਾਰੇ ਵੀ ਕਾਨੂੰਨ ਬਣਾਉਣ ਦੀ ਲੋੜ ਹੈ। ਮੈਂ ਖਾਸ ਤੌਰ ਤੇ ਐਫ.ਐਮ. ਸਾਹਿਬ ਨੂੰ ਆਪ ਦੇ ਮਾਧਿਅਮ ਰਾਹੀਂ ਬੇਨਤੀ ਕਰਾਂਗਾ ਕਿ ਸੈਂਟਰਲ ਏਡਜ ਸਕੀਮਾਂ ਲਈ ਇੱਕ ਸਪੈਸ਼ਲ ਸੈੱਲ ਗਠਿਤ ਕੀਤਾ ਜਾਵੇ। ਉਨ੍ਹਾਂ ਲਈ ਫਾਇਨਾਂਸ ਉਪਲਬਧ ਕੀਤਾ ਜਾਵੇ। ਜਿਹੜੀਆਂ ਵੀ ਸੈਂਟਰਲ ਸਕੀਮਾਂ ਹੋਣ, ਉਸ ਦੇ ਲਈ ਇੱਕ ਹਫਤਾ ਦਿੱਤਾ ਜਾਵੇ। ਉਹ ਸੈਲ ਇਕ ਸਮੇਂ ਵਿੱਚ ਇਹ ਸਕੀਮਾਂ ਪੇਸ਼ ਕਰਕੇ ਪਾਸ ਕਰਵਾ ਕੇ ਲਿਆਉਣ ਕਿਉਂਕਿ ਪਿਛੋਕੜ ਵਿੱਚ, ਖਾਸ ਤੌਰ ਤੇ ਪਿਛਲੇ ਪੰਜ ਸਾਲਾਂ ਵਿੱਚ ਅਸੀਂ ਇਸ ਮਾਮਲੇ ਵਿੱਚ ਪਿੱਛੇ ਤਾਂ ਕੀ ਕਹਾਂ, ਅਸੀਂ ਉਖੜੇ ਹੀ ਰਹੇ ਹਾਂ। ਅਸੀਂ ਸੈਂਟਰ ਤੋਂ ਪੈਸੇ ਲਿਆ ਹੀ ਨਹੀਂ ਸਕੇ। ਹੁਣ ਸਾਨੂੰ ਸਾਡਾ ਹਿੱਸਾ ਪੂਰਨ ਰੂਪ ਵਿਚ ਲਿਆਉਣਾ ਚਾਹੀਦਾ ਹੈ।

ਐਜੂਕੇਸ਼ਨ ਵੱਲ ਇਸ ਬਜਟ ਨੇ ਖਾਸ ਚਿੰਤਾ ਜ਼ਾਹਿਰ ਕੀਤੀ ਹੈ। ਮੈਂ ਕਹਾਂਗਾ ਕਿ ਐਜੂਕੇਸ਼ਨ ਨੂੰ ਰੀਵੈਂਪ ਕਰਨ ਦਾ ਖਿਆਲ ਕੀਤਾ ਹੈ। ਸਾਨੂੰ ਇਸ ਵੱਲ ਟਾਰਗੇਟ ਕਰਨਾ ਪਵੇਗਾ। ਸਾਨੂੰ ਪੂਰੇ ਪਲਾਨ ਨਾਲ ਸੋਚਣਾ ਪਵੇਗਾ। ਅੱਜ ਲੀਡਰ ਆਫ ਦਿ ਆਪੋਜੀਸ਼ਨ ਹੈ ਨਹੀਂ। ਉਨ੍ਹਾਂ ਦੇ ਸਮੇਂ ਸੌ ਤੋਂ ਉੱਤੇ ਬੀ.ਐਡ. ਕਾਲਜ ਖੋਲ੍ਹੇ ਗਏ। ਕਈ ਪੋਲਟਰੀ ਫਾਰਮਾਂ ਵਿੱਚ ਹੀ ਖੋਲ੍ਹੇ ਗਏ। ਉਥੇ ਕੋਈ ਫੈਸਿਲਟੀ ਨਹੀਂ, ਕੋਈ ਬਿਲਡਿੰਗ ਨਹੀਂ, ਕੋਈ ਬੇਸਿਕ ਇਨਫਰਾਸਟ੍ਰਕਚਰ ਨਹੀਂ। ਟੀਚਰਾਂ ਦੀ ਭਰਤੀ ਬਾਰੇ ਐਜੂਕੇਸ਼ਨ ਮਿਨਿਸਟਰ ਸਾਹਿਬਾ ਨੇ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੈਰਿਟ ਦੇ ਆਧਾਰ ਤੇ ਭਰਤੀ ਕੀਤੀ ਜਾਵੇਗੀ। ਉਹ ਕਿਸ ਮੈਰਿਟ ਦੀ ਗੱਲ ਕਰਦੇ ਹਨ। ਇਨ੍ਹਾਂ ਸਕੂਲਾਂ ਵਿੱਚ ਪੜ੍ਹ ਕੇ ਇਨਫਲੇਟਿਡ ਮੈਰਿਟ ਵਾਲੇ ਬੱਚਿਆਂ ਨੂੰ ਕਿਸੇ ਤਰ੍ਹਾਂ ਭਰਤੀ ਕੀਤਾ ਜਾਵੇਗਾ। ਮੈਂ ਖਾਸ ਤੌਰ ਤੇ ਐਜੂਕੇਸ਼ਨ ਬਾਰੇ ਕਹਿੰਦਾ ਹਾਂ ਕਿ ਟੀਚਰਾਂ ਦੀ ਭਰਤੀ ਬਾਰੇ ਪਰਾਪਰ ਪਾਲਿਸੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਦਾ ਰਿਟਨ ਟੈਸਟ ਹੋਣਾ ਚਾਹੀਦਾ ਹੈ। ਆਬਜੈਕਟਿਵ ਸਵਾਲ ਹੋਣੇ ਚਾਹੀਦੇ ਹਨ, ਜਿਸ ਵਿੱਚ ਕਿਸੇ ਕਿਸਮ ਦਾ ਕੋਈ ਐਸਾ ਭਰਮ ਨਾ ਰਹੇ ਕਿ ਕਿਸੇ ਨੂੰ ਘੱਟ ਨੰਬਰ ਦੇ ਦਿੱਤੇ ਅਤੇ ਕਿਸੇ ਨੂੰ ਵੱਧ ਦੇ ਦਿੱਤੇ। ਯੋਗ ਟੀਚਰ ਜ਼ਰੂਰ ਆਉਣੇ ਚਾਹੀਦੇ ਹਨ। ਐਜੂਕੇਸ਼ਨ ਰੈਗੂਲੇਟਿਡ ਅਥਾਰਿਟੀ ਦਾ ਗਠਿਤ ਕਰਨਾ ਬਹੁਤ ਜ਼ਰੂਰੀ ਹੈ। ਇਸ ਵਾਸਤੇ ਇਸ ਬਜਟ ਵਿੱਚ ਜ਼ਰੂਰ ਕੁਝ ਨਾ ਕੁਝ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ। ਏਡਿਡ ਅਤੇ ਨਾਨ-ਏਡਿਡ ਕਾਲਿਜਜ਼ ਵਾਸਤੇ ਵੀ ਕੁਝ ਕਰਨ ਦੀ ਲੋੜ ਹੈ। ਜਿੰਨੀਆਂ ਫੀਸਾਂ ਉਹ ਇਕੱਤਰ ਕਰਦੇ ਹਨ, ਉਸ ਦਾ ਕੁਝ ਨਾ ਕੁਝ ਹਿੱਸਾ ਸਰਕਾਰ ਕੋਲ ਆਵੇ, ਇਸ ਵਾਸਤੇ ਕਾਨੂੰਨ ਬਣਾਉਣ ਦੀ ਲੋੜ ਹੈ। ਫੀਸਾਂ ਦਾ ਕੁਝ ਪ੍ਰਤੀਸ਼ਤ, 60-70 ਪ੍ਰਤੀਸ਼ਤ ਜ਼ਰੂਰ ਸਰਕਾਰ ਦੇ ਹਿੱਸੇ ਆਵੇ ਤਾਂ ਕਿ ਸਰਕਾਰ ਉਸ ਨਾਲ ਅਧਿਆਪਕਾਂ ਨੂੰ ਤਨਖਾਹ ਦੇਣ ਤੋਂ ਪੱਲਾ ਨਾ ਛੁਡਾਏ।

ਪਹਿਲੀ ਵਾਰ ਇਸ ਬਜਟ ਵਿੱਚ ਗਰੀਬਾਂ ਦਾ ਢਿੱਡ ਭਰਨ ਬਾਰੇ ਸੋਚਿਆ ਗਿਆ ਹੈ। ਆਟਾ-ਦਾਲ, ਜਿਸ ਨੂੰ ਹਾਸੋਹੀਣੀ ਬਣਾਇਆ ਜਾਂਦਾ ਹੈ, ਪਹਿਲੀ ਵਾਰ ਇਹ ਗੱਲ ਸੁਣਨ ਵਿੱਚ ਆਈ ਹੈ ਕਿ ਜੇ ਆਟਾ-ਦਾਲ ਮਿਲਣਗੇ ਤਾਂ ਭੁਖਿਆਂ ਦੀਆਂ ਲਾਈਨਾਂ ਖੜ੍ਹੀਆਂ ਕਰਾਂਗੇ। ਲੀਡਰ ਆਫ ਦਿ ਹਾਊਸ ਨੂੰ ਕਹਾਂਗਾ—

ਬਰਸਤੇ ਹੈਂ ਸੰਗ ਅਸ਼ਿਆਹ ਪੇ
ਲਗਤੇ ਹੈਂ ਫਲ ਜਿਸ ਪੇ।

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਇਨ੍ਹਾਂ ਤੋਂ ਡਰਨ ਦੀ ਲੋੜ ਨਹੀਂ ਕਿਉਂਕਿ ਜਦ ਤੱਕ ਆਟਾ ਦਾਲ ਦੀ ਸਕੀਮ ਨਹੀਂ ਸੀ ਆਈ ਤਾਂ ਉਦੋਂ ਤੱਕ ਥਾਲ ਅਤੇ ਚਮਚ ਵੀ ਨਹੀਂ ਸੀ ਆਏ। ਇਹ ਉਦੋਂ ਹੀ ਆਉਂਦੇ ਹਨ। ਜਦੋਂ ਕੋਈ ਚੰਗਿਆਈ ਲੈ ਕੇ ਆਉਂਦਾ ਹੈ ਤਾਂ ਉਸ ਦੀਆਂ ਲੱਤਾਂ ਖਿੱਚਣ ਵਾਲੇ ਬਰਾਬਰ ਨਾਲ ਆਉਂਦੇ ਹਨ। ਫੈਜ਼ ਅਹਿਮਦ ਫੈਜ਼ ਨੇ ਕਿਹਾ ਹੈ—

ਹਮਨੇ ਇਸ ਇਸ਼ਕ ਮੇਂ ਕਿਆ ਖੋਇਆ ਹੈ ਕਿਆ ਪਾਇਆ ਹੈ
ਆਜੀਜੀ ਸੀਖੀ ਗਰੀਬੋਂ ਕੀ ਹਿਆਯਤ ਸੀਖੀ
ਯਾਂਸੀ ਇਮਰਾਨ ਕੇ ਦੁਖ ਦਰਦ–ਕੇ ਮਾਨੀ ਸੀਖੀ।

ਬਾਦਲ ਸਾਹਿਬ ਨੇ ਸਿੱਖਿਆ ਹੈ ਕਿ ਜੇ ਗਰੀਬਾਂ ਦੇ ਢਿੱਡ ਭੁੱਖੇ ਹਨ ਤਾਂ ਗਰੀਬਾਂ ਦੀ ਤੜਪਣ ਬਹੁਤ ਹੁੰਦੀ ਹੈ। ਇਸ ਦੇ ਲਈ ਮੈਂ ਬਹੁਤ ਬਹੁਤ ਮੁਬਾਰਿਕਬਾਦ ਦਿੰਦਾ ਹਾਂ ਅਤੇ ਆਸ ਰੱਖਦਾ ਹਾਂ ਕਿ ਇਹ ਹਿੰਦੁਸਤਾਨ ਦੇ ਇਤਿਹਾਸ ਵਿੱਚ ਇੱਕ ਇਤਿਹਾਸਕ ਦਿਨ ਬਣੇਗਾ।

ਬਜਟ ਦੇ ਅੰਕੜੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਰੈਵੇਨਿਊ ਡੈਫੀਸਿਟ 2190.60 ਹੈ । ਫਿਸਕਲ ਡੈਫੀਸਿਟ 5566.50 ਹੈ, ਜੀ.ਡੀ.ਪੀ. ਦਾ 47 ਪ੍ਰਤੀਸ਼ਤ 1 ਸੈਲਰੀ, ਪੈਨਸ਼ਨ ਅਤੇ ਇੰਟਰਸਟ ਬਜਟ ਦਾ 3/4 ਹਿੱਸਾ ਖਾ ਜਾਂਦਾ ਹੈ। ਸਾਲ 2003 ਦੇ ਵਿੱਚ ਕਰਜ਼ਾ 32496 ਤੋਂ ਵਧ ਕੇ 47108 ਹੋ ਗਿਆ ਹੈ। ਇੰਟਰਸਟ ਦੀ ਅਦਾਇਗੀ 3178 ਤੋਂ 4288 ਹੋ ਗਈ ਹੈ। 12ਵੇਂ ਫਾਈਨੇਂਸ ਕਮਿਸ਼ਨ ਦਾ ਸੁਝਾਅ ਹੈ ਕਿ ਗਰੌਸ ਫਿਸਕਲ ਡਾਈਵਰਸੀਫਿਕੇਸ਼ਨ 4049 ਤੋਂ ਵਧਣੀ ਨਹੀਂ ਚਾਹੀਦੀ। ਉਹ ਵੱਧ ਕੇ 5567 ਹੋ ਜਾਵੇ ਤਾਂ ਇਹ ਦੁਖਦਾਈ ਹਾਲਾਤ ਹਨ। ਕਿੰਨੀ ਦੇਰ ਤੱਕ ਕਰਜ਼ੇ ਦੀ ਇਕਾਨਮੀ ਤੇ ਚੱਲਾਂਗੇ। ਕਿੰਨੀ ਦੇਰ ਤੱਕ ਭਾਂਡੇ ਲੈਕੇ ਸੈਂਟਰ ਵੱਲ ਤਕੱਦੇ ਰਹਾਂਗੇ। ਅੱਜ ਇਸ ਵਿਚ ਬਦਲ ਲਿਆਉਣ ਦੀ ਲੋੜ ਹੈ। ਮੈਂ ਐਫ.ਐਮ. ਸਾਹਿਬ ਦੀ ਸਪੀਚ ਖਾਸ ਤੌਰ ਤੇ ਪੜ੍ਹੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਉਹ ਕੀ ਕਹਿਣਾ ਚਾਹੁੰਦੇ ਸਨ। ਕਿ ਜੇਕਰ ਮੈਨੂੰ 659.97 ਕਰੋੜ ਦਾ ਪਿਛਲੇ ਸਾਲ ਦਾ ਘਾਟਾ ਨਾ ਮਿਲਿਆ ਹੁੰਦਾ ਤਾਂ ਮੈਂ ਜੀਰੋ ਡੈਫਿਸਿਟ ਬਜਟ ਲਿਆਉਂਦਾ। ਆਓ, ਅੱਜ ਆਪਾਂ ਸੱਚ ਬੋਲਣਾ ਸਿੱਖੀਏ। ਭਰੇ ਹੋਏ ਖਜ਼ਾਨਿਆਂ ਦੀਆਂ ਡਫ਼ਲੀਆਂ ਨਾ ਵਜਾਈਏ। ਹਕੀਕਤ ਨਾਲ ਵਾਬਸਤਾ ਹੋਈਏ। ਪੰਜਾਬ ਨੂੰ ਸੁਧਾਰਨ ਬਾਰੇ ਸੋਚੀਏ। ਪਲਾਨਿੰਗ ਕਮਿਸ਼ਨ ਨੇ ਪੰਜਾਬ ਦੀ ਇਕਨਾਮਿਕ ਗਰੋਥ ਦਾ ਟੀਚਾ ਰੱਖਿਆ ਹੈ 5.9% । ਮੈਂ ਬਹੁਤ ਪੀੜਤ ਹੋਇਆ ਦੇਖ ਕੇ ਕਿ ਗੁਜਰਾਤ ਦਾ 11% ਤੋਂ ਉਪਰ ਹੋਵੇ, ਕਰਨਾਟਕਾ ਦਾ 11% ਦੇ ਲਗਭਗ ਹੋਵੇ, ਹਰਿਆਣਾ ਦਾ 11% ਤੋਂ ਉਪਰ ਹੋਵੇ। ਛੋਟੀਆਂ ਛੋਟੀਆਂ ਸਟੇਟਾਂ ਜਿਹੜੀਆਂ ਸਾਡੇ ਨਾਲ ਲਗਦੀਆਂ ਹਨ, ਜਿਵੇਂ ਹਿਮਾਚਲ ਵਗੈਰਾ ਉਨ੍ਹਾਂ ਦਾ ਸਾਡੇ ਤੋਂ ਬਿਹਤਰ ਹੋਵੇ, ਇਸ ਨੂੰ ਸੁਧਾਰਨ ਦੀ ਲੋੜ ਹੈ। ਅੱਜ ਇਕੱਤਰਿਤ ਹੋਣ ਦੀ ਲੋੜ ਹੈ। ਅੱਜ ਆਪਸੀ ਵਾਦ ਵਿਵਾਦ ਨੂੰ ਛੱਡ ਕੇ ਸੱਚ, ਸਵੱਛ ਰਸਤੇ ਤੇ ਪੰਜਾਬ ਨੂੰ ਉਸਾਰਨ ਦੀ ਲੋੜ ਹੈ। ਇਹ ਗੱਲ ਨਾ ਹੋਵੇ—

"ਜਿਸ ਕੀ ਸਾਰੀ ਕਟੀ ਲਕੀਰੇਂ ਐਸੀ ਏਕ ਹਥੇਲੀ ਹਮ"

ਅਸੀਂ ਲਾਚਾਰ ਨਾ ਹੋਈਏ, ਜੋਰਾਵਰ ਹੋਈਏ। ਪੰਜਾਬ ਨੂੰ ਮੁੜ ਕੇ ਉਪਰ ਲੈ ਕੇ ਜਾਈਏ। ਡਿਪਟੀ ਸਪੀਕਰ ਸਾਹਿਬ, ਬੜੀ ਖੁਸ਼ੀ ਹੋਈ ਜਦੋਂ ਬਜਟ ਦੇਖਿਆ। Pilot projects for

Original with;
Punjab Vidhan Sabha
Digitized by;
Panjab Digital Library

diversification through agriculture production pattern adjustment programme in Punjab for productivity and growth and macro-management work plan. ਹਾਰਟੀਕਲਚਰ ਵਾਸਤੇ ਨੈਸ਼ਨਲ ਐਗਰੀਕਲਚਰ ਕਮਿਸ਼ਨ ਤਹਿਤ 100 ਕਰੋੜ ਰੁਪਏ ਨਾਲ ਪੰਜ ਸੈਂਟਰ ਸੀਟਰਸ ਦੇ ਅਤੇ ਮਲਬਰੀ ਦਾ ਇਕ ਸੈਂਟਰ ਖੁੱਲ੍ਹਣਾ ਹੈ। ਮੈਂ ਆਸ ਕਰਦਾ ਹਾਂ ਕਿ ਸਬਜ਼ੀਆਂ ਤੇ ਲੀਚੀ ਲਈ ਸੈਂਟਰ ਵੀ ਖੁੱਲ੍ਹਣਗੇ। ਇਨ੍ਹਾਂ ਦੀ ਪੰਜਾਬ ਵਿਚ ਬਹੁਤ ਲੋੜ ਹੈ। ਫਲਾਂ ਲਈ ਸੈਂਟਰ ਦੀ ਲੋੜ ਹੈ। 20 ਫਾਰਮਰ ਟ੍ਰੇਨਿੰਗ ਸੈਂਟਰ ਖੋਲ੍ਹੇ ਗਏ ਹਨ, ਇਸ ਦੀ ਬੜੀ ਪ੍ਰਸੰਨਤਾ ਹੋਈ ਹੈ। ਐਨੀਮਲ ਹਸਬੈਂਡਰੀ ਦੇ ਤਹਿਤ ਮਿਲਕ ਯੂਨੀਅਨਜ਼ ਲਈ 50 ਕਰੋੜ ਰੁਪਏ ਦੀ ਵਿਉਂਤ, ਡੇਅਰੀ ਡਿਵੈਲਪਮੈਂਟ ਲਈ 10 ਕਰੋੜ ਰੁਪਏ ਦੀ ਵਿਉਂਤ ਇਹ ਵੀ ਇਕ ਬਜਟ ਵਿਚ ਪਹਿਲੀ ਵਾਰ ਨਵੇਂ ਰਸਤੇ ਵੱਲ ਪੰਜਾਬ ਦਾ ਰੁੱਖ ਮੁੜਿਆ ਹੈ, ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਨਵੀਆਂ ਸਕੀਮਾਂ ਵਾਸਤੇ ਸਰਾਹਨਾ ਦੀ ਲੋੜ ਹੈ। ਕੋਆਪਰੇਸ਼ਨ ਮਹਿਕਮੇ ਵਿਚ ਭਾਈ ਘਨੱਈਆ ਮੈਡੀਕਲ ਸਿਹਤ ਸੇਵਾ ਸਕੀਮ ਅਧੀਨ ਮੈਡੀਕਲ ਇੰਸੋਰੈਂਸ ਨੂੰ 2 ਲੱਖ ਤੱਕ ਕਰਨਾ, ਪੰਜਾਬ ਵਿਚ ਸਿਹਤ ਸੇਵਾਵਾਂ ਘਰ ਘਰ ਤੱਕ ਪਹੁੰਚਾਉਣ ਲਈ ਇਕ ਬੜਾ ਸਾਰਥਕ ਉਪਰਾਲਾ ਹੋਵੇਗਾ।

**ਮਾਨਯੋਗ ਡਿਪਟੀ ਸਪੀਕਰ** : ਹੁਣ ਤੁਸੀਂ ਵਾਈਂਡ ਅੱਪ ਕਰੋ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ** : ਇਨਫੈਂਟ ਮੋਰਟੈਲਿਟੀ, ਹਸਪਤਾਲਾਂ ਦੀ ਅੱਪਗ੍ਰੇਡੇਸ਼ਨ, ਡਰੱਗ ਡੀ-ਐਡਿਕਸ਼ਨ ਵੱਲ ਧਿਆਨ ਦੇਣਾ ਹਰ ਇਕ ਮੈਡੀਕਲ ਕਾਲਜਾਂ ਨੂੰ 25 ਕਰੋੜ ਰੁਪਏ ਦੇਣਾ, ਇਹ ਇਕ ਵੱਡਾ ਕਦਮ ਹੈ, ਜਿਸ ਲਈ ਸ਼ਲਾਘਾ ਕਰਨੀ ਬਣਦੀ ਹੈ। ਆਯੁਰਵੈਦਿਕ ਕਾਲਜ ਲਈ 50 ਲੱਖ ਦੀ ਵਿਉਂਤ ਬਣਾਉਣੀ ਇਸ ਤੋਂ ਸਰਕਾਰ ਦੀ ਨੀਅਤ ਦੀ ਝਲਕ ਪੈਂਦੀ ਹੈ। ਇਹ ਸਰਕਾਰ ਝੂਠੀਆਂ ਗੱਲਾਂ ਨਹੀਂ ਕਰਦੀ। ਸੋਸ਼ਲ ਸਕਿਓਰਟੀ, ਵਿਮੈਨ ਤੇ ਚਾਈਲਡ ਡਿਵੈਲਪਮੈਂਟ ਲਈ 5% ਸੈਸ, ਬਿਜਲੀ ਤੇ 3%, ਸਟੈਂਪ ਤੇ 3%, ਓਲਡ ਏਜ਼ ਪੈਨਸ਼ਨ ਅਤੇ ਸ਼ਡਿਊਲਡ ਕਾਸਟਾਂ ਲਈ ਘਰ, ਇਸ ਵਿਚ ਇਕ ਅੱਛੀ ਮੈਨੇਜਮੈਂਟ ਨਜ਼ਰ ਆਈ ਹੈ। ਵੈਲਫੇਅਰ ਫਾਰ ਸਡਿਊਲਡ ਕਾਸਟਸ, ਬੈਕਵਰਡ ਕਲਾਸਿਜ਼ ਜਿਸ ਦੇ ਕਿ ਕਈ ਮਸੀਹਾ ਬਣਨ ਦੀ ਕੋਸ਼ਿਸ਼ ਕਰਦੇ ਰਹੇ ਹਨ, ਪਹਿਲੀ ਵਾਰ 1154 ਕਰੋੜ ਰੁਪਏ ਤੋਂ 1300 ਕਰੋੜ ਰੁਪਏ ਇਨਕਰੀਜ਼ ਕਰਨਾ, ਅੰਬੇਦਕਰ ਭਵਨ ਬਣਾਉਣਾ, ਪ੍ਰਾਇਮਰੀ ਲੈਵਲ ਤੇ ਸ਼ਡਿਊਲਡ ਕਾਸਟ ਬੱਚਿਆਂ ਲਈ ਸਕਾਲਰਸ਼ਿਪ ਦੇਣਾ, ਕੰਸਟ੍ਰਕਸ਼ਨ ਆਫ਼ ਹਾਊਸਿਜ਼ ਫਾਰ ਸ਼ਡਿਊਲਡ ਕਾਸਟਸ, ਉਨ੍ਹਾਂ ਲਈ ਧਰਮਸ਼ਾਲਾ ਬਣਾਉਣੀਆਂ, ਆਈ.ਟੀ.ਆਈ. ਵੋਕੇਸ਼ਨਲ ਟ੍ਰੇਨਿੰਗ ਲਈ, ਫਲਾਇੰਗ ਟ੍ਰੇਨਿੰਗ ਲਈ ਇਕ ਕਰੋੜ ਰੁਪਿਆ, ਇਹ ਜ਼ਰੂਰ ਘੱਟ ਹੈ ਪਰ ਇਹ ਇਕ ਨਵੀਂ ਓਪਨਿੰਗ ਹੈ, ਜੋ ਕਿ ਵਾਈਡ ਹੋਵੇਗੀ। ਇਹ ਇੰਡਸਟਰੀ 40% ਗ੍ਰੋਅ ਕਰ ਰਹੀ ਹੈ। ਇਸ ਵਕਤ ਇਸ ਨੂੰ ਬਹੁਤ ਲੋੜ ਸੀ। ਪ੍ਰਾਈਵੇਟ ਨਰਸਿੰਗ ਕਾਲਿਜਿਜ਼ ਲਈ ਪੈਸਾ ਦੇਣਾ ਇਕ ਅੱਛਾ ਕਦਮ ਹੈ। ਅੰਮ੍ਰਿਤਸਰ ਏਅਰਪੋਰਟ ਦੀ ਐਕਸਟੈਨਸ਼ਨ, ਫਲਾਇੰਗ ਅਕੈਡਮੀ ਤਲਵੰਡੀ ਸਾਬੋ ਅਤੇ ਅਪਗਰੇਡੇਸ਼ਨ ਆਫ਼ ਪਟਿਆਲਾ, ਮੈਂ ਸਮਝਦਾ ਹਾਂ ਕਿ ਲੁਧਿਆਣਾ ਵਿਚ ਵੀ ਸਾਹਨੇਵਾਲ ਵਾਲੇ ਏਅਰਪੋਰਟ ਨੂੰ ਅਪਗਰੇਡ ਕਰਕੇ, ਉਥੇ ਚਾਹੇ ਪ੍ਰਾਈਵੇਟ ਸੈਕਟਰ ਦੇ ਨਾਲ ਐਸੋਸੀਏਸ਼ਨ ਕੀਤੀ ਜਾਵੇ, ਉਹ ਵੀ ਫਲਾਇੰਗ ਕਲੱਬ ਚਾਲੂ ਕਰਨ ਚਾਹੀਦਾ ਹੈ ਅਤੇ ਲੁਧਿਆਣਾ ਦਾ ਜਿਹੜਾ ਏਅਰਪੋਰਟ ਹੈ, ਉਹ ਬਹੁਤ ਆਵਸ਼ਕ ਹੈ। ਇਹ ਬਹੁਤ ਇੰਪਾਰਟੈਂਟ

Original with;
Punjab Vidhan Sabha
Digitized by;
Panjab Digital Library

**[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]**

ਇਨਫਰਾਸਟਰਕਚਰ ਹੈ। ਇਸ ਦੇ ਵੱਲ ਵੀ ਖਾਸ ਧਿਆਨ ਦੇਣ ਦੀ ਲੋੜ ਹੈ। ਇਹ ਬੜਾ ਸ਼ਲਾਘਾਯੋਗ ਕੰਮ ਹੋਵੇਗਾ। ਮੈਂ ਬੇਨਤੀ ਕਰਾਂਗਾ ਕਿ ਇਸ ਦੇ ਵਿਚ ਵਿਉਤਾਂ ਬਣਾਈਏ। ਇਸ ਵਿਚ ਲੋਕਲ ਬਾਡੀਜ਼ ਨੇ ਇੰਨੀ ਹਿੰਮਤ ਨਹੀਂ ਜੁਟਾਈ। ਮੈਂ ਚਾਹਾਂਗਾ ਕਿ ਅਸੀਂ ਰਿਫਾਰਮਜ਼ ਲੈ ਕੇ ਆਈਏ। ਜਦੋਂ ਤੱਕ ਅਸੀਂ ਰਿਫਾਰਮਜ਼ ਨਹੀਂ ਲੈ ਕੇ ਆਵਾਂਗੇ, ਉਦੋਂ ਤੱਕ ਅਰਬਨ ਡਿਵੈਲਪਮੈਂਟ ਨਹੀਂ ਹੋ ਸਕਦੀ। ਮੁਆਫੀ ਦੇ ਆਲਮ ਤੋਂ ਅਸੀਂ ਛੁਟਕਾਰਾ ਪਾਈਏ। ਜਿਵੇਂ ਕਿ ਕਹਿੰਦੇ ਹਨ :

"ਫੂਲੋਂ ਕੇ ਇੰਤਜ਼ਾਰ ਮੇਂ, ਕਾਂਟੋਂ ਸੇ ਭੀ ਨਿਭਾਈਏ,
ਯਾਨੀ ਖੁਸ਼ੀ ਕੇ ਵਾਸਤੇ ਗਮ ਦਾ ਸ਼ਗੂਰ ਚਾਹੀਏ।"

ਅਗਰ ਕੁਝ ਪਾਉਣਾ ਹੈ ਤਾਂ ਕੁਝ ਦੇਣਾ ਪਵੇਗਾ। ਇਸ ਲਈ ਅੱਜ ਉਠੀਏ। ਕਿਉਂਕਿ ਹਰ ਅੱਛੇ ਕੰਮ ਦੀ ਆਲੋਚਨਾ ਹੋਣੀ ਹੀ ਹੋਣੀ ਹੈ। ਤੁਹਾਨੂੰ ਕਿਸੇ ਨੇ ਸਿੱਧੇ ਰਾਹ ਤੇ ਜਾਣ ਲਈ ਪ੍ਰੇਰਨਾ ਨਹੀਂ ਕਰਨੀ, ਪਰ ਅੜਿੱਕੇ ਜ਼ਰੂਰ ਪਾਉਣੇ ਹਨ। ਇਹ ਵੀ ਕਿਹਾ ਗਿਆ ਹੈ :

"ਸੀਂਹ ਨਹੀਂ ਡਰਾ ਕਰਤੇ, ਗਿਦੜੋਂ ਕੀ ਚੀਕ ਚਿਹਾਟ ਸੇ।"

ਇਹ ਵਿਸ਼ਵਾਸ ਬਣਾਉਣਾ ਪਊ। ਚਲਦੇ ਹਨ ਹਾਥੀ ਤਾਂ, ਦੂਜੇ ਕਰਮੀ ਆਪਣਾ ਕਰਮ ਕਰਦੇ ਹਨ। ਪਰ ਆਪਣਾ ਰਸਤਾ ਨਹੀਂ ਛੱਡਣਾ ਚਾਹੀਦਾ। ਬਲਗੱਣ ਸਾਹਿਬ ਨੇ ਲਿਖਿਆ ਹੈ ਕਿ—

ਕਾਵਾਂ ਦਾ ਕੰਮ ਗੰਦ ਫੋਲਣਾ, ਫੋਲਣ ਦਿਓ
ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ।

ਜਿਹੜੇ ਭਾਂਡੇ ਖੜਕਦੇ ਹਨ, ਇਹ ਤਾਂ ਖੜਕਦੇ ਹੀ ਰਹਿਣਗੇ। ਇਹ ਕੁਝ ਹੋਣਾ ਹੀ ਹੁੰਦਾ ਹੈ। ਪਰ ਆਪਾਂ ਇਸ ਪਾਸੇ ਤੋਂ ਅੱਖਾਂ ਹੀ ਮੀਟ ਲਈਏ। ਆਪਾਂ ਆਪਣੇ ਰਸਤੇ ਤੇ ਚੱਲੀਏ। ਮੈਂ ਚਾਹਾਂਗਾ ਕਿ ਅਰਬਨ ਡਿਵੈਲਪਮੈਂਟ ਤੇ ਖਾਸ ਧਿਆਨ ਦਿੱਤਾ ਜਾਵੇ। ਇਸ ਬਜਟ ਵਿਚ ਇਨਫਰਮੇਸ਼ਨ ਟੈਕਨਾਲੋਜੀ ਵੱਲ ਘੱਟ ਧਿਆਨ ਦਿੱਤਾ ਗਿਆ ਹੈ। ਅਸੀਂ ਬਹੁਤ ਪੱਛੜੇ ਹੋਏ ਹਾਂ। ਬਹੁਤ ਪਿਛੇ ਰਹਿ ਗਏ ਹਾਂ। ਪਰ ਅਸੀਂ ਨਾਲ ਮਿਲਣ ਦੀ ਇੱਛਾ ਕਰ ਸਕਦੇ ਹਾਂ। ਹੌਂਸਲਾ ਰੱਖ ਸਕਦੇ ਹਾਂ ਔਰ ਰੱਖਣਾ ਵੀ ਚਾਹੀਦਾ ਸੀ। ਪਰ ਉਹ ਨਜ਼ਰ ਨਹੀਂ ਆਇਆ। ਵੈਟ ਦੀ ਸਿੰਪਲੀਫਿਕੇਸ਼ਨ ਬਹੁਤ ਆਵਸ਼ਕ ਹੈ। ਉਨ੍ਹਾਂ ਪੈਨਲ ਕਲਾਜਿਜ਼ ਨੂੰ ਦੂਰ ਕਰਨਾ ਚਾਹੀਦਾ ਹੈ, ਜਿਨ੍ਹਾਂ ਦੀ ਕਿ ਅੱਜ ਤੱਕ ਸਰਕਾਰ ਨੂੰ ਲੋੜ ਹੀ ਨਹੀਂ ਹੋਈ। ਜਿਹੜੀਆਂ ਅੱਜ ਤੱਕ ਅਸੀਂ ਲਾਗੂ ਹੀ ਨਹੀਂ ਕੀਤੀਆਂ, ਇਹ ਵਿਚੋਂ ਕੱਟ ਦੇਣੀਆਂ ਚਾਹੀਦੀਆਂ ਹਨ। ਮੈਂ ਸੈਕਸ਼ਨ 43 ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਕਿਉਂਕਿ ਮੈਂ ਪੇਸ਼ੇ ਤੋਂ ਵਕੀਲ ਹਾਂ। ਮੈਂ ਉਸ ਕਲਾਸ ਦੀ ਵੀ ਨੁਮਾਇੰਦਗੀ ਕਰਦਾ ਹਾਂ। ਸੈਕਸ਼ਨ 43 ਦੇ ਵਿਚ ਇਕੱਲੇ ਸੀ.ਏ. ਨੂੰ ਅਥਾਰਿਟੀ ਦਿੱਤੀ ਗਈ ਹੈ ਕਿ ਉਹ ਆਡਿਟ ਰਿਪੋਰਟ ਕਰਨ। ਇਹ ਆਡਿਟ ਨਹੀਂ ਹੈ, ਬਲਕਿ ਸਰਟੀਫਿਕੇਸ਼ਨ ਹੈ। ਇਹ ਨਹੀਂ ਹੋਣਾ ਚਾਹੀਦਾ। ਕਿਉਂਕਿ ਵੈਟ ਦੇ ਵਿਚ ਪ੍ਰੈਕਟਿਸ ਕਰਨ ਵਾਲੇ 99% ਵਕੀਲ ਹਨ। ਜੇ ਕਿਸੇ ਸੀ.ਏ. ਨੂੰ ਕਹੀਏ ਕਿ ਫਾਰਮ ਭਰ ਦੇਵੋ ਤਾਂ ਉਹ

Original with;
Punjab Vidhan Sabha
Digitized by;
Panjab Digital Library

ਫਾਰਮ ਵੀ ਨਹੀਂ ਭਰ ਸਕਦਾ ਤਾਂ ਫਿਰ ਉਹ ਸਰਟੀਫਿਕੇਸ਼ਨ ਕਿੱਦਾਂ ਕਰ ਸਕਦੇ ਹਨ? ਜਾਂ ਤਾਂ ਇਹ ਕਲਾਜ਼ ਉਡਾਈ ਜਾਵੇ ਜਾਂ ਵਕੀਲਾਂ ਤੇ ਆਈ.ਟੀ.ਆਰ.ਪੀਜ਼ ਨੂੰ ਬਰਾਬਰ ਅਧਿਕਾਰ ਦੇਣੇ ਚਾਹੀਦੇ ਹਨ। ਇਹ ਇਸ ਦੇ ਵਿਚ ਇਕ ਬਹੁਤ ਵੱਡੀ ਕੁਰੈਕਸ਼ਨ ਹੋਵੇਗੀ। ਅੰਤ ਦੇ ਵਿਚ, ਕਿਉਂਕਿ ਮੈਂ ਵੀ ਆਮ ਇਨਸਾਨ ਹਾਂ, ਮੈਂ ਆਪਣੇ ਨਿੱਜੀ ਮੁਫ਼ਾਦ ਲਈ ਵੀ ਗੱਲ ਕਰਨੀ ਚਾਹੁੰਦਾ ਹਾਂ। ਐਫ.ਐਮ. ਸਾਹਿਬ ਨੇ ਪੀ.ਏ.ਯੂ. ਅਤੇ ਗੁਰੂ ਅੰਗਦ ਦੇਵ ਪਸ਼ੂ ਵਿਗਿਆਨ ਯੂਨੀਵਰਸਿਟੀ (GADUAS) ਦੀ ਰਿਵਾਈਵਲ ਲਈ ਉਪਰਾਲੇ ਕੀਤੇ ਹਨ ਅਤੇ ਹੋਰ ਵਾਅਦੇ ਵੀ ਕੀਤੇ ਹਨ। ਇਹ ਜ਼ਰੂਰ ਮੇਰੇ ਹਲਕੇ ਵਿਚ ਪੈਂਦੇ ਹਨ। ਇਥੇ ਦੇ ਤਕਰੀਬਨ ਪੰਜ ਹਜ਼ਾਰ ਮੁਲਾਜ਼ਮ ਮੇਰੇ ਵੋਟਰ ਹਨ। ਪਰ ਸਹੀ ਮਾਅਨਿਆਂ ਵਿਚ ਇਹ ਯੂਨੀਵਰਸਿਟੀ ਸਿਰਫ ਉਸ ਹਲਕੇ ਦੀ ਨਹੀਂ, ਪੂਰੇ ਪੰਜਾਬ ਦੀ ਹੀ ਨਹੀਂ, ਪੂਰੇ ਹਿੰਦੁਸਤਾਨ ਦੀ ਹੀ ਨਹੀਂ ਸਗੋਂ ਪੂਰੇ ਵਿਸ਼ਵ ਦੀ ਸ਼ਾਨ ਹੈ। ਪੂਰੇ ਵਿਸ਼ਵ ਨੇ ਇਸ ਦੇ ਫਲ ਖਾਣੇ ਹਨ। ਮੈਂ ਇਕ ਸਪੈਸ਼ਲ ਪੈਕੇਜ ਲੁਧਿਆਣਾ ਲਈ ਚਾਹਾਂਗਾ। ਪੰਜਾਬ ਦੀ ਪਹਿਚਾਣ ਜੇ ਖੇਤੀ ਨੇ ਕਰਵਾਈ ਹੈ ਤਾਂ ਪੰਜਾਬ ਦੀ ਤਰੱਕੀ ਦੇ ਵਿਚ ਬਰਾਬਰ ਮੋਢਾ ਸਨਅੱਤ ਨੇ ਵੀ ਦਿੱਤਾ ਹੈ। ਜਿਸ ਦੇ ਵਿਚ ਮੇਜਰ ਸ਼ੇਅਰ ਲੁਧਿਆਣੇ ਨੇ ਦਿੱਤਾ ਹੈ। ਪਰ ਲੁਧਿਆਣਾ ਅਣਦੇਖਿਆ ਰਹਿ ਗਿਆ ਹੈ। ਪੰਜਾਬ ਨੂੰ ਟੈਕਸ ਦੇਣ ਵਾਲੇ, ਪੰਜਾਬ ਵਿਚ ਟੈਕਸ ਯੋਜਨਾ ਦੇਣ ਵਾਲੇ, ਐਕਸਪੋਰਟ ਦੇ ਵਿਚ ਬਹੁਤ ਵੱਡਾ ਹਿੱਸਾ ਪਾਉਣ ਵਾਲੇ ਲੋਕ ਲੁਧਿਆਣੇ ਦੇ ਹੀ ਹਨ। ਪਰ ਜੇਕਰ ਇੰਡਸਟਰੀਅਲ ਏਰੀਏ ਦੇ ਵਿਚ ਸੜਕਾਂ ਟੁੱਟੀਆਂ ਹੋਈਆਂ ਹੋਣ, ਪੁਲ ਨਾ ਹੋਣ, ਸੀਵਰੇਜ਼ ਨਾ ਹੋਵੇ ਤਾਂ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਇਸ ਦੇ ਲਈ ਇਕ ਖਾਸ ਪੈਕੇਜ ਦੀ ਮੰਗ ਕਰਾਂਗਾ। ਇੰਡਸਟਰੀ ਨੂੰ ਬਚਾਉਣ ਲਈ ਫਰੇਟ ਸਬਸਿਡੀ ਬਹੁਤ ਆਵਸ਼ਕ ਹੈ। ਸਪੀਕਰ ਸਾਹਿਬ, ਇਸ ਦੇ ਵੱਲ ਮੈਂ ਆਪ ਦੇ ਰਾਹੀਂ ਐਫ.ਐਮ. ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੈਨੂੰ ਕਈ ਵਾਰੀ ਇਹ ਮਹਿਸੂਸ ਹੁੰਦਾ ਹੈ ਕਿ ਐਫ.ਐਮ. ਸਾਹਿਬ ਬਹੁਤ ਕੁਝ ਕਰਨਾ ਚਾਹੁੰਦੇ ਹਨ ਪਰ ਇਨ੍ਹਾਂ ਦੇ ਹੱਥ ਬੰਨ੍ਹੇ ਹੋਏ ਹਨ। ਇਹ ਰੁਕ ਜਾਂਦੇ ਹਨ। ਪਰ ਤਾਰੀਖ ਗਵਾਹ ਹੈ ਕਿ ਮੁਲਕਾਂ ਦੇ ਰਸਤੇ ਕਰੋੜਾਂ ਦੇ ਨਾਲ ਨਹੀਂ ਬਦਲੇ ਜਾਂਦੇ ਸਗੋਂ ਕੇਵਲ ਇਕ ਆਦਮੀ ਦੇ ਰਾਹੀਂ ਹੀ ਬਦਲੇ ਜਾਂਦੇ ਹਨ। ਮੈਂ ਜਸਟਿਸ ਕੋਕ ਦੀ ਉਦਾਹਰਨ ਦੇਣੀ ਚਾਹੁੰਦਾ ਹਾਂ। ਜਸਟਿਸ ਐਡਵਰਡ ਕੋਕ ਜੋ ਕਿ 16ਵੀਂ ਸੈਂਚਰੀ ਦੇ ਵਿਚ ਸਾਰਜੈਂਟ ਸੀ, ਸਰਕਾਰੀ ਵਕੀਲ ਸੀ ਅਤੇ ਉਹ ਬੜੇ ਪ੍ਰਸਿਧ ਸਨ ਲੜਾਈ ਝਗੜੇ ਲਈ ਉਹ ਲੜ ਕੇ ਆਪਣਾ ਕੇਸ ਪੇਸ਼ ਕਰਦੇ ਸੀ। ਫਿਰ ਬਾਅਦ ਵਿੱਚ ਉਨ੍ਹਾਂ ਨੂੰ ਕੁਈਨਜ਼ ਬੈਂਚ ਦਾ ਜੱਜ ਬਣਾ ਦਿੱਤਾ ਗਿਆ ਤਾਂ ਬੜੀ ਆਲੋਚਨਾ ਹੋਈ ਕਿ ਅਜਿਹੇ ਇਨਸਾਨ ਨੂੰ ਕਿਉਂ ਜੱਜ ਬਣਾ ਦਿੱਤਾ ਪਰ ਉਨ੍ਹਾਂ ਨੇ ਜਜ਼ਬਾ ਬਤੌਰ ਜੱਜ ਵੀ ਉਹੀ ਰੱਖਿਆ। ਜਦ ਰਾਜੇ ਨੇ ਫਰਮਾਨ ਭੇਜਿਆ ਕਿ ਇੱਕ ਪਾਦਰੀ ਦੇ ਕੇਸ ਵਿੱਚ ਜਦ ਤੱਕ ਮੇਰੇ ਨਾਲ ਸਲਾਹ ਨਾ ਕਰ ਲਈ ਜਾਵੇ, ਫੈਸਲਾ ਨਾ ਕਰੀਂ। ਅੱਗੋਂ ਉਸ ਨੇ ਹੁਕਮ ਕੀਤਾ ਕਿ ਜੱਜ ਦਾ ਕੰਮ ਜਸਟਿਸ ਦੇਣਾ ਹੈ ਅਤੇ ਜੇਕਰ ਮੈਂ ਰਾਜੇ ਦਾ ਫਰਮਾਨ ਮਨਾਂਗਾ ਤਾਂ ਜਸਟਿਸ ਨਹੀਂ ਹੋ ਸਕਦਾ, ਇਸ ਲਈ ਮੈਂ ਇਹ ਗੱਲ ਨਹੀਂ ਮੰਨਦਾ। ਜਦੋਂ ਇਹ ਮਸਲਾ ਫੁੱਲ ਬੈਂਚ ਵਿਚ ਗਿਆ ਤਾਂ 9 ਜੱਜਾਂ ਨੇ ਕਿਹਾ ਕਿ ਫਰਮਾਨ ਮੰਨਣਾ ਚਾਹੀਦਾ ਸੀ। ਫਿਰ ਵੀ ਜਸਟਿਸ ਕੋਕ ਨੇ 'ਨਹੀਂ' ਕਿਹਾ ਤਾਂ ਫਿਰ ਉਸ ਨੂੰ ਜੱਜੀ ਤੋਂ ਕੱਢ ਦਿੱਤਾ ਗਿਆ। ਉਹ ਹਾਊਸ ਆਫ਼ ਕਾਮਨਜ਼ ਜਾ ਕੇ ਲੜਿਆ ਅਤੇ ਉਥੇ ਉਸ ਨੇ ਪਰਵਾਨ ਕਰਵਾਇਆ ਕਿ Judiciary is free from executive. ਇਹ ਉਸ

Original with;
Punjab Vidhan Sabha
Digitized by;
Panjab Digital Library

**[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]**

ਬੰਦੇ ਦੀ ਇਸ ਦੁਨਿਆਂ ਨੂੰ ਦੇਣ ਹੈ। ਇਸ ਲਈ ਐਫ.ਐਮ. ਸਾਹਿਬ ਅੱਗੇ ਚਲੋ ਅੱਜ ਅੱਗੇ ਚੱਲਣ ਦੀ ਲੋੜ ਹੈ। ਆਪ ਵੱਲ ਬਹੁਤ ਅੱਖਾਂ ਟਿਕੀਆਂ ਹੋਈਆਂ ਹਨ। ਆਪ ਬਾਰੇ ਤਾਂ ਮੈਂ ਕਹਿਣਾ ਚਾਹੂੰਗਾ ਕਿ—

"ਕੋਈ ਔਰ ਹੋਂਗੇ ਜੋ ਮਜ਼ਾਜ਼ ਏ ਖਾਮੋਸ਼ ਆਤੇ ਹੈਂ,
ਆਂਧੀਆਂ ਆਤੀ ਹੈਂ ਜਬ, ਹਜ਼ਰਤ ਏ ਜੋਸ਼ ਆਤੇ ਹੈਂ"

Truly speaking, Mr. Deputy Speaker Sahib, I' am newly delivered to this House by the ballot. I cannot give sermons to anyone. I withdraw, if someone feels that way. Now I will and with humble supllication to all. ਹੱਥ ਜੋੜ ਕੇ ਬੇਨਤੀ ਕਰੂੰਗਾਂ ਕਿ ਆਉ, ਪੰਜਾਬ ਨੂੰ ਬਚਾਈਏ। ਅੱਜ ਸਮਾਂ ਪੰਜਾਬ ਨੂੰ ਬਚਾਉਣ ਦਾ ਹੈ। ਇਹ ਪੰਜਾਬ ਦਾ ਡਗਮਗਾਉਂਦਾ ਦੀਵਾ ਮੁੜ ਕੇ ਇੱਕ ਸੂਰਜ ਬਣਾਉਣ ਦੀ ਲੋੜ ਹੈ, ਜਿਸ ਵਿੱਚ ਆਪ ਸਭ ਦਾ ਯੋਗਦਾਨ ਹੋਣਾ ਚਾਹੀਦਾ ਹੈ। ਇਹ ਤਾਰੀਖ ਯਾਦ ਕਰੇਗੀ ਆਪ ਨੂੰ। ਇਸ ਯੋਗਦਾਨ ਲਈ ਦੋ ਲਾਇਨਾਂ ਅਰਜ਼ ਕਰਦਾ ਹਾਂ—

"ਐ ਵਤਨ ਕੇ ਮਸੀਹੋ ਆਉ ਕੁਝ ਇਲਾਜ਼ ਕਰੋ,
ਤਮਾਮ ਉਮਰ ਨਾ ਗੁਜ਼ਰੇਗੀ ਜ਼ਖਮ ਸਹਲਾਤੇ"

ਇਹੀ ਬੇਨਤੀ ਕਰਾਂਗਾ ਕਿ ਪਿਛਲੀਆਂ ਗੱਲਾਂ ਨਾ ਕਰੀਏ, ਅੱਗੇ ਦੇਖੀਏ, ਅੱਗੇ ਚਲੀਏ। ਇੱਕ ਮਿਲਟਨ ਦੀ ਕੋਟ ਆਪ ਸਭ ਦੀ ਨਜ਼ਰ ਕਰਨਾ ਚਾਹਾਂਗਾ—

"Oh how comely it is and now reviving
to the spirits of just men long oppressed.
When God, into the hands of deliverer, puts
invincible might,
the might of law itself."

ਭਾਵ ਹੈ ਕਿ ਜਦ ਸ਼ਕਤੀ ਮਿਲਦੀ ਹੈ ਕਿਸੇ ਦੇ ਹੱਥ ਵਿੱਚ ਤਾਂ ਉਹ ਪਰਮਾਤਮਾ ਆਪਣੇ ਕਰਮ ਤੁਹਾਡੇ ਹੱਥ ਵਿੱਚ ਪਾਉਂਦਾ ਹੈ। ਇਸ ਪਵਿੱਤਰ ਸਦਨ ਦੇ ਇੱਕ ਇੱਕ ਮੈਂਬਰ ਦੇ ਹੱਥ ਵਿੱਚ ਉਸ ਪਰਮਾਤਮਾ ਨੇ ਆਪਣੀ ਸ਼ਕਤੀ ਦਿੱਤੀ ਹੈ। ਇਸ ਸ਼ਕਤੀ ਨੂੰ ਪਰਮਾਤਮਾ ਦੀ ਸ਼ਕਤੀ ਸਮਝ ਕੇ ਇਸਤੇਮਾਲ ਕਰੀਏ ਚੰਗੇ ਪਾਸੇ ਲਾਈਏ। ਮੈਂ ਸਦਨ ਦੀ ਪਰੰਪਰਾ ਵੀ ਨਹੀਂ ਤੋੜਨਾ ਚਾਹੁੰਦਾ ਕਿਉਂਕਿ ਮੈਨੂੰ ਜੋ ਥੋੜ੍ਹੇ ਸਮੇਂ ਦੇ ਵਿੱਚ ਮਹਿਸੂਸ ਹੋਇਆ ਕਿ ਨੋਕ ਝੋਕ ਬਹੁਤ ਜ਼ਰੂਰੀ ਹੈ ਅਤੇ ਮੈਂ ਆਪ ਜੀ ਦੀ ਨਜ਼ਰ ਇੱਕ ਸ਼ੇਅਰ ਕਰਨਾ ਚਾਹੁੰਦਾ ਹਾਂ—

"ਸ਼ਿਕਾਇਤ ਕਿਉਂ ਇਸੇ ਕਹਿਤੇ ਹੋ, ਯੇ ਫਿਤਰਤ ਹੈ ਇਨਸਾਨ ਕੀ,
ਮੁਸੀਬਤ ਮੇਂ ਖਯਾਲੇ ਸ਼ਿਰਫਤਾ ਆ ਹੀ ਜਾਤਾ ਹੈ"

ਇਹ ਵੈਂਡੇਟਾ ਨਹੀਂ ਹੈ, ਕੋਈ ਵੈਂਡੇਟਾ ਨਹੀਂ ਹੈ, ਕਾਨੂੰਨ ਆਪਣਾ ਰਸਤਾ ਆਪ ਤਹਿ ਕਰੇਗਾ। ਇਨ੍ਹਾਂ ਨੂੰ ਆਪਣਾ ਪਾਲਾ ਮਾਰਦਾ ਹੈ। ਡਿਪਟੀ ਸਪੀਕਰ ਸਾਹਿਬ, ਇੰਨਾਂ ਕਹਿੰਦਾ ਹੋਇਆ ਮੈਂ ਇਜ਼ਾਜਤ ਲੈਂਦਾ ਹਾਂ। ਧੰਨਵਾਦ।

**Mr. Deputy Speaker :** Yes, Mr. Sunil Kumar Jakharji.

Original with;
Punjab Vidhan Sabha
Digitized by;
Panjab Digital Library

**Shri Sunil Kumar Jakhar (Abohar) :** Thank you, Mr. Deputy Speaker Sahib.There are two pertinent things about this Budget. I found one thing missing, when I was looking through this document very carefully. It is a whole set of 48 pages with full of figures, all the datas, all the intentions and all the desires but what I was looking for was, where is Mr. Manpreet Badal in this House. स्पीकर साहिब, हमारे काबिल Finance Minister साहिब Budget पेश कर रहे थे तो पार्टी की तरफ से जब यहाँ से वाक—आऊट करने का मौका आया तो मैं समझता हूँ कि अकेला सुनील ही नहीं मेरे साथ जितने भी हमारे नयी पीढ़ी के एम.एल.ए. साहिबान हैं, Cutting across the party lines, यह नहीं कि सिर्फ हमारे अकाली साथी या बी.जे.पी. के युवा सांसद बलकि इन पर तो सारे पंजाब के युवा साथियों कि निगाह टिकी हुई थी और मैं खुद महसूस कर रहा था कि मौका हाथ से जा रहा है क्योंकि पहली दफा बादल साहिब ने, this record stands witnessed कि जिस दिन गवर्नर एडरेस पर बहिस हो रही थी तो खुद मैनें कहा था inspite of Badal Sahib having coloured this Cabinet as a Kitchen Cabinet, the only silver lining which I see is that कि उन्होंने बहुत बड़ा जोखम लिया । एक बड़ा इतिहासिक कदम उठाया, यहाँ पे युवा पीढ़ी को उन्होंने मौका दिया. Putting a stamp and putting his name on this, it didn't require a Manpreet Badal, any seasoned politician. I am sorry, I don't mean an offence to the wisdom of our previous Captain Sahib i.e. Captain Kanwaljit Singh ji, who is not present today. He is a very learned and senior able Finance Minister and there have been other able Finance Ministers too. पर इस बात से आप सहमत होंगे डिप्टी स्पीकर साहिब, after a certain age आदमी का नजरिया पक जाता है । There is no scope for any broadening of vision, आदमी एक सेट पैटरन पे, उसी ठरे पे चलता रहता है और What Badal had said and brought in his new vision, a new outlook to this entire thing ? इस लिए लोगों की निगाह टिकी हुई थी not only I am disappointed, I would say this entire new generation is disappointed because inspite of all the intentions.................because जो बातें पिछले तीन महीने से, जब से ये जिम्मेवारी मनप्रीत जी ने संभाली है with all his concerns:......जैसे कोई हकीम सही नबज पे हाथ रख देता है, सारी बातें इन्होंने सही की that this State cannot bear the burden of being such a welfare State because populist measures are being distributed as a result of which the State cannot go on functioning like this. So there is a time to build a consensus to take this hard decision. What I am asking, Mr. Deputy Speaker Sahib, is that where is that resolve ? यहाँ 1000/- रुपये सेलरी में से कट करने की बात करके खुद मेरा ख्याल मनप्रीत जी, जिन्होंने ये डाकूमैंट लिखा है he must be feeling bad because I feel that only option left to him is the prologue and the epilogue which has been written by him with all the intentions of there..........in between I think Senior Badal and the other political compulsions had taken over. It is not Manpreet Badal's budget I would say.

Original with;
Punjab Vidhan Sabha
Digitized by;
Panjab Digital Library

**[Shri Sunil Kumar Jakhar]**

I am sorry, Mr. Deputy Speaker Sahib, because when we talk of such a man as a new Nikolai Ostrovsky, he must be wondering himself. Hon'ble Finance Minister, is this how the steel is tempered ? The steel is tempered, Mr. Deputy Speaker Sahib, by taking hard decisions, by biting the bullet. All the intentions are there, but where is the resolve ? Where is the resolve because किसी शायर ने कहा है, क्योंकि हरीश जी एक बहुत ही शायराना अंदाज में बात कर रहे थे और हमारे काबिल फाइनांस मनिस्टर साहिब खुद का शायरी में बड़ा इंटरेसट रहता है, मैं उन की नजर में करना चाहूंगा

पलक मे हों आंसू, तो नहीं काफी
हुनर भी चाहिए अलफाज में पुरोने का ।

शायर ने तो अलफाज़ में पुरोने की बात कही है, उस के लिए बड़ी काबलियत है इन के पास में but what is lacking is the resolve. से बजट, डिप्टी स्पीकर साहिब, उस समय हमारे काबल दोस्त के लायक होता, उन के नाम के लायक होता जब ये खड़े हो के .......he had the opportunity, he had the right connection, he had the ear of our Hon'ble Chief Minister, he should have said Badal Sahib, Atta Dal scheme is not what Punjab needs. I am not saying कि हमारे यहां गरीब नहीं हैं, गरीबों की मदद ना करें । बिलकुल नहीं, उस दिन बादल साहिब ने खड़े हो कर कहा था **ਕੀ ਤੁਸੀਂ ਚਾਹੁੰਦੇ ਹੋ ਆਟੇ ਦਾਲ ਵਾਲੀ ਸਕੀਮ ਗਰੀਬਾਂ ਦੀ ਮੱਦਦ ਲਈ ਨਾ ਲਾਗੂ ਕਰੀਏ।** बिलकुल नहीं । बिलकुल मैं सहमत नहीं । बिलकुल करें । ये शरम की बात है कि खुद उस दिन हमारे लीडर आफ दि हाउस ने कहा था कि आजादी के इतने साल के बाद हम इस बात के लिए शर्मशार हैं कि इतने लोग गरीबी की रेखा के नीचे रह रहे हैं । Is this the way to cope out, जैसे चाईना में अफीम की लत थी तो उन को अफीम ला दो, **ਉਨ੍ਹਾਂ ਨੂੰ ਦੇਈ ਜਾਓ, ਉਹ ਖਾਈ ਜਾਣਗੇ। ਤੁਸੀਂ ਜਾ ਕੇ ਪੈਸਾ ਵੰਡੀ ਜਾਓ। ਲੋਕੀਂ ਪੈਸਾ ਲਈ ਜਾਣਗੇ। ਘਰੇ ਬੈਠੇ ਰਹਿਣਗੇ।** गरीबी रेखा आज के पांच साल के बाद भी नीचे ही मिलेगी । कल खुद यहां चीफ मिनिस्टर साहिब ने कहा that 1/3 Punjab is eligible for this. Is this something to be proud of ? हम बाहर जा के फारेन इन्वैसटमैंट लाने के लिए सारे मंत्री साहिब, चाहे वो किसी भी पार्टी से संबंध रखते है, एन. आर. आईज. इन्वैसटमैंट अटरेक्ट करने के लिए हवाई जहाज ले के चलें.........

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਹਰੀਸ਼ ਰਾਏ ਢਾਂਡਾ) :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ** ** **

**Mr. Deputy Speaker :** This is no Point of Order.

**श्री सुनील कुमार जाखड़ :** फारेन इन्वैसटमैंट अटरेक्ट करने के लिए जाते हैं, और वहां जा कर ये कहेंगे कि 33 प्रतिशत is already eligible for Atta Dal scheme....... हमारे लीडर आफ दि आपोजीशन कह रहे थे कि इस को बढ़ाओ, it may be 60% of Punjab that would qualify under this. Is this something to be proud of. It would have been befitting of him, befitting of his stature, befitting of the goodwill that our Hon'ble Finance Minister carries in this State had he said that Badal Sahib. ਇਹ 800 ਕਰੋੜ ਰੁਪਿਆ ਸਲਾਨਾ ਜੋ ਸਿਰਫ ਆਟਾ ਦਾਲ ਤੇ ਲਗਾ ਰਹੇ ਹਾਂ, ਇਸ ਨੂੰ ਇਸ ਤਰ੍ਹਾਂ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਸਤੇਮਾਲ ਕਰਨ ਦਿਓ ਤਾਂ ਕਿ ਹਰ ਆਉਣ ਵਾਲੇ ਸਾਲ ਵਿੱਚ ਇਹ ਜੋ ਅੱਜ 13 ਲੱਖ ਤੋਂ ਜ਼ਿਆਦਾ ਪਰਿਵਾਰ ਇਸ ਸਕੀਮ ਵਿਚ ਕੁਆਲੀਫਾਈ ਕਰਦੇ ਹਨ, ਜ਼ਿਆਦਾ ਨਹੀਂ ਤਾਂ 25-30% ਇਨ੍ਹਾਂ ਵਿਚ ਕਮੀ ਆਵੇ। ਫਿਰ ਮੈਂ ਮੰਨਦਾ ਹਾਂ ਕਿ ਇਹ ਇਨ੍ਹਾਂ ਦਾ ਬਜਟ ਹੈ। ਇਨ੍ਹਾਂ ਨੇ ਆਪਣੀ ਮਰਜ਼ੀ ਨਾਲ ਤਿਆਰ ਕੀਤਾ ਹੈ। ਇਨ੍ਹਾਂ ਦੀ ਹਾਲਤ ਇਕ ਪਹਿਲਵਾਨ ਵਰਗੀ ਹੈ, ਜਿਸ ਦੇ ਹੱਥ ਬੰਨ੍ਹ ਕੇ ਮੈਦਾਨ ਵਿੱਚ ਖੜ੍ਹਾ ਕਰ ਦਿੱਤਾ ਹੈ। goodwill ਇਨ੍ਹਾਂ ਦੀ ਔਰ ਚੱਲ ਰਹੀ ਹੈ ਪੁਲੀਟੀਕਲ ਕੰਪਲਸ਼ਨ, ਸਰਕਾਰ ਦੀ ਕੰਪਲਸ਼ਨ ਹੈ, ਬੀ.ਜੇ.ਪੀ. ਵਾਲਿਆਂ ਦੀ ਕੰਪਲਸ਼ਨ ਹੈ, ਉਨ੍ਹਾਂ ਦਾ ਦਬਾਅ ਹੈ। ਸਾਡੇ ਕਾਬਲ ਐਫ.ਐਮ. ਸਾਹਿਬ ਦਾ ਤਾਂ ਨਾਂ ਵਰਤਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ 800 ਕਰੋੜ ਰੁਪਿਆ ਸਲਾਨਾ ਦੇ ਦੇਵਾਂਗੇ। ਡਿਪਟੀ ਸਪੀਕਰ ਸਾਹਿਬ, ਹੁਣ ਜੇ they are going ahead with this ਉਸ ਵਿੱਚ ਵੀ ਦੇਖੋ, ਸਾਡੇ ਮਾਨਯੋਗ ਨੌਜਵਾਨ ਅਤੇ ਯੋਗ ਫੂਡ ਅਤੇ ਸਪਲਾਈਜ਼ ਮਨਿਸਟਰ ਇਸ ਵੇਲੇ ਹਾਊਸ ਵਿੱਚ ਹਾਜ਼ਰ ਨਹੀਂ ਹਨ, ਐਫ.ਐਮ. ਸਾਹਿਬ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਅਸੀਂ ਗਰੀਬਾਂ ਨੂੰ ਦੇ ਕੀ ਰਹੇ ਹਾਂ। ਇਕ ਬਹੁਤ ਵੱਡਾ ਧੋਖਾ ਅਸੀਂ ਗਰੀਬ ਨੂੰ ਦੇ ਰਹੇ ਹਾਂ। ਇਹ ਚਾਰ ਰੁਪਏ ਕਿਲੋ ਆਟਾ ਜਾਂ ਕਣਕ ਦੇਣਗੇ, It all amounts to Rs. 200 per family. ਅਸੀਂ ਹਰ ਪਰਿਵਾਰ ਨੂੰ ਮਦਦ ਦੇਣਾ ਚਾਹੁੰਦੇ ਹਾਂ। 13 ਲੱਖ ਪਰਿਵਾਰਾਂ ਨੂੰ ਇਹ ਮਦਦ ਦੇਣਾ ਚਾਹੁੰਦੇ ਹਨ। ਕੱਲ੍ਹ ਏਥੇ every Member from the treasury benches got up and refuted when our leader of the Opposition was saying that ਮੇਰੇ ਕੋਲ ਫਿਗਰਜ਼ ਹਨ। (ਵਿਘਨ) ਤੁਸੀਂ ਸੁਣ ਲਓ। It is nothing against you.

**ਚੌਧਰੀ ਮੋਹਨ ਲਾਲ ਬਹਿਰਾਮ :** ** ** ** **

**ਮਾਨਯੋਗ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜੋ ਸਾਡਾ ਡਲਿਵਰੀ ਸਿਸਟਮ ਹੈ, ਉਹ ਇਹ ਹੈ ਕਿ ਰਾਸ਼ਨ ਦੀਆਂ ਦੁਕਾਨਾਂ ਰਾਹੀਂ ਦਿਆਂਗੇ। 1.70 ਲੱਖ ਪਰਿਵਾਰ are destitutes much below the poverty line. ਇਸ ਏ.ਏ. ਵਾਲੀ ਸਕੀਮ ਦੇ ਤਹਿਤ ਦੋ ਰੁਪਏ ਕਿਲੋ ਆਟਾ, ਸੈਂਟਰ ਸਕੀਮ ਦੇ ਤਹਿਤ 1.70 ਲੱਖ ਪਰਿਵਾਰਾਂ ਨੂੰ ਦੇਣ ਲਈ ਆਲਰੇਡੀ ਹੈ। ਇਸ ਦੇ ਅੰਦਰ ਤਿੰਨ ਲੱਖ ਆਲਰੇਡੀ ਹਨ, ਜਿਨ੍ਹਾਂ ਨੂੰ ਬੀ.ਪੀ.ਐਲ. ਦੇ ਤਹਿਤ ਸਾਢੇ ਚਾਰ ਰੁਪਏ ਦੇ ਤਹਿਤ ਉਨ੍ਹਾਂ ਨੂੰ ਇਸ ਰਾਸ਼ਨ ਤੋਂ ਸਸਤਾ ਰਾਸ਼ਨ ਮਿਲਣਾ ਚਾਹੀਦਾ ਹੈ ਪਰੰਤੂ ਉਸ ਦੀ ਆਫਟੇਕ, I wish ਕਿ ਸਾਡੇ ਮਨਿਸਟਰ ਸਾਹਿਬ ਏਥੇ ਹੁੰਦੇ ਤਾਂ he would have witness to this. ਉਸ ਦੀ 70% ਆਫ ਟੇਕ ਹੈ। Even inspite ਕਿ ਅਸੀਂ ਏਥੇ ਕਹਿ ਰਹੇ ਹਾਂ ਕਿ ਸਾਰੇ ਦਾ ਸਾਰੇ ਗਰੀਬ ਇਸ ਨੂੰ ਅਫੋਰਡ ਨਹੀਂ ਕਰ ਸਕਦੇ। ਮਹਿੰਗਾਈ ਏਨੀ ਵੱਧ ਗਈ ਹੈ, ਆਟਾ ਏਨਾ ਮਹਿੰਗਾ ਹੈ, ਦਾਲ ਏਨੀ ਮਹਿੰਗੀ ਹੈ inspite of that 70% ਆਫਟੇਕ ਹੈ because it is not a blame on them, it is not a blame on anybody, ਸਿਸਟਮ ਵਿੱਚ ਕਮੀਆਂ ਹਨ would it not be better ਕਿ 200 ਰੁਪਏ ਸਿਧੇ ਉਸ ਦੇ ਨਾਮ ਹੀ ਕਰ ਦਿਓ। The whole system of the Ration is corrupt, ਉਸ ਵਿੱਚ ਕਮੀਆਂ ਹਨ, ਉਸ ਨੂੰ ਇਹ ਕਿਵੇਂ ਪੂਰਾ ਕਰਨਗੇ। ਮੈਨੂੰ ਰਾਜਨੀਤੀ ਵਿੱਚ ਆਏ ਨੂੰ ਪੰਜ ਸਾਲ ਹੋ ਗਏ ਹਨ, ਮੈਂ ਦੇਖਿਆ ਹੈ, ਇਹ ਲੋਕ ਜੋ 19 ਮੈਂਬਰ ਸਾਡੇ ਆਏ

*Expunged as ordered by the Chair.

Original with;
Punjab Vidhan Sabha
Digitized by;
Panjab Digital Library

**[ਸ਼੍ਰੀ ਸੁਨੀਲ ਕੁਮਾਰ ਜਾਖੜ]**

ਹਨ, (ਬੀ.ਜੇ.ਪੀ. ਵੱਲ ਇਸ਼ਾਰਾ) ਇਹ (ਅਕਾਲੀ ਦਲ) ਇਨ੍ਹਾਂ ਦੀਆਂ ਵਿਸਾਖੀਆਂ ਤੇ ਤੁਰਦੇ ਹਨ। ਇਨ੍ਹਾਂ (ਬੀ.ਜੇ.ਪੀ. ਦੇ ਮੈਂਬਰਾਂ) ਕੋਲ ਸੰਘ ਸੇਵਕਾਂ ਦੀ ਲਿਸਟ ਹੈ। ਇਹ ਕਹਿੰਦੇ ਹਨ ਕਿ ਇਹ ਸਾਡੇ ਪ੍ਰਚਾਰਕ ਹਨ, ਕੱਛੇ ਧਾਰਕ ਹਨ। ਇਨ੍ਹਾਂ ਸਾਰਿਆਂ ਨੂੰ ਰਾਸ਼ਨ ਦੇ ਡਿਪੂ ਹੋਲਡਰ ਬਣਾ ਦਿਓ। ਕੀ ਡਿਪੂ ਹੋਲਡਰਾਂ ਦੇ ਬੈਨੀਫਿਟ ਲਈ 800 ਕਰੋੜ ਰੁਪਏ ਲਗਾਉਣਾ ਜਾਇਜ਼ ਹੈ? ਇਸ ਨਾਲੋਂ ਤਾਂ ਬਿਹਤਰ ਹੈ ਕਿ ਸਿੱਧੇ 200 ਰੁਪਏ ਦੇ ਦਿਓ। ਬੱਲੇ ਬੱਲੇ ਹੋ ਜਾਵੇਗੀ। ਉਹ ਬੈਂਕ ਵਿੱਚੋਂ ਜਾ ਕੇ ਹਰ ਮਹੀਨੇ ਆਪਣੀ ਪਾਸ ਬੁੱਕ ਵਿਚੋਂ 200 ਰੁਪਏ ਲੈ ਆਵੇ। ਇਹ ਕਹਿੰਦੇ ਹਨ ਕਿ ਸਾਡੇ ਕੋਲ ਰਿਸੋਰਸਿਜ਼ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਸਾਡੇ ਤੇ ਡੈਟ ਬਰਡਨ ਹੈ, This is not acceptable. ਇਹ ਜੋ ਆਟਾ ਦਾਲ ਦੇਣਗੇ, ਡਿਪਟੀ ਸਪੀਕਰ ਸਾਹਿਬ, ਪੰਜ ਹਜ਼ਾਰ ਟਨ ਦਾਲ ਦੀ ਰਿਕੁਆਰਮੈਂਟ ਹੈ, ਟੈਂਡਰ ਆ ਚੁੱਕੇ ਹਨ। ਕੱਲ੍ਹ ਜਾਂ ਪਰਸੋਂ ਹੀ ਅਖਬਾਰ ਵਿਚ ਇਨ੍ਹਾਂ ਦੇ ਵਿਭਾਗ ਨੇ ਟੈਂਡਰ ਕੱਢੇ ਹਨ। ਇਸ ਸਕੀਮ ਨੂੰ, ਸਾਰੇ ਸਿਸਟਮ ਨੂੰ ਸਟਰੀਮ ਲਾਈਨ ਤੇ ਲਿਆਉਣ ਵਾਸਤੇ ਇਨ੍ਹਾਂ ਨੂੰ 5000 ਟਨ ਪ੍ਰਤੀ ਮਹੀਨਾ ਦਾਲ ਚਾਹੀਦੀ ਹੈ। Let us hope for the sake of Punjab. Would it not be better, Mr. Deputy Speaker Sir, ਕਿ ਜਿਹੜੀ ਇਹ ਕੰਟਰੈਕਟ ਫਾਰਮਿੰਗ ਦੀ ਗੱਲ ਕਰਦੇ ਹਨ, ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਨ, ਇਹ ਪੰਜਾਬ ਦੇ ਕਿਸਾਨਾਂ ਦਾ ਕੁਝ ਤਾਂ ਫਾਇਦਾ ਕਰ ਦੇਣ। ਇਹ ਮਾਰਕਫੈਡ ਦੀ ਜ਼ਿੰਮੇਵਾਰੀ ਲਗਾ ਦੇਣ, ਪਨਸਪ ਦੀ ਜ਼ਿੰਮੇਵਾਰੀ ਲਗਾ ਦੇਣ, ਐਮ.ਐਸ.ਪੀ. ਫਿਕਸ ਕਰ ਦੇਣ ਅਤੇ ਕਹਿ ਦੇਣ ਕਿ ਸਾਲ ਦੀ 60000 ਟਨ ਦਾਲ ਸਰਕਾਰ ਪੰਜਾਬ ਦੇ ਕਿਸਾਨਾਂ ਕੋਲੋਂ ਖਰੀਦੇਗੀ, ਸਮਝੋ ਕਿ ਡਾਈਵਰਸੀਫਿਕੇਸ਼ਨ ਹੋ ਗਈ। ਪਰ ਸਵਾਲ ਹੈ ਕਿ ਇਹ ਕੌਣ ਕਰੇਗਾ। ਇਹ ਤਾਂ ਕੇਵਲ ਪਾਪੁਲਿਸਟਿਕ ਮਈਯਰਜ਼ ਹੀ ਲੈ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਸਿਆਣਾ ਆਦਮੀ ਤਾਂ ਉਹ ਹੁੰਦਾ ਹੈ ਜਿਹੜਾ ਦੂਸਰੇ ਦੀ ਗਲਤੀ ਤੋਂ ਕੁਝ ਸਿੱਖੇ। ਜੇਕਰ ਅਗਲਾ ਖੱਡੇ ਵਿਚ ਡਿੱਗ ਪੈਂਦਾ ਹੈ ਤਾਂ ਪਿਛਲੇ ਵਾਲੇ ਨੂੰ ਬਚਣਾ ਚਾਹੀਦਾ ਹੈ ਅਤੇ ਜੇਕਰ ਉਹ ਵੀ ਸਿੱਧਾ ਖੱਡੇ ਵਿਚ ਆ ਡਿੱਗੇ ਤਾਂ ਇਹ ਕੋਈ ਸਿਆਣਪ ਨਹੀਂ ਹੋਵੇਗੀ। ਅਸੀਂ ਵੀ ਬਹੁਤ ਕੁਝ ਕੀਤਾ। ਸਾਡੀ ਸਰਕਾਰ ਨੇ 5-5 ਮਰਲੇ ਦੇ ਮਕਾਨਾਂ ਤੱਕ ਸੀਵਰੇਜ ਅਤੇ ਪਾਣੀ ਦੇ ਬਿੱਲ ਮੁਆਫ ਕੀਤੇ ਸੀ ਪ੍ਰੰਤੂ ਫਿਰ ਵੀ ਵੋਟਾਂ ਨਹੀਂ ਮਿਲੀਆਂ ਕਿਉਂਕਿ People are not looking for charity. People are looking for services. ਇਥੇ ਤਿਕਸ਼ਨ ਸੂਦ ਜੀ ਨਹੀਂ ਬੈਠੇ, ਉਹ ਹਰੇਕ ਗੱਲ ਵਿਚ ਨੁਕਤਾਚੀਨੀ ਕਰਦੇ ਹਨ। ਉਹ ਡੈਪੂਟੇਸ਼ਨ ਲੈ ਕੇ ਗੁਜਰਾਤ ਗਏ ਜਿਥੇ ਕਿ ਬੀ.ਜੇ.ਪੀ. ਦੀ ਸਰਕਾਰ ਹੈ। ਉਥੇ ਕਿਸ ਤਰ੍ਹਾਂ ਕੰਮ ਚਲ ਰਿਹਾ ਹੈ ? ਉਥੇ ਬਹੁਤ ਹੀ ਸਿੰਪਲ ਕੰਮ ਹੈ ਅਤੇ ਇਕੋ ਹੀ ਮੰਤਰ ਹੈ ਕਿ ਯੂਜ਼ਰ ਚਾਰਜਿਜ਼ ਦਿਉ ਅਤੇ ਸਰਵਿਸਿਜ਼ ਲਓ। ਅਗਰ ਸਾਰਾ ਕੁਝ ਮੁਆਫ ਹੀ ਕਰੀ ਜਾਣਾ ਹੈ ਜਿਵੇਂ ਆਟਾ-ਦਾਲ ਸਸਤੀ ਦੇਣੀ ਹੈ, ਅਤੇ ਇਹ ਸਮਝਣਾ ਕਿ ਇਸ ਨਾਲ ਵੋਟਾਂ ਮਿਲ ਜਾਣਗੀਆਂ, ਇਹ ਨਹੀਂ ਹੋਣਾ। ਤੁਸੀਂ ਬਿਜਲੀ ਵੀ ਮੁਫਤ ਦਿੰਦੇ ਰਹੇ ਹੋ। ਸਾਰਾ ਕੁਝ ਮੁਫਤ ਕਰਨ ਨਾਲ ਪੰਜਾਬ ਦਾ ਜ਼ਰੂਰ ਭੱਠਾ ਬੈਠ ਜਾਵੇਗਾ। ਇਸ ਤੋਂ ਕੋਈ ਵੀ ਫਾਇਦਾ ਨਹੀਂ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਐਫ.ਐਮ. ਸਾਹਿਬ ਕਾਬਲ ਇਨਸਾਨ ਹਨ.........

Original with;
Punjab Vidhan Sabha
Digitized by;
Panjab Digital Library

**ਮਾਨਯੋਗ ਡਿਪਟੀ ਸਪੀਕਰ** : ਜਾਖੜ ਜੀ, ਤੁਹਾਡਾ ਟਾਈਮ ਖਤਮ ਹੋ ਰਿਹਾ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਮੈਂ 10 ਕੁ ਮਿੰਟ ਲਵਾਂਗਾ ਜੀ।

(ਇਕ ਅਵਾਜ਼ : ਸਾਡੀ ਪਾਰਟੀ ਦਾ ਟਾਈਮ 3 ਘੰਟੇ 24 ਮਿੰਟ ਹੈ।)

**ਮਾਨਯੋਗ ਡਿਪਟੀ ਸਪੀਕਰ** : ਤੁਹਾਡੇ ਬਾਕੀ ਮੈਂਬਰਾਂ ਨੇ ਵੀ ਬੋਲਣਾ ਹੈ। ਚਲੋ ਠੀਕ ਹੈ, ਬੋਲੋ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਕਈ ਵਾਰੀ ਅਸੀਂ ਮਜ਼ਾਕ ਵਿਚ ਕਹਿ ਦਿੰਦੇ ਹਾਂ ਕਿ, ਪੱਲੇ ਨਹੀਂ ਧੇਲਾ ਤੇ ਕਰਦੀ ਮੇਲਾ ਮੇਲਾ। Mr. Finance Minister, where is money ? In spite of having nothing, ਤੁਸੀਂ 4000 ਕਰੋੜ ਰੁਪਏ ਤੋਂ ਵਧਾ ਕੇ ਪਲਾਨ 5111 ਕਰੋੜ ਰੁਪਏ ਦਾ ਕੀਤਾ ਹੈ। ਠੀਕ ਹੈ ਕਿ ਐਫ.ਐਮ. ਦੀ ਇਨਟੈਨਸ਼ਨ ਮਾੜੀ ਨਹੀਂ। but where is money. ਸੋਰਸ ਮੋਬਲਾਈਜੇਸ਼ਨ ਦੀ ਕੋਈ ਗੱਲ ਨਹੀਂ ਕੀਤੀ ਗਈ । ਸੋਰਸ ਮੋਬਲਾਈਜੇਸ਼ਨ ਬਾਰੇ ਕੇਵਲ ਇਤਨਾ ਹੀ ਕਿਹਾ ਹੈ ਕਿ ਸੀ.ਐਲ.ਯੂ. ਚਾਰਜਿਜ਼ ਅਤੇ ਲੈਂਡ, ਸੈਂਡ, ਮਾਈਨਿੰਗ ਤੋਂ ਕੇਵਲ 400 ਕਰੋੜ ਰੁਪਏ ਆਉਣਗੇ। ਇਹ ਇਤਨਾ ਵੱਡਾ ਗੈਪ ਹੈ। ਰੈਵੇਨਿਊ ਰਸੀਟ 10000 ਕਰੋੜ ਰੁਪਏ ਅਤੇ ਐਕਸਪੈਂਡੀਚਰ 11000 ਕਰੋੜ ਰੁਪਏ। ਜਿਹੜਾ ਇਤਨਾ ਵੱਡਾ ਗੈਪ ਹੈ, ਉਹ ਕਿਸ ਤਰ੍ਹਾਂ ਦੂਰਾ ਹੋਵੇਗਾ।

ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ I think it is good omen for our hon'ble Finance Minister, a kick start that was required by the industry, has been provided. This would go a long way in kick starting investment climate. ਮੁੱਖ ਮੰਤਰੀ ਜੀ ਨੇ ਆਪ ਕਿਹਾ ਹੈ ਕਿ ਇਹ ਬਿਲਕੁਲ ਅਫਵਾਹ ਸੀ ਕਿ ਪੰਜਾਬ ਵਿਚ ਬਾਹਰੋਂ ਪੈਸਾ ਨਹੀਂ ਲਗਣਾ। ਮੰਨ ਲਵੋ ਤੁਸੀਂ ਮੁੰਬਈ ਵਿਚ ਬੈਠੇ ਹੋ। ਟੀ.ਵੀ. ਦੇ ਸਵਿੱਚ ਨੂੰ ਆਨ ਕਰੋ ਤਾਂ ਫੋਟੋ ਕੀ ਦੇਖਦੇ ਹਾਂ ਕਿ ਉਥੇ ਪੰਜਾਬ ਦੇ ਹਰ ਸ਼ਹਿਰ ਵਿਚ ਜਲਸੇ ਜਲੂਸ ਨਿਕਲ ਰਹੇ ਹਨ ਅਤੇ ਲੋਕ ਨੰਗੀਆਂ ਤਲਵਾਰਾਂ ਲੈ ਕੇ ਸ਼ਹਿਰਾਂ ਵਿੱਚ ਫਿਰਦੇ ਹਨ, ਜ਼ਿੰਦਾਬਾਦ ਮੁਰਦਾਬਾਦ, ਜ਼ਿੰਦਾਬਾਦ ਮੁਰਦਾਬਾਦ ਦੇ ਨਾਅਰੇ ਲਗ ਰਹੇ ਹਨ, What are the issues ? This is what is projecting on a national T.V. Is this an industrial climate that we are promising to our investors whether within the country or outside the country ? What are we promoting ? For everything there is a road-map. ਮੇਰੇ ਕਾਬਲ ਵਿੱਤ ਮੰਤਰੀ ਜੀ ਨੇ ਕਿਹਾ ਸੀ ਕਿ we are standing at cross-roads. ਖੁਦ ਹਰੀਸ਼ ਜੀ ਨੇ ਵੀ ਕਿਹਾ। Everybody knows and every right thinking Punjabi knows that we are standing at cross roads. ਇਨ੍ਹਾਂ ਨੇ ਬੜੇ ਸਹੀ ਸ਼ਬਦਾਂ ਵਿੱਚ ਕਿਹਾ ਸੀ ਕਿ we can become either Japan or Afghanistan. ਤੁਸੀਂ ਦੱਸੋ ਕਿ ਉਹ ਤਸਵੀਰਾਂ ਦੇਖ ਕੇ ਮੇਰੇ ਸਾਥੀ ਖੁਦ ਦੱਸ ਦੇਣ ਕਿ ਕੀ ਉਹ ਆਪਾਂ ਨੂੰ ਜਪਾਨ ਦੀ ਯਾਦਂ ਕਰਾਉਂਦੀਆਂ ਹਨ ? Are those picture synonimous with Japan or with Afghanistan. ਇਸ ਵਿੱਚ ਮੈਂ ਕਹਿੰਦਾ ਹਾਂ ਕਿ ਇਹ ਪੰਜਾਬ ਦੀ ਖੁਸ਼ਕਿਸਮਤੀ ਹੈ ਕਿ ਤਿੰਨ ਮਹੀਨੇ ਵਿੱਚ ਆਪਾਂ ਨੇ ਕੋਈ ਤਬਦੀਲੀ ਨਹੀਂ ਲਿਆਂਦੀ ਅਤੇ ਆਉਟ-ਲੁੱਕ ਨਹੀਂ ਬਦਲੀ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੁਸਤਾਖੀ ਕਰਨ ਲੱਗਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਹਾਂ, ਵੈਸੇ ਤਾਂ ਮੈਂ ਨਹੀਂ ਚਾਹੁੰਦਾ ਸੀ ਪਰ ਪਿਛੇ ਇਕ ਫੋਟੋ ਲੱਗੀ ਹੋਈ ਸੀ, ਜਿਸਦੇ ਵਿੱਚ ਸਾਡੇ ਕੈਪਟਨ ਕੰਵਲਜੀਤ ਸਿੰਘ ਅਤੇ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਐਮ.ਜੀ.ਐਫ. ਕੰਪਨੀ ਦਾ ਉਦਘਾਟਨ ਕਰਨ ਲਈ ਗਏ ਸੀ ਅਤੇ ਦੋਵਾਂ ਨੇ ਹੀ ਸਫਾਰੀ ਸੂਟ ਪਹਿਨੇ ਹੋਏ ਸਨ। ਕਿਸੇ ਸਾਡੇ ਇਕ ਸਾਥੀ ਨੇ ਕਿਹਾ ਕਿ ਹੁਣ ਤਾਂ ਤੁਹਾਡੇ ਅਕਾਲੀ ਬੇਲੀ (ਦੋਸਤ) ਵੀ ਇੰਡਸਟਰੀਲਿਸਟ ਹੋ ਗਏ ਹਨ। ਮੈਂ ਕਿਹਾ ਕਿ ਇਹ ਇੰਡਸਟਰੀਲਿਸਟ ਤਾਂ ਬਾਅਦ ਵਿੱਚ ਹੋਏ ਹਨ ਪਰ ਇਨ੍ਹਾਂ ਦਾ ਨਜ਼ਰੀਆ ਬਦਲ ਗਿਆ ਹੈ, ਉਹੀ ਰੀਲਾਇੰਸ ਹੈ, ਉਹੀ ਭਾਰਤੀ ਹੈ ਅਤੇ ਉਹੀ ਐਮ.ਜੀ.ਐਫ. ਹੈ, ਜਿਸ ਦੇ ਬਾਰੇ ਇਹ ਕਹਿੰਦੇ ਸੀ ਕਿ ਕੈਪਟਨ ਅਮਰਿੰਦਰ ਸਿੰਘ ਨੇ ਡੁਬਈ ਜਾ ਕੇ ਸਾਂਠ-ਗਾਂਠ ਕਰ ਲਈ ਹੈ ਅਤੇ ਪੰਜਾਬ ਨੂੰ ਲੁਟੀ ਜਾਂਦੇ ਹਨ। Atleast they have realised that industrialist or the money does not have any loyalty, does not have any affiliation to anything. They will follow where there is profit. ਅੱਜ ਪੰਜਾਬ ਵਿੱਚ ਉਨ੍ਹਾਂ ਨੂੰ ਅਗਰ ਪ੍ਰੋਫਿਟ ਮਿਲਦਾ ਹੈ ਤਾਂ ਉਹ ਆਉਣਗੇ ਆਪਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਹੈ। ਮੈਂ ਸਮਝਦਾ ਹਾਂ ਕਿ ਤੁਸੀਂ ਇਸ ਗੱਲ ਤੋਂ ਉਪਰ ਉਠ ਕੇ ਉਨ੍ਹਾਂ ਨੂੰ ਗਲੇ ਲਗਾਇਆ ਹੈ। It is good for Punjab. But what is required is not a change in your attire. What is required is change in your outlook, change in your thinking, change in your vision. How do you attract this industry ? How do you bring them here ? ਅਗਰ ਮਿੱਤਲ ਸਾਹਿਬ ਇੱਥੇ ਆਏ ਹਨ, It is all inspite of everything. It is not because what we are offering them. We have nothing to offer them. I am sorry to say, ਕੀ ਅੱਜ ਪੰਜਾਬ ਵਿੱਚ ਪਾਵਰ ਹੈ ? ਕਲਾਈਮੇਟ ਜੋ ਬਦਲ ਰਹੇ ਹਨ, ਇਸ ਨਾਲ ਹਾਲਾਤ ਮੁੜ ਖਾਨਾਜੰਗੀ ਦੇ ਬਣਦੇ ਜਾ ਰਹੇ ਹਨ। ਕੀ ਇਨ੍ਹਾਂ ਹਾਲਾਤ ਵਿੱਚ ਕੋਈ ਪੰਜਾਬ ਵਿੱਚ ਆ ਕੇ ਪੈਸਾ ਲਗਾਣਾ ਚਾਹੇਗਾ ? ਮੇਰਾ ਪੈਸਾ ਹੋਵੇ ਤਾਂ 10 ਵੇਰੀ ਸੋਚੀਦਾ ਹੈ ਕਿ ਹਰਿਆਣੇ ਵਿੱਚ ਗੁੜਗਾਉਂ ਵਿਖੇ, ਜਾਂ ਹਿਮਾਚਲ ਵਿੱਚ ਬੱਦੀ ਵਿੱਚ ਜਾ ਕੇ ਨਾ ਲਗਾ ਲਈਏ। ਅਸੀਂ ਪੰਜਾਬ ਵਿੱਚ ਕਿਉਂ ਪੈਸਾ ਲਗਾਵਾਂਗੇ What is our U.S.P. ? U.S.P. is Unique Selling Proposition. ਇਹ ਜੋ ਸਾੜੇ ਬੀ.ਜੇ.ਪੀ. ਵਾਲੇ ਸਾਥੀ ਹਨ, they are good at selling. They are good at selling nothing. ਇਨ੍ਹਾ ਨੇ ਉਂਜ ਹੀ ਹਵਾ ਜਿਹੀ ਬਣਾ ਦਿੱਤੀ ਹੈ ਕਿ ਇਥੇ ਫੀਲ ਗੁੱਡ ਫੈਕਟਰ (Feel good factor) ਹੈ, ਪਰ what is the U.S.P. of Punjab ? ਸਾਡੇ ਕੋਲ ਕੀ ਸਟਰੈਂਥ ਹੈ। ਸਾਡੇ ਕੋਲ ਸਾਡੀ ਸਟਰੈਂਥ ਸਾਡੀ ਐਗਰੀਕਲਚਰ ਹੈ। ਸਾਡੀ ਸਟਰੈਂਥ ਸੀ ਸਾਡਾ ਕੰਮ ਕਰਨ ਦਾ ਜਜ਼ਬਾ। ਪੰਜਾਬੀ ਦੀ ਸਟਰੈਂਥ, ਪੰਜਾਬੀਆਂ ਦਾ ਕੰਮ ਕਰਨ ਦਾ

| | |
|---|---|
| *12.34 ਵਜੇ ਬਾਅਦ ਦੁਪਹਿਰ | (ਇਸ ਸਮੇਂ* ਸਰਦਾਰ ਅਵਤਾਰ ਸਿੰਘ ਬਰਾੜ, ਮੈਂਬਰ, ਪੈਨਲ ਆਫ ਚੇਅਰਮੈੱਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)। |

ਰੀਜ਼ਾਲਵ। How do you increase the employability of our youths ? ਮੈਨੂੰ ਖੁਸ਼ੀ ਹੈ ਕਿ ਬਜਟ ਵਿੱਚ ਪੋਲੀਟੈਕਨਿਕਸ ਲਈ 22 ਕਰੋੜ ਰੁਪਏ ਰੱਖੇ ਗਏ ਹਨ for optimal utilisation of those Polytechnics. ਮੈਂ ਇਸ ਲਈ ਇਹ ਸਾਰੀਆਂ ਗੱਲਾਂ ਕੋਟ ਕਰ ਰਿਹਾ ਹਾਂ ਕਿਉਂਕਿ ਇਹ ਕਹਿ ਰਹੇ ਸਨ ਕਿ ਸਹੀ ਗੱਲ ਕਰਨ ਦਾ ਸਮਾਂ ਆ ਗਿਆ ਹੈ। ਸੱਚ ਗੱਲ

Original with;
Punjab Vidhan Sabha
Digitized by;
Panjab Digital Library

ਕਰਨ ਦਾ ਸਮਾਂ ਆ ਗਿਆ ਹੈ। ਤੁਸੀਂ ਸੱਚੀ ਦੱਸੋ ਕਿ ਕਿਹੜਾ ਪੋਲੀਟੈਕਨੀਕਲ ਵਿਚੋਂ ਪੜ੍ਹਿਆ ਹੋਇਆ ਬੱਚਾ ਓਸਵਾਲ ਜਾਂ ਕਿਸੇ ਹੋਰ ਵੱਡੀ ਫਰਮ ਵਿੱਚ ਇੰਪਲਾਇ ਹੋਇਆ ਹੈ ? Why can't we think in terms of giving this 22 crores of precious money as an incentive to any industrial house who should train that youngman and employ him ? ਜਿਸ ਦਿਨ ਉਸ ਨੂੰ ਇੰਪਲਾਇਮੈਂਟ ਮਿਲ ਗਈ ਅਤੇ ਉਹ ਤਨਖਾਹ ਦੇਣ ਲੱਗੇਗਾ ਤਾਂ ਉਹ ਕਹੇਗਾ ਕਿ ਉਸ ਇੰਪਲਾਈ ਨੂੰ ਉਸ ਦੇ ਨਾਲ ਹੀ ਅਟੈਚ ਕਰ ਦਿਓ ਅਤੇ ਤਨਖਾਹ ਦਾ ਇਹ ਜਿਹੜਾ ਹਿੱਸਾ ਹੈ, ਇਹ ਇਸ ਵਿੱਚੋਂ ਦਿਤਾ ਜਾਵੇਗਾ। ਇਸੇ ਤਰ੍ਹਾਂ 22 ਕਰੋੜ ਰੁਪਏ ਨਾਲ ਨੌਕਰੀਆਂ ਦਾ ਆਪਣੇ ਆਪ ਹੀ ਬੋਝ ਘੱਟ ਜਾਵੇਗਾ। ਇਸੇ ਤਰ੍ਹਾਂ ਪੋਲੀਟੈਕਨੀਕਲ ਵਿੱਚ 22 ਕਰੋੜ ਨਾਲ ਕੁਝ ਵੀ ਨਹੀਂ ਵੰਡਿਆ ਜਾਣਾ। 22 ਕਰੋੜ ਰੁਪਏ ਕੁਝ ਵੀ ਨਹੀਂ ਹਨ। It is not even a drop in the ocean.एक बार मैंने चर्चा सुनी थी कि कोई इन्डस्ट्रीलिसट आ रहा है, जिन को ITI दी है कि वह बच्चों को ट्रेनिंग देंगे। जब तक वह हाथ से काम नहीं कर सकते वह कैसे आगे बढ़ेंगे। हमारे पास क्या है। डिगरीयें हैं। मुंडे ने B.A. कर रखी है, उसे फिट करवा दो मगर बिना टैकनीकल qualification के उन को कोई नहीं रखेगा। सरकारी नौकरी तो जरुर मिल जाएगी पर वैसे कोई नहीं पूछता। शुगर मिलों में भी over staff or over burden है। हम इस पर consensus नहीं बनाते। उस दिन कैप्टन साहिब, हमारे Cooperation Minister साहिब कहने लगे कि मैं यह शूगर मिलें बंद नहीं होने देना चाहता। मेरी भी विश है कि यह बेदना दो; पंजाब के लिये अच्छा है। उन को आगे ब्रढ़ने का मौका मिले। एक बात उन्होंने की कि वहां पर मशीनरी out-dated है, मशीनरी को upgrade करना चाहिए। मगर वहां पर over staff है। हमारी मिलें इस करके बंद हो रही है कि वहां पर over staff है, over burden है। They have to generate their own power. They have to put power plant but the crux of matter is that we have over staff in our industries. We do not have the political will. But tell these people that our Government cannot be your employer. We can only generate employment opportunity for them. मगर सरकार यह नहीं कर सकी। आज किरसानी को बचाने के लिए Diversification की बात हो रही है। वहां पर और Units लगाओ मगर staff ज्यादा न लगाओ तांकि over burden न हो। White Collar Culture पैदा न किया जाए। हमारा गन्ने का रकबा कम होता जा रहा है। लोग गन्ना नहीं लगा रहे क्योंकि मिलें घाटे में जा रही हैं और चीनी नहीं बिक रही। इसलिए new thinking की जरुरत है। 100 करोड़ रुपए Punjab Agriculture University के लिए रखे गए हैं। यह रुपया Central Government ने research के लिए दिया है। मैं कहना चाहता हूँ कि यह रुपया कहीं salary bills में ही न खर्चा जाए। New thinking is required and I think for that only our C.M. had given a new perspective. It is upto them to do it in a certain way. It should be only done for research work but it is not enough. यह पैसा कहीं तनखाहों या ACs के लिये न बरता जाए। We are looking for diversification. आज दालों की requirement है। 60000 टन दाल सरकार खरीद रही है। इस के लिए सरकार variety generate करे। Patent ही करवा लो तांकि royality आती रहे। It should be done in a commercial way. It is not enough. That is what I want to bring to our Finance Minister's Notice.

Original with;
Punjab Vidhan Sabha
Digitized by;
Panjab Digital Library

**[श्री सुनील कुमार जाखड़]**

डिप्टी स्पीकर साहिब, FCI की भी faulty policy है। Due to the faulty policies of FCI, all our wheat processing units are in loss. FCI का जो काम करने का तरीका है वह किसी से छुपा हुआ नहीं है। Central Government जो subsidy दे रही है, वह किसानों को नहीं बल्कि FCI को दे रही है। वहां पर transportation ठीक नहीं, mis-management है, theft है। सयाना व्यक्ति बारिश आने पर चीज ढक लेता है पर FCI वाले गुदामों में से तरपालें उतार लेते हैं। डिप्टी स्पीकर साहिब, हमारे area में चार flour mills लगी हैं। तीन महीने पहले हमारे F.M. Sahib ने कहा था कि सभी concerned parties को बुलायेंगे, opposition parties को भी बुलायेंगे पर वह कल अभी तक नहीं आई। हम तो ठीक हैं। 11.5% duty लगती है और 4% duty tax लगता है। हमारे यहां 11-30 प्रतिशत टैक्स हो गया, हरियाणा में 7 प्रतिशत, कौन व्यापारी यहां आ कर काम करेगा। Why do not we look into it ? मैं आप पंजाब का किसान हूँ। किसान की ये बात हमारे समझ में नहीं आई क्योंकि हम 80 प्रतिशत किसानो की वोट लेकर आते हैं, चाहे अकाली हो चाहे कांग्रेस वाले। We are still not woken to this thing. मैं बार-बार कह रहा हूँ। हमें समय रहते इस बात को समझ लेना चाहिए। No Industry, or Industrialist would ever setup industry जहां पे टर्न ओवर टैक्स लगता हो। अगर 100 प्रतिशत टर्न ओवर हो तो 4 प्रतिशत टैक्स ठोक दो, कौन देगा ? कोई नहीं देगा। अगर 100 प्रतिशत टर्न ओवर हो तो इतने ही लासिज दिखा देते हैं तो हमारा तो नैगेटिव हो गया और अगले साल रिफंड हो गया। कोई इस के घेरे में नहीं आता सिर्फ जिमींदार ही इस में फंसता है। मंडी में लाया, इतनी फसल हुई, चाहे घाटा है, चाहे नहीं है, 4 प्रतिशत टैक्स ठोक दो। हम इस पर क्यों नहीं काम करते। Just because he does not say हम उस पर टैक्स ठोकी जा रहे हैं। बढ़ाई जा रहे हैं। साथ वाली स्टेट में देखो कि वहां कितना है। यह सब रैशनेलाईजड करो। This is the approach that is required to survive in this competition. आज अगर यहां भारतीय रेलवे के लिए आप मंडी टैक्स का सटरक्चर बदलते जा रहे हैं। मंडी टैक्स का जो लाभ है, उस में किसान की आप सुध लो, किसान के लिए आप बात कीजिए। हारटीकलचर के लिए 100 करोड़ रुपए रखे गए हैं। मैं इस के लिए बधाई देना चाहता हूँ। It is either to spend under horticulture mission. चाहे यह केन्द्र सरकार का है चाहे ये आप का है। मैं इन के नोटिस में लाना चाहूँगा कि पहले भी हारटीकलचर मिशन के लिए पैसा आया हुआ है, उस की डिसबरसमैंट देख लो कितने प्रतिशत डिसबरसमैंट हुई है। वो एजंसी बदलने वाली है, एजंसी सटरीमलाईन करने वाली है। This has to be looked into because this is the real diversification. जब तक इस 100 करोड़ रुपए को सही तरीके से इस्तेमाल नहीं करेंगे, this will go into other infrastructure, उस की मैनेजमैंट कासट में चला जाएगा। 100 करोड़ रुपए वेसट करने की पुजीशन में हम नहीं है, डिप्टी स्पीकर साहिब। इसी से रिलेटिड है एक मसला। मैं टाईम तो ले रहा हूँ। हम आपस में एडजसट कर लेंगे क्योंकि ये बातें बड़ी जरुरी है। टरमीनल मारकीटिंग की बात आई है। टरमीनल मारकीटिंग यहां पे बन रही है। Very good, जब तक किसान को मारकीटिंग नहीं देंगे किसान अपने आप अपनी जिनस बेच नहीं सकता। वो जिनस को कहां लेकर जाएगा। कौन बेचेगा। ये आड़ती बीच में लेकर बैठ जाते हैं। उस को टरमीनल मारकीटिंग देने की बात हुई। मेरे को अफसोस है कि एक टरमीनल मारकीटिंग की रिक्वायरमैंट 22 एकड़ होती है। मेरे अपने हल्के अबोहर में 25 एकड़ ज़मीन ईयर मारक करके दी गई थी। हमारी

Original with;
Punjab Vidhan Sabha
Digitized by;
Panjab Digital Library

मारकीटिंग कमेटी के पास 25 एकड़ ज़मीन है, फल और सब्जियों के लिए। हमारे फिरोजपुर जिले के अंदर 16½ हजार हैक्टेयर के अंदर कीनू लगा हुआ है, मालटा लगा हुआ है। 5500 हैक्टेयर के अंदर मुक्तसर में किनु लगा हुआ है। 6660 हैक्टेयर अकेले मेरे खूईयां सरवर ब्लाक के अंदर लगा हुआ है। मैं तहसील लेवल की बात नहीं कर रहा। 14000 हेक्टेयर अबोहर हल्के के अंदर लगा हुआ है। वहां से मंडी मुक्तसर में

*12.44 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ले जाने की कोई जसटीफिकेशन नहीं बनती है। I can very well believe कि ये हमारे मुख्य मंत्री की कांसटीचियूंसी है but it should not be at the cost of farmers. मुक्तसर में सरकार ने मंडी बनानी है तो ओर बना सकती है। वहां पर किनू के ठेकेदार मदरास से आया करते थे और बढ़े जिर्मीदारों से ठेका ले लेते थे पर छोटे जिमीदारों को कहा करते थे कि किनू का कोई भाव नहीं है। अगर मुक्तसर में मंडी बनानी है तो ओर बना लो। Do not kill a viable project. वहां फैक्टरी नहीं है, वहां प्राईस की सटैबलाईजेशन नहीं है। वही आए साल प्राईस की इतनी फलकचूएशन होती है कभी 1800 रुपए किलो, कभी 500 रुपए किलो ले जाते हैं। Once the juice factory is set up, it will give some sort of price stabilization. क्योंकि किसान इतना बड़ा झटका सहन नहीं कर सकता। 15 साल से फोकल प्वाइंट की ज़मीन खाली पड़ी थी उसका एक भी प्लाट नहीं बिका था उसे पहली गर्वनमैंट ने रिलाईंस को दे दिया था तो कहने लग गये कि ਰਿਲਾਇੰਸ ਨੂੰ ਪੰਜਾਬ ਵੇਚ ਦਿਤਾ। रिलाईंस वाले बोरिआ बिस्तरा उठा के चले गए। ट्रमीनल मार्किट बनाओ उस को बढ़ावा दो। ड्रिप इरीगेशन को सोएल कंजरवेशन से निकाल कर एरीगेशन महकमे से जोड़ो। It is the need of the hour. सेम आई हुई मगर सारे का सारा बजट ठोक दिया कि अबोहर, बठिंड़ा ब्रांच को पानी दो। खुद अपने एरिया को पानी से बचा लिया, सेम से। जब कि पानी का लेवल नीचे जा रहा है, पानी वहां दे दिया जहां सेम आ रही है Look at the incongruity of the circumstances. Rs. 800 crore for this ? Is it wise ? It is because we do not have a cogent irrigation policy, a water policy, a water management policy. मैंने रिकुएसट की थी । हमारे कैप्टन अमरिन्दर सिंह जी जब मुख्य मंत्री थे, मैंने कहा था कि आप इसे क्लब कीजिए। आप इसे किसान को फरी क्यों दे रहे हो। पानी नीचे है नहीं और आप फरी दे रहे हो। इसे क्लब कीजिए and he was kind enough. He could understand the issue. He made it a point कि जो किसान ड्रिप इरीगेशन लगाते हैं उस को इस में क्लब कीजिए। उन लोगों को प्राईरटी पर कुनैक्शन दीजिए। उसे फरी में दीजिए, इनसैंटिव उसे दीजिए। There is a lot of subsidy from National Horticulture given for this. Give him incentives for saving water, give him incentive in a proper way. Why do you give incentive to someone who does not know what to do ? कहते हैं कि पानी नहीं है तो उस पानी को बचाओ। किसान का पैसा हर काम में सब से ज्यादा लगा हुआ है Capital investment is in lacs. That is the main cost. हमारे यहां वाटर सटोरेज टैंक बनते हैं मगर सोएल कंजरवेशन डिपारटमैंट पैसे लेकर बैठ जाता है। Why do not we club it. It is a very simple issue. I would hope that the Finance Minister would look into the matter and would do it.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਚੌਧਰੀ ਸਾਹਿਬ ਹਾਰਟੀਕਲਚਰ ਬਾਰੇ ਗੱਲ ਕਰ ਰਹੇ ਹਨ ਸ਼ਾਇਦ ਇਨ੍ਹਾਂ ਨੇ ਪੂਰੀ ਡਿਟੇਲ ਵਿਚ ਬਜਟ ਨੂੰ ਦੇਖ ਲਿਆ ਹੈ। ਪਹਿਲੀ ਦਫ਼ਾ ਇਹ ਹੋਇਆ ਹੈ ਕਿ ਅਸੀਂ 5 ਸਿਟਰਸ ਸੈਂਟਰ ਬਣਾ ਰਹੇ ਹਾਂ। ਲੀਚੀ ਵਾਸਤੇ ਸੈਂਟਰ ਪਠਾਨਕੋਟ ਵਿਚ ਬਣ ਰਿਹਾ ਹੈ। ਪਹਿਲੀ ਦਫ਼ਾ ਡ੍ਰਿਪ ਇਰੀਗੇਸ਼ਨ ਵਾਸਤੇ 75% ਦੀ ਸਬਸਿਡੀ ਰੱਖੀ ਗਈ ਹੈ। (ਥੰਪਿੰਗ) ਵਾਟਰ ਟੈਂਕ ਵਾਸਤੇ ਲੱਖ, ਦੋ ਲੱਖ ਸਬਸਿਡੀ ਰੱਖੀ ਗਈ ਹੈ। ਇਸ ਕਰਕੇ ਇਹ ਸੁਝਾਅ ਸਾਨੂੰ ਦੇ ਰਹੇ ਹਨ। ਮੈਂ ਤੁਹਾਨੂੰ ਪੂਰਾ ਯਕੀਨ ਦਿਵਾਉਂਦਾ ਹਾਂ ਕਿ ਇਕ ਮੀਟਿੰਗ ਰੱਖੀ ਜਾਵੇਗੀ, ਜਿਸ ਵਿਚ ਤੁਹਾਨੂੰ ਵੀ ਸੱਦਾਂਗੇ, ਤੁਸੀਂ ਉਸ ਵਿਚ ਆਪਣੇ ਸੁਝਾਅ ਦੇਣਾ। ਇਹ ਮੀਟਿੰਗ ਐਗਰੀਕਲਚਰ ਹਾਰਟੀਕਲਚਰ ਵਾਸਤੇ ਹੋਵੇਗੀ।

**Shri Sunil Kumar Jakhar :** I am grateful to the Chief Minister. ये खुद किसान हैं और बात समझते हैं। ड्रिप इरीगेशन के लिए सबसिड़ी पहले भी थी। नेशनल हारटीकलचर स्कीम के तहत बहुत सारी सबसिड़ीज़ है। इस तरह वो यह राशन की दुकान जैसा मसला बन जाएगा यहां नहीं देना होगा आगे देना पड़ेगा। There is a need to stremeline the whole system. मैं ये कहना चाहूँगा कि आप प्राइरटी पर ट्यूब्वैल कुनैक्शन किसानों को इस लिए न दें कि वे फ्री में पानी निकालते रहे थे. इसको इनश्योर करने की जरुरत है। भाई धन्नईया मैडिकल इंशोरैंस स्कीम का वैलकम है। मैं कोआप्रेशन महकमे की बात कर रहा हूँ। हम किसान की बात कर रहे थे। किसान के सु-साईड करने के बारे में बात कर रहे थे। आज किसान सु-साईड कर रहे हैं। बिल्कुल कर रहे हैं। वह तंगी की हालत में हैं। But giving him more loan, burdening him with all the more liabilities, is this the way out ? यह सही तरीका नहीं है। पंजाब के अन्दर 4 लाख 65 हजार ट्रेक्टर हैं। Hon'ble Finance Minister साहिब को बिल्कुल मालूम होगा। ट्रैक्टर के लिये लोन लेने की जो लिमिट थी, आज हमने उसे घटा दिया है। पहले ट्रैक्टर का लोन लेने के लिये 10 एकड़ ज़मीन होने की लिमिट थी। अब वो घटा दी गई है so that he can avail loan to get another tractor. सर, PAU की एक स्टॅडी थी,उसमें कहा गया था कि एक ट्रैक्टर की वायाबिलटी के लिये उसका 700 घंटे चलना जरुरी है। उसमें कहा गया था कि Tractor to be viable उसको 700 घंटे चलना चाहिये। लेकिन पंजाब के अन्दर कितना चलता है ? वह सिर्फ 250 घंटे चलता है। उसको मारुती बना रखा है। पहले जाकर ले आते हैं फिर तीन कु महीने बाद उसका रेट 50 हज़ार घटा कर बेच देते हैं। इस स्सिटम के साथ we cannot resolve this issue, उसको resolve करने का एक सही तरीका अपनाया गया था, जो कि काबलेतारीफ था। मैं समझता हूँ कि फाईनांस मिनिस्टर साहिब इसको persue करेंगे। कोआप्रेशन मंत्री आज यहां बैठे नहीं हैं। Finance Minister साहिब बैठे हैं। वो इसको persue करेंगे। मुख्य मंत्री साहिब बैठे हैं। इन्होंने 25 प्रतिशत सबसिडी दी थी, जो कि Society के अन्दर कोआप्रेटिव इज़ारे के अन्दर लेकर आयेंगे। ट्रैक्टर और लेबरर equipment जो लेकर आयेंगे, उन पर 25 प्रतिशत सबसिडी है। That is the way to go about it. जब तक कोआप्रेटिव फार्मिंग नहीं चालू होगी, तब तक किसान कर्जे के अन्दर दबते चले जायेंगे और बाद में जब बैंक के आदमी उगराही करने जायेंगे, फिर कह देते हैं कि उन पर पर्चा दर्ज कर दो। फिर यह कहते हैं कि किसान को तंग करी जा रहे हैं। फिर कहा जाता है कि किसान मर गया, किसान फाहा ले रहा है। अगर कोआप्रेटिव

Original with;
Punjab Vidhan Sabha
Digitized by;
Panjab Digital Library

विभाग ने 25 प्रतिशत सबसिडी की है, तो इसको और बढ़ा दो। अगर एक गांव में Society के अन्दर 10 ट्रैक्टर आ गये तो फिर कौन अपना लेकर आयेगा ? वो उसको लेकर मेनटेन करें तो और ज्यादा चलेगा और ट्रैक्टर की पूरी यूटेलाईजेश्न होगी। It will be a viable farming. इस बात को ध्यान मे रख कर मैं इनकी निगाह में लाना चाहूंगा कि यहां land use change की बात हुई।

**ਮਾਨਯੋਗ ਸਪੀਕਰ :** ਕ੍ਰਿਪਾ ਕਰਕੇ ਵਾਈਂਡ ਅੱਪ ਕਰੋ ਜੀ।

**श्री सुनील कुमार जाखड़ :** स्पीकर साहिब, मैं वाईंड अप करने ही जा रहा हूं। Land use change की बात की गई थी, I think it is tune with the time क्योंकि हरियाणा में हमने देखा है कि किस तरह से आरगेनाईजेश्न बढ़ती जा रही है। पर ये भी बड़ा closely देखने वाली बात है। एक तरफ हम कहते हैं कि किसान के पास ज़मीन नहीं बच रही। Finance Minister साहिब ने पीछे कई बातें कही थी कि लैंड बैंक बनायेंगे। इस बात पर मैं नहीं आना चाहूंगा क्योंकि यह चर्चा चल रही है। मैं land use change की बात कर रहा हूँ। इसका मतलब है कि urbanization को बढ़ावा देंगे। किसान की ज़मीन को इनकरोच करते चले जायेंगे। बाद में फिर वही होगा जो आज नंदीग्राम में हो रहा है। जो बरनाला में हो रहा है। जो हमने बरनाला में देखा है, वह पूरे पंजाब में होने लग जायेगा। सभी कहीं यही हाल हो जायेगा। जहां भी लैंड बैंक बनाने की बात करेंगे, वहां पे 4 जथेबंदीयां खड़ी हो जायेंगी। फिर सभी उनके साथ बोलेंगे। मेरे जैसा भी वोटों की खातिर बहाना बनाकर साथ खड़ा होकर बोलने लग जायेगा कि माड़ा किया, बुरा किया बुरा किया। फिर, there has to be a policy about this स्पीकर साहिब, जैसे हमारे यहां लाल डोरे वाली ज़मीन गाँवों में होती है, इसी तरह से इंगलैंड में cordon off area है। There is a policy about this. In England, there is cordon off areas in all the States. They are talking in terms of making out a master plan for all the areas, but it should not be an open ended affair कि वह बढ़ता ही चला जाये, खाता खुला पड़ा है। यहां तो पेरीफेरी एक्ट से चालू हुये थे, जिसका जहां दांव लग गया, बढ़ता ही चला गया। कहा गया कि मेरी ज़मीन तो पेरीफेरी एक्ट से बाहर आ गई है, उसको भी शामिल कर लो। उससे अगले ने कहा कि मेरी भी शामिल कर दो। लेकिन एक ऐसा लाल डोरा बना दो, एक ऐसा ताला लगा दो जिस की चाबी कुंए में फेंक दो। वो चाबी सेंन्द्रल गवरनमैंट को पकड़ा दो कि इस लाल डोरे से बाहर अगर किसी ने कदम रखना है तो ऊपर की सरकार की सहमति से रखे। ऊपर की सरकार और यहां की सरकार की सहमति के बिना काम नहीं होगा। तभी यहां ज़मीन बच पायेगी। तभी किसान को किसानी में इंटरस्ट रहेगा। नहीं तो कलोनाईज़र बढ़ते चले जायेंगे। आपके फंड में mobilization की requirement तो है,परन्तु यह किसान के ऊपर आधारित है। Till such time we cross over to becoming an industrial estate, we have to safeguard what the Punjab has. पंजाब के पास खेती के इलावा ओर कुछ नहीं है। हमारे पास तो हमारे Matric और B.A. की डिग्री किये हुये लड़के नौकरियां ढूंढ रहे हैं। मेरे को बड़ी अच्छी तरह से याद है कि जूनीयर बादल साहिब ने मोगा वाली रैली में दो बातें कही थी कि हर district level पर Information Technology Universities या सैंटर खोले जायेंगे। Sports के लिये इंटरनैश्नल लेवल के स्टेडियम बनाये जायेंगे। इंटरनैश्नल स्टेडियम की बात जरुर उन्होंने की है कि two International Stadiums will be built. इस से आगे कोई बात उन्होंने नहीं की। Youth has to be catered to. उनका ध्यान रखे और जहां तक Information Technology की बात है वो तो होता रहेगा पर get some parties involve

Original with;
Punjab Vidhan Sabha
Digitized by;
Panjab Digital Library

**[श्री सुनील कुमार जाखड़]**

ये जो लोग डिग्रीज़ लेकर घूम रहे हैं, ये एफ.एम. साहिब, किसी काम नहीं आयेंगी। ਹੱਥੀਂ ਕੰਮ ਕਰਨਾ ਇਹ ਭੁੱਲ ਗਏ ਹਨ। ਹੁਣ ਕਿਸੇ ਨੇ ਚਾਬੀ,ਨਟ, ਬੋਲਟ ਨਹੀਂ ਫੜ੍ਹਨਾ। ਉਨ੍ਹਾਂ ਨੂੰ ਘੱਟੋ-ਘੱਟ काल सैंटर ਵਿਚ ਕੰਮ ਕਰਨ ਜੋਗਾ ਤਾਂ ਬਣਾ ਦਿਓ। आज पंजाबी New York में टैक्सी चला सकता है। आप Greece में जाओ, वहां Greek बोलता मिलेगा Portugal में Portugese बोलता मिलेगा, तो उसकी ट्रेनिंग के लिये सैंटर बना देने चाहिये।

**माननीय स्पीकर :** प्लीज़, आप समय का ख्याल रखें।

**श्री सुनील कुमार जाखड़ :** बस हो गया जी एक बात मैं मुख्य मंत्री साहिब के नोटिस में लाना चाहूंगा कि बादल साहिब कल हमारे leader of opposition को कुछ लोगों की नज़दीकी के बारे में कह रहे थे कि "ਇਨ੍ਹਾਂ ਲੋਕਾਂ ਤੋਂ ਬਚ ਕੇ ਰਹੋ।" आप एक बहुत बड़ी शख्सीयत हैं। आप की 50 साल की Legislative history है। I do not think there are many people in the country who have completed 50 years in the political career as our Honourable Chief Minister. I do not know whether this House gets together to commemorate his contribution in building and shaping the future of Punjab. That cannot be ignored. ये जो आटे दाल की स्कीम है, इसका जो delay 15 अगस्त वाला है, this scheme has been held up by your advisors ਉਨ੍ਹਾਂ ਨੇ ਕਿਹਾ ਕਿ ਹਾਲੇ ਤੁਹਾਡੀ ਫੋਟੋ ਨਹੀਂ ਆਈ। सर, आपकी शख्सीयत क्या एक फोटो की मोहताज है। अभी ब्रहमपुरा साहिब कह रहे थे कि Resolution में बादल साहिब ਦਾ ਨਾਂ ਤਾਂ ਜਰੂਰ ਪਉ। क्या आपकी शख्सीयत Resolution में नाम डालने की मोहताज है ? जैसे कहते हैं

"ਭੱਜ ਕੇ ਪੱਲਾ ਫੜਿਆ ਤਾਂ ਕੀ ਫੜਿਆ, ਯਾਰ ਆਪ ਬੁਲਾਵੇ ਤਾਂ ਚੈਨ ਆਵੇ"

आप अपनी फोटो कार्ड पर धक्के से ना छापें। जिस दिन आपने पंजाब के लिये काम किया तो लोग घरों में श्रद्धा से फोटो लगाएंगे। वो फोटो के लिए may be this scheme is held up at the advise of some of your Press Advisors जो डिसीज़न हमने हमारे काबिल Finance Minister के ऊपर थोप दिया और उनके हाथ से छीन ली, इनको यह कह दिया जाये। (ਸ਼ੋਰ)। ਜੇ ਅਸੀਂ ਕੋਈ ਗਲਤ ਕੰਮ ਕੀਤਾ ਹੈ ਤਾਂ ਤੁਸੀਂ ਵੀ ਕਰੀ ਜਾਓ। (ਸ਼ੋਰ) ਚਲੋ ਛਾਪ ਲਓ, ਮੇਰੀ ਤਾਂ ਰਾਏ ਹੈ। ਬਿਲਕੁਲ ਛਾਪੋ ਤੁਸੀਂ (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਵਾਈਂਡ ਅਪ ਕਰੋ ਜੀ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸੱਤਾ ਪਰਿਵਰਤਨ ਕੀ ਬਾਤ ਹੋ ਰਹੀ ਹੈ, ਚੇਂਜ ਆਫ ਪਾਵਰ ਦੀ ਨਹੀਂ, ਜੈਨਰੇਸ਼ਨ ਨੂੰ ਵਾਗਡੋਰ ਸੰਭਾਲਣ ਦੀ ਗੱਲ ਹੋ ਰਹੀ ਹੈ ਕਾਹਨੂੰ ਫਾਹਾ ਉਨ੍ਹਾਂ ਗੱਲ ਪਾ ਕੇ ਜਾਂਦੇ ਹੋ। ਤੁਸੀਂ ਲੈ ਲਉ ਟਫ ਡਿਸੀਜ਼ਨਜ਼ ਜਿਹੜੇ ਲੈਣੇ ਹਨ ਤਾਂਕਿ ਉਹ ਤਾਂ ਬਾਅਦ ਵਿੱਚ ਖੁਲ੍ਹ ਕੇ ਕਹਿੰਦੇ ਰਹਿਣ ਕਿ ਬਜ਼ੁਰਗਾਂ ਨੇ ਕਰ ਦਿੱਤਾ, ਅਸੀਂ ਤਾਂ ਪੰਜਾਬ ਚਲਾਈ ਜਾਂਦੇ ਹਾਂ। ਪੰਜਾਬ ਕੋ ਬਚਾਓ ਸਾਹਿਬ। You have the courage, you have the stature, you have the background and you have the histroy. You can take tough decisions. In the end, I have all the respect, all the trust for his intent, but I am sorry, I cannot agree with the proposals in this budget.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹਾਂ ਜੀ ਸਰਦਾਰ ਇਕਬਾਲ ਸਿੰਘ ਜੀ ਝੂੰਦਾਂ।

**ਸਰਦਾਰ ਇਕਬਾਲ ਸਿੰਘ ਝੂੰਦਾਂ (ਧੂਰੀ)** : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਬਜਟ ਤੇ ਬਹਿਸ ਦੀ ਚਰਚਾ ਵਿੱਚ ਸ਼ਾਮਲ ਹੋਣ ਲਈ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਉਸ ਤੋਂ ਬਾਅਦ ਵਧਾਈ ਦਿੰਦਾ ਹਾਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਅਤੇ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਦੇ ਖਜ਼ਾਨਾ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੂੰ ਜਿਸ ਭਾਵਨਾ ਨਾਲ, ਜਿਸ ਇਮਾਨਦਾਰੀ ਨਾਲ ਉਨ੍ਹਾਂ ਨੇ ਪੰਜਾਬ ਦੇ ਦੁਖਾਂਤ ਨੂੰ ਪੰਜਾਬ ਦੇ ਦਰਦ ਨੂੰ ਸਮਝਿਆ ਹੈ ਔਰ ਉਸ ਨੂੰ ਹੱਲ ਕਰਨ ਲਈ ਇਸ ਬਜਟ ਵਿੱਚ ਉਪਰਾਲੇ ਕੀਤੇ ਹਨ, ਉਸ ਦੀ ਜਿੱਥੇ ਸ਼ਲਾਘਾ ਕਰਨੀ ਬਣਦੀ ਹੈ ਉੱਥੇ ਜਿੱਥੇ ਇਨ੍ਹਾਂ ਉਪਰਾਲਿਆਂ ਵਾਸਤੇ ਸਰਕਾਰ ਨੇ ਸੰਜੀਦਗੀ ਦਿਖਾਈ ਹੈ, ਉਸ ਦੀ ਵੀ ਸਰਾਹਣਾ ਕਰਨੀ ਬਣਦੀ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦਾ ਬਜਟ ਘਾਟੇ ਵਿਚ ਚੱਲ ਰਿਹਾ ਹੈ। ਖਰਚਾ ਵੱਧ ਅਤੇ ਆਮਦਨ ਘੱਟ। ਇਹ ਘਾਟਾ ਲਗਾਤਾਰ ਵਧੀ ਜਾ ਰਿਹਾ ਹੈ ਅਤੇ ਪੰਜਾਬ ਦੀ ਆਰਥਿਕ ਦਸ਼ਾ ਵਿਗੜਦੀ ਜਾ ਰਹੀ ਹੈ। ਸਾਡਾ ਜਿਹੜਾ ਗਰੋਥ ਰੇਟ ਹੈ, ਉਹ ਘਟ ਰਿਹਾ ਹੈ। ਪੰਜਾਬ ਸਾਰੇ ਖੇਤਰਾਂ ਵਿਚ ਪਛੜਦਾ ਜਾ ਰਿਹਾ ਹੈ। ਇਸ ਮਾੜੀ ਹਾਲਤ ਵਿਚੋਂ ਕਢਣ ਲਈ ਇਸ ਬਜਟ ਰਾਹੀਂ ਕੁਝ ਉਪਰਾਲਾ ਕੀਤਾ ਗਿਆ ਹੈ। ਡੈਫੀਸਿਟ ਨੂੰ ਘਟਾ ਕੇ 2190 ਕਰੋੜ ਰੁਪਏ ਤੋਂ 1429 ਕਰੋੜ ਰੁਪਏ ਕੀਤਾ ਗਿਆ ਹੈ। ਇਸ ਨਾਲ ਇਹ 761 ਕਰੋੜ ਰੁਪਿਆ ਘਟਾਇਆ ਗਿਆ ਹੈ। ਖਰਚੇ ਵਿਚ ਕਿਫਾਇਤ ਕਰਨ ਦਾ ਯਤਨ ਕੀਤਾ ਗਿਆ ਹੈ। ਸੀ.ਐਮ./ਮਨਿਸਟਰਾਂ/ਆਈ.ਏ.ਐਸ./ਆਈ.ਪੀ.ਐਸ. ਵਗੈਰਾ ਅਧਿਕਾਰੀਆਂ ਦੀਆਂ ਤਨਖਾਹਾਂ ਵਿਚ ਕੱਟ ਲਗਾਈ ਗਈ ਹੈ। ਇਹ ਸੰਕੇਤਕ ਰੂਪ ਵਿਚ ਲੋਕਾਂ ਅੰਦਰ ਇਹ ਭਾਵਨਾ ਪੈਦਾ ਕਰਨ ਲਈ ਕੀਤਾ ਗਿਆ ਹੈ ਕਿ ਇਹ ਸਰਕਾਰ ਖਰਚਾ ਘਟਾਉਣ ਲਈ ਸੰਜੀਦਾ ਹੈ। ਸਰਕਾਰ ਦਾ ਯਤਨ ਹੈ ਕਿ ਜਿੰਨਾ ਚਿਰ ਆਮਦਨ ਠੀਕ ਲੈਵਲ ਤੱਕ ਨਹੀਂ ਪਹੁੰਚਦੀ, ਉਨਾਂ ਚਿਰ ਖਰਚੇ ਨੂੰ ਕੰਟਰੋਲ ਕਰਕੇ ਆਮਦਨ ਦੇ ਬਰਾਬਰ ਲਿਆਂਦਾ ਜਾਵੇ ਤਾਂ ਕਿ ਪੰਜਾਬ ਦੀ ਆਰਥਿਕ ਸਟੈਬਿਲਟੀ ਕਾਇਮ ਹੋ ਸਕੇ। ਐਨੂਅਲ ਪਲੈਨ ਨੂੰ ਵੀ ਵਧਾ ਕੇ 4000 ਕਰੋੜ ਰੁਪਏ ਤੋਂ 5111 ਕਰੋੜ ਰੁਪਏ ਕੀਤਾ ਗਿਆ ਹੈ। ਜਦੋਂ ਮੈਂ ਉਨ੍ਹਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਆਪਣੇ ਮਨ ਦੀ ਭਾਵਨਾ ਦੱਸੀ ਕਿ ਮੈਂ ਇਸ ਨੂੰ ਅਗਲੇ 5 ਸਾਲਾਂ ਵਿੱਚ 10000 ਕਰੋੜ ਰੁਪਏ ਤੱਕ ਲੈ ਕੇ ਜਾਣਾ ਹੈ ਤਾਂ ਕਿ ਪੰਜਾਬ ਇਕ ਆਤਮ ਨਿਰਭਰ ਸੂਬਾ ਬਣ ਸਕੇ। ਇਹ ਜੋ 1111 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ ਹੈ ਇਸ ਦੇ ਲਈ ਬਾਦਲ ਸਾਹਿਬ ਦੇ ਉਪਰਾਲਿਆਂ ਦੀ ਦਾਦ ਦੇਣੀ ਬਣਦੀ ਹੈ। ਜੇ ਖੇਤੀ ਬਜਟ ਦੀ ਗੱਲ ਕਰੀਏ ਤਾਂ ਉਸ ਵਿਚ 50-55% ਵਾਧਾ ਹੋਇਆ ਹੈ ਅਤੇ ਦਿਹਾਤੀ ਵਿਕਾਸ ਵਿਚ 70% ਵਾਧਾ ਹੋਇਆ ਹੈ। ਇਸੇ ਤਰ੍ਹਾਂ ਸਿੰਜਾਈ ਦੇ ਖੇਤਰ ਵਿਚ 125 ਗੁਣਾ ਵਾਧਾ ਹੋਇਆ ਹੈ। ਇਸ ਬਜਟ ਵਿਚ ਹਰ ਪੱਖ ਨੂੰ, ਹਰ ਖੇਤਰ ਨੂੰ ਛੂਹਿਆ ਗਿਆ ਹੈ ਅਤੇ ਵਿਕਾਸ ਦਰ ਵਿਚ ਵਾਧਾ ਕਰਨ ਦਾ ਜੋ ਉਪਰਾਲਾ ਕੀਤਾ ਗਿਆ ਹੈ, ਉਸ ਦੀ ਸ਼ਲਾਘਾ ਕਰਨੀ ਬਣਦੀ ਹੈ। ਇਥੇ ਆਟਾ-ਦਾਲ ਸਕੀਮ ਦੀ ਚਰਚਾ ਕੀਤੀ ਗਈ ਹੈ। ਜੇ ਇਸ ਸਕੀਮ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਹੀ ਇਕ ਇਹੋ ਜਿਹਾ ਸੂਬਾ ਹੈ, ਜਿਸ ਨੇ ਆਜ਼ਾਦੀ ਤੋਂ ਬਾਅਦ ਦੇ 60 ਸਾਲਾਂ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਇਹ ਸਕੀਮ ਆਰੰਭ ਕੀਤੀ ਹੈ। ਅੱਜ ਮਹਿੰਗਾਈ ਬਹੁਤ ਵਧ ਚੁੱਕੀ ਹੈ ਅਤੇ ਚੰਗੇ ਭਲੇ ਲੋਕ ਵੀ ਮਹਿੰਗਾਈ ਤੋਂ ਤੰਗ ਆ ਚੁੱਕੇ ਹਨ। ਸਾਡੀ ਸਰਕਾਰ ਨੇ ਗਰੀਬ ਲੋਕਾਂ ਦੇ ਦੁੱਖ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]

ਸਮਝਿਆ ਹੈ। ਇਸ ਸਰਕਾਰ ਨੇ ਚੋਣਾਂ ਤੋਂ 3 ਮਹੀਨਿਆਂ ਦੇ ਅੰਦਰ-ਅੰਦਰ ਹੀ ਆਪਣੇ ਇਸ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ ਅਤੇ 2 ਮਹੀਨਿਆਂ ਦੇ ਅੰਦਰ ਅੰਦਰ ਇਹ ਸਕੀਮ ਲਾਗੂ ਹੋ ਜਾਣੀ ਹੈ। ਐਨੀ ਵੱਡੀ ਸਕੀਮ ਨੂੰ ਲਾਗੂ ਕਰਨਾ ਕੇਵਲ ਸਾਡੀ ਇਸ ਸਰਕਾਰ ਦੇ ਹਿੱਸੇ ਹੀ ਆਇਆ ਹੈ ਅਤੇ ਇਸ ਦੀ ਸ਼ਲਾਘਾ ਕਰਨੀ ਬਣਦੀ ਹੈ। ਸਾਢੇ ਤੇਰਾਂ ਲੱਖ ਲੋਕਾਂ ਨੂੰ ਐਨੀ ਵੱਡੀ ਰਾਹਤ ਦੇਣੀ ਕੋਈ ਮਜ਼ਾਕ ਨਹੀਂ ਹੈ। ਗਰੀਬ ਲੋਕ ਖਰਚੇ ਨੂੰ ਅਫੋਰਡ ਨਹੀਂ ਕਰ ਸਕਦੇ। ਇਸ ਕਰਕੇ ਇਸ ਸਕੀਮ ਦੀ ਨੁਕਤਾਚੀਨੀ ਨਹੀਂ ਬਲਕਿ ਸ਼ਲਾਘਾ ਕਰਨੀ ਬਣਦੀ ਹੈ। ਇਸੇ ਤਰ੍ਹਾਂ ਹੋਰ ਵੀ ਕਈ ਸਕੀਮਾਂ ਹਨ। ਗਰੀਬਾਂ ਲਈ 200 ਯੂਨਿਟ ਬਿਜਲੀ ਮੁਆਫ ਕੀਤੀ ਗਈ ਹੈ। ਕੱਚੇ ਘਰਾਂ ਨੂੰ ਪੱਕਾ ਕਰਨ ਦੀ ਗੱਲ ਕੀਤੀ ਗਈ ਹੈ। ਐਫ.ਐਮ. ਸਾਹਿਬ ਨੇ ਗਰੀਬ ਬੱਚਿਆਂ ਨੂੰ ਪਾਇਲਟ ਬਣਾਉਣ ਲਈ ਸਹਾਇਤਾ ਦੇਣ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਖੇਤੀਬਾੜੀ ਦੇ ਸੁਧਾਰ ਲਈ ਵੀ ਉਪਰਾਲੇ ਕੀਤੇ ਗਏ ਹਨ। ਸਿੰਜਾਈ ਲਈ ਵੀ ਬਹੁਤ ਵੱਡੀਆਂ ਨਹਿਰਾਂ ਅਤੇ ਡੈਮ ਬਣਾਉਣ ਦੀ ਗੱਲ ਕੀਤੀ ਗਈ ਹੈ। ਕੰਡੀ ਨਹਿਰ ਬਣਾਉਣ ਦੀ ਵੀ ਯੋਜਨਾ ਹੈ। ਪਾਵਰ ਸੈਕਟਰ ਨੂੰ ਵਿਕਸਤ ਕਰਨ ਲਈ 3000 ਮੈਗਾਵਾਟ ਬਿਜਲੀ ਦੀ ਪ੍ਰੋਡਕਸ਼ਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਪੰਜਾਬ ਆਤਮ ਨਿਰਭਰ ਹੋ ਸਕੇ। ਇਨ੍ਹਾਂ ਸਾਰੇ ਯਤਨਾਂ ਵਿਚੋਂ ਸਾਡੇ ਪੰਜਾਬ ਦੇ ਭਵਿੱਖ ਦੀ ਤਸਵੀਰ ਨਜ਼ਰ ਆਉਂਦੀ ਹੈ। ਗੁਰੂ ਮਹਾਰਾਜ ਕ੍ਰਿਪਾ ਕਰੇ, ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਆਉਣ ਵਾਲੇ 5 ਸਾਲਾਂ ਵਿਚ ਪੰਜਾਬ ਹਰ ਪੱਖੋਂ ਇਕ ਆਤਮ ਨਿਰਭਰ ਸੂਬਾ ਬਣ ਜਾਵੇਗਾ। ਇਸ ਭਾਵਨਾ ਨਾਲ ਐਫ.ਐਮ. ਸਾਹਿਬ ਨੇ ਇਹ ਬਜਟ ਪੇਸ਼ ਕੀਤਾ ਹੈ। ਇਸ ਵਿਚ ਹਰ ਖੇਤਰ ਦਾ ਖਿਆਲ ਰੱਖਿਆ ਗਿਆ ਹੈ ਚਾਹੇ ਇਹ ਲੋਕਾਂ ਦੀ ਗੱਲ ਹੈ ਅਤੇ ਚਾਹੇ ਇੰਡਸਟਰੀ ਦੀ ਗੱਲ ਹੈ। ਇੰਡਸਟਰੀ ਦੇ ਸਬੰਧ ਵਿਚ ਮੈਂ ਇਕ ਸੁਝਾਓ ਦੇਣਾ ਚਾਹੁੰਦਾ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਇੰਡਸਟਰੀ ਜ਼ਰੂਰ ਲੱਗਣੀ ਚਾਹੀਦੀ ਹੈ। ਅੱਜ ਇਥੇ ਬਠਿੰਡਾ ਰਿਫਾਈਨਰੀ ਦੀ ਗੱਲ ਕੀਤੀ ਗਈ ਹੈ। ਇੰਡਸਟਰੀ ਦੇ ਖੇਤਰ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਇੰਡਸਟਰੀਜ਼ ਲੱਗਦੀਆਂ ਹਨ, ਉਨ੍ਹਾਂ ਵਿਚ ਪੰਜਾਬੀ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਜਾਵੇ। ਮੈਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ, ਧੂਰੀ ਵਿੱਚ ਇਕ ਕੇ.ਆਰ.ਬੀ.ਐਲ. ਮਿੱਲ ਹੈ ਅਤੇ ਇਕ ਸ਼ੂਗਰ ਮਿੱਲ ਹੈ ਪਰੰਤੂ ਉਨ੍ਹਾਂ ਮਿੱਲਾਂ ਦੇ ਵਿੱਚ ਪੰਜਾਬੀ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਦਿੱਤਾ ਜਾਂਦਾ। ਪੰਜਾਬ ਸਰਕਾਰ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਜਦੋਂ ਮਿੱਲ ਮਾਲਕ ਸਹੂਲਤਾਂ ਪੰਜਾਬ ਤੋਂ ਲੈਂਦੇ ਹਨ, ਪੰਜਾਬ ਸਰਕਾਰ ਤੋਂ ਸਬਸਿਡੀ ਲੈਂਦੇ ਹਨ, ਪੰਜਾਬ ਸਰਕਾਰ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਂਦੀ ਹੈ ਤਾਂ ਮਿੱਲਾਂ ਦੇ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਕਿਉਂ ਨਹੀਂ ਦਿੱਤਾ ਜਾਂਦਾ। ਮੈਂ ਬੇਨਤੀ ਕਰਾਂਗਾ ਕਿ ਇਸ ਸਬੰਧੀ ਹਾਊਸ ਵੱਲੋਂ, ਮਿੱਲਾਂ ਨੂੰ, ਸਰਕਾਰ ਤੋਂ ਕੋਈ ਨੋਟੀਫਿਕੇਸ਼ਨ ਜਾਰੀ ਕਰਵਾਉਣਾ ਚਾਹੀਦਾ ਹੈ।

ਇਸ ਤੋਂ ਅੱਗੇ ਮੈਂ ਐਜੂਕੇਸ਼ਨ ਦੀ ਗੱਲ ਵੀ ਕਰਨੀ ਹੈ ਕਿ ਆਦਰਸ਼ ਸਕੂਲ ਖੋਲ੍ਹਣ ਬਾਰੇ ਬਜਟ ਵਿੱਚ ਕਿਹਾ ਗਿਆ ਹੈ। ਅੱਜ ਪਿੰਡਾਂ ਦੇ ਵਿੱਚ ਸਾਡਾ ਐਜੂਕੇਸ਼ਨ ਦਾ ਢਾਂਚਾ ਹੀ ਤਬਾਹ ਹੋ ਚੁੱਕਾ ਹੈ। ਇਸ ਨੂੰ ਉਚਾ ਚੁੱਕਣ ਦੀ ਬੇਹੱਦ ਲੋੜ ਹੈ। ਇਸ ਸਬੰਧੀ ਮੇਰੀ ਬੇਨਤੀ ਹੈ ਕਿ ਜਿਵੇਂ ਆਦਰਸ਼ ਸਕੂਲ ਖੋਲ੍ਹਣ ਬਾਰੇ ਕਿਹਾ ਗਿਆ ਹੈ, ਉਵੇਂ ਹੀ ਹਰ ਵਿਧਾਨ ਸਭਾ ਦੇ ਖੇਤਰ ਵਿੱਚ ਰੂਰਲ ਲੜਕੀਆਂ ਲਈ ਕਾਲਜ ਵੀ ਜ਼ਰੂਰ ਖੋਲ੍ਹੇ ਜਾਣ ਜਿੱਥੇ ਕਿ ਹੋਮ ਸਾਇੰਸ

Original with;
Punjab Vidhan Sabha
Digitized by;
Panjab Digital Library

ਅਤੇ ਕਿੱਤਾ ਸਿਖਲਾਈ ਕੇਂਦਰ ਵੀ ਹੋਣ, ਨਰਸਿੰਗ ਕਾਲਜ ਵੀ ਹੋਵੇ। ਪੇਂਡੂ ਖੇਤਰ ਦੀਆਂ ਲੜਕੀਆਂ, ਜਿਨ੍ਹਾਂ ਲਈ 10ਵੀਂ ਪਾਸ ਕਰਨ ਤੋਂ ਬਾਅਦ ਦੂਰ ਦਰਾਡੇ ਇਲਾਕਿਆਂ ਦੇ ਵਿੱਚ ਜਾ ਕੇ ਅੱਗੇ ਪੜ੍ਹਾਈ ਕਰਨਾ ਸੰਭਵ ਨਹੀਂ, ਉਹ ਆਪਣੇ ਘਰ ਦੇ ਨੇੜੇ ਹੀ ਪੜ੍ਹਾਈ ਜਾਰੀ ਰੱਖ ਸਕਣ। ਦੇਖਣ ਵਿੱਚ ਆਇਆ ਹੈ ਕਿ ਬੱਚੀਆਂ ਦੀਆਂ ਪੜ੍ਹਾਈ ਦੀਆਂ ਭਾਵਨਾਵਾਂ ਵਿੱਚ ਹੀ ਰਹਿ ਜਾਂਦੀਆਂ ਹਨ। ਇਨ੍ਹਾਂ ਬੱਚੀਆਂ ਦੀਆਂ ਭਾਵਨਾਵਾਂ ਨੂੰ ਪੂਰਾ ਕਰਨ ਲਈ ਹਰ ਵਿਧਾਨ ਸਭਾ ਖੇਤਰ ਵਿੱਚ ਨਰਸਿੰਗ ਕਾਲਜ ਔਰ ਕਿੱਤਾ ਸਿਖਲਾਈ ਕਾਲਜ ਵੀ ਜ਼ਰੂਰ ਖੋਲ੍ਹੇ ਜਾਣ, ਇਹ ਮੇਰੀ ਬੇਨਤੀ ਹੈ।

ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਕਿਸਾਨਾਂ ਦੇ ਲਈ ਜੋ ਭਾਈ ਘਨੱਈਆ ਸਕੀਮ ਲਾਗੂ ਕੀਤੀ ਗਈ ਹੈ, ਉਸ ਦੇ ਵਿੱਚ ਖੇਤੀ ਮਜ਼ਦੂਰਾਂ ਨੂੰ ਵੀ ਕਵਰ ਕੀਤਾ ਜਾਵੇ। ਇਹ ਵੀ ਸਮਾਜ ਦਾ ਬਹੁਤ ਗਰੀਬ ਤਬਕਾ ਹੈ, ਜਿਨ੍ਹਾਂ ਦੀ ਹਾਦਸਿਆਂ ਦੇ ਕਾਰਨ ਕਈ ਵਾਰ ਮੌਤ ਵੀ ਹੋ ਜਾਂਦੀ ਹੈ। ਇਸ ਪੱਖ ਨੂੰ ਵੀ ਜ਼ਰੂਰ ਵਿਚਾਰਿਆ ਜਾਵੇ। ਚਾਹੇ ਬਜਟ ਵਿੱਚ ਪੈਸੇ ਕਿਸੇ ਹੋਰ ਪਾਸੇ ਤੋਂ ਰੱਖ ਲਓ, ਚਾਹੇ ਮਾਰਕੀਟ ਕਮੇਟੀ ਦੇ ਰਾਹੀਂ ਵਧਾਇਆ ਜਾਵੇ ਕਿਉਂਕਿ ਗਰੀਬ ਵਰਗ ਦੀ ਰੋਜ਼ੀ ਰੋਟੀ ਦਾ ਸਾਧਨ ਵੀ ਘੱਟ ਹੀ ਹੁੰਦਾ ਹੈ, ਸੋ ਉਨ੍ਹਾਂ ਦਾ ਵੀ ਕੋਈ ਹੱਲ ਕੀਤਾ ਜਾਵੇ। ਜੋ, ਐਫ.ਐਮ. ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਉਸ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ, ਉਹ ਘੱਟ ਹੈ। ਜੋ ਐਫ.ਐਮ. ਸਾਹਿਬ ਦੀ ਸੋਚ ਹੈ, ਉਸ ਦੇ ਲਈ ਸਾਨੂੰ ਸਾਰਿਆਂ ਨੂੰ ਰਲ ਕੇ, ਸਮੁੱਚੇ ਪੰਜਾਬੀਆਂ ਨੂੰ ਜਿੱਥੇ ਉਨ੍ਹਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ, ਉਥੇ ਇਸ ਦੀ ਦਾਦ ਵੀ ਦੇਣੀ ਚਾਹੀਦੀ ਹੈ ਕਿ ਬੜੀ ਮਿਹਨਤ ਅਤੇ ਲਗਨ ਨਾਲ ਹਰ ਵਰਗ ਦੀਆਂ ਪੂਰੀਆਂ ਭਾਵਨਾਵਾਂ ਨੂੰ ਕਵਰ ਕਰਨ ਦਾ ਯਤਨ ਕੀਤਾ ਗਿਆ ਹੈ। ਪਸ਼ੂ ਪਾਲਣ ਦੀ ਵੀ ਗੱਲ ਕੀਤੀ ਗਈ ਹੈ। ਅੱਜ ਸਾਡਾ ਪਸ਼ੂ ਧਨ ਬਰਬਾਦ ਹੋ ਰਿਹਾ ਹੈ, ਇਸ ਨੂੰ ਸੰਭਾਲਣ ਦੀ ਲੋੜ ਹੈ। ਖੇਤੀਬਾੜੀ ਯੂਨੀਵਰਸਿਟੀ ਨੂੰ ਰੀਸਰਚ ਕੰਮਾਂ ਲਈ ਵੀ ਕਾਫੀ ਪੈਸੇ ਦਿੱਤੇ ਗਏ ਹਨ। ਪਹਿਲਾਂ 80 ਕਰੋੜ ਰੁਪਏ ਉਸ ਵਾਸਤੇ ਰੱਖੇ ਗਏ ਸਨ ਪਰੰਤੂ ਫਿਰ ਵਧਾ ਕੇ 100 ਕਰੋੜ ਅਤੇ ਫਿਰ 110 ਕਰੋੜ ਰੁਪਏ ਸਾਲਾਨਾ ਰੱਖੇ ਹਨ। ਜਿੰਨੀ ਦੇਰ ਰਿਸਰਚ ਨਹੀਂ ਹੁੰਦੀ, ਉਨੀ ਦੇਰ ਕਿਸਾਨਾਂ ਦਾ ਭਲਾ ਨਹੀਂ ਹੋ ਸਕਦਾ। ਬਜਟ ਦੇ ਵਿੱਚ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਸਮਝਦੇ ਹੋਏ ਰੀਸਰਚ ਲਈ ਫੰਡਜ਼ ਮੁਹੱਈਆ ਕੀਤੇ ਗਏ ਹਨ।

ਸਪੀਕਰ ਸਾਹਿਬ, ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਿਹਤ ਸਹੂਲਤਾਂ ਦੇ ਖੇਤਰ ਵਿੱਚ ਜੋ ਵੀ ਸਿਵਲ ਹਸਪਤਾਲ ਹਨ, ਉਨ੍ਹਾਂ ਨੂੰ ਹੋਰ ਵਿਕਸਤ ਕਰਨ ਦੀ ਲੋੜ ਹੈ। ਡਿਸਟ੍ਰਿਕਟ ਲੈਵਲ ਤੇ, ਹੈਡਕੁਆਰਟਰ ਤੇ ਘੱਟੋ ਘੱਟ ਇਕ ਸਰਕਾਰੀ ਹਸਪਤਾਲ ਅਜਿਹਾ ਜ਼ਰੂਰ ਹੋਣਾ ਚਾਹੀਦਾ ਹੈ। ਜਿਹੜਾ ਕਿ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਦਰਜੇ ਦਾ ਹੋਵੇ ਤਾਂ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਵਾਸਤੇ ਪ੍ਰੇਸ਼ਾਨ ਨਾ ਹੋਣਾ ਪਵੇ। ਲੋਕਾਂ ਨੂੰ ਸਿਹਤ ਸੇਵਾਵਾਂ ਪਿੰਡਾਂ ਦੇ ਨੇੜੇ, ਘਰ ਦੇ ਨੇੜੇ ਹੀ ਮਿਲ ਸਕਣ। ਪੰਜਾਬ ਵਿੱਚ ਦੋ ਤਿੰਨ ਵੱਡੇ ਸ਼ਹਿਰਾਂ ਤੋਂ ਬਿਨਾਂ ਹੋਰ ਕਿਤੇ ਵੀ ਅੱਛੀਆਂ ਸਿਹਤ ਸਹੂਲਤਾਂ ਅਵੇਲੇਬਲ ਨਹੀਂ ਹਨ। ਸਿਹਤ ਵਿਭਾਗ ਦਾ ਜੋ ਸਿਸਟਮ ਹੈ, ਉਸ ਤੋਂ ਤਾਂ ਲੋਕਾਂ ਦਾ ਵਿਸ਼ਵਾਸ ਹੀ ਉਠ ਚੁੱਕਿਆ ਹੈ। ਲੋਕ ਮਹਿਸੂਸ ਕਰਦੇ ਹਨ ਕਿ ਇਹ ਹਸਪਤਾਲ ਵਧੀਆ ਕਿਸਮ ਦਾ ਇਲਾਜ ਕਰਨ ਦੇ ਸਮਰੱਥ ਨਹੀਂ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]

ਕਾਗਜ਼ਾਂ ਵਿੱਚ ਹੀ ਸਾਰਾ ਕੁਝ ਠੀਕ ਠਾਕ ਹੁੰਦਾ ਹੈ। ਪਰੰਤੂ ਅਸਲ ਵਿੱਚ ਉਥੇ ਅੱਛਾ ਇਲਾਜ ਨਹੀਂ ਹੁੰਦਾ। ਕਈ ਹਸਪਤਾਲਾਂ ਦੇ ਵਿੱਚ ਤਾਂ ਫਸਟ ਏਡ ਵੀ ਨਹੀਂ ਹੁੰਦੀ। ਸਟਾਫ ਪਰਾਪਰ ਹੋਵੇ, ਸਟਾਫ ਦੀ ਹਾਜ਼ਰੀ ਪਰਾਪਰ ਹੋਵੇ, ਇਕਵਿਪਮੈਂਟ ਪਰਾਪਰ ਹੋਣਾ ਚਾਹੀਦਾ ਹੈ। ਘੱਟੋ ਘੱਟ ਡਿਸਟ੍ਰਿਕਟ ਲੈਵਲ ਤੇ ਇਕ ਇਕ ਹਸਪਤਾਲ ਜ਼ਰੂਰ ਵਿਕਸਤ ਹੋਣਾ ਚਾਹੀਦਾ ਹੈ। ਸੋ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਕਿਉਂਕਿ ਸਾਡੇ ਕੋਲ ਸਮਾਂ ਵੀ ਘੱਟ ਹੈ, ਇਸ ਲਈ ਮੈਂ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ, ਜਿਨ੍ਹਾਂ ਨੇ ਇਹ ਆਪਣਾ ਪਹਿਲਾ ਬਜਟ ਪੇਸ਼ ਕੀਤਾ ਹੈ, ਨੂੰ ਵਧਾਈ ਦਿੰਦਾ ਹਾਂ ਔਰ ਆਸ ਕਰਦਾ ਹਾਂ ਕਿ ਤੁਸੀਂ ਆਉਣ ਵਾਲੇ ਪੰਜ ਸਾਲ ਜਿਹੜੀ ਭਾਵਨਾ ਨਾਲ ਪੰਜਾਬ ਨੂੰ ਅੱਗੇ ਲੈ ਜਾਣ ਦੇ ਸੁਪਨੇ ਸਿਰਜੇ ਹਨ, ਉਸ ਵਿਚ ਤੁਹਾਨੂੰ ਪੂਰਾ ਸਹਿਯੋਗ ਮਿਲੇ, ਇਹ ਮੈਂ ਆਸ ਕਰਦਾ ਹਾਂ। ਤੁਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹੋ ਔਰ ਪੰਜਾਬ ਨੂੰ ਨਵੀਆਂ ਬੁਲੰਦੀਆਂ ਤੇ ਲੈ ਕੇ ਜਾਓ, ਇਹ ਮੇਰੀ ਕਾਮਨਾ ਹੈ। ਸਪੀਕਰ ਸਾਹਿਬ, ਤੁਸੀਂ ਜਿਹੜਾ ਮੈਨੂੰ ਬਜਟ ਤੇ ਬੋਲਣ ਲਈ ਹਾਊਸ ਵਿੱਚ ਸਮਾਂ ਦਿੱਤਾ ਹੈ, ਇਸ ਲਈ ਮੈਂ ਆਪ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਬਲਬੀਰ ਸਿੰਘ ਸਿੱਧੂ (ਖਰੜ)** : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਰਿਣੀ ਹਾਂ ਅਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਪਵਿੱਤਰ ਸਦਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਇਸ ਤੋਂ ਬਾਅਦ ਮੈਂ ਧੰਨਵਾਦ ਕਰਦਾ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਦਾ, ਜਿਨ੍ਹਾਂ ਨੇ ਬੜੇ ਪੜ੍ਹੇ ਲਿਖੇ ਨੌਜਵਾਨ ਸਾਥੀ ਨੂੰ ਐਫ.ਐਮ. ਬਣਾਇਆ ਹੈ। ਇਸ ਗੱਲ ਦਾ ਸਾਨੂੰ ਫਖਰ ਹੈ ਕਿ ਅੱਜ ਨਵੀਂ ਪੀੜ੍ਹੀ ਦੀ ਸ਼ੁਰੂਆਤ ਹੋਈ ਹੈ, ਜਿਹੜੀ ਕਿ ਸਾਡੇ ਵਾਸਤੇ ਬਹੁਤ ਹੀ ਖੁਸ਼ੀ ਦੀ ਗੱਲ ਹੈ। ਦੂਸਰਾ, ਬਜਟ ਪੇਸ਼ ਕਰਨ ਵਾਲੇ ਦਿਨ ਸਰਦਾਰ ਮਨਪ੍ਰੀਤ ਸਿੰਘ ਬਾਦਲ ਬੜੇ ਵੈਲ-ਡਰੈੱਸ ਹੋ ਕੇ ਆਏ ਸਨ, ਉਨ੍ਹਾਂ ਦੇ ਹੱਥ ਵਿਚ ਅਟੈਚੀ ਸੀ। ਇੰਜ ਮਹਿਸੂਸ ਹੋ ਰਿਹਾ ਸੀ ਕਿ ਸਰਦਾਰ ਮਨਪ੍ਰੀਤ ਸਿੰਘ ਬਾਦਲ ਬਹੁਤ ਕੁਝ ਨਵਾਂ ਲੈ ਕੇ ਆਉਣਗੇ। ਪਰ ਜਦੋਂ ਬਜਟ ਪੜ੍ਹਿਆ ਗਿਆ ਅਤੇ ਘੋਖ ਕੀਤੀ ਗਈ ਤਾਂ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਪਾਈ ਹੋਵੇ। (ਹਾਸਾ) (ਇਕ ਅਵਾਜ਼ : ਉਦਾਹਰਣ ਠੀਕ ਦਿੱਤੀ ਹੈ, ਸ਼ਰਾਬ ਦਾ ਠੇਕੇਦਾਰ ਜੋ ਹੋਇਆ।) ਜੋ ਇਨ੍ਹਾਂ ਨੇ ਇਲੈਕਸ਼ਨਾਂ ਦੇ ਦੌਰਾਨ ਲੋਕਾਂ ਨਾਲ ਵਾਅਦੇ ਕੀਤੇ ਸੀ, ਗਰੀਬਾਂ ਨਾਲ ਵਾਅਦਾ ਕੀਤਾ ਸੀ, ਉਸ ਗੱਲ ਨੂੰ ਦੇਖ ਕੇ ਇੰਜ ਮਹਿਸੂਸ ਹੁੰਦਾ ਹੈ ਕਿ ਬਜਟ ਬਿਲਕੁਲ ਹੀ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਹੈ। ਅੱਜ ਉਹ ਗਰੀਬ ਲੋਕ ਜੋ ਲੰਮੇ ਸਮੇਂ ਤੋਂ ਉਡੀਕ ਕਰ ਰਹੇ ਸਨ ਕਿ ਸਾਡੇ 45 ਲੱਖ ਪਰਿਵਾਰਾਂ ਨੂੰ ਬਿਨਾਂ ਕਿਸੇ ਵਿਤਕਰੇ ਤੋਂ ਰਾਸ਼ਨ ਦਿੱਤਾ ਜਾਵੇਗਾ, ਆਟਾ-ਦਾਲ ਦਿੱਤੀ ਜਾਵੇਗੀ, ਉਹ ਨਿਰਾਸ਼ ਹਨ। ਤੁਹਾਡੀ ਸਰਕਾਰ ਨੇ ਸਰਵੇ ਕਰਵਾ ਕਰਵਾ ਕੇ ਜਿਥੇ ਉਨ੍ਹਾਂ ਗਰੀਬਾਂ ਦਾ ਸ਼ੋਸ਼ਨ ਕੀਤਾ ਹੈ, ਉਥੇ ਉਨ੍ਹਾਂ ਮੁਲਾਜ਼ਮਾਂ ਦਾ ਵੀ ਸ਼ੋਸ਼ਨ ਕੀਤਾ ਹੈ, ਜਿਨ੍ਹਾਂ ਦੀ ਕਿ ਡਿਊਟੀ ਸਰਵੇ ਵਾਸਤੇ ਲਗਾਈ ਗਈ ਸੀ। ਬਹੁਤ ਸਾਰੇ ਮੁਲਾਜ਼ਮ ਸਾਡੇ ਕੋਲ ਆ ਕੇ ਕਹਿੰਦੇ ਕਿ ਸਿੱਧੂ ਸਾਹਿਬ, ਸਾਡੇ ਨਾਲ ਤਾਂ ਉਹ ਹੋ ਰਿਹਾ ਹੈ ਕਿ ਅਸੀਂ ਸਵੇਰੇ ਘਰੋਂ ਨਿਕਲਦੇ ਹਾਂ ਅਤੇ ਸ਼ਾਮ ਪਈ ਘਰ ਮੁੜਦੇ ਹਾਂ। ਜਿਥੇ ਸਰਕਾਰ ਦੇ ਪੈਸੇ ਦੀ ਦੁਰਵਰਤੋਂ ਹੋਈ ਹੈ, ਉਥੇ ਮੁਲਾਜ਼ਮਾਂ ਦਾ ਕੀਮਤੀ ਸਮਾਂ ਵੀ ਵਿਅਰਥ ਗਿਆ, ਉਨ੍ਹਾਂ ਅਧਿਆਪਕਾਂ ਦਾ ਸਮਾਂ ਬਰਬਾਦ ਹੋਇਆ, ਜਿਨ੍ਹਾਂ ਨੇ ਕਿ ਬੱਚਿਆਂ ਨੂੰ ਸਿੱਖਿਆ ਦੇਣ ਦਾ ਕੰਮ ਕਰਨਾ ਸੀ। ਦੂਸਰੀ ਗੱਲ ਇਹ ਹੈ ਕਿ ਅੱਜ ਸਰਕਾਰ ਵੱਲੋਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਵਿਕਾਸ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਮਨ ਤੇ ਕਾਨੂੰਨ ਬਹੁਤ ਜ਼ਰੂਰੀ ਹੈ। ਮੈਂ ਖਾਸ ਕਰਕੇ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ, ਸਾਡੇ ਮੋਹਾਲੀ ਦੇ ਡੀ.ਸੀ. ਸਾਹਿਬ ਦੀ। ਅਸੀਂ ਪਿੱਛੇ ਜਿਹੇ ਬਹੁਸੰਮਤੀ ਨਾਲ ਜਿੱਤ ਕੇ ਆਏ ਅਤੇ 20 ਕੌਂਸਲਰਾਂ ਦੀ ਮਦਦ ਨਾਲ ਕਮੇਟੀ ਬਣਾਈ। ਸਾਡਾ ਇਕ ਉਮੀਦਵਾਰ 52 ਵੋਟਾਂ ਦੇ ਫਰਕ ਨਾਲ ਜਿੱਤਿਆ। ਜਿਸ ਦਿਨ ਤੋਂ ਇਹ ਸਰਕਾਰ ਬਣੀ ਹੈ, ਇਨ੍ਹਾਂ ਦੇ ਇਕ ਮੰਤਰੀ ਦੇ ਕਹਿਣ ਉਤੇ ਵਾਰਡ ਨੰ: 15 ਦੇ ਕੌਂਸਲਰ ਨੂੰ ਜ਼ਲੀਲ ਕੀਤਾ ਗਿਆ, ਜਿਸ ਤਰ੍ਹਾਂ ਉਥੇ ਕਾਨੂੰਨ ਨਾਲ ਧੱਕਾ ਕੀਤਾ ਗਿਆ, ਮੈਂ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਸਾਰਾ ਕੁਝ ਹੋਇਆ। 17 ਮਈ ਨੂੰ ਸਾਡੀ ਇਕ ਡੇਟ ਲੱਗੀ ਹੋਈ ਸੀ, ਉਸ ਡੇਟ ਵਿਚ ਡੀ.ਸੀ. ਸਾਹਿਬ ਨੇ ਕਿਹਾ ਕਿ ਮੈਂ ਰੀ-ਕਾਊਂਟਿੰਗ ਕਰਵਾਵਾਂਗਾ। 24 ਮਈ ਨੂੰ ਜਦੋਂ ਸਾਡੀ ਕੋਈ ਫਰਿਆਦ ਨਾ ਸੁਣੀ ਗਈ ਬਲਕਿ ਫਾਂਸੀ ਲਗਾਉਣ ਵਾਲੀ ਗੱਲ ਕੀਤੀ ਗਈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਹਾਈ ਕੋਰਟ ਗਏ ਅਤੇ ਪੈਟੀਸ਼ਨ ਪਾਈ ਕਿ ਸਾਡੇ ਨਾਲ ਧੱਕਾ ਹੋ ਰਿਹਾ ਹੈ। ਅਸੀਂ ਤਿੰਨ ਵਜੇ ਆਰਡਰਾਂ ਦੀ ਕਾਪੀ ਲੈ ਕੇ ਆਏ ਅਤੇ ਕਿਹਾ ਕਿ ਰੀ-ਕਾਊਂਟਿੰਗ ਨਹੀਂ ਅਤੇ ਉਨ੍ਹਾਂ ਨੂੰ ਰਿਕਾਰਡ ਦੀ ਸਮਨਿੰਗ ਦੇ ਆਰਡਰ ਪੇਸ਼ ਕੀਤੇ।** ** ** **

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) :** ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਹੈ ** ** **

**Mr. Speaker :** This is no Point of Order. ਹਾਂ ਜੀ, ਬਰਾੜ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ?

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਸਿਰਫ ਇੰਨੀ ਬੇਨਤੀ ਕਰਨੀ ਹੈ ਕਿ ਹਾਊਸ ਬਹੁਤ ਵਧੀਆ ਢੰਗ ਨਾਲ ਚਲ ਸਕਦਾ ਹੈ, ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਥੇ ਬਿਠਾ ਦੇਵੋ (ਡਿਪਟੀ ਸਪੀਕਰ ਦੀ ਕੁਰਸੀ ਵੱਲ ਇਸ਼ਾਰਾ ਕਰਦੇ ਹੋਏ) ਸਾਹਨੀ ਸਾਹਿਬ ਨੂੰ ਅਤੇ ਇਨ੍ਹਾਂ ਨੂੰ (ਸ਼੍ਰੀ ਸਤਪਾਲ ਗੋਸਾਈਂ, ਮਾਨਯੋਗ ਡਿਪਟੀ ਸਪੀਕਰ ਵੱਲ ਇਸ਼ਾਰਾ) ਉਥੇ ਬੈਠਾ ਦਿਓ, ਵਜ਼ੀਰ ਬਣਾ ਦਿਓ। (ਸਦਨ ਵਿੱਚ ਹਾਸਾ)

**Mr. Speaker :** Please sit down. ਸਾਹਨੀ ਜੀ, ਤੁਸੀਂ ਵੀ ਬੈਠ ਜਾਓ। ਹਾਂ ਜੀ, ਸਿੱਧੂ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮਾਨਯੋਗ ਸਪੀਕਰ ਸਾਹਿਬ, ** ** ** ** ਕਿਉਂਕਿ ਰੀਕਾਊਂਟਿੰਗ ਦਾ ਹੱਕ ਨਹੀਂ ਸੀ। ਬਾਕਾਇਦਾ ਆਰਡਰ ਦੀ ਕਾਪੀ ਲੈ ਕੇ ਸਾਡਾ ਵਕੀਲ ਡੀ.ਸੀ. ਕੋਲ ਗਿਆ ਅਤੇ ਡੀ.ਸੀ. ਨੇ ਕੋਰਟ ਦੇ ਆਰਡਰ ਦੀ ਕਾਪੀ ਵਗਾਹ ਕੇ ਮਾਰੀ ਅਤੇ ਸਾਡੇ ਵਕੀਲ ਦੀ ਬੜੀ ਬੇਇਜ਼ਤੀ ਕੀਤੀ ਅਤੇ ਉਸਨੂੰ ਜ਼ਲੀਲ ਕੀਤਾ ਅਤੇ ਰੀਕਾਊਂਟਿੰਗ ਕੀਤੀ ਅਤੇ 109 ਵੋਟਾਂ ਨਾਲ ਸਾਨੂੰ ਹਰਾਇਆ। ** ** ** ** ਮੈਂ ਅੱਜ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਸਾਡੇ ਮੰਤਰੀ ਜੀ ਹਨ, ਪਾਵਰ ਵਾਲੇ ਬੰਦੇ ਹਨ, ਉਨ੍ਹਾਂ ਤੇ ਜ਼ਰੂਰ ਨੱਥ ਪਾਈ ਜਾਣੀ ਚਾਹੀਦੀ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਕੋਰਟ ਪ੍ਰੋਸੀਡਿੰਗ ਦਾ ਜ਼ਿਕਰ ਡੀਬੇਟ ਵਿੱਚ ਨਾ ਲਿਆਂਦਾ ਜਾਵੇ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਜੋ ਹਾਲਾਤ ਹਨ, ਸਪੀਕਰ ਸਾਹਿਬ, ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ ਪਰ ਸਾਡੀ ਕੋਈ ਗੱਲ ਦੀ ਸੁਣਵਾਈ ਨਹੀਂ ਕਰਦੇ ਅਤੇ ਜੋ ਹਾਰੇ ਹੋਏ ਲੋਕ ਹਨ, ਉਹ ਲੱਖਾਂ ਰੁਪਏ ਦੀਆਂ ਗਰਾਂਟਾਂ ਦੇ ਚੈੱਕ ਵੰਡ ਰਹੇ ਹਨ।

**ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ. ਤੇ ਮ.) (ਸ਼੍ਰੀ ਦੇਸ ਰਾਜ ਧੁੱਗਾ) :** ਮੈਂ, ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ** ** **

**ਮਾਨਯੋਗ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਇਸੇ ਲਈ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੀਤ ਗਏ ਨੂੰ ਛੱਡੋ ਅਤੇ ਨਵੀਆਂ ਪ੍ਰਿਤਾਂ ਪਾਈਆਂ ਜਾਣ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕਨਾਮਿਕਲੀ ਵੀਕਰ ਸੈਕਸ਼ਨ ਦੀਆਂ ਕੁਝ ਸਮੱਸਿਆਵਾਂ ਹਨ। ਮੁਹਾਲੀ ਸ਼ਹਿਰ ਨੂੰ ਹੋਂਦ ਵਿੱਚ ਆਇਆਂ ਤਕਰੀਬਨ 37 ਸਾਲ ਹੋ ਗਏ ਹਨ ਅਤੇ ਜਿਹੜੇ ਪਛੜੇ ਵਰਗ ਹਨ, ਉਨ੍ਹਾਂ ਵਾਸਤੇ ਸਰਕਾਰ ਨੇ ਹਾਊਸਿਜ਼ ਬਣਾ ਕੇ ਦਿੱਤੇ ਸੀ ਅਤੇ ਉਨ੍ਹਾਂ ਹਾਊਸਿਜ਼ ਦੀ ਕੀਮਤ 18,000 ਰੁਪਏ ਰੱਖੀ ਗਈ ਸੀ। ਉਨ੍ਹਾਂ ਨੂੰ ਐਲਾਟਮੈਂਟ ਕੀਤੀ ਗਈ ਸੀ ਅਤੇ 100/- ਰੁਪਏ ਪ੍ਰਤੀ ਮਹੀਨਾ ਕਿਸ਼ਤ ਦੇ ਹਿਸਾਬ ਨਾਲ 20 ਸਾਲਾਂ ਵਿੱਚ ਉਨ੍ਹਾਂ ਤੋਂ ਰਕਮ ਜਮ੍ਹਾਂ ਕਰਵਾਈ ਗਈ ਸੀ। ਅੱਜ ਦੀ ਕੀਮਤ ਮੁਤਾਬਿਕ ਉਨ੍ਹਾਂ ਹਾਊਸਿਜ਼ ਦੀ 6 ਲੱਖ ਰੁਪਏ ਦੀ ਰਜਿਸਟਰੀ ਕਰਵਾਉਣੀ ਪੈਣੀ ਹੈ ਅਤੇ ਇਸ ਤੇ ਖਰਚਾ ਤਕਰੀਬਨ 54,000 ਰੁਪਏ ਬਣਦਾ ਹੈ। ਸਪੀਕਰ ਸਾਹਿਬ, 18,000/-ਰੁਪਏ ਦੇ ਮਕਾਨ ਤੇ 54,000/-ਰੁਪਏ ਰਜਿਸਟਰੀ ਦੇ ਖਰਚੇ ਦੀ ਮੰਗ ਕੀਤੀ ਜਾ ਰਹੀ ਹੈ। ਮੇਰੀ ਬੇਨਤੀ ਹੈ ਕਿ ਜਿਹੜੇ ਓਰਿਜਨਲ ਐਲਾਟੀ ਹਨ, ਉਨ੍ਹਾਂ ਤੋਂ ਪੁਰਾਣੇ ਰੇਟ 18,000/-ਰੁਪਏ ਤੇ ਹੀ ਰਜਿਸਟਰੀ ਦਾ ਖਰਚਾ ਲਿਆ ਜਾਣਾ ਚਾਹੀਦਾ ਹੈ ਅਤੇ ਜਿਨ੍ਹਾਂ ਨੇ ਵੇਚ ਦਿਤੇ ਹਨ ਅਤੇ ਨਵੇਂ ਮਾਲਕ ਹਨ, ਉਨ੍ਹਾਂ ਤੋਂ ਭਾਵੇਂ ਇਸ ਰੇਟ ਤੇ ਚਾਰਜ ਕਰ ਲੈਣ।

ਇਸ ਤੋਂ ਅੱਗੇ ਸਿੰਚਾਈ ਵਾਸਤੇ ਬਜਟ ਰੱਖਿਆ ਗਿਆ ਹੈ। ਸਾਡੇ ਹਲਕੇ ਨਾਲ ਸਬੰਧਤ ਕੰਡੀ ਏਰੀਆ ਹੈ, ਉਸਦੇ ਵਿੱਚ ਦਸ਼ਮੇਸ਼ ਕੈਨਾਲ ਬਣਾਉਣ ਵਾਸਤੇ ਕਿਹਾ ਗਿਆ ਹੈ ਕਿ ਦਸ਼ਮੇਸ਼ ਕੈਨਾਲ ਬਣਾਈ ਜਾਵੇਗੀ। ਪਰ ਮੈਂ ਕਹਿੰਦਾ ਹਾਂ ਕਿ ਇਸ ਬਜਟ ਵਿੱਚ ਦਸ਼ਮੇਸ਼ ਕੈਨਾਲ ਵਾਸਤੇ ਇੱਕ ਪੈਸਾ ਵੀ ਨਹੀਂ ਰੱਖਿਆ ਗਿਆ। ਇਸ ਲਈ ਇਹ ਜ਼ਰੂਰੀ ਹੈ ਔਰ ਪਿਛਲੇ ਸੈਸ਼ਨ ਵਿੱਚ ਇਸ ਬਾਰੇ ਐਸ਼ਿਓਰੈਂਸ ਦਿਵਾਈ ਗਈ ਸੀ ਕਿ ਇਸ ਨੂੰ ਸਾਲ 2008 ਤੱਕ ਕੰਪਲੀਟ ਕਰਾਂਗੇ ਪਰ ਇਹ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਜੋ ਕਿ ਬਹੁਤ ਹੀ ਜ਼ਰੂਰੀ ਗੱਲ ਹੈ। ਸਪੀਕਰ ਸਾਹਿਬ, ਸਾਡਾ ਇਲਾਕਾ ਬਹੁਤ ਪਛੜਿਆ ਪਿਆ ਹੈ। ਭਾਵੇਂ ਅੱਜ ਇੱਥੇ ਬੜੇ ਵੱਡੇ ਵੱਡੇ ਮੈਗਾ ਪ੍ਰਾਜੈਕਟ ਆ ਰਹੇ ਹਨ ਜੋ ਕਿ ਪਿਛਲੀ ਸਰਕਾਰ ਵੇਲੇ ਆਏ ਪਰ ਜੋ ਇੱਥੇ ਬਜ਼ਾਰਾਂ ਦਾ ਹਾਲ ਹੈ, ਜੋ ਮੰਡੀਆਂ ਦਾ ਹਾਲ ਹੈ, ਉਥੇ ਬਹੁਤ ਹੀ ਘੱਟ ਗਾਹਕ ਆਉਂਦੇ ਹਨ, ਬਹੁਤ ਘੱਟ ਫਸਲ ਆਉਂਦੀ ਹੈ। ਇਸ ਦਾ ਕਾਰਨ ਇਹ ਹੈ ਕਿ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਚੰਡੀਗੜ੍ਹ ਟੈਕਸਾਂ ਦਾ ਬਹੁਤ ਫਰਕ ਹੈ। ਚੰਡੀਗੜ੍ਹ ਇੱਕ ਪਰਸੈਂਟ ਜੇ ਟੈਕਸ ਲੱਗਦਾ ਹੈ ਤਾਂ ਮੁਹਾਲੀ ਚਾਰ ਪਰਸੈਂਟ ਲੱਗਦਾ ਹੈ। ਇਸ ਲਈ ਇਸ ਬਾਰੇ ਕੋਈ ਕਰਾਈਟੇਰੀਆ ਬਣਾਇਆ ਜਾਵੇ। ਇਸ ਸਾਰੇ 40-50 ਕਿਲੋਮੀਟਰ ਦੇ ਏਰੀਏ ਵਿੱਚ ਕਈ ਇਲਾਕੇ ਪ੍ਰਭਾਵਿਤ ਹੁੰਦੇ ਹਨ, ਜਿਵੇਂ ਮੋਰਿੰਡਾ, ਸਰਹੰਦ, ਰੋਪੜ, ਬਨੂੜ। ਇੱਥੋਂ ਦੀਆਂ ਸਾਰੀਆਂ ਮੰਡੀਆਂ ਪ੍ਰਭਾਵਿਤ ਹੁੰਦੀਆਂ ਹਨ। ਇਸ ਲਈ ਕਿਰਪਾ ਕਰਕੇ ਇਸ ਪਾਸੇ ਜ਼ਰੂਰ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

ਸਪੀਕਰ ਸਾਹਿਬ, ਸਾਡੇ ਇਲਾਕੇ ਵਿੱਚ ਜਾਂ ਪੰਜਾਬ ਵਿਚ ਬਹੁਤ ਸਾਰੇ ਇੰਜੀਨੀਅਰਿੰਗ ਕਾਲਜ ਹਨ, ਨਰਸਿੰਗ ਕਾਲਜ ਹਨ, ਇੰਸਟੀਚਿਊਟ ਹਨ ਪਰ ਇਨ੍ਹਾਂ ਸਾਰਿਆਂ ਤੇ ਬਕਾਇਦਾ ਤੌਰ ਤੇ ਚੈੱਕ ਲਗਾਉਣਾ ਚਾਹੀਦਾ ਹੈ ਕਿਉਂਕਿ ਹੋਰ ਸਟੇਟਾਂ ਦੇ ਬੱਚੇ ਇੱਥੇ ਪੜ੍ਹਨ ਆਉਂਦੇ ਹਨ, ਕੀ ਫੀਸ ਹੈ, ਇਹ ਬਿਲਕੁਲ ਸਰਕਾਰ ਨੂੰ ਆਪਣੇ ਕੰਟਰੋਲ ਵਿੱਚ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ ਤੇ ਇੱਥੇ ਐਡਮਿਸ਼ਨ ਮਿਲ ਸਕੇ। ਅੱਜ ਬਾਹਰੋਂ ਬੱਚੇ ਇੱਥੇ ਦਾਖਲਾ ਲੈ ਰਹੇ ਹਨ ਪਰ ਸਾਡੇ ਲੋਕਲ ਬੱਚੇ ਜਿਹੜੇ ਹਨ, ਉਨ੍ਹਾਂ ਵਾਸਤੇ ਕੋਈ ਥਾਂ ਨਹੀਂ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ, ਫਿਰ ਇੱਥੇ ਡੇਅਰੀ ਫਾਰਮ ਦੀ ਗੱਲ ਕੀਤੀ ਗਈ ਹੈ। ਸਾਡਾ ਇਲਾਕਾ ਨਿਰੋਲ ਦੁੱਧ ਤੇ ਡਿਪੈਂਡ ਕਰਦਾ ਹੈ। ਦੁੱਧ ਵਾਸਤੇ ਕਿੰਨੇ ਕਾਨੂੰਨ ਬਣਾਏ ਗਏ ਹਨ। ਕਈ ਜਗ੍ਹਾ ਤੇ ਕੁਝ ਤਬਦੀਲੀਆਂ ਵੀ ਕੀਤੀਆਂ ਗਈਆਂ ਹਨ। ਜੇਕਰ ਸਖਤ ਕਾਨੂੰਨ ਬਣਾਵਾਂਗੇ ਤਾਂ ਘੱਟ ਤੋਂ ਘੱਟ ਵੀਹ-ਪੱਚੀ ਹਜ਼ਾਰ ਨੌਜਵਾਨ ਹੋਰ ਬੇਰੁਜ਼ਗਾਰ ਹੋ ਜਾਣਗੇ। ਸਾਡੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਮਿਲੇ ਤਾਂ ਇਹ ਸਾਡੇ ਨੌਜਵਾਨਾਂ ਵਾਸਤੇ ਬਹੁਤ ਵਧੀਆ ਰਹੇਗਾ।

*1.23 ਵਜੇ ਬਾਅਦ ਦੁਪਹਿਰ

(ਇਸ ਸਮੇਂ* ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਸਾਡਾ ਸ਼ਹਿਰ ਬਹੁਤ ਵੱਡਾ ਹੈ। ਇਸ ਦੀ ਘੱਟੋ ਘੱਟ ਡੇਢ ਲੱਖ ਆਬਾਦੀ ਹੈ ਔਰ ਇਹ ਸੱਤਰ ਪਿੰਡਾਂ ਨੂੰ ਕਵਰ ਕਰਦਾ ਹੈ। ਇੱਥੇ ਗੌਰਮਿੰਟ ਕਾਲਜ ਦੀ ਸਥਾਪਨਾ ਕੀਤੀ ਜਾਵੇ, ਜਿਸ ਦੀ ਕਿ ਲੰਬੇ ਸਮੇਂ ਤੋਂ ਮੰਗ ਹੈ। ਸਾਨੂੰ ਪਰਾਬਲਮ ਆਉਂਦੀ ਹੈ ਤੇ ਸਾਡੇ ਬੱਚਿਆਂ ਨੂੰ ਚੰਡੀਗੜ੍ਹ ਆਉਣਾ ਪੈਂਦਾ ਹੈ। ਇਹ ਬਹੁਤ ਹੀ ਜ਼ਰੂਰੀ ਹੈ। ਮੇਰੀ ਬੇਨਤੀ ਹੈ ਕਿ ਮੁਹਾਲੀ ਦੀ ਜੋ ਸਿੱਕ ਇੰਡਸਟਰੀ ਹੈ ਜਿਹੜੀ ਕਿ ਕਾਫੀ ਲੰਬੇ ਸਮੇਂ ਤੋਂ ਬੰਦ ਪਈ ਹੈ, ਉਸ ਬਾਰੇ ਵੀ ਸਾਨੂੰ ਸੋਚਣ ਦੀ ਬਹੁਤ ਲੋੜ ਹੈ ਕਿਉਂਕਿ ਬਹੁਤ ਸਾਰੇ ਵੱਡੇ ਵੱਡੇ ਪਲਾਟ ਬੇਕਾਰ ਪਏ ਹਨ। ਸਰਕਾਰ ਉਦਮ ਕਰੇ। ਜਾਂ ਤਾਂ ਉਨ੍ਹਾਂ ਕੰਪਨੀਆਂ ਨੂੰ ਪ੍ਰੈਸ਼ਰਾਈਜ਼ ਕੀਤਾ ਜਾਵੇ ਤਾਂ ਕਿ ਉਹ ਯੂਨਿਟਸ ਚਲਾ ਸਕਣ ਤੇ ਸ਼ਹਿਰ ਦੀ ਡਿਵੈਲਪਮੈਂਟ ਹੋਵੇ, ਤਰੱਕੀ ਹੋਵੇ, ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ਤੇ ਜਾਂ ਫਿਰ ਸਰਕਾਰ ਕੁਝ ਕਰੇ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁਹਾਲੀ ਮਿਊਂਸਿਪਲ ਕੌਂਸਲ ਦੇ ਪ੍ਰਧਾਨ ਨੂੰ ਸ਼ੋਅ ਕਾਜ਼ ਨੋਟਿਸ ਜਾਰੀ ਕੀਤਾ ਗਿਆ ਹੈ ਜੋ ਕਿ ਠੀਕ ਨਹੀਂ। ਉਸ ਦਾ ਵਿਚਾਰ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਤਰੀਕੇ ਨਾਲ ਚਲੇ ਔਰ ਸ਼ਹਿਰਾਂ ਦੀ ਡਿਵੈਲਪਮੈਂਟ ਹੋਵੇ ਪਰ ਜਦੋਂ ਪ੍ਰਸ਼ਾਸਨ ਚੇਂਜ ਕੀਤਾ ਗਿਆ ਤਾਂ ਗੱਲ ਹੋਰ ਹੋ ਗਈ। ਉਸ ਨੇ ਰੂਲਜ਼ ਮੁਤਾਬਿਕ ਟਰਾਂਸਫਰਾਂ ਕੀਤੀਆਂ ਔਰ ਟੈਂਡਰ ਮੰਗੇ ਪਰ ਹੁਣ ਇਹ ਟੈਂਡਰ ਪੋਸਟਪੋਨ ਕਰ ਦਿੱਤੇ ਗਏ ਹਨ। ਕੁਝ ਲੋਕ ਲੰਬੇ ਸਮੇਂ

Original with;
Punjab Vidhan Sabha
Digitized by;
Panjab Digital Library

**[ਸਰਦਾਰ ਬਲਬੀਰ ਸਿੰਘ ਸਿੱਧੂ]**

ਤੋਂ ਆਪਣੀ ਮਨਾਪਲੀ ਬਣਾ ਰਹੇ ਸਨ ਪਰ ਜੋ ਪਾਲਿਸੀ ਬਣਾਈ ਗਈ ਸੀ, ਉਸ ਵਿੱਚ ਨਵੇਂ ਬੰਦੇ ਲਿਆਉਣੇ ਸਨ ਤਾਂ ਕਿ ਸ਼ਹਿਰ ਦੀ ਸਫਾਈ ਹੋ ਸਕੇ, ਸ਼ਹਿਰ ਦੀ ਡਿਵੈਲਪਮੈਂਟ ਹੋ ਸਕੇ ਪਰ ਇਹ ਟੈਂਡਰ ਪੋਸਟਪੋਨ ਕਰ ਦਿੱਤੇ ਗਏ। ਇਹ ਸਾਰੇ ਲਗਾਏ ਗਏ ਦੋਸ਼ ਨਿਰਆਧਾਰ ਹਨ। ਇਸ ਤੇ ਗੌਰ ਕਰਨ ਦੀ ਜ਼ਰੂਰਤ ਹੈ। ਦੂਸਰੇ ਪਾਸੇ ਸਾਡੇ ਇੱਕ ਹੋਰ ਕੌਂਸਲਰ ਹਨ, ਉਨ੍ਹਾਂ ਤੇ ਇੱਕ ਬੀਬੀ ਵੱਲੋਂ ਨਜਾਇਜ਼ ਦੋਸ਼ ਲਗਾਏ ਗਏ ਕਿ ਇਨ੍ਹਾਂ ਨੇ ਸਦਨ ਵਿੱਚ ਮੇਰੀ ਬਾਂਹ ਫੜੀ, ਮੈਨੂੰ ਤੰਗ ਕੀਤਾ । ਪਰਚਾ ਦਰਜ ਕੀਤਾ ਪਰ ਕੁਝ ਨਹੀਂ ਹੋਇਆ। ਸਾਰੀ ਪ੍ਰੈਸ ਹਾਜ਼ਰ ਸੀ। ਸਾਰਾ ਹਾਊਸ ਹਾਜ਼ਰ ਸੀ। ਮੈਂ ਵੀ ਹਾਜ਼ਰ ਸੀ। ਸ਼ਾਮ ਸੱਤ ਵਜੇ ਐਸ.ਐਸ.ਪੀ. ਸਾਹਿਬ ਨੇ ਬੁਲਾਇਆ ਤੇ ਤਾਂ ਜਾ ਕੇ ਜਮਾਨਤ ਕਰਵਾ ਕੇ ਖਹਿੜਾ ਛੁਡਾਇਆ। ਇਸ ਲਈ ਜੇਕਰ ਇਸ ਤਰ੍ਹਾਂ ਕਿਸੇ ਬਦਲਾ ਲਊ ਭਾਵਨਾ ਨਾਲ ਗੱਲ ਨਹੀਂ ਕਰਦੇ, ਵਿਕਾਸ ਵਾਸਤੇ........

**ਚੌਧਰੀ ਮੋਹਨ ਲਾਲ ਬਹਿਰਾਮ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਡਿਪਟੀ ਸਪੀਕਰ :** ਉਹ ਆਪਣੇ ਟਾਈਮ ਤੇ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲਣ ਦਿਓ।

**ਚੌਧਰੀ ਮੋਹਨ ਲਾਲ ਬਹਿਰਾਮ :** ਇੱਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਅਸੀਂ ਬੀਬੀਆਂ ਦੀ ਬਹੁਤ ਇਜ਼ਤ ਕਰਦੇ ਹਾਂ ਤੇ ਦੂਜੇ ਪਾਸੇ ਬੀਬੀਆਂ ਨੂੰ ਛੇੜਦੇ ਹਨ ਅਤੇ ਪਰਚੇ ਦਰਜ ਹੋ ਗਏ ਹਨ। ਇਹ ਆਪੇ ਹੀ ਕਲੀਅਰਿੰਸ ਸਰਟੀਫਿਕੇਟ ਦੇਈ ਜਾਂਦੇ ਹਨ ਅਤੇ ਆਪੇ ਹੀ ਇਨਕੁਆਇਰੀ ਕਰਦੇ ਹਨ।

**ਸਰਦਾਰ ਬਲਬੀਰ ਸਿੰਘ ਸਿੱਧੂ :** ਪਰਚਾ ਤੁਸੀਂ ਦਰਜ ਕਰਵਾਇਆ ਹੈ, ਅਸੀਂ ਨਹੀਂ ਕਰਵਾਇਆ। ਇਹ ਝੂਠਾ ਪਰਚਾ ਹੈ। ਉਹ ਮੇਰੀ ਛੋਟੀ ਭੈਣ ਹੈ, ਮੇਰੇ ਬੱਚਿਆਂ ਵਰਗੀ ਹੈ।

**ਮਾਨਯੋਗ ਡਿਪਟੀ ਸਪੀਕਰ :** ਸਿੱਧੂ ਸਾਹਿਬ, ਤੁਸੀਂ ਆਪਣਾ ਭਾਸ਼ਣ ਦਿਓ।

**ਸਰਦਾਰ ਬਲਬੀਰ ਸਿੰਘ ਸਿੱਧੂ :** ਦੂਸਰੀ ਗੱਲ ਇਹ ਹੈ ਕਿ ਜੋ ਲੈਂਡ ਪੂਲਿੰਗ ਦੀ ਸਕੀਮ ਹੈ, ਡਿਪਟੀ ਸਪੀਕਰ ਸਾਹਿਬ, ਉਸ ਬਾਰੇ ਸਰਕਾਰ ਨੇ ਇਲੈਕਸ਼ਨਾਂ ਵੇਲੇ ਵਾਅਦਾ ਕੀਤਾ ਸੀ ਕਿ ਅਸੀਂ ਉਸ ਨੂੰ ਲਾਗੂ ਕਰ ਰਹੇ ਹਾਂ ਪਰ ਹਾਲੇ ਤੱਕ ਉਸ ਦਾ ਕੋਈ ਵੀ ਖਰੜਾ ਤਿਆਰ ਨਹੀਂ ਕੀਤਾ ਗਿਆ। ਜੇਕਰ ਕੀਤਾ ਗਿਆ ਹੈ ਤਾਂ ਉਸ ਬਾਰੇ ਹਾਊਸ ਨੂੰ ਦੱਸਿਆ ਜਾਵੇ ਕਿ ਉਸ ਦੀ ਕੀ ਸਕੀਮ ਬਣੀ ਹੈ। ਉਸ ਅਨੁਸਾਰ ਜ਼ਿਮੀਂਦਾਰਾਂ ਨੂੰ ਕੀ ਦੇਣਾ ਹੈ, ਕੀ ਲੈਣਾ ਹੈ। ਸਾਡੇ 76 ਤੋਂ 80 ਤੱਕ ਪੰਜ ਸੈਕਟਰ ਹਨ, ਜਿਨ੍ਹਾਂ ਵਾਸਤੇ ਬਾਦਲ ਸਾਹਿਬ ਦੀ ਪਿਛਲੀ ਸਰਕਾਰ ਵੇਲੇ ਜ਼ਮੀਨ ਅਕਵਾਇਰ ਕੀਤੀ ਗਈ ਸੀ। ਉਨ੍ਹਾਂ ਸੈਕਟਰਾਂ ਵਿੱਚ 4000 ਅਲਾਟੀ ਹਨ, ਉਨ੍ਹਾਂ ਨੂੰ ਪਿਛਲੇ ਦਸ ਸਾਲਾਂ ਤੋਂ ਪੁਜ਼ੇਸ਼ਨ ਨਹੀਂ ਮਿਲਿਆ। ਉਹ ਰਿੜਕਦੇ ਫਿਰਦੇ ਹਨ ਅਤੇ ਪ੍ਰੇਸ਼ਾਨ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕਾਂ ਨੇ ਜ਼ਮੀਨ ਵੇਚ ਕੇ ਅਤੇ ਬਹੁਤ ਸਾਰੇ ਲੋਕਾਂ ਨੇ ਐਡਵਾਂਸ ਪੈਸੇ ਲੈ ਕੇ ਖਰਚ ਕੀਤੇ ਹੋਏ ਹਨ ਪਰ ਉਨ੍ਹਾਂ ਨੂੰ ਅਜੇ ਤੱਕ ਪੁਜ਼ੇਸ਼ਨ ਹਾਸਲ ਨਹੀਂ ਹੋਇਆ। ਇਸ ਨੂੰ ਪ੍ਰਾਇਰਟੀ ਤੇ ਹੱਲ ਕਰਵਾਇਆ ਜਾਵੇ।

Original with;
Punjab Vidhan Sabha
Digitized by;
Panjab Digital Library

ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਦੇ ਵਿੱਚ ਘੱਟੋ ਘੱਟ 10-15 ਸਪੋਰਟਸ ਸਟੇਡੀਅਮ ਹਨ। ਮੋਹਾਲੀ ਏਡਾ ਵੱਡਾ ਸ਼ਹਿਰ ਹੋਣ ਦੇ ਬਾਵਜੂਦ ਉਥੇ ਇੱਕ ਵੀ ਸਪੋਰਟਸ ਸਟੇਡੀਅਮ ਨਹੀਂ ਹੈ ਜਿਥੇ ਸਾਡੇ ਬੱਚੇ ਖੇਡ ਸਕਣ ਜਾਂ ਸਾਡੇ ਬੱਚੇ ਚੰਗੇ ਕੰਮਾਂ ਵਿੱਚ ਹਿੱਸਾ ਲੈ ਸਕਣ। ਜਦੋਂ ਸਰਕਾਰ ਬਹੁਤ ਜਗ੍ਹਾ ਤੇ ਵੱਡੇ ਵੱਡੇ ਫੰਡ ਖਰਚ ਕਰ ਰਹੀ ਹੈ ਤਾਂ ਇਸ ਲਈ ਜਿਹੜੀ ਸਾਡੀ ਮੰਗ ਹੈ, ਇਸ ਨੂੰ ਵੀ ਮੰਨਿਆ ਜਾਵੇ।

ਸਾਡੇ ਹਲਕੇ ਵਿੱਚ ਪੀਣ ਵਾਲੇ ਪਾਣੀ ਦੀ ਵੀ ਪ੍ਰਾਬਲਮ ਹੈ। ਇਥੇ ਬਹੁਤ ਡੀਪ ਪਾਣੀ ਹੈ। ਇਸ ਦੇ ਵਾਸਤੇ ਪਿਛਲੀ ਸਰਕਾਰ ਦੇ ਜਿਹੜੇ ਅਧੂਰੇ ਕੰਮ ਹਨ, ਉਨ੍ਹਾਂ ਨੂੰ ਮੁਕੰਮਲ ਕਰਵਾਇਆ ਜਾਵੇ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਜੋ ਸੀਵਰੇਜ ਵਾਟਰ ਵਾਸਤੇ ਟਰੀਟਮੈਂਟ ਪਲਾਂਟ ਲੱਗ ਰਿਹਾ ਹੈ, ਉਹ ਇਸ ਢੰਗ ਨਾਲ ਲਗਾਇਆ ਜਾਵੇ ਕਿ ਸੀਵਰੇਜ ਦਾ ਵਾਟਰ ਸਾਰੇ ਲੋਕਾਂ ਨੂੰ ਮਿਲ ਸਕੇ ਅਤੇ ਇਹ ਖੇਤਾਂ ਵਿੱਚ ਇਸਤੇਮਾਲ ਹੋ ਸਕੇ।

ਕੁਝ ਦਿਨ ਪਹਿਲਾਂ ਮੋਹਾਲੀ ਸ਼ਹਿਰ ਵਿੱਚ ਇੱਕ ਬਹੁਤ ਵੱਡੀ ਭਿਆਨਕ ਅੱਗ ਲੱਗੀ ਸੀ। ਉਸ ਭਿਆਨਕ ਅੱਗ ਦੇ ਨਾਲ ਘੱਟੋ ਘੱਟ 400 ਦੁਕਾਨਾਂ ਸੜ ਕੇ ਸਵਾਹ ਹੋ ਗਈਆਂ ਸਨ। ਤਕਰੀਬਨ 5.30 ਵਜੇ ਅੱਗ ਲੱਗੀ। 6.00 ਵਜੇ ਮੈਂ ਉਥੇ ਪਹੁੰਚ ਗਿਆ ਸੀ। ਜਿਹੜੇ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀ ਸੀ, ਉਹ ਕੋਈ 8.00 ਵਜੇ ਆ ਰਿਹਾ ਸੀ ਅਤੇ ਕੋਈ ਉਸ ਤੋਂ ਬਾਅਦ। ਬਕਾਇਦਾ ਏ.ਡੀ.ਸੀ. ਵੱਲੋਂ ਇੱਕ ਇਨਕੁਆਇਰੀ ਸਰਕਾਰ ਨੇ ਕਰਵਾਈ ਹੈ, ਉਸ ਇਨਕੁਆਇਰੀ ਵਿੱਚ ਕੁਝ ਅਫਸਰ ਫਸੇ ਪਾਏ ਗਏ ਹਨ ਪਰ ਉਨ੍ਹਾਂ ਦੀ ਸਿਆਸੀ ਪਹੁੰਚ ਹੋਣ ਕਰਕੇ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋ ਸਕੀ। ਇਹ ਵੀ ਜ਼ਰੂਰੀ ਹੈ ਕਿ ਜਿਹੜੇ 4000 ਪਰਿਵਾਰ ਹਨ, ਉਨ੍ਹਾਂ ਦੇ ਜ਼ਖਮਾਂ ਤੇ ਮਰਹਮ ਲਗਾਉਣ ਲਈ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਸਰਕਾਰ ਨੇ ਉਨ੍ਹਾਂ ਲਈ ਹਾਅ ਦਾ ਨਾਅਰਾ ਜ਼ਰੂਰ ਮਾਰਿਆ ਹੈ ਅਤੇ 25-25 ਹਜ਼ਾਰ ਰੁਪਿਆ ਦੁਕਾਨਦਾਰਾਂ ਨੂੰ ਦੇਣ ਬਾਰੇ ਕਿਹਾ ਹੈ। ਇਹ ਬਹੁਤ ਹੀ ਘੱਟ ਹੈ। 25 ਹਜ਼ਾਰ ਰੁਪਏ ਨਾਲ ਤਾਂ ਸ਼ਟਰ ਵੀ ਨਹੀਂ ਬਣਦਾ। ਘੱਟੋ ਘੱਟ ਪੰਜ-ਪੰਜ ਲੱਖ ਰੁਪਿਆ ਇੱਕ ਇੱਕ ਦੁਕਾਨਦਾਰ ਨੂੰ ਦਿੱਤਾ ਜਾਵੇ। ਉਨ੍ਹਾਂ ਵਿੱਚ ਬਹੁਤ ਸਾਰੇ ਪਰਿਵਾਰ 84 ਦੇ ਰਾਇਟਸ ਵਾਲੇ ਹਨ, ਜਿਨ੍ਹਾਂ ਨੇ ਖੋਖੇ ਬਣਾ ਲਏ ਸਨ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਬੂਥ ਅਲਾਟ ਹੋਏ ਸਨ। ਇਸ ਤੋਂ ਇਲਾਵਾ ਥੋੜ੍ਹੇ ਦਿਨ ਪਹਿਲਾਂ 18 ਜੂਨ ਨੂੰ ਮੋਹਾਲੀ ਵਿੱਚ ਇੱਕ ਬਹੁਤ ਵੱਡਾ ਬਲਾਸਟ ਹੋਇਆ ਸੀ। ਉਹ ਬਲਾਸਟ ਟਰਿਪਲ ਸਟੋਰੀ ਹਾਊਸ ਵਿੱਚ ਸਲੰਡਰ ਫਟਣ ਨਾਲ ਹੋਇਆ ਸੀ ਔਰ ਉਥੇ ਪੂਰਾ ਬਲਾਕ ਪ੍ਰਭਾਵਿਤ ਹੋਇਆ ਸੀ। ਘੱਟੋ ਘੱਟ 50 ਘਰਾਂ ਦਾ ਇਸ ਨਾਲ ਨੁਕਸਾਨ ਹੋਇਆ ਹੈ। ਤਿੰਨ ਘਰ ਤਾਂ ਟੋਟਲ ਹੀ ਨਸ਼ਟ ਹੋ ਗਏ ਹਨ। ਕਾਰਾਂ ਨਸ਼ਟ ਹੋ ਗਈਆਂ ਹਨ। ਮੈਂ ਕਹਿੰਦਾ ਹਾਂ ਕਿ ਇਸ ਵਾਸਤੇ ਜ਼ਿੰਮੇਵਾਰ ਏਜੰਸੀ ਦੀ ਡਿਊਟੀ ਫਿਕਸ ਕੀਤੀ ਜਾਵੇ। ਬਕਾਇਦਾ ਇਨਵੈਸਟੀਗੇਸ਼ਨ ਹੋਵੇ ਅਤੇ ਜਿਹੜੇ ਲੋਕ ਪ੍ਰਭਾਵਿਤ ਹੋਏ ਹਨ, ਉਨ੍ਹਾਂ ਨੂੰ ਰਾਹਤ ਪਹੁੰਚਾਈ ਜਾਵੇ। ਇਹ ਬਿਲਡਿੰਗ ਪੁੱਡਾ ਦੇ ਕੰਟਰੋਲ ਥੱਲੇ ਹੈ। ਇਸ ਬਿਲਡਿੰਗ ਦਾ ਦੁਬਾਰਾ ਨਕਸ਼ਾ ਤਿਆਰ ਕਰਕੇ, ਢਾਂਚਾ ਤਿਆਰ ਕਰਕੇ ਉਨ੍ਹਾਂ ਨੂੰ ਦੁਬਾਰਾ ਮਕਾਨ ਬਣਾ ਕੇ ਦਿੱਤੇ ਜਾਣ ਤਾਂ ਕਿ ਲੋਕ ਆਪਣੇ ਘਰਾਂ ਵਿੱਚ ਰਹਿ ਸਕਣ। ਉਹ ਪੂਰੇ ਦੇ ਪੂਰੇ ਛੱਤ ਥੱਲੇ ਬੈਠੇ ਹਨ। ਉਨ੍ਹਾਂ ਦਾ ਇੱਕ ਪੈਸੇ ਦਾ ਸਮਾਨ ਵੀ ਉਥੋਂ ਰਿਕਵਰ ਨਹੀਂ ਹੋਇਆ। ਇਸ ਲਈ ਮੈਂ ਹਾਊਸ ਨੂੰ ਅਪੀਲ ਕਰਦਾ ਹਾਂ ਅਤੇ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਜਲਦੀ ਤੋਂ ਜਲਦੀ ਹਰਕਤ ਵਿਚ ਆ ਕੇ ਇਹ ਕੰਮ ਸ਼ੁਰੂ ਕਰੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ ( ਸ਼੍ਰੀ ਜਗਦੀਸ਼ ਸਾਹਨੀ) :** ਪੁਆਇੰਟ ਆਫ਼ ਆਰਡਰ, ਡਿਪਟੀ ਸਪੀਕਰ ਸਾਹਿਬ। ਜੇ ਮੈਂ ਕੁਝ ਕਹਾਂ ਤਾਂ ਬਰਾੜ ਸਾਹਿਬ ਨੂੰ ਤਕਲੀਫ਼ ਹੋ ਜਾਂਦੀ ਹੈ। ਸਿੱਧੂ ਸਾਹਿਬ ਨੇ ਹੁਕਮ ਕੀਤਾ ਹੈ ਕਿ ਜਿਹੜੇ ਕਾਲਜ ਅਤੇ ਸਕੂਲ ਹਨ, ਇਨ੍ਹਾਂ ਦੇ ਨਾਰਮਜ਼ ਅਤੇ ਰੂਲਜ਼ ਐਂਡ ਰੈਗੂਲੇਸ਼ਨਜ਼ ਦੇਖੇ ਜਾਣ। ਸਿੱਧੂ ਸਾਹਿਬ ਨੂੰ ਨਹੀਂ ਪਤਾ ਕਿ ਇਕ ਪੁਰਾਣੇ ਮੈਂਬਰ ਜਿਹੜੇ ਕਿ ਬਟਾਲਾ ਦੇ ਐਮ.ਐਲ.ਏ. ਰਹੇ ਹਨ, ਉਨ੍ਹਾਂ ਨੇ 44 ਮਰਲੇ ਵਿਚ 8 ਕਾਲਜ ਖੋਲ੍ਹੇ ਹਨ। ਤਦ ਤਾਂ ਸਰਕਾਰ ਨਹੀਂ ਬੋਲੀ, ਉਸ ਵੇਲੇ ਸਾਰੇ ਨਾਰਮਜ਼ ਠੀਕ ਸਨ। ਅੱਜ ਸਾਨੂੰ ਨਾਰਮਜ਼ ਦੱਸਦੇ ਹੋ। ਆਪਣੀ ਵਾਰੀ ਤਾਕ ਤੇ ਰੱਖ ਛੱਡੇ ਅਤੇ ਸਾਡੀ ਵਾਰੀ ਕਾਨੂੰਨ ਅਨੁਸਾਰ ਸਭ ਕੁਝ ਹੋਣਾ ਚਾਹੀਦਾ ਹੈ। (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ) :** ਮੈਂ ਜੋ ਬਜਟ ਇਸ ਸਾਲ ਦਾ ਪੇਸ਼ ਕੀਤਾ ਗਿਆ ਹੈ ਉਸ ਦਾ ਤੱਥਾਂ ਦੇ ਆਧਾਰ ਤੇ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ। ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਮੇਰੇ ਪਾਰਟੀ ਕੁਲੀਗ ਸ਼੍ਰੀ ਸੁਨੀਲ ਜਾਖੜ ਜੀ ਨੇ ਜੋ ਸਵਾਲ ਉਠਾਏ, ਉਨ੍ਹਾਂ ਨੂੰ ਬਹੁਤਾ ਰਿਪੀਟ ਕਰਨ ਦੀ ਬਜਾਏ ਕੁਝ ਫੈਕਟਸ ਐਂਡ ਫਿਗਰਜ਼ ਦੇ ਆਧਾਰ ਤੇ, ਜੋ ਕਾਸਮੈਟਿਕ ਰੂਪਰੇਖਾ ਇਸ ਬਜਟ ਨੂੰ ਦਿੱਤੀ ਗਈ ਹੈ, ਮੈਂ ਕੁਝ ਗੱਲਾਂ ਪੇਸ਼ ਕਰਨਾ ਚਾਹੁੰਦਾ ਹਾਂ। ਲੇਕਿਨ ਇਸ ਤੋਂ ਪਹਿਲਾਂ ਇਹ ਵੀ ਤਸਲੀਮ ਕਰਨਾ ਚਾਹੁੰਦਾ ਹਾਂ ਕਿ ਇਹ ਜੋ ਹੁਣ ਤੱਕ ਪੰਜਾਬ ਦੀ ਆਰਥਿਕ ਹਾਲਤ ਹੈ ਜਿਸ ਸਬੰਧੀ ਹਰ ਸਰਕਾਰ ਆ ਕੇ ਅਫ਼ਸੋਸ ਕਰਦੀ ਹੈ ਕਿ ਪਿਛਲੀ ਸਰਕਾਰ ਨੇ ਕੁਝ ਨਹੀਂ ਕੀਤਾ, ਉਸ ਬਾਰੇ ਫੈਕਟਸ ਐਂਡ ਫਿਗਰਜ਼ ਨਾਲ ਦੱਸਦੀ ਹੈ, ਉਸ ਬਾਰੇ ਆਲੋਚਨਾ ਕਰਦੀ ਹੈ ਪਰ ਅਫ਼ਸੋਸ ਜਦੋਂ ਉਹ ਆਪ ਛੱਡ ਕੇ ਜਾਂਦੀ ਹੈ ਤਾਂ ਉਸ ਤੋਂ ਵੀ ਬੁਰੀ ਹਾਲਤ ਵਿਚ ਛੱਡ ਕੇ ਜਾਂਦੀ ਹੈ। ਜਦੋਂ ਤੋਂ ਪੰਜਾਬੀ ਸੂਬਾ ਹੋਂਦ ਵਿਚ ਆਇਆ ਹੈ। ਲਗਭਗ 5-5 ਵਾਰ ਸਰਕਾਰ ਕਾਂਗਰਸ ਪਾਰਟੀ-ਅਤੇ ਅਕਾਲੀ-ਬੀ.ਜੇ.ਪੀ. ਦੀ ਆਈ ਹੈ। ਇਹ ਕਾਫ਼ੀ ਲੰਮਾ ਸਮਾਂ ਹੈ। ਮੈਨੂੰ ਮੌਕਾ ਮਿਲਿਆ ਹੈ ਤੇ ਮੈਂ ਇਹ ਕਹਾਂਗਾ ਕਿ ਇਹ ਜੋ ਇਨਡੈੱਟਨੈੱਸ ਜਾਂ ਪੰਜਾਬ ਦੀ ਆਰਥਿਕ ਹਾਲਤ ਜੋ ਕਿ ਬਦਸੂਰਤ ਸ਼ਕਲ ਵਿਚ ਸਾਰੇ ਹਿੰਦੁਸਤਾਨ ਵਿਚ ਪੇਸ਼ ਕੀਤੀ ਜਾ ਰਹੀ ਹੈ, ਇਸ ਵਾਸਤੇ ਅਸੀਂ ਸਾਰੇ ਜ਼ਿੰਮੇਵਾਰ ਹਾਂ। ਮੈਂ ਇਹ ਇਸ ਕਰਕੇ ਨਹੀਂ ਕਹਿ ਰਿਹਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅੱਜ ਮੁੱਖ ਮੰਤਰੀ ਹਨ, ਲੇਕਿਨ ਇਸ ਸਾਰੇ ਅਰਸੇ ਵਿਚ ਸਭ ਤੋਂ ਜ਼ਿਆਦਾ ਮੌਕਾ ਜੇ ਪੰਜਾਬ ਵਿਚ ਕਿਸੇ ਨੂੰ ਰਿਪੀਟਡਲੀ ਸਰਕਾਰ ਚਲਾਉਣ ਦਾ ਮਿਲਿਆ ਹੈ ਤਾਂ ਉਹ ਅੱਜ ਵਾਲੇ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਮਿਲਿਆ ਹੈ। ਕਾਂਗਰਸ ਦੇ ਚੀਫ ਮਨਿਸਟਰ ਰਿਪੀਟ ਨਹੀਂ ਹੋ ਸਕੇ। ਗਲਤੀਆਂ ਉਨ੍ਹਾਂ ਨੇ ਵੀ ਕੀਤੀਆਂ ਹੋਣਗੀਆਂ। ਅੱਜ ਹਾਲਾਤ ਸਾਡੇ ਸਾਮ੍ਹਣੇ ਹੈ। There is a debt burden to the tune of 52000 crores of rupees. Has it just been generated in these five years ? Has it just been generated by one government ? ਆਹਿਸਤਾ ਆਹਿਸਤਾ 1966 ਤੋਂ ਲੈ ਕੇ ਅੱਜ ਤੱਕ ਇਹ ਹਾਲਤ ਹੋਈ ਹੈ। ਉਸੇ ਦਾ ਨਤੀਜਾ ਹੈ ਕਿ ਅੱਜ ਪੰਜਾਬ ਪੰਜਵੇਂ ਜਾਂ ਛੇਵੇਂ ਨੰਬਰ ਤੇ ਨੈਸ਼ਨਲ ਲੈਵਲ ਤੇ ਸਟੈਂਡ ਕਰ ਰਿਹਾ ਹੈ। ਜਿਨ੍ਹਾਂ ਮੁੱਦਿਆਂ ਨੂੰ, ਖਾਮੀਆਂ ਨੂੰ ਸੁਨੀਲ ਜਾਖੜ ਜੀ ਨੇ ਗਿਣਾਇਆ ਹੈ, ਉਨ੍ਹਾਂ ਨੂੰ ਮੈਂ ਜ਼ਿਆਦਾ ਨਹੀਂ ਕਰਾਂਗਾ। ਪਰ ਜਦੋਂ ਸਾਨੂੰ ਪੰਜ ਸਾਲ ਸਰਕਾਰ ਚਲਾਉਣ ਦਾ ਮੌਕਾ ਮਿਲ ਜਾਂਦਾ ਹੈ ਤਾਂ ਅਸੀਂ ਅਗਲੇ ਪੰਜ ਸਾਲਾਂ ਵੱਲ ਝਾਕਣ ਲੱਗ ਜਾਂਦੇ ਹਾਂ। ਜਿਸ ਕਰਕੇ ਅਸੀਂ ਹੁਣ ਵਾਲੇ ਪੰਜ ਸਾਲਾਂ ਵਿਚ ਠੋਸ ਨਿੱਗਰ ਕਦਮ ਨਹੀਂ ਚੁੱਕਦੇ। ਲੋਕ ਮਾਯੂਸ ਹੋ ਕੇ ਦੂਜੇ ਪਾਸੇ ਚਲੇ ਜਾਂਦੇ ਹਨ ਅਤੇ ਅਗਲੇ ਪੰਜ ਸਾਲ ਮਿਲ ਨਹੀਂ ਪਾਂਦੇ। ਸਰਦਾਰ ਮਨਪ੍ਰੀਤ ਸਿੰਘ ਬਾਦਲ ਬਾਹਰਲੇ ਮੁਲਕ ਵਿਚ ਪੜ੍ਹੇ ਲਿਖੇ ਹਨ, ਇਨ੍ਹਾਂ ਦੀਆਂ ਅਖ਼ਬਾਰਾਂ ਵਿਚ

Original with;
Punjab Vidhan Sabha
Digitized by;
Punjab Digital Library

ਸਟੇਟਮੈਂਟਾਂ ਦੇਖੀਆਂ। ਜਿਥੇ ਜਿਥੇ ਸਬਸਿਡੀਆਂ ਦਾ ਵਿਸ਼ਾ ਆਇਆ, ਚਾਹੇ ਉਹ ਬਿਜਲੀ ਬੋਰਡ ਦੀ ਬਿਜਲੀ ਮੁਫ਼ਤ ਦੇਣ ਦੀ ਗੱਲ ਸੀ, ਜਦੋਂ ਇਹ ਪਰਪੋਜ਼ਲ ਬਿਲਟ ਅਪ ਹੋ ਰਹੀ ਸੀ, ਕਿਉਂਕਿ ਇਹ ਇਲੈਕਸ਼ਨ ਦੇ ਵਿਚ ਪਰੋਮਿਸ ਹੋ ਗਿਆ ਸੀ ਪਰ ਵਾਅਦੇ ਤੋਂ ਭੱਜਣਾ, ਉਸ ਤੋਂ ਖਹਿੜਾ ਛੁਡਵਾਉਣਾ, ਮੈਂ ਤਾਂ ਕਹਾਂਗਾ ਕਿ ਬਹੁਤ ਔਖਾ ਹੈ। ਪਰੰਤੂ ਉਸ ਸਮੇਂ ਆਰਥਿਕਤਾ ਨੂੰ ਮੱਦੇਨਜ਼ਰ ਰੱਖਦੇ ਹੋਏ ਇਨ੍ਹਾਂ ਨੇ ਕੁਝ ਸੱਚੀਆਂ ਗੱਲਾਂ ਕਹੀਆਂ ਸਨ ਕਿਉਂਕਿ ਹਾਲਾਤ ਇਹ ਸੀ ਕਿ ਇਸ ਤਰ੍ਹਾਂ ਢਾਈ ਤਿੰਨ ਹਜ਼ਾਰ ਕਰੋੜ ਰੁਪਿਆ ਬਿਜਲੀ ਬੋਰਡ ਨੂੰ ਸਬਸੇਡਾਈਜ਼ ਕਰਨ ਵਾਸਤੇ ਚਲਾ ਜਾਂਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ 13 ਲੱਖ ਕੁਝ ਹਜ਼ਾਰ ਪਰਿਵਾਰਾਂ ਨੂੰ ਸਸਤਾ ਅਨਾਜ ਜ਼ਰੂਰ ਦੇਣਾ ਚਾਹੀਦਾ ਹੈ। ਮੈਨੂੰ ਇਨ੍ਹਾਂ ਦੀ ਪੁਲੀਟੀਕਲ ਕੰਪਲਸ਼ਨ ਵੀ ਸਮਝ ਆਉਂਦੀ ਹੈ। ਇਨ੍ਹਾਂ ਦੀ ਪੁਲੀਟੀਕਲ ਮਜ਼ਬੂਰੀ ਵੀ ਹੈ, ਗੁਰਬਤ ਵੀ ਹੈ। ਜਿਵੇਂ ਕਿ ਸੁਨੀਲ ਜਾਖੜ ਜੀ ਨੇ ਕਿਹਾ ਹੈ, ਮੈਂ ਵੀ ਉਨ੍ਹਾਂ ਨਾਲ ਸਹਿਮਤ ਹਾਂ। ਇੰਨੀ ਗੁਰਬਤ ਵੀ ਨਹੀਂ ਹੋਣੀ ਚਾਹੀਦੀ। ਮੇਰਾ ਖਿਆਲ ਹੈ ਕਿ ਜਿਹੜਾ ਇਨ੍ਹਾਂ ਦਾ ਸਰਵੇ ਹੋਇਆ ਹੈ, ਉਸ ਦੇ ਵਿਚ ਕੁਝ ਚੰਗੇ ਚੰਗੇ ਘਰਾਂ ਦੇ ਲੋਕਾਂ ਨੇ ਵੀ, ਜਿਨ੍ਹਾਂ ਦੀ ਆਰਥਿਕ ਹਾਲਤ ਠੀਕ ਹੈ, ਆਪਣੀ ਆਮਦਨ 30 ਹਜ਼ਾਰ ਰੁਪਏ ਪਰ ਸਾਲ ਤੋਂ ਵੀ ਥੱਲੇ ਲਿਖਵਾਈ ਹੈ। 30 ਹਜ਼ਾਰ ਰੁਪਏ ਪਰ ਸਾਲ ਦਾ ਮਤਲਬ ਕਿ 100 ਰੁਪਿਆ ਡੇਲੀ ਵੇਜਿਜ਼। ਮੇਰਾ ਖਿਆਲ ਹੈ ਕਿ ਲਗਭਗ ਮੀਨੀਮਮ ਸੋ ਰੁਪਿਆ ਡੇਲੀ ਵੇਜਿਜ਼ ਸਰਕਾਰੀ ਤੌਰ ਤੇ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਜਿਹੜੀਆਂ ਇਨ੍ਹਾਂ ਨੇ ਕੁਝ ਗੱਲਾਂ ਪ੍ਰੀ ਬਜਟ ਉਠਾਈਆਂ, ਉਹ ਇਸ ਬਜਟ ਦੇ ਵਿਚ ਨਜ਼ਰ ਨਹੀਂ ਆਈਆਂ। ਇਹ ਹੁਣ ਉਨੇ ਸਟਰੌਂਗ, ਹਾਰਡ ਅਤੇ ਨਿੱਗਰ ਫੈਸਲੇ ਨਹੀਂ ਲੈ ਸਕੇ, ਜਿਨ੍ਹਾਂ ਦੀ ਕਿ ਆਸ ਸੀ। ਹੋ ਸਕਦਾ ਹੈ ਕਿ ਇਨ੍ਹਾਂ ਦੀਆਂ ਕੁਝ ਮਜ਼ਬੂਰੀਆਂ ਰਹੀਆਂ ਹੋਣ। ਇਹ ਵੀ ਹੋ ਸਕਦਾ ਹੈ ਕਿ ਪਾਰਟੀ ਦੇ ਲੋਕਾਂ ਨੇ ਇਹ ਮਜ਼ਬੂਰ ਕਰ ਦਿੱਤੇ ਹੋਣ। ਸ਼੍ਰੀ ਸੁਨੀਲ ਜਾਖੜ ਜੀ ਨੇ ਜੋ ਗੱਲਾਂ ਇਸ ਸਬੰਧ ਵਿਚ ਕਹੀਆਂ ਹਨ, ਮੈਂ ਉਨ੍ਹਾਂ ਨਾਲ ਕਾਫੀ ਹੱਦ ਤੱਕ ਸਹਿਮਤ ਹਾਂ।

ਅਗਲੀ ਗੱਲ ਹੈ ਕਿ 'ਪੰਜਾਬ ਬਜਟ ਐਟ ਏ ਗਲਾਂਸ ਸਾਲ 2007-08' ਦੇ ਮੁਤਾਬਿਕ ਮੈਂ ਪੁਆਇੰਟ ਆਊਟ ਕਰਨਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਕੁਝ ਤੱਥ ਹੋਰ ਹਨ ਅਤੇ ਬਾਹਰ ਅਖਬਾਰਾਂ ਵਿਚ ਅਤੇ ਇਨ੍ਹਾਂ ਦੀ ਸਪੀਚ ਦੀ ਕਾਪੀ ਜਿਹੜੀ ਕਿ ਸਾਨੂੰ ਸਪਲਾਈ ਕੀਤੀ ਗਈ ਹੈ, ਉਸ ਦੇ ਵਿਚ ਹੋਰ ਤਰ੍ਹਾਂ ਤੱਥ ਪੇਸ਼ ਕੀਤੇ ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਸਾਲ 2002 ਦੇ ਵਿਚ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਡੀਮਿਟ ਹੋਈ ਸੀ, ਦਫ਼ਤਰ ਛੱਡ ਕੇ ਗਈ ਸੀ, ਉਸ ਵੇਲੇ Revenue Deficit as a percentage of Revenue Receipts was 42.38 % ਪਰ ਜਦੋਂ ਸਾਲ 2007 ਦੇ ਵਿਚ ਕਾਂਗਰਸ ਸਰਕਾਰ ਨੇ ਆਫ਼ਿਸ ਛੱਡਿਆ ਤਾਂ ਇਹ ਮੀਅਰਲੀ 11.02 ਪਰਸੈਂਟ ਸੀ। ਇਹ 12 ਨੰਬਰ ਸਫ਼ਾ ਤੇ 'ਪੰਜਾਬ ਬਜਟ ਐਟ ਏ ਗਲਾਂਸ' ਦੇ ਵਿਚ ਤੁਸੀਂ ਵੇਖ ਸਕਦੇ ਹੋ। ਮੇਰੇ ਕਹਿਣ ਦਾ ਮਤਲਬ ਹੈ ਕਿ ਕਾਂਗਰਸ ਦੀ ਸਰਕਾਰ ਨੇ ਚਾਹੇ ਕੁਝ ਸਮਾਂ ਨੌਕਰੀਆਂ ਹੋਲਡ ਕੀਤੀਆਂ ਸਨ ਕਿਉਂਕਿ ਸਾਡੇ ਬਜਟ ਦਾ ਬਹੁਤ ਸਾਰਾ ਹਿੱਸਾ ਤਨਖਾਹਾਂ ਅਤੇ ਪੈਨਸ਼ਨਾਂ ਦੇ ਵਿਚ ਜਾ ਰਿਹਾ ਹੈ। ਰੈਵੇਨਿਊ ਡੈਫੇਸਿਟ ਦੀ ਹਾਲਤ ਨੂੰ ਬੇਹਤਰ ਕਰਕੇ ਕਾਂਗਰਸ ਸਰਕਾਰ ਦਫ਼ਤਰ ਛੱਡ ਕੇ ਗਈ ਸੀ। ਜਿਹੜੀ ਇੱਥੇ ਦੁਬਾਰਾ-ਦੁਬਾਰਾ ਮਿਸਕਨਸੈਪਸ਼ਨ ਪੰਜਾਬ ਦੇ ਵਿਚ ਦਿੱਤੀ ਜਾ ਰਹੀ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਸਰਕਾਰ ਨੇ ਪਤਾ ਨਹੀਂ ਕਿੰਨਾ ਖਜ਼ਾਨਾ ਖੁਰਦ-ਬੁਰਦ ਕਰ ਦਿੱਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਪਾਲ ਸਿੰਘ ਖਹਿਰਾ]

ਹੈ, ਖਜ਼ਾਨਾ ਖਾਲੀ ਕਰ ਗਏ ਹਨ, for the information of Hon'ble Members and, of course, of the Press, I want to point out this very correctively. ਜਿਹੜੇ ਐਸਟੀਮੇਟ ਹੁਣ ਹੋਏ ਹਨ, ਆਪਾਂ ਕਰਨ ਜਾ ਰਹੇ ਹਾਂ, there is going to be a big increase in public debt and whatever market borrowings, ਉਹ ਆਲਮੋਸਟ ਡਬਲ ਕਰਨ ਜਾ ਰਹੇ ਹਾਂ। ਜਦੋਂ ਵੀ ਤੁਸੀਂ ਕਿਸੇ ਸੋਰਸਿਜ਼ ਤੋਂ ਪੈਸਾ ਚੁਕੋਗੇ ਤਾਂ ਉਸ ਦਾ ਇੰਟਰਸਟ ਬਹੁਤ ਭਾਰੀ ਪਵੇਗਾ। ਅੱਗੇ ਹੀ ਹਰ ਸਾਲ ਪੈਨਸ਼ਨਜ਼, ਤਨਖਾਹਾਂ ਅਤੇ ਇੰਟਰਸਟ ਵਿਚ ਬਜਟ ਦਾ ਬਹੁਤ ਸਾਰਾ ਹਿੱਸਾ ਜਾ ਰਿਹਾ ਹੈ। ਇਸ ਦੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਨਕਰੀਜ਼ ਹੋਣ ਜਾ ਰਿਹਾ ਹੈ, ਜਿਹੜਾ ਪਬਲਿਕ ਡੈੱਟ ਸੀ, ਸਾਲ 2006-07 ਦੇ ਮੁਤਾਬਿਕ, ਉਹ 47801 ਕਰੋੜ ਦਾ ਸੀ, ਜਿਹੜੇ ਇਨ੍ਹਾਂ ਨੇ ਬਜਟ ਐਸਟੀਮੇਟਸ ਪੇਸ਼ ਕੀਤੇ ਹਨ, ਉਹ 52764 ਕਰੋੜ ਰੁਪਏ ਦੇ ਕੀਤੇ ਹਨ। Increase in public debt in just one year is going to be 4663 crores of rupees which amounts to 10.4% of the total cost and this is available for the Members on page 11 at 'Budget at a Glance 2007-08'. ਸਿਮੀਲਰਲੀ ਜਿਹੜੀ ਗੱਲ ਮੈਂ ਪਹਿਲਾਂ ਕਹੀ ਹੈ ਕਿ 2006-07 ਦੀ ਮਾਰਕੀਟ ਬੋਰੋਇੰਗ 1146.77 ਕਰੋੜ ਰੁਪਏ ਦੀ ਹੈ ਜਿਹੜੇ ਬਜਟ ਐਸਟੀਮੇਟ ਆਨਰੇਬਲ ਫਾਈਨਾਂਸ ਮਨਿਸਟਰ ਨੇ ਮਾਰਕੀਟ ਬੋਰੋਇੰਗਜ਼ ਦੇ ਪੇਸ਼ ਕੀਤੇ ਹਨ, ਉਸ ਦੇ ਮੁਤਾਬਿਕ ਉਹ 2350 ਕਰੋੜ ਰੁਪਏ ਦੇ ਹੋਣਗੇ। That shows an increase in market borrowings in just one year to 1203.28 crores of rupees, an increase of 105% that is almost double the amount of market borrowings with which they are going ahead and this will have a very huge bearing on the development process of Punjab. ਸਿਮੀਲਰਲੀ ਇਹ ਜਿਹੜੇ ਮਾਰਕੀਟਿੰਗ ਬੋਰੋਇੰਗਜ਼ ਹਨ, ਫਾਇਨਾਂਸ ਮਨਿਸਟਰ ਸਾਹਿਬ ਵਿੱਤ ਬਾਰੇ ਮੇਰੇ ਤੋਂ ਜ਼ਿਆਦਾ ਚੰਗੀ ਤਰ੍ਹਾਂ ਸਮਝਦੇ ਹਨ, ਇਸ ਦਾ ਜਦੋਂ ਸਾਨੂੰ ਵਿਆਜ਼ ਦੇਣਾ ਪੈਂਦਾ ਹੈ ਤਾਂ ਫਿਰ ਰੈਵੇਨਿਊ ਦਾ ਕਾਫੀ ਵੱਡਾ ਹਿੱਸਾ ਸਾਡੀ ਸਰਕਾਰ ਦਾ ਵਿਆਜ ਦੀ ਰੀਪੇਮੈਂਟ ਵਿੱਚ ਹੀ ਜਾਂਦਾ ਰਹਿੰਦਾ ਹੈ। ਇਸੇ ਤਰ੍ਹਾਂ Reduction in expenditure in many important Heads/Departments ਹੈ। ਢਾਂਡਾ ਜੀ ਨੇ ਵੀ ਇਹ ਪੜ੍ਹਿਆ ਹੈ ਔਰ ਤੁਸੀਂ ਸਪੀਚ ਵਾਲੇ ਸਿਚੂਏਸ਼ਨਜ਼ ਹੀ ਦੇਖਦੇ ਰਹੇ you have not gone into it probably. ਜਿਹੜਾ ਤੁਹਾਨੂੰ ਬਜਟ ਵਾਸਤੇ ਟੈਕਸਟ ਪ੍ਰੋਵਾਈਡ ਕੀਤਾ ਸੀ, ਜਿਹੜੀਆਂ ਸਰਕਾਰ ਨੇ 5-6 ਵੱਡੀਆਂ ਕਿਤਾਬਾਂ ਭੇਜੀਆਂ ਸੀ, ਤੁਸੀਂ ਉਹ ਪੜ੍ਹੀਆਂ ਨਹੀਂ। You are quoting wrong, my dear, I will come to your point. 'ਬਜਟ ਐਟ ਏ ਗਲਾਂਸ' ਤੁਸੀਂ ਸ਼ਾਇਦ ਦੇਖਿਆ ਨਹੀਂ ਹੈ। ਇਸ ਵਿੱਚ ਰਿਡਕਸ਼ਨ ਇਸ ਐਕਸਪੈਂਡੀਚਰ ਵਿੱਚ ਮੈਂ ਇੰਪਾਰਟੈਂਟ ਹੈਡਜ਼ ਗਿਣਵਾਉਣ ਲੱਗਿਆ ਹਾਂ। Revenue and Capital Expenditure of social security and welfare ਇਹ ਅੱਤ ਗਰੀਬਾਂ ਲਈ, ਸ਼ਡਿਊਲਡ ਕਾਸਟਸ ਲਈ, ਅਦਰ ਬੈਕਵਰਡ ਕਲਾਸਿਜ਼ ਲਈ ਮਹਿਕਮਾ ਹੈ। ਇਸ ਦਾ 2006-2007 ਦਾ 468.32 ਕਰੋੜ ਰੁਪਏ ਦਾ ਬਜਟ ਸੀ, ਤੁਸੀਂ ਹੁਣ ਸਾਲ 2007-08 ਬਾਰੇ ਕਹਿ ਰਹੇ ਹੋ ਕਿ ਇਸ ਵਿੱਚ 211.36 ਕਰੋੜ ਰੁਪਏ ਰੱਖੇ ਗਏ ਹਨ। There is reduction of 250.96 crores amounting to 55% in terms of percentage. ਇਸੇ ਤਰ੍ਹਾਂ ਹੀ ਤੁਸੀਂ ਪਾਵਰ ਤੇ ਆ ਜਾਉ। ਪਾਵਰ ਦੇ ਸੈਕਟਰ ਵਿੱਚ 2251.36 ਕਰੋੜ ਰੁਪਏ ਸਾਲ 2006-2007 ਵਿੱਚ ਰੱਖੇ ਗਏ ਸਨ ਅਤੇ

Original with;
Punjab Vidhan Sabha
Digitized by;
Panjab Digital Library

ਜਿਹੜਾ 2007-2008 ਵਿੱਚ ਬਜਟ ਪੇਸ਼ ਕੀਤਾ ਗਿਆ ਹੈ, ਇਸ ਵਿਚ ਇਹ 2003.55 ਕਰੋੜ ਰੁਪਏ ਰੱਖੇ ਗਏ ਹਨ। There is a reduction of 247.79 crores amounting to 11% in terms of percentage. ਸਿਮੀਲਰਲੀ ਪਲੈਨ ਐਕਸਪੈਂਡੀਚਰ ਹੈ। ਪਲੈਨ ਐਕਸਪੈਂਡੀਚਰ ਵਿੱਚ ਰੂਰਲ ਡਿਵੈਪਲਮੈਂਟ, ਜਿਹੜਾ ਸਾਡੇ ਪੇਂਡੂ ਵਿਕਾਸ ਨਾਲ ਕਨੈਕਟਿਡ ਮਹਿਕਮਾ ਹੈ, ਜੋ ਪਿੰਡਾਂ ਵਿੱਚ ਵਿਕਾਸ ਕਰਦਾ ਹੈ, ਜਿਵੇਂ ਗਲੀਆਂ-ਨਾਲੀਆਂ ਬਣਾਉਣੀਆਂ, ਪਾਣੀ ਦਾ ਨਿਕਾਸ ਕਰਨਾ ਆਦਿ। ਰੂਰਲ ਡਿਵੈਲਪਮੈਂਟ ਵਾਸਤੇ 2006-2007 ਵਿੱਚ 404.28 ਕਰੋੜ ਰੁਪਏ ਰੱਖੇ ਗਏ ਸਨ ਜਿਹੜੇ ਹੁਣ ਬਜਟ ਐਸਟੀਮੇਟਸ ਪੇਸ਼ ਕੀਤੇ ਗਏ ਹਨ ਇਸ ਵਿਚ ਇਹ 350.80 ਕਰੋੜ ਰੁਪਏ ਹਨ, Reduction of 53.4 crores amounting to 13% in terms of percentage. ਇੰਡਸਟਰੀ ਐਂਡ ਮਿਨਰਲਜ਼ ਵਿੱਚ ਸਾਲ 2006-2007 ਵਿੱਚ 105.20 ਕਰੋੜ ਰੁਪਏ ਰੱਖੇ ਗਏ ਸਨ ਅਤੇ ਸਾਲ 2007-2008 ਵਿੱਚ ਕੇਵਲ 28.30 ਕਰੋੜ ਰੁਪਏ ਰੱਖੇ ਗਏ ਹਨ, Reduction of 76.9 crores amounting to 73% in terms of percentage. ਜਨਰਲ ਇਕਨੌਮਿਕ ਸਰਵਿਸ ਬਜਟ ਦਾ ਬਹੁਤ ਵੱਡਾ ਹਿੱਸਾ ਹੈ। ਉਸ ਵਿੱਚ ਬਹੁਤ ਵੱਡੀਆਂ ਅਹਿਮ ਸੇਵਾਵਾਂ ਹਨ। ਉਸ ਵਿੱਚ ਸਾਲ 2006-2007 ਦੇ ਬਜਟ ਵਿੱਚ 1037.09 ਕਰੋੜ ਰੁਪਏ ਰੱਖੇ ਗਏ ਸਨ ਅਤੇ 2007-2008 ਦੇ ਬਜਟ ਵਿੱਚ 262.06 ਕਰੋੜ ਰੁਪਏ ਰੱਖ ਗਏ ਹਨ ਯਾਨੀ ਕਿ 775.03 ਕਰੋੜ ਰੁਪਏ ਘੱਟ ਹਨ ਅਤੇ ਲਗਭਗ ਇਹ 75 ਫੀਸਦੀ ਘੱਟ ਹੈ। ਇਹ ਜੋ ਕੁਝ ਮੈਂ ਕਹਿ ਰਿਹਾ ਹਾਂ ਇਹ ਸਾਰਾ ਇਨ੍ਹਾਂ ਨੇ ਆਪ 'ਬਜਟ ਏਟ ਏ ਗਲਾਂਸ' ਵਿੱਚ ਲਿਖਿਆ ਹੈ। ਤੁਸੀਂ ਉਨ੍ਹਾਂ ਬੁਕਸ ਵਿੱਚ ਦੇਖੋ ਜਿਹੜੀਆਂ ਕਿ ਪੰਜਾਬ ਗੌਰਮਿੰਟ ਨੇ ਜਾਂ ਫਾਇਨਾਂਸ ਡਿਪਾਰਟਮੈਂਟ ਨੇ ਸਾਨੂੰ ਸਪਲਾਈ ਕੀਤੀਆਂ ਹਨ। ਇਹ ਸਾਰੇ ਵੇਰਵੇ ਤੱਥਾਂ ਦੇ ਆਧਾਰ ਤੇ ਹਨ, ਇਸ ਵਿੱਚ ਕੋਈ ਮਨਘੜ੍ਹਤ ਗੱਲ ਨਹੀਂ ਹੈ। If you go deep into the books, ਇਹ ਜਿਹੜਾ ਸਾਰਾ ਰਿਡਕਸ਼ਨ ਆਫ਼ ਐਕਸਪੈਂਡੀਚਰ ਹੈ, I am sure the Hon'ble Finance Minister can definitely counter this. Reduction in expenditure on Social Security, Welfare, Power, Rural Development, Industry and Minerals, General Economic Services will adversely effect the development and working of these departments, ਜਿੱਥੇ ਇਨ੍ਹਾਂ ਪੈਸਿਆਂ ਦੀ ਰਿਡਕਸ਼ਨ ਕੀਤੀ ਗਈ ਹੈ।

ਇਕ ਬਹੁਤ ਅਹਿਮ ਹਿੱਸਾ ਜਾਂ ਮੁੱਦਾ ਪੰਜਾਬ ਦਾ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਵੀ, ਜਿਸ ਤਰ੍ਹਾਂ ਸੁਨੀਲ ਜੀ ਨੇ ਕਿਹਾ ਕਿ ਅਸੀਂ ਸਾਰੇ ਜ਼ਿਮੀਦਾਰਾਂ ਦੀ ਗੱਲ ਬੜੇ ਜ਼ੋਰ ਨਾਲ ਉਠਾਉਣਾ ਚਾਹੁੰਦੇ ਹਾਂ। ਅਸੀਂ ਬਿਆਨ ਵੀ ਦਿੰਦੇ ਹਾਂ ਅਤੇ ਉਨ੍ਹਾਂ ਵਾਸਤੇ ਜੈਨੂਅਨਲੀ ਕਨਸਰਨਡ ਵੀ ਹਾਂ। ਵਰਲਡ ਓਵਰ, ਇਹ ਇਕੱਲੇ ਪੰਜਾਬ ਦੀ ਗੱਲ ਨਹੀਂ ਹੋ ਰਹੀ, ਬਾਈ ਐਂਡ ਲਾਰਜ ਸਾਰੇ ਸੰਸਾਰ ਵਿਚ ਇਹ ਕਿੱਤਾ ਅੱਜ ਇਕ ਅਨਪ੍ਰਾਫਿਟੇਬਲ ਕਿੱਤਾ ਹੈ ਚਾਹੇ ਉਹ ਅਮਰੀਕਾ ਹੈ ਜਾਂ ਕੈਨੇਡਾ ਹੈ। ਇਹ ਵੱਖਰੀ ਗੱਲ ਹੈ ਕਿ ਉਹ ਇਸ ਕਿੱਤੇ ਨੂੰ ਜ਼ਿਆਦਾ ਹੱਦ ਤੱਕ ਸਬਸਿਡਾਈਜ਼ਡ ਕਰ ਦਿੰਦੇ ਹਨ। ਉਥੇ ਜੇ ਅੰਨ ਦੀ ਪੈਦਾਵਾਰ ਵੱਧ ਵੀ ਜਾਂਦੀ ਹੈ ਤਾਂ ਸਰਕਾਰ ਫ਼ਿਰ ਵੀ ਉਸ ਨੂੰ ਨਿਸ਼ਚਿਤ ਭਾਅ ਤੇ ਖਰੀਦਦੀ ਹੈ, ਚਾਹੇ ਉਸ ਨੂੰ ਸਮੁੰਦਰ ਵਿਚ ਹੀ ਡੰਪ ਕਿਉਂ ਨਾ ਕਰਨਾ ਪਵੇ। ਇਸੇ ਤਰ੍ਹਾਂ ਹੀ ਇਥੇ ਵੀ ਐਗਰੀਕਲਚਰ ਨੂੰ ਸਬਸਿਡਾਈਜ਼ ਕੀਤਾ ਗਿਆ ਹੈ, ਜਿਸ ਤਰ੍ਹਾਂ ਕਿ ਫਰੀ ਪਾਵਰ ਦਿੱਤੀ ਗਈ ਹੈ। ਇਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਪਾਲ ਸਿੰਘ ਖਹਿਰਾ]

ਤਰ੍ਹਾਂ ਦੀਆਂ ਐਗਰੀਕਲਚਰ ਦੀਆਂ ਹੋਰ ਸੇਵਾਵਾਂ ਵੀ ਹਨ। ਇਸ ਦੇ ਬਾਵਜੂਦ ਸਾਡੀ ਐਗਰੇਰੀਅਨ ਇਕਾਨਮੀ ਦਿਨੋ ਦਿਨ ਡਾਊਨ ਹੁੰਦੀ ਚਲੀ ਗਈ ਹੈ। ਵਕਤ ਬੀਤਣ ਨਾਲ ਜ਼ਮੀਨਾਂ ਦੀ ਪਾਰਟੀਸ਼ਨ ਹੋ ਜਾਂਦੀ ਹੈ। ਅੱਜ ਹਾਲਤ ਇਹ ਹੈ ਕਿ ਦੁਆਬੇ ਵਿਚ ਜ਼ਮੀਨ ਦੀ ਐਵਰੇਜ਼ ਹੋਲਡਿੰਗ 2 ਕਨਾਲਾਂ ਤੱਕ ਪਹੁੰਚ ਗਈ ਹੈ। ਕੁਝ ਵੱਡੇ ਜ਼ਿਮੀਂਦਾਰਾਂ ਨੂੰ ਛੱਡ ਕੇ ਜਿਨ੍ਹਾਂ ਕੋਲ ਬਾਗ ਹਨ ਜਾਂ ਜ਼ਿਆਦਾ ਜ਼ਮੀਨਾਂ ਹਨ, ਬਾਕੀ ਸਾਰੇ ਪੰਜਾਬ ਵਿਚ ਤਕਰੀਬਨ ਇਹੀ ਹਾਲਤ ਹੈ। ਵੱਡੇ ਜ਼ਿਮੀਦਾਰਾਂ ਦੀ ਵਾਇਬਿਲਟੀ ਕੁਝ ਹੱਦ ਤੱਕ ਬਣ ਜਾਂਦੀ ਹੈ ਲੇਕਿਨ ਛੋਟੇ ਜ਼ਿਮੀਦਾਰ ਦੀ ਨਹੀਂ ਬਣਦੀ। ਸਬਸੀਕੁਐਂਟ ਪਾਰਟੀਸ਼ਨ ਆਫ ਲੈਂਡ ਨੇ ਐਗਰੀਕਲਚਰ ਨੂੰ ਕਾਫੀ ਹੱਦ ਤੱਕ ਥੱਲੇ ਪਹੁੰਚਾ ਦਿੱਤਾ ਹੈ। ਇਸ ਦੇ ਬਹੁਤ ਜ਼ਿਆਦਾ ਡੇਂਜਰਸ ਆਊਟਕਮ ਨਿਕਲ ਰਹੇ ਹਨ। They are forced to commit suicide in Punjab and this has been happening. Again I want to include my previous government also. ਇਹ ਕਿਸੇ ਇਕ ਸਰਕਾਰ ਦੇ ਵੇਲੇ ਦਾ ਫਿਨਾਮਿਨਾ ਨਹੀਂ ਹੈ ਕਿ ਇਕ ਸਰਕਾਰ ਆਈ ਅਤੇ ਇਹ ਐਗਰੀਕਲਚਰ ਦਾ ਸੌਦਾ ਘਾਟੇ ਦਾ ਸੌਦਾ ਹੋ ਗਿਆ। 1980 ਦੇ ਅਖੀਰਲੇ ਸਾਲਾਂ ਵਿਚ ਗਰੀਨ ਰੈਵੋਲਿਊਸ਼ਨ ਵਿਚ ਨਿਘਾਰ ਆਉਣਾ ਸ਼ੁਰੂ ਹੋ ਗਿਆ ਸੀ। ਲੋਕ ਸੁਸਾਈਡ ਕਰਨ ਲੱਗ ਪਏ। ਇਹ ਮਾਮਲਾ ਇਸ ਸਦਨ ਵਿਚ ਵੀ ਉਠਦਾ ਰਿਹਾ ਹੈ ਅਤੇ ਬਾਹਰ ਵੀ। ਸਾਨੂੰ ਸਾਰਿਆਂ ਨੂੰ ਇਸ ਦਾ ਕਨਸਰਨ ਵੀ ਬਹੁਤ ਹੈ। ਜਦ ਕੋਈ ਕਿਸਾਨ ਸੁਸਾਈਡ ਕਰ ਲੈਂਦਾ ਹੈ ਤਾਂ ਅਸੀਂ ਐਸ.ਡੀ.ਐਮ. ਵਗੈਰਾ ਨੂੰ ਭੇਜ ਕੇ ਉਸ ਦੇ ਪਰਿਵਾਰ ਨੂੰ 5 ਲੱਖ ਰੁਪਿਆ ਦੇ ਦਿੰਦੇ ਹਾਂ ਲੇਕਿਨ ਇਸ ਮਸਲੇ ਦਾ ਸਥਾਈ ਹੱਲ ਲੱਭਣ ਦੀ ਕਦੀ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ। ਮੈਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਬਹੁਤ ਸੰਜੀਦਾ ਮਸਲਾ ਹੈ ਅਤੇ ਇਸ ਨੂੰ ਕੁਲੈਕਟਿਵਲੀ ਨਜਿੱਠਣਾ ਚਾਹੀਦਾ ਹੈ। ਜਿੰਨਾ ਸਮਰਥਨ ਚਾਹੀਦਾ ਹੈ, ਅਸੀਂ ਦੇਣ ਨੂੰ ਤਿਆਰ ਹਾਂ। ਗੌਰਮਿੰਟ ਆਫ਼ ਇੰਡੀਆ ਤੱਕ ਵੀ ਅਸੀਂ ਜਾਣ ਨੂੰ ਤਿਆਰ ਹਾਂ ਕਿਉਂਕਿ ਉਨ੍ਹਾਂ ਦਾ ਵੀ ਇਸ ਮਾਮਲੇ ਵਿਚ ਵੱਡਾ ਰੋਲ ਹੈ। ਜਿੰਨੀ ਵੀ ਅਤੇ ਜਿਸ ਤਰ੍ਹਾਂ ਦੀ ਵੀ ਮਦਦ ਚਾਹੀਦੀ ਹੈ, ਉਹ ਕੁਲੈਕਟਿਵਲੀ ਹੋਣੀ ਚਾਹੀਦੀ ਹੈ। ਸਰ ਛੋਟੂ ਰਾਮ ਕਿਸਾਨਾਂ ਦੇ ਬੜੇ ਕੱਦਾਵਰ ਲੀਡਰ ਹੋਏ ਹਨ। ਕਿਸਾਨਾਂ ਦੀ ਬਿਹਤਰੀ ਲਈ ਉਨ੍ਹਾਂ ਨੇ ਜੋ ਕੁਝ ਕੀਤਾ, ਉਸ ਦੇ ਲਈ ਉਨ੍ਹਾਂ ਨੂੰ ਅੱਜ ਵੀ ਅਦਬ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਕਿਸੇ ਵਕਤ ਸਰ ਛੋਟੂ ਰਾਮ ਨੇ ਵੀ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤੀ ਦਿਵਾਉਣ ਲਈ ਉਪਰਾਲਾ ਕੀਤਾ ਸੀ। ਇਸੇ ਤਰ੍ਹਾਂ ਅੱਜ ਵੀ ਕੋਈ ਡੈਬਟ ਰਿਲੀਫ਼ ਬੋਰਡ ਬਣਾਇਆ ਜਾ ਸਕਦਾ ਹੈ। ਚਾਹੇ ਇਸ ਨੂੰ ਕਿਸੇ ਬੋਰਡ ਦੀ ਸ਼ਕਲ ਦੇ ਦਿਓ ਅਤੇ ਚਾਹੇ ਕਿਸੇ ਹੋਰ ਅਦਾਰੇ ਦੀ ਸ਼ਕਲ ਦੇ ਦਿਓ ਅਤੇ ਫ਼ਿਰ ਇਸ ਦੇ ਵਾਸਤੇ ਇਕ ਕਾਰਪਸ ਕਰੀਏਟ ਕੀਤਾ ਜਾਵੇ ਜਿਸ ਤਰ੍ਹਾਂ ਕਿ ਹਾਰਟੀਕਲਚਰ ਲਈ ਕੀਤਾ ਗਿਆ ਹੈ। ਇਕ ਵਾਰ ਇਸ ਵਿਚ 100-200 ਕਰੋੜ ਰੁਪਿਆ ਪਾ ਦਿਓ ਅਤੇ ਉਸ ਤੋਂ ਬਾਅਦ ਹਰ ਸਾਲ ਹੋਰ ਪੈਸੇ ਪਾਈ ਜਾਓ। ਫਰਜ਼ ਕਰੋ, ਇਕ ਵਾਰ 200 ਕਰੋੜ ਰੁਪਏ ਦਾ ਕਾਰਪਸ ਬਣਾ ਦਿੱਤਾ, ਉਸ ਤੋਂ ਬਾਅਦ ਛੋਟੇ ਕਾਰਪਸ ਤਹਿਸੀਲ ਪੱਧਰ ਤੇ ਜਾਂ ਜ਼ਿਲ੍ਹਾ ਪੱਧਰ ਤੇ ਬਣਾਏ ਜਾ ਸਕਦੇ ਹਨ। Eminent farmers can be taken on these Boards. Eminent economists can be put in these Boards. ਉਸ ਦਾ ਇਹ ਲਾਭ ਹੋਵੇਗਾ ਕਿ ਇਕ ਤਰ੍ਹਾਂ ਦਾ ਸਿਲਸਿਲਾ ਸ਼ੁਰੂ ਹੋ ਜਾਵੇਗਾ। ਇਹ ਸਾਰਾ ਕੰਮ ਇਕ ਝਟਕੇ ਨਾਲ ਹੀ ਨਹੀਂ ਹੋ ਜਾਣਾ। ਕਿਸਾਨਾਂ ਸਿਰ ਆੜ੍ਹਤੀਆਂ ਦਾ, ਬੈਂਕਾਂ ਦਾ

Original with;
Punjab Vidhan Sabha
Digitized by;
Panjab Digital Library

ਬਹੁਤ ਕਰਜ਼ਾ ਹੈ ਅਤੇ ਇਹ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਜਿਥੋਂ ਤੱਕ ਰਿਲੀਫ਼ ਦੇਣ ਦੀ ਗੱਲ ਹੈ, ਚਾਹੇ ਐਗਰੀਕਲਚਰ ਲੋਨ ਦੀ ਲਿਮਟ ਵਧਾਈ ਜਾਵੇ ਅਤੇ ਚਾਹੇ ਟਰੈਕਟਰਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ, ਇਸ ਨਾਲ ਇਸ ਡੈਬਟ ਨੇ ਹੋਰ ਵਧਣਾ ਹੈ। ਜੇ ਅਸੀਂ 200 ਕਰੋੜ ਰੁਪਏ ਦਾ ਕੋਈ ਕਾਰਪਸ ਬਣਾ ਦੇਈਏ ਤਾਂ ਮੈਚਿੰਗ ਗ੍ਰਾਂਟ ਦੇ ਰੂਪ ਵਿਚ 200-250 ਕਰੋੜ ਰੁਪਿਆ ਪਾਉਣ ਲਈ ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਵੀ ਕਹਿ ਸਕਦੇ ਹਾਂ। ਕੁਝ ਇਸ ਤਰ੍ਹਾਂ ਦੇ ਅਦਾਰੇ ਹਨ ਜਿਹੜੇ ਕਿ ਜ਼ਿਮੀਦਾਰਾਂ ਨਾਲ ਰੀਲੇਟਿਡ ਹਨ, ਜਿਵੇਂ ਮੰਡੀ ਬੋਰਡ ਹੈ, ਰੂਰਲ ਡਿਵੈਲਪਮੈਂਟ ਵਿਭਾਗ ਹੈ, ਉਹ ਵੀ ਕੁਝ ਪੈਸੇ ਪਾ ਸਕਦੇ ਹਨ। 500 ਕਰੋੜ ਰੁਪਏ ਦਾ ਕੋਰਪਸ ਜੇਕਰ ਜੈਨਰੇਟ ਕੀਤਾ ਜਾ ਸਕਦਾ ਹੈ ਤਾਂ ਜਿਹੜੇ ਪਰਿਵਾਰਾਂ ਦੇ ਜੈਨੂਅਨ ਡੈਟ ਰੀਲੇਟਿਡ ਸੁਸਾਈਡਜ਼ ਹਨ, ਉਸ ਨਾਲ ਇਕ ਲਾਂਗ ਟਰਮ ਪਾਲਿਸੀ ਬਣਾ ਕੇ ਉਨ੍ਹਾਂ ਪਰਿਵਾਰਾਂ ਨੂੰ ਇਮਦਾਦ ਦਿਤੀ ਜਾ ਸਕਦੀ ਹੈ। ਇਹ ਮੈਂ ਆਪਣੀ ਪਾਰਟੀ ਵੱਲੋਂ ਜ਼ੋਰਦਾਰ ਅਪੀਲ ਕਰਨਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਕੋਈ ਕੋਰਪਸ ਬਣਾ ਕੇ ਇਸ ਨੂੰ ਕੁਝ ਹੱਦ ਤੱਕ ਆਪਾਂ ਰੋਕਣ ਦਾ ਉਪਰਾਲਾ ਕਰੀਏ। ਜੇਕਰ ਐਗਰੀਕਲਚਰ ਨੂੰ ਆਪਾਂ ਪਰਾਫਿਟੇਬਲ ਨਹੀਂ ਬਣਾ ਸਕਦੇ ਤਾਂ ਜਿਨ੍ਹਾਂ ਲੋਕਾਂ ਦਾ ਕੋਈ ਹੋਰ ਚਾਰਾ ਨਹੀਂ, ਉਨ੍ਹਾਂ ਦਾ ਕੋਈ ਆਰਥਿਕ ਸਾਧਨ ਨਹੀਂ ਜਿਹੜੇ ਇਸ ਹੱਦ ਤੱਕ ਨੀਚੇ ਜਾ ਚੁੱਕੇ ਹਨ, ਉਨ੍ਹਾਂ ਦੀ ਕੋਈ ਮਦਦ ਜ਼ਰੂਰ ਕਰ ਸਕੀਏ।

ਇਸੇ ਤਰ੍ਹਾਂ ਹੀ ਦੋ ਅਹਿਮ ਮਸਲੇ ਸਾਡੇ ਪੇਂਡੂ ਪੰਜਾਬ ਵਿੱਚ ਹਨ। ਜਿਨ੍ਹਾਂ ਬਾਰੇ ਵਿਸ਼ੇਸ਼ ਤੌਰ ਤੇ ਆਪਣੀਆਂ ਸਪੀਚਾਂ ਦੇ ਵਿੱਚ ਆਪਾਂ ਸਾਰੇ ਗੱਲਾਂ ਕਰਦੇ ਹਾਂ ਕਿ ਜਿਹੜਾ 66 ਫੀਸਦੀ ਹਿੱਸਾ ਪੰਜਾਬ ਦੇ ਲੋਕ ਹਨ, ਉਹ ਪਿੰਡਾਂ ਦੇ ਵਿੱਚ ਰਹਿੰਦੇ ਹਨ। ਮੈਜਾਰਿਟੀ ਲੈਜਿਸਲੇਟਰ ਜਿਹੜੇ ਆਪਾਂ ਏਥੇ ਬੈਠੇ ਹਾਂ ਸਾਰੇ ਹੀ ਪਿੰਡਾਂ ਦੇ ਵਿੱਚੋਂ ਚੁਣ ਕੇ ਆਏ ਹਾਂ। ਇਕ ਗੱਲ ਆਪਾਂ ਨੂੰ ਮੰਨਣੀ ਚਾਹੀਦੀ ਹੈ ਕਿ ਪਿੰਡਾਂ ਦੇ ਵਿੱਚ ਇਨਫਰਾਸਟ੍ਰਕਚਰ ਦੇਣ ਵਾਸਤੇ ਸਰਕਾਰ ਦੇ ਵਿਸ਼ੇਸ਼ ਤੌਰ ਤੇ ਦੋ ਇਮਪਾਰਟੈਂਟ ਏਰੀਆਜ਼ ਹਨ, ਐਜੂਕੇਸ਼ਨ ਅਤੇ ਹੈਲਥ। These are almost at the verge of collapse. ਕੁਝ ਸਾਹ ਲੈਂਦੇ ਹਨ। ਬੜੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਮਿਸਾਲ ਦੇ ਤੌਰ ਤੇ ਸਿੱਖਿਆ ਦੇ ਖੇਤਰ ਵਿੱਚ ਸਰਵ ਸਿੱਖਿਆ ਅਭਿਆਨ ਹੈ। ਪਿਛਲੀ ਸਰਕਾਰ ਨੇ ਵੀ ਇਸ ਵਾਸਤੇ ਪੈਸੇ ਦਿੱਤੇ, ਤੁਸੀਂ ਵੀ ਦਿੱਤੇ (ਆਵਾਜ਼ਾਂ : ਇਹ ਸੈਂਟਰ ਦੀ ਸਕੀਮ ਹੈ) ਮੈਨੂੰ ਪਤਾ ਹੈ। ਇਸ ਸਕੀਮ ਦੇ ਤਹਿਤ ਕੀ ਹੋ ਰਿਹਾ ਹੈ? ਇਕ ਐਡੀਸ਼ਨਲ ਕਲਾਸ ਰੂਮ ਬਣਾ ਦਿੱਤਾ ਜਾਂਦਾ ਹੈ, ਇਕ ਬਾਥਰੂਮ ਬਣਾ ਦਿੱਤਾ ਜਾਂਦਾ ਹੈ। 35,000 ਰੁਪਿਆ ਖਰਚ ਦਿੱਤਾ ਜਾਂਦਾ ਹੈ, ਬੱਸ, ਜ਼ਿੰਮੇਵਾਰੀ ਖ਼ਤਮ। ਪਤਾ ਨਹੀਂ ਕਿਸ ਨੇ ਇਹ ਸਕੀਮ ਬਣਾਈ ਹੈ। ਇਸ ਬਾਰੇ ਕਦੇ ਕਿਸੇ ਨੇ ਸੋਚਿਆ ਹੀ ਨਹੀਂ ਕਿ ਕੀ ਇਸ ਸਕੀਮ ਦੇ ਨਾਲ ਕਿਸੇ ਦੀ ਮਾਨਸਿਕਤਾ ਠੀਕ ਹੋਈ, ਬੱਚਿਆਂ ਦਾ ਬੌਧਿਕ ਵਿਕਾਸ ਹੋਇਆ ਜਾਂ ਨਹੀਂ। ਤੁਸੀਂ ਇਨਕੁਆਰੀ ਕਰਵਾ ਕੇ ਦੇਖ ਲਓ ਕਿ ਜਿੰਨੀ ਦੇਰ ਤੋਂ ਇਹ ਸਕੀਮ ਲਾਗੂ ਹੈ ਉਦੋਂ ਤੋਂ ਇਸ ਨਾਲ ਬੱਚਿਆਂ ਦਾ ਐਜੂਕੇਸ਼ਨ ਲੈਵਲ ਉੱਚਾ ਹੋਇਆ ਹੈ ਕਿ ਨਹੀਂ ? ਪਿੰਡਾਂ ਦੇ ਵਿੱਚ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਕਿ ਨਹੀਂ, ਪੜ੍ਹਾਈ ਬੇਹਤਰ ਹੋ ਰਹੀ ਹੈ ਕਿ ਨਹੀਂ ? ਡਿਪਟੀ ਸਪੀਕਰ ਸਾਹਿਬ, ਅਤਿ ਗਰੀਬ ਪਰਿਵਾਰਾਂ ਦੇ ਬੱਚੇ ਹੀ ਉਥੇ ਪੜ੍ਹਨ ਜਾਂਦੇ ਹਨ। ਮੈਂ ਇਹ ਕਹਿਣ ਵਿੱਚ ਗੁਰੇਜ਼ ਨਹੀਂ ਕਰਨਾ ਚਾਹੁੰਦਾ ਕਿ ਉਥੇ ਕੇਵਲ ਸ਼ਡਿਊਲਡ ਕਾਸਟਸ ਫੈਮਲੀਜ਼ ਦੇ ਬੱਚੇ ਹੀ ਪੜ੍ਹਾਈ ਕਰਦੇ ਹਨ। ਕਈ ਪਿੰਡਾਂ ਦੀ ਹਾਲਤ ਤੁਸੀਂ ਵੀ ਜਾਣਦੇ ਹੋ ਕਿ ਕਈਆਂ ਦੀ ਚਾਰਦੀਵਾਰੀ ਨਹੀਂ,

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਪਾਲ ਸਿੰਘ ਖਹਿਰਾ]

ਬੱਚਿਆਂ ਦੇ ਬੈਠਣ ਲਈ ਕਮਰੇ ਨਹੀਂ, ਲੋੜੀਂਦਾ ਫਰਨੀਚਰ ਨਹੀਂ, ਬੱਚਿਆਂ ਦੇ ਕੋਲ ਬੁੱਕਸ ਨਹੀਂ। ਇਹ ਜਿਹੜੇ ਸਕੂਲ ਹਨ, ਇਹ ਦੇਖਣ ਵਾਲੇ ਹਨ। ਇਨ੍ਹਾਂ ਸਕੂਲਾਂ ਵਿੱਚ ਪੜ੍ਹਣ ਵਾਲੇ ਬੱਚਿਆਂ ਦਾ ਕੀ ਬਣੇਗਾ ? ਇਹ ਸੋਚਣ ਵਾਲੀ ਗੱਲ ਹੈ What is the future of these children ? ਇਨ੍ਹਾਂ ਸਕੂਲਾਂ ਦੇ ਵਿੱਚੋਂ ਪੜ੍ਹ ਕੇ ਕੀ ਕੋਈ, ਇਹ ਜਿਹੜੀਆਂ ਸ਼ਹਿਰਾਂ ਦੇ ਵਿੱਚ ਨੌਕਰੀਆਂ ਜੈਨਰੇਟ ਹੋ ਰਹੀਆਂ ਹਨ, ਕੀ ਉਹ ਬੱਚੇ ਇਹ ਨੌਕਰੀਆਂ ਲੈ ਸਕਣਗੇ ? ਨਹੀਂ। ਕੋਈ ਆਈ.ਏ.ਐਸ. ਜਾਂ ਆਈ.ਪੀ.ਐਸ. ਬਣ ਸਕੇਗਾ? ਨਹੀਂ। ਇਨ੍ਹਾਂ ਵਿਚੋਂ ਕੋਈ ਵੀ ਬੱਚਾ, ਮੇਰਾ ਖਿਆਲ ਹੈ ਕਿ ਪ੍ਰਾਈਵੇਟ ਸੈਕਟਰ ਵਿੱਚ ਕੋਈ ਰਲਾਇੰਸ ਦੀ ਨੌਕਰੀ ਵੀ ਨਹੀਂ ਲੈ ਸਕੇਗਾ। ਜੇਕਰ ਕੋਈ ਵੱਡੀ ਇੰਡਸਟਰੀ ਲਗਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਕੋਲ ਅਜਿਹੀ ਸਮਰੱਥਾ ਹੀ ਨਹੀਂ ਹੋ ਸਕੇਗੀ। ਅਜਿਹੇ ਸਕੂਲਾਂ ਦੇ ਵਿੱਚ ਬੱਚਿਆਂ ਦਾ ਡਰਾਪ ਆਊਟ ਰੇਟ ਕੀ ਹੈ? ਪ੍ਰਾਇਮਰੀ ਲੈਵਲ ਤੱਕ ਕਈ ਬੱਚੇ ਪੜ੍ਹਾਈ ਕਰਨਾ ਛੱਡ ਜਾਂਦੇ ਹਨ। ਸੈਕੰਡਰੀ ਲੈਵਲ ਤੱਕ 50 ਤੋਂ 60% ਬੱਚੇ ਬਾਹਰ ਹੋ ਜਾਂਦੇ ਹਨ। Again this needs a very long term planning. ਇਹ ਜਿਹੜੀ ਚੀਪ ਪਾਪੂਲਿਸਟ ਪਾਲੇਟਿਕਸ ਹੈ, ਇਸ ਨਾਲ ਐਜੂਕੇਸ਼ਨ ਨੂੰ ਸਟਰੀਮਲਾਈਨ ਨਹੀਂ ਕੀਤਾ ਜਾ ਸਕਦਾ ਹੈ। ਇਸ ਪਾਸੇ 15-20 ਸਾਲ ਅੱਗੇ ਸੋਚਣ ਦੀ ਲੋੜ ਹੈ। ਇਨ੍ਹਾਂ ਦੀ ਬੈਟਰਮੈਂਟ ਲਈ ਸੋਚਣ ਦੀ ਲੋੜ ਹੈ। ਪ੍ਰਾਈਵੇਟ ਐਜੂਕੇਸ਼ਨ ਅੱਜ ਸਾਰੇ ਪੰਜਾਬ ਦੇ ਵਿੱਚ ਪਨਪ ਰਹੀ ਹੈ। ਸਰਕਾਰੀ ਸਕੂਲਾਂ ਦੇ ਸਿਰ ਤੇ ਪ੍ਰਾਈਵੇਟ ਸਕੂਲ ਖੁਲ੍ਹ ਰਹੇ ਹਨ। ਆਮ ਦੇਖਣ ਵਿੱਚ ਆਉਂਦਾ ਹੈ ਕਿ ਪਿੰਡਾਂ ਦੇ ਵਿੱਚ ਛੋਟੇ-ਛੋਟੇ ਕਮਰਿਆਂ ਦੇ ਵਿੱਚ ਪ੍ਰਾਈਵੇਟ ਸਕੂਲ ਖੁਲ੍ਹੇ ਹੋਏ ਹਨ। ਉਨ੍ਹਾਂ ਕੋਲ ਨਾ ਰੋਸ਼ਨੀ ਦਾ ਪੂਰਾ ਪ੍ਰਬੰਧ ਹੈ, ਨਾ ਉਨ੍ਹਾਂ ਕੋਲ ਕੋਈ ਪਲੇਅ ਗਰਾਊਂਡ ਹੈ, ਨਾ ਬਿਜਲੀ ਦਾ ਪੂਰਾ ਇੰਤਜ਼ਾਮ ਹੈ, ਲੇਕਿਨ ਸਰਕਾਰੀ ਸਕੂਲਾਂ ਦੇ ਮੁਕਾਬਲੇ ਕਈ ਗੁਣਾਂ ਜ਼ਿਆਦਾ ਉਹ ਫੀਸ ਲੈ ਜਾਂਦੇ ਹਨ। ਜਿਸ ਕੋਲ ਵੀ ਪਿੰਡਾਂ ਦੇ ਵਿੱਚ ਆਮਦਨ ਦਾ ਕੋਈ ਮਾੜਾ ਮੋਟਾ ਵਸੀਲਾ ਹੈ, ਉਹ ਚਾਹੁੰਦਾ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਵਿੱਚ ਬੱਚਿਆਂ ਨੂੰ ਪੜ੍ਹਾਉਣ ਲਈ ਲਾਇਆ ਜਾਵੇ। ਇਸ ਕਰਕੇ ਮੈਂ ਇਸ ਬਜਟ ਤੇ ਗੌਰ ਕੀਤਾ ਹੈ। ਜਿਸ ਤਰ੍ਹਾਂ ਸਮਰਾ ਸਾਹਿਬ ਨੇ ਕਿਹਾ ਹੈ ਕਿ ਸਰਵ ਸਿੱਖਿਆ ਅਭਿਯਾਨ, ਜਿਸ ਦਾ ਕੁਝ ਹਿੱਸਾ ਮੈਚਿੰਗ ਗਰਾਂਟ ਵਜੋਂ ਪਾਉਣਾ ਪੈਂਦਾ ਹੈ, ਲੇਕਿਨ ਉਸ ਦੇ ਬਾਵਜੂਦ ਮੈਂ ਐਜੂਕੇਸ਼ਨ ਦੇ ਫੀਲਡ ਵਾਸਤੇ ਇਸ ਬਜਟ ਵਿਚ ਕੋਈ ਹੋਰ ਉਪਰਾਲਾ ਨਹੀਂ ਵੇਖਿਆ। ਮਹੀਨਾ-ਡੇਢ ਮਹੀਨਾ ਪਹਿਲਾਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਆਪਣਾ ਇਕ 35000 ਕਰੋੜ ਰੁਪਏ ਦਾ ਵੀਜ਼ਨ ਅਨ-ਫੋਲਡ ਕੀਤਾ ਸੀ ਅਤੇ ਪ੍ਰੈਸ ਰਾਹੀਂ ਲੋਕਾਂ ਨੂੰ ਦੱਸਿਆ ਸੀ ਜਿਸ ਵਿਚ ਇਨਫਰਮੇਸ਼ਨ ਅਤੇ ਟੈਕਨਾਲੋਜੀ ਪਾਰਕਾਂ ਦੀ ਗੱਲ ਕੀਤੀ ਗਈ ਸੀ, ਪੇਂਡੂ ਸਿੱਖਿਆ ਬਾਰੇ ਗੱਲ ਕੀਤੀ ਗਈ ਸੀ, ਪਾਵਰ ਜੈਨਰੇਸ਼ਨ ਦੀ ਗੱਲ ਕੀਤੀ ਗਈ ਸੀ। Cabin crew and air hostess training schools ਦੀ ਗੱਲ ਕੀਤੀ ਗਈ ਸੀ। ਇਸੇ ਲੜੀ ਵਿਚ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜਟ ਵਿਚ ਪੇਂਡੂ ਸਿੱਖਿਆ ਬਾਰੇ ਕੁਝ ਵੀ ਬਹੁਤ ਨਜ਼ਰ ਨਹੀਂ ਆਇਆ। ਦੂਸਰੀ ਗੱਲ ਸਿਹਤ ਸੇਵਾਵਾਂ ਦੀ ਹੈ। ਜਿਸ ਤਰ੍ਹਾਂ ਸਕੂਲਾਂ ਦਾ ਹਾਲ ਹੈ, ਉਸੇ ਤਰ੍ਹਾਂ ਹੀ ਸਰਕਾਰੀ ਹਸਪਤਾਲਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਭੰਗ ਉੱਗੀ ਹੋਈ ਹੈ, ਮੰਜੇ (ਬੈਡ) ਬਾਹਰ ਰੱਖੇ ਹੋਏ ਹੁੰਦੇ ਹਨ, ਇਨਫ੍ਰਾਸਟ੍ਰਕਚਰ ਪੂਅਰ ਹੈ, ਬਦਬੂ ਮਾਰਦੀ ਹੈ। ਸਰਕਾਰੀ ਹਸਪਤਾਲ ਤਾਂ ਇਕ ਤਰ੍ਹਾਂ ਨਾਲ ਧਾਰਾ 24-26 ਦੇ ਪਰਚੇ ਬਣਾਉਣ ਦਾ ਕੇਂਦਰ ਬਣੇ ਹੋਏ ਹਨ। ਕੋਈ ਆਪਣੇ ਆਪ ਨੂੰ ਸੱਟ ਲਗਾ ਕੇ ਜਾਂਦਾ ਹੈ ਤੇ ਫਟਾਫਟ ਪਰਚਾ ਬਣ ਜਾਂਦਾ ਹੈ। ਇਹ ਸਾਡੀ ਹੈਲਥ ਸੇਵਾਵਾਂ ਸਬੰਧੀ ਪ੍ਰੋਵੀਜ਼ਨ ਹੈ। ਪਿੰਡਾਂ

Original with;
Punjab Vidhan Sabha
Digitized by;
Panjab Digital Library

ਵਿਚ ਪ੍ਰਾਇਮਰੀ ਹੈਲਥ ਸੈਂਟਰ ਹਨ, ਡਿਸਪੈਂਸਰੀਆਂ ਹਨ, ਉਥੇ ਕੋਈ ਹਾਜ਼ਰੀ ਨਹੀਂ, ਡਾਕਟਰ ਲੱਭਦੇ ਨਹੀਂ, ਦਵਾਈਆਂ ਤਾਂ ਕੀ ਮਿਲਣੀਆਂ ਹਨ। ਬੜੀ ਮਾੜੀ ਹਾਲਤ ਹੈ। ਹੈਲਥ ਕਾਰਪੋਰੇਸ਼ਨ ਨੇ ਕੁਝ ਉਪਰਾਲੇ ਕੀਤੇ ਹਨ ਪਰ ਉਹ ਵੀ ਸ਼ਹਿਰਾਂ ਵਿਚ ਕੀਤੇ ਹਨ। ਕੀ ਕਿਸੇ ਨੇ ਸੋਚਿਆ ਹੈ ਕਿ ਪਿੰਡਾਂ ਵਿਚ ਵੀ ਹਸਪਤਾਲਾਂ ਦੀ ਲੋੜ ਹੈ? ਪਿੰਡਾਂ ਵਿਚ ਵੀ ਲੋਕ ਹੈਲਥ ਸਰਵਿਸਿਜ਼ ਲੈਣਾ ਚਾਹੁੰਦੇ ਹਨ। ਸਰਕਾਰੀ ਹਸਪਤਾਲਾਂ ਵਿਚ ਵਿਚਾਰੇ ਉਹੀ ਲੋਕ ਜਾਂਦੇ ਹਨ, ਜਿਨ੍ਹਾਂ ਦਾ ਸ਼ਹਿਰਾਂ ਵਿਚ ਪ੍ਰਾਈਵੇਟ ਹਸਪਤਾਲਾਂ ਵਿਚ ਜਾਣ ਦਾ ਚਾਰਾ ਨਹੀਂ ਹੁੰਦਾ। ਜਲੰਧਰ ਸ਼ਹਿਰ ਇਕੋ ਇਕ ਸੈਂਟਰ ਹੈ ਜਿਥੇ ਹਰਟ, ਨਿਊਰੋਲੋਜੀ ਦੇ ਕਮਰਸ਼ੀਅਲ ਹਸਪਤਾਲ ਹਨ। ਉਥੇ ਦੁਆਬੇ ਦੇ ਬਹੁਤ ਸਾਰੇ ਲੋਕ ਆਉਂਦੇ ਹਨ। ਉਹ ਹਸਪਤਾਲ ਬਹੁਤ ਮਹਿੰਗੀਆਂ ਸਰਵਿਸਿਜ਼ ਦਿੰਦੇ ਹਨ। ਲੋਕਾਂ ਨੂੰ ਮਜ਼ਬੂਰੀ ਵੱਸ ਕਈ ਗੁਣਾ ਪੈਸੇ ਦੇਣੇ ਪੈਂਦੇ ਹਨ ਕਿਉਂਕਿ ਗੌਰਮਿੰਟ ਦੀਆਂ ਹੈਲਥ ਸਰਵਿਸਿਜ਼ ਬਹੁਤ ਹੀ ਪੂਅਰ ਹਨ। ਇਸ ਵਾਸਤੇ ਕੋਈ ਵੀ ਮੀਨਿੰਗਫੁੱਲ ਪ੍ਰੋਵੀਜ਼ਨ ਬਜਟ ਵਿਚ ਨਹੀਂ ਕੀਤੀ ਗਈ। ਇਸ ਵਾਸਤੇ ਲੌਂਗ ਟਰਮ ਪਲਾਨਿੰਗ ਦੀ ਲੋੜ ਹੈ। ਮੇਰਾ ਯਕੀਨ ਹੈ ਕਿ ਵੋਟਾਂ ਨੂੰ ਛੱਡ ਕੇ ਇਸ ਲਈ ਬਲਿਊ-ਪ੍ਰਿੰਟ ਕੱਢੋ, ਕੇਵਲ ਇਨ੍ਹਾਂ ਦੋ ਗੱਲਾਂ ਵਾਸਤੇ, ਐਜੂਕੇਸ਼ਨ ਤੇ ਹੈਲਥ ਵਾਸਤੇ ਬਲਿਊ-ਪ੍ਰਿੰਟ ਕੱਢੋ ਤਾਂ ਲੋਕ ਤੁਹਾਨੂੰ ਯਾਦ ਕਰਨਗੇ। ਰਾਜਭਾਗ ਤਾਂ ਆਉਣੀ-ਜਾਣੀ ਚੀਜ਼ ਹੈ। ਅੱਜ ਕੁਝ ਵੱਡੀਆਂ ਗੱਲਾਂ ਕਰਨ ਦੀ ਲੋੜ ਹੈ। Unfortunately these are the two very important areas, particularly in rural areas.

ਅੱਗੇ ਮੈਂ ਇੰਪਲਾਇਮੈਂਟ ਦੀ ਗੱਲ ਕਰਨਾ ਚਾਹੁੰਦਾ ਹਾਂ ਜਿਹੜੀ ਕਿ ਸਿਹਤ ਨਾਲ ਹੀ ਰਿਲੇਟਿਡ ਹੈ। ਜੇਕਰ ਸਿਹਤ ਹੀ ਨਹੀਂ, ਪਰਸਨੈਲਟੀ ਹੀ ਨਹੀਂ, ਕੋਈ ਇੰਪਰੈਸ਼ਨ ਹੀ ਨਹੀਂ ਤਾਂ ਉਹ ਸ਼ਹਿਰੀਆਂ ਦੇ ਮੁਕਾਬਲੇ ਕੀ ਕੰਪੀਟੀਸ਼ਨ ਲੜੇਗਾ। ਪੇਂਡੂ ਖੇਤਰ ਵਿਚ ਕੋਈ ਤਾਲੀਮ ਹੀ ਨਹੀਂ ਜਿਸ ਤਰ੍ਹਾਂ ਐਮ.ਬੀ.ਏ., ਬੀ.ਬੀ.ਏ., ਬੀ.ਸੀ.ਏ. ਆਦਿ। ਜਦੋਂ ਕਿ ਪੰਜਾਬ ਵਿਚ 12,700 ਪਿੰਡ ਹਨ, ਕੋਈ ਅੱਛੇ ਕੋਰਸ ਹੀ ਨਹੀਂ, ਟਰੇਨਿੰਗ ਹੀ ਨਹੀਂ। ਜਿਵੇਂ ਢਾਂਡਾ ਸਾਹਿਬ ਕਹਿ ਰਹੇ ਸੀ ਕਿ ਸ਼ਹਿਰਾਂ ਵਿਚ ਹਰ ਤਰ੍ਹਾਂ ਦੇ ਕੋਰਸ, ਇਨਫਰਮੇਸ਼ਨ ਟੈਕਨਾਲੋਜੀ, ਟੈਕਨੀਕਲ ਕੋਰਸ ਆਦਿ ਹਨ। ਇਸ ਤਰ੍ਹਾਂ ਕਰਨ ਨਾਲ there is going to be a huge gap between the urban and rural population. ਇਸ ਨਾਲ ਪੰਜਾਬ ਦੇ ਲੋਕਾਂ ਵਿਚ ਅਨਰੈਸਟ ਪੈਦਾ ਹੋਵੇਗੀ। ਪੰਜਾਬ ਦੇ ਲੋਕ ਵੀ ਅੱਛੀ ਤਰ੍ਹਾਂ ਜੀਉਣਾ ਚਾਹੁੰਦੇ ਹਨ, ਉਹ ਵੀ ਅੱਛੀਆਂ ਸਿਹਤ ਸਹੂਲਤਾਂ ਮਾਣਨਾ ਚਾਹੁੰਦੇ ਹਨ, ਉਹ ਵੀ ਟੀ.ਵੀ., ਫਰਿਜ, ਮੋਟਰਸਾਈਕਲ ਤੇ ਕਾਰਾਂ ਚਾਹੁੰਦੇ ਹਨ। ਉਹ ਵੱਡੀ ਗਿਣਤੀ ਵਿਚ ਮਾਈਗਰੇਸ਼ਨ ਕਰਕੇ ਬਾਹਰ ਜਾ ਰਹੇ ਹਨ। ਇਕ ਦਿਨ ਇਹ ਮਾਈਗਰੇਸ਼ਨ ਸਾਰੇ ਪੰਜਾਬ ਵਿਚੋਂ ਸ਼ੁਰੂ ਹੋ ਜਾਵੇਗੀ। ਇੰਪਲਾਇਮੈਂਟ ਬਾਰੇ ਕੇਵਲ ਇਤਨਾ ਹੀ ਕਿਹਾ ਗਿਆ ਹੈ ਕਿ ਇਕ ਨਵਾਂ ਡਿਪਾਰਟਮੈਂਟ ਬਣਾਇਆ ਜਾਵੇਗਾ। ਇਸ ਦੇ ਨਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਕੁਝ ਫੰਡ ਵੀ ਰੱਖੇ ਗਏ ਹਨ। ਸਵਾਲ ਹੈ ਕਿ ਉਹ ਕੀ ਕਰੇਗਾ, ਕਿਥੋਂ ਹੋਰ ਜ਼ਰੀਏ ਲਿਆਵੇਗਾ, ਕਿਸ ਤਰ੍ਹਾਂ ਪੇਂਡੂਆਂ ਨੂੰ ਸ਼ਹਿਰੀਆਂ ਦੇ ਮੁਕਾਬਲੇ ਖੜ੍ਹਾ ਕਰਨ ਅਤੇ ਨੌਕਰੀਆਂ ਦਿਵਾਉਣ ਲਈ ਯਤਨ ਕਰੇਗਾ, ਇਸ ਦਾ ਕੋਈ ਵੀ ਜ਼ਿਕਰ ਨਜ਼ਰ ਨਹੀਂ ਆਉਂਦਾ। ਕੋਈ ਇੰਡਸਟ੍ਰੀਲਾਈਜ਼ੇਸ਼ਨ ਦਾ ਜ਼ਿਕਰ ਇਸਦੇ ਵਿੱਚ ਨਹੀਂ ਆਉਂਦਾ। ਕੋਈ ਇਸ ਤਰ੍ਹਾਂ ਦੀ

Original with;
Punjab Vidhan Sabha
Digitized by;
Panjab Digital Library

**[ਸਰਦਾਰ ਸੁਖਪਾਲ ਸਿੰਘ ਖਹਿਰਾ]**

ਵਿਵਸਥਾ ਇਸ ਬਜਟ ਵਿੱਚ ਨਹੀਂ ਜਿਸ ਦੇ ਨਾਲ ਪੰਜਾਬ ਦੇ ਨੌਜਵਾਨ ਨੂੰ ਕੋਈ ਰਾਹਤ ਮਿਲ ਸਕੇ। ਬੇਰੋਜ਼ਗਾਰ ਨੌਜਵਾਨਾਂ ਦੀ ਬਹੁਤ ਵੱਡੀ ਤਾਦਾਦ ਹੈ। They are totally frustrated. ਮੈਂ ਲਾਅ ਐਂਡ ਆਰਡਰ ਤੇ ਆ ਰਿਹਾ ਹਾਂ। ਲੇਟੈਸਟ ਫਿਗਰਜ਼ ਅਸੀਂ ਲਈਆਂ ਹਨ। ਜਿਹੜੀ ਸੋਸ਼ਲ ਅਨਰੈਸਟ ਹੈ, ਇਹ ਕਿਸੇ ਸਰਕਾਰ ਦੀ ਦੇਣ ਨਹੀਂ, ਇਹ ਆਨਗੋਇੰਗ ਪ੍ਰੋਸੈਸ ਹੈ। ਇਸਦੇ ਨਾਲ ਸਿਵਲ ਅਨਰੈਸਟ ਹੋਵੇਗਾ, ਬੇਚੈਨੀ ਹੋਵੇਗੀ। ਇਸ ਦੇ ਨਾਲ ਸ਼ਹਿਰਾਂ ਅਤੇ ਪਿੰਡਾਂ ਵਿੱਚ ਕਾਫੀ ਅੰਤਰ ਵਧਿਆ ਹੈ। ਜਦੋਂ ਕੋਈ ਵੇਖਦਾ ਹੈ ਕਿ ਫਲਾਣੇ ਕੋਲ ਇਹ ਚੀਜ਼ ਹੈ ਅਤੇ ਮੇਰੇ ਕੋਲ ਨਹੀਂ ਤਾਂ ਉਸਦੇ ਵਿੱਚ ਅਜਿਹੀ ਭਾਵਨਾ ਆਉਂਦੀ ਹੈ। ਮੈਂ ਇਸੇ ਕਰਕੇ ਹੀ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਤਿੰਨ ਏਰੀਆਜ਼ ਬਾਰੇ ਜੋ ਮੈਂ ਸੁਝਾਉ ਦਿਤੇ ਹਨ, ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਤੋਂ ਇਲਾਵਾ ਛੋਟੀਆਂ ਛੋਟੀਆਂ ਗੱਲਾਂ ਜਿਸ ਤਰ੍ਹਾਂ ਸਮਰਾ ਸਾਹਿਬ ਨੇ ਕਹੀਆਂ ਹਨ, ਕਾਫੀ ਸਕੀਮਾਂ ਹਨ, ਜਿਨ੍ਹਾਂ ਦੇ ਵਾਸਤੇ ਗੌਰਮਿੰਟ ਆਫ਼ ਇੰਡੀਆ ਦੀ ਪਾਰਟੀਸੀਪੇਸ਼ਨ ਹੈ। ਜਿਸ ਤਰ੍ਹਾਂ ਅੱਜ ਬਾਦਲ ਸਾਹਿਬ ਨੇ ਸਵੇਰੇ ਖੁਦ ਮੰਨਿਆ ਹੈ ਅਤੇ ਪਹਿਲੀਂ ਵੇਰ ਉਨ੍ਹਾਂ ਨੇ ਤਸਲੀਮ ਕੀਤਾ ਹੈ ਕਿ ਡਾਕਟਰ ਮਨਮੋਹਨ ਸਿੰਘ ਦੀ ਦੇਣ ਹੈ, ਇਸ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ 2-3 ਇਲੈਕਸ਼ਨਾਂ ਲੰਘ ਚੁੱਕੀਆਂ ਹਨ, (ਸਰਕਾਰੀ ਬੈਂਚਿਜ਼ ਵਲੋਂ ਵਿਘਨ) ਕੁਝ ਤਾਂ ਕਰੀਟੀਸੀਜ਼ਮ ਸੁਣ ਲਓ। ਮੇਰੀ ਗੱਲ ਸੁਣ ਲਓ। ਜੇ ਇੱਥੇ ਸੁਰਿੰਦਰ ਕੁਮਾਰ ਸਿੰਗਲਾ ਆ ਜਾਂਦਾ ਤਾਂ ਉਨ੍ਹਾਂ ਨੇ ਤੁਹਾਡੀਆਂ ਸਾਰੀਆਂ ਗੱਲਾਂ ਦਾ ਜਵਾਬ ਦੇ ਦੇਣਾ ਸੀ। ਬਰਾੜ ਸਾਹਿਬ ਨੇ ਇਸ ਰਿਫਾਈਨਰੀ ਦੀ ਸ਼ੁਰੂਆਤ ਕੀਤੀ ਸੀ।

**ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਮਨੋਰੰਜਨ ਕਾਲੀਆ) :** ਮਾਨਯੋਗ ਡਿਪਟੀ ਸਪੀਕਰ ਸਾਹਿਬ, ** ** ** **

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) :** ਡਿਪਟੀ ਸਪੀਕਰ ਸਾਹਿਬ, ** ** ** **

**Mr. Deputy Speaker :** This is no Point of Order.

**ਸਰਦਾਰ ਅਵਤਾਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਹਾਊਸ ਵਿੱਚ ਜਦੋਂ ਮਤਾ ਆਇਆ ਸੀ ਤੇ ਮੈਂ ਕਿਹਾ ਸੀ ਕਿ ਕਿਰਕਿਰੀ ਪੈਦਾ ਨਾ ਕਰੀਏ। ਬਹੁਤ ਅੱਛੀ ਗੱਲ ਹੈ ਕਿ ਰਿਫਾਈਨਰੀ ਲੱਗ ਰਹੀ ਹੈ ਪਰ ਜਦੋਂ ਰਿਫਾਈਨਰੀ ਲਗਾਉਣ ਦੀਆਂ ਗੱਲਾਂ ਚੱਲੀਆਂ ਸੀ ਤੇ ਜਿਨ੍ਹਾਂ ਪਿੰਡਾਂ ਵਿਚੋਂ ਕਿਸਾਨਾਂ ਦੀ ਜ਼ਮੀਨ ਲਈ ਗਈ ਸੀ, ਉਨ੍ਹਾਂ ਨੇ ਬਹੁਤ ਵੱਡਾ ਧਰਨਾ ਲਗਾਇਆ ਸੀ। ਉਸ ਧਰਨੇ ਵਿੱਚ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਵੀ ਬੈਠੇ ਸਨ ਕਿ ਇਨ੍ਹਾਂ ਪਿੰਡਾਂ ਦੀ ਜ਼ਮੀਨ ਐਕੁਆਇਰ ਨਾ ਕੀਤੀ ਜਾਵੇ। ਮੈਂ ਇਹ ਗੱਲਾਂ ਨਹੀਂ ਕਰਨੀਆਂ ਚਾਹੁੰਦਾ ਸੀ ਪਰ ਅੱਜ ਇਹ ਬਹੁਤ ਵਧੀਆ ਗੱਲ ਹੋਈ ਹੈ ਕਿ ਰਿਫਾਈਨਰੀ ਬਣਨ ਜਾ ਰਹੀ ਹੈ। ਇਹ ਗੱਲ ਸੱਚ ਹੈ। ਇਹ ਹਕੀਕਤ ਹੈ ਤੇ ਜੇ ਹਕੀਕਤ ਨਾ ਹੋਵੇ ਤਾਂ ਮੈਨੂੰ ਜੋ ਮਰਜ਼ੀ ਸਜ਼ਾ ਦੇ ਦਿਓ, ਮੈਂ ਸਹਿਣ ਨੂੰ ਤਿਆਰ ਹਾਂ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** :ਡਿਪਟੀ ਸਪੀਕਰ ਸਾਹਿਬ, ਬਰਾੜ ਸਾਹਿਬ ਨੇ ਕਿਹਾ ਹੈ ਕਿ ਧਰਨੇ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਖੜ੍ਹੇ ਹੋਏ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਪੂਰੇ ਪੈਸੇ ਨਹੀਂ ਮਿਲੇ ਸਨ, ਇਸ ਵਾਸਤੇ ਬਾਦਲ ਸਾਹਿਬ ਖੜ੍ਹੇ ਹੋਏ ਸਨ। ਮੇਰੇ ਮਾਨਯੋਗ ਸਾਥੀ ਨੇ ਕਿਹਾ ਕਿ ਇਹ ਸੈਂਟਰ ਸਰਕਾਰ ਨੇ ਕੀਤਾ ਹੈ। ਸੈਂਟਰ ਸਰਕਾਰ ਤਾਂ ਇੱਕ ਮੱਝ ਦੀ ਤਰ੍ਹਾਂ ਹੈ। ਮੱਝ ਨੂੰ ਚੋਣ ਲਈ ਵੀ ਹਿੰਮਤ ਚਾਹੀਦੀ ਹੈ। ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਹਿੰਮਤ ਕਰਕੇ ਦੁੱਧ ਚੋਇਆ ਹੈ (ਥੰਪਿੰਗ)। ਇਨ੍ਹਾਂ ਨੂੰ ਬਾਦਲ ਸਾਹਿਬ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਦੁੱਧ ਲਿਆਂਦਾ ਹੈ। ਆਪਣੇ ਆਪ ਗਾਂ ਜਾਂ ਮੱਝ ਦੁੱਧ ਨਹੀਂ ਦੇ ਦਿੰਦੀ।

**ਮਾਨਯੋਗ ਡਿਪਟੀ ਸਪੀਕਰ** : ਖਹਿਰਾ ਸਾਹਿਬ ਨੂੰ ਬੋਲਣ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਸ਼ੁਕਰੀਆ ਕੀਤਾ ਸੀ, ਬਾਦਲ ਸਾਹਿਬ ਦਾ ਤੇ ਡਾਕਟਰ ਮਨਮੋਹਨ ਸਿੰਘ ਜੀ ਦਾ। ਸਿਰਫ ਇੰਨੀ ਗੱਲ ਕੀਤੀ ਸੀ ਪਰ ਇਨ੍ਹਾਂ ਨੇ ਤਾਂ ਇੰਨਾ ਰੌਲਾ ਪਾ ਦਿੱਤਾ ਹੈ। 10-12 ਮਿੰਟ ਵੇਸਟ ਹੋ ਗਏ ਹਨ। ਹੁਣ ਆਪਾਂ ਧੰਨਵਾਦ ਵੀ ਨਾ ਕਰੀਏ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਅੱਗੇ ਚੱਲਣਾ ਚਾਹੁੰਦਾ ਹਾਂ। ਐਫ.ਐਮ. ਸਾਹਿਬ ਵੱਲੋਂ ਸੌ ਕਰੋੜ ਰੁਪਏ ਦੀ ਪ੍ਰੋਵੀਜ਼ਨ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਰੀਸਰਚ ਕਾਰਜਾਂ ਵਾਸਤੇ ਕੀਤੀ ਗਈ ਹੈ ਪਰ ਇਹ ਐਲੋਕੇਸ਼ਨ ਵੀ ਡਾਕਟਰ ਮਨਮੋਹਨ ਸਿੰਘ ਜੀ ਦੀ ਦੇਣ ਹੈ। ਇਹ ਇਨਫਰਾਸਟਰਕਚਰ ਤੇ ਰਿਸਰਚ ਵਾਸਤੇ ਜੋ 100 ਕਰੋੜ ਰੁਪਿਆ ਦਿੱਤਾ ਗਿਆ ਹੈ, ਇਹ ਵੀ ਗੌਰਮਿੰਟ ਆਫ ਇੰਡੀਆ ਦੀ ਦੇਣ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ)** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੇਰੇ ਅਜ਼ੀਜ਼ ਬੜੀਆਂ ਵਧੀਆ ਗੱਲਾਂ ਕਰ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸੈਂਟਰ ਵਿੱਚ ਸਰਦਾਰ ਮਨਮੋਹਨ ਸਿੰਘ ਜੀ ਪ੍ਰਾਈਮ ਮਨਿਸਟਰ ਸਨ ਤੇ ਉਦੋਂ ਪੰਜਾਬ ਵਿਚ ਸਰਦਾਰ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ, ਉਦੋਂ ਇਨ੍ਹਾਂ ਦੇ ਪੰਜ ਸਾਲਾਂ ਵਿਚ ਇਹ ਕੰਮ ਕਿਉਂ ਨਾ ਹੋਇਆ?

**ਸਰਦਾਰ ਸੁਖਪਾਲ ਸਿੰਘ ਖਹਿਰਾ** : ਹਰ ਚੀਜ਼ ਨੂੰ ਕਰਨ ਵਿੱਚ ਕੋਈ ਪ੍ਰੋਸੀਜ਼ਰ ਫਾਲੋ ਕੀਤਾ ਜਾਂਦਾ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** : ਪੰਜ ਸਾਲ ਤੁਸੀਂ ਲੱਗੇ ਰਹੇ ਪਰ ਕੋਈ ਕੰਮ ਨਹੀਂ ਹੋਇਆ।

**ਮਾਨਯੋਗ ਡਿਪਟੀ ਸਪੀਕਰ** : ਖਹਿਰਾ ਜੀ, ਤੁਸੀਂ ਕੰਟੀਨਿਊ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਹ 100 ਕਰੋੜ ਰੁਪਿਆ ਸੈਂਟਰ ਗੌਰਮਿੰਟ ਨੇ ਦਿੱਤਾ ਹੈ। (ਵਿਘਨ) ਢਾਂਡਾ ਜੀ, ਮੈਂ ਐਗਰੀਕਲਚਰ ਯੂਨੀਵਰਸਿਟੀ ਦੀ ਗੱਲ ਕਰ ਰਿਹਾ ਹਾਂ। ਇਹ ਪੀ.ਏ.ਯੂ. ਲਈ ਸਪੈਸ਼ਲ ਗਰਾਂਟ ਹੈ।

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਮੈਨੂੰ ਐਡਰੈੱਸ ਕਰੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਪਾਲ ਸਿੰਘ ਖਹਿਰਾ** : ਡਿਪਟੀ ਸਪੀਕਰ ਸਾਹਿਬ, ਬਜਟ ਵਿੱਚ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਗੌਰਮਿੰਟ ਆਫ ਇੰਡੀਆ ਦੀ ਪਾਰਟੀਸੀਪੇਸ਼ਨ ਹੈ, ਸਰਵ ਸਿੱਖਿਆ ਅਭਿਆਨ ਤਹਿਤ। ਜਵਾਹਰ ਲਾਲ ਅਰਬਨ ਰਿਨਿਊਅਲ ਫੰਡ ਹੈ, ਇਸ ਵਿਚ ਬਹੁਤ ਵੱਡੀ ਗਰਾਂਟ ਮਿਲਣ ਜਾ ਰਹੀ ਹੈ, 3100 ਕਰੋੜ ਦੇ ਲਗਭਗ, ਜਿਸ ਨਾਲ ਲੁਧਿਆਣਾ, ਅੰਮ੍ਰਿਤਸਰ ਤੇ ਹੋਰ ਸ਼ਹਿਰਾਂ ਦੀ ਡਿਵੈਲਪਮੈਂਟ ਹੋਵੇਗੀ। ਇਹ ਗੌਰਮਿੰਟ ਆਫ ਇੰਡੀਆ ਦੀ ਪਰਪੋਜ਼ਲ ਹੈ। ਇਹ ਲੰਬੇ ਸਮੇਂ ਤੋਂ ਚੱਲ ਰਹੀ ਸੀ। ਇਸ ਦੀ ਅਪਰੂਵਲ ਸਾਡੇ ਸਮੇਂ ਹੋ ਗਈ ਸੀ। ਸਿਮੀਲਰਲੀ, ਰੂਰਲ ਵਾਟਰ ਸਪਲਾਈ ਤੇ ਸੈਨੀਟੇਸ਼ਨ ਦੀ ਗੱਲ ਹੈ। (ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਸਾਹਨੀ ਜੀ, ਡਿਸਟਰਬ ਨਾ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਡਿਪਟੀ ਸਪੀਕਰ ਸਾਹਿਬ, ਸਿਮੀਲਰਲੀ ਰੂਰਲ ਵਾਟਰ ਸਪਲਾਈ ਤੇ ਸੈਨੀਟੇਸ਼ਨ ਦੀ 1280 ਕਰੋੜ ਰੁਪਏ ਦੀ ਵਰਲਡ ਏਡਿਡ ਸਕੀਮ ਹੈ। ਮੈਂ ਤੱਥਾਂ ਦੇ ਆਧਾਰ ਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਪ੍ਰਾਸੈਸ ਸੌ ਦਿਨ ਵਿਚ ਅਪਰੂਵ ਹੋਇਆ। ਇਹ ਪਲਾਨ ਸਾਲ 2003 ਦੀ ਸੀ। ਇਸ ਦੇ ਨਾਲ ਹੀ ਪੀਣ ਵਾਲੇ ਸਾਫ ਪਾਣੀ ਲਈ 1280 ਕਰੋੜ ਰੁਪਏ ਰੱਖੇ ਗਏ ਹਨ। ਬਾਰਡਰ ਏਰੀਏ ਦੀ ਡਿਵੈਲਪਮੈਂਟ ਵਾਸਤੇ ......(ਵਿਘਨ) ਤੁਸੀਂ ਸੁਣ ਤਾਂ ਲਓ। ਬਾਰਡਰ ਏਰੀਆ ਡਿਵੈਲਪਮੈਂਟ ਵਾਸਤੇ 137 ਕਰੋੜ ਰੁਪਏ ਦਾ ਜ਼ਿਕਰ ਹੈ। This is again what I should say a special grant by the Government of India. ਕੁੱਲ ਮਿਲਾ ਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਪੰਜਾਬ ਦੇ ਇਸ ਬਜਟ ਵਿੱਚ ਯਤਨ ਹੈ, ਉਹ.........

**ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਹੀਰਾ ਸਿੰਘ ਗਾਬੜੀਆ)** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ** ** ** **

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਖਹਿਰਾ ਸਾਹਿਬ, ਤੁਸੀਂ ਆਪਣੀ ਸਪੀਚ ਕੰਟੀਨਿਊ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਜਿਥੋਂ ਤੱਕ ਪੰਜਾਬ ਸਰਕਾਰ ਦੀ ਇੰਪਲੀਮੈਂਟੇਸ਼ਨ ਦੀ ਗੱਲ ਹੈ, ਇਨ੍ਹਾਂ ਨੇ ਪਹਿਲਾਂ ਜੋ ਪੰਜ-ਚਾਰ ਗੱਲਾਂ ਕੀਤੀਆਂ ਸਨ, ਹੁਣ ਉਨ੍ਹਾਂ ਗੱਲਾਂ ਨੂੰ ਬਿਲਕੁੱਲ ਇਗਨੋਰ ਕੀਤਾ ਹੈ। ਜਿਸ ਤਰ੍ਹਾਂ ਕਰਾਪ ਇਨਸ਼ੋਰੈਂਸ ਦੀ ਗੱਲ ਹੈ.........(ਵਿਘਨ) ਗਾਬੜੀਆ ਸਾਹਿਬ, ਇੱਕ ਮਿੰਟ........

**ਮਾਨਯੋਗ ਡਿਪਟੀ ਸਪੀਕਰ** : ਗਾਬੜੀਆ ਜੀ, ਧਿਆਨ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਕਿਤੇ ਤੁਸੀਂ ਸਾਡੇ ਵਾਲੀ ਪਾਰਟੀ ਨਾਲ ਅਲਾਇੰਸ ਨਾ ਕਰ ਲਿਓ। ਜਿਸ ਤਰੀਕੇ ਨਾਲ ਤੁਸੀਂ ਚੱਲ ਰਹੇ ਹੋ, ਪ੍ਰਸੰਸਾ ਕਰ ਰਹੇ ਹੋ.....(ਵਿਘਨ) ਕਰਾਪ ਇੰਸ਼ੋਰੈਂਸ.........

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ)** : ਤੁਸੀਂ ਅਕਾਲੀ ਦਲ ਦਾ ਇਤਿਹਾਸ ਦੇਖੋ, ਕਦੇ ਇਸ ਤਰ੍ਹਾਂ ਹੋਇਆ ਹੈ......(ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਬਾਦਲ ਸਾਹਿਬ ਨੇ ਪਹਿਲੇ ਇਲੈਕਸ਼ਨ ਕਾਂਗਰਸ ਦੀ ਟਿਕਟ ਤੇ ਲੜੇ ਸਨ। ਮਾਸਟਰ ਤਾਰਾ ਸਿੰਘ ਨੇ ਬਕਾਇਦਾ ਅਲਾਇੰਸ ਕੀਤਾ ਸੀ।.........(ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਗਾਬੜੀਆ ਸਾਹਿਬ, ਆਪਸ ਵਿੱਚ ਬਹਿਸ ਕਰਨ ਦੀ ਥਾਂ ਚੇਅਰ ਨੂੰ ਐਡਰੈਸ ਕਰੋ। ਖਹਿਰਾ ਸਾਹਿਬ, ਤੁਸੀਂ ਕੰਟੀਨਿਊ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਪੁਲੀਟੀਕਲ ਪਾਰਟੀਆਂ ਆਪਣਾ ਮੈਨੀਫੈਸਟੋ ਇਸ ਕਰਕੇ ਬਣਾਉਂਦੀਆਂ ਹਨ ਤਾਂ ਕਿ ਇਸ ਨੂੰ ਇੰਪਲੀਮੈਂਟ ਕੀਤਾ ਜਾਵੇ। ਇਨ੍ਹਾਂ ਦੀਆਂ ਦੋ ਤਿੰਨ ਗੱਲਾਂ ਮੈਂ ਦੱਸਣੀਆਂ ਹਨ। ਕਰਾਪ ਇਨਸ਼ੋਰੈਂਸ ਦੀ ਬਹੁਤ ਵੱਡੇ ਪੈਮਾਨੇ ਤੇ ਗੱਲ ਕੀਤੀ ਗਈ ਸੀ ਪਰ ਕਰਾਪ ਇਨਸ਼ੋਰੈਂਸ ਵਾਸਤੇ ਇਸ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ। ਇਸ ਤਰ੍ਹਾਂ ਦਾ ਵੀ ਕੋਈ ਮੈਨਸ਼ਨ ਨਹੀਂ ਹੈ ਕਿ ਅਗਲੇ ਬਜਟ ਵਿੱਚ ਇਸ ਦੀ ਤਿਆਰੀ ਹੈ। They had promised for special package of 100 corers for strengthening the Sports, Hoiesery, Iron and Steel, Cycle Industry but there is no mention and provision for that in the Budget. ਇਸੇ ਤਰ੍ਹਾਂ ਇਨ੍ਹਾਂ ਨੇ ਆਦਰਸ਼ ਸਕੂਲਾਂ ਬਾਰੇ ਕਿਹਾ ਸੀ। ਬਾਦਲ ਸਾਹਿਬ ਦਾ ਪੁਰਾਣਾ ਤਾਅਲੁੱਕ ਹੈ। ਫੋਕਲ ਪੁਆਇੰਟ, ਆਦਰਸ਼ ਸਕੂਲ ਅਤੇ ਪਿਛਲੀ ਸਰਕਾਰ ਤੋਂ ਸੰਗਤ ਦਰਸ਼ਨ ਇਹ ਇਨ੍ਹਾਂ ਦੇ ਮਨ ਵਿੱਚ ਰਿਪੀਟਡਲੀ ਗੱਲਾਂ ਆਉਂਦੀਆਂ ਹਨ। ਆਦਰਸ਼ ਸਕੂਲਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ 141 ਬਲਾਕ ਹਨ। ਇਨ੍ਹਾਂ ਦੇ ਮੈਨੀਫੈਸਟੋ ਵਿੱਚ ਜ਼ਿਕਰ ਹੈ ਕਿ ਆਦਰਸ਼ ਸਕੂਲਾਂ ਵਾਸਤੇ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਆਦਰਸ਼ ਸਕੂਲ ਬਣਾਏ ਜਾਣਗੇ। ਹੁਣ ਤੁਸੀਂ ਅੰਦਾਜ਼ਾ ਲਗਾਓ ਕਿ ਕਿੰਨੇ ਸਾਲਾਂ ਵਿੱਚ ਕਿੰਨੇ ਆਦਰਸ਼ ਸਕੂਲਾਂ ਨੂੰ ਪੂਰਾ ਕੀਤਾ ਜਾਵੇਗਾ। ਆਪਣੇ ਮੈਨੀਫੈਸਟੋ ਦੀ ਪੂਰਤੀ ਲਈ ਮੈਂ ਰਿਕੁਐਸਟ ਕਰਾਂਗਾ ਕਿ ਜੇ ਤੁਸੀਂ ਵਾਕਿਆ ਹੀ ਆਦਰਸ਼ ਸਕੂਲ ਬਣਾਉਣ ਵਿੱਚ ਸੀਰੀਅਸ ਹੋ this will help in improving our education system. ਇਸ ਵਾਸਤੇ ਪ੍ਰੋਵੀਜ਼ਨ ਜ਼ਿਆਦਾ ਕੀਤੀ ਜਾਵੇ ਤਾਂ ਜੋ ਆਦਰਸ਼ ਸਕੂਲ ਹੋਂਦ ਵਿੱਚ ਆ ਸਕਣ, ਜਿਹੜੇ ਅਜੇ ਤੱਕ ਹੋਂਦ ਵਿੱਚ ਨਹੀਂ ਆਏ। ਪਿਛਲੇ 30-35 ਸਾਲਾਂ ਤੋਂ ਇਨ੍ਹਾਂ ਦੀ ਤਿਆਰੀ ਚੱਲ ਰਹੀ ਹੈ। ਬਜਟ ਵਿੱਚ ਇਸ ਵਾਸਤੇ 50 ਕਰੋੜ ਰੁਪਿਆ ਅਨਸੈਟਿਸਫਾਈਡ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਖਹਿਰਾ ਸਾਹਿਬ ਜਿਹੜੇ ਬਜਟ ਦੀ ਗੱਲ ਕਰ ਰਹੇ ਹਨ, ਇਹ ਇਨ੍ਹਾਂ ਦੇ ਬਾਰੇ ਨਹੀਂ ਹੈ। ਇਹ ਜਿਹੜੇ 50 ਕਰੋੜ ਰੁਪਏ ਦੀ ਗੱਲ ਕੀਤੀ ਗਈ ਹੈ, ਇਹ ਹਾਇਰ ਸੈਕੰਡਰੀ ਜਾਂ ਪਲੱਸ ਟੂ ਸਕੂਲ ਜੋ ਬਲਾਕਾਂ ਵਿੱਚ ਹਨ, ਉਨ੍ਹਾਂ ਬਾਰੇ ਹੈ। ਇਹ 50 ਕਰੋੜ ਰੁਪਿਆ ਆਦਰਸ਼ ਸਕੂਲਾਂ ਵਾਸਤੇ ਨਹੀਂ ਹੈ। ਤੁਸੀਂ ਇਸ ਨੂੰ ਪੜ੍ਹੋ। ਤੁਸੀਂ ਗਲਤ ਗੱਲ ਕਰ ਰਹੇ ਹੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਪਾਲ ਸਿੰਘ ਖਹਿਰਾ :** ਪੱਕਾ! ਆਦਰਸ਼ ਸਕੂਲਾਂ ਵਾਸਤੇ ਨਹੀਂ ਹੈ। ਇਹ ਤਾਂ ਹੋਰ ਵੀ ਮਾੜਾ ਹੈ। ਪਿਛਲੇ ਕਾਫੀ ਸਮੇਂ ਤੋਂ ਸੀ.ਐਮ. ਸਾਹਿਬ ਆਦਰਸ਼ ਸਕੂਲਾਂ ਬਾਰੇ ਵਾਅਦਾ ਕਰ ਰਹੇ ਹਨ। ਆਦਰਸ਼ ਸਕੂਲਾਂ ਦੀ ਪ੍ਰੋਵੀਜ਼ਨ ਹੈ ਕਿ ਨਹੀਂ, ਪਹਿਲਾਂ ਇਹ ਦੱਸ ਦਿਓ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਡਿਪਟੀ ਸਪੀਕਰ ਸਾਹਿਬ, ਮੈਂ ਟਰੈਜ਼ਰੀ ਬੈਂਚਾਂ ਨੂੰ ਕਹਿੰਦਾ ਹਾਂ ਕਿ ਉਨ੍ਹਾਂ ਦੀਆ ਗੱਲਾਂ ਸੁਣ ਲਓ। ਅਖੀਰ ਵਿੱਚ ਬਜਟ ਐਸਟੀਮੇਟਸ ਤੇ ਮੈਂ ਜਵਾਬ ਦੇਣਾ ਹੈ। ਮੈਂ ਸਾਰੀਆਂ ਗੱਲਾਂ ਨੋਟ ਕਰੀ ਜਾਂਦਾ ਹਾਂ। ਮੈਂ ਇਨ੍ਹਾਂ ਦਾ ਇਕੱਠਾ ਜਵਾਬ ਦੇਵਾਂਗਾ। ਜਿਹੜੀਆਂ ਗੱਲਾਂ ਸਹੀ ਹੋਣਗੀਆਂ ਜਾਂ ਚੰਗੀਆਂ ਸੁਜੈਸ਼ਨਜ਼ ਹੋਣਗੀਆਂ, ਉਹ ਮੈਂ ਅਪਣਾ ਲਵਾਂਗਾ। ਬਹੁਤ ਮਿਹਰਬਾਨੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮੈਂ ਕਹਿਣਾ ਚਾਹੁੰਦਾ ਹਾਂ ਕਿ ..........(ਸ਼ੋਰ) ਤੁਸੀਂ ਸੁਣ ਤਾਂ ਲਿਆ ਕਰੋ। ਸੁਣਨ ਤੋਂ ਪਹਿਲਾਂ ਹੀ ਬਾਂ-ਬਾਂ ਕਰਨ ਲੱਗ ਜਾਂਦੇ ਹੋ, ਬੋਲਣ ਲੱਗ ਜਾਂਦੇ ਹੋ। ਸਹੀ ਢੰਗ ਨਾਲ ਸੁਣ ਲਿਆ ਕਰੋ। (ਸ਼ੋਰ)......ਇਹ ਪੇਂਡੂ ਵਰਡ ਹੈ, this is not unparliamentary.

**ਮਾਨਯੋਗ ਡਿਪਟੀ ਸਪੀਕਰ :** ਖਹਿਰਾ ਸਾਹਿਬ, ਆਪਣਾ ਭਾਸ਼ਣ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇਨ੍ਹਾਂ ਨੇ 50 ਕਰੋੜ ਦੀ ਐਲੋਕੇਸ਼ਨ ਕੀਤੀ ਹੋਈ ਹੈ। What I wanted to say that this is insufficient and this must be increased to get the Adarsh School going on the top in the state. This is my submission. ਇਕ ਇਨ੍ਹਾਂ ਨੇ ਭਾਈ ਘਨੱਈਆ ਸਿਹਤ ਸੇਵਾ ਸਕੀਮ ਕੋਆਪਰੇਸ਼ਨ ਸੁਸਾਇਟੀ ਦੇ ਮੈਂਬਰਜ਼ ਤੱਕ ਲਿਮਟ ਕੀਤੀ ਹੈ। ਜੇ ਇਸ ਨੂੰ ਆਮ ਗਰੀਬ ਆਦਮੀ ਤੱਕ ਵਧਾ ਦਿੰਦੇ, ਜਿਹੜਾ ਕੋਈ ਇੰਸ਼ੋਰੈਂਸ ਕਵਰੇਜ ਅਵੇਲ ਕਰਦਾ ਹੈ, ਉਹ ਪ੍ਰੀਮਿਅਮ ਦਿੰਦਾ ਹੈ ਤਾਂ ਉਸ ਨੂੰ ਵੀ ਇਸ ਵਿਚ ਕਰ ਲੈਂਦੇ। ਇਸ ਨਾਲ ਕੋਈ ਬਹੁਤਾ ਫਰਕ ਨਹੀਂ ਪੈਣ ਲੱਗਾ । ਤੁਸੀਂ 13.26 ਲੱਖ ਪਰਿਵਾਰਾਂ ਨੂੰ ਬਿਲੋਅ ਪਾਵਰਟੀ ਲਾਈਨ ਖਿੱਚ ਦਿੱਤਾ ਹੈ। ਮੇਰੀ ਰਿਕੁਐਸਟ ਹੈ ਕਿ ਭਾਈ ਘਨੱਈਆ ਸਿਹਤ ਸੇਵਾ ਸਕੀਮ ਅਧੀਨ ਇਨ੍ਹਾਂ ਸਾਰੀਆਂ ਫੈਮਿਲੀਜ਼ ਨੂੰ ਲੈ ਲਿਆ ਜਾਵੇ if this is extended to all BPL families it will help them lot. ਕਈ ਬਹੁਤ ਬਿਮਾਰ ਹੁੰਦੇ ਹਨ ਪਰ ਗਰੀਬ ਹੋਣ ਕਾਰਨ ਉਨ੍ਹਾਂ ਕੋਲ ਕੋਈ ਸਾਧਨ ਨਹੀਂ ਹੁੰਦਾ। (ਮੁੱਖ ਸੰਸਦੀ ਸਕੱਤਰ, ਸ੍ਰੀ ਜਗਦੀਸ਼ ਸਾਹਨੀ ਵਲੋਂ ਵਿਘਨ) ਬੋਲ ਤਾਂ ਲੈਣ ਦਿਓ, ਸਾਹਨੀ ਸਾਹਿਬ।

*2.17 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**Mr. Speaker :** Please carry on.

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮੈਨੀਫੈਸਟੋ ਵਿਚ ਹੋਰ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ। ਇਹ ਪਹਿਲਾ ਬਜਟ ਹੈ। ਹੋਰ ਕਾਫ਼ੀ ਸਮਾਂ ਹਾਲੇ ਪਿਆ ਹੈ। When working President of the Political Party outlines an agenda, ਪ੍ਰੈੱਸ ਕਾਨਫ੍ਰੈਂਸ ਕਰਕੇ ਸਾਰੇ ਪੰਜਾਬ ਨੂੰ 35 ਹਜ਼ਾਰ ਕਰੋੜ ਰੁਪਏ ਦੀ ਦਿਸ਼ਾ ਨਿਰਦੇਸ਼ ਦੇ ਰਹੇ ਹਨ, ਜਿਸ ਦੇ ਵਿਚ

Original with;
Punjab Vidhan Sabha
Digitized by;
Panjab Digital Library

ਇਨਫਰਮੇਸ਼ਨ ਟੈਕਨਾਲੋਜੀ ਪਾਰਕ ਹਨ। ਵੈਸੇ ਤਾਂ ਤੁਸੀਂ ਆਪਣੇ ਇਲੈਕਸ਼ਨ ਮੈਨੀਫੈਸਟੋ ਵਿਚ ਸੁਪਰ ਸਪੈਸ਼ਿਐਲਿਟੀ ਕੈਂਸਰ ਹਾਸਪਿਟਲ ਦੀ ਗੱਲ ਕੀਤੀ ਹੈ। ਪਹਿਲੇ ਬਜਟ ਵਿੱਚ ਜੇ ਨਹੀਂ ਹੋ ਸਕਦਾ ਤਾਂ ਦੂਸਰੇ ਵਿੱਚ ਰੱਖ ਲਓ, ਤੀਜੇ ਵਿੱਚ ਰੱਖ ਲਓ, ਚੌਥੀ ਵਾਰ ਮੈਨੀਫੈਸਟੋ ਵਿੱਚ ਰੱਖ ਲਓ ਨਹੀਂ ਤਾਂ ਅਗਲੀ ਵਾਰ ਅਸੀਂ ਰੱਖ ਲਵਾਂਗੇ। (ਹਾਸਾ) ਮੈਂ ਇਹ ਸਾਰਾ ਕੁਝ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਸਮਾਂ ਕਾਫ਼ੀ ਹੋ ਗਿਆ ਹੈ। ਵਾਈਂਡ ਅੱਪ ਕਰੋ।

**Sardar Sukhpal Singh Khaira :** Speaker Sahib, just one or two minutes. I am finishing. ਇਸ ਬਜਟ ਵਿਚ ਮੈਨੂੰ ਕੋਈ ਪ੍ਰੋਵੀਜ਼ਨ ਨਹੀਂ ਦਿਸੀ ਜਿਸ ਬਾਰੇ ਇਨ੍ਹਾਂ ਦੀ ਪਾਰਟੀ ਦੇ ਪ੍ਰੈਜ਼ੀਡੈਂਟ ਆਪਣੀਆਂ ਮੀਟਿੰਗਾਂ ਵਿਚ ਗੱਲ ਕਰਦੇ ਸਨ। ਇਸੇ ਤਰ੍ਹਾਂ ਹੀ ਫਲਾਈਟ ਕੈਬਿਨ ਕਰਿਊ ਅਤੇ ਏਅਰ ਹੋਸਟੈਸ ਦੇ ਟ੍ਰੇਨਿੰਗ ਸਕੂਲ ਵਾਸਤੇ ਵੀ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪ੍ਰੌਮਿਸ ਕੀਤਾ ਸੀ। ਅਜਿਹੀ ਮੈਨੂੰ ਕੋਈ ਪ੍ਰੋਵੀਜ਼ਨ ਨਜ਼ਰ ਨਹੀਂ ਆਈ। ਇਸ ਕਰਕੇ ਕੁਲ ਮਿਲਾ ਕੇ ਇਹ ਬਜਟ this is what I say is lack lusture. ਇਸ ਵਿਚ ਇਸ ਤਰ੍ਹਾਂ ਦੀ ਮੈਨੂੰ ਕੋਈ ਡੈਮੋਕ੍ਰੇਟਿਕ ਗੱਲ ਨਜ਼ਰ ਨਹੀਂ ਆਈ। ਸਰਦਾਰ ਮਨਪ੍ਰੀਤ ਸਿੰਘ ਬਾਦਲ ਤੋਂ ਉਮੀਦ ਸੀ, ਇਨ੍ਹਾਂ ਦੀ ਲਿਆਕਤ ਤੋਂ ਉਮੀਦ ਸੀ, ਇਨ੍ਹਾਂ ਨੂੰ ਪੁਲੀਟੀਕਲ ਵਿਜ਼ਡਮ ਦੇ ਲਾਇਕ ਸਮਝਦੇ ਸੀ। ਹਰ ਇਕ ਨੂੰ ਉਮੀਦ ਸੀ ਕਿ ਹਾਰਡ ਮਈਅਰਜ਼ ਲਏ ਜਾਣਗੇ, ਜਿਸ ਨਾਲ ਸੂਬੇ ਦੀ ਇਕਾਨਾਮੀ ਵਿਚ ਬਿਹਤਰੀ ਆਏਗੀ। ਲੰਮੇ ਸਮੇਂ ਦੀ ਪਲਾਨਿੰਗ ਵਿਚ ਰੂਰਲ, ਐਜੂਕੇਸ਼ਨ, ਹੈਲਥ, ਇਮਪਲਾਇਮੈਂਟ ਆਦਿ ਸਾਰਿਆਂ ਨੂੰ ਇਹ ਟੱਚ ਕਰਦੇ। ਪਰ ਮੈਂ ਸਮਝਦਾ ਹਾਂ ਕਿ ਇਹ ਸਾਰੀਆਂ ਬੱਜਟ ਐਸਟੀਮੇਟਸ ਪ੍ਰੋਪੋਜ਼ਲਜ਼, they are not benefitting an ordinary common man. ਇਸ ਕਰਕੇ ਮੈਂ ਖੜ੍ਹਾ ਹੋ ਕੇ ਇਸ ਬਜਟ ਦੀ ਮੁਕੰਮਲ ਆਪਣੀ ਪਾਰਟੀ ਵਲੋਂ ਵਿਰੋਧਤਾ ਕਰਦਾ ਹਾਂ। (ਆਪੋਜ਼ੀਸ਼ਨ ਪਾਰਟੀ ਵਲੋਂ ਥੰਪਿੰਗ)

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ (ਸਰਦਾਰ ਸ਼ੇਰ ਸਿੰਘ ਘੁਬਾਇਆ) :** ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਜਦੋਂ ਬਜਟ ਦੇਖ ਰਿਹਾ ਸੀ, ਇਸ ਵਿਚ ਮੈਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ....

**ਮਾਨਯੋਗ ਸਪੀਕਰ :** ਮੈਂ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਟਾਈਮ ਹੈ, ਮੈਂ ਪਹਿਲਾਂ ਵੀ ਬੋਲਿਆ ਹੈ ਕਿ ਇਹ ਸਾਰਾ ਬਜਟ ਦਾ ਟਾਈਮ ਹੈ। ਇਸ ਹਿਸਾਬ ਨਾਲ ਹੀ ਇਸ ਟਾਈਮ ਦਾ ਇਸਤੇਮਾਲ ਕਰੀਏ, ਅਜੇ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਵੀ ਬੋਲਣਾ ਹੈ। ਸਰਦਾਰ ਮਨਪ੍ਰੀਤ ਸਿੰਘ ਜੀ ਐਫ.ਐਮ. ਸਾਹਿਬ ਨੇ ਵੀ ਬੋਲਣਾ ਹੈ ਔਰ ਸੀ.ਐਮ. ਸਾਹਿਬ ਵੀ ਕੁਝ ਟਾਈਮ ਲੈਣਗੇ। ਇਹ ਤਾਂ ਇਨ੍ਹਾਂ ਦਾ ਟਾਈਮ ਹੈ। ਜਿਹੜਾ ਤੁਹਾਡਾ ਟਾਈਮ ਹੈ, ਉਸ ਵਿਚੋਂ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਵੀ ਟਾਈਮ ਲੈਣਾ ਹੈ। ਤੁਸੀਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਕਿੰਨਾ ਟਾਈਮ ਦੇਣਾ ਚਾਹੁੰਦੇ ਹੋ, ਸਾਰੀ ਐਡਜਸਟਮੈਂਟ ਇਸੇ ਟਾਈਮ ਦੇ ਵਿਚੋਂ ਹੀ ਹੋਣੀ ਹੈ।

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ (ਸਰਦਾਰ ਸ਼ੇਰ ਸਿੰਘ ਘੁਬਾਇਆ)** : ਮਾਨਯੋਗ ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਮੈਂ ਵਧਾਈ ਦਿੰਦਾ ਹਾਂ ਕਿ ਜਿਹੜੇ ਇਕਾਨਮੀ ਨੂੰ ਬਚਾਉਣ ਵਾਸਤੇ ਉਪਰਾਲੇ ਕੀਤੇ ਹਨ, ਮੈਂ ਦੇਖ ਰਿਹਾ ਸੀ ਕਿ ਪਿਛਲੇ ਲੰਬੇ ਸਮੇਂ ਤੋਂ ਜਦੋਂ ਵੀ ਸਰਕਾਰ ਬਜਟ ਲੈ ਕੇ ਇਥੇ ਆਈ ਹੈ ਤਾਂ ਇਸ ਦੇ ਵਿਚ ਹਰ ਵਰ੍ਹੇ ਘਾਟਾ ਦਿਖਾਇਆ ਜਾਂਦਾ ਹੈ। ਇਸ ਸਾਲ ਜੇ 500 ਕਰੋੜ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ, ਤਾਂ ਅਗਲੀ ਵਾਰੀ ਉਨ੍ਹਾਂ ਨੇ 700 ਕਰੋੜ ਰੁਪਏ ਦਾ ਘਾਟਾ ਦਿਖਾਉਣਾ ਹੈ। ਸਿਮੀਲਰਲੀ ਇਹ ਪਲੱਸ ਹੀ ਹੁੰਦਾ ਗਿਆ ਹੈ। ਅੱਜ ਤੱਕ ਕਿਸੇ ਕਾਂਗਰਸ ਸਰਕਾਰ ਨੇ ਇਸ ਨੂੰ ਕਦੇ ਵੀ ਘਟਾਇਆ ਨਹੀਂ ਹੈ ਪਰ ਇਸ ਵਾਰ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਬੜੀ ਸੂਝਬੂਝ ਨਾਲ ਇਹ ਬਜਟ ਤਿਆਰ ਕੀਤਾ ਹੈ। ਇਸ ਵਿੱਚ ਸਾਰੇ ਵਰਗਾਂ ਨੂੰ ਤਰੱਕੀ ਦੇ ਮੌਕੇ ਦਿੱਤੇ ਹਨ ਅਤੇ ਪੰਜਾਬ ਦੀ ਜਨਤਾ ਇਸ ਗੱਲ ਤੋਂ ਬਹੁਤ ਖੁਸ਼ ਹੈ ਕਿ ਜੋ ਇਹ ਬਜਟ ਲੈ ਕੇ ਆਏ ਹਨ, ਇਸ ਨਾਲ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਦਾ ਰਸਤਾ ਖੁੱਲ੍ਹੇਗਾ। ਆਪਾਂ ਜੇਕਰ ਦੇਖੀਏ ਕਿ ਘਰ ਚਲਾਉਣਾ ਹੋਵੇ, ਤਾਂ ਉਸ ਵਾਸਤੇ ਵੀ ਪਲਾਨ ਬਣਾਉਣੀ ਪੈਂਦੀ ਹੈ, ਕਿ ਜੇ ਆਮਦਨੀ ਸੌ ਰੁਪਏ ਦੀ ਹੈ ਤਾਂ ਖਰਚਾ ਇਸ ਤੋਂ ਘੱਟ ਕਰਨਾ ਚਾਹੀਦਾ ਹੈ ਤਾਂ ਹੀ ਗੁਜ਼ਾਰਾ ਠੀਕ ਚਲੇਗਾ। ਜੇਕਰ ਅਸੀਂ ਖਰਚਾ ਵਧਾਉਂਦੇ ਜਾਈਏ ਤਾਂ ਘਰ ਦਾ ਸਿਸਟਮ ਚੱਲ ਨਹੀਂ ਸਕਦਾ। ਕਾਂਗਰਸ ਦੀ ਸਰਕਾਰ ਨੇ ਇਸ ਗੱਲ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਹਰ ਵਰ੍ਹੇ ਇਨ੍ਹਾਂ ਨੇ ਆਮਦਨ ਤੋਂ ਵੱਧ ਖਰਚਾ ਹੀ ਕੀਤਾ ਹੈ। ਜੇਕਰ 8400 ਕਰੋੜ ਰੁਪਿਆ ਬਾਦਲ ਸਾਹਿਬ ਦੀ ਮਿਹਰਬਾਨੀ ਨਾਲ ਮਾਫ ਨਾ ਹੁੰਦਾ ਤਾਂ ਸਾਡੀ ਹਾਲਤ ਇੰਨੀ ਮਾੜੀ ਹੋ ਜਾਣੀ ਸੀ ਕਿ ਸਰਕਾਰ ਦਾ ਵਿਆਜ ਹੀ ਨਹੀਂ ਸੀ ਲਹਿ ਸਕਦਾ, ਸਰਕਾਰ ਨੇ ਚੱਲਣਾ ਤਾਂ ਕੀ ਸੀ। ਮੈਂ ਸਮਝਦਾ ਹਾਂ ਕਿ ਵਧੀਆ ਤੋਂ ਵਧੀਆ ਢੰਗ ਨਾਲ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਜੋ ਬਜਟ ਲੈ ਕੇ ਆਏ ਹਨ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਇਸ ਵਿਚ ਇਨ੍ਹਾਂ ਨੇ ਸਾਰੇ ਵਰਗਾਂ ਦਾ ਖਿਆਲ ਰੱਖਿਆ ਹੈ। ਐਗਰੀਕਲਚਰ ਖੇਤਰ ਸਾਡੇ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ। ਇਸ ਨੂੰ ਬਚਾਉਣ ਵਾਸਤੇ ਬਜਟ 135.07 ਕਰੋੜ ਰੁਪਏ ਤੋਂ ਵਧਾ ਕੇ 200 ਕਰੋੜ ਰੁਪਏ ਕਰ ਦਿੱਤਾ ਹੈ, ਇਸ ਨਾਲ ਸਾਡੀ ਕਿਰਸਾਨੀ ਦੀ ਜਿੱਥੇ ਤਰੱਕੀ ਹੋਵੇਗੀ, ਉਥੇ ਖੁਸ਼ਹਾਲੀ ਵੀ ਹੋਵੇਗੀ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਕਿਸਾਨਾਂ ਵਾਸਤੇ ਕਈ ਤਰ੍ਹਾਂ ਦੀਆਂ ਨਵੀਆਂ ਰਿਸਰਚਾਂ ਹੋ ਰਹੀਆਂ ਹਨ ਤਾਂ ਕਿ ਕਿਸਾਨ ਉਸ ਦਾ ਫਾਇਦਾ ਉਠਾ ਸਕਣ। ਸੌ ਕਰੋੜ ਰੁਪਏ ਦੀ ਇੱਕ ਸਕੀਮ ਜੋ ਹੈ, ਇਹ ਸਰਾਹੁਣਯੋਗ ਹੈ। ਇਸ ਨਾਲ ਸਾਡੀ ਤਰੱਕੀ ਦਾ ਰਸਤਾ ਖੁੱਲ੍ਹ ਸਕਦਾ ਹੈ। ਅੱਜ ਜ਼ਿਮੀਂਦਾਰ ਨੂੰ ਬਚਾਉਣ ਦੀ ਲੋੜ ਹੈ। ਜੇਕਰ ਜ਼ਿਮੀਂਦਾਰ ਨੂੰ ਨਹੀਂ ਬਚਾਵਾਂਗੇ, ਤਾਂ ਜਿਸ ਤਰ੍ਹਾਂ ਪਹਿਲਾਂ ਪੰਜਾਬ ਵਿੱਚ ਇੰਡਸਟਰੀ ਖਤਮ ਹੋ ਗਈ ਹੈ ਤੇ ਬਾਹਰ ਦੀਆਂ ਸਟੇਟਾਂ ਵਿਚ ਚਲੀ ਗਈ, ਇਸੇ ਤਰ੍ਹਾਂ ਪੰਜਾਬ ਦੀ ਖੇਤੀ ਦੀ ਵੀ ਮਾੜੀ ਹਾਲਤ ਹੋ ਜਾਵੇਗੀ। ਇਸ ਤਰ੍ਹਾਂ ਫਿਰ ਪੰਜਾਬ ਨੂੰ ਬਚਾਉਣ ਵਾਸਤੇ ਹੋਰ ਕੋਈ ਚੀਜ਼ ਨਹੀਂ ਬਚੇਗੀ। ਇਸ ਲਈ ਜ਼ੋਰ ਦੇਣਾ ਚਾਹੀਦਾ ਹੈ ਕਿ ਸੂਝ-ਬੂਝ ਨਾਲ ਚੱਲੀਏ ਤੇ ਐਗਰੀਕਲਚਰ ਖੇਤਰ ਨੂੰ ਤਰੱਕੀ ਦੇ ਮੌਕੇ ਦੇਈਏ ਤਾਂ ਹੀ ਪੰਜਾਬ ਦੀ ਤੱਰਕੀ ਹੋਵੇਗੀ। ਐਗਰੀਕਲਚਰ ਵਾਸਤੇ ਬਜਟ ਜੋ 135 ਕਰੋੜ ਰੁਪਏ ਤੋਂ 200 ਕਰੋੜ ਰੁਪਏ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਇਨ੍ਹਾਂ ਦੀ ਬਹੁਤ ਵੱਡੀ ਦੇਣ ਹੈ। ਇਸ ਨਾਲ ਸਾਡਾ ਐਗਰੀਕਲਚਰ ਦਾ ਸਿਸਟਮ ਬਹੁਤ ਚੰਗੀ ਤਰ੍ਹਾਂ ਚੱਲ ਸਕਦਾ ਹੈ। ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਬੋਲਣ

Original with;
Punjab Vidhan Sabha
Digitized by;
Panjab Digital Library

ਵਾਲਿਆ ਨੇ ਬਾਗਬਾਨੀ ਤੇ ਜ਼ੋਰ ਦਿੱਤਾ ਹੈ, ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਬਾਗਬਾਨੀ ਦਾ ਜੋ ਖੇਤਰ ਹੈ, ਇਹ ਇੱਕ ਕਮਾਈ ਦਾ ਚੰਗਾ ਸਾਧਨ ਵਾਲਾ ਖੇਤਰ ਹੈ। ਜੇਕਰ ਜ਼ਿਮੀਦਾਰ ਇਸ ਨੂੰ ਅਡਾਪਟ ਕਰੇਗਾ ਤਾਂ ਉਸ ਦੀ ਕਮਾਈ ਵੱਧ ਸਕਦੀ ਹੈ। ਇਸੇ ਤਰ੍ਹਾਂ ਹੋਰ ਵੀ ਫੈਸਲੇ ਜੋ ਹਨ, ਜਿਵੇਂ ਕਿ ਪੈਡੀ ਅਤੇ ਕਣਕ ਤੇ ਸਾਡਾ ਪੰਜਾਬ ਜ਼ਿਆਦਾਤਰ ਨਿਰਭਰ ਕਰਦਾ ਹੈ, ਜਿਸ ਨਾਲ ਬਹੁਤ ਖਰਚੇ ਹੁੰਦੇ ਹਨ ਅਤੇ ਆਮਦਨ ਘੱਟ ਹੁੰਦੀ ਹੈ। ਔਰ ਕਿਸਾਨਾਂ ਨੂੰ ਅਲੱਗ-ਅਲੱਗ ਕਿਸਮ ਦੇ ਬੀਜ ਇਸ ਬਜਟ ਵਿਚੋਂ ਦਿੱਤੇ ਜਾਣਗੇ ਤਾਂ ਕਿ ਉਹ ਖੇਤੀ ਵਿਭਿੰਨਤਾ ਨੂੰ ਹੋਰ ਉੱਚਾ ਚੁੱਕ ਸਕਣ ਅਤੇ ਪੰਜਾਬ ਦੇ ਜ਼ਿਮੀਂਦਾਰਾਂ ਦੇ ਇਨਕਮ ਆਫ ਸੋਰਸਿਜ਼ ਵਧਣ, ਜਿਸ ਨਾਲ ਸਾਨੂੰ ਬਲ ਮਿਲੇਗਾ। ਇਸ ਦੇ ਨਾਲ ਸਾਨੂੰ ਇਕ ਹੋਰ ਚੀਜ਼ ਦੀ ਅੱਜ ਲੋੜ ਹੈ। ਜੇਕਰ ਇਨਸਾਨ ਨੇ ਜਿਉਂਦੇ ਰਹਿਣਾ ਹੈ ਤਾਂ ਉਸ ਵਿੱਚ ਸਾਨੂੰ 2-3 ਚੀਜ਼ਾਂ ਦੀ ਜ਼ਰੂਰਤ ਹੈ, ਜਿਨ੍ਹਾਂ ਤੋਂ ਬਿਨਾਂ ਅਸੀਂ ਜੀਅ ਨਹੀਂ ਸਕਦੇ, ਇਨ੍ਹਾਂ ਵਿੱਚ ਇੱਕ ਚੰਗੀ ਹਵਾ ਬੜੀ ਜ਼ਰੂਰੀ ਹੈ ਅਤੇ ਇਸੇ ਤਰ੍ਹਾਂ ਪਾਣੀ ਹੈ, ਜਿਹੜਾ ਕਿ ਸਾਡਾ ਬੜਾ ਵੱਡਾ ਕੁਦਰਤੀ ਸੋਮਾ ਹੈ। ਪਾਣੀ ਤੋਂ ਬਗੈਰ ਵੀ ਅਸੀਂ ਜੀਅ ਨਹੀਂ ਸਕਦੇ ਅਤੇ ਨਾ ਹੀ ਉਸ ਬਗੈਰ ਖੇਤੀ ਕਰ ਸਕਦੇ ਹਾਂ। ਇਸ ਨੂੰ ਵੀ ਸਾਨੂੰ ਬਚਾਉਣ ਦੀ ਲੋੜ ਹੈ ਅਤੇ ਇਸ ਨੂੰ ਬਚਾਉਣ ਵਾਸਤੇ ਸਾਨੂੰ ਪੂਰੇ ਯਤਨ ਕਰਨੇ ਚਾਹੀਦੇ ਹਨ। ਇਸੇ ਤਰ੍ਹਾਂ ਸਾਨੂੰ ਐਨਰਜੀ ਦੀ ਲੋੜ ਹੈ, ਜੇਕਰ ਅਸੀਂ ਕੁਝ ਖਾਵਾਂਗੇ ਨਹੀਂ, ਤਾਂ ਫਿਰ ਅਸੀਂ ਚਲ ਫਿਰ ਨਹੀਂ ਸਕਾਂਗੇ। ਇਹ ਬਹੁਤ ਜ਼ਰੂਰੀ ਗੱਲਾਂ ਹਨ, ਇਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਿਛਲੀ ਸਰਕਾਰ ਵਿੱਚ ਅਸੀਂ ਦੇਖਿਆ ਹੈ ਕਿ ਇਨ੍ਹਾਂ ਨੇ ਕੀ ਕੁਝ ਕੀਤਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜੰਗਲ ਜਿਹੜੇ ਹਨ, ਉਨ੍ਹਾਂ ਨੂੰ ਬੜੇ ਜੰਗੀ ਪੱਧਰ ਤੇ ਪੁੱਟਿਆ ਗਿਆ ਅਤੇ ਕਿਸੇ ਨਵੇਂ ਪ੍ਰਾਜੈਕਟ ਨਾਲ ਪੰਜਾਬ ਨੂੰ ਹਰਾ-ਭਰਾ ਬਣਾਉਣ ਦੀ ਇਨ੍ਹਾਂ ਦੀ ਕਦੇ ਸੋਚ ਨਹੀਂ ਬਣੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਦੇ ਵਿੱਚ ਜਿਹੜਾ ਇਨ੍ਹਾਂ ਨੇ ਇੱਕ ਨਾਅਰਾ ਦਿੱਤਾ ਸੀ ਕਿ ਪੰਜਾਬ ਨੂੰ ਹਰਾ ਭਰਾ ਬਣਾਵਾਂਗੇ, ਪੰਜਾਬ ਵਿੱਚ ਜੰਗਲਾਂ ਨੂੰ ਵਧਾਵਾਂਗੇ, ਪੰਜਾਬ ਵਿੱਚ ਚੰਗਾ ਵਾਤਾਵਰਣ ਪੈਦਾ ਕਰਾਂਗੇ ਅਤੇ ਉਨ੍ਹਾਂ 5 ਸਾਲਾਂ ਵਿੱਚ ਹੀ ਇਹ ਦੇਖਿਆ ਗਿਆ ਹੈ, ਭਾਵੇਂ ਮੇਰੇ ਹਲਕੇ ਦੇ ਹੀ ਉਸ ਵੇਲੇ ਦੇ ਮਨਿਸਟਰ ਸਨ ਅਤੇ ਉਨ੍ਹਾਂ ਨੇ 50 ਲੱਖ ਰੁਪਏ ਦੇ ਐਸਟੀਮੇਟ ਨਾਲ ਦੋ ਹਲਕਿਆਂ ਨੂੰ ਚੁਣਿਆ ਸੀ, ਜਿਨ੍ਹਾਂ ਵਿੱਚ ਇੱਕ ਕੈਪਟਨ ਸਾਹਿਬ ਦਾ ਹਲਕਾ ਲਿਆ ਸੀ ਕਿ ਇਸ ਨੂੰ ਗਰੀਨ ਅਤੇ ਕਲੀਨ ਕਰਨਾ ਹੈ। ਮੈਨੂੰ ਪਤਾ ਨਹੀਂ ਕਿ ਪਟਿਆਲੇ ਵਿੱਚ ਕੁਝ ਹੋਇਆ ਹੈ ਕਿ ਨਹੀਂ ਪਰ ਦੂਜਾ ਹਲਕਾ ਜਲਾਲਾਬਾਦ ਦਾ ਸੀ ਅਤੇ ਜਿਹੜਾ ਕੋਈ ਰਹਿੰਦਾ ਦਰਖਤ ਜਲਾਲਾਬਾਦ ਵਿੱਚ ਸੀ, ਉਸ ਨੂੰ ਵੀ ਉਨ੍ਹਾਂ ਪੁੱਟ ਦਿੱਤਾ ਅਤੇ ਇਸ ਤਰ੍ਹਾਂ ਪੁੱਟਿਆ ਕਿ ਅੱਜ ਉਥੇ ਗਰੀਨ ਕੁਝ ਨਹੀਂ ਦਿਸਦਾ ਸਿਰਫ ਮਿੱਟੀ ਹੀ ਦਿਸਦੀ ਹੈ ਜੋ ਸੜਕਾਂ ਉਤੇ ਉਡਦੀ ਹੈ। ਸਪੀਕਰ ਸਾਹਿਬ, ਜਾਂ ਤਾਂ ਕਿਸੇ ਤਰੀਕੇ ਨਾਲ, ਕਿਸੇ ਸਿਸਟਮ ਨਾਲ ਜਾਂ ਸਰਕਾਰੀ ਤੌਰ ਤੇ ਜੰਗਲ ਪੁੱਟੇ ਜਾਣ। ਉਸ ਦੀ ਕੋਈ ਬੋਲੀ ਹੋਵੇ ਜਾਂ ਸਰਕਾਰ ਨੂੰ ਉਸ ਦਾ ਕੋਈ ਲਾਭ ਹੋਵੇ ਫਿਰ ਵੀ ਠੀਕ ਹੈ ਪਰ ਉਨ੍ਹਾਂ ਨੇ ਇਸ ਤਰੀਕੇ ਨਾਲ ਪੁੱਟੇ ਕਿ 50-50 ਸਾਲ ਪੁਰਾਣੀਆ ਟਾਹਲੀਆਂ ਸਾਡੇ ਹਲਕੇ ਵਿੱਚ ਸਦਰ ਨਹਿਰ ਤੇ ਸਨ। ਉਹ 50-50 ਸਾਲ ਪੁਰਾਣੀ ਟਾਹਲੀ, ਜਿਸਦੀ ਕੀਮਤ 1-1 ਲੱਖ ਰੁਪਏ ਸੀ, ਇਨ੍ਹਾਂ ਨੇ ਆਪਣੇ ਆਰੇ ਲਾਕੇ, ਇਨ੍ਹਾਂ ਨੇ ਮਲੋਟ ਵਿੱਚ ਵੀ ਆਪਣਾ ਆਰਾ ਲਾਇਆ ਹੈ ਅਤੇ ਉਥੇ

Original with;
Punjab Vidhan Sabha
Digitized by;
Panjab Digital Library

ਟਾਹਲੀ ਨੂੰ ਸਾਫ ਕਰਕੇ ਪੰਜਾਬ ਵਿੱਚ ਸੇਲ ਕੀਤਾ। ਅਰਬਾਂ ਰੁਪਏ ਦੀਆਂ ਟਾਹਲੀਆਂ ਪੁੱਟ ਕੇ ਇਹ ਖਾ ਗਏ। ਹਾਲਾਂਕਿ ਬਾਦਲ ਸਾਹਿਬ ਕਹਿੰਦੇ ਹਨ ਕਿ ਅਸੀਂ ਕਿਸੇ ਨਾਲ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਰਨੀ ਪਰ ਜਦੋਂ ਇਸ ਕੇਸ ਨੂੰ ਦੇਖਾਂਗੇ ਤਾਂ ਇਹ ਮੇਰੇ ਖਿਆਲ ਨਾਲ ਅਰਬਾਂ ਰੁਪਏ ਦਾ ਘੋਟਾਲਾ ਨਿਕਲੇਗਾ। ਬਗੈਰ ਕਿਸੇ ਮਨਜ਼ੂਰੀ ਦੇ, ਬਗੈਰ ਲਾਅ ਐਂਡ ਆਰਡਰ ਦੇ, ਸਿਰਫ ਆਪਣੇ ਪਰਿਵਾਰ ਵਾਸਤੇ ਉਨ੍ਹਾਂ ਨੇ ਇਨ੍ਹਾਂ ਨੂੰ ਪੁੱਟਿਆ। ਸਾਫ ਹਵਾ ਅਤੇ ਸਾਫ ਪਾਣੀ ਵੀ ਬਹੁਤ ਜ਼ਰੂਰੀ ਹਨ। ਸਾਨੂੰ ਇਸ ਗੱਲ ਦਾ ਖਦਸ਼ਾ ਹੈ ਕਿ ਇੰਨੀ ਗਰਮੀ ਵੱਧ ਰਹੀ ਹੈ, ਜਿਸ ਦੇ ਨਾਲ ਆਮ ਆਦਮੀ ਦੇ ਜਿਊਣ ਵਾਸਤੇ, ਜਿਸ ਤਰ੍ਹਾਂ ਕਈ ਲੋਕਾਂ ਕੋਲ ਬਿਜਲੀ ਦਾ ਸਿਸਟਮ ਵੀ ਨਹੀਂ ਹੈ, ਬਹੁਤ ਮੁਸ਼ਕਲ ਆਵੇਗੀ। ਜੇਕਰ ਅਸੀਂ ਆਪਣੇ ਦਰੱਖਤਾਂ ਨੂੰ ਪੁੱਟਦੇ ਰਹੇ ਅਤੇ ਹੋਰ ਨਾ ਲਾਏ, ਤਾਂ ਸਾਨੂੰ ਆਉਣ ਵਾਲੇ ਸਮੇਂ ਦੇ ਵਿੱਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇ ਸਾਡੇ ਦਰੱਖਤ ਹੋਣਗੇ, ਜੰਗਲ ਹੋਣਗੇ ਤਾਂ ਹੀ ਸਾਡਾ ਵਾਤਾਵਰਣ ਸਾਫ ਹੋਵੇਗਾ। ਅੱਜ ਇਸ ਗੱਲ ਦੀ ਲੋੜ ਹੈ ਕਿ ਹੋਰ ਦਰਖਤ ਲਾਏ ਜਾਣ ਤਾਂ ਕਿ ਆਉਣ ਵਾਲੀ ਜੈਨਰੇਸ਼ਨ ਚੰਗੀ ਹਵਾ ਲੈ ਸਕੇ। ਮੈਂ ਸਮਝਦਾ ਹਾਂ ਕਿ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਇਸ ਵਿੱਚ ਵੀ ਵਾਧਾ ਕੀਤਾ ਹੈ।

**ਮਾਨਯੋਗ ਸਪੀਕਰ :** ਸਦਨ ਸੋਮਵਾਰ, ਮਿਤੀ 25 ਜੂਨ, 2007 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*2.30 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸੋਮਵਾਰ, ਮਿਤੀ 25 ਜੂਨ, 2007 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

9708/PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 2007

Published under the authority of the Punjab Vidhan Sabha and printed by the Controller, Printing & Stationery, U.T. Chd.

Original with;
Punjab Vidhan Sabha
Digitized by;
Panjab Digital Library

5

# PUNJAB VIDHAN SABHA

## DEBATES

*Monday, the 25th June, 2007*

Vol.II-No. 5

OFFICIAL REPORT

CONTENTS


| | | Page |
|---|---|---|
| Postponed Starred Question and Answer | .. | (5) 1 |
| Starred Questions and Answers | .. | (5) 2 |
| Unstarred Questions and Answers | .. | (5) 29 |
| Statement by the Chief Minister | .. | (5) 62 |
| Call Attention Notice Under Rule 66 | .. | (5) 63 |
| Matters raised during Zero Hour | .. | (5) 67 |
| Resumption of General Discussion on the Budget Estimates for the Year 2007-08 | .. | (5) 70 |
| Appendix | .. | i |


**Punjab Vidhan Sabha Secretariat, Chandigarh.**

**Price : Rs.________**

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

## DEBATES

*Monday, the 25th June, 2007*

Vol.II-No. 5

OFFICIAL REPORT

CONTENTS


| | | Page |
|---|---|---|
| Postponed Starred Question and Answer | .. | (5) 1 |
| Starred Questions and Answers | .. | (5) 2 |
| Unstarred Questions and Answers | .. | (5) 29 |
| Statement by the Chief Minister | .. | (5) 62 |
| Call Attention Notice Under Rule 66 | .. | (5) 63 |
| Matters raised during Zero Hour | .. | (5) 67 |
| Resumption of General Discussion on the Budget Estimates for the Year 2007-08 | .. | (5) 70 |
| Appendix | .. | i |



**Punjab Vidhan Sabha Secretariat, Chandigarh.**

**Price : Rs.**________



Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Monday, the 25th June, 2007*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Sardar Nirmal Singh Kahlon) in the Chair.*

---------------

POSTPONED STARRED QUESTION AND ANSWER

**ਮਾਨਯੋਗ ਸਪੀਕਰ :** ਸਭ ਤੋਂ ਪਹਿਲਾਂ ਮੁਲਤਵੀ ਕੀਤਾ ਗਿਆ ਸਵਾਲ ਲਿਆ ਜਾਵੇਗਾ । ਸਰਦਾਰ ਜਤਿੰਦਰ ਸਿੰਘ ਕਰੀਹਾ ।

**ਨਵਾਂ ਸ਼ਹਿਰ ਵਿਖੇ ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ ਸਥਾਪਿਤ ਕਰਨਾ**

***36. ਸਰਦਾਰ ਜਤਿੰਦਰ ਸਿੰਘ ਕਰੀਹਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਨਵਾਂ ਸ਼ਹਿਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਉਸਾਰੀ ਗਈ ਇਤਿਹਾਸਿਕ ਬਾਰਾਂਦਰੀ ਦੀ ਕੁੱਲ ਕਿੰਨੀ ਜ਼ਮੀਨ ਹੈ ਅਤੇ ਇਸ ਸਮੇਂ ਕਿੰਨੀ ਜ਼ਮੀਨ ਨਜਾਇਜ਼ ਕਬਜ਼ੇ ਅਧੀਨ ਹੈ ;

(ਅ) ਕੀ ਉਕਤ ਬਾਰਾਂਦਰੀ ਦੀ ਇਮਾਰਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਤੇ ਅਜਾਇਬ ਘਰ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?

**ਮਾਨਯੋਗ ਸਪੀਕਰ :** ਬ੍ਰਹਮਪੁਰਾ ਸਾਹਿਬ ।

(ਇਸ ਵਕਤ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਗਲਤੀ ਨਾਲ ਨਿਸ਼ਾਨ ਵਾਲੇ ਪ੍ਰਸ਼ਨ ਨੰ: 131 ਦਾ ਜਵਾਬ ਪੰਜਾਬੀ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਬ੍ਰਹਮਪੁਰਾ ਜੀ, ਇਹ ਮੁਲਤਵੀ ਕੀਤਾ ਗਿਆ ਸਵਾਲ ਨੰ: 36 ਹੈ – Setting up of Maharaja Ranjit Singh Museum at Nawanshahar. ਇਹ ਮੁਲਤਵੀ ਕੀਤਾ ਗਿਆ ਸਵਾਲ ਹੈ । ਇਸ ਦਾ ਜਵਾਬ ਦਿਓ ।

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਨੰ: 131 ਹੈ ਜਿਸ ਦਾ ਮੈਂ ਜਵਾਬ ਪੜ੍ਹ ਰਿਹਾ ਹਾਂ ।

**ਮਾਨਯੋਗ ਸਪੀਕਰ :** ਇਹ ਸਵਾਲ ਬਾਅਦ ਵਿੱਚ ਆਵੇਗਾ, ਪਹਿਲਾਂ ਸਵਾਲ ਨੰ: 36* ਦਾ ਜਵਾਬ ਦਿਓ............... ਜੇ ਤੁਹਾਡੇ ਕੋਲ ਜਵਾਬ ਤਿਆਰ ਨਹੀਂ ਹੈ ਤਾਂ ਇਸ ਦਾ ਜਵਾਬ ਮੰਗਾ ਲੈਣਾ, ਇਸ ਦੇ ਲਈ ਬਾਅਦ ਵਿੱਚ ਟਾਈਮ ਦੇ ਦਿੱਤਾ ਜਾਵੇਗਾ ।

------------

## STARRED QUESTIONS AND ANSWERS

### ਸਬ-ਡਿਵੀਜ਼ਨ ਨਾਭਾ ਵਿੱਚ ਪਿੰਡ ਪੇਦਾਂ ਦੀ ਆਮਦਨ

***131. ਸਰਦਾਰ ਰਣਦੀਪ ਸਿੰਘ ਨਾਭਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਸਬ-ਡਿਵੀਜ਼ਨ ਨਾਭਾ ਵਿੱਚ ਗ੍ਰਾਮ ਪੰਚਾਇਤ 'ਪੇਦਾਂ' ਦੁਆਰਾ ਪਿਛਲੇ ਪੰਜ ਵਿੱਤੀ ਸਾਲਾਂ ਦੌਰਾਨ ਜ਼ਰਾਇਤੀ ਜ਼ਮੀਨ ਦੀ ਨੀਲਾਮੀ ਤੋਂ ਮਾਲੀਏ ਦੀ ਸਾਲ-ਵਾਰ ਕਿੰਨੀ ਰਕਮ ਕਮਾਈ ਗਈ ;

(ਅ) ਕੀ ਉਕਤ ਸਮੇਂ ਦੌਰਾਨ ਉਕਤ ਵਰਣਿਤ ਪਿੰਡ ਨੂੰ ਸੀ.ਆਰ.ਡੀ.ਪੀ. ਸਕੀਮ ਵਿੱਚ ਸ਼ਾਮਲ ਕੀਤਾ ਗਿਆ ਸੀ ; ਜੇਕਰ ਅਜਿਹਾ ਹੋਵੇ, ਤਾਂ ਉਕਤ ਸਕੀਮ ਅਧੀਨ ਮਿਤੀ-ਅੰਤ ਤੱਕ ਉਕਤ ਪਿੰਡ ਨੂੰ ਕੁੱਲ ਕਿੰਨੀ ਰਕਮ ਦੀ ਗ੍ਰਾਂਟ ਦਿੱਤੀ ਗਈ ?

Original with;
Punjab Vidhan Sabha
Digitized by;
Punjab Digital Library

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : (ੳ) ਪਿੰਡ ਪੇਦਾਂ ਦੀ ਜ਼ਰਾਇਤੀ ਸ਼ਾਮਲਾਤ ਜ਼ਮੀਨ ਦੀ ਨੀਲਾਮੀ ਤੋਂ ਕਮਾਈ ਗਈ ਸਾਲ-ਵਾਰ ਮਾਲੀਏ ਦੀ ਰਕਮ ਹੇਠ ਅਨੁਸਾਰ ਹੈ :-

| ਸਾਲ | | ਰਕਮ | ਵਿਸ਼ੇਸ਼ ਕਥਨ |
|---|---|---|---|
| 2002-03 | .. | 8,23,800/- ਰੁਪਏ | - |
| 2003-04 | .. | 5,86,180/- ਰੁਪਏ | - |
| 2004-05 | .. | 7,50,310/- ਰੁਪਏ | - |
| 2005-06 | .. | 7,74,725/- ਰੁਪਏ | - |
| 2006-07 | .. | 8,68,000/- ਰੁਪਏ | - |
| 2006-07 | .. | 3,45,790/- ਰੁਪਏ | 47 ਏਕੜ ਜ਼ਮੀਨ ਦੀ ਬੋਲੀ ਹੋਈ । ਬਾਕੀ 75 ਏਕੜ ਜ਼ਮੀਨ ਦੀ ਬੋਲੀ ਹੋਣ ਤੋਂ ਰਹਿੰਦੀ ਹੈ । |
| ਕੁੱਲ ਜੋੜ | .. | 41,48,805/- ਰੁਪਏ | |

(ਅ) ਪਿੰਡ ਪੇਦਾਂ, ਬਲਾਕ ਨਾਭਾ ਨੂੰ ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਗਿਆ ਹੈ । ਉਕਤ ਪਿੰਡ ਨੂੰ ਇਸ ਸਕੀਮ ਅਧੀਨ ਸਾਲ 2003-2004 ਦੌਰਾਨ ਹੇਠ ਲਿਖੇ ਅਨੁਸਾਰ ਗਰਾਂਟ ਦਿੱਤੀ ਗਈ ਹੈ :-

| | | | |
|---|---|---|---|
| 1. | ਸਟੇਡੀਅਮ ਦੀ ਉਸਾਰੀ ਲਈ | .. | 9.00 ਲੱਖ |
| 2. | ਗਰਾਮ ਸਭਾ ਹਾਲ ਦੀ ਉਸਾਰੀ ਲਈ | .. | 9.80 ਲੱਖ |
| 3. | ਛੱਪੜ ਦੀ ਚਾਰ ਦਿਵਾਰੀ, ਸਫਾਈ, ਗਲੀਆਂ, ਨਾਲੀਆਂ ਲਈ | .. | 8.02 ਲੱਖ |
| 4. | ਸਟਰੀਟ ਲਾਈਟਾਂ ਲਈ | .. | 1.18 ਲੱਖ |
| | **ਕੁੱਲ ਜੋੜ** | .. | 28.00 ਲੱਖ |

**(ਇਸ ਸਵਾਲ ਤੇ ਕੋਈ ਸਪਲੀਮੈਂਟਰੀ ਨਹੀਂ ਪੁੱਛੀ ਗਈ ।)**

Original with;
Punjab Vidhan Sabha
Digitized by;
Panjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰ: 149

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

-----------

## ਡਾਕਟਰਾਂ/ਪੈਰਾ-ਮੈਡੀਕਲ ਸਟਾਫ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ

*58. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਠਿੰਡਾ ਦੀ ਸਬ-ਡਿਵੀਜ਼ਨ, ਤਲਵੰਡੀ ਸਾਬੋ ਦੀਆਂ ਸਿਵਲ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਹੋਰ ਪੈਰਾ-ਮੈਡੀਕਲ ਸਟਾਫ਼ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਸਰਕਾਰ ਦੁਆਰਾ ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਬ-ਡਿਵੀਜ਼ਨ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਦੀਆਂ ਸਿਵਲ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਹੋਰ ਪੈਰਾ ਮੈਡੀਕਲ ਸਟਾਫ ਦੀਆਂ ਕੋਈ ਵੀ ਆਸਾਮੀਆਂ ਖਾਲੀ ਨਹੀਂ ਹਨ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਭਰੀਆਂ ਪੋਸਟਾਂ ਬਾਰੇ ਇਨ੍ਹਾਂ ਨੇ ਦੱਸਿਆ ਹੈ, ਕੀ ਇਹ ਹੁਣ ਭਰੀਆਂ ਹਨ ਜਾਂ ਕਿ ਇਹ ਪਹਿਲਾਂ ਦੀਆਂ ਭਰੀਆਂ ਹੋਈਆਂ ਸਨ ?

**ਮੰਤਰੀ** : ਸਪੀਕਰ ਸਾਹਿਬ, ਠੀਕ ਉੱਤਰ ਇਹ ਹੈ ਕਿ ਪੋਸਟਾਂ ਭਰ ਦਿੱਤੀਆਂ ਗਈਆਂ ਹਨ ਪਰ ਜਦੋਂ ਕਾਂਗਰਸ ਦੀ ਸਰਕਾਰ ਸੀ ਉਦੋਂ ਨਹੀਂ ਸਨ ਭਰੀਆਂ ਹੋਈਆਂ । ਬਾਦਲ ਸਾਹਿਬ ਅਤੇ ਭਾਰਤੀਯ ਜਨਤਾ ਪਾਰਟੀ ਦੀ ਗੌਰਮੈਂਟ ਆਉਣ ਤੋਂ ਬਾਅਦ ਇਹ ਭਰੀਆਂ ਗਈਆਂ ਹਨ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਵੱਖ-ਵੱਖ ਸਿਵਲ ਡਿਸਪੈਂਸਰੀਆਂ ਦੀ ਗੱਲ ਕੀਤੀ ਗਈ ਹੈ, ਇਸ ਦੇ ਵਿੱਚ ਕਿਹੜੀ-ਕਿਹੜੀ ਸਪੈਸ਼ਲਟੀ ਦੇ ਡਾਕਟਰ ਪੋਸਟ ਕੀਤੇ ਗਏ ਹਨ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਕੇਵਲ ਸਿਵਲ ਡਿਸਪੈਂਸਰੀ ਬਾਰੇ ਪੁੱਛਿਆ ਹੈ । ਉਥੇ ਦੋ ਸਿਵਲ ਡਿਸਪੈਂਸਰੀਆਂ ਹਨ : ਸਲੱਮ ਏਰੀਆ ਡਿਸਪੈਂਸਰੀ, ਕੋਟ ਫੱਤਾ ਔਰ ਸਲੱਮ ਏਰੀਆ ਡਿਸਪੈਂਸਰੀ, ਮੌੜ । ਇਨ੍ਹਾਂ ਵਿੱਚ ਇੱਕ-ਇੱਕ ਮੈਡੀਕਲ ਅਫ਼ਸਰ ਹੈ । ਸਲੱਮ ਏਰੀਆ, ਕੋਟ ਫੱਤਾ ਵਿਖੇ ਡਾਕਟਰ ਬਲਬੀਰ ਸਿੰਘ ਨਿਯੁਕਤ ਹਨ । ਮੌੜ ਵਿੱਚ ਡਾਕਟਰ ਅਵਤਾਰ ਸਿੰਘ ਨਿਯੁਕਤ ਹੋ ਚੁੱਕੇ ਹਨ । ਇਨ੍ਹਾਂ ਡਿਸਪੈਂਸਰੀਆਂ ਵਿੱਚ ਐਮ.ਬੀ.ਬੀ.ਐਸ. ਡਾਕਟਰ ਹੀ ਮੈਡੀਕਲ ਅਫ਼ਸਰ ਵੱਜੋਂ ਕੰਮ ਕਰਦੇ ਹਨ । ਕੁਝ ਇੱਕ ਸਪੈਸ਼ਲ ਯੋਗਤਾ ਵਾਲੇ ਡਾਕਟਰ ਹੁੰਦੇ ਹਨ ਔਰ ਇੱਕ-ਇੱਕ ਫਾਰਮਾਸਿਸਟ ਵੀ ਲੱਗੇ ਹੋਏ ਹਨ । ਕੋਟ ਫੱਤਾ ਡਿਸਪੈਂਸਰੀ ਵਿੱਚ ਸਰਦਾਰ ਜਸਬੀਰ ਸਿੰਘ ਜੀ ਅਤੇ ਮੌੜ ਡਿਸਪੈਂਸਰੀ ਵਿੱਚ ਸਰਦਾਰ ਗੁਰਦੀਪ ਸਿੰਘ ਜੀ ਫਾਰਮਾਸਿਸਟ ਵਜੋਂ ਕੰਮ ਕਰ ਰਹੇ ਹਨ । ਇਥੇ ਕਲਾਸ-4 ਦੀਆਂ ਜਿਹੜੀਆਂ ਪੋਸਟਾਂ ਹਨ ਉਹ ਕੋਟ ਫੱਤਾ ਵਿੱਚ ਇੱਕ ਕਲਾਸ-4 ਕੰਮ ਕਰ ਰਿਹਾ ਹੈ ਅਤੇ ਮੌੜ ਵਿੱਚ ਦੋ ਚੌਥਾ ਦਰਜਾ ਕਰਮਚਾਰੀ ਕੰਮ ਕਰ ਰਹੇ ਹਨ । ਇਸ ਤਰ੍ਹਾਂ ਸਾਰੀਆਂ ਪੋਸਟਾਂ ਭਰੀਆਂ ਹੋਈਆਂ ਹਨ । ਜਿਹੜੀ ਇਨ੍ਹਾਂ ਨੇ ਜਾਣਕਾਰੀ ਮੰਗੀ ਹੈ, ਉਹ ਦੇ ਦਿੱਤੀ ਗਈ ਹੈ ।

**ਸਰਦਾਰ ਮੱਖਣ ਸਿੰਘ :** ਸਪੀਕਰ ਸਾਹਿਬ, ਸਬ-ਡਵੀਜ਼ਨ, ਤਲਵੰਡੀ ਸਾਬੋ ਵਿੱਚ ਰਾਮਾ ਮੰਡੀ ਫਾਲ ਕਰਦੀ ਹੈ । ਉਥੇ ਹੁਣ ਦੋ ਡਾਕਟਰ ਜਿਹੜੇ ਹਨ ਉਹ ਬਦਲੀ ਕਰ ਦਿੱਤੇ ਗਏ ਹਨ । ਇੱਕ ਡਾਕਟਰ ਸਰਜਨ ਸੀ ਅਤੇ ਉਨ੍ਹਾਂ ਦੀ ਵਾਈਫ ਆਈਜ਼ ਸਪੈਸ਼ਲਿਸਟ ਸੀ । ਦੋਨਾਂ ਨੂੰ ਉਥੋਂ ਕਪੂਰਥਲੇ ਬਦਲ ਦਿੱਤਾ ਗਿਆ ਹੈ । ਇਸ ਤਰ੍ਹਾਂ ਉਥੇ ਡਾਕਟਰਾਂ ਦੀਆਂ ਪੋਸਟਾਂ ਪੂਰੀਆਂ ਨਹੀਂ ਸਗੋਂ ਉਥੋਂ ਤਾਂ ਡਾਕਟਰ ਬਦਲੀ ਕਰ ਦਿੱਤੇ ਗਏ ਹਨ ।

**ਮਾਨਯੋਗ ਸਪੀਕਰ :** ਇਨ੍ਹਾਂ ਨੇ ਕਿਹਾ ਹੈ ਕਿ ਪੋਸਟਾਂ ਪੂਰੀਆਂ ਕਰ ਦਿੱਤੀਆਂ ਗਈਆਂ ਹਨ ।

**ਸਰਦਾਰ ਮੱਖਣ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸ ਦਿੱਤਾ ਹੈ ਕਿ ਕੁੱਝ ਦਿਨ ਪਹਿਲਾਂ ਇਹ ਪੋਸਟਾਂ ਖਾਲੀ ਹੋਈਆਂ ਹਨ ।

**ਮਾਨਯੋਗ ਸਪੀਕਰ :** ਬੀਬੀ ਜੀ, ਦੱਸੋ ਜੀ ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਨ੍ਹਾਂ ਨੇ ਅੱਜ ਦਾ ਸਵਾਲ ਨਹੀਂ ਪੜ੍ਹਿਆ । ਅੱਜ ਦਾ ਸਵਾਲ ਸਿਰਫ ਇੰਨਾ ਹੈ ਕਿ ਤਲਵੰਡੀ ਸਾਬੋ ਦੀਆਂ ਸਿਵਲ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਹੋਰ ਪੈਰਾ/ ਮੈਡੀਕਲ ਸਟਾਫ ਦੀਆਂ ਕੁਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]
ਜਿਹੜੀ ਇਨ੍ਹਾਂ ਨੇ ਰਾਮਾ ਮੰਡੀ ਦੀ ਗੱਲ ਕੀਤੀ ਹੈ, ਇਹ ਸੀ.ਐਸ.ਸੀ. ਹੈ । ਇਸ ਸੀ.ਐਸ.ਸੀ. ਵਿੱਚ ਕਿੰਨਾ ਸਟਾਫ ਵਧਿਆ ਜਾ ਘਟਿਆ ਇਸ ਬਾਰੇ ਜਦੋਂ ਇਹ ਵੱਖਰਾ ਸਵਾਲ ਦੇਣਗੇ ਤਾਂ ਉਸ ਦਾ ਉਤਰ ਵੀ ਦੇ ਦੇਵਾਂਗੇ ।

**ਮਾਨਯੋਗ ਸਪੀਕਰ** : ਤੁਸੀਂ ਇਸ ਬਾਰੇ ਸੈਪਰੇਟ ਜਾਣਕਾਰੀ ਮੰਗ ਲਓ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਤਲਵੰਡੀ ਸਾਬੋ ਸਬ-ਡਿਵੀਜ਼ਨ ਵਿੱਚ ਜਿਹੜੇ ਹਸਪਤਾਲ ਅਤੇ ਡਿਸਪੈਂਸਰੀਆਂ ਹਨ ਉਥੇ ਪੋਸਟਾਂ ਖਾਲੀ ਹਨ । ਤਲਵੰਡੀ ਸਾਬੋ ਸਬ-ਡਿਵੀਜ਼ਨ ਵਿੱਚ ਹੀ ਇਹ ਫਾਲ ਕਰਦਾ ਹੈ ।

**ਮਾਨਯੋਗ ਸਪੀਕਰ** : ਮੇਰਾ ਖਿਆਲ ਹੈ ਕਿ ਇਸ ਪ੍ਰਸ਼ਨ ਦਾ ਜਵਾਬ ਆ ਗਿਆ ਹੈ । ਜੇਕਰ ਕੋਈ ਹੋਰ ਇਨਫਰਮੇਸ਼ਨ ਚਾਹੁੰਦੇ ਹੋ ਤਾਂ ਇਸ ਬਾਰੇ ਸੈਪਰੇਟ ਕੁਐਸਚਨ ਆ ਜਾਣਾ ਚਾਹੀਦਾ ਹੈ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਵਾਲ ਤਲਵੰਡੀ ਸਾਬੋ ਸਬ-ਡਿਵੀਜ਼ਨ ਨਾਲ ਸਬੰਧ ਰੱਖਦਾ ਹੈ । ਇਸ ਸਬ-ਡਿਵੀਜ਼ਨ ਵਿੱਚ ਪੈਂਦੇ ਹਸਪਤਾਲ ਅਤੇ ਡਿਸਪੈਂਸਰੀਆਂ ਬਾਰੇ ਇਹ ਸਵਾਲ ਹੈ । ਇਹ ਰਾਮਾ ਮੰਡੀ ਵੀ ਉਥੇ ਹੀ ਪੈਂਦੀ ਹੈ, ਇਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੇਨਤੀ ਕੀਤੀ ਹੈ ਕਿ ਜਿਹੜੀਆਂ ਪੋਸਟਾਂ ਭਰੀਆਂ ਹੋਈਆਂ ਹਨ ਜਾਂ ਖਾਲੀ ਹਨ ਉਸ ਦੀ ਇਨ੍ਹਾਂ ਨੇ ਸਵਾਲ ਵਿੱਚ ਜਾਣਕਾਰੀ ਮੰਗੀ ਹੈ ਉਸ ਦੀ ਮੈਂ ਪੂਰੀ ਸੂਚਨਾ ਸਦਨ ਅੱਗੇ ਪੇਸ਼ ਕਰ ਦਿੱਤੀ ਹੈ। ਜਿਹੜਾ ਇਨ੍ਹਾਂ ਨੇ ਇੱਕ ਸੀ.ਐਸ.ਸੀ. ਦੇ ਬਾਰੇ ਸਪੈਸ਼ਲ ਪੁੱਛਿਆ ਹੈ ਉਸ ਦੇ ਲਈ ਇਨ੍ਹਾਂ ਨੂੰ ਅਲੱਗ ਸਵਾਲ ਦੇਣਾ ਚਾਹੀਦਾ ਹੈ । ਲੇਕਿਨ ਤਲਵੰਡੀ ਸਾਬੋ ਦੀ ਸਾਰੀ ਸਬ-ਡਿਵੀਜ਼ਨ ਬਾਰੇ ਮੈਂ ਇਸ ਵੇਲੇ ਸੂਚਨਾ ਦੇ ਸਕਦੀ ਹਾਂ ਕਿ ਸਾਡੇ ਕੋਲ ਐਸ.ਐਮ.ਓ. ਟੋਟਲ ਸਬ-ਡਿਵੀਜ਼ਨ ਦੀ ਗੱਲ ਕਰਦੀ ਹਾਂ ਕਿ ਇੱਕ ਜਗ੍ਹਾ ਖਾਲੀ ਹੈ । 15 ਐਮ.ਓ. ਵਿੱਚੋਂ 6 ਦੀ ਜਗ੍ਹਾ ਖਾਲੀ ਹਨ । ਇਨ੍ਹਾਂ ਦਾ ਕਹਿਣਾ ਵੀ ਕੋਈ ਗਲਤ ਨਹੀਂ ਹੈ । ਮੇਰੀ ਬੇਨਤੀ ਹੈ ਕਿ ਏ ਦੀ ਪੋਸਟ ਦੀ ਜਗ੍ਹਾ ਬੀ ਜਾਂ ਬੀ ਦੀ ਜਗ੍ਹਾ ਸੀ ਚਲੇ ਗਏ ਹਨ । 147 ਨਵੀਆਂ ਡਾਕਟਰਾਂ ਦੀਆਂ ਪੋਸਟਾਂ ਦੀ ਭਰਤੀ ਵਾਸਤੇ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਲਿਖ ਦਿੱਤਾ ਗਿਆ ਹੈ । 71 ਡਾਕਟਰ ਪੋਸਟ ਗਰੈਜੂਏਟ ਦੀ ਡਿਗਰੀ ਪੂਰੀ ਕਰਕੇ ਵਾਪਸ ਆ ਗਏ ਹਨ । ਜਿਹੜੀ ਕਮੀ ਹੈ ਉਹ ਵੀ 2007 ਦੇ ਅੰਦਰ-ਅੰਦਰ ਪੂਰੀ ਹੋ ਜਾਵੇਗੀ । ਅਸੀਂ ਪੋਸਟ ਗਰੈਜੂਏਟ ਡਾਕਟਰ ਪਹਿਲਾਂ ਲਾਉਣੇ ਹਨ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮੱਖਣ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬਾ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਦੋਨੋਂ ਹਸਬੈਂਡ/ਵਾਈਫ ਡਾਕਟਰ ਕਪੂਰਥਲੇ ਬਦਲ ਦਿੱਤੇ ਗਏ ਹਨ ਉਨ੍ਹਾਂ ਨੇ ਇਸ ਵਾਸਤੇ ਕੋਈ ਰਿਕੁਐਸਟ ਵੀ ਨਹੀਂ ਕੀਤੀ ਔਰ ਨਾ ਹੀ ਉਨ੍ਹਾਂ ਦੀ ਕੋਈ ਸ਼ਿਕਾਇਤ ਸੀ ਔਰ ਲੋਕ ਵੀ ਉਨ੍ਹਾਂ ਨੂੰ ਪਸੰਦ ਕਰਦੇ ਹਨ, ਕੀ ਬੀਬੀ ਜੀ ਐਸ਼ਿਓਰ ਕਰਨਗੇ ਕਿ ਉਨ੍ਹਾਂ ਦੀ ਬੇਨਤੀ ਤੋਂ ਬਿਨਾਂ ਉਨ੍ਹਾਂ ਦੀ ਬਦਲੀ ਕੀਤੀ ਗਈ ਹੈ, ਕੀ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਨਾਲ ਗੱਲ ਕਰ ਲੈਣਾ ।

------------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 109**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸੁਆਲ ਪੇਸ਼ ਨਹੀਂ ਹੋਇਆ ।)

------------

**ਰਾਜ ਵਿੱਚ ਕਿਸਾਨਾਂ ਨੂੰ ਮੁਆਵਜ਼ਾ ਦੇਣਾ**

***130. ਸਰਦਾਰ ਰਣਦੀਪ ਸਿੰਘ ਨਾਭਾ (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਪੇਸ਼ ਕੀਤਾ ਗਿਆ) :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਚਾਲੂ ਕਣਕ ਦੇ ਸੀਜਨ ਦੌਰਾਨ ਕਿਸਾਨਾਂ ਦੀਆਂ ਗੜ੍ਹਿਆਂ ਦੀ ਮਾਰ ਕਾਰਣ ਖਰਾਬ ਹੋਈਆਂ ਫਸਲਾਂ ਲਈ ਸਰਕਾਰ ਦੁਆਰਾ ਕਿਸਾਨਾਂ ਨੂੰ ਅਦਾ ਕੀਤੇ ਗਏ ਮੁਆਵਜ਼ੇ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ?

**ਸਰਦਾਰ ਅਜੀਤ ਸਿੰਘ ਕੋਹਾੜ :** ਕੁਦਰਤੀ ਆਫਤਾਂ ਰਾਹਤ ਫੰਡ ਸਕੀਮ ਅਧੀਨ ਕੁਦਰਤੀ ਆਫਤਾਂ ਸਮੇਤ ਗੜੇਮਾਰੀ ਨਾਲ ਹੋਏ ਨੁਕਸਾਨ ਲਈ ਕਿਸਾਨਾਂ ਨੂੰ ਰਾਹਤ ਦਿੱਤੀ ਜਾਂਦੀ ਹੈ । ਸਰਕਾਰ ਵੱਲੋਂ ਚਾਲੂ ਕਣਕ ਦੇ ਸੀਜਨ ਦੌਰਾਨ ਫਸਲਾਂ ਦੇ ਹੋਏ ਨੁਕਸਾਨ ਵਜੋਂ 16 ਜ਼ਿਲ੍ਹਿਆਂ ਵਿੱਚ ਦਿੱਤੀ ਰਾਹਤ ਦਾ ਜ਼ਿਲ੍ਹਾਵਾਰ ਵੇਰਵਾ

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

ਅਨੁਲੱਗ 'ੳ' ਤੇ ਰੱਖਿਆ ਜਾਂਦਾ ਹੈ :-

## ਅਨੁਲੱਗ 'ੳ'

### ਮਿਤੀ 20-6-2007 ਤੱਕ

| ਲੜੀ ਨੰ: | ਜ਼ਿਲ੍ਹਾ | | ਨੁਕਸਾਨ ਏਕੜਾਂ ਵਿੱਚ | ਮਨਜ਼ੂਰ ਕੀਤੀ ਰਾਹਤ ਦੀ ਰਕਮ | ਹੁਣ ਤੱਕ ਵੰਡੀ ਰਕਮ |
|---|---|---|---|---|---|
| 1. | ਅੰਮ੍ਰਿਤਸਰ | .. | 4987 | 11701000 | 16374 |
| 2. | ਬਠਿੰਡਾ | .. | 12544 | 31570000 | 28859000 |
| 3. | ਫਤਹਿਗੜ੍ਹ ਸਾਹਿਬ | .. | 15100 | 42517292 | 37544205 |
| 4. | ਫਰੀਦਕੋਟ | .. | 1852 | 5711000 | 6346730 |
| 5. | ਫਿਰੋਜ਼ਪੁਰ | .. | 23611 | 56892750 | 46665184 |
| 6. | ਗੁਰਦਾਸਪੁਰ | .. | 3537 | 17685000 | 12229126 |
| 7. | ਹੁਸ਼ਿਆਰਪੁਰ | .. | 7986 | 34972000 | 17209866 |
| 8. | ਕਪੂਰਥਲਾ | .. | 13143 | 52950000 | 24319164 |
| 9. | ਲੁਧਿਆਣਾ | .. | 32106 | 59472000 | 55237687 |
| 10. | ਮੁਹਾਲੀ | .. | 8233 | 2944000 | 2623855 |
| 11. | ਮੁਕਤਸਰ | .. | 49207 | 212787000 | 162010246 |
| 12. | ਮੋਗਾ | .. | 2777 | 477[illegible] | 4184322 |
| 13. | ਪਟਿਆਲਾ | .. | 43845 | 159166000 | 117123608 |
| 14. | ਰੋਪੜ | .. | 2089 | 7408000 | 5991298 |
| 15. | ਸੰਗਰੂਰ | .. | 6172 | 18946000 | 16550921 |
| 16. | ਤਰਨ ਤਾਰਨ | .. | 11113.5 | 34112905 | 32489907 |

(ਇਸ ਸਵਾਲ ਤੇ ਕੋਈ ਸਪਲੀਮੈਂਟਰੀ ਨਹੀਂ ਪੁੱਛੀ ਗਈ ।)

-----------

Original with;
Punjab Vidhan Sabha
Digitized by;
Panjab Digital Library

## ਤਲਵੰਡੀ ਸਾਬੋ ਅਤੇ ਚੰਡੀਗੜ੍ਹ ਵਿਚਕਾਰ ਬਸ ਸੇਵਾ

***57. ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਲਵੰਡੀ ਸਾਬੋ ਤੋਂ ਚੰਡੀਗੜ੍ਹ ਵਿਚਕਾਰ ਬਸ ਸੇਵਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਬਸ ਸੇਵਾ ਕਦੋਂ ਤੱਕ ਸ਼ੁਰੂ ਹੋ ਜਾਵੇਗੀ ?

**ਮਾਸਟਰ ਮੋਹਨ ਲਾਲ** : ਹਾਂ ਜੀ । ਪੰਜਾਬ ਰੋਡਵੇਜ਼, ਚੰਡੀਗੜ੍ਹ ਵੱਲੋਂ ਚੰਡੀਗੜ੍ਹ-ਤਲਵੰਡੀ ਸਾਬੋ ਰੂਟ ਤੇ ਪਹਿਲਾਂ ਹੀ ਬੱਸ ਸੇਵਾ ਚਲਾਈ ਜਾ ਰਹੀ ਹੈ । ਇਸ ਬੱਸ ਦਾ ਚੰਡੀਗੜ੍ਹ ਤੋਂ ਚੱਲਣ ਦਾ ਸ਼ਡਿਊਲ ਟਾਈਮ 13:40 ਵਜੇ ਦਾ ਹੈ ਅਤੇ ਤਲਵੰਡੀ ਸਾਬੋ ਤੋਂ ਚੰਡੀਗੜ੍ਹ ਲਈ ਇਹ ਬੱਸ 5:00 ਵਜੇ ਸਵੇਰੇ ਚੱਲਦੀ ਹੈ । ਇਸ ਤੋਂ ਇਲਾਵਾ ਪੈਪਸੂ ਰੋਡ ਟਰਾਂਸਪੋਰਟ ਦੀਆਂ ਬੱਸਾਂ ਵੀ ਚੱਲਦੀਆਂ ਹਨ । ਇਹ ਚੰਡੀਗੜ੍ਹ ਤੋਂ ਦੁਪਹਿਰ 12:20 ਤਲਵੰਡੀ ਸਾਬੋ ਲਈ ਅਤੇ ਦੂਜੀ 1:05 ਵਜੇ ਤਲਵੰਡੀ ਸਾਬੋ ਲਈ ਚੱਲਦੀ ਹੈ । ਇਸੇ ਤਰ੍ਹਾਂ ਚੰਡੀਗੜ੍ਹ ਤੋਂ ਸਵੇਰੇ 5:40 ਵਜੇ ਫਿਰ ਦੂਸਰੀ ਬੱਸ 6:40 ਵਜੇ, ਇਹ ਬੱਸਾਂ ਚੱਲਦੀਆਂ ਹਨ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਬੱਸ ਦੀ ਗੱਲ ਕਰ ਰਹੇ ਹਨ ਉਸ ਦਾ ਰੂਟ ਕੀ ਹੈ ਜਦੋਂ ਉਹ ਤਲਵੰਡੀ ਸਾਬੋ ਤੋਂ ਚੰਡੀਗੜ੍ਹ ਆਉਂਦੀ ਹੈ ।

**ਮੰਤਰੀ** : ਸ਼ੈਡਿਊਲ ਮੁਤਾਬਿਕ ਚਲਦੀ ਹੈ ਅਤੇ ਜਿਹੜੇ-ਜਿਹੜੇ ਬੱਸ ਸਟੈਂਡ ਰਸਤੇ ਵਿੱਚ ਆਉਂਦੇ ਹਨ, ਉਥੇ ਬੱਸਾਂ ਰੁਕਦੀਆਂ ਹਨ ਜਦੋਂ ਇਹ ਤਲਵੰਡੀ ਸਾਬੋ ਤੋਂ ਚੰਡੀਗੜ੍ਹ ਅਤੇ ਚੰਡੀਗੜ੍ਹ ਤੋਂ ਤਲਵੰਡੀ ਸਾਬੋ ਆਉਂਦੀਆਂ/ਜਾਂਦੀਆਂ ਹਨ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਤਲਵੰਡੀ ਸਾਬੋ ਤੋਂ ਚੰਡੀਗੜ੍ਹ ਆਉਣ ਦੇ ਦੋ ਰਸਤੇ ਹਨ । ਇੱਕ ਵਾਇਆ ਮਾਨਸਾ ਅਤੇ ਦੂਜਾ ਵਾਇਆ ਬਠਿੰਡਾ । ਇਹ ਬੱਸ ਵਾਇਆ ਮਾਨਸਾ ਚੰਡੀਗੜ੍ਹ ਆਉਂਦੀ ਹੈ ਜਾਂ ਕਿ ਵਾਇਆ ਬਠਿੰਡਾ ਚੰਡੀਗੜ੍ਹ ਆਉਂਦੀ ਹੈ ।

**ਮਾਨਯੋਗ ਸਪੀਕਰ** : ਚਲੋ, ਆਉਂਦੀ ਤਾਂ ਹੈ । (ਹਾਸਾ)

**ਮੰਤਰੀ** : ਇਨ੍ਹਾਂ ਦੀ ਗੱਲ ਠੀਕ ਹੈ । ਇਹ ਬਾਅਦ ਵਿੱਚ ਮੇਰੇ ਕੋਲ ਆ ਜਾਣ । ਮੈਂ ਆਪਣੇ ਅਫ਼ਸਰਾਂ ਕੋਲੋਂ ਸਾਰੀ ਜਾਣਕਾਰੀ ਲੈ ਕੇ ਇਨ੍ਹਾਂ ਨੂੰ ਦੱਸ ਦੇਵਾਂਗਾ । ਮੈਨੂੰ ਤਾਂ ਆਪ ਨਹੀਂ ਪਤਾ ਕਿ ਇਹ ਬੱਸ ਕਿਹੜੇ ਰੂਟ ਤੋਂ ਆਉਂਦੀ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮੱਖਣ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬੱਸ ਜਦੋਂ ਤਲਵੰਡੀ ਸਾਬੋ ਤੋਂ ਚੰਡੀਗੜ੍ਹ ਆਉਂਦੀ ਹੈ ਅਤੇ ਚੰਡੀਗੜ੍ਹ ਤੋਂ ਤਲਵੰਡੀ ਸਾਬੋ ਜਾਂਦੀ ਹੈ ਤਾਂ ਰਸਤੇ ਵਿੱਚ ਰਾਮਾਂ ਮੰਡੀ 10 ਕਿਲੋਮੀਟਰ ਦੂਰ ਰਹਿ ਜਾਂਦਾ ਹੈ ਜਿਹੜਾ ਕਿ ਬੜਾ ਮਹੱਤਵਪੂਰਨ ਸ਼ਹਿਰ ਹੈ। ਹੁਣ ਜਦੋਂ ਰਿਫਾਈਨਰੀ ਲੱਗ ਜਾਣੀ ਹੈ ਤਾਂ ਇਸ ਸ਼ਹਿਰ ਦੀ ਮਹੱਤਤਾ ਹੋਰ ਵੀ ਵਧ ਜਾਣੀ ਹੈ । ਕੀ ਮੰਤਰੀ ਜੀ ਇਸ ਬੱਸ ਨੂੰ 10 ਕਿਲੋਮੀਟਰ ਦੂਰ ਰਾਮਾਂ ਮੰਡੀ ਤੱਕ ਐਕਸਟੈਂਡ ਕਰ ਸਕਦੇ ਹਨ ਜਾਂ ਉਥੋਂ ਚੰਡੀਗੜ੍ਹ ਲਈ ਸ਼ੁਰੂ ਕਰ ਸਕਦੇ ਹਨ ?

**ਮੰਤਰੀ :** ਮੈਂਬਰ ਸਾਹਿਬ ਆਪਣੇ ਹਲਕੇ ਦੀ ਮੰਗ ਨੂੰ ਲੋਕਾਂ ਵੱਲੋਂ ਲਿਖਵਾ ਕੇ ਭੇਜ ਦੇਣ, ਉਸ ਉਤੇ ਵਿਚਾਰ ਕਰ ਲਵਾਂਗੇ ।

**ਸਰਦਾਰ ਮੱਖਣ ਸਿੰਘ :** ਬਹੁਤ-ਬਹੁਤ ਧੰਨਵਾਦ ਜੀ ।

---------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 67**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

----------

**ਜ਼ਿਲ੍ਹਾ ਭਲਾਈ ਅਫ਼ਸਰਾਂ ਦੀਆਂ ਖਾਲੀ ਪਈਆਂ ਆਸਾਮੀਆਂ**

***133. ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਰਾਜ ਵਿੱਚ ਜ਼ਿਲ੍ਹਾ ਭਲਾਈ ਅਫ਼ਸਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰ ਦਿਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਲਜ਼ਾਰ ਸਿੰਘ ਰਣੀ ਕੇ :** 1. ਇਸ ਸਮੇਂ ਰਾਜ ਵਿੱਚ ਜ਼ਿਲ੍ਹਾ ਭਲਾਈ ਅਫ਼ਸਰਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ ਛੇ ਹੈ ।

2. ਜ਼ਿਲ੍ਹਾ ਭਲਾਈ ਅਫ਼ਸਰਾਂ ਦੀਆਂ ਖਾਲੀ 6 ਆਸਾਮੀਆਂ ਵਿੱਚੋਂ 3 ਆਸਾਮੀਆਂ ਤਰੱਕੀ ਦੇ ਕੋਟੇ ਦੀਆਂ ਹਨ, ਜੋ ਕਿ ਥੋੜ੍ਹੇ ਸਮੇਂ ਵਿੱਚ ਭਰ ਲਈਆਂ ਜਾਣਗੀਆਂ, ਬਾਕੀ 3 ਆਸਾਮੀਆਂ ਸਿੱਧੀ ਭਰਤੀ ਦੀਆਂ ਹਨ, ਜੋ ਕਿ ਭਰਤੀ ਤੇ ਲਗਾਈ ਰੋਕ ਖ਼ਤਮ ਹੋਣ ਉਪਰੰਤ ਪੰਜਾਬ ਲੋਕ ਸੇਵਾ ਕਮਿਸ਼ਨ ਰਾਹੀਂ ਭਰੀਆਂ ਜਾਣਗੀਆਂ ।

Original with;
Punjab Vidhan Sabha
Digitized by;
Punjab Digital Library

**ਸਰਦਾਰ ਅਜੀਤ ਸਿੰਘ ਸ਼ਾਂਤ** : ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਦੇ ਵਿੱਚ 20 ਜ਼ਿਲ੍ਹੇ ਕੰਮ ਕਰਦੇ ਹਨ ਜਿਨ੍ਹਾਂ ਦੇ ਵਿੱਚੋਂ 6 ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਭਲਾਈ ਅਫ਼ਸਰ ਦੀਆਂ ਆਸਾਮੀਆਂ ਖਾਲੀ ਪਈਆਂ ਹਨ । ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ 6 ਵਿੱਚੋਂ 3 ਆਸਾਮੀਆਂ ਤਰੱਕੀ ਰਾਹੀਂ ਭਰੀਆਂ ਜਾਣੀਆਂ ਹਨ ਅਤੇ 3 ਸਿੱਧੀ ਭਰਤੀ ਦੀਆਂ ਹਨ ਜਿਹੜੀਆਂ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਭਰੀਆਂ ਜਾਣੀਆਂ ਹਨ । ਸਪੀਕਰ ਸਾਹਿਬ, ਜ਼ਿਲ੍ਹਾ ਭਲਾਈ ਅਫ਼ਸਰਾਂ ਨੂੰ ਦੋ-ਦੋ ਜ਼ਿਲ੍ਹਿਆਂ ਦੇ ਚਾਰਜ ਦਿੱਤੇ ਹੋਏ ਹਨ । ਕੀ ਸਰਕਾਰ ਸਮਾਂਬੱਧ ਕਰੇਗੀ ਕਿ ਘੱਟੋ-ਘੱਟ ਜਿਹੜੀਆਂ ਤਰੱਕੀ ਦੇ ਕੋਟੇ ਦੀਆਂ ਤਿੰਨ ਆਸਾਮੀਆਂ ਖਾਲੀ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪ੍ਰਮੋਟ ਕਰਕੇ ਇਸ ਘਾਟ ਨੂੰ ਪੂਰਾ ਕੀਤਾ ਜਾਵੇਗਾ । ਕਿਉਂਕਿ ਇੱਥੋਂ ਹੀ ਸਾਡੇ ਗਰੀਬ ਵਰਗ ਦੇ ਆਦਮੀਆਂ ਨੂੰ ਪੈਨਸ਼ਨਾਂ ਅਤੇ ਹੋਰ ਸਹੂਲਤਾਂ ਮਿਲਦੀਆਂ ਹਨ। ਇਸ ਲਈ ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਤੇ ਗੌਰ ਕਰਨ ਦੀ ਖੇਚਲ ਕਰਨ ।

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦੀ ਗੱਲ ਵਿੱਚ ਵਜ਼ਨ ਹੈ । ਵਾਕਿਆ ਹੀ ਇਸ ਵੇਲੇ ਪੰਜਾਬ ਵਿੱਚ 30% ਗਰੀਬ ਵਰਗ ਦੀ ਆਬਾਦੀ ਹੈ । ਜਿਹੜੀਆਂ ਇਹ ਤਿੰਨ ਆਸਾਮੀਆਂ ਤਰੱਕੀ ਰਾਹੀਂ ਭਰੀਆਂ ਜਾਣੀਆਂ ਹਨ, ਉਹ ਛੇਤੀ ਹੀ ਦੋ-ਚਾਰ ਮਹੀਨੇ ਵਿੱਚ ਭਰ ਦਿੱਤੀਆਂ ਜਾਣਗੀਆਂ ਅਤੇ ਬਾਕੀ ਤਿੰਨ ਆਸਾਮੀਆਂ ਜਦੋਂ ਵੀ ਸਰਕਾਰ ਵਲੋਂ ਭਰਤੀ ਤੋਂ ਬੈਨ ਹਟਾ ਦਿੱਤਾ ਗਿਆ, ਉਹ ਵੀ ਭਰਨ ਦੀ ਕੋਸ਼ਿਸ਼ ਕਰਾਂਗੇ ।

---------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 75**

**ਮਾਨਯੋਗ ਸਪੀਕਰ** : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 75 ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

---------

## ਸਤਲੁਜ ਦਰਿਆ ਉਪਰ ਪੁਲ ਦੀ ਉਸਾਰੀ

***72. ਸਰਦਾਰ ਈਸ਼ਰ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ ਸ਼ਹਿਰ ਨੂੰ ਰਾਹੋਂ ਦੇ ਨਾਲ ਜੋੜਣ

---

** For Starred Question No. 75 and reply thereto, please *see* Appendix to this Debates.

Original with;
Punjab Vidhan Sabha
Digitized by;
Panjab Digital Library

[ਸਰਦਾਰ ਈਸ਼ਰ ਸਿੰਘ]

ਲਈ ਸਤਲੁਜ ਦਰਿਆ ਉਪਰ ਨਵੇਂ ਪੁਲ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਨਹੀਂ ਸ਼੍ਰੀਮਾਨ ਜੀ । ਹਾਲ ਦੀ ਘੜੀ ਸਰਕਾਰ ਵੱਲੋਂ ਲੁਧਿਆਣਾ ਸ਼ਹਿਰ ਨੂੰ ਰਾਹੋਂ ਨਾਲ ਜੋੜਨ ਲਈ ਸਤਲੁਜ ਦਰਿਆ ਉਪਰ ਪੁਲ ਬਣਾਉਣ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਲੁਧਿਆਣਾ ਬਹੁਤ ਹੀ ਵੱਡਾ ਸ਼ਹਿਰ ਹੈ, ਜਿੱਥੇ ਲੋਕਾਂ ਲਈ ਬਹੁਤ ਹੀ ਰੁਜ਼ਗਾਰ ਦੇ ਸੋਮੇ ਹਨ ਅਤੇ ਨਾਲ-ਨਾਲ ਸਾਡੀਆਂ ਜੋ ਪੈਦਾਵਾਰ ਜਾਂ ਸਬਜ਼ੀਆਂ ਹਨ ਅਤੇ ਅਨਾਜ ਹੈ, ਉਸ ਦੀ ਖਪਤ ਵੀ ਇਥੇ ਬਹੁਤ ਹੈ ਅਤੇ ਇਹ ਚੀਜ਼ਾਂ ਜ਼ਿਆਦਾ ਕਰਕੇ ਦੁਆਬੇ ਤੋਂ ਆਉਂਦੀਆਂ ਹਨ । ਫਿਲਹਾਲ ਲੋਕਾਂ ਨੂੰ ਫਿਲੌਰ ਦੇ ਕੋਲੋਂ ਆਉਣਾ ਪੈਂਦਾ ਹੈ ਅਤੇ ਕਾਫੀ ਸਮਾਂ ਲੱਗਦਾ ਹੈ ਅਤੇ ਮੇਨ ਰੋਡ ਤੇ ਰਸ਼ ਬਹੁਤ ਰਹਿੰਦਾ ਹੈ । ਇਸ ਕਰਕੇ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਫਿਲਹਾਲ ਕੋਈ ਤਜਵੀਜ਼ ਨਹੀਂ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੀ ਪ੍ਰਾਬਲਮ ਨੂੰ ਮੁੱਖ ਰੱਖਦੇ ਹੋਏ ਇਸ ਪੁਲ ਨੂੰ ਬਣਾਉਣ ਲਈ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਆਲਰੇਡੀ 2 ਪੁਲ ਇੱਕ ਮਾਛੀਵਾੜਾ ਤੋਂ ਰਾਹੋਂ ਅਤੇ ਦੂਜਾ ਲੁਧਿਆਣਾ ਤੋਂ ਫਿਲੌਰ ਨੂੰ ਜਾਂਦੀ ਸੜਕਾਂ ਤੇ ਬਣੇ ਹੋਏ ਹਨ ਅਤੇ ਜਿੱਥੇ ਇਹ ਮੰਗ ਕਰ ਰਹੇ ਹਨ, ਉਸਦੇ 20 ਕਿਲੋਮੀਟਰ ਦੇ ਰੈਡੀਅਸ ਵਿੱਚ ਇਹ ਪੁਲ ਐਗਜ਼ਿਸਟ ਕਰਦੇ ਹਨ । ਨਹਿਰਾਂ ਤੇ ਪੁਲ ਬਣਾਉਣ ਲਈ ਤਕਰੀਬਨ 40 ਕਰੋੜ ਤੋਂ ਲੈ ਕੇ 80 ਕਰੋੜ ਰੁਪਏ ਤੱਕ ਦਾ ਖ਼ਰਚਾ ਆਉਂਦਾ ਹੈ । ਸੀਮਤ ਸਾਧਨ ਹੋਣ ਕਰਕੇ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਜਿੰਨੀ ਵੀ ਜ਼ਿਆਦਾ ਤੋਂ ਜ਼ਿਆਦਾ ਕਨੈਕਟੇਵਿਟੀ ਹੈ, ਬਣਾਈ ਜਾਵੇ । ਫਿਰ ਵੀ ਜਨਤਾ ਦੀ ਮੰਗ ਨੂੰ ਵੇਖਦੇ ਹੋਏ ਇਸ ਤੇ ਵਿਚਾਰ ਕਰ ਲਵਾਂਗੇ ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਜਿਥੋਂ ਤੱਕ ਪੈਸੇ ਦੇ ਪ੍ਰਬੰਧ ਦੀ ਗੱਲ ਹੈ, ਇਹ ਇੱਕ ਲੋਕ ਹਿੱਤ ਦੀ ਗੱਲ ਹੈ ਅਤੇ ਪਬਲਿਕ ਦੀ ਤਰੱਕੀ, ਬਿਹਤਰੀ ਅਤੇ ਰੋਜ਼ਗਾਰ ਦੀ ਗੱਲ ਹੈ । ਇਸ ਲਈ ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਇਸ ਤੇ ਵਿਚਾਰ ਕਰਨ ਦਾ ਭਰੋਸਾ ਦਿਵਾਉਣ ।

**ਮੰਤਰੀ** : ਵਿਚਾਰ ਕਰ ਲਵਾਂਗੇ ਜੀ ।

**ਸਰਦਾਰ ਈਸ਼ਰ ਸਿੰਘ** : ਧੰਨਵਾਦ ਜੀ ।

----------

Original with;
Punjab Vidhan Sabha
Digitized by;
Panjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰ: 113

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

-----------

## ਆਂਗਨਵਾੜੀ ਵਰਕਰਜ਼ (ਕਾਮਿਆਂ) ਨੂੰ ਮਾਨ-ਭੱਤੇ ਦੀ ਅਦਾਇਗੀ

***134. ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਂਗਨਵਾੜੀ ਵਰਕਰਜ਼ (ਕਾਮਿਆਂ) ਅਤੇ ਹੈਲਪਰਜ਼ (ਮਦਦਗਾਰਾਂ) ਦਾ ਮਾਨ-ਭੱਤਾ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਕਿਸ ਦਰ ਤੇ ਅਤੇ ਇਹ ਭੱਤਾ ਕਿਸ ਮਿਤੀ ਤੋਂ ਵਧਾਏ ਜਾਣ ਦੀ ਸੰਭਾਵਨਾ ਹੈ ?

**ਚੌਧਰੀ ਸਵਰਨਾ ਰਾਮ** : ਜੀ ਨਹੀਂ ।

**ਸਰਦਾਰ ਅਜੀਤ ਸਿੰਘ ਸ਼ਾਂਤ** : ਸਪੀਕਰ ਸਾਹਿਬ, ਪੰਜਾਬ ਦੇ ਹਰ ਕਸਬੇ ਵਿੱਚ ਆਂਗਨਵਾੜੀ ਸੈਂਟਰ ਖੁੱਲ੍ਹੇ ਹੋਏ ਜਿਨ੍ਹਾਂ ਵਿੱਚ ਆਂਗਨਵਾੜੀ ਵਰਕਰ ਤੇ ਹੈਲਪਰ ਕੰਮ ਕਰਦੇ ਹਨ । ਇਹ ਵਰਕਰ ਤੇ ਹੈਲਪਰ ਬਹੁਤ ਮਿਹਨਤ ਕਰਦੇ ਹਨ ਪਰ ਸਰਕਾਰ ਨੇ ਉਨ੍ਹਾਂ ਤੇ ਕਾਫੀ ਬੋਝ ਪਾਇਆ ਹੋਇਆ ਹੈ । ਛੇ ਸਾਲ ਦੇ ਬੱਚਿਆਂ ਨੂੰ ਖਾਸ ਤੌਰ ਤੇ ਦਲਿਤ ਵਰਗ ਦੇ ਬੱਚਿਆਂ ਨੂੰ ਪੰਜਾਬ ਸਰਕਾਰ ਵੱਲੋਂ ਦਲੀਆ ਜਾਂ ਦੁੱਧ ਵਗੈਰਾ ਇਨ੍ਹਾਂ ਰਾਹੀਂ ਸਪਲਾਈ ਹੁੰਦਾ ਹੈ । ਇਸ ਤੋਂ ਇਲਾਵਾ ਪਿੰਡਾਂ ਵਿੱਚ ਨਵੇਂ ਬੱਚਿਆਂ ਲਈ ਜਾਂ ਜਣੇਪੇ ਵੇਲੇ ਇਹ ਬੀਬੀਆਂ ਹੈਲਪ ਵੀ ਕਰਦੀਆਂ ਹਨ । ਇਸ ਵਕਤ ਪੰਜਾਬ ਵਿੱਚ ਜੋ ਮਾਣ-ਭੇਟਾ ਇਨ੍ਹਾਂ ਨੂੰ ਪ੍ਰਤੀ ਮਹੀਨਾ ਦਿੱਤੀ ਜਾ ਰਹੀ ਹੈ, ਉਸ ਵਿੱਚ ਵਰਕਰ ਨੂੰ 1400/- ਰੁਪਿਆ ਤੇ ਹੈਲਪਰ ਨੂੰ 700/- ਰੁਪਿਆ ਹੈ । ਸਪੀਕਰ ਸਾਹਿਬ, ਮੇਰੀ ਜਾਣਕਾਰੀ ਮੁਤਾਬਕ 1400/- ਰੁਪਏ ਵਿੱਚੋਂ 1000/- ਰੁਪਏ ਕੇਂਦਰ ਸਰਕਾਰ ਪਾਉਂਦੀ ਹੈ ਤੇ 400/- ਰੁਪਏ ਪੰਜਾਬ ਸਰਕਾਰ ਪਾਉਂਦੀ ਹੈ । ਕੀ ਇਹ ਠੀਕ ਹੈ ? ਇਸੇ ਤਰ੍ਹਾਂ ਹੈਲਪਰ ਵਿੱਚ 500/- ਰੁਪਏ ਕੇਂਦਰ ਸਰਕਾਰ ਤੇ 200/- ਰੁ: ਪੰਜਾਬ ਸਰਕਾਰ ਹਿੱਸਾ ਪਾਉਂਦੀ ਹੈ। ਸਪੀਕਰ ਸਾਹਿਬ, ਅਗਰ ਡੀ.ਸੀ. ਰੇਟ ਤੇ ਵੀ ਕੋਈ ਦਿਹਾੜੀਦਾਰ ਰੱਖਣਾ ਹੋਵੇ ਤਾਂ ਉਹ ਵੀ 2400/-, 2500/- ਰੁਪਿਆ ਪ੍ਰਤੀ ਮਹੀਨਾ ਲੈਂਦਾ ਹੈ ਜਦ ਕਿ ਇਨ੍ਹਾਂ ਵਰਕਰਾਂ ਦੀ ਘੱਟੋ-ਘੱਟ ਕੁਆਲੀਫਿਕੇਸ਼ਨ ਮੈਟ੍ਰਿਕ ਹੈ ਤੇ ਕਈ ਤਾਂ ਬੀ.ਏ./ਐਮ.ਏ. ਪਾਸ ਵੀ ਹਨ । ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਆਉਣ ਵਾਲੀ ਦਸ ਤਾਰੀਖ ਨੂੰ ਪੰਜਾਬ ਤਾਂ ਕੀ ਸਾਰੇ ਹਿੰਦੁਸਤਾਨ ਦੇ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜੀਤ ਸਿੰਘ ਸ਼ਾਂਤ]

ਵਰਕਰ ਹੜਤਾਲ ਤੇ ਜਾ ਰਹੇ ਹਨ । ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਦੀਆਂ ਮੰਗਾਂ ਤੇ ਵਿਚਾਰ ਕੀਤਾ ਜਾਵੇ ਕਿਉਂਕਿ ਇਨ੍ਹਾਂ ਦਾ ਮਾਣ ਭੇਟਾ ਬਹੁਤ ਥੋੜ੍ਹਾ ਹੈ। ਕੀ ਮੰਤਰੀ ਜੀ ਇਸ ਬਾਰੇ ਜਵਾਬ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਜਿਹੜੀਆਂ ਗੱਲਾਂ ਕਹੀਆਂ ਗਈਆਂ ਹਨ ਕਿ ਇਨ੍ਹਾਂ ਦਾ ਮਾਣ ਭੇਟਾ ਥੋੜ੍ਹਾ ਹੈ ਪਰ ਸੈਂਟਰ ਦੀ ਇਹ ਸਕੀਮ ਹੈ । ਇਸ ਲਈ ਇਸ ਸਕੀਮ ਦੇ ਤਹਿਤ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਵਰਕਰਾਂ ਨੂੰ 1000/- ਰੁਪਏ ਦਿੱਤਾ ਜਾਂਦਾ ਹੈ ਤੇ ਹੈਲਪਰ ਨੂੰ 500/- ਰੁਪਏ ਦਿੱਤਾ ਜਾਂਦਾ ਹੈ । ਇਹ ਠੀਕ ਹੈ ਔਰ ਪੰਜਾਬ ਸਰਕਾਰ ਵੱਲੋਂ ਕ੍ਰਮਵਾਰ 400/- ਰੁਪਏ ਔਰ 200/- ਰੁਪਏ ਮਾਣ ਭੇਟਾ ਦਿੱਤਾ ਜਾਂਦਾ ਹੈ । ਸਪੀਕਰ ਸਾਹਿਬ, ਮੈਨੂੰ ਕਾਫੀ ਯੂਨੀਅਨਾਂ ਮਿਲੀਆਂ ਹਨ । ਮੈਂ ਇਨ੍ਹਾਂ ਸਾਰੀਆਂ ਯੂਨੀਅਨਾਂ ਨੂੰ ਕਿਹਾ ਹੈ ਕਿ ਤੁਸੀਂ ਬੈਠ ਕੇ ਸਰਕਾਰ ਨਾਲ ਡਾਇਲਾਗ ਕਰੋ ਔਰ ਜਿਹੜੀਆਂ ਤੁਹਾਡੀਆਂ ਜਾਇਜ਼ ਮੰਗਾਂ ਹੋਣਗੀਆਂ, ਉਹ ਮੰਨਾਂਗੇ । ਜਿੰਨਾ ਵਾਧਾ ਕਰ ਸਕਦੇ ਹਾਂ, ਉਹ ਤੁਹਾਡੇ ਨਾਲ ਮਿਲ ਬੈਠ ਕੇ ਫੈਸਲਾ ਕਰਾਂਗੇ । ਕੱਲ੍ਹ ਇੱਕ ਹੋਰ ਯੂਨੀਅਨ ਜਿਹੜੀ ਸੀ.ਆਈ. ਟੀ.ਯੂ. ਹੈ, ਉਹ ਮਿਲੀ ਹੈ । ਸਿਰਫ ਇਹੀ ਇੱਕ ਰਜਿਸਟਰਡ ਬਾਡੀ ਹੈ ਤੇ ਬਾਕੀ ਜੋ ਯੂਨੀਅਨਾਂ ਮੈਨੂੰ ਮਿਲੀਆਂ ਹਨ, ਉਹ ਰਜਿਸਟਰਡ ਨਹੀਂ ਹਨ । ਇਨ੍ਹਾਂ ਯੂਨੀਅਨਾਂ ਦੀ ਆਪਸ ਵਿੱਚ ਹੀ ਨਹੀਂ ਬਣਦੀ । ਇਹ ਇੱਕ ਪੁਆਇੰਟ ਤੇ ਕਨਸਨਟਰੇਟ ਨਹੀਂ ਹਨ । ਮੈਂ ਸੀ.ਆਈ.ਟੀ.ਯੂ. ਨਾਲ ਗੱਲ ਕਰਕੇ ਫੈਸਲਾ ਕੀਤਾ ਕਿ ਉਨ੍ਹਾਂ ਦੀਆਂ ਕੁਝ ਮੰਗਾਂ ਦਾ ਹੱਲ ਕਰਨ ਲਈ ਡਾਇਲਾਗ ਕੀਤਾ ਹੈ । ਸੋਸ਼ਲ ਸਿਕਿਓਰਟੀ ਸੈਕਟਰੀ ਵੀ ਹਾਜ਼ਰ ਸਨ । ਕੁਝ ਮੰਗਾਂ ਤੇ ਸਹਿਮਤੀ ਹੋਈ ਹੈ । ਹੁਣ ਦੂਜੀ ਤਾਰੀਖ ਮੁਕੱਰਰ ਕਰ ਰਹੇ ਹਾਂ । ਜਿਹੜੀ ਪਹਿਲੇ ਹਫਤੇ ਮੀਟਿੰਗ ਰੱਖੀ ਸੀ, ਉਸ ਤੇ ਫੈਸਲਾ ਨਹੀਂ ਹੋ ਸਕਿਆ । ਇਨ੍ਹਾਂ ਯੂਨੀਅਨਾਂ ਦੀ ਆਪਸ ਵਿੱਚ ਹੀ ਸਹਿਮਤੀ ਨਹੀਂ । ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਨ੍ਹਾਂ ਸਾਰਿਆਂ ਨਾਲ ਮਿਲ ਬੈਠ ਕੇ ਗੱਲ ਕਰਾਂਗੇ ਔਰ ਸੀ.ਐਮ. ਸਾਹਿਬ ਨੂੰ ਵੀ ਇਸ ਵਿੱਚ ਸ਼ਾਮਲ ਕਰਾਂਗੇ ਔਰ ਜਿਨ੍ਹਾਂ ਮੰਗਾਂ ਤੇ ਪੂਰੀ ਰਜ਼ਾਮੰਦੀ ਹੋਵੇਗੀ, ਉਹ ਮਨਾਉਣ ਦਾ ਯਤਨ ਕਰਾਂਗੇ । ਸੀ.ਐਮ. ਸਾਹਿਬ ਨੂੰ ਵੀ ਸ਼ਾਮਲ ਕਰਾਂਗੇ ।

**ਸਰਦਾਰ ਅਜੀਤ ਸਿੰਘ ਸ਼ਾਂਤ :** ਧੰਨਵਾਦ ਜੀ ।

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਟਾਈਮ-ਬਾਊਂਡ ਕਰਨਗੇ ਤਾਂ ਕਿ ਉਨ੍ਹਾਂ ਨੂੰ ਆਸ ਬੱਝ ਜਾਵੇ ਕਿ ਕਦੋਂ ਤੱਕ ਰਾਹਤ ਮਿਲਣ ਦੀ ਆਸ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸਾਧੂ ਸਿੰਘ ਧਰਮਸੋਤ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ** : ਪੁਆਇੰਟ ਆਫ ਆਰਡਰ ਨਹੀਂ, ਇਸ ਸਮੇਂ ਸਪਲੀਮੈਂਟਰੀ ਕਰ ਲਓ । ਪਹਿਲਾਂ ਪਹਿਲੀ ਸਪਲੀਮੈਂਟਰੀ ਦਾ ਜਵਾਬ ਆਉਣ ਦਿਓ । ਹਾਂ ਜੀ, ਮੰਤਰੀ ਜੀ ।

**ਮੰਤਰੀ** : ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਦਿਨ ਸਾਡਾ ਆਦਾਨ-ਪ੍ਰਦਾਨ ਹੋ ਜਾਵੇਗਾ, ਇਨ੍ਹਾਂ ਮਸਲਿਆਂ ਉਤੇ ਜਿਹੜਾ ਫੈਸਲਾ ਹੋਏਗਾ, ਕਿਹੜੀ ਤਰੀਕ ਨੂੰ ਲਾਗੂ ਕਰਨਾ ਹੈ, ਉਹ ਨਾਲ ਹੀ ਐਲਾਨ ਕਰਾਂਗੇ ।

**ਸਰਦਾਰ ਸਾਧੂ ਸਿੰਘ ਧਰਮਸੋਤ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਇਹ ਸੈਂਟਰ ਦੀ ਸਕੀਮ ਹੈ ਅਤੇ ਇੱਕ ਹਜ਼ਾਰ ਰੁਪਿਆ ਸੈਂਟਰ ਸਰਕਾਰ ਦਿੰਦੀ ਹੈ ਅਤੇ ਚਾਰ ਸੌ ਰੁਪਏ ਦੇ ਕਰੀਬ ਪੰਜਾਬ ਸਰਕਾਰ ਦਿੰਦੀ ਹੈ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਸਰਕਾਰ ਵੱਲੋਂ ਕੀ ਸੈਂਟਰ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਇਨ੍ਹਾਂ ਦੀ ਤਨਖਾਹ ਹੋਰ ਵਧਾਈ ਜਾਵੇ ? ਜੇ ਨਹੀਂ ਕੀਤੀ ਤਾਂ ਇਹ ਭਰੋਸਾ ਦਿਵਾਉਣ ਕਿ ਇਹ ਜਲਦੀ ਹੀ ਸੈਂਟਰ ਸਰਕਾਰ ਨੂੰ ਲਿਖਣਗੇ । ਕੀ ਪੰਜਾਬ ਸਰਕਾਰ ਵੀ ਇਨ੍ਹਾਂ ਦੀ ਤਨਖਾਹ ਵਧਾਉਣ ਨੂੰ ਤਿਆਰ ਹੈ ?

**ਮਾਨਯੋਗ ਸਪੀਕਰ** : ਇਹ ਕੰਮ ਤਾਂ ਕਰ ਦੇਣਗੇ ।

**ਮੰਤਰੀ** : ਸਪੀਕਰ ਸਾਹਿਬ, ਇਹ ਤਨਖਾਹ ਨਹੀਂ ਦਿੱਤੀ ਜਾਂਦੀ, ਇਹ ਤਾਂ ਮਾਣ ਭੱਤਾ ਦਿੱਤਾ ਜਾਂਦਾ ਹੈ । ਇਹ ਤਾਂ ਸੇਵਾ ਦਾ ਕੰਮ ਹੈ । ਜਿਸ ਵੇਲੇ ਇਨ੍ਹਾਂ ਨੂੰ ਭਰਤੀ ਕੀਤਾ ਗਿਆ ਸੀ, ਉਸ ਵੇਲੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕੀਤੀ ਗਈ ਸੀ ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਤਾਂ ਸੈਂਟਰ ਨੂੰ ਲਿਖਣ ਨੂੰ ਕਿਹਾ ਹੈ, ਤੁਸੀਂ ਲਿਖ ਦਿਓ ।

**ਮੰਤਰੀ** : ਸਪੀਕਰ ਸਾਹਿਬ, ਅਸੀਂ ਪਹਿਲਾਂ ਯੂਨੀਅਨ ਨਾਲ ਗੱਲ ਕਰ ਲਈਏ । ਗੱਲ ਕਰਨ ਤੋਂ ਬਾਅਦ ਫਿਰ ਸੈਂਟਰ ਨੂੰ ਲਿਖ ਦੇਵਾਂਗੇ ।

**ਸਰਦਾਰ ਸਾਧੂ ਸਿੰਘ ਧਰਮਸੋਤ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਯੂਨੀਅਨਾਂ ਉਸ ਵੇਲੇ ਕਹਿੰਦੀਆਂ ਹਨ ਤਾਂ ਕੀ ਇਹ ਸੈਂਟਰ ਨੂੰ ਤਸੱਲੀਬਖਸ਼ ਲਿਖਣਗੇ ਅਤੇ ਕੀ ਪੰਜਾਬ ਸਰਕਾਰ ਵੀ ਉਨ੍ਹਾਂ ਦੀ ਮਦਦ ਕਰੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਜੇਕਰ ਉਹ ਤਸੱਲੀਬਖਸ਼ ਜਵਾਬ ਦੇਣਗੇ ਔਰ ਸਾਡੇ ਨਾਲ ਕੋਈ ਫੈਸਲਾ ਕਰਨਗੇ ਤਾਂ ਸੈਂਟਰ ਨੂੰ ਤਸੱਲੀਬਖਸ਼ ਲਿਖਿਆ ਜਾਵੇਗਾ ।

-----------

## ਨਿਸ਼ਾਨ ਵਾਲਾ ਪ੍ਰਸ਼ਨ 110

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋਇਆ ।)

-----------

## ਸਮਾਣੇ ਵਿੱਚ ਕੁਲਾਰਾਂ ਸੜਕ ਦੀ ਮੁਰੰਮਤ

*143. **ਸਰਦਾਰ ਨਿਰਮਲ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭਵਾਨੀਗੜ੍ਹ-ਸਮਾਣਾ ਸੜਕ ਤੋਂ ਨਿਕਲਦੀ ਕੁਲਾਰਾਂ ਲਿੰਕ ਸੜਕ ਦੀ ਹਾਲਤ ਬਹੁਤ ਖਸਤਾ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਸੁੱਚਾ ਸਿੰਘ ਲੰਗਾਹ :** ਜੀ ਹਾਂ, ਇਹ ਠੀਕ ਹੈ, ਭਵਾਨੀਗੜ੍ਹ-ਸਮਾਣਾ ਤੋਂ ਨਿਕਲਦੀ ਕੁਲਾਰਾਂ ਲਿੰਕ ਸੜਕ ਦੀ ਹਾਲਤ ਬਹੁਤ ਖਸਤਾ ਹੈ । ਇਸ ਸੜਕ ਦੀ ਰਿਪੇਅਰ ਦਾ ਕੰਮ ਅਪ੍ਰੈਲ, 2001 ਅਤੇ ਪ੍ਰੀਮਿਕਸ ਕਾਰਪੈਟ ਪਾਉਣ ਦਾ ਕੰਮ ਮਈ, 2001 ਵਿੱਚ ਅਲਾਟ ਕੀਤਾ ਗਿਆ ਸੀ । ਇਸ ਦੀ ਮੁਰੰਮਤ ਦਾ ਕੰਮ ਅਕਤੂਬਰ, 2001 ਦੌਰਾਨ ਮੁਕੰਮਲ ਕੀਤਾ ਗਿਆ ਸੀ । ਇਸ ਸੜਕ ਤੇ ਟਰੈਫਿਕ ਬਹੁਤ ਜ਼ਿਆਦਾ ਹੋਣ ਕਾਰਣ ਹਾਲਤ ਖਰਾਬ ਹੋ ਚੁੱਕੀ ਹੈ । ਸਰਕਾਰ ਦੀ ਪਾਲਿਸੀ ਮੁਤਾਬਿਕ ਇਹ ਸੜਕ ਅਕਤੂਬਰ, 2007 ਵਿੱਚ ਰਿਪੇਅਰ ਲਈ ਡਿਊ ਹੋ ਜਾਵੇਗੀ । ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਫੇਜ਼-7 ਦੇ ਵਿਚਾਰ ਅਧੀਨ ਪ੍ਰੋਜੈਕਟ ਵਿੱਚ ਅਪਗਰੇਡੇਸ਼ਨ ਕਰਨ ਵਾਸਤੇ ਲਈ ਗਈ ਹੈ । ਇਸ ਸੜਕ ਦੇ ਦੋਵੇਂ ਪਾਸੇ ਜ਼ਮੀਨ ਐਕੁਆਇਰ ਕਰਨ ਸਬੰਧੀ ਕਾਰਵਾਈ ਪ੍ਰਗਤੀ ਅਧੀਨ ਹੈ । ਕੇਂਦਰ ਸਰਕਾਰ ਤੋਂ ਮਨਜ਼ੂਰੀ ਹੋਣ ਉਪਰੰਤ ਇਸ ਸੜਕ ਦੀ ਮੁਰੰਮਤ ਅਤੇ ਚੌੜਾ ਕਰਨ ਦਾ ਕੰਮ ਸ਼ੁਰੂ ਕੀਤਾ ਜਾਵੇਗਾ ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਦਾ ਕੋਈ ਸਮਾਂ ਨਿਸ਼ਚਿਤ ਕਰਨਗੇ ਕਿ ਕਿੰਨੇ ਚਿਰ ਵਿੱਚ ਹੋ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਜਿੰਨੀ ਛੇਤੀ ਇਹ ਪ੍ਰੋਜੈਕਟ ਸ਼ੁਰੂ ਹੋ ਜਾਵੇਗਾ, ਉਸ ਦੇ ਨਾਲੋਂ ਛੇਤੀ ਇਹ ਸ਼ੁਰੂ ਕਰ ਦੇਵਾਂਗੇ ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਜਿਹੜੀਆਂ ਸਾਡੇ ਪਿੰਡਾਂ ਦੀਆਂ ਲਿੰਕ ਰੋਡਜ਼ ਹਨ, ਉਨ੍ਹਾਂ ਦੇ ਬਾਰੇ ਦੇਖਣ ਵਿੱਚ ਆਇਆ ਹੈ ਕਿ ਜਦੋਂ ਸਾਡੇ ਕਿਸਾਨ ਉਸ ਨੂੰ ਨਾਲ-ਨਾਲ ਕੱਟੀ ਜਾਂਦੇ ਹਨ ਤਾਂ ਉਸ ਦੇ ਬਰਮ ਨਹੀਂ ਰਹਿੰਦੇ। ਬਹੁਤ ਵਾਰੀ ਜਦੋਂ ਟਰਾਲੀ ਸੜਕ ਤੋਂ ਲੰਘ ਰਹੀ ਹੁੰਦੀ ਹੈ ਅਤੇ ਦੂਜੇ ਪਾਸਿਓਂ ਗੱਡੀ ਆ ਜਾਵੇ ਤਾਂ ਬੜੀ ਮੁਸ਼ਕਲ ਹੁੰਦੀ ਹੈ ਕਿ ਕਰਾਸ ਕਿਵੇਂ ਕੀਤਾ ਜਾਵੇ । ਸਾਈਡਾਂ ਤੋਂ ਸੜਕ ਖਰਾਬ ਹੋਈ ਹੁੰਦੀ ਹੈ । ਅਗਰ ਪਾਣੀ ਖੜ੍ਹਾ ਹੈ ਜਾਂ ਸੜਕ ਨੀਵੀਂ ਰਹਿ ਜਾਂਦੀ ਹੈ ਤਾਂ ਸੜਕ ਜਲਦੀ ਟੁੱਟ ਜਾਂਦੀ ਹੈ । ਫਿਰ ਉਸ ਦੀ ਸਮੇਂ ਤੋਂ ਪਹਿਲਾਂ ਰਿਪੇਅਰ ਦੀ ਲੋੜ ਪੈਂਦੀ ਹੈ ਲੇਕਿਨ ਰਿਪੇਅਰ ਹੋ ਨਹੀਂ ਸਕਦੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸੜਕਾਂ ਦੀ ਪੂਰੀ ਨਿਸ਼ਾਨਦੇਹੀ ਕਰਵਾ ਕੇ ਸਹੀ ਮਾਅਨਿਆਂ ਵਿੱਚ ਬਰਮ ਬਣਾਉਣ ਵਾਸਤੇ ਸਰਕਾਰ ਕੋਈ ਸਮਾਂ ਨਿਸ਼ਚਿਤ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੇ ਬਰਮ ਹਨ, ਅਕਸਰ ਪਿੰਡਾਂ ਦੇ ਕਿਸਾਨ ਇਨ੍ਹਾਂ ਨੂੰ ਵੱਢਦੇ ਰਹਿੰਦੇ ਹਨ । ਬਾਰ-ਬਾਰ ਕੋਸ਼ਿਸ਼ ਕਰੀਦੀ ਹੈ ਲੇਕਿਨ ਫਿਰ ਵੀ ਜਿਤਨੀ ਵਾਰ ਵੀ ਫਸਲ ਬੀਜਦੇ ਹਨ, ਬਰਮਾਂ ਨੂੰ ਥੋੜ੍ਹਾ ਥੋੜ੍ਹਾ ਕੱਟਿਆ ਜਾਂਦਾ ਹੈ। ਪਿੰਡਾਂ ਦੀਆਂ ਪੰਚਾਇਤਾਂ ਨੂੰ ਅਸੀਂ ਬਹੁਤ ਜ਼ੋਰ ਦੇ ਕੇ ਇਹ ਕਹਿੰਦੇ ਹਾਂ ਕਿ ਇਹ ਤੁਹਾਡੀ ਮਲਕੀਅਤ ਹੈ, ਇਸ ਲਈ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ । ਜਦੋਂ ਕੋਈ ਕਿਸਾਨ ਸੜਕ ਵੱਢਦਾ ਹੈ ਤਾਂ ਉਸ ਨੂੰ ਦੋ-ਚਾਰ ਪੰਚਾਇਤ ਮੈਂਬਰ ਇੱਕੱਠੇ ਹੋ ਕੇ ਕਹੋ ਲੇਕਿਨ ਇਸ ਦੇ ਬਾਵਜੂਦ ਸਾਡੀ ਗੱਲ ਨਹੀਂ ਸੁਣੀ ਜਾਂਦੀ । ਸਾਡੀ ਸੋਚ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਪਿੰਡ ਦਾ ਸਰਪੰਚ ਉਸ ਸੜਕ ਦੇ ਬਰਮ ਨੂੰ ਦੇਖ ਕੇ ਲੰਘ ਜਾਂਦਾ ਹੈ । ਜੇਕਰ ਐਮ.ਐਲ.ਏ. ਪਹੁੰਚ ਜਾਵੇ ਤਾਂ ਉਹ ਵੀ ਲਾਗੋਂ ਦੀ ਲੰਘ ਜਾਂਦਾ ਹੈ । ਕਦੇ ਕਿਸਾਨ ਕੋਲ ਖੜ੍ਹ ਕੇ ਉਹ ਨਹੀਂ ਕਹਿੰਦਾ ਕਿ ਇਹ ਸੜਕ ਕਿਉਂ ਵੱਢਦਾ ਹੈਂ । ਇਹ ਸਾਡੇ ਸਾਰਿਆਂ ਦੇ ਸੁਖ ਦਾ ਸਾਧਨ ਹੈ। ਅਸੀਂ ਆਪਣੇ ਵੱਲੋਂ ਕੋਸ਼ਿਸ਼ ਕਰਦੇ ਹਾਂ ਕਿ ਬੂਟੇ ਲਾ ਕੇ ਆਪਣੀਆਂ ਸੜਕਾਂ ਦੇ ਬਰਮ ਬਚਾ ਸਕੀਏ ।

**ਮਾਨਯੋਗ ਸਪੀਕਰ** : ਉਪਰਾਲਾ ਦੱਸੋ ।

**ਮੰਤਰੀ** : ਸਪੀਕਰ ਸਾਹਿਬ, ਕੋਈ ਐਸਾ ਕਾਨੂੰਨ ਬਣਾਉਂਦੇ ਹਾਂ ਤਾਂ ਕਿ ਬਰਮ ਬਚਾਏ ਜਾ ਸਕਣ ।

----------

Original with;
Punjab Vidhan Sabha
Digitized by;
Panjab Digital Library

## ਨਿਸ਼ਾਨ ਵਾਲੇ ਪ੍ਰਸ਼ਨ ਨੰ: 164 ਅਤੇ 115

(ਸਬੰਧਤ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

-----------

## ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡਾਂ ਦੀ ਜ਼ਮੀਨ ਤੇ ਅਣ-ਅਧਿਕਾਰਿਤ ਕਬਜ਼ੇ

*82. **ਸਰਦਾਰ ਈਸ਼ਰ ਸਿੰਘ** : ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਰਮਜੀਤ ਨਗਰ, ਪਿੰਡ ਮੁੰਡੀਆਂ ਖੁਰਦ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੇ ਕੁਝ ਵਸਨੀਕਾਂ ਦੀ ਜ਼ਮੀਨ ਉਦਯੋਗ ਵਿਭਾਗ, ਪੰਜਾਬ ਦੇ ਅਣ-ਅਧਿਕਾਰਿਤ ਕਬਜ਼ੇ ਹੇਠ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ਅਤੇ ਇਹ ਅਸਲੀ ਮਾਲਕਾਂ ਦੇ ਹਵਾਲੇ ਕਦੋਂ ਤੱਕ ਕਰ ਦਿੱਤੀ ਜਾਵੇਗੀ ?

**ਸ਼੍ਰੀ ਤਿਕਸ਼ਨ ਸੂਦ** : ਨਹੀਂ ਸ਼੍ਰੀਮਾਨ ਜੀ । ਪਰਮਜੀਤ ਨਗਰ ਪਿੰਡ ਮੁੰਡੀਆਂ ਖੁਰਦ ਤਹਿਸੀਲ ਦੇ ਜ਼ਿਲ੍ਹਾ ਲੁਧਿਆਣਾ ਵਿਖੇ ਇਸ ਤਰ੍ਹਾਂ ਦੀ ਕੋਈ ਜ਼ਮੀਨ/ਰਕਬਾ ਨਹੀਂ ਹੈ, ਜਿਸ ਤੇ ਉਦਯੋਗ ਵਿਭਾਗ ਤੇ ਵਪਾਰ ਵਲੋਂ ਨਜਾਇਜ਼ ਕਬਜ਼ਾ ਕੀਤਾ ਗਿਆ ਹੋਵੇ ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਪਰਮਜੀਤ ਨਗਰ, ਮੁੰਡੀਆਂ ਖੁਰਦ ਗਰਾਓਂ ਜੋ ਕਿ ਲੁਧਿਆਣਾ-ਚੰਡੀਗੜ੍ਹ ਰੋਡ ਤੇ ਸਥਿਤ ਹੈ ਉਸ ਦੀ ਇੱਕ ਕਾਲੋਨੀ ਸੀ ਜੋ ਕਿ ਗਰੀਬ ਪਰਿਵਾਰਾਂ ਨੂੰ ਕੱਟ ਕੇ ਵੇਚ ਦਿੱਤੀ ਸੀ । ਇਹ ਬਹੁਤ ਪੁਰਾਣੀ ਗੱਲ ਹੈ । 1991 ਵਿੱਚ ਇਹ ਜ਼ਮੀਨ ਐਕੁਆਇਰ ਕਰਕੇ ਬ੍ਕਾਇਦਾ ਨੋਟੀਫਿਕੇਸ਼ਨ ਹੋ ਗਈ । ਉਸ ਤੋਂ ਬਾਅਦ ਇਹ ਸਾਰੇ ਲੋਕਾਂ ਨੇ ਸੈਕਟਰੀ ਇੰਡਸਟਰੀ ਕੋਲ ਜਾ ਕੇ ਫਰਿਆਦ ਕੀਤੀ ਕਿ ਸਾਡੇ ਨਾਲ ਧੱਕਾ ਨਾ ਕਰੋ । ਅਸੀਂ ਜ਼ਮੀਨ ਦੇ ਮਾਲਕ ਹਾਂ ਅਤੇ ਖੁਦ ਖਰੀਦੀ ਹੈ, ਤੁਸੀਂ ਇੰਡਸਟਰੀ ਡਿਪਾਰਟਮੈਂਟ ਨੂੰ ਕੋਈ ਹੋਰ ਜ਼ਮੀਨ ਦੇ ਦਿਓ । ਇੰਡਸਟਰੀ ਡਿਪਾਰਟਮੈਂਟ ਨੇ ਅਵਾਰਡ ਦੇ ਦਿੱਤੀ ਕਿ ਅਸੀਂ ਐਗਜ਼ੰਪਟ ਕਰ ਦਿਤੀ ਹੈ ਤੇ ਤੁਸੀਂ ਮਾਲਕ ਹੋ । ਅਸੀਂ ਜ਼ਮੀਨ ਐਕੁਆਇਰ ਨਹੀਂ ਕਰਾਂਗੇ । ਇਹ ਅਵਾਰਡ 1996 ਵਿੱਚ ਦਿੱਤਾ ਪਰ ਲੋਕਾਂ ਨੂੰ ਇਸ ਦੀ ਇੰਟੀਮੇਸ਼ਨ ਢਾਈ ਸਾਲ ਬਾਅਦ ਭੇਜੀ ਗਈ । ਇਸ ਦੌਰਾਨ ਇੰਡਸਟਰੀਲਿਸਟਾਂ ਨੇ ਜ਼ਮੀਨ ਐਕੁਆਇਰ ਕਰ ਲਈ । ਉਸ ਤੋਂ ਬਾਅਦ ਲੋਕ ਹਾਈ ਕੋਰਟ ਵਿੱਚ ਚਲੇ ਗਏ । ਹਾਈ ਕੋਰਟ ਨੇ ਇਨ੍ਹਾਂ ਲੋਕਾਂ ਦੇ ਹੱਕ ਵਿੱਚ ਅਪੀਲ ਕਰ ਦਿਤੀ । ਇੰਡਸਟਰੀ ਵਾਲਿਆਂ ਨੇ ਕਹਿ ਦਿੱਤਾ ਕਿ ਅਸੀਂ ਐਕੁਆਇਰ ਨਹੀਂ ਕੀਤੀ । ਲੋਕ ਡੀ.ਸੀ. ਕੋਲ ਚਲੇ ਗਏ ਕਿ

Original with;
Punjab Vidhan Sabha
Digitized by;
Panjab Digital Library

ਇੰਡਸਟਰੀ ਡਿਪਾਰਟਮੈਂਟ ਕਹਿੰਦਾ ਹੈ ਕਿ ਅਸੀਂ ਐਗਜ਼ੈਂਪਟ ਕਰ ਦਿੱਤੀ ਹੈ, ਹੁਣ ਸਾਡਾ ਕਬਜ਼ਾ ਦਿਵਾਓ । ਲੇਕਿਨ ਅੱਜ ਤੱਕ ਉਹ ਕਬਜ਼ਾ ਨਹੀਂ ਦਿਤਾ ਗਿਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਧੱਕਾ ਉਨ੍ਹਾਂ ਲੋਕਾਂ ਨਾਲ ਹੋਇਆ ਹੈ, ਉਨ੍ਹਾਂ ਨੂੰ ਹਾਲੇ ਤੱਕ ਕਬਜ਼ਾ ਕਿਉਂ ਨਹੀਂ ਦਿਤਾ ਗਿਆ । ਕਸੂਰਵਾਰ ਅਫ਼ਸਰ ਕੌਣ ਹਨ ਅਤੇ ਉਨ੍ਹਾਂ ਨੂੰ ਸਜ਼ਾ ਕਿਉਂ ਨਹੀਂ ਦਿਤੀ ਗਈ ?

**ਮੰਤਰੀ :** ਸਪੀਕਰ ਸਾਹਿਬ, 1478 ਕਨਾਲ, 6 ਮਰਲੇ ਜ਼ਮੀਨ ਪਿੰਡ ਮੁੰਡੀਆਂ ਖੁਰਦ, ਪਰਮਜੀਤ ਨਗਰ ਤਹਿਸੀਲ, ਜ਼ਿਲ੍ਹਾ ਲੁਧਿਆਣਾ ਐਕੁਆਇਰ ਕੀਤੀ ਸੀ । ਦਫ਼ਾ 4 ਦਾ ਨੋਟੀਫਿਕੇਸ਼ਨ 7.5.1991 ਵਿੱਚ ਅਤੇ ਦਫ਼ਾ 6 ਦਾ ਨੋਟੀਫਿਕੇਸ਼ਨ ਹੋਇਆ 18.3.1992 ਨੂੰ । ਇਸ ਵਿਚਾਲੇ ਨਾਲ ਲੱਗਦੀ ਜ਼ਮੀਨ ਸੀ 24 ਕਨਾਲ 18 ਮਰਲੇ ਜਿਸ ਦਾ ਖਸਰਾ ਨੰ: 28,6,7,14,15 ਇਹ ਐਕੁਆਇਰ ਨਹੀਂ ਕੀਤੀ ਸੀ ਕਿਉਂਕਿ ਇਹ ਸੰਘਣੀ ਅਬਾਦੀ ਸੀ । ਖਸਰਾ ਨੰ: 28,10,17/1 ਐਕੁਆਇਰ ਹੋਈ ਸੀ ਜਿਸ ਵਿੱਚ ਅਬਾਦੀ ਨਹੀਂ ਸੀ । ਉਸ ਤੋਂ ਬਾਅਦ 15.3.94 ਨੂੰ ਅਵਾਰਡ ਹੋ ਗਈ। ਇਸ ਦਾ ਪੋਜ਼ੈਸ਼ਨ ਸਰਕਾਰ ਨੇ ਲੈ ਲਿਆ ਜਿਹੜੀ ਕਿ ਐਕੁਆਇਰ ਕੀਤੀ ਸੀ । ਜਿਹੜੀ ਨਹੀਂ ਐਕੁਆਇਰ ਕੀਤੀ ਸੀ ਉਸ ਦਾ ਪੋਜ਼ੈਸ਼ਨ ਨਹੀਂ ਲਿਆ । ਸਪੀਕਰ ਸਾਹਿਬ, ਇਸ ਤੋਂ ਬਾਅਦ ਸਾਡੇ ਕੋਲ ਸ਼ਿਕਾਇਤਾਂ ਆਈਆਂ ਅਤੇ ਅਲਾਟੀ ਕੰਪਨੀਆਂ ਜੋ ਦੋ ਸਨ, ਮੈਸਰਜ਼ ਰਾਇਲ ਇੰਡਸਟਰੀ ਅਤੇ ਰਿਤੇਸ਼ ਇੰਡਸਟਰੀ ਇਨ੍ਹਾਂ ਨੇ ਨਜਾਇਜ਼ ਕਬਜ਼ਾ ਕੀਤਾ ਹੈ, ਸਾਡੇ ਥਰੂ ਕੋਈ ਕਬਜ਼ਾ ਨਹੀਂ ਹੋਇਆ। ਇਹ ਇਨ੍ਹਾਂ ਦਾ ਪ੍ਰਾਈਵੇਟ ਮਾਮਲਾ ਹੈ । ਇਸ ਜ਼ਮੀਨ ਨੂੰ ਇੰਡਸਟਰੀ ਡਿਪਾਰਟਮੈਂਟ ਨੇ ਐਕੁਆਇਰ ਨਹੀਂ ਕੀਤਾ ਸੀ । ਉਨ੍ਹਾਂ ਨੇ ਇੱਕ ਇੰਚ ਤੇ ਵੀ ਕਬਜ਼ਾ ਨਹੀਂ ਰੱਖਿਆ। ਇਨ੍ਹਾਂ ਨੇ ਸਾਨੂੰ ਸ਼ਿਕਾਇਤ ਕੀਤੀ ਅਸੀਂ ਉਨ੍ਹਾਂ ਨੂੰ ਲਿਖਿਆ ਹੈ ਕਿ ਜਿਸ ਤੇ ਤੁਸੀਂ ਕਬਜ਼ਾ ਕੀਤਾ ਹੈ, ਉਸ ਨੂੰ ਵੇਕੇਟ ਕਰ ਦਿਓ । ਰਿਤੇਸ਼ ਇੰਡਸਟਰੀ ਨੇ ਕਿਹਾ ਹੈ ਕਿ ਅਸੀਂ ਕਬਜ਼ਾ ਨਹੀਂ ਕੀਤਾ । ਇਨ੍ਹਾਂ ਦੀ ਆਪਸ ਵਿੱਚ ਕੋਈ ਹਾਈਕੋਰਟ ਵਿੱਚ ਮੁਕੱਦਮੇਬਾਜ਼ੀ ਚਲਦੀ ਹੈ । ਹੋਰ ਐਸੀ ਕੋਈ ਗੱਲ ਨਹੀਂ ਹੋਈ । ਡੀ-ਐਕੁਜ਼ੀਸ਼ਨ ਹੋ ਗਈ ਹੋਵੇ ਤਾਂ ਲੋਕਾਂ ਨੂੰ ਪੈਸੇ ਭਿਜਵਾ ਦਿਤੇ ਹਨ ਅਤੇ ਕੋਈ ਐਸਾ ਕਬਜ਼ਾ ਇਸ ਵੇਲੇ ਇੰਡਸਟਰੀ ਡਿਪਾਰਟਮੈਂਟ ਦਾ ਜਾਂ ਇੰਡਸਟਰੀ ਡਿਪਾਰਟਮੈਂਟ ਦੇ ਥਰੂ ਨਹੀਂ ਹੈ, ਉਸ ਭੂਮੀ ਤੇ ਜੋ ਐਕੁਆਇਰ ਕੀਤੀ ਹੈ ।

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਜਿਹੜੀ ਨੋਟੀਫਿਕੇਸ਼ਨ 7.5.1991 ਦੀ ਹੈ, ਉਸ ਦੇ ਅਧਾਰ ਤੇ ਇੰਡਸਟਰੀਲਿਸਟਾਂ ਨੇ ਬਕਾਇਦਾ ਪੁਲਿਸ ਨੂੰ ਲੈ ਕੇ ਕਬਜ਼ਾ ਕੀਤਾ ਹੈ । ਪਰ ਗਰੀਬਾਂ ਦੀ ਫਰਿਆਦ ਕੋਈ ਨਹੀਂ ਸੁਣੀ ਗਈ । ਉਹ ਗਰੀਬ ਲੋਕ ਸੀ, ਉਨ੍ਹਾਂ ਦੀ ਸਰਕਾਰ ਕੋਲ ਪਹੁੰਚ ਨਹੀਂ ਹੋ ਸਕੀ । ਉਹ ਕੁਲੈਕਟਰ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਈਸ਼ਰ ਸਿੰਘ]

ਅਤੇ ਡੀ.ਸੀ.ਨੂੰ ਮਿਲੇ ਹਨ । ਕਿਉਂਕਿ ਸਰਕਾਰ ਇਥੇ ਬੈਠੀ ਹੈ, ਉਨ੍ਹਾਂ ਗਰੀਬਾਂ ਤੇ ਤਰਸ ਕਰਦੇ ਹੋਏ ਅਤੇ ਰਾਹਤ ਦੇਂਦੇ ਹੋਏ ਘੱਟੋ ਘੱਟ ਉਨ੍ਹਾਂ ਨੂੰ ਪਲਾਟ ਦਾ ਕਬਜ਼ਾ ਤਾਂ ਦਿਵਾਇਆ ਜਾਵੇ ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਸਾਡੇ ਥਰੂ ਤਾਂ ਕੋਈ ਕਬਜ਼ਾ ਨਹੀਂ ਹੋਇਆ । ਇਹ ਤਾਂ ਕੰਪਨੀਆਂ ਦਾ ਆਪਸ ਵਿੱਚ ਝਗੜਾ ਚੱਲਦਾ ਹੈ, ਉਨ੍ਹਾਂ ਨਾਲ ਜਿਨ੍ਹਾਂ ਨੇ ਨਜਾਇਜ਼ ਕਬਜ਼ਾ ਕੀਤਾ ਹੈ । ਜੇ ਕੋਰਟ ਵਲੋਂ ਉਨ੍ਹਾਂ ਦੇ ਹੱਕ ਵਿੱਚ ਹੋ ਗਿਆ ਤਾਂ ਦਿਵਾ ਦੇਣਾ ਹੈ, ਜੇ ਨਹੀਂ ਹੋਇਆ ਤਾਂ ਉਨ੍ਹਾਂ ਨੂੰ ਨਹੀਂ ਮਿਲੇਗਾ । ਅਸੀਂ ਕਬਜ਼ਾ ਨਹੀਂ ਕਰਵਾਇਆ । ਇਹ ਤਾਂ ਪ੍ਰਾਈਵੇਟ ਮਾਮਲਾ ਹੈ । ਕੋਰਟ ਦੇ ਥਰੂ ਇਨ੍ਹਾਂ ਨੂੰ ਕਬਜ਼ਾ ਮਿਲ ਜਾਵੇਗਾ ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਦਾ ਕੇਸ ਤਾਂ ਸਿਰਫ ਡਿਪਾਰਟਮੈਂਟ ਇੰਡਸਟਰੀ ਨਾਲ ਹੀ ਚਲਦਾ ਹੈ । ਇਹ ਜੋ ਹਾਈ ਕੋਰਟ ਦਾ ਮਾਮਲਾ ਕਹਿ ਰਹੇ ਹਨ, ਇਹ ਤਾਂ ਸਿਰਫ ਸੈਕ੍ਰੇਟਰੀ, ਇੰਡਸਟਰੀ, ਡਿਪਾਰਟਮੈਂਟ, ਪੰਜਾਬ ਸਰਕਾਰ ਦੇ ਨਾਲ ਹੈ ਅਤੇ ਪੰਜਾਬ ਸਰਕਾਰ ਇਥੇ ਬੈਠੀ ਹੈ । ਇਹ ਆਪਣੀ ਡਿਊਟੀ ਨਿਭਾਉਂਦੇ ਹੋਏ ਉਨ੍ਹਾਂ ਨੂੰ ਕਬਜ਼ਾ ਦਿਵਾਉਣ ।

**ਮਾਨਯੋਗ ਸਪੀਕਰ** : ਉਨ੍ਹਾਂ ਦਾ ਜਵਾਬ ਆ ਗਿਆ ਹੈ । ਇਸ ਸਬੰਧੀ ਹੋਰ ਸਪੱਸ਼ਟੀਕਰਨ ਦੀ ਲੋੜ ਨਹੀਂ ਹੈ ।

**ਸਰਦਾਰ ਈਸ਼ਰ ਸਿੰਘ** : ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨਾਲ ਹੀ ਝਗੜਾ ਹੈ, ਲੋਕਾਂ ਨਾਲ ਤਾਂ ਝਗੜਾ ਹੀ ਨਹੀਂ ਹੈ । ਘੱਟੋ ਘੱਟ ਉਨ੍ਹਾਂ ਨੂੰ ਕਬਜ਼ਾ ਤਾਂ ਦਿਵਾਓ । ਅਸੀਂ ਹੋਰ ਕਿਸ ਨੂੰ ਜਾ ਕੇ ਕਹੀਏ । ਸਰਕਾਰ ਸਾਡੇ ਸਾਹਮਣੇ ਬੈਠੀ ਹੈ ।

**ਮੰਤਰੀ** : ਸਪੀਕਰ ਸਾਹਿਬ, ਜਦੋਂ ਅਸੀਂ ਕਬਜ਼ਾ ਕਰਵਾਇਆ ਹੀ ਨਹੀਂ ਤਾਂ ਫਿਰ ਅਸੀਂ ਕਬਜ਼ਾ ਕਿਵੇਂ ਦੇ ਸਕਦੇ ਹਾਂ । ਜੇਕਰ ਕੋਈ ਕਿਸੇ ਦੀ ਜ਼ਮੀਨ ਮੁੱਲ ਲੈਂਦਾ ਹੈ ਤਾਂ ਸਰਕਾਰ ਕੀ ਕਰ ਸਕਦੀ ਹੈ । ਇਹ ਮਾਮਲਾ ਸਾਡੇ ਥਰੂ ਤਾਂ ਨਹੀਂ ਹੋਇਆ । ਉਨ੍ਹਾਂ ਨੇ ਕੰਪਲੇਂਟ ਕੀਤੀ ਤੇ ਅਸੀਂ ਪਰਸਿਊ ਕੀਤਾ । ਜੇ ਉਨ੍ਹਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਅਸੀਂ ਪਹਿਲਾਂ ਵੀ ਪਰਸਿਊ ਕੀਤਾ ਹੈ, ਜੇ ਫਿਰ ਵੀ ਤੁਸੀਂ ਕਹਿੰਦੇ ਹੋ ਤਾਂ ਅਸੀਂ ਦੁਬਾਰਾ ਕਹਿ ਦਿੰਦੇ ਹਾਂ ।

**ਮਾਨਯੋਗ ਸਪੀਕਰ** : ਤੁਸੀਂ ਮਹਿਕਮੇ ਕੋਲੋਂ ਕਲੈਰੀਫਿਕੇਸ਼ਨ ਮੰਗ ਲਓ । ਇਹ ਕਲੈਰੀਫਿਕੇਸ਼ਨ ਮੰਗ ਕੇ ਤੁਹਾਨੂੰ ਦੇ ਦੇਣਗੇ ।

------------

Original with;
Punjab Vidhan Sabha
Digitized by;
Panjab Digital Library

**ਸਿਵਲ ਹਸਪਤਾਲ, ਬਟਾਲਾ ਦੀ ਇਮਾਰਤ ਨੂੰ ਸ਼ੁਰੂ ਕਰਨਾ**

***137. ਕੈਪਟਨ ਬਲਬੀਰ ਸਿੰਘ ਬਾਠ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੇ ਦਸ ਸਾਲਾਂ ਦੌਰਾਨ ਬਟਾਲਾ ਕਸਬੇ ਵਿਖੇ ਸਿਵਲ ਹਸਪਤਾਲ ਦੀ ਕਿਸੇ ਨਵੀਂ ਇਮਾਰਤ ਨੂੰ ਸ਼ੁਰੂ ਕੀਤਾ ਗਿਆ ਸੀ, ਜੇਕਰ ਅਜਿਹਾ ਹੋਵੇ, ਤਾਂ ਉਸ ਵਿੱਚ ਮੁਹੱਈਆ ਕੀਤੀਆਂ ਗਈਆਂ ਸਹੂਲਤਾਂ ਦੇ ਵੇਰਵੇ ਕੀ ਹਨ ਅਤੇ ਉਸ ਵਿੱਚ ਉਪਲਬੱਧ ਬਿਸਤਰਿਆਂ (ਬੈੱਡਜ਼) ਦੀ ਗਿਣਤੀ ਕਿੰਨੀ ਹੈ ?

**श्रीमति लक्ष्मी कांता चावला** : मानयोग स्पीकर साहब, यह सही है कि पिछले 10 वर्षो में, जैसे कि माननीय मैंबर साहब ने पूछा है, बटाला सिविल अस्पताल बनाकर नयी बिलडिंग बनाकर जनता की सेवा के लिए अर्पित किया गया। साल, 2001 में नयी बिलडिंग बनाई गई थी, पुरानी बिलडिंग में 16 जच्चा बच्चा बिस्तरों क्री व्यवस्था थी। यह सेवा वहां हो रही है। सिविल अस्पताल में अब क्या क्या Facilities दी गई हैं, इस बारे में मैं बताना चाहती हूं कि इसमें 8 आउट डोर पेशेंट के लिए प्रबंध है। खासतौर पर 6 बिस्तरों का आपातकालीन बलाक है। पांच 10 बिस्तरों के जनरल वार्ड हैं। इस में रेडियोलोजी, X-ray, गाइनी वार्ड, Operation थीयेटर एयर कंडीशनड हैं, कंटीन हैं और 24 घंटे की एमरजेंसी बलाक है और एक खासतौर पर यहां पर मृतक बॉडी को रखने की भी व्यवस्था है।

**ਕੈਪਟਨ ਬਲਬੀਰ ਸਿੰਘ ਬਾਠ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਹਸਪਤਾਲ ਦਾ ਉਦਘਾਟਨ ਸੌ ਬਿਸਤਰਿਆਂ ਦਾ ਨਹੀਂ ਸੀ ਹੋਇਆ ? ਜੇਕਰ ਹੋਇਆ ਹੈ ਤਾਂ ਚਲੋ ਮੰਨ ਲਈਏ ਕਿ ਉਹ ਹੁਣ ਪੰਜਾਹ ਬਿਸਤਰਿਆਂ ਦਾ ਹਸਪਤਾਲ ਹੀ ਹੈ, ਬਟਾਲਾ ਜ਼ਿਲ੍ਹੇ ਦੀ ਬਹੁਤ ਵੱਡੀ ਤਹਿਸੀਲ ਹੈ । ਜ਼ਿਆਦਾਤਰ ਲੋਕ ਉਥੇ ਹੀ ਆਉਂਦੇ ਹਨ । ਕੀ ਲੋਕਾਂ ਦੀ ਮੁਸ਼ਕਿਲ ਨੂੰ ਮੱਦੇਨਜ਼ਰ ਰੱਖਦੇ ਹੋਏ ਤਾਂ ਕਿ ਲੋਕ ਅੰਮ੍ਰਿਤਸਰ ਨਾ ਜਾਣ ਅਤੇ ਪ੍ਰਾਈਵੇਟ ਤੌਰ ਤੇ ਨਾ ਰੁਲਣ, ਕੀ ਇਸ ਹਸਪਤਾਲ ਨੂੰ ਸੌ ਬਿਸਤਰਿਆਂ ਵਾਲਾ ਹਸਪਤਾਲ ਬਣਾਉਣ ਦੀ ਸਰਕਾਰ ਦੀ ਕੋਈ ਤਜ਼ਵੀਜ਼ ਹੈ ?

**मंत्री** : आदरणीय स्दस्य महोदय की उस क्षेत्र के लिए जो चिन्ता है, वह बिल्कुल सही है। इस अस्पताल में 50+06=56 और 56+16=72 बैड की विवस्था है। मैं यह भी बताना चाहूंगी कि वहां पर 50 की जगह

Original with;
Punjab Vidhan Sabha
Digitized by;
Panjab Digital Library

[सेहत एवं परिवार भलाई मंत्री]

100 पेशेंट तकरीबन रहते हैं। जनवरी, 2004 में उस समय के मुख्य मंत्री ने इसे 100 बैड का बनाने की बात कही थी। अक्तूबर, 2006 में तत्कालीन मंत्री ने फाईनांस डिर्पाटमैंट को केस भेजा था। 2006 में फाईनास डिर्पाटमैंट ने कोई पैसा नहीं दिया। मैं भरोसा दिलाती हूं कि यहां कि जैसे ही हमें राष्ट्रीय ग्रामीण स्वास्थय योजना से या अपने फाईनांस डिर्पाटमैंट से पैसा मिलेगा यह 100 बैड का बनना चाहिये। मैं भी यह महसूस करती हूँ। इसके लिये हमें 4.29 करोड़ रूपये चाहिये मै माननीय सदस्य महोदय को आपके माध्यम से यह कहना चाहती हूँ कि हमारे ध्यान में यह है कि बटाला का हस्पताल 100 बैड का होना ही चाहिये। निकट भविष्य में जितने साधन जैसे भी उपलब्ध होंगे, यह 100 बैड का बनाया जायेगा।

**ਕੈਪਟਨ ਬਲਬੀਰ ਸਿੰਘ ਬਾਠ :** ਮੈਂ ਸਾਹਨੀ ਸਾਹਿਬ ਅਤੇ ਭੈਣ ਜੀ ਦਾ ਧੰਨਵਾਦੀ ਹਾਂ । ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿਉਂਕਿ ਉਨ੍ਹਾਂ ਨੂੰ ਇਸ ਬਾਰੇ ਪਤਾ ਹੈ, ਬਲਕਿ ਸਾਰੇ ਪੰਜਾਬ ਬਾਰੇ ਪਤਾ ਹੈ । ਇਸ ਨੂੰ ਮੱਦੇ-ਨਜ਼ਰ ਰੱਖਦੇ ਹੋਏ ਕਿਉਂਕਿ ਇਨ੍ਹਾਂ ਨੇ 1 ਕਰੋੜ ਰੁਪਿਆ ਦੇਣਾ ਹੈ । ਜੋ ਇਸ ਵਿੱਚੋਂ ਇਸ ਹਸਪਤਾਲ ਵਾਸਤੇ ਥੋੜ੍ਹੀ ਰਕਮ ਹੋਰ ਰਿਲੀਜ਼ ਕਰਨ ਬਾਰੇ ਧਿਆਨ ਦੇਣ ਤਾਂ ਮੈਂ ਰਿਣੀ ਹੋਵਾਂਗਾ ।

**ਮਾਨਯੋਗ ਸਪੀਕਰ :** ਬੀਬੀ ਜੀ ।

**मंत्री :** प्रश्न तो मुख्य मन्त्री जी से है पर वित्त मंत्री साहिब ने मुझे यहां बैठे–2 भरोसा दे दिया है कि अगले साल पैसा दे देंगे और यह बन जायेगा।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) :** ਸਪਲੀਮੈਂਟਰੀ ਸਰ ।

**ਮਾਨਯੋਗ ਸਪੀਕਰ :** ਸਾਹਨੀ ਜੀ, ਤੁਸੀਂ ਤਾਂ ਚੀਫ ਪਾਰਲੀਮੈਂਟਰੀ ਸੈਕਟਰੀ ਹੋ, ਹੋਰ ਸਵਾਲ ਪੁੱਛਣ ਵਾਲੇ ਬਹੁਤ ਹਨ । ਰਹਿਣ ਦਿਉ ਜੀ । (ਵਿਘਨ)..... ਅਗਲਾ ਸਵਾਲ ।

------------

Original with;
Punjab Vidhan Sabha
Digitized by;
Panjab Digital Library

## ਪ੍ਰਾਈਵੇਟ ਵਿਅਕਤੀਆਂ ਦੁਆਰਾ ਕੰਮਾਂ ਦਾ ਉਦਘਾਟਨ

***138. ਕੈਪਟਨ ਬਲਬੀਰ ਸਿੰਘ ਬਾਠ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੋਈ ਮੰਤਰੀ ਮੌਕੇ ਤੇ ਗਏ ਬਿਨਾਂ ਦਰਜਨਾਂ ਕੰਮਾਂ ਦਾ ਨੀਂਹ-ਪੱਥਰ ਰੱਖ ਸਕਦਾ ਹੈ ਜਾਂ ਉਨ੍ਹਾਂ ਦਾ ਉਦਘਾਟਨ ਕਰ ਸਕਦਾ ਹੈ ; ਜੇਕਰ ਨਹੀਂ, ਤਾਂ ਕੀ ਉਸ ਦੇ ਕੋਈ ਦੋਸਤ/ਸਾਥੀ ਜਾਂ ਨਜ਼ਦੀਕੀ ਰਿਸ਼ਤੇਦਾਰ, ਜੋ ਕਿ ਐਮ.ਐਲ.ਏ. ਵੀ ਨਾ ਹੋਣ, ਉਸ ਦੀ ਥਾਂ ਤੇ ਉਦਘਾਟਨ ਕਰ ਸਕਦੇ ਹਨ ਜਾਂ ਨੀਂਹ-ਪੱਥਰ ਰੱਖ ਸਕਦੇ ਹਨ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਨਹੀਂ ਸ਼੍ਰੀਮਾਨ ਜੀ । ਮੰਤਰੀ ਜੀ ਦਾ ਕੋਈ ਵੀ ਮਿੱਤਰ ਜਾਂ ਰਿਸ਼ਤੇਦਾਰ ਜੋ ਵਿਧਾਇਕ ਨਹੀਂ ਹੈ, ਕੋਈ ਵੀ ਉਦਘਾਟਨ ਜਾਂ ਨੀਂਹ ਪੱਥਰ ਉਨ੍ਹਾਂ ਦੀ ਤਰਫੋਂ ਨਹੀਂ ਰੱਖ ਸਕਦਾ ਹੈ ।

**ਮਾਨਯੋਗ ਸਪੀਕਰ :** ਢੀਂਡਸਾ ਜੀ, ਉਨ੍ਹਾਂ ਨੇ ਬੜੀ ਸਪਸ਼ਟ ਗੱਲ ਪੁੱਛੀ ਹੈ ਕਿ ਇਹ ਜਿਹੜੇ ਨੀਂਹ ਪੱਥਰ ਲੱਗੇ ਹਨ, ਇਹ ਲਾਉਣ ਬਾਰੇ ਉਨ੍ਹਾਂ ਦੀ ਕੰਪੀਟੈਂਸੀ ਹੈ ਕਿ ਨਹੀਂ ਹੈ ?

**ਮੰਤਰੀ :** ਸਰ, ਮੈਂ ਜਵਾਬ ਵਿੱਚ ਕਹਿ ਦਿੱਤਾ ਹੈ ਕਿ ਕੰਪੀਟੈਂਸੀ ਨਹੀਂ ਹੈ ਜੀ। ਮੰਤਰੀ ਜੀ ਵੱਲੋਂ ਹੋਰ ਕੋਈ ਬੰਦਾ ਨਹੀਂ ਰੱਖ ਸਕਦਾ ਜੀ । ਇਨ੍ਹਾਂ ਨੇ ਪੁਛਿਆ ਸੀ ਕਿ ਮੰਤਰੀ ਜੀ ਦੀ ਤਰਫੋਂ ਕੋਈ ਰੱਖ ਸਕਦਾ ਹੈ ? ਮੈਂ ਜਵਾਬ ਦੇ ਦਿੱਤਾ ਹੈ ਕਿ ਮੰਤਰੀ ਜੀ ਦੀ ਤਰਫੋਂ ਕੋਈ ਨਹੀਂ ਰੱਖ ਸਕਦਾ। ਕੋਈ ਨਾਨ-ਐਮ.ਐਲ.ਏ. ਨਹੀਂ ਰੱਖ ਸਕਦਾ।

**ਕੈਪਟਨ ਬਲਬੀਰ ਸਿੰਘ ਬਾਠ :** ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮਾਈਕ ਵਿੱਚ ਬੋਲਿਆ ਕਰਨ, ਮੈਨੂੰ ਕੁਝ ਸਮਝ ਨਹੀਂ ਆਈ । ਜਿਹੜੇ ਅਫਸਰ ਸਾਹਿਬਾਨ ਸਬੰਧਤ ਸਨ, ਜਿਨ੍ਹਾਂ ਦੇ ਨਾਂ ਲਿਖੇ ਹਨ, ਉਨ੍ਹਾਂ ਬਾਰੇ ਕੀ ਕਹੋਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਮੈਨੂੰ ਲਿਖ ਕੇ ਦੇ ਦੇਣ ਅਸੀਂ ਰਿਪੋਰਟ ਮੰਗਾ ਲਵਾਂਗੇ ਕਿ ਕਿਹੜੇ ਅਧਿਕਾਰੀ ਦੀ ਜ਼ਿੰਮੇਵਾਰੀ ਹੈ, ਇਹ ਲਿਖ ਕੇ ਦੇ ਦੇਣ ।

**ਕੈਪਟਨ ਬਲਬੀਰ ਸਿੰਘ ਬਾਠ :** ਬੜਾ ਇੰਪਾਰਟੈਂਟ ਸਵਾਲ ਹੈ । ਮੈਂ ਸਾਰੇ ਹਾਊਸ ਦੀ ਤਵੱਜੋ ਮੰਗਦਾ ਹਾਂ । ਮੈਂ ਸਵਾਲ ਨੂੰ ਦੁਬਾਰਾ ਰਿਪੀਟ ਨਹੀਂ ਕਰਾਂਗਾ । ਮੈਂ ਅੱਧੇ ਸੈਕਿੰਡ ਵਿੱਚ ਬਿਆਨ ਕਰ ਦਿੰਦਾ ਹਾਂ ਕਿ ਮੇਰੇ ਹਲਕੇ ਵਿੱਚ ਪੀ.ਡਬਲਯੂ.ਡੀ ਮੰਤਰੀ ਸਾਹਿਬ ਨੇ ਬਿਨਾ ਹਲਕੇ ਵਿੱਚ ਚਰਨ ਪਾਏ ਉਨ੍ਹਾਂ ਦੇ ਨਾਂ ਤੇ 200 ਦੇ ਕਰੀਬ ਨੀਂਹ ਪੱਥਰ ਰੱਖੇ ਗਏ ਹਨ, ਘੱਟ ਤੋਂ ਘੱਟ 200 ਦੇ ਕਰੀਬ ਉਦਘਾਟਨ ਹੋਏ ਹਨ । ਮੈਂ

Original with;
Punjab Vidhan Sabha
Digitized by;
Panjab Digital Library

[ਕੈਪਟਨ ਬਲਬੀਰ ਸਿੰਘ ਬਾਠ]

ਸਰਦਾਰ ਪਰਤਾਪ ਸਿੰਘ ਬਾਜਵਾ, ਉਸ ਸਮੇਂ ਦੇ ਪੀ.ਡਬਲਯੂ.ਡੀ ਮਨਿਸਟਰ ਦੀ ਗੱਲ ਕਰ ਰਿਹਾ ਹਾਂ । ਮੰਤਰੀ ਸਾਹਿਬ ਕਹਿੰਦੇ ਕਿ ਇਹ ਉਦਘਾਟਨ ਨਹੀਂ ਹੋ ਸਕਦਾ ਪਰ ਉੱਥੇ ਹੋਏ ਹਨ । ਇਸ ਦੇ ਬਾਰੇ ਇਹ ਕੀ ਕਰਨਗੇ ਅਤੇ ਇਸ ਦੇ ਨਾਲ ਹੀ ਜਿਹੜੇ ਸਬੰਧਤ ਅਫ਼ਸਰ ਸਾਹਿਬਾਨ ਸਨ, ਉਨ੍ਹਾਂ ਦੇ ਨਾਂ ਵੀ ਲਿਖੇ ਹਨ, ਫੋਟੋ ਲਗੀਆਂ ਹੋਈਆਂ ਹਨ, ਉਨ੍ਹਾਂ ਬਾਰੇ ਇਹ ਕੀ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਫਾਊਂਡੇਸ਼ਨ ਸਟੋਨ ਲੇਅ ਕਰਨ ਲਈ ਕੋਈ ਰਿਟਨ ਰੂਲਜ਼ ਜਾਂ ਗਾਈਡਲਾਈਨਜ਼ ਨਹੀਂ ਹਨ । ਅਨਰਿਟਨ ਤੌਰ ਤੇ ਹੀ ਪਰੋਸੀਜਰ ਫਾਲੋ ਕੀਤਾ ਜਾਂਦਾ ਹੈ ਪਰ ਫਿਰ ਵੀ ਇੱਕ ਬੜਾ ਗੰਭੀਰ ਮੁੱਦਾ ਇਨ੍ਹਾਂ ਨੇ ਉਠਾਇਆ ਹੈ । ਇਸ ਬਾਰੇ ਕਿਉਂਕਿ ਇਹ ਸਿਰਫ ਸਾਡੇ ਡਿਪਾਰਟਮੈਂਟ ਨਾਲ ਸਬੰਧਤ ਨਹੀਂ ਹੈ ਸਰਕਾਰ ਦੇ ਸਾਰੇ ਡਿਪਾਰਟਮੈਂਟਾਂ ਨਾਲ ਸਬੰਧਤ ਹੈ ਅਤੇ ਅਸੀਂ ਵੀ ਇਹ ਚਾਹੁੰਦੇ ਹਾਂ ਕਿ ਇਹ ਨਹੀਂ ਹੋਣਾ ਚਾਹੀਦਾ ਪਰ ਇਸ ਬਾਰੇ ਹਾਲੇ ਤੱਕ ਕੋਈ ਰੂਲਜ਼ ਜਾਂ ਗਾਈਡਲਾਈਨਜ਼ ਮੌਜੂਦ ਨਹੀਂ ਹਨ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਤੁਹਾਡੇ ਰਾਹੀਂ ਇੱਕ ਛੋਟੀ ਜਿਹੀ ਸਪਲੀਮੈਂਟਰੀ ਮੈਂ ਹੋਰ ਕਰਨੀ ਚਾਹੁੰਦਾ ਹਾਂ । ਇਨ੍ਹਾਂ ਉਦਘਾਟਨੀ ਨੀਂਹ-ਪੱਥਰਾਂ ਤੇ ਸਾਬਕਾ ਮੰਤਰੀ ਜੀ ਦੇ ਛੋਟੇ ਭਰਾ ਦਾ ਨਾਂ ਲਿਖਿਆ ਹੈ - ਬਜ਼ਰੀਆ, C/O 56 ਏ.ਪੀ.ਓ., ਐਮ.ਐਲ.ਏ ਫਤਹਿ ਜੰਗ ਸਿੰਘ ਬਾਜਵਾ ਸ਼੍ਰੀ ਹਰਗੋਬਿੰਦਪੁਰ । ਕੀ ਇਹ ਫਰਾਡ ਨਹੀਂ ? ਕੀ ਇਹ ਇੰਪਰਸੋਨੇਸ਼ਨ ਦਾ ਕੇਸ ਨਹੀਂ ?

**ਮੰਤਰੀ** : ਐਮ.ਐਲ.ਏ. ਤੋਂ ਇਲਾਵਾ ਜੋ ਵੀ ਹੋਰ ਕੁਝ ਲਿਖਿਆ ਹੈ, ਉਸ ਦੇ ਲਈ ਸਬੰਧਤ ਅਧਿਕਾਰੀ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਜੇ ਇਹ ਕੰਮ ਬਲਬੀਰ ਸਿੰਘ ਬਾਠ ਨੇ ਕੀਤਾ ਹੁੰਦਾ ਤਾਂ ਮੈਨੂੰ ਇਨ੍ਹਾਂ ਨੇ 6 ਮਹੀਨੇ ਜੇਲ੍ਹ ਅੰਦਰ ਕੀਤਾ ਹੁੰਦਾ । (ਹਾਸਾ) ਇਹ ਫਰਾਡ ਦਾ ਕੇਸ ਬਣਦਾ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਦੀ ਇਨਕੁਆਇਰੀ ਕਰਵਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਕਾਨੂੰਨੀ ਤੌਰ 'ਤੇ ਇਸ ਤਰ੍ਹਾਂ ਨਹੀਂ ਲਿਖਿਆ ਜਾ ਸਕਦਾ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਜਿਹੜੇ ਅਫ਼ਸਰ ਜ਼ਿੰਮੇਵਾਰ ਹੋਣਗੇ, ਉਨ੍ਹਾਂ ਦੇ ਖਿਲਾਫ ਕਾਰਵਾਈ ਹੋਵੇਗੀ । ਬਿਹਤਰ ਹੋਵੇਗਾ ਕਿ ਇਹ ਲਿਖਤੀ ਰੂਪ ਵਿੱਚ ਸਾਨੂੰ ਭੇਜ ਦੇਣ, ਅਸੀਂ ਇਨਕੁਆਇਰੀ ਕਰਵਾ ਕੇ ਲੋੜੀਂਦੀ ਕਾਰਵਾਈ ਕਰਾਂਗੇ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਬਾਠ ਸਾਹਿਬ, ਇਨ੍ਹਾਂ ਨੂੰ ਲਿਖ ਕੇ ਭੇਜ ਦਿਓ, ਐਕਸ਼ਨ ਫਾਲੋ ਹੋਵੇਗਾ ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸਪੀਕਰ ਸਾਹਿਬ, ਇੱਕੱਲੇ ਮੰਤਰੀ ਜੀ ਦੀ ਇਹ ਗੱਲ ਨਹੀਂ । ਇਸ ਤਰ੍ਹਾਂ ਦੇ ਕਈ ਨੀਂਹ-ਪੱਥਰ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ, ਦੇ ਨਾਂ 'ਤੇ ਵੀ ਰੱਖੇ ਗਏ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਲਾਲਾਬਾਦ ਤਹਿਸੀਲ ਦਾ ਉਦਘਾਟਨ ਹੋਇਆ ਸੀ । ਉਥੇ ਮੁੱਖ ਮੰਤਰੀ ਨਹੀਂ ਗਏ ਸਨ, ਫਿਰ ਵੀ ਉਥੇ ਨੀਂਹ-ਪੱਥਰ ਰੱਖਿਆ ਗਿਆ ਅਤੇ ਉਦਘਾਟਨ ਹੋਇਆ । ਇਸ ਤਰ੍ਹਾਂ ਦੇ ਕੇਸ ਪੰਜਾਬ ਵਿੱਚ ਬਹੁਤ ਮਿਲਣਗੇ ।

**ਮੰਤਰੀ :** ਸਪੀਕਰ ਸਾਹਿਬ, ਇਹ ਬਾਕੀ ਮਹਿਕਮਿਆਂ ਦੀ ਗੱਲ ਵੀ ਕਰਦੇ ਹਨ, ਇੱਕੱਲੇ ਪੀ.ਡਬਲਿਊ.ਡੀ. ਦੀ ਹੀ ਨਹੀਂ । ਜਿਹੜੀ ਬਾਠ ਸਾਹਿਬ ਨੇ ਗੱਲ ਕੀਤੀ ਹੈ, ਉਹ ਸਾਡੇ ਮਹਿਕਮੇ ਦੀ ਹੈ । ਜਿਹੜੀ ਗੱਲ ਜਿਆਨੀ ਸਾਹਿਬ ਨੇ ਕੀਤੀ ਹੈ, ਉਹ ਗੱਲ ਸਾਰੇ ਮਹਿਕਮਿਆਂ ਨਾਲ ਸਬੰਧਤ ਹੈ । ਇਹ ਠੀਕ ਹੈ ਕਿ ਅਣ-ਅਧਿਕਾਰਤ ਬੰਦਿਆਂ ਵੱਲੋਂ ਨੀਂਹ-ਪੱਥਰ ਰੱਖੇ ਗਏ ਹਨ ਅਤੇ ਕਸੂਰਵਾਰਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਇੱਕ ਅੱਛਾ ਮਾਮਲਾ ਉਠਾਇਆ ਹੈ । ਗੱਲ ਉਨ੍ਹਾਂ ਦੀ ਵੀ ਠੀਕ ਹੈ ਅਤੇ ਗੱਲ ਇਨ੍ਹਾਂ ਦੀ ਵੀ ਠੀਕ ਹੈ ................

**ਮਾਨਯੋਗ ਸਪੀਕਰ :** ਕੋਈ ਸਵਾਲ ਹੈ ਤਾਂ ਪੁੱਛੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਅੱਜ ਸਪੀਕਰ ਸਾਹਿਬ, ਕੁਝ ਕਾਹਲੇ ਲੱਗ ਰਹੇ ਹਨ .......

**ਮਾਨਯੋਗ ਸਪੀਕਰ :** ਤੁਸੀਂ ਭਾਸ਼ਣ ਦੇਣ ਵਾਲੀ ਗੱਲ ਨਾ ਕਰੋ, ਪ੍ਰਸ਼ਨ ਪੁੱਛਣ ਵਾਲੀ ਗੱਲ ਕਰੋ । ਗੱਲ ਸਪੈਸੀਫਿਕ ਹੋਣੀ ਚਾਹੀਦੀ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਇਹ ਇੱਕ ਗੰਭੀਰ ਮਸਲਾ ਹੈ । ਇਸ ਮਸਲੇ ਵਿੱਚ ਕੀ ਕਰਨਾ ਚਾਹੀਦਾ ਹੈ, ਮੰਤਰੀ ਜੀ ਇਹ ਦੱਸ ਦੇਣ । ਐਵੇਂ ਗਿੱਲਾ ਪੀਹਣ ਕਾਹਤੋਂ ਪਾਉਣਾ ਹੈ............

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ।

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਮੈਂ ਸਵਾਲ ਹੀ ਪੁੱਛਣ ਲੱਗੀ ਹਾਂ । ਤੁਸੀਂ ਤਾਂ ਮੈਨੂੰ ਬੋਲਣ ਹੀ ਨਹੀਂ ਦਿੰਦੇ । ਮੰਤਰੀ ਜੀ ਇਹ ਐਸ਼ਿਓਰ ਕਰਨ ਕਿ ਇਹ ਸਮੱਸਿਆ ਬਾਰ-ਬਾਰ ਨਹੀਂ ਆਵੇਗੀ ਅਤੇ ਅੱਗੇ ਵਾਸਤੇ ਇਸ ਸਬੰਧੀ ਇਹ ਅਫ਼ਸਰਾਂ ਨੂੰ ਹਦਾਇਤਾਂ ਕਰਨਗੇ ।

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਮੈਂ ਇਸ ਦਾ ਇੱਕੱਠਾ ਹੀ ਜਵਾਬ ਦੇ ਦਿੰਦਾ ਹਾਂ । .....(ਵਿਘਨ)... ਇਹ ਮੇਰੇ ਤੋਂ ਜੂਨੀਅਰ ਹਨ, ਬੈਠ ਜਾਣ । ਜਦੋਂ ਮੈਂ ਖੜ੍ਹਾ ਹੁੰਦਾ ਹਾਂ ਤਾਂ ਤੁਸੀ ਘਬਰਾ ਕਿਉਂ ਜਾਂਦੇ ਹੋ । ਮੇਰੀ ਗੱਲ ਸੁਣ ਲਿਆ ਕਰੋ ।

ਸਪੀਕਰ ਸਾਹਿਬ, ਮੈਂ ਲੀਡਰ ਆਫ ਦਿ ਹਾਊਸ.......(ਵਿਘਨ).... ਹਾਲੇ ਤਾਂ ਬਹੁਤ ਟਾਈਮ ਪਿਆ ਹੈ । ਹਾਲੇ ਖਬਰੇ ਕੀ ਕੀ ਹੋਣਾ ਹੈ । ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਸੀ, ਉਦੋਂ ਤਾਂ ਇਨ੍ਹਾਂ ਨੇ ਕੋਈ ਐਸ਼ਿਓਰੈਂਸ ਨਹੀਂ ਦਿੱਤੀ, ਹੁਣ ਇਹ ਸਾਡੇ ਤੋਂ ਐਸ਼ਿਓਰੈਂਸ ਮੰਗਦੇ ਹਨ । ਐਸ਼ਿਓਰੈਂਸ ਦੀ ਤਾਂ ਕੋਈ ਲੋੜ ਹੀ ਨਹੀਂ ਹੈ । ਅਸੀਂ ਠੀਕ ਕਾਰਵਾਈ ਕਰਾਂਗੇ । ਸਵਾਲ ਤਾਂ ਇਨ੍ਹਾਂ ਦਾ ਹੈ ਅਤੇ ਪੁੱਛਦੇ ਸਾਡੇ ਤੋਂ ਹਨ । ......(ਵਿਘਨ)

**ਮਾਨਯੋਗ ਸਪੀਕਰ :** ਹੁਣ ਹੋਰ ਸਪਲੀਮੈਂਟਰੀ ਦੀ ਕੀ ਗੱਲ ਰਹਿ ਗਈ ਹੈ ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਬਾਠ ਸਾਹਿਬ ਦਾ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਇੱਕ ਬਹੁਤ ਹੀ ਵਧੀਆ ਸਵਾਲ ਵਿਧਾਨ ਸਭਾ ਵਿੱਚ ਲਿਆਂਦਾ ਹੈ । ਸਾਡੇ ਹਲਕੇ ਦੇ ਵਿੱਚ ਤਕਰੀਬਨ ਹਰ ਰੋਜ਼ ਲੱਖਾਂ ਰੁਪਏ ਦੀਆਂ ਗਰਾਂਟਾਂ ਡਿਸਟ੍ਰੀਬਿਊਟ ਹੋ ਰਹੀਆਂ ਹਨ, ਸੜਕਾਂ ਦੇ ਨੀਂਹ ਪੱਥਰ ਜਸਜੀਤ ਸਿੰਘ ਬੰਨੀ ਵੱਲੋਂ ਰੱਖੇ ਜਾ ਰਹੇ ਹਨ । ਉਸ ਕੋਲ ਨਾ ਕੋਈ ਸਰਕਾਰੀ ਅਹੁਦਾ ਹੈ ਔਰ ਨਾ ਹੀ ਕੋਈ ਸੰਵਿਧਾਨਿਕ ਅਹੁਦਾ ਹੈ ਅਤੇ ਨਾ ਹੀ ਉਹ ਕੋਈ ਸਰਕਾਰੀ ਅਫ਼ਸਰ ਹੈ । ਅਫ਼ਸਰਾਂ ਦੀ ਡਾਰ ਜਿਸ ਦੇ ਵਿੱਚ ਬੀ.ਡੀ.ਓ., ਸੀ.ਡੀ.ਪੀ.ਓ. ਅਤੇ ਐਸ.ਡੀ.ਐਮ. ਵੀ ਹੁੰਦੇ ਹਨ, ਉਹ ਉਨ੍ਹਾਂ ਦੇ ਨਾਲ ਤੁਰੇ ਫਿਰਦੇ ਹਨ । ਇਸ ਤੋਂ ਵੱਡੀ ਹਨੇਰਗਰਦੀ ਕਿਤੇ ਹੋਰ ਕੀ ਹੋ ਸਕਦੀ ਹੈ । (ਵਿਘਨ) ਇਸ ਬਾਰੇ ਅਖਬਾਰਾਂ ਦੇ ਵਿੱਚ ਖਬਰਾਂ ਲੱਗਦੀਆਂ ਹਨ । ਸਰਕਾਰ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ । (ਵਿਘਨ) ਕੋਈ ਚੰਗੀਆਂ ਪਿਰਤਾਂ ਪਾਉਣੀਆਂ ਚਾਹੀਦੀਆਂ ਹਨ ।

**ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਨੀਂਹ ਪੱਥਰ ਰੱਖਣ ਲਈ ਕੋਈ ਰੂਲਜ਼ ਜਾਂ ਕੋਈ ਗਾਈਡਲਾਈਨਜ਼

Original with;
Punjab Vidhan Sabha
Digitized by;
Panjab Digital Library

ਨਹੀਂ ਹਨ । ਇਸ ਦੇ ਬਾਰੇ ਅਸੀਂ ਵਿਚਾਰ ਕਰ ਲਵਾਂਗੇ । ਲੇਕਿਨ ਹਾਲੇ ਤੱਕ ਕਿਤੇ ਕੋਈ ਗਾਈਡਲਾਈਨਜ਼ ਇਸ ਮੁਤਾਬਕ ਨਹੀਂ ਬਣੀਆਂ ।

**ਮਾਨਯੋਗ ਸਪੀਕਰ :** ਤੁਹਾਡਾ ਅੱਗੇ ਵੀ ਪਹਿਲਾਂ ਹੀ ਜਵਾਬ ਆ ਚੁੱਕਾ ਹੈ।

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਨ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਮੈਂ ਵਿਰੋਧੀ ਧਿਰ ਵੱਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਿਰਤਾਂ ਤੁਹਾਡੀਆਂ ਹੀ ਪਾਈਆਂ ਹੋਈਆਂ ਹਨ । ਤੁਸੀਂ ਹੁਣ ਕਿਉਂ ਪਿੱਟਦੇ ਹੋ ? ਤੁਸੀਂ ਆਪ ਹੀ ਚੈੱਕ ਵੰਡਦੇ ਸੀ । ਤੁਸੀਂ ਹੀ ਪਹਿਲਾਂ ਨੀਂਹ ਪੱਥਰ ਰੱਖਦੇ ਸੀ । ਇਹ ਸਾਰਾ ਕੁਝ ਪਹਿਲਾਂ ਤੁਸੀਂ ਹੀ ਕੀਤਾ ਹੈ । ਇਹੋ ਜਿਹੇ ਸਾਰੇ ਕੰਮ ਪਹਿਲਾਂ ਤੁਸੀਂ ਹੀ ਕੀਤੇ ਹਨ । ਪਹਿਲਾਂ ਤੁਸੀਂ ਅਜਿਹੇ ਕੰਮ ਕਿਉਂ ਕੀਤੇ, ਹੁਣ ਤੁਸੀਂ ਇਨ੍ਹਾਂ ਨੂੰ ਝੱਲੋ ।

**ਮਾਨਯੋਗ ਸਪੀਕਰ :** ਅਗਲਾ ਸਵਾਲ ।

-----------

## ਰਾਜ ਵਿੱਚ ਨਵੀਆਂ ਲਿੰਕ ਸੜਕਾਂ ਦੀ ਉਸਾਰੀ

***145. ਸਰਦਾਰ ਨਿਰਮਲ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੇੜੇ ਭਵਿੱਖ ਵਿੱਚ ਰਾਜ ਵਿੱਚ ਪੰਜਾਬ ਮੰਡੀ ਬੋਰਡ ਰਾਹੀਂ ਨਵੀਆਂ ਲਿੰਕ ਸੜਕਾਂ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ?

**ਸਰਦਾਰ ਸੁੱਚਾ ਸਿੰਘ ਲੰਗਾਹ :** ਨਹੀਂ ਜੀ ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੈਂ ਸਵਾਲ ਕੀਤਾ ਹੈ, ਉਸਦਾ ਮੈਨੂੰ ਤਸੱਲੀਬਖਸ਼ ਜਵਾਬ ਨਹੀਂ ਮਿਲਿਆ । ਕੀ ਸਰਕਾਰ ਦਾ ਅਜਿਹਾ ਕੋਈ ਵਿਚਾਰ ਹੈ ਕਿ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ, ਕੀ ਇਹ ਬਣਾਈਆਂ ਜਾ ਰਹੀਆਂ ਹਨ ਜਾਂ ਨਹੀਂ ਬਣਾਈਆਂ ਜਾ ਰਹੀਆਂ, ਮੈਂ ਤਾਂ ਇਸ ਗੱਲ ਦਾ ਜਵਾਬ ਹੀ ਚਾਹੁੰਦਾ ਹਾਂ ?

**ਮੰਤਰੀ :** ਸਪੀਕਰ ਸਾਹਿਬ, ਇਸ ਦਾ ਮੈਂ ਜਵਾਬ ਦੇ ਦਿੱਤਾ ਹੈ ।

**ਮਾਨਯੋਗ ਸਪੀਕਰ :** ਵਧੀਆ ਜਵਾਬ ਆ ਗਿਆ ਹੈ ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਪੰਜ ਸਾਲ ਕੁਝ ਨਹੀਂ ਸੀ ਕੀਤਾ । ਜਦੋਂ ਇਲੈਕਸ਼ਨ ਨੇੜੇ ਆ ਗਏ ਉਦੋਂ 716 ਕਰੋੜ ਰੁਪਿਆ ਇਨ੍ਹਾਂ ਨੇ ਲੋਨ ਲਿਆ । ਇਸ ਲੋਨ ਦੇ ਨਾਲ ਇਨ੍ਹਾਂ 6,000 ਕਿਲੋਮੀਟਰ ਸੜਕਾਂ ਬਣਾਉਣੀਆਂ ਸਨ, ਪ੍ਰੰਤੂ ਪੂਰਾ ਜ਼ੋਰ ਲਾ ਕੇ ਇਹ 3,000 ਕਿਲੋਮੀਟਰ ਤੋਂ ਵੱਧ ਸੜਕਾਂ ਨਹੀਂ ਬਣਾ ਸਕੇ । ਅਸੀਂ ਬਾਕੀ ਰਹਿੰਦੀਆਂ 3,000 ਕਿਲੋਮੀਟਰ ਵੀ ਬਣਾਉਣੀਆਂ ਹਨ । ਇਸ ਤੋਂ ਅਗਲੀ ਪਰਪੋਜ਼ਲ ਤੇ ਵੀ ਵਿਚਾਰ ਕਰ ਲਵਾਂਗੇ ਕਿ ਹੋਰ ਕਿੰਨੀਆਂ ਕੁ ਬਣਾਉਣੀਆਂ ਹਨ ਔਰ ਅਸੀਂ ਲਗਾਤਾਰ ਬਣਾਉਂਦੇ ਜਾਵਾਂਗੇ । ਅਸੀਂ ਇਲੈਕਸ਼ਨਾਂ ਦੀ ਵੀ ਉਡੀਕ ਨਹੀਂ ਕਰਾਂਗੇ ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਲਿੰਕ ਰੋਡਜ਼ ਦੀ ਗੱਲ ਕਰ ਰਿਹਾ ਹਾਂ । ਜਿਹੜੀਆਂ ਪਿੰਡਾਂ ਦੀਆਂ ਲਿੰਕ ਰੋਡਜ਼ ਹਨ ਉਨ੍ਹਾਂ ਬਾਰੇ ਦੱਸਿਆ ਜਾਵੇ ।

**ਮੰਤਰੀ** : ਮੈਂ ਪਿੰਡ ਦੀਆਂ ਸੜਕਾਂ ਦੀ ਹੀ ਗੱਲ ਕਰ ਰਿਹਾ ਹਾਂ । ਜਿਹੜੀ ਤੁਹਾਡੇ ਟਿਊਬਵੈਲ ਤੋਂ ਤੁਹਾਡੇ ਪਿੰਡ ਨੂੰ ਜਾਂਦੀ ਹੈ, ਉਹਦੀ ਗੱਲ ਕੀਤੀ ਹੈ ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਇਹ ਕੋਈ ਜਵਾਬ ਨਹੀਂ ਹੈ ।

**ਮਾਨਯੋਗ ਸਪੀਕਰ** : ਕੀ ਉਹ ਲਿੰਕ ਰੋਡ ਨਹੀਂ ਹੈ ?

**ਸਰਦਾਰ ਨਿਰਮਲ ਸਿੰਘ** : ਮੇਰੇ ਟਿਊਬਵੈਲ ਤੋਂ ਜਾਂ ਕਿਸੇ ਹੋਰ ਦੇ ਟਿਊਬਵੈਲ ਤੋਂ ਵਾਲੀ ਗੱਲ ਨਹੀਂ ਹੋਣੀ ਚਾਹੀਦੀ । ਮੈਂ ਤਾਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦਾ ਇਹ ਕੋਈ ਜਵਾਬ ਹੈ ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਰਹਿ ਗਈਆਂ ਹਨ, ਉਹ ਬਣਾਉਣੀਆਂ ਹਨ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਸਾਰੀਆਂ ਰੋਡਜ਼ 6000 ਕਿਲੋਮੀਟਰ ਕੁੱਲ ਨਵੀਆਂ ਰੋਡਜ਼ ਹਨ, ਪੁਰਾਣੀਆਂ ਨਹੀਂ ।

**ਮਾਨਯੋਗ ਸਪੀਕਰ** : ਲਿੰਕ ਰੋਡਜ਼ ਹਨ ?

**ਮੰਤਰੀ** : ਲਿੰਕ ਰੋਡਜ਼ ਹਨ । ਨਵੀਆਂ 3,000 ਕਿਲੋਮੀਟਰ ਅਸੀਂ ਬਣਾ ਰਹੇ ਹਾਂ ।

**ਮਾਨਯੋਗ ਸਪੀਕਰ** : ਥੈਂਕ ਯੂ । ਹੁਣ ਸਾਰੇ ਪ੍ਰਸ਼ਨਾਂ ਦੇ ਉੱਤਰ ਆ ਗਏ ਹਨ। (ਵਿਘਨ) ਬਾਦਲ ਸਾਹਿਬ ਖੜ੍ਹੇ ਹਨ (ਵਿਘਨ) Questions are over. *(Interruption)* ਹੁਣ ਬਾਦਲ ਸਾਹਿਬ ਸਟੇਟਮੈਂਟ ਦੇਣਗੇ । ਫਿਰ ਕਾਲ ਅਟੈਂਸ਼ਨ ਨੋਟਿਸ ਲਿਆ ਜਾਵੇਗਾ ।

-------------

Original with;
Punjab Vidhan Sabha
Digitized by;
Punjab Digital Library

## UNSTARRED QUESTIONS AND ANSWERS

### ਰਾਜ ਵਿੱਚ ਤਹਿਸੀਲਦਾਰਾਂ ਦੀਆਂ ਖਾਲੀ ਆਸਾਮੀਆਂ

**27. ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਇਸ ਸਮੇਂ ਤਹਿਸੀਲਦਾਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਉਕਤ ਆਸਾਮੀਆਂ ਨੂੰ ਭਰਨ ਲਈ ਯੋਗ ਨਾਇਬ-ਤਹਿਸੀਲਦਾਰਾਂ ਦੀ ਤਰੱਕੀ ਕਰਨ ਦੀ ਤਜਵੀਜ਼ ਰੱਖਦੀ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ :** (ੳ) ਸ਼੍ਰੀਮਾਨ ਜੀ, ਇਸ ਸਮੇਂ ਰਾਜ ਵਿੱਚ ਛੇ ਤਹਿਸੀਲਦਾਰਾਂ (ਸਿੱਧੀ ਭਰਤੀ) ਦੀਆਂ ਆਸਾਮੀਆਂ ਖਾਲੀ ਹਨ ।

(ਅ) ਨਹੀਂ, ਸ਼੍ਰੀਮਾਨ ਜੀ, ਕਿਉਂਕਿ ਇਸ ਸਮੇਂ ਨਾਇਬ ਤਹਿਸੀਲਦਾਰਾਂ ਵਿੱਚੋਂ ਤਰੱਕੀ ਰਾਹੀਂ ਭਰੀ ਜਾਣ ਵਾਲੀ ਕੋਈ ਆਸਾਮੀ ਖਾਲੀ ਨਹੀਂ ਹੈ ।

-----------

### ਆਂਗਨਵਾੜੀ ਕੇਂਦਰਾਂ ਵਿੱਚ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਖੁਰਾਕ ਦੀ ਕੁਆਲਟੀ

**28. ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਉਸ ਏਜੰਸੀ ਦਾ ਨਾਂ ਕੀ ਹੈ ਜਿਸ ਪਾਸੋਂ ਆਂਗਨਵਾੜੀ ਕੇਂਦਰਾਂ ਵਿੱਚ ਵਿਦਿਆਰਥੀਆਂ ਨੂੰ ਦਿੱਤੇ ਜਾਣ ਲਈ ਖੁਰਾਕ ਦੀ ਖਰੀਦ ਕੀਤੀ ਜਾਂਦੀ ਹੈ ;

(ਅ) ਕੀ ਸਕੱਤਰ ਪੱਧਰ ਦੇ ਕਿਸੇ ਅਫ਼ਸਰ ਦੁਆਰਾ ਉਕਤ ਖੁਰਾਕ ਦੀ ਕੁਆਲਟੀ ਦੀ ਕਦੇ ਕੋਈ ਜਾਂਚ ਕੀਤੀ ਗਈ ਹੈ ਅਤੇ ਉਸ ਵਿੱਚ ਪਾਈ ਜਾਣ ਵਾਲੀ ਘਾਟ ਦਾ ਪਤਾ ਲਗਾਇਆ ਗਿਆ ਹੈ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜੀਤ ਸਿੰਘ ਸ਼ਾਂਤ]

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਇਸ ਸਬੰਧ ਵਿੱਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਚੌਧਰੀ ਸਵਰਨਾ ਰਾਮ : (ੳ) ਪੰਜੀਰੀ ਅਤੇ ਸੁੱਕਾ ਦੁੱਧ ਮਿਲਕਫੈੱਡ ਤੋਂ, ਕਣਕ ਅਤੇ ਚਾਵਲ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਤੋਂ ਅਤੇ ਚੀਨੀ ਸ਼ੂਗਰਫੈੱਡ ਤੋਂ ਖਰੀਦੀ ਜਾਂਦੀ ਹੈ ।

(ਅ) ਜੀ ਨਹੀਂ । ਪਿਛਲੇ ਪੰਜ ਸਾਲ ਦੌਰਾਨ ਸਕੱਤਰ ਪੱਧਰ ਤੇ ਕਿਸੇ ਅਫ਼ਸਰ ਵੱਲੋਂ ਅਜਿਹੀ ਕੋਈ ਜਾਂਚ ਨਹੀਂ ਕੀਤੀ ਗਈ ਪ੍ਰੰਤੂ ਇਸ ਮੰਤਵ ਲਈ ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਖੁਰਾਕ ਦੀ ਕੁਆਲਟੀ ਚੈੱਕ ਕਰਨ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ।

(ੲ) ਮੌਜੂਦਾ ਪਾਲਿਸੀ ਅਧੀਨ ਇਨ੍ਹਾਂ ਕਮੇਟੀਆਂ ਵੱਲੋਂ ਖੁਰਾਕ ਵਿੱਚ ਕੁਆਲਟੀ ਦੀ ਘਾਟ ਸਬੰਧੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ ।

-----------

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. 29**

(ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

-----------

ਯੂ.ਬੀ.ਡੀ.ਸੀ. ਸਿਸਟਮ ਦੇ ਰੱਖ ਰਖਾਵ ਤੇ ਖ਼ਰਚ

30. ਕੈਪਟਨ ਬਲਬੀਰ ਸਿੰਘ ਬਾਠ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2004-05, 2005-06 ਅਤੇ 2006-07 ਦੇ ਦੌਰਾਨ ਯੂ.ਬੀ.ਡੀ.ਸੀ. ਸਿਸਟਮ ਦੀ ਮੁਰੰਮਤ ਅਤੇ ਰੱਖ ਰਖਾਵ ਲਈ ਮਖਸੂਸ ਕੀਤੇ ਗਏ ਫੰਡਾਂ ਦੀ ਰਕਮ ਦੇ ਸਾਲ ਵਾਰ ਅਤੇ ਯੂ.ਬੀ.ਡੀ.ਸੀ. ਸਿਸਟਮ ਦੀਆਂ ਮੁੱਖ ਨਹਿਰਾਂ ਤੇ ਕੀਤੇ ਗਏ ਕੰਮਾਂ ਦੇ ਵੇਰਵੇ ਕੀ ਹਨ ?

---

**For Unstarred Question No. 29 and reply thereto, please *see* Appendix to this Debates.

Original with;
Punjab Vidhan Sabha
Digitized by;
Panjab Digital Library

ਸਰਦਾਰ ਜਨਮੇਜਾ ਸਿੰਘ ਸੇਖੋਂ : ਲੋੜੀਂਦੀ ਸੂਚਨਾ ਨਾਲ ਨੱਥੀ ਸੂਚੀ ਵਿੱਚ ਦਰਜ ਹੈ :-

| ਲੜੀ ਨੰ: | ਕੰਮ ਦਾ ਵੇਰਵਾ | ਸਾਲਵਾਰ ਮੁਰੰਮਤ ਅਤੇ ਰੱਖ ਰਖਾਵ ਲਈ ਮਖਸੂਸ ਕੀਤੇ ਫੰਡਾਂ ਦੀ ਰਕਮ ਦਾ ਵੇਰਵਾ (ਲੱਖਾਂ ਵਿੱਚ) | | |
|---|---|---|---|---|
| | | 2004-05 | 2005-06 | 2006-07 |
| 1 | 2 | 3 | 4 | 5 |
| 1. | ਯੂ.ਬੀ.ਡੀ.ਸੀ. ਮੇਨ ਲਾਈਨ ਦੇ ਰੱਖ ਰਖਾਵ ਦਾ ਕੰਮ .. | 70.00 | 22.00 | 45.00 |
| 2. | ਯੂ.ਬੀ.ਡੀ.ਸੀ. ਮੇਨ ਬਰਾਂਚ ਅਪਰ ਦੇ ਰੱਖ ਰਖਾਵ ਦਾ ਕੰਮ .. | 32.96 | 17.71 | 54.98 |
| 3. | ਯੂ.ਬੀ.ਡੀ.ਸੀ. ਲੋਅਰ ਬਰਾਂਚ ਦੇ ਰੱਖ ਰਖਾਵ ਦਾ ਕੰਮ .. | 14.26 | 18.98 | 30.70 |
| 4. | ਯੂ.ਬੀ.ਡੀ.ਸੀ. ਮੇਨ ਬਰਾਂਚ ਲੋਅਰ ਦੇ ਰੱਖ ਰਖਾਵ ਦਾ ਕੰਮ .. | 18.96 | 31.02 | 27.68 |
| 5. | ਯੂ.ਬੀ.ਡੀ.ਸੀ. ਸਭਰਾਉ ਬਰਾਂਚ ਦੇ ਰੱਖ ਰਖਾਵ ਦਾ ਕੰਮ .. | 16.99 | 18.79 | 54.67 |
| 6. | ਯੂ.ਬੀ.ਡੀ.ਸੀ. ਕਸੂਰ ਬਰਾਂਚ ਲੋਅਰ ਦੇ ਰੱਖ ਰਖਾਵ ਦਾ ਕੰਮ .. | 16.59 | 13.62 | 13.14 |
| 7. | ਯੂ.ਬੀ.ਡੀ.ਸੀ. ਕਸੂਰ ਬਰਾਂਚ ਅਪਰ ਦੇ ਰੱਖ ਰਖਾਵ ਦਾ ਕੰਮ .. | 25.79 | 12.33 | 33.81 |
| 8. | ਯੂ.ਬੀ.ਡੀ.ਸੀ. ਕਲਾਨੌਰ ਡਿਸਟ੍ਰੀਬਿਊਟਰੀ ਦੇ ਰੱਖ ਰਖਾਵ ਦਾ ਕੰਮ .. | 6.87 | 7.03 | 10.60 |

Original with;
Punjab Vidhan Sabha
Digitized by;
Panjab Digital Library

[ਸਿੰਜਾਈ ਮੰਤਰੀ]

| 1 | 2 | | 3 | 4 | 5 |
|---|---|---|---|---|---|
| 9. | ਯੂ.ਬੀ.ਡੀ.ਸੀ. ਰਮਦਾਸ ਡਿਸਟ੍ਰੀਬਿਊਟਰੀ ਦੇ ਰੱਖ ਰਖਾਵ ਦਾ ਕੰਮ | .. | 7.90 | 6.65 | 8.07 |
| 10. | ਯੂ.ਬੀ.ਡੀ.ਸੀ. ਰਿਆੜਕੀ ਡਿਸਟ੍ਰੀਬਿਊਟਰੀ ਬਰਾਂਚ ਦੇ ਰੱਖ ਰਖਾਵ ਦਾ ਕੰਮ | .. | 11.70 | 6.68 | 33.16 |
| 11. | ਯੂ.ਬੀ.ਡੀ.ਸੀ. ਸ਼ਿਕਾਰ ਰੈਕਲੇਮੇਸ਼ਨ ਚੈਨਲ ਦੇ ਰੱਖ ਰਖਾਵ ਦਾ ਕੰਮ | .. | -- | 0.49 | -- |
| 12. | ਯੂ.ਬੀ.ਡੀ.ਸੀ. ਹਰਿੰਦਰਾ ਫੀਡਰ ਦੇ ਰੱਖ ਰਖਾਵ ਦਾ ਕੰਮ | .. | -- | 0.38 | -- |
| 13. | ਯੂ.ਬੀ.ਡੀ.ਸੀ. ਸਠਿਆਲੀ ਡਿਸਟ੍ਰੀਬਿਊਟਰੀ ਦੇ ਰੱਖ ਰਖਾਵ ਦਾ ਕੰਮ | .. | -- | -- | 5.22 |
| | ਕੁੱਲ ਜੋੜ | .. | 222.02 | 155.68 | 317.03 |

## ਅਪਰਾਧਾਂ ਵਿੱਚ ਸ਼ਾਮਿਲ ਪੁਲਿਸ ਕਰਮਚਾਰੀਆਂ ਦੇ ਨਾਂ

**31. ਕੈਪਟਨ ਬਲਬੀਰ ਸਿੰਘ ਬਾਠ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੁੱਝ ਪੁਲਿਸ ਕਰਮਚਾਰੀਆਂ ਉਤੇ ਲੁੱਟਾਂ-ਖੋਹਾਂ/ਬੈਂਕ ਡਕੈਤੀਆਂ ਅਤੇ ਹੋਰ ਅਪਰਾਧਾਂ ਵਿੱਚ ਸ਼ਾਮਿਲ ਹੋਣ ਦਾ ਦੋਸ਼ ਲਗਾਇਆ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਅਤੇ ਨਾਂ ਕੀ ਹਨ ਅਤੇ ਇਸ ਸਮੇਂ ਉਹ ਕਿੱਥੇ-ਕਿੱਥੇ ਕੰਮ ਕਰ ਰਹੇ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

## ਸੂਚਨਾ

### 1 ਮਾਰਚ, 2007 ਤੋਂ 20-6-2007 ਤੱਕ ਪੁਲਿਸ ਕਰਮਚਾਰੀਆਂ ਦੀ ਲੁੱਟਾਂ-ਖੋਹਾਂ/ ਬੈਂਕ ਡਕੈਤੀਆਂ ਅਤੇ ਹੋਰ ਅਪਰਾਧਾਂ ਵਿੱਚ ਸ਼ਾਮਲ ਹੋਣ ਸਬੰਧੀ ਸੂਚਨਾ :

| ਲੜੀ ਨੰ: | ਹੈਡ | ਕੇਸਾਂ ਦੀ ਗਿਣਤੀ | ਕਰਮਚਾਰੀਆਂ ਦੀ ਗਿਣਤੀ | ਕਰਮਚਾਰੀਆਂ ਦੇ ਨਾਂ ਅਤੇ ਮੌਜੂਦਾ ਨਿਯੁਕਤੀ | ਕੇਸ ਦੀ ਮੌਜੂਦਾ ਸਥਿਤੀ |
|---|---|---|---|---|---|
| 1 | 2 | 3 | 4 | 5 | 6 |
| **ਬਾਰਡਰ ਰੇਂਜ** | | | | | |
| **ਜ਼ਿਲ੍ਹਾ ਅੰਮ੍ਰਿਤਸਰ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 7 | 8 | 1. ਏ.ਐਸ.ਆਈ. ਪਰਮਜੀਤ ਸਿੰਘ, ਨੰ: 9/ਮਜੀਠਾ ਅਤੇ 675/ ਜੇ.ਆਰ<br>2. ਹੌਲਦਾਰ ਪਰਮਜੀਤ ਸਿੰਘ, ਨੰ: 3680/ਅੰਮ੍ਰਿਤਸਰ, ਮੁਅੱਤਲ, ਪੁਲਿਸ ਲਾਈਨ, ਅੰਮ੍ਰਿਤਸਰ<br>3. ਸਿਪਾਹੀ ਖੁਸ਼ਵੰਤ ਸਿੰਘ, ਨੰ: 734/ਅੰਮ੍ਰਿਤਸਰ, ਮੁਅੱਤਲ, ਪੁਲਿਸ ਲਾਈਨ, ਅੰਮ੍ਰਿਤਸਰ<br>4. ਸਿਪਾਹੀ ਮਨੋਹਰ ਸਿੰਘ, ਨੰ: 1828/ਅੰਮ੍ਰਿਤਸਰ, ਪੁਲਿਸ ਲਾਈਨ, ਅੰਮ੍ਰਿਤਸਰ<br>5. ਏ.ਐਸ.ਆਈ. ਅਸ਼ਵਨੀ ਕੁਮਾਰ, ਨੰ: 1636/ਅੰਮ੍ਰਿਤਸਰ, ਮੁਅੱਤਲ, ਪੁਲਿਸ ਲਾਈਨ, ਅੰਮ੍ਰਿਤਸਰ<br>6. ਐਸ.ਆਈ.ਵਰਿੰਦਰ ਕੁਮਾਰ, ਨੰ: 104/ਆਈ.ਆਰ.ਬੀ., ਪੁਲਿਸ ਲਾਈਨ, ਅੰਮ੍ਰਿਤਸਰ<br>7. ਸਿਪਾਹੀ ਪਰਮਿੰਦਰ ਸਿੰਘ, ਨੰ: 276/ਅੰਮ੍ਰਿਤਸਰ, ਮੁਅੱਤਲ, ਪੁਲਿਸ ਲਾਈਨ, ਅੰਮ੍ਰਿਤਸਰ | ਸਾਰੇ ਤਫਤੀਸ਼ ਅਧੀਨ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | | | | 8. ਸਿਪਾਹੀ ਖੁਸ਼ਵੰਤ ਸਿੰਘ, ਨੰ: 734/ਅੰਮ੍ਰਿਤਸਰ, ਮੁਅੱਤਲ, ਪੁਲਿਸ ਲਾਈਨ, ਅੰਮ੍ਰਿਤਸਰ | |
| **ਜ਼ਿਲ੍ਹਾ ਅੰਮ੍ਰਿਤਸਰ (ਦਿਹਾਤੀ)** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | | | 1. ਐਸ.ਆਈ. ਸੁਰਜੀਤ ਸਿੰਘ, ਨੰ: 738/ਪੁਲਿਸ ਲਾਈਨ, ਅੰਮ੍ਰਿਤਸਰ (ਦਿਹਾਤੀ) | ਤਫਤੀਸ਼ ਅਧੀਨ |
| | | | | 2. ਸਿਪਾਹੀ ਰਣਜੀਤ ਸਿੰਘ, ਨੰ: 1174/ਗਾਰਦ ਭਿੰਡੀ ਸੈਦਾਂ, ਥਾਣਾ ਅਜਨਾਲਾ | ਉਕਤ |
| | | | | 3. ਹੌਲਦਾਰ ਪਲਵਿੰਦਰ ਸਿੰਘ, ਨੰ: 1403/ਅੰਮ੍ਰਿਤਸਰ (ਦਿਹਾਤੀ), ਸੀ.ਆਈ.ਏ. ਸਟਾਫ, ਅੰਮ੍ਰਿਤਸਰ | ਉਕਤ |
| | | | | 4. ਹੌਲਦਾਰ ਸਵਰਨ ਸਿੰਘ, ਨੰ: ਨਹੀਂ ਪੁਲਿਸ ਪੋਸਟ, ਫਤਿਆਬਾਦ | ਕੈਂਸਲ |
| | | | | 5. ਹੌਲਦਾਰ ਜੋਗਿੰਦਰ ਸਿੰਘ, ਨੰ: 112/ਜਲੰਧਰ | ਤਫਤੀਸ਼ ਅਧੀਨ |
| **ਜ਼ਿਲ੍ਹਾ ਬਟਾਲਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 4 | 5 | 1. ਸਿਪਾਹੀ ਕਮਲ ਕਿਸ਼ੋਰ, ਨੰ: 3218/ਬਟਾਲਾ | ਤਫਤੀਸ਼ ਅਧੀਨ |
| | | | | 2. ਸਿਪਾਹੀ ਦਿਆਲ ਦਾਸ, ਨੰ: 2859/ਬਟਾਲਾ, ਪੁਲਿਸ ਲਾਈਨ, ਬਟਾਲਾ | ਉਕਤ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| | | | | 3. ਏ.ਐਸ.ਆਈ. ਵਿੱਦਿਆ ਸਾਗਰ, ਨੰ: 899/ਬੀ.ਆਰ., ਥਾਣਾ ਘਣੀ ਕੇ ਬਾਂਗਰ | ਅਨਟਰੇਸ |
| | | | | 4. ਐਸ.ਆਈ. ਹਰਦੀਪ ਸਿੰਘ, ਨੰ: 15/ਜੇ.ਆਰ. ਐਸ.ਐਚ.ਓ., ਥਾਣਾ ਡੇਰਾ ਬਾਬਾ ਨਾਨਕ | ਤਫਤੀਸ਼ ਅਧੀਨ |
| | | | | 5. ਐਸ.ਆਈ. ਪਰਮਜੀਤ ਸਿੰਘ, ਨੰ: 2382/ਅੰਮ੍ਰਿਤਸਰ, ਪੁਲਿਸ ਲਾਈਨ, ਬਟਾਲਾ | ਉਕਤ |
| ਜ਼ਿਲ੍ਹਾ ਗੁਰਦਾਸਪੁਰ | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 6 | 9 | 1. ਏ.ਐਸ.ਆਈ. ਹਰਜਿੰਦਰ ਸਿੰਘ, ਨੰ: 570/ਗੁਰਦਾਸਪੁਰ, ਅੰਮ੍ਰਿਤਸਰ | ਤਫਤੀਸ਼ ਅਧੀਨ |
| | | | | 2. ਸਿਪਾਹੀ ਕਮਲ ਕਿਸ਼ੋਰ, ਨੰ: 3218/ਬਟਾਲਾ | ਅੰਡਰ ਟਰਾਇਲ |
| | | | | 3. ਸਿਪਾਹੀ ਦਿਆਲ ਦਾਸ, ਨੰ: 2859/ਬਟਾਲਾ | ਉਕਤ |
| | | | | 4. ਹੌਲਦਾਰ ਜਰਨੈਲ ਸਿੰਘ, ਨੰ: 570/ਗੁਰਦਾਸਪੁਰ | ਤਫਤੀਸ਼ ਅਧੀਨ |
| | | | | 5. ਸਿਪਾਹੀ ਕਰਤਾਰ ਸਿੰਘ, ਨੰ: 7/2815, ਆਈ.ਆਰ.ਬੀ., ਸਟੇਟ ਬੈਂਕ ਆਫ਼ ਬਟਾਲਾ | ਤਫਤੀਸ਼ ਅਧੀਨ |
| | | | | 6. ਹੌਲਦਾਰ ਹਰਜੀਤ ਸਿੰਘ, ਨੰ: 1854/ਗੁਰਦਾਸਪੁਰ | ਅੰਡਰ ਟਰਾਇਲ |
| | | | | 7. ਹੌਲਦਾਰ ਬਿਸ਼ਨ ਦਾਸ, ਨੰ: 152/ਗੁਰਦਾਸਪੁਰ | ਤਫਤੀਸ਼ ਅਧੀਨ |
| | | | | 8. ਹੌਲਦਾਰ ਸੋਮ ਰਾਜ, ਨੰ: 784/ਗੁਰਦਾਸਪੁਰ | ਤਫਤੀਸ਼ ਅਧੀਨ |
| | | | | 9. ਸਿਪਾਹੀ ਪ੍ਰੇਮ ਪਾਲ, ਨੰ: 1543/ਗੁਰਦਾਸਪੁਰ | ਤਫਤੀਸ਼ ਅਧੀਨ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| **ਜ਼ਿਲ੍ਹਾ ਤਰਨ ਤਾਰਨ** | | | | | |
| 1. | ਬੈਂਕਾਂ ਦੀਆਂ ਲੁੱਟਾ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 8 | 11 | 1. ਏ.ਐਸ.ਆਈ. ਮੁਖਤਿਆਰ ਸਿੰਘ, ਨੰ: 4032/ਤਰਨ ਤਾਰਨ | ਤਫਤੀਸ਼ ਅਧੀਨ |
| | | | | 2. ਹੌਲਦਾਰ ਜੋਗਿੰਦਰ ਸਿੰਘ, ਨੰ: 3047/ਤਰਨ ਤਾਰਨ, ਕਰਾਈਮ ਯੂਨਿਟ, ਤਰਨ ਤਾਰਨ | - |
| | | | | 3. ਏ.ਐਸ.ਆਈ. ਕੁਲਦੀਪ ਸਿੰਘ, ਨੰ: 494/ਬਾਰਡਰ ਰੇਂਜ, ਥਾਣਾ ਹਰੀਕੇ | - |
| | | | | 4. ਸਿਪਾਹੀ ਅਨਵਰ ਮਸੀਹ, ਨੰ: 3687/ਤਰਨ ਤਾਰਨ, ਥਾਣਾ ਤਰਨ ਤਾਰਨ | - |
| | | | | 5. ਏ.ਐਸ.ਆਈ. ਸਤਨਾਮ ਸਿੰਘ, ਨੰ: 1700/ਅੰਮ੍ਰਿਤਸਰ | - |
| | | | | 6. ਹੌਲਦਾਰ ਹਰਪ੍ਰਕਾਸ਼ ਸਿੰਘ, ਨੰ: 3125/ਤਰਨ ਤਾਰਨ | - |
| | | | | 7. ਸਿਪਾਹੀ ਹਰਦੀਪ ਸਿਘ, ਨੰ: 2664/ਤਰਨ ਤਾਰਨ, ਥਾਣਾ ਤਰਨ ਤਾਰਨ | - |
| | | | | 8. ਸਿਪਾਹੀ ਬਖਸ਼ੀਸ਼ ਸਿੰਘ, ਨੰ: 2621/ਤਰਨ ਤਾਰਨ, ਥਾਣਾ ਗੋਇੰਦਵਾਲ ਸਾਹਿਬ | - |
| | | | | 9. ਹੌਲਦਾਰ ਦਵਿੰਦਰ ਸਿੰਘ, ਨੰ: 2738/ਤਰਨ ਤਾਰਨ, ਪੁਲਿਸ ਲਾਈਨ, ਤਰਨ ਤਾਰਨ | - |
| | | | | 10. ਸਿਪਾਹੀ ਹਰਜਿੰਦਰ ਸਿੰਘ, ਨੰ: 4283/ਤਰਨ ਤਾਰਨ, ਪੁਲਿਸ ਲਾਈਨ, ਤਰਨ ਤਾਰਨ | ਅਦਾਲਤ ਵਿੱਚ ਵਿਚਾਰ ਅਧੀਨ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| | | | | 11. ਸਿਪਾਹੀ ਕੁਲਵਿੰਦਰ ਸਿੰਘ, ਨੰ: 4472/ਤਰਨ ਤਾਰਨ, ਥਾਣਾ ਸਿਟੀ ਤਰਨ ਤਾਰਨ | ਤਫਤੀਸ਼ ਅਧੀਨ |
| **ਜਲੰਧਰ ਰੇਂਜ** | | | | | |
| **ਜ਼ਿਲ੍ਹਾ ਹੁਸ਼ਿਆਰਪੁਰ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 4 | 3 | 1. ਹੌਲਦਾਰ ਪਰਮਜੀਤ ਸਿੰਘ, ਨੰ: 1430/ਹੁਸ਼ਿਆਰਪੁਰ, ਪੁਲਿਸ ਲਾਈਨ, ਹੁਸ਼ਿਆਰਪੁਰ | ਤਫਤੀਸ਼ ਅਧੀਨ |
| | | | | 2. ਸਿਪਾਹੀ ਉਂਕਾਰ ਸਿੰਘ, ਨੰ: 1971/ਜਲੰਧਰ, ਪੁਲਿਸ ਲਾਈਨ, ਹੁਸ਼ਿਆਰਪੁਰ | ਤਫਤੀਸ਼ ਅਧੀਨ |
| | | | | 3. ਹੌਲਦਾਰ ਧਰਮਪਾਲ, ਨੰ: 524/ਹੁਸ਼ਿਆਰਪੁਰ, ਪੁਲਿਸ ਲਾਈਨ, ਹੁਸ਼ਿਆਰਪੁਰ | ਤਫਤੀਸ਼ ਅਧੀਨ |
| | | | | 4. ਸਿਪਾਹੀ ਗੁਰਦੀਪ ਸਿੰਘ, ਨੰ: 510/ਹੁਸ਼ਿਆਰਪੁਰ, ਪੁਲਿਸ ਲਾਈਨ, ਹੁਸ਼ਿਆਰਪੁਰ | ਤਫਤੀਸ਼ ਅਧੀਨ |
| **ਜ਼ਿਲ੍ਹਾ ਜਲੰਧਰ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 11 | 12 | 1. ਐਸ.ਆਈ. ਹਰਜਿੰਦਰ ਸਿੰਘ, ਨੰ: 384/ਜੇ.ਆਰ.ਟੀ.ਪੀ.ਓ., ਮੁਅੱਤਲ, ਪੁਲਿਸ ਲਾਈਨ | ਤਫਤੀਸ਼ ਅਧੀਨ |
| | | | | 2. ਹੌਲਦਾਰ ਸੁਰਿੰਦਰ ਸਿੰਘ, ਨੰ: 1313/ਜਲੰਧਰ, ਛੁੱਟੀ ਪਰ | – |
| | | | | 3. ਹੌਲਦਾਰ ਅਸ਼ੋਕ ਕੁਮਾਰ, ਨੰ: 2129/ਜਲੰਧਰ, ਥਾਣਾ ਮਕਸੂਦਾਂ | – |

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | | | | 4. ਸਿਪਾਹੀ ਸ਼ਿ ਵਰਾਜ, ਨੰ: 1269/ ਜਲੰਧਰ, ਥਾਣਾ ਮਕ ਸੂਦਾਂ | – |
| | | | | 5. ਹੌਲਦਾਰ ਹ ਰਵਿੰਦਰ ਸਿੰਘ, ਨੰ: 2272 /ਜਲੰਧਰ, ਪੁਲਿਸ ਲਾ ਈਨ, ਜਲੰਧਰ | – |
| | | | | 6. ਹੌਲਦਾਰ ਕੁਲਵਿੰਦਰ ਸਿੰਘ, ਨੰ: 2506 /ਜਲੰਧਰ, ਪੁਲਿਸ ਲਾਈਨ, ਜਲੰਧਰ | – |
| | | | | 7. ਸਿਪਾਹੀ ਪ ਰਮਿੰਦਰ ਸਿੰਘ, ਨੰ: 2937 /ਜਲੰਧਰ, ਪੁਲਿਸ ਲਾ ਈਨ | – |
| | | | | 8. ਹੌਲਦਾਰ ਜੋ ਗਿੰਦਰ ਸਿੰਘ, ਨੰ: 112/ਜ ਲੰਧਰ, ਮੁਅੱਤਲ, ਪੁਲਿਸ ਲਾਈ ਨ | – |
| | | | | 9. ਏ.ਐਸ.ਆਈ. ਸਾਧੂ ਸਿੰਘ, ਨੰ: 592/ਜੇ. ਆਰ., ਮੁਅੱਤਲ, ਪੁਲਿਸ ਲਾਈਨ | – |
| | | | | 10. ਸਿਪਾਹੀ ਹਰ ਿੰਦਰ ਸਿੰਘ, ਨੰ: 2969/ਜ ਲੰਧਰ ਛੁੱਟੀ | – |
| | | | | 11. ਐਸ.ਆਈ. ਮੋ ਹਨ ਸਿੰਘ, ਨੰ: 397/ਜਲੰ ਧਰ, ਮੁਅੱਤਲ, ਪੁਲਿਸ ਲਾਈਨ | – |
| | | | | 12. ਸਿਪਾਹੀ ਸਤਨਾ ਮ ਸਿੰਘ, ਨੰ: 1155/ਜਲੰ ਧਰ, ਮੁਅੱਤਲ, ਪੁਲਿਸ ਲਾਈਨ | – |

ਜ਼ਿਲ੍ਹਾ ਨਵਾਂ ਸ਼ਹਿਰ

| | | | | | |
|---|---|---|---|---|---|
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 3 | 6 | 1. ਸੀ-2 ਗਿਰਧਾਰੀ ਲਾਲ, ਨੰ: 313/ਨਵਾਂ ਸ਼ਹਿਰ, ਥਾਣਾ ਕਾਠਗੜ੍ਹ | ਤਫਤੀਸ਼ ਅਧੀਨ |
| | | | | 2. ਹੌਲਦਾਰ ਪਰਮਜੀਤ ਸਿੰਘ, ਨੰ: 332/ਨਵਾਂ ਸ਼ਹਿਰ | - |
| | | | | 3. ਸਿਪਾਹੀ ਸੋਮਨਾਥ, ਨੰ: 304/ਨਵਾਂ ਸ਼ਹਿਰ, ਥਾਣਾ ਕਾਠਗੜ੍ਹ | - |
| | | | | 4. ਸਿਪਾਹੀ ਜੋਗਾ ਸਿੰਘ, ਨੰ: 1432/ਹੁਸ਼ਿਆਰਪੁਰ, ਥਾਣਾ ਬੰਗਾ | ਕੌਂਸਲ |
| **ਪਟਿਆਲਾ ਰੇਂਜ** | | | | | |
| **ਜ਼ਿਲ੍ਹਾ ਬਰਨਾਲਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 4 | 3 | 1. ਹੌਲਦਾਰ ਹਰਦੇਵ ਸਿੰਘ, ਨੰ: ਇਨਚਾਰਜ, ਮਾਲਖਾਨਾ, ਬਰਨਾਲਾ | ਅਖਰਾਜ |
| | | | | 2. ਹੌਲਦਾਰ ਬਸੰਤ ਸਿੰਘ, ਨੰ: 75/ਬਠਿੰਡਾ, ਪੁਲਿਸ ਲਾਈਨ, ਬਠਿੰਡਾ | ਤਫਤੀਸ਼ ਅਧੀਨ |
| | | | | 3. ਇੰਸਪੈਕਟਰ ਕੇਵਲ ਕ੍ਰਿਸ਼ਨ, ਇੰਚਾਰਜ, ਸੀ.ਆਈ.ਏ., ਬਰਨਾਲਾ | ਉਕਤ |
| **ਜ਼ਿਲ੍ਹਾ ਪਟਿਆਲਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 6 | 8 | 1. ਏ.ਐਸ.ਆਈ., ਬਲਵਿੰਦਰ ਕੌਰ, ਪੁਲਿਸ ਲਾਈਨ | ਕੌਂਸਲ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | | | | 2. ਹੌਲਦਾਰ ਚਰਨਜੀਤ ਸਿੰਘ, ਨੰ: 1193/ਪਟਿਆਲਾ, ਪੁਲਿਸ ਲਾਈਨ, ਪਟਿਆਲਾ | – |
| | | | | 3. ਸਿਪਾਹੀ ਪਰਮਜੀਤ ਸਿੰਘ, ਨੰ: 376/ਪਟਿਆਲਾ, ਪੁਲਿਸ ਲਾਈਨ, ਪਟਿਆਲਾ | – |
| | | | | 4. ਸਿਪਾਹੀ ਸੁੱਕਰ ਸਿੰਘ, ਨੰ: 1774/ਪਟਿਆਲਾ | ਤਫਤੀਸ਼ ਅਧੀਨ |
| | | | | 5. ਹੌਲਦਾਰ ਅਜੈਬ ਸਿੰਘ, ਨੰ: 1675/ਪਟਿਆਲਾ, ਪੁਲਿਸ ਲਾਈਨ | ਅਨਟਰੇਸ |
| | | | | 6. ਸਿਪਾਹੀ ਮਹਿੰਦਰ ਸਿੰਘ, ਨੰ: 3119/ਪਟਿਆਲਾ, ਸਿਟੀ ਰਾਜਪੁਰਾ | – |
| | | | | 7. ਸਿਪਾਹੀ ਗੁਲਾਬ ਸਿੰਘ, ਨੰ: 2500/ਪਟਿਆਲਾ, ਪੁਲਿਸ ਲਾਈਨ | ਤਫਤੀਸ਼ ਅਧੀਨ |
| | | | | 8. ਐਸ.ਪੀ.ਓ. ਕਪਤਾਨ ਸਿੰਘ, ਜੀ.ਆਰ.ਪੀ. ਰਾਜਪੁਰਾ | ਅਦਾਲਤ ਵਿੱਚ |
| **ਜ਼ਿਲ੍ਹਾ ਸੰਗਰੂਰ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 7 | 8 | 1. ਏ.ਐਸ.ਆਈ. ਅਬਦੁਲ ਰਸ਼ੀਦ, ਨੰ: 467/ਪੀ.ਆਰ., ਪੁਲਿਸ ਲਾਈਨ, ਸੰਗਰੂਰ | – |
| | | | | 2. ਹੌਲਦਾਰ ਦਵਿੰਦਰ ਸਿੰਘ, ਨੰ: 28/ਸੰਗਰੂਰ, ਪੁਲਿਸ ਲਾਈਨ | – |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| | | | | 3. ਹੌਲਦਾਰ ਰਾਜਵੀਰ ਸਿੰਘ, ਨੰ: 1423/ਸੰਗਰੂਰ, ਪੁਲਿਸ ਲਾਈਨ, ਸੰਗਰੂਰ | – |
| | | | | 4. ਹੌਲਦਾਰ ਗੁਰਜੀਤ ਸਿੰਘ, ਨੰ: 1987/ਸੰਗਰੂਰ, ਥਾਣਾ ਸਿਟੀ, ਮਲੇਰਕੋਟਲਾ | – |
| | | | | 5. ਐਸ.ਆਈ. ਕਮਲਜੀਤ ਸਿੰਘ, ਨੰ: 599/ਪੀ.ਆਰ., ਪੁਲਿਸ ਲਾਈਨ | – |
| | | | | 6. ਹੌਲਦਾਰ ਜੀਤਬੰਤ ਸਿੰਘ, ਨੰ: 595/ਸੰਗਰੂਰ, ਥਾਣਾ ਸਦਰ, ਸੰਗਰੂਰ | – |
| | | | | 7. ਹੌਲਦਾਰ ਜਗਬੀਰ ਸਿੰਘ, ਨੰ: 512/ਸੰਗਰੂਰ, ਕੰਟਰੋਲ ਰੂਮ | – |
| | | | | 8. ਹੌਲਦਾਰ ਭਗਵੰਤ ਸਿੰਘ, ਨੰ: 549/ਸੰਗਰੂਰ, ਪੁਲਿਸ ਲਾਈਨ, ਸੰਗਰੂਰ | – |
| <u>ਲੁਧਿਆਣਾ ਰੇਂਜ</u> **ਜ਼ਿਲ੍ਹਾ ਖੰਨਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 2 | 8 | 1. ਹੌਲਦਾਰ ਰਜਿੰਦਰ ਸਿੰਘ, ਨੰ: 458/ਖੰਨਾ, ਬਰਖਾਸਤ<br>2. ਤਰਲੋਚਨ ਸਿੰਘ, ਨੰ: 231/ਖੰਨਾ ਮੁਅੱਤਲ<br>3. ਹਰਜੀਤ ਸਿੰਘ, ਨੰ: 175/ਖੰਨਾ ਬਰਖਾਸਤ<br>4. ਹੌਲਦਾਰ ਜਗਦੀਸ਼ ਪਾਲ, ਨੰ: 447/ਖੰਨਾ ਮੁਅੱਤਲ<br>5. ਸਿਪਾਹੀ ਜਗਤਾਰ ਸਿੰਘ, ਨੰ: 295/ਖੰਨਾ ਮੁਅੱਤਲ<br>6. ਸੰਦੀਪ ਸਿੰਘ, ਪੁੱਤਰ ਕਰਨੈਲ ਸਿੰਘ | ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ ਅਤੇ ਜ਼ਮਾਨਤ ਪਰ ਹਨ ਅਤੇ ਭੱਜੇ ਹੋਏ ਦੋਸ਼ੀ ਅਜੇ ਤੱਕ ਗ੍ਰਿਫਤਾਰ ਨਹੀਂ ਹੋਏ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | | | | 7. ਰੁਪਿੰਦਰਪਾਲ ਸਿੰਘ ਪੁੱਤਰ ਰਣਧੀਰ ਸਿੰਘ, ਵਾਸੀ ਲਾਲਕਲਾਂ, ਥਾਣਾ ਸਮਰਾਲਾ | |
| | | | | 8. ਹੌਲਦਾਰ ਹਾਕਮ ਸਿੰਘ, ਨੰ: 616/ਖੰਨਾ, ਪੁਲਿਸ ਲਾਈਨ, | ਤਫਤੀਸ਼ ਅਧੀਨ |
| **ਜ਼ਿਲ੍ਹਾ ਲੁਧਿਆਣਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 3 | 4 | 1. ਹੌਲਦਾਰ ਦੇਸਾ ਸਿੰਘ, ਨੰ: 530/ਲੁਧਿਆਣਾ, ਪੁਲਿਸ ਕੰਟਰੋਲ ਰੂਮ, ਲੁਧਿਆਣਾ<br>2. ਹੌਲਦਾਰ ਪ੍ਰੇਮ ਲਾਲ, ਨੰ: 2158/ਲੁਧਿਆਣਾ, ਪੁਲਿਸ ਕੰਟਰੋਲ ਰੂਮ, ਲੁਧਿਆਣਾ<br>3. ਹੌਲਦਾਰ ਮਨੋਹਰ ਲਾਲ, ਨੰ: 2868/ਲੁਧਿਆਣਾ, ਪੁਲਿਸ ਕੰਟਰੋਲ ਰੂਮ, ਲੁਧਿਆਣਾ<br>4. ਹੌਲਦਾਰ ਅਮਰਜੀਤ ਸਿੰਘ, ਨੰ: 2259/ਲੁਧਿਆਣਾ, ਮੁਅੱਤਲ, ਪੁਲਿਸ ਲਾਈਨ, ਲੁਧਿਆਣਾ | ਸਾਰੇ ਤਫਤੀਸ਼ ਅਧੀਨ ਹਨ |
| **ਫਿਰੋਜ਼ਪੁਰ ਰੇਂਜ**<br>**ਜ਼ਿਲ੍ਹਾ ਫਿਰੋਜ਼ਪੁਰ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | – | – | – | – |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 7 | 7 | 1. ਏ.ਐਸ.ਆਈ. ਗੁਰਪ੍ਰੀਤ ਸਿੰਘ, ਨੰ:91/ਐਫ.ਆਰ ਇੰਚਾਰਜ, ਪੀ.ਪੀ.ਕੁਲਗੜ੍ਹੀ | ਸਾਰੇ ਕੇਸ ਤਫਤੀਸ਼ ਅਧੀਨ ਹਨ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| | | | | 2. ਏ.ਐਸ.ਆਈ. ਬਰਜਿੰਦਰ ਸਿੰਘ, ਨੰ:1/ਬੀ.ਆਰ. ਗ੍ਰੀਵੈਂਸਿਸ ਸੈਲ, ਫਿਰੋਜ਼ਪੁਰ<br>3. ਏ.ਐਸ.ਆਈ. ਹਰਭਜਨ ਸਿੰਘ, ਨੰ:304/ਐਫ.ਆਰ., ਅੰਡਰ ਕਸਟੱਡੀ<br>4. ਹੌਲਦਾਰ ਇੱਕਬਾਲ ਸਿੰਘ, ਨੰ: 2014/ਫਿਰੋਜ਼ਪੁਰ<br>5. ਹੌਲਦਾਰ ਪਰਮਜੀਤ ਸਿੰਘ, ਨੰ:376/ਫਿਰੋਜ਼ਪੁਰ<br>6. ਸਿਪਾਹੀ ਸਵਰਨ ਸਿੰਘ, ਨੰ:1334/ਫਿਰੋਜ਼ਪੁਰ, ਪੁਲਿਸ ਲਾਈਨ<br>7. ਸਿਪਾਹੀ ਰਾਧੇਸ਼ਾਮ , ਨੰ:1908/ਫਿਰੋਜ਼ਪੁਰ ਪੁਲਿਸ ਲਾਈਨ<br>8. ਸਿਪਾਹੀ ਮੁਖਤਿਆਰ ਸਿੰਘ, ਥਾਣਾ ਧਰਮਕੋਟ | |
| **ਜ਼ਿਲ੍ਹਾ ਮੋਗਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 1 | 2 | 1. ਹੌਲਦਾਰ (ਪੀ) ਸ਼ਮਸ਼ੇਰ ਸਿੰਘ, ਨੰ: 818/ਮੋਗਾ, ਈ.ਓ. ਵਿੰਗ ਮੋਗਾ<br>2. ਸਿਪਾਹੀ ਹਰਭਜਨ ਸਿੰਘ, ਨੰ: 1034/ਮੋਗਾ, ਪੁਲਿਸ ਲਾਈਨ, ਮੋਗਾ, ਸੈਕਿੰਡ ਰਿਜ਼ਰਵ | ਸਾਰੇ ਅਦਾਲਤ ਵਿੱਚ ਵਿਚਾਰ ਅਧੀਨ ਹਨ |
| **<u>ਫਰੀਦਕੋਟ ਰੇਂਜ</u>** | | | | | |
| **ਜ਼ਿਲ੍ਹਾ ਬਠਿੰਡਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 5 | 11 | 1. ਐਸ.ਆਈ.ਓ. ਆਰ.ਪੀ., ਸਰਬਜੀਤ ਸਿੰਘ, ਨੰ: 185/ ਐਫ.ਆਰ.ਟੀ.<br>2. ਏ.ਐਸ.ਆਈ. ਗੁਰਜੰਟ ਸਿੰਘ, ਨੰ: 56/ਮੋਗਾ<br>3. ਏ.ਐਸ.ਆਈ. ਕੌਰ ਸਿੰਘ, ਨੰ: 1469/ਬਠਿੰਡਾ<br>4. ਹੌਲਦਾਰ ਪ੍ਰਤਾਪ ਸਿੰਘ, ਨੰ: 1355/ਬਠਿੰਡਾ<br>5. ਹੌਲਦਾਰ ਸਤਪਾਲ ਸਿੰਘ, ਨੰ: 1602/ਬਠਿੰਡਾ<br>6. ਸਿਪਾਹੀ ਜਸਵਿੰਦਰ ਸਿੰਘ, ਨੰ: 9/ਬਠਿੰਡਾ<br>7. ਸੀ-2 ਲਾਜਪਤ ਰਾਏ, ਨੰ: 214/ਬਠਿੰਡਾ<br>8. ਹੌਲਦਾਰ ਸੁਖਪਾਲ ਸਿੰਘ, ਨੰ: 185/ਬਠਿੰਡਾ<br>9. ਏ.ਐਸ.ਆਈ. ਕਰਨੈਲ ਸਿੰਘ, ਨੰ: 113/ਫਰੀਦਕੋਟ<br>10. ਹੌਲਦਾਰ ਭੁਪਿੰਦਰ ਸਿੰਘ, ਨੰ: 939/ਬਠਿੰਡਾ<br>11. ਹੌਲਦਾਰ ਗੁਰਜਿੰਦਰ ਸਿੰਘ, ਨੰ: 996/ਬਠਿੰਡਾ | ਸਾਰੇ ਕੇਸ ਤਫਤੀਸ਼ ਅਧੀਨ ਹਨ |
| ਜ਼ਿਲ੍ਹਾ ਮਾਨਸਾ | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 4 | 4 | 1. ਸਿਪਾਹੀ ਕੁਲਦੀਪ ਸਿੰਘ, ਨੰ: 834/ਮਾਨਸਾ, ਗਾਰਦ, ਸ਼ੈਸ਼ਨ ਜੱਜ, ਮਾਨਸਾ | ਸਾਰੇ ਤਫਤੀਸ਼ ਅਧੀਨ ਹਨ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| | | | | 2. ਸਿਪਾਹੀ ਸੁਖਵਿੰਦਰ ਸਿੰਘ, ਨੰ: 457/ਮਾਨਸਾ, ਪੁਲਿਸ ਲਾਈਨ, ਮਾਨਸਾ | |
| | | | | 3. ਸਿਪਾਹੀ ਜਸਵੀਰ ਸਿੰਘ, ਨੰ: 228/ਮਾਨਸਾ, ਮੁਅੱਤਲ, ਸੈਂਟਰਲ ਜੇਲ੍ਹ, ਬਠਿੰਡਾ | |
| | | | | 4. ਇੰਨਸਪੈਕਟਰ ਹਰਿੰਦਰਪਾਲ ਸਿੰਘ, ਨੰ: 113/ਐਫ.ਆਰ., ਮੁਅੱਤਲ, ਸੈਂਟਰਲ ਜੇਲ੍ਹ, ਪਟਿਆਲਾ | |
| **ਜੀ.ਆਰ.ਪੀ., ਪਟਿਆਲਾ** | | | | | |
| 1. | ਬੈਂਕਾਂ ਦੀਆਂ ਲੁੱਟਾਂ ਖੋਹਾਂ ਵਿੱਚ ਦੋਸ਼ੀ | - | - | - | - |
| 2. | ਹੋਰ ਅਪਰਾਧਾਂ ਵਿੱਚ ਦੋਸ਼ੀ | 1 | 1 | 1. ਪੀ.ਪੀ.ਐਚ.ਸੀ. ਅਜੀਤ ਕੁਮਾਰ, ਨੰ: 1377/ਜੀ.ਆਰ.ਪੀ., ਲਾਈਨ, ਪਟਿਆਲਾ | ਤਫਤੀਸ਼ ਅਧੀਨ ਹੈ |

ਨੋਟ :- ਜ਼ਿਲ੍ਹਾ ਰੋਪੜ, ਫਤਿਹਗੜ੍ਹ ਸਾਹਿਬ, ਐਸ.ਏ.ਐਸ. ਨਗਰ, ਕਪੂਰਥਲਾ, ਫਰੀਦਕੋਟ, ਮੁਕਤਸਰ ਅਤੇ ਲੁਧਿਆਣਾ ਦਿਹਾਤੀ ਦੀ ਰਿਪੋਰਟ ਨਿੱਲ ਸਮਝੀ ਜਾਵੇ ।

-----------

## ਨਹਿਰੀ ਪਾਣੀ ਦੀ ਸਪਲਾਈ

32. **ਸਰਦਾਰ ਇੱਕਬਾਲ ਸਿੰਘ ਝੂੰਦਾਂ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੌੜਾ ਪੁਲ-ਰੋਹਟੀ ਨਹਿਰ ਜੋ ਭਲਵਾਨ ਅਤੇ ਪਲਸੌਰ ਪਿੰਡਾਂ ਨੂੰ ਜਾਂਦੀ ਹੈ, ਵਿੱਚੋਂ ਨਿਕਲਦੇ ਮਾਹਲ ਗਵਾਰਾ ਮਾਈਨਰ ਦੇ ਪਾਣੀ ਦੀ ਸਪਲਾਈ ਪਿਛਲੇ ਪੰਜ ਸਾਲਾਂ ਤੋਂ ਪਿੰਡ ਬਾਗੜੀਆਂ (ਜ਼ਿਲ੍ਹਾ ਸੰਗਰੂਰ) ਤੇ ਰੋਕ ਦਿੱਤੀ ਗਈ ਹੈ ਜਿਸ ਦੇ ਸਿੱਟੇ ਵਜੋਂ ਅਖੀਰਲੇ ਪਿੰਡਾਂ ਤੇ ਪਾਣੀ ਦੀ ਸਪਲਾਈ ਬੰਦ ਹੋ ਗਈ ਹੈ ; ਜੇਕਰ ਅਜਿਹਾ ਹੈ, ਤਾਂ ਉਕਤ ਵਰਣਿਤ ਅਖੀਰਲੇ ਪਿੰਡਾਂ ਵਿੱਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੱਕਬਾਲ ਸਿੰਘ ਝੂੰਦਾਂ]
ਪਾਣੀ ਦੀ ਸਪਲਾਈ ਮੁੜ ਜਾਰੀ ਰੱਖਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਮਾਹਲਗਵਾਰਾ ਡਿਸਟ੍ਰੀਬਿਊਟਰੀ ਰਾਹੀਂ ਹੋ ਰਹੀ ਨਹਿਰੀ ਪਾਣੀ ਦੀ ਸਪਲਾਈ ਪਿੰਡ ਬਾਗੜੀਆਂ ਨੇੜੇ ਨਹੀ ਰੋਕੀ ਗਈ ਹੈ । ਇਹ ਠੀਕ ਹੈ ਕਿ ਨਹਿਰੀ ਪਾਣੀ ਦੀ ਸਪਲਾਈ ਪਿੰਡ ਭਲਵਾਨ ਅਤੇ ਪਲਸੋਰ ਜਿਹੜੇ ਕਿ ਮਾਹਲਗਵਾਰਾ ਡਿਸਟ੍ਰੀਬਿਊਟਰੀ ਦੀ ਟੇਲ ਤੇ ਪੈਂਦੇ ਹਨ, ਨਹੀਂ ਪਹੁੰਚ ਰਹੀ ਕਿਉਂਕਿ ਇਹ ਡਿਸਟ੍ਰੀਬਿਊਟਰੀ ਹੈੱਡ ਤੇ ਆਪਣਾ ਨਿਰਧਾਰਤ ਡਿਸਚਾਰਜ ਲੈਣ ਤੋਂ ਅਸਮਰਥ ਹੈ । ਸੈਕਿੰਡ ਪਟਿਆਲਾ ਫੀਡਰ ਜਿਸ ਵਿੱਚੋਂ ਮਾਹਲਗਵਾਰਾ ਡਿਸਟ੍ਰੀਬਿਊਟਰੀ ਨਿਕਲਦੀ ਹੈ, ਬਰਮ ਫਾਰਮੇਸ਼ਨ ਅਤੇ ਬੰਧ ਕਮਜ਼ੋਰ ਹੋਣ ਕਰਕੇ ਆਪਣਾ ਨਿਰਧਾਰਤ ਡਿਸਚਾਰਜ 1470 ਕਿਊਸਿਕਸ ਦੇ ਬਦਲੇ 650 ਕਿਊਸਿਕਸ ਹੀ ਲੈ ਰਹੀ ਹੈ । ਇਸੇ ਕਰਕੇ ਮਾਹਲਗਵਾਰਾ ਡਿਸਟ੍ਰੀਬਿਊਟਰੀ ਵੀ ਆਪਣਾ ਨਿਰਧਾਰਤ ਡਿਸਚਾਰਜ 98.60 ਕਿਊਸਿਕਸ ਦੇ ਬਦਲੇ 75.00 ਕਿਊਸਿਕਸ ਹੀ ਲੈ ਰਹੀ ਹੈ ।

ਸੈਕਿੰਡ ਪਟਿਆਲਾ ਫੀਡਰ ਨਹਿਰ ਦੀ ਰੀਹੈਬੀਲੀਟੇਸ਼ਨ ਦਾ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ । ਪਿੰਡ ਭਲਵਾਨ ਅਤੇ ਪਲਸੋਰ ਨੂੰ ਸੈਕਿੰਡ ਪਟਿਆਲਾ ਫੀਡਰ ਦੀ ਰੀਹੈਬਲੀਟੇਸ਼ਨ ਅਤੇ ਮਾਹਲਗਵਾਰਾ ਡਿਸਟ੍ਰੀਬਿਊਟਰੀ ਦੀ ਅੰਦਰੂਨੀ ਸਫਾਈ ਕਰਨ ਤੋਂ ਬਾਅਦ ਨਹਿਰੀ ਪਾਣੀ ਦੀ ਸਪਲਾਈ ਬਹਾਲ ਕਰਨ ਦੀ ਤਜਵੀਜ਼ ਹੈ ।

-----------

## ਇੰਡੋ-ਪਾਕ ਸਰਹੱਦ 'ਤੇ ਵਾੜ ਲਗਾਉਣ ਲਈ ਜ਼ਮੀਨ ਪ੍ਰਾਪਤ ਕਰਨਾ

33. **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਤਰਨ ਤਾਰਨ ਵਿੱਚ ਇੰਡੋ-ਪਾਕ ਸਰਹੱਦ 'ਤੇ 44 ਫੁਟ ਚੌੜੀ ਵਾੜ ਲਗਾਉਣ ਲਈ ਸਾਰੇ ਜ਼ਮੀਨ ਮਾਲਕਾਂ ਨੂੰ ਉਨ੍ਹਾਂ ਦੀ ਜ਼ਰਾਇਤੀ ਜ਼ਮੀਨ ਪ੍ਰਾਪਤ ਕਰਨ ਲਈ ਮੁਆਵਜ਼ਾ ਅਦਾ ਕਰ ਦਿੱਤਾ ਗਿਆ ਹੈ ; ਜੇਕਰ ਨਹੀਂ, ਤਾਂ ਇਸਦੇ ਕਾਰਣ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਅਦਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ । ਕੁਝ ਕਿਸਾਨਾਂ ਨੂੰ ਹੁਣ ਤੱਕ ਮੁਆਵਜ਼ਾ ਨਾ ਦਿੱਤੇ ਜਾ ਸਕਣ ਦੇ ਕਾਰਨ ਕਈ ਕਿਸਾਨਾਂ ਦੀ ਮੌਤ ਹੋ ਜਾਣ ਉਪਰੰਤ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੀ ਵਿਰਾਸਤ ਦਾ ਨਾ ਹੋਣਾ, ਕੁਝ ਦਾ ਵਿਦੇਸ਼ ਵਿੱਚ ਰਹਿੰਦੇ ਹੋਣਾ ਅਤੇ ਕੁਝ ਵੱਲੋਂ ਮੁਆਵਜ਼ੇ ਦੀ ਰਕਮ ਘੱਟ ਹੋਣ ਕਾਰਨ ਮੁਆਵਜ਼ਾ ਨਾ ਵਸੂਲ ਕਰਨਾ ਅਤੇ ਕਈ ਕੇਸਾਂ ਵਿੱਚ ਜ਼ਮੀਨ ਮਾਲਕਾਂ ਵੱਲੋਂ ਕੇਂਦਰ ਸਰਕਾਰ ਦੇ ਨਾਮ ਤੇ ਆਪਣੀ ਜ਼ਮੀਨ ਦੀ ਰਜਿਸਟਰੀ ਹਾਲਾਂ ਤੱਕ ਨਾ ਕਰਵਾਉਣਾ ਸ਼ਾਮਲ ਹੈ ।

2. ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੀ ਰਿਪੋਰਟ ਅਨੁਸਾਰ ਪਹਿਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਜਿਸ ਵਿੱਚ ਵਰਤਮਾਨ ਤਰਨ ਤਾਰਨ ਜ਼ਿਲ੍ਹਾ ਵੀ ਸ਼ਾਮਲ ਹੈ, 1.90 ਕਰੋੜ ਰੁਪਏ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ । ਡਿਪਟੀ ਕਮਿਸ਼ਨਰ, ਤਰਨ ਤਾਰਨ ਵੱਲੋਂ ਪੱਟੀ ਸਬ ਡਵੀਜ਼ਨ ਲਈ ਵੰਡਣ ਲਈ 90,48,665/- ਰੁਪਏ ਦੀ ਰਾਸ਼ੀ ਦੀ ਮੰਗ ਕੀਤੀ ਗਈ ਹੈ, ਜੋ ਕਿ ਵਿਚਾਰ ਅਧੀਨ ਹੈ ।

-----------

## ਪੰਜਾਬ ਰਾਜ ਬਿਜਲੀ ਬੋਰਡ ਦੀ ਭਿੱਖੀਵਿੰਡ ਡਿਵੀਜ਼ਨ ਵਿੱਚ ਖਾਲੀ ਪਈਆਂ ਆਸਾਮੀਆਂ

34. ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦੀ ਭਿੱਖੀਵਿੰਡ ਡਿਵੀਜ਼ਨ ਅਧੀਨ ਪੈਂਦੀਆਂ ਚਾਰ ਸਬ-ਡਿਵੀਜ਼ਨਾਂ ਵਿੱਚ ਕਰਮਚਾਰੀਆਂ ਦੀ ਮਨਜ਼ੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉਨ੍ਹਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਨਾਲ ਨੱਥੀ ਸੂਚੀ ਵਿੱਚ ਦਿੱਤੀ ਜਾਂਦੀ ਹੈ ।

### ਸੂਚੀ

### ਭਿਖੀਵਿੰਡ ਮੰਡਲ ਅਧੀਨ ਆਉਂਦੇ ਉਪ-ਮੰਡਲ

ਪੰਜਾਬ ਰਾਜ ਬਿਜਲੀ ਬੋਰਡ ਦੇ ਭਿਖੀਵੰਡ ਮੰਡਲ ਅਧੀਨ ਆਉਂਦੇ ਚਾਰ ਉਪ-ਮੰਡਲਾਂ ਜਿਵੇਂ ਕਿ ਭਿਖੀਵਿੰਡ, ਖੇਮਕਰਨ, ਖਾਲੜਾ ਅਤੇ ਅਮਰਕੋਟ ਵਿੱਚ ਮਨਜ਼ੂਰਸ਼ੁਦਾ, ਭਰੀਆਂ ਹੋਈਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਨੁਸਾਰ ਹੈ :-

| ਕ੍ਰਮ ਨੰ: | ਅਸਾਮੀ ਦਾ ਨਾਂ | | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| 1. | ਸਹਾਇਕ ਇੰਜੀਨੀਅਰ/ਸਹਾਇਕ ਕਾਰਜਕਾਰੀ ਇੰਜੀਨੀਅਰ | .. | 4 | 4 | - |
| 2. | ਵਧੀਕ ਸਹਾਇਕ ਇੰਜੀਨੀਅਰ | .. | 4 | 1 | 3 |
| 3. | ਜੂਨੀਅਰ ਇੰਜੀਨੀਅਰ | .. | 19 | 15 | 4 |
| 4. | ਫੋਰਮੈਨ | .. | 9 | - | 9 |
| 5. | ਉਚ ਸ਼੍ਰੇਣੀ ਕਲਰਕ | .. | 15 | 2 | 13 |
| 6. | ਹੇਠਲੀ ਸ਼੍ਰੇਣੀ ਕਲਰਕ | .. | 13 | 13 | - |
| 7. | ਕੈਸ਼ੀਅਰ | .. | 10 | 3 | 7 |
| 8. | ਮਾਲ ਲੇਖਾਕਾਰ | .. | 4 | 3 | 1 |
| 9. | ਲਾਈਨਮੈਨ | .. | 149 | 87 | 62 |
| 10. | ਸਹਾਇਕ ਲਾਈਨਮੈਨ | .. | 225 | 214 | 11 |
| 11. | ਮੀਟਰ ਰੀਡਰ | .. | 6 | 6 | - |
| 12. | ਡਰਾਈਵਰ | .. | 6 | 2 | 4 |
| 13. | ਰੈਗੂਲਰ ਟੀ. ਮੇਟ | .. | 43 | 24 | 19 |
| 14. | ਸੇਵਾਦਾਰ | .. | 7 | 7 | - |
| 15. | ਬਿਲ ਵੰਡਕ | .. | 8 | 1 | 7 |
| | ਕੁੱਲ ਜੋੜ | .. | 522 | 382 | 140 |

ਪਿਛਲੇ ਦਸ ਸਾਲਾਂ ਤੋਂ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਕੋਈ ਭਰਤੀ ਨਹੀਂ ਕੀਤੀ ਗਈ ਹੈ । ਪ੍ਰੰਤੂ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਯਤਨ ਕੀਤੇ ਜਾਣਗੇ ।

-----------

## ਥਾਣਾ ਧੂਰੀ ਸ਼ਹਿਰ ਵਿੱਚ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ

35. **ਸ਼੍ਰੀਮਤੀ ਹਰਚੰਦ ਕੌਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਮਾਰਚ, 2007 ਤੋਂ ਮਿਤੀ ਅੰਤ ਦੇ ਸਮੇਂ ਦੌਰਾਨ ਧੂਰੀ ਸ਼ਹਿਰ ਦੇ ਪੁਲਿਸ ਸਟੇਸ਼ਨ ਵਿੱਚ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ਅਤੇ ਉਨ੍ਹਾਂ 'ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**ਸੂਚਨਾ**

**1 ਮਾਰਚ, 2007 ਤੋਂ 18 ਜੂਨ, 2007 ਤੱਕ ਧੂਰੀ ਸ਼ਹਿਰ ਦੇ ਪੁਲਿਸ ਸਟੇਸ਼ਨ ਵਿੱਚ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਅਤੇ ਵੇਰਵੇ :-**

| ਲੜੀ ਨੰ: | ਮੁਕੱਦਮਾ ਨੰ:/ਮਿਤੀ | ਸੰਖੇਪ ਹਾਲਾਤ | ਮੌਜੂਦਾ ਸਥਿਤੀ |
|---|---|---|---|
| 1 | 2 | 3 | 4 |
| 1. | 24/7-3-07 ਅ/ਧ 324/ 323/506/ 34 ਹਿੰ. ਡੰ. | ਇਹ ਮੁਕੱਦਮਾ ਨਿਸਾ ਦੇ ਬਿਆਨ ਪਰ ਗੁਰਵਿੰਦਰ ਸਿੰਘ ਵਾਸੀ ਕੇਹਰੂ, ਨਿਰਮਲ ਸਿੰਘ ਅਤੇ ਜੱਸੀ ਵਾਸੀਅਨ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਦੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 2. | 25/9-3-07 ਅ/ਧ 323/ 325/148/ 149 ਹਿੰ.ਡੰ. | ਇਹ ਮੁਕੱਦਮਾ ਹਰੀਸ਼ ਕੁਮਾਰ ਵਾਸੀ ਮਲੌਦ ਦੇ ਬਿਆਨ ਪਰ, ਮੱਖਣ ਸਿੰਘ, ਦਾਰੀ, ਚੱਡੀ, ਸੁਰਜੀਤ ਸਿੰਘ, ਬਿੰਦਰ, ਅਸ਼ੋਕ ਕੁਮਾਰ, ਡਮਰੂ ਅਤੇ ਸੰਨੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਦੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 3. | 26/15-3-07 ਅ/ਧ/ 379 ਹਿੰ.ਡੰ. | ਇਹ ਮੁਕੱਦਮਾ ਅਮਰ ਸਿੰਘ ਵਾਸੀ ਧੂਰੀ ਦੇ ਬਿਆਨ ਪਰ ਦਰਜ ਹੋਇਆ ਸੀ ਕਿ ਅਮਰਜੀਤ ਸਿੰਘ ਨੇ ਉਸਦਾ ਥ੍ਰੀਵੀਲ੍ਹਰ ਨੰਬਰ ਪੀ.ਬੀ.-13-ਐਨ-7690 ਉਸਦੇ ਘਰ ਦੇ ਸਾਹਮਣੇ ਤੋਂ ਚੋਰੀ ਕਰ ਲਿਆ, ਜਿਸ ਦੀ ਕੀਮਤ 1,10,000/-ਰੁਪਏ ਬਣਦੀ ਹੈ। | ਅਦਾਲਤ ਵਿੱਚ ਵਿਚਾਰ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 |
|---|---|---|---|
| 4. | 28/20-3-07 ਅ/ਧ/ 61 ਅਕਸਾਈਜ਼ ਐਕਟ | ਇਹ ਮੁਕੱਦਮਾ ਤੇਜ ਕੌਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਗ੍ਰਿਫਤਾਰ ਵਿਅਕਤੀ ਕੋਲੋਂ ਹੌਲਦਾਰ ਰਣਧੀਰ ਸਿੰਘ ਵੱਲੋਂ 8 ਬੋਤਲਾਂ ਸ਼ਰਾਬ ਦੀਆਂ ਫੜੀਆਂ ਗਈਆਂ ਸਨ । | ਨਤੀਜਾ ਆਉਣਾ ਬਾਕੀ ਹੈ। |
| 5. | 29/22-3-07 ਅ/ਧ/61 ਅਕਸਾਈਜ਼ ਐਕਟ | ਇਹ ਮੁਕੱਦਮਾ ਮਨੋਜ ਕੁਮਾਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਗ੍ਰਿਫਤਾਰ ਵਿਅਕਤੀ ਕੋਲੋਂ ਹੌਲਦਾਰ ਅਵਤਾਰ ਸਿੰਘ ਵੱਲੋਂ 7 ਬੋਤਲਾਂ ਸ਼ਰਾਬ ਦੀਆਂ ਫੜੀਆਂ ਗਈਆਂ ਸਨ । | ਨਤੀਜਾ ਆਉਣਾ ਬਾਕੀ ਹੈ। |
| 6. | 30/23-3-07 ਅ/ਧ/ 295-ਏ/ 323/148/149 ਹਿ.ਡੰ. | ਇਹ ਮੁਕੱਦਮਾ ਰਾਣੀ ਪਤਨੀ ਸਤਪਾਲ ਵਾਸੀ ਧੂਰੀ ਦੇ ਬਿਆਨ ਤੇ ਰੇਸ਼ਮ ਸਿੰਘ, ਰੁਪਿੰਦਰ ਕੌਰ, ਹਰਦਿਆਲ ਸਿੰਘ, ਸਤਨਾਮ ਸਿੰਘ, ਜਸਵੀਰ ਸਿੰਘ ਸਾਰੇ ਵਾਸੀਆਨ ਲੁਧਿਆਣਾ ਅਤੇ ਸਾਧੂ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ 5 ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |
| 7. | 31/26-3-07 ਅ/ਧ/ 325/ 324/34 ਹਿ.ਡੰ. | ਇਹ ਮੁਕੱਦਮਾ ਬਿੱਕਰ ਸਿੰਘ ਵਾਸੀ ਧੂਰੀ ਦੇ ਬਿਆਨ ਤੇ ਗੁਰਪ੍ਰੀਤ ਸਿੰਘ, ਰੌਕੀ, ਮੋਤੀ, ਛੱਜੂ ਸਾਰੇ ਵਾਸੀਆਨ ਧੂਰੀ। ਇਸ ਮੁਕੱਦਮਾ ਵਿੱਚ ਸਾਰੇ ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 8. | 32/29-3-07 ਅ/ਧ/ 420/ 406 ਹਿੰ.ਡੰ. | ਇਹ ਮੁਕੱਦਮਾ ਸੱਤਪਾਲ ਵਾਸੀ ਰਾਮਗੜ੍ਹ ਦੇ ਬਿਆਨ ਤੇ ਰਵਿੰਦਰ ਸਿੰਘ ਅਤੇ ਮੁਰਲੀਧਰ ਯਾਦਵ, ਵਾਸੀ ਰੋਪੜ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਕੋਈ ਵੀ ਵਿਅਕਤੀ ਗ੍ਰਿਫਤਾਰ ਨਹੀਂ ਹੋਇਆ। | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |
| 9. | 33/4-4-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਕ੍ਰਿਸ਼ਨ ਗੋਪਾਲ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਹ ਵਿਅਕਤੀ ਹੌਲਦਾਰ ਰਣਧੀਰ ਸਿੰਘ ਵੱਲੋਂ ਗ੍ਰਿਫਤਾਰ ਕੀਤਾ ਗਿਆ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 10. | 34/5-4-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਮੇਹਰਬਾਨ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਹ ਵਿਅਕਤੀ ਹੌਲਦਾਰ ਮਲਕੀਤ ਸਿੰਘ ਵੱਲੋਂ ਗ੍ਰਿਫਤਾਰ ਕੀਤਾ ਗਿਆ ਅਤੇ ਇਸ ਪਾਸੋਂ 1040/- ਰੁਪਏ ਬਰਾਮਦ ਕੀਤੇ ਗਏ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 11. | 35/7-4-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਗੁਰਵਿੰਦਰ ਬਾਨ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਹ ਵਿਅਕਤੀ ਹੌਲਦਾਰ ਮੇਜਰ ਸਿੰਘ ਵੱਲੋਂ ਗ੍ਰਿਫਤਾਰ ਕੀਤਾ ਗਿਆ ਅਤੇ ਇਸ ਪਾਸੋਂ 410/- ਰੁਪਏ ਬਰਾਮਦ ਕੀਤੇ ਗਏ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 12. | 36/9-4-07 ਅ/ਧ 376/ 458/506 ਹਿੰ.ਡੰ. | ਇਹ ਮੁਕੱਦਮਾ ਅੱਕੀ ਦੇਵੀ ਵਾਸੀ ਧੂਰੀ ਦੇ ਬਿਆਨ ਤੇ ਪ੍ਰੇਮ ਕੁਮਾਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 |
|---|---|---|---|
| 13. | 37/12-4-07 ਅ/ਧ 457/ 380/511 ਹਿੰ.ਡੰ. | ਇਹ ਮੁਕੱਦਮਾ ਸੰਤੋਸ਼ ਰਾਣੀ ਵਾਸੀ ਧੂਰੀ ਦੇ ਬਿਆਨ ਤੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਕੋਈ ਸੁਰਾਗ ਨਹੀਂ ਲੱਗਾ। | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |
| 14. | 38/13-4-07 ਅ/ਧ 323/ 324/ ਹਿੰ.ਡੰ. | ਇਹ ਮੁਕੱਦਮਾ ਸਲੀਮ ਵਾਸੀ ਧੂਰੀ ਦੇ ਬਿਆਨ ਤੇ ਸ਼ੀਸਪਾਲ ਵਾਸੀ ਧੂਰੀ ਪਿੰਡ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਦੋਸ਼ੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 15. | 39/14-4-07 ਅ/ਧ 325/ 323/427/ 148/149 ਹਿੰ. ਡੰ. | ਇਹ ਮੁਕੱਦਮਾ ਸੁਰਿੰਦਰ ਕੁਮਾਰ ਵਾਸੀ ਧੂਰੀ ਦੇ ਬਿਆਨ ਤੇ ਅਵਤਾਰ ਸਿੰਘ, ਚਮਕੌਰ ਸਿੰਘ, ਰਜਿੰਦਰ ਸਿੰਘ, ਮੰਗਾ ਵਾਸੀਆਨ ਧੂਰੀ ਅਤੇ ਪਾਰਟੀ ਨੰਬਰ ਦੋ ਸੁਰਿੰਦਰ ਕੁਮਾਰ, ਰਕੇਸ਼ ਕੁਮਾਰ, ਅੰਮ੍ਰਿਤ ਕੁਮਾਰ ਅਤੇ ਕਮਲ ਸਾਰੇ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਸਾਰੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 16. | 40/15-4-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਰਾਜ ਕੁਮਾਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਹੌਲਦਾਰ ਅਵਤਾਰ ਸਿੰਘ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ 425/- ਰੁਪਏ ਬਰਾਮਦ ਕੀਤੇ ਗਏ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 17. | 42/15-4-07 ਅ/ਧ 15 ਐਨ.ਡੀ.ਪੀ.ਐਸ. ਐਕਟ | ਇਹ ਮੁਕੱਦਮਾ ਗੁਰਮੇਲ ਸਿੰਘ ਵਾਸੀ ਸਮੁੰਦਗੜ੍ਹ ਛੰਨਾਂ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਐਸ. ਆਈ. ਬਲਦੇਵ ਸਿੰਘ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਦੋਸ਼ੀ ਪਾਸੋਂ 3 ਕਿਲੋ ਭੁੱਕੀ ਚੂਰਾ ਬਰਾਮਦ ਕੀਤੀ ਗਈ । | ਇਹ ਮੁਕੱਦਮਾ ਨਤੀਜਾ ਆਉਣਾ ਬਾਕੀ ਹੈ। |
| 18. | 41/15-4-07 ਅ/ਧ 15 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਧੂਰੀ | ਇਹ ਮੁਕੱਦਮਾ ਰਾਜ ਕੁਮਾਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਏ.ਐਸ.ਆਈ. ਲਛਮਣ ਦਾਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਦੋਸ਼ੀ ਪਾਸੋਂ 2 ਕਿਲੋ ਭੁੱਕੀ ਚੂਰਾ ਬਰਾਮਦ ਕੀਤੀ ਗਈ । | ਇਹ ਮੁਕੱਦਮਾ ਨਤੀਜਾ ਆਉਣਾ ਬਾਕੀ ਹੈ। |
| 19. | 43/18-4-07 ਅ/ਧ 61 ਅਕਸਾਈਜ਼ ਐਕਟ | ਇਹ ਮੁਕੱਦਮਾ ਗੁਰਮੇਲ ਕੌਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਹੌਲਦਾਰ ਪਿਆਰਾ ਸਿੰਘ ਵੱਲੋਂ ਦੋਸ਼ਣ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਦੋਸ਼ਣ ਪਾਸੋਂ 8-1/4 ਬੋਤਲਾਂ ਸ਼ਰਾਬ ਬਰਾਮਦ ਕੀਤੀ ਗਈ । | ਇਹ ਮੁਕੱਦਮਾ ਨਤੀਜਾ ਆਉਣਾ ਬਾਕੀ ਹੈ। |
| 20. | 44/19-4-07 ਅ/ਧ 325/ 323/427/ 148/149 ਹਿੰ.ਡੰ. | ਇਹ ਮੁਕੱਦਮਾ ਪ੍ਰਕਾਸ਼ ਚੰਦ ਵਾਸੀ ਧੂਰੀ ਦੇ ਬਿਆਨ ਤੇ ਬਰਖਿਲਾਫ ਗੁਨਾਂ, ਬਿੰਬੋ, ਹਜੂਰਾ, ਸਤਪਾਲ, ਬੀਰਾ, ਕਾਕਾ, ਨਿੰਮਾ, ਮੁਨਸ਼ੀ ਖਾਨ ਅਤੇ ਲੱਛੋ ਸਾਰੇ ਵਾਸੀਆਨ ਧੂਰੀ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ 5 ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 |
|---|---|---|---|
| 21. | 47/19-4-07 ਅ/ਧ 325/ 323/427/ 148/149 ਹਿ.ਡੰ. | ਇਹ ਮੁਕੱਦਮਾ ਪ੍ਰਕਾਸ਼ ਚੰਦ ਵਾਸੀ ਧੂਰੀ ਦੇ ਬਿਆਨ ਤੇ ਬਰਖਿਲਾਫ ਗੁਨਾਂ, ਬਿੰਬੋ, ਹਜੂਰਾ, ਸਤਪਾਲ, ਬੀਰਾ, ਕਾਕਾ, ਨਿੰਮਾ, ਮੁਨਸ਼ੀ ਖਾਨ ਅਤੇ ਲੱਛੋ ਸਾਰੇ ਵਾਸੀਆਨ ਧੂਰੀ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ 5 ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |
| 22. | 46/21-4-07 ਅ/ਧ 15 ਐਨ.ਡੀ.ਪੀ.ਐਸ. ਐਕਟ | ਇਹ ਮੁਕੱਦਮਾ ਪ੍ਰੀਤੋ ਵਾਸੀ ਸਮੁੰਦਗੜ੍ਹ ਛੰਨਾਂ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਏ.ਐਸ.ਆਈ. ਮਲਕੀਤ ਸਿੰਘ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 1 ਕਿਲੋ 500 ਗ੍ਰਾਮ ਭੁੱਕੀ ਬਰਾਮਦ ਕੀਤੀ । | ਨਤੀਜਾ ਆਉਣਾ ਬਾਕੀ ਹੈ। |
| 23. | 45/21-4-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਗੋਰਾ ਲਾਲ, ਮੋਹਿਤ ਕੁਮਾਰ, ਰਾਜ ਕੁਮਾਰ, ਸੰਜੀਵ ਕੁਮਾਰ, ਬਲਵਿੰਦਰ ਸਿੰਘ, ਕ੍ਰਿਸ਼ਨ ਗੋਪਾਲ, ਰਾਕੇਸ਼ ਸਾਰੇ ਵਾਸੀ ਧੂਰੀ, ਹਰਜੀਤ ਸਿੰਘ ਵਾਸੀ ਮੀਰਹੇੜੀ, ਜਗਰਾਜ ਸਿੰਘ ਵਾਸੀ ਭਾਨਭੋਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਸਾਰੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ ਇਨਾਂ ਪਾਸੋਂ 19,000/- ਰੁਪਏ ਬਰਾਮਦ ਕੀਤੇ ਗਏ ਹਨ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 24. | 48/25-4-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਅਮਰ ਨਾਥ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਹੌਲਦਾਰ ਕੁਲਵੰਤ ਸਿੰਘ ਨੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਅਤੇ ਇਸ ਪਾਸੋਂ 265/- ਰੁਪਏ ਬਰਾਮਦ ਕੀਤੇ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 25. | 47/25-4-07 ਅ/ਧ 354/ 452/ਹਿੰ.ਡੰ. | ਇਹ ਮੁਕੱਦਮਾ ਲਕਸ਼ਮੀ ਵਾਸੀ ਧੂਰੀ ਦੇ ਬਿਆਨ ਤੇ ਪ੍ਰਕਾਸ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ । | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |
| 26. | 49/27-4-07 ਅ/ਧ 366-ਏ/ 458/ਹਿੰ.ਡੰ. | ਇਹ ਮੁਕੱਦਮਾ ਸੁਲਤਾਨ ਸਿੰਘ ਵਾਸੀ ਧੂਰੀ ਦੇ ਬਿਆਨ ਤੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਕੋਈ ਦੋਸ਼ੀ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ । | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |
| 27. | 50/29-4-07 ਅ/ਧ 420/ 406 ਹਿੰ.ਡੰ. | ਇਹ ਮੁਕੱਦਮਾ ਅਸ਼ੋਕ ਕੁਮਾਰ ਵਾਸੀ ਧੂਰੀ ਦੇ ਬਿਆਨ ਤੇ ਅਨਿਲ ਕੁਮਾਰ ਵਾਸੀ ਹਿਸਾਰ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮਾ ਵਿੱਚ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ । | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |
| 28. | 51/1-5-07 ਅ/ਧ 379 ਹਿੰ.ਡੰ. | ਇਹ ਮੁਕੱਦਮਾ ਨਿਰਮਲ ਸਿੰਘ ਵਾਸੀ ਭਾਨਪੁਰਾ ਦੇ ਬਿਆਨ ਤੇ ਕੁੱਝ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮਾ ਵਿੱਚ ਕੋਈ ਗ੍ਰਿਫਤਾਰੀ ਨਹੀਂ ਹੋਈ । | ਦੋਸ਼ੀਆਂ ਦੀ ਭਾਲ ਜਾਰੀ ਹੈ। |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 |
|---|---|---|---|
| 29. | 52/2-5-07 ਅ/ਧ 15 ਐਨ.ਡੀ.ਪੀ.ਐਸ. ਐਕਟ | ਇਹ ਮੁਕੱਦਮਾ ਨਰੇਸ਼ ਕੁਮਾਰ ਵਾਸੀ ਬੁਟਲਖੁਰਦ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮੇ ਵਿੱਚ ਐਸ.ਆਈ. ਬਲਦੇਵ ਸਿੰਘ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਅਤੇ ਇਸ ਪਾਸੋਂ 8 ਕਿਲੋ ਭੁੱਕੀ ਸਮੇਤ ਸਕੂਟਰ ਬਰਾਮਦ ਕੀਤਾ । | ਨਤੀਜਾ ਆਉਣਾ ਬਾਕੀ ਹੈ। |
| 30. | 53/8-5-07 ਅ/ਧ 309 ਹਿੰ.ਡੰ. | ਇਹ ਮੁਕੱਦਮਾ ਰਾਜੋ ਪਤਨੀ ਭਰਤ ਭੂਸਨ ਵਾਸੀ ਧੂਰੀ ਦੇ ਬਿਆਨ ਤੇ ਦਰਜ ਹੋਇਆ ਸੀ । | ਮੁਕੱਦਮਾ ਤਫਤੀਸ਼ ਅਧੀਨ ਹੈ। |
| 31. | 54/10-5-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਮੇਹਰਬਾਨ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਹੌਲਦਾਰ ਪਿਆਰਾ ਸਿੰਘ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕਰਕੇ 165/- ਰੁਪਏ ਬਰਾਮਦ ਕੀਤੇ । | ਅਦਾਲਤ ਵਿੱਚ ਵਿਚਾਰ ਅਧੀਨ ਹੈ। |
| 32. | 55/11-5-07 ਅ/ਧ 452/ 379/323/ 148/149 ਹਿੰ.ਡੰ. ਅਤੇ 3/4 ਐਸ.ਸੀ.ਐਸ.ਟੀ. ਐਕਟ | ਇਹ ਮੁਕੱਦਮਾ ਕਰਮਜੀਤ ਕੌਰ ਵਾਸੀ ਧੂਰੀ ਦੇ ਬਿਆਨ ਤੇ ਸੁਖਦੇਵ ਸਿੰਘ, ਹਰਿੰਦਰ ਸਿੰਘ, ਤੇਜਿੰਦਰ ਸਿੰਘ, ਹਰਦੇਵ ਸਿੰਘ, ਸਾਰੇ ਵਾਸੀ ਕੇਹਰੂ ਅਤੇ ਚਾਰ ਪੰਜ ਅਣਪਛਾਤੇ ਵਿਅਕਤੀ ਦੂਜੀ ਪਾਰਟੀ ਹਰਦੇਵ ਸਿੰਘ, ਦਲਬੀਰ ਸਿੰਘ, ਪਰਮਜੀਤ ਕੌਰ, ਸੂਰਤ ਸਿੰਘ, ਸਤਪਾਲ ਸਿੰਘ, ਅਵਤਾਰ ਸਿੰਘ,, ਮਨਜੀਤ ਸਿੰਘ ਸਾਰੇ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਕੋਈ ਦੋਸ਼ੀ ਗ੍ਰਿਫਤਾਰ ਨਹੀਂ ਕੀਤਾ ਗਿਆ। | ਇਹ ਮੁਕੱਦਮਾ ਤਫਤੀਸ਼ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 33. | 56/12-5-07 ਅ/ਧ 15 ਐਨ.ਡੀ.ਪੀ.ਐਸ. ਐਕਟ | ਇਹ ਮੁਕੱਦਮਾ ਤਰਸੇਮ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ। ਏ.ਐਸ.ਆਈ. ਸਤਨਾਮ ਸਿੰਘ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 27 ਕਿਲੋ ਭੁੱਕੀ ਬਰਾਮਦ ਕੀਤੀ । | ਨਤੀਜਾ ਆਉਣਾ ਬਾਕੀ ਹੈ। |
| 34. | 57/17-5-07 ਅ/ਧ 376/ 120-ਬੀ/323/ 34 ਹਿੰ.ਡੰ. | ਇਹ ਮੁਕੱਦਮਾ ਹਰਦੀਪ ਕੌਰ ਵਾਸੀ ਧੂਰੀ ਦੇ ਬਿਆਨ ਤੇ ਹਰਪਾਲ ਸਿੰਘ ਪੁੱਤਰ ਲਾਭ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਕੋਈ ਦੋਸ਼ੀ ਗ੍ਰਿਫਤਾਰ ਨਹੀਂ ਹੋਇਆ । | ਤਫਤੀਸ਼ ਅਧੀਨ ਹੈ। |
| 35. | 60/20-5-07 ਅ/ਧ 61 ਅਕਸਾਈਜ ਐਕਟ | ਇਹ ਮੁਕੱਦਮਾ ਭੁਪਿੰਦਰਪਾਲ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ ਅਤੇ ਦੋਸ਼ੀ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਪਾਸੋਂ 10 ਬੋਤਲਾਂ ਸ਼ਰਾਬ ਬਰਾਮਦ ਹੋਈ। | ਨਤੀਜਾ ਆਉਣਾ ਬਾਕੀ ਹੈ। |
| 36. | 58/21-5-07 ਅ/ਧ 457/ 380/ਹਿੰ.ਡੰ. | ਇਹ ਮੁਕੱਦਮਾ ਮਨਜਿੰਦਰ ਪ੍ਰਕਾਸ ਵਾਸੀ ਲਹਿਰਾ ਦੇ ਬਿਆਨ ਤੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਦਰਜ ਹੋਇਆ ਸੀ ਅਤੇ ਇਸ ਮੁਕੱਦਮੇ ਵਿੱਚ ਕੋਈ ਸੁਰਾਗ ਨਹੀਂ ਲੱਗਾ । | ਦੋਸ਼ੀਆਂ ਦੀ ਭਾਲ ਜਾਰੀ ਹੈ। |
| 37. | 59/22-5-07 ਅ/ਧ 323/ 324/34/ਹਿੰ.ਡੰ. | ਇਹ ਮੁਕੱਦਮਾ ਭੀਮਾ ਵਾਸੀ ਧੂਰੀ ਦੇ ਬਿਆਨ ਤੇ ਡਿੰਪੀ, ਮੱਖਣ ਸਿੰਘ, ਗੁਰਮੇਲ ਕੌਰ, ਗੁਰਨਾਮ ਕੌਰ ਸਾਰੇ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ ਅਤੇ ਇਸ ਮੁਕੱਦਮੇ ਵਿੱਚ ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ । | ਤਫਤੀਸ਼ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 |
|---|---|---|---|
| 38. | 62/29-5-07 ਅ/ਧ 61 ਅਕਸਾਈਜ਼ ਐਕਟ | ਇਹ ਮੁਕੱਦਮਾ ਪ੍ਰੀਤਮ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ ਅਤੇ ਇਸ ਮੁਕੱਦਮੇ ਵਿੱਚ ਦੋਸ਼ੀ ਪਾਸੋਂ 10 ਬੋਤਲਾਂ ਸ਼ਰਾਬ ਬਰਾਮਦ ਕੀਤੀ ਗਈ । | ਨਤੀਜਾ ਆਉਣਾ ਬਾਕੀ ਹੈ। |
| 39. | 61/29-5-07 ਅ/ਧ 279/ 338/337/ 427 ਹਿੰ.ਡੰ. | ਇਹ ਮੁਕੱਦਮਾ ਤਰਸੇਮ ਪਾਲ ਵਾਸੀ ਪੁੰਨਾਂਵਾਲ, ਦੇ ਬਿਆਨ ਤੇ ਜਸਬੀਰ ਸਿੰਘ ਡਰਾਈਵਰ ਟਰੱਕ ਨੰਬਰ ਐਚ.ਆਰ.-46-ਏ/8823 ਦੇ ਖਿਲਾਫ ਦਰਜ ਹੋਇਆ ਸੀ ਇਸ ਮੁਕੱਦਮੇ ਵਿੱਚ ਦੋਸ਼ੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ । | ਤਫਤੀਸ਼ ਜਾਰੀ ਹੈ। |
| 40. | 63/30-5-07 ਅ/ਧ 304 ਹਿੰ.ਡੰ. | ਇਹ ਮੁਕੱਦਮਾ ਨਿਰਭੈ ਸਿੰਘ ਵਾਸੀ ਧੂਰੀ ਦੇ ਬਿਆਨ ਤੇ ਸੁਖਵਿੰਦਰ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । | ਤਫਤੀਸ਼ ਜਾਰੀ ਹੈ। |
| 41. | 65/2-6-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਅਮਰ ਨਾਥ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਪਾਸੋਂ 350/- ਰੁਪਏ ਬਰਾਮਦ ਹੋਏ । | ਤਫਤੀਸ਼ ਜਾਰੀ ਹੈ। |
| 42. | 64/2-6-07 ਅ/ਧ 13 ਏ.ਜੀ. ਐਕਟ | ਇਹ ਮੁਕੱਦਮਾ ਲਖਵਿੰਦਰ ਕੁਮਾਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ ।ਇਸ ਪਾਸੋਂ 310/- ਰੁਪਏ ਬਰਾਮਦ ਹੋਏ। | ਤਫਤੀਸ਼ ਜਾਰੀ ਹੈ। |
| 43. | 66/5-6-07 ਅ/ਧ 61 ਅਕਸਾਈਜ਼ ਐਕਟ | ਇਹ ਮੁਕੱਦਮਾ ਬਲਵੰਤ ਸਿੰਘ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਪਾਸੋਂ 10 ਬੋਤਲਾਂ ਸ਼ਰਾਬ ਬਰਾਮਦ ਕੀਤੀ ਗਈ । | ਨਤੀਜਾ ਆਉਣਾ ਬਾਕੀ ਹੈ। |

Original with;
Punjab Vidhan Sabha
Digitized by;
Punjab Digital Library

| 1 | 2 | 3 | 4 |
|---|---|---|---|
| 44. | 67/7-6-07 ਅ/ਧ 324/ 323/341/ 506 ਹਿ.ਡੰ. | ਇਹ ਮੁਕੱਦਮਾ ਸੁਨੀਲ ਕੁਮਾਰ ਵਾਸੀ ਧੂਰੀ ਦੇ ਬਿਆਨ ਤੇ ਰਵੀ, ਰਕੇਸ, ਕਰਨ ਸਾਰੇ ਵਾਸੀਆਨ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮੇ ਦੇ ਦੋ ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ । | ਤਫਤੀਸ਼ ਅਧੀਨ ਹੈ। |
| 45. | 68/8-6-07 ਅ/ਧ 61 ਅਕਸਾਈਜ਼ ਐਕਟ | ਇਹ ਮੁਕੱਦਮਾ ਭੋਲਾ ਸਿੰਘ ਵਾਸੀ ਧਰੀ ਦੇ ਖਿਲਾਫ ਦਰਜ ਹੋਇਆ ਸੀ। ਇਸ ਮੁਕੱਦਮੇ ਦੇ ਦੋ ਦੋਸ਼ੀਆਂ ਪਾਸੋਂ 10 ਬੋਤਲਾਂ ਸ਼ਰਾਬ ਬਰਾਮਦ ਹੋਈ । | ਨਤੀਜਾ ਆਉਣਾ ਬਾਕੀ ਹੈ। |
| 46. | 69/8-6-07 ਅ/ਧ 377/ 511 ਹਿ.ਡੰ. | ਇਹ ਮੁਕੱਦਮਾ ਇੰਦਰਜੀਤ ਸਿੰਘ ਵਾਸੀ ਧੂਰੀ ਦੇ ਬਿਆਨ ਤੇ ਮੁਨੀਸ਼ ਕੁਮਾਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮੇ ਦੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ। | ਤਫਤੀਸ਼ ਅਧੀਨ ਹੈ। |
| 47. | 70/9-6-07 ਅ/ਧ 324/ 323/427/ 148/149 ਹਿ.ਡੰ. | ਇਹ ਮੁਕੱਦਮਾ ਜੀਤੋ ਪਤਨੀ ਬਚਨਾ ਰਾਮ ਵਾਸੀ ਧੂਰੀ ਦੇ ਬਿਆਨ ਤੇ ਮਨੋਜ, ਕਾਲਾ, ਪਵਨ, ਸਤੀਸ਼ ਕੁਮਾਰ, ਪ੍ਰਕਾਸੋ ਸਾਰੇ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ ਸੀ । ਇਸ ਮੁਕੱਦਮੇ ਦੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ । | ਤਫਤੀਸ਼ ਅਧੀਨ ਹੈ। |
| 48. | 71/15-6-07 ਅ/ਧ 420/ 406/120-ਬੀ ਹਿ.ਡੰ. | ਇਹ ਮੁਕੱਦਮਾ ਜਤਿੰਦਰ ਵਾਸੀ ਧੂਰੀ ਦੇ ਬਿਆਨ ਤੇ ਪ੍ਰਤਾਪ, ਰਾਜੂ ਕੁਮਾਰ, ਕਾਲਾ ਸਿੰਘ, ਈਵਾਨ ਅਲੀ ਵਾਸੀ ਹਨੂੰਮਾਨਗੜ੍ਹ ਦੇ ਖਿਲਾਫ ਦਰਜ ਹੋਇਆ ਸੀ ਕੋਈ ਦੋਸ਼ੀ ਗ੍ਰਿਫਤਾਰ ਨਹੀਂ ਹੋਇਆ । | ਤਫਤੀਸ਼ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 |
|---|---|---|---|
| 49. | 72/16-6-07 ਅ/ਧ 279/ 304-ਏ ਹਿੰ.ਡੰ. | ਇਹ ਮੁਕੱਦਮਾ ਮਲਕੀਤ ਸਿੰਘ ਵਾਸੀ ਹੱਤਾਨ ਦੇ ਬਿਆਨ ਤੇ ਸਵਰਨਜੀਤ ਸਿੰਘ ਡਰਾਈਵਰ ਬੱਸ ਨੰਬਰ ਪੀ.ਬੀ.-5897 ਦੇ ਖਿਲਾਫ ਦਰਜ ਹੋਇਆ ਸੀ । | ਤਫਤੀਸ਼ ਅਧੀਨ ਹੈ। |
| 50. | 73/18-6-07 ਅ/ਧ 406/ 420/467/ 468/471/ 34 ਹਿੰ.ਡੰ. | ਇਹ ਮੁਕੱਦਮਾ ਕਮਲਦੀਪ ਗੁਪਤਾ ਵਾਸੀ ਧੂਰੀ ਦੇ ਬਿਆਨ ਤੇ ਰਿੰਕੂ ਸਿੰਗਲਾ ਅਤੇ ਨੰਦ ਕਿਸ਼ੋਰ ਵਾਸੀ ਧੂਰੀ ਦੇ ਖਿਲਾਫ ਦਰਜ ਹੋਇਆ । ਕੋਈ ਦੋਸ਼ੀ ਗ੍ਰਿਫਤਾਰ ਨਹੀਂ ਹੋਇਆ। | ਤਫਤੀਸ਼ ਅਧੀਨ ਹੈ। |
| 51. | 74/18-6-07 ਅ/ਧ 380 ਹਿੰ.ਡੰ. | ਇਹ ਮੁਕੱਦਮਾ ਹਰਪਾਲ ਸਿੰਘ ਵਾਸੀ ਧੂਰੀ ਦੇ ਬਿਆਨ ਤੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਦਰਜ ਹੋਇਆ । ਮੁਕੱਦਮੇ ਵਿੱਚ ਕੋਈ ਦੋਸ਼ੀ ਗ੍ਰਿਫਤਾਰ ਨਹੀਂ ਕੀਤਾ ਗਿਆ । | ਤਫਤੀਸ਼ ਅਧੀਨ ਹੈ। |

----------

## ਮੁਕੰਦਪੁਰ-ਨਗਰ ਸੜਕ ਨੂੰ ਚੌੜਾ ਕਰਨਾ

36. **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਪਿੰਡ ਮੁਕੰਦਪੁਰ ਤੋਂ ਨਗਰ ਤੱਕ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਜੀ ਹਾਂ । ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਪੈਂਦੇ ਮੁਕੰਦਪੁਰ ਤੋਂ ਨਗਰ ਸੜਕ ਦੇ 4.70 ਕਿ.ਮੀ. (ਮੁਕੰਦਪੁਰ ਤੋ ਹਕੀਮਪੁਰ) ਪੀ. ਐਮ. ਜੀ. ਐਸ. ਵਾਈ. VII ਪ੍ਰੋਗਰਾਮ ਅਧੀਨ 18 ਫੁੱਟ ਤੋਂ 23 ਫੁੱਟ ਚੌੜਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਸੜਕ ਨੂੰ ਚੌੜਾ ਕਰਨ ਦਾ ਕੰਮ ਚਾਲੂ ਮਾਲੀ ਸਾਲ ਦੌਰਾਨ ਹੱਥ ਵਿੱਚ ਲੈਣ ਦੀ ਸੰਭਾਵਨਾ ਹੈ ।

----------

Original with;
Punjab Vidhan Sabha
Digitized by;
Panjab Digital Library

## ਹਾਈ ਟੈਨਸ਼ਨ ਤਾਰਾਂ ਦੀ ਘੱਟ ਉਚਾਈ ਕਾਰਨ ਜਾਨਾਂ ਦਾ ਨੁਕਸਾਨ

37. **ਸਰਦਾਰ ਨਿਰਮਲ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਸੰਗਰੂਰ ਵਿੱਚ ਸੁੰਦਰ ਬਸਤੀ, ਜੋੜਾ ਬਸਤੀ, ਸਾਗਰ ਬਸਤੀ, ਅਤੇ ਕੰਢਾ ਬਸਤੀ ਪਿੰਡਾਂ ਵਿੱਚ 66 ਕੇ. ਵੀ. ਹਾਈ ਟੈਨਸ਼ਨ ਇਲੈਕਟ੍ਰਿਕ ਤਾਰਾਂ ਦੀ ਘੱਟ ਉਚਾਈ ਦੇ ਸਿੱਟੇ ਵਜੋਂ ਜਾਨੀ ਨੁਕਸਾਨ ਹੋਇਆ ਹੈ ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਉਸ ਦੇ ਉਪਾਅ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** 220 ਕੇ. ਵੀ. ਸਬ ਸਟੇਸ਼ਨ ਪਾਤੜਾਂ ਤੋਂ ਨਿਕਲਦੀ 66 ਕੇ. ਵੀ. ਪਾਤੜਾਂ-ਮੂਨਕ ਲਾਈਨ ਇਨ੍ਹਾਂ ਬਸਤੀਆਂ ਜਿਨ੍ਹਾਂ ਦੇ ਨਾਂ, ਸੁੰਦਰ ਬਸਤੀ, ਜੋੜਾ ਬਸਤੀ, ਸਾਗਰ ਬਸਤੀ ਅਤੇ ਕੰਢਾ ਬਸਤੀ ਹਨ, ਉਪਰੋਂ ਲੰਘਦੀ ਹੈ । ਇਹ ਬਸਤੀਆਂ 66 ਕੇ. ਵੀ. ਪਾਤੜਾਂ-ਮੂਨਕ ਲਾਈਨ ਦੀ ਉਸਾਰੀ ਮਗਰੋਂ ਅਣ-ਅਧਿਕਾਰਤ ਤੌਰ ਤੇ ਵਿਕਸਿਤ ਹੋਈਆਂ ਹਨ, ਜਿਸ ਦੇ ਸਿੱਟੇ ਵਜੋਂ ਕੁਝ ਥਾਵਾਂ ਤੇ ਗਰਾਊਂਡ ਕਲੀਅਰੈਂਸ ਨੂੰ ਅਨੁਮਤੀ ਯੋਗ ਸੀਮਾ ਤੋਂ ਘੱਟ ਕਰ ਦਿੱਤਾ ਗਿਆ ਹੈ ।

ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਲਾਈਨ ਅਧੀਨ ਕੋਈ ਘਾਤਕ/ਗੈਰ ਘਾਤਕ ਘਟਨਾ ਬਾਰੇ ਪੰਜਾਬ ਰਾਜ ਬਿਜਲੀ ਬੋਰਡ ਨੂੰ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ ।

-----------

## ਖੇਤ-ਮਜ਼ਦੂਰਾਂ ਨੂੰ ਮੁਆਵਜ਼ੇ ਦੀ ਅਦਾਇਗੀ

38. **ਸਰਦਾਰ ਨਿਰਮਲ ਸਿੰਘ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਸੰਗਰੂਰ ਵਿੱਚ ਬਾਦਸ਼ਾਹਪੁਰ-ਖਨੌਰੀ ਖੇਤਰ ਵਿੱਚ ਘੱਗਰ ਦਰਿਆ ਦੇ ਕਾਰਨ ਫ਼ਸਲਾਂ ਨੂੰ ਭਾਰੀ ਨੁਕਸਾਨ ਹੋਇਆ ਹੈ, ਜੇਕਰ ਅਜਿਹਾ ਹੋਵੇ, ਤਾਂ ਕੀ ਕਿਸਾਨਾਂ ਦੀ ਤਰ੍ਹਾਂ ਖੇਤ-ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਦੀ ਵੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਅਜੀਤ ਸਿੰਘ ਕੋਹਾੜ :** ਹਾਂ ਜੀ । ਇਹ ਠੀਕ ਹੈ ਕਿ ਘੱਗਰ ਦਰਿਆ ਬਾਦਸ਼ਾਹਪੁਰ ਖਨੌਰੀ ਇਲਾਕੇ ਜੋ ਕਿ ਕ੍ਰਮਵਾਰ ਪਟਿਆਲਾ ਅਤੇ ਸੰਗਰੂਰ ਜ਼ਿਲ੍ਹੇ ਵਿੱਚ ਸਥਿਤ ਹਨ, ਵਿੱਚ ਫ਼ਸਲਾਂ ਨੂੰ ਕਾਫੀ ਨੁਕਸਾਨ ਕਰਦਾ ਹੈ ।

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

ਕਿਸਾਨਾਂ ਵਾਂਗ ਖੇਤ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ । ਕਿਉਂਜੋ ਕੋਈ ਤਜਵੀਜ਼ ਨਹੀਂ ਹੈ, ਕੋਈ ਵੇਰਵੇ ਨਹੀਂ ਦਿੱਤੇ ਜਾ ਸਕਦੇ ।

------------

## STATEMENT BY THE CHIEF MINISTER

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਇਸ ਸਦਨ ਦਾ ਅਤੇ ਸਮੂਹ ਦੇਸ਼ ਵਾਸੀਆਂ ਦਾ ਧਿਆਨ ਦੇਸ਼ ਦੇ ਇਤਿਹਾਸ ਵਿੱਚ ਅੱਜ ਦੇ ਦਿਨ ਵਾਪਰੀ 1975 ਦੀ ਉਸ ਘਟਨਾ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਸ ਨੇ ਦੇਸ਼ ਵਿੱਚ ਲੋਕ ਰਾਜ ਨੂੰ ਲਗਭਗ ਜੜ੍ਹਾਂ ਤੋਂ ਹਿਲਾ ਕੇ ਰੱਖ ਦਿੱਤਾ ਸੀ । 25 ਜੂਨ,1975 ਦੇ ਦਿਨ ਉਦੋਂ ਦੀ ਹਕੂਮਤ ਨੇ ਆਪਣੇ ਨਿੱਜੀ ਰਾਜਨੀਤਿਕ ਮੁਫ਼ਾਦ ਦੀ ਪੂਰਤੀ ਲਈ ਸਮੁੱਚੇ ਦੇਸ਼ ਵਿੱਚ ਐਮਰਜੈਂਸੀ ਦਾ ਐਲਾਨ ਕਰਕੇ ਦੇਸ਼ ਵਾਸੀਆਂ ਦੇ ਸਾਰੇ ਰਾਜਨੀਤਿਕ ਅਤੇ ਜਮਹੂਰੀ ਅਧਿਕਾਰਾਂ ਉਤੇ ਵੱਡਾ ਹਮਲਾ ਬੋਲਿਆ ਸੀ । ਕਾਂਗਰਸ ਪਾਰਟੀ ਅਤੇ ਦੇਸ਼ ਦੀਆਂ ਕਈ ਹੋਰ ਪਾਰਟੀਆਂ ਜੋ ਕਿ ਅੱਜ ਲੋਕ ਰਾਜ ਅਤੇ ਜਮਹੂਰੀ ਅਧਿਕਾਰਾਂ ਦੀਆਂ ਗੱਲਾਂ ਉੱਚੀ ਅਵਾਜ਼ ਵਿੱਚ ਕਰਦੀਆਂ ਹਨ, ਨੇ ਉਸ ਵੇਲੇ ਲੋਕ ਰਾਜ ਵਿਰੁੱਧ ਹੋਏ ਇਸ ਹਮਲੇ ਦੀ ਖੁੱਲ੍ਹੀ ਹਮਾਇਤ ਕੀਤੀ । ਸਾਰਾ ਦੇਸ਼ ਇੱਕ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ । ਇਸ ਸਾਰੇ ਘਟਨਾ ਚੱਕਰ ਬਾਰੇ ਪੰਜਾਬੀ ਦੀ ਸਿਰਕੱਢ ਅਖ਼ਬਾਰ "ਅਜੀਤ" ਨੇ ਜੋ ਸੰਪਾਦਕੀ ਟਿੱਪਣੀ ਕੀਤੀ ਹੈ, ਮੈਂ ਉਹ ਸਦਨ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ ।

"ਸਮੁੱਚੇ ਦੇਸ਼ ਵਿੱਚ ਜੇਕਰ ਸ਼੍ਰੀਮਤੀ ਇੰਦਰਾ ਗਾਂਧੀ ਦੇ ਜਬਰ ਤੇ ਜ਼ੁਲਮ ਨੂੰ ਕਿਸੇ ਪਾਰਟੀ ਨੇ ਖੁੱਲ੍ਹ ਕੇ ਅਤੇ ਨਿਧੜਕ ਹੋ ਕੇ ਚੁਣੌਤੀ ਦਿੱਤੀ ਸੀ, ਤਾਂ ਉਹ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਹੀ ਸੀ । 19 ਮਹੀਨੇ ਲਗਾਤਾਰ ਸ਼੍ਰੋਮਣੀ ਅਕਾਲੀ ਦਲ ਅਤੇ ਉਸਦੇ ਨੇਤਾਵਾਂ ਨੇ ਸ਼੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚੋਂ ਐਮਰਜੈਂਸੀ ਵਿਰੁੱਧ ਮੋਰਚਾ ਚਲਾਇਆ । ਹਰ ਰੋਜ਼ ਸ਼ਾਮ ਨੂੰ ਮੰਜੀ ਸਾਹਿਬ ਵਿਖੇ ਦੀਵਾਨ ਸਜਦਾ ਸੀ, ਐਮਰਜੈਂਸੀ ਵਿਰੁੱਧ ਖੁੱਲ੍ਹ ਕੇ ਸਿਆਸੀ ਤਕਰੀਰਾਂ ਹੁੰਦੀਆਂ ਸਨ ਅਤੇ ਬਾਅਦ ਵਿੱਚ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਅਸ਼ੀਰਵਾਦ ਲੈ ਕੇ ਜਥਾ ਗ੍ਰਿਫ਼ਤਾਰੀਆਂ ਦੇਣ ਲਈ ਰਵਾਨਾ ਹੁੰਦਾ ਸੀ । ਇਹ ਅਕਾਲੀ ਦਲ ਦੇ ਇਤਿਹਾਸ ਦਾ ਇੱਕ ਸੁਨਹਿਰੀ ਕਾਂਡ ਹੈ, ਜਿਸਨੂੰ ਭਾਰਤ ਦੇ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖਿਆ ਜਾਏਗਾ ।

Original with;
Punjab Vidhan Sabha
Digitized by;
Panjab Digital Library

ਦੇਸ਼ ਦੀ ਆਜ਼ਾਦੀ ਲਈ ਤਾਂ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹੀ ਸਨ, ਪਰ ਜਦੋਂ ਦੇਸ਼ ਦੇ ਆਪਣੇ ਹਾਕਮਾਂ ਵੱਲੋਂ ਹੀ ਆਜ਼ਾਦੀ ਅਤੇ ਜਮਹੂਰੀਅਤ ਤੇ ਹਮਲਾ ਕੀਤਾ ਗਿਆ ਤਾਂ ਵੀ ਪੰਥ ਤੇ ਪੰਜਾਬ ਦੀ ਅਗਵਾਈ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਡਟ ਕੇ ਖਲੋ ਗਿਆ । ਹਜ਼ਾਰਾਂ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿੱਚ ਗ੍ਰਿਫ਼ਤਾਰੀਆਂ ਦਿੱਤੀਆਂ ।"

ਅੱਜ ਇਸ ਘਟਨਾ ਚੱਕਰ ਨੂੰ ਵਾਪਰੇ 32 ਸਾਲ ਹੋ ਗਏ ਹਨ । ਹਾਲਾਂ ਕਿ ਹੁਣ ਸਿੱਧੇ ਰੂਪ ਵਿੱਚ ਐਮਰਜੈਂਸੀ ਵਰਗੀ ਘਟਨਾ ਦੁਬਾਰਾ ਵਾਪਰਨ ਦਾ ਕੋਈ ਫ਼ੌਰੀ ਖ਼ਤਰਾ ਨਹੀਂ ਹੈ, ਫ਼ਿਰ ਵੀ ਤਾਨਾਸ਼ਾਹੀ ਰੁਝਾਨ ਅਜੇ ਵੀ ਵੇਖਣ ਨੂੰ ਮਿਲਦੇ ਹਨ । ਸ਼੍ਰੋਮਣੀ ਅਕਾਲੀ ਦਲ-ਭਾ.ਜ.ਪਾ. ਨੇ ਉਦੋਂ ਜਿਸ ਹਿੰਮਤ ਨਾਲ ਦੇਸ਼ ਦੀ ਜਮਹੂਰੀਅਤ ਦੀ ਰਖ਼ਵਾਲੀ ਕੀਤੀ ਸੀ, ਉਹ ਜਜ਼ਬਾ ਅੱਜ ਵੀ ਕਾਇਮ ਰੱਖਣ ਦੀ ਲੋੜ ਹੈ । ਮੈਂ ਸਮੂਹ ਦੇਸ਼ ਵਾਸੀਆਂ ਨੂੰ ਇਹ ਸੱਦਾ ਦੇਣਾ ਚਾਹੁੰਦਾ ਹਾਂ ਕਿ ਮਨੁੱਖੀ ਅਤੇ ਜਮਹੂਰੀ ਅਧਿਕਾਰਾਂ ਦੀ ਰਖਵਾਲੀ ਲਈ ਹਰ ਪਲ ਸੁਚੇਤ ਰਿਹਾ ਜਾਵੇ । ਜੋ ਲੋਕ ਅੱਜ ਪੰਜਾਬ ਵਿੱਚ ਸਿਆਸੀ ਬਦਲਾਖ਼ੋਰੀ ਜਾਂ ਜਮਹੂਰੀ ਹੱਕਾਂ ਦੀ ਕਥਿਤ ਖ਼ਤਰੇ ਦੀ ਗੱਲ ਕਰਦੇ ਹਨ, ਮੈਂ ਉਨ੍ਹਾਂ ਨੂੰ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੀਆਂ ਆਪਣੀਆਂ ਪਾਰਟੀਆਂ ਅੰਦਰ ਐਮਰਜੈਂਸੀ ਵਰਗੇ ਪਾਪ ਵਿਰੁੱਧ ਅਵਾਜ਼ ਬੁਲੰਦ ਕਰਨ ।

ਸ਼੍ਰੋਮਣੀ ਅਕਾਲੀ ਦਲ- ਭਾ.ਜ.ਪਾ. ਦੀ ਸਰਕਾਰ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਸਮੁੱਚੇ ਦੇਸ਼ ਵਿੱਚ ਲੋਕ ਰਾਜ ਦੀ ਰਖਵਾਲੀ ਲਈ ਵਚਨਬੱਧ ਹੈ । ਅਸੀਂ ਹਰ ਸ਼ਹਿਰੀ ਦੇ ਜਮਹੂਰੀ ਅਧਿਕਾਰਾਂ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦਾ ਆਪਣਾ ਵਚਨ ਮੁੜ ਦੁਹਰਾਉਂਦੇ ਹਾਂ ।

-----------

## CALL ATTENTION NOTICE UNDER RULE 66

(ਕ੍ਰਮ ਨੰ : 2)

**ਸਰਦਾਰ ਜਤਿੰਦਰ ਸਿੰਘ ਕਰੀਹਾ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਅੰਮ੍ਰਿਤ ਬਨਸਪਤੀ ਕੰਪਨੀ ਵਲੋਂ ਇੱਕ ਸੈਲਾ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕਾਗਜ਼ ਦੀ ਫੈਕਟਰੀ ਲਗਾਈ ਹੋਈ ਹੈ, ਜਿਸ ਵਿੱਚੋਂ ਰਸਾਇਣਕ ਪਦਾਰਥ ਅਤੇ ਰਸਾਇਣਕ ਪਾਣੀ ਸੈਲਾ ਖੁਰਦ ਦੇ ਚੋਅ ਦੇ ਪਾਣੀ ਵਿੱਚ ਮਿਲ ਕੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡਾਂ ਵੱਲ ਨੂੰ ਵਗਦਾ ਹੈ । ਇਸ ਰਸਾਇਣਕ ਪਦਾਰਥਾਂ ਵਾਲੇ ਪਾਣੀ ਨਾਲ ਜੋ ਚੋਅ ਦਾ ਪਾਣੀ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਤਿੰਦਰ ਸਿੰਘ ਕਰੀਹਾ]
ਉਹ ਜ਼ਹਿਰੀਲਾ ਹੋ ਜਾਂਦਾ ਹੈ, ਜਿਸਨੂੰ ਪੀ ਕੇ ਇਸ ਇਲਾਕੇ ਦੇ ਕਈ ਪਸ਼ੂ ਅਤੇ ਪੰਛੀ ਮਰਦੇ ਰਹਿੰਦੇ ਹਨ । ਇਸ ਰਸਾਇਣਕ ਪਾਣੀ ਵਿੱਚੋਂ ਬਹੁਤ ਬਦਬੂ ਆਉਂਦੀ ਹੈ ਜਿਸ ਨਾਲ ਇਲਾਕੇ ਦਾ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਜੋ ਲੋਕਾਂ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪਾਉਂਦਾ ਹੈ ਅਤੇ ਕਈ ਬੀਮਾਰੀਆਂ ਉਸ ਬਦਬੂ ਨਾਲ ਇਲਾਕੇ ਵਿੱਚ ਫੈਲ ਰਹੀਆਂ ਹਨ। ਇਲਾਕੇ ਵਿੱਚ ਇਸ ਮਾਮਲੇ ਬਾਰੇ ਬਹੁਤ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਲੋਕਾਂ ਵਿੱਚ ਦਹਿਸ਼ਤ ਫੈਲੀ ਹੋਈ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਮਾਨਯੋਗ ਸਪੀਕਰ ਸਾਹਿਬ, ਸਰਦਾਰ ਜਤਿੰਦਰ ਸਿੰਘ ਜੀ ਕਰੀਹਾ ਜਿਹੜੇ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਬਜ਼ੁਰਗ ਅੰਕਲ ਹਨ, ਉਨ੍ਹਾਂ ਨੇ ਬਹੁਤ ਹੀ ਗੰਭੀਰ ਮੁੱਦਾ ਸਾਡੇ ਧਿਆਨ ਵਿੱਚ ਲਿਆਂਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤ ਬਨਸਪਤੀ ਕੰਪਨੀ ਦੀ ਇੱਕ ਪੇਪਰ ਮਿਲ ਹੈ ਜੋ ਖੇਤੀਬਾੜੀ ਦੀ ਰਹਿੰਦ-ਖੂੰਹਦ ਅਤੇ ਰੱਦੀ ਪੇਪਰ ਨੂੰ ਕੱਚੇ ਮਾਲ ਦੇ ਤੌਰ ਤੇ ਵਰਤ ਕੇ 110 ਟਨ ਪ੍ਰਤੀ ਦਿਨ ਲਿਖਣ ਅਤੇ ਛਪਾਈ ਵਾਲਾ ਪੇਪਰ ਤਿਆਰ ਕਰਦੀ ਹੈ ਅਤੇ ਇਹ ਪਿੰਡ ਸੈਲਾ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਾਪਿਤ ਹੈ । ਇਹ 10560 ਕਿਉਸਿਕ ਮੀਟਰ ਗੰਦਾ ਪਾਣੀ ਪ੍ਰਤੀ ਦਿਨ ਸਿੰਚਾਈ ਦੇ ਮੰਤਵ ਲਈ ਜ਼ਮੀਨ ਵਿੱਚ ਛੱਡਦੀ ਹੈ । ਇੰਡਸਟਰੀ ਕੋਲ ਆਪਣੀ 122 ਏਕੜ ਅਤੇ ਕਿਸਾਨਾਂ ਦੀ 2200 ਏਕੜ ਜ਼ਮੀਨ ਹੈ ਜਿੱਥੇ ਸੋਧ ਉਪਰੰਤ ਇਹ ਗੰਦਾ ਪਾਣੀ ਵਰਤਿਆ ਜਾਂਦਾ ਹੈ । ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਇੰਡਸਟਰੀ ਨੂੰ ਚੱਲਣ ਲਈ ਵਾਟਰ ਐਕਟ, 1974 ਅਧੀਨ ਸਹਿਮਤੀ ਦਿੱਤੀ ਹੈ ।

ਇੰਡਸਟਰੀ ਵੱਲੋਂ ਆਪਣੇ ਗੰਦੇ ਪਾਣੀ ਤੇ ਲਿਗਨਿਲ ਪਰੈਸਪੀਟੇਸ਼ਨ ਦੀ ਪ੍ਰਵਾਨਸ਼ੁਦਾ ਤਕਨੀਕ ਵਰਤੀ ਗਈ ਹੈ । ਇਹ ਪ੍ਰੋਜੈਕਟ ਹੁਣ ਭਾਰਤ ਸਰਕਾਰ ਮਿਨਿਸਟਰੀ ਆਫ ਇਨਵਾਇਰਨਮੈਂਟ ਐਂਡ ਫਾਰੈਸਟ ਵੱਲੋਂ ਪ੍ਰਵਾਨ ਕੀਤਾ ਗਿਆ ਹੈ । ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ ਆਸੇ ਪਾਸੇ ਦੇ ਪਿੰਡਾਂ ਦੇ ਵਸਨੀਕਾਂ ਪਾਸੋਂ ਇੰਡਸਟਰੀ ਵੱਲੋਂ ਪੈਦਾ ਕੀਤੇ ਜਾ ਰਹੇ ਪ੍ਰਦੂਸ਼ਣ ਅਤੇ ਆਪਣਾ ਉਦਯੋਗਿਕ ਮਲ ਨਦੀ ਵਿੱਚ ਪਾਉਣ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ।

Original with;
Punjab Vidhan Sabha
Digitized by;
Panjab Digital Library

ਸਰਕਾਰ ਇੰਡਸਟਰੀ ਵੱਲੋਂ ਪੈਦਾ ਕੀਤੇ ਜਾ ਰਹੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਉਦਯੋਗਿਕ ਮਲ ਦੀ ਯੋਗ ਸੋਧ ਕਰਨ ਸਬੰਧੀ ਪੂਰੀ ਤਰ੍ਹਾਂ ਸੁਚੇਤ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਹਿਲਾਂ ਹੀ ਇੰਡਸਟਰੀ ਵਿੱਰੁਧ ਵਾਟਰ ਐਕਟ ਦੀ ਧਾਰਾ 33 ਏ ਅਤੇ ਏਅਰ ਐਕਟ, 1981 ਦੀ ਧਾਰਾ 31ਏ ਅਧੀਨ ਸਖ਼ਤ ਕਾਰਵਾਈ ਅਰੰਭ ਹੈ।

Lignin Precipitation Plant, which has been implemented at a cost of Rs. 12 crores. Expansion of existing Lignin Precipitation Plant of Soda Recovery- the pilot plant has already been installed based on electrolysis process. This Recovery plant will ensure recovery of caustic, lignin and bio-gas from the effluents. The finacial commitment on behalf of the industry on this project is over Rs.10 crores. Reforestation and Tree Plantation which the industry has already been continuing within the factory premises to utilize the treated effluent.

ਉਕਤ ਕਦਮਾਂ ਦੇ ਸੰਪੂਰਨ ਹੋਣ ਤੇ ਇੰਡਸਟਰੀ ਵੱਲੋਂ ਪੈਦਾ ਕੀਤੇ ਜਾ ਰਹੇ ਪ੍ਰਦੂਸ਼ਣ ਦੀ ਸਮੱਸਿਆ ਹੱਲ ਹੋ ਜਾਵੇਗੀ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕੀਤੀ ਪ੍ਰਗਤੀ ਨੂੰ ਰਿਵਿਊ ਕਰਨ ਲਈ ਮਿਤੀ 4.7.2007 ਨੂੰ ਚੇਅਰਮੈਨ ਅੱਗੇ ਨਿੱਜੀ ਸੁਣਵਾਈ ਨਿਸ਼ਚਿਤ ਕੀਤੀ ਹੈ।

ਜਿਥੇ ਤੱਕ ਇੰਡਸਟਰੀ ਵੱਲੋਂ ਤੇਜ਼ਾਬੀ ਪਾਣੀ ਛੱਡੇ ਜਾਣ ਕਾਰਨ ਇਲਾਕੇ ਵਿੱਚ ਪਸ਼ੂਆਂ ਅਤੇ ਪੰਛੀਆਂ ਦੇ ਮਾਰੇ ਜਾਣ ਦਾ ਸਬੰਧ ਹੈ, ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਬੋਰਡ ਕੋਲ ਅਜੇ ਤੱਕ ਅਜਿਹੀ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ। ਬੋਰਡ ਕੋਲ ਇਸ ਗੱਲ ਦੀ ਵੀ ਕੋਈ ਜਾਣਕਾਰੀ ਨਹੀਂ ਹੈ ਕਿ ਇੰਡਸਟਰੀ ਦੇ ਨਾਲ ਲੱਗਦੇ ਇਲਾਕੇ ਵਿੱਚ ਕੁਝ ਬਿਮਾਰੀਆਂ ਫੈਲੀਆਂ ਹਨ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਅਤੇ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਵਿਧਾਨ ਸਭਾ ਵਿੱਚੋਂ ਹੀ ਇੱਕ ਟੀਮ ਬਣਾ ਕੇ ਭੇਜ ਦਿੱਤੀ ਜਾਵੇ ਕਿਉਂਕਿ ਜਿਹੜਾ ਜਵਾਬ ਅਫ਼ਸਰਾਂ ਰਾਹੀਂ ਪ੍ਰਾਪਤ ਹੋਇਆ ਹੈ, ਇਹ ਤੱਥਾਂ ਤੇ ਆਧਾਰਿਤ ਨਹੀਂ ਹੈ। ਉਸ ਇਲਾਕੇ ਦੇ ਹਾਲਾਤ ਠੀਕ ਨਹੀਂ ਹਨ। ਮਿੱਲ ਵਾਲੇ ਲਗਾਤਾਰ ਤਿੰਨ ਦਹਾਕਿਆਂ ਤੋਂ ਆਪਣਾ ਅਸਰ-ਰਸੂਖ ਵਰਤ ਕੇ ਆਪਣੀ ਇੰਡਸਟਰੀ ਚਲਾਉਂਦੇ ਆ ਰਹੇ ਹਨ ਤੇ ਉਸ ਦੇ ਪਾਣੀ ਦੀ ਸਫ਼ਾਈ ਦਾ ਠੀਕ ਪ੍ਰਬੰਧ ਨਹੀਂ ਕੀਤਾ ਗਿਆ। ਇਸ ਲਈ ਮੁੱਖ ਮੰਤਰੀ ਜੀ ਕਿਰਪਾ ਕਰਕੇ ਐਸ਼ਿਓਰੈਂਸ ਦੇਣ ਕਿ ਮਨਿਸਟਰ ਸਾਹਿਬ ਦੀ ਅਗਵਾਈ ਵਿੱਚ ਵਿਧਾਨ ਸਭਾ ਦੀ ਕਮੇਟੀ ਬਣਾ ਕੇ ਉਥੇ ਭੇਜੀ ਜਾਵੇ ਤਾਂ ਕਿ ਲੋਕਾਂ ਦੀ ਸਮੱਸਿਆ ਹੱਲ ਹੋ ਸਕੇ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਜੋ ਵੀ ਜਾਣਕਾਰੀ ਅਸੀਂ ਸਦਨ ਵਿੱਚ ਦਿੰਦੇ ਹਾਂ, ਉਹ ਚੰਗੀ ਤਰ੍ਹਾਂ ਸਾਰੇ ਪ੍ਰਾਸੈਸ ਨੂੰ ਵੇਰੀਫਾਈ ਕਰਕੇ ਜਵਾਬ ਦਿੱਤਾ ਜਾਂਦਾ ਹੈ । ਸਪੀਕਰ ਸਾਹਿਬ, ਅਸੀਂ ਫੈਕਟਰੀ ਦੇ ਖਿਲਾਫ਼ ਕਾਰਵਾਈ ਕਰ ਰਹੇ ਹਾਂ । ਇਹ 1983 ਵਿੱਚ ਫੈਕਟਰੀ ਲੱਗੀ ਸੀ । ਜਦੋਂ ਤੋਂ ਸਾਡੇ ਧਿਆਨ ਵਿੱਚ ਇਹ ਗੱਲ ਆਈ ਕਿ ਇਹ ਪ੍ਰਦੂਸ਼ਣ ਕਰਦੀ ਹੈ, ਅਸੀਂ ਉਸ ਦੇ ਖਿਲਾਫ਼ ਕਾਰਵਾਈ ਕਰ ਰਹੇ ਹਾਂ । ਮੈਂ ਪਹਿਲਾਂ ਹੀ, ਅਖੀਰ ਤੇ ਗੱਲ ਦੱਸੀ ਹੈ ਕਿ ਮਿਤੀ 4.7.2007 ਨੂੰ ਫਾਈਨਲ ਹੀਅਰਿੰਗ ਹੈ । ਜੇ ਹੀਅਰਿੰਗ ਵਿੱਚ ਕੋਈ ਸਹਿਮਤੀ ਨਹੀਂ ਹੋਵੇਗੀ ਤਾਂ ਇਸ ਮਿਲ ਨੂੰ ਬੰਦ ਕਰਨ ਦਾ ਨੋਟਿਸ ਜਾਰੀ ਕਰ ਦਿੱਤਾ ਜਾਵੇਗਾ ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਧੰਨਵਾਦ ਜੀ ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ)** : ਸਪੀਕਰ ਸਾਹਿਬ, ਪ੍ਰਦੂਸ਼ਣ ਦੀ ਗੱਲ ਚੱਲ ਰਹੀ ਹੈ । ਮੈਂ ਸਮਝਦਾ ਹਾਂ ਕਿ ਇਹ ਲੋਕ ਪੈਸਾ ਕਮਾਉਂਦੇ ਹਨ, ਮਿੱਲਾਂ ਲਗਾਉਂਦੇ ਹਨ । ਪੈਸਾ ਤਾਂ ਇਹ ਲੋਕ ਕਮਾਉਂਦੇ ਹਨ ਅਤੇ ਧੂੰਆਂ ਤੇ ਬਦਬੂ ਲੋਕਾਂ ਦੇ ਸਿਰ ਪੈਂਦੀ ਹੈ ਜਿਸ ਕਾਰਨ ਲੋਕਾਂ ਵਿੱਚ ਹਾਹਾਕਾਰ ਮੱਚਦੀ ਹੈ । ਮੇਰੇ ਹਲਕੇ ਦੇ ਪਿੰਡ ਲੋਕਾ ਵਿੱਚ ਰਾਣਾ ਗਰੁੱਪ ਵੱਲੋਂ ਸ਼ਰਾਬ ਦੀ ਫੈਕਟਰੀ ਲਗਾਈ ਗਈ ਹੈ । ਇੱਥੋਂ ਹਾਊਸ ਵਿੱਚੋਂ ਕਮੇਟੀ ਬਣਾ ਕੇ ਭਾਵੇਂ ਭੇਜ ਦਿਓ । ਭਾਵੇਂ ਇਨ੍ਹਾਂ ਦੀ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕਮੇਟੀ ਬਣਾ ਕੇ ਭੇਜ ਦਿਓ ਜਿਹੜੀ ਉੱਥੇ ਜਾ ਕੇ ਵੇਖੇ । ਹਜ਼ਾਰਾਂ ਲੋਕਾਂ ਨੇ ਮੂੰਹ ਤੇ ਪੱਲੇ ਬੰਨ੍ਹੇ ਹੋਏ ਹਨ। ਜਿਹੜੀ ਜ਼ਮੀਨ ਦਾ ਰੇਟ ਕਦੇ ਦਸ ਲੱਖ ਰੁਪਏ ਪ੍ਰਤੀ ਏਕੜ ਸੀ, ਉਹ ਘਟ ਕੇ ਹੁਣ ਦੋ ਲੱਖ ਰੁਪਏ ਤੇ ਆ ਗਈ ਹੈ । ਲੋਕਾਂ ਵਿੱਚ ਹਾਹਾਕਾਰ ਮੱਚੀ ਪਈ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਕੀ ਸੋਚ ਰਹੇ ਹਨ, ਕੀ ਕਾਰਵਾਈ ਕਰ ਰਹੇ ਹਨ ? (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਬ੍ਰਹਮ ਮਹਿੰਦਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

**ਮਾਨਯੋਗ ਸਪੀਕਰ** : ਪਲੀਜ਼ । ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਸਪਲੀਮੈਂਟਰੀ ਨਹੀਂ ਕਰ ਸਕਦੇ । ਤੁਸੀਂ ਵੈਸੇ ਗੱਲ ਕਰ ਸਕਦੇ ਹੋ । ਇਸ ਦਾ ਜਵਾਬ ਤੁਸੀਂ ਵੱਖਰੇ ਤੌਰ ਤੇ ਪ੍ਰਾਪਤ ਕਰ ਲੈਣਾ । ਇਸ ਲਈ ਜੋ ਹਾਊਸ ਦੇ ਰੂਲਜ਼ ਹਨ, ਨਿਯਮ ਹਨ, ਉਨ੍ਹਾਂ ਦੀ ਪਾਲਣਾ ਕਰਨ ਦਾ ਯਤਨ ਕਰੀਏ । ਹੁਣ ਅਸੀਂ ਅਗਲੀ ਆਈਟਮ ਤੇ ਆਉਂਦੇ ਹਾਂ ।

---

Original with;
Punjab Vidhan Sabha
Digitized by;
Panjab Digital Library

## MATTERS RAISED DURING ZERO HOUR

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ** : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸੁਧਾਰ ਪਿੰਡ ਵਿੱਚ ਇੱਕ ਲੇਡੀ ਜੋ ਐਸ. ਸੀ. ਹੈ, ਉਸ ਦੇ ਮਰਨ ਤੇ ਹਸਪਤਾਲ ਵਿੱਚ ਲੱਡੂ ਵੰਡੇ ਗਏ । ਕੀ ਮੰਤਰੀ ਜੀ ਇਸ ਦੀ ਇਨਕੁਆਰੀ ਕਰਵਾਉਣਗੇ ? ਦੂਜੀ ਗੱਲ ਇਹ ਹੈ ਕਿ ਇੱਕ ਸੰਗਤ ਦਰਸ਼ਨ ਵਿੱਚ ਲੋਕਾਂ ਨੂੰ ਕਿਹਾ ਗਿਆ ਕਿ ਤੁਸੀਂ ਬੇਵਕੂਫ ਹੋ, ਕੀ ਕਰਨ ਆਏ ਹੋ । ਪੰਜਾਬ ਰਾਜ ਬਿਜਲੀ ਬੋਰਡ.....। (ਵਿਘਨ) ਸੂਦ ਜੀ, ਬੈਠੋ ।

**ਮਾਨਯੋਗ ਸਪੀਕਰ** : ਤੁਸੀਂ ਕਿਉਂ ਬਿਠਾਉਂਦੇ ਹੋ ? ਚੇਅਰ ਨੂੰ ਐਡਰੈੱਸ ਕਰੋ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਪਹਿਲਾਂ ਤਾਂ ਮੇਰੀ ਬੇਨਤੀ ਹੈ ਕਿ ਤੁਸੀਂ ਕਾਲ ਅਟੈਂਸ਼ਨ ਕਾਲ ਕਰ ਲਈ, ਇਸ ਲਈ ਜ਼ੀਰੋ ਆਵਰ ਖਤਮ ਹੋ ਗਿਆ ਹੈ । ਦੂਸਰੀ ਬੇਨਤੀ ਹੈ, ਸਪੀਕਰ ਸਾਹਿਬ, ਜਦੋਂ ਮਾਨਯੋਗ ਮੁੱਖ ਮੰਤਰੀ ਜੀ ਨੇ ਸਟੇਟਮੈਂਟ ਦਿੱਤੀ ਸੀ ਤਾਂ ਮੈਂ ਉਸ ਵੇਲੇ ਵੀ ਖੜ੍ਹਾ ਹੋਇਆ ਸੀ ਪਰ ਤੁਸੀਂ ਕਾਲ ਅਟੈਂਸ਼ਨ ਬੁਲਾ ਲਈ । ਮੁੱਖ ਮੰਤਰੀ ਜੀ ਨੇਂ ਜੋ ਕਿਹਾ ਸੀ, ਉਸ ਦੇ ਉਤੇ ਸਹਿਮਤੀ ਪ੍ਰਗਟ ਕਰਨ ਲਈ ਮੈਂ ਆਪਣੇ ਚਾਰ ਲਫਜ਼ ਰੱਖਣੇ ਚਾਹੁੰਦਾ ਸੀ ਪਰ, ਸਪੀਕਰ ਸਾਹਿਬ, ਤੁਸੀਂ ਕਾਲ ਅਟੈਂਸ਼ਨ ਬੁਲਾ ਲਈ ਸੀ । ਮੈਂ ਸਮਝਦਾ ਹਾਂ ਕਿ ਹਾਊਸ ਵਿੱਚ ਸਾਡੀ ਪਾਰਟੀ ਵੱਲੋਂ ....(ਵਿਘਨ)

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ** : ਸਪੀਕਰ ਸਾਹਿਬ,....(ਵਿਘਨ)

**ਮਾਨਯੋਗ ਸਪੀਕਰ** : ਤੁਸੀਂ ਬੈਠੋ । .........(ਵਿਘਨ) ਉਨ੍ਹਾਂ ਦੀ ਗੱਲ ਸੁਣ ਲਓ, ਫਿਰ ਤੁਸੀਂ ਕਰ ਲੈਣਾ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਇਹ ਜ਼ੀਰੋ ਆਵਰ ਨਹੀਂ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਤੁਸੀਂ ਉਨ੍ਹਾਂ ਨੂੰ ਸਵਾਲ ਕਰਨ ਦਾ ਟਾਈਮ ਨਹੀਂ ਦਿੱਤਾ । ਤੁਸੀਂ ਫਿਰ ਇਨ੍ਹਾਂ ਨੂੰ ਬੁਲਾ ਰਹੇ ਹੋ, ਕੋਈ ਡੈਕੋਰਮ ਕਾਇਮ ਰੱਖੋ । ........(ਵਿਘਨ)

**ਮਾਨਯੋਗ ਸਪੀਕਰ** : ਮੈਨੂੰ ਡੈਕੋਰਮ ਦੀ ਬੜੀ ਪਛਾਣ ਹੈ । ਮੈਂ ਗੱਲ ਕਰਨੀ ਜਾਣਦਾ ਹਾਂ । ..........(ਵਿਘਨ) ਸਾਡੀ ਬੜੀ ਖੁਸ਼ਕਿਸਮਤੀ ਹੋਵੇਗੀ ਜੇਕਰ ਸਾਰਿਆਂ ਨੂੰ ਡੈਕੋਰਮ ਦੇ ਮਾਅਨੇ ਆ ਜਾਣ । ਇਸ ਕਰਕੇ please sit down .

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ :** ਡੈਕੋਰਮ ਰੱਖਣ ਵਾਸਤੇ ਹੀ ਤਾਂ ਮੈਂ ਉਸ ਵੇਲੇ ਬੈਠ ਗਿਆ ਸੀ ਅਤੇ ਹੁਣ ਬਾਅਦ ਵਿੱਚ ਬੋਲ ਰਿਹਾ ਹਾਂ ਕਿਉਂਕਿ ਤੁਸੀਂ ਉਦੋਂ ਕਾਲ ਅਟੈਂਸ਼ਨ ਕਾਲ ਕਰ ਲਈ ਸੀ । ਅੱਜ ਬਹੁਤ ਇੰਪਾਰਟੈਂਟ ਸਟੇਟਮੈਂਟ ਸੀ.ਐਮ. ਸਾਹਿਬ ਵੱਲੋਂ ਆਈ ਹੈ ....(ਵਿਘਨ)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ....(ਵਿਘਨ)

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਗੱਲ ਕਰ ਲੈਣ ਦਿਓ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ :** ਮੈਂ ਸਮਝਦਾ ਹਾਂ ਕਿ ਇਹ ਬਹੁਤ ਜ਼ਰੂਰੀ ਹੈ ......... (ਵਿਘਨ)

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ :** ਸਪੀਕਰ ਸਾਹਿਬ....(ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਫ਼ਿਰ ਗੱਲ ਕਰ ਲੈਣਾ, ਮੈਂ ਤੁਹਾਨੂੰ ਟਾਈਮ ਦੇਵਾਂਗਾ .........(ਵਿਘਨ) ਪ੍ਰਧਾਨ ਸਾਹਿਬ, ਗੱਲ ਸੁਣ ਲਓ । ਫਿਰ ਤੁਸੀਂ ਗੱਲ ਕਰਿਓ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਤਕਲੀਫ਼ ਕਿਉਂ ਹੁੰਦੀ ਹੈ । ਇਹ ਐਮਰਜੈਂਸੀ ਲਗਾਉਣ ਦੇ ਦੋਸ਼ੀ ਹਨ । ਹਿੰਦੁਸਤਾਨ ਦੀ ਡੈਮੋਕਰੇਸੀ, ਸਪੀਕਰ ਸਾਹਿਬ, 25 ਜੂਨ, 1975 ਨੂੰ ਖ਼ਤਰੇ ਵਿੱਚ ਆ ਗਈ ਸੀ । ਮਿਸਿਜ਼ ਇੰਦਰਾ ਗਾਂਧੀ, ਜਦੋਂ ਇਲੈਕਸ਼ਨ ਪੈਟੀਸ਼ਨ ਹਾਰ ਗਏ ਸਨ ਤਾਂ ਉਸ ਨੂੰ ਪਤਾ ਲੱਗਿਆ ਕਿ ਮੇਰੀ ਗੱਦੀ ਖ਼ਤਰੇ ਵਿੱਚ ਹੈ, ਇਸ ਲਈ ਮੈਂ ਇਸ ਡੈਮੋਕਰੇਸੀ ਨੂੰ ਖ਼ਤਮ ਕਰ ਦਿੰਦੀ ਹਾਂ । ਉਹ ਆਪਣਾ ਮੂੰਹ ਦਿਖਾਉਣ ਦੇ ਕਾਬਲ ਨਹੀਂ ਸੀ । ਸਪੀਕਰ ਸਾਹਿਬ, ਉਸ ਨੇ ਡੈਮੋਕਰੇਸੀ ਦਾ ਗਲਾ ਘੁੱਟ ਕੇ ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ ਔਰ ਇਹ ਪਹਿਲਾ ਮਾੜਾ ਕਰਮ ਸੀ ਜਿਹੜਾ ਕਾਂਗਰਸ ਦੇ ਮੱਥੇ ਤੇ ਕਲੰਕ ਹੈ....(ਵਿਘਨ)

**Mr. Speaker :** Sood ji, please take your seat.

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ :** ਸਪੀਕਰ ਸਾਹਿਬ, ਮੈਂ ਸ਼੍ਰੋਮਣੀ ਅਕਾਲੀ ਦਲ

Original with;
Punjab Vidhan Sabha
Digitized by;
Punjab Digital Library

ਦੇ ਵਰਕਰਾਂ ਦੀ ਬਹੁਤ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਅਤੇ ਜੇਲ੍ਹਾਂ ਵਿੱਚ ਗਏ । ਸਪੀਕਰ ਸਾਹਿਬ, ਡੈਮੋਕਰੇਸੀ ਲਈ ਨਾਲ ਦੀ ਨਾਲ ਜਨ ਸੰਘ ਅਤੇ ਆਰ.ਐਸ.ਐਸ. ਦੇ ਵਰਕਰ ਨੇ ਅਕਾਲੀ ਦਲ ਦੇ ਮੋਢੇ ਨਾਲ ਮੋਢਾ ਲਗਾ ਕੇ ਸਾਰੇ ਹਿੰਦੁਸਤਾਨ ਵਿੱਚ ਕੁਰਬਾਨੀਆਂ ਦਾ ਦੌਰ ਚਲਾ ਦਿੱਤਾ । ਸਪੀਕਰ ਸਾਹਿਬ, ਜਨ ਸੰਘ ਅਤੇ ਆਰ.ਐਸ.ਐਸ. ਦੇ ਵਰਕਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਜੇਕਰ ਕੁਰਬਾਨੀਆਂ ਨਾ ਦਿੰਦੇ .....(ਵਿਘਨ) ਲੱਗਦਾ ਹੈ, ਇਨ੍ਹਾਂ ਦੀ ਤਸੱਲੀ ਨਹੀਂ ਹੋਈ । .....(ਵਿਘਨ)

**ਮਾਨਯੋਗ ਸਪੀਕਰ :** ਸੂਦ ਜੀ, ਤੁਸੀਂ ਬੈਠ ਜਾਓ । .....(ਵਿਘਨ)

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ :** ਅੱਜ ਇਹ ਡੈਮੋਕਰੇਸੀ ਦੀ ਗੱਲ ਕਰਦੇ ਹਨ । ਅੱਜ ਇਨ੍ਹਾਂ ਨੂੰ ਤਕਲੀਫ਼ ਹੈ । ਮੈਂ ਬਾਦਲ ਸਾਹਿਬ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦਾ ਹੋਇਆ ਕਹਾਂਗਾ ਕਿ ਕਾਂਗਰਸ ਪਾਰਟੀ ਨੂੰ ਅੱਜ ਮਹਿਸੂਸ ਕਰਨਾ ਚਾਹੀਦਾ ਹੈ ਕਿ ਕਾਂਗਰਸ ਪਾਰਟੀ ਤੋਂ ਬੜੀ ਵੱਡੀ ਗਲਤੀ ਹੋਈ ਸੀ .....(ਵਿਘਨ)

**ਮਾਨਯੋਗ ਸਪੀਕਰ :** ਸੂਦ ਜੀ, ਬੈਠੋ । ਪ੍ਰਧਾਨ ਜੀ, ਤੁਸੀਂ ਬੋਲੋ ।

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ :** ਸਪੀਕਰ ਸਾਹਿਬ, ਬੜਾ ਧੰਨਵਾਦ । ਸਾਡੇ ਸੁਧਾਰ ਪਿੰਡ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਸੰਗਤ ਦਰਸ਼ਨ ਲਗਾਇਆ ਗਿਆ ਸੀ ਜਿਸ ਵਿੱਚ ਲੋਕਾਂ ਨੂੰ ਕਿਹਾ ਗਿਆ ਕਿ ਤੁਸੀਂ ਤਾਂ ਬੇਵਕੂਫ ਹੋ। ਇਥੇ ਕੀ ਕਰਨ ਆਏ ਹੋ । ਮੁੱਖ ਮੰਤਰੀ ਸਾਹਿਬ ਇਸ ਬਾਰੇ ਦੱਸਣ ਕਿਉਂਕਿ ਉਹ ਵੀ ਸੰਗਤ ਦਰਸ਼ਨ ਲਗਾਉਂਦੇ ਹਨ । ........(ਵਿਘਨ) ਇਹ ਬਿਜਲੀ ਬੋਰਡ ਨੇ ਲਗਾਇਆ ਸੀ । ਦੂਸਰਾ ਪੁਆਇੰਟ ਹੈ ਕਿ ਸੁਧਾਰ ਪਿੰਡ ਵਿੱਚ ਹੀ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਇੱਕ ਦਲਿਤ ਇਸਤਰੀ ਦੀ ਮੌਤ ਹੋਣ ਨਾਲ ਉਥੇ ਲੱਡੂ ਵੰਡੇ ਗਏ ਹਨ । ਉਸ ਦਾ ਇਲਾਜ ਕਰਨ ਦੀ ਜਗ੍ਹਾ ਲੱਡੂ ਵੰਡੇ ਗਏ । ਉਸ ਦਾ ਇਲਾਜ ਤਾਂ ਕੀ ਕਰਨਾ ਸੀ । ਇਸ ਦੀ ਇਨਕੁਆਇਰੀ ਕਰਵਾਓ । ਇਹ ਅੱਜ ਦੇ ਅਜੀਤ ਅਖਬਾਰ ਵਿੱਚ ਹੀ ਖਬਰ ਹੈ, ਜਿਸ ਨੂੰ ਮੁੱਖ ਮੰਤਰੀ ਸਾਹਿਬ ਨੇ ਪੜ੍ਹਿਆ ਹੋਣਾ ਹੈ ।

**ਮਾਨਯੋਗ ਸਪੀਕਰ :** ਤੁਸੀਂ ਇਹ ਲਿਖ ਕੇ ਭੇਜ ਦਿਓ, ਇਹ ਇਨਕੁਆਇਰੀ ਕਰਵਾ ਲੈਣਗੇ । ਹੁਣ ਅਗਲੀ ਆਈਟਮ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ :** ਹੈਲਥ ਮਨਿਸਟਰ ਸਾਹਿਬ ਇਸ ਦਾ ਜਵਾਬ ਦੇਣ .....(ਵਿਘਨ)

**ਮਾਨਯੋਗ ਸਪੀਕਰ :** ਤੁਹਾਡਾ ਸਾਰਾ ਨੋਟ ਹੋ ਗਿਆ ਹੈ । ਤੁਹਾਡਾ ਜਵਾਬ ਤੁਹਾਡੇ ਕੋਲ ਪਹੁੰਚ ਜਾਵੇਗਾ ।........(ਵਿਘਨ) ਮੈਂ ਕਿਹਾ ਤੁਹਾਡੇ ਕੋਲ ਜਵਾਬ ਪਹੁੰਚ ਜਾਵੇਗਾ । ਹੁਣ ਤੁਸੀਂ ਬੈਠੋ ਪਲੀਜ਼ ।

-----------

## RESUMPTION OF GENERAL DISCUSSION ON THE BUDGET ESTIMATES FOR THE YEAR 2007-08

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ (ਸਰਦਾਰ ਸ਼ੇਰ ਸਿੰਘ ਘੁਬਾਇਆ) :** ਸਪੀਕਰ ਸਾਹਿਬ, ਮੈਂ ਪਿਛਲੇ ਦਿਨੀਂ ਜ਼ਿਕਰ ਕਰ ਰਿਹਾ ਸੀ ਬਜਟ ਤੇ ਕਿ ਸਾਡੇ ਪੰਜਾਬ ਵਿੱਚ ਜਿਹੜੇ ਜੰਗਲ ਹਨ, ਉਹ ਕਿਸ ਤਰ੍ਹਾਂ ਬਰਬਾਦ ਹੋ ਗਏ ਹਨ । ਇਸ ਸਬੰਧੀ ਉਸ ਵੇਲੇ ਮਨਿਸਟਰ ਸਾਹਿਬਾਨ, ਅਫ਼ਸਰ ਸਾਹਿਬਾਨ ਤੇ ਉਸ ਨਾਲ ਸਬੰਧਤ ਅਧਿਕਾਰੀਆਂ ਨੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ । ਅਰਬਾਂ ਰੁਪਏ ਦਾ ਜੰਗਲ ਬਰਬਾਦ ਕੀਤਾ ਹੈ । ਉਨ੍ਹਾਂ ਦੇ ਖਿਲਾਫ਼ ਕਾਰਵਾਈ ਹੋਣੀ ਜ਼ਰੂਰੀ ਹੈ । ਉਨ੍ਹਾਂ ਨੇ ਇੱਕ ਤਾਂ ਖਜ਼ਾਨੇ ਨੂੰ ਲੁੱਟਿਆ ਹੈ, ਦੂਜਾ ਜੋ ਇਨਵਾਇਰਨਮੈਂਟ ਹੈ, ਜਿਸ ਨੂੰ ਸ਼ੁੱਧ ਕਰਨ ਵਾਸਤੇ ਅਸੀਂ ਦਰਖ਼ਤ ਲਗਾਉਂਦੇ ਹਾਂ, ਉਨ੍ਹਾਂ ਨੂੰ ਕੱਟਣ ਵਾਸਤੇ ਇਨ੍ਹਾਂ ਲੋਕਾਂ ਖਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਬਜਟ ਵਿੱਚ ਹੈਲਥ ਵਾਸਤੇ ਗੱਲ ਕੀਤੀ ਹੈ । ਇਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 5 ਸਾਲਾਂ ਵਿੱਚ ਸਿਵਲ ਹਸਪਤਾਲਾਂ ਵਿੱਚ ਜਾਂਦੇ ਸੀ ਤਾਂ ਬੜੀ ਸ਼ਰਮ ਮਹਿਸੂਸ ਹੁੰਦੀ ਸੀ ਕਿ ਹਸਪਤਾਲਾਂ ਵਿਚ ਸਿਰਫ਼ ਪਰਚੇ ਦਰਜ ਕਰਾਉਣ ਅਤੇ ਝੂਠੇ ਰਿਜ਼ਲਟ ਦੇਣ ਵਾਸਤੇ ਡਾਕਟਰ ਲੱਗੇ ਰਹੇ, ਨਾ ਕਿ ਉਨ੍ਹਾਂ ਨੇ ਉਥੇ ਲੋਕਾਂ ਦਾ ਇਲਾਜ ਕੀਤਾ । ਅਸੀਂ ਅਖ਼ਬਾਰਾਂ ਵਿੱਚ ਜਿੰਨੇ ਵੀ ਪੈਸੇ ਸਰਕਾਰ ਵੱਲੋਂ ਦਿੱਤੇ ਗਏ ਪੜ੍ਹਦੇ ਰਹੇ ਹਾਂ, ਟੀ.ਵੀ. ਵਿੱਚ ਵੀ ਆਉਂਦਾ ਸੀ ਕਿ 700 ਕਰੋੜ ਰੁਪਏ ਹੈਲਥ ਵਾਸਤੇ ਦਿੱਤੇ ਗਏ ਹਨ, ਪਰ ਉਸ ਨਾਲ ਮਰੀਜ਼ਾਂ ਦਾ ਕੋਈ ਇਲਾਜ ਨਹੀਂ ਹੋਇਆ, ਕੋਈ ਦਵਾਈਆਂ ਦੀ ਗਰੀਬਾਂ ਨੂੰ ਸਹਾਇਤਾ ਨਹੀਂ ਕੀਤੀ ਗਈ । ਸਿਰਫ਼ ਮੁਕੱਦਮੇ ਦਰਜ ਕਰਨ ਵਾਸਤੇ ਡਾਕਟਰ ਲਗਾਈ ਰੱਖੇ । ਸਪੀਕਰ ਸਾਹਿਬ, ਇਸੇ ਤਰ੍ਹਾਂ ਮੇਰੇ ਹਲਕੇ ਦਾ ਸਿਵਲ ਹਸਪਤਾਲ ਜੋ ਕਿ 50 ਬੈੱਡਾਂ ਦਾ ਹੈ, ਉਸ ਵਿੱਚ ਪੰਜ ਸਾਲਾਂ ਵਿੱਚ ਇੱਕ ਵੀ....

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ** : 500 ਕਰੋੜ ਰੁਪਏ ਤੋਂ ਵਧਾ ਕੇ 700 ਕਰੋੜ ਹੋਇਆ ਹੈ, ਇਹ ਸਾਡੀ ਸਰਕਾਰ ਨੇ ਕੀਤਾ ਹੈ । ਤੁਸੀਂ ਵੇਖਿਓ ਕਿ ਸਾਡੇ ਜਲਾਲਾਬਾਦ ਵਿੱਚ ਕਿੰਨੇ ਲੋਕਾਂ ਨੂੰ ਸਹਾਇਤਾ ਮਿਲਦੀ ਹੈ । ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ । ਕੀ ਤੁਸੀਂ (ਵਿਰੋਧੀ ਧਿਰ ਵੱਲ ਇਸ਼ਾਰਾ) ਆਪਣੀ ਸਰਕਾਰ ਦਾ ਸਬੂਤ ਦੇ ਸਕਦੇ ਹੋ ਕਿ ਕਿਸੇ ਇੱਕ ਵੀ ਮਰੀਜ਼ ਦਾ ਓਪਰੇਸ਼ਨ ਕੀਤਾ ਗਿਆ ਹੋਵੇ ? ਇਨ੍ਹਾਂ ਦੀ ਸਰਕਾਰ ਨੇ ਕੀ ਕੀਤਾ ਹੈ ? ਸਿਰਫ਼ ਝੂਠੇ ਮੁਕੱਦਮੇ ਦਰਜ ਕਰਵਾਏ ਹਨ । ਉਨ੍ਹਾਂ ਨਾਲ ਲੋਕਾਂ ਤੇ ਝੂਠੀਆਂ ਐਫ.ਆਈ.ਆਰ. ਹੁੰਦੀਆਂ ਰਹੀਆਂ ।

ਇਸੇ ਤਰ੍ਹਾਂ ਹੀ, ਸਪੀਕਰ ਸਹਿਬ, ਰੂਰਲ ਡਿਸਪੈਂਸਰੀਆਂ ਦੀ ਗਰੀਬਾਂ ਨੂੰ ਬਹੁਤ ਜ਼ਰੂਰਤ ਹੈ । ਬਾਰਡਰ ਤੇ ਖਾਸ ਕਰਕੇ ਬਹੁਤ ਗਰੀਬ ਅਤੇ ਅਨਪੜ੍ਹ ਲੋਕ ਰਹਿੰਦੇ ਹਨ । ਉਨ੍ਹਾਂ ਵਾਸਤੇ ਇਸ ਦੀ ਬਹੁਤ ਜ਼ਰੂਰਤ ਹੈ । ਜਿਹੜੀਆਂ ਪਹਿਲਾਂ ਡਿਸਪੈਂਸਰੀਆਂ ਹਨ, ਉਨ੍ਹਾਂ ਵਿੱਚ ਅੱਜ ਤੱਕ ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਨਾ ਡਾਕਟਰ ਲਵਾਏ ਤੇ ਨਾ ਫਾਰਮਾਸਿਸਟ ਲਗਾਏ । ਜਿਹੜੀਆਂ ਬਿਲਡਿੰਗਾਂ ਸਾਡੀ ਅਕਾਲੀ ਦਲ ਦੀ ਸਰਕਾਰ ਵੇਲੇ ਬਾਦਲ ਸਾਹਿਬ ਦੀ ਮਿਹਰਬਾਨੀ ਨਾਲ ਬਣੀਆਂ, ਉਹ ਕਾਂਗਰਸ ਸਰਕਾਰ ਨੇ ਖਾਲੀ ਰੱਖੀਆਂ । ਮੈਂ ਧੰਨਵਾਦੀ ਹਾਂ ਕਿ ਵਿੱਤ ਮੰਤਰੀ ਜੀ ਨੇ ਬਜਟ ਵਿੱਚ ਕਿਹਾ ਹੈ ਕਿ ਉਨ੍ਹਾਂ ਡਿਸਪੈਂਸਰੀਆਂ ਵਿੱਚ 2-3 ਡਾਕਟਰ ਲਗਾਏ ਜਾਣਗੇ, ਚਾਹੇ ਪੂਰੇ ਨਹੀਂ ਲਗਾਏ ਜਾ ਰਹੇ, ਸਟਾਫ਼ ਪੂਰਾ ਨਹੀਂ ਕੀਤਾ, ਪਰ ਕੁਝ ਨਾ ਕੁਝ ਵਾਧਾ ਜ਼ਰੂਰ ਕੀਤਾ ਹੈ । ਰੂਰਲ ਏਰੀਏ ਵਿੱਚ ਡਿਸਪੈਂਸਰੀਆਂ ਵਿੱਚ ਫਾਰਮਾਸਿਸਟ ਵੀ ਲਗਾਏ ਜਾ ਰਹੇ ਹਨ । ਸਾਨੂੰ ਆਸ ਹੈ ਕਿ ਇਸ ਸਰਕਾਰ ਵਿੱਚ ਸਾਨੂੰ ਹੈਲਥ ਸੇਵਾਵਾਂ ਮਿਲਣਗੀਆਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਅੱਜ ਬਿਜਲੀ ਦੀ ਬਹੁਤ ਜ਼ਰੂਰਤ ਹੈ । ਬਿਜਲੀ ਦੀ ਹਾਲਤ ਪਿਛਲੇ ਪੰਜ ਸਾਲਾਂ ਵਿੱਚ ਮੈਂ ਦੇਖਿਆ ਹੈ ਕਿ ਕਿਉਂਕਿ ਮੇਰੀ ਲਾਈਫ਼ ਜੋ ਹੈ ਪੇਂਡੂ ਲਾਈਫ਼ ਹੈ, ਮੈਂ ਅੱਜ ਵੀ ਪਿੰਡ ਵਿੱਚ ਹੀ ਰਹਿੰਦਾ ਹਾਂ । ਪਿੰਡਾਂ ਵਿੱਚ ਲਾਈਟ ਇੰਨੀ ਕੁ ਆਉਂਦੀ ਸੀ ਕਿ ਉਸ ਨਾਲ ਚਾਨਣ ਨਹੀਂ ਹੁੰਦਾ ਸੀ । ਉਸ ਬਾਰੇ ਸਾਡੇ ਪਿੰਡ ਵਿੱਚ ਕਹਿੰਦੇ ਸੀ ਕਿ ਲਾਈਟ ਨੂੰ ਵੇਖਣ ਵਾਸਤੇ ਤੁਸੀਂ ਮੋਮਬੱਤੀ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਖੇਤੀਬਾੜੀ]

ਜਗਾਓ ਤਾਂ ਪਤਾ ਲੱਗੇਗਾ । ਇਹ ਹਾਲ ਸੀ । ਇਸ ਤਰ੍ਹਾਂ ਦਾ ਮਾਹੌਲ ਰਿਹਾ । ਪਿਛਲੇ ਸਮੇਂ ਵਿੱਚ ਬਿਜਲੀ ਦਾ ਯੋਗ ਪ੍ਰਬੰਧ ਨਹੀਂ ਸੀ । ਪਿਛਲੇ ਪੰਜ ਸਾਲਾਂ ਦੇ ਵਿੱਚ ਇਨ੍ਹਾਂ ਨੇ ਜੋ ਹਾਲ ਕੀਤਾ, ਉਸ ਕਾਰਨ ਵੀ ਅਸੀਂ ਪੱਛੜ ਗਏ ਹਾਂ । ਪਿਛਲੇ ਪੰਜ ਸਾਲਾਂ ਵਿੱਚ ਬਿਜਲੀ ਦਾ ਯੋਗ ਪ੍ਰਬੰਧ ਨਹੀਂ ਸੀ, ਜਿਵੇਂ ਕਿ ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਸਾਰੇ ਪਿੰਡਾਂ ਨੂੰ 24 ਘੰਟੇ ਬਿਜਲੀ ਸਪਲਾਈ ਕੀਤੀ ਜਾਵੇਗੀ, ਉਹ ਵਾਅਦਾ ਪੂਰਾ ਨਹੀਂ ਹੋਇਆ । ਸੁਰਖੀਆਂ ਵੀ ਆਉਂਦੀਆਂ ਰਹੀਆਂ ਕਿ ਬਿਜਲੀ ਬੋਰਡ ਵਾਸਤੇ ਇੰਨਾ ਪੈਸਾ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਇਨ੍ਹਾਂ ਦੇ ਸਮੇਂ ਵਿੱਚ ਬਾਰਡਰ ਏਰੀਏ ਨੂੰ ਬਿਜਲੀ ਸਪਲਾਈ ਲਈ ਕੋਈ ਯੋਗਦਾਨ ਨਹੀਂ ਦਿੱਤਾ ਗਿਆ । ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਹੁਣ ਜਿਵੇਂ ਸਕੀਮ ਆਈ ਹੈ, ਕੁਝ ਢਾਣੀਆਂ ਦੇ ਵਿੱਚ, ਕੁਝ ਪਿੰਡਾਂ ਦੇ ਵਿੱਚ, ਪਰ ਕੁਝ ਪਿੰਡ ਹੀ ਇਸ ਸਕੀਮ ਤਹਿਤ ਕਵਰ ਕੀਤੇ ਗਏ । ਮੈਂ ਸਮਝਦਾ ਹਾਂ ਕਿ ਜਿੰਨੀ ਤੇਜ਼ੀ ਬਾਰਡਰ ਦੇ ਪਿੰਡਾਂ ਦੇ ਵਿੱਚ ਆਉਣੀ ਚਾਹੀਦੀ ਸੀ, ਉਹ ਅਜੇ ਵੀ ਘੱਟ ਹੈ, ਕਿਉਂਕਿ ਬਿਜਲੀ ਸਪਲਾਈ ਦੀ ਸਾਰੇ ਪੰਜਾਬ ਦੇ ਵਿੱਚ 24 ਘੰਟੇ ਦੀ ਸਕੀਮ ਚੱਲ ਰਹੀ ਹੈ, ਪਰ ਉਸ ਏਰੀਏ ਵਿੱਚ, ਜਿਥੇ ਕਿ ਪਛੜੇ ਹੋਏ ਲੋਕ ਹਨ, ਜਿੱਥੇ ਕਿ 200 ਘਰ ਵੀ ਹਨ, ਉਥੇ ਲਾਈਟ ਅੱਜ ਤੱਕ ਨਹੀਂ ਪਹੁੰਚੀ। ਸਾਡੇ ਉੱਥੇ ਸਪੈਸ਼ਲ ਸਟਾਫ ਲਗਾ ਕੇ, ਉਸ ਖੇਤਰ ਨੂੰ ਬਿਜਲੀ ਸਪਲਾਈ ਨਾਲ ਜੋੜਿਆ ਜਾਵੇ । ਮੈਂ ਚਾਹੁੰਦਾ ਹਾਂ ਕਿ ਬਜਟ ਵਿੱਚ ਜਿਹੜੇ ਵੱਧ ਫੰਡ ਰੱਖੇ ਗਏ ਹਨ, ਉਨ੍ਹਾਂ ਫੰਡਾਂ ਨਾਲ ਇਸ ਘਾਟ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ । ਮੈਂ ਸਰਦਾਰ ਮਨਪ੍ਰੀਤ ਸਿੰਘ ਬਾਦਲ, ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਫੰਡਾਂ ਨਾਲ ਬਾਰਡਰ ਦੇ ਇਲਾਕੇ ਵਾਸਤੇ ਪਹਿਲ ਦੇ ਆਧਾਰ ਤੇ ਕੰਮ ਕੀਤਾ ਜਾਵੇ, ਬਾਕੀ ਪੰਜਾਬ ਦੇ ਵਿੱਚ ਵੀ, ਜਿਥੇ ਬਿਜਲੀ ਦਿੱਤੀ ਜਾਣੀ ਹੈ, ਉਸ ਦੇ ਨਾਲ ਇਸ ਏਰੀਏ ਦਾ ਵੀ ਖਿਆਲ ਰੱਖਿਆ ਜਾਵੇ । ਇੱਕ ਸਾਡੇ ਪੰਜਾਬ ਵਿੱਚ ਟਿਊਬਵੈੱਲਾਂ ਲਈ ਬਿਜਲੀ ਦੀ ਪ੍ਰਾਬਲਮ ਹੈ । ਸਾਡੀ ਪਿਛਲੀ ਸਰਕਾਰ ਨੇ ਜਦੋਂ ਅਸੀਂ ਸੱਤਾ ਵਿੱਚ ਸੀ, ਸਾਰੇ ਪੰਜਾਬ ਦੇ ਵਿੱਚ ਪੰਜ ਸਾਲ ਬਿਜਲੀ ਟਿਊਬਵੈੱਲਾਂ ਲਈ ਫਰੀ ਕੀਤੀ ਸੀ । ਪਰ ਕੁਝ ਐਸੇ ਏਰੀਏ ਵੀ ਹਨ ਜਿਥੇ ਨਾ ਤਾਂ ਬਿਜਲੀ ਹੀ ਹੈ ਅਤੇ ਨਾ ਹੀ ਨਹਿਰ ਦਾ ਪਾਣੀ ਲੱਗਦਾ ਹੈ । ਮੈਂ ਚਾਹੁੰਦਾ ਹਾਂ ਕਿ ਉਥੇ ਨਹਿਰਾਂ ਦਾ ਪਾਣੀ ਪਹੁੰਚਾਉਣ ਦੇ ਯੋਗ ਪ੍ਰਬੰਧ ਕੀਤੇ ਜਾਣ । ਉਸ ਏਰੀਏ ਵਿੱਚ ਜਿਥੇ ਕਿ ਬਿਜਲੀ ਔਰ ਨਹਿਰ ਦਾ ਪਾਣੀ ਨਹੀਂ ਜਾ ਰਿਹਾ, ਉਨ੍ਹਾਂ ਵਿੱਚ ਪਹਿਲ ਦੇ ਆਧਾਰ ਤੇ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣੇ ਬਹੁਤ ਜ਼ਰੂਰੀ ਹਨ । ਇਸ ਦੇ ਨਾਲ ਉਹ ਲੋਕ ਸਮਝਣਗੇ ਕਿ ਸਾਨੂੰ ਵੀ ਕੋਈ ਸਹੂਲਤ ਮਿਲੀ ਹੈ। ਜਿਥੇ ਅੱਜ ਬਿਜਲੀ ਦੇ ਖੇਤਰ ਵਿੱਚ ਇੰਨੀ ਤਰੱਕੀ ਹੋਈ ਹੈ, ਉਥੇ ਪਿਛਲੇ ਪੰਜ

Original with;
Punjab Vidhan Sabha
Digitized by;
Panjab Digital Library

ਸਾਲਾਂ ਵਿੱਚ ਕੋਈ ਬਿਜਲੀ ਦਾ ਮੁਲਾਜ਼ਮ ਸਾਨੂੰ ਦੇਖਣ ਨੂੰ ਨਹੀਂ ਸੀ ਮਿਲਦਾ । ਜੋ ਜ਼ਿਮੀਂਦਾਰ ਤੇ ਕਾਸ਼ਤਕਾਰ ਸੀ, ਉਹ ਮੈਂ ਆਪ ਦੇਖਿਆ ਹੈ ਕਿ ਉਹ ਬਿਜਲੀ ਦੇ ਖੰਭਿਆਂ ਤੇ ਖੁਦ ਚੜ੍ਹ ਕੇ ਆਪੇ ਹੀ ਤਾਰਾਂ ਲਗਾਉਂਦੇ ਸਨ ਅਤੇ ਮੋਟਰਾਂ ਚਲਾਉਣ ਵਾਸਤੇ ਆਪੇ ਹੀ ਅਰੇਂਜਮੈਂਟ ਕਰਦੇ ਸਨ । ਬਿਜਲੀ ਦੀ ਕੋਈ ਸਹੂਲਤ ਉਨ੍ਹਾਂ ਨੂੰ ਨਹੀਂ ਮਿਲਦੀ ਸੀ । ਅੱਜ ਪੰਜਾਬ ਵਿੱਚ ਬੇਰੋਜ਼ਗਾਰ ਲਾਈਨਮੈਨ ਵੀ ਵਿਹਲੇ ਫਿਰਦੇ ਹਨ ਕਿ ਸਾਨੂੰ ਨੌਕਰੀਆਂ ਦਿੱਤੀਆਂ ਜਾਣ । ਮੈਂ ਇਹ ਵੀ ਮੰਗ ਕਰਦਾ ਹਾਂ ਕਿ ਬਿਜਲੀ ਬੋਰਡ ਨੂੰ ਕਿਹਾ ਜਾਵੇ ਕਿ ਜਿਹੜਾ ਸਟਾਫ ਹੈ ਉਹ ਪੂਰਾ ਕੀਤਾ ਜਾਵੇ ਤਾਂ ਕਿ ਬਿਜਲੀ ਦੀ ਸਹੂਲਤ ਵਾਸਤੇ ਸਾਰਿਆਂ ਨੂੰ ਮਦਦ ਮਿਲ ਸਕੇ । ਇਹ ਘਾਟ ਪੂਰੀ ਕੀਤੀ ਜਾਵੇ । ਸਪੀਕਰ ਸਾਹਿਬ, ਇਸੇ ਤਰ੍ਹਾਂ ਵਾਟਰ ਸਪਲਾਈ ਦੀ ਸਕੀਮ ਹੈ, ਜਿਸ ਦੇ ਵਾਸਤੇ 101 ਕਰੋੜ ਰੁਪਏ ਤੋਂ ਵਧਾ ਕੇ 267 ਕਰੋੜ ਰੁਪਏ ਰੱਖੇ ਗਏ ਹਨ । ਮੈਂ ਸਮਝਦਾ ਹਾਂ ਕਿ ਪਿਛਲੇ ਸਮੇਂ ਨਾਲੋਂ ਇਸ ਵਾਰ ਕਾਫ਼ੀ ਅੱਛੀ ਸਕੀਮ ਲਿਆਂਦੀ ਗਈ ਹੈ, ਪਰ ਪਿੰਡਾਂ ਦੇ ਵਿੱਚ ਜਦੋਂ ਅਸੀਂ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਉਥੇ ਮਾੜੇ ਹਾਲਾਤ ਹਨ, ਕਿਉਂਕਿ ਪਹਿਲਾਂ ਵਾਟਰ ਸਪਲਾਈ ਲੋਕਾਂ ਨੂੰ ਹੈਂਡ ਪੰਪਾਂ ਰਾਹੀਂ ਹੋ ਜਾਂਦੀ ਸੀ । ਕਿਸੇ ਦਾ 40 ਫੁੱਟ ਤੇ ਕਿਸੇ ਦਾ 60 ਫੁੱਟ ਤੇ ਪੰਪ ਲੱਗਿਆ ਹੁੰਦਾ ਸੀ । ਲੇਕਿਨ ਅੱਜ ਪਾਣੀ ਦਾ ਲੈਵਲ ਬਹੁਤ ਨੀਚੇ ਚੱਲਿਆ ਗਿਆ ਹੈ । ਅੱਜ ਅਗਰ ਕਿਸੇ ਨੇ ਨਲਕਾ ਲਗਾਉਣਾ ਹੋਵੇ ਤਾਂ ਘੱਟੋ-ਘੱਟ 20,000 ਰੁਪਿਆ ਲੱਗਦਾ ਹੈ । ਜੋ ਕਿ ਗਰੀਬ ਲੋਕਾਂ ਲਈ ਬਹੁਤ ਮੁਸ਼ਕਿਲ ਹੈ । ਪੀਣ ਵਾਲਾ ਪਾਣੀ ਜ਼ਮੀਨ ਦੇ ਥੱਲੇ ਦਾ ਵੀ ਗੰਧਲਾ ਹੋ ਰਿਹਾ ਹੈ, ਕਿਉਂਕਿ ਇੰਡਸਟਰੀ ਔਰ ਸ਼ਹਿਰਾਂ ਦਾ ਗੰਦਾ ਪਾਣੀ ਨਹਿਰਾਂ ਦੇ ਵਿੱਚ ਚਲਿਆ ਜਾਂਦਾ ਹੈ । ਪੀਣ ਵਾਲੇ ਪਾਣੀ ਵਿੱਚ ਪੂਰੀ ਗੰਦਗੀ ਹੋ ਗਈ ਹੈ । ਪੀਣ ਵਾਲੇ ਪਾਣੀ ਵਿੱਚੋਂ ਅੱਜ ਕਲ੍ਹ ਗੰਦੀ ਬਦਬੋ ਆਉਂਦੀ ਹੈ । ਅਸੀਂ ਪਿੰਡਾਂ ਦੇ ਵਿੱਚ ਜਾ ਕੇ ਦੇਖਿਆ ਹੈ । ਹੈਂਡ ਪੰਪ ਦਾ ਜੋ ਪਾਣੀ ਆਉਂਦਾ ਹੈ, ਉਸ ਵਿੱਚੋਂ ਬਦਬੋ ਆਉਂਦੀ ਹੈ ਜੋ ਕਿ ਸਾਡੀ ਸਿਹਤ ਵਾਸਤੇ ਬਹੁਤ ਹੀ ਹਾਨੀਕਾਰਕ ਹੈ । ਮੈਂ ਸਮਝਦਾ ਹਾਂ ਕਿ 1052 ਕਰੋੜ ਰੁਪਏ ਦੀ ਜੋ ਸਕੀਮ ਪੰਜਾਬ ਦੇ ਵਿੱਚ ਆਈ ਹੈ, ਉਸ ਦੇ ਨਾਲ ਉਸ ਵਿੱਚੋਂ ਪੰਜ ਜਾਂ ਦਸ ਪਰਸੈਂਟ ਪੈਸਾ ਉਨ੍ਹਾਂ ਪੰਚਾਇਤਾਂ ਜਾਂ ਪਿੰਡਾਂ ਵਾਲਿਆਂ ਨੇ ਦੇਣੇ ਹਨ ਜਿਹੜੇ ਕਿ ਗਰੀਬ ਪਿੰਡ ਹਨ ਜਿਨ੍ਹਾਂ ਦੇ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਹੈ । ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਗਰੀਬ ਪਿੰਡਾਂ ਲਈ ਖਾਸ ਤੌਰ ਤੇ ਇਹ ਪੈਸਾ ਵੀ ਸਰਕਾਰ ਵੱਲੋਂ ਹੀ ਮੁਹੱਈਆ ਹੋਵੇ ਤਾਂ ਕਿ ਲੋਕਾਂ ਨੂੰ ਪੀਣ ਵਾਲਾ ਪਾਣੀ ਚੰਗੀ ਤਰ੍ਹਾਂ ਮੁਹੱਈਆ ਹੋ ਸਕੇ ਅਤੇ ਜਿਹੜੀ ਸਕੀਮ ਆਈ ਹੈ ਮੈਂ ਸਮਝਦਾ ਹਾਂ ਕਿ ਇਹ ਲੋਕਾਂ ਵਾਸਤੇ ਬਹੁਤ ਵਧੀਆ ਹੈ ਔਰ ਜਿਥੇ ਇੰਡਸਟਰੀ ਦਾ ਪਾਣੀ ਸੇਮ ਨਾਲਿਆਂ ਵਿੱਚ ਪੈ ਕੇ ਦਰਿਆ ਵਿੱਚ ਚਲਿਆ ਜਾਂਦਾ ਹੈ, ਮੇਰੇ ਹਲਕੇ ਵਿੱਚ ਫਾਜ਼ਿਲਕਾ ਸਬ-ਡਵੀਜ਼ਨ ਦੇ ਵਿੱਚ 46

Original with;
Punjab Vidhan Sabha
Digitized by;
Punjab Digital Library

[ਮੁੱਖ ਸੰਸਦੀ ਸਕੱਤਰ, ਖੇਤੀਬਾੜੀ]

ਪਿੰਡ ਪੈਂਦੇ ਹਨ । ਉੱਥੇ ਜਾ ਕੇ ਉਹ ਪਾਣੀ ਜਮ੍ਹਾਂ ਹੋ ਜਾਂਦਾ ਹੈ, ਕਾਫੀ ਦੇਰ ਤੱਕ ਉਹ ਖੜ੍ਹਾ ਰਹਿੰਦਾ ਹੈ । ਮੀਂਹ ਜਾਂ ਨਾਲੇ ਦਾ ਪਾਣੀ ਨਹੀਂ ਜਾਂਦਾ । ਉਹ ਪਾਣੀ ਥੱਲੇ ਸਿੰਜਦਾ ਰਹਿੰਦਾ ਹੈ ਜਿਸ ਕਰਕੇ ਉਸ ਏਰੀਏ ਵਿੱਚ ਪਾਣੀ ਦੀ ਬਹੁਤ ਮਾੜੀ ਹਾਲਤ ਹੈ ਅਤੇ ਲੋਕਾਂ ਨੂੰ ਬਿਮਾਰੀਆਂ ਦਾ ਖਦਸ਼ਾ ਹੈ ਅਤੇ ਇਸ ਦੇ ਲਈ ਯੋਗ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ । ਸਪੀਕਰ ਸਾਹਿਬ, ਅੱਜ ਲੋਕਾਂ ਨੂੰ ਤਰੱਕੀ ਦੀ ਰਾਹ ਤੇ ਤੋਰਨ ਦੀ ਲੋੜ ਹੈ ਤਾਂ ਕਿ ਸਾਡੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਕਰ ਸਕਣ ਪਰ ਇਹ ਦੇਖਿਆ ਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਜਿਹੜੇ ਰੂਰਲ ਏਰੀਏ ਦੇ ਪਿੰਡਾਂ ਦੇ ਸਕੂਲ ਹਨ ਅਤੇ ਜ਼ਿਆਦਾਤਰ ਬੇਟ ਅਤੇ ਬਾਰਡਰ ਦਾ ਏਰੀਆ ਅਤੇ ਹੋਰ ਇਸ ਤਰ੍ਹਾਂ ਦਾ ਏਰੀਆ ਹੈ ਜਿੱਥੇ ਪ੍ਰਾਇਮਰੀ ਸਕੂਲ ਜਾਂ ਸਰਕਾਰੀ ਸਕੂਲ ਹਨ, ਉਨ੍ਹਾਂ ਵਿੱਚ ਆਮ ਆਦਮੀ ਅੱਜ ਆਪਣੇ ਬੱਚੇ ਨੂੰ ਭੇਜਣ ਵਾਸਤੇ ਰਾਜ਼ੀ ਨਹੀਂ ਹੈ, ਕਿਉਂਕਿ ਪਿਛਲੀ ਸਰਕਾਰ ਨੇ ਇਨ੍ਹਾਂ ਸਕੂਲਾਂ ਵਾਸਤੇ ਕੋਈ ਟੀਚਰ ਭਰਤੀ ਨਹੀਂ ਕੀਤਾ ਅਤੇ ਉਸ ਏਰੀਏ ਦੇ ਸਾਰੇ ਸਕੂਲ ਖਾਲੀ ਹੋ ਗਏ ਜਿਥੇ ਬੜੀ ਖਾਸ ਜ਼ਰੂਰਤ ਸੀ ਅਤੇ ਉਸ ਏਰੀਏ ਵਿੱਚ ਜਿੱਥੇ ਲੋੜ ਨਹੀਂ ਅਤੇ ਜਿੱਥੋਂ ਦੇ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾ ਸਕਦੇ ਹਨ, ਉਸ ਏਰੀਏ ਵਿੱਚ ਇਨ੍ਹਾਂ ਨੇ ਭਰਤੀ ਕਰ ਦਿੱਤੀ ਅਤੇ ਜਿੱਥੇ ਲੋੜ ਸੀ ਜਿਨ੍ਹਾਂ ਇਲਾਕਿਆਂ ਵਿੱਚ ਟੀਚਰ ਜਾ ਕੇ ਖੁਸ਼ ਨਹੀਂ ਸੀ, ਉਥੇ ਅੱਜ ਤਕ ਕੋਈ ਟੀਚਰ ਨਹੀਂ ਭੇਜਿਆ ਅਤੇ ਉਨ੍ਹਾਂ ਸਕੂਲਾਂ ਨੂੰ ਚਲਾਉਣ ਵਾਸਤੇ ਅੱਜ ਭਰਤੀ ਦੀ ਬਹੁਤ ਸਖ਼ਤ ਜ਼ਰੂਰਤ ਹੈ । ਉਹ ਸਕੂਲ, ਬਿਨਾਂ ਟੀਚਰਾਂ ਤੋਂ ਖਾਲੀ ਪਏ ਹਨ ਅਤੇ ਉਨ੍ਹਾਂ ਨੂੰ ਤਾਲੇ ਲੱਗੇ ਹੋਏ ਹਨ, ਬਾਰਡਰ ਅਤੇ ਬੇਟ ਦੇ ਏਰੀਏ ਦੇ ਇਨ੍ਹਾਂ ਸਕੂਲਾਂ ਨੂੰ ਚਲਾਉਣ ਵਾਸਤੇ ਚਾਹੀਦਾ ਹੈ ਕਿ ਅੱਜ ਟੀਚਰਜ਼ ਭਰਤੀ ਕਰਕੇ, ਉਹ ਸਕੂਲ ਚਲਾਏ ਜਾਣ, ਤਾਂਕਿ ਗਰੀਬ ਦਾ ਬੱਚਾ ਵੀ, ਭਾਵੇਂ ਉਹ ਚੰਗੀ ਐਜੂਕੇਸ਼ਨ ਨਹੀਂ ਲੈ ਸਕੇਗਾ, ਪਰ ਉਹ ਜੇਕਰ ਮਿਡਲ ਹਾਈ ਸਕੂਲ ਤੱਕ ਵੀ ਪੜ੍ਹ ਜਾਏਗਾ ਤਾਂ ਉਹ ਆਪਣਾ ਰੁਜ਼ਗਾਰ ਕਮਾ ਸਕੇਗਾ ਜਾਂ ਫਿਰ ਦਸਤਕਾਰੀ ਵਗੈਰਾ ਸਿੱਖ ਕੇ ਆਪਣੀ ਜ਼ਿੰਦਗੀ ਚਲਾ ਸਕੇਗਾ । ਭਾਵੇਂ ਅਸੀਂ ਬਜਟ ਦੇ ਵਿੱਚ 241.95 ਕਰੋੜ ਰੁਪਏ ਤੋਂ ਵਧਾ ਕੇ 373.34 ਕਰੋੜ ਰੁਪਿਆ ਰੱਖਿਆ ਹੈ ਪਰ ਮੈਂ ਸਮਝਦਾ ਹਾਂ ਕਿ ਹਾਲੇ ਵੀ ਇਸ ਵਾਸਤੇ ਹੋਰ ਵੱਧ ਪੈਸੇ ਦੇਣ ਦੀ ਲੋੜ ਹੈ ਤਾਂਕਿ ਇਨ੍ਹਾਂ ਗਰੀਬਾਂ ਦੇ ਬੱਚਿਆਂ ਨੂੰ ਸਹੂਲਤ ਦਿੱਤੀ ਜਾਏ ਅਤੇ ਦੂਜਾ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਇੱਕ-ਇੱਕ ਵਧੀਆ ਸਕੂਲ ਸਾਰੇ ਹਲਕਿਆਂ ਵਿੱਚ ਖੋਲ੍ਹਣ ਦੀ ਗੱਲ ਕੀਤੀ ਹੈ, ਆਦਰਸ਼ ਸਕੂਲ ਦੇਣ ਦੀ ਗੱਲ ਕੀਤੀ ਹੈ । ਮੈਂ ਚਾਹੁੰਦਾ ਹਾਂ ਕਿ ਇਹ ਜਿਹੜੇ ਆਦਰਸ਼ ਸਕੂਲ ਹਨ, ਇਹ ਰੂਰਲ ਏਰੀਆਜ਼ ਅਤੇ ਉਨ੍ਹਾਂ ਏਰੀਏ ਵਿੱਚ ਦਿੱਤੇ

Original with;
Punjab Vidhan Sabha
Digitized by;
Panjab Digital Library

ਜਾਣ, ਜਿੱਥੋਂ ਕਿ ਐਜੂਕੇਸ਼ਨ ਵਿੱਚ ਬਹੁਤ ਜ਼ਿਆਦਾ ਚੰਗੇ ਬੱਚੇ ਨਹੀਂ ਨਿਕਲੇ, ਤਾਂ ਕਿ ਬੱਚੇ ਚੰਗੀ ਸਿੱਖਿਆ ਲੈ ਸਕਣ ਅਤੇ ਜਿਹੜਾ ਬਾਰਡਰ ਦਾ ਪ੍ਰਾਜੈਕਟ ਬਾਦਲ ਸਾਹਿਬ ਲੈ ਕੇ ਆਏ, ਇਹ ਇਤਿਹਾਸ ਹੈ ਕਿ ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਰਹੀਆਂ ਬਾਦਲ ਸਾਹਿਬ ਤੋਂ ਬਿਨ੍ਹਾਂ ਬਾਰਡਰ ਦੀ ਕਿਸੇ ਨੇ ਬਾਂਹ ਨਹੀਂ ਫੜੀ । ਪਿਛਲੇ ਸਮੇਂ ਦੌਰਾਨ ਬਾਰਡਰ ਦੇ ਜਿਹੜੇ ਲੋਕ ਬੜੇ ਦੱਬੇ-ਕੁਚਲੇ ਹਨ ਅਤੇ ਇੱਕ ਪਾਸੇ ਉਨ੍ਹਾਂ ਨੂੰ ਪਾਕਿਸਤਾਨ ਵੱਲੋਂ ਲੜਾਈ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੂਜੇ ਪਾਸੇ ਬਾਰਡਰ ਦੇ ਨਾਲ-ਨਾਲ ਹੀ ਦਰਿਆ ਚੱਲਦਾ ਹੈ, ਉਨ੍ਹਾਂ ਵਾਸਤੇ ਕੰਡਿਆਲੀ ਤਾਰ ਲਗਾਉਣ ਦੇ ਨਾਲ-ਨਾਲ 2500/- ਰੁਪਿਆ ਵੀ ਇਨ੍ਹਾਂ ਨੂੰ ਦਿੱਤਾ ਹੈ, ਜਿਸ ਨਾਲ ਉਨ੍ਹਾਂ ਨੂੰ ਰਾਹਤ ਮਿਲੀ ਹੈ ਇਹ ਇਨ੍ਹਾਂ ਦੀ ਹੀ ਦੇਣ ਸੀ, ਪਰ ਕਾਂਗਰਸ ਨੇ ਜਿੱਥੇ ਵਾਅਦਾ ਕੀਤਾ ਸੀ, ਵੋਟਾਂ ਲਈਆਂ ਸਨ ਅਤੇ ਕਿਹਾ ਸੀ ਅਸੀਂ ਇਸ ਨੂੰ ਵਧਾ ਕੇ 5000/- ਰੁਪਏ ਕਰ ਦਿਆਂਗੇ ਪਰ ਇਹ ਗੱਲ ਉਨ੍ਹਾਂ ਖੂਹ ਵਿੱਚ ਸੁੱਟ ਦਿੱਤੀ ਅਤੇ ਉਨ੍ਹਾਂ ਨੂੰ 5 ਸਾਲ ਇੱਕ ਵੀ ਪੈਸਾ ਨਹੀਂ ਮਿਲਿਆ ਜਿਸ ਤੇ ਉਹ ਲੋਕ ਮਹਿਸੂਸ ਕਰਦੇ ਹਨ ਕਿ ਕਾਂਗਰਸ ਨੇ ਸਾਡੇ ਨਾਲ ਬੇਇਨਸਾਫੀ ਕੀਤੀ ਹੈ । ਇਨ੍ਹਾਂ ਨੂੰ ਇਸ ਦਾ ਖਮਿਆਜ਼ਾ ਵੋਟਾਂ ਵਿੱਚ ਭੁਗਤਣਾ ਪਿਆ ਹੈ । ਬਾਰਡਰ ਤੇ ਇਨ੍ਹਾਂ ਦੀ ਹਾਲਤ ਕਿਹੋ ਜਿਹੀ ਹੋਈ ਹੈ, ਇਸ ਬਾਰੇ ਇਨ੍ਹਾਂ ਨੂੰ ਪਤਾ ਹੀ ਹੈ । ਬਾਰਡਰ ਵਾਸਤੇ ਜਿਹੜੀਆਂ ਹੋਰ ਸਕੀਮਾਂ ਆਈਆਂ ਹਨ, ਜਿਵੇਂ ਤਾਰਾਂ ਤੋਂ ਪਾਰ ਸਾਨੂੰ ਬਿਜਲੀ ਦਿਨ ਵੇਲੇ 8 ਘੰਟੇ ਮਿਲਿਆ ਕਰਦੀ ਸੀ, ਪਰ ਇਨ੍ਹਾਂ ਦੀ ਸਰਕਾਰ ਸਮੇਂ ਉਹ ਬਿਜਲੀ, ਉਹ ਫੀਡਰ ਜਿਹੜੇ 8 ਘੰਟੇ ਦਿਨ ਵਾਸਤੇ ਲਗਾਏ ਸਨ, ਉਹ ਸਾਰੇ ਦੇ ਸਾਰੇ ਕੈਂਸਲ ਕਰਕੇ ਦੂਸਰੇ ਏਰੀਆਜ਼ ਨੂੰ ਦੇ ਦਿੱਤੇ, ਕਿਉਂਕਿ ਇਹ ਬਾਰਡਰ ਏਰੀਆਜ਼ ਨੂੰ ਕੁਝ ਦੇਣਾ ਨਹੀਂ ਚਾਹੁੰਦੇ ਸਨ ਇਸ ਕਰਕੇ ਉਨ੍ਹਾਂ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਅੱਜ ਫਿਰ ਬਾਦਲ ਸਾਹਿਬ ਦੀ ਰਹਿਨੁਮਾਈ ਹੇਠ ਇਹ ਫੈਸਲਾ ਹੋਇਆ ਹੈ ਕਿ ਇਹ ਬਿਜਲੀ ਫਿਰ ਦਿਨ ਵੇਲੇ ਦਿੱਤੀ ਜਾਵੇ । 137 ਕਰੋੜ ਰੁਪਏ ........ ਇਥੇ ਮੇਰੇ ਵੀਰ ਉਸ ਦਿਨ ਕਹਿ ਰਹੇ ਸੀ ਕਿ ਇਹ ਕਾਂਗਰਸ ਦੀ ਦੇਣ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ 40-45 ਸਾਲ ਇਨ੍ਹਾਂ ਨੇ ਰਾਜ ਕੀਤਾ ਹੈ ਪਰ ਬਾਰਡਰ ਦੇ ਲੋਕਾਂ ਵਾਸਤੇ ਇਨ੍ਹਾਂ ਨੇ ਕੀ ਕੀਤਾ ਹੈ ? ਇਨ੍ਹਾਂ ਨੇ ਉਨ੍ਹਾਂ ਲੋਕਾਂ ਵਾਸਤੇ ਅੱਜ ਤੱਕ ਇੱਕ ਕੌਡੀ ਵੀ ਲਿਆ ਕੇ ਨਹੀਂ ਦਿੱਤੀ । ਇੱਕ ਵੀ ਪੈਸਾ ਇਨ੍ਹਾਂ ਨੇ ਆਪਣੇ ਸਮੇਂ ਲਿਆ ਕੇ ਨਹੀਂ ਦਿੱਤਾ ਅਤੇ ਕੋਈ ਸਕੀਮ ਲਿਆ ਕੇ ਨਹੀਂ ਦਿੱਤੀ । ਮੈਨੂੰ ਇਹ ਗੱਲ ਕਹਿਣ ਵਿੱਚ ਫਖ਼ਰ ਅਤੇ ਤਸੱਲੀ ਮਹਿਸੂਸ ਹੁੰਦੀ ਹੈ ਕਿ ਪਹਿਲੀ ਵਾਰ ਜਦੋਂ ਮੈਂ ਇਸ ਅਸੈਂਬਲੀ ਵਿੱਚ ਆਇਆ ਤਾਂ ਮੈਂ ਬਾਦਲ ਸਾਹਿਬ ਨੂੰ ਬਾਰਡਰ ਦੇ ਏਰੀਏ ਵਿੱਚ ਲੈ ਕੇ ਗਿਆ । ਮੈਂ ਉਨ੍ਹਾਂ ਨੂੰ ਉਹ ਇਲਾਕਾ ਵਿਖਾਉਣ ਲਈ ਲੈ ਕੇ ਗਿਆ ਅਤੇ ਕਿਹਾ ਕਿ ਤੁਸੀਂ ਪਹਿਲਾਂ ਇਹ ਇਲਾਕਾ ਵੇਖ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਖੇਤੀਬਾੜੀ]

ਲਓ, ਫਿਰ ਤੁਹਾਡਾ ਦਿਲ ਕਰੇ ਤਾਂ ਕੁਝ ਦੇ ਦੇਣਾ, ਨਾ ਦਿਲ ਕਰੇ ਤਾਂ ਨਾ ਦੇਣਾ । ਮੈਂ ਇਨ੍ਹਾਂ ਨੂੰ ਉਸ ਜਗ੍ਹਾ ਤੇ ਲੈ ਕੇ ਗਿਆ ਜਿਥੇ 30-35 ਹਜ਼ਾਰ ਦੀ ਆਬਾਦੀ ਸੀ । ਉਥੇ ਇੱਕ ਪਾਸੇ ਪਾਕਿਸਤਾਨ ਪੈਂਦਾ ਹੈ ਅਤੇ ਦੂਜੇ ਪਾਸੇ ਦਰਿਆ । ਜੇ ਉਥੇ ਫਲੱਡ ਆਉਂਦਾ ਸੀ ਤਾਂ ਦਰਿਆ ਦੀ ਮਾਰ ਪੈਂਦੀ ਸੀ ਅਤੇ ਜੇ ਲੜਾਈ ਲੱਗਦੀ ਸੀ ਤਾਂ ਪਾਕਿਸਤਾਨ ਦੀ ਮਾਰ ਪੈਂਦੀ ਸੀ । ਬਾਦਲ ਸਾਹਿਬ ਨੇ ਉੱਥੇ ਜਾ ਕੇ ਉਥੋਂ ਦੇ ਲੋਕਾਂ ਦਾ ਪਰਉਪਕਾਰ ਕੀਤਾ । ਕਾਂਗਰਸੀ ਆਗੂ ਵੀ ਉਥੇ ਕਈ ਵਾਰ ਗਏ ਅਤੇ ਇਨ੍ਹਾਂ ਦੇ ਐਮ.ਪੀ. ਵੀ ਉੱਥੇ ਗਏ, ਪਰ ਇਹ ਗੱਲ ਕਹਿ ਕੇ ਪੱਲਾ ਝਾੜ ਆਉਂਦੇ ਰਹੇ ਕਿ ਦਰਿਆ ਉਤੇ ਪੁਲ ਡਿਫੈਂਸ ਵਾਲੇ ਅਲਾਓ ਨਹੀਂ ਕਰਦੇ, ਇਸ ਕਰਕੇ ਇਹ ਬਣ ਨਹੀਂ ਸਕਦਾ ।

**ਰਾਣਾ ਗੁਰਮੀਤ ਸਿੰਘ ਸੋਢੀ :** ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮਾਨਯੋਗ ਐਮ.ਐਲ.ਏ. (ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ) ਬਾਰਡਰ ਦੀ ਗੱਲ ਕਰ ਰਹੇ ਹਨ । ਇਹ 2500/- ਰੁਪਿਆ ਮੁਆਵਜ਼ਾ ਦੇਣ ਦੀ ਗੱਲ ਕਰਦੇ ਹਨ। ਉਹ ਗੌਰਮਿੰਟ ਆਫ ਇੰਡੀਆ ਦੀ ਇੱਕ ਸਕੀਮ ਸੀ, ਜਿਹੜੀ ਬਾਅਦ ਵਿੱਚ ਉਨ੍ਹਾਂ ਨੇ ਬੰਦ ਕਰ ਦਿੱਤੀ ਸੀ । ਸਾਡੀ ਗੌਰਮਿੰਟ ਕੋਲੋਂ ਉਹ ਸਕੀਮ ਜਾਰੀ ਨਹੀਂ ਸੀ ਰੱਖੀ ਗਈ ਲੇਕਿਨ ਮੈਂ ਬਾਦਲ ਸਾਹਿਬ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ 23 ਮਾਰਚ ਨੂੰ ਫਿਰੋਜ਼ਪੁਰ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਫੰਕਸ਼ਨ ਤੇ ਉਨ੍ਹਾਂ ਨੇ ਅਨਾਊਂਸ ਕੀਤਾ ਸੀ ਕਿ 2500/- ਰੁਪਏ ਦੀ ਥਾਂ ਤੇ ਉਹ 5000/- ਰੁਪਿਆ ਦੇਣਗੇ । ਇਹ ਗੱਲ ਮੈਨੂੰ ਬਜਟ ਵਿੱਚ ਕਿਧਰੇ ਨਜ਼ਰ ਨਹੀਂ ਆਈ ਕਿ 5000/- ਰੁਪਿਆ ਕੰਪਨਸੇਸ਼ਨ ਉਹ ਕੰਡਿਆਲੀ ਤਾਰ ਤੋਂ ਪਾਰ ਦੇ ਲੋਕਾਂ ਨੂੰ ਕਿਸ ਤਰ੍ਹਾਂ ਦੇਣਗੇ । ਮੈਂ ਇਨ੍ਹਾਂ ਤੋਂ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਤਾਰੋਂ ਪਾਰ ਵਾਲੀ ਜ਼ਮੀਨ ਹੈ, ਉਥੇ ਬਿਜਲੀ ਦੇ ਕੁਨੈਕਸ਼ਨ ਇਹ ਸਰਕਾਰ ਦੇਵੇਗੀ ਜਾਂ ਨਹੀਂ ਅਤੇ ਕੋ-ਆਪ੍ਰੇਟਿਵ ਬੈਂਕਾਂ ਕੋਲ ਉਹ ਆਪਣੀ ਜ਼ਮੀਨ ਹਾਈਪੋਥਿਕੇਟ ਕਰਕੇ ਜਾਂ ਮਾਰਟਗੇਜ ਕਰਕੇ ਕਰਜ਼ੇ ਲੈ ਸਕਣਗੇ ਜਾਂ ਨਹੀਂ ?

**ਮਾਨਯੋਗ ਸਪੀਕਰ :** ਬਜਟ ਤੇ ਬਹਿਸ ਕਰਦੇ ਸਮੇਂ ਇਹ ਸਵਾਲ ਉਠਾਇਆ ਜਾ ਸਕਦਾ ਹੈ । ਤੁਹਾਨੂੰ ਮੌਕਾ ਦਿੱਤਾ ਜਾਵੇਗਾ । ਹੁਣ ਤੁਸੀਂ ਬੈਠ ਜਾਓ ।

**ਰਾਣਾ ਗੁਰਮੀਤ ਸਿੰਘ ਸੋਢੀ :** ਇਸ ਬਜਟ ਵਿੱਚ ਗੌਰਮਿੰਟ ਨੇ ਇਹ ਗੱਲ ਕਲੀਅਰ ਨਹੀਂ ਕੀਤੀ । ਇਹ ਮਿਸਲੀਡ ਕਰਨ ਵਾਲੀ ਗੱਲ ਹੈ । ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਸ ਬਜਟ ਵਿੱਚ ਬਾਰਡਰ ਏਰੀਏ ਦੀ ਤਾਂ ਕੋਈ ਗੱਲ ਹੀ ਨਹੀਂ ਆਈ ।

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ :** ਸਪੀਕਰ ਸਾਹਿਬ, ਮਾਨਯੋਗ ਐਮ.ਐਲ.ਏ. ਸਾਹਿਬ, ਮੇਰੇ ਨਾਲ ਦੇ ਹਲਕੇ ਦੇ ਹਨ ਅਤੇ ਇਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਹੈ ਕਿ ਇਨ੍ਹਾਂ ਦੇ ਵੇਲੇ ਉੱਥੇ ਕੀ ਹੁੰਦਾ ਰਿਹਾ ਅਤੇ ਹੁਣ ਕੀ ਹੋ ਰਿਹਾ ਹੈ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਜੇ ਇਨ੍ਹਾਂ ਨੇ ਇੱਕ ਕੌਡੀ ਵੀ ਕਦੇ ਲਿਆ ਕੇ ਦਿੱਤੀ ਹੋਵੇ । ਮੈਂ ਤੁਹਾਨੂੰ ਇੱਕ ਉਦਾਹਰਣ ਦਿੰਦਾ ਹਾਂ । ਪਿਛਲੇ ਸਮੇਂ ਦੌਰਾਨ ਇਨ੍ਹਾਂ ਦੇ ਲੀਡਰ ਅਤੇ ਆਗੂ ਸਨ । ਇੱਕ ਵਾਰ ਇਨ੍ਹਾਂ ਦਾ ਇੱਕ ਐਮ.ਪੀ. ਉਥੇ ਇਲੈਕਸ਼ਨ ਲੜਨ ਵਾਸਤੇ ਗਿਆ ਅਤੇ ਉਨ੍ਹਾਂ ਨੂੰ ਟੋਕਰੇ ਵਿੱਚ ਬਿਠਾ ਕੇ ਪਾਣੀ ਪਾਰ ਕਰਾਉਣਾ ਪਿਆ । ਵੋਟਾਂ ਵੇਲੇ ਇਹ ਕਹਿ ਦਿੰਦੇ ਸਨ ਕਿ ਇਥੇ ਪੁਲ ਬਣੇਗਾ ਲੇਕਿਨ ਵੋਟਾਂ ਲੈਣ ਤੋਂ ਬਾਅਦ ਘਰ ਜਾ ਕੇ ਬਹਿ ਜਾਂਦੇ ਸਨ । ਬਾਦਲ ਸਾਹਿਬ ਨੇ ਉਸ ਥਾਂ ਤੇ ਜਾ ਕੇ ਜਦੋਂ ਅਨਾਊਂਸ ਕੀਤਾ ਤਾਂ ਉਸ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਮੈਨੂੰ ਉਨ੍ਹਾਂ ਦਾ ਜਵਾਬ ਆਇਆ ਕਿ ਤੁਹਾਡਾ ਪੁਲ ਤਿਆਰ ਹੈ ਅਤੇ ਤੁਸੀਂ ਆਪ ਉਸ ਦਾ ਉਦਘਾਟਨ ਕਰਨਾ ਹੈ । ਮੈਨੂੰ ਇਸ ਗੱਲ ਦਾ ਯਕੀਨ ਨਹੀਂ ਹੋ ਰਿਹਾ ਸੀ ਲੇਕਿਨ, ਜਦੋਂ ਉਨ੍ਹਾਂ ਨੇ ਕਿਹਾ ਕਿ ਇਹ ਪੁਲ ਆਰਮੀ ਨੇ ਬਣਾਇਆ ਹੈ ਤਾਂ ਮੈਂ ਹੈਰਾਨ ਹੋ ਗਿਆ । ਇੱਕ ਹਫਤੇ ਬਾਅਦ ਹੀ ਉਸ ਦਾ ਉਦਘਾਟਨ ਹੋ ਗਿਆ । ਇਨ੍ਹਾਂ ਨੇ ਕਿਹਾ ਸੀ ਕਿ ਜਿੰਨੀ ਦੇਰ ਤੱਕ ਪੱਕਾ ਪੁਲ ਨਹੀਂ ਬਣਦਾ, ਫਲੋਟਿੰਗ ਪੁਲ ਬਣਾ ਦਿਆਂਗੇ । ਸਵੇਰੇ ਉਦਘਾਟਨ ਕਰਨ ਗਏ ਤਾਂ ਸ਼ਾਮ ਤੱਕ 1452 ਟਰਾਲੀਆਂ ਝੋਨੇ ਦੀਆਂ ਇੱਕੋ ਦਿਨ ਵਿੱਚ ਉਥੋਂ ਲੰਘ ਗਈਆਂ ਸਨ। ਪਹਿਲਾਂ ਉਨ੍ਹਾਂ ਨੂੰ ਖਦਸ਼ਾ ਸੀ ਕਿ ਕਿਤੇ ਪੁਲ ਦੁਬਾਰਾ ਟੁੱਟ ਨਾ ਜਾਵੇ । ਅਸੀਂ ਅਤੇ ਬਾਦਲ ਸਾਹਿਬ ਨੇ ਜੋ ਗੱਲਾਂ ਕੀਤੀਆਂ ਹਨ ਇਹ ਸਾਰੀਆਂ ਪੂਰੀਆਂ ਕੀਤੀਆਂ ਹਨ । 2500 ਕਰੋੜ ਰੁਪਿਆ ਬਾਦਲ ਸਾਹਿਬ ਨੇ ਸੈਂਟਰ ਦੀ ਸਰਕਾਰ ਤੋਂ ਲਿਆ ਕੇ ਦਿੱਤਾ ਹੈ । ਜਿਹੜਾ ਇਨ੍ਹਾਂ ਨੇ ਵਾਅਦਾ ਕੀਤਾ ਹੈ ਉਹ ਵੀ ਪੂਰਾ ਹੋਵੇਗਾ, ਤੁਸੀਂ ਇਸ ਗੱਲ ਦਾ ਫਿਕਰ ਨਾ ਕਰੋ । ਸਪੀਕਰ ਸਾਹਿਬ, ਇਸੇ ਤਰ੍ਹਾਂ ਇਲੈਕਸ਼ਨ ਦੇ ਸਮੇਂ ਦੌਰਾਨ ਜੋ ਕੁਝ ਇਨ੍ਹਾਂ ਦੀ ਸਰਕਾਰ ਵਿੱਚ ਹੁੰਦਾ ਰਿਹਾ ਉਹ ਇਨ੍ਹਾਂ ਨੂੰ ਪਤਾ ਹੈ । ਇਹ ਨਾਲ ਹੀ ਹੁੰਦੇ ਸਨ । ਜਲਾਲਾਬਾਦ ਦੀ ਮਿਉਂਸਿਪਲ ਦੀ ਇਲੈਕਸ਼ਨ ਹੋਈ । ਉਸ ਵਰਗੀ ਮੈਂ ਸਮਝਦਾ ਹਾਂ ਕਿ ਇਤਿਹਾਸ ਦੇ ਵਿੱਚ ਅਜਿਹੀ ਕੋਈ ਇਲੈਕਸ਼ਨ ਨਹੀਂ ਹੋਈ ਹੋਣੀ । ਲੋਕਾਂ ਨੂੰ ਵੋਟ ਹੀ ਪਾਉਣ ਨਹੀਂ ਜਾਣ ਦਿੱਤਾ ਗਿਆ ਔਰ ਜਿਹੜੇ ਮਿਉਂਸਿਪਲ ਕਮੇਟੀ ਦੇ ਮੈਂਬਰ, ਜਿੰਨੇ ਮੈਂਬਰ ਸਨ ਉਨ੍ਹਾਂ ਨੂੰ ਅੰਦਰ ਹੀ ਤਾੜ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਜੇਕਰ ਬਾਹਰ ਨਿਕਲੇ ਤਾਂ ਤੁਹਾਡੇ ਖਿਲਾਫ ਪਰਚਾ ਦਰਜ ਹੋ ਜਾਵੇਗਾ ।

**ਸਰਦਾਰ ਸ਼ੇਰ ਸਿੰਘ ਗਾਗੋਵਾਲ :** ** **

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** This is no Point of Order.

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ :** ਮੈਂ ਸਪੀਕਰ ਸਾਹਿਬ, ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬਜਟ ਹੈ ਇਹਦੇ ਵਿੱਚ ਜੋ ਪਹਿਲਾਂ ਇਨ੍ਹਾਂ ਨੇ ਰਵਾਇਤਾਂ ਪਾਈਆਂ ਸਨ, ਉਸਦਾ ਜ਼ਿਕਰ ਕਰਨਾ ਵੀ ਜ਼ਰੂਰੀ ਸੀ ਕਿਉਂਕਿ ਜੋ ਇਨ੍ਹਾਂ ਨੇ ਆਪਣੇ ਸਮੇਂ ਦੌਰਾਨ ਲੋਕਾਂ ਦੇ ਨਾਲ ਧਾਂਦਲੀਆਂ ਕੀਤੀਆਂ, ਧੱਕੇਸ਼ਾਹੀ ਕੀਤੀ ਉਸ ਦਾ ਜ਼ਿਕਰ ਕਰਨਾ ਜ਼ਰੂਰੀ ਸੀ । ਜਿਹੜੇ ਇਨ੍ਹਾਂ ਨੇ ਇਸ ਤਰ੍ਹਾਂ ਦੇ ਕੰਮ ਕੀਤੇ, ਉਨ੍ਹਾਂ ਦੀ ਸਜ਼ਾ ਜ਼ਰੂਰ ਇਨ੍ਹਾਂ ਨੂੰ ਮਿਲਣੀ ਚਾਹੀਦੀ ਹੈ । ਸ਼ਹਿਰਾਂ ਦੇ ਵਿੱਚ, ਸਪੀਕਰ ਸਾਹਿਬ, ਜਿਹੜੇ ਏਰੀਆਜ਼ ਹਨ ਮੈਂ ਸਮਝਦਾ ਹਾਂ ਕਿ ਉਹ ਕੇਵਲ ਸਾਡੇ ਇਲਾਕੇ ਵਿੱਚ ਬਾਰਡਰ ਦੇ ਏਰੀਆਜ਼ ਦੇ ਵਿੱਚ ਹੀ ਨਹੀਂ ਬਲਕਿ ਹੋਰ ਬਾਕੀ ਸ਼ਹਿਰਾਂ ਦੇ ਵਿੱਚ ਵੀ ਜਿਹੜੇ ਗਰੀਬ ਵਰਗ ਦੇ ਲੋਕ ਕਬਜ਼ਿਆਂ ਦੇ ਆਧਾਰ ਤੇ ਬੈਠੇ ਹਨ, ਕੁਝ ਲੋਕਾਂ ਨੇ ਤਾਂ ਆਪਣੇ ਪੱਕੇ ਮਕਾਨ ਵੀ ਬਣਾ ਲਏ ਹਨ ਅਤੇ ਕਈਆਂ ਨੇ ਤਾਂ ਵੱਡੀਆਂ-ਵੱਡੀਆਂ ਕੋਠੀਆਂ ਵੀ ਬਣਾ ਲਈਆਂ ਹਨ, ਪਰ ਪਿਛਲੇ ਸਮੇਂ ਦੌਰਾਨ ਉਸ ਜ਼ਮੀਨ ਦੀ ਕੋਈ ਅਲਾਟਮੈਂਟ ਨਹੀਂ ਹੋਈ । ਜੇਕਰ ਉਨ੍ਹਾਂ ਲੋਕਾਂ ਨੂੰ ਉਸ ਕਬਜ਼ੇ ਦੇ ਆਧਾਰ ਤੇ ਉਹ ਜ਼ਮੀਨ ਅਲਾਟ ਕਰ ਦਿੱਤੀ ਜਾਵੇ ਤਾਂ ਉਸ ਨਾਲ ਇੱਕ ਤਾਂ ਰੈਵੀਨਿਊ ਵਿੱਚ ਵਾਧਾ ਹੋਏਗਾ ਅਤੇ ਦੂਸਰਾ ਲੋਕ ਚਾਹੁੰਦੇ ਹਨ ਕਿ ਸਾਡੇ ਹੱਥ ਵਿੱਚ ਜ਼ਮੀਨ ਦੀ ਰਜਿਸਟਰੀ ਹੋਵੇ ਤਾਂ ਕਿ ਉਹ ਆਪਣੀ ਮਰਜ਼ੀ ਮੁਤਾਬਿਕ ਬੈਂਕ ਤੋਂ ਲੋਨ ਲੈ ਸਕਣ ਜਾਂ ਬੈਂਕ ਤੋਂ ਲੋਨ ਲੈ ਕੇ ਆਪਣਾ ਕੋਈ ਰੋਜ਼ਗਾਰ ਕਰ ਸਕਣ । ਜਿਹੜੇ ਲੋਕਾਂ ਨੇ ਆਪਣੇ ਪੱਕੇ ਮਕਾਨ ਬਣਾ ਲਏ ਹਨ ਉਨ੍ਹਾਂ ਨੂੰ ਉਥੋਂ ਉਠਾਇਆ ਤਾਂ ਨਹੀਂ ਜਾ ਸਕਦਾ ।

**ਮਾਨਯੋਗ ਸਪੀਕਰ :** ਤੁਸੀਂ ਟਾਈਮ ਦਾ ਵੀ ਖਿਆਲ ਰੱਖੋ ।

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ :** ਮੈਂ ਸਪੀਕਰ ਸਾਹਿਬ, 10 ਮਿੰਟ ਹੋਰ ਲਵਾਂਗਾ । ਜ਼ਿਆਦਾ ਟਾਈਮ ਨਹੀਂ ਲਵਾਂਗਾ ।

**ਮਾਨਯੋਗ ਸਪੀਕਰ :** 10 ਮਿੰਟ ਨਹੀਂ ਜੀ ।

**ਮੁੱਖ ਸੰਸਦੀ ਸਕੱਤਰ, ਖੇਤੀਬਾੜੀ :** ਸਪੀਕਰ ਸਾਹਿਬ, ਅੰਤ ਵਿੱਚ ਮੈਂ ਦੋ ਗੱਲਾਂ ਹੋਰ ਕਰਨੀਆਂ ਚਾਹੁੰਦਾ ਹਾਂ । ਇਹ ਕਰਨੀਆਂ ਬਹੁਤ ਜ਼ਰੂਰੀ ਹਨ । ਸਪੀਕਰ ਸਾਹਿਬ, ਜਿੱਥੇ ਸਾਡੇ ਦੇਸ਼ ਦੇ ਵਿੱਚ ਸਾਨੂੰ ਅੰਨਦਾਤਾ ਪੰਜਾਬ ਨੂੰ ਕਿਹਾ ਜਾਂਦਾ ਹੈ ਔਰ ਬਾਦਲ ਸਾਹਿਬ ਦੀ ਮਿਹਰਬਾਨੀ ਕਰਕੇ ਸਾਡੇ ਕਈ ਫੋਕਲ ਪੁਆਇੰਟ ਬਣੇ ਹਨ, ਮੰਡੀਆਂ ਬਣੀਆਂ ਹਨ, ਇਨ੍ਹਾਂ ਵਿੱਚ ਕਾਫੀ ਵਾਧਾ ਹੋਇਆ ਹੈ । ਜਿਸ ਏਰੀਆ ਵਿੱਚ ਪੈਡੀ ਤੇ ਕਣਕ ਹੈ ਉਥੇ ਥਾਂ-ਥਾਂ ਤੇ ਮੰਡੀਆਂ ਹਨ, ਲੇਕਿਨ ਅੱਜ ਵੀ ਇਹ ਘੱਟ ਹਨ । ਮੰਡੀਆਂ ਨੂੰ ਵੱਡਾ ਕਰਨ ਦੀ ਲੋੜ ਹੈ। ਮੈਂ ਚਾਹੁੰਦਾ ਹਾਂ ਕਿ ਜਿਹੜੀਆਂ ਇਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਦੀਆਂ ਮੰਡੀਆਂ ਹਨ, ਉਨ੍ਹਾਂ ਨੂੰ ਵੀ ਦੇਖਿਆ ਜਾਵੇ, ਵਾਚਿਆ ਜਾਵੇ ਔਰ ਦੇਖ ਕੇ ਜਿਥੇ ਜ਼ਰੂਰਤ ਹੈ ਉਨ੍ਹਾਂ ਨੂੰ ਵੱਡਾ ਕੀਤਾ ਜਾਵੇ । ਮੈਂ ਆਪਣੇ ਹਲਕੇ ਦੀ ਗੱਲ ਕਰ ਰਿਹਾ ਹਾਂ ਕਿਉਂਕਿ ਪੰਜਾਬ ਵਿੱਚ ਸਭ ਤੋਂ ਵੱਧ ਅਤੇ ਵੱਡੀ ਰਾਈਸ ਮਿੱਲ, ਜਲਾਲਾਬਾਦ ਵਿੱਚ ਹੈ ਔਰ ਹੋਰ ਵੀ ਇਸ ਨੂੰ ਵਧਾਉਣ ਦੀ ਲੋੜ ਹੈ । ਸਪੀਕਰ ਸਾਹਿਬ, ਪਿਛਲੇ ਸਮੇਂ ਦੌਰਾਨ ਇੱਕ ਮੈਂ ਬੇਨਤੀ ਕੀਤੀ ਸੀ ਕਿ ਜਿਹੜਾ ਸਾਡਾ ਫਿਰੋਜ਼ਪੁਰ ਜ਼ਿਲ੍ਹਾ ਹੈ ਇਹ ਬਹੁਤ ਲੰਮਾ ਚੌੜਾ ਜ਼ਿਲ੍ਹਾ ਹੈ । ਇਹ 150 ਕਿਲੋਮੀਟਰ ਲੰਮਾ ਹੈ । ਫਰੀਦਕੋਟ ਜ਼ਿਲ੍ਹਾ ਸੀ, ਉਹ ਵੀ ਬਾਰਡਰ ਦਾ ਜ਼ਿਲ੍ਹਾ ਸੀ ਉਸ ਦੇ ਤਿੰਨ ਜ਼ਿਲ੍ਹੇ ਬਣ ਗਏ ਹਨ । ਇਨ੍ਹਾਂ ਤਿੰਨਾਂ ਨੂੰ ਅੱਜ ਡਿਸਟ੍ਰਿਕਟ ਲੈਵਲ ਦੀਆਂ ਸਹੂਲਤਾਂ ਮਿਲਦੀਆਂ ਹਨ ਜਦੋਂ ਕਿ ਫਿਰੋਜ਼ਪੁਰ ਜਿਹੜਾ ਕਿ ਬਹੁਤ ਵੱਡਾ ਜ਼ਿਲ੍ਹਾ ਹੈ, ਮੈਂ ਚਾਹੁੰਦਾ ਹਾਂ ਕਿ ਇਸ ਨੂੰ ਵੀ ਦੋ ਜ਼ਿਲ੍ਹਿਆਂ ਦੇ ਵਿੱਚ ਵੰਡਿਆ ਜਾਵੇ । ਪੰਜਾਬ ਦੇ ਵਿੱਚ ਪਹਿਲਾਂ 20 ਜ਼ਿਲ੍ਹੇ ਹਨ । ਅਸੀਂ ਚਾਹੁੰਦੇ ਹਾਂ ਕਿ ਲਾਅ ਐਂਡ ਆਰਡਰ ਨੂੰ ਠੀਕ ਰੱਖਣ ਵਾਸਤੇ ਸਾਡੇ ਜ਼ਿਲ੍ਹੇ ਦੇ ਵੀ ਦੋ ਜ਼ਿਲ੍ਹੇ ਬਣਾ ਦਿੱਤੇ ਜਾਣ ਜਿਸ ਬਾਰੇ ਅਸੀਂ ਲੰਮੇ ਸਮੇਂ ਤੋਂ ਮੰਗ ਕਰਦੇ ਆ ਰਹੇ ਹਾਂ । ਫਾਜ਼ਿਲਕਾ ਬੜੀ ਪੁਰਾਣੀ ਸਬ-ਡਵੀਜ਼ਨ ਹੈ । ਮੇਰੀ ਬੇਨਤੀ ਹੈ ਕਿ ਲੋਕਾਂ ਦੀ ਸਹੂਲਤ ਲਈ ਅਜਿਹਾ ਕਰ ਦੇਣਾ ਚਾਹੀਦਾ ਹੈ । ਗੰਗਾ ਨਗਰ ਤੋਂ ਫਾਜ਼ਿਲਕਾ ਜੇ ਕਿਸੇ ਨੇ ਆਪਣੀ ਤਰੀਕ ਤੇ ਆਉਣਾ ਹੋਵੇ ਤਾਂ ਉਸ ਨੂੰ ਇੱਕ ਦਿਨ ਪਹਿਲਾਂ ਆਉਣਾ ਪੈਂਦਾ ਹੈ ਜੋ ਕਿ ਬਹੁਤ ਹੀ ਮੁਸ਼ਕਲ ਹੈ। ਤੀਜੇ ਦਿਨ ਉਹ ਵਾਪਸ ਘਰ ਪਹੁੰਚਦਾ ਹੈ । ਇਹ ਸਾਡੇ ਹਲਕੇ ਦੀ ਮੰਗ ਹੈ ਅਤੇ ਇਸ ਨੂੰ ਪੂਰਾ ਕੀਤਾ ਜਾਵੇ । ਇਸੇ ਤਰ੍ਹਾਂ ਸਪੀਕਰ ਸਾਹਿਬ, ਬਾਰਡਰ ਦੇ ਇਲਾਕੇ ਵਿੱਚ ਹੀ ਨਹੀਂ ਬਲਕਿ ਸਾਰੇ ਪੰਜਾਬ ਵਿੱਚ ਹੀ ਜ਼ਰੂਰਤ ਹੈ ਕਿ ਇੰਪਲਾਇਮੈਂਟ ਵਿੱਚ ਵਾਧਾ ਹੋਵੇ। ਅੱਜ ਲੋੜ ਹੈ ਕਿ ਇਥੇ ਇੰਡਸਟਰੀ ਲਗਾਈ ਜਾਵੇ । ਜਿਵੇਂ ਕਿ ਪਿਛਲੇ ਪੰਜ ਸਾਲਾਂ ਵਿੱਚ ਕੋਈ ਵੀ ਇੰਡਸਟਰੀ ਇਥੇ ਨਹੀਂ ਲੱਗੀ । ਇਸ ਤੋਂ ਇਲਾਵਾ ਜਿਹੜੀ ਚਾਲੂ ਹੋਣੀ ਸੀ ਉਹ ਵੀ ਬੰਦ ਕਰ ਦਿੱਤੀ ਜਿਹੜੀ ਕਿ ਹੁਣ ਬਾਦਲ ਸਾਹਿਬ ਚਾਲੂ ਕਰਵਾ ਰਹੇ ਹਨ ਅਤੇ ਉਨ੍ਹਾਂ ਨੇ ਵਧਾਈ ਵੀ ਦਿੱਤੀ ਹੈ । ਪੰਜਾਬ ਵਿੱਚ ਇੰਪਲਾਇਮੈਂਟ ਵਾਸਤੇ ਜ਼ਰੂਰਤ ਹੈ ਕਿ ਨਵੀਂ ਇੰਡਸਟਰੀ ਲਿਆਂਦੀ ਜਾਵੇ ਇਸ ਦੇ ਵਾਸਤੇ ਦੂਸਰੇ ਰਾਜਾਂ ਦੇ ਮੁਕਾਬਲੇ ਉਨ੍ਹਾਂ ਨੂੰ ਸਬਸਿਡੀ ਅਤੇ ਬਿਜਲੀ ਪਹਿਲ ਦੇ ਆਧਾਰ ਤੇ ਮਿਲਣੀ ਚਾਹੀਦੀ ਹੈ ਤਾਂ ਜੋ ਇੰਡਸਟਰੀ ਵੱਧ ਤੋਂ ਵੱਧ ਲੱਗ ਸਕੇ । ਇਸ ਨਾਲ ਸਾਡਾ ਜਿਹੜਾ ਮਜ਼ਦੂਰ ਤਬਕਾ ਹੈ, ਛੋਟਾ ਤਬਕਾ ਹੈ,ਉਸ ਨੂੰ ਵੱਧ ਇੰਪਲਾਇਮੈਂਟ ਮਿਲੇਗੀ । ਪਿਛਲੇ ਸਮੇਂ ਦੌਰਾਨ ਜਿਹੜੇ ਬਾਰਡਰ ਏਰੀਏ ਵਿੱਚ ਫੋਕਲ ਪੁਆਇੰਟ ਲਗਾਏ ਸਨ, ਉਨ੍ਹਾਂ ਨੂੰ ਜ਼ਰੂਰ ਸਬਸਿਡੀ ਦਿੱਤੀ ਜਾਵੇ ਤਾਂ ਕਿ ਬਾਰਡਰ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਦਾ ਕੁਝ ਵਿਕਾਸ ਹੋ ਸਕੇ । (ਘੰਟੀ) ਸਪੀਕਰ ਸਾਹਿਬ, ਜਿਥੇ ਮੈਂ ਸਮੇਂ ਦੇ ਮੁਤਾਬਿਕ ਵੇਖ ਰਿਹਾ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਖੇਤੀਬਾੜੀ]
ਹਾਂ ਕਿ ਤੁਸੀਂ ਵਾਰ-ਵਾਰ ਕਹਿ ਰਹੇ ਹੋ, ਮੈਂ ਕਹਿੰਦਾ ਹਾਂ ਕਿ ਸਰਦਾਰ ਮਨਪ੍ਰੀਤ ਸਿੰਘ ਜੀ ਜਿਹੜੀ ਸੋਚ ਅਤੇ ਸੂਝਬੂਝ ਨਾਲ ਬਜਟ ਲਿਆਏ ਹਨ, ਉਸ ਦੇ ਨਾਲ ਸਾਰੇ ਲੋਕਾਂ ਨੂੰ ਰਾਹਤ ਮਿਲੇਗੀ, ਮੈਂ ਸਮਝਦਾ ਹਾਂ ਕਿ ਇਸ ਬਜਟ ਨੂੰ ਇੰਨਬਿੰਨ ਪਾਸ ਕਰਨਾ ਚਾਹੀਦਾ ਹੈ । ਜਿਹੜੀਆਂ ਕੋਈ ਛੋਟੀਆਂ-ਮੋਟੀਆਂ ਕਮੀਆਂ ਰਹਿ ਗਈਆਂ ਹਨ, ਉਨ੍ਹਾਂ ਉਤੇ ਵੀ ਦੁਬਾਰਾ ਵਿਚਾਰ ਕਰਕੇ, ਉਨ੍ਹਾਂ ਨੂੰ ਦੂਰ ਕੀਤਾ ਜਾਵੇ ।

ਮਾਨਯੋਗ ਸਪੀਕਰ : ਅਗਲੀ ਆਈਟਮ ਤੋਂ ਪਹਿਲਾਂ ਮੈਂ ਹਾਊਸ ਨੂੰ ਸੂਚਿਤ ਕਰ ਦੇਵਾਂ ਕਿ ਅੱਜ ਦਾ ਟਰੈਜ਼ਰੀ ਬੈਂਚਿਜ਼ ਦਾ ਟਾਈਮ 2 ਘੰਟੇ 53 ਮਿੰਟ ਹੈ ਜਿਸ ਵਿੱਚੋਂ ਸਰਦਾਰ ਸ਼ੇਰ ਸਿੰਘ ਘੁਬਾਇਆ ਜੀ ਬੋਲ ਚੁੱਕੇ ਹਨ । ਕਾਂਗਰਸ ਦਾ ਟਾਈਮ 1 ਘੰਟਾ 28 ਮਿੰਟ ਰਹਿੰਦਾ ਹੈ, ਬੀ.ਜੇ.ਪੀ. ਦਾ 1 ਘੰਟਾ 29 ਮਿੰਟ ਅਤੇ ਇੰਡੀਪੈਂਡੈਂਟ ਦਾ ਸਮਾਂ 13 ਮਿੰਟ ਦਾ ਹੈ । ਹੁਣ ਲੀਡਰ ਆਫ ਦਿ ਆਪੋਜ਼ੀਸ਼ਨ ਜਿਹੜੇ ਕਿ ਅੱਜ ਹੀ ਆਪਣਾ ਭਾਸ਼ਣ ਦੇਣਾ ਚਾਹੁੰਦੇ ਹਨ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਨੂੰ ਬੋਲਣ ਵਸਤੇ ਕਹਿੰਦਾ ਹਾਂ । (ਆਪੋਜ਼ੀਸ਼ਨ ਵੱਲੋਂ ਥੰਪਿੰਗ)

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਮੈਂ ਇਸ ਬਜਟ ਤੇ ਬੋਲਣ ਤੋਂ ਪਹਿਲਾਂ ਜੋ ਲੀਡਰ ਆਫ ਦਿ ਹਾਊਸ ਨੇ ਸਟੇਟਮੈਂਟ ਦਿੱਤੀ ਹੈ, ਉਸ ਦੀ ਪੂਰੀ ਤਰ੍ਹਾਂ ਮੁਖਾਲਫਤ ਕਰਦੀ ਹਾਂ ਅਤੇ ਇਸ ਦਾ ਵਿਰੋਧ ਕਰਦੀ ਹਾਂ । ਅਗਰ ਇਸੇ ਤਰ੍ਹਾਂ 32 ਸਾਲਾਂ ਬਾਅਦ ਅੱਜ ਜਿਹੜੇ ਜ਼ਖਮ ਉਧੇੜੇ ਹਨ, ਜਿਸ ਦੀ ਕਿ ਅੱਜ ਲੋੜ ਹੀ ਨਹੀਂ ਸੀ ਜੇਕਰ ਇਸ ਤਰ੍ਹਾਂ ਹੀ ਕਰਨਾ ਸੀ ਤਾਂ 22-25 ਸਾਲ ਪਹਿਲਾਂ ਜਿਹੜਾ ਅੱਤਵਾਦ ਫੈਲਿਆ, ਉਸ ਉਤੇ ਵੀ ਸਟੇਟਮੈਂਟ ਲੈ ਆਉਂਦੇ । ਅੱਜ ਕਲ੍ਹ ਦੇ ਹਾਲਾਤ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਕਰਨਾ ਜਿਸ ਨਾਲ ਪੁਰਾਣੇ ਜ਼ਖਮ ਉਧੇੜੇ ਜਾਣ, ਜਿਹੜੀ ਅੱਜ ਦੇ ਮੌਕੇ ਤੇ ਇਹ ਗੱਲ ਹੋਈ ਹੈ, ਮੈਂ ਉਸ ਦਾ ਵਿਰੋਧ ਕਰਦੀ ਹਾਂ । ਦੂਸਰੀ ਚੀਜ਼, ਸਪੀਕਰ ਸਾਹਿਬ, ਮੈਂ ਜਿਸ ਵਕਤ ਬਜਟ ਪੜ੍ਹਿਆ ਤਾਂ ਮੈਨੂੰ ਪੂਰੀ ਆਸ ਸੀ ਕਿ ਇਹ ਇੱਕ ਬਹੁਤ ਹੀ ਕਾਬਲ ਤੇ ਪੜ੍ਹੇ-ਲਿਖੇ ਨੌਜਵਾਨ ਤੇ 21ਵੀਂ ਸਦੀ ਦੀ ਸੋਚ ਵਾਲਾ ਵਿਅਕਤੀ ਬਜਟ ਲੈ ਕੇ ਆ ਰਿਹਾ ਹੈ ਜਿਹੜਾ ਕਿ ਕਾਫੀ ਅਗਾਂਹਵਧੂ ਅਤੇ ਪਾਜ਼ੇਟਿਵ ਬਜਟ ਲੈ ਕੇ ਆਵੇਗਾ । ਬਜਟ ਨੂੰ ਬੜਾ ਫਰੋਲਿਆ, ਬੜਾ ਦੁੱਖ ਹੋਇਆ ਅਤੇ ਇੱਕ ਅੰਦਾਜ਼ਾ ਇਹ ਵੀ ਲੱਗਿਆ ਕਿ ਕਈ ਵਾਰੀ ਵਕੀਲ ਕਮਜ਼ੋਰ ਹੁੰਦਾ ਹੈ ਅਤੇ ਕੇਸ ਤਕੜਾ ਹੁੰਦਾ ਹੈ, ਫਿਰ ਵੀ ਉਹ ਕੇਸ ਹਾਰ ਜਾਂਦਾ ਹੈ । ਕਈ ਵਾਰੀ ਕੇਸ ਕਮਜ਼ੋਰ ਹੁੰਦਾ ਹੈ ਅਤੇ ਕਾਬਲ ਤੋਂ ਕਾਬਲ ਵਕੀਲ ਵੀ ਉਸ ਵਿੱਚ ਕੁਝ ਨਹੀਂ ਕਰ ਸਕਦਾ, ਫਿਰ ਵੀ ਉਹ ਕੋਰਟ ਵਿੱਚ ਹਾਰ ਜਾਂਦਾ ਹੈ । ਸੋ ਮੈਨੂੰ ਵਕੀਲ ਤੇ ਤਾਂ ਕੋਈ ਸ਼ੱਕ ਨਹੀਂ ਹੈ ਲੇਕਿਨ ਪੰਜਾਬ ਦੇ ਆਰਥਿਕ ਹਾਲਾਤ ਮੁਤਾਬਿਕ, ਮੈਂ ਸਮਝਦੀ ਹਾਂ ਕਿ

Original with;
Punjab Vidhan Sabha
Digitized by;
Panjab Digital Library

ਇਸ ਬਜਟ ਵਿੱਚ ਕੋਈ ਵੀ ਕਲੈਰਿਟੀ ਵਾਲੀ ਗੱਲ ਨਹੀਂ ਲਿਆਂਦੀ ਗਈ । ਜਦੋਂ ਬਜਟ ਫਰੋਲਿਆ ਤਾਂ ਪਹਿਲਾਂ ਤਾਂ ਮੈਨੂੰ ਇਹ ਲੱਗਿਆ ਕਿ ਕਿਧਰੇ ਇਹ ਸਾਡੀ ਸਰਕਾਰ ਦਾ ਪਿਛਲੇ ਸਾਲ ਵਾਲਾ ਬਜਟ ਤਾਂ ਨਹੀਂ ਲੈ ਆਂਦਾ ਗਿਆ ਕਿਉਂਕਿ ਇਸ ਬਜਟ ਵਿੱਚ ਜੋ ਕੁਝ ਕਿਹਾ ਗਿਆ ਹੈ ਇਸਦੇ ਵਿੱਚ 99% ਤੋਂ ਵੱਧ ਸਾਡੇ ਸਟੇਟ ਸਰਕਾਰ ਦੇ ਸਮੇਂ ਦਾ ਜਾਂ ਭਾਰਤ ਸਰਕਾਰ ਦਾ ਲਿਆ ਗਿਆ । ਇਸ ਸਰਕਾਰ ਦੀ ਤਾਂ ਮੈਨੂੰ ਕੋਈ ਨਵੀਂ ਗਤੀਵਿਧੀ ਨਜ਼ਰ ਨਹੀਂ ਆਈ । ਬੜਾ ਭੁਲੇਖਾ ਲੱਗਿਆ ਜਦੋਂ ਮੈਂ ਉਪਰ ਸਾਲ ਦੇਖਿਆ, ਸਾਲ ਇਨ੍ਹਾਂ ਦਾ ਸੀ ਲੇਕਿਨ ਫਿਰ ਵੀ ਮੈਨੂੰ ਸ਼ੱਕ ਸੀ । ਪਰ, ਸਪੀਕਰ ਸਾਹਿਬ, ਮੇਰਾ ਸ਼ੱਕ ਉਦੋਂ ਦੂਰ ਹੋਇਆ ਜਦੋਂ ਮੈਂ ਸਾਰਾ ਬਜਟ ਫਰੋਲਿਆ ਕਿ ਕਾਂਗਰਸ ਦਾ ਬਜਟ ਨਹੀਂ ਕਾਂਗਰਸ ਵਾਲੀਆਂ ਗੱਲਾਂ ਤੇ ਮੋਹਰ ਲਾ ਕੇ ਬੀ.ਜੇ.ਪੀ. ਅਤੇ ਅਕਾਲੀ ਦਲ ਦੀ ਸਰਕਾਰ ਆਪਣਾ ਪਲੇਠੀ ਦਾ ਬਜਟ ਲੈ ਕੇ ਆਈ ਹੈ । ਉਹ ਦੋ ਗੱਲਾਂ ਕਿਹੜੀਆਂ ਹਨ, ਸਪੀਕਰ ਸਾਹਿਬ, ਇੱਕ ਤਾਂ ਸਾਡੇ ਸ਼ਾਇਰ ਵਿੱਤ ਮੰਤਰੀ ਜੀ ਇੱਕਬਾਲ ਦੇ ਸ਼ੇਅਰ ਬਹੁਤ ਪੜ੍ਹਦੇ ਹਨ, ਇਸ਼ ਬਜਟ ਵਿੱਚ ਉਹ ਮੌਜੂਦ ਸੀ ਅਤੇ ਦੂਜੀ ਗੱਲ ਗਿੱਦੜਬਾਹੇ ਦੀ ਨਸਵਾਰ ਜਿਸ ਨੂੰ ਟੈਕਸ ਤੋਂ ਛੋਟ ਦਿੱਤੀ ਗਈ ਹੈ । ਵਿੱਤ ਮੰਤਰੀ ਜੀ ਇਹ ਕੋਈ ਖਾਸ ਨਸਵਾਰ ਹੈ ਗਿੱਦੜਬਾਹੇ ਦੀ ਜਿਸ ਨੂੰ ਇਹ ਲੈ ਕੇ ਆਏ ਹਨ । ਸਪੀਕਰ ਸਾਹਿਬ, ਇਹ ਸਿੱਖਾਂ ਦੀ ਸਰਕਾਰ, ਅਕਾਲੀ ਦਲ ਦੀ ਸਰਕਾਰ ਹੁੰਦੇ ਹੋਏ ਕਦੇ ਤੰਬਾਕੂ ਦੀ ਗੱਲ ਕਰਦੇ ਹਨ ਅਤੇ ਕਦੇ ਗਿੱਦੜਬਾਹੇ ਦੀ ਨਸਵਾਰ ਦੀ ਗੱਲ ਕਰਦੇ ਹਨ । ਸਪੀਕਰ ਸਾਹਿਬ, ਅਸੀਂ ਨਸ਼ਿਆਂ ਦੇ ਖਿਲਾਫ ਹਾਂ, ਮੈਨੂੰ ਤਾਂ ਡਰ ਹੈ ਕਿ ਬਾਹਰੋਂ ਜੇ ਜਥੇਦਾਰ ਆ ਗਿਆ ਤਾਂ ਕਦੇ ਤੁਹਾਡਾ ਸਨਮਾਨ ਨਾ ਕਰ ਦੇਵੇ ? ਸਾਡੇ ਪੰਜਾਬੀ ਕਿੱਡੀਆਂ-ਕਿੱਡੀਆਂ ਚੌੜੀਆਂ ਛਾਤੀਆਂ ਵਾਲੇ ਅਤੇ ਚੂਰੀਆਂ ਖਾਣ ਵਾਲੇ ਸੀ ਪਰ ਇਹ ਹੁਣ ਪੰਜਾਬੀਆਂ ਲਈ ਗਿੱਦੜਬਾਹੇ ਦੀ ਨਸਵਾਰ ਲੈ ਕੇ ਆਏ ਹਨ । ਇਸ ਬਜਟ ਨੂੰ ਧਿਆਨ ਨਾਲ ਦੇਖੀਏ ਤਾਂ ਇਹ ਗਿੱਦੜਬਾਹੇ ਦੀ ਨਸਵਾਰ ਨਾਲ ਹੀ ਜੁੜਿਆ ਹੋਇਆ ਹੈ । ਦੂਜੀ ਕਮਜ਼ੋਰ ਕੇਸ ਦੀ ਗੱਲ ਮੈਂ ਦੱਸਦੀ ਹਾਂ ਕਿ 1960 ਦੇ ਅਖੀਰ ਵਿੱਚ ਸਾਡਾ ਪੰਜਾਬ ਬੜਾ ਅੱਛੇ ਹਰੇ ਇਨਕਲਾਬ ਵੱਲ ਵੱਧ ਰਿਹਾ ਪੰਜਾਬ ਸੀ ਅਤੇ ਪੰਜਾਬ ਅਨਾਜ ਨਾਲ ਦੇਸ਼ ਦੀ ਜਨਤਾ ਦਾ ਢਿੱਡ ਭਰਦਾ ਸੀ ਅਤੇ ਉਸ ਵੇਲੇ ਪੰਜਾਬ ਪੰਜਵੇਂ ਨੰਬਰ 'ਤੇ ਸੀ, ਬੜੇ ਉੱਚੇ ਸੁੱਚੇ ਲੋਕ, ਪੰਜਾਬੀ ਮਿਹਨਤ ਕਰਦੇ ਸਨ ਅਤੇ ਗੌਰਵ ਨਾਲ ਜਿਉਂਦੇ ਸਨ ਲੇਕਿਨ ਸਾਡੇ ਉਸ ਵਕਤ ਦੇ ਲੀਡਰ ਸਾਡੇ ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਸਤਿਕਾਰਯੋਗ ਸਰਦਾਰ ਪ੍ਰਤਾਪ ਸਿੰਘ ਕੈਰੋਂ, ਸਾਡੇ ਮਾਨਯੋਗ ਮਨਿਸਟਰ ਬੈਠੇ ਨਹੀਂ ਹਨ, ਉਨ੍ਹਾਂ ਦੇ ਦਾਦਾ ਜੀ, ਬਹੁਤ ਹੀ ਚੰਗੀ ਸੋਚ ਰੱਖਦੇ ਸਨ । ਉਨ੍ਹਾਂ ਨੇ ਉਸ ਵੇਲੇ ਪੰਜਾਬ ਅੱਗੇ ਵਧਾਉਣ ਬਾਰੇ ਮਹਾਂ ਪੰਜਾਬ ਦੀ ਗੱਲ ਕੀਤੀ ਸੀ । ਮੈਨੂੰ ਉਨ੍ਹਾਂ ਦੀ ਕਾਰਜ ਵਿਧੀ ਤੇ ਬਹੁਤ ਮਾਣ ਰਿਹਾ ਹੈ ਅਤੇ ਅੱਜ ਵੀ ਹੈ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਕਿਉਂਕਿ ਉਨ੍ਹਾਂ ਨੇ ਪੰਜਾਬ ਦੀ ਆਰਥਿਕਤਾ ਮਜ਼ਬੂਤ ਕਰਨ ਲਈ ਬਹੁਤ ਯੋਗਦਾਨ ਪਾਇਆ । ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਭਾਖੜਾ ਡੈਮ ਅਤੇ ਇਹ ਹਾਊਸ ਵੀ ਉਨ੍ਹਾਂ ਦੀ ਮਿਹਰਬਾਨੀ ਨਾਲ ਹੀ ਬਣਿਆ ਹੈ । ਇਹ ਸਾਰੀਆਂ ਗੱਲਾਂ ਮਹਾਂ-ਪੰਜਾਬ ਦੀਆਂ ਗੱਲਾਂ ਦੇ ਨਾਲ ਲਿੰਕਡ ਸਨ ਲੇਕਿਨ ਮਹਾਂ-ਪੰਜਾਬ ਦੀ ਗੱਲ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਦੇ ਨਾਲ ਹੀ ਦਬ ਕੇ ਰਹਿ ਗਈ । ਪੰਜਾਬ ਕਿਉਂ ਥੱਲੇ ਆਇਆ ਮੈਂਬਰ ਸਾਹਿਬ ਕਹਿੰਦੇ ਸੀ ਕਿ ਇਸਦੇ ਲਈ ਪਿੱਛੇ ਝਾਤ ਮਾਰਨੀ ਜ਼ਰੂਰੀ ਹੈ, ਵਾਕਿਆ ਹੀ ਜ਼ਰੂਰੀ ਹੈ । ਇਸਦੇ ਬਾਅਦ ਪੰਜਾਬੀ ਸੂਬੇ ਦੇ ਮੋਰਚੇ ਦਾ ਐਲਾਨ ਕੀਤਾ ਗਿਆ । ਇਹ ਸਾਹਮਣੇ ਬੈਠੇ ਅਕਾਲੀ ਦਲ ਵਾਲੇ ਭਰਾ, ਮੈਨੂੰ ਪਤਾ ਨਹੀਂ ਕਿ ਬੀ.ਜੇ.ਪੀ. ਵਾਲੇ ਵੀ ਇਨ੍ਹਾਂ ਦੇ ਨਾਲ ਸਨ ਜਾਂ ਨਹੀਂ ।

**ਟਰਾਂਸਪੋਰਟ ਮੰਤਰੀ** (ਮਾਸਟਰ ਮੋਹਨ ਲਾਲ) (ਬੈਠੇ-ਬੈਠੇ) : ਅਸੀਂ ਹਮੇਸ਼ਾਂ ਇਨ੍ਹਾਂ ਦੇ ਨਾਲ ਰਹੇ ਹਾਂ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਤੁਹਾਨੂੰ ਜ਼ਿਆਦਾ ਪਤਾ ਹੋਵੇਗਾ ਪਰ ਉਦੋਂ ਤਾਂ ਇਹ ਕਹਿੰਦੇ ਸੀ :

ਧੋਤੀ, ਟੋਪੀ, ਜਮਨਾ ਪਾਰ

ਤੁਸੀਂ ਕਹਿੰਦੇ ਸੀ ਕਿ : ਧੱਕ ਦਿਆਂਗੇ ਪਾਕਿਸਤਾਨ ।

ਲੇਕਿਨ ਇਨ੍ਹਾਂ ਨੇ ਪੰਜਾਬੀ ਸੂਬੇ ਦਾ ਮੋਰਚਾ ਲਗਾਇਆ । ਸਾਰਿਆਂ ਨੇ ਸੋਚਿਆ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਮਹਾਂ-ਪੰਜਾਬ ਦੀ ਮੰਗ ਕਰਦੇ ਰਹੇ ਹਨ ਅਤੇ ਇਹ ਅਕਾਲੀ ਦਲ ਵਾਲੇ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਨਗੇ, ਸਿੱਖਾਂ ਦੇ ਹੱਕਾਂ ਦੀ ਗੱਲ ਕਰਨਗੇ ।

**ਟਰਾਂਸਪੋਰਟ ਮੰਤਰੀ** : ਮੇਰੀ ਮੋਹਤਰਮਾ ਭੈਣ ਨੇ ਇਹ ਗੱਲ ਕੀਤੀ ਹੈ ਕਿ ਸੀ.ਐਮ. ਸਾਹਿਬ ਨੇ ਜਿਹੜਾ ਮਤਾ ਲਿਆਂਦਾ ਔਰ ਇਹ ਜਿਹੜੀਆਂ ਗੱਲਾਂ ਸ਼ੁਰੂ ਕੀਤੀਆਂ ਹਨ, ਇਹ ਨਹੀਂ ਕਰਨੀਆਂ ਚਾਹੀਦੀਆਂ। ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ, ਇਸ ਤੇ ਗੱਲ ਕਰਨੀ ਚਾਹੀਦੀ ਹੈ । ਇਹ ਪੰਜਾਬੀ ਸੂਬੇ ਨੂੰ ਲੈ ਕੇ ਬੈਠ ਗਏ ਹਨ । ਪੰਜਾਹ ਸਾਲ ਪੁਰਾਣੀਆਂ ਗੱਲਾਂ ਕਰ ਰਹੇ ਹਨ । ਸਾਨੂੰ ਕਹਿੰਦੇ ਸਨ ਕਿ ਇਹ ਮਤਾ 32 ਸਾਲ ਪੁਰਾਣਾ ਹੈ । ਅਸੀਂ ਰੈਜ਼ੋਲਿਊਸ਼ਨ ਇਸ ਕਰਕੇ ਲੈ ਕੇ ਆਏ ਸੀ ਕਿ ਆਉਣ ਵਾਲੀਆਂ ਨਸਲਾਂ ਉਸ ਸਾਏ ਥੱਲੇ ਨਾ ਜਾਣ ਔਰ ਦੇਸ਼ ਨੂੰ ਫਿਰ ਐਮਰਜੈਂਸੀ ਵਰਗੇ ਹਾਲਾਤ ਨਾ ਦੇਖਣੇ ਪੈਣ, ਗੁਲਾਮੀ ਦੇ ਹਾਲਾਤ ਨਾ ਦੇਖਣੇ ਪੈਣ । ਸਪੀਕਰ ਸਾਹਿਬ, ਇਹ ਸਾਜ਼ਸ਼ਾਂ ਨਹੀਂ ਰਚੀਆਂ ਜਾਣ ਦਿੱਤੀਆਂ ਜਾਣਗੀਆਂ । ਅਸੀਂ ਇਹ ਮਤਾ ਤਾਂ

Original with;
Punjab Vidhan Sabha
Digitized by;
Panjab Digital Library

ਰੱਖਿਆ ਸੀ ਕਿ ਦੇਸ਼ ਨੂੰ ਫਿਰ ਉਹ ਹਾਲਾਤ ਨਾ ਦੇਖਣੇ ਪੈਣ । ਤੁਸੀਂ ਉਸ ਨੂੰ ਕੰਡੈਮ ਕੀਤਾ ਹੈ । ਤੁਸੀਂ ਰੈਜ਼ੋਲਿਊਸ਼ਨ ਮੂਵ ਕਰੋ ਕਿ ਆਉਣ ਵਾਲੇ ਸਮੇਂ ਵਿੱਚ ਹਿੰਦੁਸਤਾਨ ਵਿੱਚ ਐਮਰਜੈਂਸੀ ਲਗਾ ਕੇ ਦੇਸ਼ ਦੀ ਲੋਕਤੰਤਰਸ਼ਾਹੀ ਨੂੰ ਆਪਣੇ ਪੈਰ੍ਹਾਂ ਥੱਲੇ ਨਹੀਂ ਰੌਂਧਣ ਦਿੱਤਾ ਜਾਵੇਗਾ । ਤੁਸੀਂ ਦੱਬੇ ਮੁਰਦੇ ਉਖਾੜ ਰਹੇ ਹੋ । ਪੰਜਾਬ ਦੇ ਹਾਲਾਤ ਖਰਾਬ ਕਰਨਾ ਚਾਹੁੰਦੇ ਹੋ.................।

**ਮਾਨਯੋਗ ਸਪੀਕਰ** : ਮਾਸਟਰ ਮੋਹਨ ਲਾਲ ਜੀ, ਬੈਠ ਜਾਓ । ਬੀਬੀ ਜੀ, ਤੁਸੀਂ ਕਾਂਟੀਨਿਊ ਕਰੋ ।

**ਟਰਾਂਸਪੋਰਟ ਮੰਤਰੀ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਬੀਬੀ ਜੀ ਬਜਟ ਤੇ ਬੋਲਣ ਤੇ ਸਿਰਫ ਬਜਟ ਤੇ ਗੱਲ ਕਰਨ । ਪੁਰਾਣੀਆਂ ਗੱਲਾਂ ਨਾ ਉਖਾੜਨ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਇਥੇ ਮਾਸਟਰ ਨਹੀਂ ਹਨ । ਬਾਹਰ ਮਾਸਟਰ ਹੋ ਸਕਦੇ ਹਨ । ਤੁਹਾਡਾ ਹੁਕਮ ਮੰਨਣਾ ਮੇਰੇ ਲਈ ਜ਼ਰੂਰੀ ਨਹੀਂ । ਸਪੀਕਰ ਸਾਹਿਬ, ਮੁੱਖ ਮੰਤਰੀ ਜੀ, ਲੀਡਰ ਆਫ ਦਿ ਹਾਊਸ ਨੇ 32 ਸਾਲ ਪੁਰਾਣਾ ਮੁੱਦਾ ਉਠਾਇਆ ਹੈ ਤੇ ਫਿਰ ਅਸੀਂ 25 ਸਾਲ ਪੁਰਾਣਾ ਮੁੱਦਾ ਕਿਉਂ ਨਹੀਂ ਉਠਾ ਸਕਦੇ। ਨਾਲ ਹੀ ਇਹ ਮਤਾ ਨਹੀਂ, ਇਹ ਸਟੇਟਮੈਂਟ ਹੈ ।

ਸਪੀਕਰ ਸਾਹਿਬ, ਉਸ ਵੇਲੇ ਮੁੱਦਾ ਉਠਿਆ । ਸਾਰੇ ਪੰਜਾਬ ਦੇ ਲੋਕ ਹੁੰਮ-ਹੁੰਮਾ ਕੇ ਗਏ । ਅਸੀਂ ਵੀ ਗਏ । ਮੈਨੂੰ ਯਾਦ ਹੈ ਕਿ ਤਿੰਨ ਮੇਰੀਆਂ ਸਿਸਟਰਸ ਆਪਣੇ ਪੇਰੈਂਟਸ ਨਾਲ ਗਈਆਂ ਕਿਉਂਕਿ ਪੰਜਾਬ ਵਾਸਤੇ, ਪੰਜਾਬ ਦੇ ਹੱਕ ਵਾਸਤੇ ਹੀਰਾ ਸਿੰਘ ਭੱਠਲ ਨੇ ਹਮੇਸ਼ਾਂ ਪਹਿਲੇ ਨੰਬਰ 'ਤੇ ਲੜਾਈ ਲੜੀ। (ਥੰਪਿੰਗ) ਭਾਵੇਂ ਕਈ ਵਾਰੀ ਸਾਨੂੰ ਆਪਣੀ ਪਾਰਟੀ ਦੇ ਖਿਲਾਫ ਵੀ ਲੜਨਾ ਪਿਆ । ਅਸੀਂ ਮੋਰਚੇ ਸਮੇਂ ਜੇਲ੍ਹ ਵਿੱਚ ਗਏ। ਮੇਰੇ ਭਰਾ ਬੈਠੇ ਹਨ । ਤੁਸੀਂ ਵੀ ਮੋਰਚੇ ਸਮੇਂ ਗਏ । ਪੰਦਰਾਂ ਦਿਨਾਂ ਦਾ ਮੋਰਚਾ ਸੀ । ਉਸ ਦਾ ਨਾਂ ਨਹੀਂ ਸੀ ਰੱਖਿਆ । ਜਦੋਂ ਨਾਂ ਪੁੱਛਿਆ ਤੇ ਜੇਲ੍ਹ ਵਾਲੇ ਕਹਿੰਦੇ ਕਿ ਇਸ ਦਾ ਨਾਂ ਸੂਬਾ ਸਿੰਘ ਮੋਰਚਾ ਰੱਖ ਦਿੰਦੇ ਹਾਂ । ਇਹ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿੱਚ ਵੀ ਹੈ । ਸਾਰੇ ਇਸ ਭਾਵਨਾ ਨਾਲ ਗਏ ਸੀ ਕਿ ਸ਼ਾਇਦ ਸਰਦਾਰ ਪ੍ਰਤਾਪ ਸਿੰਘ ਕੈਰੋਂ ਵੇਲੇ ਮਹਾਂ-ਪੰਜਾਬ ਬਣ ਜਾਵੇਗਾ । ਸਾਰਿਆਂ ਨੇ ਹੁੰਮ-ਹੁੰਮਾ ਕੇ ਪੰਜਾਬ ਲਈ ਯੋਗਦਾਨ ਪਾਇਆ ਲੇਕਿਨ ਦੁੱਖ, ਅਫਸੋਸ ਸਾਡੀ ਪੰਜਾਬ ਦੀ ਆਰਥਿਕਤਾ ਤੇ ਸਭ ਤੋਂ ਪਹਿਲਾਂ ਉਦੋਂ ਸੱਟ ਵੱਜੀ ਜਦੋਂ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਸੂਬਾ ਬਣਨਾ ਤਾਂ ਦੂਰ, ਪੰਜਾਬੀ ਸੂਬੀ ਬਣ ਗਿਆ । ਹਿਮਾਚਲ ਤੇ ਹਰਿਆਣਾ ਵੱਖ ਹੋ ਗਏ ।

Original with;
Punjab Vidhan Sabha
Digitized by;
Panjab Digital Library

ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ) : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ । ਸਪੀਕਰ ਸਾਹਿਬ, ਹਿੰਦੁਸਤਾਨ ਵਿੱਚ ਬੋਲੀ ਦੇ ਆਧਾਰ ਤੇ ਸੂਬੇ ਬਣੇ । ਇਸੇ ਤਰ੍ਹਾਂ ਪੰਜਾਬ ਦੀ ਵੀ ਮੰਗ ਉਠੀ ਤੇ ਇਹ ਬਣਾਇਆ ਗਿਆ । ਪਰ ਇਨ੍ਹਾਂ ਦੀ ਲਹਿਰ ਨੇ ਪੰਜਾਬ ਦਾ ਨੁਕਸਾਨ ਕੀਤਾ । ਪੰਜਾਬੀ ਸੂਬਾ ਬੋਲੀ ਦੇ ਆਧਾਰ ਤੇ ਬਣਿਆ । ਇੱਕੱਲਾ ਪੰਜਾਬ ਹੀ ਨਹੀਂ, ਹਿੰਦੁਸਤਾਨ ਦੇ ਦੂਜੇ ਸੂਬੇ ਵੀ ਬਣੇ ਹਨ । ਇਹ ਪੁਰਾਣੀਆਂ ਗੱਲਾਂ ਹੀ ਕਰੀ ਜਾ ਰਹੇ ਹਨ, ਨਵੀਂ ਗੱਲ ਨਹੀਂ ਕਰ ਰਹੇ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਸੱਚੀ ਗੱਲ ਹਮੇਸ਼ਾ ਕੌੜੀ ਲਗਦੀ ਹੈ । ਇਤਿਹਾਸ ਪੰਜਾਬੀ ਜਾਣਦੇ ਹਨ । ਸਪੀਕਰ ਸਾਹਿਬ, ਇਹ ਵਾਰ-ਵਾਰ ਪੁਆਇੰਟ ਆਫ ਆਰਡਰ ਕਰਕੇ ਟਾਈਮ ਖਰਾਬ ਕਰ ਰਹੇ ਹਨ । ਮੈਂ ਟਾਈਮ ਦੇਖ ਰਹੀ ਹਾਂ। ਇਸ ਕਰਕੇ ਇਹ ਟਾਈਮ ਸਾਡੀ ਪਾਰਟੀ ਦੇ ਟਾਈਮ ਵਿੱਚ ਸ਼ਾਮਲ ਨਾ ਕੀਤਾ ਜਾਵੇ । ਸਾਡਾ ਆਪਣਾ ਟਾਈਮ ਹੈ । ਉਸ ਵਿੱਚ ਹੀ ਅਸੀਂ ਬੋਲਾਂਗੇ । ਇਹ ਕਹਿੰਦੇ ਹਨ ਕਿ ਪੰਜਾਬ ਲੰਗੜਾ ਬਣਾ ਦਿੱਤਾ । ਤੁਸੀਂ ਵੀ ਕਹਿੰਦੇ ਕਿ ਲੰਗੜਾ ਬਣਾਇਆ । ਸਪੀਕਰ ਸਾਹਿਬ, ਜਦੋਂ ਅਸੀਂ ਜਾ ਰਹੇ ਸੀ, ਪੰਜਾਬੀ ਸੂਬੇ ਵਾਸਤੇ ਤੇ ਇੱਕ ਸ਼ਬਦ ਆਇਆ ਸੀ :

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ ॥

ਸੂਰੇ ਜਿਹੜੇ ਹੁੰਦੇ ਹਨ, ਉਹ ਲੰਗੜੇ ਪੰਜਾਬ ਵਿੱਚ ਘਰ ਨਹੀਂ ਬੈਠਦੇ ਹੁੰਦੇ । ਤੁਹਾਡੇ ਸਾਹਮਣੇ ਬਾਣੀ ਵਿੱਚ ਗੱਲ ਆਈ ਹੈ । ਅਸੀਂ ਮਤਾ ਪਾਇਆ । ਅਸੀਂ ਬੈਠ ਨਹੀਂ ਸਕਦੇ । ਅਸੀਂ ਡਟ ਕੇ ਰੈਜ਼ੋਲਿਊਸ਼ਨ ਪਾ ਕੇ ਪੰਜਾਬ ਦੇ ਪਾਣੀਆਂ ਦੀ ਰਾਖੀ ਕੀਤੀ ।

**ਮਾਨਯੋਗ ਸਪੀਕਰ :** ਆਪਾਂ ਕੋਸ਼ਿਸ਼ ਕਰੀਏ ਕਿ ਇੰਟਰਪਟ ਨਾ ਕਰੀਏ ।

**ਸਰਦਾਰ ਸੋਹਣ ਸਿੰਘ ਠੰਡਲ :** ** **

**Mr. Speaker :** This is no Point of Order.

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਜ਼ਿਆਦਾ ਅੱਛੀ ਗੱਲ ਹੋਵੇ ਜੇਕਰ ਇਹ ਸਾਡਾ ਸਮਰਥਨ ਪਾਉਣ ਵਾਲੇ ਆਪਣੇ ਲੀਡਰ ਤੋਂ ਪੁੱਛ ਲੈਣ, ਜਿਨ੍ਹਾਂ ਨੇ ਸਮਰਥਨ ਕੀਤਾ ਹੈ । ਸਪੀਕਰ ਸਾਹਿਬ, ਉਸ ਵਕਤ ਸਾਡਾ ਬੜਾ ਭਾਰੀ ਨੁਕਸਾਨ ਹੋਇਆ । ਮੈਂ ਸਮਝਦੀ ਹਾਂ ਕਿ ਪੰਜਾਬੀ ਸੂਬਾ ਬਣਨ ਦੇ ਨਾਲ ਜਿਥੇ ਸਾਡਾ ਪੰਜਾਬ ਦਾ ਸੁਪਨਾ ਟੁੱਟਿਆ ਸੀ, ਉਸ ਨਾਲ ਸਾਡੀ ਆਰਥਿਕਤਾ ਨੂੰ ਵੀ ਸੱਟ ਵੱਜੀ ਹੈ। ਪੰਜਾਬੀ ਸੂਬਾ ਬਣਨ ਨਾਲ ਸਾਡੀ ਹਾਲਤ ਇਹ ਹੋ ਗਈ ਕਿ ਜਿਹੜੀ ਉਸ ਵੇਲੇ

** Expunged as ordered by the Chair.

Original with;
Punjab Vidhan Sabha
Digitized by;
Punjab Digital Library

ਦੇਸ਼ ਦਾ ਇੱਕਾਨਮੀ ਰੇਟ ਸੀ, ਉਹ 9 ਪ੍ਰਤੀਸ਼ਤ ਸੀ । ਲੇਕਿਨ ਜਦੋਂ ਵੱਖਰਾ ਸੂਬਾ ਬਣ ਗਿਆ ਤਾਂ ਫਰੀਦਾਬਾਦ ਅਤੇ ਗੁੜਗਾਓਂ ਵਰਗੇ ਬਹੁਤ ਸਾਰੇ ਏਰੀਏ ਸਾਡੇ ਵਿੱਚੋਂ ਨਿਕਲ ਗਏ । ਜਦੋਂ ਹਰਿਆਣਾ ਸਾਡੇ ਨਾਲ ਸੀ ਤਾਂ ਉਸ ਦੇ ਇਲਾਕੇ ਵੀ ਸਾਡੇ ਪੰਜਾਬ ਦੇ ਸੀ । ਸਾਡੀ ਉਸ ਵਕਤ ਇੱਕਾਨਮੀ 4.93 ਪ੍ਰਤੀਸ਼ਤ ਤੇ ਆ ਗਈ । ਇਸ ਵਿੱਚ ਵੀ ਹੋਰ ਦੁਖ ਦੀ ਗੱਲ ਹੈ ਕਿ ਅਸੀਂ ਖੇਤੀ ਪ੍ਰਧਾਨ ਸੂਬਾ ਅਖਵਾਉਂਦੇ ਹਾਂ । ਇਸ ਸੈਕਟਰ ਵਿੱਚ 1.86 ਪ੍ਰਤੀਸ਼ਤ ਸਿਰਫ ਸਾਡੇ ਕੋਲ ਰਿਹਾ । ਉਸ ਵੇਲੇ ਜਿਸ ਤਰ੍ਹਾਂ ਦਾ ਨੁਕਸਾਨ ਸਾਨੂੰ ਉਠਾਉਣਾ ਪਿਆ, ਇਹ ਸਭ ਪੰਜਾਬੀ ਸੂਬਾ ਬਣਨ ਕਰਕੇ ਉਠਾਉਣਾ ਪਿਆ । ਇਸ ਦੇ ਵਿੱਚ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਕਿੰਨਾ ਨੁਕਸਾਨ ਪੰਜਾਬ ਦੇ ਵਿੱਚ ਵੈਟ ਦਾ ਅੱਜ ਉਠਾ ਰਹੇ ਹਾਂ । ਵੈਟ ਇੱਕੱਠਾ ਕਰਨਾ ਦਾ ਪਲੈਨ ਅੱਜ 5,382 ਕਰੋੜ ਰੁਪਏ ਹੈ । ਸਾਡੇ ਵਿੱਚੋਂ ਪੇਰੈਂਟ ਬਾਡੀ ਨਿਕਲ ਗਈ । ਹਰਿਆਣੇ ਨੇ ਸਾਲ 2007-08 ਵਿੱਚ 7,832 ਕਰੋੜ ਰੁਪਿਆ ਇੱਕੱਠਾ ਕੀਤਾ ਹੈ ਪਰ ਸਾਡੇ ਪੰਜਾਬ ਵਿੱਚ 5,382 ਕਰੋੜ ਰੁਪਏ ਹਨ । ਫਰਕ ਕਿੰਨਾ ਰਹਿ ਗਿਆ । 4.93 ਪ੍ਰਤੀਸ਼ਤ ਸਾਡਾ ਹੈ ਅਤੇ 10.05 ਪ੍ਰਤੀਸ਼ਤ ਉਨ੍ਹਾਂ ਦਾ ਹੈ । ਇਹ 2,450 ਕਰੋੜ ਰੁਪਏ ਅਸੀਂ ਪਿੱਛੇ ਹਾਂ, ਘਾਟੇ ਵਿੱਚ ਜਾ ਰਹੇ ਹਾਂ । ਹਰਿਆਣਾ ਡਬਲ ਅਤੇ ਅਸੀਂ ਹਰਿਆਣੇ ਨਾਲੋਂ ਅੱਧੇ ਰਹਿ ਗਏ ਹਾਂ । ਇਹ ਇਨ੍ਹਾਂ ਦੀ ਮਿਹਰਬਾਨੀ ਹੋਈ ਕਿ ਸਾਡੇ ਵਿੱਚੋਂ ਦੋ ਹਿੱਸੇ ਪੰਜਾਬ ਦੇ ਨਿਕਲ ਕੇ ਬਾਹਰ ਚਲੇ ਗਏ । ਆਰਥਿਕਤਾ ਨੂੰ ਸੱਟ ਮਾਰਨ ਦੇ ਜ਼ਿੰਮੇਵਾਰ ਇਹ ਮੇਰੇ ਭਰਾ ਅਕਾਲੀ ਦਲ ਵਾਲੇ ਬੈਠੇ ਹਨ, ਜਿਸ ਨੂੰ ਪੰਜਾਬ ਦੇ ਲੋਕ ਕਦੇ ਨਹੀਂ ਭੁੱਲਣਗੇ । ਨਸਲਾਂ ਤੱਕ ਯਾਦ ਰੱਖਣਗੇ । ਪੰਜਾਬੀ ਦੀ ਇੱਕ ਕਹਾਵਤ ਹੈ-"ਹੱਥ ਪੁਰਾਣੇ ਖੋਸੜੇ ਬਸੰਤੇ ਹੋਰੀਂ ਆਏ" ਸਾਰੇ ਉਸ ਤਰੀਕੇ ਨਾਲ ਪੰਜਾਬ ਵਿੱਚ ਪੁਰਾਣੇ ਕੰਮ ਕਰਨ ਲੱਗੇ ਹਨ । ਇਸ ਦਾ ਕਾਰਨ ਕੀ ਸੀ ? ਕਾਰਨ ਇਹ ਸੀ ਕਿ ਦੁਬਾਰਾ ਪ੍ਰੋਟੈਸਟ ਨਹੀਂ ਕੀਤਾ, ਲੜੇ ਨਹੀਂ । ਫੈਸਲਾ ਮੰਨ ਕੇ ਬਹਿ ਗਏ । ਕਿਸੇ ਲੈਵਲ ਤੇ ਗਏ ਨਹੀਂ ਕਿਉਂਕਿ ਇਨ੍ਹਾਂ ਨੇ ਕੀ ਲੈਣਾ ਸੀ, ਇਨ੍ਹਾਂ ਨੂੰ ਤਾਂ ਕੁਰਸੀ ਚਾਹੀਦੀ ਸੀ । ਜੇ ਹਰਿਆਣਾ, ਹਿਮਾਚਲ ਜਾਂਦੇ ਸਨ ਤਾਂ ਕੁਰਸੀ ਰਹਿੰਦੀ ਸੀ । ਇਹੋ ਜਿਹੇ ਮੌਕੇ ਇਹ ਇਸੇ ਤਰ੍ਹਾਂ ਹੀ ਕਰਦੇ ਹਨ । ਅੱਤਵਾਦ ਦੇ ਸਮੇਂ ਵਿੱਚ ਵੀ ਇਹ ਇਸੇ ਤਰ੍ਹਾਂ ਕਰਦੇ ਰਹੇ ਕਿ ਕੁਰਸੀ ਕਿਸ ਤਰ੍ਹਾਂ ਮਿਲ ਸਕਦੀ ਹੈ । ਇਹ ਗੱਲ ਕਿਸਾਨੀ ਦੀ ਕਰਦੇ ਹਨ, ਸਿੱਖੀ ਦੀ ਕਰਦੇ ਹਨ, ਪੰਜਾਬ ਦੀ ਕਰਦੇ ਹਨ ਲੇਕਿਨ ਫੈਸਲਾ ਕੁਰਸੀ ਦੇ ਮੁਤਾਬਿਕ ਕਰਨਾ ਹੈ । ਇਹ ਸਾਡੇ ਤੇ ਪਹਿਲੀ ਸੱਟ ਸੀ । ਇਸ ਦੇ ਨਾਲ ਹੀ ਦੂਜੀ ਸੱਟ ਕਦੋਂ ਵੱਜੀ । ਇਹ ਦੋ ਮੇਨ ਪੰਜਾਬ ਦੇ ਚੈਪਟਰ ਹਨ । ਸਾਡੇ ਅੱਤਵਾਦ ਦੇ ਸਮੇਂ ਵਿੱਚ 25 ਸਾਲ ਹੋ ਗਏ । 10-12 ਸਾਲ ਇਸ ਪੰਜਾਬ ਨੇ ਅੱਤਵਾਦ ਹੰਢਾਇਆ । ਇਸ ਨਾਲ ਕਿੰਨਾ ਨੁਕਸਾਨ ਹੋਇਆ । 800 ਕਰੋੜ ਰੁਪਏ ਤੋਂ ਲੈ ਕੇ 1,000 ਕਰੋੜ ਰੁਪਏ ਪੰਜ-ਦਸ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]
ਸਾਲ ਵਿੱਚ ਇਸ ਅੱਤਵਾਦ ਨੇ ਨੁਕਸਾਨ ਪਹੁੰਚਾਇਆ । ਬਹੁਤ ਸਾਰੀਆਂ ਹੋਰ ਪਾਰਟੀਆਂ ਸਾਡੇ ਨਾਲ ਸਨ । ਬੀ.ਜੇ.ਪੀ. ਵਾਲੇ ਵੀ ਸਾਡੇ ਨਾਲ ਅੱਤਵਾਦ ਦੇ ਖਿਲਾਫ ਸਨ । ਉਦੋਂ ਪਤਾ ਨਹੀਂ ਇਹ ਕਿਉਂ ਇਨ੍ਹਾਂ ਨਾਲ ਇੱਕੱਠੇ ਸਨ ਉਂਝ ਹਮੇਸ਼ਾ ਇੱਕੱਠੇ ਰਹਿੰਦੇ ਹਨ ।ਉਦੋਂ ਇੱਕੱਠੇ ਨਹੀਂ ਰਹੇ ।.......... (ਵਿਘਨ)

**ਟਰਾਂਸਪੋਰਟ ਮੰਤਰੀ** : ਸਪੀਕਰ ਸਾਹਿਬ..........(ਵਿਘਨ)

**ਮਾਨਯੋਗ ਸਪੀਕਰ** : ਮਾਸਟਰ ਜੀ, ਪਲੀਜ਼ ਚੱਲਣ ਦਿਓ । ........ ਪਲੀਜ਼ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਉਹ ਅੱਤਵਾਦ ਅਸੀਂ ਹੰਢਾਇਆ । ..........(ਵਿਘਨ)ਤੁਸੀਂ ਆਪਣੇ ਸਪੀਕਰ ਦੀ ਗੱਲ ਨਹੀਂ ਮੰਨਦੇ...........(ਵਿਘਨ)

**ਟਰਾਂਸਪੋਰਟ ਮੰਤਰੀ** : ਸਪੀਕਰ ਸਾਹਿਬ, ਤੱਥਾਂ ਤੇ ਬੋਲਿਆ ਜਾਵੇ । ਅੱਤਵਾਦ ਦੌਰਾਨ ਸਾਰੀਆਂ ਪਾਰਟੀਆਂ ਨੇ ਅੱਤਵਾਦ ਦੇ ਖਿਲਾਫ ਲੜਾਈਆਂ ਲੜੀਆਂ ਹਨ ਪਰ ਇਨ੍ਹਾਂ ਨੇ ਪੈਦਾ ਕੀਤਾ ਹੈ ........... (ਵਿਘਨ) ਪੈਦਾ ਇਨ੍ਹਾਂ ਨੇ ਕੀਤਾ ਹੈ । (ਥੰਪਿੰਗ)........(ਵਿਘਨ) ਅੱਜ ਵੀ ਪੰਜਾਬ ਦੇ ਸਾਰੇ ਲੋਕਾਂ ਨੂੰ ਯਾਦ ਹੋਵੇਗਾ ਕਿ ਇਸ ਆਤੰਕਵਾਦ ਦੀ ਜਨਨੀ, ਮਾਂ ਕਾਂਗਰਸ ਪਾਰਟੀ ਹੈ । 25,000 ਬੇਕਸੂਰ ਜਾਨਾਂ ਗਈਆਂ ਸਨ । ਇਸਦੀ ਜ਼ਿੰਮੇਵਾਰ ਕਾਂਗਰਸ ਪਾਰਟੀ ਹੈ । ਤੁਸੀਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਅੱਤਵਾਦ ਪੈਦਾ ਕੀਤਾ, ਆਪਣੇ ਹਿੱਤਾਂ ਲਈ ਲੋਕਾਂ ਨੂੰ ਲੜਾਇਆ ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ ।

**ਮਾਨਯੋਗ ਸਪੀਕਰ** : ਬੀਬੀ ਜੀ ਬੋਲ ਰਹੇ ਹਨ । ਤੁਹਾਡੀ ਗੱਲ ਉਨ੍ਹਾਂ ਨੇ ਕਰਨੀ ਹੈ । ਪਲੀਜ਼ ਆਪਣੀ ਸੀਟ ਤੇ ਬੈਠੋ ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ** **

**ਮਾਨਯੋਗ ਸਪੀਕਰ** : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਇਹ ਵਾਕਿਆ ਹੀ ਮਾੜੀਆਂ ਘਟਨਾਵਾਂ ਹਨ ਜਿਨ੍ਹਾਂ ਨੂੰ ਕਰਨ ਨੂੰ ਮਨ ਨਹੀਂ ਕਰਦਾ । ਇਨ੍ਹਾਂ ਨੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ । ਮੈਨੂੰ ਨਹੀਂ ਪਤਾ ਇਹ ਬੀ.ਜੇ.ਪੀ. ਅਤੇ ਅਕਾਲੀ ਦਲ ਵਾਲੇ ਕਦੋਂ ਇੱਕੱਠੇ ਰਹੇ ਹਨ ਜਾਂ ਕਦੋਂ ਅੱਡ ਹੋਏ । 1992 ਦੀ ਚੋਣ ਅਕਾਲੀ ਦਲ ਨੇ ਇੱਕੱਲਿਆਂ ਲੜੀ। ਫੇਰ ਇਹ ਕਹਿੰਦੇ ਹਨ ਕਿ ਅਸੀਂ ਅੱਤਵਾਦ ਦੇ ਖਿਲਾਫ਼ ਇੱਕੱਠੇ ਸੀ । ਸਾਡੇ ਸਵਰਗਵਾਸੀ ਲੀਡਰ ਸਰਦਾਰ ਬੇਅੰਤ ਸਿੰਘ ਜੀ ਅਮਨ ਸ਼ਾਂਤੀ ਚਾਹੁੰਦੇ ਸਨ, ਅਮਨ ਸ਼ਾਂਤੀ ਆਈ, ਤਾਂ ਮੁੜ ਕੇ ਸਰਕਾਰਾਂ ਬਣਨ ਲੱਗੀਆਂ ਹਨ । (ਕਾਂਗਰਸ ਪਾਰਟੀ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਇਹੋ ਜਿਹੇ ਹਾਲਾਤ ਸੀ । ਸਾਡੇ ਕਈ ਸਾਥੀ ਸਾਡੇ ਵਿੱਚੋਂ ਚਲੇ ਗਏ, ਬੇਕਸੂਰ ਲੋਕ ਚਲੇ ਗਏ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਅੱਜ ਮੈਂ ਵੱਡਾ ਨੋਟ ਪੈਡ ਮੰਗਾਇਆ ਸੀ ਕਿ ਬੀਬੀ ਜੀ ਕੋਈ ਚੰਗਾ ਸੁਝਾਓ ਦੇਣਗੇ ਤੇ ਮੈਂ ਲਿਖ ਕੇ ਕੋਸ਼ਿਸ਼ ਕਰਾਂਗਾ ਕਿ ਸਰਕਾਰ ਚਲਾਉਣ ਵਿੱਚ ਮਦਦਗਾਰ ਹੋਵੇਗਾ । ਪਹਿਲਾਂ ਇਨ੍ਹਾਂ ਨੇ ਸਵਾਲ ਕੀਤਾ ਸੀ, ਮੈਨੂੰ ਅਫ਼ਸੋਸ ਹੈ ਮੈਂ ਬੋਲਣਾ ਨਹੀਂ ਚਾਹੁੰਦਾ ਸੀ ਪਰ ਦੁੱਖ ਹੁੰਦਾ ਹੈ ਜਦੋਂ ਇਹ ਬਿਲਕੁਲ ਹੀ ਫੈਕਟਸ ਦੇ ਉਲਟ ਜਾ ਰਹੇ ਹੋਣ । ਪਹਿਲਾਂ ਇਨ੍ਹਾਂ ਨੇ ਕਿਹਾ ਕਿ ਪੰਜਾਬੀ ਸੂਬਾ ਇਨ੍ਹਾਂ ਨੇ ਬਣਾਇਆ, ਅਸੀਂ ਕਦੀ ਨਹੀਂ ਆਖਿਆ ਕਿ ਬੋਲੀ ਦੇ ਆਧਾਰ ਤੇ ਬਣਾਇਆ ਜਾਵੇ । (ਸ੍ਰੀਮਤੀ ਰਾਜਿੰਦਰ ਕੌਰ ਭੱਠਲ ਵੱਲੋਂ ਵਿਘਨ) ਮੇਰੀ ਗੱਲ ਸੁਣੋ । ਅਸੀਂ ਇਹ ਕਦੀ ਨਹੀਂ ਆਖਿਆ, ਅਸੀਂ ਤਾਂ ਹਰਿਆਣੇ ਤੱਕ ਮੰਗਦੇ ਸੀ ਪਰ ਐਂਟੀ ਪੰਜਾਬ ਹੋਣ ਦੇ ਨਾਤੇ ਕਾਂਗਰਸ ਦੀ ਸਰਕਾਰ ਨੇ ਸਾਡਾ ਨੁਕਸਾਨ ਕੀਤਾ । (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਫੇਰ ਦਰਿਆਵਾਂ ਦੇ ਪਾਣੀਆਂ ਦਾ ਨੁਕਸਾਨ, ਹਰ ਗੱਲ ਵਿੱਚ ਬਹਿਸ ਕਰੀ ਜਾਂਦੇ ਹਨ । ਦਰਿਆਵਾਂ ਦੇ ਪਾਣੀ ਦਾ ਮੁਕੱਦਮਾ ਕੀਤਾ ਦਰਬਾਰਾ ਸਿੰਘ ਨੇ, ਇੰਦਰਾ ਗਾਂਧੀ ਨੇ ਨਹਿਰ ਪੁਟਾਈ ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** (ਬੈਠੇ-ਬੈਠੇ) : ਉਹ ਨੈਸ਼ਨਲ ਪਾਰਟੀ ਹੈ।

**ਮੁੱਖ ਮੰਤਰੀ** : ਇਹ ਕਿਸ ਨੇ ਨੁਕਸਾਨ ਕੀਤਾ । ਅੱਤਵਾਦ ਦੀ ਗੱਲ ਤੁਸੀਂ ਕਰਦੇ ਹੋ । ਅੱਤਵਾਦ ਵਿੱਚ ਸਭ ਤੋਂ ਵੱਧ ਨੁਕਸਾਨ ਸਾਡਾ ਹੋਇਆ । ਜੇਕਰ ਅਸੀਂ ਅੱਤਵਾਦ ਦੇ ਹਾਮੀ ਹੁੰਦੇ ਤਾਂ ਸਾਡਾ ਨੁਕਸਾਨ ਨਾ ਹੁੰਦਾ । ਸਾਡੇ ਪਾਰਟੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਡੈੱਥ ਹੋਈ । ਤਲਵੰਡੀ ਸਾਹਿਬ ਤੇ ਹਮਲਾ ਹੋਇਆ, ਟੌਹੜਾ ਸਾਹਿਬ ਤੇ ਹਮਲਾ ਹੋਇਆ । 24-25 ਐਮ.ਐਲ.ਏ. ਜਿਹੜੇ ਇਲੈਕਸ਼ਨਾਂ ਵਿੱਚ ਕੈਂਡੀਡੇਟ ਸਨ, ਉਹ ਮਾਰੇ ਗਏ । ਉਦੋਂ ਇਲੈਕਸ਼ਨ ਹੋਣੀ ਸੀ ਤਾਂ ਇਨ੍ਹਾਂ ਨੇ ਬਾਈਕਾਟ ਕਰ ਦਿੱਤਾ, 4 ਘੰਟੇ ਪਹਿਲਾਂ ਇਲੈਕਸ਼ਨ ਮੁਲਤਵੀ ਕਰ ਦਿਤੇ । ਇਹ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਾਰਾ ਕੁਝ ਕਾਂਗਰਸ ਸਰਕਾਰ ਨੇ ਕਰਵਾਇਆ । ਤੁਹਾਡੀ ਤਾਂ ਉਹ ਗੱਲ ਹੈ ਕਿ ਉਲਟਾ ਚੋਰ ਕੋਤਵਾਲ ਕੋ ਡਾਂਟੇ । (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਇਸ ਲਈ ਬੀਬੀ ਜੀ, ਬਜਟ ਦੀਆਂ ਗੱਲਾਂ ਕਰੋ । ਨਾ ਤਾਂ ਐਮਰਜੈਂਸੀ ਕੋਈ ਅੱਛੀ ਚੀਜ਼ ਹੈ ਕਿ ਤੁਸੀਂ ਉਸ ਨੂੰ ਪਸੰਦ ਕਰਦੇ ਸੀ । ਅਸੀਂ ਅੱਤਵਾਦ ਨੂੰ ਪਸੰਦ ਨਹੀਂ ਕਰਦੇ । ਜੇ ਅਸੀਂ ਆਪਣੇ ਮੂੰਹੋਂ ਕਹਿੰਦੇ ਹਾਂ ਕਿ ਅੱਤਵਾਦ ਮਾੜਾ ਸੀ ਤਾਂ ਤੁਸੀਂ ਵੀ ਕਹੋ ਕਿ ਐਮਰਜੈਂਸੀ ਮਾੜੀ ਸੀ । ਫੇਰ ਸਵਾਦ ਦੀ ਗੱਲ ਹੈ । (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਤਾਂ ਕੋਈ ਗੱਲ ਨਹੀਂ ਹੋਈ ਕਿ ਆਪਣੀ ਗੱਲ ਕਵਰ ਕਰੋ ਤੇ ਦੂਜੇ ਦੀ ਗੱਲ ਉਛਾਲੋ । ਸਿਆਣੀ ਗੱਲ ਕਰਿਆ ਕਰੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੈਨੂੰ ਇਹ ਸੀ ਕਿ ਲੀਡਰ ਆਫ ਦਿ ਹਾਊਸ ਖੜ੍ਹੇ ਹਨ, ਕੋਈ ਕੰਮ ਦੀ ਗੱਲ ਕਰਨਗੇ ।

**ਮਾਨਯੋਗ ਸਪੀਕਰ** : ਤੁਸੀਂ ਬਜਟ ਦੀ ਗੱਲ ਕਰੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਲਗਾਤਾਰ ਇਨ੍ਹਾਂ ਨੇ ਸਾਡੇ ਤੇ ਇਲਜ਼ਾਮ ਲਗਾਏ ਹਨ । ਇਹ ਜਿਹੜੀਆਂ ਪੁਰਾਣੀਆਂ ਗੱਲਾਂ ਹਨ ਇਸ ਬਾਰੇ ਮਤਾ ਤੁਸੀਂ ਲੈ ਕੇ ਆਏ ਹੋ । ਮੈਂ ਤਾਂ ਇਸ ਪਾਸੇ ਮਾੜਾ ਜਿਹਾ ਜ਼ਿਕਰ ਕੀਤਾ ਸੀ । ਪਰ ਹੁਣ ਇਨ੍ਹਾਂ ਨੇ ਗੱਲ ਕੀਤੀ ਹੈ ਤਾਂ ਮੈਨੂੰ ਬੋਲਣਾ ਪੈਣਾ ਹੈ । ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਕਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਾਰਿਆ ਗਿਆ ਹੈ, ਬੀਬੀ ਹਰਜਿੰਦਰ ਕੌਰ ਜੋ ਮਾਸਟਰ ਤਾਰਾ ਸਿੰਘ ਦੀ ਬੇਟੀ ਸੀ, ਉਸ ਨੂੰ ਕਿਸ ਤਰੀਕੇ ਨਾਲ ਮਾਰਿਆ ਗਿਆ । ਕਿਸ ਤਰੀਕੇ ਨਾਲ ਸਾਬਕਾ ਜਥੇਦਾਰ ਸਰਦਾਰ ਪ੍ਰਤਾਪ ਸਿੰਘ ਜੀ ਇੱਥੇ ਮਾਰੇ ਗਏ । ਤੁਸੀਂ ਅੱਜ ਤਾਈਂ ਨਿੰਦਾ ਕੀਤੀ ਹੋਵੇ ਤਾਂ ਵਿਖਾ ਦਿਓ । ਮੈਂ ਦਾਅਵੇ ਨਾਲ ਕਹਿੰਦੀ ਹਾਂ (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਇਥੇ ਭਾਈ-ਭਤੀਜਾਵਾਦ ਦੀਆਂ......... (ਵਿਘਨ) (ਸ਼ੋਰ) ...........

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ) : ਸਪੀਕਰ ਸਾਹਿਬ, ਅਸੀਂ ਕਹਿੰਦੇ ਹਾਂ ਕਿ ਅਸੀਂ ਅੱਤਵਾਦ ਨਹੀਂ ਲਿਆਂਦਾ । ਕੀ ਅੱਤਵਾਦ ਅਸੀਂ ਲਿਆਂਦਾ ਹੈ ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਬਹੁਤ ਵੱਡਾ ਰਿਆਸਤੀ ਸ਼੍ਰੀ ਤਰਲੋਚਨ ਸਿੰਘ ਸੀ, ਉਸ ਦੀ ਮੌਤ ਹੋਈ ਸੀ । ਜਿਨ੍ਹਾਂ ਲੋਕਾਂ ਨੇ ਉਸ ਨੂੰ ਮਾਰਿਆ ਸੀ, ਉਹ ਦਿੱਲੀ ਤੋਂ ਉਸ ਵੇਲੇ ਦੇ ਬਹੁਤ ਵੱਡੇ ਕਾਂਗਰਸੀ ਲੀਡਰ ਦੇ ਘਰ ਆਏ ਸਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕਿਨ੍ਹਾਂ ਨੇ ਮਾਰਿਆ

Original with;
Punjab Vidhan Sabha
Digitized by;
Punjab Digital Library

ਸੀ ? ਇਹ ਇਸ ਗੱਲ ਦਾ ਜਵਾਬ ਦੇਣ । ਉਹ ਕਿਥੋਂ ਆਏ ਸੀ ? ਉਹ ਦਿੱਲੀ ਕਿਹੜੇ ਕਾਂਗਰਸੀ ਲੀਡਰ ਦੇ ਘਰ ਆਏ ਸੀ ? ਇਹ ਦੱਸਣ ।

**ਮਾਨਯੋਗ ਸਪੀਕਰ** : ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹ ਮਸਲਾ ਜਿਹੜਾ ਹੈ, ਇਹ ਡਿਸਕਸ ਨਾ ਕੀਤਾ ਜਾਵੇ । ਅੱਜ ਜਿਹੜੀ ਬਹਿਸ ਹੋ ਰਹੀ ਹੈ, ਉਹ ਬਜਟ ਤੇ ਹੋ ਰਹੀ ਹੈ । ਯਤਨ ਕਰੋ ਕਿ ਬਜਟ ਵਿੱਚ ਜੇ ਕੋਈ ਕਮੀ ਹੈ ਜਾਂ ਵਧੀਆ ਗੱਲ ਹੈ, ਉਸ ਚੀਜ਼ ਨੂੰ ਲੈ ਕੇ ਡਿਸਕਸ਼ਨ ਕਰੋ । ਆਪਾਂ ਆਹ ਗੱਲ ਤਾਂ, ਬੀਬੀ ਜੀ, ਫਿਰ ਵੀ ਕਰ ਸਕਦੇ ਹਾਂ । ਬਜਟ ਵਾਲੇ ਪਾਸੇ ਦੀ ਗੱਲ ਕਰੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਬਜਟ ਤੇ ਹੀ ਆ ਰਹੀ ਹਾਂ । ਇਹ ਗੱਲ ਕਰਨੀ ਹੁਣ ਜ਼ਰੂਰੀ ਹੋ ਗਈ ਸੀ । ਪਿਛੋਕੜ ਦੇਖਣਾ ਹੈ ਕਿ ਕਿਵੇਂ ਨੁਕਸਾਨ ਹੋਇਆ । ਉਨ੍ਹਾਂ ਅੱਤਵਾਦ ਦੇ ਦਿਨਾਂ ਵਿੱਚ ਪੰਜ ਸਾਲਾਂ ਵਿੱਚ 4 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ । ਜਿੰਨੇ ਪੈਸੇ ਦਾ ਨੁਕਸਾਨ ਹੋਇਆ, ਉਹੀ ਪੈਸਾ ਨਹੀਂ ਤਾਂ ਚੰਗੇ ਡਿਵੈਲਪਮੈਂਟ ਵਾਲੇ ਪਾਸੇ ਲੱਗਣਾ ਸੀ । ਉਸ ਵੇਲੇ ਦੀਆਂ ਇਹ ਗੱਲਾਂ ਫਾਈਨਾਂਸ ਨਾਲ ਤੁਅਲਕ ਰੱਖਦੀਆਂ ਹਨ । ਜਿਹੜਾ ਇਹ ਇਥੇ ਰਿਆਸਤੀ, ਫਲਾਣਾ-ਢਿਮਕਾ ਕਹਿੰਦੇ ਹਨ, ਮੈਂ ਕਹਿੰਦੀ ਹਾਂ ਕਿ ਕਿਸੇ ਨੇ ਕੁਝ ਵੀ ਮਾੜਾ ਕੀਤਾ, ਤੁਸੀਂ ਉਸ ਦੀ ਨਿੰਦਾ ਤਾਂ ਕਰਦੇ । ਅਸੀਂ ਮਾੜੇ ਕੰਮਾਂ ਦੀ ਹਮੇਸ਼ਾਂ ਨਿੰਦਾ ਕਰਦੇ ਹਾਂ । ਸਾਡੇ ਵੱਲ ਉਂਗਲ ਕਰਦੇ ਸੀ, ਅਸੀਂ ਗੱਡ ਕੇ ਨਿੰਦਾ ਕੀਤੀ । ਭਾਵੇਂ ਕੋਈ ਕਾਂਗਰਸੀ ਹੋਵੇ ਜਾਂ ਕੋਈ ਹੋਰ ਅਸੀਂ ਉਸ ਦੀ ਨਿੰਦਾ ਕਰਦੇ ਸੀ । ਤੁਹਾਡੇ ਵਿੱਚ ਇੰਨੀ ਜੁਰੱਅਤ ਨਹੀਂ ਸੀ । ਤੁਸੀਂ ਵੀ ਨਿੰਦਾ ਕਰਦੇ । ਤੁਸੀਂ ਤਾਂ ਉਸ ਵੇਲੇ ਭੋਗਾਂ ਤੇ ਜਾਂਦੇ ਰਹੇ । ਤੁਸੀਂ ਫੁੱਲ ਪਾਉਂਦੇ ਰਹੇ । ਤੁਸੀਂ ਪੰਜਾਬ ਦਾ ਬੇੜਾ ਗਰਕ ਕੀਤਾ । ਇਥੇ ਅੱਤਵਾਦ ਲਿਆ ਕੇ ਪੰਜਾਬ ਦਾ ਮਾਹੌਲ ਖਰਾਬ ਕੀਤਾ.........(ਵਿਘਨ) (ਸ਼ੋਰ)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ) : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ । ਇਨ੍ਹਾਂ ਨੂੰ ਪੁੱਛੋ ਕਿ ਉਸ ਵੇਲੇ ਜਦੋਂ ਸ਼੍ਰੀ ਤਰਲੋਚਨ ਸਿੰਘ ਰਿਆਸਤੀ ਦਾ ਕਤਲ ਹੋਇਆ ਤਾਂ ਉਦੋਂ ਕਿਸ ਦਾ ਰਾਜ ਸੀ ? ਪੰਜਾਬ ਵਿੱਚ ਕੌਣ ਰਾਜ ਕਰਦੇ ਸੀ ? ਉਸ ਵੇਲੇ ਇਨ੍ਹਾਂ ਦਾ ਹੀ ਰਾਜ ਸੀ । (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ)

**ਮਾਨਯੋਗ ਸਪੀਕਰ** : ਇਸ ਵੇਲੇ ਅਸੀਂ ਬਜਟ ਵਾਲੇ ਪਾਸੇ ਤੁਰੀਏ । ਇਸ ਤਰ੍ਹਾਂ ਤਾਂ ਫਿਰ ਟਾਈਮ ਜ਼ਾਇਆ ਹੋ ਰਿਹਾ ਹੈ । ਬਜਟ ਵਾਲੇ ਪਾਸੇ ਤਾਂ ਆਪਣਾ ਧਿਆਨ ਹੀ ਨਹੀਂ ਹੈ । ਬਜਟ ਵਾਲੇ ਪਾਸੇ ਤੁਰੋ ।

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਅੱਛਾ ਹੋ ਗਿਆ । ਚੰਗਾ ਹੋਇਆ ਕਿ.......... (ਵਿਘਨ) ਉਹ ਜਿਹੜੇ ਖਾਲਿਸਤਾਨੀ ਅਖਵਾਉਂਦੇ........

**ਮਾਨਯੋਗ ਸਪੀਕਰ** : ਬੀਬੀ ਜੀ, ਬੈਠੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਚੰਗਾ ਹੋ ਗਿਆ ਕਿ ਇਨ੍ਹਾਂ ਨੇ ਇਹ ਮੁੱਦਾ ਫੜਿਆ । ਜਿਸ ਬੰਦੇ ਨੂੰ ਫੜ ਕੇ ਅੰਦਰ ਕੀਤਾ ਹੈ, ਮੈਂ ਉਸ ਦਾ ਨਾਂ ਨਹੀਂ ਲੈਣਾ ਚਾਹੁੰਦੀ ਕਿਉਂਕਿ ਉਹ ਬੰਦਾ ਸਾਡੇ ਹਾਊਸ ਦਾ ਮੈਂਬਰ ਨਹੀਂ ਹੈ । ਪਰ ਇਹ ਚੰਗਾ ਹੋਇਆ ਹੈ ਕਿ ਉਸ ਨੂੰ ਫੜ ਕੇ ਅੰਦਰ ਕੀਤਾ ਹੈ । ਅਸੀਂ ਪਿਛਲੀਆਂ ਗਲਤੀਆਂ ਤੋਂ ਸਬਕ ਸਿਖੀਏ । ਇਹੋ ਜਿਹੀਆਂ ਗੱਲਾਂ ਰਾਜਸੀ ਗੱਲਾਂ, ਰਾਜਸੀ ਹਿੱਤ ਵਾਸਤੇ ਅਤੇ ਰਾਜਸੀ ਸੋਚ ਵਾਸਤੇ ਨਾ ਕਰੀਏ ਅਤੇ ਆਪਣੇ ਪਿਆਰੇ ਪੰਜਾਬ ਦਾ ਬੇੜਾ ਗਰਕ ਨਾ ਕਰੀਏ । ਸਾਨੂੰ ਡਟ ਕੇ ਆਪਣੇ ਹੱਕਾਂ ਤੇ ਫਰਜ਼ਾਂ ਦੀ ਪੂਰਤੀ ਕਰਨੀ ਚਾਹੀਦੀ ਹੈ । ਪੰਜਾਬ ਦਾ ਬੇੜਾ ਗਰਕ ਕਰਨ ਵਾਲੇ ਤੁਸੀਂ ਹੀ ਹੋ ਔਰ ਇਸੇ ਕਾਰਨ ਅੱਜ ਅਸੀਂ ਆਰਥਿਕ ਤੌਰ ਤੇ ਪਿੱਛੜ ਕੇ ਇਸ ਥਾਂ ਤੇ ਖੜ੍ਹੇ ਹੋ ਗਏ ਹਾਂ । ਇਨ੍ਹਾਂ ਦੋ ਮਸਲਿਆਂ ਨਾਲ ਸਥਿਤੀ ਸ਼ੁਰੂ ਹੋਈ । ਅੱਜ ਆਰਥਿਕ ਤੌਰ ਤੇ ਪਛੜੇ ਹੋਣ ਦੇ ਭਾਵੇਂ ਹੋਰ ਵੀ ਕਾਰਨ ਹਨ ਪਰ ਇਹ ਦੋ ਕਾਰਨ ਤਾਂ ਇਨ੍ਹਾਂ ਦੇ ਲੇਖੇ ਲੱਗ ਗਏ । ਅੱਜ ਜਿਹੜੇ ਵਿਚਾਰੇ ਸਾਡੇ ਵਿੱਤ ਮੰਤਰੀ ਬਣਾਏ ਹਨ । I think he is only an expenditure Minister. ਉਹ ਸਿਰਫ ਖ਼ਰਚਾ ਕਰਨ ਵਾਲੇ ਪਾਸੇ ਤੋਂ ਮਿਨਿਸਟਰ ਹਨ । ਆਮਦਨ ਇਕੱਠੀ ਕਰਨ ਵਾਲੇ ਰਿਸੋਰਸਿਜ਼ ਵਾਲਾ ਪਾਸਾ ਇਨ੍ਹਾਂ ਕੋਲ ਨਹੀਂ ਹੈ । ਇਹ ਫਾਈਨਾਂਸ ਮਿਨਿਸਟਰ ਕੋਲ ਹੋਣਾ ਚਾਹੀਦਾ ਹੈ । ਇਹ ਹੁਣ ਅਧੂਰੇ ਫਾਈਨਾਂਸ ਮਿਨਿਸਟਰ ਹਨ । ਸੈਂਟਰ ਸਰਕਾਰ ਵੱਲ ਹੀ ਨਿਗ੍ਹਾ ਮਾਰ ਕੇ ਵੇਖ ਲਓ । ਫਾਈਨਾਂਸ ਮਿਨਿਸਟਰ ਕੋਲ ਤਾਂ ਇਨਕਮ ਟੈਕਸ, ਕਸਟਮ ਅਤੇ ਐਕਸਾਈਜ਼ ਡਿਪਾਰਟਮੈਂਟ ਹੁੰਦਾ ਹੈ । ਇਹ ਚੀਜ਼ਾਂ ਫਾਈਨਾਂਸ ਮਿਨਿਸਟਰ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ । ਮੈਂ ਸਮਝਦੀ ਹਾਂ ਕਿ ਸਾਨੂੰ ਇਹ ਗੱਲ ਦੇਖਣੀ ਚਾਹੀਦੀ ਹੈ ਕਿ ਫਾਈਨਾਂਸ, ਫੰਡ, ਖ਼ਰਚੇ ਅਤੇ ਆਮਦਨ ਵੀ ਪੈਦਾ ਕਰੇ । ਬਾਦਲ ਸਾਹਿਬ ਦੀ ਆਨ ਰਿਕਾਰਡ ਸਟੇਟਮੈਂਟ ਆਈ ਸੀ, ਇਨ੍ਹਾਂ ਨੇ ਆਪਣੇ ਕੋਲ ਐਕਸਾਈਜ਼ ਮਹਿਕਮਾ ਰੱਖਿਆ ਹੈ । ਮੈਨੂੰ ਨਹੀਂ ਪਤਾ ਕਿ ਇਸ ਦੇ ਕੀ ਕਾਰਨ ਹਨ ? ਕਿਉਂ ਰੱਖਿਆ ਹੈ ? ਇਨ੍ਹਾਂ ਨੇ ਕਿਹਾ ਹੈ ਕਿ ਬੀ.ਜੇ.ਪੀ. ਵਾਲਿਆਂ ਦੇ ਡਿਲੇਅ ਕਰਨ ਕਰਕੇ ਮਹਿਕਮੇ ਵੰਡਣ ਵਿੱਚ ਦੇਰੀ ਹੋ ਗਈ । ਮੈਨੂੰ ਨਹੀਂ ਪਤਾ ਕਿ ਬੀ.ਜੇ.ਪੀ. ਦਾ ਰੌਲਾ ਸੀ ਜਾਂ ਕੋਈ ਹੋਰ ਅੰਦਰੂਨੀ ਰੌਲਾ ਸੀ । ਜੇ ਐਕਸਾਈਜ਼ ਮਹਿਕਮਾ ਵੀ ਫਾਈਨਾਂਸ ਡਿਪਾਰਟਮੈਂਟ ਦੇ ਨਾਲ ਜੋੜਿਆ ਜਾਂਦਾ, ਜਿਵੇਂ ਕਿ ਸੈਂਟਰ ਸਰਕਾਰ ਦੇ ਵਿੱਚ ਕੀਤਾ ਗਿਆ ਹੈ, ਤਾਂ ਚੰਗਾ ਹੁੰਦਾ । ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਜਦੋਂ ਮੈਂ ਪਹਿਲੀ ਵਾਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਵਿੱਚ

Original with;
Punjab Vidhan Sabha
Digitized by;
Panjab Digital Library

ਮਿਨਿਸਟਰ ਬਣੀ ਸੀ, ਉਸ ਸਮੇਂ ਸਾਡੇ ਮਾਨਯੋਗ ਡਾਕਟਰ ਕੇਵਲ ਕ੍ਰਿਸ਼ਨ ਜੀ, ਜੋ ਇਸ ਮਾਨਯੋਗ ਕੁਰਸੀ ਤੇ ਵੀ ਸੇਵਾ ਕਰਕੇ ਗਏ ਹਨ, ਉਨ੍ਹਾਂ ਨੂੰ ਉਸ ਵੇਲੇ ਸਰਦਾਰ ਦਰਬਾਰਾ ਸਿੰਘ ਜੀ ਨੇ ਫਾਈਨਾਂਸ ਡਿਪਾਰਟਮੈਂਟ ਦੇ ਨਾਲ ਫਾਈਨਾਂਸ ਤੇ ਟੈਕਸੇਸ਼ਨ ਡਿਪਾਰਟਮੈਂਟ ਵੀ ਦਿੱਤਾ ਸੀ। ਮੈਂ ਸਮਝਦੀ ਹਾਂ ਕਿ ਦੋਵੇਂ ਚੀਜ਼ਾਂ ਨੂੰ ਬੈਲੈਂਸ ਕਰਕੇ ਚੱਲਣਾ ਹੁੰਦਾ ਹੈ ਕਿ ਕਿੰਨਾ ਕੁ ਪੈਸਾ ਜੇਬ ਵਿੱਚ ਹੈ ਅਤੇ ਕਿੰਨਾ ਖ਼ਰਚਾ ਕਰਨਾ ਹੈ। ਇਸ ਲਈ ਮੇਰੀ ਸੁਜੈਸ਼ਨ ਹੈ ਕਿ ਅਸੀਂ ਸਾਰੇ ਪੱਖਾਂ ਨੂੰ ਦੇਖੀਏ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੇਖਦੇ ਹੋਏ ਖ਼ਰਚਾ ਅਤੇ ਆਮਦਨ ਦੋਵੇਂ ਇੱਕ ਹੱਥ ਵਿੱਚ ਦੇਈਏ ਤਾਂ ਕਿ ਖ਼ਰਚਾ ਕਰਨ ਵਾਲਾ ਇਨਸਾਨ ਸਾਰਾ ਕੁਝ ਦੇਖੇ, ਕਿਉਂਕਿ ਇੰਤਜ਼ਾਮ ਕਰਨ ਵਾਲਾ ਅਤੇ ਬੰਦੋਬਸਤ ਕਰਨ ਵਾਲਾ ਇੱਕੋ ਹੀ ਇਨਸਾਨ ਹੋਵੇਗਾ। ਆਰਥਿਕਤਾ ਡੁੱਬਣ ਦਾ ਇੱਕ ਕਾਰਨ ਕੁੱਰਪਸ਼ਨ ਵੀ ਹੈ। ਮੈਂ ਨਹੀਂ ਕਹਿੰਦੀ ਕਿ ਕੁੱਰਪਸ਼ਨ ਕੋਈ ਇਕੱਲਾ ਬੰਦਾ ਹੀ ਕਰਦਾ ਹੈ। ਮੈਂ ਨਹੀਂ ਕਹਿੰਦੀ ਕਿ ਕੁੱਰਪਸ਼ਨ ਪੋਲੀਟੀਸ਼ੀਅਨ ਹੀ ਕਰਦੇ ਹਨ। ਸਪੀਕਰ ਸਾਹਿਬ, ਜਿਹੜੀ ਸਾਡੀ ਆਰਥਿਕਤਾ ਨੀਚੇ ਗਈ ਹੈ, ਕੁੱਰਪਸ਼ਨ ਵੀ ਇਸ ਦਾ ਮੇਜਰ ਕਾਰਨ ਹੈ। ਮੈਂ ਨਹੀਂ ਕਹਿੰਦੀ ਕਿ ਸਾਰੀ ਕਲਾਸ ਹੀ ਕਰਦੀ ਹੈ, ਸਾਰੇ ਪਾਲੀਟੀਸ਼ਨ ਹੀ ਕਰਦੇ ਹਨ, ਸਾਰੇ ਬਿਊਰੋਕਰੇਟਜ਼ ਹੀ ਕਰਦੇ ਹਨ, ਸਾਰੇ ਮੁਲਾਜ਼ਮ ਹੀ ਕਰਦੇ ਹਨ ਲੇਕਿਨ ਕੁਝ ਬੰਦੇ ਸਾਰੇ ਵਰਗਾਂ ਦੇ ਵਿੱਚ ਇਸ ਤਰ੍ਹਾਂ ਦੇ ਹੁੰਦੇ ਹਨ। ਅਸੀਂ ਤਾਂ ਕਈ ਵਾਰੀ ਇੱਥੇ ਬੈਠ ਕੇ ਇੱਕ ਦੂਜੇ ਦੀਆਂ ਪੱਗਾਂ ਲਾਹੁਣ ਲੱਗ ਜਾਂਦੇ ਹਾਂ ਕਿ ਤੂੰ ਮਾੜਾ ਹੈਂ ਜਾਂ ਤੂੰ ਮਾੜਾ ਹੈਂ ਪਰ ਅਸਲੀ ਜਿਹੜੀ ਘੁਣ ਕੁਰੱਪਸ਼ਨ ਦੀ ਲੱਗੀ ਹੋਈ ਹੈ ਸਾਰੀਆਂ ਥਾਵਾਂ ਤੇ, ਉਸ ਨੂੰ ਅੱਜ ਚੈੱਕ ਕਰਨ ਦੀ ਲੋੜ ਹੈ। ਅਸੀਂ ਕਿੰਨਾ ਪੈਸਾ ਵਿਕਾਸ ਲਈ ਰੱਖਦੇ ਹਾਂ, ਕੀ ਉਹ ਪੈਸਾ ਵਿਕਾਸ ਲਈ ਰਖਿਆ ਹੋਇਆ ਪੂਰਾ ਲੱਗਦਾ ਵੀ ਹੈ ਜਾਂ ਨਹੀਂ? ਮੈਂ ਤਾਂ ਇਹ ਵੀ ਕਹਿੰਦੀ ਹਾਂ ਕਿ ਜੇਕਰ ਅੱਧ ਪਚੱਧ ਵੀ ਉਹ ਪੈਸਾ ਲੱਗੇ ਤਾਂ ਸਾਡੀ ਆਰਥਿਕਤਾ ਦੇ ਉੱਤੇ ਭਾਰ ਘਟੇ ਅਤੇ ਸਾਡੇ ਕੰਮ ਪੂਰੇ ਹੋਣ, ਅਸੀਂ ਆਪਣੀਆਂ ਜ਼ਿੰਮੇਵਾਰੀਆਂ ਚੰਗੇ ਤਰੀਕੇ ਨਾਲ ਨਿਭਾ ਸਕੀਏ। ਇਸ ਪਾਸੇ ਵੱਲ ਵੀ ਸਾਨੂੰ ਸਾਰਿਆਂ ਨੂੰ ਇੱਕੱਠੇ ਹੋਕੇ ਤੁਰਨਾ ਚਾਹੀਦਾ ਹੈ ਕਿ ਜਿਸ ਆਈਟਮ ਵਾਸਤੇ ਜਿਨ੍ਹਾਂ ਪੈਸਾ ਰਖਿਆ ਹੈ ਐਸਟੀਮੈਟਾਂ ਤੋਂ ਲੈ ਕੇ ਸਾਨੂੰ ਇਸ ਪਾਸੇ ਵੀ ਧਿਆਨ ਅਤੇ ਤਰਜੀਹ ਦੇਣ ਦੀ ਲੋੜ ਹੈ। ਇਸੇ ਤਰ੍ਹਾਂ ਕਈ ਵਾਰੀ ਅਸੀਂ ਵੋਟ-ਲੁਭਾਊ ਨਾਅਰੇ ਲਵਾ ਦਿੰਦੇ ਹਾਂ ਅਤੇ ਫਿਰ ਸਾਨੂੰ ਉਨ੍ਹਾਂ ਦੇ ਖ਼ਰਚੇ ਪੂਰੇ ਕਰਨੇ ਪੈਂਦੇ ਹਨ, ਕੋਈ ਇੱਧਰ ਹੋਵੇ ਜਾਂ ਉੱਧਰ ਹੋਵੇ ਮੈਂ ਕਿਸੇ ਇੱਕ ਦੀ ਗੱਲ ਨਹੀਂ ਕਰਦੀ, ਇਹ ਬੜੀ ਮਾੜੀ ਗੱਲ ਹੈ ਕਿ ਅੱਜ ਦੀ ਸਿਆਸਤ ਵਿੱਚ ਜ਼ਿੰਮੇਵਾਰੀਆਂ ਦੇ ਨਾਲੋਂ ਵੋਟ ਲੈ ਕੇ ਕੁਰਸੀ ਵਾਲੀ ਜ਼ਿੰਮੇਵਾਰੀ ਨੂੰ ਜ਼ਿਆਦਾ ਸੋਚਿਆ ਜਾਂਦਾ ਹੈ। ਇਨ੍ਹਾਂ ਨੇ ਵੀ ਕਾਫੀ ਗੱਲਾਂ ਕੀਤੀਆਂ ਹਨ ਕਿ ਆਟਾ, ਦਾਲ ਦੇਵਾਂਗੇ ਉਸ ਤੇ 1500 ਕਰੋੜ ਰੁਪਿਆ ਲੱਗੇਗਾ, ਉਸ ਤੋਂ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਬਾਅਦ ਜਿਹੜੀ ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਦੀ ਗੱਲ ਕੀਤੀ ਹੈ, ਉਸ ਤੇ 800 ਕਰੋੜ ਰੁਪਿਆ ਲੱਗੇਗਾ, ਚੁੰਗੀ ਮੁਆਫ ਕਰਕੇ ਜਿਹੜਾ ਸ਼ਹਿਰਾਂ ਦਾ ਵਿਕਾਸ ਕਰਾਉਣਾ ਹੈ, ਉਸ ਤੇ 900 ਕਰੋੜ ਲੱਗਣਾ ਹੈ ਔਰ ਜਿਹੜੀ 24 ਘੰਟੇ ਦੇਣ ਵਾਲੀ ਫਰੀ ਬਿਜਲੀ ਦੀ ਗੱਲ ਕਰਦੇ ਹਾਂ ਇਸ ਵਾਸਤੇ 2,500 ਕਰੋੜ ਚਾਹੀਦਾ ਹੈ । ਇਸੇ ਤਰ੍ਹਾਂ ਨਾਲ ਗੌਰਮਿੰਟ ਇੰਪਲਾਈਜ਼ ਦੀ ਡੀ.ਏ. ਦੀ ਕਿਸ਼ਤ ਵਾਸਤੇ 250 ਕਰੋੜ ਲੱਗਣਾ ਹੈ। ਸਪੀਕਰ ਸਾਹਿਬ, ਇਹ ਸਾਰਾ ਜੋੜ 5,950 ਕਰੋੜ ਬਣਦਾ ਹੈ । ਪਲੈਨਿੰਗ ਵੱਲੋਂ ਤੁਹਾਨੂੰ ਅਪਰੂਵਲ ਮਿਲੀ 5,111 ਕਰੋੜ ਰੁਪਏ ਦੀ । ਉਸ ਦੇ ਵਿੱਚ ਤੁਹਾਨੂੰ 1,044 ਕਰੋੜ ਦੇ ਐਡੀਸ਼ਨਲ ਰਿਸੋਰਸਿਜ਼ ਲਿਆਉਣੇ ਪੈਣਗੇ । ਇਸ ਬਜਟ ਦੀ ਕਾਪੀ ਵਿੱਚ ਤੁਸੀਂ ਵੀ ਪੜ੍ਹ ਸਕਦੇ ਹੋ ਸਿਵਾਏ ਇਸੇ ਦੇ ਕੋਈ ਜ਼ਿਕਰ ਨਹੀਂ ਹੈ ਕਿ ਇਹ ਜਿਹੜਾ ਕਹਿੰਦੇ ਹੋ ਕਿ ਚੰਡੀਗੜ੍ਹ ਦੇ ਆਲੇ-ਦੁਆਲੇ ਕਿਸਾਨਾਂ ਤੇ ਕੋਈ ਡਿਊਟੀ ਲਗਾਵਾਂਗੇ ਤਾਂ ਫਿਰ ਤੁਸੀਂ ਇਹ 1,044 ਕਰੋੜ ਕਿੱਥੋਂ ਲੈ ਕੇ ਆਉਗੇ । ਕਿਆ ਤੁਹਾਡੀ ਇਹ ਸੋਚ ਤਾਂ ਨਹੀਂ ਕਿ ਇਹ ਜਿਹੜਾ ਅਸੀਂ ਸ਼ਹਿਰਾਂ ਦੇ ਵਿੱਚ ਵੈਟ ਮੁਆਫ ਕੀਤਾ ਹੈ, ਚੋਣਾਂ ਤੋਂ ਬਾਅਦ ਅਸੀਂ ਉੱਥੇ ਲਾ ਦੇਈਏ । ਅੱਜ ਕਲੈਰਿਟੀ ਨਹੀਂ ਹੈ ਕਿ ਤੁਸੀਂ ਕਿਹੜੇ-ਕਿਹੜੇ ਸੈਕਟਰਜ਼ ਚੁਣੇ ਹਨ । ਅੱਛਾ ਹੁੰਦਾ ਕਿ ਅਸੀਂ ਵੀ ਉਸ ਤੇ ਆਪਣੀ ਰਾਇ ਦੇ ਸਕਦੇ । ਗਰੀਬ ਤੇ ਕਿਹੜੇ ਪਾਸੇ ਟੈਕਸ ਲਾਉਣਾ ਹੈ, ਲੱਗਦਾ ਹੈ ਸਰਕਾਰ ਕੋਈ ਹੈਵੀ ਟੈਕਸੇਸ਼ਨ ਲਾਉਣ ਵਾਲੀ ਹੈ.............

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਜਿਹੜੀਆਂ ਗੱਲਾਂ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕੀਤੀਆਂ ਹਨ, ਮੈਂ ਕਹਿੰਦਾ ਹਾਂ ਕਿ ਜੇ ਇਹ ਕਹਿੰਦੇ ਹਨ ਤਾਂ ਅਸੀਂ ਸਾਰੇ ਲਾ ਦੇਈਏ । ਤੁਸੀਂ ਕਿਹਾ ਹੈ ਕਿ ਇਹ ਵੀ ਹਟਾ ਦੇਈਏ । ਕੀ ਤੁਸੀਂ ਸੁਜੈਸਟ ਕਰਦੇ ਹੋ ਕਿ ਲਾ ਦੇਈਏ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੈਂ ਬਿਲਕੁਲ ਟੈਕਸਾਂ ਦੇ ਖਿਲਾਫ ਹਾਂ ਪਰ ਮੈਂ ਕਹਿੰਦੀ ਹਾਂ ਕਿ ਵੋਟ ਲੁਭਾਊ ਵਾਅਦੇ ਕਰਨ ਤੋਂ ਪਹਿਲਾਂ ਸੋਚਿਆ ਕਰੋ । ਤੁਸੀਂ ਸਾਡੀ ਗੱਲ ਮੰਨਦੇ ਹੋ ? ਜੇ ਮੰਨਦੇ ਹੋ ਮੈਂ ਤਾਂ ਕਹਿ ਰਹੀ ਹਾਂ ਕਿ ਆਟੇ, ਦਾਲ ਵਾਲੀ ਲਿਮਿਟ ਨੂੰ 60,000/- ਰੁਪਏ ਕਰ ਦਿਉ ।

**ਮੁੱਖ ਮੰਤਰੀ** : ਤੁਸੀਂ ਸੁਜੈਸਟ ਕਰੋ । ਅਸੀਂ ਉਹੀ ਕਰਾਂਗੇ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਆਟਾ, ਦਾਲ ਦੀ ਗੱਲ ਤੇ ਇਹ ਬੜੇ ਔਖੇ ਹੋ ਗਏ ਕਿ ਇਨ੍ਹਾਂ ਨੇ ਥਾਲੀਆਂ ਕਿਉਂ ਖੜਕਾ ਦਿੱਤੀਆਂ । ਅਸੀਂ ਗਰੀਬਾਂ ਵਾਸਤੇ ਥਾਲੀ ਖੜਕਾਈ ਹੈ । ਜਿੰਨੀ ਦੇਰ ਤੱਕ ਗਰੀਬਾਂ ਨਾਲ ਜੋ

Original with;
Punjab Vidhan Sabha
Digitized by;
Panjab Digital Library

ਵਾਅਦਾ ਤੁਸੀਂ ਪੂਰਾ ਨਹੀਂ ਕਰੋਗੇ ਪੂਰੇ ਪੰਜਾਬ ਵਿੱਚ, ਅਸੀਂ ਤੁਹਾਨੂੰ ਪੰਜਾਬ ਦੀਆਂ ਗਲੀਆਂ ਵਿੱਚ ਟਿਕਣ ਨਹੀਂ ਦੇਣਾ । ਸਪੀਕਰ ਸਾਹਿਬ, ਸਾਡੀ ਸਟੇਟ ਵਿੱਚ ਸਿਰਫ 94/- ਰੁਪਏ ਦਿਹਾੜੀ ਹੈ ਪਰ ਇਨ੍ਹਾਂ ਨੇ ਇਸ ਬਾਰੇ ਚੋਣ ਮੈਨੀਫੈਸਟੋ ਵਿੱਚ ਕੋਈ ਮੈਨਸ਼ਨ ਨਹੀਂ ਕੀਤਾ । ਕੀ ਇਹ ਲੋਕਾਂ ਨਾਲ ਧੋਖਾ ਨਹੀਂ, ਫਰਾਡ ਨਹੀਂ। ਚੋਣ ਮੈਨੀਫੈਸਟੋ ਵਿੱਚ ਇਹ ਵੀ ਨਹੀਂ ਲਿਖਿਆ ਕਿ ਅਸੀਂ ਇਸ ਹੱਦ ਤਕ ਦੇਵਾਂਗੇ । ਉਸ ਵਿੱਚ ਲਿਖਣਾ ਚਾਹੀਦਾ ਸੀ ਕਿ ਅਸੀਂ 30,000/- ਰੁਪਏ ਦੀ ਹੱਦ ਤਕ ਦੇਵਾਂਗੇ। ਮੈਂ ਸਮਝਦੀ ਹਾਂ ਕਿ ਉਹ ਗਰੀਬਾਂ ਨਾਲ ਧੋਖਾ ਕੀਤਾ ਹੈ । ਗਰੀਬਾਂ ਦੀ ਆਵਾਜ਼ ਕਾਂਗਰਸ ਪਾਰਟੀ ਜ਼ਰੂਰ ਉਠਾਵੇਗੀ ਅਤੇ ਬੜੇ ਜ਼ੋਰਦਾਰ ਤਰੀਕੇ ਨਾਲ ਉਠਾਵੇਗੀ । ਮੈਂ ਇਹ ਵੀ ਚਾਹੁੰਦੀ ਹਾਂ ਕਿ ਜਿਥੇ 94/- ਰੁਪਏ ਪੰਜਾਬ ਵਿੱਚ ਹੈ ਉੱਥੇ ਹਰਿਆਣੇ ਵਿੱਚ ਡੇਲੀ ਵੇਜਿਜ਼ 129/- ਰੁਪਏ ਹੈ ਜਿਹੜੇ ਕਿ ਸਾਡੇ ਤੋਂ ਬਾਅਦ ਵਿੱਚ ਅਲੱਗ ਹੋ ਕੇ ਸੂਬਾ ਬਣਿਆ ਹੈ । 129/- ਉਨ੍ਹਾਂ ਦੀ ਡੇਲ੍ਹੀ ਵੇਜ ਹੈ ਅਤੇ ਸਾਡੀ 94/- ਹੈ । ਮੇਰੀ ਸੁਜੈਸ਼ਨ ਹੈ ਸਰਕਾਰ ਨੂੰ ਕਿ ਇਨ੍ਹਾਂ ਨੇ ਕੱਲ੍ਹ ਬਜਟ ਤੇ ਬੋਲਣਾ ਹੈ ਕਿ ਜੇ ਜ਼ਿਆਦਾ ਨਹੀਂ ਤਾਂ ਜੇਕਰ 60,000/- ਵਾਲੀ ਸਾਡੀ ਗੱਲ ਨਹੀਂ ਮੰਨਣੀ ਤਾਂ ਹਰਿਆਣੇ ਨੂੰ ਦੇਖਦੇ ਹੋਏ ਤੁਸੀਂ ਦਿਹਾੜੀ 150/- ਰੁਪਏ ਕਰ ਦਿਉ । ਇਸ ਦੇ ਨਾਲ 4,500/- ਆਮਦਨ ਬਣ ਜਾਂਦੀ ਹੈ । ਉਸ ਨਾਲ ਅਸੀਂ ਸਮਝਾਂਗੇ ਕਿ ਧੋਖੇ ਨਾਲ ਜਿਹੜੀਆਂ ਵੋਟਾਂ ਵਾਲੀ ਕੁਮਿਟਮੈਂਟ ਸੀ, ਅਸੀਂ ਸਮਝਾਂਗੇ ਕਿ ਤੁਸੀਂ ਪੰਜਾਬ ਦੇ ਲੋਕਾਂ ਨਾਲ ਹਮਦਰਦੀ ਕੀਤੀ ਹੈ।

| *4.14 ਵਜੇ ਸ਼ਾਮ |
|---|

(ਇਸ *ਸਮੇਂ ਕੈਪਟਨ ਬਲਬੀਰ ਸਿੰਘ ਬਾਠ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

**ਸਰਦਾਰ ਵਿਰਸਾ ਸਿੰਘ ਵਲਟੋਹਾ** : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਆਪਣੇ ਵਿਚਾਰ ਰੱਖੇ ਹਨ ਪਰ ਇਹ ਭੁੱਲ ਜਾਂਦੇ ਹਨ ਕਿ ਸਾਲ 2002 ਦੀਆਂ ਚੋਣਾਂ ਵਿੱਚ ਜਦੋਂ ਇਨ੍ਹਾਂ ਨੇ ਵੋਟਾਂ ਲੈ ਕੇ ਆਪਣੀ ਸਰਕਾਰ ਬਣਾਈ ਸੀ ਤਾਂ ਇਨ੍ਹਾਂ ਨੇ ਗਰੀਬਾਂ ਨਾਲ ਕੀ ਕੀ ਵਾਅਦੇ ਕੀਤੇ ਸਨ ਅਤੇ ਆਪਣੇ ਪੰਜਾਂ ਸਾਲਾਂ ਵਿੱਚ ਇਨ੍ਹਾਂ ਨੇ ਕਿਹੜੇ-ਕਿਹੜੇ ਵਾਅਦਿਆਂ ਤੇ ਪਹਿਰਾ ਦਿੱਤਾ ਸੀ । ਇਨ੍ਹਾਂ ਨੇ ਕਿਹਾ ਸੀ ਕਿ ਪੈਨਸ਼ਨ 600/- ਰੁਪਿਆ ਕਰਾਂਗੇ । ਇਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਸ਼ਗਨ 5,100/- ਰੁਪਏ ਦੀ ਥਾਂ ਤੇ 11,000/- ਰੁਪਿਆ ਦੇਵਾਂਗੇ । ਸ਼ਗਨ ਵਧਾਉਣਾ ਤਾਂ ਕੀ ਸੀ, ਸਰਕਾਰ ਬਣਦਿਆਂ ਹੀ ਉਹ ਬੰਦ ਹੀ ਕਰ ਦਿੱਤਾ । ਲੋਕ ਪਰਚੀਆਂ ਲੈ ਕੇ ਉਹ 11,000/-, 15,000/- ਰੁਪਏ ਦਾ ਸ਼ਗਨ ਲੈਣ ਵਾਸਤੇ ਜਾਂਦੇ ਸੀ ...............

**ਸ਼੍ਰੀ ਸਭਾਪਤੀ** : ਵਲਟੋਹਾ ਜੀ, ਉਨ੍ਹਾਂ ਨੂੰ ਬੋਲਣ ਦਿਓ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਵਿਰਸਾ ਸਿੰਘ ਵਲਟੋਹਾ** : ਇਨ੍ਹਾਂ ਨੇ ਕਿਹਾ ਸੀ ਕਿ ਅਸੀਂ 11,000/- ਰੁਪਏ ਦਾ ਸ਼ਗਨ ਦਿਆਂਗੇ ਲੇਕਿਨ ਇਨ੍ਹਾਂ ਨੇ ਸਰਕਾਰ ਬਣਾਉਣ ਤੋਂ ਬਾਅਦ ਉਹ ਸਕੀਮ ਹੀ ਬੰਦ ਕਰ ਦਿੱਤੀ । ਫਿਰ ਕਿਹਾ ਕਿ 11,000/- ਨਹੀਂ, 400/- ਦੇਵਾਂਗੇ । 2004-05 ਵਿੱਚ ਗਰੀਬ ਲੋਕ ਪਰਚੀਆਂ ਲੈ ਕੇ ਸਾਡੇ ਘਰਾਂ ਦੇ ਦੁਆਲੇ ਘੁੰਮਦੇ ਰਹੇ । ਇਸ ਤਰੀਕੇ ਨਾਲ ਕਾਂਗਰਸ ਸਰਕਾਰ ਨੇ ਗਰੀਬਾਂ ਨਾਲ ਧੋਖਾ ਕੀਤਾ ਹੈ । ਕੀ ਦਿੱਤਾ ਤੁਸੀਂ ਗਰੀਬਾਂ ਨੂੰ ? ਇਸੇ ਕਰਕੇ ਗਰੀਬਾਂ ਨੇ ਤੁਹਾਡੀਆਂ ਫੱਟੀਆਂ ਪੋਚ ਕੇ ਆਪੋਜ਼ੀਸ਼ਨ ਵਿੱਚ ਬਿਠਾਇਆ ਹੈ............

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਚੇਅਰਮੈਨ ਸਾਹਿਬ, ਇਹ ਗਲਤ ਰਵਾਇਤਾਂ ਪਾ ਰਹੇ ਹਨ । ਕੱਲ੍ਹ ਨੂੰ ਜਦ ਐਫ.ਐਮ. ਸਾਹਿਬ ਬੋਲਣਗੇ ਤਾਂ ਕੀ ਇਹ ਚਾਹੁਣਗੇ ਕਿ ਉਨ੍ਹਾਂ ਨੂੰ ਵੀ ਅਸੀਂ ਇਸੇ ਤਰੀਕੇ ਨਾਲ ਇੰਟਰੱਪਟ ਕਰੀਏ ?

**ਸ਼੍ਰੀ ਸਭਾਪਤੀ** : ਤੁਹਾਡੇ ਵਿੱਚ ਸੁਣਨ ਦੀ ਸ਼ਕਤੀ ਹੋਣੀ ਚਾਹੀਦੀ ਹੈ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਚਾਹੀਦਾ ਹੈ ਕਿ ਜਦ ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਰਹੇ ਹਨ ਤਾਂ ਉਨ੍ਹਾਂ ਨੂੰ ਬੋਲ ਲੈਣ ਦਿਓ । ਕੱਲ੍ਹ ਨੂੰ ਐਫ.ਐਮ. ਸਾਹਿਬ ਬੋਲਣਗੇ ਤਾਂ ਜੇ ਅਸੀਂ ਵੀ ਇਸੇ ਤਰ੍ਹਾਂ ਉਨ੍ਹਾਂ ਨੂੰ ਵਾਰ-ਵਾਰ ਟੋਕਾਂਗੇ ਤਾਂ ਇਹ ਗੱਲ ਠੀਕ ਨਹੀਂ ਲੱਗੇਗੀ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਜੇ ਇਨ੍ਹਾਂ ਨੇ ਇਸੇ ਤਰ੍ਹਾਂ ਟੋਕਣਾ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ । ਮੇਰੀ ਸੱਚੀ ਗੱਲ ਤਾਂ ਇਨ੍ਹਾਂ ਨੂੰ ਮਿਰਚ ਵਾਂਗ ਕੌੜੀ ਲੱਗਣੀ ਹੀ ਹੈ । ਇਹ ਪੁੱਛੀ ਜਾਣ ਅਤੇ ਟੋਕਾ-ਟਾਕੀ ਕਰੀ ਜਾਣ, ਮੈਂ ਜਵਾਬ ਦੇਈ ਜਾਵਾਂਗੀ । ਇਹ ਡੈਕੋਰਮ ਦੀ ਗੱਲ ਕਰਦੇ ਹਨ, ਇਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਡੈਕੋਰਮ ਹੁੰਦਾ ਕੀ ਹੈ ? ਆਪਣੀਆਂ ਇਹੋ ਜਿਹੀਆਂ ਗੱਲਾਂ ਕਰਕੇ ਹੀ ਇਹ ਹੁਣ ਇਥੇ 48 ਬੈਠੇ ਹਨ ਜਦ ਕਿ ਪਹਿਲਾਂ ਇਹ 62 ਆਉਂਦੇ ਹੁੰਦੇ ਹਨ । ਅਜੇ ਵੀ ਤੁਹਾਨੂੰ ਸਬਕ ਨਹੀਂ ਮਿਲਿਆ ।

**ਸ਼੍ਰੀ ਸਭਾਪਤੀ** : ਮੈਂ ਟਰੈਜ਼ਰੀ ਬੈਂਚਾਂ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਦਾ ਬਹੁਤ ਸਤਿਕਾਰ ਹੁੰਦਾ ਹੈ, ਇਸ ਕਰਕੇ ਕ੍ਰਿਪਾ ਕਰਕੇ ਇੰਟਰਫੀਅਰ ਨਾ ਕਰੋ । (ਆਪੋਜ਼ੀਸ਼ਨ ਵੱਲੋਂ ਥੰਪਿੰਗ)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਦੇ ਕੋਲ ਆਪਣੀ ਮੰਗ ਰੱਖਦੀ ਹਾਂ । ਕੱਲ੍ਹ ਨੂੰ ਇਨ੍ਹਾਂ ਨੇ ਬੋਲਣਾ ਹੈ। ਇਨ੍ਹਾਂ ਨੇ ਗਰੀਬਾਂ ਨਾਲ ਜੋ ਵਾਅਦਾ ਕੀਤਾ ਸੀ, ਉਸ ਨੂੰ ਇਹ ਪੂਰਾ ਕਰਨ । ਜੇ ਇਹ 60,000/- ਰੁਪਏ ਦੀ ਹੱਦ

Original with;
Punjab Vidhan Sabha
Digitized by;
Panjab Digital Library

ਨਹੀਂ ਰੱਖ ਸਕਦੇ ਤਾਂ 150/- ਰੁਪਿਆ ਰੱਖ ਕੇ 4500/- ਰੁਪਏ ਦੀ ਆਮਦਨ ਹੱਦ ਰੱਖਣ । ਜਿਵੇਂ ਹਰਿਆਣੇ ਵਿੱਚ 150/- ਰੁਪਏ ਦੀ ਦਿਹਾੜੀ ਕੀਤੀ ਹੋਈ ਹੈ, ਉਸੇ ਤਰ੍ਹਾਂ ਇਹ 150/- ਦੀ ਡੇਅਲੀ ਰੱਖ ਕੇ ਆਮਦਨ ਹੱਦ ਰੱਖਣ । ਜੇ ਇਸ ਗੱਲ ਤੋਂ ਭੱਜਦੇ ਹੋ ਤਾਂ ਤੁਹਾਨੂੰ ਗਲ ਵਿੱਚ ਪੱਲਾ ਪਾ ਕੇ ਸਾਰੇ ਪੰਜਾਬ ਦੇ ਗਰੀਬਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਕਿ ਅਸੀਂ ਤੁਹਾਡੇ ਨਾਲ ਝੂਠ ਬੋਲੇ ਸੀ ਅਤੇ ਤੁਹਾਡੇ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ।

ਹੁਣ ਮੈਂ 10ਵੇਂ ਫਾਈਨਾਂਸ ਕਮਿਸ਼ਨ ਦੀ ਗੱਲ ਕਰਦੀ ਹਾਂ । ਉਸ ਦੇ ਹੈੱਡ ਉਸ ਵੇਲੇ ਕੇ.ਸੀ. ਪੰਤ ਸਨ । 1993 ਵਿੱਚ ਜਦੋਂ ਉਹ ਪੰਜਾਬ ਵਿਜ਼ਿਟ ਕਰਨ ਆਏ ਤਾਂ ਇਤਫਾਕ ਨਾਲ ਮੈਂ ਵੀ ਮਿਨਿਸਟਰ ਦੇ ਤੌਰ ਤੇ ਨਾਲ ਬੈਠੀ ਸੀ । ਸਰਦਾਰ ਬੇਅੰਤ ਸਿੰਘ ਹੋਰਾਂ ਨੇ ਬੜੇ ਅੱਛੇ ਢੰਗ ਨਾਲ ਸਟੇਟ ਦਾ ਕੇਸ ਪਲੀਡ ਕੀਤਾ । ਸੁਣ ਕੇ ਪੰਤ ਜੀ ਨੇ ਆਪਣੀ ਰਿਕੁਮੈਂਡੇਸ਼ਨ ਨਾਲ ਅਵਾਰਡ 1.461% ਜੋ ਨੈਸ਼ਨਲ ਲੈਵਲ ਤੇ ਦਿੱਲੀ ਦੀ ਸਰਕਾਰ ਦਾ ਟੈਕਸ ਇੱਕੱਠਾ ਹੁੰਦਾ ਸੀ ਦਿੱਤਾ ਲੇਕਿਨ ਉਸ ਤੋਂ ਬਾਅਦ ਕੀ ਹੋਇਆ । 11ਵਾਂ ਫਾਈਨਾਂਸ ਕਮਿਸ਼ਨ ਬਣਿਆ । ਸਾਨੂੰ ਆਸ ਸੀ ਕਿ ਉਹ ਸਾਨੂੰ ਪਹਿਲਾਂ ਨਾਲੋਂ ਵੱਧ ਪੈਸੇ ਦੇਣਗੇ । ਪੰਜਾਬ ਇੱਕ ਐਸੀ ਸਟੇਟ ਹੈ ਜਿਸ ਨੇ ਦੇਸ਼ ਵਾਸਤੇ ਅਨਾਜ ਪੈਦਾ ਕੀਤਾ ਹੈ ਅਤੇ ਦੇਸ਼ ਦੀ ਅਮਨ-ਸ਼ਾਂਤੀ ਲਈ ਲੜਾਈ ਲੜੀ ਹੈ । ਲੇਕਿਨ ਹੋਇਆ ਕੀ ਕਿ ਉਸ ਵੇਲੇ ਜੋ ਏ.ਐਮ. ਖੁਸਰੋ ਸੀ, ਉਸ ਨੇ ਉਹ ਰਕਮ ਵਧਾਉਣ ਦੀ ਬਜਾਏ ਘਟਾ ਕੇ 1.147% ਕਰ ਦਿੱਤੀ । ਸਾਡੇ ਸਮੇਂ ਵਿੱਚ 1.461% ਅਤੇ ਇਨ੍ਹਾਂ ਦੇ ਸਮੇਂ ਵਿੱਚ 1.147%, ਸੋ ਕਿੰਨਾ ਫਰਕ ਪਿਆ, ਤੁਸੀਂ ਦੇਖ ਲਓ । ਫਰਕ ਪਿਆ ਸੀ 1,550 ਕਰੋੜ ਰੁਪਏ ਦਾ । 10ਵੇਂ ਵਿੱਤ ਕਮਿਸ਼ਨ ਵੱਲੋਂ ਸਾਨੂੰ ਇਹ ਮਿਲਿਆ ਅਤੇ 11ਵੇਂ ਤੋਂ ਸਾਨੂੰ ਇਹ ਮਿਲਿਆ । ਉਨ੍ਹਾਂ ਨੇ ਘਟਾ ਦਿੱਤਾ । ਇਹ ਕਹਿੰਦੇ ਹਨ ਕਿ ਅਸੀਂ ਇਹ ਇਹ ਕਾਰਵਾਈ ਕਰਦੇ ਹਾਂ। ਤੁਸੀਂ ਉਸ ਵੇਲੇ ਇੱਕ ਚਿੱਠੀ ਜ਼ਰੂਰ ਲਿਖੀ ਸੀ ਜਿਸ ਵਿੱਚ ਕਿਹਾ ਸੀ ਕਿ ਸਾਡਾ ਸ਼ੇਅਰ ਘਟਾਇਆ ਗਿਆ ਹੈ, ਇਸ ਨੂੰ ਵਧਾਇਆ ਜਾਵੇ । ਇਹ ਠੀਕ ਹੈ ਕਿ ਤੁਸੀਂ ਪੰਜਾਬ ਵਾਸਤੇ ਸਟਰੌਂਗਲੀ ਲਿਖਿਆ ਹੋਵੇਗਾ, ਲੇਕਿਨ ਪੰਜਾਬ ਵਾਸਤੇ ਸੈਂਟਰ ਤੋਂ ਜਵਾਬ ਆਇਆ ਸੀ ਕਿ ਤੁਹਾਡੀ ਚਿੱਠੀ ਆਈ ਹੈ, ਉਹ ਅਸੀਂ ਦੇਖ ਲਈ ਹੈ । ਵਾਜਪਾਈ ਸਾਹਿਬ ਨੇ ਕੇਵਲ ਇਹੀ ਲਿਖਿਆ ਸੀ । ਤੁਸੀਂ ਉਨ੍ਹਾਂ ਦੀ ਸਪੋਰਟ ਕਰਦੇ ਹੋ । ਤੁਸੀਂ ਦੋਸ਼ ਲਾਉਂਦੇ ਹੋ ਕਿ ਕਾਂਗਰਸ ਦੀ ਸਰਕਾਰ ਨੇ ਧੋਖਾ ਕੀਤਾ । ਦਿੱਲੀ ਦੀ ਸਰਕਾਰ, ਕਾਂਗਰਸ ਸਾਡੇ ਨਾਲ ਵਿਤਕਰਾ ਕਰਦੀ ਰਹੀ ਹੈ ਜਦੋਂ ਕਿ ਕਾਂਗਰਸ ਦੀ ਸਰਕਾਰ ਵੇਲੇ ਟੈਕਸੇਸ਼ਨ ਦਾ ਪੈਸਾ ਵੱਧ ਦਿੱਤਾ ਗਿਆ ਹੈ । ਏਸੇ ਕਰਕੇ ਬਾਦਲ ਸਾਹਿਬ ਨੇ ਉਨ੍ਹਾਂ ਦਾ ਧੰਨਵਾਦ ਵੀ ਕੀਤਾ ਹੈ । ਮੈਂ ਕਿਹਾ ਸੀ ਕਿ ਜੇਕਰ ਤੁਸੀਂ ਧੰਨਵਾਦ ਕਰੋਗੇ ਤਾਂ ਅਸੀਂ ਵੀ ਧੰਨਵਾਦ ਕਰਾਂਗੇ । ਉਹ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਇਨ੍ਹਾਂ ਨੇ ਕੀਤਾ। ਮੈਂ ਉਸ ਦੀ ਤਾਰੀਫ ਕਰਦੀ ਹਾਂ । ਇਹ ਹੌਲੀ-ਹੌਲੀ ਉਸ ਪਾਸੇ ਆਏ ਤਾਂ ਹਨ। ਲੇਕਿਨ ਉਸ ਵੇਲੇ ਸਾਡੀ ਪਾਰਟੀ ਨੇ 1.461% ਦਿੱਤਾ ਇਨ੍ਹਾਂ ਵੇਲੇ 1.147% ਮਿਲਿਆ । ਇਹ ਵਿਤਕਰਾ ਉਸ ਵੇਲੇ ਦੀ ਬੀ.ਜੇ.ਪੀ. ਸਰਕਾਰ ਵਾਲਿਆਂ ਨੇ ਕੀਤਾ ਜਿਸ ਦੀ ਇਨ੍ਹਾਂ ਨੇ ਸਪੋਰਟ ਕੀਤੀ, ਨਾ ਕਿ ਕਾਂਗਰਸ ਵਾਲਿਆਂ ਨੇ ਕੀਤਾ । ਇਹ ਪੰਜਾਬ ਦੇ ਲੋਕਾਂ ਨਾਲ ਧੋਖਾ ਹੋਇਆ । ਇਹ ਸਾਡੇ ਤੇ ਐਲੀਗੇਸ਼ਨ ਲਾਉਂਦੇ ਹਨ। ਇਹ ਕਹਿੰਦੇ ਹਨ ਕਿ ਸਾਡੇ ਤੇ 3,772 ਕਰੋੜ ਰੁਪਏ ਦਾ ਕਰਜ਼ਾ ਸੀ, ਤੁਸੀਂ ਹੁਣ ਤੱਕ ਨਹੀਂ ਮੰਨੇ । ਇਹ ਕਹਿੰਦੇ ਰਹੇ ਕਿ ਮੁਆਫ ਨਹੀਂ ਹੋਇਆ । ਇਹ ਹੁਣ ਪਹਿਲੀ ਵਾਰੀ ਮੰਨੇ ਹਨ ਕਿ ਸਰਦਾਰ ਮਨਮੋਹਨ ਸਿੰਘ ਨੇ ਮੁਆਫ ਕੀਤਾ ਹੈ । (ਵਿਰੋਧੀ ਧਿਰ ਵੱਲੋਂ ਥੰਪਿੰਗ) 100 ਕਰੋੜ ਰੁਪਿਆ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ ਦਿੱਤਾ ਗਿਆ । 100/- ਰੁਪਿਆ ਬੋਨਸ ਕਣਕ ਤੇ ਅਤੇ 100/- ਰੁਪਿਆ ਐਮ.ਐਸ.ਪੀ. ਤੇ ਵਾਧਾ ਦਿੱਤਾ ਗਿਆ । ਇਸ ਤੋਂ ਇਲਾਵਾ ਰੋਡਜ਼ ਅਤੇ ਟੋਟਲ ਬੁਨਿਅਦੀ ਢਾਂਚੇ ਵਾਸਤੇ 816 ਕਰੋੜ ਰੁਪਏ ਦਿੱਤੇ ਗਏ । ਇਸ ਦੇ ਨਾਲ ਹੋਰ ਵੀ ਕਈ ਤਰ੍ਹਾਂ ਦੇ ਬੈਨੀਫਿਟ ਦਿੱਤੇ ਗਏ ਜਿਹੜੇ ਕਿ 2,528 ਕਰੋੜ ਰੁਪਏ ਦੇ ਬਣਦੇ ਹਨ। ਪਾਣੀ ਲਈ ਵੀ ਪੈਸਾ ਮਿਲਿਆ । ਸਾਡੀ ਸਰਕਾਰ ਨੇ ਹਮੇਸ਼ਾ 'ਹਾਂ' ਪੱਖੀ ਕਾਰਵਾਈ ਕੀਤੀ । ਏਨਾ ਪੈਸਾ ਮਿਲਣ ਦੇ ਬਾਵਜੂਦ ਵੀ ਸਾਡੇ ਸੂਬੇ ਦੀ ਹਾਲਤ ਹੋਰ ਸੁਧਾਰਨੀ ਪਵੇਗੀ । ਸਪੀਕਰ ਸਾਹਿਬ, ਅਸੀਂ ਵੀ ਦੋ ਸਾਲ ਲਾਏ ਸਨ, ਤੀਜੇ ਸਾਲ ਜਾ ਕੇ ਅਸੀਂ ਕਾਮਯਾਬ ਹੋਏ ਸੀ । ਵਰਲਡ ਬੈਂਕ ਵੀ ਜਵਾਬ ਦੇਣ ਲੱਗ ਗਿਆ ਸੀ, ਬੈਂਕ ਨੇ ਪੈਸਾ ਨਹੀਂ ਦਿੱਤਾ । ਪਾਣੀ ਵਾਲਾ ਵੀ ਰੋਕ ਦਿੱਤਾ ਗਿਆ ਸੀ ਉਹ ਕਹਿੰਦੇ ਸੀ ਕਿ ਤੁਹਾਡੀ ਇੱਕਾਨਮੀ ਪੂਅਰ ਹੈ। ਤੁਹਾਨੂੰ ਪੈਸੇ ਨਹੀਂ ਦਿੱਤੇ ਜਾਣੇ ਲੇਕਿਨ ਅਸੀਂ ਬੜੀਆਂ ਕੋਸ਼ਿਸ਼ਾਂ ਕੀਤੀਆਂ । ਵਰਲਡ ਬੈਂਕ ਤੋਂ ਪੈਸਾ ਲੈ ਕੇ ਆਏ ਅਤੇ ਪੰਜਾਬ ਦੇ ਖਜ਼ਾਨੇ ਵਿੱਚ ਪਾਇਆ । ਚੇਅਰਮੈਨ ਸਾਹਿਬ, ਲਾਅ ਐਂਡ ਆਰਡਰ ਨੂੰ ਠੀਕ ਰੱਖਣ ਵਾਸਤੇ ਤਾਂ ਕਿ ਸਾਡੇ ਪੰਜਾਬ ਦੇ ਵਿੱਚ ਅਮਨ ਸ਼ਾਂਤੀ ਕਾਇਮ ਰਹੇ । ਅਸੀਂ ਇੰਡਸਟਰੀਲਿਸਟਾਂ ਨੂੰ ਲੈ ਕੇ ਆਏ । ਜਿਸ ਵੇਲੇ ਅਸੀਂ ਇਹ ਸਰਕਾਰ ਛੱਡੀ ਫਰਵਰੀ, 2007 ਵਿੱਚ ਉਸ ਵੇਲੇ, ਮੈਂ ਇਸ ਬਾਰੇ ਪਿਛਲੇ ਸੈਸ਼ਨ ਵਿੱਚ ਵੀ ਕਿਹਾ ਸੀ ਕਿ 816 ਕਰੋੜ ਰੁਪਏ ਅਸੀਂ ਛੱਡ ਕੇ ਗਏ ਸੀ । ਬਾਦਲ ਸਾਹਿਬ ਨੇ ਪਿਛਲੀ ਵਾਰੀ ਗੱਲ ਕੀਤੀ ਸੀ ਕਿ ਇਹ ਰਿਜ਼ਰਵ ਬੈਂਕ ਦਾ ਪੈਸਾ ਛੱਡ ਕੇ ਗਏ ਸੀ । ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਇਹ ਮੇਰੇ ਤੋਂ ਵੱਡੇ ਹਨ ਇਨ੍ਹਾਂ ਨੂੰ ਅਜਿਹਾ ਨਹੀਂ ਕਹਿਣਾ ਚਾਹੀਦਾ ਸੀ । ਇਨ੍ਹਾਂ ਦੇ ਸੈਕਟਰੀ ਫਾਇਨਾਂਸ ਏਥੇ ਹੀ ਬੈਠੇ ਹਨ । ਇਹ ਉਨ੍ਹਾਂ ਤੋਂ ਪੁੱਛ ਸਕਦੇ ਹਨ ਕਿ ਅਸੀਂ 816 ਕਰੋੜ ਰੁਪਿਆ ਛੱਡ ਕੇ ਗਏ ਸੀ ਜਾਂ ਕਿ ਖਜ਼ਾਨਾ ਖਾਲੀ ਛੱਡ ਕੇ ਗਏ ਸੀ । ਜਦੋਂ ਇਹ ਗਏ ਸੀ ਤਾਂ

Original with;
Punjab Vidhan Sabha
Digitized by;
Panjab Digital Library

ਇਹ ਕਿੰਨਾ ਛੱਡ ਕੇ ਗਏ ਸੀ । ਇਸ ਬਾਰੇ ਵੀ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ । (ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਜ਼ੀਰੋ)

**ਸ਼੍ਰੀ ਸਭਾਪਤੀ :** ਬੀਬੀ ਜੀ, ਇੱਕ ਮਿੰਟ । ਜਿੱਥੇ ਕਿਤੇ ਵੀ ਇਨ੍ਹਾਂ ਨੇ ਬੋਲਦੇ ਹੋਏ ਲਫਜ਼ ਸਪੀਕਰ ਸਾਹਿਬ ਕਹੇ ਹਨ, ਉਥੇ ਚੇਅਰਮੈਨ ਕਰ ਦਿੱਤਾ ਜਾਵੇ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** Sorry, Chairman Sahib. ਸੋ, ਚੇਅਰਮੈਨ ਸਾਹਿਬ, ਇਹ ਜਿਹੜੀ ਵਿਤਕਰੇ ਦੀ ਗੱਲ ਕਰਦੇ ਹਨ ਇਹ ਕਾਂਗਰਸ ਦੀ ਸਰਕਾਰ ਦੇ ਸਮੇਂ ਨਹੀਂ ਹੋਇਆ ਸਗੋਂ ਬੀ.ਜੇ.ਪੀ. ਦੀ ਸਰਕਾਰ ਵੇਲੇ ਹੋਇਆ । ਉਸ ਵੇਲੇ ਇਹ ਸਾਰੇ ਕਹਿੰਦੇ ਸੀ ਕਿ ਜੰਮੂ-ਕਸ਼ਮੀਰ ਨੂੰ ਰਿਆਇਤਾਂ ਦਿੱਤੀਆਂ ਗਈਆਂ ਹਨ ਜਿਸ ਨਾਲ ਪੰਜਾਬ ਵਿੱਚੋਂ ਇੰਡਸਟਰੀ ਨਿਕਲ ਰਹੀ ਹੈ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਪਹਿਲਕਦਮੀ ਕਿਸ ਨੇ ਕੀਤੀ ? ਜ਼ਿਆਦਾ ਰਿਆਇਤਾਂ ਕਿਸ ਨੇ ਦਿੱਤੀਆਂ ? ਕਾਂਗਰਸ ਵਾਲਿਆਂ ਨੇ ਨਹੀਂ, ਬੀ.ਜੇ.ਪੀ. ਦੀ ਸਰਕਾਰ ਦੇ ਸਮੇਂ ਵਿੱਚ ਦਿੱਤੀਆਂ ਗਈਆਂ । ਅਸੀਂ ਇੰਡਸਟਰੀਲਿਸਟ ਲੈ ਕੇ ਆਏ, ਐਨ.ਆਰ.ਆਈਜ਼. ਲੈ ਕੇ ਆਏ ਔਰ ਇਹ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਮੈਗਾ ਪ੍ਰਾਜੈਕਟਾਂ ਦੇ ਖਿਲਾਫ ਉਲਟ ਪ੍ਰਚਾਰ ਕਰਦੇ ਰਹੇ । ਅਸੀਂ ਰਿਲਾਇੰਸ, ਭਾਰਤੀ, ਕੁਆਰਕ ਵਰਗੀਆਂ ਕੰਪਨੀਆਂ ਤੇ ਕਰੜੀਆਂ ਸ਼ਰਤਾਂ ਵੀ ਲਗਾਈਆਂ ਸਨ, ਤੁਸੀਂ ਸਭ ਤੋਂ ਪਹਿਲਾਂ ਇਹ ਬਿਆਨ ਦਿੱਤਾ ਕਿ ਅਸੀਂ ਆਉਂਦਿਆਂ ਸਾਰ ਹੀ ਇਨ੍ਹਾਂ ਨੂੰ ਕੈਂਸਲ ਕਰਾਂਗੇ, ਅਸੀਂ ਦੇਖਾਂਗੇ, ਅਸੀਂ ਦੁਬਾਰਾ ਇਨ੍ਹਾਂ ਦੇ ਕੇਸ ਵੇਖਾਂਗੇ । ਤੁਸੀਂ ਇੱਕ ਤਰ੍ਹਾਂ ਦੇ ਨਾਲ ਦਹਿਸ਼ਤ ਦਾ ਮਾਹੌਲ ਦਿੱਤਾ ਜਦੋਂ ਤੁਸੀਂ ਕਿਹਾ ਕਿ ਅਸੀਂ ਇਨ੍ਹਾਂ ਦੇ ਕੇਸਾਂ ਨੂੰ ਦੁਬਾਰਾ ਵੇਖਾਂਗੇ । ਤੁਸੀਂ ਇੱਕ ਅਨਸਰਟੇਨਟੀ ਵਾਲਾ ਮਾਹੌਲ ਦਿੱਤਾ । ਪੰਚਕੂਲੇ ਦੇ ਇੱਕ ਬਿਜ਼ਨੈਸਮੈਨ ਨੂੰ ਤਾਂ ਖੁਦਕਸ਼ੀ ਕਰਨੀ ਪਈ ਉਹ ਵਿਚਾਰਾ ਪੰਜਾਬ ਵਿੱਚ ਪੈਸਾ ਲਗਾਉਣਾ ਚਾਹੁੰਦਾ ਸੀ । ਤੁਹਾਡੇ ਬਿਆਨਾਂ ਕਰਕੇ ਪੰਜਾਬ ਦੇ ਇਹ ਹਾਲਾਤ ਹੋਏ । ਪਰ ਜਦੋਂ ਤੁਸੀਂ ਆਏ ਤਾਂ ਕੁਆਰਕ, ਭਾਰਤੀ ਤੇ ਰਿਲਾਇੰਸ ਵਰਗੀਆਂ ਕੰਪਨੀਆਂ ਨੂੰ ਕਲੀਅਰੈਂਸਜ਼ ਦਿੱਤੀਆਂ । ਕੀ ਉਦੋਂ ਇਹ ਦੁੱਧ ਧੋਤੀਆਂ ਹੋ ਗਈਆਂ ਸਨ ? ਮੇਰੇ ਵੀਰ ਸ਼ੇਰ ਸਿੰਘ ਬੋਲ ਰਹੇ ਹਨ ਕਿ ਇੰਡਸਟਰੀ ਹੋਰ ਲੱਗਣੀ ਚਾਹੀਦੀ ਸੀ । ਅਸੀਂ ਇੱਕ ਇੰਡਸਟਰੀ ਵਾਲਾ ਐਟਮੌਸਫੀਅਰ ਦਿੱਤਾ ਸੀ ਅਤੇ ਸਾਡੇ ਸਮੇਂ ਇੰਡਸਟਰੀ ਲੱਗਣੀ ਸ਼ੁਰੂ ਹੋ ਗਈ ਸੀ । ਇਹ ਸਾਰਾ ਕੁਝ ਸਾਡਾ ਕਾਂਗਰਸ ਦੀ ਦੇਣ ਹੀ ਸੀ । ਅੱਜ ਸਾਨੂੰ ਖੇਤੀ ਦੇ ਨਾਲ-ਨਾਲ ਇੰਡਸਟਰੀ ਲਗਾਉਣ ਦੀ ਲੋੜ ਹੈ । ਅਸੀਂ ਇੰਡਸਟਰੀ ਲਿਆਉਂਦੇ ਹਾਂ ਪਰ ਤੁਸੀਂ ਭਜਾਅ ਦਿੰਦੇ ਹੋ । ਅਸੀਂ ਵਾਰ-ਵਾਰ ਇਹੋ ਕਹਿੰਦੇ ਹਾਂ ਕਿ ਅਜਿਹੀਆਂ ਗੱਲਾਂ ਕਰੋ ਜਿਸ ਦੇ ਨਾਲ ਪੰਜਾਬ ਦੀ ਆਰਥਿਕਤਾ ਮੁੜ ਆਪਣੀਆਂ ਲੀਹਾਂ ਤੇ ਆ ਸਕੇ ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਪੰਜਾਬ ਇੱਕ ਸੂਰਮਾ ਸਟੇਟ ਹੈ, ਬਹਾਦਰਾਂ ਦੀ ਸਟੇਟ ਹੈ । ਇਥੇ ਤੰਗਦਿਲੀ ਨਹੀਂ ਚਲਦੀ। ਅੱਜ ਤੁਹਾਨੂੰ ਥੋੜ੍ਹੀ-ਥੋੜ੍ਹੀ ਸਮਝ ਆ ਰਹੀ ਹੈ ਕਿ ਰਾਜ ਕੇਵਲ ਅਮਨ ਤੇ ਸ਼ਾਂਤੀ ਨਾਲ ਲਿਆ ਜਾ ਸਕਦਾ ਹੈ । ਰੌਲਾ ਪਾ ਕੇ ਜਾਂ ਖਾਲਿਸਤਾਨੀ ਨਾਅਰੇ ਲਗਾ ਕੇ ਰਾਜ ਨਹੀਂ ਮਿਲਦਾ । ਪਹਿਲਾਂ ਇਹ ਅਜਿਹੇ ਨਾਅਰੇ ਲਗਾ ਕੇ ਗ੍ਰਿਫਤਾਰੀਆਂ ਦੇ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਸਨ । ਅੱਜ ਵੀ ਇਸ ਤਰ੍ਹਾਂ ਦੇ ਲੋਕ ਅਤੇ ਬਾਹਰਲੇ ਲੋਕ ਘਿਸੀਆਂ-ਪਿਟੀਆਂ ਗੱਲਾਂ ਕਰਨ ਵਿੱਚ ਲੱਗੇ ਹੋਏ ਹਨ । ਅੱਜ ਤੁਸੀਂ ਕੁਝ ਨੂੰ ਅੰਦਰ ਵੀ ਦਿੱਤਾ ਹੈ । ਪਹਿਲਾਂ ਤੁਸੀਂ ਵੀ ਉਨ੍ਹਾਂ ਦਾ ਸਮਰਥਨ ਕਰਦੇ ਹੁੰਦੇ ਸੀ। ਸਾਡੀ ਦਿੱਲੀ ਦੀ ਸਰਕਾਰ ਜੋ ਵੀ ਕਰ ਰਹੀ ਹੈ, ਉਹ ਅਮਨ ਦੀ ਕਾਸਟ ਤੇ ਕਰ ਰਹੀ ਹੈ । ਅਗਰ ਕਾਂਗਰਸ ਚਾਹੁੰਦੀ ਤਾਂ ਦਰਬਾਰਾ ਸਿੰਘ ਦੀ ਸਰਕਾਰ ਤੋਂ ਬਾਅਦ ਆਪਣੀ ਸਰਕਾਰ ਮੁੜ ਬਣਾ ਸਕਦੀ ਸੀ । ਪਰ ਅਸੀਂ ਸੋਚਿਆ ਕਿ ਉਸ ਵਕਤ ਜਿਹੜਾ ਅਕਾਲੀ ਦਲ ਦਾ ਮੁੱਖ ਮੰਤਰੀ ਬਣਿਆ ਸੀ ਸ਼ਾਇਦ ਉਹ ਲੋਕਾਂ ਦੀ ਜ਼ਿਆਦਾ ਸਹੀ ਨੁਮਾਇੰਦਗੀ ਕਰ ਸਕੇਗਾ, ਬਿਹਤਰ ਅਤੇ ਅੱਛੇ ਹਾਲਾਤ ਬਣਾ ਸਕੇਗਾ ਅਤੇ ਕੰਟਰੋਲ ਕਰ ਸਕੇਗਾ । ਇਨ੍ਹਾਂ ਸਾਰੀਆਂ ਗੱਲਾਂ ਕਰਕੇ ਹੀ ਕਾਂਗਰਸ ਨੇ ਰਾਜਭਾਗ ਛੱਡਿਆ ਸੀ। ਕਾਂਗਰਸ ਰਾਜ ਛੱਡਣਾ ਜਾਣਦੀ ਹੈ, ਕੁਰਬਾਨੀਆਂ ਦੇਣੀਆਂ ਜਾਣਦੀ ਹੈ । ਲੇਕਿਨ ਅੱਜ ਤੁਹਾਨੂੰ ਥੋੜ੍ਹੀ-ਥੋੜ੍ਹੀ ਸਮਝ ਆਉਣ ਲੱਗੀ ਹੈ ਅਤੇ ਅੱਜ ਤੁਸੀਂ ਦਿੱਲੀ ਸਰਕਾਰ ਵਾਲਿਆਂ ਦੀ ਪ੍ਰਸ਼ੰਸਾ ਵੀ ਕੀਤੀ ਹੈ । ਕਰੜੇ ਹੱਥ ਵੀ ਅਪਣਾਏ ਹਨ । ਮੈਂ ਸਮਝਦੀ ਹਾਂ ਕਿ ਇਹ ਚੰਗੀ ਗੱਲ ਹੈ । ਆਉਣ ਵਾਲੇ ਸਮੇਂ ਵਿੱਚ ਹੋਰ ਵੀ ਬਹੁਤ ਕੁਝ ਕਰੋਗੇ ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਬੇਰੁਜ਼ਗਾਰੀ ਦੀ ਸਮੱਸਿਆ ਇੱਕ ਬੜੀ ਵੱਡੀ ਲਾਅਨਤ ਹੈ । ਪੰਜਾਬ ਦੇ ਮਾਯੂਸ ਹੋਏ ਨੌਜਵਾਨ ਸਮਝਦੇ ਹਨ ਕਿ ਪੰਜਾਬ ਦੇ ਨੌਜਵਾਨ ਟੈਕਨਾਲੋਜੀ ਤੌਰ ਤੇ ਬਹੁਤ ਵਿਕਸਿਤ ਹੋਣੇ ਚਾਹੀਦੇ ਹਨ ਕਿਉਂਕਿ ਸਾਡੇ ਪੰਜਾਬ ਕੋਲ ਮੈਨ-ਪਾਵਰ ਬਹੁਤ ਹੈ ਅਤੇ ਸਾਰੇ ਯੂਰਪ ਦੀ ਨਿਗਾਹ ਸਾਡੇ 'ਤੇ ਲੱਗੀ ਹੋਈ ਹੈ ਕਿ ਉਨ੍ਹਾਂ ਨੂੰ ਪੰਜਾਬ ਤੋਂ ਟਰੇਂਡ ਵਾਈਟ ਕੌਲਰਡ ਜੌਬ ਨੌਜਵਾਨ ਮਿਲਣ । ਯੂਨੀਵਰਸਿਟੀਆਂ/ਕਾਲਜਾਂ ਵਿੱਚ ਰੁਜ਼ਗਾਰ ਦੇ ਸਾਧਨ ਪੈਦਾ ਕਰਕੇ ਭਵਿੱਖ ਵਿੱਚ ਨੌਜਵਾਨਾਂ ਵਾਸਤੇ ਕੁਝ ਨਾ ਕੁਝ ਇਸ ਬਜਟ ਵਿੱਚ ਹੋਣਾ ਚਾਹੀਦਾ ਸੀ ਜਿਸ ਦੀ ਇਸ ਬਜਟ ਵਿੱਚ ਕਮੀ ਰਹੀ ਹੈ । ਜਿਹੜੀਆਂ ਸਾਡੀਆਂ ਆਈ.ਟੀ.ਆਈਜ਼ ਹਨ, ਉਨ੍ਹਾਂ ਵਿੱਚ ਸਕਿੱਲ ਨੂੰ ਅੱਪ-ਗਰੇਡ ਕਰਨਾ ਚਾਹੀਦਾ ਹੈ । ਜਿਹੜੀਆਂ ਸਾਡੀਆਂ ਫਾਈਨੈਂਸ਼ੀਅਲ ਇੰਸਟੀਚਿਊਸ਼ਨਜ਼ ਹਨ ਜਿਵੇਂ ਲੈਂਡ ਡਿਵੈਲਪਮੈਂਟ ਇੰਸਟੀਚਿਊਸ਼ਨ ਹੈ, ਬੈਕਫਿੰਕੋ ਇੰਸਟੀਚਿਊਸ਼ਨ ਹੈ, ਸ਼ਡਿਊਲਡ ਕਾਸਟ ਕਾਰਪੋਰੇਸ਼ਨ ਹੈ ਜਾਂ ਇਸ ਤਰ੍ਹਾਂ ਦੀਆਂ ਹੋਰ ਫਾਈਨੈਂਸ਼ੀਅਲ ਇੰਸਟੀਚਿਊਸ਼ਨਜ਼ ਹਨ, ਉਨ੍ਹਾਂ ਨੂੰ ਰੀਵੈਂਪ ਕੀਤਾ ਜਾਵੇ,

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੀ ਕਾਰਗੁਜ਼ਾਰੀ ਵੇਖੀ ਜਾਵੇ, ਘੋਖ ਕੀਤੀ ਜਾਵੇ । ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਜਿਹੜੇ ਸਾਡੇ ਐਨ.ਆਰ.ਆਈਜ਼ ਹਨ, ਉਹ ਬੜੇ ਮਹਾਨ ਹਨ, ਉਹ ਬਾਹਰਲੇ ਮੁਲਕਾਂ ਵਿੱਚ ਸਿਆਸਤ ਵਿੱਚ ਵੀ ਹਨ, ਬਿਜਨੈਸ਼ ਵਿੱਚ ਵੀ ਹਨ, ਹੋਰ ਕੰਮਾਂ ਵਿੱਚ ਵੀ ਹਨ ਕਿਉਂਜੋ ਸਾਰੇ ਪੰਜਾਬੀ ਅਗਾਂਹਵਧੂ ਅਤੇ ਬਹਾਦਰ ਹੁੰਦੇ ਹਨ । ਉਹ ਫੀਲ ਕਰਦੇ ਹਨ ਕਿ ਉਹ ਪੰਜਾਬ ਵਿੱਚ ਇਨਵੈਸਟਮੈਂਟ ਕਰਨ । ਇਸ ਪਾਸੇ ਵੱਲ ਅਜੇ ਤੱਕ ਕੋਈ ਕਦਮ ਨਹੀਂ ਪੁੱਟੇ ਗਏ । ਇਸ ਵਾਸਤੇ ਮੈਂ ਤੁਹਾਨੂੰ ਇਕੱਲਿਆਂ ਨੂੰ ਦੋਸ਼ ਨਹੀਂ ਦਿੰਦੀ ਬਲਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ । ਜਦੋਂ ਮੇਰੇ ਕੋਲ ਹੈਲਥ ਐਜੂਕੇਸ਼ਨ ਦਾ ਮਹਿਕਮਾ ਸੀ ਤਾਂ ਸਾਡੇ ਕੁਝ ਬਾਹਰਲੇ ਭਰਾਵਾਂ ਨੇ ਕਿਹਾ ਕਿ ਉਹ ਅੰਮ੍ਰਿਤਸਰ ਵਾਸਤੇ ਕੁਝ ਕੰਟਰੀਬਿਊਟ ਕਰਨਾ ਚਾਹੁੰਦੇ ਹਨ ਅਤੇ ਕੋਆਰਡੀਨੇਸ਼ਨ ਨਾਲ ਚਲਣਾ ਚਾਹੁੰਦੇ ਹਨ । ਲੇਕਿਨ ਸਾਡੀ ਅਫ਼ਸਰਸ਼ਾਹੀ ਨੇ ਉਨ੍ਹਾਂ ਨੂੰ ਕਿਹਾ ਕਿ ਉਧਰੋਂ ਪੈਸਾ ਲਿਆ ਕੇ ਉਨ੍ਹਾਂ ਨੂੰ ਦੇ ਦਿਉ । ਪੈਸਾ ਤਾਂ ਇੱਥੋਂ ਸਰਕਾਰ ਕੋਲੋਂ ਵੀ ਜਾਂਦਾ ਹੈ । ਇਸ ਬਾਰੇ ਸਾਨੂੰ ਮੁੜ ਸੋਚਣਾ ਪਵੇਗਾ ਕਿ ਕਿਹੜੇ ਤਰੀਕੇ ਨਾਲ ਅਸੀਂ ਕੋਈ ਸੈਕਟਰੀਏਟ ਜਾਂ ਕੋਈ ਡਾਇਰੈਕਟੋਰੇਟ ਕਾਇਮ ਕਰੀਏ ਜਿਹੜਾ ਕਿ ਇਸ ਤਰ੍ਹਾਂ ਐਟਮੋਸਫੀਅਰ ਪੰਜਾਬ ਵਿੱਚ ਪੈਦਾ ਕਰੇ ਕਿ ਬਾਹਰੋਂ ਇੰਡਸਟਰੀ ਵਾਲੇ ਪੈਸਾ ਲਿਆ ਕੇ ਇੱਧਰ ਲਗਾਉਣ । ਸਿਸਟਮ ਨੂੰ ਸਿੰਪਲੀਫਾਈ ਕਰੋ, ਸਿਸਟਮ ਬਹੁਤ ਕੰਪਲੀਕੇਟਿਡ ਬਣੇ ਹੋਏ ਹਨ, ਉਨ੍ਹਾਂ ਨੂੰ ਸਿੰਪਲੀਫਾਈ ਕੀਤਾ ਜਾਵੇ ਅਤੇ ਦਫਤਰ ਦੇ ਟੈਲੀਫੂਨ ਨੰਬਰ ਉਨ੍ਹਾਂ ਨੂੰ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਪ੍ਰੋਪੋਜ਼ਲਜ਼ ਬਣਾ ਕੇ ਭੇਜੀਏ । ਉਨ੍ਹਾਂ ਕੋਲ ਟਾਈਮ ਹੀ ਨਹੀਂ ਉਹ ਸਾਡੇ ਵਾਂਗ ਵਿਹਲੇ ਨਹੀਂ ਰਹਿੰਦੇ । ਉਹ ਬੜੀ ਮਿਹਨਤ ਨਾਲ ਪੈਸਾ ਕਮਾਉਂਦੇ ਹਨ । ਉਹ ਚਾਹੁੰਦੇ ਹਨ ਕਿ ਸਿਸਟਮ ਸਿੰਪਲੀਫਾਈ ਹੋਵੇ ਅਤੇ ਉਨ੍ਹਾਂ ਨੂੰ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ ਅਤੇ ਖੱਜਲ ਖੁਆਰ ਨਾ ਹੋਣਾ ਪਵੇ । ਸੋ, ਸਾਨੂੰ ਇਸ ਸਿਸਟਮ ਨੂੰ ਸਿੰਪਲੀਫਾਈ ਕਰਨਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦਾ ਸਾਨੂੰ ਸਹਿਯੋਗ ਮਿਲ ਸਕੇ ਪਰ ਇਨ੍ਹਾਂ ਦਾ ਇਸ ਪਾਸੇ ਬਿਲਕੁਲ ਧਿਆਨ ਨਹੀਂ ਲਗਦਾ । ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ, ਵੈਸੇ ਤਾਂ ਹਰ ਮਹੀਨੇ, ਜੇ ਹਰ ਮਹੀਨੇ ਨਹੀਂ ਤਾਂ ਹਰ ਤਿੰਨ ਮਹੀਨੇ ਪਿੱਛੋਂ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਨੂੰ ਇਸ ਦਾ ਰਿਵਿਊ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਵੱਧ ਤੋਂ ਵੱਧ ਉਨ੍ਹਾਂ ਤੋਂ ਸਹਿਯੋਗ ਲੈ ਸਕੀਏ । ਪਰ ਇਨ੍ਹਾਂ ਨੇ ਉਨ੍ਹਾਂ ਬਾਰੇ ਕੀ ਕਦੇ ਕੋਈ ਇੰਟਰੈਸਟ ਲਿਆ ਹੈ ? ਹੁਣ ਮੈਂ ਖੜੋਦੀ ਪਿੰਡ ਦੀ ਗੱਲ ਕਰਦੀ ਹਾਂ । ਅਸੀਂ ਉਥੇ ਗਏ ਸੀ। ਇਨ੍ਹਾਂ ਨੇ ਇੱਕ ਕਰੋੜ ਰੁਪਏ ਦਾ ਬਜਟ ਪ੍ਰੋਵੀਜ਼ਨ ਰੱਖਿਆ । ਚੇਅਰਮੈਨ ਸਾਹਿਬ, ਸਾਰੇ ਪੰਜਾਬ ਦੇ ਐਨ.ਆਰ.ਆਈਜ਼ ਲਈ ਕੇਵਲ ਇੱਕ ਕਰੋੜ ਰੁਪਿਆ ਰੱਖਿਆ ਗਿਆ ਹੈ । ਕੀ ਇਹ ਐਨ.ਆਰ.ਆਈਜ਼ ਨਾਲ ਮਜ਼ਾਕ ਨਹੀਂ ਕੀਤਾ ਗਿਆ ? ਮੈਂ ਬੇਨਤੀ ਕਰਦੀ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]
ਇੱਕ ਕਰੋੜ ਰੁਪਿਆ ਬਹੁਤ ਘੱਟ ਹੈ, ਇਸਦੇ ਲਈ ਘੱਟੋ-ਘੱਟ 10 ਕਰੋੜ ਰੁਪਿਆ ਰੱਖਿਆ ਜਾਣਾ ਚਾਹੀਦਾ ਹੈ ।

ਇਸ ਤੋਂ ਅੱਗੇ ਗੱਲ ਆਉਂਦੀ ਹੈ 73ਵੀਂ ਅਮੈਂਡਮੈਂਟ ਦੀ । 73ਵੀ ਅਮੈਂਡਮੈਂਟ ਇਹ ਸਾਡੇ ਬਜਟ ਨਾਲ ਜੁੜੀ ਹੈ । ਥਰੀ-ਟਾਇਰ ਸਿਸਟਮ ਜਿਹੜਾ ਹੈ, ਇਸ ਦੇ ਬਾਰੇ ਮਹਾਤਮਾ ਗਾਂਧੀ ਜੀ ਤੋਂ ਲੈ ਕੇ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਜੀ, ਸੋਨੀਆਂ ਗਾਂਧੀ ਜੀ ਅਤੇ ਰਾਜੀਵ ਗਾਂਧੀ ਜੀ ਸੋਚਦੇ ਰਹੇ ਹਨ ਕਿ ਪੰਚਾਇਤੀ ਰਾਜ ਸਿਸਟਮ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ । ਰਾਜੀਵ ਜੀ ਨੇ ਕਿਹਾ ਸੀ ਕਿ ਦਿੱਲੀ ਤੋਂ ਇੱਕ ਰੁਪਿਆ ਜਾਂਦਾ ਹੈ ਜਾਂ ਸਾਡੇ ਇਥੇ ਚੰਡੀਗੜ੍ਹ ਤੋਂ ਇੱਕ ਰੁਪਿਆ ਜਾਂਦਾ ਹੈ ਤਾਂ ਥੱਲੇ ਜਾਂਦੇ ਹੋਏ ਕੇਵਲ ਚਵਾਨੀ ਰਹਿ ਜਾਂਦੀ ਹੈ । ਮੈਨੂੰ ਵਿਸ਼ਵਾਸ ਹੈ ਕਿ ਇਹ ਸਾਡੇ ਭਰਾ ਜਿਹੜੇ ਹਨ ਇਹ ਗੱਲਾਂ ਕਰਦੇ ਰਹੇ ਹਨ ਕਿ ਸੂਬਿਆਂ ਨੂੰ ਵੱਧ ਅਧਿਕਾਰ ਦਿਓ, ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਤਾਂ ਮਹਿਕਮਿਆਂ ਵਿੱਚੋਂ ਅਸੀਂ ਕੋਸ਼ਿਸ਼ ਕੀਤੀ ਪਹਿਲੀ ਵੇਰ ਟਰੇਨਿੰਗ ਦਿੱਤੀ । ਉਸ ਵੇਲੇ ਸਾਡੀ ਸਰਕਾਰ ਨੇ 6 ਮਹਿਕਮੇ ਦਿੱਤੇ ਸਨ ਲੇਕਿਨ 3 ਮਹੀਨੇ ਨਹੀਂ ਬੀਤੇ ਇਨ੍ਹਾਂ ਨੇ 6 ਮਹਿਕਮੇ ਵਾਪਸ ਲੈ ਲਏ ਹਨ । ਆਪ ਹੱਕ ਲੈਣੇ ਚਾਹੁੰਦੇ ਹਨ ਲੇਕਿਨ ਥੱਲੇ ਨਹੀਂ ਦੇਣ ਲਈ ਤਿਆਰ । ਮੈਂ ਜਦੋਂ ਰੂਰਲ ਡਿਵੈਲਪਮੈਂਟ ਮਿਨਿਸਟਰ ਸੀ, ਮੈਨੂੰ ਪਤਾ ਹੈ ਕਿ ਜਦੋਂ ਅਸੀਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਕਰਵਾਉਂਦੇ ਹਾਂ ਤਾਂ ਸਾਨੂੰ ਦਿੱਲੀ ਤੋਂ ਪੈਸੇ ਮਿਲਦੇ ਹਨ ਪਰ ਉਨ੍ਹਾਂ ਦੀ ਇੱਕ ਸ਼ਰਤ ਹੈ ਕਿ ਡਿਊ ਸਮੇਂ ਤੇ ਚੋਣਾਂ ਕਰਵਾਈਆਂ ਜਾਣ, ਲੇਕਿਨ ਪੰਜ ਸਾਲ ਇਹ ਭਰਾ ਰਾਜ ਕਰਕੇ ਚਲੇ ਪਰ ਇਨ੍ਹਾਂ ਨੇ ਚੋਣਾਂ ਨਹੀਂ ਕਰਵਾਈਆਂ ਅਤੇ ਜੇਕਰ ਇਹ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਸਮੇਂ ਸਿਰ ਕਰਵਾ ਦਿੰਦੇ ਤਾਂ 93% ਜੋ ਮਿਲਣਾ ਸੀ, ਮਿਲ ਜਾਂਦਾ ਇਹ ਸਾਰੇ ਦਾ ਸਾਰਾ ਪੈਸਾ ਨਹੀਂ ਲੈ ਸਕੇ । ਮੈਨੂੰ ਅਫਸੋਸ ਹੈ ਕਿ ਇਹ ਅਧਿਕਾਰ ਲੈਣਾ ਚਾਹੁੰਦੇ ਹਨ ਪਰ ਥੱਲੇ ਦੇਣਾ ਨਹੀਂ ਚਾਹੁੰਦੇ । ਮੈਂ ਕਹਿਣਾ ਚਾਹੁੰਦੀ ਹਾਂ ਕਿ ਸਾਨੂੰ ਇਹ 73ਵੀਂ ਅਮੈਂਡਮੈਂਟ ਲਾਗੂ ਕਰਨੀ ਚਾਹੀਦੀ ਹੈ, ਇਸਦੇ ਵਿੱਚ ਲੇਡੀਜ਼ ਕੋਟਾ ਵੀ ਹੈ । ਇਸਦੇ ਵਿੱਚ ਲੇਡੀਜ਼ ਕੋਟੇ ਦੀ ਵੀ ਗੱਲ ਕੀਤੀ ਗਈ ਹੈ । ਮੈਨੂੰ ਮਾਣ ਹੈ ਕਿ ਸਾਡੇ ਗੁਰੂਆਂ, ਪੀਰਾਂ-ਪੈਗੰਬਰਾਂ ਨੇ ਵੀ ਔਰਤ ਦਾ ਸਤਿਕਾਰ ਕੀਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ ਕਿਹਾ :

ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨੁ

ਇਸ ਲਈ ਸਾਨੂੰ ਔਰਤਾਂ ਦਾ ਮਾਣ ਸਤਿਕਾਰ ਕਰਨਾ ਚਾਹੀਦਾ ਹੈ । ਮੁੱਖ ਮੰਤਰੀ ਸਾਹਿਬ ਨੇ ਵੀ ਚੰਗੀ ਗੱਲ ਕੀਤੀ ਹੈ ਅਤੇ ਕਿਹਾ ਹੈ ਕਿ ਔਰਤਾਂ ਦੇ ਮਾਣ ਸਤਿਕਾਰ ਨੂੰ ਦੇਖਦੇ ਹੋਏ ਥਾਣੇ ਵਿੱਚ ਨਹੀਂ ਬੁਲਾਇਆ ਜਾਵੇਗਾ, ਲੇਕਿਨ ਲਿਮਟਿਡ ਨਾ ਕਰੋ ਇਸ

Original with;
Punjab Vidhan Sabha
Digitized by;
Panjab Digital Library

ਤੋਂ ਵੀ ਅੱਗੇ ਵਧੋ । ਅੱਜ ਸਾਨੂੰ ਮਾਣ ਹੈ ਕਿ ਸਾਡੇ ਰਾਸ਼ਟਰਪਤੀ ਦੇ ਅਹੁਦੇ ਲਈ ਸਾਡੀ ਪਾਰਟੀ ਨੇ ਇੱਕ ਲੇਡੀ ਨੂੰ ਚੁਣਿਆ ਹੈ (ਕਾਂਗਰਸ ਪਾਰਟੀ ਦੇ ਬੈਂਚਾਂ ਵੱਲੋਂ ਥੰਪਿੰਗ) । ਜੇ ਇੰਗਲੈਂਡ ਵਿੱਚ ਰਾਸ਼ਟਰਪਤੀ ਇੱਕ ਲੇਡੀ ਬਣ ਸਕਦੀ ਹੈ ਤਾਂ ਭਾਰਤ ਵਿੱਚ ਵੀ ਲੇਡੀ ਰਾਸ਼ਟਰਪਤੀ ਬਣ ਸਕਦੀ ਹੈ । ਇਸ ਲਈ ਚੇਅਰਮੈਨ ਸਾਹਿਬ, ਮੈਨੂੰ ਇਸ ਗੱਲ ਤੇ ਮਾਣ ਹੈ । (ਵਿਘਨ)..........

(ਇਸ ਸਮੇਂ ਮਾਨਯੋਗ ਮੈਂਬਰ ਚੌਧਰੀ ਮੋਹਨ ਲਾਲ ਬਹਿਰਾਮ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

**ਸ਼੍ਰੀ ਸਭਾਪਤੀ :** ਪਲੀਜ਼ ਬੈਠ ਜਾਓ । Please sit down. ਬੀਬੀ ਜੀ, ਤੁਸੀਂ ਕਾਂਟੀਨਿਊ ਕਰੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਇਹ 73ਵੀਂ ਅਮੈਂਡਮੈਂਟ ਪੜ੍ਹ ਲੈਣ । ਜੇ ਨਹੀਂ ਪੜ੍ਹੀ ਤਾਂ ਜ਼ਰੂਰ ਪੜ੍ਹਨ । ਸਾਨੂੰ ਗੌਰਵ ਹੋਣਾ ਚਾਹੀਦਾ ਹੈ, ਮਾਣ ਹੋਣਾ ਚਾਹੀਦਾ ਹੈ ਕਿ ਸਾਡੀ ਲੀਡਰ ਨੇ ਪਹਿਲਾਂ ਪਾਰਟੀ ਪੱਧਰ ਤੇ ਮਹਿਲਾਵਾਂ ਦੇ ਸਨਮਾਨ ਨੂੰ ਪੂਰਾ ਕੀਤਾ ਹੈ । ਇਨ੍ਹਾਂ ਨੇ ਕੀ ਕੀਤਾ । ਜਿਨ੍ਹਾਂ ਨੂੰ ਤੁਸੀਂ ਸਪੋਰਟ ਕਰਦੇ ਸੀ, ਹਰ ਵਾਰ ਮਹਿਲਾਵਾਂ ਦਾ ਬਿਲ ਪਾਰਲੀਮੈਂਟ ਵਿੱਚ ਆਉਂਦਾ ਰਿਹਾ ਪਰ ਹਰ ਵਾਰੀ ਮਹਿਲਾਵਾਂ ਦਾ ਬਿਲ ਇਹ ਪਾਰਲੀਮੈਂਟ ਵਿੱਚ ਲਾਸਟ ਦਿਨ ਤੇ ਲਿਆ ਕੇ ਕਹਿੰਦੇ ਰਹੇ ਕਿ ਅਗਲੇ ਸੈਸ਼ਨ ਵਿੱਚ ਲਿਆਵਾਂਗੇ । ਇਨ੍ਹਾਂ ਨੇ ਗਰੀਬ ਦਾ ਮਜ਼ਾਕ ਉਡਾਇਆ । ਔਰਤ ਜ਼ਾਤੀ ਦਾ ਮਜ਼ਾਕ ਉਡਾਇਆ । ਉਥੇ ਇਹ ਬਿਲ ਪਾਸ ਨਹੀਂ ਕਰ ਸਕੇ । ਸਾਡੀ ਪਾਰਟੀ ਦੀ ਲੀਡਰ ਨੇ ਪਾਰਟੀ ਪੱਧਰ ਤੇ 33% ਮਹਿਲਾਵਾਂ ਵਾਸਤੇ ਕਰਕੇ ਇੱਕ ਇਤਿਹਾਸਕ ਫੈਸਲਾ ਕੀਤਾ । ਆਓ ਗੁਰੂ, ਪੀਰਾਂ ਤੇ ਚੱਲਣ ਵਾਲਿਓ, ਅੱਜ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਵੀ ਸਪੋਰਟ ਕਰੋ । ਬਾਦਲ ਸਾਹਿਬ, ਡਰੋ ਨਾ............. ।

**ਮੁੱਖ ਸੰਸਦੀ ਸਕੱਤਰ, ਸਿੱਖਿਆ** (ਸ਼੍ਰੀਮਤੀ ਮਹਿੰਦਰ ਕੌਰ ਜੋਸ਼) : ** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (ਵਿਘਨ)

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** (ਸ਼੍ਰੀ ਜਗਦੀਸ਼ ਸਾਹਨੀ) : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਬਹੁਤ ਹੀ ਸਤਿਕਾਰਯੋਗ ਭੈਣ ਜੀ ਨੇ ਦੱਸਿਆ ਕਿ ਕਾਂਗਰਸ ਨੇ ਮਹਿਲਾ ਕੈਂਡੀਡੇਟ ਨੂੰ ਚੁਣਿਆ

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਹੈ । ਮਹਿਲਾਵਾਂ ਬਾਰੇ ਦੱਸਿਆ ਪਰ ਇਹ ਭੁੱਲ ਗਏ ਕਿ ਇਨ੍ਹਾਂ ਦੀ ਪਾਰਟੀ ਨੇ ਮਹਿਲਾ ਨੂੰ ਤੰਦੂਰ ਵਿੱਚ ਸਾੜਿਆ । ਇਹ ਭੁੱਲ ਗਏ ਕਿ ਇੱਕ ਮਹਿਲਾ ਨੂੰ ਅੱਠ ਮੰਜ਼ਲੀ ਇਮਾਰਤ ਤੋਂ ਇਨ੍ਹਾਂ ਦੇ ਐਮ.ਪੀਜ਼ ਨੇ ਸੁੱਟਿਆ । ਇਹ ਉਹ ਕਿਰਦਾਰ ਨਹੀਂ ਦੱਸਦੇ । ਇਹ ਦੱਸਣ ਕਿ ਇਹ ਵੀ ਅਸੀਂ ਕੀਤਾ । ਇਹ ਦੱਸਣ ਕਿ ਇਨ੍ਹਾਂ ਦੀ ਪਾਰਟੀ ਨੇ ਇਹ ਕੀਤਾ ਜਾਂ ਨਹੀਂ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਚੇਅਰਮੈਨ ਸਾਹਿਬ, ਮੈਂ ਧੰਨਵਾਦ ਕਰਦੀ ਹਾਂ ਕਿ ਮੇਰੀ ਭੈਣ ਨੇ ਮੇਰੇ ਨਾਲ ਹਮਦਰਦੀ ਕੀਤੀ ਹੈ । ...... (ਵਿਘਨ)

**ਸ਼੍ਰੀ ਸਭਾਪਤੀ** : ਲੀਡਰ ਆਫ ਦਿ ਆਪੋਜ਼ੀਸ਼ਨ, ਤੁਹਾਡੇ ਲੀਡਰ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਬੋਲ ਰਹੇ ਹਨ । ਇਸ ਲਈ ਤੁਸੀਂ ਨਾ ਬੋਲੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਚੇਅਰਮੈਨ ਸਾਹਿਬ, ਮੈਂ ਧੰਨਵਾਦ ਕਰਦੀ ਹਾਂ । ਜੇ ਨਹੀਂ ਸਤਿਕਾਰ ਹੋਇਆ ਤਾਂ ਹੀ ਤੇ ਇਹ ਰੌਲਾ ਪਾ ਰਹੇ ਹਨ । ਜੇ ਕਿਸੇ ਨੇ ਨਹੀਂ ਕੀਤਾ । ਮੈਂ ਕਹਿੰਦੀ ਹਾਂ ਕਿ ਹੁਣ ਤਾਂ ਅਸੀਂ ਸਤਿਕਾਰ ਕਰੀਏ । ਜੇ ਕਿਸੇ ਬੰਦੇ, ਇਨਸਾਨ ਜਾਂ ਔਰਤ ਦਾ ਸਤਿਕਾਰ ਨਹੀਂ ਹੋਇਆ ਤਾਂ ਹੀ ਅਸੀਂ ਕਹਿੰਦੇ ਹਾਂ ਕਿ ਸਤਿਕਾਰ ਕਰੀਏ ਲੇਕਿਨ ਰਾਜਿੰਦਰ ਕੌਰ ਭੱਠਲ ਉਸ ਘਰ ਜੰਮੀ ਹੈ ਜਿਹੜੀ ਆਪਣੀ ਪ੍ਰੋਟੈਕਸ਼ਨ ਆਪ ਕਰਨਾ ਜਾਣਦੀ ਹੈ । ਮੈਂ ਜਿਸ ਦਿਨ ਸਿਆਸਤ ਵਿੱਚ ਪੈਰ ਧਰਿਆ, ਉਸ ਦਿਨ ਚੂੜੀਆਂ ਲਾਹ ਦਿੱਤੀਆਂ ਸਨ । (ਵਿਘਨ) (ਸ਼ੋਰ) ਮੈਨੂੰ ਕਿਸੇ ਗੱਲ ਦੀ ਪਰਵਾਹ ਨਹੀਂ । (ਵਿਘਨ)

**ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਸ਼੍ਰੀ ਦੇਸ ਰਾਜ ਧੁੱਗਾ)** : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਤੁਸੀਂ ਇੰਟਰਪਟ ਨਾ ਕਰੋ ।

**ਮੁੱਖ ਸੰਸਦੀ ਸਕੱਤਰ, ਸਿੱਖਿਆ (ਸ਼੍ਰੀਮਤੀ ਮਹਿੰਦਰ ਕੌਰ ਜੋਸ਼)** : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਬੀਬੀ ਜੀ ਨੇ ਚੂੜੀਆਂ ਦੀ ਗੱਲ ਕੀਤੀ ਹੈ । ਇਨ੍ਹਾਂ ਦੀਆਂ ਚੂੜੀਆਂ ਕਿੱਥੇ ਸਨ ਜਦੋਂ ਲੁਧਿਆਣਾ ਕੁੜੀਆਂ ਨੂੰ ਕੁੱਟਿਆ ਗਿਆ । ਇਨ੍ਹਾਂ ਦੀਆਂ ਚੂੜੀਆਂ ਕਿੱਥੇ ਸਨ ਜਦੋਂ ਕੁੜੀਆਂ 'ਤੇ ਡਾਂਗਾਂ

---

** Expunged as ordered by the Chair.

Original with;
Punjab Vidhan Sabha
Digitized by;
Punjab Digital Library

ਮਾਰੀਆਂ ਗਈਆਂ । ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜੇ ਇਹ ਔਰਤ ਦੀ ਰਾਖੀ ਕਰਦੇ ਸੀ ਤਾਂ ਉਸ ਵੇਲੇ ਅੱਗੇ ਆਉਂਦੇ । ਇਨ੍ਹਾਂ ਨੂੰ ਉਸ ਸਮੇਂ ਉਥੇ ਹੋਣਾ ਚਾਹੀਦਾ ਸੀ । ਇਨ੍ਹਾਂ ਨੇ ਉਸ ਪਾਸੇ ਧਿਆਨ ਨਹੀਂ ਦਿੱਤਾ । ਇਨ੍ਹਾਂ ਦੀ ਸਰਕਾਰ ਸਮੇਂ ਔਰਤ ਦੀ ਰਾਖੀ ਨਹੀਂ ਹੋਈ, ਭੈਣਾਂ ਦੀ ਰਾਖੀ ਨਹੀਂ ਹੋਈ । ਇਨ੍ਹਾਂ ਦੀ ਸਰਕਾਰ ਸਮੇਂ ਭੈਣਾਂ ਨੂੰ ਤੰਦੂਰ ਵਿੱਚ ਸਾੜਿਆ ਗਿਆ । ਇਨ੍ਹਾਂ ਨੇ ਕੋਈ ਰਾਖੀ ਨਹੀਂ ਕੀਤੀ । ਇਹ ਸਰਾਸਰ ਝੂਠ ਬੋਲ ਰਹੇ ਹਨ । ਸੱਚ ਦੀ ਕੋਈ ਗੱਲ ਨਹੀਂ ਕੀਤੀ ਜਾ ਰਹੀ । ਇਨ੍ਹਾਂ ਨੂੰ ਬਜਟ ਤੇ ਬੋਲਣਾ ਚਾਹੀਦਾ ਹੈ । ਇਨ੍ਹਾਂ ਨੂੰ ਬਜਟ ਦੀ ਗੱਲ ਕਰਨੀ ਚਾਹੀਦੀ ਹੈ । ਇਹ ਕੁੜੀਆਂ ਦੀ ਰਾਖੀ ਨਹੀਂ ਕਰ ਸਕਦੇ । ਔਰ ਇਨ੍ਹਾਂ ਦੀ ਇੱਕ ਭੈਣ, ਉਸ ਵੇਲੇ ਕੈਪਟਨ ਸਰਕਾਰ ਸੀ, ਉਸ ਵੇਲੇ ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਭੈਣ ਅੱਗੇ ਹੋ ਕੇ ਆਉਂਦੀ, ਇਹ ਭੈਣ ਅੱਗੇ ਹੋ ਕੇ ਗੱਲ ਕਰਦੀ । ਇਹ ਉਸ ਭੈਣ ਦੀ ਗੱਲ ਕਰਦੇ ਹਨ, ਜਿਸ ਨੇ ਰਾਸ਼ਟਰਪਤੀ ਬਣਨਾ ਹੈ, ਉਸ ਨੇ 20 ਲੱਖ ਰੁਪਏ ਦਾ ਗਬਨ ਕੀਤਾ ਹੈ । ਇਹ ਉਸ ਭੈਣ ਦੀ ਗੱਲ ਕਰਦੇ ਹਨ । ਮੈਂ ਇਨ੍ਹਾਂ ਗੱਲਾਂ ਵਿੱਚ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਕੈਪਟਨ ਦੀ ਸਰਕਾਰ ਵੇਲੇ ਕੁੜੀਆਂ ਨੂੰ ਬੇਇਜ਼ਤ ਕੀਤਾ ਗਿਆ ........ (ਵਿਘਨ)

**ਸ਼੍ਰੀ ਸਭਾਪਤੀ :** ਬੀਬੀ ਜੀ, ਤੁਹਾਡਾ ਪੁਆਇੰਟ ਆਫ ਆਰਡਰ ਹੋ ਗਿਆ । ਬੈਠ ਜਾਓ । ................(ਵਿਘਨ)

**ਸਰਦਾਰ ਸ਼ੇਰ ਸਿੰਘ ਗਾਗੋਂਵਾਲ :** ਸਪੀਕਰ ਸਾਹਿਬ .......(ਵਿਘਨ)

**ਸ਼੍ਰੀ ਸਭਾਪਤੀ :** ਤੁਹਾਡੇ ਲੀਡਰ ਸਾਹਿਬਾਨ ਬੋਲਣ ਲੱਗੇ ਹਨ । ਗਾਗੋਂਵਾਲ ਸਾਹਿਬ, ਭੈਣ ਜੀ ਬੋਲਣ ਲੱਗੇ ਹਨ । ਤੁਸੀਂ ਬੈਠ ਜਾਓ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਚੇਅਰਮੈਨ ਸਾਹਿਬ, ਬੜੀ ਹੈਰਾਨਗੀ ਹੈ ਕਿ ਇਹ ਮੇਰੀ ਗੱਲ ਦਾ ਮਤਲਬ ਨਹੀਂ ਸਮਝਦੇ । ਮੈਂ ਇਹ ਗੱਲ ਕਹਿਣਾ ਚਾਹੁੰਦੀ ਹਾਂ ਅੱਜ ਔਰਤ ਚੂੜੀਆਂ ਪਾਸੇ ਰੱਖ ਕੇ ਬਹਾਦਰੀ ਨਾਲ ਲੜਦੀ ਹੈ । ਉਹ ਇਨਸਾਫ ਦੀ ਆਸ ਨਹੀਂ ਕਰਦੀ । ਉਸ ਨੂੰ ਇਨਸਾਫ ਲੈਣਾ ਪਵੇਗਾ । ਮੈਂ ਇਹ ਨਹੀਂ ਕਹਿੰਦੀ ਕਿ ਚੂੜੀਆਂ ਤੋੜੋ । ਮੈਂ ਕਹਿੰਦੀ ਹਾਂ ਕਿ ਚੂੜੀਆਂ ਪਾਸੇ ਰੱਖ ਕੇ ਇਹ ਪ੍ਰੋਟੈਕਸ਼ਨ ਕਰਨ । ਮੈਂ ਕਿਹਾ ਸੀ ਕਿ ਅੱਜ ਔਰਤ ਨੂੰ ਆਜ਼ਾਦ ਹੋ ਕੇ, ਤਕੜੇ ਹੋ ਕੇ ਮੁਕੰਮਲਤਾ ਦੇ ਨਾਲ ਆਪਣੀ ਰਾਖੀ ਕਰਨੀ ਚਾਹੀਦੀ ਹੈ। ਅੱਜ ਤੁਸੀਂ ਗੱਲ ਕਰਦੇ ਹੋ, ਇੱਥੇ ਆਪਣੀ ਕੁੜੀ ਨੂੰ ਕਿਸ ਨੇ ਮਾਰਿਆ । ਤੁਹਾਡੀ ਸਰਕਾਰ ਨੇ ਕੀ ਕੀਤਾ । ਅੱਜ ਤੁਸੀਂ ਗੱਲਾਂ ਕਰਦੇ ਹੋ । ਮੈਂ ਇਸ ਪਾਸੇ ਨਹੀਂ ਪੈਣਾ ਚਾਹੁੰਦੀ । ਮੈਂ ਕਹਿੰਦੀ ਹਾਂ ਕਿ ਔਰਤ ਨੂੰ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਮਜ਼ਬੂਤੀ ਨਾਲ ਅੱਗੇ ਆਉਣਾ ਚਾਹੀਦਾ ਹੈ । ਸਾਨੂੰ ਔਰਤ ਦਾ ਸਨਮਾਨ ਤੇ ਮਾਣ ਕਰਨਾ ਚਾਹੀਦਾ ਹੈ । ਅੱਜ ਭਾਰਤ ਵਿੱਚ ਮਹਿਲਾ ਰਾਸ਼ਟਰਪਤੀ ਬਣਨ ਜਾ ਰਹੀ ਹੈ ।

| *4.41 ਵਜੇ ਸ਼ਾਮ | (ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।) |
|---|---|

ਸਾਨੂੰ ਉਸ ਦੇ ਲਈ ਵੋਟ ਕਰਨੀ ਚਾਹੀਦੀ ਹੈ ਪਰ ਇਹ ਕਰ ਨਹੀਂ ਸਕਣਗੇ । ਮੈਨੂੰ ਪਤਾ ਹੈ ਕਿਉਂ ਨਹੀਂ ਕਰ ਸਕਣਗੇ । ਇਸ ਕਰਕੇ ਨਹੀਂ ਕਰ ਸਕਣਗੇ ...............(ਵਿਘਨ)

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ :** ਸਪੀਕਰ ਸਾਹਿਬ.........

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਮੈਂ ਜਵਾਬ ਦਿੰਦੀ ਹਾਂ, ਸਾਹਨੀ ਸਾਹਿਬ, ਬੈਠ ਜਾਓ । ਤੁਹਾਨੂੰ ਮਨਿਸਟਰੀ ਮਿਲ ਗਈ ਹੈ । ਹੋਰ ਪਤਾ ਨਹੀਂ ਕਿਹੜੀ ਮਿਲਣੀ ਹੈ........... (ਵਿਘਨ)

**ਮਾਨਯੋਗ ਸਪੀਕਰ :** ਸਾਹਨੀ ਜੀ, ਪਲੀਜ਼ ਚੱਲਣ ਦਿਓ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ :** ਸਪੀਕਰ ਸਾਹਿਬ, ਇਹ ਸਬ-ਜੁਡਿਸ ਮਸਲੇ ਦੀ ਗੱਲ ਕਰ ਰਹੇ ਹਨ ਜਿਹੜਾ ਕਿ ਇਥੇ ਡਿਸਕਸ ਨਹੀਂ ਕੀਤਾ ਜਾ ਸਕਦਾ । ਭੈਣ ਜੀ, ਬਾਰ-ਬਾਰ ਉਹੀ ਕੋਟ ਕਰ ਰਹੇ ਹਨ ।

**ਮਾਨਯੋਗ ਸਪੀਕਰ :** ਕਿਹੜਾ ਕੇਸ ? ........ (ਵਿਘਨ)

**ਆਵਾਜ਼ਾਂ :** ਉਨ੍ਹਾਂ ਨੇ ਨਾਮ ਨਹੀਂ ਲਿਆ । ..........(ਵਿਘਨ)

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ :** ਸਪੀਕਰ ਸਾਹਿਬ, ਇਹ ਕੁੜੀਆਂ ਦੀ ਗੱਲ ਕਰਦੇ ਹਨ । ਮਿਸਿਜ਼ ਭੱਠਲ ਦੱਸ ਦੇਣ, ਕਾਂਗਰਸੀਆਂ ਨੇ ਇਨ੍ਹਾਂ ਨੂੰ ਪੰਜ ਸਾਲ ਜਿਉਣ ਨਹੀਂ ਦਿੱਤਾ ਸੀ ।

**ਮਾਨਯੋਗ ਸਪੀਕਰ :** ਕਿਹੜਾ ਮੈਟਰ ਸਬ-ਜੁਡਿਸ ਹੈ ? ਕਿਸ ਦੀ ਗੱਲ ਕੀਤੀ ਹੈ ? ਸਾਹਨੀ ਜੀ, please take your seat.

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਮੈਂ ਇਸ ਗੱਲ ਦਾ ਜਵਾਬ ਦਿੱਤਾ ਹੈ । ਔਰਤਾਂ ਨੂੰ ਆਪਣੀ ਰਾਖੀ ਕਰਨ ਲਈ ਮਜ਼ਬੂਤੀ ਨਾਲ ਅੱਗੇ ਆਉਣਾ ਚਾਹੀਦਾ ਹੈ ਔਰ ਪੂਰੀ ਤਰ੍ਹਾਂ ਨਾਲ, ਜ਼ਿੰਮੇਵਾਰੀ ਨਾਲ ਅੱਗੇ ਆਉਣਾ ਚਾਹੀਦਾ ਹੈ । ਅੱਜ ਅਸੀਂ

Original with;
Punjab Vidhan Sabha
Digitized by;
Panjab Digital Library

ਮਾਣ ਕਰੀਏ ਕਿ ਅੱਜ ਇੰਗਲੈਂਡ ਵਿੱਚ ਜੇ ਐਲਿਜਾਬੈਥ ਬਣ ਸਕਦੀ ਹੈ, ਭਾਰਤ ਵਿੱਚ ਵੀ ਇੱਕ ਔਰਤ ਹੈ.............

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** : ਉਹ ਇੰਗਲੈਂਡ ਦੀ ਰਾਸ਼ਟਰਪਤੀ ਨਹੀਂ, ਉਹ ਕਵੀਨ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਾਡੇ ਤਾਂ ਬਣਾ ਲਈਏ ਪਹਿਲਾਂ । ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਇਨ੍ਹਾਂ ਦੀ ਜੁਰਅੱਤ ਕਿਥੇ ਹੈ ਕਿ ਇਹ ਸਾਡੀ ਮਦਦ ਕਰ ਦੇਣਗੇ । ਇਹ ਕਰ ਨਹੀਂ ਸਕਦੇ । ਕਿਉਂ ਨਹੀਂ ਕਰ ਸਕਦੇ ਕਿਉਂਕਿ 19 ਪੌੜੀਆਂ ਚੜ੍ਹ ਕੇ ਸਰਕਾਰ ਮਿਲੀ ਹੈ । ਸਾਡੀ ਮਦਦ ਕਰਕੇ ਸਰਕਾਰ ਤੋੜਨੀ ਹੈ । ਇਹ ਮਦਦ ਕਰ ਨਹੀਂ ਸਕਦੇ । ਨਾ ਔਰਤਾਂ ਦੀ ਭਲਾਈ ਕਰ ਸਕਦੇ ਹਨ, ਨਾ ਲੋਕਾਂ ਦੀ, ਨਾ ਪੰਜਾਬੀਆਂ ਦੀ, ਨਾ ਕਿਸਾਨਾਂ ਦੀ, ਇਨ੍ਹਾਂ ਨੂੰ ਤਾਂ ਕੁਰਸੀ ਪਿਆਰੀ ਹੈ । ਇਹ ਕੁਝ ਕਰ ਨਹੀਂ ਸਕਦੇ । ਸਾਰਿਆਂ ਨੂੰ ਇਹ ਪਤਾ ਹੈ । ਇਹ ਸਾਨੂੰ ਕਹਿੰਦੇ ਹਨ ਕਿ ਅਸੀਂ ਇੱਧਰ ਬੈਠੇ ਹਾਂ । ਤੁਸੀਂ ਕਿੰਨੇ ਕੁ ਹੋ ? ਤੁਸੀਂ ਨਿਗਾਹ ਮਾਰੋ । ਤੁਸੀਂ 48 ਹੋ, ਅਸੀਂ 44 ਹਾਂ । ਇੰਨੀ ਮਜ਼ਬੂਤ ਆਪੋਜ਼ੀਸ਼ਨ ਹੈ, ਇਹ ਪਹਿਲੀ ਵਾਰ ਹੈ । ਸਪੀਕਰ ਸਾਹਿਬ, 48 ਅਤੇ 44 ਪਹਿਲੀ ਵਾਰ ਦੇਖਿਆ ਹੈ । ਇੰਨੀ ਮਜ਼ਬੂਤ ਆਪੋਜ਼ੀਸ਼ਨ ਪਤਾ ਹੈ ਕਿਉਂ ਆ ਗਈ ਹੈ? ਤੁਹਾਨੂੰ ਪਤਾ ਹੈ ਇਸ ਗੱਲ ਦਾ ? ਸ਼ਾਇਦ ਇਹ ਨਾ ਆਉਂਦੀ । ਸਪੀਕਰ ਸਾਹਿਬ, ਮੈਨੂੰ ਉਹ ਦਿਨ ਯਾਦ ਹੈ .......... (ਵਿਘਨ)

**ਮਾਨਯੋਗ ਸਪੀਕਰ** : ਪਲੀਜ਼ ਸੁਣੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਤੁਸੀਂ ਗੱਲ ਨਹੀਂ ਕਰਨ ਦੇਣੀ...... (ਵਿਘਨ)

**ਮਾਨਯੋਗ ਸਪੀਕਰ** : ਬੀਬੀ ਜੀ, carry on.

**ਮੁੱਖ ਮੰਤਰੀ** : ਮੇਰੀ ਟਰੇਜ਼ਰੀ ਬੈਂਚਿਜ਼ ਦੇ ਐਮ.ਐਲ.ਏਜ਼ ਨੂੰ ਬੇਨਤੀ ਹੈ ਕਿ ਬੀਬੀ ਜੀ ਬੋਲ ਰਹੇ ਹਨ, ਇਨ੍ਹਾਂ ਨੂੰ ਸ਼ਾਂਤੀ ਨਾਲ ਸੁਣੋ । (ਥੰਪਿੰਗ)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਸਾਨੂੰ ਅੱਜ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਅਤੇ ਪੰਜਾਬ ਨੂੰ ਤਕੜਾ ਕਰਨਾ ਚਾਹੀਦਾ ਹੈ । ਇਸ ਕਰਕੇ ਮੈਂ ਕੁਝ ਸੁਜੈਸ਼ਨਾਂ ਦੇਣੀਆਂ ਹਨ ਲੇਕਿਨ ਜਿਥੋਂ ਤੱਕ ਇਹ ਗੱਲਾਂ ਕਰਦੇ ਹਨ ਕਿ ਇਹ 48 ਹਨ । ਇਹ ਤੁਸੀਂ ਆਪ ਨਹੀਂ ਆਏ । ਤੁਸੀਂ ਧੰਨਵਾਦ ਕਰੋ ਸਾਡੇ ਨੌਜਵਾਨ ਸਾਬਕਾ ਐਮ.ਪੀ. ਦਾ ਉਸ ਨੇ ਹਿੰਮਤ ਦਿਖਾਈ । ਨਹੀਂ ਤਾਂ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਕਈਆਂ ਨੂੰ ਡਰ ਪੈ ਗਿਆ ਸੀ ਕਿ ਉਹ ਮੁੱਖ ਮੰਤਰੀ ਬਣ ਜਾਏਗਾ । ਇਸ ਵਾਸਤੇ ਬਾਦਲ ਸਾਹਿਬ ਨੂੰ ਸਟੇਟਮੈਂਟ ਦੇਣੀ ਪਈ । ਤੁਹਾਨੂੰ ਯਾਦ ਹੈ ਇਥੇ ਗੈਲਰੀ ਵਿੱਚ ਡੰਡ ਬੈਠਕਾਂ ਕੱਢਦੇ ਸੀ ਕਿ ਵੱਧ ਤੋਂ ਵੱਧ ਕੰਮ ਕਰੀਏ ਤਾਂ ਇਥੇ ਆ ਸਕਾਂਗੇ । ਇਵੇਂ ਇਥੇ 48 ਨਹੀਂ ਆਏ । ਲੋਕਾਂ ਨੇ ਤੁਹਾਨੂੰ ਚੰਗੀ ਤਰ੍ਹਾਂ ਨਾਲ ਦੇਖ ਲਿਆ ਹੈ । ਅਸੀਂ ਸਾਰੇ ਸਮਝਦੇ ਹਾਂ ਕਿ ਅੱਜ ਖਜ਼ਾਨੇ ਤੇ ਕਿੰਨਾ ਭਾਰ ਪਿਆ ਹੋਇਆ ਹੈ । ਉਸ ਨੂੰ ਦੇਖਦੇ ਹੋਏ ਅਸੀਂ ਕੋਈ ਨਵੀਂ ਨੀਤੀ ਲਿਆਈਏ ਤਾਂ ਕਿ ਨਵੀਂ ਇੰਮਪਲਾਇਮੈਂਟ ਕਰੀਏ । ਸਾਡੇ ਜਿਹੜੇ ਵੱਡੇ ਅਫ਼ਸਰ ਹਨ ਜਿਹੜੇ ਸੱਜੇ ਹੱਥ ਗੈਲਰੀ ਵਿੱਚ ਬੈਠਦੇ ਹਨ, ਹੁਣ ਜਿਹੜੇ ਮੇਰੇ ਦੋ-ਚਾਰ ਕੰਮ ਕਰਦੇ ਹਨ ਕਿਤੇ ਉਹ ਬੰਦ ਨਾ ਕਰ ਦੇਣ । ਮੈਂ ਨਹੀਂ ਕਹਿੰਦੀ ਕਿ ਇਹ ਕਿਉਂ ਬਣਦੇ ਹਨ । ਜਿਥੇ ਪਹਿਲਾਂ ਇੱਕ ਆਈ.ਜੀ. ਹੁੰਦਾ ਸੀ ਅੱਜ ਤਿੰਨ ਆਈ.ਜੀ. ਹਨ । ਮੈਂ ਨਹੀਂ ਕਹਿੰਦੀ ਕਿ ਨਾ ਲਗਾਓ, ਮੈਂ ਆਪਣੇ ਖਿਲਾਫ਼ ਕਿਉਂ ਕਰਾਂ ਪਰ ਇਸੇ ਰੇਸ਼ੋ ਨਾਲ ਜਿਹੜੇ ਸਾਡੇ ਪਿੰਡਾਂ ਦੇ ਨੌਜਵਾਨ ਹਨ, ਉਨ੍ਹਾਂ ਨੂੰ ਵੀ ਭਰਤੀ ਕਰੋ ਪਰ ਇਸ ਪਾਸੇ ਵੱਲ ਅਜਿਹਾ ਕੁਝ ਨਹੀਂ ਕੀਤਾ ਗਿਆ, ਕੋਈ ਨਵੀਂ ਭਰਤੀ ਨਹੀਂ ਕੀਤੀ ਗਈ । ਆਈ.ਜੀ. ਦਾ ਰੁਤਬਾ ਵਧਾਈ ਜਾਂਦੇ ਹੋ । ਬਾਦਲ ਸਾਹਿਬ ਨੇ ਇੱਕ ਵਾਰ ਮੈਨੂੰ ਸਮਝਾਇਆ ਸੀ ਕਿ ਕਿਵੇਂ ਬਚੀਏ ਬਿਊਰੋਕ੍ਰੇਸੀ ਤੋਂ ਪਰ ਆਪ ਹੁਣ ਉਨ੍ਹਾਂ ਦਾ ਬੜਾ ਖਿਆਲ ਰੱਖਦੇ ਹਨ । ਪੰਜਾਬ ਦੇ ਨੌਜਵਾਨ ਨਸ਼ਿਆਂ ਵਿੱਚ ਤੁਰੀ ਜਾ ਰਹੇ ਹਨ । ਅਸੀਂ ਉਨ੍ਹਾਂ ਵਾਸਤੇ ਨੌਕਰੀਆਂ ਇਸ ਤਰੀਕੇ ਨਾਲ ਲਿਆਈਏ, ਉਨ੍ਹਾਂ ਨੂੰ ਫਾਈਨਾਂਸ਼ੀਅਲੀ ਇੰਨਾ ਸਟ੍ਰਾਂਗ ਕਰੀਏ ਕਿ ਪੰਜਾਬ ਦਾ ਨੌਜਵਾਨ ਸੈਲਫ ਇੰਡੀਪੈਂਡੈਂਟ ਬਣੇ ਅਤੇ ਸਾਰੀ ਦੁਨੀਆਂ ਵਿੱਚ ਸਿਰ ਉਚਾ ਕਰਕੇ ਤੁਰੇ ।

ਅੱਜ ਖੁਦਕਸ਼ੀਆਂ ਬਾਰੇ ਹਰ ਦਿਨ, ਹਰ ਅਖ਼ਬਾਰ ਦੇ ਪੇਜ਼ ਤੇ ਅਸੀਂ ਦੇਖਦੇ ਹਾਂ ਤਾਂ ਸਾਡਾ ਦਿਲ ਦੁਖਦਾ ਹੈ । ਕਿਸਾਨ ਖੁਦਕਸ਼ੀਆਂ ਕਰ ਰਿਹਾ ਹੈ । ਇਸ ਦਾ ਇੱਕ ਹੀ ਕਾਰਨ ਹੈ ਕਿ ਉਹ ਆਰਥਿਕ ਤੌਰ ਤੇ ਗਰੀਬ ਹੈ । ਗਰੀਬ ਚਾਹੇ ਉਹ ਕਿਸੇ ਕਮਿਊਨਿਟੀ ਦਾ ਹੈ, ਜਾਤ ਦਾ ਹੈ ਜਿਹੜਾ ਇਕਾਨਮੀਕਲੀ ਵੀਕਰ ਹੈ, ਉਸ ਦੀ ਮਦਦ ਕਰਨੀ ਚਾਹੀਦੀ ਹੈ । ਉਸ ਵਾਸਤੇ ਅਸੀਂ ਬਜਟ ਵਿੱਚ ਅਜਿਹੀਆਂ ਗੱਲਾਂ ਲੈ ਕੇ ਆਈਏ ਤਾਂ ਕਿ ਉਸ ਦੀ ਮਦਦ ਹੋ ਸਕੇ ਅਤੇ ਖੁਦਕਸ਼ੀਆਂ ਰੋਕੀਆਂ ਜਾ ਸਕਣ ।

ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੂੰ 100 ਕਰੋੜ ਰੁਪਿਆ ਸਾਡੇ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਜੀ ਨੇ ਦਿੱਤਾ ਹੈ ਜਿਸ ਦਾ ਇਨ੍ਹਾਂ ਨੇ ਧੰਨਵਾਦ ਕੀਤਾ ਹੈ । ਅਜਿਹਾ ਇਨ੍ਹਾਂ ਨੇ ਪਹਿਲੀ ਵਾਰ ਕੀਤਾ ਹੈ । ਚਲੋ ਦਰੁਸਤ ਆਏ ਜਦੋਂ ਵੀ ਆਏ । ਪਰ ਕੀ ਤੁਸੀਂ ਕੁਝ ਅਪਣੇ ਕੋਲੋਂ ਵੀ ਪਾਇਆ । ਤੁਹਾਨੂੰ ਤਾਂ ਕਿਸਾਨਾਂ ਨਾਲ ਬਹੁਤ ਹਮਦਰਦੀ

Original with;
Punjab Vidhan Sabha
Digitized by;
Panjab Digital Library

ਸੀ, ਤੁਸੀਂ ਉਸ ਵਿੱਚ ਕੀ ਯੋਗਦਾਨ ਪਾਇਆ ? ਇਹੋ ਪੈਸੇ ਰੱਖੇ ਹਨ । ਹੋਰ ਪੈਸੇ ਰੱਖ ਕੇ ਚੰਗੇ ਤਰੀਕੇ ਨਾਲ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਲਾਓ । ਛੋਟੀਆਂ-ਛੋਟੀਆਂ ਕਰਾਪਸ ਹਨ ਉਨ੍ਹਾਂ ਵੱਲ ਕਿਸਾਨਾਂ ਨੂੰ ਪ੍ਰੇਰੋ ਤਾਂ ਕਿ ਕਿਸਾਨ ਉਨ੍ਹਾਂ ਦੀ ਪੈਦਾਵਾਰ ਕਰੇ। ਹੋਰ ਨਵੀਂਆਂ ਸਕੀਮਾਂ ਲੈ ਕੇ ਆਉਣੀਆਂ ਚਾਹੀਦੀਆਂ ਹਨ ।

ਬਜਟ ਦੇ ਪੇਜ ਨੰਬਰ-15 ਤੇ ਲਿਖਿਆ ਹੈ 27 ਲੱਖ ਗੰਢਾਂ ਵੱਧ ਆਈਆਂ । ਇਹ ਜਿਹੜੀ ਸਫ਼ਲਤਾ ਮਿਲੀ ਹੈ ਇਸ ਵਿੱਚ ਕਿਸ ਦਾ ਯੋਗਦਾਨ ਹੈ । ਤੁਹਾਡੇ ਸਮੇਂ ਤਾਂ 7 ਲੱਖ ਗੰਢਾਂ ਸਨ ਇਹ ਸਾਡੇ ਸਮੇਂ ਆਈਆਂ ਹਨ ।(ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਅਸੀਂ ਜਿਹੜਾ ਬੀ.ਟੀ. ਕਾਟਨ ਦੇ ਪੈਕਟਾਂ ਦੇ ਰੇਟ ਘਟਾਏ, ਅੱਛੀਆਂ ਦਵਾਈਆਂ ਦਿੱਤੀਆਂ । ਵੈਸੇ ਇਸ ਸੀਡ ਨੂੰ ਸਪਰੇਅ ਦੀ ਘੱਟ ਲੋੜ ਪੈਂਦੀ ਹੈ । ਅਸੀਂ ਕਿਸਾਨਾਂ ਨੂੰ ਵਧੀਆ ਪੈਸਟੀਸਾਈਡ ਉਵੇਂ ਹੀ ਦਿੱਤੇ ਜਿਵੇਂ ਫਸਲਾਂ ਚੁੱਕਣ ਵੇਲੇ ਜ਼ਿੰਮੇਵਾਰੀ ਵਿਖਾਈ ਸੀ । ਕਿਸਾਨਾਂ ਨੂੰ ਵਧੀਆ ਦਵਾਈਆਂ ਦਿੱਤੀਆਂ । ਸਾਡੇ ਵੇਲੇ ਜੇਕਰ ਕੋਈ ਸੁੰਡੀ ਆ ਜਾਂਦੀ ਸੀ ਤਾਂ ਉਹ ਨਾਲ ਵਾਲੇ ਪੌਦੇ ਦੀ ਮੁਸ਼ਕ ਨਾਲ ਹੀ ਮਰ ਜਾਂਦੀ ਸੀ ਪਰ ਜਿਹੜੀਆਂ ਇਨ੍ਹਾਂ ਵੇਲੇ ਦਵਾਈਆਂ ਦਿੱਤੀਆਂ ਗਈਆਂ, ਸੁੰਡੀ ਦਾ ਉਹ ਹਾਲ ਹੁੰਦਾ ਸੀ ਜਿਵੇਂ ਪਿੰਡ ਦੇ ਛੱਪੜ ਵਿੱਚ ਡੰਗਰ ਤਾਰੀਆਂ ਲਾਉਂਦਾ ਹੋਵੇ । ਉਸ ਸੁੰਡੀ ਤੇ ਸਪਰੇਅ ਦਾ ਕੋਈ ਅਸਰ ਨਹੀਂ ਹੁੰਦਾ ਸੀ । ਇਸ ਲਈ ਅਜਿਹੀਆਂ ਗੱਲਾਂ ਛੱਡ ਕੇ ਇਮਾਨਦਾਰੀ ਵਾਲੇ ਪਾਸੇ ਆਉਣਾ ਚਾਹੀਦਾ ਹੈ । ਜਿਹੜਾ ਵਿਚਾਰਾ ਕਿਸਾਨ ਹੈ, ਉਹ ਸਾਡੇ ਤੇ ਡਿਪੈਂਡ ਕਰ ਰਿਹਾ ਹੈ ।

ਮਾਨਯੋਗ ਸਪੀਕਰ ਸਾਹਿਬ, ਇੱਕ ਹੋਰ ਸਕੀਮ ਨੰ: 23 ਹੈ ਜੋ ਕਿ ਬਜਟ ਦੇ ਪੇਜ 18 ਤੇ ਹੈ । ਉਹ ਜੰਗਲਾਤ ਅਤੇ ਜੰਗਲੀ ਜੀਵ ਮਹਿੱਕਮੇ ਸਬੰਧੀ ਸਕੀਮ ਹੈ । ਇਹ ਵੇਖਣ ਵਿੱਚ ਬਹੁਤ ਛੋਟਾ ਜਿਹਾ ਸਬਜੈਕਟ ਲਗਦਾ ਹੈ ਪਰ ਅਸਲ ਵਿੱਚ ਇਹ ਛੋਟਾ ਸਬਜੈਕਟ ਨਹੀਂ ਹੈ । ਅੱਜ ਸਾਰੀ ਦੁਨੀਆਂ ਦੇ ਸਾਇੰਸਦਾਨਾਂ ਨੇ ਚਿੰਤਾ ਪ੍ਰਗਟਾਈ ਹੈ, ਸਰਵੇ ਹੋਏ ਹਨ ਅਤੇ ਦੇਖਿਆ ਗਿਆ ਹੈ, ਵਾਰ-ਵਾਰ ਕੋਸ਼ਿਸ਼ ਕਰਕੇ ਦੇਖਿਆ ਗਿਆ ਹੈ ਕਿ ਨੈਸ਼ਨਲੀ ਅਤੇ ਇੰਟਰਨੈਸ਼ਨਲੀ ਗਲੋਬਲ ਵਾਰਮਿੰਗ ਬਹੁਤ ਵਧ ਗਈ ਹੈ। ਇਸ ਸਬੰਧੀ ਬੜੇ ਵੱਡੇ-ਵੱਡੇ ਸਾਇੰਸਦਾਨਾਂ ਨੇ ਚਿੰਤਾ ਪ੍ਰਗਟਾਈ ਹੈ । ਅਸੀਂ ਆਪਣੇ ਜੰਗਲ ਤਾਂ ਰੱਖ ਨਹੀਂ ਸਕੇ । ਅਸੀਂ ਇਸ ਪਾਸੇ ਵੱਲ ਧਿਆਨ ਨਹੀਂ ਦਿੱਤਾ । ਬਹੁਤ ਜੰਗਲ ਵੱਢੇ ਗਏ ਹਨ ਅਤੇ ਇਸ ਖੇਤਰ ਲਈ ਕੋਈ ਪੈਸਾ ਨਹੀਂ ਰੱਖਿਆ ਗਿਆ । ਸਾਇੰਸਦਾਨਾਂ ਨੇ ਸ਼ੱਕ ਅਤੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਸਾਲ 2020 ਦੇ ਵਿੱਚ ਖੇਤਾਂ ਨੂੰ ਤਾਂ ਕੀ ਪਾਣੀ ਮਿਲਣਾ ਹੈ, ਸਾਡੇ ਪੀਣ ਵਾਲਾ ਪਾਣੀ ਵੀ ਨਹੀਂ ਬਚਣਾ। ਅਸੀਂ ਆਪਣੇ ਲੋਕਾਂ ਨੂੰ ਪਾਣੀ ਪੀਣ ਲਈ ਵੀ ਨਹੀਂ ਦੇ ਸਕਾਂਗੇ। ਇਸ ਸਬੰਧੀ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਮੈਂ ਐਫ.ਐਮ. ਸਾਹਿਬ ਨੂੰ ਕਹਾਂਗੀ ਕਿ 37.2 ਕਰੋੜ ਰੁਪਏ ਜੋ ਇਸ ਵਾਸਤੇ ਰੱਖੇ ਗਏ ਹਨ, ਉਹ ਬੜੇ ਥੋੜ੍ਹੇ ਹਨ । ਕਿਉਂਕਿ ਪਾਣੀ ਹੈ ਤਾਂ ਕਿਸਾਨੀ ਹੈ । ਪਾਣੀ ਬੇਸ਼ਕੀਮਤੀ ਚੀਜ਼ ਹੈ । ਇਸ ਪਾਣੀ ਦੇ ਮਸਲੇ ਨੂੰ ਅਤੇ ਜੰਗਲਾਤ ਨੂੰ ਅੱਛਾ ਕਰਨ ਵਾਸਤੇ ਸਾਨੂੰ ਜਿਹੜੇ ਸਾਡੇ ਕੋਲ ਪੰਜ-ਦਸ ਜਾਂ ਵੀਹ ਸਾਲ ਬਾਕੀ ਬਚਦੇ ਹਨ, ਇਨ੍ਹਾਂ ਸਾਲਾਂ ਵਿੱਚ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰੀਏ, ਜਿਹੜਾ ਸਾਇੰਸਦਾਨਾਂ ਨੇ ਖਦਸ਼ਾ ਜ਼ਾਹਿਰ ਕੀਤਾ ਹੈ, ਉਸਨੂੰ ਦੂਰ ਕਰਨ ਵਾਸਤੇ ਅਸੀਂ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈਏ ।

ਸਪੀਕਰ ਸਾਹਿਬ, ਇੱਕ ਡਾਕਟਰੀ ਖੋਜ ਬਾਰੇ ਕਿਹਾ ਗਿਆ ਹੈ, ਪਟਿਆਲਾ, ਅੰਮ੍ਰਿਤਸਰ ਅਤੇ ਫਰੀਦਕੋਟ, ਤਿੰਨ ਮੈਡੀਕਲ ਕਾਲਜ ਅਤੇ ਦੋ ਡੈਂਟਲ ਕਾਲਜਾਂ ਵਾਸਤੇ 25 ਕਰੋੜ ਰੁਪਏ ਰੱਖੇ ਗਏ ਹਨ । ਇਨ੍ਹਾਂ ਪੈਸਿਆਂ ਦੇ ਨਾਲ ਕੁਝ ਨਹੀਂ ਬਣਨਾ । ਕਿਉਂਕਿ ਇਲਾਜ ਬਹੁਤ ਮਹਿੰਗਾ ਹੋ ਗਿਆ ਹੈ । ਗਰੀਬ ਆਦਮੀ ਆਪਣਾ ਇਲਾਜ ਨਹੀਂ ਕਰਵਾ ਸਕਦਾ । ਅਸੀਂ ਵੇਖਦੇ ਹਾਂ ਕਿ ਅੱਧਿਆਂ ਦੀ ਤਾਂ ਰਾਹ ਵਿੱਚ ਹੀ ਮੌਤ ਹੋ ਜਾਂਦੀ ਹੈ । ਆਪਾਂ ਸਾਰੇ ਪੁੱਤਾਂ ਧੀਆਂ ਵਾਲੇ ਹਾਂ । ਸਾਨੂੰ ਸਭ ਦੀ ਮਜਬੂਰੀ ਸਮਝਣੀ ਚਾਹੀਦੀ ਹੈ । ਇਸ ਪਾਸੇ ਵੱਲ ਜ਼ਿਆਦਾ ਪੈਸਾ ਦੇਣਾ ਚਾਹੀਦਾ ਹੈ । ਭਾਵੇਂ ਇਸ ਕੰਮ ਲਈ ਐਨ. ਆਰ. ਆਈਜ਼ ਦੀ ਮਦਦ ਲਈਏ ਭਾਵੇਂ ਕਿਸੇ ਹੋਰ ਸਾਧਨਾਂ ਤੋਂ ਮਦਦ ਲਈਏ । ਠੋਸ ਢੰਗ ਨਾਲ ਪ੍ਰਾਬਲਮ ਹੱਲ ਕਰਨੀ ਚਾਹੀਦੀ ਹੈ । ਲੇਟੈਸਟ ਇਕੁਵਿਪਮੈਂਟ ਮੁਹੱਈਆ ਕਰਨੇ ਚਾਹੀਦੇ ਹਨ । ਜਿੱਥੇ ਸਾਡੇ ਵੱਡੇ ਹਸਪਤਾਲਾਂ ਦੀ ਗੱਲ ਕੀਤੀ ਜਾਂਦੀ ਹੈ, ਉਥੇ ਰੂਰਲ ਡਿਸਪੈਂਸਰੀਆਂ ਦੀ ਵੀ ਸਾਰ ਲਈ ਜਾਵੇ । ਪਿੰਡਾਂ ਦੇ ਲੋਕਾਂ ਨੂੰ ਬਹੁਤ ਮੁਸ਼ਕਲ ਆਉਂਦੀ ਹੈ ਕਿਉਂਕਿ ਉਥੇ ਡਿਸਪੈਂਸਰੀਆਂ ਦੇ ਵਿੱਚ ਨਾ ਤਾਂ ਡਾਕਟਰ ਹਨ, ਨਾ ਦਵਾਈਆਂ ਮਿਲਦੀਆਂ ਹਨ, ਨਾ ਕੋਈ ਇਕੁਵਿਪਮੈਂਟ ਹੀ ਹਨ । ਸ਼ਹਿਰਾਂ ਦੀਆਂ ਮਿਊਂਸਪੈਲਟੀਆਂ ਦੀ ਤਰ੍ਹਾਂ ਦਿਹਾਤੀ ਰੂਰਲ ਡਿਸਪੈਂਸਰੀਆਂ ਨੂੰ ਸੋਲਿਡ ਤਰੀਕੇ ਨਾਲ ਸਾਰਾ ਕੁਝ ਦੇ ਕੇ ਦਵਾਈਆਂ, ਡਾਕਟਰ ਅਤੇ ਅੱਛੇ ਇਕੁਵਿਪਮੈਂਟ ਮੁਹੱਈਆ ਕਰਨ ਬਾਰੇ ਐਨਸ਼ਿਓਰ ਕਰਨਾ ਚਾਹੀਦਾ ਹੈ । ਮੈਂ ਸਮਝਦੀ ਹਾਂ ਕਿ ਇਸ ਪਾਸੇ ਵੱਲ ਬਜਟ ਵਿੱਚ ਨਾਂਮਾਤਰ ਪੈਸਾ ਰੱਖਿਆ ਗਿਆ ਹੈ । ਇਸ ਪੈਸੇ ਨੂੰ ਹੋਰ ਵਧਾਓ । ਇਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਦੇ ਵਿੱਚ ਵਾਅਦੇ ਤਾਂ ਕਈ ਤਰ੍ਹਾਂ ਦੇ ਕੀਤੇ ਸੀ, ਸ਼ਾਇਦ ਅੱਗੇ ਜਾ ਕੇ ਪੂਰੇ ਕਰ ਲੈਣ, ਕਮ-ਅਜ਼-ਕਮ ਕੋਈ ਨਾ ਕੋਈ ਵਾਅਦਾ ਤਾਂ ਇਸ ਵਾਰੀ ਪੂਰਾ ਕਰ ਲੈਣ ।

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਸੀ ਕਿ ਦਿਹਾਤੀ ਸਟੇਡੀਅਮਾਂ ਵਾਸਤੇ ਪੈਸਾ ਰੱਖਾਂਗੇ । ਮੈਨੂੰ ਤਾਂ ਲੱਗਦਾ ਨਹੀਂ ਕਿ ਇਨ੍ਹਾਂ ਨੇ ਇਸ ਕੰਮ ਲਈ ਕੋਈ ਪੈਸਾ ਰੱਖਿਆ ਹੈ । ਸ਼ਾਇਦ ਕਿਸੇ ਪੇਜ ਤੇ ਲਿਖਿਆ ਹੋਵੇ, ਪਰ ਮੈਨੂੰ ਲੱਗਦਾ ਹੈ ਕਿ ਕੋਈ

Original with;
Punjab Vidhan Sabha
Digitized by;
Panjab Digital Library

ਪੈਸਾ ਰੱਖਿਆ ਹੀ ਨਹੀਂ ਗਿਆ । ਦਿਹਾਤੀ ਸਟੇਡੀਅਮਾਂ ਵਾਸਤੇ ਪੈਸਾ ਜ਼ਰੂਰ ਰੱਖਣਾ ਚਾਹੀਦਾ ਹੈ । ਮੈਂ ਮੰਗ ਕਰਦੀ ਹਾਂ ਕਿ ਸਾਡੀਆਂ ਖੇਡਾਂ ਹੁਣ ਦਿੱਲੀ ਵਿੱਚ ਹੋਣ ਜਾ ਰਹੀਆਂ ਹਨ । ਅਸੀਂ ਭਰਪੂਰ ਕੋਸ਼ਿਸ਼ਾਂ ਕਰੀਏ ਕਿ ਪੰਜਾਬ ਦੇ ਨੌਜਵਾਨ ਖੇਡਾਂ ਵਾਲੇ ਪਾਸੇ ਵੱਲ ਆਉਣ । ਉਨ੍ਹਾਂ ਦਾ ਰੁਝਾਨ ਖੇਡਾਂ ਵੱਲ ਹੋਵੇ । ਉਹ ਹੋਰ ਥਾਂ ਤੇ ਜਾਣ ਨਾਲੋਂ ਖੇਡਾਂ ਵੱਲ ਪ੍ਰੇਰਿਤ ਹੋਣ । ਪਿੰਡਾਂ ਦੇ ਨੌਜਵਾਨਾਂ ਲਈ ਜੇ ਵੱਡੇ ਨਹੀਂ ਤਾਂ ਛੋਟੇ ਸਟੇਡੀਅਮ ਤਾਂ ਜ਼ਰੂਰ ਬਣਾ ਕੇ ਦੇਣੇ ਚਾਹੀਦੇ ਹਨ । ਹੋਰ ਗਲਤ ਪਾਸਿਆਂ ਵੱਲ ਜਾਣ ਨਾਲੋਂ ਅਗਰ ਨੌਜਵਾਨਾਂ ਦੀ ਇਨਵਾਲਵਮੈਂਟ ਖੇਡਾਂ ਵੱਲ ਹੁੰਦੀ ਹੈ ਤਾਂ ਸਾਡੇ ਲਈ ਬਹੁਤ ਅੱਛਾ ਰਹੇਗਾ । ਇਸ ਦੇ ਨਾਲ ਨੌਜਵਾਨ ਉਤਸ਼ਾਹਿਤ ਵੀ ਹੁੰਦੇ ਹਨ । ਉਨ੍ਹਾਂ ਦੀ ਸਿਹਤ ਵੀ ਠੀਕ ਰਹਿੰਦੀ ਹੈ । ਇਹ ਕੰਮ ਜ਼ਰੂਰ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਬਜਟ ਦੇ ਪੇਜ 23 ਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀਆਂ ਲੜਕੀਆਂ ਦੀ ਭਲਾਈ, ਇਸਾਈ ਤੇ ਮੁਸਲਮਾਨ ਲੜਕੀਆਂ ਤੇ ਵਿਧਵਾਵਾਂ ਨੂੰ ਵਿਆਹ ਦੇ ਸਮੇਂ 15,000/- ਰੁਪਏ ਦੇ ਹਿਸਾਬ ਨਾਲ 40 ਕਰੋੜ ਰੁਪਿਆ ਰੱਖਿਆ ਗਿਆ ਹੈ । ਮੈਂ ਪੁੱਛਣਾ ਚਾਹੁੰਦੀ ਹਾਂ ਕਿ ਇਸ ਦੇ ਵਿੱਚ ਤੁਸੀਂ ਕੀ ਕੀਤਾ ਹੈ ? ਇਹ ਸਾਰਾ ਕੁਝ ਤਾਂ ਸਾਡੇ ਵੇਲੇ ਦਾ ਕੀਤਾ ਹੋਇਆ ਹੈ । ਤੁਸੀਂ ਕੁਝ ਨਹੀਂ ਕੀਤਾ । ਤੁਸੀਂ ਤਾਂ 5,100/- ਰੁਪਏ ਦੀ ਸਕੀਮ ਦਿੰਦੇ ਹੁੰਦੇ ਸੀ । ਇਹ ਸਾਰੀਆਂ ਸਾਡੀਆਂ ਸਕੀਮਾਂ ਹਨ । ਅਸੀਂ ਪਹਿਲਾਂ 5,100/- ਤੋਂ ਵਧਾ ਕੇ 6,100/- ਕੀਤਾ । ਫਿਰ ਇਸ ਨੂੰ ਵਧਾ ਕੇ 15,000/- ਰੁਪਿਆ ਕੀਤਾ । ਜੇ ਤੁਸੀਂ ਇਸ 15,000/- ਰੁਪਏ ਦੇ ਵਿੱਚ ਕੋਈ ਚਾਰ ਪੈਸੇ ਵਧਾਏ ਹੋਣ ਤਾਂ ਦੱਸੋ ? (ਰੂਲਿੰਗ ਪਾਰਟੀ ਵੱਲ ਇਸ਼ਾਰਾ) (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) । (ਵਿਘਨ) (ਸ਼ੋਰ)... ਸਪੀਕਰ ਸਾਹਿਬ, ਮੈਂ ਅੱਜ ਮੰਗ ਕਰਦੀ ਹਾਂ ਕਿ ............ (ਵਿਘਨ) (ਸ਼ੋਰ).......... ਤੁਸੀਂ ਆਪਣੇ ਖਜ਼ਾਨਾ ਮੰਤਰੀ ਨੂੰ ਦੱਸ ਦਿਓ, ਜੋ ਕੁਝ ਤੁਸੀਂ ਸੁਝਾਅ ਦੇਣਾ ਚਾਹੁੰਦੇ ਹੋ। (ਰੂਲਿੰਗ ਪਾਰਟੀ ਵੱਲ ਇਸ਼ਾਰਾ) (ਵਿਘਨ) ਸਪੀਕਰ ਸਾਹਿਬ, ਮੈਂ ਮੰਗ ਰੱਖਦੀ ਹਾਂ ਕਿ ਜ਼ਰੂਰ ਇਸ ਪਾਸੇ ਵੱਲ ਧਿਆਨ ਦਿੱਤਾ ਜਾਵੇ । ਖਜ਼ਾਨਾ ਮੰਤਰੀ ਜੀ, ਜੇ ਜ਼ਿਆਦਾ ਨਹੀਂ ਤਾਂ ਘੱਟੋ-ਘੱਟ 25,000/- ਰੁਪਏ ਤਾਂ ਇਸ ਸਕੀਮ ਲਈ ਰੱਖੇ ਜਾਣ । ਮੈਂ ਇਹ ਮੰਗ ਰੱਖਦੀ ਹਾਂ, ਇਹ ਭਾਵੇਂ ਕਰਨ ਜਾਂ ਨਾ ਕਰਨ ਕਿਉਂਕਿ ਮੈਨੂੰ ਤੁਹਾਥੋਂ ਇਸ ਦੀ ਆਸ ਨਹੀਂ ਹੈ । ਮੈਂ ਇਸ ਸਕੀਮ ਲਈ 25,000/- ਰੁਪਏ ਦੀ ਮੰਗ ਕਰਦੀ ਹਾਂ । ਇਹ ਪੈਸਾ ਜ਼ਰੂਰ ਵਧਾਇਆ ਜਾਵੇ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** (ਸ੍ਰੀ ਜਗਦੀਸ਼ ਸਾਹਨੀ) . ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਕੋਈ ਬੰਦਾ ਦੱਸੇ ਕਿ ਜੇ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]
ਕਿਸੇ ਨੂੰ ਅੱਜ ਤੱਕ ਇਨ੍ਹਾਂ ਵੱਲੋਂ 11,000/- ਜਾਂ 15,000/- ਰੁਪਿਆ ਮਿਲਿਆ ਹੋਵੇ । ਇਹ ਤਾਂ ਅਸੀਂ ਹੁਣ ਦੇਣਾ ਸ਼ੁਰੂ ਕੀਤਾ ਹੈ । ਤੁਹਾਡੇ ਰਾਜ ਵਿੱਚ ਤਾਂ ਲੋਕਾਂ ਤੋਂ ** ** ਵਜੋਂ ਲਿਆ ਜਾਂਦਾ ਸੀ । ਪੰਦਰਾਂ ਹਜ਼ਾਰ ਦੇ ਵਿੱਚੋਂ ** ** ..........(ਵਿਘਨ) (ਸ਼ੋਰ) ਤੁਸੀਂ ਐਵੇਂ ਗੱਲਾਂ ਕਰੀ ਜਾਂਦੇ ਹੋ ।

**ਮਾਨਯੋਗ ਸਪੀਕਰ :** ਸਾਹਨੀ ਜੀ, Please take your seat. ਤੁਸੀਂ ਸਾਰੇ ਬੈਠੋ ਜੀ। ਬੀਬੀ ਜੀ ਬੋਲ ਰਹੇ ਹਨ । (ਵਿਘਨ) (ਸ਼ੋਰ) ਇਹ ਜਿਹੜੇ ** ** ਵਾਲੇ ਐਲੀਗੇਸ਼ਨਜ਼ ਹਨ, ਇਹ ਐਕਸਪੰਜ ਕਰ ਦਿਓ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਜਾਂ ਤਾਂ ਇਹ ਬਹਿਸ ਕਰ ਲੈਣ, ਮੈਂ ਵਿਚਾਲੇ ਹੀ ਛੱਡ ਦਿੰਦੀ ਹਾਂ ।

**ਮਾਨਯੋਗ ਸਪੀਕਰ :** ਬੀਬੀ ਜੀ, ਬੋਲੋ ਤੁਸੀਂ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਮੈਂ ਪੂਰੀ ਮੰਗ ਕਰਦੀ ਹਾਂ, ਰੇਟ ਵਧ ਰਹੇ ਹਨ, ਹਰ ਪਾਸੇ ਅਸੀਂ ਦੇਖਦੇ ਹਾਂ ਪ੍ਰਾਇਸਜ਼ ਵਧ ਰਹੀਆਂ ਹਨ (ਵਿਘਨ) .......... (ਸ਼ੋਰ) ਮੈਂ ਵੰਡਣ ਦੇ ਤਰੀਕੇ ਤੇ ਗੱਲ ਨਹੀਂ ਕਰ ਰਹੀ । ਜਿਵੇਂ ਮਰਜ਼ੀ ਕਰੋ ਸੁਧਾਰ ਲਿਆਉਣਾ ਚਾਹੀਦਾ ਹੈ । ਵੰਡਣ ਦਾ ਤਰੀਕਾ ਤੁਸੀਂ ਬਣਾ ਲਓ ਮੈਨੂੰ ਕੋਈ ਇਤਰਾਜ਼ ਨਹੀਂ । ਮੈਂ ਤਾਂ ਇਹ ਕਹਿ ਰਹੀ ਹਾਂ ਕਿ ਅਸੀਂ 51 ਤੋਂ 61 ਕੀਤਾ ਹੈ, ਤੁਸੀਂ ਤਾਂ ਕੁਝ ਕਰ ਦਿਓ । ਇਸ ਵਿੱਚ ਮੈਂ 25,000/- ਦੀ ਮੰਗ ਕਰਦੀ ਹਾਂ । ਅਗਲਾ ਪੁਆਇੰਟ ਇਹ ਹੈ ਕਿ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿੱਚ ਬੇਘਰੇ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੇ ਘਰਾਂ ਦੀ ਉਸਾਰੀ ਲਈ ਦਸ ਕਰੋੜ ਰੁਪਏ, ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਤੁਹਾਨੂੰ ਗਰੀਬੀ ਦਾ ਮਜ਼ਾਕ ਉਡਾਉਣ ਤੋਂ ਇਲਾਵਾ ਕੁਝ ਸੁਝਦਾ ਹੀ ਨਹੀਂ ਹੈ । 10 ਕਰੋੜ ਤਾਂ ਅਸੀਂ ਪਹਿਲਾਂ ਉਨ੍ਹਾਂ ਨੂੰ ਦਿੰਦੇ ਸੀ ਜਿਹੜੇ ਬੇਘਰੇ ਲੋਕ ਹਨ । ਅਸੀਂ ਗਰੀਬਾਂ ਬਾਰੇ ਹੀ ਕਿਉਂ ਮੁੱਠੀ ਘੁੱਟਦੇ ਹਾਂ । ਤੁਸੀਂ ਉਸ ਵਿੱਚ ਅਰਬਨ ਸੈਕਟਰ ਵੀ ਐਡ ਕੀਤਾ ਹੈ ਅਤੇ ਪੈਸਾ ਸਿਰਫ 10 ਕਰੋੜ ਰੁਪਿਆ ਰੱਖਿਆ ਹੈ। ਸਾਰੇ ਪੰਜਾਬ ਦੇ ਪਿੰਡਾਂ ਦੀ ਰੇਸ਼ੋ ਕੱਢ ਕੇ ਦੇਖ ਲਓ ਕਿ ਇੱਕ ਸ਼ਹਿਰ ਜਾਂ ਪਿੰਡ ਨੂੰ ਕਿੰਨਾ ਆਉਂਦਾ ਹੈ । ਇਹ ਬੇਘਰੇ ਗਰੀਬ ਲੋਕਾਂ ਨਾਲ ਬਹੁਤ ਵੱਡਾ ਮਜ਼ਾਕ ਹੈ । ਇਸ ਨੂੰ ਵਧਾਇਆ ਜਾਵੇ । ਘੱਟੋ-ਘੱਟ ਦੁੱਗਣਾ ਕੀਤਾ ਜਾਣਾ ਚਾਹੀਦਾ ਹੈ । ਇਸੇ ਤਰ੍ਹਾਂ ਇਹ 200 ਯੂਨਿਟ ਬਿਜਲੀ ਦੇਣ ਦਾ ਕਿਸ ਨੇ ਫੈਸਲਾ ਕੀਤਾ ਹੈ। ਤੁਸੀਂ ਵੀ ਇੱਕ ਵਾਰ

---

** Expunged as ordered by the Chair.

Original with;
Punjab Vidhan Sabha
Digitized by;
Punjab Digital Library

ਬਿਜਲੀ ਮੁਫ਼ਤ ਕੀਤੀ ਸੀ ਅਤੇ ਕਿਸ ਤਰ੍ਹਾਂ ਦੀ ਕੀਤੀ ਸੀ ? ਬਿਜਲੀ ਮੁਫ਼ਤ ਕਰਨ ਦਾ ਐਲਾਨ ਕਰ ਦਿੱਤਾ । ਇਹ ਇਥੇ ਕਹਿ ਰਹੇ ਸੀ ਕਿ 8 ਘੰਟੇ ਪਰ ਅਸੀਂ ਸੋਕੇ ਵਿੱਚ ਵੀ ਖਰੀਦ ਕੇ ਦੇ ਦਿੱਤੀ ਜਦੋਂ ਦਿੱਲੀ ਪੈਸਾ ਮੰਗਣ ਗਏ ਤਾਂ ਸਾਨੂੰ ਪੈਸਾ ਨਹੀਂ ਮਿਲਿਆ । ਅਸੀਂ ਪੰਜਾਬ ਦੇ 12,700 ਪਿੰਡਾਂ ਨੂੰ ਵੀ ਕਵਰ ਕੀਤਾ ਅਤੇ ਡੇਰਿਆਂ ਨੂੰ ਵੀ ਕਵਰ ਕਰਨ ਵਾਸਤੇ 200 ਯੂਨਿਟ ਰੱਖੇ । ਜਿਹੜੀ ਅਸੀਂ ਕਿਸਾਨਾਂ ਦੀ ਬਿਜਲੀ ਮੁਆਫ਼ ਕੀਤੀ, ਉਹ ਤੁਹਾਡੇ ਵਰਗੀ ਨਹੀਂ ਕੀਤੀ ਸੀ, ਤੁਸੀਂ ਕਹਿ ਤਾਂ ਦਿੱਤਾ ਕਿ ਬਿਜਲੀ ਮੁਆਫ਼ ਹੈ ਪਰ ਬਿਜਲੀ ਬੋਰਡ ਨੂੰ ਇੱਕ ਧੇਲਾ ਨਹੀਂ ਦਿੱਤਾ ਅਤੇ ਜਦੋਂ ਕੋਈ ਕਿਸਾਨ ਇਹ ਸ਼ਿਕਾਇਤ ਲੈ ਕੇ ਜਾਂਦਾ ਸੀ ਕਿ ਸਾਡਾ ਟਰਾਂਸਫਾਰਮਰ ਸੜ ਗਿਆ ਤਾਂ ਅੱਗੋਂ ਉਹ ਜਵਾਬ ਦਿੰਦੇ ਸੀ ਕਿ ਸਾਨੂੰ ਤੂੰ ਕੀ ਪੈਸੇ ਦਿੰਦਾ ਹੈਂ, ਤੇਰੀ ਕਿਸ ਗੱਲ ਦੀ ਬਿਜਲੀ ਠੀਕ ਕਰੀਏ । ਅਸੀਂ ਕੀਤਾ ਕਿ ਬਿਜਲੀ ਬੋਰਡ ਨੂੰ ਪੂਰੇ ਪੈਸੇ ਦਿੱਤੇ। ਜਿਹੜੀ ਕਿਸਾਨਾਂ ਦੀ ਬਿਜਲੀ ਮੁਆਫ਼ ਕੀਤੀ ਸੀ, ਉਥੇ ਪੈਸਾ ਜਮ੍ਹਾਂ ਕਰਵਾਇਆ ਅਤੇ ਹੁਣ ਵੀ ਜਿਹੜੀਆਂ ਪਰਪੋਜ਼ਲਾਂ ਅਸੀਂ ਰੱਖੀਆਂ ਹਨ, ਜਿਹੜੇ 200 ਯੂਨਿਟ ਦੇਣ ਦੀ ਗੱਲ ਕੀਤੀ ਹੈ ਇਸਦੇ ਪੈਸੇ ਜਮ੍ਹਾਂ ਕਰਵਾਉ । ਡੇਰਿਆਂ ਵਾਲੀ ਵੀ ਜਿਹੜੀ ਗੱਲ ਰਹਿ ਗਈ ਸੀ ਕਿਉਂਕਿ ਇਲੈਕਸ਼ਨ ਕੋਡ ਅਨਾਊਂਸ ਹੋ ਗਿਆ, ਤੁਸੀਂ ਉਨ੍ਹਾਂ ਨੂੰ ਸਿਰੇ ਚੜਾਓ ਤਾਂਕਿ ਇਹ ਗੱਲਾਂ ਪੂਰੀਆਂ ਹੋਣ ਅਤੇ ਕਾਂਗਰਸ ਪਾਰਟੀ ਦਾ ਸੁਪਨਾ ਪੂਰਾ ਹੋ ਸਕੇ । ਤੁਸੀਂ ਇਸ ਪਾਸੇ ਵੱਲ ਵੀ ਧਿਆਨ ਦਿਉ । ਇਹ ਲਹਿਰਾ ਮੁਹੱਬਤ ਦੀ ਗੱਲ ਕਰਦੇ ਹਨ ।

**ਮਾਨਯੋਗ ਸਪੀਕਰ** : ਬੀਬੀ ਜੀ । ਟਾਈਮ ਸਮਾਪਤੀ ਵਾਲੇ ਪਾਸੇ ਚੱਲ ਰਿਹਾ ਹੈ, ਇਸ ਦਾ ਵੀ ਖਿਆਲ ਰੱਖੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : 10,603 ਕਰੋੜ ਦੀ ਬਿਜਲੀ ਅਸੀਂ ਖਰੀਦ ਕੇ ਦਿੱਤੀ । ਇਹ ਰਿਕਾਰਡ ਤੇ ਹੈ ਜੇ ਦੇਖਣਾ ਚਾਹੁਣ ਤਾਂ ਦੇਖ ਸਕਦੇ ਹਨ, ਨਹੀਂ ਤਾਂ ਚੇਅਰਮੈਨ ਬਿਜਲੀ ਬੋਰਡ ਨੂੰ ਪੁੱਛ ਲੈਣ। ਇਹ ਜਿਹੜਾ ਕਹਿੰਦੇ ਹਨ ਕਿ ਲਹਿਰਾ ਮੁਹੱਬਤ ਅਸੀਂ ਸ਼ੁਰੂ ਕੀਤਾ ਹੈ ਤਾਂ ਫਿਰ ਇਸ ਨੂੰ ਜਦ ਤੁਸੀਂ ਸਿਰੇ ਚੜ੍ਹਾਉਗੇ ਤਾਂ ਪਤਾ ਲੱਗੇਗਾ । ਇਸੇ ਤਰ੍ਹਾਂ ਨਾਲ ਅਸੀਂ ਸਰਕਾਰ ਦੇ ਯਤਨਾਂ ਨਾਲ ਕੇਂਦਰੀ ਪੂਲ ਵਿੱਚ ਹਿੱਸਾ 153 ਮੈਗਾਵਾਟ ਤੋਂ ਵਧਾ ਕੇ 552 ਮੈਗਾਵਾਟ ਤੱਕ ਲੈ ਕੇ ਗਏ । 11 ਕੇ.ਵੀ. ਲਾਈਨਾਂ 98,779 ਕਿਲੋਮੀਟਰ ਤੋਂ ਵਧਾ ਕੇ 1,16,172 ਕਿਲੋਮੀਟਰ ਕੀਤੀਆਂ । ਇਸ ਦੇ ਨਾਲ ਹੀ ਅਸੀਂ ਟ੍ਰਾਂਸਫਾਰਮਰਜ਼ ਦੀ ਗਿਣਤੀ 1,84,871 ਤੋਂ ਵਧਾ ਕੇ 2,42,000 ਕੀਤੀ । 12,400 ਪਿੰਡਾਂ ਵਿੱਚ ਸ਼ਹਿਰੀ ਪੈਟਰਨ ਤੇ 8 ਘੰਟੇ ਬਿਜਲੀ ਦੇਣ ਦੀ ਵਿਵਸਥਾ ਕੀਤੀ ਅਤੇ ਜਿਹੜੀ ਕਿਸਾਨਾਂ ਨੂੰ ਬਿਜਲੀ ਮੁਆਫ਼

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਕੀਤੀ, ਉਸ ਦੇ ਵਾਸਤੇ 5,497 ਕਰੋੜ ਰੁਪਏ ਦਿੱਤੇ । ਅਸੀਂ ਤਾਂ ਸਾਰੇ ਅੰਕੜੇ ਗਿਣਾ ਸਕਦੇ ਹਾਂ, ਇਹ ਕੀ ਗਿਣਾਉਣਗੇ । ਅਸੀਂ ਜੋ ਕਿਹਾ, ਕਰਕੇ ਵਿਖਾਇਆ । ਅਸੀਂ ਚੀਚੀ ਤੇ ਖੂਨ ਲਾ ਕੇ ਸ਼ਹੀਦ ਨਹੀਂ ਬਣੇ । ਇਨ੍ਹਾਂ ਨੇ ਰਾਜੀਵ ਗਾਂਧੀ ਗ੍ਰਾਮੀਣ ਜਲ ਯੋਜਨਾ ਵਾਸਤੇ 16.50 ਕਰੋੜ ਰੁਪਿਆ ਰੱਖਿਆ ਹੈ । ਅਸੀਂ ਪਤਾ ਹੈ ਕਿ ਕਿੰਨੇ ਪੈਸੇ ਦਿੱਤੇ ਸਨ ? ਅਸੀਂ ਪਟਿਆਲੇ ਫੰਕਸ਼ਨ ਰੱਖਿਆ ਸੀ । 40 ਕਰੋੜ ਰੁਪਿਆ ਉਦੋਂ ਅਸੀਂ ਇੱਕੋ ਵਾਰ ਦੇ ਦਿੱਤਾ ਸੀ ਅਤੇ 40 ਕਰੋੜ ਰੁਪਿਆ ਬਾਅਦ ਵਿੱਚ ਦਿੱਤਾ ਸੀ । ਇਹ ਰੁਪਿਆ 80 ਕਰੋੜ ਰੁਪਏ ਤੋਂ ਵੀ ਵੱਧ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਨੇ ਦਿੱਤਾ ਹੈ ਸਿਰਫ 16.80 ਕਰੋੜ ਰੁਪਿਆ । ਇਹ ਇਸ ਚੀਜ਼ ਨੂੰ ਚੰਗੀ ਤਰ੍ਹਾਂ ਵੇਖ ਲੈਣ, ਘੋਖ ਲੈਣ । ਜੇ ਗਲਤੀ ਨਾਲ ਪੈਸਾ ਘੱਟ ਰਹਿ ਗਿਆ ਹੋਵੇ ਤਾਂ ਇਹ ਵਧਾਇਆ ਜਾਵੇ । ਸਾਡੇ ਲੋਕਾਂ ਨੂੰ ਜਿੰਨੀਆਂ ਸੀਟਾਂ ਦੇਣੀਆਂ ਹਨ, ਉਹ ਗਰੀਬ ਲੋਕਾਂ ਨੇ ਹੀ ਦੇਣੀਆਂ ਹਨ । ਇਸ ਕਰਕੇ ਅਸੀਂ ਗਰੀਬ ਲੋਕਾਂ ਦੀ ਮਦਦ ਕਰਨੀ ਹੈ, ਅਮੀਰ ਤਾਂ ਆਪਣੀ ਮਦਦ ਆਪੇ ਕਰ ਲੈਂਦੇ ਹਨ । ਬਜਟ ਵਿੱਚ ਮੈਂ ਹੋਰ ਵੀ ਕਾਫੀ ਕੁਝ ਵੇਖਦੀ ਰਹੀ ਹਾਂ ਪਰ ਮੈਨੂੰ ਕੁਝ ਵੀ ਨਜ਼ਰ ਨਹੀਂ ਆਇਆ । ਇਨ੍ਹਾਂ ਨੇ ਨਵੀਆਂ ਨੌਕਰੀਆਂ ਦੇਣ ਵਾਸਤੇ 15 ਕਰੋੜ ਰੁਪਿਆ ਰੱਖਿਆ ਹੈ, ਮੈਂ ਚਾਹੁੰਦੀ ਹਾਂ ਕਿ ਇਸ ਨੂੰ ਵੀ ਵਧਾਇਆ ਜਾਵੇ । ਇਸ ਦੇ ਨਾਲ ਹੀ ਕਿਸਾਨਾਂ ਦਾ ਵੀ ਜ਼ਿਆਦਾ ਖਿਆਲ ਰੱਖਿਆ ਜਾਵੇ ।

ਅੱਜ ਸਾਰਿਆਂ ਤੋਂ ਪਹਿਲਾਂ ਜਿਹੜੀ ਗੱਲ ਦੀ ਜ਼ਰੂਰਤ ਹੈ, ਉਹ ਹੈ ਕਿ ਅਮਨ-ਸ਼ਾਂਤੀ ਹਰ ਹਾਲ ਵਿੱਚ ਕਾਇਮ ਰੱਖੀ ਜਾਵੇ । ਜੇ ਅਮਨ-ਸ਼ਾਂਤੀ ਹੋਵੇਗੀ ਤਾਂ ਵਿਕਾਸ ਵੀ ਹੋਵੇਗਾ । ਤਾਂ ਹੀ ਅਸੀਂ ਸਮਝ ਸਕਦੇ ਹਾਂ ਕਿ ਅਸੀਂ ਜਿਉਂਦੇ ਜਾਗਦੇ ਅੱਗੇ ਨੂੰ ਆਵਾਂਗੇ । ਅਸੀਂ ਸਾਰੇ ਇੱਕਸੁਰ ਹੋ ਕੇ ਚੱਲੇ ਹਾਂ ਅਤੇ ਹਾਲਾਤ ਵਿਗੜਨ ਨਹੀਂ ਦੇਣੇ । ਬਾਦਲ ਸਾਹਿਬ ਵਿਅਕਤੀਗਤ ਤੌਰ ਤੇ ਬੇਸ਼ੱਕ ਇਸ ਗੱਲ ਨਾਲ ਸਹਿਮਤ ਹੋਣਗੇ ਲੇਕਿਨ ਇਨ੍ਹਾਂ ਦੀ ਪਾਰਟੀ ਦੇ ਕਈ ਹੋਰ ਲੋਕ ਇਸ ਤਰ੍ਹਾਂ ਨਹੀਂ ਸੋਚਦੇ। ਇਨ੍ਹਾਂ ਨੇ ਕਈ ਵਾਰ ਕਿਹਾ ਹੈ ਕਿ ਅਸੀਂ ਵੈਨਡੇਟਾ ਨਹੀਂ ਕਰਨਾ ਹੈ । ਮੈਂ ਵੀ ਸਮਝਦੀ ਹਾਂ ਕਿ ਇਹ ਕਿਸੇ ਨੂੰ ਵੀ ਨਹੀਂ ਕਰਨਾ ਚਾਹੀਦਾ । ਸਾਨੂੰ ਸਾਰਿਆਂ ਨੂੰ ਅਮਨ-ਸ਼ਾਂਤੀ ਵਾਸਤੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ । ਬਾਦਲ ਸਾਹਿਬ ਆਪ ਭਾਵੇਂ ਵੈਨਡੈਟਾ ਨਾ ਕਰਨ ਲੇਕਿਨ ਥੱਲੜੇ ਪੱਧਰ ਤੇ ਇਹ ਹੋ ਰਿਹਾ ਹੈ । ਮੇਰੇ ਕੋਲ 103 ਕੇਸ ਆਏ ਪਏ ਹਨ । ਅੱਜ ਦੀਆਂ ਘਟਨਾਵਾਂ ਵੀ ਆਈਆਂ ਪਈਆਂ ਹਨ। ਇੱਕ ਪੰਜਾਬੀ ਦੇ ਅਖਬਾਰ ਵਿੱਚ ਅਤੇ ਇੱਕ ਅੰਗਰੇਜ਼ੀ ਦੇ ਅਖਬਾਰ ਹਿੰਦੁਸਤਾਨ ਟਾਈਮਜ਼ ਵਿੱਚ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਹ ਅਕਾਲੀਕਰਨ ਇੰਝ ਨਹੀਂ ਹੋਣਾ । ਇਹ ਲੋਕਾਂ ਦੇ ਦਿਲ ਜਿੱਤ ਕੇ ਹੋਣਾ ਹੈ । ਜਿਹੜੇ ਲੋਕ ਇਲੈਕਸ਼ਨ ਹਾਰ

Original with;
Punjab Vidhan Sabha
Digitized by;
Panjab Digital Library

ਗਏ ਹਨ, ਉਨ੍ਹਾਂ ਨੂੰ ਬੜੀ ਤਕਲੀਫ਼ ਹੈ । ਸਪੀਕਰ ਸਾਹਿਬ, ਤੁਸੀਂ ਬੜੇ ਸਿਆਣੇ ਹੋ ਅਤੇ ਉਮਰ ਵਿੱਚ ਸਾਡੇ ਤੋਂ ਵੱਡੇ ਹੋ । ਤੁਹਾਡੇ ਦਿਲ ਵਿੱਚ ਹੋਣਾ ਹੈ ਕਿ ਤੁਸੀਂ ਵੀ ਵਜ਼ੀਰ ਬਣ ਕੇ ਇਥੇ ਟਰੈਜ਼ਰੀ ਬੈਂਚਾਂ ਤੇ ਬੈਠਦੇ । ਇਸੇ ਤਰ੍ਹਾਂ ਜਿਹੜੇ ਹਾਰ ਗਏ ਹਨ, ਉਹ ਵੀ ਸੋਚਦੇ ਹਨ ਕਿ ਜੇ ਉਹ ਜਿੱਤ ਜਾਂਦੇ ਤਾਂ ਉਹ ਵੀ ਐਮ.ਐਲ.ਏ. ਬਣ ਕੇ ਇਥੇ ਬੈਠਦੇ । ਹੁਣ ਉਹ ਲੋਕ ਨਹੀਂ ਹਟਦੇ । ਸੋ, ਸਾਨੂੰ ਤਕੜੇ ਹੋ ਕੇ ਆਪਣੀ ਕੰਸਟੀਚਿਊਸ਼ਨਲ ਅਤੇ ਐਡਮਨਿਸਟ੍ਰੇਟਿਵ ਡਿਊਟੀ ਨੂੰ ਪੂਰੀ ਤਰ੍ਹਾਂ ਨਿਭਾਉਣਾ ਚਾਹੀਦਾ ਹੈ । ਸਰਕਾਰ ਉਹੀ ਸੁਹਿਰਦ ਹੁੰਦੀ ਹੈ ਜਿਹੜੀ ਆਪਣੀ ਡਿਊਟੀ ਪੂਰੀ ਤਰ੍ਹਾਂ ਕਰ ਸਕੇ । ਇਹ ਵਿਕਟੇਮਾਈਜ਼ੇਸ਼ਨ ਬਾਰੇ ਬਾਦਲ ਸਾਹਿਬ ਨੇ ਕਈ ਵਾਰ ਕਿਹਾ ਹੈ ਕਿ ਆਪਾਂ ਨੇ ਡਿਸਕਸ ਕਰਨਾ ਹੈ । ਜਿੰਨੀ ਵਾਰ ਮਰਜ਼ੀ ਕਰ ਲਓ, ਸਾਨੂੰ ਕੀ ਇਤਰਾਜ਼ ਹੈ। ਪਰ ਕਿਉਂ ਅਸੀਂ ਇੱਕ ਦੂਜੇ ਤੇ ਉਂਗਲੀ ਕਰਦੇ ਹਾਂ। ਮੱਛੀ ਪੱਥਰ ਚੱਟ ਕੇ ਹੀ ਮੁੜਦੀ ਹੈ । ਮੈਂ ਪੁੱਛਦੀ ਹਾਂ ਕਿ ਸ਼ੁਰੂਆਤ ਕਿਸ ਨੇ ਕੀਤੀ ਸੀ । ਇਨ੍ਹਾਂ ਗੱਲਾਂ ਦਾ ਨਤੀਜਾ ਅਲਟੀਮੇਟਲੀ ਕੀ ਨਿਕਲਦਾ ਹੈ । ਜਿਹੜਾ ਦੂਜੇ ਵਾਸਤੇ ਖੱਡਾ ਪੁੱਟਦਾ ਹੈ, ਉਹ ਆਪ ਹੀ ਉਸ ਵਿੱਚ ਡਿੱਗ ਪੈਂਦਾ ਹੈ । ਅਸੀਂ ਇੱਕ ਰਵਾਇਤ ਖੜ੍ਹੀ ਕਰਨੀ ਚਾਹੁੰਦੇ ਹਾਂ ਕਿ ਪੰਜਾਬ ਦੀਆਂ ਜਿਉਂਦੀਆਂ ਜਾਗਦੀਆਂ ਪਾਰਟੀਆਂ, ਦੇਸ਼ ਦੀ ਅਜ਼ਾਦੀ ਲਈ ਲੜਨ ਵਾਲੀਆਂ ਪਾਰਟੀਆਂ ਪੰਜਾਬ ਦੇ ਅਮਨ-ਸ਼ਾਂਤੀ ਦੀ ਕਾਇਮੀ ਲਈ ਪੰਜਾਬ ਦੇ ਅਮਨ ਵੱਲ ਉਂਗਲ ਨਹੀਂ ਕਰਨ ਦੇਣਗੀਆਂ । ਇਸ ਨੂੰ ਖਰਾਬ ਕਰਨ ਵਾਲਾ ਕੋਈ ਵੀ ਹੋਵੇ, ਉਸ ਨੂੰ ਸਪੇਅਰ ਨਾ ਕਰੋ । ਅਸੀਂ ਕਾਂਗਰਸ ਪਾਰਟੀ ਵਾਲਿਆਂ ਨੇ ਇਸ ਉਦੇਸ਼ ਲਈ ਆਪਣੀ ਜਾਨ ਦਿੱਤੀ ਹੈ । ਤੁਸੀਂ ਤਾਂ ਉਸ ਵੇਲੇ ਭੱਜ ਗਏ ਸੀ । ਅਸੀਂ ਤਾਂ ਉਦੋਂ ਵੀ ਡਟ ਕੇ ਖੜ੍ਹੇ ਸੀ । ਅਮਨ-ਸ਼ਾਂਤੀ ਵਾਸਤੇ ਕੋਈ ਵੀ ਕੰਪਰੋਮਾਈਜ਼ ਨਹੀਂ ਕਰਨ ਦਿੱਤਾ ਜਾਵੇਗਾ । ਕਦੇ ਤੁਸੀਂ ਕਹਿੰਦੇ ਹੋ ਕਿ ਭੱਠਲ ਸਾਨੂੰ ਡਰਾਉਂਦੀ ਹੈ, ਕਦੇ ਕਹਿੰਦੇ ਹੋ ਕਿ ਭੱਠਲ ਬੋਲਦੀ ਹੈ । ਭੱਠਲ ਨੂੰ ਅਸੀਂ ਆਹ ਕਰ ਦਿਆਂਗੇ, ਔਹ ਕਰ ਦਿਆਂਗੇ । ਮੈਂ ਪਹਿਲਾਂ ਵੀ ਕਿਹਾ ਹੈ ਅਤੇ ਅੱਜ ਫਿਰ ਕਹਿੰਦੀ ਹਾਂ ਕਿ ਮੈਂ ਗੁੜ ਦੇ ਕੇ ਜਾਨ ਨਹੀਂ ਲਈ। ਮੇਰੇ ਪਰਿਵਾਰ ਵਾਲਿਆਂ ਨੇ ਆਪਣਾ ਸਾਰਾ ਕੁਝ ਦੇਸ਼ ਦੀ ਖਾਤਰ ਵਾਰ ਦਿੱਤਾ। ਮੈਂ ਜੇਲ੍ਹ ਦੇ ਵਿੱਚ ਖਿਡੌਣਿਆਂ ਦੇ ਨਾਲ ਨਹੀਂ ਸਗੋਂ ਸੰਗਲਾਂ ਅਤੇ ਹੱਥਕੜੀਆਂ ਦੇ ਨਾਲ ਵੱਡੀ ਹੋਈ ਹਾਂ । ਮੈਂ ਹਰ ਤਰ੍ਹਾਂ ਦੇ ਮੁਸੀਬਤ ਭਰੇ ਸਮੇਂ ਵਿੱਚੋਂ ਗੁਜ਼ਰੀ ਹਾਂ । ਸੋ, ਮੈਨੂੰ ਇਸ ਤਰ੍ਹਾਂ ਦੇ ਡਰਾਵਿਆਂ ਦੀ ਕੋਈ ਪ੍ਰਵਾਹ ਨਹੀਂ ਹੈ। ਕੋਈ ਤਾਕਤ, ਕੋਈ ਸ਼ਕਤੀ ਜੇਕਰ ਪੰਜਾਬ ਦੇ ਅਮਨ ਅਤੇ ਸ਼ਾਂਤੀ ਨੂੰ ਖਰਾਬ ਕਰਨਾ ਚਾਹੁੰਦੀ ਹੈ ਤਾਂ ਮੈਂ ਤੁਹਾਨੂੰ ਦਸ ਦਿੰਦੀ ਹਾਂ ਕਿ ਅਸੀਂ ਏਥੇ ਚਿੜੀ ਨਹੀਂ ਫੜਕਣ ਦਿਆਂਗੇ । ਸੂਬੇ ਦੇ ਵਿੱਚ ਅਮਨ ਅਤੇ ਸ਼ਾਂਤੀ ਕਾਇਮ ਰੱਖਣ ਦੀ ਖਾਤਰ ਅਸੀਂ ਇਨ੍ਹਾਂ ਦਾ, ਸਰਕਾਰ ਦਾ ਸਾਥ ਦਿਆਂਗੇ । ਇਜ਼ਰਾਈਲ ਦੇ ਜਰਨੈਲ ਨੇ ਕਿਹਾ ਸੀ ਕਿ ਮੈਂ ਅੱਗੇ ਹੋ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਕੇ ਲੜਾਂਗਾ, ਮੇਰਾ ਸਾਥ ਦਿਓ । ਜੇਕਰ ਮੈਂ ਵਾਪਸ ਮੁੜਿਆ ਤਾਂ ਮੇਰੇ ਗੋਲੀ ਮਾਰ ਦਿਓ। ਜੇਕਰ ਲੜਦਾ ਹੋਇਆ ਮਾਰਿਆ ਗਿਆ ਤਾਂ ਇਸ ਦਾ ਬਦਲਾ ਲੈ ਲਿਓ । ਸੋ, ਮੈਂ ਵੀ ਇੰਨਾ ਕਹਿੰਦੀ ਹਾਂ ਕਿ ਜੇਕਰ ਤੁਸੀਂ ਅੱਗੇ ਵਧੋਗੇ ਤਾਂ ਅਸੀਂ ਤੁਹਾਡਾ ਹਰ ਤਰ੍ਹਾਂ ਦੇ ਨਾਲ ਸਾਥ ਦਿਆਂਗੇ ਲੇਕਿਨ ਜੇਕਰ ਤੁਸੀਂ ਅੱਗੇ ਨਾ ਵਧੇ ਤਾਂ ਕਾਂਗਰਸ ਪਾਰਟੀ ਅੱਗੇ ਵਧੇਗੀ । ਅਸੀਂ ਪੰਜਾਬ ਦੇ ਵਿੱਚ 21 ਮੈਂਬਰੀ ਕਮੇਟੀ ਬਣਾਵਾਂਗੇ । ਹਿੰਦੁਸਤਾਨ ਦੇ ਸੰਵਿਧਾਨ ਦੇ ਮੁਤਾਬਿਕ, ਅੱਜ ਦੇ ਹਿੰਦੁਸਤਾਨ ਟਾਈਮਜ਼ ਦੇ ਵਿੱਚ ਵੀ ਜੋ ਆਇਆ ਹੈ। ਕੀ ਉਹ ਸਾਡੇ ਸਾਰਿਆਂ ਲਈ ਮੰਦਭਾਗੀ ਗੱਲ ਨਹੀਂ ਹੈ ? ਇਸ ਤਰ੍ਹਾਂ ਦੀ ਆੜ ਵਿੱਚ ਜਿਹੜੇ ਲੋਕ ਬੈਠੇ ਹਨ, ਜਿਨ੍ਹਾਂ ਦੀਆਂ ਬਾਹਰ ਸੁਰਾਂ ਲੱਗੀਆਂ ਹੋਈਆਂ ਹਨ, ਉਹ ਏਥੇ ਹਾਲਾਤ ਖਰਾਬ ਕਰਕੇ ਆਪਣਾ ਤੋਰੀ ਫੁਲਕਾ ਚਲਾਉਣਾ ਚਾਹੁੰਦੇ ਹਨ । ਉਨ੍ਹਾਂ ਨੂੰ ਅਸੀਂ ਦੱਸ ਦੇਣਾ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਦੀ ਸਿਚੂਏਸ਼ਨ ਦੇ ਵਿੱਚ ਅਸੀਂ ਸਰਕਾਰ ਦੇ ਨਾਲ ਖੜ੍ਹਾਂਗੇ ਕਿਉਂਕਿ ਅਸੀਂ ਦੇਖ ਲਿਆ ਹੈ ਕਿ ਅੱਤਵਾਦ ਦੇ ਸਮੇਂ ਵਿੱਚ ਜਿਹੜਾ ਪੈਸਾ ਪੰਜਾਬ ਦੇ ਵਿੱਚ ਲੱਗਿਆ ਹੈ ਉਹ ਪੰਜਾਬ ਦੀ ਡਿਵੈਲਪਮੈਂਟ ਤੇ ਲੱਗਣਾ ਚਾਹੀਦਾ ਸੀ । ਅੱਜ ਅਸੀਂ ਸਿਦਕਦਿਲੀ ਨਾਲ ਇੱਕੱਠੇ ਹੋ ਕੇ ਪੰਜਾਬ ਨੂੰ ਅੱਗੇ ਲੈ ਜਾਣਾ ਚਾਹੁੰਦੇ ਹਾਂ । ਪੰਜਾਬ ਨੇ ਤੁਹਾਨੂੰ ਚੁਣ ਕੇ ਭੇਜਿਆ ਹੈ, ਤੁਸੀਂ ਅੱਛੇ ਢੰਗ ਦੇ ਨਾਲ ਸਰਕਾਰ ਚਲਾਓ । ਅਸੀਂ ਤੁਹਾਡੇ ਨਾਲ ਹਾਂ । ਜੇ ਲੋਕ ਕੱਲ੍ਹ ਨੂੰ ਸਾਨੂੰ ਚੁਣਨਗੇ ਤਾਂ ਅਸੀਂ ਸਰਕਾਰ ਬਣਾਵਾਂਗੇ । ਬਾਦਲ ਸਾਹਿਬ, ਮੈਂ ਤਾਂ ਸਿਰਫ ਇੰਨਾ ਹੀ ਕਹਿਣਾ ਚਾਹੁੰਦੀ ਹਾਂ । ਬਾਦਲ ਸਾਹਿਬ, ਤੁਸੀਂ ਪਿਛਲੇ ਦਿਨੀਂ ਧਮਕੀਆਂ ਕਾਫੀ ਮਾਰ ਗਏ ਹੋ ਸਾਡੇ ਸਾਥੀਆਂ ਨੂੰ, ਤੁਹਾਡੇ ਲਈ ਇਹ ਚੰਗੀ ਗੱਲ, ਨਹੀਂ । ਇਹੋ ਜਿਹੇ ਕੰਮ ਨਾ ਕਰਿਆ ਕਰੋ । ਅਸੀਂ ਅੰਦਰ ਜਾਣ ਤੋਂ ਕਦੋਂ ਡਰਨ ਵਾਲੇ ਹਾਂ । ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਤੇ ਪਹਿਲਾ ਕੇਸ ਨਾਭੇ ਵਿੱਚ ਬਣਿਆ ਸੀ ਜਿਥੇ ਮੈਂ ਇੱਕ ਹੈਂਡੀਕੈਪ ਅਪਾਹਜ ਦੀ ਹੈਲਪ ਕਰਨ ਵਾਸਤੇ ਗਈ ਸੀ। ਸ਼ਹਿਰ ਬੰਦ ਸੀ । ਜਦੋਂ ਮੈਂ ਵਾਪਸ ਆ ਰਹੀ ਸੀ ਤਾਂ ਮੈਨੂੰ ਰਸਤੇ ਦੇ ਵਿੱਚ ਹੀ ਕਹਿ ਦਿੱਤਾ ਗਿਆ ਕਿ ਤੁਹਾਡੇ ਖਿਲਾਫ਼ ਕੇਸ ਦਰਜ ਕਰ ਦਿੱਤਾ ਗਿਆ ਹੈ । ਜੇਕਰ ਇਸ ਤਰ੍ਹਾਂ ਕਿਸੇ ਗਰੀਬ ਦੇ ਨਾਲ 'ਹਾਅ' ਦਾ ਨਾਅਰਾ ਮਾਰਨ ਦੀ ਖਾਤਰ ਵੀ ਕੇਸ ਦਰਜ ਹੋ ਸਕਦਾ ਹੈ, ਹੱਥਕੜੀ ਲੱਗ ਸਕਦੀ ਹੈ ਤਾਂ ਇਸ ਤੋਂ ਵੱਧ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ । ਮੈਂ ਉਸ ਕੇਸ ਵਿੱਚ ਆਪਣੀ ਜ਼ਮਾਨਤ ਨਹੀਂ ਸੀ ਕਰਵਾਈ । ਇਹ ਸਾਰਾ ਕੁਝ ਤੁਹਾਡੇ ਵੇਲੇ ਹੋਇਆ ਸੀ । ਮੈਂ ਉਹ ਕੇਸ ਲੜਿਆ । ਮੈਂ ਹਰ ਜਗ੍ਹਾ ਜਾਣ ਲਈ ਤਿਆਰ ਹਾਂ । ਜਿਹੜਾ ਮੇਰੇ ਖਿਲਾਫ਼ ਦੂਜਾ ਕੇਸ ਹੋਇਆ ਉਹ ਵੀ ਇਨ੍ਹਾਂ ਦੇ ਸਮੇਂ ਵਿੱਚ ਦਰਜ ਹੋਇਆ । ਮੱਤੇਵਾਲ ਸਾਹਿਬ ਅੱਜ ਇਥੇ ਹੈ ਨਹੀਂ ਹਨ । ਉਹ ਬੜਾ ਅਕਲ ਵਾਲਾ ਵਕੀਲ ਇਨ੍ਹਾਂ ਨੂੰ ਮਿਲਿਆ ਹੋਇਆ ਹੈ । ਇਨ੍ਹਾਂ ਨੂੰ (ਬਾਦਲ ਸਾਹਿਬ ਵੱਲ ਇਸ਼ਾਰਾ)

Original with;
Punjab Vidhan Sabha
Digitized by;
Punjab Digital Library

ਪਤਾ ਹੈ ਕਿ ਉਹ ਕੇਸ ਮੇਰੇ ਖਿਲਾਫ਼ ਦਰਜ ਹੋਇਆ, ਫਿਰ ਉਹ ਕੇਸ ਡਿਸਮਿਸ ਹੋਇਆ। ਮੈਂ ਲੀਡਰ ਆਫ਼ ਦਿ ਹਾਊਸ ਦਾ ਔਰ ਸੰਵਿਧਾਨ ਦਾ ਆਦਰ ਕਰਦੀ ਹਾਂ । ਅਸੀਂ ਰਵਾਇਤਾਂ ਦਾ ਆਦਰ ਕਰਦੇ ਹਾਂ । ਅਸੀਂ ਤਿੰਨ ਮਹੀਨਿਆਂ ਤੋਂ ਕਹਿੰਦੇ ਆ ਰਹੇ ਹਾਂ ਕਿ ਤੁਸੀਂ ਲੋਕਾਂ ਦੇ ਨਾਲ ਜੋ ਵਾਅਦੇ ਕਰਕੇ ਆਏ ਹੋ ਉਹ ਪੂਰੇ ਕਰੋ, ਲੋਕਾਂ ਨਾਲ ਝੂਠੇ ਵਾਅਦੇ ਨਹੀਂ ਕਰਨੇ ਚਾਹੀਦੇ ਸਨ । ਜੇਕਰ ਤੁਸੀਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕਰੋਗੇ ਤਾਂ ਅਸੀਂ ਸਰਕਾਰ ਨੂੰ ਮਜਬੂਰ ਕਰਾਂਗੇ ਕਿ ਲੋਕਾਂ ਨਾਲ ਝੂਠੇ ਵਾਅਦੇ ਨਾ ਕਰਿਆ ਕਰੋ । ਅੱਜ ਤੁਹਾਨੂੰ ਮੌਕਾ ਮਿਲਿਆ ਹੈ ਤੁਸੀਂ ਪੰਜਾਬ ਦੀ ਨੌਜਵਾਨੀ ਲਈ, ਪੰਜਾਬ ਦੀ ਬਿਹੈਤਰੀ ਲਈ ਤਕੜੇ ਹੋ ਕੇ ਕੰਮ ਕਰੋ । ਮੈਂ ਆਸ ਕਰਦੀ ਹਾਂ ਕਿ ਜਿੰਨੇ ਵੀ ਵਿਚਾਰ ਅਸੀਂ ਰੱਖੇ ਹਨ, ਤੁਸੀਂ ਉਸ ਤੇ ਅਮਲ ਕਰੋਗੇ। ਸਾਨੂੰ ਕੋਈ ਇਤਰਾਜ਼ ਨਹੀਂ ਜੇਕਰ ਤੁਸੀਂ ਗਿਦੜਬਾਹੇ ਵਿੱਚ ਵੈਟ ਹਟਾ ਦਿੱਤਾ । ਇਸ ਵਿੱਚ ਕੋਈ ਖਾਸ ਨੁਕਤਾ ਹੋ ਸਕਦਾ ਹੈ । ਬਾਕੀ ਥਾਵਾਂ ਤੇ ਵੀ ਖੁੱਲ੍ਹਦਿਲੀ ਦਿਖਾਉ । ਬਾਕੀ ਥਾਵਾਂ ਤੇ ਵੀ ਜਿੰਨੀਆਂ ਰਿਆਇਤਾਂ ਦਿੱਤੀਆਂ ਜਾ ਸਕਦੀਆਂ ਹਨ, ਦਿਓ । ਵੱਧ ਪੈਸੇ ਰੱਖੋ । ਦਿਲ ਖੋਲ੍ਹ ਕੇ ਪੈਸੇ ਰੱਖੋ ਤਾਂ ਕਿ ਲੋਕੀਂ ਕਹਿਣ ਕਿ ਵਾਅਦਾ ਪੂਰਾ ਕਰਨ ਵਾਲੀ ਸਰਕਾਰ ਸੰਜਮ ਨਾਲ ਨਹੀਂ ਖੁੱਲਦਿਲੀ ਨਾਲ ਚੱਲੀ ਹੈ । ਠੀਕ ਹੈ, ਇਸ ਵੇਲੇ ਸਰਕਾਰ ਕੋਲ ਇੰਨਾ ਪੈਸਾ ਨਹੀਂ ਹੈ । ਸਰਕਾਰ ਸੰਜਮ ਨਾਲ ਚੱਲ ਰਹੀ ਹੈ ਪਰ ਸਾਡੀ ਆਰਥਕ ਦਸ਼ਾ ਏਨੀ ਮਾੜੀ ਵੀ ਨਹੀਂ ਕਿ ਅਸੀਂ ਵਿਕਾਸ ਹੀ ਨਾ ਕਰੀਏ । ਕਿੰਨੇ ਇੰਡਸਟਰੀਲਿਸਟ ਅਸੀਂ ਲੈ ਕੇ ਆਏ, ਕਿਹੋ ਜਿਹੀ ਸਿਚੁਏਸ਼ਨ ਬਣੀ, ਕਿਸ ਤਰੀਕੇ ਦੇ ਨਾਲ ਅਸੀਂ ਦਿੱਲੀ ਤੋਂ ਪੈਸਾ ਲੈ ਕੇ ਆਏ । ਇਹ ਸਾਰਾ ਕੁਝ ਤੁਸੀਂ ਕਰੋ ਅਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੋ । ਇਸ ਦੇ ਮੁਤਾਬਿਕ ਕਾਂਗਰਸ ਪਾਰਟੀ ਸੂਬੇ ਦੇ ਅਮਨ ਅਤੇ ਸ਼ਾਂਤੀ ਲਈ, ਸੂਬੇ ਦੇ ਗਰੀਬਾਂ ਲਈ, ਸੂਬੇ ਦੇ ਨੌਜਵਾਨਾਂ ਲਈ, ਸੂਬੇ ਦੇ ਕਿਸਾਨਾਂ, ਵਪਾਰੀਆਂ, ਸ਼ਹਿਰੀਆਂ ਲਈ ਦ੍ਰਿੜ੍ਹਤਾ ਨਾਲ ਪੂਰਾ ਪਹਿਰਾ ਦੇਵੇਗੀ । ਇਨ੍ਹਾਂ ਲਫਜ਼ਾਂ ਦੇ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ । (ਆਪੋਜ਼ੀਸ਼ਨ ਬੈਂਚਿੰਜ਼ ਵੱਲੋਂ ਥੰਪਿੰਗ)

**ਸਰਦਾਰ ਵਿਰਸਾ ਸਿੰਘ ਵਲਟੋਹਾ** (ਵਲਟੋਹਾ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਸਪੀਚ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ । ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਥੱਲੇ ਚਲ ਰਹੀ ਸਰਕਾਰ ਦੇ ਵਿੱਤ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਬੜੀ ਦੂਰ-ਅੰਦੇਸ਼ੀ ਨਾਲ ਪੰਜਾਬ ਦਾ ਭਵਿੱਖ ਸੰਵਾਰਨ ਵਾਸਤੇ, ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਾਸਤੇ, ਹਰ ਵਰਗ ਵਾਸਤੇ, ਹਰ ਵਿਭਾਗ ਵਾਸਤੇ ਫੰਡਾਂ ਵਿੱਚ ਵਾਧਾ ਕੀਤਾ ਹੈ । ਪੰਜਾਬ ਦੇ ਸਮੂਹ ਲੋਕਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਨੇ ਅਤੇ ਮੀਡੀਏ ਨੇ ਇਸ ਬਜਟ ਨੂੰ ਸਹੀ ਅਤੇ ਵਧੀਆ ਕਿਹਾ ਹੈ । ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਬਜਟ ਵਿੱਚ ਜਿੱਥੇ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਦ੍ਰਿੜ ਇਰਾਦੇ ਦਾ ਪ੍ਰਗਟਾਵਾ ਕੀਤਾ ਹੈ, ਉਥੇ ਪੰਜਾਬ ਦੀ ਆਰਥਿਕਤਾ ਦੇ ਤਰਸਯੋਗ ਹਾਲਾਤ ਵੀ ਬਿਆਨ ਕੀਤੇ ਹਨ । ਲੋਕਾਂ ਨਾਲ ਆਪਣੇ ਸੁਪਨੇ ਵੀ ਸਾਂਝੇ ਕਰਨ ਵਾਸਤੇ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ ਹੈ । ਲੋਕਾਂ ਦੀਆਂ ਸਮੱਸਿਆਵਾਂ ਦੀ ਹਰ ਪੱਖ ਤੋਂ ਸਾਰ ਲੈਣ ਦੀ ਗੱਲ ਕੀਤੀ ਹੈ । ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੈਂਬਰ ਸਾਹਿਬਾਨ ਨੇ ਅਤੇ ਵਿੱਤ ਮੰਤਰੀ ਸਾਹਿਬ ਨੇ ਬਜਟ ਪੇਸ਼ ਕਰਦਿਆਂ ਹੋਇਆਂ ਖੇਤੀਬਾੜੀ ਦੀਆਂ ਜਿਹੜੀਆਂ ਸਮੱਸਿਆਵਾਂ ਹਨ, ਉਨ੍ਹਾਂ ਨੂੰ ਦੂਰ ਕਰਨ ਵਾਸਤੇ ਅਤੇ ਕਿਸਾਨਾਂ ਨੂੰ ਮਜ਼ਬੂਤ ਕਰਨ ਵਾਸਤੇ ਜਿਹੜਾ ਖੇਤੀਬਾੜੀ ਦਾ ਮਹਿਕਮਾ ਹੈ, ਉਸ ਦੇ ਫੰਡਾਂ ਵਿੱਚ ਵਾਧਾ ਕੀਤਾ ਹੈ । ਸਿੰਜਾਈ ਵਿਭਾਗ ਵਾਸਤੇ ਵੀ ਵਾਧਾ ਕੀਤਾ ਹੈ । ਜਦੋਂ ਸਾਡੇ ਡੈਮਾਂ ਵਿੱਚ ਪਾਣੀ ਵਧ ਜਾਂਦਾ ਹੈ ਤਾਂ ਥੱਲੇ ਦਾ ਨਹਿਰੀ ਸਿਸਟਮ ਇਤਨਾ ਕਮਜ਼ੋਰ ਹੋ ਚੁੱਕਾ ਹੈ ਕਿ ਉਸ ਨੂੰ ਸੰਵਾਰਨ ਦੀ ਲੋੜ ਹੈ । ਇਸ ਦੇ ਵਾਸਤੇ ਵੀ ਵਿੱਤ ਮੰਤਰੀ ਸਾਹਿਬ ਨੇ ਫੰਡ ਮੁਹੱਈਆ ਕਰਵਾਏ ਹਨ । ਪਸ਼ੂ ਪਾਲਣ ਡੇਅਰੀ ਵਿਕਾਸ, ਬਿਜਲੀ, ਇੰਡਸਟਰੀ, ਟਰਾਂਸਪੋਰਟ, ਸਾਇੰਸ ਅਤੇ ਤਕਨਾਲੋਜੀ, ਗੱਲ ਕੀ ਸਾਰੇ ਵਿਭਾਗਾਂ ਦਾ ਵਿੱਤ ਮੰਤਰੀ ਸਾਹਿਬ ਨੇ ਧਿਆਨ ਰੱਖਿਆ ਹੈ । ਇਹ ਪਹਿਲੀ ਵਾਰ ਹੈ ਕਿ ਉਨ੍ਹਾਂ ਨੇ ਕਿਹਾ ਹੈ ਕਿ ਹੈਲਥ ਸਰਵਿਸਜ਼ ਇਹੋ ਜਿਹੀਆਂ ਦੇਣੀਆਂ ਹਨ ਕਿ ਜਿਹੜੀ ਜੱਚਾ ਤੇ ਬੱਚਾ ਦੀ ਮੌਤ ਦੀ ਪ੍ਰਤੀਸ਼ਤ ਦਰ ਹੈ, ਉਸ ਨੂੰ ਘਟਾਇਆ ਜਾ ਸਕੇ । ਮੇਰੇ ਤੋਂ ਪਹਿਲਾਂ ਸਾਡੇ ਸਾਰਿਆਂ ਦੇ ਸਤਿਕਾਰਯੋਗ ਲੀਡਰ ਆਫ਼ ਦਿ ਆਪੋਜ਼ੀਸ਼ਨ ਬੋਲ ਰਹੇ ਸਨ । ਉਹ ਕੋਰਾ ਝੂਠ ਬੋਲ ਰਹੇ ਹਨ । ਪਤਾ ਨਹੀਂ, ਉਨ੍ਹਾਂ ਨੇ ਇੱਕੋ ਗੱਲ ਮਿਥੀ ਹੋਈ ਹੈ, ਜਿਵੇਂ ਅੱਗੇ ਕਰਦੇ ਆਏ ਹਨ ਕਿ ਅੱਜ ਕੇਵਲ ਤੇ ਕੇਵਲ ਝੂਠ ਹੀ ਬੋਲਣਾ ਹੈ ਅਤੇ ਉਸ ਝੂਠ ਨੂੰ ਇਸ ਤਰ੍ਹਾਂ ਬੋਲਣਾ ਹੈ, ਜਿਵੇਂ ਉਨ੍ਹਾਂ ਦੀ ਪੁਰਾਣੀ ਆਦਤ ਹੈ ਕਿ ਉਹ ਸੱਚ ਜਾਪੇ । ਆਪ ਪੜ੍ਹਦੇ ਰਹੇ ਹੋ ਕਿ ਪੰਜਾਬ ਸਰਕਾਰ ਦਾ ਕਰੋੜਾਂ ਰੁਪਿਆ ਇਨ੍ਹਾਂ ਲੋਕਾਂ ਨੇ ਇਸ਼ਤਿਹਾਰਬਾਜ਼ੀ ਤੇ ਇਲੈਕਟ੍ਰੋਨਿਕ ਮੀਡੀਏ ਵਿੱਚ ਐਡਵਰਟਾਈਜ਼ਮੈਂਟ ਕਰ ਕਰ ਕੇ ਬਰਬਾਦ ਕਰ ਦਿੱਤਾ । ਰੋਜ਼ ਇਸ਼ਤਿਹਾਰ ਦਿੰਦੇ ਸਨ ਅਤੇ ਪੰਜਾਬ ਦੀ ਮਜ਼ਬੂਤ ਆਰਥਿਕਤਾ ਦਾ ਦਾਅਵਾ ਕਰਦੇ ਸਨ ਅਤੇ ਇਨ੍ਹਾਂ ਦਾਅਵਾ ਕਰਨ ਵਾਲੇ ਲੋਕਾਂ ਨੇ ਪਿਛਲੇ ਪੰਜਾਂ ਸਾਲਾਂ ਵਿੱਚ ਜਿਥੇ ਪਹਿਲਾਂ ਸਾਲ 2002 ਵਿੱਚ 32,496 ਕਰੋੜ ਰੁਪਏ ਦਾ ਕਰਜ਼ਾ ਸੀ, ਉਥੇ ਇਹ 47,801 ਕਰੋੜ ਰੁਪਏ ਦਾ ਕਰਜ਼ਾ ਛੱਡ ਕੇ ਗਏ ਸਨ ਜੋ ਕਿ ਇਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਲਗਭਗ 15,500 ਕਰੋੜ ਰੁਪਏ ਦਾ ਕਰਜ਼ੇ ਦਾ ਵਾਧਾ ਕੀਤਾ ਹੈ । ਇਨ੍ਹਾਂ ਦੀ ਸਾਲਾਨਾ ਯੋਜਨਾ ਜਿਹੜੀ ਸੀ ਇਨ੍ਹਾਂ ਨੂੰ ਪਤਾ ਹੈ ਕਿ 4,000 ਕਰੋੜ ਰੁਪਏ ਦੀ ਸੀ

Original with;
Punjab Vidhan Sabha
Digitized by;
Panjab Digital Library

ਜਦੋਂ ਕਿ ਸਾਡੇ ਵਿੱਤ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ 5,100 ਕਰੋੜ ਰੁਪਏ ਭਾਵ 1,100 ਕਰੋੜ ਰੁਪਏ ਵੱਧ ਦੀ ਪਲਾਨ ਲੈ ਕੇ ਆਏ ਹਨ ਜਿਹੜੀ ਕਿ ਪਿਛਲੇ ਸਾਲ ਨਾਲੋਂ ਤਕਰੀਬਨ 30ਫੀ ਸਦੀ ਵੱਧ ਹੈ ਔਰ ਇਹ ਲੋਕ ਬਹੁਤ ਦਾਅਵੇ ਕਰਦੇ ਹਨ, ਕਦੇ ਬਾਦਲ ਸਾਹਿਬ ਨੂੰ ਸਿੱਖਿਆ ਦਿੰਦੇ ਹਨ ਕਿ ਕਿਸਾਨਾਂ ਦਾ ਧਿਆਨ ਰੱਖੋ, ਕਦੇ ਕਹਿੰਦੇ ਥਾਲੀਆਂ ਵਜਾਵਾਂਗੇ, ਪੀਪੇ ਖੜਕਾਵਾਂਗੇ । ਉਹੀ ਲੋਕ ਉਚੀ ਆਵਾਜ਼ ਵਿੱਚ ਗੱਲ ਕਰ ਸਕਦੇ ਹਨ ਜਾਂ ਦਾਅਵੇ ਨਾਲ ਗੱਲ ਕਰ ਸਕਦੇ ਹਨ ਜਿਨ੍ਹਾਂ ਨੇ ਪੰਜਾਬ ਦੇ ਕਿਸਾਨ ਵਾਸਤੇ, ਪੰਜਾਬ ਦੇ ਗਰੀਬਾਂ ਵਾਸਤੇ ਜਾਂ ਵੱਖ-ਵੱਖ ਖੇਤਰਾਂ ਵਿੱਚ ਕੁਝ ਕੀਤਾ ਹੋਵੇ । ਇਨ੍ਹਾਂ ਲੋਕਾਂ ਨੇ 2002 ਦੇ ਵਿੱਚ ਵੋਟਾਂ ਲਈਆਂ ਔਰ ਲੋਕਾਂ ਦੇ ਨਾਲ ਬਹੁਤ ਵਾਅਦੇ ਕੀਤੇ ਔਰ ਅੱਜ ਇਹ ਕਹਿੰਦੇ ਹਨ ਕਿ ਅਸੀਂ 44 ਆਏ ਹਾਂ, 44 ਜਿਸ ਤਰ੍ਹਾਂ ਆਏ ਹੋ ਅਤੇ ਜਿਸਦੀ ਕ੍ਰਿਪਾ ਨਾਲ ਆਏ ਹੋ, ਸਾਨੂੰ ਉਹ ਵੀ ਪਤਾ ਹੈ । 2002 ਵਿੱਚ ਕਿਸ ਤਰ੍ਹਾਂ ਵੋਟਾਂ ਲਈਆਂ ਇੱਕ । ਪੰਜ ਕਿਲੋ ਅੰਬ ਲੈ ਕੇ ਪਟਿਆਲਾ ਜੇਲ੍ਹ ਵਿੱਚ ਬੰਦ ਹੈ । ਕਦੇ ਟੀ.ਵੀ. ਚੈਨਲ ਖਰੀਦ ਲਿਆ, ਕਦੇ ਹੋਰ ਚੰਦ ਚਾੜ੍ਹ ਦਿੱਤਾ, ਇਨ੍ਹਾਂ ਨੇ ਬੜੇ ਝੂਠੇ ਵਾਅਦੇ ਕੀਤੇ ।

**ਰਾਣਾ ਗੁਰਮੀਤ ਸਿੰਘ ਸੋਢੀ :** ਮਾਨਯੋਗ ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਬੋਲ ਰਹੇ ਹਨ, ਮੈਂ ਉਨ੍ਹਾਂ ਨੂੰ ਇੰਟਰੱਪਟ ਨਹੀਂ ਕਰਨਾ ਚਾਹੁੰਦਾ ਸੀ । ਸਾਨੂੰ 1.28 ਘੰਟੇ ਟਾਈਮ ਦਿੱਤਾ ਸੀ ਇਸਦੇ ਵਿੱਚ ਇੰਟਰੱਪਸ਼ਨਜ਼ ਅਤੇ ਪੁਆਇੰਟ ਆਫ਼ ਆਰਡਰਜ਼ ਦਾ ਟਾਈਮ ਵੀ ਨਿਕਲਣਾ ਚਾਹੀਦਾ ਸੀ ਕਿਉਂਕਿ ਸਾਡੇ ਕਈ ਮੈਂਬਰ ਸਾਹਿਬਾਨ ਨੂੰ ਬੋਲਣ ਦਾ ਸਮਾਂ ਨਹੀਂ ਮਿਲਿਆ । ਇਸ ਲਈ ਸਾਨੂੰ ਸਾਡਾ ਬਣਦਾ ਟਾਈਮ ਦਿੱਤਾ ਜਾਵੇ ਜੀ ।

**ਮਾਨਯੋਗ ਸਪੀਕਰ :** ਜਿੰਨਾ ਟਾਈਮ ਤੁਹਾਡੀ ਪਾਰਟੀ ਨੂੰ ਐਲਾਟਿਡ ਸੀ, ਉਹ ਦਿੱਤਾ ਗਿਆ ਹੈ । ਮੈਂ ਅੱਜ ਵੀ ਸਵੇਰੇ ਟਾਈਮ ਦਾ ਵੇਰਵਾ ਹਾਊਸ ਵਿੱਚ ਰੱਖਿਆ ਸੀ ਅਤੇ ਕੱਲ੍ਹ ਵੀ ਰੱਖਿਆ ਸੀ, ਜਿੰਨਾ-ਜਿੰਨਾ ਟਾਈਮ ਹਰ ਪਾਰਟੀ ਦਾ ਐਲਾਟਿਡ ਸੀ, ਉਹ ਮੈਂ ਤੁਹਾਨੂੰ ਦੱਸ ਦਿੱਤਾ ਸੀ । ਤੁਹਾਡਾ ਟਾਈਮ ਸੀ 3 ਘੰਟੇ 24 ਮਿੰਟ । ਸਾਰਾ ਟਾਈਮ ਜਿੰਨਾ-ਜਿੰਨਾ ਤੁਹਾਡੇ ਮੈਂਬਰ ਬੋਲਦੇ ਗਏ ਹਨ, ਉਹ ਕੱਟਿਆ ਗਿਆ । ..........(ਵਿਘਨ) ਮੇਰੀ ਗੱਲ ਸੁਣਨ ਦੀ ਕੋਸ਼ਿਸ਼ ਕਰੋ, ਟਾਈਮ ਜਿਹੜਾ ਐਲਾਟਿਡ ਸੀ, ਉਹ ਤਕਰੀਬਨ ਖ਼ਤਮ ਹੋ ਚੁੱਕਿਆ ਹੈ। ਹੁਣ ਹੋਰ ਜੋ ਕੋਈ ਬਹੁਤ ਜ਼ਰੂਰੀ ਗੱਲ ਹੋਈ................

(ਇਸ ਸਮੇਂ ਮਾਨਯੋਗ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

ਤੁਸੀਂ ਮੇਰੀ ਗੱਲ ਅੰਡਰਸਟੈਂਡ ਕਰਨ ਦੀ ਕੋਸ਼ਿਸ਼ ਕਰੋ । ਆਪਣੇ ਨਿਯਤ ਸਮੇਂ ਦੇ ਵਿੱਚ ਹੀ ਬੋਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿੰਨਾ ਤੁਹਾਡਾ ਟਾਈਮ ਸੀ, ਉਹ ਤੁਸੀਂ ਕੰਜ਼ਿਊਮ ਕਰ ਲਿਆ ਹੈ । ਜੇ ਬਹੁਤ ਜ਼ਰੂਰੀ ਬੋਲਣ ਵਾਲੀ ਕੋਈ ਗੱਲ ਹੋਵੇਗੀ ਤਾਂ ਤੁਹਾਨੂੰ ਹੋਰ10 ਮਿੰਟ ਦਿੱਤੇ ਜਾ ਸਕਦੇ ਹਨ, ਉਹ ਟਾਈਮ ਵੀ ਇਨ੍ਹਾਂ ਦੇ ਟਾਈਮ ਵਿੱਚੋਂ ਹੀ ਦਿੱਤਾ ਜਾਣਾ ਹੈ । ਤੁਸੀਂ ਅੰਡਰਸਟੈਂਡ ਕਰਨ ਦੀ ਕੋਸ਼ਿਸ਼ ਕਰੋ । ਦੂਸਰੇ ਦਾ ਟਾਈਮ ਮੰਗਣ ਲੱਗਿਆਂ ਸੋਚਣਾ ਚਾਹੀਦਾ ਹੈ, ਇਨ੍ਹਾਂ ਦਾ ਟਾਈਮ ਕੱਟ ਕੇ ਤੁਹਾਨੂੰ ਦੇਣਾ ਪਵੇਗਾ । ਆਪਣਾ ਟਾਈਮ ਇਸਤੇਮਾਲ ਕਰਨ ਲੱਗਿਆਂ ਸੰਜਮ ਚਾਹੀਦਾ ਹੈ ।

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਕਰ ਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) ਖੜ੍ਹੇ ਹੋ ਕੇ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ।)

ਪਲੀਜ਼ ਮੈਂ ਇਸ ਦਾ ਫੈਸਲਾ ਦੇਣਾ ਹੈ, ਤੁਸੀਂ ਕਿਉਂ ਯਤਨ ਕਰਨ ਲੱਗੇ ਹੋਏ ਹੋ । ਟਾਈਮ ਦੀ ਗੱਲ ਮੈਂ ਕਰਨੀ ਹੈ, ਤੁਸੀਂ ਨਾ ਟਾਈਮ ਦੇਣਾ ਹੈ, ਤੁਸੀਂ ਤਾਂ ਬੋਲਣਾ ਹੈ । Try to listen. ਤੁਹਾਡਾ ਟਾਈਮ ਤੁਹਾਨੂੰ ਦਿੱਤਾ ਜਾਵੇਗਾ, ਤੁਹਾਡੇ ਟਾਈਮ ਦੀ ਤੁਹਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ । ਕੱਲ੍ਹ ਦਾ ਦਿਨ ਪੂਰਾ ਪਿਆ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜੋ ਟਾਈਮ ਸਾਨੂੰ ਦਿੱਤਾ ਗਿਆ ਸੀ, ਉਸਦੇ ਘੇਰੇ ਵਿੱਚ ਹੀ 1.29 ਘੰਟਾ ਮੈਂ ਬੋਲੀ ਹਾਂ ਪਰ ਇਸਦੇ ਵਿੱਚੋਂ ਜਿਹੜਾ ਇੰਟਰੱਪਸਨਜ਼ ਅਤੇ ਪੁਆਇੰਟ ਆਫ਼ ਆਰਡਰਜ਼ ਦਾ ਟਾਈਮ ਕੰਜ਼ਿਊਮ ਹੋਇਆ ਹੈ, ਉਹ ਸਾਨੂੰ ਜ਼ਰੂਰ ਮਿਲਣਾ ਚਾਹੀਦਾ ਹੈ ।

**ਮਾਨਯੋਗ ਸਪੀਕਰ :** ਮੈਂ ਬੇਨਤੀ ਕਰਦਾ ਹਾਂ ਬਤੌਰ ਚੇਅਰਮੈਨ, ਬਤੌਰ ਪ੍ਰੀਜ਼ਾਈਡਿੰਗ ਅਫ਼ਸਰ, ਹਾਊਸ ਦੇ ਸਪੀਕਰ ਵਜੋਂ ਕਿ ਜਿਹੜਾ ਟਾਈਮ ਤੁਹਾਡੇ ਪੁਆਇੰਟ ਆਫ਼ ਆਰਡਰ ਵਿੱਚ ਲੱਗਾ ਹੈ ਜਾਂ ਹੋਰ ਪਾਸੇ ਲੱਗਾ ਹੈ, ਉਹ ਟਾਈਮ ਤੁਹਾਡੀ ਪਾਰਟੀ ਦੀ ਗਿਣਤੀ ਵਿੱਚ ਸ਼ਾਮਲ ਨਹੀਂ ਹੋਵੇਗਾ । ਬਾਕੀ ਜੋ ਟਾਈਮ ਤੁਹਾਡਾ ਬਚਦਾ ਹੋਵੇਗਾ, ਉਹ ਜ਼ਰੂਰ ਦਿੱਤਾ ਜਾਵੇਗਾ । ਹੁਣ ਆਪਾਂ ਟਾਈਮ ਵੇਸਟ ਨਾ ਕਰੀਏ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਧੰਨਵਾਦ ਜੀ, ਪਰ ਨਾਲ ਹੀ ਮੇਰੀ ਬੇਨਤੀ ਹੈ ਕਿ ਇਸ ਸਰਕਾਰ ਦਾ ਇਹ ਪਹਿਲਾ ਬਜਟ ਸੈਸ਼ਨ ਹੈ । ਅਕਾਲੀ ਦਲ ਦਾ ਵੀ ਟਾਈਮ ਘੱਟ ਹੈ । ਸਾਡੀ ਪਾਰਟੀ ਦਾ ਵੀ ਘੱਟ ਹੈ ਔਰ ਕਈ ਬੁਲਾਰਿਆਂ ਨੇ ਪਹਿਲੀ ਵਾਰ ਬੋਲਣਾ ਹੈ । ਇਸ ਲਈ ਇਨ੍ਹਾਂ ਨੂੰ ਜ਼ਰੂਰ ਮੌਕਾ ਦੇਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ :** ਥੋੜ੍ਹਾ ਟਾਈਮ ਦੇ ਸਕਦੇ ਹਾਂ, ਉਹ ਵੀ ਟਰੇਜ਼ਰੀ ਬੈਂਚਿਜ਼ ਦਾ ਟਾਈਮ ਕੱਟ ਕਰਕੇ । ਇਨ੍ਹਾਂ ਦਾ ਟਾਈਮ ਇਸਤੇਮਾਲ ਹੋਵੇਗਾ । ਇਨ੍ਹਾਂ ਦਾ ਟਾਈਮ ਕੁਝ ਤੁਹਾਨੂੰ ਦੇ ਦਿਆਂਗੇ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਜਿਹੜੇ ਪਹਿਲੀ ਵਾਰ ਆਏ ਹਨ, ਉਹ ਬੋਲਣਾ ਚਾਹੁੰਦੇ ਹਨ ।

**ਮਾਨਯੋਗ ਸਪੀਕਰ :** ਜਿਨ੍ਹਾਂ ਨੂੰ ਜ਼ਰੂਰੀ ਸਮਝਾਂਗੇ, ਉਨ੍ਹਾਂ ਨੂੰ ਜ਼ਰੂਰ ਟਾਈਮ ਦੇਵਾਂਗੇ ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਬੀਬੀ ਜੀ ਹਰ ਵਾਰੀ ਸੈਸ਼ਨ ਵਿੱਚ ਗੱਲ ਕਰਦੇ ਹਨ ਕਿ ਅਸੀਂ 44 ਹਾਂ । ਜੇ ਪਿਛਲੀ ਸਰਕਾਰ ਦੀ ਗੱਲ ਕਰੀਏ ਕਿ ਜਿਸ ਤਰੀਕੇ ਨਾਲ ਇਨ੍ਹਾਂ ਨੇ ਲੋਕਤੰਤਰ ਦਾ ਮਜ਼ਾਕ ਕੀਤਾ, ਲੋਕਾਂ ਨੂੰ ਡਾਂਗਾਂ ਨਾਲ ਮਾਰਿਆ, ਲੋਕਾਂ ਨੇ ਇਨ੍ਹਾਂ ਦੀ ਫੱਟੀ ਪੋਚ ਦਿੱਤੀ ।

| * 5.22 ਵਜੇ ਸ਼ਾਮ | (ਇਸ *ਸਮੇਂ ਸ਼੍ਰੀ ਸੁਰਜੀਤ ਕੁਮਾਰ ਜਿਆਣੀ, ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।) |
|---|---|

ਇਨ੍ਹਾਂ ਦੀ 2002 ਵਿੱਚ ਸਰਕਾਰ ਬਣੀ । ਸਭ ਤੋਂ ਪਹਿਲਾਂ ਪ੍ਰਚਾਰ ਕੀਤਾ ਕਿ ਬਾਦਲ ਸਾਹਿਬ ਨੇ ਪੰਜਾਬ ਦੀਆਂ ਜੋ ਪੈਨਸ਼ਨਾਂ ਲਗਾਈਆਂ ਹਨ, ਉਸ ਦੀ ਇਨਕੁਆਰੀ ਕਰਵਾਵਾਂਗੇ । ਇਸ ਤੋਂ ਇਲਾਵਾ ਪੈਨਸ਼ਨ 200/- ਰੁਪਏ ਤੋਂ 600/- ਰੁਪਏ ਕਰਾਂਗੇ ਪਰ ਇਨ੍ਹਾਂ ਨੇ ਦੋ ਸਾਲ ਪੈਨਸ਼ਨਾਂ ਹੀ ਬੰਦ ਕਰ ਦਿੱਤੀਆਂ । ਫਿਰ ਇਨ੍ਹਾਂ ਨੇ ਕੀ ਕੀਤਾ। ਫਿਰ ਇਨ੍ਹਾਂ ਨੇ ਕੀਤਾ ਕਿ ਬਾਦਲ ਸਾਹਿਬ ਨੇ ਜੋ ਸ਼ਗਨ ਸਕੀਮ ਸ਼ੁਰੂ ਕੀਤੀ ਸੀ, ਉਹ ਬੰਦ ਕਰ ਦਿੱਤੀ । ਸਪੀਕਰ ਸਾਹਿਬ, ਇਸ ਸਦਨ ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਨੇ ਕਿਹਾ ਸੀ ਕਿ ਸ਼ਗਨ ਸਰਕਾਰਾਂ ਨਹੀਂ ਦਿੰਦੀਆਂ । ਇਨ੍ਹਾਂ ਨੇ ਗਰੀਬਾਂ ਨਾਲ ਮਜ਼ਾਕ ਕੀਤਾ ਤੇ ਉਹ ਸ਼ਗਨ ਸਕੀਮ ਬੰਦ ਕਰ ਦਿੱਤੀ ਜੋ ਬੱਚੀਆਂ ਦੇ ਵਿਆਹਾਂ ਤੇ ਸ਼ਗਨ ਦਿੰਦੇ ਸੀ । ਪਹਿਲਾਂ ਇਹ ਕਹਿੰਦੇ ਸੀ ਕਿ ਅਸੀਂ ਸ਼ਗਨ 5100/- ਰੁਪਏ ਤੋਂ 11000/- ਰੁਪਏ ਕਰਾਂਗੇ । ਇਨ੍ਹਾਂ ਨੇ ਸਰਕਾਰ ਬਣਦੇ ਹੀ ਇਹ ਸਕੀਮ ਬੰਦ ਕਰ ਦਿੱਤੀ । ਇਨ੍ਹਾਂ ਨੇ ਫਿਰ ਹੋਰ ਚੰਨ ਚਾੜ੍ਹੇ । ਸਭ ਤੋਂ ਵੱਡਾ ਧੱਕਾ ਬਾਰਡਰ ਦੇ ਲੋਕਾਂ ਨਾਲ ਕੀਤਾ । ਜਿਹੜੇ ਲੋਕ ਪਾਕਿਸਤਾਨ ਦੇ ਬਾਰਡਰ ਤੇ ਵਸਦੇ ਹਨ, ਉਨ੍ਹਾਂ ਨੂੰ ਬਾਦਲ ਸਾਹਿਬ ਦੀ ਸਰਕਾਰ ਸਮੇਂ 2500/- ਰੁਪਏ ਪਰ ਏਕੜ ਮੁਆਵਜ਼ੇ ਦੇ ਤੌਰ ਤੇ ਮਿਲਣਾ ਸ਼ੁਰੂ ਹੋਇਆ ਹੈ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਬਣਦੇ ਸਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਹੀ ਇਹ 2500/- ਰੁਪਏ ਪਰ ਏਕੜ ਬੰਦ ਕਰ ਦਿੱਤਾ । ਮੈਂ ਧੰਨਵਾਦੀ ਹਾਂ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦਾ ਜਿਨ੍ਹਾਂ ਨੇ ਮੁੜ ਤੋਂ ਇਹ ਮੁਆਵਜ਼ਾ ਸ਼ੁਰੂ ਕਰਨ ਲਈ ਭਾਰਤ ਸਰਕਾਰ ਕੋਲ ਮਸਲਾ ਉਠਾਇਆ ਹੈ ਔਰ ਪ੍ਰਧਾਨ ਮੰਤਰੀ, ਸਰਦਾਰ ਮਨਮੋਹਨ ਸਿੰਘ ਜੀ ਤੋਂ ਮੰਗ ਕੀਤੀ ਹੈ ਕਿ ਇਹ 2500/- ਰੁਪਏ ਜੋ ਬੰਦ ਕੀਤਾ ਗਿਆ ਹੈ, ਇਹ ਚਾਲੂ ਕੀਤਾ ਜਾਵੇ ਤੇ ਵਧਾ ਕੇ 5000/- ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ । ਆਸ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੇ ਯਤਨਾਂ ਸਦਕਾ ਕਿਸਾਨਾਂ ਦੀ ਆਸ ਪੂਰੀ ਹੋਵੇਗੀ ਤੇ ਕਿਸਾਨ ਸੁਰਜੀਤ ਹੋਣਗੇ । ਮੈਨੂੰ ਹੈਰਾਨੀ ਹੈ, ਚੇਅਰਮੈਨ ਸਾਹਿਬ, ਕਿ ਬੀਬੀ ਜੀ ਜਦੋਂ ਉਠਦੇ ਹਨ ਉਦੋਂ ਹੀ ਇਹ ਧਮਕੀ ਦਿੰਦੇ ਹਨ । ਕਦੀ ਕਹਿੰਦੇ ਹਨ ਕਿ ਥਾਲੀਆਂ ਖੜਕਾਵਾਂਗੇ, ਕਦੀ ਕਹਿੰਦੇ ਹਨ ਕਿ ਪੀਪੇ ਖੜਕਾਵਾਂਗੇ । ਮੈਂ ਇਥੇ ਪੁਆਇੰਟ ਆਫ਼ ਆਰਡਰ ਵਿੱਚ ਵੀ ਗੱਲ ਕੀਤੀ ਸੀ ਕਿ ਬੀਬੀ ਜੀ, ਝੂਠ ਨਾ ਬੋਲੋ । ਤੁਸੀਂ ਦਗਾ ਕੀਤਾ ਉਨ੍ਹਾਂ ਗਰੀਬਾਂ ਨਾਲ ਜਿਨ੍ਹਾਂ ਦੇ ਤੁਸੀਂ ਝੂਠ ਦੇ ਮਖੌਟੇ ਪਾ ਕੇ ਹਿਤੈਸ਼ੀ ਬਣੀ ਫਿਰਦੇ ਹੋ । ਉਨ੍ਹਾਂ ਦਾ ਤੁਸੀਂ ਮਜ਼ਾਕ ਉਡਾਇਆ । ਤੁਸੀਂ ਕਿਹਾ ਕਿ ਸ਼ਗਨ 5100/- ਰੁਪਏ ਤੋਂ ਵਧਾ ਕੇ 11000/- ਰੁਪਏ ਦੇਵਾਂਗੇ ਪਰ 11/- ਰੁਪਏ ਤਲੀ ਤੇ ਨਹੀਂ ਰੱਖੇ । ਲੱਖਾਂ ਗਰੀਬ ਸੋਸ਼ਲ ਵੈਲਫੇਅਰ ਅਫ਼ਸਰ ਦੇ ਦਫਤਰ ਜਾਂਦੇ ਹਨ ਪਰ ਜਵਾਬ ਮਿਲਦਾ ਹੈ ਕਿ ਕੋਈ ਪੈਸਾ ਨਹੀਂ ਆਇਆ । 2003 ਦੀਆਂ ਫਾਈਲਾਂ ਜਮ੍ਹਾਂ ਪਈਆਂ ਹਨ, 2004, 2005, 2006 ਦੀਆਂ ਫਾਈਲਾਂ ਜਮ੍ਹਾਂ ਪਈਆਂ ਹਨ ਪਰ ਗਰੀਬਾਂ ਨੂੰ ਸ਼ਗਨ ਨਹੀਂ ਦਿੱਤਾ ਗਿਆ । ਇਨ੍ਹਾਂ ਨੇ ਹੋਰ ਚੰਦ ਚਾੜ੍ਹਿਆ । ਇਨ੍ਹਾਂ ਨੇ ਚੈੱਕ ਦਿੱਤੇ ਤੇ ਪੈਸੇ ਖਜ਼ਾਨੇ ਵਿੱਚ ਭੇਜੇ ਨਹੀਂ । ਗਰੀਬ ਚੈੱਕ ਚੁੱਕੀ ਫਿਰਦੇ ਹਨ ਕਿ ਸਾਡੇ ਚੈੱਕ ਪਾਸ ਕਰਵਾ ਦਿਓ । ਇਨ੍ਹਾਂ ਨੇ ਕਈ ਚੰਨ ਚਾੜ੍ਹੇ ਹਨ । ਗਰੀਬਾਂ ਨਾਲ ਧੋਖਾ ਕੀਤਾ ਹੈ, ਕਿਸੇ ਨੂੰ ਪੈਨਸ਼ਨ ਨਹੀਂ ਦਿੱਤੀ । ਕਿਸੇ ਨੂੰ ਸ਼ਗਨ ਨਹੀਂ ਦਿੱਤਾ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਵਾਅਦਾ ਕੀਤਾ ਸੀ ਕਿ ਆਟਾ-ਦਾਲ ਗਰੀਬਾਂ ਨੂੰ ਦੇਵਾਂਗੇ। ਬੀਬੀ ਜੀ ਨੇ ਕਹਿ ਦਿੱਤਾ ਕਿ 60,000/- ਰੁਪਏ ਲਿਮਿਟ ਕਰ ਲਓ, ਕਦੇ ਕਿਹਾ ਕਿ 45,000/- ਰੁਪਏ ਕਰ ਲਓ । ਤੁਸੀਂ ਤਾਂ ਉਨ੍ਹਾਂ ਲੋਕਾਂ ਦੀ ਕਦੇ ਹਾਲਤ ਨਹੀਂ ਪੁੱਛੀ, ਜਿਨ੍ਹਾਂ ਵਿਚਾਰਿਆਂ ਦੀ ਪਤਾ ਨਹੀਂ 10,000/- ਰੁਪਏ ਸਾਲਾਨਾ ਆਮਦਨ ਵੀ ਹੈ ਕਿ ਨਹੀਂ। ਅਸੀਂ ਉਨ੍ਹਾਂ ਲੋਕਾਂ ਦੀ ਸਾਰ ਲਈ, ਜਿਨ੍ਹਾਂ ਦੀ ਆਮਦਨ 30,000/- ਰੁਪਏ ਸਾਲਾਨਾ ਹੈ । 13,26,000/- ਲੋਕਾਂ ਨੂੰ ਹਰ ਮਹੀਨੇ ਚਾਰ ਰੁਪਏ ਕਿਲੋ ਆਟਾ ਅਤੇ 20/- ਰੁਪਏ ਕਿੱਲੋ ਦਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਦਿਆ ਕਰੇਗੀ । (ਥੰਪਿੰਗ)

Original with;
Punjab Vidhan Sabha
Digitized by;
Panjab Digital Library

ਮੈਂ ਧੰਨਵਾਦੀ ਹਾਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦਾ ਜਿਨ੍ਹਾਂ ਨੇ ਸਰਹੱਦੀ ਖੇਤਰ ਦੇ ਵਿਕਾਸ ਵਾਸਤੇ, ਚਾਹੇ ਉਹ ਫੰਡ ਜਿਹੜੇ ਹਨ, ਭਾਰਤ ਸਰਕਾਰ ਨੇ ਦਿੱਤੇ ਹਨ, ਸਰਦਾਰ ਮਨਮੋਹਨ ਸਿੰਘ ਜੀ ਨੇ ਦਿੱਤੇ ਹਨ, ਉਨ੍ਹਾਂ ਦੀ ਸਰਕਾਰ ਨੇ ਦਿੱਤੇ ਹਨ ਪਰ ਇਸ ਲਈ ਯਤਨ ਕਿਨ੍ਹਾਂ ਨੇ ਕੀਤੇ ਹਨ, ਸੁਹਿਰਦਤਾ ਕਿਨ੍ਹਾਂ ਨੇ ਦਿਖਾਈ ਹੈ । ਪਹਿਲੀ ਵਾਰੀ ਬੀ.ਏ.ਡੀ.ਪੀ. (Border Area Development Programme) ਦੇ ਤਹਿਤ 137 ਕਰੋੜ ਰੁਪਏ ਸਰਦਾਰ ਪ੍ਰਕਾਸ਼ ਸਿੰਘ ਬਾਦਲ 18 ਬਲਾਕਾਂ ਵਾਸਤੇ ਲੈ ਕੇ ਆਏ ਹਨ । ਇਹ ਤਾਂ ਕਦੇ 37 ਕਰੋੜ ਰੁਪਏ ਵੀ ਨਹੀਂ ਲੈ ਕੇ ਆਏ ਹੋਣੇ ।

**ਸਰਦਾਰ ਰਣਦੀਪ ਸਿੰਘ ਨਾਭਾ** : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਵਲਟੋਹਾ ਸਾਹਿਬ ਤੋਂ ਮੁਆਫੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵਿੱਚ ਟੋਕਿਆ ਹੈ । ਇੱਕ ਪਾਸੇ ਤਾਂ ਇਹ ਸਾਡੀ ਪਾਰਟੀ ਦੀ ਤਾਰੀਫ ਕਰ ਰਹੇ ਹਨ ਕਿ ਡਾਕਟਰ ਮਨਮੋਹਨ ਸਿੰਘ ਨੇ ਸਾਨੂੰ ਪੈਸੇ ਦਿੱਤੇ ਹਨ ਪਰ ਦੂਜੇ ਪਾਸੇ ਨਿੰਦਾ ਕਰ ਰਹੇ ਹਨ । ਮੈਨੂੰ ਸਮਝ ਨਹੀਂ ਆਉਂਦੀ ਕਿ ਤੁਸੀਂ ਕੀ ਕਹਿ ਰਹੇ ਹੋ । ਥੋੜ੍ਹੀ ਗੌਰ ਰੱਖੋ । ਜੋ ਕਾਂਗਰਸ ਨੇ ਚੰਗੇ ਕੰਮ ਕੀਤੇ ਹਨ, ਉਸ ਦੀ ਸ਼ਲਾਘਾ ਵੀ ਕਰੋ ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਮੈਂ ਦੱਸਦਾ ਹਾਂ । ਚੇਅਰਮੈਨ ਸਾਹਿਬ, ਜੋ ਸਾਡੇ ਟੈਕਸ ਗਏ ਹਨ, ਅਸੀਂ ਉਹੀ ਵਾਪਸ ਲਏ ਹਨ, ਉਨ੍ਹਾਂ ਦੀ ਹਮਦਰਦੀ ਨਹੀਂ ਲਈ । ਅਸੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਯਤਨਾਂ ਦਾ ਧੰਨਵਾਦ ਕਰਦੇ ਹਾਂ ਔਰ ਇਹ ਗੱਲ ਦੱਸਣੀ ਚਾਹੁੰਦੇ ਹਾਂ ਕਿ ਆਹ ਜਿੰਨੇ ਬੈਠੇ ਹਨ, ਜੇ ਇਨ੍ਹਾਂ ਦਾ ਵੱਸ ਚੱਲੇ ਤਾਂ ਇਹ ਇਹੋ ਜਿਹਾ ਚੰਦ ਚਾੜ੍ਹਨ ਕਿ ਪੰਜਾਬ ਵਿੱਚ ਚਵਾਨੀ ਵੀ ਨਾ ਆਉਣ ਦੇਣ ।

**ਸਰਦਾਰ ਮੱਖਣ ਸਿੰਘ** : ** **

**Mr. Chairman** : This is no Point of Order.

**ਸਰਦਾਰ ਵਿਰਸਾ ਸਿੰਘ ਵਲਟੋਹਾ** : ਚੇਅਰਮੈਨ ਸਾਹਿਬ, ਮੈਂ ਇੱਕ ਗੱਲ ਜਾਣਦਾ ਹਾਂ ਕਿ ਜਦੋਂ ਸਵਾਲ ਕਰਨਾ ਹੋਵੇ......(ਵਿਘਨ)

**ਸ਼੍ਰੀ ਸਭਾਪਤੀ** : ਤੁਹਾਡੀ ਗੱਲ ਹੋ ਗਈ ਹੈ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਜਦੋਂ ਇਹੋ ਜਿਹਾ ਸਵਾਲ ਕਰਨਾ ਹੋਵੇ ਤਾਂ ਸਰਦਾਰ ਮੱਖਣ ਸਿੰਘ ਜੀ 10-10 ਸਪਲੀਮੈਂਟਰੀਜ਼ ਕਰਦੇ ਹਨ ਪਰ ਜਦੋਂ ਬੀ.ਏ.ਡੀ.ਪੀ. ਦਾ ਸਵਾਲ ਕਰਨਾ ਹੋਵੇ ਤਾਂ ਫਿਰ ਉਠ ਕੇ ਬਾਹਰ ਚਲੇ ਜਾਂਦੇ ਹਨ ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਮੱਖਣ ਸਿੰਘ :** ਚੇਅਰਮੈਨ ਸਾਹਿਬ.....(ਵਿਘਨ) ** **

**Mr. Chairman :** This is no Point of Order.

**ਸਰਦਾਰ ਵਿਰਸਾ ਸਿੰਘ ਵਲਟੋਹਾ :** 32 ਕਰੋੜ ਰੁਪਿਆ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਬਜਟ ਵਿੱਚ ਸਰਹੱਦੀ ਖੇਤਰ ਦੇ ਲੋਕਾਂ ਲਈ ਰੱਖਿਆ ਹੈ। ਇਨ੍ਹਾਂ ਨੇ ਉਥੋਂ ਦੇ ਲੋਕਾਂ ਦੀ ਹਾਲਤ ਵੇਖੀ ਹੈ, ਉਥੋਂ ਦੇ ਲੋਕਾਂ ਵਿੱਚ ਬਹਿ ਕੇ ਵੇਖਿਆ ਹੈ ਕਿ ਉਨ੍ਹਾਂ ਲੋਕਾਂ ਦੀ ਹਾਲਤ ਕੀ ਹੈ। ਤੁਸੀਂ ਵੀ, ਚੇਅਰਮੈਨ ਸਾਹਿਬ, ਬਾਰਡਰ ਦੇ ਏਰੀਏ ਨਾਲ ਸਬੰਧਤ ਹੋ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਲੋਕਾਂ ਦੀ ਜੂਨ ਸੁਧਾਰੀਏ। ਅਸੀਂ ਉਨ੍ਹਾਂ ਲੋਕਾਂ ਦਾ ਵਿਕਾਸ ਕਰਨਾ ਹੈ ਅਤੇ ਉਨ੍ਹਾਂ ਨੂੰ ਮਹਿਸੂਸ ਕਰਵਾਉਣਾ ਹੈ ਕਿ ਤੁਸੀਂ ਵੀ ਹਿੰਦੁਸਤਾਨ ਦੇ, ਪੰਜਾਬ ਦੇ ਨਾਗਰਿਕ ਹੋ। ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਵਾਸਤੇ ਹੋਰ ਵੀ ਫੰਡ ਦਿਓ ਤਾਂ ਕਿ ਉਥੇ ਵਿਕਾਸ ਹੋਵੇ। ਉਨ੍ਹਾਂ ਵਾਸਤੇ ਹੋਰ ਵੀ ਯਤਨ ਕਰੋ। ਅੱਜ ਸਰਹੱਦੀ ਖੇਤਰ ਵੱਲ ਧਿਆਨ ਦੇਣ ਦੀ ਲੋੜ ਹੈ। ਮੈਂ, ਚੇਅਰਮੈਨ ਸਾਹਿਬ, ਕੁਐਸਚਨ ਕਰਕੇ ਮੰਗ ਕੀਤੀ ਸੀ ਕਿ ਸਰਹੱਦੀ ਖੇਤਰ ਦੇ ਨੌਜਵਾਨਾਂ ਵਾਲੇ ਪਾਸੇ ਧਿਆਨ ਦੇਣ ਦੀ ਲੋੜ ਹੈ। ਜੋ ਪੰਜਾਬ ਦੇ ਅੰਦਰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ, ਉਸ ਦੇ ਵਿੱਚ ਸਰਹੱਦ ਤੇ ਬੈਠੇ ਨੌਜਵਾਨ ਦੇਖਦੇ ਹਨ ਕਿ ਸਾਡੇ ਵੱਲ ਕੋਈ ਦੇਖਦਾ ਹੈ ਕਿ ਨਹੀਂ, ਉਹ ਕਹਿੰਦੇ ਹਨ ਕਿ ਸਾਨੂੰ ਰਿਜ਼ਰਵੇਸ਼ਨ ਦਿੱਤੀ ਜਾਵੇ। ਉਹ ਲੋਕ ਰਿਜ਼ਰਵੇਸ਼ਨ ਦੇ ਹੱਕਦਾਰ ਹਨ ਕਿਉਂਕਿ ਉੱਥੇ ਕੋਈ ਸਹੂਲਤ ਨਹੀਂ ਹੈ। ਉਥੇ ਸਿੱਖਿਆ ਪ੍ਰਣਾਲੀ ਦਾ ਸਿਸਟਮ ਨਹੀਂ ਹੈ। ਮੈਂ ਧੰਨਵਾਦੀ ਹਾਂ ਸਰਦਾਰ ਪ੍ਰਕਾਸ਼ ਬਾਦਲ ਜੀ ਦਾ, ਜਿਨ੍ਹਾਂ ਨੇ ਸਦਨ ਵਿੱਚ ਵਿਸ਼ਵਾਸ ਦਿਵਾਇਆ ਕਿ ਅਸੀਂ ਕਾਨੂੰਨੀ ਪੱਖ ਵਿਚਾਰ ਕੇ ਉਨ੍ਹਾਂ ਸਰਹੱਦੀ ਲੋਕਾਂ ਵਾਸਤੇ, ਜਿਹੜੇ ਸਰਹੱਦ ਦੇ ਨੌਜਵਾਨ ਹਨ, ਉਨ੍ਹਾਂ ਨੂੰ ਰਿਜਰਵੇਸ਼ਨ ਦੇਵਾਂਗੇ। ਮੈਂ ਸਰਦਾਰ ਪ੍ਰਕਾਸ ਸਿੰਘ ਬਾਦਲ ਜੀ ਦਾ ਇਸ ਗੱਲ ਲਈ ਵੀ ਧੰਨਵਾਦੀ ਹਾਂ, ਗਵਰਨਰ ਭਾਸਣ ਵਲੋਂ ਵੀ ਗੱਲ ਹੋਈ ਸੀ.... ਇਨ੍ਹਾਂ ਕੁਝ ਨਹੀਂ ਕੀਤਾ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਹੁਕਮ ਕੀਤੇ ਹਨ ਕਿ ਤਾਰਾਂ ਤੋਂ ਪਰਲੇ ਕਿਸਾਨ ਨੂੰ ਮੰਗਣ ਤੇ ਤੁਰੰਤ ਕੁਨੈਕਸ਼ਨ ਜਾਰੀ ਕੀਤੇ ਜਾਣਗੇ । ਆ ਕੇ ਮੰਗਣ, ਐਪਲੀਕੇਸ਼ਨ ਦੇਣ ਤੇ ਉਨ੍ਹਾਂ ਨੂੰ ਕੁਨੈਕਸ਼ਨ ਜਾਰੀ ਕੀਤੇ ਜਾਣ ਅਤੇ ਪੰਜਾਬ ਦੀਆਂ ਸਮੁੱਚੀਆਂ ਗ੍ਰਾਮ ਪੰਚਾਇਤਾਂ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬਿਜਲੀ ਬੋਰਡ ਨੂੰ ਹਦਾਇਤਾਂ ਕੀਤੀਆਂ ਹਨ ਕਿ ਜਿਥੇ-ਜਿਥੇ ਪੰਚਾਇਤਾਂ ਦੀ ਜ਼ਮੀਨ ਹੈ ਉਥੇ ਟਿਊਬਵੈੱਲ ਨਹੀਂ ਹਨ, ਅੱਜ ਜ਼ਮੀਨ ਦੀ ਵੁੱਕਤ ਹੈ, ਜੋ ਮੁੱਲ ਹੈ, ਜੋ ਉਪਜ ਵਧ ਸਕਦੀ ਹੈ, ਕੀਮਤ ਵਧ ਸਕਦੀ ਹੈ ਤਾਂ ਉਥੇ ਟਿਊਬਵੈੱਲ

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੋਣੇ ਜ਼ਰੂਰੀ ਹਨ । ਪੰਚਾਇਤੀ ਜ਼ਮੀਨ ਵਿੱਚ ਟਿਊਬਵੈੱਲ ਨਹੀਂ ਹਨ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹੁਕਮ ਕੀਤੇ ਹਨ ਕਿ ਜਿੱਥੇ ਵੀ ਗ੍ਰਾਮ ਪੰਚਾਇਤਾਂ ਟਿਊਬਵੈੱਲ ਮੰਗਦੀਆਂ ਹਨ, ਕੁਨੈਕਸ਼ਨ ਮੰਗਦੀਆਂ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਦਿੱਤੇ ਜਾਣ । ਮੈਂ ਐਫ. ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿ ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਪੰਜਾਬ ਦੀ ਜਵਾਨੀ ਨੂੰ ਬਚਾਉਣਾ ਚਾਹੀਦਾ ਹੈ । ਪੰਜਾਬ ਦੀ ਜਵਾਨੀ ਬਚ ਕਿਵੇਂ ਸਕਦੀ ਹੈ । ਇਹ ਚੰਗੇ ਪਾਸੇ ਲੱਗ ਕੇ ਬਚ ਸਕਦੀ ਹੈ । ਚੰਗੇ ਪਾਸੇ ਲੱਗ ਕਿਵੇਂ ਸਕਦੀ ਹੈ ਜੇ ਉਨ੍ਹਾਂ ਨੂੰ ਰੁਜ਼ਗਾਰ ਦੇਈਏ ਜਾਂ ਉਨ੍ਹਾਂ ਨੂੰ ਖੇਡਾਂ ਵਾਲੇ ਪਾਸੇ ਲਾਈਏ । ਜਦੋਂ ਟੀਨ ਏਜਰ ਹੁੰਦੇ ਹਨ ਜੇ ਉਨ੍ਹਾਂ ਨੂੰ ਕੋਈ ਮਾਹੌਲ ਵਧੀਆ ਮਿਲ ਜਾਵੇ ਤਾਂ ਉਨ੍ਹਾਂ ਦੀ ਸੋਚ ਚੰਗੀ ਬਣ ਜਾਵੇਗੀ । ਅੱਜ ਸਟੇਡੀਅਮਾਂ ਦੀ ਲੋੜ ਹੈ । ਵਧੀਆ ਸਟੇਡੀਅਮ ਹੋਣ । ਇਹੋ ਜਿਹੇ ਨਾ ਹੋਣ ਜਿਵੇਂ ਪਹਿਲੀ ਸਰਕਾਰ ਨੇ ਬਣਾਏ ਸਨ । ਸਾਡੇ ਚੇਅਰਮੈਨ ਸਾਹਿਬ, ਇੱਕ ਸਟੇਡੀਅਮ ਹੈ, ਮੈਂ ਉਸ ਪਿੰਡ ਵਿੱਚ ਪੁੱਛਿਆ ਕਿ ਇੱਥੇ ਕੋਈ ਖੇਡਿਆ ਵੀ ਹੈ ਤਾਂ ਉਹ ਕਹਿੰਦੇ ਕਿ ਇੱਥੋਂ ਦੀ ਅਸੀਂ ਲੰਘਦੇ ਹਾਂ ਅੱਜ ਤੱਕ ਤਾਂ ਕੋਈ ਖੇਡਦਾ ਦੇਖਿਆ ਨਹੀਂ । ਫੇਰ ਇੰਨਾ ਪੈਸਾ ਲਾਇਆ ਕਿਸ ਕੰਮ ? ਫੇਰ ਉਹ ਕਹਿੰਦੇ ਕਿ ਇਹ ਕੰਮ ਆਉਂਦਾ ਹੈ ਨੇੜੇ ਹੱਡਾ ਰੋੜੀ ਹੈ ਜਦੋਂ ਹੱਡ ਚੁੱਕਦੇ ਹਨ ਤਾਂ ਪੌੜੀਆਂ ਤੇ ਬਹਿ ਕੇ ਅਰਾਮ ਕਰ ਲੈਂਦੇ ਹਨ । ਇਹੋ ਜਿਹੇ ਸਟੇਡੀਅਮ ਨਹੀਂ ਬਣਨੇ ਚਾਹੀਦੇ । ਵਧੀਆ ਹੋਣ ਜਿਥੇ ਸਾਡੇ ਬੱਚੇ ਖੇਡਣ, ਤੰਦਰੁਸਤ ਬਣਨ ਤੇ ਚੰਗਾ ਸਮਾਜ ਸਿਰਜਣ । ਐਫ.ਐਮ. ਸਾਹਿਬ ਨੂੰ ਮੇਰੀ ਇਹ ਵੀ ਗੁਜ਼ਾਰਿਸ਼ ਹੈ ਕਿ ਨੌਜਵਾਨਾਂ ਵਾਸਤੇ ਸਟੇਡੀਅਮਾਂ ਦੀ ਜ਼ਰੂਰਤ ਹੈ ਅਤੇ ਉਨ੍ਹਾਂ ਲਈ ਖੇਡਾਂ ਦੇ ਸਾਜ਼ੋ ਸਮਾਨ ਲਈ ਅਤੇ ਕਲੱਬਾਂ ਵਾਸਤੇ ਗਰਾਂਟਾਂ ਵੀ ਦਿਤੀਆਂ ਜਾਣ । ਅੱਜ ਸਮਾਜ ਦੇ ਅੰਦਰ, ਸਮੁੱਚੇ ਪੰਜਾਬ ਦੇ ਅੰਦਰ ਖਾਸ ਕਰਕੇ ਸਰਹੱਦੀ ਖੇਤਰ ਦੇ ਅੰਦਰ ਨਸ਼ਾਖੋਰੀ ਬਹੁਤ ਵਧ ਗਈ ਹੈ । ਇੱਥੋਂ ਤੱਕ ਵਧ ਗਈ ਹੈ ਕਿ ਚੰਗੇ-ਚੰਗੇ ਘਰਾਂ ਦੇ ਬੱਚੇ ਚੋਰੀਆਂ ਕਰਨ ਲੱਗ ਪਏ ਹਨ । ਉਹ ਮੇਰੇ ਕੋਲ ਆਉਂਦੇ ਹਨ ਕਿ ਤੁਸੀਂ ਕੀ ਕਰ ਰਹੇ ਹੋ । ਮੈਂ ਕਹਿੰਦਾ ਹਾਂ ਕਿ ਜਿਹੜੇ ਪਿਛਲੀ ਸਰਕਾਰ ਨੇ ਚੰਨ ਚਾੜ੍ਹੇ ਹਨ

| *5.33 ਵਜੇ ਸ਼ਾਮ |
|---|

(ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਉਸ ਵਾਸਤੇ ਅਸੀਂ ਥੋੜ੍ਹੀ-ਥੋੜ੍ਹੀ ਕੋਸ਼ਿਸ਼ ਕਰ ਰਹੇ ਹਾਂ ਕਿ ਠੀਕ ਹੋ ਜਾਵੇ । ਅਸੀਂ ਇਸ ਕੋਸ਼ਿਸ਼ ਵਿੱਚ ਲੱਗ ਗਏ ਹਾਂ । ਰੋਕ ਲਾਈ ਗਈ ਹੈ ਮੈਡੀਕਲ ਸਟੋਰਾਂ ਨੂੰ ਸਖਤ ਹਦਾਇਤ ਕੀਤੀ ਹੈ ਕਿ ਜਿਹੜੇ ਬੁਰੇ ਕੰਮ ਕਰਦੇ ਹਨ, ਉਨ੍ਹਾਂ ਖਿਲਾਫ਼ ਪਰਚਾ ਦਰਜ ਕੀਤਾ ਜਾਵੇਗਾ । ਕਿਸੇ ਵੀ ਅਜਿਹਾ ਕੰਮ ਕਰਨ ਵਾਲੇ ਨਾਲ ਹਮਾਇਤ ਨਹੀਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਹੋਵੇਗੀ । ਮੇਰੀ ਪੰਜਾਬ ਸਰਕਾਰ ਅੱਗੇ ਇੱਕ ਇਹ ਗੁਜ਼ਾਰਿਸ਼ ਹੈ ਕਿ ਨਸ਼ਾਖੋਰੀ ਜੇ ਰੋਕਣੀ ਹੈ ਤਾਂ ਜਿਹੜੇ ਨਸ਼ਾਖੋਰੀ ਦੇ ਸ਼ਿਕਾਰ ਹਨ ਉਨ੍ਹਾਂ ਨੂੰ ਬਚਾਉਣ ਦੀ ਲੋੜ ਹੈ । ਇਥੇ ਸਿਹਤ ਕੇਂਦਰ ਖੋਲ੍ਹਣੇ ਚਾਹੀਦੇ ਹਨ । ਨਸ਼ਾਖੋਰੀ ਰੋਕਣ ਵਾਸਤੇ ਵੱਧ ਤੋਂ ਵੱਧ ਫੰਡ ਮੁਹੱਈਆ ਕਰਵਾਏ ਜਾਣ ਅਤੇ ਵੱਧ ਤੋਂ ਵੱਧ ਸੈਂਟਰ ਖੋਲ੍ਹੇ ਜਾਣ । ਡਿਪਟੀ ਸਪੀਕਰ ਸਾਹਿਬ, ਪਹਿਲਾਂ ਵੀ ਗੱਲ ਹੋਈ ਹੈ । ਮੈਂ ਫੇਰ ਗੱਲ ਕਰਨੀ ਚਾਹੁੰਦਾ ਹਾਂ ਕਿ ਕਰੋੜਾਂ ਰੁਪਏ ਸੜਕਾਂ ਵਾਸਤੇ ਦਿੱਤੇ ਹਨ, ਪੁਲਾਂ ਵਾਸਤੇ ਇਨ੍ਹਾਂ ਨੂੰ ਬਣਾਉਣ ਵਾਸਤੇ ਦਿੱਤੇ ਹਨ । ਜਿਹੜੀ 50 ਪੈਸੇ ਨਾਲ ਚੀਜ਼ ਤਿਆਰ ਹੋ ਸਕਦੀ ਹੈ, ਮਹਿਕਮੇ ਵਾਲੇ ਇੱਕ ਰੁਪਏ ਵਿੱਚ ਤਿਆਰ ਕਰਦੇ ਹਨ । ਐਫ.ਐਮ. ਸਾਹਿਬ ਇੱਕ ਗੁਜ਼ਾਰਿਸ਼ ਹੈ ਜੇ ਆਪਾਂ ਇਸੇ ਚੀਜ਼ ਤੇ ਕੰਟਰੋਲ ਕਰ ਲਈਏ, ਉਸ ਦਾ ਐਸਟੀਮੇਟ ਸਹੀ ਲਗਵਾਈਏ, ਉਸ ਚੀਜ਼ ਤੇ ਸਹੀ ਖਰਚਾ ਹੋਵੇ, ਇਸ ਬਾਰੇ ਕਮੇਟੀਆਂ ਬਣਾਓ, ਇਸ ਬਾਰੇ ਚੰਗੇ ਸੁਝਾਅ ਲਓ ਕਿ ਜਿਹੜਾ ਪੈਸਾ ਵੇਸਟ ਹੁੰਦਾ ਹੈ, ਜਿਹੜੀਆਂ ਏਜੰਸੀਆਂ ਹਨ ਜਾਂ ਮਹਿਕਮੇ ਹਨ ਜਿਹੜੇ ਸਰਕਾਰੀ ਪੈਸਾ ਵੇਸਟ ਕਰਦੇ ਹਨ ਉਸ ਨੂੰ ਰੋਕਣ ਵਾਸਤੇ ਕਦਮ ਚੁੱਕੀਏ ਤਾਂ ਪੰਜਾਬ ਦਾ ਬਹੁਤ ਵੱਡਾ ਸਰਮਾਇਆ ਬਚ ਸਕਦਾ ਹੈ । ਜਿਸ ਤਰ੍ਹਾਂ ਬੀਬੀ ਜੀ ਗੱਲ ਕਰਦੇ ਸੀ ਅਫ਼ਸਰ ਬੜੀ ਜਲਦੀ ਵੈਰ ਪੈ ਜਾਂਦੇ ਹਨ । ਅਫ਼ਸਰ ਉਸ ਦੇ ਯਾਰ ਹਨ ਜਿਸ ਤੋਂ ਡਰਦੇ ਹਨ ਇਹ ਕਿਸੇ ਦੇ ਮਿੱਤਰ ਨਹੀਂ । ਅੱਜ ਪੰਜਾਬ ਦੀ ਸਮੁੱਚੀ ਅਫ਼ਸਰਸ਼ਾਹੀ ਜਿਹੜੀ ਹੈ ਇਹ ਕਿਸੀ ਦੀ ਨਹੀਂ । ਪੰਜਾਬ ਦੀ ਸਮੁੱਚੀ ਅਫ਼ਸਰਸ਼ਾਹੀ ਵਿੱਚੋਂ ਬਹੁਤ ਵੱਡੀ ਪੱਧਰ ਤੇ ਹਿੱਸਾ ਕੁਰੱਪਟ ਹੋ ਚੁੱਕਾ ਹੈ । ਇਨ੍ਹਾਂ ਤੋਂ ਅੱਜ ਪੰਜਾਬ ਨੂੰ ਬਚਾਉਣ ਦੀ ਲੋੜ ਹੈ । ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਇਸ ਕੁਰੱਪਟ ਹੋ ਚੁੱਕੀ ਅਫ਼ਸਰਸ਼ਾਹੀ ਤੋਂ ਬਚਾਉਣ ਦੀ ਲੋੜ ਹੈ । ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਅਤੇ ਸਾਡੇ ਸੂਝਵਾਨ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਬਾਰੇ ਜ਼ਰੂਰ ਸੁਝਾਓ ਮੰਗੋ । ਆਪਾਂ ਆਪਸ ਵਿੱਚ ਹੀ ਨਾ ਲੜੀ ਜਾਈਏ । ਅਫ਼ਸਰਸ਼ਾਹੀ ਨੂੰ ਵੀ ਜਵਾਬਦੇਹ ਬਣਾਈਏ । ਇਨ੍ਹਾਂ ਨੂੰ ਪੁੱਛਣ ਵਾਲਾ ਹੀ ਕੋਈ ਨਹੀਂ । ਮੇਰਾ ਖਿਆਲ ਹੈ ਕਿ ਐਫ.ਐਮ.ਸਾਹਿਬ ਕਿਰਪਾ ਕਰਨ । ਇਹ ਜਿਹੜੀਆਂ ਇਨ੍ਹਾਂ ਨੇ ਗੱਡੀਆਂ ਦਿੱਤੀਆਂ ਹਨ, ਮੈਂ ਤਾਂ ਮਸਾਂ ਹੀ ਬਚਿਆ ਹਾਂ । ਅਗਲਾ ਟਾਇਰ ਹੀ ਫਟ ਗਿਆ । ਅਫ਼ਸਰਾਂ ਦੇ ਘਰੇ ਜਾ ਕੇ ਦੇਖ ਲਓ--ਤਿੰਨ ਚਾਰ ਗੱਡੀਆਂ ਖੜ੍ਹੀਆਂ ਹਨ । ਪ੍ਰੋਟੋਕੋਲ ਐਮ.ਐਲ.ਏ. ਦਾ ਕੀ ਹੈ ? ਇਹ ਚੀਫ ਸੈਕ੍ਰੇਟਰੀ ਤੋਂ ਉਪਰ ਹੈ। ਐਮ.ਐਲ. ਏ. ਅਫ਼ਸਰਾਂ ਨੂੰ ਜਾ ਕੇ ਕਹਿੰਦਾ ਹੈ ਮੈਂ ਆਪਣੀ ਜਾਨ ਬਚਾਉਣੀ ਹੈ ਮੇਰੀ ਗੱਡੀ ਦਾ ਟਾਇਰ ਹੀ ਬਦਲ ਦਿਓ ਪਰ ਉਹ ਕਹਿੰਦੇ ਕਿ ਟਾਇਰ ਹੀ ਨਹੀਂ ਆਏ । ਮੈਂ ਗੱਡੀ ਉਥੇ ਹੀ ਖੜ੍ਹੀ ਕਰ ਆਇਆ ਹਾਂ । ਮੈਂ ਕਿਹਾ ਕਿ ਮੈਂ ਆਪਣੀ ਗੱਡੀ ਚਲਾ ਲਵਾਂਗਾ । ਵੀਹ ਦਿਨ ਹੋ ਗਏ ਹਨ ਪਰ ਅਜੇ ਤੱਕ ਟਾਇਰ ਨਹੀਂ ਬਦਲੇ ਗਏ। ਇਹ ਕਹਿੰਦੇ ਹਨ ਕਿ ਆਪੇ ਟਾਇਰ ਬਦਲ

Original with;
Punjab Vidhan Sabha
Digitized by;
Panjab Digital Library

ਲਓ, ਅਸੀਂ ਬਿਲ ਪਾਸ ਕਰ ਦਿਆਂਗੇ । ਇਹ ਅਫ਼ਸਰਸ਼ਾਹੀ ਦਾ ਹਾਲ ਹੈ । ਇਨ੍ਹਾਂ ਦੀ ਆਪਣੀ ਗੱਡੀ ਖਰਾਬ ਹੋ ਜਾਵੇ, ਜੇ ਪਹਿਲੇ ਦਿਨ ਐਂਬੈਸਡਰ ਖਰਾਬ ਹੋ ਗਈ ਹੈ ਤੇ ਦੂਸਰੇ ਦਿਨ ਇਨ੍ਹਾਂ ਕੋਲ ਕੈਮਰੀ ਹੋਵੇਗੀ । ਇਹ ਅਫ਼ਸਰਸ਼ਾਹੀ ਹੈ । ਇਹ ਇਨ੍ਹਾਂ ਦਾ ਹਾਲ ਹੈ । ਐਫ. ਐਮ. ਸਾਹਿਬ ਇਸ ਪਾਸੇ ਧਿਆਨ ਦੇਣ ਕਿ ਐਮ. ਐਲ. ਏ. ਦਾ ਪ੍ਰੋਟੋਕੋਲ ਕੀ ਹੈ । ਸਾਡੇ ਅਧਿਕਾਰ ਕੀ ਹਨ । ਸਾਨੂੰ ਮਿਲਦਾ ਕੀ ਹੈ । ਇਥੇ ਗੱਲ ਚਲੀ, ਫਾਰਨ ਇਨਵੈਸਟਮੈਂਟ ਦੀ । ਅੱਜ ਪੰਜਾਬ ਵਿੱਚ ਫਾਰਨ ਇਨਵੈਸਟਮੈਂਟ ਦੀ ਲੋੜ ਹੈ। ਮੇਰਾ ਖਿਆਲ ਹੈ ਕਿ ਜਿਹੜੇ ਪਰਵਾਸੀ ਪੰਜਾਬੀ ਹਨ, ਉਹ ਪੰਜਾਬ ਵਿੱਚ ਪੈਸਾ ਲਗਾਉਣਾ ਚਾਹੁੰਦੇ ਹਨ, ਸਰਮਾਇਆ ਲਗਾਉਣਾ ਚਾਹੁੰਦੇ ਹਨ । ਅਮਰੀਕਾ ਤੇ ਕੈਨੇਡਾ ਦੀਆਂ ਵੱਖ-ਵੱਖ ਫਰਮਾਂ ਪੰਜਾਬ ਦੇ ਵਾਤਾਵਰਨ ਨੂੰ ਵੇਖ ਕੇ ਅੱਜ ਇੱਥੇ ਪੈਸਾ ਲਗਾਉਣਾ ਚਾਹੁੰਦੀਆਂ ਹਨ ਪਰ ਹੈਰਾਨੀ ਹੈ ਕਿ ਲਾਲ ਫੀਤਾਸ਼ਾਹੀ ਅਜਿਹਾ ਨਹੀਂ ਕਰਨ ਦੇ ਰਹੀ । ਉਨ੍ਹਾਂ ਦੇ ਕਦਮ ਰੋਕ ਰਹੀ ਹੈ । ਮਜੀਠੀਆ ਜੀ ਬੈਠੇ ਨਹੀਂ ਹਨ । ਲੋਕਲ ਬਾਡੀਜ਼ ਮਹਿਕਮੇ ਬਾਰੇ ਦੱਸਣਾ ਚਾਹੁੰਦਾ ਹਾਂ । ਤਿੰਨ ਮਹੀਨੇ ਹੋ ਗਏ ਹਨ, ਇੱਕ ਹਸਪਤਾਲ ਪਟਿਆਲੇ 100 ਬੈਡਿਡ ਬਣਨਾ ਹੈ । ਉਸ ਤੇ 100 ਕਰੋੜ ਰੁਪਿਆ ਲੱਗਣਾ ਹੈ । ਇਸ ਵਿੱਚੋਂ 50-60 ਕਰੋੜ ਰੁਪਿਆ ਅਮਰੀਕਾ ਦੀ ਫਰਮ ਨੇ ਸਰਮਾਇਆ ਲਗਾਉਣਾ ਹੈ ਪਰ ਉਸ ਨੂੰ ਲਿਲਕੜੀਆਂ ਕੱਢਦੇ ਨੂੰ ਤਿੰਨ ਮਹੀਨੇ ਹੋ ਗਏ ਹਨ ਪਰ ਕੋਈ ਅਸਰ ਨਹੀਂ । ਤੁਸੀਂ ਦੇਖੋ ਕਿ ਕਿਸੇ ਐਨ. ਆਈ.ਆਰ. ਜਾਂ ਹਮਾਤੜ ਨੇ ਇਨਵੈਸਟਮੈਂਟ ਕਰਨੀ ਹੈ ਤੇ ਉਸ ਦਾ ਕੀ ਬਣੇਗਾ । ਇਸ ਕਰਕੇ ਇਸ ਚੀਜ਼ ਨੂੰ ਰੋਕਣ ਦੀ ਲੋੜ ਹੈ । ਜੇ ਪੰਜਾਬ ਵਿੱਚ ਸਰਮਾਇਆ ਲਿਆਉਣਾ ਹੈ, ਪੰਜਾਬ ਦਾ ਵਿਕਾਸ ਕਰਨਾ ਹੈ ਤਾਂ ਇਹੋ ਜਿਹੀ ਅਫ਼ਸਰਸ਼ਾਹੀ ਨੂੰ ਨੱਥ ਪਾਉਣ ਦੀ ਲੋੜ ਹੈ । ਇਹ ਜਿਹੜੇ ਚੀਫ ਟਾਊਨ ਪਲਾਨਰ ਹਨ ਇਹ ਆਪਣੀ ਪਲਾਨਿੰਗ ਕਰ ਰਹੇ ਹਨ । ਇਹ ਪੰਜਾਬ ਦੀ ਪਲਾਨਿੰਗ ਨਹੀਂ ਕਰ ਰਹੇ । ਧੰਨਵਾਦੀ ਹਾਂ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦਾ ਜਿਨ੍ਹਾਂ ਦੇ ਯਤਨਾਂ ਸਦਕਾ ਬਠਿੰਡਾ ਰਿਫਾਈਨਰੀ ਮੁੜ ਸੁਰਜੀਤ ਹੋਈ ਹੈ । ਇਹ ਪਹਿਲੀ ਵਾਰ ਹੋਇਆ ਹੈ ਕਿ 49% ਕਿਸੀ ਪ੍ਰਾਈਵੇਟ ਫਰਮ ਨੇ ਹਿੱਸਾ ਪਾਇਆ ਹੈ । ਲਕਸ਼ਮੀ ਨਰਾਇਣ ਮਿੱਤਲ ਜੀ ਨੇ ਹਿੱਸਾ ਪਾਇਆ ਹੈ । ਇਹ ਜਿੱਥੇ ਬਾਦਲ ਸਾਹਿਬ ਦੀ ਵੱਡੀ ਪ੍ਰਾਪਤੀ ਹੈ ਉਥੇ ਸਰਦਾਰ ਮਨਮੋਹਨ ਸਿੰਘ ਜੀ ਦਾ ਵੀ ਬਹੁਤ-ਬਹੁਤ ਧੰਨਵਾਦ । ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ । ਮੈਂ ਪਹਿਲਾਂ ਵੀ ਜ਼ਿਕਰ ਕਰ ਚੁੱਕਾ ਹੈ ਕਿ ਸਾਹਮਣੇ ਬੈਠੇ ਵੀਰਾਂ ਦਾ ਆਟਾ ਦਾਲ ਨਾਲ ਤੁਹਾਡਾ ਕੰਮ ਨਹੀਂ ਚੱਲਣਾ ਕਿਉਂਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਜਦੋਂ ਵੀ ਜ਼ਿੰਦਗੀ ਵਿੱਚ ਕਿਸੇ ਨਾਲ ਵਾਅਦਾ ਕਰਦੇ ਹਨ, ਉਸ ਨੂੰ ਨਿਭਾਉਂਦੇ ਹਨ । ਪਿੱਛੇ ਨਹੀਂ ਹਟਦੇ ਔਰ ਜਿਹੜਾ ਆਟਾ ਦਾਲ ਹੈ, ਇਹ 15 ਅਗਸਤ ਤੋਂ ਮਿਲਣਾ ਸ਼ੁਰੂ ਹੋ ਜਾਵੇਗਾ। ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਵਾਂਗ ਨਹੀਂ ਜੋ ਲੋਕਾਂ ਨੂੰ ਕਹਿੰਦੇ ਕੁਝ ਰਹੇ ਤੇ ਸਰਕਾਰ ਬਣਨ ਤੋਂ ਬਾਅਦ ਅੰਗੂਠਾ ਦਿਖਾਉਂਦੇ ਰਹੇ। ਡਿਪਟੀ ਸਪੀਕਰ ਸਾਹਿਬ, ਜਵਾਬ ਤਾਂ ਲੀਡਰ ਆਫ ਦਿ ਹਾਊਸ ਹੀ ਦੇਣਗੇ । ਇੰਨੇ ਵੱਡੇ ਲੀਡਰ ਹੋਣ ਔਰ ਜਿੱਥੇ ਸੱਚ ਬੋਲਣਾ ਚਾਹੀਦਾ ਹੈ ਔਰ ਜਿਨ੍ਹਾਂ ਦਾ ਤਜਰਬਾ ਹੈ ਜਿਨ੍ਹਾਂ ਤੋਂ ਅਸੀਂ ਸਿੱਖਣਾ ਹੈ, ਜਿਨ੍ਹਾਂ ਨੇ ਸਿਆਸਤ ਵਿੱਚ ਬਹੁਤ ਵੱਡੀ ਜ਼ਿੰਦਗੀ ਬਿਤਾਈ ਹੈ, ਜਿਨ੍ਹਾਂ ਦੀ ਜ਼ਿੰਦਗੀ ਕੰਡਿਆਂ ਤੇ ਪਲੀ ਹੈ, ਉਹ ਸੱਚ ਦੀ ਬਜਾਏ ਝੂਠ ਬੋਲ ਰਹੇ ਹਨ । ਸਾਡਾ ਤਾਂ ਉਸ ਵੇਲੇ ਦਾ ਜਨਮ ਹੀ ਹੈ । ਅਸੀਂ ਦੇਖਿਆ ਨਹੀਂ ਹੈ ਪਰ ਇਤਿਹਾਸ ਪੜ੍ਹਿਆ ਹੈ ਕਿ ਪੰਜਾਬੀ ਸੂਬਾ ਬਣਨ ਸਮੇਂ ਪੰਜਾਬ ਦੇ ਲੋਕਾਂ ਨਾਲ ਧੋਖਾ ਸੈਂਟਰ ਦੀ ਸਰਕਾਰ ਨੇ, ਉਸ ਸਮੇਂ ਦੀ ਮੌਜੂਦਾ ਸੈਂਟਰ ਦੀ ਕਾਂਗਰਸੀ ਸਰਕਾਰ ਨੇ ਕੀਤਾ। ਜਦੋਂ ਪੰਜਾਬੀ ਸੂਬਾ ਬਣਿਆ ਤਾਂ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਲਏ ਜਿਵੇਂ ਕਿ ਊਨਾ, ਕਾਂਗੜਾ, ਅੰਬਾਲਾ, ਯਮੁਨਾਨਗਰ ਅਤੇ ਹੋਰ ਵੀ ਬਹੁਤ ਸਾਰੇ । ਉਸ ਤੋਂ ਬਾਅਦ ਐਜੀਟੇਸ਼ਨਾਂ ਹੋਈਆਂ । ਅਕਾਲੀ ਦਲ ਮੰਗ ਕਰਦਾ ਰਿਹਾ, ਮੋਰਚੇ ਲਾਉਂਦਾ ਰਿਹਾ। ਜੇਕਰ ਇਹ ਇੰਨੇ ਸੁਹਿਰਦ ਸੀ ਤਾਂ ਉਦੋਂ ਹੀ ਦੇ ਸਕਦੇ ਸੀ। ਅੱਜ ਇਹ ਗੱਲਾਂ ਕਰਦੇ ਹਨ, ਦਾਅਵੇ ਕਰਦੇ ਹਨ ਪਰ ਜਿਹੜੇ ਕੰਡੇ ਵਿਛਾਏ ਹਨ, ਇਨ੍ਹਾਂ ਦੇ ਹੀ ਵਿਛਾਏ ਹੋਏ ਹਨ। ਅੱਜ ਅਗਰ ਪੰਜਾਬ ਦੀ ਕਿਸਾਨੀ ਦੀ ਇਹ ਹਾਲਤ ਹੈ ਤਾਂ ਇਹ ਵੀ ਇਨ੍ਹਾਂ ਨੇ ਕੀਤੀ ਹੈ (ਆਪੋਜ਼ੀਸ਼ਨ ਵੱਲ ਇਸ਼ਾਰਾ) ਬਜਟ ਸਪੀਚ ਦੇ ਵਿੱਚ....

**ਸਰਦਾਰ ਰਣਦੀਪ ਸਿੰਘ ਨਾਭਾ** : ਪੁਆਇੰਟ ਆਫ ਆਰਡਰ, ਸਰ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਟੋਕਣਾ ਤਾਂ ਨਹੀਂ ਸੀ ਚਾਹੁੰਦਾ । ਮੈਂ ਇਨ੍ਹਾਂ ਤੋਂ ਮੁਆਫ਼ੀ ਚਾਹੁੰਦਾ ਹਾਂ ਲੇਕਿਨ ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਸਪਸ਼ਟ ਰੂਪ ਵਿੱਚ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਐਸ.ਵਾਈ.ਐਲ. ਦਾ ਪੈਸਾ ਜਦ ਜਮ੍ਹਾਂ ਹੋਇਆ ਸੀ ਜੇ ਇਹ ਨਹੀਂ ਚਾਹੁੰਦੇ ਸੀ, ਬਾਦਲ ਸਾਹਿਬ ਖੁਦ ਉਸ ਵੇਲੇ ਮੁੱਖ ਮੰਤਰੀ ਸਨ ਉਸ ਵੇਲੇ ਪੰਜਾਬ ਸਰਕਾਰ ਦੇ ਖਾਤੇ ਵਿੱਚ ਪੈਸਾ ਬਾਦਲ ਸਾਹਿਬ ਦੇ ਵੇਲੇ ਜਮ੍ਹਾਂ ਹੋਇਆ ਸੀ ਅਤੇ ਸੈਂਟਰ ਗੌਰਮਿੰਟ ਨੇ ਜਮ੍ਹਾਂ ਕੀਤਾ ਸੀ । ਇਸ ਬਾਰੇ ਮੈਂ ਸਮਝਦਾ ਹਾਂ ਕਿ ਬਿਹਤਰ ਹੈ ਕਿ ਅਸੀਂ ਸਿਰਫ ਆਪਣੇ ਵਿਚਾਰ ਰੱਖੀਏ ਅਤੇ ਜੇਕਰ ਅਸੀਂ ਆਪਣਾ ਮਾਹੌਲ ਵਿਗਾੜਨ ਦੀ ਗੱਲ ਕੀਤੀ ਤਾਂ ਫਿਰ ਜਿਹੜੀ ਇਨ੍ਹਾਂ ਨੇ ਐਨ.ਆਰ.ਆਈ ਵੱਲੋਂ ਇਨਵੈਸਟਮੈਂਟ ਦੀ ਜਿਹੜੀ ਗੱਲ ਕੀਤੀ ਹੈ ਉਸ ਤੇ ਮਾੜਾ ਅਸਰ ਹੋਵੇਗਾ, ਮਾੜਾ ਪ੍ਰਭਾਵ ਬਾਹਰ ਜਾਂਦਾ ਹੈ । ਸਾਨੂੰ ਕੰਸਟਰਕਟਿਵ ਵੇਅ ਵਿੱਚ ਗੱਲ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਸੂਬੇ ਨੂੰ ਤੱਰਕੀ ਦੇ ਰਾਹ ਤੇ ਲਿਜਾ ਸਕੀਏ ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਡਿਪਟੀ ਸਪੀਕਰ ਸਾਹਿਬ, ਬਜਟ ਵਿੱਚ ਤੁਸੀਂ ਵੀ ਪੜ੍ਹਿਆ ਹੋਵੇਗਾ । ਪਹਿਲਾਂ ਸ਼ਗਨ ਸਕੀਮ ਦਾ ਲਾਭ ਕੇਵਲ ਅਤੇ

Original with;
Punjab Vidhan Sabha
Digitized by;
Panjab Digital Library

ਕੇਵਲ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਿਲਦਾ ਸੀ ਅਤੇ ਇਨ੍ਹਾਂ ਨੇ ਕੀ ਕੀਤਾ, ਜਦੋਂ ਇਨ੍ਹਾਂ ਦੀ ਸਰਕਾਰ ਆਈ, ਦਿੱਤਾ ਤਾਂ ਇਨ੍ਹਾਂ ਨੇ ਵੀ ਕਿਸੇ ਨੂੰ ਕੁਝ ਨਹੀਂ ਪਰ ਸ਼ਰਤਾਂ ਕੀ ਰੱਖ ਦਿੱਤੀਆਂ ਕਿ ਲਾਭਪਾਤਰੀ ਕੋਲ ਸਾਈਕਲ ਨਹੀਂ ਹੋਣਾ ਚਾਹੀਦਾ, ਪੱਖਾ ਨਹੀਂ ਹੋਣਾ ਚਾਹੀਦਾ, ਚੌਂਕਾ ਵੀ ਪੱਕਾ ਨਹੀਂ ਹੋਣਾ ਚਾਹੀਦਾ । ਇਹੋ ਜਿਹੀਆਂ ਸ਼ਰਤਾਂ ਰੱਖੀਆਂ ਕਿ ਕੋਈ ਸ਼ਰਤ ਹੀ ਪੂਰੀ ਨਹੀਂ ਸੀ ਕਰਦਾ । ਪਰ ਬਾਦਲ ਸਾਹਿਬ ਨੇ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਬਜਟ ਵਿੱਚ ਤਜਵੀਜ਼ ਰੱਖੀ ਹੈ ਕਿ ਜਿਥੇ ਅਨੁਸੂਚਿਤ ਜਾਤੀਆਂ ਨੂੰ ਇਹ ਸਕੀਮ ਦੇਣੀ ਹੈ ਉਥੇ ਪਛੜੀਆਂ ਸ਼੍ਰੇਣੀਆਂ ਨੂੰ ਵੀ ਦੇਣੀ ਹੈ । ਇਹ ਪਹਿਲੀ ਵਾਰ ਦਰਜ ਕੀਤਾ ਹੈ ਕਿ ਪਛੜੀਆਂ ਸ਼੍ਰੇਣੀਆਂ ਨੂੰ ਵੀ ਸ਼ਗਨ ਸਕੀਮ ਦਾ ਲਾਭ ਦਿੱਤਾ ਜਾਵੇਗਾ । ਜਿਹੜੇ ਇਸਾਈ ਲੋਕ ਹਨ, ਉਨ੍ਹਾਂ ਬਾਰੇ ਮੈਂ ਕਹਾਂਗਾ ਕਿ ਪਹਿਲੇ ਜਦੋਂ ਇਹ ਪਿੰਡਾਂ ਵਾਲੇ ਫਾਰਮ ਭਰਦੇ ਸਨ, ਭਾਵੇਂ ਉਹ ਕ੍ਰਿਸਚੀਅਨ ਸਨ, ਇਸਾਈ ਸਨ, ਪਰ ਉਹ ਫਾਰਮ ਭਰਨ ਲਗਿਆਂ ਆਪ ਨੂੰ ਮਜ਼੍ਹਬੀ ਸਿੱਖ ਲਿਖਦੇ ਸਨ ਔਰ ਮੇਰੇ ਕੋਲ ਕਈ ਲੋਕਾਂ ਨੇ ਗੱਲ ਕੀਤੀ ਕਿ ਭਾਵੇਂ ਅਸੀਂ ਧਰਮ ਤੇ ਗੱਲ ਨਹੀਂ ਕਰਦੇ ਪਰ ਜਦੋਂ ਅਸੀਂ ਇਸਾਈ ਹਾਂ, ਸਾਨੂੰ ਮਜ਼੍ਹਬੀ ਸਿੱਖ ਲਿਖਣਾ ਪੈਂਦਾ ਹੈ, ਸਾਨੂੰ ਤਕਲੀਫ ਹੁੰਦੀ ਹੈ। ਪਰ ਬਾਦਲ ਸਾਹਿਬ ਦੀ ਸੋਚ ਨੇ ਉਨ੍ਹਾਂ ਲੋਕਾਂ ਬਾਰੇ ਵੀ ਸੋਚਿਆ ਹੈ ਕਿ ਜਿਹੜਾ ਸਾਡਾ ਇਸਾਈ ਭਾਈਚਾਰਾ ਹੈ, ਉਨ੍ਹਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਹੈ । ਜਿਹੜਾ ਮੁਸਲਿਮ ਭਾਈਚਾਰਾ ਹੈ ਉਨ੍ਹਾਂ ਦੀਆਂ ਬੱਚੀਆਂ ਵਾਸਤੇ ਵੀ ਸ਼ਗਨ ਸਕੀਮ ਦਾ 15,000/- ਰੁਪਏ ਦੇਣਾ ਸ਼ੁਰੂ ਕੀਤਾ ਹੈ । ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਇੱਕ ਪਾਸੇ ਥਾਲੀਆਂ ਖੜਕਾਉਂਦੇ ਹਨ ਅਤੇ ਦੂਸਰੇ ਪਾਸੇ ਡਰਾਵੇ ਦਿੰਦੇ ਹਨ ਅਤੇ ਜਦੋਂ ਪਹਿਲੇ ਦਿਨ ਬਜਟ ਸਪੀਚ ਤੇ ਬਹਿਸ ਸ਼ੁਰੂ ਹੋਈ ਤਾਂ, ਮੇਰੇ ਦੋਨੋਂ ਸਤਿਕਾਰਯੋਗ ਮੈਂਬਰ ਸਾਹਿਬਾਨ ਜਾਖੜ ਸਾਹਿਬ ਤੇ ਖਹਿਰਾ ਸਾਹਿਬ ਹੈ ਨਹੀਂ, ਇਨ੍ਹਾਂ ਦੋਨਾਂ ਦਾ ਸੁਝਾਅ ਸੀ ਕਿ ਇਹ ਸਹੂਲਤਾਂ ਬੰਦ ਹੋਣੀਆਂ ਚਾਹੀਦੀਆਂ ਹਨ । ਪੰਜਾਬ ਦਾ ਵਿਕਾਸ ਕਰਨਾ ਹੈ ਤਾਂ ਸਬਸਿਡੀਆਂ ਬੰਦ ਕਰੀਏ, ਸਹੂਲਤਾਂ ਬੰਦ ਕਰੀਏ । ਇਹ ਦੋਹਰੇ ਮਖੌਟੇ ਵਾਲੇ ਜਿਹੜੇ ਲੋਕ ਹਨ, ਇਨ੍ਹਾਂ ਦੀਆਂ ਗੱਲਾਂ ਹੋਰ ਹਨ ਅਤੇ ਕੰਮ ਇਹ ਹੋਰ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਬੀਬੀ ਜੀ ਨੇ ਬੀਬੀਆਂ ਦੀ ਬੜੀ ਗੱਲ ਕੀਤੀ । ਪ੍ਰਤਿਭਾ ਪਾਟਿਲ ਜੀ ਦੀ ਗੱਲ ਕੀਤੀ, ਜਿਹੜੇ ਸਾਡੇ ਸਤਿਕਾਰਯੋਗ ਹਨ ਉਨ੍ਹਾਂ ਦੀ ਬੜੀ ਸਿਆਸੀ ਜ਼ਿੰਦਗੀ ਹੈ, ਕੀ ਬਣੇਗਾ ਇਹ ਤਾਂ ਆਉਣ ਵਾਲੇ ਦਿਨ ਹੀ ਦੱਸਣਗੇ । ਪਰ ਉਨ੍ਹਾਂ ਨੇ ਉਨ੍ਹਾਂ ਦੇ ਵਿਸ਼ੇ ਨੂੰ ਲੈ ਕੇ ਜੋ ਸੋਚ ਦਾ ਪ੍ਰਗਟਾਵਾ ਕੀਤਾ ਹੈ, ਐਵੇਂ ਦਸਿਆ ਹੈ ਜਿਵੇਂ ਕਿ ਕਾਂਗਰਸ ਬੀਬੀਆਂ ਦੀ ਸਭ ਤੋਂ ਵੱਡੀ ਰਖਵਾਲੀ ਹੁੰਦੀ ਹੈ। ਸ਼ਰਮ ਆਉਂਦੀ ਹੈ ਇਨ੍ਹਾਂ ਦੇ ਕਿਰਦਾਰ ਦੇ ਉੱਤੇ, ਇਨ੍ਹਾਂ ਦੇ ਵਿਚਾਰ ਦੇ ਉੱਤੇ ਅਤੇ ਇਨ੍ਹਾਂ ਦੇ ਬੀਤੇ ਹੋਏ ਕੱਲ੍ਹ ਦੇ ਉੱਤੇ, ਹਾਲੇ ਜ਼ਿਆਦਾ ਸਮਾਂ ਨਹੀਂ ਹੋਇਆ, ਲੁਧਿਆਣੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਵਿੱਚ ਸਾਡੀਆਂ ਬੱਚੀਆਂ ਨੂੰ ਇਨ੍ਹਾਂ ਨੇ ਲੰਮੇ ਪਾ-ਪਾ ਕੇ ਕੁੱਟਿਆ ਸੀ । ਸਾਡੀਆਂ ਬੱਚੀਆਂ ਨੂੰ ਬੇਇੱਜ਼ਤ ਕੀਤਾ, ਪੰਜਾਬ ਵਿੱਚ ਬੱਚਿਆਂ ਦੇ ਨਾਲ, ਗਰੀਬ ਘਰਾਂ ਦੀਆਂ ਧੀਆਂ ਭੈਣਾਂ ਦੇ ਨਾਲ ਜੋ ਕੁਝ ਕਾਂਗਰਸ ਰਾਜ ਵੇਲੇ ਬੀਤਿਆ, ਉਹ ਇਥੇ ਬਿਆਨ ਨਹੀਂ ਕੀਤਾ ਜਾ ਸਕਦਾ, ਇਹ ਆਉਣ ਵਾਲਾ ਇਤਿਹਾਸ ਹੀ ਦੱਸੇਗਾ । ਇਥੇ ਸਾਡੇ ਇੱਕ ਸਾਬਕਾ ਐਮ.ਐਲ.ਏ ਦਾ ਬੜਾ ਰੌਲਾ ਪੈਂਦਾ ਰਿਹਾ ਹੈ । ਉਸ ਵੇਲੇ ਜੇਲ੍ਹ ਵਿੱਚ ਵੀ ਮੱਛੀ ਮੁਰਗੇ ਦਾ ਬੰਦੋਬਸਤ ਕੀਤਾ ਹੋਣਾ ਹੈ । ਇਹ ਲੋਕ ਜੇਲ੍ਹਾਂ ਵਿੱਚ ਵੀ ਦਾਲ ਨਹੀਂ ਛਕਦੇ, ਮੀਟ ਛਕਦੇ ਹਨ । ਉੱਥੇ ਵੀ ਉਸ ਨੇ ਕੋਈ ਇਹੋ ਜਿਹਾ ਜੁਗਾੜ ਕੀਤਾ ਹੋਣਾ ਹੈ । ਉਸ ਦੇ ਬਾਰੇ ਇਨ੍ਹਾਂ ਵੱਲੋਂ ਬੜੀ ਹਮਦਰਦੀ ਪ੍ਰਗਟ ਕੀਤੀ ਗਈ ਹੈ । ਮੈਂ ਇੱਕ ਦਿਨ ਟੀ.ਵੀ. ਵੇਖ ਰਿਹਾ ਸੀ। ਅਲਫਾ ਟੀ.ਵੀ. ਤੇ ਅੱਜ ਦਾ ਵਿਵਾਦ ਪ੍ਰੋਗਰਾਮ ਵਿੱਚ ਇਨ੍ਹਾਂ ਦੇ ਮੀਡੀਆ ਐਡਵਾਈਜ਼ਰ ਤੇ ਬਹਿਸ ਹੋ ਰਹੀ ਸੀ ਕਿ ਉਨ੍ਹਾਂ ਨਾਲ ਜੋ ਕੁਝ ਹੋ ਰਿਹਾ ਹੈ, ਉਹ ਜਾਇਜ਼ ਹੋ ਰਿਹਾ ਹੈ ਜਾਂ ਨਜਾਇਜ਼ ਹੋ ਰਿਹਾ ਹੈ । ਇੱਕ ਸਾਬਕਾ ਡਿਪਟੀ ਸਪੀਕਰ ਨੇ ਠੋਕ ਕੇ ਕਿਹਾ ਕਿ ਜੋ ਮਨਮਾਨੀਆਂ ਮੀਡੀਆ ਐਡਵਾਈਜ਼ਰ ਨੇ ਆਪਣੇ ਵੇਲੇ ਕੀਤੀਆਂ ਸਨ, ਜੋ ਕੁਕਰਮ ਕੀਤੇ, ਧੱਕੇ ਕੀਤੇ, ਜ਼ਿਆਦਤੀਆਂ ਕੀਤੀਆਂ, ਕਾਰਾਂ ਖੋਹੀਆਂ, ਜ਼ਮੀਨਾਂ-ਜਾਇਦਾਦਾਂ ਤੇ ਨਜਾਇਜ਼ ਕਬਜ਼ੇ ਕੀਤੇ ਅਤੇ ਲੋਕਾਂ ਨੂੰ ਡਰਾਇਆ, ਧਮਕਾਇਆ, ਇਸ ਸਾਰੇ ਕੁਝ ਵਾਸਤੇ ਉਦੋਂ ਤਾਂ ਉਸ ਨੇ ਕੇਸ ਹੋਣ ਨਹੀਂ ਦਿੱਤੇ, ਹੁਣ ਜੇ ਉਸ ਦੇ ਖਿਲਾਫ ਕਾਰਵਾਈ ਹੋ ਰਹੀ ਹੈ ਤਾਂ ਇਸ ਨੂੰ ਵੈਨਡੈਟਾ ਨਹੀਂ ਕਹਿਣਾ ਚਾਹੀਦਾ । ਵੈਨਡੈਟਾ ਤਾਂ ਉਹ ਸੀ ਜਦੋਂ ਸਾਲ 2002-07 ਦੇ ਦਰਮਿਆਨ ਜਦੋਂ ਉਹ ਮੀਡੀਆ ਐਡਵਾਈਜ਼ਰ ਪਾਵਰ ਵਿੱਚ ਸੀ ਅਤੇ ਜਦੋਂ ਬੀਬੀ ਭੱਠਲ ਕਾਂਗਰਸ ਦੇ ਲੀਡਰ ਸਨ ਤਾਂ ਉਨ੍ਹਾਂ ਦੇ ਵਿਰੋਧੀਆਂ ਦੇ ਬੱਚਿਆਂ ਤੇ ਵੀ ਪਰਚੇ ਦਰਜ ਹੋਏ । ਮੈਂ ਉਨਾਂ ਦੀ ਪਰਸਨੈਲਿਟੀ ਤੋਂ ਬੜਾ ਪ੍ਰਭਾਵਤ ਸੀ । ਪੱਗ ਬੜੀ ਸੋਹਣੀ ਅਤੇ ਦਾਹੜਾ ਵੀ ਜਰਨੈਲਾਂ ਵਾਲਾ । ਸਿੱਧੂ ਜੱਟ ਹੈ ਲੇਕਿਨ ਛੱਡ ਕੇ ਮੈਦਾਨ ਭੱਜ ਗਏ । ਹੁਣ ਉਨ੍ਹਾਂ ਨੂੰ ਦਿਲ ਦਾ ਰੋਗ ਲੱਗ ਪਿਆ ਹੈ, ਹੁਣ ਉਹ ਦਿਲ ਦੇ ਰੋਗ ਤੋਂ ਪੀੜਤ ਹਨ । ਇਸ ਦੀ ਬਜਾਏ ਉਨ੍ਹਾਂ ਨੂੰ ਹਾਲਾਤ ਦਾ ਸਾਹਮਣਾ ਕਰਨਾ ਚਾਹੀਦਾ ਹੈ । ਇਹ ਕਹਿੰਦੇ ਸਨ ਕਿ ਅਸੀਂ ਬਾਦਲ ਸਾਹਿਬ ਵਾਂਗ ਜ਼ਮਾਨਤ ਨਹੀਂ ਕਰਾਉਣੀ ਪਰ ਜ਼ਮਾਨਤ ਕਰਾਉਣ ਲਈ ਤਰਲੇ ਲੈਣ ਲੱਗ ਪਏ । ਮੈਂ ਕਹਿੰਦਾ ਹਾਂ ਕਿ ਜੇ ਤੁਹਾਡੇ ਵਿੱਚ ਕੋਈ ਕਮਜ਼ੋਰੀ ਨਹੀਂ ਤਾਂ ਮੁਕਾਬਲਾ ਕਰੋ ਇਹ ਵੀ ਇੱਕ ਤਰ੍ਹਾਂ ਦਾ ਜੰਗੇ-ਮੈਦਾਨ ਹੈ । ਵੱਡੇ ਵੱਡੇ ਦਾਅਵੇ ਕਰਨ ਵਾਲੇ ਲੋਕ ਭੱਜ ਰਹੇ ਹਨ । ਇੱਥੇ ਰੋਜ਼ ਕੋਈ ਨਾ ਕੋਈ ਅਰਥਹੀਣ ਗੱਲ ਉਠਦੀ ਹੈ ਕਿ ਕੰਨ ਵੱਢ ਲਿਆ, ਇਹ ਵੈਨਡੈਟਾ ਹੈ, ਇਹ ਧੱਕੇਸ਼ਾਹੀ ਹੈ............

Original with;
Punjab Vidhan Sabha
Digitized by;
Panjab Digital Library

**ਸਰਦਾਰ ਮੱਖਣ ਸਿੰਘ :** ** **

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਜੇ ਤੁਹਾਨੂੰ ਮੇਰੀ ਗੱਲ ਬੁਰੀ ਲੱਗੀ ਹੈ ਤਾਂ ਸੌਰੀ ਮੈਂ ਉਨ੍ਹਾਂ ਵੀਰਾਂ ਨੂੰ ਜਵਾਬ ਦੇਣਾ ਚਾਹੁੰਦਾ ਹਾਂ ਜੋ ਬਾਰ-ਬਾਰ ਕਹਿੰਦੇ ਹਨ ਕਿ ਕੇਸ ਦਰਜ ਹੋ ਗਏ । ਵਲਟੋਹਾ ਵਿੱਚ ਵੀ ਕੇਸ ਦਰਜ ਹੋਏ ਹਨ । ਜੇ ਕਿਸੇ ਨੇ ਕੋਈ ਚੰਨ ਚਾੜ੍ਹਿਆ ਹੈ ਜਾਂ ਲੜਾਈ ਕੀਤੀ ਹੈ ਤਾਂ ਪਰਚੇ ਹੀ ਦਰਜ ਹੋਣੇ ਹਨ, ਹੋਰ ਕੀ ਹੋਣਾ ਹੈ । ਖੇਮਕਰਨ ਦਿਨ ਦਿਹਾੜੇ ਗੋਲੀ ਵੱਜ ਕੇ ਇੱਕ ਕਤਲ ਹੋਇਆ ਅਤੇ ਹਜੂਮ ਖੜ੍ਹਾ ਕਰਕੇ ਕਤਲ ਕੀਤਾ । ਦੋਸ਼ੀ ਵੀ ਨਾਮਜ਼ਦ ਕਰ ਦਿੱਤੇ ਗਏ । ਪਰਚਾ ਦਰਜ ਹੋ ਗਿਆ ਅਤੇ ਇਹ ਵੀ ਤਹਿ ਹੋ ਗਿਆ ਕਿ ਇਹ ਨਾਂ ਪਾਉਣਾ ਹੈ ਅਤੇ ਇਹ ਨਹੀਂ ਪਾਉਣਾ । ਜਦ ਦੋਸ਼ੀ ਨਾਮਜ਼ਦ ਹੋ ਗਏ ਤਾਂ ਫਿਰ ਨਵਾਂ ਚੰਨ ਚਾੜ੍ਹਿਆ । ਇਨਕੁਆਇੰਰੀ ਕਰਾਈ,ਪਰਚੇ ਦੀ ਕੈਂਸਲੇਸ਼ਨ ਵਾਸਤੇ ਕੇਸ ਕੋਰਟ ਨੂੰ ਭੇਜਿਆ । ਉੱਥੇ ਕੋਰਟ ਨੇ ਚਪੇੜ ਮਾਰੀ ਕਿ ਇਹ ਕੈਂਸਲ ਨਹੀਂ ਹੋ ਸਕਦਾ । ਦੁਬਾਰਾ ਇਨਕੁਆਇਰੀ ਹੋਈ ਅਤੇ ਦੋਸ਼ੀ ਨਾਮਜ਼ਦ ਹੋਇਆ । ਇਹ ਕਤਲ ਕਰਕੇ ਵੀ ਕੈਂਸਲੇਸ਼ਨ ਵਾਸਤੇ ਕੇਸ ਅਦਾਲਤਾਂ ਵਿੱਚ ਭੇਜ ਦਿੰਦੇ ਹਨ । ਜਿਨ੍ਹਾਂ ਦਾ ਬੰਦਾ ਮਰ ਗਿਆ, ਉਨ੍ਹਾਂ ਤੇ 307 ਲਗਾ ਦਿੱਤੀ । 10 ਜਣੇ, 6-6 ਮਹੀਨੇ ਉਹ ਜੇਲ੍ਹ ਕੱਟ ਕੇ ਆਏ । ਫਿਰ ਕੋਰਟ ਦੇ ਆਰਡਰ ਤੋਂ ਬਾਅਦ ਗਧੀ ਗੇੜ ਪੈ ਗਿਆ । 2007 ਵਿੱਚ ਇਨ੍ਹਾਂ ਨੇ ਆਪਣਾ ਇੱਕ ਉਮੀਦਵਾਰ ਬਣਾਇਆ ਸੀ । ਉਸ ਨੇ ਅਕਾਲੀ ਵਰਕਰ ਰੁੱਖ ਨਾਲ ਬੰਨ੍ਹ ਕੇ ਕੁੱਟਿਆ। (ਵਿਘਨ) 2002 ਵਿੱਚ ਜਿਹੜਾ ਇਨ੍ਹਾਂ ਦਾ ਉਮੀਦਵਾਰ ਪੱਟੀ ਤੋਂ ਸੀ, ਉਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਨੂੰ ਰੁੱਖ ਨਾਲ ਬੰਨ ਕੇ ਕੁੱਟਿਆ । ਕਾਰਵਾਈ ਕੀ ਹੋਣੀ ਸੀ । ਉਲਟਾ ਅਕਾਲੀ ਵਰਕਰ ਤੇ ਹੀ ਪਰਚਾ ਦਰਜ ਕਰਵਾਇਆ ਗਿਆ । ਬੀਬੀ ਜੀ, ਇਸ ਵੇਲੇ ਏਥੇ ਹੈ ਨਹੀਂ । ਜਿਸ ਦਿਨ ਏਥੇ ਹਾਊਸ ਦੇ ਅੰਦਰ ਸ਼ੋਕ ਮਤੇ ਹੋਏ ਸਨ ਮੈਂ ਕਿਸੇ ਦਾ ਹਿਮਾਇਤੀ ਨਹੀਂ, ਉਸਦੀ ਆਪਣੀ ਸੋਚ ਸੀ, ਪਰ ਸਦਨ ਦੇ ਵਿੱਚ ਮਰਿਆਂ ਤੇ, ਦੁਸ਼ਮਣ ਤੇ ਵੀ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੀਦਾ ਸੀ, ਲੇਕਿਨ ਚੌਹਾਨ ਸਾਹਿਬ ਦੇ ਸ਼ੋਕ ਮਤੇ ਤੇ ਕਿੰਤੂ ਪ੍ਰੰਤੂ ਕੀਤਾ ਗਿਆ । ਜਦੋਂ ਕਿ ਇਨ੍ਹਾਂ ਦਾ ਇੱਕ ਮੈਂਬਰ, ਇਸ ਵਿਧਾਨ ਸਭਾ ਦਾ ਮੈਂਬਰ ਉਸ ਦਿਨ ਭੋਗ ਵਾਲੇ ਦਿਨ ਉਥੇ ਹਾਜ਼ਰੀ ਭਰ ਕੇ ਆਇਆ ਸੀ, ਕੀ ਉਸ ਨੂੰ ਇਨ੍ਹਾਂ ਨੇ ਕੱਢਿਆ ? ਮੈਂ ਪੁੱਛਦਾ ਹਾਂ, ਕੀ ਗਿਆ ਕਿ ਨਹੀਂ ਗਿਆ ? (ਕੋਈ ਜਵਾਬ ਨਹੀਂ ਆਇਆ) ਮੈਂ ਇਹੋ ਗੁਜ਼ਾਰਿਸ਼ ਕਰਾਂਗਾ ਫਾਇਨੈਂਸ

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਮਨਿਸਟਰ ਸਾਹਿਬ ਨੂੰ ਇਨ੍ਹਾਂ ਨੇ ਬੜੀ ਚੰਗੀ ਸੋਚ ਦੇ ਨਾਲ, ਬੜੇ ਦ੍ਰਿੜ੍ਹ ਇਰਾਦੇ ਦੇ ਨਾਲ ਪੰਜਾਬ ਨੂੰ ਵਿਕਾਸ ਵਾਲੇ ਪਾਸੇ ਲੈ ਜਾਣ ਲਈ ਨਵੀਆਂ ਪੈੜਾਂ ਪਾਈਆਂ ਹਨ। ਜਿੱਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੋਂ ਪੰਜਾਬ ਦੇ ਲੋਕਾਂ ਨੂੰ, ਪੰਜਾਬ ਦੇ ਨੌਜਵਾਨ ਵਰਗ ਨੂੰ, ਗਰੀਬਾਂ ਨੂੰ ਬਹੁਤ ਆਸਾਂ ਹਨ ਉਥੇ ਪੰਜਾਬ ਦੇ ਵਿੱਤ ਮੰਤਰੀ ਸਾਹਿਬ ਤੋਂ ਵੀ ਲੋਕਾਂ ਨੂੰ ਬਹੁਤ ਆਸਾਂ ਅਤੇ ਉਮੀਦਾਂ ਹਨ। ਪੰਜਾਬ ਦੇ ਲੋਕ ਇਨ੍ਹਾਂ ਤੇ ਆਸ ਲਾ ਕੇ ਬੈਠੇ ਹਨ। ਪਰ ਇਲਾਕੇ ਦੇ ਲੋਕ ਅਤੇ ਸਮਾਜ ਦਾ ਹਰ ਵਰਗ ਜਿਹੜਾ ਕਿ ਹੁਣ ਅਣਗੌਲਿਆ ਰਿਹਾ ਹੈ ਉਹ ਵੀ ਇਨ੍ਹਾਂ ਤੇ ਵੱਡੀਆਂ ਵੱਡੀਆਂ ਆਸਾਂ ਲਾਈ ਬੈਠਾ ਹੈ। ਮੈਂ ਇਨ੍ਹਾਂ ਦੀ ਚੰਗੀ ਸੋਚ ਅਤੇ ਦ੍ਰਿੜ੍ਹ ਇਰਾਦੇ ਤੋਂ ਅਤੇ ਚੰਗੇ ਨਿਸ਼ਚੇ ਨਾਲ ਬਣਾ ਕੇ ਪੇਸ਼ ਕੀਤੇ ਗਏ ਇਸ ਬਜਟ ਤੋਂ ਨਿਸ਼ਚੇ ਹੀ ਪੰਜਾਬ ਦੇ ਵਿਕਾਸ ਦੀ ਆਸ ਰਖਦਾ ਹਾਂ ਔਰ ਮੰਗ ਕਰਦਾ ਹਾਂ ਕਿ ਉਨ੍ਹਾਂ ਅਣਗੌਲੇ ਇਲਾਕਿਆਂ ਵੱਲ, ਅਣਗੌਲੇ ਵਰਗਾਂ ਵੱਲ ਔਰ ਉਹ ਲੋਕ ਜਿਹੜੇ ਵਾਕਿਆ ਹੀ ਅੱਜ ਇਹ ਚਾਹੁੰਦੇ ਹਨ ਕਿ ਉਨ੍ਹਾਂ ਵੱਲ ਕਿਸੇ ਨੇ ਕੋਈ ਧਿਆਨ ਨਹੀਂ ਦਿੱਤਾ ਉਨ੍ਹਾਂ ਵਾਸਤੇ ਵੀ ਬੇਨਤੀ ਕਰਦਾ ਹਾਂ ਅਤੇ ਇਨ੍ਹਾਂ ਤੋਂ ਆਸ ਰਖਦਾ ਹਾਂ ਅਤੇ ਬਜਟ ਸਪੀਚ ਦੀ ਪ੍ਰੋੜ੍ਹਤਾ ਕਰਦਾ ਹੋਇਆ, ਸ਼ਲਾਘਾ ਕਰਦਾ ਹਾਂ। ਅੰਤ ਵਿੱਚ ਮੈਂ ਖਿਮਾਂ ਦਾ ਜਾਚਕ ਹਾਂ। ਧੰਨਵਾਦ।

**ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ** (ਸਰਦਾਰ ਸੀਤਲ ਸਿੰਘ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਬਜਟ ਤੇ ਮੈਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਇਹ ਮੌਕਾ ਦਿੱਤਾ ਹੈ। ਇਸ ਤੋਂ ਪਹਿਲਾਂ ਕਿ ਮੈਂ ਇਸ ਸਦਨ ਵਿੱਚ ਬਜਟ ਦੇ ਬਾਰੇ ਆਪਣੇ ਵਿਚਾਰ ਸਾਂਝੇ ਕਰਾਂ, ਮੈਂ ਧੰਨਵਾਦੀ ਹਾਂ, ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਜਿਨ੍ਹਾਂ ਦੀ ਯੋਗ ਅਗਵਾਈ ਅਤੇ ਰਹਿਨੁਮਾਈ ਵਿੱਚ ਸਾਡੇ ਬਹੁਤ ਹੀ ਸਤਿਕਾਰਯੋਗ ਨੌਜਵਾਨ ਸਾਥੀ ਸਰਦਾਰ ਮਨਪ੍ਰੀਤ ਸਿੰਘ ਬਾਦਲ, ਫਾਇਨੈਂਸ ਮਿਨਿਸਟਰ ਸਾਹਿਬ ਨੇ ਇਹ ਬਜਟ ਬੜੀ ਮਿਹਨਤ ਨਾਲ, ਲਗਨ ਨਾਲ ਤਿਆਰ ਕੀਤਾ ਹੈ ਔਰ ਇਸ ਪਵਿੱਤਰ ਸਦਨ ਵਿੱਚ ਪੇਸ਼ ਕੀਤਾ ਹੈ। ਮੇਰੇ ਤੋਂ ਪਹਿਲਾਂ ਮੇਰੇ ਸਾਰੇ ਹੀ ਸੂਝਵਾਨ ਸਾਥੀ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਅਨੁਸਾਰ ਇਸ ਸਦਨ ਦੇ ਅੰਦਰ ਬਜਟ ਦੇ ਬਾਰੇ ਵਿਚਾਰ ਪੇਸ਼ ਕੀਤੇ ਹਨ। ਸੋ, ਮੈਂ ਬਹਿਸ ਸ਼ੁਰੂ ਕਰਦਾ ਹੋਇਆ ਕਹਿੰਦਾ ਹਾਂ ਕਿ ਬਜਟ ਵਿੱਚ ਸਮਾਜਿਕ ਸੁਰੱਖਿਆ, ਬਾਲ ਅਤੇ ਮਹਿਲਾ ਵਿਕਾਸ ਦੇ ਬਾਰੇ ਜੋ ਖਰਚਾ ਰੱਖਿਆ ਗਿਆ ਹੈ, ਕਿਉਂਕਿ ਬਾਦਲ ਸਾਹਿਬ ਦਾ ਇਹ ਅਸੂਲ ਹੈ ਕਿ ਜੋ ਉਨ੍ਹਾਂ ਨੇ ਚੋਣਾਂ ਵਿੱਚ ਕਿਹਾ ਹੈ, ਉਸ ਨੂੰ ਪੂਰਾ ਕੀਤਾ ਹੈ, ਜੋ ਵਾਅਦੇ ਕੀਤੇ ਹਨ, ਉਨ੍ਹਾਂ ਨੂੰ ਪੂਰਾ ਕੀਤਾ ਹੈ, ਉਸ ਤੇ ਪੂਰਾ ਉਤਰੇ ਹਨ। ਇਸ ਲਈ ਜੋ ਉਨ੍ਹਾਂ ਨੇ ਸਮਾਜਿਕ ਸਕਿਓਰਟੀ ਬਾਰੇ ਆਪਣੇ

Original with;
Punjab Vidhan Sabha
Digitized by;
Panjab Digital Library

ਵਿਚਾਰ ਬਜਟ ਵਿੱਚ ਦਿੱਤੇ ਹਨ, ਉਹ ਇਨ੍ਹਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਲਈ ਬਜਟ ਵਿੱਚ ਪੈਸਾ ਵੀ ਰੱਖਿਆ ਹੈ । ਸੋ, ਸਭ ਤੋਂ ਪਹਿਲਾਂ ਬੁਢਾਪਾ ਪੈਨਸ਼ਨ 10 ਲੱਖ 78 ਹਜ਼ਾਰ ਬੰਦਿਆਂ ਨੂੰ ਦਿੱਤੀ ਹੈ ਜਿਸ ਵਿੱਚ ਕਿ 72,000 ਮੁਹਤਾਜ ਬੱਚਿਆਂ ਨੂੰ, 92,000 ਹੈਂਡੀਕੈਪ ਵਿਅਕਤੀਆਂ ਨੂੰ ਅਤੇ 1.8 ਲੱਖ ਵਿਧਵਾ ਔਰਤਾਂ ਨੂੰ ਪੈਨਸ਼ਨ ਦਿੱਤੀ ਗਈ ਹੈ। ਇਸ ਦੇ ਨਾਲ ਹੀ 10.19 ਲੱਖ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸੇਵਾ ਸੰਭਾਲ ਲਈ ਪੈਸਾ ਰੱਖਿਆ ਗਿਆ ਹੈ । 1721 ਪਿੰਡਾਂ ਵਿੱਚ ਆਂਗਣਵਾੜੀ ਸੈਂਟਰ ਖੋਲ੍ਹੇ ਗਏ ਹਨ । ਉਸ ਤੋਂ ਬਾਅਦ ਟੈਕਸ ਲਗਾ ਕੇ ਇੱਕ ਡੈਡੀਕੇਟਿਡ ਫੰਡ ਸ਼ੋਸ਼ਲ ਸਕਿਓਰਟੀ ਵਾਸਤੇ ਕਾਇਮ ਕੀਤਾ ਹੈ ਤਾਂ ਕਿ ਕਿਸੇ ਕਿਸਮ ਦਾ ਸ਼ੋਸ਼ਲ ਸਕਿਓਰਟੀ ਲਈ ਘਾਟਾ ਨਾ ਰਹੇ ਅਤੇ ਜਦੋਂ ਵੀ ਲੋੜ ਪਵੇ ਤਾਂ ਉਸ ਫੰਡ ਵਿੱਚੋਂ ਪੂਰਾ ਕੀਤਾ ਜਾ ਸਕੇ ।

ਇਸ ਤੋਂ ਬਾਅਦ ਮੈਂ ਸ਼ੈਡਿਊਲਡ ਕਾਸਟ ਅਤੇ ਬੈਕਵਰਡ ਕਲਾਸਾਂ ਦੀ ਭਲਾਈ ਤੇ ਆਉਂਦਾ ਹਾਂ ਕਿਉਂਕਿ ਬਾਦਲ ਸਾਹਿਬ ਦਾ ਹਰ ਸਮੇਂ ਇਹੋ ਖਿਆਲ ਰਹਿੰਦਾ ਹੈ ਕਿ ਕਦੋਂ ਅਤੇ ਕਿਸ ਤਰੀਕੇ ਨਾਲ ਅਸੀਂ ਉਨ੍ਹਾਂ ਦੀ ਭਲਾਈ ਕਰ ਸਕਦੇ ਹਾਂ । ਸਾਨੂੰ ਵੀ ਉਹ ਇਹੋ ਹਦਾਇਤਾਂ ਕਰਦੇ ਹਨ ਕਿ ਤੁਸੀਂ ਵੀ ਵੱਧ ਤੋਂ ਵੱਧ ਸਮਾਂ ਉਨ੍ਹਾਂ ਵਿੱਚ ਜਾ ਕੇ ਗੁਜ਼ਾਰੋ, ਉਨ੍ਹਾਂ ਦੀਆਂ ਮੁਸ਼ਕਲਾਂ ਸੁਣੋ ਅਤੇ ਉਨ੍ਹਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰੋ । ਉਹ ਹਰ ਵਕਤ ਸ਼ਡਿਊਲਡ ਕਾਸਟਾਂ ਦੀ ਵੈਲਫੇਅਰ ਲਈ ਚਿੰਤੁਤ ਰਹਿੰਦੇ ਹਨ ਅਤੇ ਹਰ ਸਮੇਂ ਸੋਚਦੇ ਰਹਿੰਦੇ ਹਨ । ਉਨ੍ਹਾਂ ਨੇ ਸਭ ਤੋਂ ਪਹਿਲਾਂ ਗਰੀਬ ਆਦਮੀਆਂ ਲਈ ਆਟਾ ਦਾਲ ਸਕੀਮ ਦਾ ਵਾਅਦਾ ਚੋਣਾਂ ਵਿੱਚ ਕੀਤਾ ਹੈ । ਉਸ ਤੋਂ ਬਾਅਦ ਇਸ ਪਵਿੱਤਰ ਸਦਨ ਵਿੱਚ ਸਟੇਟਮੈਂਟ ਵੀ ਦਿੱਤੀ ਹੈ ਕਿ ਇਹ ਸਕੀਮ ਆਉਣ ਵਾਲੇ 15 ਅਗਸਤ ਤੋਂ ਚਾਲੂ ਕਰ ਦਿੱਤੀ ਜਾਵੇਗੀ । ਪਹਿਲਾਂ ਤਾਂ ਮੇਰੇ ਸਾਥੀ ਵੀਰਾਂ ਨੇ ਇਸ ਗੱਲ ਨੂੰ ਕਿਹਾ ਕਿ ਇਹ ਸ਼ਾਇਦ ਅਟਕਲਪੱਚੂ ਗੱਲਾਂ ਮਾਰਦੇ ਹਨ, ਇਸ ਨੂੰ ਕਿਵੇਂ ਪੂਰਾ ਕਰਨਗੇ ? ਕਿਉਂਜੋ ਇਨ੍ਹਾਂ ਦੀ ਇਸ ਤਰ੍ਹਾਂ ਕਰਨ ਦੀ ਆਦਤ ਹੈ । ਜਦੋਂ ਕਿਸਾਨਾਂ ਵਾਸਤੇ ਬਿਜਲੀ ਦੀਆਂ ਮੋਟਰਾਂ ਦੇ ਬਿੱਲ ਮੁਆਫ ਕਰਨ ਲਈ ਸਾਡੀ ਪਿਛਲੀ ਸਰਕਾਰ ਨੇ ਵਾਅਦਾ ਕੀਤਾ ਸੀ ਤਾਂ ਇਹ ਸਾਰੇ ਮੂੰਹ ਵਿੱਚ ਉਂਗਲਾਂ ਪਾ ਕੇ ਕਹਿੰਦੇ ਸਨ ਕਿ ਇਹ ਕਿਸ ਤਰ੍ਹਾਂ ਪੂਰਾ ਕਰ ਲੈਣਗੇ । ਬਾਦਲ ਸਾਹਿਬ ਨੇ ਉਹ ਵੀ ਵਾਅਦਾ ਪੂਰਾ ਕਰਕੇ ਵਿਖਾਇਆ ਅਤੇ ਬਿਜਲੀ ਦੀਆਂ ਮੋਟਰਾਂ ਦੇ ਕਿਸਾਨਾਂ ਦੇ ਬਿੱਲ ਮੁਆਫ ਕੀਤੇ । ਇਸੇ ਤਰ੍ਹਾਂ ਦੂਸਰੀਆਂ ਸਮੱਸਿਆਵਾਂ ਬਾਰੇ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਜੋ ਉਨ੍ਹਾਂ ਨੇ ਕਿਹਾ ਕਿ ਆਟਾ-ਦਾਲ ਸਕੀਮ 15 ਅਗਸਤ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ ਜੋ ਉਸ ਸਕੀਮ ਦੀ ਹਦੂਦ ਵਿੱਚ ਆਉਂਦੇ ਹਨ, ਉਨ੍ਹਾਂ ਨੂੰ ਇਹ ਹਰ ਹਾਲਤ ਵਿੱਚ ਮਿਲੇਗਾ ।

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ]

ਇਸ ਤੋਂ ਬਾਅਦ ਜੋ ਸਾਲ 1997 ਵਿੱਚ ਅਸੀਂ ਸ਼ਗਨ ਸਕੀਮ ਸ਼ੁਰੂ ਕੀਤੀ ਸੀ ਤਾਂ ਉਸ ਵੇਲੇ ਮੇਰੇ ਇਹ ਵੀਰ ਮਖੌਲ ਕਰਦੇ ਸਨ ਕਿ ਇਹ ਤਾਂ ਮਾਮਿਆਂ ਦੀ ਸਰਕਾਰ ਹੈ । ਉਸ ਤੋਂ ਬਾਅਦ ਜਦੋਂ ਇਨ੍ਹਾਂ ਵੀਰਾਂ ਦੀ ਸਰਕਾਰ ਬਣੀ ਤਾਂ ਇਹ ਇਸ ਤੋਂ ਵੀ ਅੱਗੇ ਲੰਘ ਗਏ । ਪਹਿਲਾਂ ਤਾਂ ਇਨ੍ਹਾਂ ਨੇ ਉਹ ਸ਼ਗਨ ਸਕੀਮ ਹੀ ਬੰਦ ਕਰ ਦਿੱਤੀ ਜਦੋਂ ਕਿ ਵਾਅਦਾ ਕੀਤਾ ਸੀ ਕਿ ਅਸੀਂ 5,100/- ਰੁਪਏ ਤੋਂ ਵਧਾ ਕੇ 15,000/- ਰੁਪਏ ਕਰਾਂਗੇ । ਪੂਰੇ ਸਾਢੇ ਚਾਰ ਸਾਲ ਤੱਕ ਇਨ੍ਹਾਂ ਨੇ ਕਿਸੇ ਨੂੰ ਵੀ ਇੱਕ ਪੈਸਾ ਨਹੀਂ ਦਿੱਤਾ । ਉਸ ਤੋਂ ਬਾਅਦ ਜਦੋਂ ਇਨ੍ਹਾਂ ਨੇ ਵੇਖਿਆ ਕਿ ਇਲੈਕਸ਼ਨਾਂ ਆ ਗਈਆਂ ਹਨ ਅਤੇ ਕਿਸੇ ਨੇ ਉਨ੍ਹਾਂ ਨੂੰ ਪਿੰਡਾਂ ਵਿੱਚ ਵੜਨ ਨਹੀਂ ਦੇਣਾ ਤਾਂ ਉਸ ਤੋਂ ਬਾਅਦ ਹੌਲੀ-ਹੌਲੀ ਇਨ੍ਹਾਂ ਨੇ ਕੁਝ ਐਪਲੀਕੇਸ਼ਨਾਂ ਕੱਢੀਆਂ, ਜਿਹੜੀਆਂ ਬਾਰੇ ਇਹ ਦੇਖਦੇ ਸੀ ਕਿ ਇਹ ਸਾਡੀ ਮਦਦ ਕਰਨਗੇ, ਉਨ੍ਹਾਂ ਵਿੱਚੋਂ ਕੁਝ ਬੰਦਿਆਂ ਨੂੰ ਲਾ ਦਿੱਤੀਆਂ । ਮੈਂ ਸਮਝਦਾ ਹਾਂ ਕਿ ਜੇਕਰ ਇਹ ਸਹੀ ਰੂਪ ਵਿੱਚ ਐਸ.ਸੀ. ਦੀ ਵੈਲਫੇਅਰ ਵਾਸਤੇ ਚਿੰਤੁਤ ਸਨ ਤਾਂ ਜਦੋਂ ਇਨ੍ਹਾਂ ਦੀ ਸਰਕਾਰ ਬਣੀ ਸੀ, ਉਦੋਂ ਤੋਂ ਹੀ ਇਸ ਸਕੀਮ ਨੂੰ ਚਾਲੂ ਕਰਨਾ ਚਾਹੀਦਾ ਹੈ । ਜੇਕਰ ਇਨ੍ਹਾਂ ਨੇ 15,000/- ਰੁਪਏ ਨਹੀਂ ਦੇਣੇ ਸੀ ਤਾਂ 5100/- ਰੁਪਏ ਉੱਤੇ ਸਾਢੇ ਚਾਰ ਸਾਲ ਦੇ ਵਿਆਜ ਸਮੇਤ ਪੂਰਾ ਕਰਨਾ ਚਾਹੀਦਾ ਸੀ। ਪਰ ਇਨ੍ਹਾਂ ਨੇ ਅਜਿਹਾ ਨਹੀਂ ਕੀਤਾ ਬਲਕਿ ਇਲੈਕਸ਼ਨਾਂ ਆਉਣ ਕਰਕੇ, ਪਿੰਡਾਂ ਵਿੱਚ ਵੜਨ ਦਾ ਬਹਾਨਾ ਕਰਕੇ, ਉਸ ਸਕੀਮ ਨੂੰ ਐਨ ਅਖੀਰਲੇ ਪਲਾਂ ਵਿੱਚ ਲਾਗੂ ਕੀਤਾ । ਇਸ ਤੋਂ ਬਾਅਦ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੀ ਐਸ.ਸੀਜ਼ ਦੀਆਂ ਧਰਮਸ਼ਾਲਾਵਾਂ ਵਾਸਤੇ ਜਿਹੜੀ ਸਕੀਮ ਸੀ, ਉਹ ਬਾਦਲ ਸਾਹਿਬ ਦੇ ਵੇਲੇ ਹੀ ਸ਼ੁਰੂ ਹੋਈ ਸੀ ਅਤੇ ਹੁਣ ਵੀ ਉਨ੍ਹਾਂ ਨੇ ਇਸ ਵਾਸਤੇ ਫੰਡ ਕਾਇਮ ਕੀਤੇ ਹਨ । ਨਵੀਆਂ ਧਰਮਸ਼ਾਲਾਵਾਂ ਬਣਾਉਣ ਵਾਸਤੇ, ਉਨ੍ਹਾਂ ਦੀ ਮੁਰੰਮਤ ਵਾਸਤੇ ਅਤੇ ਸੇਵਾ-ਸੰਭਾਲ ਵਾਸਤੇ 5 ਕਰੋੜ ਰੁਪਏ ਰੱਖੇ ਹਨ । ਇਸੇ ਤਰ੍ਹਾਂ ਅੰਬੇਦਕਰ ਭਵਨਾਂ ਵਾਸਤੇ ਵੀ 5.50 ਲੱਖ ਰੁਪਏ ਦੇ ਫੰਡ ਰੱਖੇ ਹਨ। ਜਿਹੜੀ ਸਭ ਤੋਂ ਵੱਡੀ ਸਕੀਮ ਸ਼ੁਰੂ ਕੀਤੀ ਹੈ ਕਿ ਵਪਾਰਕ ਤੇ ਪ੍ਰਾਈਵੇਟ ਲਾਇਸੰਸ ਲੈ ਕੇ ਉਡਾਣ ਦੀ ਸਿਖਲਾਈ ਦਿੰਦੇ ਹਨ, ਉਸ ਵਾਸਤੇ ਵੀ ਇੱਕ ਕਰੋੜ ਰੁਪਿਆ ਰੱਖਿਆ ਹੈ ਤਾਂ ਕਿ ਐਸ.ਸੀਜ਼. ਬੱਚੇ ਸਿਖਲਾਈ ਲੈਣ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇ ਮੌਕੇ ਮਿਲ ਸਕਣ । ਇਸ ਦੇ ਨਾਲ ਆਈ.ਟੀ.ਆਈਜ਼ ਵਿੱਚ ਉਦਯੋਗਿਕ ਸਿਖਲਾਈ ਵਾਸਤੇ ਅਤੇ ਹੋਰ ਸਕੀਮਾਂ ਵਾਸਤੇ ਵੀ 7.00 ਕਰੋੜ ਰੁਪਇਆ ਬਜਟ ਵਿੱਚ ਰੱਖਿਆ ਗਿਆ ਹੈ । ਇਸਦੇ ਨਾਲ ਹੀ 10+2 ਦੀਆਂ ਵਿਦਿਆਰਥਣਾਂ ਜਿਹੜੀਆਂ ਪੈਸੇ ਦੀ ਘਾਟ ਹੋਣ ਕਰਕੇ ਸਕੂਲ ਛੱਡ ਜਾਂਦੀਆਂ ਸਨ, ਉਨ੍ਹਾਂ ਨੂੰ ਵੀ ਉਤਸ਼ਾਹਿਤ ਕਰਨ ਵਾਸਤੇ ਇੱਕ ਕਰੋੜ ਰੁਪਿਆ ਬਜਟ ਵਿੱਚ ਰੱਖਿਆ ਗਿਆ ਹੈ ਤਾਂ ਕਿ ਉਨ੍ਹਾਂ ਨੂੰ ਵਜ਼ੀਫਾ ਮਿਲ ਸਕੇ ਅਤੇ ਉਹ ਆਪਣੀ

Original with;
Punjab Vidhan Sabha
Digitized by;
Panjab Digital Library

ਪੜ੍ਹਾਈ ਜਾਰੀ ਰੱਖ ਸਕਣ । ਇਸੇ ਤਰ੍ਹਾਂ ਪ੍ਰਾਈਵੇਟ ਕਾਲਿਜ, ਜਿੰਨੇ ਵੀ ਚੱਲ ਰਹੇ ਹਨ, ਇਹ ਸਕੀਮ ਪਹਿਲੀ ਵੇਰ ਸਾਡੇ ਮਾਨਯੋਗ ਸਾਡੇ ਛੋਟੇ ਵੀਰ ਅਤੇ ਕਾਬਲ ਸਾਥੀ ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਨੇ ਲਿਆਂਦੀ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ, ਨਰਸਿੰਗ ਸਕੂਲਾਂ ਵਿੱਚ ਜਿਹੜੀਆਂ ਲੜਕੀਆਂ ਨਰਸਿੰਗ ਦਾ ਕੋਰਸ ਕਰ ਰਹੀਆਂ ਹਨ, ਉਨ੍ਹਾਂ ਦੀ ਫ਼ੀਸ ਮੁਆਫ਼ੀ ਲਈ 2 ਕਰੋੜ ਰੁਪਏ ਦੇ ਫੰਡਜ਼ ਰੱਖੇ ਗਏ ਹਨ। ਇਸੇ ਤਰ੍ਹਾਂ ਉਹ ਸੰਸਥਾਵਾਂ ਜਿਹੜੀਆਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਸਮਾਜਿਕ ਭਲਾਈ ਲਈ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਵੀ 2 ਕਰੋੜ 50 ਲੱਖ ਰੁਪਏ ਰੱਖੇ ਗਏ ਹਨ। ਇਸੇ ਤਰ੍ਹਾਂ ਬੈਕਫਿੰਕੋ ਵਿੱਚੋਂ ਜਿਨ੍ਹਾਂ ਗਰੀਬ ਲੋਕਾਂ ਨੇ ਲੋਨ ਲਿਆ ਹੈ, ਉਨ੍ਹਾਂ ਦੀ ਵੰਨ ਟਾਈਮ ਸੈਟਲਮੈਂਟ ਲਈ ਵੀ 5 ਕਰੋੜ 20 ਲੱਖ ਰੁਪਏ ਰੱਖੇ ਗਏ ਹਨ ਅਤੇ ਸ਼ੈਡਿਊਲਡ ਕਾਸਟ ਕਾਰਪੋਰੇਸ਼ਨ ਲਈ 8.50 ਕਰੋੜ ਰੁਪਏ ਰੱਖੇ ਗਏ ਹਨ । ਇਸੇ ਤਰ੍ਹਾਂ 200 ਯੂਨਿਟ ਬਿਜਲੀ ਦੇ ਵੀ ਦਲਿਤ ਪ੍ਰਵਾਰਾਂ ਨੂੰ ਮੁਫਤ ਦਿਤੇ ਗਏ ਹਨ ਅਤੇ 1,280 ਕਰੋੜ ਰੁਪਏ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਦਿਹਾਤਾਂ ਵਿੱਚ ਜਨ ਵਿਕਾਸ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਇਸਦੇ ਨਾਲ 2,124 ਪਿੰਡ ਜਿਹੜੇ ਪਹਿਲਾਂ ਨਹੀਂ ਲਏ ਸਨ, ਲਏ ਗਏ ਹਨ ਅਤੇ ਅੰਸ਼ਕ 920 ਪਿੰਡ ਵੀ ਸ਼ਾਮਿਲ ਕੀਤੇ ਗਏ ਹਨ । 1620 ਪਿੰਡਾਂ ਵਿੱਚ ਸੀਵਰੇਜ਼ ਮੁਹੱਈਆ ਕਰਵਾਇਆ ਗਿਆ ਹੈ ਅਤੇ 100 ਪਿੰਡਾਂ ਵਿੱਚ ਸਫਾਈ ਲਈ ਵੀ ਬਜਟ ਰੱਖਿਆ ਗਿਆ ਹੈ । ਸਤਲੁੱਜ ਦਰਿਆ ਤੇ ਜਿੱਥੇ ਦਿਹਾਤੀ ਜਲ ਸਪਲਾਈ ਵਾਸਤੇ, ਕਿਉਂਕਿ ਮੈਂ ਪੇਂਡੂ ਇਲਾਕੇ ਨੂੰ ਰਿਪਰੈਜੈਂਟ ਕਰਦਾ ਹਾਂ, ਸਤਲੁਜ ਦਰਿਆ ਤੇ ਜਿੰਨੇ ਵੀ ਪਿੰਡ ਹਨ, ਉਨ੍ਹਾਂ ਦਾ ਪਾਣੀ ਪੀਣ ਦੇ ਯੋਗ ਨਹੀਂ ਹੈ, ਇੱਥੋਂ ਤੱਕ ਕਿ ਨਾਲ ਦੇ ਪਿੰਡਾਂ ਦੇ ਨਲਕੇ ਦਾ ਪਾਣੀ ਵੀ ਜੇ ਕਿਸੇ ਬਰਤਨ ਵਿੱਚ ਰੱਖ ਦਈਏ ਤਾਂ ਉਸ ਤੇ ਕਾਈ ਜੰਮ ਜਾਂਦੀ ਹੈ । ਇਸ ਲਈ ਵਿੱਤ ਮੰਤਰੀ ਜੀ ਨੂੰ ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਪਿੰਡਾਂ ਵਿੱਚ ਰਹਿਣ ਵਾਸਤੇ ਪੀਣ ਵਾਲੇ ਪਾਣੀ ਦਾ ਖਾਸ ਤੌਰ ਤੇ ਧਿਆਨ ਰੱਖਿਆ ਜਾਵੇ, ਉੱਥੇ ਜਲ ਸਪਲਾਈ ਜ਼ਰੂਰ ਹੋਣੀ ਚਾਹੀਦੀ ਹੈ ਕਿਉਂਕਿ ਪਾਣੀ ਤੋਂ ਬਿਨਾਂ ਕੋਈ ਇਨਸਾਨ ਆਪਣੀ ਜ਼ਿੰਦਗੀ ਨਹੀਂ ਜਿਉਂ ਸਕਦਾ । ਇਸੇ ਤਰ੍ਹਾਂ ਨਾਬਾਰਡ ਸਕੀਮਾਂ ਵਿੱਚ ਵੀ ਜਲ ਸਪਲਾਈ ਦੀਆਂ ਸਕੀਮਾਂ ਚਲ ਰਹੀਆਂ ਹਨ । ਬਾਕੀ ਪਿੰਡ ਵੀ ਜਿਹੜੇ ਰਹਿ ਗਏ ਹਨ, ਉਹ ਜਲ ਸਪਲਾਈ ਅਧੀਨ ਕਵਰ ਕੀਤੇ ਜਾਣਗੇ ਅਤੇ ਸਾਡੀ ਸਰਕਾਰ ਦਾ ਇਹ ਤਹੱਈਆ ਹੈ ਕਿ ਕੋਈ ਪਿੰਡ ਪੀਣ ਵਾਲੇ ਪਾਣੀ ਤੋਂ ਬਿਨਾਂ ਨਾ ਰਹੇ।

ਇਸ ਦੇ ਬਾਅਦ, ਮੈਂ ਸਿੱਖਿਆ ਬਾਰੇ ਦੱਸਣਾ ਚਾਹੁੰਦਾ ਹਾਂ ਸਿੱਖਿਆ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨਾਂ ਕੋਈ ਵੀ ਬੱਚਾ ਆਪਣੇ ਕਾਰੋਬਾਰ ਵਿੱਚ,

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ]

ਜ਼ਿੰਦਗੀ ਵਿੱਚ ਤਰੱਕੀ ਨਹੀਂ ਕਰ ਸਕਦਾ । ਖਾਸ ਕਰਕੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਨਹਾਇਤ ਜ਼ਰੂਰੀ ਹਨ ਕਿਉਂਕਿ ਗਰੀਬ ਪ੍ਰਵਾਰਾਂ ਦੇ ਬੱਚੇ ਪਿੰਡਾਂ ਵਿੱਚ ਹੀ ਪੜ੍ਹਦੇ ਹਨ ਅਤੇ ਅਮੀਰ ਪ੍ਰਵਾਰਾਂ ਦੇ ਬੱਚੇ ਤਾਂ ਮਾਡਲ ਸਕੂਲਾਂ ਵਿੱਚ ਲਗ ਜਾਂਦੇ ਹਨ ਪਰ ਜਿਹੜੇ ਗਰੀਬ ਪ੍ਰਵਾਰਾਂ ਦੇ ਬੱਚੇ ਹਨ, ਬੇਸ਼ੱਕ ਪ੍ਰਾਇਮਰੀ ਐਜੂਕੇਸ਼ਨ ਹੈ, ਉਹ ਸਰਕਾਰੀ ਸਕੂਲਾਂ ਵਿੱਚੋਂ ਹੀ ਲੈਂਦੇ ਹਨ, ਪਰ ਇਸਦੇ ਵਾਸਤੇ ਜੋ ਪਿਛਲੀ ਸਰਕਾਰ ਦਾ ਰਵੱਈਆ ਸੀ, ਬਹੁਤ ਸਾਰੇ ਸਕੂਲ ਟੀਚਰਾਂ ਤੋਂ ਖਾਲੀ ਪਏ ਸੀ ਪਰ ਸਾਡੀ ਸਰਕਾਰ ਨੇ ਇਹ ਤਹੱਈਆ ਕੀਤਾ ਹੈ ਕਿ ਛੇਤੀ ਹੀ ਟੀਚਰਾਂ ਦੀ ਨਵੀਂ ਭਰਤੀ ਕਰਕੇ ਉਨ੍ਹਾਂ ਸਕੂਲਾਂ ਵਿੱਚ ਟੀਚਰ ਮੁਹੱਈਆ ਕਰਵਾਏ ਜਾਣਗੇ ਤਾਂ ਕਿ ਬੱਚਿਆਂ ਦੀ ਪੜ੍ਹਾਈ ਵਿੱਚ ਸੁਧਾਰ ਹੋ ਸਕੇ । ਇਸ ਤੋਂ ਅੱਗੇ ਕਲਾਸ ਰੂਮ ਬਣਾਉਣ ਵਾਸਤੇ, ਉਨ੍ਹਾਂ ਵਿੱਚ ਸੁਧਾਰ ਵਾਸਤੇ ਫੰਡ ਰੱਖੇ ਗਏ ਹਨ। ਸਰਕਾਰੀ ਕਾਲਜਾਂ ਦਾ ਦਰਜਾ ਵਧਾਉਣ ਲਈ ਸਰਕਾਰ ਨੇ ਆਪਣੇ ਬਜਟ ਵਿੱਚ ਫੰਡ ਮੁਹੱਈਆ ਕੀਤੇ ਹਨ । ਇਸ ਦੇ ਨਾਲ ਹੀ ਪਟਿਆਲਾ ਵਿਖੇ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਲਈ 15 ਕਰੋੜ ਰੁਪਏ ਰੱਖੇ ਗਏ ਹਨ । ਇਸੇ ਤਰ੍ਹਾਂ ਹੀ ਗਿੱਦੜਬਾਹਾ ਵਿਖੇ ਸਾਇੰਸ ਕਾਲਜ ਵਿੱਚ ਬੀ.ਐਡ.ਤੇ ਹੋਰ ਕਲਾਸਾਂ ਸ਼ੁਰੂ ਕਰਨ ਵਾਸਤੇ ਵੀ ਫੰਡਜ਼ ਰੱਖੇ ਗਏ ਹਨ । ਇਸ ਤੋਂ ਅੱਗੇ ਮੈਂ ਸਿਹਤ ਅਤੇ ਡਾਕਟਰੀ ਸਿੱਖਿਆ ਤੇ ਬੋਲਣਾ ਚਾਹੁੰਦਾ ਹਾਂ । ਇਨਸਾਨ ਦੀ ਜ਼ਿੰਦਗੀ ਵਾਸਤੇ ਸਿਹਤ ਸੇਵਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ । ਪਿੰਡਾਂ ਵਿੱਚ ਡਿਸਪੈਂਸਰੀਆਂ ਦੀ ਹਾਲਤ ਬਹੁਤ ਮਾੜੀ ਹੈ ਕਿਉਂਕਿ ਉਥੇ ਅੱਵਲ ਤਾਂ ਡਾਕਟਰ ਮਿਲਦਾ ਹੀ ਨਹੀਂ ਅਤੇ ਜੇ ਮਿਲਦਾ ਹੈ ਤਾਂ ਉਥੇ ਪਰਚੀ ਤੋਂ ਬਿਨਾਂ ਦਵਾਈ ਨਹੀਂ ਮਿਲਦੀ । ਮੈਂ ਬੇਨਤੀ ਕਰਾਂਗਾ, ਫਾਇਨਾਂਸ ਮਿਨਿਸਟਰ ਧਿਆਨ ਦੇਣ ਕਿ ਨਗਰਾਂ ਦੇ ਜਿਹੜੇ ਹਸਪਤਾਲ ਹਨ, ਉਥੇ ਤਾਂ ਹੋਰ ਸਹੂਲਤਾਂ ਹਨ, ਇਸ ਤੋਂ ਇਲਾਵਾ ਵੀ ਉਥੇ ਸੁਧਾਰ ਕਰਨ, ਬਜਟ ਰੱਖਿਆ ਜਾਵੇ ਪਰ ਜਿਹੜੀਆਂ ਪਿੰਡਾਂ ਦੀਆਂ ਡਿਸਪੈਂਸਰੀਆਂ ਹਨ, ਉਥੇ ਵੀ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਗਰੀਬ ਪਰਿਵਾਰ ਆਪਣੀ ਬਿਮਾਰੀ ਦਾ ਇਲਾਜ ਕਰਵਾ ਸਕਣ ਤੇ ਉਨ੍ਹਾਂ ਡਿਸਪੈਂਸਰੀਆਂ ਵਿੱਚੋਂ ਦਵਾਈਆਂ ਵੀ ਮਿਲਣੀਆਂ ਚਾਹੀਦੀਆਂ ਹਨ । ਮੇਰਾ ਇਲਾਕਾ ਧਰਮਕੋਟ ਹੈ । ਇਹ ਪੇਂਡੂ ਇਲਾਕਾ ਹੈ । ਸਾਡੇ ਧਰਮਕੋਟ ਦੇ ਪਿੰਡ ਕੋਟ ਈਸੇ ਖਾਂ ਵਿਖੇ ਪ੍ਰਾਇਮਰੀ ਹੈਲਥ ਸੈਂਟਰ ਹੈ ਔਰ ਇਸ ਤੋਂ ਇਲਾਵਾ ਉਥੇ ਹੋਰ ਕੋਈ ਡਿਸਪੈਂਸਰੀ ਦੀ ਸਹੂਲਤ ਨਹੀਂ ਹੈ । ਮੇਰੀ ਐਫ.ਐਮ.ਸਾਹਿਬ ਨੂੰ ਬੇਨਤੀ ਹੈ ਕਿ ਪ੍ਰਾਇਮਰੀ ਹੈਲਥ ਸੈਂਟਰ ਤੋਂ ਇਲਾਵਾ ਧਰਮਕੋਟ ਵਿਖੇ ਇੱਕ ਇਹੋ ਜਿਹਾ ਹਸਪਤਾਲ ਬਣਾਇਆ ਜਾਵੇ ਜਿਥੇ ਕਿ ਬੀਬੀਆਂ, ਔਰਤਾਂ ਆਪਣਾ ਇਲਾਜ ਕਰਵਾ ਸਕਣ, ਉਥੇ ਮਾਹਿਰ ਡਾਕਟਰ ਬੈਠਣ। ਇਹ ਹਸਪਤਾਲ ਘੱਟ ਤੋਂ ਘੱਟ 50 ਬਿਸਤਰਿਆਂ ਦਾ ਹੋਵੇ । ਇਹ ਹਸਪਤਾਲ ਧਰਮਕੋਟ ਵਿੱਚ ਹੋਵੇ ਕਿਉਂਕਿ ਧਰਮਕੋਟ ਨਾਲ 150 ਪਿੰਡ ਲੱਗਦੇ ਹਨ । ਇਹ

Original with;
Punjab Vidhan Sabha
Digitized by;
Panjab Digital Library

ਹਸਪਤਾਲ 150 ਪਿੰਡਾਂ ਨੂੰ ਕਵਰ ਕਰੇ । ਮੇਰੀ ਬੇਨਤੀ ਹੈ ਕਿ ਇਸ ਪਾਸੇ ਵੱਧ ਤੋਂ ਵੱਧ ਧਿਆਨ ਦਿੱਤਾ ਜਾਵੇ । ਉਥੇ ਸਿਵਲ ਡਿਸਪੈਂਸਰੀ ਵੀ ਜ਼ਰੂਰ ਖੋਲ੍ਹਣੀ ਚਾਹੀਦੀ ਹੈ ਤਾਂ ਕਿ ਗਰੀਬ ਪਰਿਵਾਰ ਸੇਵਾਵਾਂ ਪ੍ਰਾਪਤ ਕਰ ਸਕਣ । ਡਿਪਟੀ ਸਪੀਕਰ ਸਾਹਿਬ, ਅੱਜ ਕਲ੍ਹ ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ ਬਹੁਤ ਵਧ ਗਿਆ ਹੈ । ਇਸ ਬਾਰੇ ਅਸੀਂ ਸਾਰੇ ਚਿੰਤੁਤ ਹਾਂ । ਸਾਡੀ ਸਰਕਾਰ ਨੇ ਤਹੱਈਆ ਕੀਤਾ ਹੈ ਕਿ ਸਾਰੇ ਹਸਪਤਾਲਾਂ ਵਿੱਚ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਜਾਣਗੇ ਔਰ ਉਥੇ ਵੱਧ ਤੋਂ ਵੱਧ ਫੰਡ ਮੁਹੱਈਆ ਕੀਤੇ ਜਾਣਗੇ । ਇਸ ਤਰ੍ਹਾਂ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਇਆ ਜਾਵੇਗਾ ਕਿਉਂਕਿ ਨੌਜਵਾਨ ਪੀੜ੍ਹੀ ਕੌਮ ਦਾ, ਦੇਸ਼ ਦਾ ਸਰਮਾਇਆ ਹੈ, ਇਸ ਨੂੰ ਬਚਾਉਣਾ ਸਾਡਾ ਫਰਜ਼ ਹੈ । ਇਸ ਦੇ ਨਾਲ ਹੀ ਬਜਟ ਵਿੱਚ 25 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ ਕਿਉਂਕਿ ਤਿੰਨ ਮੈਡੀਕਲ ਕਾਲਜ, ਦੋ ਡੈਂਟਲ ਕਾਲਜ ਅੰਮ੍ਰਿਤਸਰ ਤੇ ਪਟਿਆਲਾ, ਵਿਖੇ ਸੁਧਾਰ ਕਰਨਾ ਹੈ, ਇਨਫਰਾਸਟਰਕਚਰ ਦਾ ਪ੍ਰਬੰਧ ਕਰਨਾ ਹੈ । ਇਹ 25 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ ਔਰ ਆਯੁਰਵੈਦਿਕ ਕਾਲਜ, ਪਟਿਆਲਾ, ਵਾਸਤੇ ਵੀ 50 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ । ਡਿਪਟੀ ਸਪੀਕਰ ਸਾਹਿਬ, ਭਾਈ ਘੱਨਈਆ ਸਿਹਤ ਸੇਵਾ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਦੇ ਤਹਿਤ ਸਹਿਕਾਰੀ ਸੁਸਾਇਟੀਆਂ ਦੇ ਮੈਂਬਰਾਂ ਲਈ ਦੋ ਲੱਖ ਰੁਪਏ, ਹਰ ਮੈਂਬਰ ਵਾਸਤੇ ਮੈਡੀਕਲ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ । ਇਹ ਬਹੁਤ ਵੱਡਾ ਕਦਮ ਹੈ ਕਿਉਂਕਿ ਕਈ ਵਾਰੀ ਇਲਾਜ ਖੁਣੋਂ ਕਿਉਂਕਿ ਇੰਨੇ ਪੈਸਿਆਂ ਦਾ ਇੰਤਜ਼ਾਮ ਨਹੀਂ ਹੋ ਸਕਦਾ, ਬੰਦਾ ਸਿਹਤ ਤੋਂ ਹੱਥ ਧੋ ਬੈਠਦਾ ਹੈ, ਜਾਨ ਤੋਂ ਹੱਥ ਧੋ ਬੈਠਦਾ ਹੈ । ਇਹ ਬੜੀ ਵੱਡੀ ਸਕੀਮ ਹੈ । (ਆਵਾਜ਼ : ਪ੍ਰੀਮੀਅਮ ਤਾਂ ਆਪ ਹੀ ਦੇਣਾ ਹੈ ।) ਪ੍ਰੀਮੀਅਮ ਵਾਸਤੇ ਦੋ ਸਕੀਮਾਂ ਚੱਲ ਰਹੀਆਂ ਹਨ । ਇੰਦਰਾ ਆਵਾਸ ਯੋਜਨਾ ਉਸ ਦੇ ਵਾਸਤੇ ਸਰਕਾਰ ਨੇ ਨਿਸ਼ਚਿਤ ਕੀਤੀ ਹੈ । ਇਹ ਸਾਰਾ ਪ੍ਰੀਮੀਅਮ ਸਰਕਾਰ ਅਦਾ ਕਰੇਗੀ । ....... (ਵਿਘਨ) ਮੇਰੀ ਬੇਨਤੀ ਸੁਣੋ । ਇੰਦਰਾ ਆਵਾਸ ਯੋਜਨਾ ਦੇ ਅੰਦਰ ਜੋ ਸਕੀਮ ਚਲਦੀ ਹੈ........ (ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਸੀਤਲ ਸਿੰਘ ਜੀ, ਤੁਸੀਂ ਮੇਰੇ ਨਾਲ ਗੱਲ ਕਰੋ ।

**ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ** : ਮੈਂ ਤਾਂ ਇਹੀ ਬੇਨਤੀ ਕਰਦਾ ਹਾਂ ਕਿ ਇੰਦਰਾ ਆਵਾਸ ਯੋਜਨਾ ਦੇ ਤਹਿਤ ਜਿੰਨੇ ਵੀ ਪਰਿਵਾਰ ਲਏ ਗਏ ਹਨ, ਉਨ੍ਹਾਂ ਦਾ ਪ੍ਰੀਮੀਅਮ ਰਾਜ ਸਰਕਾਰ ਨੇ ਅਦਾ ਕਰਨਾ ਹੈ । ਦੂਸਰਾ, ਜਿਹੜੇ ਬੀ.ਪੀ.ਐਲ. ਵਾਲੇ ਹਨ, ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਉਸ ਹਰ ਪਰਿਵਾਰ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ]

ਨੇ 100 ਰੁਪਿਆ ਪ੍ਰਤੀ ਸਾਲ ਦੇਣਾ ਹੈ ਅਤੇ ਬਾਕੀ ਜਿਹੜਾ ਪ੍ਰੀਮੀਅਮ ਹੈ, ਉਹ ਪੰਜਾਬ ਸਰਕਾਰ ਨੇ ਅਦਾ ਕਰਨਾ ਹੈ ।

ਇਸ ਤੋਂ ਬਾਅਦ, ਮੈਂ ਖੇਤੀਬਾੜੀ ਦੇ ਖੇਤਰ ਵਿੱਚ ਵੀ ਆਉਂਦਾ ਹਾਂ । ਇਸ ਤੋਂ ਪਹਿਲਾਂ ਜਿਹੜੀ ਪਿਛਲੀ ਸਰਕਾਰ ਸੀ, ਉਨ੍ਹਾਂ ਨੇ ਬੜਾ ਹੀ ਰੌਲਾ ਪਾਇਆ । ਡਾਈਵਰਸੀਫਿਕੇਸ਼ਨ ਉਤੇ ਕਰੋੜਾਂ ਰੁਪਿਆ ਅਖਬਾਰਾਂ ਵਿੱਚ ਐਡਵਰਟਾਈਜ਼ਮੈਂਟ ਉਤੇ ਲਗਾ ਦਿੱਤੇ, ਟੈਲੀਵੀਜ਼ਨ ਤੇ ਕਰੋੜਾਂ ਰੁਪਿਆ ਲਗਾ ਦਿੱਤਾ । ਦੋ-ਦੋ ਪੇਜ ਹਰ ਅਖਬਾਰ ਦੇ ਫੋਟੋਆਂ ਨਾਲ ਭਰੇ ਹੁੰਦੇ ਸੀ ਔਰ ਇਸ ਤਰ੍ਹਾਂ ਕਰੋੜਾਂ ਰੁਪਏ ਲਗਾ ਦਿੱਤੇ । ਉਹੀ ਕਰੋੜਾਂ ਰੁਪਏ ਜੋ ਐਡਵਰਟਾਈਜ਼ਮੈਂਟ ਤੇ ਖਰਚ ਕਰਦੇ ਸੀ, ਟੀ.ਵੀ. ਤੇ ਖਰਚ ਕਰਦੇ ਸੀ, ਜੇਕਰ ਡਿਪਾਰਟਮੈਂਟ ਨੂੰ ਦੇ ਦਿੰਦੇ ਤਾਂ ਉਸ ਨਾਲ ਕਿੰਨਾ ਸੁਧਾਰ ਹੁੰਦਾ । ਖੇਤੀਬਾੜੀ ਵਿੱਚ ਕਿੰਨਾ ਸੁਧਾਰ ਹੁੰਦਾ । ਮੈਂ ਕਹਿੰਦਾ ਹਾਂ ਕਿ ਇਹ ਇੱਕ ਗੱਲ ਦੀਆਂ ਬੜੀਆਂ ਡੀਂਗਾਂ ਮਾਰਦੇ ਸੀ ਕਿ ਬੀ.ਟੀ. ਕਾਟਨ ਅਸੀਂ ਲਿਆਂਦੀ ਹੈ । ਇਨ੍ਹਾਂ ਕੋਲ ਹੋਰ ਕੋਈ ਬੋਲਣ ਵਾਲੀ ਗੱਲ ਹੈ ਹੀ ਨਹੀਂ ਸੀ । ਬੀ.ਟੀ. ਕਾਟਨ ਦੇ ਬੀਜ ਦਾ ਰੇਟ ਸਾਡੀ ਸਰਕਾਰ ਨੇ 1350/- ਰੁਪਏ ਕਿੱਲੋ ਤੋਂ ਘਟਾ ਕੇ 750/- ਰੁਪਏ ਕਿੱਲੋ ਕੀਤਾ ਹੈ । ਇਸ ਨਾਲ ਕਿਸਾਨਾਂ ਨੂੰ 60 ਲੱਖ ਰੁਪਏ ਦਾ ਸਿੱਧਾ ਲਾਭ ਹੋਇਆ ਹੈ । (ਆਵਾਜ਼ : 60 ਕਰੋੜ ਰੁਪਏ ਦਾ ਫਾਇਦਾ ਹੈ ।) ਸੋਰੀ, 60 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ। ਡਾਈਵਰਸੀਫਿਕੇਸ਼ਨ ਬਾਰੇ ਮੈਂ ਕਹਿੰਦਾ ਹਾਂ ਕਿ ਅਗਰ ਜ਼ਿਮੀਂਦਾਰ ਕਣਕ ਤੇ ਝੋਨੇ ਤੋਂ ਇਲਾਵਾ ਕੋਈ ਹੋਰ ਫਸਲ ਬੀਜਦਾ ਹੈ ਤਾਂ ਉਸ ਦਾ ਮੰਡੀਕਰਣ ਵੀ ਹੋਣਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿਉਂਕਿ ਕਈ ਵਾਰ ਕਿਸਾਨ ਨੇ ਦੂਸਰੀਆਂ ਫ਼ਸਲਾਂ ਬੀਜ ਕੇ ਵੇਖੀਆਂ ਹਨ ਪਰ ਉਹ ਵਿਕਦੀਆਂ ਨਹੀਂ ਸਨ । ਇਸ ਕਰਕੇ ਉਸ ਨੂੰ ਕਣਕ ਤੇ ਝੋਨੇ ਵੱਲ ਆਉਣਾ ਪੈਂਦਾ ਸੀ । ਪਰ ਸਾਡੀ ਸਰਕਾਰ ਨੇ ਮੰਡੀਕਰਣ ਦਾ ਖਾਸ ਪ੍ਰਬੰਧ ਕੀਤਾ ਹੈ । ਹੁਸ਼ਿਆਰਪੁਰ, ਲੁਧਿਆਣਾ, ਜਲੰਧਰ, ਮੁਕਤਸਰ ਇਹ ਚਾਰ ਸੈਂਟਰ ਖੋਲ੍ਹਾਂਗੇ । (ਆਵਾਜ਼ : ਅਜੇ ਜੀਰੀ ਨੇ ਆਉਣਾ ਹੈ ।) ਹਾਂ ਜੀ । ਤੁਹਾਡੇ ਨਾਲੋਂ ਪਹਿਲਾਂ ਚੁਕਾਵਾਂਗੇ । ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਜਿਹੜੇ ਸਹਾਇੱਕ ਤੇ ਸਹਿਯੋਗੀ ਧੰਦੇ ਹਨ, ਉਨ੍ਹਾਂ ਦੇ ਵਿੱਚ ਵੱਧ ਤੋਂ ਵੱਧ ਧਿਆਨ ਦੇ ਕੇ ਕਿਸਾਨਾਂ ਦਾ ਧਿਆਨ ਇਧਰ ਲਿਆਉਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਧੰਦਿਆਂ ਵਿੱਚ ਜਾ ਕੇ ਉਹ ਆਪਣੀ ਆਮਦਨ ਵਧਾ ਸਕਣ । ਤਾਂ ਹੀ ਕਣਕ ਝੋਨੇ ਦਾ ਭਾਰ ਹੌਲਾ ਹੋ ਸਕਦਾ ਹੈ । ਇਸ ਲਈ ਸਾਡੀ ਸਰਕਾਰ ਨੇ ਇਨ੍ਹਾਂ ਧੰਦਿਆਂ ਨੂੰ ਪ੍ਰਫੁਲਿਤ ਕਰਨ ਵਾਸਤੇ ਜ਼ਿਮੀਂਦਾਰ ਦੀ ਆਮਦਨ ਵਧਾਉਣ ਵਾਸਤੇ ਬਜਟ ਵਿੱਚ ਖਾਸ ਤੌਰ ਤੇ ਫੰਡ ਮੁਹੱਈਆ ਕੀਤੇ ਹਨ ।

Original with;
Punjab Vidhan Sabha
Digitized by;
Panjab Digital Library

ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਜਿਥੇ, ਐਫ.ਐਮ. ਸਾਹਿਬ ਤੁਸੀਂ ਬਜਟ ਵਿੱਚ ਇੰਨੀ ਰਕਮ ਮੁਹੱਈਆ ਕਰਦੇ ਹੋ, ਉਥੇ ਸਾਡੇ ਹਲਕੇ ਧਰਮਕੋਟ ਵਿੱਚ ਜੋ ਪਿੰਡ ਪੈਂਦੇ ਹਨ, ਉਨ੍ਹਾਂ ਵਿੱਚ ਸਬਜ਼ੀ, ਲਸਣ ਅਤੇ ਮਿਰਚਾਂ ਸਭ ਤੋਂ ਵੱਧ ਪੈਦਾ ਹੁੰਦੀਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਦੂਸਰੇ ਸ਼ਹਿਰਾਂ ਵਿੱਚ ਸੈਂਟਰ ਬਣਾਏ ਹਨ, ਉਸੇ ਤਰ੍ਹਾਂ ਧਰਮਕੋਟ ਵਿਖੇ, ਜਲੰਧਰ ਰੋਡ ਤੇ ਜੇ ਸੈਂਟਰ ਬਣ ਜਾਂਦਾ ਹੈ ਤਾਂ ਇਸ ਨਾਲ ਸਾਡੇ ਜ਼ਿਮੀਂਦਾਰਾਂ ਨੂੰ ਬੜੀ ਵੱਡੀ ਸਹੂਲਤ ਹੋਵੇਗੀ। ਕਿਉਂਕਿ ਹੁਣ ਉਹ ਜਲੰਧਰ ਜਾਂ ਹੋਰ ਸ਼ਹਿਰਾਂ ਵਿੱਚ ਲੈ ਕੇ ਜਾਂਦੇ ਹਨ। ਅਗਰ ਉਥੇ ਮੰਡੀਕਰਣ ਸੈਂਟਰ ਬਣ ਜਾਵੇ ਤਾਂ ਬਹੁਤ ਵੱਡੀ ਸਹੂਲੈਤ ਮਿਲ ਜਾਵੇਗੀ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਥੇ ਹੋਰ ਕੇਂਦਰ ਬਣਾਉਣੇ ਹਨ ਉਥੇ ਧਰਮਕੋਟ ਵਿੱਚ ਵੀ ਅਜਿਹਾ ਕੇਂਦਰ ਬਣਾਇਆ ਜਾਵੇ ਜਿਥੇ ਜ਼ਿਮੀਂਦਾਰ ਆਪਣੀਆਂ ਸਬਜ਼ੀਆਂ ਲੈ ਕੇ ਆਉਣ ਤੇ ਉਥੋਂ ਹੀ ਬਾਹਰ ਭੇਜੀਆਂ ਜਾਣ। ਇਸ ਤੋਂ ਬਾਅਦ ਖੇਤੀਬਾੜੀ ਦੇ ਵਿਕਾਸ ਲਈ ਸਾਡੀ ਸਰਕਾਰ ਨੇ ਕਾਇਆ ਕਲਪ ਕਰਨ ਵਾਸਤੇ 32 ਕਰੋੜ ਰੁਪਿਆ ਰਖਿਆ ਹੈ। ਇਸ ਦੇ ਨਾਲ ਹੀ ਜੋ ਕੇਂਦਰ ਸਰਕਾਰ ਨੇ 100 ਕਰੋੜ ਰੁਪਿਆ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਦਿੱਤਾ ਹੈ ਅਤੇ ਸਾਡੀ ਸਰਕਾਰ ਨੇ 100 ਕਰੋੜ ਰੁਪਿਆ ਖੋਜ ਅਤੇ ਰਿਸਰਚ ਤੇ ਵਿਕਾਸ ਵਾਸਤੇ ਦਿਤਾ ਹੈ ਇਹ ਪੈਸਾ ਇਸੇ ਤੇ ਹੀ ਖਰਚਿਆ ਜਾਵੇਗਾ। ਇਸ ਦੇ ਨਾਲ ਹੀ ਸਰਕਾਰ ਨੇ 2007-08 ਵਿੱਚ 93 ਲੱਖ ਰੁਪਏ ਖੇਤੀਬਾੜੀ ਦੇ ਵਿਕਾਸ ਵਾਸਤੇ ਬਜਟ ਵਿੱਚ ਮੁਹੱਈਆ ਕੀਤੇ ਹਨ। ਜਿਥੇ ਅਸੀਂ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣਾ ਹੈ ਇਸ ਦੇ ਨਾਲ ਹੀ ਸਹਿਯੋਗੀ ਧੰਦਾ ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਨੂੰ ਪ੍ਰਫੁਲਿਤ ਕਰਨਾ ਵੀ ਜ਼ਰੂਰੀ ਹੈ। ਤਾਂ ਹੀ ਜ਼ਿਮੀਂਦਾਰ ਦੀ ਆਮਦਨ ਵਧਾਈ ਜਾ ਸਕਦੀ ਹੈ ਅਤੇ ਉਸ ਨੂੰ ਸੁਖ ਦਾ ਸਾਹ ਆ ਸਕਦਾ ਹੈ। ਇਸ ਨੂੰ ਪ੍ਰਫੁਲਿਤ ਕਰਨ ਵਾਸਤੇ ਜਿਹੜੀਆਂ ਡੇਅਰੀਆਂ ਘਾਟੇ ਕਾਰਨ ਬੰਦ ਹੋਣ ਦੇ ਕਿਨਾਰੇ ਸਨ, ਉਨ੍ਹਾਂ ਦੀ ਬਿਹਤਰੀ ਵਾਸਤੇ 50 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਤਾਂ ਕਿ ਇਹ ਫੇਰ ਤੋਂ ਸੁਰਜੀਤ ਹੋ ਸਕਣ। ਨਾਲ ਹੀ ਸਰਕਾਰ ਨੇ 3 ਰੁਪਿਆ ਲੀਟਰ ਦੁੱਧ ਦਾ ਭਾਅ ਵਧਾਇਆ ਹੈ ਤਾਂ ਕਿ ਡੇਅਰੀ ਵਾਲਿਆਂ ਨੂੰ ਲਾਭ ਮਿਲ ਸਕੇ। ਸਭ ਤੋਂ ਵੱਡਾ ਕੰਮ ਲੁਧਿਆਣਾ ਵਿੱਚ ਗੁਰੂ ਅੰਗਦ ਦੇਵ ਪਸ਼ੂ ਵਿਗਿਆਨ ਯੂਨੀਵਰਸਿਟੀ ਖੋਲ੍ਹੀ ਗਈ ਹੈ। ਉਸ ਨਾਲ ਬੁਨਿਆਦੀ ਢਾਂਚੇ ਅਤੇ ਕੰਮ ਕਾਰ ਵਿੱਚ ਸੁਧਾਰ ਲਈ ਸਰਕਾਰ ਦੀ ਵੱਡੀ ਤਜਵੀਜ਼ ਹੈ। ਇਸ ਦੇ ਨਾਲ ਹੀ ਸਹਿਕਾਰਤਾ ਜੋ ਕਿ ਐਗਰੀਕਲਚਰ ਦੇ ਨਾਲ ਹੀ ਸਬੰਧ ਰੱਖਦੀ ਹੈ, ਕਿਸਾਨ ਖੇਤੀ ਵਾਸਤੇ ਟਰੈਕਟਰ ਜਾਂ ਖੇਤੀ ਦੇ ਹੋਰ ਇੰਸਟਰੂਮੈਂਟਸ ਹਨ, ਉਹ ਇਨ੍ਹਾਂ ਸੁਸਾਇਟੀਆਂ ਤੋਂ ਪਰਚੇਜ਼ ਕਰਦੇ ਹਨ, ਉਨ੍ਹਾਂ ਸੁਸਾਇਟੀਆਂ ਦੇ ਸੁਧਾਰ ਵਾਸਤੇ ਖਾਸ ਤੌਰ ਤੇ ਸਰਕਾਰ ਨੇ ਇਸ ਬਜਟ ਵਿੱਚ ਰਕਮ ਰੱਖੀ ਹੈ। ਜਿੱਥੇ ਮੈਂ ਪਹਿਲਾਂ ਵੀ ਜ਼ਿਕਰ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ]

ਕਰ ਚੁੱਕਾ ਹਾਂ ਕਿ ਜਿਹੜੀਆਂ ਸਹਿਕਾਰੀ ਸੁਸਾਇਟੀਆਂ ਹਨ, ਇਨ੍ਹਾਂ ਦੇ ਮੈਂਬਰਾਂ ਦੀ ਮੈਡੀਕਲ ਬੀਮਾ ਯੋਜਨਾ ਕੀਤੀ ਗਈ ਹੈ ਹੋਰਨਾਂ ਵਾਸਤੇ ਵਿਚਾਰ ਅਧੀਨ ਹੈ, ਉਥੇ ਹੋਰ ਵੀ ਵੱਧ ਕੀਤਾ ਹੈ ਕਿ ਟਰੈਕਟਰ ਵਗੈਰਾ ਲੈਣ ਵਾਸਤੇ ਲੋਨ ਦੀ ਰਕਮ ਦੀ 10 ਏਕੜ ਦੀ ਜਿਹੜੀ ਸ਼ਰਤ ਸੀ ਉਹ ਖ਼ਤਮ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਕਿਸਾਨੀ ਕਿੱਤੇ ਨੂੰ ਪ੍ਰਫੁਲਿਤ ਕਰਨ ਵਾਸਤੇ ਹਰ ਤਰ੍ਹਾਂ ਦੀ ਸਹੂਲਤ ਦੇਣ ਵਾਸਤੇ ਖਾਸ ਤੌਰ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਜਿਹੜੇ ਕਿ ਹਰ ਵਕਤ ਕਿਸਾਨਾਂ ਵਾਸਤੇ ਸੋਚਦੇ ਰਹਿੰਦੇ ਹਨ, ਖੇਤੀ ਨੂੰ ਲਾਹੇਵੰਦ ਕਿੱਤਾ ਬਣਾਉਣ ਵਾਸਤੇ ਬਜਟ ਵਿੱਚ ਪ੍ਰੋਵੀਜ਼ਨ ਰੱਖੀ ਗਈ ਹੈ । ਉਸ ਤੋਂ ਬਾਅਦ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਹਰ ਸਟੇਟ ਦੀ ਤਰੱਕੀ ਦਾ ਅੰਦਾਜ਼ਾ ਉਸ ਦੀਆਂ ਸੜਕਾਂ ਤੋਂ ਲਾਇਆ ਜਾ ਸਕਦਾ ਹੈ । ਸੜਕਾਂ ਦੁਆਰਾ ਦੂਜੀਆਂ ਸਟੇਟਾਂ ਨਾਲ ਲਿੰਕ ਬਣਦਾ ਹੈ । ਸਮਾਨ ਦੀ ਢੋਆ ਢੁਆਈ ਹੁੰਦੀ ਹੈ । ਇਸ ਵਾਸਤੇ ਸਾਡੀ ਸਰਕਾਰ ਨੇ ਬੜਾ ਉਪਰਾਲਾ ਕੀਤਾ ਹੈ । ਜਿਵੇਂ ਮੁਹਾਲੀ ਲਿੰਕ ਰੋਡ ਬਣਾਉਣੀ, ਲੁਧਿਆਣਾ ਲਿੰਕ ਰੋਡ ਬਣਾਉਣੀ ਜਿਸ ਨਾਲ ਕਾਫੀ ਫਾਇਦਾ ਹੋਵੇਗਾ । ਪਿਛਲੀ ਵਾਰੀ ਮੈਨੂੰ ਬੇਟ ਏਰੀਆ ਕਮੇਟੀ ਦਾ ਮੈਂਬਰ ਬਣਾਇਆ ਸੀ । ਹੁਣ ਵੀ ਉਨ੍ਹਾਂ ਨੇ ਸੁਜੈਸ਼ਨ ਮੰਗੀ ਹੈ ਕਿਉਂਕਿ ਇਸ ਸਬੰਧੀ ਬੇਟ ਏਰੀਆ ਕਮੇਟੀ ਦੀ ਮੀਟਿੰਗ ਵੀ ਹੋ ਰਹੀ ਹੈ । ਮੈਂ ਬੇਨਤੀ ਕਰਦਾ ਹਾਂ ਕਿ ਅਗਰ ਅਸੀਂ ਐਕਸੀਡੈਂਟਾਂ ਤੋਂ ਬਚਣਾ ਹੈ ਤਾਂ ਜਿੰਨੇ ਵੀ ਦਰਿਆਵਾਂ ਦੇ ਬੰਨ੍ਹ ਹਨ, ਜਿਸ ਤਰ੍ਹਾਂ ਸਾਡੇ ਹਲਕੇ ਧਰਮਕੋਟ ਦੇ ਵਿੱਚ ਸਤਲੁਜ ਦਰਿਆ ਦਾ ਬੰਨ੍ਹ ਹੈ, ਇਹ ਗੜ੍ਹੀ ਜੱਟਾਂ ਤੋਂ ਹਰੀ ਕੇ ਪੱਤਣ ਤੱਕ ਜਾਂਦਾ ਹੈ, ਅਗਰ ਇਨ੍ਹਾਂ ਦਰਿਆਵਾਂ ਦੇ ਬੰਨ੍ਹ ਪੱਕੇ ਕਰ ਦਿੱਤੇ ਜਾਣ ਤਾਂ ਬੜਾ ਹੀ ਲਾਭ ਹੋ ਸਕਦਾ ਹੈ । ਕਿਉਂਕਿ ਦਰਿਆ ਦੇ ਬੰਨ੍ਹ ਪੱਕੇ ਹੋਣ ਨਾਲ ਦਰ੍ਹਿਆ ਦੀ ਵੀ ਮਜ਼ਬੂਤੀ ਵਧਦੀ ਹੈ ਅਤੇ ਆਵਾਜਾਈ ਦੇ ਸਾਧਨ ਲਈ ਰਸਤਾ/ਸਰੋਤ ਵੀ ਬਣਦਾ ਹੈ । ਤਕਰੀਬਨ ਚਾਰ-ਪੰਜ ਸਾਲ ਹੋ ਗਏ ਹਨ, ਹੁਣ ਉਥੇ ਫਲੱਡ ਨਹੀਂ ਆਏ ।

| |
|---|
| *6.21 ਵਜੇ ਸ਼ਾਮ |

(ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਲੇਕਿਨ ਅਗਰ ਕੋਈ ਇਹੋ ਜਿਹਾ ਮੌਕਾ ਆਉਂਦਾ ਹੈ ਤਾਂ ਸਾਡੇ ਦਰਿਆ ਦੇ ਕਿਨਾਰੇ ਤੇ ਜਿੰਨੇ ਵੀ ਪਿੰਡ ਹਨ, ਉਹ ਸਾਰੇ ਦਰਿਆ ਦੀ ਮਾਰ ਥੱਲੇ ਆ ਜਾਂਦੇ ਹਨ । ਫਿਰ ਲੱਖਾਂ ਕਰੋੜਾਂ ਰੁਪਿਆ ਉਥੇ ਹੋਏ ਜਾਨੀ ਤੇ ਮਾਲੀ ਨੁਕਸਾਨ ਲਈ ਦਿੱਤਾ ਜਾਂਦਾ ਹੈ । ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਅਗਰ ਜਿੱਥੇ-ਜਿੱਥੇ ਬੰਨ੍ਹ ਹਨ, ਉਹ ਪੱਕੇ ਕਰ ਦੇਈਏ ਤਾਂ ਜਿੱਥੇ ਆਵਾਜਾਈ ਵਿੱਚ ਸਹੂਲਤ ਮਿਲੇਗੀ, ਉਥੇ ਨੁਕਸਾਨ ਹੋਣ ਉਪਰੰਤ

Original with;
Punjab Vidhan Sabha
Digitized by;
Punjab Digital Library

ਜਿਹੜਾ ਮੁਆਵਜ਼ਾ ਦੇਣਾ ਪੈਂਦਾ ਹੈ, ਉਸ ਦੀ ਵੀ ਬੱਚਤ ਹੋਵੇਗੀ । ਐਕਸੀਡੈਂਟਸ ਤੋਂ ਵੀ ਬਚਾਅ ਹੋ ਸਕੇਗਾ ।

ਸਪੀਕਰ ਸਾਹਿਬ, ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕਿ ਬੜੀ ਹੀ ਦੂਰਅੰਦੇਸ਼ੀ ਦਿਖਾਈ ਹੈ ਔਰ ਨਾਲ ਹੀ ਮੈਂ ਧੰਨਵਾਦ ਕਰਦਾ ਹਾਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਜਿਨ੍ਹਾਂ ਨੇ ਕਿ ਬੜਾ ਵਧੀਆ ਬਜਟ ਲਿਆਂਦਾ ਹੈ । ਮੈਂ ਸਮਝਦਾ ਹਾਂ ਕਿ ਅੱਜ ਜਿਹੜਾ ਰੌਲਾ ਵਿਰੋਧੀ ਧਿਰ ਵਾਲੇ ਪਾ ਰਹੇ ਹਨ, ਇਹ ਫਜ਼ੂਲ ਹੀ ਪਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਬੋਲਣ ਦਾ ਮੌਕਾ ਹੀ ਨਹੀਂ ਸੀ ਮਿਲਦਾ । ਟੈਕਸ ਰਹਿਤ ਬਜਟ ਬਾਦਲ ਸਾਹਿਬ ਨੇ ਲਿਆਂਦਾ ਹੈ, ਕੋਈ ਇਸ ਵੱਲ ਉਂਗਲ ਨਹੀਂ ਕਰ ਸਕਦਾ । ਜਦੋਂ ਇਹ ਬਜਟ ਪੇਸ਼ ਹੋਇਆ ਤਾਂ ਹਰ ਪਾਸੇ ਇਸ ਬਜਟ ਦੀ ਸ਼ਲਾਘਾ ਕੀਤੀ ਗਈ । ਇਸ ਲਈ ਉਨ੍ਹਾਂ ਨੂੰ ਬਜਟ ਤੇ ਬੋਲਣ ਲਈ ਕੋਈ ਗੱਲ ਨਹੀ ਮਿਲਦੀ । ਇਹ ਐਵੇਂ ਊਟ-ਪਟਾਂਗ ਬੋਲੀ ਜਾ ਰਹੇ ਹਨ ਅਤੇ ਇਧਰ-ਉਧਰ ਹੱਥ ਮਾਰਦੇ ਫਿਰਦੇ ਹਨ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) । ਮੈਂ ਫਿਰ ਦੁਬਾਰਾ ਸਰਦਾਰ ਮਨਪ੍ਰੀਤ ਸਿੰਘ ਬਾਦਲ ਦਾ ਅਤੇ ਸਪੀਕਰ ਸਾਹਿਬ ਦਾ ਖਾਸ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਇਹ ਐਵੇਂ ਕਹਿ ਰਹੇ ਹਨ ਕਿ ਸਾਨੂੰ ਕੁਝ ਬੋਲਣ ਨੂੰ ਨਹੀਂ ਬਚਿਆ । ਸਾਡੇ ਕਈ ਮੈਂਬਰ ਬੋਲਣ ਲਈ ਤਿਆਰ ਹਨ ਜੀ । ਇਹ ਵਾਰ-ਵਾਰ ਇਹੀ ਗੱਲ ਕਹਿ ਰਹੇ ਹਨ ।

**ਮਾਨਯੋਗ ਸਪੀਕਰ :** ਤੁਹਾਨੂੰ ਗੱਲ ਕਰਨ ਦੀ ਲੋੜ ਨਹੀਂ ਹੈ । ਮੇਰੇ ਕੋਲ ਸਾਰੇ ਟਾਈਮ ਦਾ ਰਿਕਾਰਡ ਹੈ ।

**ਸ਼੍ਰੀ ਮਦਨ ਲਾਲ ਠੇਕੇਦਾਰ (ਘਨੌਰ) :** ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਤਹਿ ਦਿਲੋਂ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਲਈ ਸਮਾਂ ਦਿੱਤਾ । ਕੁਦਰਤ ਦਾ ਵਾਕਿਆ ਹੀ ਐਸਾ ਹੈ ਕਿ ਅਕਾਲੀ, ਭਾਜਪਾ ਸਰਕਾਰ ਦਾ ਇਹ ਪਲੇਠਾ ਬਜਟ ਸਮਾਗਮ ਹੈ । ਸਰਕਾਰ ਦੇ ਵਿੱਤ ਦੇ ਕਾਬਲ ਵਜ਼ੀਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਹਨ ਤੇ ਉਨ੍ਹਾਂ ਦਾ ਇਹ ਪਲੇਠਾ ਬਜਟ ਹੈ । ਹੋਰ ਹੈਰਾਨੀ ਦੀ ਗੱਲ ਹੈ ਕਿ ਮੈਂ ਵੀ ਅੱਜ ਪਹਿਲੀ ਵਾਰ ਜਿੱਤਣ ਉਪਰੰਤ ਪਹਿਲੀ ਵਾਰ ਸਦਨ ਦੀ ਫਲੋਰ ਤੇ ਖੜ੍ਹਾ ਹੋਇਆ ਹਾਂ ਜਿਸ ਕਰਕੇ ਮੇਰੀ ਬਜਟ ਉਪਰ ਇਹ ਪਲੇਠੀ ਸਪੀਚ ਹੈ । (ਥੰਪਿੰਗ) ਸਪੀਕਰ ਸਾਹਿਬ, ਸਿਆਸਤ ਦੇ ਗਲਿਆਰਿਆਂ ਵਿੱਚ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਲਾਲ ਠੇਕੇਦਾਰ]
ਅਹਿਮ ਭੂਮਿਕਾ ਨਿਭਾ ਰਹੇ ਪੋਂਢੂ ਸਿਆਸਤਦਾਨ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਇੱਕ ਵਾਰ ਫਿਰ (ਸ਼ੋਰ)

**ਮਾਨਯੋਗ ਸਪੀਕਰ** : ਪਲੀਜ਼, ਧਿਆਨ ਨਾਲ ਸੁਣਨ ਦਾ ਯਤਨ ਕਰੋ ।

**ਸ਼੍ਰੀ ਮਦਨ ਲਾਲ ਠੇਕੇਦਾਰ** : ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਇੱਕ ਵਾਰ ਫਿਰ ਮੁੱਖ ਮੰਤਰੀ ਦੀ ਕੁਰਸੀ ਤੇ ਬਿਰਾਜਮਾਨ ਹੋਏ ਹਨ ਅਤੇ ਆਪਣੀ ਪੂਰੀ ਟੀਮ ਨਾਲ ਪੰਜਾਬ ਨੂੰ ਹਰ ਪੱਖੋਂ ਉੱਚਾ ਲਿਜਾਣ ਲਈ ਇਸ ਦੀ ਸਰਵਪੱਖੀ ਖੁਸ਼ਹਾਲੀ ਲਈ ਅਤੇ ਇਸ ਦੇ ਬਾਸ਼ਿੰਦਿਆਂ ਨੂੰ ਇੱਕ ਨਵਾਂ ਰਾਹ ਦਿਖਾਉਣ ਲਈ ਪੂਰੀ ਤਨਦੇਹੀ ਨਾਲ, ਮਿਲਵਰਤਨ ਨਾਲ, ਦਿਆਨਤਦਾਰੀ ਨਾਲ ਸੱਤਾ ਦੇ ਮੈਦਾਨ ਵਿੱਚ ਨਿਤਰੇ ਹਨ । ਪੰਜਾਬ ਲਈ ਇਹ ਬੜੇ ਹੀ ਫਖ਼ਰ ਦੀ ਗੱਲ ਹੈ ਕਿ ਪੰਜਾਬ ਦਾ ਖਜ਼ਾਨਾ ਇੱਕ ਨੌਜਵਾਨ ਵੀਰ ਦੇ ਹੱਥ ਵਿੱਚ ਹੈ, ਜਿਹੜਾ ਪੰਜਾਬ ਨੂੰ ਇੱਕ ਨਮੂਨੇ ਦਾ ਸੂਬਾ ਬਣਾਉਣ ਲਈ ਆਪਣੇ ਜ਼ਿਹਨ ਵਿੱਚ ਕਈ ਅਰਮਾਨ ਸੰਜੋਈ ਬੈਠਾ ਹੈ । ਸਮੇਂ ਦਾ ਤਕਾਜ਼ਾ ਹੀ ਕਹਿ ਲਓ ਕਿ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੂੰ ਸਿਆਸਤ ਵਿਰਸੇ ਵਿੱਚ ਪ੍ਰਾਪਤ ਹੋਈ ਹੈ ਅਤੇ ਉਸਦੇ ਤਜਰਬੇ ਦਾ ਭਰਪੂਰ ਲਾਹਾ ਲੈਂਦਿਆਂ ਉਨ੍ਹਾਂ ਨੇ ਆਪਣੇ ਬਜਟ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ ਤਾਂ ਕਿ ਪੰਜਾਬ ਦਾ ਹਰ ਬਾਸ਼ਿੰਦਾ ਆਪਣੇ ਆਪ ਤੇ ਗਰਵ ਨਾਲ ਇਹ ਕਹਿ ਸਕੇ ਕਿ ਇੱਕ ਆਲਾ ਬਜਟ ਪੇਸ਼ ਕਰਕੇ ਉਨ੍ਹਾਂ ਨੇ ਪੰਜਾਬੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਪਾਈਆਂ ਵੋਟਾਂ ਦਾ ਰਿਣ ਉਤਾਰਨ ਦੀ ਇੱਕ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ । ਮੈਂ ਇਸ ਵਾਸਤੇ ਪੰਜਾਬ ਦੇ ਵਿੱਤ ਮੰਤਰੀ ਤੇ ਖਾਸ ਕਰਕੇ ਪੰਜਾਬ ਦੇ ਸੁਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿਘ ਜੀ ਬਾਦਲ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਧਾਈ ਦਿੰਦਾ ਹਾਂ । ਸਪੀਕਰ ਸਾਹਿਬ, ਬਜਟ ਦਾ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਇਲੈਕਟ੍ਰਾਨਿਕ ਮੀਡੀਆ ਅਤੇ ਪ੍ਰਿੰਟ ਮੀਡੀਆ ਵਿੱਚ ਇਹ ਆਮ ਚਰਚਾ ਸੀ ਕਿ ਪੰਜਾਬ ਦਾ ਬਜਟ ਕਿਹੋ ਜਿਹਾ ਹੋਵੇਗਾ । ਪਰ ਇਸ ਪਵਿੱਤਰ ਸਦਨ ਵਿੱਚ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਵਿਕਾਸਮਈ ਬਜਟ ਪੇਸ਼ ਕਰਕੇ ਇੱਕ ਨਵੀਂ ਮਿਸਾਲ ਪੇਸ਼ ਕੀਤੀ ਹੈ । ਵੱਖ-ਵੱਖ ਅਖਬਾਰਾਂ ਦੇ ਕਾਲਮਾਂ ਵਿੱਚ ਇਸ ਬਜਟ ਦੀ ਬਹੁਤ ਪ੍ਰਸ਼ੰਸਾ ਹੋਈ ਹੈ । ਬਜ਼ਟ ਪੜ੍ਹਨ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਮਨਸੂਬੇ ਸਾਫ ਦਿਖਾਈ ਦਿੰਦੇ ਹਨ ਕਿ ਸਰਕਾਰ ਹਰ ਵਰਗ ਦੀ ਬਿਹਤਰ ਖੁਸ਼ਹਾਲੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ।

Original with;
Punjab Vidhan Sabha
Digitized by;
Panjab Digital Library

ਆਮਦਨ ਦੇ ਸਰੋਤ ਵਧਾਉਣ ਅਤੇ ਖਰਚੇ ਸਬੰਧੀ

ਇੱਕ ਆਜ਼ਾਦ ਮੈਂਬਰ ਦੇ ਤੌਰ ਤੇ ਇਸ ਬਜਟ ਤੇ ਆਜ਼ਾਦਾਨਾ ਬਹਿਸ ਵਿੱਚ ਹਿੱਸਾ ਲੈਂਦਿਆਂ ਮੈਂ ਆਪਣੀ ਨਿਰਪੱਖ ਸੋਚ ਪੇਸ਼ ਕਰਦਾ ਹੋਇਆ ਇਹ ਕਹਿੰਦਾ ਹਾਂ ਕਿ ਖਰਚਿਆਂ ਨੂੰ ਘਟਾ ਕੇ ਅਤੇ ਆਮਦਨ ਦੇ ਸਰੋਤ ਜੁਟਾ ਕੇ ਬਜਟ ਨੂੰ ਵਿਕਾਸਮੁਖੀ ਬਣਾਉਣ ਦਾ ਯਤਨ ਕੀਤਾ ਗਿਆ ਹੈ । ਮੈਨੂੰ ਯਾਦ ਹੈ ਪਿਛਲੇ ਸਮਿਆਂ ਵਿੱਚ ਸਰਦਾਰ ਮੋਨਟੇਕ ਸਿੰਘ ਆਹਲੂਵਾਲੀਆ ਦੀ ਰਹਿਨੁਮਾਈ ਹੇਠ ਬਣੇ ਕੇਂਦਰੀ ਯੋਜਨਾ ਕਮਿਸ਼ਨ ਵਿੱਚ ਜਦੋਂ ਬਾਦਲ ਸਾਹਿਬ ਪੰਜਾਬ ਦਾ ਪੱਖ ਲੈ ਕੇ ਪੇਸ਼ ਹੋਏ ਤਾਂ ਉਨ੍ਹਾਂ ਨੇ ਫਰਾਖਦਿਲੀ ਦਾ ਇਜ਼ਹਾਰ ਕਰਦਿਆਂ ਪੰਜਾਬ ਲਈ ਵਿਸ਼ੇਸ਼ ਯੋਜਨਾ ਦਿੱਤੀ ਤੇ ਜ਼ਿਆਦਾ ਫੰਡ ਦੇ ਕੇ ਸਾਡਾ ਸਾਰਿਆਂ ਦਾ ਗੌਰਵ ਵਧਾਇਆ । ਸਪੀਕਰ ਸਾਹਿਬ, ਪਿਛਲੇ ਕਾਫੀ ਸਮਿਆਂ ਤੋਂ ਪੰਜਾਬ ਦੇ ਖਜ਼ਾਨੇ ਉੱਤੇ ਕਰਜ਼ੇ ਦਾ ਭਾਰੀ ਬੋਝ ਹੈ ਅਤੇ ਹਰ ਸਾਲ ਇਹ ਕਰਜ਼ਾ ਵਧਦਾ ਹੀ ਚਲਿਆ ਜਾ ਰਿਹਾ ਹੈ । ਕਰਜ਼ੇ ਦੇ ਵਧਣ ਦਾ ਕਾਰਣ ਹਰ ਸਾਲ ਸਰਕਾਰ ਵੱਲੋਂ ਇਸ ਕਰਜ਼ੇ ਤੇ ਜੋ ਵਿਆਜ ਦੀ ਰਾਸ਼ੀ ਬਣਦੀ ਹੈ ਉਹ ਦਿਨ-ਬ-ਦਿਨ ਵਧਦੀ ਜਾ ਰਹੀ ਹੈ । ਅਜਿਹੇ ਨਾਜ਼ੁਕ ਸਮੇਂ ਵਿੱਚ ਪੰਜਾਬ ਦੇ ਬਜਟ ਨੂੰ ਬੜੀ ਸਿਆਣਪ ਨਾਲ ਬਣਾਉਣ ਦੀ ਲੋੜ ਸੀ । ਇੱਕ ਚੰਗੀ ਸਰਕਾਰ ਦਾ ਇਹ ਗੁਣ ਹੁੰਦਾ ਹੈ ਕਿ ਆਪਣੇ ਫਿਸਕਲ ਇੰਬੈਲੈਂਸ ਨੂੰ ਬੈਲੈਂਸ ਕਰਨ ਲਈ ਉਸਾਰੂ ਕਦਮ ਚੁੱਕੇ ਤਾਂ ਕਿ ਲੋਕਾਂ ਦਾ ਰਹਿਣ ਸਹਿਣ ਵੀ ਠੀਕ ਰਹੇ ਤੇ ਸਰਕਾਰੀ ਖਜ਼ਾਨੇ ਤੇ ਕਰਜ਼ੇ ਦਾ ਬੋਝ ਵੀ ਘਟ ਸਕੇ । ਇੱਕ ਪਾਪੂਲਰ ਗੌਰਿਮੰਟ ਨੂੰ ਹਰ ਵਰਗ ਦਾ ਧਿਆਨ ਰੱਖਣਾ ਪੈਂਦਾ ਹੈ। ਸਬਸਿਡੀਆਂ ਵੀ ਦੇਣੀਆਂ ਪੈਂਦੀਆਂ ਹਨ, ਵਿਸ਼ੇਸ਼ ਸਹਾਇਤਾ ਵੀ ਦੇਣੀ ਪੈਂਦੀ ਹੈ ਤੇ ਕਈ ਵਾਰ ਅਚਾਨਕ ਆਈਆਂ ਕੁਦਰਤੀ ਆਫਤਾਂ ਦਾ ਮੁਕਾਬਲਾ ਕਰਨ ਲਈ ਸਪੈਸ਼ਲ ਰਾਹਤ ਵੀ ਦੇਣੀ ਪੈਂਦੀ ਹੈ । ਸਪੀਕਰ ਸਾਹਿਬ, ਪੰਜਾਬ ਇਸ ਗੱਲੋਂ ਖੁਸ਼ਕਿਸਮਤ ਹੈ ਕਿ ਇਸ ਦਾ ਵਾਤਾਵਰਨ ਕਿਤੇ ਜ਼ਿਆਦਾ ਖੁਸ਼ਗਵਾਰ ਹੈ ਫਿਰ ਵੀ ਸਮੇਂ-ਸਮੇਂ ਤੇ ਆਉਂਦੀਆਂ ਕੁਦਰਤੀ ਆਫਤਾਂ ਜਿਵੇਂ ਸੋਕਾ, ਹੜ੍ਹ, ਅੱਗਜ਼ਨੀ ਦੀਆਂ ਘਟਨਾਵਾਂ ਦੀ ਹਾਲਤ ਵਿੱਚ ਸਰਕਾਰ ਨੂੰ ਆਪਣੀ ਉਸਾਰੂ ਸੋਚ ਸਦਕਾ ਕਈ ਅਹਿਮ ਫੈਸਲੇ ਲੈਣੇ ਪੈਂਦੇ ਹਨ । ਪਿਛਲੇ ਸਮਿਆਂ ਦੌਰਾਨ ਕਿਸਾਨਾਂ ਵੱਲੋਂ ਭਾਰੀ ਮਾਤਰਾ ਵਿੱਚ ਖੁਦਕੁਸ਼ੀਆਂ ਕੀਤੀਆਂ ਗਈਆਂ, ਕਿਉਂਕਿ ਕਰਜ਼ਿਆਂ ਵਿੱਚ ਡੁੱਬਣ ਕਾਰਨ ਉਹ ਜ਼ਿੱਲਤਮਈ ਜ਼ਿੰਦਗੀ ਜਿਉਣ ਨਾਲੋਂ ਮਰਨ ਨੂੰ ਕਿਤੇ ਜ਼ਿਆਦਾ ਪਹਿਲ ਦੇ ਰਹੇ ਹਨ । ਸਪੀਕਰ ਸਾਹਿਬ, ਸਰਕਾਰ ਨੇ ਕਿਰਸਾਨੀ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਨਵੀਆਂ ਪਾਲਿਸੀਆਂ ਬਣਾਈਆਂ ਹਨ, ਖੇਤਰੀ ਸੈਕਟਰ ਵਿੱਚ ਵੰਨ-ਸੁਵੰਨਤਾ ਲਿਆਉਣ ਤੇ ਜ਼ੋਰ ਦਿੱਤਾ ਹੈ । ਉੱਥੇ ਸਰਕਾਰ ਨੂੰ ਖੇਤੀਬਾੜੀ ਦੀ ਕਾਇਆ ਕਲਪ ਕਰਨ ਲਈ ਚਾਲੂ ਮਾਲੀ ਸਾਲ ਦੌਰਾਨ 25 ਕਰੋੜ ਰੁਪਏ ਦੀ ਰਕਮ ਦਾ ਉਪਬੰਧ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਲਾਲ ਠੇਕੇਦਾਰ]

ਕੀਤਾ ਹੈ । ਇਸੇ ਤਰ੍ਹਾਂ ਸਰਕਾਰ ਨੇ 5 ਕਰੋੜ ਰੁਪਏ ਦਾ ਉਪਬੰਧ ਕਰਕੇ ਲੈਬਾਰਟਰੀਆਂ ਅਤੇ ਫਾਰਮਾਂ ਵਿੱਚਲੇ ਖੱਪੇ ਦੀ ਪੂਰਤੀ ਲਈ 20 ਕਿਸਾਨ ਸਿਖਲਾਈ ਕੇਂਦਰ ਸਥਾਪਿਤ ਕਰਨ ਦੀ ਤਜਵੀਜ਼ ਹੈ । ਇਸ ਗੱਲ ਲਈ ਸਰਕਾਰ ਵਧਾਈ ਦੀ ਪਾਤਰ ਹੈ। ਸਪੀਕਰ ਸਾਹਿਬ, ਅੰਮ੍ਰਿਤਸਰ ਹਵਾਈ ਅੱਡੇ ਨੂੰ ਅੰਤਰ-ਰਾਸ਼ਟਰੀ ਦਰਜਾ ਮਿਲਣ ਉਪਰੰਤ ਪੰਜਾਬ ਦੀਆਂ ਬਹੁਤ ਸਾਰੀਆਂ ਫ਼ਲ ਤੇ ਸਬਜ਼ੀਆਂ ਗੁਆਂਢੀ ਦੇਸ਼ਾਂ ਵਿੱਚ ਜਾਣੀਆਂ ਸ਼ੁਰੂ ਹੋਈਆਂ ਹਨ ਜਿਸ ਨਾਲ ਕਿਸਾਨਾਂ ਨੂੰ ਫਾਇਦਾ ਹੋਇਆ ਹੈ । ਫ਼ਲਾਂ ਅਤੇ ਸਬਜ਼ੀਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਹੁਸ਼ਿਆਰਪੁਰ, ਜਲੰਧਰ, ਲੁਧਿਆਣਾ ਅਤੇ ਮੁਕਤਸਰ ਵਿਖੇ ਚਾਰ ਆਧੁਨਿਕ ਪੱਧਰ ਤੇ ਟਰਮੀਨਲ ਮਾਰਕੀਟਾਂ ਨੂੰ ਸਥਾਪਿਤ ਕਰਨ ਦੀ ਤਜਵੀਜ਼ ਰੱਖੀ ਗਈ ਹੈ । ਇਸ ਲਈ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਕਿਸੀ ਸ਼ਾਇਰ ਨੇ ਕਿਹਾ ਹੈ :

"ਏਕ ਆਸ਼ਿਆਨਾ ਹਮਨੇ ਸੰਜੋਇਆ ਹੈ, ਇਸ ਸੁਹਾਨੇ ਸਫ਼ਰ ਮੇਂ
ਦੇਖਨਾ ਯੇ ਹੈ ਕਿ ਇਸ ਕਾ ਮੰਜ਼ਰ ਕਿਆ ਹੋਗਾ ?"

**ਜਨਤਾ ਨੂੰ ਸਟੇਟ ਟਰਾਂਸਪੋਰਟ ਦੀਆਂ ਸਹੂਲਤਾਂ ਪ੍ਰਦਾਨ ਕਰਨਾ**

ਸਪੀਕਰ ਸਾਹਿਬ, ਟਰਾਂਸਪੋਰਟ ਕਿਸੇ ਵੀ ਸਟੇਟ ਦੀ ਖੁਸ਼ਹਾਲੀ ਵਿੱਚ ਅਹਿਮ ਰੋਲ ਅਦਾ ਕਰਦੀ ਹੈ । ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਤੇ ਪੰਜਾਬ ਰੋਡਵੇਜ਼ ਵੱਲੋਂ ਬਿਹਤਰ ਟਰਾਂਸਪੋਰਟ ਸਹੂਲਤਾਂ ਮੁਹੱਈਆ ਕਰਨ ਦੇ ਮਨੋਰਥ ਹਿਤ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ । ਸਪੀਕਰ ਸਾਹਿਬ, ਮੇਰੇ ਹਲਕੇ ਘਨੌਰ ਵਿੱਚ, ਜਿਸ ਦਾ ਮੈਂ ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ, ਟਰਾਂਸਪੋਰਟ ਦੇ ਮਾਮਲੇ ਵਿੱਚ ਕਾਫੀ ਪਛੜਿਆਂ ਹੋਇਆ ਹੈ । ਘਨੌਰ ਹਲਕੇ ਤੋਂ ਬਹੁਤ ਸਾਰੇ ਵਿਦਿਆਰਥੀ ਪਟਿਆਲੇ ਪੜ੍ਹਨ ਵਾਸਤੇ ਆਉਂਦੇ ਹਨ, ਪਰ ਇਸ ਵੱਲ ਜ਼ਿਆਦਾ ਬੱਸਾਂ ਨਾ ਹੋਣ ਕਾਰਨ ਇਹ ਆਮ ਵੇਖਣ ਵਿੱਚ ਆਉਂਦਾ ਹੈ ਕਿ ਬੱਚੇ ਬੱਸਾਂ ਦੀਆਂ ਛੱਤਾਂ ਤੇ ਵੀ ਚੜ੍ਹੇ ਹੁੰਦੇ ਹਨ ਜਿਸ ਕਾਰਨ ਜਾਨੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਬੱਸਾਂ ਦੇ ਰੂਟ ਵਧਾਏ ਜਾਣ । ਪਟਿਆਲੇ ਤੋਂ ਰਾਜਪੁਰਾ ਸੜਕ ਤੇ ਸਾਡਾ ਹਲਕਾ ਸਥਿਤ ਹੈ ਅਤੇ ਇਥੇ ਨੇੜੇ ਕੌਲੀ ਪਿੰਡ ਬਸ ਸਟੈਂਡ ਹੈ ਜਿੱਥੇ ਲਗਭਗ 25 ਪਿੰਡ ਵਸੇ ਹੋਏ ਹਨ ਅਤੇ ਉਥੇ ਬਸ ਸਟੈਂਡ ਬਣਾਉਣ ਦਾ ਉਪਰਾਲਾ ਕੀਤਾ ਜਾਵੇ ਅਤੇ ਚੰਡੀਗੜ੍ਹ ਆਉਣ ਵਾਲੀਆਂ ਬੱਸਾਂ ਨੂੰ ਹਦਾਇਤ ਕੀਤੀ ਜਾਵੇ ਕਿ ਬੱਸਾਂ ਉੱਥੇ ਖੜ੍ਹ ਕੇ ਆਉਣ । (ਵਿਘਨ)

**ਮਾਨਯੋਗ ਸਪੀਕਰ** : ਬੋਲਣ ਦਿਓ ਜੀ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਲਾਲ ਠੇਕੇਦਾਰ** : ਸੜਕਾਂ ਚੌੜੀਆਂ ਕਰਨ ਅਤੇ ਉਨ੍ਹਾਂ ਦਾ ਨਵੀਨੀਕਰਨ ਕਰਨਾ :

ਸਪੀਕਰ ਸਾਹਿਬ, ਸੜਕਾਂ ਚੌੜੀਆਂ ਕਰਨ ਲਈ ਅਤੇ ਨਵੀਨੀਕਰਨ ਲਈ ਵੀ ਇਸ ਸਰਕਾਰ ਨੇ ਵਿਸ਼ੇਸ਼ ਧਿਆਨ ਦਿੱਤਾ ਹੈ..............

**ਮਾਨਯੋਗ ਸਪੀਕਰ** : ਸ਼੍ਰੀ ਮਦਨ ਲਾਲ ਠੇਕੇਦਾਰ ਜੀ ਕਲ੍ਹ ਮਿਤੀ 26-6-2007 ਨੂੰ ਆਪਣੀ ਸਪੀਚ ਜਾਰੀ ਰੱਖਣਗੇ ।

ਸਦਨ, ਮੰਗਲਵਾਰ, ਮਿਤੀ 26 ਜੂਨ, 2007 ਦੇ ਸਵੇਰੇ 10-00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ ।

| |
|---|
| *6-30 ਵਜੇ ਸ਼ਾਮ |

(ਇਸ *ਉਪ੍ਰੰਤ ਸਦਨ 26 ਜੂਨ, 2007 ਦੇ 10-00 ਵਜੇ ਸਵੇਰ ਤੱਕ ਸਥਗਿਤ ਹੋ ਗਿਆ ।)

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA

DEBATES

*Monday, the 25th June, 2007*

Voll. II-No. 5

**STARRED QUESTION AND ANSWER**

**ਬਠਿੰਡਾ ਵਿਖੇ ਸਰਕਟ ਹਾਊਸ ਦੇ ਅਹਾਤੇ ਵਿੱਚ ਜਿਮਨੇਜ਼ੀਅਮ ਦੀ ਸਥਾਪਨਾ**

***75 ਸਰਦਾਰ ਮੱਖਣ ਸਿੰਘ :** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਠਿੰਡਾ ਸ਼ਹਿਰ ਵਿੱਚ ਸਰਕਟ ਹਾਊਸ ਦੇ ਕਬਜ਼ੇ ਹੇਠ ਜ਼ਮੀਨ ਤੇ ਉਸਾਰੇ ਗਏ ਦੂਨਜ਼ ਕਲੱਬ ਵਿੱਚ ਜਿਮਨੇਜ਼ੀਅਮ ਦੀ ਸਥਾਪਨਾ ਕੀਤੀ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਜਿਮਨੇਜ਼ੀਅਮ ਦੀ ਸਥਾਪਨਾ ਕਰਨ ਲਈ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕੀਤੀ ਗਈ ਪ੍ਰਵਾਨਗੀ ਦੀ ਕਾਪੀ ਅਤੇ ਉਨ੍ਹਾਂ ਵਿੱਤੀ ਸਾਧਨਾਂ, ਜਿਨ੍ਹਾਂ ਤੋਂ ਇਸ ਮੰਤਵ ਲਈ ਫੰਡ ਪ੍ਰਾਪਤ ਕੀਤੇ ਗਏ ਸਨ, ਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਣ ?

**ਸਰਦਾਰ ਗੁਲਜਾਰ ਸਿੰਘ ਰਣੀ ਕੇ :** ਹਾਂ ਜੀ । ਸਰਕਟ ਹਾਊਸ ਬਠਿੰਡਾ ਦੇ ਨਾਲ ਲੱਗਦੀ ਜ਼ਮੀਨ ਵਿੱਚ ਸਾਲ 2005 ਵਿੱਚ ਜਿਮਨੇਜ਼ੀਅਮ ਹਾਲ ਦੀ ਉਸਾਰੀ ਦੂਨਜ਼ ਕੱਲਬ ਬਠਿੰਡਾ ਵੱਲੋਂ ਕਰਵਾਈ ਗਈ ਹੈ । ਇਸ ਜ਼ਮੀਨ ਦੀ ਮਾਲਕੀ ਵਕਫ ਬੋਰਡ ਦੇ ਨਾਮ ਹੈ । ਇਸ ਮੰਤਵ ਲਈ ਹੇਠ ਲਿਖੇ ਸਾਧਨਾਂ ਤੋਂ ਫੰਡ ਪ੍ਰਾਪਤ ਕੀਤੇ ਗਏ ਸਨ :-

| | | | |
|---|---|---|---|
| (1) | ਬੰਧਨ ਮੁਕਤ ਫੰਡਜ਼ (ਐਮ.ਪੀ. ਕੋਟਾ) | .. | 7.00 ਲੱਖ |
| (2) | ਛੋਟੀਆਂ ਬੱਚਤਾਂ (ਵਿੱਤ ਮੰਤਰੀ ਕੋਟਾ) 2005-06 | .. | 2.00 ਲੱਖ |
| (3) | ਕਲੱਬ ਦੇ ਆਪਣੇ ਸਾਧਨਾਂ ਤੋਂ | .. | 5.75 ਲੱਖ |
| | ਕੁਲ ਜੋੜ | .. | 14.75 ਲੱਖ |

ਜਿਮਨੇਜ਼ੀਅਮ ਹਾਲ ਬਣਾਉਣ ਦੀ ਪ੍ਰਵਾਨਗੀ ਡਿਪਟੀ ਕਮਿਸ਼ਨਰ, ਬਠਿੰਡਾ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੀ ਕਾਪੀ ਅਨੈਕਸਚਰ 'ਏ' ਤੇ ਨੱਥੀ ਹੈ ।

Original with;
Punjab Vidhan Sabha
Digitized by;
Panjab Digital Library

**Annexure-A**

## ਦੂਨਜ਼ ਕਲੱਬ ਵਿਖੇ ਜਿਮਨੇਜ਼ੀਅਮ ਹਾਲ ਦੀ ਉਸਾਰੀ ਸਬੰਧੀ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਹੈ ਕਿ ਜਿਮ ਹਾਲ ਦੀ ਉਸਾਰੀ ਜੇਕਰ ਦੂਨਜ਼ ਕਲੱਬ ਦੀ ਚਾਰਦਿਵਾਰੀ ਦੇ ਅੰਦਰ ਕੀਤੀ ਜਾਵੇ ਤਾਂ ਉਸ ਨਾਲ ਗੰਨਮੈਨ ਕੁਆਟਰ ਨੂੰ ਬਣਾਉਣ ਤੇ ਆਉਣ ਵਾਲਾ ਲਗਭਗ 40,000/- ਰੁਪਏ ਦਾ ਖ਼ਰਚਾ ਭੀ ਬਚ ਜਾਏਗਾ ਅਤੇ ਇਸਦੇ ਨਾਲ ਹੀ ਸੀਵਰ ਲਾਈਨ ਜੋ ਕਿ ਉਸ ਪਲਾਟ ਵਿੱਚੋਂ ਨਿਕਲਦੀ ਹੈ, ਉਸ ਨੂੰ ਦੁਬਾਰਾ ਪਾਉਣ ਦੀ ਲੋੜ ਨਹੀਂ ਪਵੇਗੀ। ਜਿਮ ਬਿਲਡਿੰਗ ਦੂਨਜ਼ ਕਲੱਬ ਦੀ ਚਾਰਦਿਵਾਰੀ ਦੇ ਅੰਦਰ ਹੋਣ ਕਾਰਣ ਕਲੱਬ ਵੱਲੋਂ ਦੇਖਰੇਖ ਵਿੱਚ ਭੀ ਸੁਵਿਧਾ ਰਹੇਗੀ।

ਸੋ ਉਪਰੋਕਤ ਅਨੁਸਾਰ ਬਿਲਡਿੰਗ ਬਣਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ।

Regarding aforesaid subject, with the permission of Ld.-DC, we have already released money to XEN PR (Rs. 5 lacs) for the construction of Gym. Hall. Xen. has reported that architectural, structural plans are ready. We will be saving Rs. 50-70,000/- if the Gym. Hall is constructed inside the Dunes Club premises, where the site is already available as per site plan attached along ABCD, instead of ADEP. Also the cost of sewer re-laying will be saved.

For needful permission please.

Approved as proposed.

DSC

Sd/-
17-6-07

---

**UNSTARRED QUESTION AND ANSWER**

## ਰਾਜ ਵਿਚ ਸੜਕਾਂ ਦੀ ਉਸਾਰੀ

29. ਕੈਪਟਨ ਬਲਬੀਰ ਸਿੰਘ ਬਾਠ : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ 2002-03 ਤੋਂ 2007 ਤੱਕ ਦੇ ਸਮੇਂ ਦੌਰਾਨ ਕੋਈ ਰਾਜ ਪੱਧਰ ਦੀਆਂ ਜਾਂ ਯੋਜਨਾਬੱਧ ਸੜਕਾਂ ਬਣਾਈਆਂ ਜਾਂ ਚੌੜੀਆਂ ਜਾਂ ਮੁਰੰਮਤ ਕੀਤੀਆਂ ਗਈਆਂ ਹਨ ; ਜੇਕਰ ਅਜਿਹਾ ਹੋਵੇ, ਤਾਂ-

Original with;
Punjab Vidhan Sabha
Digitized by;
Panjab Digital Library

(1) ਉਸ ਦੇ ਵੇਰਵੇ ਕੀ ਹਨ ;

(2) ਬੀ.ਓ.ਟੀ. ਆਧਾਰ ਤੇ ਬਣਾਈਆਂ/ਚੌੜੀਆਂ/ਮੁਰੰਮਤ ਕੀਤੀਆਂ ਗਈਆਂ ਸੜਕਾਂ ਦੇ ਵੇਰਵੇ ਕੀ ਹਨ ;

(3) ਉਸ ਤੇ ਖਰਚ ਕੀਤੀ ਗਈ ਰਕਮ ਅਤੇ ਉਸ ਲਈ ਪੂੰਜੀ ਲਗਾਉਣ ਦੇ ਵਸੀਲੇ ਕੀ ਹਨ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਾਲ 2002-03 ਤੋਂ 2007 ਦੌਰਾਨ, 571 ਨੰਬਰ ਪਲੈਨ ਸੜਕਾਂ (ਸਮੇਤ ਰਾਜ ਮਾਰਗ) ਜਿਨ੍ਹਾਂ ਦੀ ਲੰਬਾਈ 5593.11 ਕਿਲੋਮੀਟਰ ਹੈ ਨੂੰ ਵੱਖ-ਵੱਖ ਸਕੀਮਾਂ ਅਧੀਨ 93662.08 ਲੱਖ ਰੁਪਏ ਖਰਚ ਕਰਕੇ ਉਸਾਰਿਆ/ਚੌੜਾ ਕੀਤਾ/ਮੁਰੰਮਤ ਕੀਤਾ ਗਿਆ । ਇਨ੍ਹਾਂ ਸੜਕਾਂ ਦਾ ਹਲਕਾ-ਵਾਰ *ਵੇਰਵਾ ਨੱਥੀ ਕੀਤਾ ਜਾਂਦਾ ਹੈ ।

---------

*Placed in the Revisor's Branch.

3935/1-10-2007-305 ਕਾਪੀਆਂ-ਪੰਜਾਬ ਸਰਕਾਰ ਪ੍ਰੈਸ, ਪਟਿਆਲਾ

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 2007

Published under the authority of the Punjab Vidhan Sabha and Printed by the Controller, Printing and Stationery, Punjab, at Pb. Govt. Press, Patiala.

Original with;
Punjab Vidhan Sabha
Digitized by;
Panjab Digital Library

6

# PUNJAB VIDHAN SABHA

## DEBATES

*Tuesday, the 26th June, 2007*

Vol. II-No. 6

OFFICIAL REPORT

CONTENTS


| | | Page |
|---|---|---|
| Starred Questions And Answers | .. | (6) 1 |
| Written Answers to Starred Questions laid on the Table of the House under Rule 38 | .. | (6) 38 |
| Unstarred Questions and Answers | .. | (6) 52 |
| Call Attention Notice Under Rule 66 | .. | (6) 57 |
| Matter raised during Zero Hour | .. | (6) 59 |
| Resumption of General Discussion on the Budget Estimates for the year 2007-08 | .. | (6) 59 |
| Walk out | .. | (6) 60 |
| General Discussion on the Budget Estimates for the year 2007-08 *(Resumption)* | .. | (6) 61 |
| Extension of the Time of the Sitting | .. | (6) 136 |
| General Discussion on the Budget Estimates for the year 2007-08 *(Resumption)* | .. | (6) 138 |
| Appendix | .. | (i) |


**Punjab Vidhan Sabha Secretariat, Chandigarh.**

Price : Rs.________

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

*Tuesday , the 26th June, 2007*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10-00 A. M. Mr. Speaker (Sardar Nirmal Singh Kahlon) in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ :** ਸਰਦਾਰ ਅਜੀਤ ਇੰਦਰ ਸਿੰਘ ਮੋਫਰ ਜੀ ।

### ਕਣਕ ਦੀਆਂ ਬੋਰੀਆਂ ਦੀ ਸਿਲਾਈ ਕਰਨ ਲਈ ਦਿੱਤੇ ਗਏ ਠੇਕੇ

***77. ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ :** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਏਜੰਸੀਆਂ ਦੇ ਨਾਂ ਕੀ ਹਨ ਜਿਨ੍ਹਾਂ ਨੂੰ ਕਣਕ ਦੇ ਚਾਲੂ ਸੀਜ਼ਨ ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿੱਚ ਕਣਕ ਦੀਆਂ ਬੋਰੀਆਂ ਦੀ ਸਿਲਾਈ ਕਰਨ ਲਈ ਠੇਕੇ ਦਿੱਤੇ ਗਏ ਹਨ ਅਤੇ ਹਰ ਇਕ ਕੇਸ ਵਿੱਚ ਇਨ੍ਹਾਂ ਲਈ ਕਿੰਨੀ ਦਰ ਨਿਸ਼ਚਿਤ ਕੀਤੀ ਗਈ ਹੈ ?

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ :** ਸ਼੍ਰੀਮਾਨ ਜੀ, ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :-

### ਸੂਚਨਾ

### ਜ਼ਿਲ੍ਹਾ ਮਾਨਸਾ ਲਈ ਰਬੀ ਸੀਜ਼ਨ 2007-2008 ਦੌਰਾਨ ਪ੍ਰਵਾਨ ਕੀਤੇ ਕਣਕ ਦੀਆਂ ਬੋਰੀਆਂ ਦੀ ਮਸ਼ੀਨੀ ਸਿਲਾਈ ਦੇ ਠੇਕਿਆਂ ਦੀ ਏਜੰਸੀਵਾਰ ਡੀਟੇਲ

| ਲੜੀ ਨੰਬਰ | ਠੇਕੇਦਾਰਾਂ ਦੇ ਨਾਂ | ਟੈਂਡਰ ਕਮੇਟੀ ਵਲੋਂ ਮਨਜ਼ੂਰ ਕੀਤਾ ਰੇਟ (ਪ੍ਰਤੀ ਬੋਰੀ) |
|---|---|---|
| 1 | 2 | 3 |
| 1. | ਪਰਮਜੀਤ ਸਿੰਘ ਪੁੱਤਰ ਸ਼੍ਰੀ ਹਰਚੰਦ ਸਿੰਘ | 0.56 ਪੈਸੇ |
| 2. | ਪਿਆਰਾ ਲਾਲ ਪੁੱਤਰ ਸ਼੍ਰੀ ਰੂਪ ਰਾਮ | 0.56 ਪੈਸੇ |
| 3. | ਛੋਟਾ ਸਿੰਘ ਪੁੱਤਰ ਸ਼੍ਰੀ ਜੱਗਾ ਸਿੰਘ | 0.56 ਪੈਸੇ |

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

| 1 | 2 | 3 |
|---|---|---|
| 4. | ਰਤਨ ਲਾਲ ਪੁੱਤਰ ਕਸਤੂਰੀ ਲਾਲ | 0.56 ਪੈਸੇ |
| 5. | ਜਗਦੇਵ ਰਾਮ ਪੁੱਤਰ ਸ਼੍ਰੀ ਕਪੂਰੀ ਰਾਮ | 0.56 ਪੈਸੇ |
| 6. | ਵਿਕਾਸ ਕੁਮਾਰ ਪੁੱਤਰ ਸ਼੍ਰੀ ਟੇਕ ਚੰਦ | 0.56 ਪੈਸੇ |
| 7. | ਵਿਨੋਦ ਕੁਮਾਰ ਅਤੇ ਬਚਿੱਤਰ ਸਿੰਘ | 0.56 ਪੈਸੇ |
| 8. | ਵਿਨੋਦ ਕੁਮਾਰ ਪੁੱਤਰ ਸ੍ਰੀ ਪ੍ਰੇਮ ਕੁਮਾਰ | 0.56 ਪੈਸੇ |
| 9. | ਪ੍ਰਕਾਸ਼ ਚੰਦ ਪੁੱਤਰ ਸ਼੍ਰੀ ਮੁਨਸ਼ੀ ਰਾਮ | 0.56 ਪੈਸੇ |
| 10. | ਜਗਦੇਵ ਰਾਮ ਪੁੱਤਰ ਸ਼੍ਰੀ ਕਪੂਰੀ ਰਾਮ | 0.53 ਪੈਸੇ |
| 11. | ਆੜ੍ਹਤੀਆ ਅਸੋਸੀਏਸ਼ਨ | 0.53 ਪੈਸੇ |

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਜਦੋਂ ਸੀਜ਼ਨ ਵਿੱਚ ਕਣਕ ਜਾਂ ਝੋਨਾ ਆਉਂਦਾ ਹੈ ਤਾਂ ਬੋਰੀਆਂ ਦੀ ਸਿਲਾਈ ਹੁੰਦੀ ਹੈ । ਪਹਿਲਾਂ ਤਾਂ ਆੜ੍ਹਤੀਏ ਇਹ ਕੰਮ ਕਰਵਾ ਦਿੰਦੇ ਸੀ ਅਤੇ ਉਸ ਕੰਮ ਵਾਸਤੇ ਇਹ ਰੇਟ 56 ਪੈਸੇ ਫਿਕਸ ਹੁੰਦਾ ਸੀ । ਇਹ ਰੇਟ ਬੋਰੀਆਂ ਸਿਉਣ ਵਾਲਿਆਂ ਨੂੰ ਦਿੰਦੇ ਸੀ । ਐਤਕੀਂ ਕੀ ਹੋਇਆ ਕਿ ਜਦੋਂ ਸਰਕਾਰ ਬਦਲੀ ਤਾਂ 20-25 ਲੱਖ ਰੁਪਏ ਦਾ ਠੇਕਾ ਇਕੋ ਬੰਦੇ ਨੂੰ ਦੇ ਦਿੱਤਾ ਗਿਆ ਅਤੇ ਇਹ 11 ਫੇਕ (ਨਕਲੀ) ਬੰਦਿਆਂ ਦੇ ਨਾਂ ਤੇ ਦੇ ਦਿੱਤਾ ਗਿਆ, ਆੜ੍ਹਤੀਆ ਐਸੋਸੀਏਸ਼ਨ, ਮਾਨਸਾ, ਦਾ ਨਾਂ ਲਿਖ ਕੇ ਅਤੇ 53 ਪੈਸੇ ਪ੍ਰਤੀ ਬੈਗ ਦੇ ਹਿਸਾਬ ਨਾਲ । ਇਕ ਪੈਸਾ ਵੀ ਅਸਲ ਬੰਦਿਆਂ ਤੱਕ ਨਹੀਂ ਪਹੁੰਚਿਆ । ਪ੍ਰਧਾਨ ਬਾਲ ਸ਼ਿਵ ਨੇ ਕਿਹਾ ਕਿ ਮੈਨੂੰ ਤਾਂ ਪੁੱਛਿਆ ਤੱਕ ਨਹੀਂ ਗਿਆ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਵਿੱਚ ਕੋਈ ਹਾਈ ਲੈਵਲ ਇਨਕੁਆਰੀ ਹੋਵੇਗੀ ਅਤੇ ਅੱਗੇ ਤੋਂ ਇਸ ਪਰੰਪਰਾ ਨੂੰ ਰੋਕਿਆ ਜਾਵੇਗਾ ਤਾਂ ਜੋ ਇਹ ਜੋ ਪੈਸਾ ਸਰਕਾਰ ਦਾ ਹੈ, ਇਹ ਗਲਤ ਬੰਦਿਆਂ ਦੇ ਹੱਥਾਂ ਵਿੱਚ ਨਾ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਵਾਸਤੇ ਇਕ 2004 ਦੀ ਨੋਟੀਫਿਕੇਸ਼ਨ ਹੈ ਜਿਸ ਵਿੱਚ ਲਿਖਿਆ ਹੈ ਕਿ ਟੈਂਡਰ ਇਨਵਾਈਟ ਕੀਤੇ ਜਾਣਗੇ । ਇਹ ਟੈਂਡਰ ਇਨਵਾਈਟ ਕਰਨ ਦੀ ਪਰੰਪਰਾ ਪਿਛਲੀ ਸਰਕਾਰ ਨੇ ਕੀਤੀ ਸੀ ਤਾਂ ਕਿ ਟੈਂਡਰ ਦੇ ਲੋਐਸਟ ਰੇਟ ਵਾਲੇ ਬੰਦੇ ਨਾਲ ਗੱਲ ਕੀਤੀ ਜਾ ਸਕੇ । ਕਿਸੇ ਹੋਰ ਨਾਲ ਗੱਲ ਨਹੀਂ ਕੀਤੀ ਜਾ ਸਕਦੀ । ਇਹ ਜਿਹੜੀ ਆੜ੍ਹਤੀਆ ਐਸੋਸੀਏਸ਼ਨ ਦੀ 53 ਪੈਸੇ ਦੀ ਗੱਲ ਹੈ, ਇਹ ਪੰਜਾਬ ਸਰਕਾਰ ਨੇ ਨਹੀਂ ਕੀਤੀ, ਐਫ.ਸੀ.ਆਈ. ਨੇ ਕੀਤੀ ਹੈ । ਕਿਸ ਨੇ ਕੀਤੀ ਹੈ, ਇਹ ਅਸੀਂ ਪੁੱਛ ਲੈਂਦੇ ਹਾਂ । ਸਾਨੂੰ ਵੀ ਦੱਸ ਦਿਓ ਜੇਕਰ ਤੁਸੀਂ

Original with;
Punjab Vidhan Sabha
Digitized by;
Panjab Digital Library

ਜਾਣਦੇ ਹੋ । ਇਹ ਸਾਰਾ ਸਿਸਟਮ ਬੜਾ ਇੰਬਿਗੁਅਸ ਹੈ । ਇਸ ਦੀ ਲੈਂਗੁਏਜ ਵਿੱਚ ਸੋਧ ਹੋਣੀ ਚਾਹੀਦੀ ਹੈ । ਇਸ ਦਾ ਕੋਈ ਮੂੰਹ-ਸਿਰ ਨਹੀਂ ਨਿਕਲਦਾ । ਉਨ੍ਹਾਂ ਨੇ ਲਿਖਿਆ ਹੈ- The rate shall be maximum 75 paise. The purchase agencies can also invite tenders by machine for any rate lower than 75 paise. ਗੱਲ ਤਾਂ ਸਿੱਧੀ ਹੋਣੀ ਚਾਹੀਦੀ ਹੈ । ਜਾਂ ਤਾਂ ਇਹ ਕੰਮ ਆੜ੍ਹਤੀਆ ਐਸੋਸੀਏਸ਼ਨ ਨੂੰ ਦੇ ਦਿਓ ਅਤੇ ਜਾਂ ਫਿਰ ਟੈਂਡਰ ਕਰੋ । ਟੈਂਡਰ ਵਿੱਚੋਂ ਕਿਸੇ ਨੂੰ ਵੀ ਕਿਵੇਂ ਡੀਬਾਰ ਕਰ ਸਕਦੇ ਹੋ ਜੇ ਉਸ ਦੇ ਰੇਟ ਲੋਐਸਟ ਆਏ ਹਨ । ਇਹ ਕੰਮ ਲੋਐਸਟ ਰੇਟ ਦੇ ਮੁਤਾਬਿਕ ਕੀਤਾ ਗਿਆ ਹੈ ਅਤੇ ਇਹ ਕੰਮ ਐਫ.ਸੀ.ਆਈ ਨੇ ਕੀਤਾ ਹੈ, ਪੰਜਾਬ ਸਰਕਾਰ ਦੀਆਂ ਏਜੰਸੀਆਂ ਨੇ ਨਹੀਂ ਕੀਤਾ । ਅਸੀਂ ਇਸ ਸਿਸਟਮ ਨੂੰ ਮੰਡੀ ਬੋਰਡ ਨਾਲ ਬਹਿ ਕੇ ਠੀਕ ਕਰਾਂਗੇ । ਮੈਂ ਆਪ ਹੀ ਇਸ ਸਿਸਟਮ ਨਾਲ ਸੈਟਿਸਫਾਈਡ ਨਹੀਂ ਹਾਂ । ਇਸ ਦੇ ਵਿੱਚ ਜੇ ਕੋਈ ਮੈਂਬਰ ਸਾਹਿਬਾਨ ਸਲਾਹ ਦੇਣੀ ਚਾਹੁਣਗੇ ਤਾਂ ਮੈਂ ਵੈਲਕਮ ਕਰਾਂਗਾ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਇਹ ਕੰਮ ਪਿਛਲੀ ਸਰਕਾਰ ਨੇ 2004 ਦੀ ਨੋਟੀਫਿਕੇਸ਼ਨ ਦੇ ਆਧਾਰ ਤੇ ਕੀਤਾ ਹੈ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹੁਣ ਤਾਂ ਤੁਹਾਡੀ ਸਰਕਾਰ ਹੈ, you can bring any Bill............

**ਮਾਨਯੋਗ ਸਪੀਕਰ** : ਤੁਹਾਡੀ ਗੱਲ ਦਾ ਜਵਾਬ ਆ ਗਿਆ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮੈਂ ਆਪਣਾ ਸਵਾਲ ਕਰ ਰਿਹਾ ਹਾਂ । ਮੈਂ ਇਹ ਕਿਹਾ ਹੈ ਕਿ ਟੈਂਡਰ ਹੋ ਚੁੱਕੇ ਹਨ । ਕੀ ਇਹ ਦੱਸਣਗੇ ਕਿ ਟੈਂਡਰ ਕਿਥੇ ਹੋਏ ? ਡੀ.ਐਫ.ਸੀ. ਨੇਂ ਕੋਈ ਟੈਂਡਰ ਕਾਲ ਨਹੀਂ ਕੀਤੇ । ਕਾਗਜ਼ਾਂ ਵਿੱਚ ਇਹ ਸਾਰਾ ਕੁਝ ਕੀਤਾ ਗਿਆ ਹੈ । 30 ਲੱਖ ਰੁਪਿਆ ਸਰਕਾਰ ਦਾ ਹੈ, ਐਫ.ਸੀ.ਆਈ. ਦਾ ਹੈ ਜਾਂ ਤੁਹਾਡਾ ਹੈ, ਉਹ ਕਿੱਥੇ ਗਿਆ ? ਕੀ ਉਹ ਬਕਾਇਦਾ ਅਸਲ ਲੋਕਾਂ ਨੂੰ ਮਿਲ ਗਿਆ ਹੈ ਜਾਂ ਨਹੀਂ ? ਕੀ ਇਹ ਪਰੰਪਰਾ ਤੁਸੀਂ ਜਾਰੀ ਰੱਖਣਾ ਚਾਹੋਗੇ ? ਕੀ ਇਸਦੀ ਕੋਈ ਹਾਈ ਲੈਵਲ ਇਨਕੁਆਇਰੀ ਕੀਤੀ ਗਈ ਹੈ ਅਤੇ ਜੇ ਇਸ ਪੈਸੇ ਦਾ ਮਿਸਯੂਜ਼ ਹੋਇਆ ਹੈ ਤਾਂ ਕੀ ਕੋਈ ਕੇਸ ਰਜਿਸਟਰ ਕੀਤਾ ?

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ । ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਸੀਂ ਪੜਤਾਲ ਕਰਵਾ ਲਵਾਂਗੇ ਅਤੇ ਪਤਾ ਕਰਾ ਲਵਾਂਗੇ ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਗੱਲ ਹੋਰ ਕਲੀਅਰਲੀ ਕਹਿ ਦਿੰਦਾ ਹਾਂ । ਇਹ ਢਿੱਲ੍ਹੀ ਜਿਹੀ ਗੱਲ ਕਰ ਰਹੇ ਹਨ । ਮੈਂ ਇਸ ਤੋਂ ਵੀ ਅੱਗੇ ਦੱਸਦਾ ਹਾਂ ਕਿ ਜੇਕਰ ਕੋਈ ਕਸਰ ਪਾਈ ਜਾਵੇਗੀ ਤਾਂ ਬਿਲਕੁਲ ਕੋਈ ਵੀ ਬਖਸ਼ਿਆ ਨਹੀਂ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਮੈਂ ਤਾਂ ਕਿਹਾ ਹੈ ਕਿ ਕੇਸ ਰਜਿਸਟਰ ਕਰਾਓਗੇ ?

(ਇਸ ਸਪਲੀਮੈਂਟਰੀ ਦਾ ਕੋਈ ਉੱਤਰ ਨਹੀਂ ਆਇਆ)

**ਮਾਨਯੋਗ ਸਪੀਕਰ** : ਅਗਲਾ ਸਵਾਲ ।

-------------

## ਕਮਿਊਨਿਟੀ ਹੈਲਥ ਸੈਂਟਰ, ਖੇਮਕਰਨ ਵਿਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ

*157. **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਮਿਊਨਿਟੀ ਹੈਲਥ ਸੈਂਟਰ, ਖੇਮਕਰਨ, ਜ਼ਿਲ੍ਹਾ ਤਰਨ ਤਾਰਨ ਵਿੱਚ ਮੰਜ਼ੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਲੋੜੀਂਦੀ ਸੂਚਨਾ, ਕੈਟਾਗਰੀਵਾਈਜ਼ ਅਨੁਲੱਗ "ੳ" ਤੇ ਉਪਲਬਧ ਹੈ ਜੀ । ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਪਈਆਂ ਅਸਾਮੀਆਂ ਜਲਦੀ ਹੀ ਭਰੀਆਂ ਜਾ ਰਹੀਆਂ ਹਨ ।

### ਅਨੁਲੱਗ "ੳ"

| ਲੜੀ ਨੰ: | ਆਸਾਮੀ ਦਾ ਨਾਮ | | ਮਨਜ਼ੂਰ ਸ਼ੁਦਾ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| 1 | 2 | | 3 | 4 | 5 |
| 1. | ਸੀਨੀਅਰ ਮੈਡੀਕਲ ਅਫ਼ਸਰ | : | 1 | 0 | 1 |
| 2. | ਮੈਡੀਕਲ ਅਫ਼ਸਰ | : | 6 | 4 | 2 |
| 3. | ਮੈਡੀਕਲ ਅਫ਼ਸਰ ਡੈਂਟਲ | : | 1 | 0 | 1 |
| 4. | ਫਾਰਮਾਸਿਸਟ | : | 2 | 2 | 0 |
| 5. | ਸਟਾਫ ਨਰਸ | : | 6 | 4 | 2 |
| 6. | ਮਲਟੀਪਰਪਜ਼ ਹੈਲਥ ਵਰਕਰ (ਮੇਲ) | : | 1 | 1 | 0 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 |
|---|---|---|---|---|---|
| 7. | ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | : | 1 | 1 | 0 |
| 8. | ਮੈਡੀਕਲ ਲੈਬਾਰਟਰੀ ਟੈਕਨੀਸ਼ਨ | : | 4 | 3 | 1 |
| 9. | ਰੇਡੀਉਗ੍ਰਾਫਰ | : | 1 | 1 | 0 |
| 10. | ਡਰਾਈਵਰ | : | 1 | 0 | 1 |
| 11. | ਹੈਲਥ ਅਸਿਸਟੈਂਟ (ਮੇਲ) | : | 1 | 1 | 0 |
| 12. | ਹੈਲਥ ਅਸਿਸਟੈਂਟ (ਫੀਮੇਲ) | : | 1 | 1 | 0 |
| 13. | ਕਲਾਸ-4 | : | 14 | 14 | 0 |

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਬੀਬੀ ਜੀ ਨੇ ਮੈਨੂੰ ਜੋ ਜਾਣਕਾਰੀ ਦਿੱਤੀ ਹੈ, ਉਹ ਸ਼ਾਇਦ ਮਹਿਕਮੇ ਨੇ ਗਲਤ ਭੇਜੀ ਹੈ । ਪਹਿਲੀ ਗੱਲ ਹੈਰਾਨੀ ਵਾਲੀ ਇਹ ਹੈ ਕਿ ਖੇਮਕਰਨ ਅਸੀਂ ਬਾਰਡਰ ਤੇ ਬੈਠੇ ਹਾਂ, ਪਤਾ ਨਹੀਂ ਇਸ ਨੂੰ ਇਹ ਕਸੂਰ ਨਾਲ ਜੋੜਨਾ ਚਾਹੁੰਦੇ ਹਨ । ਉੱਥੇ ਐਸ.ਐਮ. ਓ. ਹੈ ਨਹੀਂ, ਮੈਡੀਕਲ ਅਫ਼ਸਰ ਦੀਆਂ 6 ਪੋਸਟਾਂ ਹਨ, ਚਾਰ ਭਰੀਆਂ ਹੋਈਆਂ ਹਨ, ਦੋ ਖਾਲੀ ਪਈਆਂ ਹਨ । ਨਾ ਉੱਥੇ ਗਾਇਨੀ ਦੀ ਕੋਈ ਡਾਕਟਰ ਹੈ । ਤੁਸੀਂ ਦੇਖ ਲਓ ਕਿ ਖੇਮਕਰਨ ਦਾ ਅੰਮ੍ਰਿਤਸਰ ਤੋਂ ਜਲੰਧਰ ਜਾਣ ਕਿੰਨਾ ਫਾਸਲਾ ਬਣ ਜਾਂਦਾ ਹੈ । ਜੇਕਰ ਉਥੇ ਵੀ ਗਾਇਨੀ ਦਾ ਕੋਈ ਡਾਕਟਰ ਨਹੀਂ ਭੇਜਣਾ ਤਾਂ ਕਿੱਥੇ ਭੇਜਣਾ ਹੈ । Child specialist ਵੀ ਉਥੇ ਨਹੀਂ ਹੈ । ਸਭ ਤੋਂ ਵੱਧ ਬੱਚਿਆਂ ਨੂੰ ਸਫ਼ਰ ਕਰਨਾ ਪੈਂਦਾ ਹੈ । ਸਰਜਨ ਵੀ ਉਥੇ ਕੋਈ ਨਹੀਂ ਹੈ । ਇਹ ਕਹਿੰਦੇ ਹਨ ਕਿ ਇਕ ਦੋ ਪੋਸਟਾਂ ਖਾਲੀ ਪਈਆਂ ਹਨ ਜਦੋਂ ਕਿ ਤਿੰਨ ਬਾਰੇ ਤਾਂ ਮੈਂ ਦੱਸ ਦਿੱਤਾ ਹੈ । ਡੈਂਟਲ ਡਾਕਟਰ ਵੀ ਉਥੇ ਨਹੀਂ ਹੈ । ਇਹ ਕਹਿੰਦੇ ਹਨ ਕਿ ਐਮ.ਪੀ. ਬਲਯੂ. (ਫੀਮੇਲ) ਦੀ ਪੋਸਟ ਭਰੀ ਹੋਈ ਹੈ । ਏ.ਐਨ. ਐਮ. ਦੀਆਂ 6 ਪੋਸਟਾਂ ਵਿੱਚੋਂ ਇਕ ਡੈਪੂਟੇਸ਼ਨ ਤੇ ਤਰਨ ਤਾਰਨ ਹੈ । ਇਕ ਅੰਮ੍ਰਿਤਸਰ ਹੈ, ਇਕ ਗੁਰਦਾਸਪੁਰ ਹੈ । ਜਦੋਂ ਮੇਰਾ ਇਹ ਕੁਐਸਚਨ ਗਿਆ ਤਾਂ ਸੀ.ਐਮ.ਓ. ਤਰਨ ਤਾਰਨ ਨੇ ਡਿਸਟ੍ਰਿਕਟ ਵਿੱਚੋਂ ਉਸ ਨੂੰ ਰਲੀਵ ਕਰਕੇ ਵਾਪਸ ਭੇਜ ਦਿੱਤਾ । ਇਸ ਵੇਲੇ ਉਥੇ 5 ਡੈਪੂਟੇਸ਼ਨ ਤੇ ਹਨ । ਹੈਲਥ ਵਿਜ਼ਿਟਰ ਦੀਆਂ ਚਾਰ ਪੋਸਟਾਂ ਹਨ । ਦੋ ਖਾਲੀ ਸੀ, 2 ਮੌਜੂਦ ਸਨ । ਉਨ੍ਹਾਂ ਵਿੱਚੋਂ ਇਕ ਟਰਾਂਸਫਰ ਕਰ ਦਿੱਤਾ ਗਿਆ ਹੈ । ਚਾਰ ਵਿੱਚੋਂ ਹੁਣ ਸਿਰਫ ਇਕ ਰਹਿ ਗਈ ਹੈ । ਖੇਮਕਰਨ ਦੇ ਨਾਲ ਜਿਹੜਾ ਸੀ.ਐਚ.ਸੀ. ਹੈ, ਉਹਦੇ ਨਾਲ ਰਾਜੋ ਕੇ ਅਤੇ ਮਿਨੀ ਪੀ.ਐਚ.ਸੀ. ਵਲਟੋਹਾ ਹੈ । ਵਲਟੋਹਾ ਪੀ.ਐਚ.ਸੀ. ਸਾਡੇ ਸੈਂਟਰ ਵਿੱਚ ਪੈਂਦਾ ਹੈ । ਵਲਟੋਹਾ ਮੇਰਾ ਪਿੰਡ ਵੀ ਹੈ । ਉੱਥੇ ਇਕ ਡਾਕਟਰ ਲੰਮੇ ਸਮੇਂ ਤੋਂ ਨਹੀਂ ਹੈ । ਰਾਜੋ ਕੇ ਵੀ ਐਸ.ਐਮ.ਓ. ਨਹੀਂ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]
ਮੇਰੀ ਮਨਿਸਟਰ ਸਾਹਿਬਾ ਨੂੰ ਬੇਨਤੀ ਹੈ ਕਿ ਜਿਹੜੀਆਂ ਪੋਸਟਾਂ ਬਾਰੇ ਮੈਂ ਦੱਸਿਆ ਹੈ ਕਿ ਇਹ ਖਾਲੀ ਪਈਆਂ ਹਨ । ਉਥੇ ਹਾਲਤ ਸੁਧਾਰਨ ਵਾਸਤੇ ਕਦੋਂ ਤੱਕ ਇਹ ਪੋਸਟਾਂ ਭਰਨ ਦੀ ਕੋਸ਼ਿਸ਼ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਖੇਮਕਰਨ ਬਾਰਡਰ ਦਾ ਏਰੀਆ ਹੈ, ਉਥੇ ਬਹੁਤ ਜ਼ਿਆਦਾ ਸਿਹਤ ਸੇਵਾਵਾਂ ਚਾਹੀਦੀਆਂ ਹਨ । ਇਸਦੇ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੀ ਮਾਲਵਾ ਬੈਲਟ ਵਿੱਚ ਵੀ ਡਾਕਟਰ ਬਹੁਤ ਥੋੜ੍ਹੇ ਹਨ, ਜਿੰਨੇ ਚਾਹੀਦੇ ਹਨ, ਉਸਦਾ ਅੱਧ ਹੈ । ਇਸਦੇ ਵਿਚੋਂ ਦੋ ਮੁੱਖ ਕਾਰਨ ਹਨ। ਇੱਕ ਕਾਰਣ ਡੈਪੂਟੇਸ਼ਨ ਹੈ ਅਤੇ ਦੂਜੇ ਬਾਰੇ ਮੈਂ ਜ਼ਿੰਮੇਵਾਰੀ ਦੇ ਨਾਲ ਇਸ ਵਿਧਾਨ ਸਭਾ ਵਿੱਚ ਕਹਿ ਰਹੀ ਹਾਂ ਕਿ ਜਿਹੜੇ ਸਿਫਾਰਸ਼ੀ ਜਾਂ ਕਿਸੇ ਹੋਰ ਕਾਰਨ ਸਿਫਾਰਸ਼ਾਂ ਸਾਨੂੰ ਕੰਮ ਨਹੀਂ ਕਰਨ ਦਿੰਦੀਆਂ, ਮੇਰੀ ਬੇਨਤੀ ਹੈ ਕਿ ਜਿਹੜਾ ਡਾਕਟਰ ਲੱਗ ਗਿਆ ਉਸਦੇ ਵਾਸਤੇ ਫਿਰ ਆ ਕੇ ਝਗੜਾ ਨਾ ਕਰਨ ਕਿ ਮੇਰਾ ਭਰਾ, ਮੇਰਾ ਭਤੀਜਾ ਉਥੇ ਕਿਉਂ ਲਗਾ ਦਿੱਤਾ। ਜਿੱਥੋਂ ਤੱਕ ਖੇਮਕਰਨ ਦੀ ਗੱਲ ਹੈ, ਸਪੀਕਰ ਸਾਹਿਬ, ਉਥੇ ਡਾਕਟਰ ਕਸ਼ਮੀਰ ਸਿੰਘ ਸੋਹਲ, ਆਈਜ਼ ਸਪੈਸ਼ਲਿਸਟ, ਡਾਕਟਰ ਸੰਦੀਪ ਕੱਕੜ, ਈ.ਐਨ.ਟੀ. ਸਪੈਸ਼ਲਿਸਟ, ਡਾਕਟਰ ਰਮਨ ਗੁਪਤਾ ਸਰਜਨ ਹੈ । ਮੁਲਖ ਰਾਜ ਐਮ.ਬੀ.ਬੀ.ਐਸ. ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗਾਇਨੀ ਸਪੈਸ਼ਲਿਸਟ ਵੀ ਚਾਹੀਦਾ ਹੈ । ਜਿੱਥੇ ਮਾਂ ਨੇ ਬੱਚੇ ਨੂੰ ਜਨਮ ਦੇਣਾ ਹੈ ਉਥੇ ਬੱਚਿਆਂ ਦਾ ਮਾਹਿਰ ਡਾਕਟਰ ਵੀ ਚਾਹੀਦਾ ਹੈ । ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਅਸੀਂ ਬਹੁਤ ਜਲਦੀ ਭੇਜ਼ ਦਿਆਂਗੇ । ਸਾਡੇ ਕੋਲ 71 ਡਾਕਟਰ ਪੀ.ਜੀ. ਕਰਕੇ ਵਾਪਸ ਆ ਗਏ ਹਨ । ਅਸੀਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਜਿਹੜੇ ਪੀ.ਜੀ. ਕਰਕੇ ਆਏ ਹਨ ਉਨ੍ਹਾਂ ਵਿੱਚੋਂ ਇਕ ਗਾਇਨੀ ਡਾਕਟਰ ਬਿਲਕੁਲ ਜੁਲਾਈ ਖਤਮ ਹੋਣ ਤੋਂ ਪਹਿਲਾਂ ਅਸੀਂ ਖੇਮਕਰਨ ਭੇਜ ਦਿਆਂਗੇ। ਬਾਕੀ ਉਥੇ ਈ.ਸੀ.ਜੀ. ਹੈ, ਐਕਸਰੇ ਹੈ, ਲੈਬਾਰਟਰੀ ਹੈ, ਲੈਬਾਰਟਰੀ ਟੈਕਨੀਸ਼ੀਅਨ ਹੈ। ਮੇਰਾ ਆਪਣਾ ਵਿਸ਼ਵਾਸ ਹੈ ਕਿ ਬਾਰਡਰ ਦੇ ਇਲਾਕੇ ਦੇ ਲੋਕ ਜਿਥੇ ਦੁਸ਼ਮਣ ਨਾਲ ਲੜਦੇ ਹਨ, ਉਥੇ ਬਿਮਾਰੀਆਂ ਨਾਲ ਵੀ ਲੜਦੇ ਹਨ, ਉਥੇ ਸਿਹਤ ਸੁਵਿਧਾਵਾਂ ਜ਼ਿਆਦਾ ਮਿਲਣੀਆਂ ਚਾਹੀਦੀਆਂ ਹਨ । ਅਸੀਂ ਇਹ ਦੇਵਾਂਗੇ । ਮੈਂ ਇਸ ਦਾ ਪੂਰਾ ਭਰੋਸਾ ਦਿਵਾਉਂਦੀ ਹਾਂ ।

**ਮਾਨਯੋਗ ਸਪੀਕਰ** : ਬੀਬੀ ਜੀ, ਅਸੀਂ ਵੀ ਬਾਰਡਰ ਦੇ ਇਲਾਕੇ ਵਿਚ ਰਹਿੰਦੇ ਹਾਂ ।

**ਮੰਤਰੀ** : ਸਪੀਕਰ ਸਾਹਿਬ, ਤੁਹਾਡਾ ਖਿਆਲ ਤਾਂ ਪਹਿਲਾਂ ਰੱਖਿਆ ਹੋਇਆ ਹੈ । ਫਤਿਹਗੜ੍ਹ ਚੂੜੀਆਂ ਦਾ ਪੂਰਾ ਖਿਆਲ ਰੱਖਿਆ ਗਿਆ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਵਿਰਸਾ ਸਿੰਘ ਵਲਟੋਹਾ** : ਮੈਂ ਧੰਨਵਾਦੀ ਹਾਂ ਕਿ ਬੀਬੀ ਜੀ ਨੇ ਪੂਰਾ ਵਿਸ਼ਵਾਸ ਦਿਵਾਇਆ ਹੈ ਕਿ ਉਥੇ ਡਾਕਟਰ ਭੇਜ ਦੇਣਗੇ । ਪਰ ਮਿਨੀ ਪੀ.ਐਚ.ਸੀ. ਰਾਜੋ ਕੇ ਵਿੱਚ ਡਾਕਟਰ ਕਦੋਂ ਭੇਜਣਗੇ । ਇਹ ਤਾਂ ਇਨ੍ਹਾਂ ਨੇ ਖੇਮਕਰਨ ਦੀ ਗੱਲ ਕੀਤੀ ਹੈ ।

**ਮਾਨਯੋਗ ਸਪੀਕਰ** : ਤੁਹਾਡਾ ਜਵਾਬ ਆ ਗਿਆ ਹੈ । ਉਨ੍ਹਾਂ ਨੇ ਸਾਰੇ ਸਵਾਲ ਦਾ ਜਵਾਬ ਦੇ ਦਿੱਤਾ ਹੈ ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਨਹੀਂ ਸਰ, ਪੂਰਾ ਜਵਾਬ ਨਹੀਂ ਆਇਆ ।

**ਮੰਤਰੀ** : ਮਿਨੀ. ਪੀ.ਐਚ.ਸੀ. ਵਿਚ ਐਸ.ਐਮ.ਓ. ਨਹੀਂ ਹੁੰਦੇ । ਪੀ.ਐਚ.ਸੀ. ਵਿੱਚ ਇਕ ਐਸ.ਐਮ.ਓ. ਦੀ ਇਸ ਮਹੀਨੇ ਦੇ ਅਖੀਰ ਵਿੱਚ ਪਲੇਸਮੈਂਟ ਕਰ ਦਿੱਤੀ ਜਾਵੇਗੀ । ਜਿਥੇ-ਜਿਥੇ ਘਾਟ ਹੈ ਉਥੇ ਜੁਲਾਈ, 2007 ਦੇ ਅੰਦਰ-ਅੰਦਰ ਡਾਕਟਰ ਭੇਜ ਦਿੱਤੇ ਜਾਣਗੇ। ਕੋਈ ਇਕ ਵੀ ਹਸਪਤਾਲ ਜਾਂ ਇਕ ਵੀ ਪੀ.ਐਚ.ਸੀ., ਐਸ.ਐਮ.ਓ. ਤੋਂ ਬਗੈਰ ਨਹੀਂ ਰਹੇਗੀ ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਖੇਮਕਰਨ ਵਿਖੇ ਬੜੀ ਵਧੀਆ ਬਿਲਡਿੰਗ ਬਣੀ ਹੋਈ ਹੈ । ਡਾਕਟਰ ਦੇ ਰਹਿਣ ਲਈ ਜਗ੍ਹਾ ਦਾ ਪ੍ਰਬੰਧ ਹੈ । ਮੰਤਰੀ ਜੀ ਨੇ ਕਿਹਾ ਹੈ ਕਿ ਉਥੇ ਡਾਕਟਰ ਭੇਜ ਦਿੱਤੇ ਜਾਣਗੇ । ਮੇਰੀ ਬੇਨਤੀ ਹੈ ਕਿ ਕੀ ਮੰਤਰੀ ਜੀ ਐਨਸ਼ਿਓਰ ਕਰਨਗੇ ਕਿ ਉਥੇ ਜਿਹੜੇ ਡਾਕਟਰ ਭੇਜੇ ਜਾਣਗੇ, ਉਹ ਉਥੇ ਰਾਤ ਨੂੰ ਵੀ ਡਿਊਟੀ ਦਿਆ ਕਰਨਗੇ ।

**ਮੰਤਰੀ** : ਵੈਸੇ ਤਾਂ ਡਾਕਟਰ ਦੀ ਸੇਵਾ 24 ਘੰਟੇ ਦੀ ਹੁੰਦੀ ਹੈ ਅਤੇ ਡਾਕਟਰ ਐਮਰਜੰਸੀ ਵਿੱਚ ਰਾਤ ਨੂੰ ਵੀ ਹੋਣਾ ਚਾਹੀਦਾ ਹੈ । ਮੈਂ ਪਿਛਲੇ ਡੇਢ ਮਹੀਨੇ ਵਿੱਚ ਮੀਆਂ-ਵਿੰਡ, ਜ਼ਿਲ੍ਹਾ ਤਰਨ ਤਾਰਨ ਵਿਖੇ ਸਵੇਰੇ ਗਈ, ਪੱਟੀ ਹਸਪਤਾਲ ਵਿੱਚ 11.30 ਵਜੇ ਰਾਤ ਨੂੰ ਗਈ, ਤਰਨ ਤਾਰਨ ਹਸਪਤਾਲ ਵਿੱਚ 12.00 ਵਜੇ ਰਾਤ ਨੂੰ ਗਈ, ਝਬਾਲ ਵਿਖੇ ਵੀ ਰਾਤ 10 ਵਜੇ ਤੋਂ ਬਾਅਦ ਗਈ, ਜ਼ਿਥੇ ਕਮੀਆਂ ਸਨ, ਉਹ ਦੂਰ ਕਰ ਦਿੱਤੀਆਂ । ਤੁਹਾਡੇ ਇਲਾਕੇ ਵਿੱਚ ਵੀ ਕਮੀ ਹੈ । ਸੀ.ਐਮ.ਓ. ਸਾਹਿਬ ਨੇ ਦੁੱਧ ਵੇਚਣ ਵਾਲੇ ਅਤੇ ਪੰਚਾਂ-ਸਰਪੰਚਾਂ ਨੂੰ ਇਕੱਠੇ ਕਰਕੇ ਜਿਸ ਤਰ੍ਹਾਂ ਲੋਪੋ ਕੇ ਕਾਨਫਰੰਸ ਕੀਤੀ ਸੀ ਅਤੇ ਅਸੀਂ ਹਸਪਤਾਲ ਵੀ ਵੇਖਣ ਗਏ ਸੀ । ਇਸੇ ਤਰ੍ਹਾਂ ਸ਼ਾਇਦ ਮੈਂ ਖੇਮਕਰਨ ਵੀ ਅੱਧੀ ਰਾਤ ਨੂੰ ਹੀ ਜਾਵਾਂਗੀ । ਹੋ ਸਕਦਾ ਹੈ ਤੁਹਾਨੂੰ ਉਸ ਵਕਤ ਪਤਾ ਵੀ ਨਾ ਲੱਗੇ ਮੈਂ ਤੁਹਾਨੂੰ ਮਿਲ ਕੇ ਜਾਵਾਂਗੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਈਸ਼ਰ ਸਿੰਘ** : ਮੇਰੇ ਹਲਕੇ ਕੂੰਮ ਕਲਾਂ ਵਿੱਚ ਸੀ.ਐਚ.ਸੀ. ਦੀ ਬਿਲਡਿੰਗ ਬਣੇ ਨੂੰ 10 ਸਾਲ ਹੋ ਗਏ ਹਨ । ਉਥੇ ਸਟਾਫ ਦੀ ਕਮੀ ਹੈ । ਮੈਂ ਸਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਲੋੜੀਂਦਾ ਸਟਾਫ ਕਦੋਂ ਤੱਕ ਭੇਜ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ** : ਇਹ ਸੈਪਰੇਟ ਸਵਾਲ ਬਣਦਾ ਹੈ । ਸਵਾਲ ਖੇਮਕਰਨ ਬਾਰੇ ਸੀ ਤੇ ਉਸਦਾ ਜਵਾਬ ਦੇ ਦਿੱਤਾ ਗਿਆ ਹੈ । ਤੁਸੀਂ ਪਰਸਨਲੀ ਮਿਲ ਲੈਣਾ । ਉਹ ਸਵਾਲ ਦਾ ਜਵਾਬ ਦੇ ਚੁੱਕੇ ਹਨ ।

------------

## ਜ਼ਿਲ੍ਹਾ ਮੁਕਤਸਰ ਵਿੱਚ ਕੈਂਸਰ ਦੀ ਬਿਮਾਰੀ ਦਾ ਫੈਲਣਾ

***169. ਸਰਦਾਰ ਕੰਵਰਜੀਤ ਸਿੰਘ ਬਰਾੜ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਹਿੰਦ ਨਹਿਰ ਰਾਹੀਂ ਸਪਲਾਈ ਕੀਤੇ ਜਾ ਰਹੇ ਪੀਣ ਵਾਲੇ ਦੂਸ਼ਿਤ ਪਾਣੀ ਦੇ ਕਾਰਣ ਜ਼ਿਲ੍ਹਾ ਮੁਕਤਸਰ ਵਿੱਚ ਕੈਂਸਰ ਦੀ ਬਿਮਾਰੀ ਫੈਲ ਰਹੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਭਿਆਨਕ ਬਿਮਾਰੀ ਨੂੰ ਰੋਕਣ ਲਈ ਸਰਕਾਰ ਦੁਆਰਾ ਚੁੱਕੇ ਜਾ ਰਹੇ ਸੁਧਾਰਕ ਕਦਮਾਂ ਦੇ ਵੇਰਵੇ ਕੀ ਹਨ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਨਹੀਂ ਜੀ, ਜ਼ਿਲ੍ਹਾ ਮੁਕਤਸਰ ਵਿੱਚ ਸਰਹਿੰਦ ਕਨਾਲ ਰਾਹੀਂ ਸਪਲਾਈ ਕੀਤੇ ਜਾ ਰਹੇ ਦੂਸ਼ਿਤ ਪਾਣੀ ਨਾਲ ਕੈਂਸਰ ਦੀ ਬਿਮਾਰੀ ਨਹੀਂ ਫੈਲ ਰਹੀ ਹੈ ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਨਤੀਜੇ ਤੇ ਪਹੁੰਚੇ ਹਨ, ਕੀ ਉਹ ਕੋਈ ਰਿਸਰਚ ਕਰਕੇ ਪਹੁੰਚੇ ਹਨ ਜਾਂ ਜਵਾਬ ਮਹਿਕਮੇ ਵਾਲਿਆਂ ਨੇ ਹੀ ਦਿੱਤਾ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਹਿਕਮੇ ਦੀ ਮੱਦਦ ਵੀ ਲੈਂਦੇ ਹਾਂ ਲੇਕਿਨ ਥੋੜ੍ਹੀ ਬਹੁਤ ਸਟੱਡੀ ਵੀ ਕਰਦੇ ਹਾਂ । ਪੀ.ਜੀ.ਆਈ. ਨੇ ਇਕ ਸਟਡੀ ਕੰਡਕਟ ਕਰਵਾਈ ਸੀ ਅਤੇ ਉਸ ਸਟੱਡੀ ਵਿੱਚ 4 ਜ਼ਿਲ੍ਹੇ ਲਏ ਗਏ ਸਨ ਜਿੱਥੇ ਇਹ ਖਤਰਾ ਸੀ ਕਿ ਪੈਸਟੀਸਾਈਡਜ਼ ਜਾਂ ਦਵਾਈਆਂ ਦੇ ਸਪਰੇਅ ਕਰਨ ਨਾਲ ਕੈਂਸਰ ਫੈਲ ਸਕਦਾ ਹੈ । ਕਾਟਨ ਬੈਲਟ ਬਠਿੰਡਾ ਵਿੱਚ ਪੀ.ਜੀ.ਆਈ. ਤੋਂ ਸਰਵੇ ਕਰਵਾਇਆ ਅਤੇ ਉਨ੍ਹਾਂ ਨੇ ਪਾਇਆ ਕਿ ਜ਼ਿਲ੍ਹਾ ਮੁਕਤਸਰ ਵਿੱਚ 56.6%, ਬਠਿੰਡਾ ਵਿੱਚ 59.3%, ਫਰੀਦਕੋਟ ਵਿੱਚ 88% ਅਤੇ ਮਾਨਸਾ ਵਿੱਚ 57.5% ਲੋਕਾਂ ਨੂੰ ਕੈਂਸਰ

Original with;
Punjab Vidhan Sabha
Digitized by;
Panjab Digital Library

ਦੀ ਬਿਮਾਰੀ ਹੋਈ ਹੈ। ਇਹ ਜਿਹੜੀ ਅਸੀਂ ਗਿਣਦੇ ਹਾਂ ਇਹ ਪ੍ਰਸੈਂਟੇਜ ਨਹੀਂ ਹੈ। ਇਹ ਇਕ ਲੱਖ ਆਦਮੀਆਂ ਦੀ ਜਨ ਸੰਖਿਆ ਵਿੱਚੋਂ 59 ਜਾਂ 58 ਵਿਅਕਤੀ ਕੈਂਸਰ ਨਾਲ ਬਿਮਾਰ ਹੋਏ ਹਨ । ਭਾਰਤ ਸਰਕਾਰ ਦੇ ਸਰਵੇਖਣ ਵਿੱਚ ਹਰ ਇਕ ਲੱਖ ਦੇ ਪਿੱਛੇ 70 ਲੋਕ ਕੈਂਸਰ ਦੇ ਮਰੀਜ਼ ਹਨ ਅਤੇ 52 ਵਿਅਕਤੀ ਪ੍ਰਤੀ ਲੱਖ ਭਾਵ ਇਕ ਲੱਖ ਪਿੱਛੇ 52 ਆਦਮੀ ਪੰਜਾਬ ਵਿੱਚ ਕੈਂਸਰ ਦੇ ਹਨ । ਕਹਿਣ ਨੂੰ ਤਾਂ ਕਹਿ ਸਕਦੇ ਹਾਂ ਕਿ ਇਹ ਰੇਸ਼ੋ ਭਾਰਤ ਸਰਕਾਰ ਤੋਂ ਘੱਟ ਹੈ ਪਰ ਘੱਟ ਨਹੀਂ, ਇਸ ਨੂੰ ਰੋਕਣ ਦੀ ਜ਼ਰੂਰਤ ਹੈ । ਜੋ ਇਨ੍ਹਾਂ ਦਾ ਪ੍ਰਸ਼ਨ ਸੀ ਕਿ ਮੁਕਤਸਰ ਵਿੱਚ ਸਰਹਿੰਦ ਨਹਿਰ ਦੇ ਪਾਣੀ ਨਾਲ ਕੈਂਸਰ ਹੋ ਰਿਹਾ ਹੈ, ਮੁਕਤਸਰ ਵਿੱਚ ਸਰਵੇਖਣ ਕਰਵਾਇਆ ਹੈ, ਇਸ ਦਾ ਇਹ ਕਾਰਨ ਨਹੀਂ ਇਸ ਦਾ ਕਾਰਨ ਹੈ, ਸਿਗਰੇਟ ਪੀਣਾ, ਤਮਾਕੂ ਖਾਣਾ, ਸ਼ਰਾਬ ਪੀਣਾ ਅਤੇ ਮਾਸ-ਮੱਛਲੀ ਖਾਣਾ, ਤੇਜ਼ ਮਸਾਲੇ ਖਾਣਾ ਆਦਿ । ਇਸ ਦਾ ਕਾਰਨ, ਆਫ ਕੋਰਸ ਪੈਸਟੀਸਾਈਡਜ਼ ਸਪਰੇਅ ਲਈ ਜਿਹੜੀਆਂ ਦਵਾਈਆਂ ਵਰਤੀਆਂ ਜਾਂਦੀਆਂ ਹਨ, ਉਹ ਵੀ ਇਸ ਦਾ ਇਕ ਕਾਰਨ ਹੈ । ਇਸਦੇ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਵਲ ਸਰਜਨਜ਼ ਨੂੰ ਹਦਾਇਤ ਦਿੱਤੀ ਹੈ, ਜਿਨ੍ਹਾਂ ਚੀਜ਼ਾਂ ਤੋਂ ਕੈਂਸਰ ਹੋ ਸਕਦਾ ਹੈ, ਇਸ ਸਬੰਧੀ ਮੈਂਬਰ ਸਾਹਿਬਾਨ ਵੀ ਲੋਕਾਂ ਨੂੰ ਪਰਹੇਜ਼ ਕਰਨ ਲਈ ਪ੍ਰੇਰਣਾ ਦੇਣ । (ਥੰਪਿੰਗ)

**ਸਰਦਾਰ ਕੰਵਰਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਮੰਤਰੀ ਜੀ ਨੇ ਪ੍ਰੇਰਣਾ ਦਿੱਤੀ ਹੈ । ਮੈਂ ਤਾਂ ਰਿਕਵੈਸਟ ਕਰਾਂਗਾ ਕਿ ਇਹ ਜਿਹੜੀ ਕੈਂਸਰ ਦੀ ਬਿਮਾਰੀ ਹੈ, ਇਹ ਸਾਰੇ ਜਾਣਦੇ ਹਾਂ ਚਾਹੇ ਨਵੀਂ ਖੋਜ ਕਰਕੇ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਵਧ ਰਹੀ ਹੈ । ਇਹ ਜਿਹੜਾ ਸਰਵੇਖਣ ਕਰਵਾਇਆ ਹੈ, ਮੈਂ ਇਨ੍ਹਾਂ ਨੂੰ ਰਿਕਵੈਸਟ ਕਰਦਾ ਹਾਂ ਕਿ ਖਾਸ ਕਰਕੇ ਜਿਵੇਂ ਨਰਮੇ ਦੀ ਬੈਲਟ ਹੈ, ਉਥੇਂ ਅਕਸੈਸਿਵ ਯੂਜ਼ ਆਫ ਪੈਸਟੀਸਾਈਡ ਕਰਕੇ, ਇਕ ਸਰਵੇਖਣ ਮਾਨਸਾ ਵਿਖੇ ਕੀਤਾ ਗਿਆ ਸੀ ਅਤੇ ਇਹ ਰਿਜ਼ਲਟ ਕੱਢਿਆ ਗਿਆ ਸੀ ਕਿ ਕੈਂਸਰ ਦੇ ਕੇਸ ਵਧ ਰਹੇ ਹਨ । ਇਸ ਲਈ ਇਹ ਜਿਹੜਾ ਡਾਟਾ ਹੈ ਇਹ ਹੈਲਥ ਡਿਪਾਰਟਮੈਂਟ ਰੱਖੇ ਅਤੇ ਇਸ ਤੇ ਗੌਰ ਕਰੇ ਜੇ ਇਸਦੇ ਬਾਰੇ ਫਰਕ ਪੈਂਦਾ ਹੈ ਤਾਂ ਉਸਦੀ ਜਾਣਕਾਰੀ ਸਾਰਿਆਂ ਨੂੰ ਦੇਣੀ ਚਾਹੀਦੀ ਹੈ ।

**ਮੰਤਰੀ** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਬਰਾੜ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਪੰਜਾਬ ਦੀ ਜਨਤਾ ਵੀ ਸਮਝਦੀ ਹੈ ਅਤੇ ਮੈਂ ਵੀ ਆਪਣੇ ਕਈ ਨਜ਼ਦੀਕੀ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਵੀ ਇਸ ਬੀਮਾਰੀ ਨਾਲ ਖੋਏ ਹਨ । ਇਸ ਲਈ ਮੈਂ, ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਵਿਸ਼ੇਸ਼ ਕਰਕੇ ਬਰਾੜ ਸਾਹਿਬ ਨੂੰ ਨਿਵੇਦਨ ਕਰਦੀ ਹਾਂ ਅਤੇ ਜਾਣਕਾਰੀ ਦਿੰਦੀ ਹਾਂ ਕਿ ਨੈਸ਼ਨਲ ਰੂਰਲ ਪ੍ਰੋਗਰਾਮ ਦੇ ਅੰਤਰਗਤ 3 ਕਰੋੜ ਰੁਪਏ ਦੀ ਲਾਗਤ ਨਾਲ ਬਠਿੰਡਾ ਅਤੇ ਹੁਸ਼ਿਆਰਪੁਰ ਵਿੱਚ ਵਿਸ਼ੇਸ਼, ਪਰ ਮੈਂ ਸਮਝਦੀ ਹਾਂ ਕਿ ਬਠਿੰਡਾ ਤੋਂ ਬਾਅਦ ਗੁਰਦਾਸਪੁਰ ਦਾ ਨਾਂ ਆਉਂਦਾ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਹੈ, ਇਹ ਪਿਛਲਾ ਸੁਝਾਅ ਹੈ । ਉਥੇ ਇਕ ਕੁਬਾਲਟ ਥਰੈਪੀ ਅਤੇ ਆਨਕਾਲੋਜੀ ਦੇ ਇਲਾਜ ਲਈ ਕੋਸ਼ਿਸ਼ ਕਰ ਰਹੇ ਹਾਂ ਪਰ ਸ਼ਰਤ ਇਹ ਹੈ ਕਿ ਰਾਸ਼ਟਰੀਯ ਗ੍ਰਾਮੀਨ ਮਿਸ਼ਨ ਤੋਂ ਪੈਸਾ ਮਿਲ ਜਾਂਦਾ । ਪਿਛਲੀ ਸਰਕਾਰ ਨੇ ਵੀ ਇਕ ਸਰਵੇਖਣ ਕਰਵਾਇਆ ਸੀ ਕਿ ਪੈਸਟੀਸਾਈਡਜ਼ ਨਾਲ ਕੈਂਸਰ ਵਧਦਾ ਹੈ ਪਰ 2005 ਵਿੱਚ ਪੰਜਾਬ ਦੇ ਚੀਫ ਕੈਮੀਕਲ ਅਫ਼ਸਰ ਵੱਲੋਂ ਵੀ ਇਕ ਸਰਵੇਖਣ ਕੀਤਾ ਗਿਆ ਸੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ 515 ਇਸਤਰੀਆਂ ਅਤੇ ਪੁਰਸ਼ਾਂ ਵਿੱਚੋਂ 435 ਪੁਰਸ਼ ਅਤੇ 35 ਮਹਿਲਾਵਾਂ ਦੇ ਖੂਨ ਅਤੇ ਪਿਸ਼ਾਬ ਦੇ ਟੈਸਟ ਕਰਵਾਏ ਗਏ ਸਨ । ਖੁਸ਼ੀ ਦੀ ਗੱਲ ਹੈ ਕਿ ਉਸਦੇ ਵਿੱਚ ਕਿਸੇ ਤਰ੍ਹਾਂ ਦੇ ਵੀ ਸਪਰੇਅ ਨਾਲ ਮਿਲਣ ਵਾਲੀਆਂ ਦਵਾਈਆਂ ਵਿੱਚ ਕੋਈ ਵੀ ਵਿਸ਼ ਨਹੀਂ ਮਿਲਿਆ । ਲੇਕਿਨ ਮੈਂ ਸਦਨ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਮੈਂ ਮੁੱਖ ਮੰਤਰੀ ਸਾਹਿਬ ਨੂੰ ਇਸ ਸਬੰਧੀ ਮਿਲਾਂਗੀ ਅਤੇ ਉਹ ਇਸ ਤੇ ਕਾਰਵਾਈ ਕਰਨਗੇ । हम केंद्र सरकार को भी निवेदन करेंगे कि पंजाब में कैंसर के इलाज के लिए बड़ा अस्पताल दिया जाए। हम बहुत जल्दी इस दिशा में पूरा यत्न करेंगे, मन से करेंगे और धन से करेंगे।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀਜ਼ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ** : ਕਾਫੀ ਸਪਲੀਮੈਂਟਰੀਆਂ ਹੋ ਗਈਆਂ ਹਨ । ਹਾਂ ਜੀ, ਬਾਠ ਸਾਹਿਬ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਬੀਬੀ ਜੀ ਨੇ ਖਾਣ-ਪੀਣ ਵਾਲੀਆਂ ਸਾਰੀਆਂ ਚੀਜ਼ਾਂ ਮਨ੍ਹਾਂ ਕਰ ਦਿੱਤੀਆਂ ਹਨ ਤੇ ਫਿਰ ਕਿਸ ਤਰ੍ਹਾਂ ਬੰਦਾ ਜੀਵੇਗਾ । ਕਿਰਪਾ ਕਰਕੇ ਇਹ ਲਫਜ਼ ਐਕਸਪੰਜ ਕਰਵਾਏ ਜਾਣ ।

**ਮਾਨਯੋਗ ਸਪੀਕਰ** : ਬਾਠ ਸਾਹਿਬ, ਬੈਠੋ । ਅਗਲਾ ਪ੍ਰਸ਼ਨ ।

---

**ਅਪਰਾ ਡਰੇਨ ਦੀ ਸਫਾਈ ਕਰਨਾ**

***160. ਚੌਧਰੀ ਮੋਹਨ ਲਾਲ ਬਹਿਰਾਮ** : ਕੀ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਅਪਰਾ, ਜ਼ਿਲ੍ਹਾ ਜਲੰਧਰ

Original with;
Punjab Vidhan Sabha
Digitized by;
Panjab Digital Library

ਵਿੱਚ ਗੰਦੇ ਪਾਣੀ ਦੇ ਨਿਕਾਸ ਲਈ ਕੋਈ ਡਰੇਨ ਬਣਾਈ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਸਫਾਈ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਨਹੀਂ ਜੀ । ਸਪੀਕਰ ਸਾਹਿਬ, ਪਿੰਡ ਅਪਰਾ, ਜ਼ਿਲ੍ਹਾ ਜਲੰਧਰ, ਵਿੱਚ ਪਾਣੀ ਦੇ ਨਿਕਾਸ ਲਈ ਕੋਈ ਡਰੇਨ ਨਹੀਂ ਹੈ । ਇਸ ਲਈ ਡਰੇਨ ਦੀ ਸਫਾਈ ਦਾ ਕੋਈ ਸਵਾਲ ਹੀ ਨਹੀਂ ਬਣਦਾ ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਸਵਾਲ ਸਿੰਜਾਈ ਮੰਤਰੀ ਦਾ ਹੋਣਾ ਚਾਹੀਦਾ ਸੀ ਤੇ ਇਹ ਗਲਤੀ ਨਾਲ ਇੱਧਰ ਚਲਾ ਗਿਆ ਹੈ । ਮੈਂ ਆਪਣੀ ਪਿਛਲੀ ਟਰਮ ਸਮੇਂ ਸਾਲ 1997-2002 ਵਿੱਚ ਵੀ ਇਹ ਸਵਾਲ ਲਗਾਇਆ ਸੀ ਔਰ ਇਸ ਬਾਰੇ ਬਕਾਇਦਾ ਆਸ਼ਵਾਸਨ ਵੀ ਦਿੱਤਾ ਗਿਆ ਹੈ ਕਿ ਇਹ ਡਰੇਨ ਅਪਰੇ ਤੋਂ ਸਮਰਾਣੀ ਵਾਇਆ ਜੰਜੀਆਂ ਜਾਂਦੀ ਹੈ ਤੇ ਇਸ ਦੀ ਜਲਦੀ ਸਫਾਈ ਕੀਤੀ ਜਾਵੇਗੀ । ਪਰ ਬਾਅਦ ਵਿੱਚ ਸਰਕਾਰ ਚਲੀ ਗਈ, ਇਲੈਕਸ਼ਨ ਹੋ ਗਏ ਤੇ ਹੁਣ ਮੰਤਰੀ ਜੀ ਜਵਾਬ ਦੇ ਰਹੇ ਹਨ ਕਿ ਉਥੇ ਕੋਈ ਡਰੇਨ ਨਹੀਂ ਹੈ । ਮੇਰੀ ਬੇਨਤੀ ਹੈ ਕਿ ਉਥੇ ਡਰੇਨ ਨਿਕਲਦੀ ਹੈ ਤੇ ਮਹਿਕਮਾ ਜਿਹੜਾ ਹੈ .....।

**ਮਾਨਯੋਗ ਸਪੀਕਰ** : ਤੁਸੀਂ ਸੇਖੋਂ ਸਾਹਿਬ ਨਾਲ ਸੰਪਰਕ ਕਰ ਲਓ, ਉਹ ਹੀ ਜਵਾਬ ਦੇ ਸਕਣਗੇ ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਉਥੇ ਬੜੀ ਸਮੱਸਿਆ ਹੈ। ਬਾਰਸ਼ਾਂ ਆਉਂਦੀਆਂ ਹਨ ਤੇ ਛੱਪੜ ਭਰ ਜਾਂਦੇ ਹਨ ਜਿਸ ਕਾਰਨ ਮੁਹੱਲੇ ਤੇ ਘਰ ਡੁੱਬ ਜਾਂਦੇ ਹਨ । ਇਸ ਕਰਕੇ ਮੇਰੀ ਬੇਨਤੀ ਹੈ ਕਿ ਡਰੇਨ ਮਹਿਕਮਾ ਜਾਂ ਪੰਚਾਇਤਾਂ ਦਾ ਮਹਿਕਮਾ ਜੋ ਵੀ ਇਸ ਡਰੇਨ ਬਾਰੇ ਕਾਰਵਾਈ ਕਰਦਾ ਹੈ, ਉਹ ਜਲਦੀ ਤੋਂ ਜਲਦੀ ਇਸ ਡਰੇਨ ਦੀ ਸਫਾਈ ਕਰਵਾਏ । ਲੋਕਾਂ ਨੇ ਖੇਤੀ ਵਾਹੀ ਹੋਈ ਹੈ । ਲੋਕਾਂ ਨੇ ਝੋਨਾ ਲਗਾਉਣਾ ਹੈ ਤੇ ਫਿਰ ਲੋਕਾਂ ਨੇ ਡਰੇਨ ਕੱਢਣ ਨਹੀਂ ਦੇਣੀ । ਇਸ ਲਈ ਇਸ ਬਾਰੇ ਹੁਣ ਕਾਰਵਾਈ ਕੀਤੀ ਜਾਵੇ ।

**ਮਾਨਯੋਗ ਸਪੀਕਰ** : ਤੁਸੀਂ ਸੇਖੋਂ ਸਾਹਿਬ ਨਾਲ ਸੰਪਰਕ ਕਰ ਲਓ ।

-----------

Original with;
Punjab Vidhan Sabha
Digitized by;
Panjab Digital Library

## ਜਗਰਾਉਂ ਨੂੰ ਮਾਲ ਜ਼ਿਲ੍ਹੇ ਦਾ ਦਰਜਾ ਦੇਣਾ

*125. **ਸਰਦਾਰ ਗੁਰਦੀਪ ਸਿੰਘ ਭੈਣੀ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਗਰਾਉਂ ਨੂੰ ਮਾਲ ਜ਼ਿਲ੍ਹਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਅਜੀਤ ਸਿੰਘ ਕੋਹਾੜ** : ਨਹੀਂ ਜੀ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਬਾਦਲ ਸਾਹਿਬ ਸਾਡੇ ਮੁੱਖ ਮੰਤਰੀ ਹਨ । ਇਹ ਕਿਸੇ ਸਮੇਂ ਜ਼ਿਲ੍ਹਾ ਲੁਧਿਆਣਾ ਪਲਾਨਿੰਗ ਬੋਰਡ ਦੇ ਚੇਅਰਮੈਨ ਵੀ ਰਹੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਫਰੀਦਕੋਟ ਜ਼ਿਲ੍ਹਾ ਛੋਟਾ ਜਿਹਾ ਸੀ ਤੇ ਉਸ ਵਿੱਚੋਂ ਮੋਗਾ ਬਣਾ ਦਿੱਤਾ । ਮੁਕਤਸਰ ਜ਼ਿਲ੍ਹਾ ਬਣਾ ਦਿੱਤਾ । ਇਸ ਤੋਂ ਇਲਾਵਾ ਮਾਨਸਾ ਜ਼ਿਲ੍ਹਾ ਬਣਾਇਆ ਗਿਆ, ਮੁਹਾਲੀ ਜ਼ਿਲ੍ਹਾ ਬਣਾਇਆ ਗਿਆ, ਫਤਹਿਗੜ੍ਹ ਸਾਹਿਬ ਜ਼ਿਲ੍ਹਾ ਬਣਾਇਆ ਗਿਆ, ਨਵਾਂਸ਼ਹਿਰ ਜ਼ਿਲ੍ਹਾ ਬਣਾਇਆ ਗਿਆ, ਤਰਨ ਤਾਰਨ ਸਾਹਿਬ ਜ਼ਿਲ੍ਹਾ ਬਣਾਇਆ ਗਿਆ । ਮੇਰੀ ਰਿਕੁਐਸਟ ਹੈ ਕਿ ਪੰਜਾਬ ਦਾ ਬਹੁਤ ਵੱਡਾ ਸ਼ਹਿਰ ਹੈ, ਲੁਧਿਆਣਾ । ਇਸ ਦੀ ਆਬਾਦੀ ਵੀ ਬਹੁਤ ਜ਼ਿਆਦਾ ਹੈ । 1960 ਵਿੱਚ ਇੱਥੇ ਤਿੰਨ ਤਹਿਸੀਲਾਂ ਸਨ ਤੇ ਹੁਣ ਅੱਠ ਤਹਿਸੀਲਾਂ ਹਨ । ਅੱਠ ਵਿੱਚੋਂ ਖਮਾਣੋਂ ਤਹਿਸੀਲ ਫਤਹਿਗੜ੍ਹ ਸਾਹਿਬ ਨਾਲ ਚਲੀ ਗਈ ਹੈ ਤੇ ਹੁਣ ਸੱਤ ਤਹਿਸੀਲਾਂ ਰਹਿ ਗਈਆਂ ਹਨ । ਇਸ ਸ਼ਹਿਰ ਦੀ ਆਬਾਦੀ ਜ਼ਿਆਦਾ ਹੈ ਤੇ 20-20 ਕਿਲੋਮੀਟਰ ਤੱਕ ਸ਼ਹਿਰ ਫੈਲਿਆ ਹੋਇਆ ਹੈ । ਜਗਰਾਉਂ ਤੇ ਖੰਨਾ ਸ਼ਹਿਰ ਦੇ ਲੋਕਾਂ ਨੂੰ ਵੀ ਉਥੇ ਜਾਣਾ ਪੈਂਦਾ ਹੈ । ਇਹ ਕੋਈ ਵਧੀਆ ਗੱਲ ਨਹੀਂ । ਮੁੱਖ ਮੰਤਰੀ ਜੀ ਇਸ ਬਾਰੇ ਬਿਆਨ ਦੇਣ ਕਿ ਜਗਰਾਉਂ ਨੂੰ ਜ਼ਿਲ੍ਹਾ ਬਣਾਇਆ ਜਾਵੇਗਾ ।

**ਮਾਨਯੋਗ ਸਪੀਕਰ** : ਤੁਸੀਂ ਕੁਐਸਚਨ ਕਰੋ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮੈਂ ਕੁਐਸਚਨ ਹੀ ਕਰ ਰਿਹਾ ਹਾਂ । ਸਥਿਤੀ ਤਾਂ ਸਮਝਾਉਣ ਦਿਓ । ਤੁਸੀਂ ਹੁਣ ਚੌਥੀ ਵਾਰ ਮੁੱਖ ਮੰਤਰੀ ਬਣ ਕੇ ਆਏ ਹੋ । ਇਸ ਕਰਕੇ ਇਸ ਨੂੰ ਜ਼ਿਲ੍ਹਾ ਬਣਾਓ ਤੇ ਆਪਣਾ ਨਾਂ ਰੌਸ਼ਨ ਕਰੋ ਕਿਉਂਕਿ ਜਗਰਾਉਂ ਬਹੁਤ ਹੀ ਮਹਾਨ ਸ਼ਹਿਰ ਹੈ, ਵੱਡਾ ਸ਼ਹਿਰ ਹੈ, ਇਤਿਹਾਸਿਕ ਸ਼ਹਿਰ ਹੈ ।

**ਮਾਨਯੋਗ ਸਪੀਕਰ** : ਤੁਸੀਂ ਕੁਐਸਚਨ ਕਰੋ । ਬਹੁਤ ਗੱਲ ਹੋ ਗਈ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਜਵਾਬ ਦੇਣ ਕਿਉਂਕਿ ਜਗਰਾਉਂ ਸ਼ਹਿਰ ਦੀ ਸਥਿਤੀ ਜ਼ਿਲ੍ਹਾ ਬਣਨ ਦੀ ਹੈ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਰੈਵੀਨਿਊ ਮਨਿਸਟਰ ਜਵਾਬ ਦੇਣਗੇ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਇਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ । ਮੁੱਖ ਮੰਤਰੀ ਸਾਹਿਬ ਜ਼ਿਲ੍ਹਾ ਬਣਾਉਣ ਬਾਰੇ ਕੁਝ ਕਰਨ ।

**ਮੰਤਰੀ** : ਸਪੀਕਰ ਸਾਹਿਬ, ਇਸ ਸਮੇਂ ਅਜਿਹੀ ਕੋਈ ਤਜਵੀਜ਼ ਰਾਜ ਸਰਕਾਰ ਕੋਲ ਵਿਚਾਰ ਅਧੀਨ ਨਹੀਂ ਹੈ । ਪੰਜਾਬ ਸਰਕਾਰ ਦੀ ਪੁਨਰਗਠਨ ਕਮੇਟੀ ਦੀ ਰਿਪੋਰਟ ਮਿਤੀ 10-8-1994 ਅਨੁਸਾਰ ਜੋ ਕਿ ਸਰਦਾਰ ਅਮਰੀਕ ਸਿੰਘ ਪੂੰਨੀ, ਚੇਅਰਮੈਨ, ਪੁਨਰਗਠਨ ਕਮੇਟੀ ਨੇ ਦਿੱਤੀ ਹੈ, ਉਸ ਰਿਪੋਰਟ ਦੇ ਅਧਿਆਇ-5 ਅਨੁਸਾਰ ਜ਼ਿਲ੍ਹਾ ਹੈਡ ਕੁਆਰਟਰ ਸਥਾਪਿਤ ਕਰਨ ਲਈ ਪ੍ਰਬੰਧਕੀ ਇਕਾਈਆਂ ਦਾ ਫਾਸਲਾ 50 ਤੋਂ 70 ਕਿਲੋਮੀਟਰ ਤੱਕ ਹੋਣਾ ਚਾਹੀਦਾ ਹੈ ਜਦ ਕਿ ਜਗਰਾਉਂ ਤੋਂ ਲੁਧਿਆਣਾ ਦਾ ਫਾਸਲਾ 30 ਕਿਲੋਮੀਟਰ ਹੈ । ਇਸ ਰਿਪੋਰਟ ਦੇ ਅਧਿਆਇ 6 ਤੇ ਪੈਰ੍ਹਾ 6.9 ਅਨੁਸਾਰ ਜਗਰਾਉਂ ਨੂੰ ਜ਼ਿਲ੍ਹਾ ਬਣਾਉਣ ਲਈ ਮੰਗ ਪ੍ਰਾਪਤ ਹੋਈ ਹੈ ਤੇ ਅਧਿਆਇ 6.10 ਅਨੁਸਾਰ ਇਹ ਮਹਿਸੂਸ ਕੀਤਾ ਗਿਆ ਹੈ ਕਿ ਜਗਰਾਉਂ ਦਾ ਅਕਾਰ ਤੇ ਵਸੋਂ ਇੰਨੀ ਨਹੀਂ ਕਿ ਇਹ ਨਵਾਂ ਜ਼ਿਲ੍ਹਾ ਬਣਾਇਆ ਜਾ ਸਕੇ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ.........

**ਮਾਨਯੋਗ ਸਪੀਕਰ** : ਜਵਾਬ ਆ ਗਿਆ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, 30 ਕਿਲੋਮੀਟਰ ਗਲਤ ਹੈ, ਜਗਰਾਉਂ ਤੋਂ ਲੁਧਿਆਣਾ 50 ਕਿਲੋਮੀਟਰ ਹੈ ।

**ਮਾਨਯੋਗ ਸਪੀਕਰ** : ਜਵਾਬ ਆ ਗਿਆ ਹੈ । ਅਗਲਾ ਸਵਾਲ ।

------------

## ਰਾਜ ਵਿੱਚ ਬੁਰਜੀਆਂ ਲਗਾਉਣਾ

*153. (1) **ਸਰਦਾਰ ਦਰਸ਼ਨ ਸਿੰਘ ਬਰਾੜ**
(2) **ਸਰਦਾਰ ਈਸ਼ਰ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ 'ਮੁਰੱਬਾਬੰਦੀ' ਦੇ ਸਮੇਂ ਲਗਾਈਆਂ ਗਈਆਂ ਬੁਰਜੀਆਂ ਨੂੰ ਖਤਮ ਕਰ ਦਿੱਤਾ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਬੁਰਜੀਆਂ ਨੂੰ ਪੱਕੇ ਤੌਰ ਤੇ ਮੁੜ ਲਗਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਸਿੰਘ ਕੋਹਾੜ** : ਨਹੀਂ ਜੀ । ਰਾਜ ਵਿਚ ਮੁਰੱਬੇਬੰਦੀ ਸਮੇਂ ਦੌਰਾਨ ਲਗਾਈਆਂ ਗਈਆਂ ਬੁਰਜੀਆਂ ਰਾਜ ਸਰਕਾਰ ਦੁਆਰਾ ਖਤਮ ਨਹੀਂ ਕੀਤੀਆਂ ਗਈਆਂ ਹਨ ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਦੁਨੀਆਂ ਵਿੱਚ ਦੌੜ ਲੱਗੀ ਹੋਈ ਹੈ । ਆਏ ਦਿਨ ਜ਼ਮੀਨਾਂ ਦੇ ਝਗੜੇ ਹੋ ਰਹੇ ਹਨ । ਉਸ ਵਕਤ ਨਿਸ਼ਾਨਦੇਹੀ ਦੀ ਲੋੜ ਪੈਂਦੀ ਹੈ । ਇਹ ਜਿਹੜੀਆਂ ਬੁਰਜੀਆਂ ਹਨ, ਵੇਖਣ ਵਿੱਚ ਆਉਂਦਾ ਹੈ ਕਿ ਇਹ ਜਾਂ ਤਾਂ ਮਿਸਿੰਗ ਹਨ ਜਾਂ ਟੁੱਟੀਆਂ ਹੋਈਆਂ ਹਨ ਜਾਂ ਹੈ ਹੀ ਨਹੀਂ । ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ, ਨਹੀਂ ਜੀ । ਪਰ ਹੈ, ਮੈਂ ਉਦਾਹਰਣ ਦੇ ਸਕਦਾ ਹਾਂ । ਮੈਂ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਸਰਕਾਰ ਸਰਵੇ ਕਰਵਾ ਕੇ ਇਨ੍ਹਾਂ ਨੂੰ ਲਗਾਉਣ ਦਾ ਕੋਈ ਉਪਰਾਲਾ ਕਰੇਗੀ ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਜਿਹੜਾ ਸਵਾਲ ਹੈ, ਉਹ ਬਹੁਤ ਮਹੱਤਵਪੂਰਣ ਹੈ । ਰਾਜ ਵਿੱਚ ਮੁਰੱਬਾਬੰਦੀ ਦੌਰਾਨ ਲਗਾਈਆਂ ਗਈਆਂ ਬੁਰਜੀਆਂ ਨੂੰ ਖਤਮ ਨਹੀਂ ਕੀਤਾ ਗਿਆ । ਕਿਸੇ ਵੀ ਤਰ੍ਹਾਂ ਜਿਵੇਂ ਖੇਤੀ ਨੂੰ ਨਹਿਰੀ ਪਾਣੀ ਦੇਣਾ, ਵਾਹੀਯੋਗ ਬਣਾਉਣ ਜਾਂ ਜ਼ਮੀਨਾਂ ਦੀ ਖਰੀਦੋ ਫਰੋਖਤ ਦੌਰਾਨ ਨਾਵਾਂ ਦੇ ਬਦਲਣ ਨਾਲ ਇਹ ਬੁਰਜੀਆਂ ਮੌਕੇ ਤੇ ਮੌਜੂਦ ਨਹੀਂ ਰਹਿੰਦੀਆਂ । ਉਥੇ ਰਾਜ ਸਰਕਾਰ ਵੱਲੋਂ ਇਨ੍ਹਾਂ ਬੁਰਜੀਆਂ ਨੂੰ ਦੁਬਾਰਾ ਲਗਾਉਣ ਲਈ ਆਪਣੇ ਪੱਧਰ ਤੇ ਮਿਤੀ 16-11-2005 ਨੂੰ (ਕਾਪੀ ਅਨੁਲੱਗ 'ੳ' ਤੇ ਨੱਥੀ ਹੈ) ਮਾਲ ਵਿਭਾਗ ਦੁਆਰਾ ਲਗਾਈਆਂ ਸਾਰੀਆਂ ਬੁਰਜੀਆਂ ਲੈਂਡ ਰਿਕਾਰਡ ਮੈਨੂਅਲ ਦੇ ਪੈਰ੍ਹਾ 4.1 (ਕਾਪੀ ਅਨੁਲੱਗ 'ਅ' ਤੇ ਨੱਥੀ ਹੈ) ਵਿੱਚ ਵਿਸ਼ੇਸ਼ ਵਰਣਨ ਅਨੁਸਾਰ ਇਹ ਖੜ੍ਹੀਆਂ, ਮੁਰੰਮਤ ਕੀਤੀਆਂ ਜਾਣਗੀਆਂ, ਪੰਜਾਬ ਲੈਂਡ ਰੈਵੇਨਿਊ ਐਕਟ, 1887 ਦੀ ਧਾਰਾ 102-103 (ਕਾਪੀ ਅਨੁਲੱਗ 'ੲ' ਤੇ ਨੱਥੀ ਹੈ) ਵਿੱਚ ਉਪਬੰਧ ਇਸ ਤਰ੍ਹਾਂ ਹੈ ਕਿ ਖੜ੍ਹੀਆਂ ਕੀਤੀਆਂ, ਮੁਰੰਮਤ ਕੀਤੀਆਂ ਬੁਰਜੀਆਂ ਦੇ ਖਰਚੇ ਨੂੰ ਜ਼ਮੀਨਾਂ ਦੇ ਮਾਲਕਾਨਾ ਵੰਡ ਵਿੱਚ ਪਾ ਦਿੱਤਾ ਜਾਵੇ ।

ਮੇਰੇ ਮਨ ਦਾ ਭਾਵ ਇਹ ਹੈ ਕਿ ਇਹ ਸਵਾਲ ਬਹੁਤ ਚੰਗਾ ਹੈ ਤੇ ਝਗੜੇ ਵੀ ਬਹੁਤ ਹੁੰਦੇ ਹਨ । ਇਹ ਲੱਗੀਆਂ ਵੀ ਸਾਰੀਆਂ ਸੀ । ਇਨ੍ਹਾਂ ਨੂੰ ਵਿਚਾਰ ਅਧੀਨ ਕਰਾਂਗੇ । ਪੰਜਾਬ ਵਿੱਚ ਸਾਰੀਆਂ ਬੁਰਜੀਆਂ ਬਾਰੇ ਵਿਚਾਰ ਕਰਕੇ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਦੀ ਮੁਰੰਮਤ ਕਰ ਦੇਈਏ । ਜਿਥੇ ਟੁੱਟ ਗਈਆਂ ਹਨ, ਉਥੇ ਨਵੀਆਂ ਲਗਾ

Original with;
Punjab Vidhan Sabha
Digitized by;
Panjab Digital Library

ਦੇਈਏ ਅਤੇ ਜਿਥੇ ਨਹੀਂ ਹਨ, ਉਥੇ ਪਟਵਾਰੀਆਂ ਤੋਂ ਮਿਣਤੀ ਕਰਵਾ ਕੇ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਲਗਾਉਣ ਦੀ ਕੋਸ਼ਿਸ਼ ਕਰਾਂਗੇ ।

ਅਨੁਲੱਗ 'ੳ'

Sukhjit Singh Bains, P.C.S.

Additional Secretary
ਵਧੀਕ ਸਕੱਤਰ
Tele No. 2740966
ਟੈਲੀਫੋਨ ਨੰ : 2740966

D.O. No. 1/1/2003-CH-5/9531
ਅੱਧ ਸ.ਪ. ਨੰ:
Govt. of Punjab
ਪੰਜਾਬ ਸਰਕਾਰ
Department of Revenue
ਮਾਲ ਵਿਭਾਗ
Chandigarh, the
ਚੰਡੀਗੜ੍ਹ
16th November, 2005.

**Subject :-** **Placement and repair of Boundary Pillars (Tri-junctions) and Survey/marks.**

The placement and repair of Boundary Pillars (Tri-junctions) and Survey-marks are very important for defining and demarcation of boundaries of estates and for the proper maintenance of law and order situation in the society. It is felt that a large number of boundary pillars and survey-marks have either been damaged or removed from their places. It is evident that this problem occurs only because of neglect of maintenance as well as the carelessness of the tillers of the land while tilling their lands around the survey marks. Though, the Government has already issued certain directions to the entire field functionaries *vide* letter No. 1/1/2003-CH-5/6909, dated 6-8-2003 followed by various reminders but the work could not be given effect to.

2. It is felt that there is an immediate need of placement and repair of such damaged boundary pillars and survey-marks to minimize or stop the litigation amongst the landholders and also to lessen law and order problems arising therefrom in the State. Accordingly, the following directives are issued once again for immediate necessary action :

a) That all the bounday pillars (Tri-junctions) shall be placed/repaired as per specifications laid down under Rule 33 of the Punjab Land Revenue Rules and as per provisions under Para 4.1 (B) of the Punjab Land Records manual. The cost of these placements and repairs shall be apportioned and recoverded from the persons holding land in accordance with the provisions of Section 102 and 103 of the Punjab Land Revenue Act, 1887.

b) That all these placements/repairs of Tri-junctions should be done under the direct supervision of Village Panchayat and lambardar(s).

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

c) In case the demarcation for fixing the place of Tri-junctions is required, the same shall be done by the Halqa Kanungo and Patwari under the direct supervision of the concerned Circle Revenue Officer (Tehsildar/Naib Tehsildar).

d) The District Collector and the Sub-Divisional Magistrate each shall carry out random inspection of at least 10 Tri-junctions in the respective district/sub-division.

e) The Sub-Divisional Magistrate shall give a certificate to the District Collector to the effect that all the Tri-junction in his Sub-Division have been placed or repaired.

f) Accordingly, the concerned Divisional Commissioner shall submit to the Government a compliance report within 30 days i.e. by 20th December, 2005 that all the District Collector's of his Division have done the needful and shall seek certificate from each of them to that effect.

With regards

Yours sincerely,
Sd/-
(Sukhjit Singh Bains)

1. All the Divisional Commissioners of the State.
2. All the Deputy Commissioners of the State.
3. Director Land records, Punjab, Kapurthala Road, Jalandhar.

-------------------

ਅਨੁਲੱਗ 'ਅ'

(Extract from Punjab Land Records Manual)

CHAPTER-4

SURVEYS

**Replaces Standing Order 16. Original issue, dated 16th August, 1909 First reprint dated 27th October, 1911 second print dated 3rd November, 1920 and standing Order 17 dated 15th June, 1907**

**PART 'A' SURVEY-MARKS**

**Note :- Chapter 12 and Appendix VII of the Settlement Manual should be read in connection with this Chapter 4.1. As regards the erection of survey-marks.**

Original with;
Punjab Vidhan Sabha
Digitized by;
Panjab Digital Library

Survey-marks section 100-103 of the Land Revenue Act rules 32 and 33 under that Act, and paragraphs 241, 250 and 251 of the Settlement Manual may be consulted.

B. Placed by the Revenue Department—

(a) Tri-junction pillars or platforms or sihaddas erected at every point where the boundaries of more than two estates meet.

(b) Burjis (mud pillars stone slabs) set up at every angle on the boundary line between two sihaddas.

(c) Masonry or stone pillars at the corners of survey squares or rectangles.

(d) International Boundary pillars.

------------------

**ਅਨੁਲੱਗ 'ੲ'**

(EXTRACT FROM THE PUNJAB LAND REVENUE ACT, 1887)

102. Cost of erection and repair of survey-marks :- Subject to any rules which the Financial Commissioner may make in his behalf, survey-marks shall be erected and kept in repair by or at the cost of the persons interested in the land for the indication of the limits of which they are required :

Provided that 1 [State Government] may in any case direct that the cost of erection shall be borne by the Government or be paid out of the proceeds of the village-officers cess.

103. Recovery of cost incurred by the Government :- (1) If the persons interested in the land fail to erect or repair a survey-mark within thirty days from the date of their being required by a Revenue-officer to do so, the revenue-officer may cause it to be erected or repaired.

(2) Where the Revenue-officer causes a survey-mark to be erected or repaired, he shall, subject to any rules or direction under the last foregoing section, apportion the cost amongst the persons iterested in the land in such manner as he deems just, and certify the same to the Collector

(3) The Collector may recover the cost as if it were an arrear of land-revenue.

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਕੋਈ ਸਮਾਂ ਨਿਸ਼ਚਿਤ ਕਰਨਗੇ ਕਿ ਕਦ ਤੱਕ ਸਰਵੇ ਹੋ ਕੇ ਇਹ ਲੱਗ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਸਰਹੱਦੀ ਬੁਰਜੀਆਂ ਹੁੰਦੀਆਂ ਹਨ । ਮੈਂ ਤਾਂ ਪਹਿਲਾਂ ਬੇਨਤੀ ਕੀਤੀ ਹੈ ਕਿ ਇਹ ਬਹੁਤ ਵੱਡਾ ਕੰਮ ਹੈ । ਜਿਸ ਤਰ੍ਹਾਂ ਆਪਣੇ ਪੰਜਾਬ ਦੀ ਮੁਰੱਬਾਬੰਦੀ ਹੋਈ ਹੈ, ਇਹ ਨਵੀਂ ਮੁਰੱਬਾਬੰਦੀ ਵਾਂਗੂ ਉਨਾ ਹੀ ਟਾਈਮ ਲਵੇਗਾ ਅਤੇ ਉਨਾ ਹੀ ਖ਼ਰਚਾ ਹੋਵੇਗਾ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਬੁਰਜੀਆਂ ਲਾਵਾਂਗੇ ਜ਼ਰੂਰ ਪਰ ਇਸ ਨੂੰ ਸਮਾਂਬੱਧ ਕਰਨਾ ਥੋੜ੍ਹਾ ਔਖਾ ਹੈ । ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਜ਼ਰੂਰ ਲਾਵਾਂਗੇ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਕੋਹਾੜ ਸਾਹਿਬ ਨੇ ਤਿੰਨ ਸਾਲ ਪਹਿਲਾਂ ਸਾਡੇ ਜ਼ਿਲ੍ਹੇ ਵਿੱਚ ਜਾ ਕੇ ਦੇਖਿਆ ਹੈ । ਉਸ ਵੇਲੇ ਡਿਪਟੀ ਕਮਿਸ਼ਨਰ ਨੇ ਇੱਕ ਮੁਹਿੰਮ ਚਲਾ ਕੇ ਮੁਰੱਬਾਬੰਦੀ ਦੌਰਾਨ ਜਿਹੜੇ ਰਸਤੇ ਰਹਿ ਗਏ ਸੀ, ਉਨ੍ਹਾਂ ਰਸਤਿਆਂ ਦੀ ਦੁਬਾਰਾ ਨਿਸ਼ਾਨਦੇਹੀ ਕਰਵਾ ਕੇ ਬਹੁਤ ਵਧੀਆ ਕਾਰਜ ਕੀਤਾ ਸੀ । ਕੀ ਇਹ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕਰਨਗੇ ਕਿ ਐਸੇ ਤੰਗ ਹੋਏ ਰਸਤਿਆਂ ਨੂੰ ਅਸਲੀ ਹਾਲਤ ਵਿੱਚ ਲਿਆ ਸਕਣ ਅਤੇ ਉਸ ਦੀ ਸੁਵਿਧਾ ਮਿਲ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਬਹੁਤ ਜ਼ਰੂਰੀ ਹੈ । ਬਹੁਤ ਭੀੜੇ ਰਸਤੇ ਹੁੰਦੇ ਹਨ । ਤੁਸੀਂ ਸਾਰੇ ਐਮ.ਐਲ.ਏਜ਼. ਸਾਹਿਬਾਨ ਇਥੇ ਬੈਠੇ ਹੋ । ਅਸੀਂ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕਰ ਦਿੰਦੇ ਹਾਂ ਕਿ ਸਾਰੇ ਰਸਤੇ ਛਡਾਉਣ । ਮੈਂ ਫਰੀਦਕੋਟ ਗਿਆ ਸੀ ਅਤੇ ਮੈਂ ਉਥੇ ਵੇਖਿਆ ਸੀ ਕਿ ਬਹੁਤ ਵਧੀਆ ਕੰਮ ਕੀਤਾ ਗਿਆ ਹੈ । ਅਸੀਂ ਇਹ ਸਾਰੇ ਪੰਜਾਬ ਵਿੱਚ ਕਰਵਾ ਦਿੰਦੇ ਹਾਂ ਪਰ ਇਸ ਵਾਸਤੇ ਤੁਹਾਡੇ ਸਹਿਯੋਗ ਦੀ ਲੋੜ ਹੈ । ਅਸੀਂ ਇਹ ਕਰਵਾ ਦਿੰਦੇ ਹਾਂ ।

**Mr. Speaker :** Thank you. ਅੱਗੇ ਹੀ ਇਸ ਤੇ ਕਾਫੀ ਸਪਲੀਮੈਂਟਰੀਆਂ ਹੋ ਗਈਆਂ ਹਨ ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਸਪਲੀਮੈਂਟਰੀ । ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪਿੰਡਾਂ ਦੀ ਮੁਰੱਬਾਬੰਦੀ ਨਹੀਂ ਹੁੰਦੀ । ਇਸ ਤਰ੍ਹਾਂ ਦੇ ਬਹੁਤ ਕੇਸ ਹਨ । ਕੀ ਮੰਤਰੀ ਜੀ ਜਿਨ੍ਹਾਂ ਪਿੰਡਾਂ ਦੀ ਮੁਰੱਬਾਬੰਦੀ ਨਹੀਂ ਹੋਈ ਕਿ ਉਨ੍ਹਾਂ ਦੀ ਇਹ ਕਰਨਗੇ ? ਜੇ ਕਰਨਗੇ ਤਾਂ ਕਦੋਂ ਤੱਕ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਵੱਖਰਾ ਸਵਾਲ ਬਣਦਾ ਹੈ । ਜਦੋਂ ਤੁਸੀਂ ਇਸ ਸਬੰਧੀ ਸਵਾਲ ਦਿਓਗੇ ਤਾਂ ਵਿਚਾਰ ਕਰ ਲਵਾਂਗੇ ਕਿ ਜਿਨ੍ਹਾਂ ਪਿੰਡਾਂ ਦੀ ਮੁਰੱਬਾਬੰਦੀ ਨਹੀਂ ਹੋਈ, ਉਨ੍ਹਾਂ ਦੀ ਵਿਚਾਰ ਕਰਕੇ ਕਰਵਾਉਣ ਦੀ ਕੋਸ਼ਿਸ਼ ਕਰਾਂਗੇ ।

----------------

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਸੰਗਰੂਰ ਵਿੱਚ ਲਹਿਰਾਗਾਗਾ ਵਿਖੇ ਬੱਸ ਅੱਡੇ ਦੀ ਉਸਾਰੀ

***159. ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਕੀ ਟਰਾਂਸਪੋਰਟ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਵਿਚ ਲਹਿਰਾਗਾਗਾ ਵਿਖੇ ਬੱਸ ਅੱਡੇ ਦੀ ਉਸਾਰੀ ਤੇ ਕਿੰਨੀ ਰਕਮ ਖ਼ਰਚ ਕੀਤੇ ਜਾਣ ਦੀ ਤਜਵੀਜ਼ ਹੈ ਅਤੇ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਦੀ ਉਸਾਰੀ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਮਾਸਟਰ ਮੋਹਨ ਲਾਲ** : ਹਾਂ ਜੀ । ਬੱਸ ਸਟੈਂਡ ਲਹਿਰਾਗਾਗਾ ਨਗਰ ਕੌਂਸਲ, ਲਹਿਰਾਗਾਗਾ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ । ਲਹਿਰਗਾਗਾ ਵਿਖੇ ਮਾਡਰਨ ਬੱਸ ਸਟੈਂਡ ਦੀ ਉਸਾਰੀ ਕਰਨ ਲਈ 1.41 ਕਰੋੜ ਰੁਪਏ ਦਾ ਰਫ ਕਾਸਟ ਐਸਟੀਮੇਟ ਨਗਰ ਕੌਂਸਲ, ਲਹਿਰਾਗਾਗਾ ਵੱਲੋਂ ਮਤਾ ਨੰਬਰ 95/06 ਰਾਹੀਂ ਮਿਤੀ 6-10-2006 ਪ੍ਰਵਾਨ ਕੀਤਾ ਗਿਆ ਸੀ । ਨਗਰ ਕੌਂਸਲ ਲਹਿਰਾਗਾਗਾ ਦੇ ਦੱਸਣ ਮੁਤਾਬਿਕ ਇਸ ਬੱਸ ਸਟੈਂਡ ਤੇ ਉਸਾਰੀ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ ਅਤੇ ਜੇਕਰ ਉਹਨਾਂ ਨੂੰ ਫੰਡਜ਼ ਮਿਲ ਜਾਣ ਤਾਂ ਬੱਸ ਸਟੈਂਡ 6 ਮਹੀਨਿਆਂ ਵਿੱਚ ਮੁਕੰਮਲ ਕੀਤਾ ਜਾ ਸਕਦਾ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮਾਨਯੋਗ ਸਪੀਕਰ ਸਾਹਿਬ, ਮੈਂ ਵੀ ਜਵਾਬ ਪੜ੍ਹਿਆ ਹੈ ਜੋ ਕੁਝ ਲਹਿਰਾਗਾਗਾ ਦੀ ਮਿਉਂਸਿਪੈਲਟੀ ਦੀ ਕਾਰਵਾਈ ਬਾਰੇ ਦੱਸਿਆ ਗਿਆ ਹੈ । ਮੈਂ ਸਰਕਾਰ ਦੀ ਕਾਰਵਾਈ ਪੁੱਛਦੀ ਹਾਂ । ਮੰਤਰੀ ਸਾਹਿਬ ਦੱਸਣ ਕਿ ਕੀ ਹੁਣ ਤੱਕ ਕੋਈ ਫੰਡਜ਼ ਗਏ ਸਨ ? ਜੇ ਗਏ ਤਾਂ ਕਦੋਂ ਗਏ ਹਨ ਅਤੇ ਇਹ ਕਿਉਂ ਹੁਣ ਤੱਕ ਯੂਟੇਲਾਈਜ਼ ਨਹੀਂ ਕੀਤੇ ਗਏ ?

**ਮੰਤਰੀ** : ਸਪੀਕਰ ਸਾਹਿਬ, ਨਗਰ ਕੌਂਸਲ, ਲਹਿਰਾਗਾਗਾ ਨੂੰ 17.75 ਲੱਖ ਰੁਪਏ ਦੇ ਫੰਡਜ਼ ਦੇ ਦਿੱਤੇ ਗਏ ਸੀ ਪਰ ਉਥੇ ਕੋਈ ਪ੍ਰੈਜ਼ੀਡੈਂਟ ਜਾਂ ਵਾਈਸ ਪ੍ਰੈਜ਼ੀਡੈਂਟ ਨਹੀਂ ਸੀ ਜਿਸ ਕਰਕੇ ਉਨ੍ਹਾਂ ਨੇ 5-6 ਮਹੀਨੇ ਲਗਾਤਾਰ ਇਨ੍ਹਾਂ ਫੰਡਜ਼ ਦੀ ਵਰਤੋਂ ਨਹੀਂ ਕੀਤੀ । ਅਗਰ ਕਰਦੇ ਤਾਂ ਬੱਸ ਸਟੈਂਡ ਦੀ ਨੁਹਾਰ ਬਦਲੀ ਜਾ ਸਕਦੀ ਸੀ । ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੰਤਰੀ ਜੀ ਇਹ ਦੱਸਣ ਕੀ ਕੋਈ ਉਥੇ ਕਾਰਵਾਈ ਹੋਈ ਹੈ । ਕੀ ਜਿਹੜਾ ਰਫ ਐਸਟੀਮੇਟ 1.41 ਕਰੋੜ ਲਗਾਇਆ ਗਿਆ ਸੀ, ਉਸ ਤੇ ਕੋਈ ਕਾਰਵਾਈ ਕੀਤੀ ਗਈ ਹੈ ਤਾਂ ਕਿ ਹੋਰ ਪੈਸਾ ਮੰਗਾਇਆ ਜਾਵੇ । ਜੇ ਇਸ ਤੇ ਕੋਈ ਕਾਰਵਾਈ ਕੀਤੀ ਗਈ ਹੈ ਤਾਂ ਦੱਸਣ ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਦੋ ਏਜੰਸੀਆਂ ਹਨ, ਜਿਨ੍ਹਾਂ ਨੇ ਫੰਡਜ਼ ਮੁਹੱਈਆ ਕਰਾਉਣੇ ਸਨ । ਇਕ ਤਾਂ ਐਫ.ਡੀ. ਨੇ ਦੇਣੇ ਸੀ । ਦੂਜਾ, ਇਨਫ੍ਰਾਸਟ੍ਰਕਚਰ ਡਿਵੈਲਪਮੈਂਟ ਬੋਰਡ, ਪੰਜਾਬ ਨੂੰ ਅਸੀਂ ਕਿਹਾ ਸੀ । ਬੱਸ ਸਟੈਂਡਾਂ ਦੀ ਨੁਹਾਰ ਬਦਲਣ ਲਈ 10-10 ਕਰੋੜ ਰੁਪਿਆ ਇਕ-ਇਕ ਡਿਪਾਰਟਮੈਂਟ ਦੇਵੇ । ਇਸ ਵਾਸਤੇ ਅਸੀਂ 20 ਬੱਸ ਸਟੈਂਡਾਂ ਨੂੰ ਸਿਲੈਕਟ ਕੀਤਾ ਸੀ । ਇਨ੍ਹਾਂ ਦੀ ਮੁਰੰਮਤ, ਓਵਰ ਹਾਲਿੰਗ ਕਰਨ ਦੀ ਜ਼ਰੂਰਤ ਸੀ । ਇਸ ਵਾਸਤੇ 31 ਕਰੋੜ ਰੁਪਏ ਦੀ ਜ਼ਰੂਰਤ ਹੈ ਪਰ ਹਾਰਡਲੀ ਐਫ.ਡੀ ਵੱਲੋਂ ਲੋਨ ਢਾਈ ਕਰੋੜ ਰੁਪਿਆ ਡਿਪਾਰਟਮੈਂਟ ਨੂੰ ਦਿੱਤਾ ਗਿਆ । ਇਸ ਢਾਈ ਕਰੋੜ ਨਾਲ ਬੱਸ ਸਟੈਂਡ ਦੀ ਉਸਾਰੀ ਮੁਰੰਮਤ, ਰੱਖ ਰਖਾਅ ਦਾ ਕੰਮ ਕਰਾਉਣਾ ਹੈ । ਜਿਸ ਦਾ ਹਿੱਸਾ ਬਣਦਾ ਹੈ ਉਸ ਨੂੰ ਇਹ ਪੈਸਾ ਐਲੋਕੇਟ ਕਰ ਦਿੱਤਾ ਗਿਆ ਹੈ ਅਤੇ ਲਹਿਰਾਗਾਗਾ ਦੀ ਮਿਉਂਸਿਪੈਲਟੀ ਨੂੰ 17.75 ਲੱਖ ਦੇ ਦਿੱਤਾ ਗਿਆ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਜੋ ਜਵਾਬ ਦਿੱਤਾ ਹੈ, ਇਨ੍ਹਾਂ ਨੇ ਕਿਹਾ ਹੈ ਕਿ ਜਦੋਂ ਫੰਡਜ਼ ਮਿਲ ਜਾਣਗੇ ਤਾਂ ਛੇ ਮਹੀਨਿਆਂ ਵਿੱਚ ਕੰਮ ਮੁਕੰਮਲ ਕੀਤਾ ਜਾਵੇਗਾ । ਦੂਜੇ ਪਾਸੇ ਕਹਿ ਰਹੇ ਹਨ ਕਿ 17.75 ਲੱਖ ਰੁਪਿਆ ਮਿਉਂਸਿਪੈਲਟੀ ਕੋਲ ਗਿਆ ਹੋਇਆ ਹੈ । ਇਹ ਦੋਨੋਂ ਜਵਾਬ ਕੰਟਰਾਡਿਕਟਰੀ ਹਨ । ਉਥੇ ਪ੍ਰਧਾਨ ਬਣ ਗਿਆ ਹੈ । ਇਸ ਨੂੰ ਕਦੋਂ ਤੱਕ ਮੰਤਰੀ ਜੀ ਸ਼ੁਰੂ ਕਰਵਾਉਣਗੇ ਤਾਂ ਕਿ ਛੇ ਮਹੀਨਿਆਂ ਦੀ ਡੇਟ ਮੈਂ ਸੋਚਾਂ ਕਿ ਇਹ ਉਦੋਂ ਤੱਕ ਪੂਰਾ ਹੋ ਜਾਵੇਗਾ । ਦੂਜੀ ਗੱਲ, ਇਹ 20 ਬੱਸ ਸਟੈਂਡਾਂ ਵਾਸਤੇ ਨਹੀਂ 30 ਬੱਸ ਸਟੈਂਡਾਂ ਵਾਸਤੇ ਕੀਤਾ ਗਿਆ ਸੀ । ਮੰਤਰੀ ਜੀ ਇਸ ਸਬੰਧੀ ਮਹਿਕਮੇ ਤੋਂ ਕਿੰਨੀ ਜਲਦੀ ਇਹ ਪੈਸਾ ਲਵੋਗੇ ਜਾਂ ਫਿਰ ਸਾਡੇ ਵੇਲੇ ਦਿੱਤੇ ਗਏ ਵਿਕਾਸ ਕਾਰਜਾਂ ਦੇ ਪੈਸਿਆਂ ਨੂੰ ਵਾਪਿਸ ਲਵੋਗੇ ।

**ਮੰਤਰੀ** : ਸਪੀਕਰ ਸਾਹਿਬ, ਪੈਸਾ 17.75 ਲੱਖ ਰੁਪਿਆ ਦੇ ਦਿੱਤਾ ਗਿਆ । ਕੋਡ ਆਫ਼ ਕੰਡਕਟ ਲਾਗੂ ਹੋ ਗਿਆ ਸੀ । ਉਸ ਮੁਤਾ[illegible]ਕ [illegible] ਜਾਰੀ ਕਰ ਦਿੱਤਾ ਗਿਆ ਕਿ ਜਿਹੜੇ ਫੰਡਜ਼ ਆਏ ਹਨ, [illegible] ਯੂਟੇਲਾਈਜ਼ ਨਾ ਕੀਤੇ [illegible] ।

**ਮਾਨਯੋਗ ਸਪੀਕਰ** : ਇਹ [illegible] ਦਿਓ ਕਿ ਕੰਮ ਸ਼ੁਰੂ [illegible]ਰੋਗੇ ?

**ਮੰਤਰੀ** : ਸਪੀਕਰ ਸਾਹਿਬ, ਜਦੋਂ ਫੰਡਜ਼ ਆ ਗਏ ਤਾਂ ਉਸ ਵੇਲੇ ਕੰਮ ਸ਼ੁਰੂ ਕਰ ਦਿਆਂਗੇ । ਜਦੋਂ ਫੰਡਜ਼ ਰੀਸੀਵ ਹੋ ਗਏ ਤਾਂ ਕੰਮ ਸਟਾਰਟ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ** : ਪੈਸਾ ਚਲਿਆ ਗਿਆ, ਉਹ ਕੋਡ ਆਫ਼ ਕੰਡਕਟ ਕਰਕੇ ਰੁਕ ਗਿਆ । ਹੁਣ ਕੰਮ ਸ਼ੁਰੂ ਕਰਨ ਦਾ ਕੀ ਪ੍ਰੋਗਰਾਮ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਪ੍ਰਿੰਸੀਪਲ ਸੈਕਟਰੀ, ਟਰਾਂਸਪੋਰਟ ਨੇ ਚੀਫ਼ ਸੈਕਟਰੀ, ਪੰਜਾਬ ਨੂੰ ਲਿਖ ਦਿੱਤਾ ਹੈ ਇਸ ਲਈ ਜਲਦੀ ਮੀਟਿੰਗ ਕਰਕੇ ਕੰਮ ਵੀ ਸ਼ੁਰੂ ਕਰਵਾ ਦਿੱਤਾ ਜਾਵੇਗਾ ।

**ਮਾਨਯੋਗ ਸਪੀਕਰ** : ਅਗਲਾ ਸਵਾਲ । ਸਰਦਾਰ ਅਮਰਜੀਤ ਸਿੰਘ ਸਾਹੀ ਜੀ।

**ਰਾਣਾ ਗੁਰਮੀਤ ਸਿੰਘ ਸੋਢੀ** : ਸਪੀਕਰ ਸਾਹਿਬ, ਮੇਰੀ ਵੀ ਸਪਲੀਮੈਂਟਰੀ ਹੈ ਜੀ.......

**ਮਾਨਯੋਗ ਸਪੀਕਰ** : ਕੀ ਇਹ ਵੀ ਲਹਿਰਾਗਾਗਾ ਬੱਸ ਸਟੈਂਡ ਨਾਲ ਸਬੰਧਤ ਹੈ ?

**ਰਾਣਾ ਗੁਰਮੀਤ ਸਿੰਘ ਸੋਢੀ** : ਨਹੀਂ ਜੀ, ਇਹ ਲਹਿਰਾਗਾਗਾ ਬੱਸ ਸਟੈਂਡ ਨਾਲ ਤਾਂ ਸਬੰਧਤ ਨਹੀਂ ਹੈ ਪਰ ਇਹ ਇਕ ਹੋਰ ਬੱਸ ਸਟੈਂਡ ਨਾਲ ਸਬੰਧਤ ਹੈ । ਸਾਰੇ ਪੰਜਾਬ ਦੇ ਬੱਸ ਸਟੈਂਡਾਂ ਦੀ ਹੀ ਗੱਲ ਹੈ ।

**ਮਾਨਯੋਗ ਸਪੀਕਰ** : ਜੇ ਇਹ ਲਹਿਰਾਗਾਗਾ ਦੇ ਬੱਸ ਸਟੈਂਡ ਨਾਲ ਸਬੰਧਤ ਹੁੰਦੀ ਤਾਂ ਮੈਂ ਟਾਈਮ ਦੇ ਦਿੰਦਾ । ਪਰ ਹੁਣ ਅਗਲਾ ਸਵਾਲ ਵੀ ਬੋਲ ਦਿੱਤਾ ਹੈ । ਹਾਂ ਜੀ ਸਰਦਾਰ ਅਮਰਜੀਤ ਸਿੰਘ ਸਾਹੀ ਜੀ ।

------------

**ਦਸੂਹਾ ਸਬ-ਡਵੀਜ਼ਨ ਵਿੱਚ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ**

*121. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਸੂਹਾ ਸਬ-ਡਵੀਜ਼ਨ ਵਿੱਚ ਪਸ਼ੂ ਚਿਕਿੱਤਸਾ ਡਿਸਪੈਂਸਰੀਆਂ ਵਿੱਚ ਡਾਕਟਰਾਂ, ਪਸ਼ੂ-ਚਿਕਿੱਤਸਾ ਫਾਰਮਾਸਿਸਟਾਂ ਕਲਾਸ-IV ਅਤੇ ਕਰਮਚਾਰੀਆਂ ਦੀਆਂ ਹੋਰ ਸ਼੍ਰੇਣੀਆਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਤੇ ਇਸ ਸਮੇਂ ਇਨ੍ਹਾਂ ਵਿੱਚ ਅਸਲ ਵਿੱਚ ਕਿੰਨਾ ਅਮਲਾ ਲਗਾਇਆ ਗਿਆ ਹੈ ਅਤੇ ਇਨ੍ਹਾਂ ਖ਼ਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸੂਚਨਾ ਅਨੁਲੱਗ 'ੳ' ਅਨੁਸਾਰ ਹੈ । ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੀ ਪਾਲਿਸੀ ਅਨੁਸਾਰ ਜਲਦੀ ਕਾਰਵਾਈ ਕੀਤੀ ਜਾਵੇਗੀ ।

**ਅਨੁਲੱਗ 'ੳ'**

**ਦਸੂਹਾ ਸਬ-ਡਵੀਜ਼ਨ ਦੀਆਂ ਪਸ਼ੂ ਡਿਸਪੈਂਸਰੀਆਂ ਵਿੱਚ ਡਾਕਟਰਾਂ, ਫਾਰਮਾਸਿਸਟਾਂ, ਅਤੇ ਦਰਜਾ ਚਾਰ ਕਰਮਚਾਰੀਆਂ ਦੀਆਂ ਅਸਾਮੀਆਂ ਦਾ ਵੇਰਵਾ**

| ਆਸਾਮੀ ਦਾ ਨਾਂ | ਡਿਸਪੈਂਸਰੀਆਂ ਦੀ ਗਿਣਤੀ | ਮਨਜ਼ੂਰ ਅਸਾਮੀਆਂ | ਭਰੀਆਂ | ਮਨਜ਼ੂਰਸ਼ੁਦਾ ਖਾਲੀ | ਨਾ ਮਨਜ਼ੂਰਸ਼ੁਦਾ ਖਾਲੀ | ਕੁੱਲ ਖਾਲੀ ਅਸਾਮੀਆਂ |
|---|---|---|---|---|---|---|
| 1 | 2 | 3 | 4 | 5<br>(3-4) | 6<br>(2-3) | 7<br>(5+6) |
| ਵੈਟੀ. ਅਫ਼ਸਰ | ਪਸ਼ੂ ਡਿਸਪੈਂਸਰੀਆਂ ਵਿੱਚ ਡਾਕਟਰ ਨਹੀਂ ਹੁੰਦਾ । | | | | | |
| ਵੈਟੀ. ਫਾਰਮਾਸਿਸਟ | 24 | 21 | 21 | - | 3 | 3 |
| ਦਰਜਾ ਚਾਰ | 24 | 21 | 21 | - | 3 | 3 |

**ਸਰਦਾਰ ਅਮਰਜੀਤ ਸਿੰਘ ਸਾਹੀ** : ਮਾਨਯੋਗ ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਕਿ ਜਿਹੜਾ ਮੈਂ ਸਵਾਲ ਦਿੱਤਾ ਸੀ, ਉਸ ਦੇ ਵਿੱਚ ਡਾਕਟਰਜ਼, ਵੈਟਰਨਰੀ ਫਾਰਮਾਸਿਸਟਜ਼, ਦੇ ਨਾਲ-ਨਾਲ ਹੋਰ ਸਹੂਲਤਾਂ ਬਾਰੇ ਵੀ ਪੁੱਛਿਆ ਸੀ । ਪਰ ਉਹ ਸਹੂਲਤਾਂ ਨਾਲ ਸਬੰਧਤ ਪਾਰਟ ਇਸ ਵਿੱਚ ਮੀਸਿੰਗ ਹੈ । ਇਸ ਲਈ ਮੈਂ ਸਪਲੀਮੈਂਟਰੀ ਕਰਨਾ ਚਾਹੁੰਦਾ ਹਾਂ । ਜੇ ਮੈਨੂੰ ਸਪਲੀਮੈਂਟਰੀ ਕਰਨ ਦੀ ਆਗਿਆ ਦਿੱਤੀ ਜਾਵੇ ਤਾਂ ਮੈਂ ਅਗਲੀ ਗੱਲ ਕਰ ਸਕਦਾ ਹਾਂ ਜੀ ।

**ਮਾਨਯੋਗ ਸਪੀਕਰ** : ਹਾਂ ਜੀ ।

**ਸਰਦਾਰ ਅਮਰਜੀਤ ਸਿੰਘ ਸਾਹੀ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਇਸ ਚੀਜ਼ ਦੀ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਜਿਹੜੇ ਇਹ ਵੈਟਰਨਰੀ ਹਸਪਤਾਲ ਹਨ, ਇਨ੍ਹਾਂ ਦੀ ਹਾਲਤ ਬਹੁਤ ਖਸਤਾ ਹੈ ਔਰ ਬਹੁਤ ਸਾਰੇ ਐਸੇ ਹਸਪਤਾਲ ਹਨ, ਜਿਨ੍ਹਾਂ ਦੀ ਨਾ ਕੋਈ ਦੀਵਾਰ ਹੈ ਔਰ ਪਤਾ ਨਹੀਂ ਕਦੋਂ ਦੇ ਇਹ ਬਣੇ ਹੋਏ ਹਨ, ਇਹ ਢੱਠੇ ਪਏ ਹਨ । ਇਨ੍ਹਾਂ ਵਿੱਚ ਨਾ ਕੋਈ ਵਾਟਰ ਸਪਲਾਈ ਦਾ ਪ੍ਰਬੰਧ ਹੈ । ਕੀ ਮੰਤਰੀ ਜੀ ਇਸ ਬਾਰੇ ਕੋਈ ਜਾਣਕਾਰੀ ਦੇਣਗੇ ਕਿ

Original with;
Punjab Vidhan Sabha
Digitized by;
Panjab Digital Library

ਕਦੋਂ ਤੱਕ ਇਨ੍ਹਾਂ ਸਾਰੇ ਹਸਪਤਾਲਾਂ ਦਾ ਸੁਧਾਰ ਹੋ ਸਕੇਗਾ ? ਕਦੋਂ ਤੱਕ ਉਨ੍ਹਾਂ ਨੂੰ ਵਾਟਰ ਸਪਲਾਈ ਮਿਲ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਵਾਲ ਪੁੱਛਿਆ ਸੀ ਕਿ ਇਨ੍ਹਾਂ ਦੀ ਸਬ-ਡਵੀਜ਼ਨ/ਤਹਿਸੀਲ ਵਿੱਚ ਵੈਟਰਨਰੀ ਡਿਸਪੈਂਸਰੀਆਂ ਕਿੰਨੀਆਂ ਹਨ । ਉਹ 24 ਹਨ । 24 ਵਿੱਚੋਂ 21 ਜਿਹੜੀਆਂ ਹਨ, ਉਹ ਮਾਨਤਾ ਪ੍ਰਾਪਤ ਹਨ, ਮਨਜ਼ੂਰਸ਼ੁਦਾ ਹਨ । ਤਿੰਨ ਬਿਲਡਿੰਗਾਂ ਜਿਹੜੀਆਂ ਹਨ, ਉਨ੍ਹਾਂ ਵਿੱਚ ਜੋ ਪੋਸਟਾਂ ਹਨ, ਤਿੰਨ ਨਹੀਂ ਹਨ, ਖਾਲੀ ਹੋਰ ਵੀ ਹਨ । ਅਸੀਂ ਕੋਸ਼ਿਸ਼ ਕੀਤੀ ਹੈ ਕਿ ਨਾਲ ਦਾ ਮੁਲਾਜ਼ਮ ਉਥੇ ਜਾਵੇ । ਉਥੇ ਨਾਲ ਦਾ ਮੁਲਾਜ਼ਮ ਜਾਂਦਾ ਹੈ । ਜਿਹੜਾ ਇਹ ਬਿਲਡਿੰਗ ਦੀ ਖਸਤਾ ਹਾਲਤ ਬਾਰੇ ਦੱਸ ਰਹੇ ਹਨ, ਉਹ ਮਿਲ ਕੇ ਧਿਆਨ ਵਿੱਚ ਲਿਆ ਦੇਣ, ਅਸੀਂ ਠੀਕ ਕਰਨ ਵਾਸਤੇ ਜ਼ਰੂਰ ਉਪਰਾਲੇ ਕਰਾਂਗੇ । ਜ਼ਰੂਰ ਇਨ੍ਹਾਂ ਲਈ ਉਪਰਾਲੇਂ ਕਰਨ ਤੇ ਵਿਚਾਰ ਕਰਾਂਗੇ ।

----------

## ਰਾਜ ਵਿੱਚ ਖਿਡਾਰੀਆਂ ਦੁਆਰਾ ਜਿੱਤੇ ਗਏ ਤਮਗੇ

*90. (1) **ਸਰਦਾਰ ਅਜਾਇਬ ਸਿੰਘ ਭੱਟੀ**
(2) **ਸਰਦਾਰ ਮੱਖਣ ਸਿੰਘ** : ਕੀ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) 15ਵੀਆਂ ਏਸ਼ੀਅਨ ਖੇਡਾਂ ਅਤੇ 18ਵੀਆਂ ਰਾਸ਼ਟਰੀ ਮੰਡਲ ਖੇਡਾਂ ਦੇ ਦੌਰਾਨ ਪੰਜਾਬ ਦੇ ਖਿਡਾਰੀਆਂ ਦੁਆਰਾ ਜਿੱਤੇ ਗਏ ਸੋਨੇ, ਚਾਂਦੀ ਅਤੇ ਕਾਂਸੇ ਦੇ ਤਮਗਿਆਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ;

(ਅ) ਕੀ ਪਿਛਲੇ ਦਸ ਸਾਲਾਂ ਦੇ ਦੌਰਾਨ ਪੰਜਾਬ ਦੇ ਖਿਡਾਰੀਆਂ ਦਾ ਪ੍ਰਦਰਸ਼ਨ ਚੰਗਾ ਨਹੀਂ ਰਿਹਾ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਣ ਹਨ ?

(ੲ) ਕੀ ਸਰਕਾਰ ਆਗਾਮੀ ਓਲੰਪਿਕ ਖੇਡਾਂ 2008 ਵਿੱਚ ਹਿੱਸਾ ਲੈਣ ਵਾਲੇ ਰਾਜ ਦੇ ਸੰਭਾਵੀ ਖਿਡਾਰੀਆਂ ਨੂੰ ਕੋਈ ਵਿੱਤੀ ਅਤੇ ਤਕਨੀਕੀ ਸਹਾਇਤਾ ਮੁਹੱਈਆ ਕਰਵਾਉਣ ਦੀ ਤਜਵੀਜ਼ ਰੱਖਦੀ ਹੈ ; ਜੇਕਰ ਅਜਿਹਾ ਹੈ ਤਾਂ ਇਸ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : (ੳ) 15ਵੀਂ ਏਸ਼ੀਅਨ ਖੇਡਾਂ ਦੋਹਾ (ਕਤਰ) 2006 ਵਿੱਚ ਪੰਜਾਬ ਦੇ ਖਿਡਾਰੀਆਂ ਵੱਲੋਂ 3 ਸੋਨੇ, 7 ਚਾਂਦੀ ਅਤੇ 3 ਕਾਂਸੀ ਕੁੱਲ 13 ਤਮਗੇ ਪ੍ਰਾਪਤ ਕੀਤੇ । 18ਵੀਆਂ ਰਾਸ਼ਟਰੀ ਮੰਡਲ ਖੇਡਾਂ ਮੈਲਬੌਰਨ (ਆਸਟਰੇਲੀਆ) 2006 ਵਿੱਚ ਪੰਜਾਬ ਦੇ ਖਿਡਾਰੀਆਂ ਨੇ 4 ਸੋਨੇ, 6 ਚਾਂਦੀ, 2 ਕਾਂਸੀ ਅਤੇ ਕੁੱਲ 12 ਤਮਗੇ ਪ੍ਰਾਪਤ ਕੀਤੇ ਹਨ ।

(ਅ) ਨਹੀਂ ਜੀ।

(ੲ) ਨਹੀਂ ਜੀ।

**ਸਰਦਾਰ ਅਜਾਇਬ ਸਿੰਘ ਭੱਟੀ** : ਮਾਨਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੋ ਖੇਡਾਂ ਦਾ ਮਿਆਰ ਹੈ ਪੰਜਾਬ ਦੇ ਵਿੱਚ, ਇਸ ਦੀ ਕਾਰਗੁਜ਼ਾਰੀ ਜੋ ਜੋ ਇਨ੍ਹਾਂ ਨੇ ਦੱਸੀ ਹੈ, ਉਹ ਤਸੱਲੀਬਖਸ਼ ਨਹੀਂ ਹੈ । ਮੈਂ ਨਾਲ ਦੀ ਨਾਲ ਇਹ ਵੀ ਜਾਣਨਾ ਚਾਹਿਆ ਹੈ ਕਿ ਪਿਛਲੇ 10 ਸਾਲਾਂ ਦੇ ਦੌਰਾਨ ਪੰਜਾਬ ਦੇ ਵਿੱਚ ਖਿਡਾਰੀਆਂ ਦਾ ਪ੍ਰਦਰਸ਼ਨ ਚੰਗਾ ਨਹੀਂ ਰਿਹਾ । ਇਸ ਦੇ ਕੀ ਕਾਰਨ ਹਨ ? ਪਰ ਇਸ ਦਾ ਇਨ੍ਹਾਂ ਵੱਲੋਂ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਗਿਆ । ਸਿਰਫ ਇਹੀ ਕਿਹਾ ਗਿਆ ਹੈ ਕਿ 'ਨਹੀਂ ਜੀ' । 'ਨਹੀਂ ਜੀ' ਕਹਿਣ ਦੇ ਨਾਲ ਸਵਾਲ ਦਾ ਜਵਾਬ ਨਹੀਂ ਮਿਲ ਜਾਂਦਾ । ਮੈਂ ਅੱਗੇ ਇਹ ਵੀ ਜ਼ਾਨਣਾ ਚਾਹਿਆ ਸੀ ਕਿ ਆਉਣ ਵਾਲੀਆਂ ਜਿਹੜੀਆਂ ਖੇਡਾਂ ਹੋਣ ਜਾ ਰਹੀਆਂ ਹਨ ਉਨ੍ਹਾਂ ਲਈ ਅੱਗੇ ਵਾਸਤੇ ਕੀ ਉਚੇਚੇ ਪ੍ਰਬੰਧ ਕੀਤੇ ਜਾ ਰਹੇ ਹਨ ਜਾਂ ਬਜਟ ਵਿੱਚ ਕੀ ਉਚੇਚੇ ਫੰਡ ਰੱਖੇ ਜਾ ਰਹੇ ਹਨ ਤਾਂ ਕਿ ਅਸੀਂ ਖਿਡਾਰੀਆਂ ਨੂੰ ਤਿਆਰ ਕਰ ਸਕੀਏ । ਕੀ ਵਿਭਾਗ ਵੱਲੋਂ ਜਿਹੜੀਆਂ ਅਸਾਮੀਆਂ ਖਾਲੀ ਪਈਆਂ ਹਨ, ਕੀ ਵਿਭਾਗ ਦੇ ਸਪੋਰਟਸ ਅਧਿਕਾਰੀਆਂ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣਗੀਆਂ ? ਮੈਂ ਇਸ ਬਾਰੇ ਜਾਨਣਾ ਚਾਹਾਂਗਾ । ਧੰਨਵਾਦ ਜੀ ।

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜਿਹੜੀ ਦਸ ਸਾਲ ਦੀ ਗੱਲ ਕੀਤੀ ਹੈ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਖਿਡਾਰੀਆਂ ਦਾ ਮਿਆਰ ਓਵਰਆਲ ਅੱਛਾ ਹੈ । ਅੰਤਰਰਾਸ਼ਟਰੀ ਪੱਧਰ ਤੇ ਭਾਰਤ ਦੇ ਖਿਡਾਰੀਆਂ ਵੱਲੋਂ ਜੋ ਮੈਡਲ ਪ੍ਰਾਪਤ ਕੀਤੇ ਜਾਂਦੇ ਹਨ ਉਨ੍ਹਾਂ ਵਿੱਚ ਜ਼ਿਆਦਾ ਗਿਣਤੀ ਪੰਜਾਬ ਦੇ ਖਿਡਾਰੀਆਂ ਦੀ ਹੁੰਦੀ ਹੈ ਜਿਸ ਦਾ ਵੇਰਵਾ ਮੈਂ ਇਨ੍ਹਾਂ ਨੂੰ ਡਿਟੇਲ ਵਿੱਚ ਦੱਸ ਦਿੰਦਾ ਹਾਂ । ਥਾਈਲੈਂਡ ਦੀਆਂ 1998 ਵਿੱਚ ਹੋਈਆਂ ਏਸ਼ੀਅਨ ਗੇਮਜ਼ ਵਿੱਚ 36 ਮੈਡਲ ਸੀ ਉਨ੍ਹਾਂ ਵਿੱਚੋਂ 16 ਪੰਜਾਬ ਦੇ ਹਿੱਸੇ ਆਏ ਸਨ 3 ਚਾਂਦੀ ਦੇ ਸਨ ਅਤੇ 6 ਕਾਂਸੇ ਦੇ ਸਨ । ਇਹ ਤੁਸੀਂ ਹਿਸਾਬ ਲਾ ਲਵੋ ਕਿ 36 ਵਿੱਚੋਂ 16 ਪੰਜਾਬ ਦੇ ਖਿਡਾਰੀਆਂ ਨੇ

Original with;
Punjab Vidhan Sabha
Digitized by;
Panjab Digital Library

ਲਏ । ਇਸੇ ਤਰ੍ਹਾਂ ਏਸ਼ੀਅਨ ਗੇਮਜ਼ ਸਾਊਥ ਕੋਰੀਆ ਵਿਖੇ 2002 ਵਿੱਚ 53 ਵਿੱਚੋਂ 13 ਪੰਜਾਬ ਦੇ ਖਿਡਾਰੀਆਂ ਨੇ ਲਏ । ਕਾਮਨਵੈਲਥ ਗੇਮਜ਼ ਜਿਹੜੀਆਂ ਕੁਆਲਾਲੰਪੁਰ ਵਿੱਚ ਹੋਈਆਂ ਉਨ੍ਹਾਂ ਵਿੱਚੋਂ 13 ਵਿੱਚੋਂ 2 ਪੰਜਾਬ ਦੇ ਖਿਡਾਰੀਆਂ ਨੇ ਲਏ ਸਨ । ਇਸ ਤਰ੍ਹਾਂ ਟੋਟਲ ਮਿਲਾ ਕੇ ਪੁਜੀਸ਼ਨ ਬਹੁਤ ਵਧੀਆ ਹੈ । ਕੋਈ ਮਾੜੀ ਹਾਲਤ ਨਹੀਂ ਹੈ । ਜੇਕਰ ਮੈਂਬਰ ਸਾਹਿਬ ਦੇ ਧਿਆਨ ਵਿੱਚ ਕੋਈ ਖਾਸ ਗੱਲ ਹੈ ਤਾਂ ਉਸ ਵੱਲ ਧਿਆਨ ਦੇਵਾਂਗੇ ।

**ਮਾਨਯੋਗ ਸਪੀਕਰ** : ਹਾਂ ਜੀ, ਸੋਢੀ ਜੀ ।

**ਰਾਣਾ ਗੁਰਮੀਤ ਸਿੰਘ ਸੋਢੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 2008 ਓਲਪਿੰਕ ਗੇਮਜ਼ ਅਤੇ ਕਾਮਨਵੈਲਥ ਗੇਮਜ਼ ਜਿਹੜੀਆਂ ਆ ਰਹੀਆਂ ਹਨ, ਉਸ ਵਾਸਤੇ ਕੋਈ ਖਾਸ ਇਨਫਰਾਸਟਰੱਕਚਰ ਪੰਜਾਬ ਦੇ ਖੇਡ ਵਿਭਾਗ ਨੇ ਰੱਖਿਆ ਹੈ । ਦੂਸਰੀ ਗੱਲ ਕਿ ਗੇਮਜ਼ ਦੀ ਟਰੇਨਿੰਗ ਵਾਸਤੇ ਕੋਈ ਫੌਰਨ ਕੋਚਿਜ਼ ਇੱਥੇ ਮੁਹੱਈਆ ਕਰਾਏ ਜਾ ਰਹੇ ਹਨ ਜਾਂ ਨਹੀਂ ਕਰਾਏ ਜਾ ਰਹੇ ।

**ਮੰਤਰੀ** : ਹਾਲੇ ਤੱਕ ਇਸ ਬਾਰੇ ਕੋਈ ਵਿਚਾਰ ਨਹੀਂ ਹੈ ਪਰ ਜੇਕਰ ਜ਼ਰੂਰੀ ਹੋਇਆ ਤਾਂ ਉਸ ਤੇ ਵਿਚਾਰ ਜ਼ਰੂਰ ਕਰ ਲਵਾਂਗੇ ।

**ਰਾਣਾ ਗੁਰਮੀਤ ਸਿੰਘ ਸੋਢੀ** : ਸਪੀਕਰ ਸਾਹਿਬ, ਪੰਜਾਬ ਦੇ ਜਿਹੜੇ ਖਿਡਾਰੀ ਹਨ, ਉਹ ਹਿੰਦੁਸਤਾਨ ਅਤੇ ਇੰਟਰਨੈਸ਼ਨਲ ਲੈਵਲ ਤੇ ਜਾਣੇ ਜਾਂਦੇ ਹਨ ਅਤੇ ਸਾਡੀਆਂ ਕੁਝ ਐਸੀਆਂ ਖੇਡਾਂ ਵੀ ਹਨ ਜਿਹੜੀਆਂ ਸਿਰਫ ਪੰਜਾਬ ਤੋਂ ਹੀ ਸ਼ੁਰੂ ਹੁੰਦੀਆਂ ਹਨ । ਮੈਂ ਮੰਤਰੀ ਸਾਹਿਬ ਤੋਂ ਇਹ ਜਾਨਣਾ ਚਾਹਾਂਗਾ ਕਿ ਉਨ੍ਹਾਂ ਖੇਡਾਂ ਬਾਰੇ ਸਾਨੂੰ ਇਹ ਦੱਸ ਸਕਦੇ ਹਨ ਜਾਂ ਕੋਈ ਤਜਵੀਜ਼ ਕਰ ਸਕਦੇ ਹਨ । ਜਿਸ ਤਰ੍ਹਾਂ ਕਿ ਹਾਕੀ ਹੈ..........

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਸਕੂਲਾਂ ਵਿੱਚ ਖੇਡ ਵਿੰਗ ਸਥਾਪਿਤ ਕੀਤੇ ਹਨ । 2000 ਖਿਡਾਰੀਆਂ ਨੂੰ ਟਰੇਨਿੰਗ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਤਕਰੀਬਨ 2 ਕਰੋੜ ਰੁਪਿਆ ਉਸ ਤੇ ਖ਼ਰਚ ਹੋਣਾ ਹੈ ਅਤੇ 70 ਲੱਖ ਰੁਪਏ ਦੀ ਲਾਗਤ ਨਾਲ ਹਾਕੀ ਅਕੈਡਮੀ ਜਲੰਧਰ ਅਤੇ ਫੁਟਬਾਲ ਅਕੈਡਮੀ ਮਾਹਿਲਪੁਰ ਵਿੱਚ ਹੈ ਜਿਸ ਵਿੱਚ 60-60 ਬੱਚੇ ਹਰ ਸਾਲ ਤਿਆਰ ਕੀਤੇ ਜਾਣੇ ਹਨ । ਜਲੰਧਰ ਵਿਖੇ ਸਪੋਰਟਸ ਕਾਲਜ ਅਤੇ ਸਕੂਲ ਚਲਾਇਆ ਜਾ ਰਿਹਾ ਹੈ ਜਿੱਥੇ ਹਰ ਤਰ੍ਹਾਂ ਦੀ ਖੇਡ

Original with;
Punjab Vidhan Sabha
Digitized by;
Panjab Digital Library

[ਖੇਡਾਂ ਅਤੇ ਯੁਵਕ ਸੇਵਾਵਾਂ ਦੇ ਮੰਤਰੀ]
ਖੇਡਣ ਦੀ ਸਹੂਲਤ ਮੁਹੱਈਆ ਹੋਵੇਗੀ । ਖੇਡ ਪਾਲਿਸੀ ਦੇ ਤਹਿਤ ਅੰਤਰਰਾਸ਼ਟਰੀ ਜੇਤੂਆਂ ਨੂੰ ਵਿੱਤੀ ਇਨਾਮ ਦਿੱਤੇ ਜਾਂਦੇ ਹਨ .......। (ਵਿਘਨ)

**ਮਾਨਯੋਗ ਸਪੀਕਰ** : ਪਹਿਲਾਂ ਮੇਰੀ ਗੱਲ ਸੁਣਨ ਦਾ ਯਤਨ ਕਰੋ । ਮੈਂ ਹਾਊਸ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਸਵਾਲ ਅਤੇ ਜਵਾਬ ਦੋਨੋਂ ਕਨਸਾਈਜ਼, ਕੁਰੈਕਟ ਅਤੇ ਕੰਪਲੀਟ ਹੋਣੇ ਚਾਹੀਦੇ ਹਨ । ਬਹੁਤ ਲੰਮਾ ਜਵਾਬ ਜਿਹੜਾ ਟੂ-ਦਿ-ਪੁਆਇੰਟ ਨਾ ਹੋਵੇ, ਉਹ ਹਾਊਸ ਦਾ ਟਾਈਮ ਜਾਇਆ ਕਰਦਾ ਹੈ ਅਤੇ ਭਾਸ਼ਣਾਂ ਵਿੱਚ ਪੈ ਕੇ ਸਵਾਲ ਕਰਨਾ ਵੀ ਟਾਈਮ ਜਾਇਆ ਕਰਦਾ ਹੈ। ਟੂ-ਦਿ-ਪੁਆਇੰਟ ਜਵਾਬ ਹੋਵੇ ਅਤੇ ਕੰਪਲੀਟ ਜਵਾਬ ਹੋਵੇ । ਅਸੀਂ ਇਹ ਵੀ ਕੋਸ਼ਿਸ਼ ਕਰਾਂਗੇ ਕਿ ਇਸ ਕੰਮ ਵਾਸਤੇ ਮੈਂਬਰਾਂ ਲਈ ਕੋਈ ਟਰੇਨਿੰਗ ਰੱਖੀ ਜਾਵੇ ਤਾਂ ਜੋ ਸਵਾਲ ਅਤੇ ਸਪਲੀਮੈਂਟਰੀਜ਼ ਠੀਕ ਢੰਗ ਨਾਲ ਕੀਤੀਆਂ ਜਾਣ ਅਤੇ ਉਨ੍ਹਾਂ ਦਾ ਜਵਾਬ ਵੀ ਪਰਾਪਰ ਆਵੇ । ਮੇਰੀ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਮੇਰੀ ਇਹ ਬੇਨਤੀ ਪ੍ਰਵਾਨ ਕਰਨ । ਬਹੁਤੀ ਵਾਰ ਵੇਗ (vague) ਗੱਲਾਂ ਚੱਲ ਪੈਂਦੀਆਂ ਹਨ ।

**ਰਾਣਾ ਗੁਰਮੀਤ ਸਿੰਘ ਸੋਢੀ** : ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਸ਼ਾਰਟ ਅਤੇ ਸਪੈਸੇਫਿਕ ਸੀ । ਇਨ੍ਹਾਂ ਨੇ ਤਾਂ ਸਾਰੇ ਪੰਜਾਬ ਦੀ ਗੱਲ ਦੱਸ ਦਿੱਤੀ ਹੈ । ਇਹ ਜਿਹੜੀਆਂ ਦੋ ਖੇਡਾਂ ਹੋ ਰਹੀਆਂ ਹਨ, ਮੈਂ ਸਿਰਫ ਉਨ੍ਹਾਂ ਦੀ ਟ੍ਰੇਨਿੰਗ ਦੀ ਗੱਲ ਕਰ ਰਿਹਾ ਹਾਂ । ਮੈਨੂੰ ਮੇਰੇ ਸਵਾਲ ਦਾ ਸਪੈਸੇਫਿਕ ਜਵਾਬ ਚਾਹੀਦਾ ਹੈ ।

**ਮੰਤਰੀ** : ਸਪੀਕਰ ਸਾਹਿਬ, ਮੈਂ (ਅ) ਅਤੇ (ੲ) ਵਿੱਚ ਨਾਂਹ ਜਵਾਬ ਦਿੱਤਾ ਹੈ । ਇਸ ਦੇ ਬਾਰੇ ਮੈਂ ਪਹਿਲਾਂ ਦੱਸ ਚੁੱਕਾ ਹਾਂ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਇਲਜ਼ਾਮ ਹਨ ਕਿ ਖੇਡ ਮਹਿਕਮੇ ਵਿੱਚ ਸਿਲੈਕਸ਼ਨਾਂ ਵੇਲੇ ਸਿਫਾਰਸ਼ਾਂ ਚੱਲਦੀਆਂ ਹਨ । ਕੀ ਇਹ ਇਸ ਨੂੰ ਚੈੱਕ ਕਰਨਗੇ ? ਇਸ ਦੇ ਵਾਸਤੇ ਐਕਸਪਰਟਸ ਦੀ ਜਾਂ ਵਿਧਾਨ ਸਭਾ ਦੇ ਮੈਂਬਰਾਂ ਦੀ ਕੋਈ ਕਮੇਟੀ ਬਣਾ ਕੇ ਵੀ ਖੇਡਾਂ ਦੇ ਸੁਧਾਰ ਲਈ ਧਿਆਨ ਦਿੱਤਾ ਜਾ ਸਕਦਾ ਹੈ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਪੋਰਟਸ ਦੀ ਟ੍ਰੇਨਿੰਗ ਲਈ ਸੋਚ ਵਿਚਾਰ ਕਰਨ ਵਾਸਤੇ ਪਿਛਲੇ ਦਿਨੀਂ ਹੀ ਪੰਜਾਬ ਐਸੋਸੀਏਸ਼ਨ ਦੀ ਇਕ ਮੀਟਿੰਗ ਮੇਰੇ ਰੈਜ਼ੀਡੈਂਸ ਤੇ ਹੋਈ ਸੀ ਜਿਸ ਵਿੱਚ ਪੰਜਾਬ ਦੇ ਬਹੁਤ ਸਾਰੇ ਪੁਰਾਣੇ ਖਿਡਾਰੀ ਅਤੇ ਐਸੋਸੀਏਸ਼ਨ ਦੇ ਮੈਂਬਰ ਆਏ ਹੋਏ ਸਨ । ਮੈਂ ਉਨ੍ਹਾਂ ਨੂੰ ਖੁਲ੍ਹੀ ਛੋਟ ਦਿੱਤੀ ਹੈ । ਉਹ ਇਸ

Original with;
Punjab Vidhan Sabha
Digitized by;
Panjab Digital Library

ਲਾਈਨ ਦੇ ਕਾਫੀ ਮਾਹਿਰ ਹਨ । ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਡੀ ਕੋਈ ਵੀ ਤਜਵੀਜ਼ ਹੈ ਜਾਂ ਟ੍ਰੇਨਿੰਗ ਅਤੇ ਇਕਵਿਪਮੈਂਟਸ ਵਾਸਤੇ ਜਾਂ ਹੋਰ ਕਿਸੇ ਗੱਲ ਵਾਸਤੇ ਤੁਹਾਨੂੰ ਜਿੰਨੇ ਵੀ ਫੰਡਜ਼ ਚਾਹੀਦੇ ਹਨ, ਉਹ ਸਾਨੂੰ ਦੱਸੋ, ਪੰਜਾਬ ਸਰਕਾਰ ਇਸ ਦੇ ਵਾਸਤੇ ਵਚਨਬੱਧ ਹੋਵੇਗੀ । ਜੋ ਕੁਝ ਤੁਸੀਂ ਮੰਗੋਗੇ, ਅਸੀਂ ਉਸ ਨੂੰ ਸਿਰੇ ਚੜ੍ਹਾਵਾਂਗੇ ।

-----------

## ਅਣ-ਅਧਿਕਾਰਿਤ ਕਾਬਜ਼ਦਾਰਾਂ ਹੇਠ ਮੰਡੀ ਯਾਰਡਜ਼

*78. **ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਵਿੱਚ ਕੁੱਝ ਮੰਡੀ ਯਾਰਡਜ਼ ਤੇ ਅਣ-ਅਧਿਕਾਰਿਤ ਤੌਰ ਤੇ ਕਬਜ਼ਾ ਕੀਤਾ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਮੰਡੀ ਯਾਰਡਜ਼ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਤੇ ਅਣ-ਅਧਿਕਾਰਿਤ ਤੌਰ ਤੇ ਕਬਜ਼ਾ ਕਰਨ ਵਾਲੇ ਵਿਅਕਤੀਆਂ ਦੇ ਨਾਂ ਕੀ ਹਨ ਅਤੇ ਇਨ੍ਹਾਂ ਮੰਡੀ ਯਾਰਡਜ਼ ਨੂੰ ਖਾਲੀ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਹਾਂ ਜੀ । ਮੰਡੀ ਯਾਰਡ ਸਰਦੂਲਗੜ੍ਹ ਵਿੱਚ 140 ਨਜਾਇਜ਼ ਕਬਜ਼ੇ ਹਨ । ਜਿਨ੍ਹਾਂ ਵਿਅਕਤੀਆਂ ਨੇ ਨਜਾਇਜ਼ ਕਬਜ਼ੇ ਕੀਤੇ ਹਨ, ਉਨ੍ਹਾਂ ਦੇ ਨਾਮ ਤੇ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਸਬੰਧੀ ਕੀਤੀ ਜਾ ਰਹੀ ਕਾਰਵਾਈ ਸਬੰਧੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

## ਸੂਚਨਾ

ਨਵੀਂ ਅਨਾਜ ਮੰਡੀ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਵਿਖੇ ਹੋਏ ਨਜਾਇਜ਼ ਕਬਜ਼ਿਆਂ ਦੀ ਸੂਚੀ :-

| ਲੜੀ ਨੰ: | ਕਬਜ਼ਾਕਾਰ ਦਾ ਨਾਂ | ਵਿਸ਼ੇਸ਼ ਕਥਨ |
|---|---|---|
| 1. | ਹਰਨੇਕ ਸਿੰਘ ਪੁੱਤਰ ਮੁਕੰਦ ਸਿੰਘ | 2 ਕੋਠੇ |
| 2. | ਪਰਮਜੀਤ ਕੌਰ ਪਤਨੀ ਗੁਲਾਬ ਸਿੰਘ | 2 ਕੋਠੇ |
| 3. | ਰਾਜੇਸ਼ ਕੁਮਾਰ ਪੁੱਤਰ ਦਲੀਪ ਕੁਮਾਰ | 1 ਕਮਰਾ |
| 4. | ਕਾਕਾ ਸਿੰਘ ਪੁੱਤਰ ਰਾਮ ਨਾਥ | 1 ਕਮਰਾ |
| 5. | ਭੋਲਾ ਸਿੰਘ ਪੁੱਤਰ ਕਾਕਾ ਸਿੰਘ | 1 ਕਮਰਾ |
| 6. | ਦਰਸ਼ਨ ਸਿੰਘ ਪੁੱਤਰ ਬਾਬੂ ਸਿੰਘ | 2 ਕਮਰੇ |

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਕਬਜ਼ਾਕਾਰ ਦਾ ਨਾਂ | ਵਿਸ਼ੇਸ਼ ਕਥਨ |
|---|---|---|
| 7. | ਰਾਮ ਜੀ ਲਾਲ ਪੁੱਤਰ ਸੋਹਣ ਲਾਲ | 2 ਕਮਰੇ |
| 8. | ਨਿੱਕਾ ਸਿੰਘ ਪੁੱਤਰ ਜਿੱਤਾ ਸਿੰਘ | 1 ਕਮਰਾ |
| 9. | ਫੂਲ ਚੰਦ ਪੁੱਤਰ ਤੁਲਸੀ ਚੰਦ | 2 ਕਮਰੇ |
| 10. | ਕਿਰਪਾ ਪੁੱਤਰ ਰਾਮੇਸ ਰਾਮ | 1 ਕਮਰਾ |
| 11. | ਮਿੱਠੂ ਰਾਮ ਪੁੱਤਰ ਮੱਘਰ ਸਿੰਘ | 1 ਕਮਰਾ |
| 12. | ਦਰਸ਼ਨ ਸਿੰਘ ਪੁੱਤਰ ਚਹਿਲ ਸਿੰਘ | 1 ਕਮਰਾ |
| 13. | ਤਾਰਾ ਚੰਦ ਪੁੱਤਰ ਲੇਖ ਰਾਮ | 2 ਕਮਰੇ |
| 14. | ਕੈਲਾਸ ਚੰਦ ਪੁੱਤਰ ਟੇਕ ਪਾਲ ਚੰਦ | 2 ਕਮਰੇ |
| 15. | ਨਛੱਤਰ ਸਿੰਘ ਪੁੱਤਰ ਮੱਘਰ ਸਿੰਘ | 2 ਕਮਰੇ |
| 16. | ਪੱਪੂ ਸਿੰਘ ਪੁੱਤਰ ਗੁਰਦੇਵ ਸਿੰਘ | 1 ਕਮਰਾ |
| 17. | ਮਿਵਾਸੀ ਰਾਮ ਪੁੱਤਰ ਛੋਟਾ ਰਾਮ | 2 ਮਕਾਨ |
| 18. | ਗੁਰਜੰਟ ਸਿੰਘ ਪੁੱਤਰ ਲਛਮਣ ਸਿੰਘ | 2 ਮਕਾਨ |
| 19. | ਛੋਟੂ ਰਾਮ ਸਿੰਘ ਪੁੱਤਰ ਮਮੋੜੀਆਂ ਰਾਮ | 2 ਮਕਾਨ |
| 20. | ਬਿੰਦਰ ਸਿੰਘ ਪੁੱਤਰ ਬੰਤ ਸਿੰਘ | 1 ਕਮਰਾ |
| 21. | ਚਰਨਾ ਸਿੰਘ ਪੁੱਤਰ ਜੀਤ ਸਿੰਘ | 1 ਕਮਰਾ |
| 22. | ਜੀਤ ਸਿੰਘ ਪੁੱਤਰ ਬਿਸ਼ਨ ਸਿੰਘ | 1 ਮਕਾਨ |
| 23. | ਨਫੇ ਸਿੰਘ ਪੁੱਤਰ ਉਦੇ ਸਿੰਘ | 2 ਮਕਾਨ |
| 24. | ਪੂਰਨ ਚੰਦ ਪੁੱਤਰ ਕਾਲੂ ਰਾਮ | 1 ਮਕਾਨ |
| 25. | ਰਾਮ ਭਗਤ ਪੁੱਤਰ ਜੱਗ ਲਾਲ | 2 ਮਕਾਨ |
| 26. | ਗੁਰਦੀਪ ਸਿੰਘ ਪੁੱਤਰ ਹਾਕਮ ਸਿੰਘ | 1 ਮਕਾਨ |
| 27. | ਦਲੀਪ ਸਿੰਘ ਪੁੱਤਰ ਸੁੰਦਰ ਸਿੰਘ | 2 ਮਕਾਨ |
| 28. | ਬਾਬੂ ਸਿੰਘ ਪੁੱਤਰ ਦੂਲਾ ਸਿੰਘ | 1 ਮਕਾਨ |
| 29. | ਰਾਮ ਪ੍ਰਸ਼ਾਦ ਪੁੱਤਰ ਦੂਲਾ [illegible] | 1 ਮਕਾਨ |
| 30. | ਕੁਲਵੰਤ ਸਿੰਘ ਪੁੱਤਰ ਮਹਿੰਦਰ ਸਿੰਘ | 1 ਮਕਾਨ |
| 31. | ਜਸਵੰਤ ਸਿੰਘ ਪੁੱਤਰ ਉਜਾਗਰ ਸਿੰਘ | 1 ਮਕਾਨ |
| 32. | ਗੁਰਮੇਜ ਸਿੰਘ ਪੁੱਤਰ ਮਹਿੰਦਰ ਸਿੰਘ | 2 ਮਕਾਨ |
| 33. | [illegible] ਚੰਦ ਪੁੱਤਰ ਸੋਮਨ ਚੰਦ | 1 ਮਕਾਨ |
| 34. | ਭੋਲਾ ਸਿੰਘ ਪੁੱਤਰ ਅਮਰ ਸਿੰਘ | 2 ਮਕਾਨ |
| 35. | ਸਤਪਾਲ ਸਿੰਘ ਪੁੱਤਰ ਬੰਤਾ ਸਿੰਘ | 2 ਮਕਾਨ |
| 36. | ਬਿੱਟੂ ਸਿੰਘ ਪੁੱਤਰ ਦਿਆਲ ਸਿੰਘ | 2 ਮਕਾਨ |
| 37. | ਸੁਭਾਸ਼ ਚੰਦ ਪੁੱਤਰ ਪ੍ਰਮਾਨੰਦ | 1 ਮਕਾਨ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਕਬਜ਼ਾਕਾਰ ਦਾ ਨਾਂ | ਵਿਸ਼ੇਸ਼ ਕਥਨ |
|---|---|---|
| 38. | ਮਲੂਕ ਸਿੰਘ ਪੁੱਤਰ ਕਰਨਾਲ ਸਿੰਘ | 1 ਮਕਾਨ |
| 39. | ਸਤਨਾਮ ਸਿੰਘ ਪੁੱਤਰ ਜਗਤਾਰ ਸਿੰਘ | 1 ਮਕਾਨ |
| 40. | ਚੰਨਣ ਸਿੰਘ ਪੁੱਤਰ ਸਰਦਾਰ ਸਿੰਘ | 1 ਮਕਾਨ |
| 41. | ਸ਼ੇਰ ਸਿੰਘ ਪੁੱਤਰ ਨਛੱਤਰ ਸਿੰਘ | 1 ਮਕਾਨ |
| 42. | ਸੁਰਜੀਤ ਸਿੰਘ ਪੁੱਤਰ ਹਰਨਾਮ ਸਿੰਘ | 1 ਮਕਾਨ |
| 43. | ਹਰਨੇਕ ਸਿੰਘ ਪੁੱਤਰ ਸਰੂਪ ਸਿੰਘ | 1 ਮਕਾਨ |
| 44. | ਲਛਮਣ ਸਿੰਘ ਪੁੱਤਰ ਫੂਲਾ ਸਿੰਘ | 2 ਮਕਾਨ |
| 45. | ਬੱਲੀ ਸਿੰਘ ਪੁੱਤਰ ਪੂਰਨ ਸਿੰਘ | 1 ਮਕਾਨ |
| 46. | ਸਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ | 2 ਮਕਾਨ |
| 47. | ਬਲਵੀਰ ਸਿੰਘ ਪੁੱਤਰ ਜੋਰਾ ਸਿੰਘ | 1 ਮਕਾਨ |
| 48. | ਸੁਖਦੇਵ ਰਾਮ ਪੁੱਤਰ ਦਲੀਪ ਰਾਮ | 2 ਮਕਾਨ |
| 49. | ਭਗਵਾਨ ਦਾਸ ਪੁੱਤਰ ਨੰਦ ਦਾਸ | 1 ਮਕਾਨ |
| 50. | ਰਾਮ ਪ੍ਰਤਾਪ ਪੁੱਤਰ ਓਮ ਪ੍ਰਕਾਸ਼ | 2 ਮਕਾਨ |
| 51. | ਰਕੇਸ਼ ਕੁਮਾਰ ਪੁੱਤਰ ਰਾਜੂ ਰਾਮ | 1 ਮਕਾਨ |
| 52. | ਹਰਾ ਰਾਮ ਪੁੱਤਰ ਸੱਤ ਰਾਮ | 2 ਮਕਾਨ |
| 53. | ਬਲਵਿੰਦਰ ਸਿੰਘ ਪੁੱਤਰ ਸਵਰਨ ਸਿੰਘ | 1 ਮਕਾਨ |
| 54. | ਰਾਜਿੰਦਰ ਕੁਮਾਰ ਪੁੱਤਰ ਭਗਲਾ ਰਾਮ | 1 ਮਕਾਨ |
| 55. | ਹੀਰਾ ਦਾਸ ਪੁੱਤਰ ਰਣਪੰਤ ਰਾਮ | 2 ਮਕਾਨ |
| 56. | ਸ਼ਾਮ ਸੁੰਦਰ ਪੁੱਤਰ ਜੱਗੀ ਰਾਮ | 2 ਮਕਾਨ |
| 57. | ਸਤਪਾਲ ਡਰਾਈਵਰ | 1 ਮਕਾਨ |
| 58. | ਦਰਸ਼ਨ ਸਿੰਘ ਪੁੱਤਰ ਦੇਵ ਰਾਜ | 1 ਮਕਾਨ |
| 59. | ਪਾਲੂ ਰਾਮ ਪੁੱਤਰ ਸੱਤਰਾਮ | 1 ਮਕਾਨ |
| 60. | [illegible] ਪੇਟਰ | 1 ਮਕਾਨ |
| 61. | ਕਮਾਲ ਰਾਮ ਪੁੱਤਰ ਫੂਲ ਰਾਮ | 1 ਮਕਾਨ |
| 62. | ਰਮੇਸ ਪੁੱਤਰ ਸਾਹਿਬ ਰਾਮ | 1 ਮਕਾਨ |
| 63. | ਸਰਬਤੀ ਦੇਵੀ ਪਤਨੀ ਹਰਭਜਨ ਸਿੰਘ | 1 ਮਕਾਨ |
| 64. | ਲਛਮਣ ਦਾਸ ਪੁੱਤਰ ਚਾਨਣ ਰਾਮ | 2 ਮਕਾਨ |
| 65. | ਮਲਕੀਤ ਸਿੰਘ ਪੁੱਤਰ ਕਾਕਾ ਸਿੰਘ | 1 ਮਕਾਨ |
| 66. | ਗੁਲਾਬ ਲਾਲ ਪੁੱਤਰ ਸਿਕੰਦਰ ਲਾਲ | 1 ਮਕਾਨ |
| 67. | ਸੁਖਦੇਵ ਸਿੰਘ ਪੁੱਤਰ ਬੀਰ ਸਿੰਘ | 1 ਮਕਾਨ |
| 68. | ਹਰਪਾਲ ਸਿੰਘ ਪੁੱਤਰ ਪ੍ਰੀਤਮ ਸਿੰਘ | 1 ਮਕਾਨ |
| 69. | ਜੀਤ ਸਿੰਘ | 1 ਮਕਾਨ |
| 70. | ਮੱਕੜ ਸਿੰਘ ਪੁੱਤਰ ਸੁਰਜੀਤ ਸਿੰਘ | 1 ਮਕਾਨ |

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਕਬਜ਼ਾਕਾਰ ਦਾ ਨਾਂ | ਵਿਸ਼ੇਸ਼ ਕਥਨ |
|---|---|---|
| 71. | ਕੁਲਦੀਪ ਸਿੰਘ ਪੁੱਤਰ ਰਾਮ ਬੀਰ ਸਿੰਘ | 1 ਮਕਾਨ |
| 72. | ਸਤਨਾਮ ਸਿੰਘ ਪੁੱਤਰ ਰਘਬੀਰ ਸਿੰਘ | 2 ਮਕਾਨ |
| 73. | ਪਵਨ ਕੁਮਾਰ ਪੁੱਤਰ ਸੋਹਣ ਲਾਲ | 5 ਦੁਕਾਨਾਂ |
| 74. | ਤਰਸੇਮ ਚੰਦ ਪੁੱਤਰ ਬੁਲਾ ਰਾਮ | 2 ਕਮਰੇ |
| 75. | ਮਹਿੰਦਰ ਪਾਲ ਪੁੱਤਰ ਚਰੰਜੀ ਲਾਲ | 1 ਮਕਾਨ 2 ਕਮਰੇ |
| 76. | ਸਤਪਾਲ ਛਾਂਗਾ ਪੁੱਤਰ ਆਤਮਾ ਰਾਮ | 1 ਦੁਕਾਨ 1 ਕਮਰਾ |
| 77. | ਰਾਜ ਕੁਮਾਰ ਪੁੱਤਰ ਮੰਗੂ ਰਾਮ | 1 ਖੋਖਾ |
| 78. | ਬੁੱਲਾ ਰਾਮ ਪੁੱਤਰ ਬਚਨ ਰਾਮ | 1 ਖੋਖਾ |
| 79. | ਬੰਟੀ ਰਾਮ ਪੁੱਤਰ ਮਿੱਠੂ ਰਾਮ | 1 ਦੁਕਾਨ |
| 80. | ਹਰਵਿੰਦਰ ਸਿੰਘ ਪੁੱਤਰ ਪੂਰਨ ਸਿੰਘ | 1 ਦੁਕਾਨ |
| 81. | ਲਾਜਪਤ ਰਾਏ ਪੁੱਤਰ ਚਮਨ ਲਾਲ | 1 ਦੁਕਾਨ |
| 82. | ਸੁਦੇਸ਼ ਉਰਫ ਬਿੱਟੂ ਪੁੱਤਰ ਗਿਆਨ ਚੰਦ | 1 ਦੁਕਾਨ |
| 83. | ਚੰਚਲ ਸਿੰਘ ਪੁੱਤਰ ਜੋਗਿੰਦਰ ਸਿੰਘ | 1 ਖੋਖਾ |
| 84. | ਸੁਦੇਸ਼ ਕੁਮਾਰ ਪੁੱਤਰ ਗਿਆਨ ਚੰਦ | 1 ਖੋਖਾ |
| 85. | ਕਰਿਸਨ ਲਾਲ ਪੁੱਤਰ ਹਾਕਮ ਚੰਦ | 1 ਖੋਖਾ |
| 86. | ਅਮਰੀਕ ਸਿੰਘ ਪੁੱਤਰ ਹਾਕਮ ਸਿੰਘ | 1 ਖੋਖਾ |
| 87 | ਬਲਕਾਰ ਸਿੰਘ ਪੁੱਤਰ ਮੱਖਣ ਸਿੰਘ | 1 ਖੋਖਾ |
| 88. | ਕੁਲਦੀਪ ਸਿੰਘ ਪੁੱਤਰ ਜਸਵੀਰ ਸਿੰਘ | 1 ਖੋਖਾ |
| 89. | ਕਾਲਾ ਸਿੰਘ ਪੁੱਤਰ ਜੀਤ ਸਿੰਘ | 1 ਖੋਖਾ |
| 90. | ਸੁਰੇਸ਼ ਕੁਮਾਰ ਪੁੱਤਰ ਰਾਮ ਸਰੂਪ | 1 ਦੁਕਾਨ |
| 91. | ਕਰਿਸਨ ਕੁਮਾਰ ਪੁੱਤਰ ਮੰਗਤ ਰਾਮ | 1 ਦੁਕਾਨ |
| 92. | ਹਰਭਜਨ ਸਿੰਘ ਪੁੱਤਰ ਭੀਖਾ ਰਾਮ | 1 ਦੁਕਾਨ |
| 93. | ਹਰਪਾਲ ਸਿੰਘ ਪੁੱਤਰ ਓਮ ਪ੍ਰਕਾਸ਼ | 2 ਦੁਕਾਨਾਂ |
| 94. | ਅਸ਼ੋਕ ਕੁਮਾਰ ਪੁੱਤਰ ਮੁਨਸ਼ੀ ਰਾਮ | 1 ਦੁਕਾਨ |
| 95. | ਸ਼ਰਮਾ ਮਾਨ ਖੇੜਾ | 1 ਖੋਖਾ |
| 96. | ਹਰਜਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ | 1 ਖੋਖਾ |
| 97. | ਰਣਜੀਤ ਸਿੰਘ ਪੁੱਤਰ ਸਰੈਨ ਸਿੰਘ | 1 ਦੁਕਾਨ |
| 98. | ਸੋਨੀ ਪੇਟਰ ਪੁੱਤਰ ਹਰੀ ਰਾਮ | 1 ਖੋਖਾ |
| 99. | ਰਾਮੇਸ਼ ਪੁੱਤਰ ਸਾਈ ਦਾਸ | 1 ਖੋਖਾ |
| 100. | ਜੱਸਾ ਸਿੰਘ ਪੁੱਤਰ ਜਸਵੰਤ ਸਿੰਘ | 1 ਖੋਖਾ |
| 101. | ਸ਼ਿਵ ਲਾਲ ਐਂਡ ਕੰਪਨੀ | 3 ਦੁਕਾਨਾਂ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਕਬਜ਼ਾਕਾਰ ਦਾ ਨਾਂ | ਵਿਸ਼ੇਸ਼ ਕਥਨ |
|---|---|---|
| 102 | ਵਿਜ਼ਾ | 1 ਦੁਕਾਨ |
| 103. | ਬਲਜੀਤ ਸਿੰਘ ਪੁੱਤਰ ਬਚਨ ਸਿੰਘ | 1 ਦੁਕਾਨ |
| 104 | ਰਾਜਪਾਲ ਪੁੱਤਰ ਕਾਸ਼ੀ ਰਾਮ | 1 ਦੁਕਾਨ |
| 105. | ਬਿਸ਼ਨ ਰਾਮ ਪੁੱਤਰ ਦੇਸ ਰਾਜ | 1 ਦੁਕਾਨ |
| 106. | ਪ੍ਰਕਾਸ਼ ਚੰਦ ਪੁੱਤਰ ਦੇਸ ਰਾਜ | 1 ਦੁਕਾਨ |
| 107. | ਬਲਵਾਨ ਸਿੰਘ ਪੁੱਤਰ ਅਤਰ ਸਿੰਘ | 1 ਦੁਕਾਨ |
| 108. | ਸਤਪਾਲ ਸਿੰਘ ਪੁੱਤਰ ਦੇਸ ਰਾਜ | 2 ਦੁਕਾਨਾਂ |
| 109. | ਪਵਨ ਕੁਮਾਰ ਪੁੱਤਰ ਧਰਮ ਪਾਲ | 2 ਦੁਕਾਨਾਂ |
| 110. | ਰਾਮ ਜੀ ਲਾਲ ਪੁੱਤਰ ਲਛਮਣ ਦਾਸ | 1 ਦੁਕਾਨ |
| 111. | ਵਿੱਕੀ ਸਿੰਘ ਪੁੱਤਰ ਕਰਤਾਰ ਸਿੰਘ | 1 ਦੁਕਾਨ |
| 112. | ਸਤਪਾਲ ਸਿੰਘ ਪੁੱਤਰ ਸਰੈਨ ਸਿੰਘ | 1 ਕੋਠਾ |
| 113. | ਭੁਪਿੰਦਰ ਸਿੰਘ ਪੁੱਤਰ ਕੱਕਾ ਸਿੰਘ | 1 ਕੋਠਾ |
| 114. | ਪੂਰਨ ਸਿੰਘ ਪੁੱਤਰ ਕੱਕਾ ਸਿੰਘ | 1 ਕੋਠਾ |
| 115. | ਸੁਰਿੰਦਰ ਸਿੰਘ ਪੁੱਤਰ ਕੱਕਾ ਸਿੰਘ | 1 ਕੋਠਾ |
| 116. | ਅਜੀਤ ਕੁਮਾਰ ਪੁੱਤਰ ਰਾਜ ਕੁਮਾਰ | 1 ਕੋਠਾ |
| 117. | ਜਗਤਾਰ ਸਿੰਘ ਪੁੱਤਰ ਆਸਾ ਸਿੰਘ | 1 ਦੁਕਾਨ |
| 118. | ਭਜਨ ਲਾਲ ਪੁੱਤਰ ਰਾਮ ਲਾਲ | 1 ਦੁਕਾਨ |
| 119. | ਗੁਰਦੇਵ ਸਿੰਘ ਆਹਲੂਪੁਰ | 1 ਖੋਖਾ |
| 120. | ਰਾਜਾ ਰਾਮ ਪੁੱਤਰ ਦਿਆਲ ਰਾਮ | 2 ਕੋਠੇ |
| 121. | ਸੋਨੀ ਪੁੱਤਰ ਅਮਰ ਸਿੰਘ | 1 ਕੋਠਾ |
| 122. | ਧਰਮ ਵੀਰ ਪੁੱਤਰ ਨੱਥੂ ਰਾਮ | 1 ਦੁਕਾਨ |
| 123. | ਜਗਦੀਸ਼ ਰਾਏ ਪੁੱਤਰ ਜਰਮੇਜ ਸਿੰਘ | 1 ਖੋਖਾ |
| 124. | ਪੱਪੂ ਪੁੱਤਰ ਹਰੀ ਰਾਮ | 1 ਖੋਖਾ |
| 125. | ਬਲਜੀਤ ਸਿੰਘ ਪੁੱਤਰ ਗੁਰਮੇਲ ਸਿੰਘ | 1 ਖੋਖਾ |
| 126. | ਕਰਿਸ਼ਨ ਲਾਲ ਪੁੱਤਰ ਓਮ ਪ੍ਰਕਾਸ਼ | 1 ਖੋਖਾ |
| 127. | ਅਨੋਖ ਸਿੰਘ ਪੁੱਤਰ ਲਛਮਣ ਸਿੰਘ | 1 ਕੋਠਾ |
| 128. | ਸੁਰਜੀਤ ਸਿੰਘ | 1 ਕੋਠਾ |
| 129. | ਕੌਰ ਸਿੰਘ ਪੁੱਤਰ ਇੰਦਰ ਸਿੰਘ | 2 ਕੋਠੇ |
| 130. | ਬਲਵੀਰ ਸਿੰਘ ਪੁੱਤਰ ਸ਼ੇਰ ਸਿੰਘ | 1 ਕੋਠਾ |
| 131. | ਤਰਸੇਮ ਪੁੱਤਰ ਲਾਲ ਚੰਦ | 1 ਕੋਠਾ |
| 132. | ਜੱਗਾ ਸਿੰਘ ਪੁੱਤਰ ਠਾਣਾ ਸਿੰਘ | 1 ਕੋਠਾ |
| 133. | ਮੱਖਣ ਸਿੰਘ ਪੁੱਤਰ ਨੇਕ ਸਿੰਘ | 1 ਖੋਖਾ |
| 134. | ਮਿੱਲ ਸਿੰਘ ਪੁੱਤਰ ਸੀਤਾ ਸਿੰਘ | 1 ਖੋਖਾ |

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਕਬਜ਼ਾਕਾਰ ਦਾ ਨਾਂ | ਵਿਸ਼ੇਸ਼ ਕਥਨ |
|---|---|---|
| 135. | ਦੀਪਾ ਚੰਦ ਪੁੱਤਰ ਸੋਮਾ ਚੰਦ | 2 ਖੋਖੇ |
| 136. | ਪਾਲ ਸਿੰਘ ਮਿਸਤਰੀ | 2 ਖੋਖੇ |
| 137. | ਬੂਰਾ ਸਿੰਘ ਪੁੱਤਰ ਨਿਹਾਲ ਸਿੰਘ | 1 ਖੋਖਾ |
| 138. | ਸੁਖਦੇਵ ਸਿੰਘ ਪੁੱਤਰ ਪਾਲ ਸਿੰਘ | 1 ਖੋਖਾ |
| 139. | ਕੁਲਵੰਤ ਰਾਏ ਪੁੱਤਰ ਦੇਸ ਰਾਜ | 1 ਦੁਕਾਨ |
| 140. | ਸ਼ੇਰੀਆ ਖਟੀਕ | 1 ਦੁਕਾਨ |

**ਨਜਾਇਜ਼ ਕਬਜ਼ੇ ਹਟਾਉਣ ਲਈ ਚੁੱਕੇ ਜਾ ਰਹੇ ਕਦਮ :**

ਇਨ੍ਹਾਂ ਨਜਾਇਜ਼ ਕਬਜ਼ਿਆਂ ਦੇ ਵਿਰੁੱਧ "ਦੀ ਪੰਜਾਬ ਪਬਲਿਕ ਪ੍ਰਿਮਿਸਿਜ਼ ਐਕਟ 1973" ਅਧੀਨ ਕਾਰਵਾਈ ਕੀਤੀ ਜਾ ਰਹੀ ਹੈ । ਇਨ੍ਹਾਂ ਵਿਚੋਂ 41 ਕੇਸ ਅੰਤਮ ਹੋ ਚੁੱਕੇ ਹਨ ਅਤੇ 23 ਕੇਸਾਂ ਵਿੱਚ ਅਵੀਕਸ਼ਨ ਵਰੰਟ ਜਾਰੀ ਕੀਤੇ ਜਾ ਚੁੱਕੇ ਹਨ । ਇਹ ਅਵੀਕਸ਼ਨ ਵਰੰਟ ਨਾਇਬ ਤਹਿਸੀਲਦਾਰ (ਮਾਲ) ਸਰਦੂਲਗੜ੍ਹ ਨੂੰ ਜ਼ਿਲ੍ਹਾ ਪ੍ਰਸ਼ਾਸਨ) ਨੂੰ ਭੇਜ ਕੇ ਮਾਰਕਿਟ ਯਾਰਡ ਖਾਲੀ ਕਰਵਾਉਣ ਲਈ ਕ੍ਹਿਾ ਗਿਆ ਸੀ । ਬਾਕੀ ਦੇ 18 ਕੇਸਾਂ ਵਿੱਚ ਅਵੀਕਸ਼ਨ ਆਰਡਰ ਜਾਰੀ ਕੀਤੇ ਜਾ ਚੁੱਕੇ ਹਨ, 25 ਕੇਸਾਂ ਵਿੱਚ "ਦੀ ਪੰਜਾਬ ਪਬਲਿਕ ਪ੍ਰਿਮਿਸਿਜ਼ ਐਕਟ 1973" ਦੀ ਧਾਰਾ 4(1) ਦੇ ਤਹਿਤ ਨੋਟਿਸ ਜਾਰੀ ਹੋ ਚੁੱਕੇ ਹਨ ਅਤੇ ਬਾਕੀ ਦੇ 74 ਕੇਸਾਂ ਵਿੱਚ ਪੀ.ਪੀ. ਐਕਟ ਅਧੀਨ ਕਾਰਵਾਈ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ ।

**ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਸਪੀਕਰ ਸਾਹਿਬ, ਇਨ੍ਹਾਂ ਨੇ ਕਾਫੀ ਡਿਟੇਲ ਦੇ ਦਿੱਤੀ ਹੈ । ਪਹਿਲਾਂ 1998 ਵਿੱਚ ਵੀ ਇਹ ਗੱਲ ਹੋਈ ਸੀ ਲੇਕਿਨ ਉਸ ਵੇਲੇ ਕਬਜ਼ੇ ਥੋੜ੍ਹੇ ਜਿਹੇ ਹੀ ਹੋਏ ਸਨ । ਉਸ ਵੇਲੇ ਇਨ੍ਹਾਂ ਕਬਜ਼ਿਆਂ ਨੂੰ ਰੋਕਿਆ ਨਹੀਂ ਗਿਆ । ਜਿਹੜਾ ਇਨ੍ਹਾਂ ਨੇ ਲਿਖਿਆ ਹੈ-The proceedings against illegal encroachments under Punjab Act, 1993-ਇਨ੍ਹਾਂ ਦੀ ਐਗਜ਼ੀਕਿਊਸ਼ਨ ਵਾਸਤੇ 23 ਇਕ ਅਤੇ 41 ਕੇਸ ਇਕ ਦਰਜ ਹਨ । ਇਹ ਟੋਟਲ 140 ਕੇਸ ਹਨ । ਇਨ੍ਹਾਂ ਦੀ ਗਿਣਤੀ ਲਗਾਤਾਰ ਇਨਕਰੀਜ਼ ਹੋ ਰਹੀ ਹੈ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੰਮ ਵਿਚ ਕਿਤੇ ਪਿੱਕ-ਐਂਡ-ਚੂਜ਼ ਵਾਲੀ ਗੱਲ ਤਾਂ ਨਹੀਂ ਹੋ ਜਾਵੇਗੀ ? ਇਹ ਇਨਕਰੋਚਮੈਂਟਸ ਵਧੀ ਜਾ ਰਹੀਆਂ ਹਨ ਅਤੇ ਜਿਹੜੀ ਲੈਂਡ ਹੈ, ਇਹ ਬੜੀ ਕੀਮਤੀ ਲੈਂਡ ਹੈ । ਮੈਂ ਇਨ੍ਹਾਂ ਨੂੰ ਇਹ ਵੀ ਪੁੱਛਣਾ ਚਾਹਾਂਗਾ ਕਿ ਇਨ੍ਹਾਂ ਨੂੰ ਇੱਕਲਾ ਇੱਕਲਾ ਕਰਕੇ ਹਟਾਉਗੇ ਜਾਂ ਸਾਰਿਆਂ ਨੂੰ ਇਕਦਮ ਹਟਾ ਦਿਉਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਕਬਜ਼ੇ 1993 ਤੋਂ ਪਹਿਲਾਂ ਦੇ ਵੀ ਹਨ, 1993 ਦੇ ਵੀ ਹਨ ਅਤੇ 1994 ਦੇ ਵੀ ਹਨ । ਇਹ ਕੁੱਲ 140 ਨਜ਼ਾਇਜ ਕਬਜ਼ੇ ਕੀਤੇ ਗਏ ਹਨ । ਬਹੁਤ ਸਾਰਿਆਂ ਦੇ ਫੈਸਲੇ ਕੀਤੇ ਗਏ ਹਨ ਅਤੇ ਥੋੜ੍ਹੇ ਜਿਹੇ ਫੈਸਲੇ ਅਜੇ ਹੋਣੇ ਹਨ । ਇਹ ਅਸੀਂ ਵੇਖ ਲੈਂਦੇ ਹਾਂ ਕਿ ਇਕੱਠੇ ਹਟਾਉਣੇ ਹਨ ਜਾਂ ਜਿਨ੍ਹਾਂ ਦੇ ਫੈਸਲੇ ਹੋ ਗਏ ਹਨ, ਉਨ੍ਹਾਂ ਨੂੰ ਪਹਿਲਾਂ ਹਟਾਉਣਾ ਹੈ । ਸਾਰਾ ਕੰਮ ਅਸੀਂ ਐਸੇ ਢੰਗ ਨਾਲ ਕਰਾਂਗੇ ਕਿ ਰੌਲਾ ਘੱਟ ਤੋਂ ਘੱਟ ਪਵੇ ।

**ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਹੜੇ ਲੈਵਲ ਤੇ ਫੈਸਲਾ ਹੋ ਰਿਹਾ ਹੈ ?

**ਮੰਤਰੀ** : ਜ਼ਿਲ੍ਹਾ ਮਾਨਸਾ ਵਿੱਚ 6 ਨਵੀਆਂ ਅਨਾਜ ਮੰਡੀਆਂ ਹਨ ਇਸਦੇ ਵਿੱਚ ਭਿੱਖੀ, ਮਾਨਸਾ, ਬਰੇਟਾ ਅਤੇ ਝੁਨੀਰ ਪੰਜਾਬ ਮੰਡੀ ਬੋਰਡ ਦੀ ਮਾਲਕੀ ਹੈ । ਨਵੀਂ ਅਨਾਜ ਮੰਡੀ, ਸਰਦੂਲਗੜ੍ਹ ਅਤੇ ਬੋਹਾ ਅਬਾਦਕਾਰੀ ਵਿਭਾਗ ਦੀ ਮਾਲਕੀ ਹੈ । ਕੁਲੈਕਟਰ ਅਧੀਨ ਪੰਜਾਬ ਪਬਲਿਕ ਪ੍ਰਿਮਿਸਿਜ਼ ਐਕਟ, 1973 ਅਤੇ ਸਕੱਤਰ, ਮਾਰਕੀਟ ਕਮੇਟੀ ਸਰਦੂਲਗੜ੍ਹ ਦੀ ਰਿਪੋਰਟ ਅਨੁਸਾਰ ਕੇਵਲ ਨਵੀਂ ਮੰਡੀ ਸਰਦੂਲਗੜ੍ਹ ਵਿੱਚ 140 ਨਜਾਇਜ਼ ਕਬਜ਼ੇ ਹਨ । ਸੂਚੀ ਨਾਲ ਸ਼ਾਮਲ ਹੈ । ਇਨ੍ਹਾਂ ਨਜਾਇਜ਼ ਕਬਜ਼ਿਆਂ ਦੇ ਵਿਰੁੱਧ ਪੰਜਾਬ ਪਬਲਿਕ ਪ੍ਰਿਮਿਸਿਜ਼ ਐਕਟ, 1973 ਅਧੀਨ ਕਾਰਵਾਈ ਕੀਤੀ ਜਾ ਰਹੀ ਹੈ । ਇਨ੍ਹਾਂ ਵਿੱਚੋਂ 41 ਕੇਸ ਅੰਤਮ ਹੋ ਚੁੱਕੇ ਹਨ ਅਤੇ 23 ਕੇਸਾਂ ਵਿੱਚ ਇਵਿਕਸ਼ਨ ਵਾਰੰਟ ਜਾਰੀ ਕੀਤੇ ਜਾ ਚੁੱਕੇ ਹਨ । ਇਹ ਇਵਿਕਸ਼ਨ ਵਾਰੰਟ ਨਾਇਬ ਤਸੀਲਦਾਰ ਮਾਲ, ਸਰਦੂਲਗੜ੍ਹ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਜ ਕੇ ਮਾਰਕੀਟ ਯਾਰਡ ਖਾਲੀ ਕਰਨ ਲਈ ਕਿਹਾ ਗਿਆ ਸੀ । ਬਾਕੀ ਦੇ 18 ਕੇਸਾਂ ਵਿੱਚ ਇਵਿਕਸ਼ਨ ਆਰਡਰ ਜਾਰੀ ਕੀਤੇ ਜਾ ਚੁੱਕੇ ਹਨ । 25 ਕੇਸਾਂ ਵਿੱਚ ਪੰਜਾਬ ਪਬਲਿਕ ਪ੍ਰਿਮਿਸਿਜ਼ ਐਕਟ, 1973 ਦੀ ਧਾਰਾ 4(1) ਤਹਿਤ ਨੋਟਿਸ ਜਾਰੀ ਹੋ ਚੁੱਕੇ ਹਨ ਅਤੇ ਬਾਕੀ 74 ਕੇਸਾਂ ਵਿੱਚ ਪੀ.ਪੀ. ਐਕਟ ਦੇ ਅਧੀਨ ਕਾਰਵਾਈ ਜਲਦੀ ਹੀ ਸ਼ੁਰੂ ਕੀਤੀ ਜਾਣੀ ਹੈ । ਇਸ ਤੋਂ ਇਲਾਵਾ ਮਾਨਸਾ ਦੀ ਕਿਸੇ ਵੀ ਮਾਰਕੀਟ ਕਮੇਟੀ ਵਿੱਚ ਮੰਡੀ ਯਾਰਡ ਵਿੱਚ ਨਜਾਇਜ਼ ਕਬਜ਼ੇ ਨਹੀਂ ਹਨ ।

----------

## ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਉਠਾਈ ਸਿੰਜਾਈ ਸਕੀਮ

*120. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਕੰਡੀ ਖੇਤਰ ਵਿੱਚ ਕੰਡੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]
ਨਹਿਰ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਜਰ ਸਥਿਤ ਖੇਤੀਬਾੜੀਯੋਗ ਜ਼ਮੀਨ ਦੀ ਸਿੰਜਾਈ ਲਈ ਉਠਾਵੀ ਸਿੰਜਾਈ ਸਕੀਮ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਹਾਂ ਜੀ । ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦੋ ਲਿਫਟ ਸਕੀਮਾਂ ਨਾਰੂ ਨੰਗਲ ਅਤੇ ਗੰਗੋਵਾਲ ਦੀ ਉਸਾਰੀ ਮੌਜੂਦਾ ਵਿੱਤੀ ਸਾਲ 2007-08 ਦੌਰਾਨ ਮੁਕੰਮਲ ਕਰਨ ਦੀ ਤਜਵੀਜ਼ ਹੈ । ਵਿੱਤ ਵਿਭਾਗ ਤੋਂ ਫੰਡਜ਼ ਉਪਲਭਧ ਹੋਣ ਉਪਰੰਤ, ਉਸਾਰੀ ਦਾ ਕੰਮ ਤੁਰੰਤ ਕਰ ਦਿੱਤਾ ਜਾਵੇਗਾ ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਇਕ-ਦੋ ਗੱਲਾਂ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਕੰਡੀ ਕੈਨਾਲ ਹੈ ਜਿੰਨੀ ਇਸ ਦੀ ਪੂਰੀ ਕਪੈਸਟੀ ਸੀ, ਇਹ ਉਸ ਤੋਂ ਅੱਧੀ ਚੱਲ ਰਹੀ ਹੈ ਕਿਉਂਕਿ ਕੰਡੀ ਕੈਨਾਲ ਬਲਾਚੌਰ ਤੱਕ ਜਾਣੀ ਚਾਹੀਦੀ ਸੀ ਅਤੇ ਇਹ ਹੁਸ਼ਿਆਰਪੁਰ ਤੋਂ ਪਿੱਛੇ-ਪਿੱਛੇ ਰੁਕ ਗਈ ਹੈ ਪਰ ਜਿੰਨਾ ਪਾਣੀ ਹੈ ਉਹ ਵੇਸਟ ਹੋ ਰਿਹਾ ਹੈ । ਦਸੂਹਾ ਦੇ ਬੰਨ੍ਹ ਜਿੰਨੇ ਵੀ ਹੁਸ਼ਿਆਰਪੁਰ ਕੰਡੀ ਦੇ ਨਾਲ-ਨਾਲ ਪੈਂਦੇ ਹਨ, ਪਾਣੀ ਦਾ ਉਥੇ ਕੋਈ ਸਾਧਨ ਨਹੀਂ ਹੈ ਕਿਉਂਕਿ ਪਹਾੜੀ ਇਲਾਕੇ ਅਤੇ ਕੈਨਾਲ ਦੇ ਨਾਲ-ਨਾਲ ਜਿਹੜਾ ਉੱਪਰਲਾ ਪਾਸਾ ਹੈ ਉਥੇ ਕੋਈ ਵੀ ਸਾਧਨ ਨਹੀਂ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਸ ਵਾਰ ਬਜਟ ਦੇ ਵਿੱਚ ਕਾਫੀ ਫੰਡਜ਼ ਮੁਹੱਈਆ ਕੀਤੇ ਗਏ ਹਨ, ਉਨ੍ਹਾਂ ਹਲਕਿਆਂ ਦੇ ਵਿੱਚ ਅਤੇ ਸਾਡੇ ਹਲਕੇ ਵਿੱਚ ਇਹ ਸਕੀਮ ਜਲਦੀ ਤੋਂ ਜਲਦੀ ਲਾਗੂ ਕੀਤੀ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਕੰਡੀ ਕੈਨਾਲ ਹੈ ਇਹ ਦੋ ਸਟੇਜਾਂ ਵਿੱਚ ਬਣਾਈ ਜਾ ਰਹੀ ਹੈ । ਫਸਟ ਸਟੇਜ ਜੁਲਾਈ, 1998 ਵਿੱਚ ਪੂਰੀ ਹੋ ਚੁੱਕੀ ਹੈ ਅਤੇ ਉਸ ਦੀ ਵਿਤਰਣ ਪ੍ਰਣਾਲੀ ਵੀ ਕੰਪਲੀਟ ਹੋ ਚੁੱਕੀ ਹੈ । ਇਹ 500 ਕਿਊਸਿਕ ਦੀ ਨਹਿਰ ਹੈ ਅਤੇ 242 ਕਿਊਸਿਕ ਪਾਣੀ ਪਹਿਲੀ ਸਟੇਜ ਵਿੱਚ ਦੇਣਾ ਸੀ ਅਤੇ ਉਸ ਦੀ ਵਿਤਰਣ ਪ੍ਰਣਾਲੀ ਕੰਪਲੀਟ ਹੋ ਚੁੱਕੀ ਹੈ । ਸੈਕਿੰਡ ਸਟੇਜ ਵਿੱਚ 258 ਕਿਊਸਿਕ ਪਾਣੀ ਦੇਣਾ ਹੈ ਅਤੇ ਇਸ ਦਾ ਕੰਮ ਸ਼ੁਰੂ ਹੈ । ਇਸ ਵਿੱਤੀ ਸਾਲ ਵਿੱਚ 80 ਕਰੋੜ ਰੁਪਏ ਇਸ ਕੰਮ ਲਈ ਰੱਖੇ ਗਏ ਹਨ ਜਿਸ ਨਾਲ 2 ਲਿਫਟ ਸਕੀਮਾਂ ਇਸ ਵਿੱਤੀ ਸਾਲ ਵਿੱਚ ਬਣਾਉਣ ਦੀ ਤਜਵੀਜ਼ ਹੈ ।

------------

Original with;
Punjab Vidhan Sabha
Digitized by;
Panjab Digital Library

## ਸਤਲੁਜ ਦਰਿਆ ਦੇ ਕਿਨਾਰਿਆਂ ਤੇ ਫੁਟਪਾਥਾਂ ਨੂੰ ਪੱਕਾ ਕਰਨਾ

*123. **ਸਰਦਾਰ ਗੁਰਦੀਪ ਸਿੰਘ ਭੈਣੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਬ ਡਿਵੀਜ਼ਨ ਜਗਰਾਉਂ ਵਿੱਚ ਖੁਰਸ਼ਾਇਦਪੁਰਾ ਤੋਂ ਬਹਾਦੁਰ ਕੇ ਤੱਕ ਸਤਲੁਜ ਦਰਿਆ ਦੇ ਕਿਨਾਰਿਆਂ ਦੇ ਨਾਲ ਲਗਦੇ ਫੁਟਪਾਥਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ, ਇਸ ਦੇ ਵੇਰਵੇ ਕੀ ਹਨ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਨਹੀਂ ਜੀ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਮੰਤਰੀ ਸਾਹਿਬ ਬਹੁਤ ਹੱਸ ਰਹੇ ਹਨ । ਬਈ ਅਸੀਂ ਜਵਾਬ 'ਨਾਂਹ' ਦੇਣਾ ਹੈ । ਤੁਸੀਂ ਕੁਝ ਕਹੀ ਜਾਓ । ਮੈਂ ਬੇਨਤੀ ਕਰਦਾ ਹਾਂ ਕਿ 5-6 ਕਿਲੋਮੀਟਰ ਦਾ ਫਾਸਲਾ ਹੈ । ਮੰਡੀ ਬੋਰਡ ਦਾ ਪੈਸਾ ਲੱਗਣਾ ਹੈ । ਆਮਦਨ ਵੀ ਕਾਫੀ ਹੈ । ਉਸ ਦਰਿਆ ਦੇ ਕੰਢੇ ਤੇ 6 ਪਿੰਡ ਰਾਏ ਸਿੱਖਾਂ ਦੇ ਵਸਦੇ ਹਨ । ਉਹ ਗਰੀਬਾਂ ਦੇ ਪਿੰਡ ਹਨ : ਬਹਾਦਰ ਕੇ, ਬਾਗੀਆਂ, ਸ਼ੇਰੇਵਾਲ, ਕਲੀਆਂ, ਪਰਜੀਆਂ ਔਰ ਬੱਗੇਪੁਰ । ਤੁਹਾਡਾ ਕਿੰਨਾ ਕੁ ਨੁਕਸਾਨ ਹੋ ਜਾਵੇਗਾ ਬੰਨ੍ਹ ਪੱਕਾ ਕਰਨ ਵਿੱਚ । ਸਪੀਕਰ ਸਾਹਿਬ, ਇਨ੍ਹਾਂ ਦਾ ਕਿੰਨਾ ਕੁ ਨੁਕਸਾਨ ਹੁੰਦਾ ਹੈ ਬੰਨ੍ਹ ਪੱਕਾ ਕਰਨ ਵਿੱਚ ।

**ਮਾਨਯੋਗ ਸਪੀਕਰ** : ਸਵਾਲ ਪੁੱਛੋ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਵਾਲ ਪੁੱਛ ਲਿਆ ਹੈ, ਇਹ ਦੱਸ ਦੇਣ।

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਾਲ ਦੀ ਘੜੀ ਰਾਜ ਅੰਦਰ ਨਵੀਆਂ ਲਿੰਕ ਸੜਕਾਂ ਦੀ ਉਸਾਰੀ ਲਈ ਸਰਕਾਰ ਦੀ ਕੋਈ ਪਾਲਿਸੀ ਨਹੀਂ ਹੈ, ਇਸ ਲਈ ਤਹਿਸੀਲ ਜਗਰਾਉਂ ਅਧੀਨ ਸਤਲੁਜ ਦਰਿਆ ਦੇ ਬੰਧ ਉਪਰ ਪਿੰਡ ਖੁਰਸ਼ੈਦਪੁਰ ਤੋਂ ਬਹਾਦਰਕੇ ਤੱਕ ਕੱਚੇ ਰਸਤੇ ਨੂੰ ਪੱਕਾ ਕਰਨ ਦਾ ਕੋਈ ਪ੍ਰੋਗਰਾਮ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਪਿੰਡ ਖੁਰਸ਼ੈਦਪੁਰ ਜਗਰਾਉਂ-ਨਕੋਦਰ 23 ਫੁੱਟ ਚੌੜੀ ਪੱਕੀ ਸੜਕ ਉਪਰ ਸਥਿਤ ਹੈ ਜੋ ਕਿ ਪਿੰਡ ਸਿੱਧਵਾਂ ਬੇਟ ਤੋਂ ਤਕਰੀਬਨ 2.50 ਕਿਲੋਮੀਟਰ ਦੀ ਦੂਰੀ 'ਤੇ ਹੀ ਹੈ । ਪਿੰਡ ਖੁਰਸ਼ੈਦਪੁਰਾ ਤੋਂ ਬਹਾਦਰਕੇ ਸਤਲੁਜ ਦਰਿਆ ਦੇ ਬੰਧ ਦੇ ਉੱਪਰ-ਉੱਪਰ ਕੱਚੇ ਰਸਤੇ ਦੀ ਲੰਬਾਈ 11.00 ਕਿਲੋਮੀਟਰ ਹੈ । ਇਸ ਲੰਬਾਈ ਵਿੱਚ ਪਿੰਡ ਪਰਜੀਆਂ ਬਿਹਾਰੀ, ਕੰਨੀਆਂ, ਹੁਸੈਨਪੁਰ, ਸ਼ੇਰੇਵਾਲਾ ਅਤੇ ਪਿੰਡ ਬਾਗੀਆਂ ਪੈਂਦੇ ਹਨ ਜੋ ਕਿ ਬੰਧ ਤੋਂ ਲਗਭਗ ਅੱਧਾ ਕਿਲੋਮੀਟਰ ਤੋਂ ਲੈ ਕੇ ਇਕ ਕਿਲੋਮੀਟਰ ਦੀ ਦੂਰੀ ਤੇ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਸਥਿਤ ਹਨ । ਇਸ ਸੜਕ ਦੀ ਉਸਾਰੀ ਕਰਨ ਲਈ ਤਕਰੀਬਨ 4.00 ਕਰੋੜ ਰੁਪਏ ਖ਼ਰਚ ਆਉਣਗੇ । ਇਸ ਦੇ ਨਾਲ ਹੀ ਸਿੱਧਵਾਂ ਬੇਟ ਤੋਂ ਧਰਮਕੋਟ ਵੱਲ ਸਤਲੁਜ ਦਰਿਆ ਦੇ ਸਮਾਨਅੰਤਰ ਇਕ ਹੋਰ ਸੜਕ ਜਾ ਰਹੀ ਹੈ ਜਿਸ ਨੂੰ ਅੱਪਗਰੇਡ ਕਰਕੇ 23 ਫੁੱਟ ਚੌੜਾ ਕੀਤਾ ਜਾ ਰਿਹਾ ਹੈ । ਸਿੱਧਵਾਂ ਬੇਟ-ਧਰਮਕੋਟ ਰੋਡ ਤੋਂ ਪਿੰਡ ਬਹਾਦਰਕੇ ਅਤੇ ਬੰਧ ਉਪਰ ਪੈਂਦੇ ਹੋਰ ਪਿੰਡਾਂ ਨੂੰ ਜਾਣ ਲਈ ਅੱਛਾ ਰੋਡ ਨੈੱਟਵਰਕ ਮੌਜੂਦ ਹੈ । ਸੋ, ਇਸ ਅੱਛੇ ਰੋਡ ਨੈੱਟਵਰਕ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸੜਕ ਦੀ ਤੁਰੰਤ ਜ਼ਰੂਰਤ ਨਹੀਂ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਸਤਲੁਜ ਦਰਿਆ ਉਪਰ ਧਰਮਕੋਟ ਤੱਕ 4 ਕਰੋੜ ਰੁਪਿਆ ਤਾਂ ਖ਼ਰਚ ਕੀਤਾ ਜਾ ਸਕਦਾ ਹੈ.........

**ਮਾਨਯੋਗ ਸਪੀਕਰ** : ਉਨ੍ਹਾਂ ਨੇ ਸਾਰੀ ਗੱਲ ਐਸਟੀਮੇਟ ਦੇ ਹਿਸਾਬ ਨਾਲ ਦੱਸੀ ਹੈ ਕਿ ਕਿੰਨਾ ਖ਼ਰਚ ਆਉਣਾ ਹੈ ।

**ਸਰਦਾਰ ਗੁਰਦੀਪ ਸਿੰਘ ਭੈਣੀ** : ਸਪੀਕਰ ਸਾਹਿਬ, ਮਿਹਰਬਾਨੀ ਕਰਕੇ ਦੁਬਾਰਾ ਪੁੱਛ ਲਵੋ ਕਿ ਜਿਹੜੇ ਪਿੰਡ ਬਿਲਕੁਲ ਸਤਲੁਜ ਦਰਿਆ ਦੇ ਕਿਨਾਰੇ ਦੇ ਉਪਰ ਹਨ ਅਤੇ ਉਨ੍ਹਾਂ ਨੂੰ ਲਹਿੰਦੇ ਵਾਲੇ ਪਾਸੇ ਤੋਂ ਕੋਈ ਰਸਤਾ ਨਹੀਂ ਹੈ, ਜਦੋਂ ਉਨ੍ਹਾਂ ਨੂੰ ਫਿਰੋਜ਼ਪੁਰ ਤੋਂ ਲੁਧਿਆਣੇ ਵਾਲੇ ਪਾਸੇ ਜਾਣਾ ਪੈਂਦਾ ਹੈ ।

**ਮੰਤਰੀ** : ਮੈਂਬਰ ਸਾਹਿਬ, ਤੁਸੀਂ ਮੇਰੇ ਕੋਲ ਆ ਜਾਣਾ । ਤੁਸੀਂ ਜਿਸ ਤਰ੍ਹਾਂ ਕਹੋਗੇ, ਉਸ ਤਰ੍ਹਾਂ ਹੀ ਕਰ ਲਵਾਂਗੇ । ਇਹ ਕੋਈ ਇੰਨੀ ਵੱਡੀ ਗੱਲ ਨਹੀਂ ਹੈ ।

----------

## ਨਥਾਣਾ ਸਬ-ਡਵੀਜ਼ਨ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ

*126. **ਸਰਦਾਰ ਅਜਾਇਬ ਸਿੰਘ ਭੱਟੀ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਥਾਣਾ ਸਬ-ਡਿਵੀਜ਼ਨ ਵਿੱਚ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਹੁਣ ਤੱਕ ਦਿਹਾਤੀ ਜਲ-ਸਪਲਾਈ ਸਕੀਮ ਅਧੀਨ ਨਹੀਂ ਲਿਆਂਦਾ ਗਿਆ ਹੈ ਅਤੇ ਇਨ੍ਹਾਂ ਪਿੰਡਾਂ ਨੂੰ ਉਕਤ ਸਕੀਮ ਅਧੀਨ ਕਦੋਂ ਤੱਕ ਲਿਆਂਦੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਬਿਕਰਮ ਸਿੰਘ ਮਜੀਠੀਆ** : ਨਥਾਣਾ ਸਬ-ਡਿਵੀਜ਼ਨ (ਅਸਲ ਵਿੱਚ ਨਥਾਣਾ ਸਬ-ਤਹਿਸੀਲ) ਵਿੱਚ ਕੇਵਲ ਇੱਕ ਪਿੰਡ ਭੁੱਚੋ ਖੁਰਦ ਅਜੇ ਤੱਕ

Original with;
Punjab Vidhan Sabha
Digitized by;
Panjab Digital Library

ਕਵਰ ਨਹੀਂ ਕੀਤਾ ਗਿਆ ਹੈ । ਜੇਕਰ ਉਹ ਲਾਭ-ਪਾਤਰੀ ਆਪਣਾ ਬਣਦਾ ਹਿੱਸਾ ਜਮ੍ਹਾਂ ਕਰਾਉਣ ਲਈ ਸਹਿਮਤ ਹੋ ਜਾਂਦੇ ਹਨ ਤਾਂ ਇਨ੍ਹਾਂ ਪਿੰਡਾਂ ਨੂੰ ਵਰਲਡ ਬੈਂਕ ਦੀ ਸਕੀਮ ਅਧੀਨ ਕਵਰ ਕਰ ਲਿਆ ਜਾਵੇਗਾ ।

**ਸਰਦਾਰ ਅਜਾਇਬ ਸਿੰਘ ਭੱਟੀ** : ਮਾਨਯੋਗ ਸਪੀਕਰ ਸਾਹਿਬ, ਮੈਂ ਨੌਜਵਾਨ ਮੰਤਰੀ ਜੀ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਜਵਾਬ ਹਾਊਸ ਵਿੱਚ ਦਿੱਤਾ ਗਿਆ ਹੈ ਇਹ ਮੁਕੰਮਲ ਨਹੀਂ ਹੈ । ਮੈਂ ਹਲਕਾ ਨਥਾਣਾ ਦੇ ਸਬੰਧ ਵਿੱਚ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਕੇਵਲ ਭੁੱਚੋ ਖੁਰਦ ਦਾ ਹਵਾਲਾ ਦੇ ਕੇ ਹੀ ਮਸਲਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਦਕਿ ਹਲਕਾ ਨਥਾਣਾ ਦੇ 17-18 ਪਿੰਡ ਅਜਿਹੇ ਹਨ ਜਿਥੇ ਕਿ ਅੱਜ ਤੱਕ ਵੀ ਪੀਣ ਵਾਲਾ ਪਾਣੀ ਮੁਹੱਈਆ ਨਹੀਂ ਕੀਤਾ ਜਾ ਸਕਿਆ । ਮੈਂ ਹਾਊਸ ਦਾ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ ਪਰ ਬੇਸੀਕਲੀ ਮੈਂ ਵੇਰਵਾ ਦੇਣਾ ਚਾਹੁੰਦਾ ਹਾਂ ਜਿਥੇ ਕਿ ਅੱਜ ਤੱਕ ਪੀਣ ਵਾਲਾ ਪਾਣੀ ਨਹੀਂ ਪਹੁੰਚਿਆ । ਇਹ ਪਿੰਡ ਜ਼ਿਆਦਾ ਐਸ.ਸੀ. ਅਤੇ ਪੂਅਰ ਲੋਕਾਂ ਦੇ ਡੋਮੀਨੇਟਡ ਏਰੀਏ ਵਾਲੇ ਹਨ । ਉਨ੍ਹਾਂ ਦੀ ਕੋਈ ਵੀ ਪੁੱਛ-ਪੜਤਾਲ ਨਹੀਂ ਹੈ ਕਿ ਉਨ੍ਹਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾ ਸਕੇ ਤੇ ਨਾ ਹੀ ਕੋਈ ਅੱਜ ਤੱਕ ਉਪਰਾਲੇ ਕੀਤੇ ਗਏ ਹਨ । ਜਿਹੜਾ ਥੋੜ੍ਹਾ-ਬਹੁਤਾ ਪਾਣੀ ਕੈਨਾਲ ਬੇਸਡ ਸਪਲਾਈ ਹੁੰਦਾ ਹੈ, ਉਸ ਦੇ ਲਈ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਚੈਨਲ ਜਿਥੋਂ ਪਾਣੀ ਜਾਂਦਾ ਹੈ, ਉੱਥੇ ਹੱਡਾ-ਰੋੜੀ ਹੈ, ਉਸ ਦੇ ਵਿਚੋਂ ਦੀ ਗੁਜ਼ਰ ਕੇ ਜਾਂਦਾ ਹੈ ਅਤੇ ਵਿਚਾਰੇ ਲੋਕ ਉਹੀ ਪਾਣੀ ਪੀਣ ਲਈ ਮਜ਼ਬੂਰ ਹਨ । ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਇਲਾਕੇ ਲਈ, ਗਰੀਬ ਲੋਕਾਂ ਲਈ ਕੋਈ ਉਚੇਚਾ ਧਿਆਨ ਦਿੱਤਾ ਜਾਵੇ ਅਤੇ ਜਿਥੇ ਅੱਜ ਤੱਕ ਪੀਣ ਵਾਲਾ ਪਾਣੀ ਨਹੀਂ ਪਹੁੰਚਿਆ, ਕੀ ਆਉਣ ਵਾਲੇ ਦਿਨਾਂ ਵਿੱਚ, ਸਮੇਂ ਵਿੱਚ ਪ੍ਰਾਇਰਟੀ ਤੇ ਉਨ੍ਹਾਂ ਦਾ ਮਸਲਾ ਟੇਕ-ਅੱਪ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਸਵਾਲ ਪੁੱਛਿਆ ਗਿਆ ਸੀ, ਉਹ ਇਹ ਪੁੱਛਿਆ ਗਿਆ ਸੀ ਕਿ ਕੀ ਵਾਟਰ-ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਥਾਣਾ ਸਬ-ਡਵੀਜ਼ਨ ਵਿੱਚ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਹੁਣ ਤੱਕ ਦਿਹਾਤੀ ਜਲ-ਸਪਲਾਈ ਸਕੀਮ ਅਧੀਨ ਨਹੀਂ ਲਿਆਂਦਾ ਗਿਆ ਹੈ ਅਤੇ ਇਨ੍ਹਾਂ ਪਿੰਡਾਂ ਨੂੰ ਉਕਤ ਸਕੀਮ ਅਧੀਨ ਕਦੋਂ ਤੱਕ ਲਿਆਂਦੇ ਜਾਣ ਦੀ ਸੰਭਾਵਨਾ ਹੈ ? ਇਹ ਸਵਾਲ ਕੀਤਾ ਸੀ........

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ । ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ ।

-----------

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## ਪਿੰਡ ਸਜਲੀ ਵਿਖੇ ਵਾਟਰ-ਵਰਕਸ

***152. ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਵਿੱਚ ਪੈਂਦੇ ਪਿੰਡ ਸਜਲੀ ਲਈ ਮੰਜ਼ੂਰ ਕੀਤੇ ਗਏ ਵਾਟਰ-ਵਰਕਸ ਸਕੀਮ ਦੇ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਚਾਲੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਪਿੰਡ ਸਜਲੀ (ਅਸਲ ਵਿੱਚ ਛਾਜਲੀ) ਜ਼ਿਲ੍ਹਾ ਸੰਗਰੂਰ ਲਈ ਮਨਜ਼ੂਰ ਵਾਟਰ ਵਰਕਸ ਦਾ ਕੰਮ ਹਾਲੇ ਤੱਕ ਫੰਡ ਪ੍ਰਾਪਤ ਨਾ ਹੋਣ ਕਰਕੇ ਸ਼ੁਰੂ ਨਹੀਂ ਕੀਤਾ ਜਾ ਸਕਿਆ । ਇਹ ਕੰਮ ਫੰਡਾਂ ਦੇ ਪ੍ਰਾਪਤ ਹੋਣ ਤੇ ਤੁਰੰਤ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਸਕੀਮ ਇਕ ਸਾਲ ਦੇ ਸਮੇਂ ਦੇ ਅੰਦਰ-ਅੰਦਰ ਕਮਿਸ਼ਨ ਕਰ ਦਿੱਤੀ ਜਾਵੇਗੀ ।

-----------

## ਜ਼ਿਲ੍ਹਾ ਹੈੱਡਕੁਆਟਰ ਨਵਾਂ ਸ਼ਹਿਰ ਵਿਖੇ ਅਸਾਮੀਆਂ ਦੀ ਸਿਰਜਣਾ

***96. ਸਰਦਾਰ ਜਤਿੰਦਰ ਸਿੰਘ ਕਰੀਹਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1995 ਵਿੱਚ ਨਵਾਂਸ਼ਹਿਰ ਨੂੰ ਜ਼ਿਲ੍ਹਾ ਬਣਾਉਣ ਤੋਂ ਬਾਅਦ ਜ਼ਿਲ੍ਹਾ ਪੱਧਰ ਦੇ ਦਫ਼ਤਰਾਂ ਵਿੱਚ ਸਿਰਜਿਤ ਕੀਤੀਆਂ ਗਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਬਾਕੀ ਰਹਿੰਦੀਆਂ ਅਸਾਮੀਆਂ ਦੀ ਸਿਰਜਣਾ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ** (ਸਰਦਾਰ ਅਜੀਤ ਸਿੰਘ ਕੋਹਾੜ) : ਸਾਲ 1995 ਵਿੱਚ ਜ਼ਿਲ੍ਹਾ ਨਵਾਂਸ਼ਹਿਰ ਦੀ ਸਥਾਪਨਾ ਤੋਂ ਬਾਅਦ ਜ਼ਿਲ੍ਹਾ

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਲੈਵਲ ਦਫ਼ਤਰਾਂ ਵਿੱਚ ਸਿਰਜਿਤ ਕੀਤੀਆਂ ਗਈਆਂ ਅਸਾਮੀਆਂ ਦੀ ਗਿਣਤੀ ਅਤੇ ਬਾਕੀ ਰਹਿੰਦੀਆਂ ਅਸਾਮੀਆਂ ਦੀ ਸਿਰਜਣਾ ਸਬੰਧੀ ਗਿਣਤੀ ਅਨੁਲੱਗ "ੳ" ਤੇ ਦਰਸਾਈ ਗਈ ਹੈ ।

## ਅਨੁਲੱਗ "ੳ"

### 1. ਪ੍ਰਸੋਨਲ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਡਿਪਟੀ ਕਮਿਸ਼ਨਰ | 1 | ਅਸਾਮੀਆਂ ਦੀ ਰਚਨਾ ਕਰਨ ਲਈ ਕੋਈ ਵੀ ਹੋਰ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ । |
| 2. | ਵਧੀਕ ਡਿਪਟੀ ਕਮਿਸ਼ਨਰ (ਜਨਰਲ)<br>ਵਧੀਕ ਡਿਪਟੀ ਕਮਿਸ਼ਨਰ (ਵਿਕਾਸ) | 1 | |
| 3. | ਜਨਰਲ ਸਹਾਇਕ ਟੂ ਡਿਪਟੀ ਕਮਿਸ਼ਨਰ | 1 | |
| 4. | ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫ਼ਸਰ | 1 | |
| 5. | ਜ਼ਿਲ੍ਹਾ ਟਰਾਂਸਪੋਰਟ ਅਫ਼ਸਰ | 1 | |
| | ਕੁੱਲ ਪੋਸਟਾਂ | 5 | |

### 2. ਸਿਹਤ ਅਤੇ ਪਰਿਵਾਰ ਭਲਾਈ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਸਿਵਲ ਸਰਜਨ | 1 | ਬਾਕੀ ਰਹਿੰਦੀਆਂ ਅਸਾਮੀਆਂ ਦੀ ਰਚਨਾ ਦਾ ਮਾਮਲਾ ਵਿਭਾਗ ਦੇ ਵਿਚਾਰ ਅਧੀਨ ਹੈ । |
| 2. | ਸਹਾਇਕ ਸਿਵਲ ਸਰਜਨ | 1 | |
| 3. | ਜ਼ਿਲ੍ਹਾ ਸਿਹਤ ਅਫ਼ਸਰ | 1 | |
| 4. | ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ | 1 | |
| 5. | ਸਹਾਇਕ ਕੰਟਰੋਲਰ (ਐਫ. ਐਂਡ ਏ.) | 1 | |

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ]

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 6. | ਮੁੱਖ ਫਾਰਮਾਸਿਸਟ | 1 | |
| 7. | ਸਿਹਤ ਇੰਸਪੈਕਟਰ | 1 | |
| 8. | ਸੀ. ਮੈਡੀਕਲ ਲੈਬੋਰਟਰੀ ਤਕਨੀਸ਼ੀਅਨ | 1 | |
| 9. | ਮੈਡੀਕਲ ਲੈਬੋਰਟਰੀ ਤਕਨੀਸ਼ੀਅਨ | 1 | |
| | ਕੁੱਲ ਪੋਸਟਾਂ | 9 | |

3. ਯੋਜਨਾ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1 | ਉਪ ਅਰਥ ਅਤੇ ਅੰਕੜਾ ਸਲਾਹਕਾਰ | 1 | ਵਿਭਾਗ ਦੀਆਂ ਦੂਜੀਆਂ ਅਸਾਮੀਆਂ ਮੌਜੂਦਾ ਸਟਾਫ਼ ਵਿਚੋਂ ਹੀ ਐਡਜਸਟ ਕੀਤੀਆਂ ਗਈਆਂ ਹਨ। |
| 2. | ਸਟੈਨੋ ਟਾਈਪਿਸਟ | 1 | |
| 3. | ਸੇਵਾਦਾਰ | 1 | |
| | ਕੁੱਲ ਪੋਸਟਾਂ | 3 | |

4. ਮਾਲ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਮਾਲ ਅਫ਼ਸਰ | 1 | ਡੀ.ਸੀ. ਵੱਲੋਂ ਨਵੀਆਂ ਪੋਸਟਾਂ ਦੀ ਰਚਨਾ ਸਬੰਧੀ ਮੰਗ ਨਹੀਂ ਕੀਤੀ ਗਈ। |
| 2. | ਸਪਰਡੰਟ ਗਰੇਡ-1 | 1 | |
| 3. | ਸੁਪਰਡੰਟ ਗਰੇਡ-2 | 2 | |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 4. | ਪੀ.ਏ. ਟੂ ਡੀ.ਸੀ. | 1 | |
| 5. | ਸੀ. ਸਕੇਲ ਸਟੈਨੋਗਰਾਫਰ | 1 | |
| 6. | ਸੀ. ਸਹਾਇਕ | 6 | |
| 7. | ਸਟੈਨੋਟਾਈਪਿਸਟ | 3 | |
| 8. | ਕਲਰਕ | 20 | |
| 9. | ਡਰਾਈਵਰ | 2 | |
| 10. | ਸੇਵਾਦਾਰ | 10 | |
| 11. | ਜ਼ਿਲ੍ਹਾ ਮਾਲ ਲੇਖਾਕਾਰ | 1 | |
| 12. | ਸਦਰ ਕਾਨੂੰਗੋ | 1 | |
| | ਕੁੱਲ ਪੋਸਟਾਂ | 49 | |

5. ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ | 1 | ਇਹ ਅਸਾਮੀਆਂ ਮਿਤੀ 28-2-99 ਤੱਕ ਹੋਂਦ ਵਿੱਚ ਰਹੀਆਂ ਪਰ ਵਿੱਤ ਵਿਭਾਗ ਵਲੋਂ ਮਿਤੀ 1-3-99 ਤੋਂ ਬਾਅਦ ਸਟੈਨੋਟਾਈਪਿਸਟ, ਡਰਾਈਵਰ ਅਤੇ ਸੇਵਾਦਾਰ ਦੀਆਂ ਅਸਾਮੀਆਂ ਨੂੰ ਚਾਲੂ ਰੱਖਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਕਿਉਂਕਿ ਇਹ ਪੋਸਟਾਂ ਪਿਛਲੇ 6 ਮਹੀਨਿਆਂ ਤੋਂ ਵੱਧ ਸਮੇਂ ਤੋਂ ਖਾਲੀ ਪਈਆਂ ਸਨ। |
| 2. | ਸਟੈਨੋਟਾਈਪਿਸਟ | 1 | |
| 3. | ਡਰਾਈਵਰ | 1 | |
| 4. | ਸੇਵਾਦਾਰ | 1 | |
| | ਕੁੱਲ ਪੋਸਟਾਂ | 4 | |

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ]

6. ਆਬਕਾਰੀ ਤੇ ਕਰ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ | 1 | ਨਵੀਆਂ ਪੋਸਟਾਂ ਦੀ ਰਚਨਾ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ । |
| 2. | ਜੂਨੀਅਰ ਸਕੇਲ ਸਟੈਨੋ | 1 | |
| 3. | ਸੇਵਾਦਾਰ | 1 | |
| 4. | ਆਬਕਾਰੀ ਤੇ ਕਰ ਅਫ਼ਸਰ | 4 | |
| 5. | ਸੁਪਰਡੰਟ | 1 | |
| 6. | ਸੈਕਸ਼ਨ ਅਫ਼ਸਰ | 1 | |
| 7. | ਸੀ. ਸਹਾਇਕ | 1 | |
| 8. | ਆਬਕਾਰੀ ਤੇ ਕਰ ਨਿਰੀਖਕ | 8 | |
| 9. | ਸਟੈਨੋਟਾਈਪਿਸਟ | 1 | |
| 10. | ਕਲਰਕ-ਕਮ-ਡਾਟਾ ਐਂਟਰੀ ਓਪਰੇਟਰ | 10 | |
| 11. | ਡਰਾਈਵਰ | 2 | |
| 12. | ਸੇਵਾਦਾਰ/ਪ੍ਰੋਸੈਸ ਸਰਵਰ | 14 | |
| 13. | ਚੌਕੀਦਾਰ-ਕਮ-ਮਾਲੀ | 1 | |
| 14. | ਸਫ਼ਾਈ ਸੇਵਕ (ਫੁੱਲ ਟਾਈਮ) | 1 | |
| | ਕੁੱਲ ਪੋਸਟਾਂ | 47 | |

**ਨੋਟ :- ਲੜੀ ਨੰ : 4 ਤੋਂ 14 ਤੱਕ ਦੀਆਂ ਅਸਾਮੀਆਂ ਵੈਟ ਐਕਟ ਅਧੀਨ ਰਚੀਆਂ ਗਈਆਂ ਹਨ ।**

Original with;
Punjab Vidhan Sabha
Digitized by;
Panjab Digital Library

### 7. ਵਿੱਤ ਵਿਭਾਗ (ਖਜ਼ਾਨਾ ਅਤੇ ਲੇਖਾ ਸ਼ਾਖਾ)

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਸੁਪਰਡੰਟ ਗਰੇਡ-2 | 1 | ਨਵਾਂ ਸ਼ਹਿਰ ਜ਼ਿਲ੍ਹਾ ਦੀ ਰਚਨਾ ਤੋਂ ਬਾਅਦ . ਸਰਕਾਰ ਨੇ ਉਪ ਖਜ਼ਾਨਾ, ਨਵਾਂ ਸ਼ਹਿਰ ਨੂੰ ਅੱਪ ਗਰੇਡ ਕਰਕੇ ਜ਼ਿਲ੍ਹਾ ਖਜ਼ਾਨਾ ਬਣਾ ਦਿੱਤਾ ਸੀ । ਨਵੇਂ ਅੱਪ ਗਰੇਡ ਜ਼ਿਲ੍ਹਾ ਖਜ਼ਾਨਾ ਲਈ ਵੱਖਰਾ/ਵਾਧੂ ਸਟਾਫ਼ ਮਨਜ਼ੂਰ ਨਹੀਂ ਕੀਤਾ ਗਿਆ, ਦੂਸਰੇ ਜ਼ਿਲ੍ਹਾ ਖਜ਼ਾਨਾ ਦਫਤਰਾਂ ਤੋਂ ਬਦਲੀ ਰਾਹੀਂ ਸਟਾਫ਼ ਮੁਹੱਈਆ ਕਰਵਾਇਆ ਗਿਆ ਸੀ । |
| 2. | ਸੀ. ਸਹਾਇਕ | 2 | |
| 3. | ਕਲਰਕ | 5 | |
| 4. | ਸੇਵਾਦਾਰ | 1 | |
| | ਕੁੱਲ ਪੋਸਟਾਂ | 9 | |

### 8. ਚੋਣਾਂ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਚੋਣ ਤਹਿਸੀਲਦਾਰ | 1 | ਨਿੱਲ |
| 2. | ਚੋਣ ਕਾਨੂੰਗੋ | 1 | |
| 3. | ਕਲਰਕ | 1 | |
| 4. | ਸੇਵਾਦਾਰ | 1 | |
| 5. | ਚੌਕੀਦਾਰ-ਕਮ-ਸਵੀਪਰ | 1 | |
| | ਕੁੱਲ ਪੋਸਟਾਂ | 5 | |

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ]

9. ਸਹਿਕਾਰਤਾ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਉਪ ਰਜਿਸਟਰਾਰ ਸਹਿਕਾਰੀ ਸਭਾਵਾਂ | 1 | ਸਟਾਫ਼ ਦੀ ਘਾਟ ਨੂੰ ਪੂਰਾ ਕਰਨ ਲਈ 6 ਅਸਾਮੀਆਂ ਵਿਭਾਗ ਦੇ ਮੌਜੂਦਾ ਸਟਾਫ਼ ਵਿਚੋਂ ਹੀ ਐਡਜਸਟ ਕੀਤੀਆਂ ਗਈਆਂ । |
| 2. | ਜੂਨੀਅਰ ਸਕੇਲ ਸਟੈਨੋ | 1 | |
| 3. | ਸੇਵਾਦਾਰ | 1 | |
| | ਕੁੱਲ ਪੋਸਟਾਂ | 3 | |

10. ਗ੍ਰਹਿ ਅਤੇ ਨਿਆਂ ਮਾਮਲੇ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਐਸ.ਐਸ.ਪੀ. | 1 | ਬਾਕੀ ਅਸਾਮੀਆਂ ਨੂੰ ਆਰਜ਼ੀ ਤੌਰ ਤੇ ਮੌਜੂਦਾ ਰਿਸੋਰਸਿਜ ਰਾਹੀ ਭਰਿਆ ਗਿਆ । |
| 2. | ਐਸ.ਪੀ. | 2 | |
| 3. | ਏ.ਐਸ.ਆਈ. | 12 | |
| 4. | ਸਿਪਾਹੀ | 25 | |
| | ਕੁੱਲ ਪੋਸਟਾਂ | 40 | |

Original with;
Punjab Vidhan Sabha
Digitized by;
Panjab Digital Library

## 11. ਖੁਰਾਕ ਅਤੇ ਸਿਵਲ ਸਪਲਾਈ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ | 1 | ਬਾਕੀ ਅਸਾਮੀਆਂ ਦੀ ਰਚਨਾ ਕਰਨ ਸਬੰਧੀ ਮਾਮਲਾ ਵਿਭਾਗ ਦੇ ਵਿਚਾਰ ਅਧੀਨ ਹੈ । |
| | ਕੁੱਲ ਪੋਸਟਾਂ | 1 | |

## 12. ਉਦਯੋਗ ਅਤੇ ਕਮਰਸ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜਨਰਲ ਮੈਨੇਜਰ | 1 | ਬਾਕੀ ਅਸਾਮੀਆਂ ਨੂੰ ਦੂਸਰੇ ਜ਼ਿਲ੍ਹਾ ਉਦਯੋਗ ਕੇਂਦਰਾਂ ਰਾਹੀਂ ਐਡਜਸਟ ਕੀਤਾ ਗਿਆ ਹੈ । |
| 2. | ਜੂਨੀਅਰ ਸਕੇਲ ਸਟੈਨੋਗਰਾਫਰ | 1 | |
| 3. | ਸੇਵਾਦਾਰ | 1 | |
| | ਕੁੱਲ ਪੋਸਟਾਂ | 3 | |

## 13. ਟਰਾਂਸਪੋਰਟ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਸਟੈਨੋਟਾਈਪਿਸਟ | 1 | ਦੂਸਰੀਆਂ ਅਸਾਮੀਆਂ ਦੀ ਰਚਨਾ ਲਈ ਮਾਮਲਾ ਵਿੱਤ ਵਿਭਾਗ ਨਾਲ ਟੇਕ ਅੱਪ ਕੀਤਾ ਗਿਆ ਸੀ ਪ੍ਰੰਤੂ ਵਿੱਤੀ ਸਾਧਨਾਂ ਦੀ ਘਾਟ ਕਾਰਨ ਇਹ ਤਜਵੀਜ਼ ਮੰਨੀ ਨਹੀਂ ਗਈ । |
| 2. | ਸੇਵਾਦਾਰ | 1 | |
| | ਕੁੱਲ ਪੋਸਟਾਂ | 2 | |

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ]

## 14. ਸਿੱਖਿਆ ਵਿਭਾਗ

### 1. ਐਲੀਮੈਂਟਰੀ ਸਿੱਖਿਆ ਵਿੰਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਸਿੱਖਿਆ ਅਫ਼ਸਰ | 1 | ਨਿੱਲ |
| 2. | ਸਟੈਨੋਟਾਈਪਿਸਟ | 1 | |
| 3. | ਸੇਵਾਦਾਰ | 1 | |
| | ਕੁੱਲ ਪੋਸਟਾਂ | 3 | |

### 2. ਸੈਕੰਡਰੀ ਸਿੱਖਿਆ ਵਿੰਗ

| | | | |
|---|---|---|---|
| 1. | ਸਟੈਨੋਟਾਈਪਿਸਟ | 1 | |
| 2. | ਸੇਵਾਦਾਰ | 1 | |
| | ਕੁੱਲ ਪੋਸਟਾਂ | 2 | |

## 15. ਰਖਿਆ ਭਲਾਈ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ | 1 | ਨਿੱਲ |
| 2. | ਸੁਪਰਡੰਟ ਗਰੇਡ-2 | 1 | |
| 3. | ਸੀ. ਸਹਾਇਕ | 1 | |
| 4. | ਸਟੈਨੋਟਾਈਪਿਸਟ | 1 | |
| 5. | ਕਲਰਕ | 1 | |
| 6. | ਵੈਲਫੇਅਰ ਵਰਕਰ | 2 | |
| 7. | ਸੇਵਾਦਾਰ | 2 | |
| | ਕੁੱਲ ਪੋਸਟਾਂ | 9 | |

Original with;
Punjab Vidhan Sabha
Digitized by;
Panjab Digital Library

16. ਸੂਚਨਾ ਤੇ ਲੋਕ ਸੰਪਰਕ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਸੰਪਰਕ ਅਫ਼ਸਰ | 1 | ਨਿੱਲ |
| 2. | ਸਟੈਨੋਟਾਈਪਿਸਟ | 1 | |
| 3. | ਸੇਵਾਦਾਰ | 1 | |
| | ਕੁੱਲ ਪੋਸਟਾਂ | 3 | |

17. ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ | 1 | ਹੋਰ ਅਸਾਮੀਆਂ ਦੀ ਰਚਨਾ ਸਬੰਧੀ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ । |
| 2. | ਭਾਗ ਅਫਸਰ | 1 | |
| 3. | ਸੁਪਰਡੰਟ ਗਰੇਡ-2 | 1 | |
| 4. | ਸੀ. ਸਹਾਇਕ | 1 | |
| 5. | ਪੜਤਾਲਕਾਰ | 1 | |
| 6. | ਕਲਰਕ | 1 | |
| 7. | ਬਾਲ ਸੇਵਿਕਾ | 1 | |
| 8. | ਡਾਟਾ ਐਂਟਰੀ ਓਪਰੇਟਰ | 1 | |
| 9. | ਸੇਵਾਦਾਰ | 1 | |
| 10. | ਭਿਸਤੀ | 1 | |
| 11. | ਡਰਾਈਵਰ (ਠੇਕੇ ਦੇ ਆਧਾਰ ਤੇ) | 1 | |
| | ਕੁੱਲ ਪੋਸਟਾਂ | 11 | |

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ]

**ਆਈ.ਸੀ.ਡੀ.ਐਸ. ਸਾਈਡ ਤੇ ਜ਼ਿਲ੍ਹਾ ਪੱਧਰ ਦੀਆਂ ਅਸਾਮੀਆਂ**

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਜ਼ਿਲ੍ਹਾ ਪ੍ਰੋਗਰਾਮ ਅਫ਼ਸਰ | 1 | |
| 2. | ਸੁਪਰਡੰਟ ਗਰੇਡ-2 | 1 | |
| 3. | ਅੰਕੜਾ ਸਹਾਇਕ | 1 | |
| 4. | ਕਲਰਕ | 2 | |
| 5. | ਸੇਵਾਦਾਰ | 1 | |
| | ਕੁੱਲ ਪੋਸਟਾਂ | 6 | |

**18. ਚੌਕਸੀ ਵਿਭਾਗ**

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਡਿਪਟੀ ਸੁਪਰਡੰਟ ਪੁਲਿਸ | 1 | ਨਿੱਲ |
| 2. | ਇੰਸਪੈਕਟਰ | 1 | |
| 3. | ਸਬ ਇੰਸਪੈਕਟਰ | 1 | |
| 4. | ਮੁੱਖ ਸਿਪਾਹੀ | 2 | |
| 5. | ਸਿਪਾਹੀ | 6 | |
| 6. | ਸਟੈਨੋਟਾਈਪਿਸਟ | 1 | |
| | ਕੁੱਲ ਪੋਸਟਾਂ | 12 | |

Original with;
Punjab Vidhan Sabha
Digitized by;
Panjab Digital Library

19. ਵਿਕਾਸ ਵਿਭਾਗ (ਖੇਤੀਬਾੜੀ ਵਿੰਗ)

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਮੁੱਖ ਖੇਤੀਬਾੜੀ ਅਫ਼ਸਰ | 1 | ਨਿੱਲ |
| 2. | ਜੂਨੀਅਰ ਸਕੇਲ ਸਟੈਨੋਗਰਾਫਰ | 1 | |
| 3. | ਡਰਾਈਵਰ | 1 | |
| 4. | ਸੇਵਾਦਾਰ | 1 | |
| | ਕੁੱਲ ਪੋਸਟਾਂ | 4 | |

20. ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ

| ਲੜੀ ਨੰ: | ਜ਼ਿਲ੍ਹਾ ਪੱਧਰ ਤੇ ਅਸਾਮੀਆਂ ਦਾ ਨਾਮ | ਅਸਾਮੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| 1. | ਡਿਪਟੀ ਡਾਇਰੈਕਟਰ ਪਸ਼ੂ ਪਾਲਣ | 1 | ਸਰਕਾਰ ਵਲੋਂ ਨਵੀਆਂ ਅਸਾਮੀਆਂ ਦੀ ਰਚਨਾ ਕਰਨ ਤੇ ਲਾਈ ਪਾਬੰਦੀ ਕਾਰਨ ਕਿਸੇ ਵੀ ਹੋਰ ਅਸਾਮੀ ਦੀ ਰਚਨਾ ਨਹੀਂ ਕੀਤੀ ਗਈ । |
| 2. | ਜੂਨੀਅਰ ਸਕੇਲ ਸਟੈਨੋਗਰਾਫਰ | 1 | |
| 3. | ਡਰਾਈਵਰ | 1 | |
| 4. | ਸੇਵਾਦਾਰ | 1 | |
| | ਕੁੱਲ ਪੋਸਟਾਂ | 4 | |

## ਨਵਾਂਸ਼ਹਿਰ ਵਿਖੇ ਮਿੰਨੀ ਸਕੱਤਰੇਤ ਦੀ ਉਸਾਰੀ

***97 ਸਰਦਾਰ ਜਤਿੰਦਰ ਸਿੰਘ ਕਰੀਹਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵਾਂਸ਼ਹਿਰ ਵਿਖੇ ਮਿੰਨੀ ਸਕੱਤਰੇਤ ਦੇ ਨਾਲ ਪੁਲਿਸ ਲਾਈਨਜ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

## ਅਪਰਾ ਅਤੇ ਬਹਿਰਾਮ ਕਸਬਿਆਂ ਨੂੰ ਨਗਰ ਪੰਚਾਇਤ ਦਾ ਦਰਜਾ ਦੇਣਾ

***161 ਚੌਧਰੀ ਮੋਹਨ ਲਾਲ ਬਹਿਰਾਮ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਹਿਰਾਮ, ਜ਼ਿਲ੍ਹਾ ਨਵਾਂ ਸ਼ਹਿਰ ਅਤੇ ਅਪਰਾ, ਜ਼ਿਲ੍ਹਾ ਜਲੰਧਰ ਦੀਆਂ ਪੰਚਾਇਤਾਂ ਨੂੰ ਨਗਰ ਪੰਚਾਇਤ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ?

**ਸ਼੍ਰੀ ਮਨੋਰੰਜਨ ਕਾਲੀਆ** : ਮਾਨਯੋਗ ਚੌਧਰੀ ਮੋਹਨ ਲਾਲ ਬਹਿਰਾਮ, ਐਮ.ਐਲ.ਏ. ਵਲੋਂ ਪਿੰਡ ਬਹਿਰਾਮ, ਜ਼ਿਲ੍ਹਾ ਨਵਾਂ ਸ਼ਹਿਰ ਅਤੇ ਪਿੰਡ ਅਪਰਾ ਜ਼ਿਲ੍ਹਾ ਜਲੰਧਰ ਵਿਖੇ ਨੋਟੀਫਾਈਡ ਏਰੀਆ ਕਮੇਟੀ ਦੀ ਸਥਾਪਨਾ ਕਰਨ ਸਬੰਧੀ ਪ੍ਰਾਪਤ ਹੋਈ-ਪ੍ਰਤੀ ਬੇਨਤੀ ਨੂੰ ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਹੁਕਮ ਨੰ: 10/31/92-2ਸਸ3/960-981, ਮਿਤੀ 29.12.1992 ਅਤੇ ਪੱਤਰ ਨੰਬਰ 10/50/97-2ਸਸ3/13019, ਮਿਤੀ 10.12.1997 ਰਾਹੀਂ ਨਿਰਧਾਰਤ ਕੀਤੀਆਂ ਗਈਆਂ ਗਾਈਡ ਲਾਈਨਜ਼/ਕ੍ਰਾਈਟੇਰੀਆ ਦੀ ਰੋਸ਼ਨੀ ਵਿੱਚ ਘੋਖਿਆ ਜਾ ਰਿਹਾ ਹੈ । ਪਿੰਡਾਂ ਨੂੰ ਨੋਟੀਫਾਈਡ ਏਰੀਏ ਵਿੱਚ ਤਬਦੀਲ ਕਰਨ ਸਬੰਧੀ ਸਬੰਧਤ ਡਿਪਟੀ ਕਮਿਸ਼ਨਰਜ਼ ਦੀ ਪ੍ਰਧਾਨਗੀ ਹੇਠ ਬਣਾਈ ਗਈ ਜ਼ਿਲ੍ਹਾ ਪੱਧਰੀ ਕਮੇਟੀ ਪਾਸੋਂ ਮੰਗੀ ਸੂਚਨਾ/ਤਜਵੀਜ਼ ਦੀ ਉਡੀਕ ਕੀਤੀ ਜਾ ਰਹੀ ਹੈ ।

-----------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 174 **

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ।)

-----------

## ਸੁਰੰਗਾਂ ਵਿਛਾਉਣ ਬਦਲੇ ਮੁਆਵਜ਼ੇ ਦੀ ਅਦਾਇਗੀ

***156. ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਾਰਗਿਲ ਦੀ ਲੜਾਈ ਦੇ ਦੌਰਾਨ ਸੁਰੰਗਾਂ ਵਿਛਾਉਣ ਦੇ ਕਾਰਣ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਭੂਮੀ ਮਾਲਕਾਂ ਨੂੰ ਉਨ੍ਹਾਂ ਦੀਆਂ ਫਸਲਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਅਦਾ ਕਰ ਦਿੱਤਾ ਗਿਆ ਹੈ ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ਅਤੇ ਇਹ ਮੁਆਵਜ਼ਾ ਕਦੋਂ ਤਕ ਅਦਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

** For Starred Question No. 174 and reply therto, please *see* Appendix to this Debates.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਸਿੰਘ ਕੋਹਾੜ :** ਸ਼੍ਰੀਮਾਨ ਜੀ, ਰਾਜ ਸਰਕਾਰ ਵੱਲੋਂ ਕਾਰਗਿਲ ਲੜਾਈ (ਅਪਰੇਸ਼ਨ ਵਿਜੈ) ਜੋ ਕਿ 1-5-1999 ਤੋਂ 31-1-2000 ਤੱਕ ਹੋਇਆ ਸੀ, ਦੌਰਾਨ ਫਸਲਾਂ ਨੂੰ ਮਾਈਨਜ਼ ਵਿਛਾਉਣ ਕਾਰਨ ਹੋਏ ਨੁਕਸਾਨ ਵਜੋਂ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਪ੍ਰੰਤੂ ਅਪਰੇਸ਼ਨ ਪ੍ਰਾਕਰਮ ਜੋ ਕਿ 14-12-2001 ਤੋਂ 31-3-2004 ਦੇ ਸਮੇਂ ਦੌਰਾਨ ਹੋਇਆ ਸੀ, ਲਈ ਉਨ੍ਹਾਂ ਲੋਕਾਂ ਨੂੰ ਛੱਡ ਕੇ ਜੋ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚੋਂ ਹਿਜ਼ਰਤ ਕਰਕੇ ਚਲੇ ਗਏ ਸਨ, ਰਾਜ ਸਰਕਾਰ ਵਲੋਂ ਭਾਰਤ ਸਰਕਾਰ ਕੋਲੋਂ ਪ੍ਰਾਪਤ ਹੋਇਆ ਮੁਆਵਜ਼ਾ ਫਸਲਾਂ ਦੇ ਨੁਕਸਾਨ ਵਜੋਂ ਪ੍ਰਭਾਵਿਤ ਭੂਮੀ ਮਾਲਕਾਂ ਨੂੰ ਵੰਡ ਦਿੱਤਾ ਗਿਆ ਸੀ । ਤਰਨਤਾਰਨ ਜ਼ਿਲ੍ਹੇ ਵਿੱਚ ਫੰਡਾਂ ਦੀ ਘਾਟ ਕਾਰਨ 160 ਵਿਅਕਤੀਆਂ ਨੂੰ ਮੁਆਵਜ਼ਾ ਨਹੀਂ ਦਿੱਤਾ ਜਾ ਸਕਿਆ ।

-----------

## ਜ਼ਿਲ੍ਹਾ ਮੁਕਤਸਰ ਵਿੱਚ ਵਾਟਰ ਵਰਕਸ ਨੂੰ ਚਾਲੂ ਕਰਨਾ

***168. ਸਰਦਾਰ ਕੰਵਰਜੀਤ ਸਿੰਘ ਬਰਾੜ :** ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮੁਕਤਸਰ ਵਿੱਚ ਸਰਾਏਨਾਗਾ, ਹਰੀਕੇ ਕਲਾਂ ਅਤੇ ਮੰਡੀ ਬਰੀਵਾਲਾ ਪਿੰਡਾਂ ਵਿੱਚ ਉਸਾਰੇ ਜਾ ਰਹੇ ਵਾਟਰ ਵਰਕਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਹਰ ਇਕ ਕੇਸ ਵਿੱਚ ਮਿਤੀ-ਅੰਤ-ਤੱਕ ਇਸ 'ਤੇ ਕਿੰਨਾ ਖਰਚਾ ਕੀਤਾ ਗਿਆ ਅਤੇ ਇਨ੍ਹਾਂ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸ਼੍ਰੀਮਾਨ ਜੀ, ਜਲ ਸਪਲਾਈ ਸਕੀਮ ਸਰਾਏਨਾਗਾ ਅਤੇ ਹਰੀਕੇ ਕਲਾਂ ਤੇ ਕ੍ਰਮਵਾਰ 81.00 ਲੱਖ ਰੁਪਏ ਅਤੇ 22.00 ਲੱਖ ਰੁਪਏ ਦਾ ਖਰਚਾ ਕਰਕੇ ਸਿਵਲ ਵਰਕ ਲਗਭਗ 90% ਅਤੇ 50% ਮੁਕੰਮਲ ਹੋ ਚੁੱਕਾ ਹੈ । ਇਹ ਸਕੀਮਾਂ 31.12.2007 ਤੱਕ ਮੁਕੰਮਲ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ।

ਜਿਥੋਂ ਤੱਕ ਪਿੰਡ ਮੰਡੀ ਬਰੀਵਾਲਾ ਲਈ ਵਾਟਰ ਵਰਕਸ ਦਾ ਸਬੰਧ ਹੈ, ਇਹ ਕੰਮ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵਲੋਂ ਕੀਤਾ ਜਾਣਾ ਹੈ ਕਿਉਂ ਜੋ ਮੰਡੀ ਬਰੀਵਾਲਾ ਹੁਣ ਨੋਟੀਫਾਈਡ ਏਰੀਆ ਕਮੇਟੀ ਹੈ ।

----------

Original with;
Punjab Vidhan Sabha
Digitized by;
Panjab Digital Library

## UNSTARRED QUESTIONS AND ANSWERS

### ਪੰਜਾਬ ਨਿਰਮਾਣ ਪ੍ਰੋਗਰਾਮ ਅਧੀਨ ਫੰਡਾਂ ਦੀ ਵੰਡ

39. **ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਨਿਰਮਾਣ ਪ੍ਰੋਗਰਾਮ ਅਧੀਨ ਬਲਾਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿੱਚ ਪੰਚਾਇਤਾਂ, ਯੂਥ ਕਲੱਬਾਂ ਅਤੇ ਮਹਿਲਾ ਮੰਡਲਾਂ ਨੂੰ ਕੁੱਲ ਕਿੰਨੀ ਰਕਮ ਵੰਡੀ ਗਈ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡਾਂ ਦੀ ਵਰਤੋਂ ਕਰ ਲਈ ਗਈ ਹੈ; ਜੇਕਰ ਨਹੀਂ, ਤਾਂ ਇਸਦੇ ਕਾਰਣ ਕੀ ਹਨ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : (ੳ) ਪੰਜਾਬ ਨਿਰਮਾਣ ਪ੍ਰੋਗਰਾਮ ਅਧੀਨ ਬਲਾਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿੱਚ ਸਾਲ 2005-06 ਅਤੇ 2006-07 ਦੌਰਾਨ ਕੁੱਲ 425.61 ਲੱਖ ਰੁਪਏ ਦੀ ਰਕਮ ਵੰਡੀ ਗਈ ਸੀ (393.95 ਲੱਖ ਰੁਪਏ ਪੰਚਾਇਤਾਂ ਲਈ, 14.18 ਲੱਖ ਰੁਪਏ ਯੂਥ ਕਲੱਬਾਂ ਲਈ ਅਤੇ 17.48 ਲੱਖ ਰੁਪਏ ਮਹਿਲਾ ਮੰਡਲਾਂ ਲਈ ।)

(ਅ) ਪੰਚਾਇਤਾਂ ਵਲੋਂ 31/5/2007 ਤਕ 233.57 ਲੱਖ ਰੁਪਏ ਦੀ ਵਰਤੋਂ ਕਰ ਲਈ ਗਈ ਹੈ (ਜਿਸ ਵਿੱਚ 1.80 ਲੱਖ ਰੁਪਏ ਅਤੇ 0.45 ਲੱਖ ਰੁਪਏ ਕ੍ਰਮਵਾਰ ਯੂਥ ਕਲੱਬਾਂ ਅਤੇ ਮਹਿਲਾ ਮੰਡਲਾਂ ਲਈ ਸ਼ਾਮਲ ਹਨ) ਅਤੇ ਬੰਕਾਇਆ ਮੌਜੂਦਾ ਰਾਸ਼ੀ ਕਾਰਜਕਾਰੀ ਏਜੰਸੀਆਂ, ਵਲੋਂ ਵਰਤੋਂ ਵਿੱਚ ਲਿਆਂਦੀ ਜਾ ਰਹੀ ਹੈ । ਵਰਤੋਂ ਵਿੱਚ ਘਾਟੇ ਦਾ ਕਾਰਨ ਮੁੱਖ ਤੌਰ ਤੇ ਮਾਡਲ ਕੋਡ ਆਫ ਕੰਡਕਟ ਦਾ ਲਾਗੂ ਹੋਣਾ ਸੀ ਕਿਉਂਕਿ ਜ਼ਿਆਦਾਤਰ ਫੰਡ ਦਸੰਬਰ, 2006 ਵਿੱਚ ਜਾਰੀ ਕੀਤੇ ਗਏ ਸਨ ।

-----------

### ਰਾਜ ਵਿੱਚ ਕਿਸਾਨਾਂ ਦੁਆਰਾ ਆਤਮ ਹੱਤਿਆਵਾਂ

40. **ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਮੁੱਖ ਮੰਤਰੀ ਕਿਰਪਾ ਦੱਸਣਗੇ ਕਿ-

(ੳ) ਰਾਜ ਵਿੱਚ 1 ਜਨਵਰੀ, 2007 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਆਤਮ ਹੱਤਿਆਵਾਂ ਕਰਨ ਵਾਲੇ ਕਿਸਾਨਾਂ ਦੀ ਕੁੱਲ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਮਿਤੀ 1 ਜਨਵਰੀ, 2007 ਤੋਂ 23 ਜੂਨ, 2007 ਤੱਕ ਰਾਜ ਵਿੱਚ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਆਤਮ-ਹਤਿਆਵਾਂ ਦੀ ਗਿਣਤੀ 11 ਹੈ;

(ਅ) ਇਸ ਸਬੰਧੀ ਪਾਲਿਸੀ ਦੀ ਬਣਤਰ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜਲਦ ਹੀ ਪਾਲਿਸੀ ਤਿਆਰ ਕਰ ਲਈ ਜਾਵੇਗੀ ।

-----------

**ਬਲਾਕ ਨਿਹਾਲ ਸਿੰਘ ਵਾਲਾ ਵਿੱਚ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ**

41. **ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਮੋਗਾ ਵਿੱਚ ਬਲਾਕ ਨਿਹਾਲ ਸਿੰਘ ਵਾਲਾ ਵਿੱਚ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਕਿੰਨੇ ਸਕੂਲਾਂ ਵਿੱਚ ਸਾਇੰਸ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ ;

(ਅ) ਕੀ ਬਲਾਕ ਨਿਹਾਲ ਸਿੰਘ ਵਾਲਾ ਦੇ ਕੁਝ ਹੋਰ ਸਕੂਲਾਂ ਵਿੱਚ ਸਾਇੰਸ ਵਿਸ਼ੇ ਦੀ ਪੜ੍ਹਾਈ ਸ਼ੁਰੂ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

**ਡਾਕਟਰ ਉਪਿੰਦਰਜੀਤ ਕੌਰ** : (ੳ) ਜ਼ਿਲ੍ਹਾ ਮੋਗਾ ਦੇ ਬਲਾਕ ਨਿਹਾਲ ਸਿੰਘ ਵਾਲਾ ਵਿੱਚ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ 13 ਹੈ ਅਤੇ ਇਨ੍ਹਾਂ ਵਿੱਚੋਂ ਇਸ ਸਮੇਂ 3 ਸਕੂਲਾਂ ਵਿੱਚ ਹੀ ਸਾਇੰਸ (ਮੈਡੀਕਲ ਅਤੇ ਨਾਨ-ਮੈਡੀਕਲ ਗਰੁੱਪਸ) ਦਾ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ ।

(ਅ) ਹਾਂ ਜੀ । ਮੋਗਾ ਜ਼ਿਲ੍ਹੇ ਦੇ ਬਲਾਕ ਨਿਹਾਲ ਸਿੰਘ ਵਾਲਾ ਸਮੇਤ ਰਾਜ ਦੇ ਸਮੂਹ ਸਕੂਲਾਂ, ਜਿਨ੍ਹਾਂ ਵਿੱਚ ਸਾਇੰਸ ਵਿਸ਼ਾ ਪੜ੍ਹਾਇਆ ਜਾਂਦਾ ਹੈ, ਦੀ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਇਕ ਵਿਸਥਾਰਪੂਰਵਕ ਰਿਪੋਰਟ ਇੱਕਠੀ ਕੀਤੀ ਜਾ ਰਹੀ ਹੈ । ਉਨ੍ਹਾਂ ਸਕੂਲਾਂ ਵਿੱਚੋਂ ਜਿਥੇ ਸਾਇੰਸ ਵਿਸ਼ੇ ਦੇ ਵਿਦਿਆਰਥੀ ਉਪਲੱਬਧ ਨਹੀਂ ਹਨ, ਤੋਂ ਇਹ ਸਾਇੰਸ ਗਰੁੱਪ ਸਮੀਪ ਭਵਿੱਖ ਵਿੱਚ ਉਹਨਾਂ ਸਕੂਲਾਂ ਵਿੱਚ ਸ਼ਿਫਟ ਕੀਤੇ ਜਾਣ ਦੀ ਸੰਭਾਵਨਾ ਹੈ, ਜਿਥੇ ਵਿਦਿਆਰਥੀਆਂ ਦੀ ਗਿਣਤੀ ਮੁਕਾਬਲਤਨ ਜ਼ਿਆਦਾ ਹੈ । ਇਹ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

-----------

## ਜ਼ਿਲ੍ਹਾ ਮੁਕਤਸਰ ਵਿੱਚ ਸੇਮ ਦੀ ਸਮੱਸਿਆ

42. **ਸਰਦਾਰ ਕੰਵਰਜੀਤ ਸਿੰਘ ਬਰਾੜ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ-ਕਿ ਸਰਕਾਰ ਦੁਆਰਾ ਜ਼ਿਲ੍ਹਾ ਮੁਕਤਸਰ ਵਿਚ 1 ਮਾਰਚ, 2007 ਤੋਂ ਸਾਫ਼ ਕੀਤੀਆਂ ਗਈਆਂ ਡ੍ਰੇਨਾਂ ਦੇ ਨਾਂ ਕੀ-ਕੀ ਹਨ ਅਤੇ ਉਕਤ ਸਮੇਂ ਦੌਰਾਨ ਸੇਮ ਦੀ ਸਮੱਸਿਆ ਦੇ ਹੱਲ ਲਈ ਹੋਰ ਕੀ-ਕੀ ਕਦਮ ਚੁੱਕੇ ਗਏ ਅਤੇ ਇਸ ਤੇ ਕਿੰਨਾ ਖਰਚ ਕੀਤਾ ਗਿਆ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਮੁਕਤਸਰ ਜ਼ਿਲ੍ਹੇ ਵਿੱਚ ਸੇਮ ਦੀ ਸਮੱਸਿਆ 'ਤੇ ਕਾਬੂ ਪਾਉਣ ਲਈ ਰਾਜ ਸਰਕਾਰ ਵਲੋਂ 41 ਡਰੇਨਾਂ ਦੀ ਸਫਾਈ ਲਈ ਅਤੇ 22 ਪਿੰਡਾਂ ਦੇ ਨੀਵੇਂ ਇਲਾਕਿਆਂ ਵਿਚੋਂ ਪਾਣੀ ਦੀ ਨਿਕਾਸੀ ਲਈ ਫੰਡ ਜਾਰੀ ਕੀਤੇ ਗਏ ਹਨ । ਇਨ੍ਹਾਂ ਡਰੇਨਾਂ ਅਤੇ ਪਿੰਡਾਂ ਦਾ ਵੇਰਵਾ ਅਨੁਲੱਗ (ਏ) ਤੇ ਦਿੱਤਾ ਜਾਂਦਾ ਹੈ । ਇਹ ਕੰਮ ਪ੍ਰਗਤੀ ਅਧੀਨ ਹਨ ਤੇ ਮੌਨਸੂਨ ਆਉਣ ਤੋਂ ਪਹਿਲਾਂ ਪਹਿਲਾਂ ਪੂਰੇ ਹੋਣ ਦੀ ਸੰਭਾਵਨਾ ਹੈ । ਇਨ੍ਹਾਂ ਡਰੇਨਾਂ ਦੀ ਸਫਾਈ 'ਤੇ 489.00 ਲੱਖ ਰੁਪਏ ਦੇ ਖਰਚੇ ਦਾ ਅਨੁਮਾਨ ਹੈ ਜਦੋਂ ਕਿ ਕਥਿਤ ਪਿੰਡਾਂ ਨੀਵੇਂ ਵਿਚੋਂ ਪਾਣੀ ਕੱਢਣ ਤੇ 136.80 ਲੱਖ ਰੁ: ਖਰਚਾ ਹੋਣ ਦੀ ਸੰਭਾਵਨਾ ਹੈ ।

ਇਸ ਤੋਂ ਇਲਾਵਾ 4 ਲਿੰਕ ਡਰੇਨਾਂ ਲਾਲ ਭਾਈ ਲਿੰਕ ਡਰੇਨ, ਗੁਰੂ ਸਰ ਘੱਗਾ ਲਿੰਕ ਡਰੇਨ, ਹੁਸਨਰ ਬਬਾਨੀਆਂ ਲਿੰਕ ਡਰੇਨ ਅਤੇ ਆਂਧਨੀਆਂ ਲਿੰਕ ਡਰੇਨ ਦੀ ਉਸਾਰੀ ਲਈ ਇਕ ਨਵਾਂ ਪ੍ਰੋਜੈਕਟ ਜਿਸ ਦੀ ਕੀਮਤ 1055.39 ਲੱਖ ਰੁ: ਹੈ, ਨਾਬਾਰਡ ਵਲੋਂ ਪ੍ਰਵਾਨ ਕੀਤਾ ਗਿਆ ਹੈ । ਇਹ ਪ੍ਰੋਜੈਕਟ ਛੇਤੀ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ ।

Original with;
Punjab Vidhan Sabha
Digitized by;
Panjab Digital Library

## ਅਨੁਲੱਗ-ੲੇ

## ਡਰੇਨਾਂ ਦੇ ਨਾਮ

| ਲੜੀ ਨੰ: | ਡਰੇਨਾਂ ਦੇ ਨਾਮ |
|---|---|
| 1. | ਸਰਾਵਾਂ ਬੋਦਲਾ ਲਿੰਕ ਡਰੇਨ |
| 2. | ਮਹਿਰਾਜ ਵਾਲਾ ਡਰੇਨ |
| 3. | ਡੋਡਾ ਲਿੰਕ ਡਰੇਨ |
| 4. | ਸੋਥਾ ਰੁਪਾਨਾਂ ਲਿੰਕ ਡਰੇਨ |
| 5. | ਖਿੜਕੀਆਂ ਵਾਲਾ ਲਿੰਕ ਡਰੇਨ |
| 6. | ਭੁੱਲਰ ਲਿੰਕ ਡਰੇਨ |
| 7. | ਸੋਥਾ ਭੁੰਦੜ ਡਰੇਨ |
| 8. | ਗਿਲਜੇਵਾਲਾ ਲਿੰਕ ਡਰੇਨ |
| 9. | ਸਰਾਵਾਂ ਟੋ ਡਰੇਨ |
| 10. | ਚਿੜੇਵਾਲ ਲਿੰਕ ਡਰੇਨ |
| 11. | ਭੁਲੇਰੀਆਂ ਲਿੰਕ ਡਰੇਨ |
| 12. | ਰੱਤਾ ਖੇੜਾ ਲਿੰਕ ਡਰੇਨ |
| 13. | ਫੁਲੈਵਾਲਾ ਲਿੰਕ ਡਰੇਨ |
| 14. | ਮਿੱਡਾ ਲਿੰਕ ਡਰੇਨ |
| 15. | ਕਰਨੀਵਾਲਾ ਲਿੰਕ ਡਰੇਨ |
| 16. | ਅਕਾਲਗੜ੍ਹ ਲਿੰਕ ਡਰੇਨ |
| 17. | ਢੀਗਾਨਾ ਲਿੰਕ ਡਰੇਨ |
| 18. | ਬਾਮ ਡਰੇਨ |
| 19. | ਤਾਮਕੋਟ ਡਰੇਨ |
| 20. | ਕੋਠੇ ਸੁਰਗਾਪੁਰੀ ਬਬਾਨੀਆ ਲਿੰਕ ਡਰੇਨ |
| 21. | ਕੁਰਾਈਵਾਲਾ ਈਨਾ ਖੇੜਾ ਮਲੋਟ ਲਿੰਕ ਡਰੇਨ । |
| 22. | ਗੁਰੁਸਰ ਘੱਗਾ ਥੇੜੀ ਲਿੰਕ ਡਰੇਨ । |
| 23. | ਲੁੰਡੇਵਾਲਾ ਲਿੰਕ ਡਰੇਨ । |
| 24. | ਘੁਮਾਰਖੇੜਾ ਲਿੰਕ ਡਰੇਨ । |
| 25. | ਜੰਡਵਾਲਾ ਲਿੰਕ ਡਰੇਨ । |
| 26. | ਫੱਕਰਸਰ ਲਿੰਕ ਡਰੇਨ ।। |
| 27. | ਮਲੋਟ ਡਰੇਨ । |
| 28. | ਅਸਪਾਲ ਡਰੇਨ । |
| 29. | ਮਲੋਟ ਸਿਟੀ ਲਿੰਕ ਡਰੇਨ । |
| 30. | ਮਲੋਟ ਵਿਲੇਜ ਲਿੰਕ ਡਰੇਨ । |

Original with;
Punjab Vidhan Sabha
Digitized by;
Panjab Digital Library

[ਸਿੰਜਾਈ ਮੰਤਰੀ]

| ਲੜੀ ਨੰ: | ਡਰੇਨਾਂ ਦੇ ਨਾਮ |
|---|---|
| 31. | ਅਬੁਲ ਖੁਰਾਨਾ ਲਿੰਕ ਡਰੇਨ ਨੰ ; 1 |
| 32. | ਅਬੁਲ ਖੁਰਾਨਾ ਲਿੰਕ ਡਰੇਨ ਨੰ ; 2 |
| 33. | ਕੋਲੀਆਵਾਲੀ ਲਿੰਕ ਡਰੇਨ । |
| 34. | ਫਤਿਹਪੁਰ, ਮੰਨੀਆਵਾਲਾ ਲਿੰਕ ਡਰੇਨ । |
| 35. | ਵਾਹਾਬਵਾਲਾ ਡਰੇਨ । |
| 36. | ਅਬੁਲ ਖੁਰਾਨਾ ਆਉਟ ਫਾਲ ਡਰੇਨ । |
| 37. | ਅਬੁਲ ਖੁਰਾਨਾ ਡਰੇਨ। |
| 38. | ਵਾਹਾਬਵਾਲਾ ਡਰੇਨ ਦੇ ਕੰਢਿਆਂ ਉੱਤੋਂ ਰੋਕਾਂ ਨੂੰ ਹਟਾਉਣਾ। |
| 39. | ਟੋ ਡਰੇਨ ਅਲਾਂਗ ਰਾਜਸਥਾਨ ਫੀਡਰ |
| 40. | ਟੋ ਡਰੇਨ ਅਲਾਂਗ ਸਰਹਿੰਦ ਫੀਡਰ |

| ਲੜੀ ਨੰ: | ਪਿੰਡਾਂ ਦੇ ਨਾਮ ਜਿਨ੍ਹਾਂ ਵਿੱਚੋਂ ਪੰਪ ਸੈਟਾਂ ਰਾਹੀਂ ਪਾਣੀ ਕੱਢਿਆ ਗਿਆ । |
|---|---|
| 1. | ਜੰਡਵਾਲਾ |
| 2. | ਆਂਧਨੀਆਂ |
| 3. | ਫਤਿਹਪੁਰ ਮੰਨੀਆਵਾਲਾ |
| 4. | ਤੱਪਾ ਖੇੜਾ |
| 5. | ਚੰਨੂ |
| 6. | ਸਾਮ ਖੇੜਾ |
| 7. | ਸਰਾਵਾਂ ਬੋਦਲਾ |
| 8. | ਮਿੱਡਾ |
| 9. | ਲਖਮੀਰਆਣਾ |
| 10. | ਪੰਜਾਵਾ |
| 11. | ਬੰਨਵਾਲਾ |
| 12. | ਕੁੱਤਿਆਂਵਾਲੀ |
| 13. | ਸਿੱਖਵਾਲਾ |
| 14. | ਕੱਖਾਂਵਾਲੀ |
| 15. | ਲਾਲਬਾਈ |
| 16. | ਅਬੁਲ ਖੁਰਾਨਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਡਰੇਨਾਂ ਦੇ ਨਾਮ |
|---|---|
| 17. | ਰੋੜਾਂਵਾਲੀ |
| 18. | ਮਾਹੂਆਣਾ |
| 19. | ਲੁੰਡੇਵਾਲਾ |
| 20. | ਬਬਾਨੀਆਂ |
| 21. | ਦਾਨੇਵਾਲਾ |

## ਫਿਰੋਜ਼ਪੁਰ ਸਬ-ਡਵੀਜ਼ਨ ਵਿੱਚ ਮਾਈਨਰਜ਼ ਦੇ ਕੰਮਾਂ ਨੂੰ ਮੁਕੰਮਲ ਕਰਨਾ

43. **ਸਰਦਾਰ ਕੰਵਰਜੀਤ ਸਿੰਘ ਬਰਾੜ** : ਕ੍ਰੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਫਿਰੋਜ਼ਪੁਰ ਵਿੱਚ ਪੈਂਦੀਆਂ ਨਿਊ ਚੌਂਤਰਾ ਮਾਈਨਰ, ਲੁਬਨਿਆਂ ਵਾਲੀ ਸਬ-ਮਾਈਨਰ ਅਤੇ ਭੀਲੇਵਾਲਾ ਮਾਈਨਰ ਦੇ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਸਿੰਚਾਈ ਵਿਭਾਗ ਵਲੋਂ ਨਿਊ ਚੌਂਤਰਾਂ ਮਾਈਨਰ, ਲੁਬਾਣਿਆਵਾਲੀ ਸਬ ਮਾਈਨਰ ਅਤੇ ਬੀਹਲੇਵਾਲਾ ਮਾਈਨਰ ਦੇ ਬਕਾਇਆ ਕੰਮਾਂ ਲਈ ਕ੍ਰਮਵਾਰ 296.35 ਲੱਖ, 190.63 ਲੱਖ ਅਤੇ 474.91 ਲੱਖ ਦੀ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕਰ ਦਿੱਤੀ ਹੈ। ਇਹ ਕੰਮ ਫੰਡ ਮਿਲਣ ਉਪਰੰਤ ਇਕ ਸਾਲ ਦੇ ਅੰਦਰ-ਅੰਦਰ ਮੁਕੰਮਲ ਹੋਣ ਦੀ ਸੰਭਾਵਨਾ ਹੈ।

-----------

## CALL ATTENTION NOTICE UNDER RULE 66

**ਮਾਨਯੋਗ ਸਪੀਕਰ** : ਅਗਲੀ ਆਈਟਮ ਕਾਲ ਅਟੈਂਸ਼ਨ ਨੋਟਿਸ। ਜਿਆਨੀ ਜੀ, ਆਪਣੀ ਕਾਲ ਅਟੈਂਸ਼ਨ ਪੜ੍ਹੋ ।(ਵਿਘਨ)

**ਕਾਂਗਰਸ ਪਾਰਟੀ ਦੇ ਬੈਂਚਾਂ ਵਲੋਂ ਕੁਝ ਆਵਾਜ਼ਾਂ** : ਜ਼ੀਰੋ ਆਵਰ ਹੈ ਜੀ ।

(ਇਸ ਸਮੇਂ ਸਰਦਾਰ ਅਵਤਾਰ ਸਿੰਘ ਬਰਾੜ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ, ਪਰ ਮਾਈਕ ਬੰਦ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਬਰਾੜ ਸਾਹਿਬ, ਤੁਸੀਂ ਬੈਠੋ । ਕੁਐਸਚਨ ਆਵਰ ਖਤਮ ਹੋ ਚੁੱਕਿਆ ਹੈ । ਜਿਆਨੀ ਜੀ ਤੁਸੀਂ ਆਪਣੀ ਕਾਲ ਅਟੈਂਸ਼ਨ ਪੜ੍ਹੋ ।

(ਇਸ ਸਮੇਂ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਅਤੇ ਹਾਊਸ ਵਿੱਚ ਕਾਫੀ ਸ਼ੋਰ ਸੀ।)

**ਕ੍ਰਮ ਨੰ: 7**

**1. ਸ਼੍ਰੀ ਸੁਰਜੀਤ ਕੁਮਾਰ ਜਿਆਨੀ**
**2. ਸਰਦਾਰ ਸੋਹਣ ਸਿੰਘ ਠੰਡਲ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਫਿਰੋਜ਼ਪੁਰ ਸ਼ਹਿਰ ਅਤੇ ਫਿਰੋਜ਼ਪੁਰ ਕੈਂਟ ਨੂੰ ਮਿਲਾਉਣ ਵਾਲਾ ਓਵਰ ਬ੍ਰਿਜ ਤਕਰੀਬਨ 100 (ਸੌ) ਸਾਲ ਤੋਂ ਵੀ ਵੱਧ ਪੁਰਾਣਾ ਹੈ ਅਤੇ ਇਹ ਪੁਲ ਕਈ ਸਾਲ ਪਹਿਲਾਂ ਨਕਾਰਾ ਕੀਤਾ ਜਾ ਚੁੱਕਾ ਹੈ ਅਤੇ ਅਣਸੁਰੱਖਿਅਤ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਪੁਲ ਤੇ ਭਾਰੀ ਵਾਹਨਾਂ ਦੀ ਆਵਾਜਾਈ ਪਿਛਲੇ ਸੱਤ ਸਾਲਾਂ ਤੋਂ ਬੰਦ ਹੈ । ਇਸ ਪੁਲ ਤੇ ਛੋਟੇ ਵਾਹਨ ਵੀ ਹਾਦਸਾਗ੍ਰਸਤ ਹੋ ਰਹੇ ਹਨ ਅਤੇ ਕਈ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਫਿਰੋਜ਼ਪੁਰ ਸ਼ਹਿਰ ਤੇ ਫਿਰੋਜ਼ਪੁਰ ਕੈਂਟ ਨੂੰ ਜੋੜਨ ਵਾਲਾ ਹੋਰ ਕੋਈ ਰਸਤਾ/ਪੁਲ ਨਾ ਹੋਣ ਕਰਕੇ ਸ਼ਹਿਰ ਅਤੇ ਕੈਂਟ ਦੇ ਲੋਕਾਂ ਵਿੱਚ ਭਾਰੀ ਰੋਸ ਅਤੇ ਬੇਚੈਨੀ ਪਾਈ ਜਾ ਰਹੀ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ):** ਸਪੀਕਰ ਸਾਹਿਬ, ਫਿਰੋਜ਼ਪੁਰ ਵਿਖੇ ਰੇਲਵੇ ਓਵਰ ਬਰਿਜ ਲਗਭੱਗ 100 ਸਾਲ ਪੁਰਾਣਾ ਹੈ ਅਤੇ ਇਸ ਦੀ ਮੁੜ ਉਸਾਰੀ ਦੀ ਜ਼ਰੂਰਤ ਹੈ । ਇਸ ਪ੍ਰੋਜੈਕਟ ਦਾ ਵਿਸਥਾਰ ਪੂਰਵਕ ਇੰਜਨੀਅਰ ਡਿਜ਼ਾਇਨ ਆਰ.ਆਈ.ਟੀ.ਈ.ਐਸ. ਲਿਮਟਿਡ, ਜੋ ਭਾਰਤ ਸਰਕਾਰ ਦੇ ਅਧੀਨ ਹੈ, ਵੱਲੋਂ ਤਿਆਰ ਕੀਤਾ ਗਿਆ ਹੈ । ਇਸ ਡਿਜ਼ਾਇਨ ਵਿੱਚ ਆਰ.ਓ.ਬੀ. ਦੀ ਉਚਾਈ ਰੇਲਵੇ ਦੀ ਮੰਗ ਅਨੁਸਾਰ 5 ਮੀਟਰ ਤੋਂ 6.525 ਮੀਟਰ ਤੱਕ ਦੀ ਤਜਵੀਜ਼ ਕੀਤੀ ਹੈ, ਤਾਂ ਜੋ ਇਸ ਟਰੈਕ ਤੇ ਬਿਜਲੀਕਰਨ ਹੋ ਸਕੇ ।

ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਰੇਲਵੇ ਵਿਭਾਗ ਤੋਂ ਇੰਜਨੀਅਰਿੰਗ ਡਿਜ਼ਾਇਨ ਅਤੇ ਪ੍ਰੋਜੈਕਟ ਦੇ ਆਪਣੇ ਪੈਂਦੇ ਹਿੱਸੇ ਨੂੰ ਸਲਾਨਾ ਐਨੂਅਲ ਪਲਾਨ ਵਿੱਚ ਸ਼ਾਮਲ ਕਰਾਉਣ ਲਈ ਰਾਬਤਾ ਕਾਇਮ ਰੱਖਿਆ ਹੋਇਆ ਹੈ । ਰਾਜ ਸਰਕਾਰ ਨੂੰ ਉਮੀਦ ਹੈ ਕਿ ਇਸ ਪ੍ਰੋਜੈਕਟ ਨੂੰ ਚਾਲੂ ਵਿੱਤੀ ਸਾਲ ਵਿੱਚ ਲੈ ਲਿਆ ਜਾਵੇਗਾ ।

---

Original with;
Punjab Vidhan Sabha
Digitized by;
Panjab Digital Library

MATTER RAISED DURING ZERO HOUR

(ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ **ਨਾਅਰੇ ਮਾਰਦੇ ਹੋਏ ਵੈਲ ਆਫ ਦਿ ਹਾਊਸ ਵਿੱਚ ਆ ਗਏ ।)

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਕਿਸਾਨਾਂ ਤੇ ਹੋਏ ਲਾਠੀ ਚਾਰਜ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਇਹ ਕਿਸਾਨਾਂ ਨਾਲ ਜੁੜਿਆ ਹੋਇਆ ਮਸਲਾ ਹੈ । ਇਸ ਲਈ ਸਾਨੂੰ ਜ਼ੀਰੋ ਆਵਰ ਤੇ ਬੋਲਣ ਦੀ ਆਗਿਆ ਦਿੱਤੀ ਜਾਵੇ ਜੀ ।

(ਇਸ ਸਮੇਂ ਸਦਨ ਵਿੱਚ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ **ਨਾਅਰੇ ਲਗਾ ਰਹੇ ਸਨ ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ । ਸ਼੍ਰੀ ਮਦਨ ਲਾਲ ਠੇਕੇਦਾਰ ਸਾਲ 2007-08 ਦੇ ਬਜਟ ਤੇ ਆਪਣੀ ਸਪੀਚ ਦੇਣ ।

RESUMPTION OF GENERAL DISCUSSION ON THE BUDGET ESTIMATES FOR THE YEAR 2007-08

**ਸ਼੍ਰੀ ਮਦਨ ਲਾਲ ਠੇਕੇਦਾਰ (ਘਨੌਰ) :** ਮਾਨਯੋਗ ਸਪੀਕਰ ਸਾਹਿਬ , ਮੈਂ ਆਪਣੀ ਸਪੀਚ ਸ਼ੁਰੂ ਕਰਨ ਤੋਂ ਪਹਿਲਾਂ ਕਹਾਂਗਾ :

ਮੈਂ ਭੀ ਮੂੰਹ ਮੇਂ ਜ਼ਬਾਨ ਰਖਤਾ ਹੂੰ ।
ਕਾਸ਼! ਪੂਛੋ ਕਿ ਮੁੱਦਾ ਕਯਾ ਹੈ।

ਸਪੀਕਰ ਸਾਹਿਬ, ਅੱਜ ਪਹਿਲੀ ਵਾਰ ਮੈਂ ਬੋਲ ਰਿਹਾ ਹਾਂ। ਇਸ ਲਈ ਕਿਰਪਾ ਕਰਕੇ ਟਾਈਮ ਵੱਲ ਬਹੁਤਾ ਗੌਰ ਨਾ ਫਰਮਾਉਣਾ। ਸਪੀਕਰ ਸਾਹਿਬ, ਪੰਜਾਬ ਦੇ ਸਾਲ 2007-08 ਦੇ ਬਜਟ ਅਨੁਮਾਨਾਂ ਤੇ ਤੁਹਾਡੇ ਵਲੋਂ ਦਿੱਤੇ ਗਏ ਸਮੇਂ ਵਿੱਚ ਮੈਂ ਇਸ ਬਹਿਸ ਨੂੰ ਅੱਗੇ ਵਧਾਉਂਦਿਆਂ ਕੁਝ ਅਹਿਮ ਸੁਝਾਅ ਦੇਣਾ ਚਾਹੁੰਦਾ ਹਾਂ। ਅੱਜ ਇਹ ਬਹਿਸ ਆਪਣੇ ਆਖਰੀ ਚਰਨ ਵੱਲ ਵੱਧ ਰਹੀ ਹੈ। ਸਮਾਂ ਥੋੜ੍ਹਾ ਹੈ ਪਰ ਕਈ ਨਵੇਂ ਮੈਂਬਰ ਆਪੋ ਆਪਣੀਆਂ ਇੱਛਾਵਾਂ ਦਾ ਇਜ਼ਹਾਰ ਕਰਨਾ ਚਾਹੁੰਦੇ ਹਨ। ਮੈਂ ਆਪਣੀ ਬਹਿਸ ਨੂੰ ਸੰਕੋਚਦਿਆਂ ਤੇ ਕੱਲ੍ਹ ਦੀ ਬਹਿਸ ਨੂੰ ਅੱਗੇ ਵਧਾਉਂਦਿਆਂ ਇਹ ਕਹਿਣਾ

---

** Not recorded as ordered by the Chair.

Original with;
Punjab Vidhan Sabha
Digitized by;
Punjab Digital Library

[ਸ਼੍ਰੀ ਮਦਨ ਲਾਲ ਠੇਕੇਦਾਰ]
ਚਾਹੁੰਦਾ ਹਾਂ ਕਿ ਪੰਜਾਬ ਦਾ ਇਹ ਬਜਟ ਹਰ ਵਰਗ ਲਈ ਖੁਸ਼ਹਾਲੀ ਦਾ ਪ੍ਰਤੀਕ ਹੈ। ਮੈਂ ਕੱਲ੍ਹ ਜਦੋਂ ਬਹਿਸ ਸਮਾਪਤ ਕੀਤੀ ਸੀ ਤਾਂ ਸੜਕਾਂ ਦੇ ਮਸਲੇ ਤੇ ਪੰਜਾਬ ਸਰਕਾਰ ਦਾ ਧਿਆਨ ਕੇਂਦਰਿਤ ਕਰ ਰਿਹਾ ਸੀ। ਸੜਕਾਂ ਵੱਲ ਵਿਸ਼ੇਸ਼ ਧਿਆਨ ਦੇਣਾ ਕਿਸੇ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ। ਅੱਜ ਸੜਕਾਂ ਨੂੰ ਚੌੜਾ ਕਰਨ ਤੇ ਉਨ੍ਹਾਂ ਦਾ ਨਵੀਨੀਕਰਨ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।

ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਬਹੁਤ ਹੀ ਵਧੀਆ ਬਜਟ ਪੰਜਾਬ ਵਾਸੀਆਂ ਲਈ ਪੇਸ਼ ਕੀਤਾ ਹੈ, ਨਵੀਆਂ ਸਕੀਮਾਂ ਰੱਖੀਆਂ ਹਨ। ਮੈਂ ਤਾਂ ਇੱਕ ਨੌਜਵਾਨ ਵੀਰ ਦੀਆਂ ਹਸਰਤਾਂ ਦੇ ਮੱਦੇ ਨਜ਼ਰ ਕਹਾਂਗਾ :

ਜਹਾਂ ਤੇਰਾ ਨਕਸ਼ੇ ਕਦਮ ਦੇਖਤੇ ਹੈਂ।
ਖਿਯਾਬਾਂ ਖਿਯਾਬਾਂ ਇਰਤ ਦੇਖਤੇ ਹੈਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ਵੈਲ ਆਫ ਦਿ ਹਾਊਸ ਵਿੱਚ ਨਾਅਰੇ*** ਮਾਰ ਰਹੇ ਸਨ ਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ** : ਤੁਸੀਂ ਆਪਣੀਆਂ ਸੀਟਾਂ ਤੇ ਬੈਠੋ । ਦਸ ਮਿੰਟ ਤੁਹਾਨੂੰ ਮਿਲਣਗੇ । ਪਹਿਲਾਂ ਤੁਸੀਂ ਆਪਣੀ ਗੱਲ ਕਰ ਲਓ । (ਵਿਘਨ) (ਸ਼ੋਰ)

**ਸ਼੍ਰੀ ਮਦਨ ਲਾਲ ਠੇਕੇਦਾਰ** : ਸਪੀਕਰ ਸਾਹਿਬ, ਪੰਜਾਬ ਦਾ ਇਹ ਬਜਟ ਵਾਕਿਆ ਹੀ ਸੇਧ ਦੇਣ ਵਾਲਾ ਹੈ । ਪੰਜਾਬੀਆਂ ਲਈ ਇੱਕ ਨਵਾਂ ਇਤਿਹਾਸ ਸਿਰਜ ਰਿਹਾ ਹੈ । ਵੱਖ-ਵੱਖ ਸੈਕਟਰਾਂ ਵਿੱਚ ਵਿਸ਼ੇਸ਼ ਯੋਜਨਾਵਾਂ ਤਿਆਰ ਕਰਕੇ ਪੰਜਾਬ ਦਾ ਭਵਿੱਖ ਉਜਵਲ ਕੀਤਾ ਜਾ ਰਿਹਾ ਹੈ ।

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ਜ਼ੀਰੋ ਆਵਰ ਦੌਰਾਨ ਟਾਈਮ ਨਾ ਮਿਲਣ ਕਾਰਨ ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ ।)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

## GENERAL DISCUSSION ON THE BUDGET ESTIMATES FOR THE YEAR 2007-08 (*Resumption*)

**ਸ੍ਰੀ ਮਦਨ ਲਾਲ ਠੇਕੇਦਾਰ** : ਸਪੀਕਰ ਸਾਹਿਬ, ਸਿਹਤ ਵੱਲ ਵਿਸ਼ੇਸ਼ ਧਿਆਨ ਦੇਣਾ ਕਿਸੇ ਸਰਕਾਰ ਦੇ ਮੁੱਢਲੇ ਫਰਜ਼ਾਂ ਵਿੱਚੋਂ ਇੱਕ ਹੈ ਕਿਉਂਕਿ ਇਕ ਨਰੋਈ ਸਿਹਤ ਅਤੇ ਨਰੋਆ ਸਮਾਜ ਹੀ ਚੰਗੇ ਭਵਿੱਖ ਦਾ ਨਿਰਮਾਣ ਕਰ ਸਕਦਾ ਹੈ। ਪਰ ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬ ਦਾ ਭਵਿੱਖ ਨਸ਼ਿਆਂ ਵਿੱਚ ਫਸਦਾ ਜਾ ਰਿਹਾ ਹੈ ਅਤੇ ਪੰਜਾਬ ਦੀ ਜਵਾਨੀ ਤਬਾਹ ਹੋ ਰਹੀ ਹੈ। ਇਹ ਠੀਕ ਹੈ ਕਿ ਬਜਟ ਵਿੱਚ ਸਿਹਤ ਸੇਵਾਵਾਂ ਦੇ ਪੱਖ ਤੋਂ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਪਰ ਫਿਰ ਵੀ ਹਾਲੇ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਸਪੀਕਰ ਸਾਹਿਬ, ਪਟਿਆਲੇ ਦਾ ਰਾਜਿੰਦਰਾ ਹਸਪਤਾਲ ਜਿਹੜਾ ਕਿਸੇ ਸਮੇਂ ਉੱਤਰੀ ਭਾਰਤ ਦੀ ਸ਼ਾਨ ਹੁੰਦਾ ਸੀ, ਅੱਜ ਤਰਸਯੋਗ ਹਾਲਤ ਵਿੱਚ ਪਹੁੰਚ ਚੁੱਕਾ ਹੈ। ਇਸ ਵੱਲ ਮੈਂ ਬੇਨਤੀ ਕਰਾਂਗਾ ਕਿ ਵਿਸ਼ੇਸ਼ ਬਜਟ ਮੁਹੱਈਆ ਕਰਵਾਇਆ ਜਾਵੇ ਤਾਂ ਕਿ ਇਸ ਦੀ ਕਾਇਆ ਕਲਪ ਹੋ ਸਕੇ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੈਡੀਕਲ ਬੋਰਡ ਨੇ ਪੰਜਾਬ ਵਿੱਚ ਐਮ.ਬੀ.ਬੀ.ਐਸ. ਅਤੇ ਐਮ.ਐਸ. ਦੀਆਂ ਸੀਟਾਂ ਘਟਾ ਦਿੱਤੀਆਂ ਹਨ ਕਿਉਂਕਿ ਪੰਜਾਬ ਦੇ ਹਸਪਤਾਲਾਂ ਵਿੱਚ ਨਾ ਤਾਂ ਪੂਰਾ ਸਾਜ਼ੋ-ਸਮਾਨ ਹੈ ਅਤੇ ਨਾ ਹੀ ਪੂਰਾ ਸਟਾਫ। ਇਸ ਕਰਕੇ ਸਰਕਾਰ ਦੀ ਅਹਿਮ ਜ਼ਿੰਮੇਵਾਰੀ ਹੈ ਕਿ ਇਸ ਵੱਲ ਪੂਰਾ ਧਿਆਨ ਦਿੱਤਾ ਜਾਵੇ।

ਸਪੀਕਰ ਸਾਹਿਬ, ਦਿਹਾਤੀ ਵਿਕਾਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਸਰਕਾਰ ਨੇ ਕਾਫੀ ਬਜਟ ਰੱਖਿਆ ਹੈ ਪਰ ਫਿਰ ਵੀ ਕਾਫੀ ਕੁਝ ਕਹਿਣਾ ਚਾਹੁੰਦਾ ਹਾਂ। ਆਮ ਵੇਖਣ ਵਿੱਚ ਆਉਂਦਾ ਹੈ ਕਿ ਪਿੰਡਾਂ ਵਿੱਚ ਛੱਪੜ ਦਿਨ-ਬ-ਦਿਨ ਖਤਮ ਹੁੰਦੇ ਜਾ ਰਹੇ ਹਨ ਜਿਸ ਵਾਸਤੇ ਪਿੰਡਾਂ ਵਿੱਚ ਪਾਣੀ ਦਾ ਨਿਕਾਸ ਨਹੀਂ ਹੋ ਰਿਹਾ। ਸਰਦਾਰ ਮਨਪ੍ਰੀਤ ਸਿੰਘ ਜੀ ਨੇ 10 ਕਰੋੜ ਰੁਪਏ ਛੱਪੜਾਂ ਦੀ ਸਫਾਈ ਵਾਸਤੇ ਰੱਖੇ ਹਨ ਪਰ ਮੇਰੀ ਬੇਨਤੀ ਹੈ ਕਿ ਇਕ ਤਾਂ ਇਹ ਰਕਮ ਵਧਾਈ ਜਾਵੇ ਅਤੇ ਦੂਜਾ ਪਿੰਡਾਂ ਵਿੱਚ ਨਵੇਂ ਛੱਪੜ ਬਣਾਉਣ ਲਈ ਵੀ ਵਿਸ਼ੇਸ਼ ਉਪਬੰਧ ਕੀਤਾ ਜਾਵੇ। ਇਸ ਦੇ ਨਾਲ ਮੈਂ ਇੱਕ ਹੋਰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜ਼ਮੀਨ ਹੇਠਲਾ ਪਾਣੀ ਦਿਨ-ਬ-ਦਿਨ ਹੇਠਾਂ ਹੁੰਦਾ ਜਾ ਰਿਹਾ ਹੈ ਅਤੇ ਕੋਈ ਵੀ ਟਿਊਬਵੈਲ 400-500 ਫੁੱਟ ਤੇ ਲੱਗਦਾ ਹੈ ਜਿਹੜਾ ਪਹਿਲਾਂ 50-60 ਫੁੱਟ ਤੇ ਲੱਗਦਾ ਸੀ। ਇਸ ਨਾਲ ਇੱਕ ਜ਼ਿਮੀਦਾਰ ਦਾ ਦੋ-ਢਾਈ ਲੱਖ ਰੁਪਿਆ ਖ਼ਰਚ ਹੁੰਦਾ ਹੈ। ਵੱਡੇ ਜ਼ਿਮੀਦਾਰ ਤਾਂ ਸਰਕਾਰ ਦੀਆਂ ਸਕੀਮਾਂ ਦਾ ਫਾਇਦਾ ਉਠਾ ਲੈਂਦੇ ਹਨ ਪਰ ਛੋਟੇ ਜ਼ਿਮੀਦਾਰ ਇਨ੍ਹਾਂ ਸਾਰਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਛੋਟੇ ਜ਼ਿਮੀਦਾਰਾਂ ਬਾਰੇ ਸੋਚਣਾ ਅਤੇ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਮਦਨ ਲਾਲ ਠੇਕੇਦਾਰ]

ਉਨ੍ਹਾਂ ਨੂੰ ਵਿਸ਼ੇਸ਼ ਸਹਾਇਤਾ ਦੇਣੀ ਸਰਕਾਰ ਦਾ ਫਰਜ਼ ਹੈ । ਨਹਿਰੀ ਪਾਣੀ ਵੀ ਘੱਟ ਹੁੰਦਾ ਜਾ ਰਿਹਾ ਹੈ । ਇਸ ਕਰਕੇ ਛੋਟੇ ਕਿਸਾਨ ਦੀ ਹਾਲਤ ਬਹੁਤ ਤਰਸਯੋਗ ਹੈ । ਇਸ ਲਈ ਜਿੱਥੇ ਪਾਣੀ ਨਹੀਂ ਪਹੁੰਚ ਸਕਦਾ ਉੱਥੇ ਲਿਫਟ ਇਰੀਗੇਸ਼ਨ ਸਕੀਮ ਲਾਗੂ ਕਰਕੇ ਸਿੰਜਾਈ ਸਹੂਲਤਾਂ ਮੁਹੱਈਆ ਕਰਵਾਇਆਂ ਜਾਣ ।

ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਵੱਲੋਂ ਇੱਕ ਨਵਾਂ ਵਿਜ਼ਨ ਪੰਜਾਬ ਦੀ ਜਨਤਾ ਸ਼ਾਹਮਣੇ ਪੇਸ਼ ਕੀਤਾ ਗਿਆ ਹੈ । ਉਮੀਦ ਕਰਾਂਗਾ ਕਿ ਆਉਣ ਵਾਲੇ ਭਵਿਖ ਵਿੱਚ ਵੀ ਸਰਕਾਰ ਲੋਕਾਂ ਦੀਆਂ ਆਸ਼ਾਵਾਂ ਤੇ ਖਰਾ ਉਤਰਦੀ ਹੋਈ ਚੰਗੀਆਂ ਸੇਧਾਂ ਪ੍ਰਦਾਨ ਕਰੇਗੀ । ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਤੋਂ ਪੰਜਾਬ ਦੇ ਲੋਕਾਂ ਨੂੰ ਬਹੁਤ ਆਸ਼ਾਵਾਂ ਹਨ । ਮੈਂ ਤਾਂ ਇਹ ਕਹਾਂਗਾ :

ਕੋਈ ਦਿਨ ਗਰ ਜ਼ਿੰਦਗਾਨੀ ਔਰ ਹੈ ।
ਅਪਨੇ ਜੀ ਮੇਂ ਹਮਨੇ ਠਾਨੀ ਔਰ ਹੈ ।

ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਬਾਦਲ ਸਾਹਿਬ ਦੀ ਅਗਵਾਈ ਵਿੱਚ ਇਹ ਠਾਨ ਲਿਆ ਹੈ ਕਿ ਪੰਜਾਬ ਦਾ ਨਾਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਉਕਰਦਿਆਂ ਨਵੀਆਂ ਪਿਰਤਾਂ ਪਾਈਆਂ ਜਾਣ । ਆਪਣੀ ਕੁੜੱਤਣ ਨੂੰ ਦੂਰ ਕਰਦਿਆਂ ਤੇ ਸਾਰਿਆਂ ਨੂੰ ਲੈ ਕੇ ਚਲਦਿਆਂ ਭਾਈਚਾਰਕ ਮਾਹੌਲ ਸਿਰਜੀਏ ।

ਕੋਈ ਉਮੀਦ ਬਰ ਨਹੀਂ ਆਤੀ ।
ਕੋਈ ਸੂਰਤ ਨਜ਼ਰ ਨਹੀਂ ਆਤੀ ।

ਪਰ ਅੱਜ ਬਾਦਲ ਸਾਹਿਬ ਦੀ ਅਗਵਾਈ ਵਿੱਚ, ਉਨ੍ਹਾਂ ਦੇ ਰੂਪ ਵਿੱਚ ਪੰਜਾਬ ਵਾਸੀਆਂ ਲਈ ਨਵੀਂ ਉਮੀਦ ਜਾਗੀ ਹੈ । ਇਸ ਬਜਟ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ । ਬਹੁਤ-ਬਹੁਤ ਧੰਨਵਾਦ । ਜੈ ਹਿੰਦ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** (ਸ਼੍ਰੀ ਜਗਦੀਸ਼ ਸਾਹਨੀ) : ਬਹੁਤ ਧੰਨਵਾਦੀ ਹਾਂ, ਸਪੀਕਰ ਸਾਹਿਬ ਕਿਉਂਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ । ਪਹਿਲੀ ਬਦਕਿਸਮਤੀ ਇਹ ਹੈ ਕਿ ਜਿਨ੍ਹਾਂ ਨੂੰ ਮੈਂ ਸੁਣਾਉਣਾ ਚਾਹੁੰਦਾ ਸੀ, ਉਹ ਜਾ ਚੁੱਕੇ ਹਨ । ਵਾਪਸ ਆ ਜਾਂਦੇ ਤਾਂ ਚੰਗੀ ਗੱਲ ਸੀ । ਸਪੀਕਰ ਸਾਹਿਬ, ਜੋ ਮਨਪ੍ਰੀਤ ਸਿੰਘ ਜੀ ਬਾਦਲ ਨੇ ਬਜਟ ਪੇਸ਼ ਕੀਤਾ ਹੈ, ਇਹ ਬਹੁਤ ਹੀ ਸੁੰਦਰ ਉਪਰਾਲਾ ਹੈ । ਇੱਕ ਇੱਕ ਚੀਜ਼ ਨੂੰ ਛੂਹਿਆ ਗਿਆ ਹੈ । ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਕੋਈ ਪੱਖ ਅਛੂਤਾ ਨਹੀਂ ਛੱਡਿਆ। ਕੱਲ੍ਹ ਇਹ ਬੜੇ ਸੋਚ ਕੇ ਬੈਠੇ ਰਹੇ, ਭੁੱਖ ਵੀ ਬੜੀ ਲੱਗੀ ਸੀ । ਅਸੀਂ ਸੋਚਦੇ ਸੀ ਕਿ ਲੀਡਰ ਆਫ ਦਿ

Original with;
Punjab Vidhan Sabha
Digitized by;
Panjab Digital Library

ਆਪੋਜੀਸ਼ਨ ਨੇ ਬੋਲਣਾ ਹੈ, ਬਹੁਤ ਕੰਸਟ੍ਰਕਟਵ ਸੁਝਾਓ ਹੋਣਗੇ । ਮਗਰ ਬੜੀ ਹੈਰਾਨਗੀ ਹੋਈ ਉਨ੍ਹਾਂ ਦੀ ਗੱਲ ਦੇਖ ਕੇ । (ਸਰਦਾਰ ਸ਼ੇਰ ਸਿੰਘ ਗਾਗੋਵਾਲ ਵੱਲੋਂ ਵਾਕ-ਆਊਟ ਕਰਕੇ ਜਾਂਦੇ ਸਮੇਂ....... (ਵਿਘਨ) ਕੋਈ ਚੰਗਾ ਤਾਂ ਨਹੀਂ, ਪਹਿਲਾਂ ਤੁਰਨਾ ਸਿੱਖ ਲੈ, ਫਿਰ ਗੱਲ ਕਰੀਂ । ਸਪੀਕਰ ਸਾਹਿਬ, ਇੱਕ ਵੀ ਕੰਸਟ੍ਰਕਟਵ ਸੁਝਾਅ ਨਹੀਂ ਸੀ । ਲੀਡਰ ਆਫ ਦਿ ਆਪੋਜੀਸ਼ਨ ਨੂੰ ਅਸੀਂ ਸਮਝਦੇ ਸੀ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਹਨ ਤੇ ਹੋਰ ਅਹੁਦਿਆਂ ਤੇ ਵੀ ਰਹੇ ਹਨ, ਹੋਰ ਮੰਤਰੀ ਪਦਾਂ ਨੂੰ ਵੀ ਭੋਗਿਆ ਹੈ, ਉਹ ਕੋਈ ਐਸਾ ਸੁਝਾਅ ਦੇਣਗੇ, ਜਿਸ ਨਾਲ ਹੋਰ ਸੁੰਦਰ ਤਰੀਕੇ ਨਾਲ ਇਹ ਚੇਂਜ਼ ਹੋ ਸਕਦਾ ਹੈ । ਮਗਰ ਹਰ ਗੱਲ ਵਿੱਚ ਕ੍ਰਿਟੀਸਾਈਜ਼ ਕਰਨਾ, ਇਸ ਗੱਲ ਤੇ ਹੈਰਾਨਗੀ ਹੁੰਦੀ ਹੈ । ਉਨ੍ਹਾਂ ਨੇ ਆਪਣੀ ਬਜਟ ਸਪੀਚ ਵਿੱਚ ਕਿਹਾ ਹੈ ਕਿ ਮੈਂ ਬਜਟ ਦੇਖਿਆ ਹੈ, ਮੈਨੂੰ ਤਾਂ ਇਸ ਤਰ੍ਹਾਂ ਲੱਗਿਆ ਜਿਸ ਤਰ੍ਹਾਂ ਸਾਡਾ ਆਪਣਾ ਕਾਂਗਰਸ ਦਾ ਬਜਟ ਹੈ । ਜੇਕਰ ਕਾਂਗਰਸ ਦੇ ਬਜਟ ਵਿੱਚ ਇਨ੍ਹਾਂ ਨੂੰ ਸੋਹਣੀ ਗੱਲ ਲੱਗੀ ਸੀ, ਹੋਰ ਕੋਈ ਚੀਜ਼ ਇਸ ਵਿੱਚ ਹੈ ਨਹੀਂ ਸੀ ਤਾਂ ਫਿਰ ਇਸ ਬਜਟ ਨੂੰ ਕਿਉਂ ਨਹੀਂ ਸਰਾਹਿਆ ਗਿਆ ? ਇਹ ਇੱਕ ਐਸਾ ਸਿਸਟਮ ਬਣ ਚੁੱਕਿਆ ਹੈ ਕਿ ਜੋ ਵੀ ਬਜਟ ਪੇਸ਼ ਹੁੰਦਾ ਹੈ, ਆਪੋਜੀਸ਼ਨ ਦੇ ਮੈਂਬਰ ਨੇ ਉਸ ਦੀ ਵਿਰੋਧਤਾ ਹੀ ਕਰਨੀ ਹੁੰਦੀ ਹੈ। ਸਹੀ ਮਾਇਨਿਆਂ ਵਿੱਚ ਕੰਸਟ੍ਰਕਟਵ ਸੁਝਾਓ ਤਾਂ ਇਹ ਸੀ ਕਿ ਉਸ ਬਜਟ ਬਾਰੇ ਦੱਸਿਆ ਜਾਵੇ ਕਿ ਫਲਾਨੀਆਂ ਚੀਜ਼ਾਂ ਦੀ ਕਮੀ ਰਹਿ ਗਈ ਹੈ । ਮੈਂ ਨਹੀਂ ਸਮਝਦਾ ਕਿ ਮਨਪ੍ਰੀਤ ਸਿੰਘ ਜੀ ਬਾਦਲ ਨੇ ਕੋਈ ਵੀ ਪੱਖ ਛੱਡਿਆ ਹੋਵੇ । ਜੇ ਇੱਕ ਪਾਸੇ ਕੰਪਲਸ਼ਨ ਹਨ, ਸਾਡੇ ਰਾਜਨੀਤਿਕ ਕੰਪਲਸ਼ਨ ਹਨ, ਸਾਡੀਆਂ ਕੁਮਿਟਮੈਂਟਸ ਹਨ, ਚਾਹੇ ਉਹ ਕੁਮਿਟਮੈਂਟਸ ਠੀਕ ਹਨ ਚਾਹੇ ਗਲਤ ਹਨ ਪਰ ਉਸ ਨੂੰ ਫੁਲਫਿਲ ਕਰਨ ਲਈ ਬਹੁਤ ਜ਼ਿਆਦਾ ਪੈਸਾ ਲੱਗਣਾ ਹੈ। ਉਸ ਚੀਜ਼ ਨੂੰ ਪੂਰਾ ਕਰਦੇ ਹੋਏ ਬਜਟ ਤੋਂ ਅੱਗੇ ਵਧਣਾ ਹੈ । ਬਜਟ ਘਾਟੇ ਨੂੰ ਥੋੜ੍ਹਾ ਕਰਨਾ ਹੈ । 2190 ਕਰੋੜ ਰੁਪਏ ਤੋਂ 1429 ਕਰੋੜ ਰੁਪਏ ਤੱਕ ਕਰਨਾ ਹੈ। ਮੈਂ ਸਮਝਦਾ ਹਾਂ ਕਿ ਇਸ ਤੋਂ ਜ਼ਿਆਦਾ ਪਹਿਲੇ ਸਾਲ ਦੇ ਬਜਟ ਵਿੱਚ ਮਨਪ੍ਰੀਤ ਸਿੰਘ ਜੀ ਬਾਦਲ ਹੋਰੀਂ ਨਹੀਂ ਕਰ ਸਕਦੇ ਸੀ । ਪੂਰਾ ਬਜਟ ਦੇਖਣ ਤੋਂ ਬਾਅਦ ਵੀ ਕਿਸੇ ਪੱਖ ਤੋਂ ਦੱਸਿਆ ਨਾ ਗਿਆ ਹੋਵੇ ਤਾਂ ਉਸ ਨੂੰ ਨਿੰਦਿਆ ਜਾਵੇ । ਲੀਡਰ ਆਫ ਦਿ ਆਪੋਜੀਸ਼ਨ ਨੇ ਪਹਿਲੇ ਦਿਨ ਹੀ ਕਹਿ ਦਿੱਤਾ ਕਿ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਮੁੰਗੇਰੀ ਲਾਲ ਦਾ ਸੁਪਨਾ ਹੈ । ਇਹ ਇਨ੍ਹਾਂ ਦਾ ਪੁਰਾਣਾ ਵਾਕ ਹੈ । ਇਨ੍ਹਾਂ ਦੇ ਸਾਰੇ ਲੀਡਰ ਹੀ ਇਹ ਵਾਕ ਇਸਤੇਮਾਲ ਕਰਦੇ ਹਨ । ਅਹਿਸਤਾ ਅਹਿਸਤਾ ਮੁੰਗੇਰੀ ਲਾਲ ਦੇ ਸੁਪਨੇ ਸੱਚ ਹੁੰਦੇ ਹਨ । ਮੈਨੂੰ ਬੜੀ ਹੈਰਾਨਗੀ ਹੋਈ । ਮੈਨੂੰ ਗੱਲ ਯਾਦ ਹੈ, ਇਨ੍ਹਾਂ ਦੇ ਸਾਰੇ ਹੀ ਵੱਡੇ ਲੀਡਰ ਇੱਕ ਵਾਰ ਬਟਾਲੇ ਦੀ ਧਰਤੀ ਤੇ ਇਕੱਠੇ ਹੋਏ ਸਨ । ਉਸ ਵੇਲੇ ਰੀਫਾਇਨਰੀ ਦੀ ਗੱਲ ਬਾਰੇ ਇਹੀ ਲਫਜ਼ ਇਸਤੇਮਾਲ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਕੀਤੇ ਗਏ ਕਿ ਇਹ ਮੁੰਗੇਰੀ ਲਾਲ ਦਾ ਸੁਪਨਾ ਹੈ । ਅੱਜ ਉਹ ਮੁੰਗੇਰੀ ਲਾਲ ਦਾ ਸੁਪਨਾ ਸੱਚ ਹੋ ਗਿਆ ਹੈ । ਅੱਜ ਵੀ ਤੁਹਾਡੇ ਸਾਹਮਣੇ ਹੈ । ਇਸ ਵਾਸਤੇ ਇਹ ਨਹੀਂ ਸੋਚਿਆ ਕਿ ਜਿਸ ਇਨਸਾਨ ਨੇ ਇਸ ਲਈ ਮਿਹਨਤ ਕੀਤੀ ਹੈ, ਜਿਸ ਨੇ ਪੰਜਾਬ ਦੀ ਤਰੱਕੀ ਵਾਸਤੇ ਉਪਰਾਲਾ ਕੀਤਾ ਹੈ, ਉਸ ਦਾ ਨਾਮ ਲਈਏ । ਕਿਉਂਕਿ ਜ਼ੁਬਾਨ ਵਿੱਚੋਂ ਬਾਦਲ ਸਾਹਿਬ ਦਾ ਨਾਮ ਹੀ ਨਹੀਂ ਇਹ ਆਖ ਸਕਦੇ । ਬਾਰ-ਬਾਰ ਡਾਕਟਰ ਮਨਮੋਹਨ ਸਿੰਘ ਦਾ ਨਾਮ ਲੈਂਦੇ ਹਨ । ਮੈਂ ਸੈਂਟਰ ਨੂੰ ਗਾਂ ਗਿਣ ਲੈਂਦਾ ਹਾਂ । ਸਾਰੇ ਹੀ ਉਸ ਦਾ ਦੁੱਧ ਲੈਣ ਦਾ ਯਤਨ ਕਰਦੇ ਹਨ ਪਰ ਜਿਹੜਾ ਦੁੱਧ ਚੋਅ ਲੈਂਦਾ ਹੈ, ਉਹੀ ਜਿੱਤ ਲੈਂਦਾ ਹੈ । ਬਾਦਲ ਸਾਹਿਬ ਨੇ ਇਹ ਕੰਮ ਕੀਤਾ ਹੈ । (ਥੰਪਿੰਗ) ਇਨ੍ਹਾਂ ਨੂੰ ਬੜੀ ਤਕਲੀਫ ਹੋਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜਟ ਹਰ ਪੱਖ ਤੋਂ ਵੇਖਿਆ ਜਾਵੇ ਤਾਂ ਇਸ ਵਿੱਚ ਕੋਈ ਵੀ ਐਸਾ ਪੱਖ ਨਹੀਂ ਜਿਹੜਾ ਛੱਡਿਆ ਗਿਆ ਹੋਵੇ । ਜੇਕਰ ਕੋਈ ਚੀਜ਼ ਰਹਿ ਵੀ ਗਈ ਹੈ ਤਾਂ ਉਹ ਇਸ ਵਿੱਚ ਪਾਈ ਜਾਣੀ ਚਾਹੀਦੀ ਹੈ । ਅੱਜ ਕੁਐਸ਼ਚਨ ਆਵਰ ਵਿੱਚ ਸਪੋਰਟਸ ਦੇ ਬਾਰੇ ਗੱਲ ਹੋਈ ਸੀ । ਮੈਂ ਆਪਣੇ ਫਾਈਨਾਂਸ ਮਨਿਸਟਰ ਨੂੰ ਦੱਸਣਾ ਚਾਹਾਂਗਾ ਕਿ ਆਪਾਂ ਸਪੋਰਟਸ ਪੱਖੋਂ ਬਹੁਤ ਪਿੱਛੇ ਹਾਂ । ਜਿਸ ਤਰ੍ਹਾਂ ਪੰਜਾਬੀਆਂ ਨੂੰ ਨਾਜ਼ ਸੀ । ਪੰਜਾਬ ਦੀ ਮੁੱਖ ਖੇਡ ਹਾਕੀ ਗਿਣੀ ਜਾਂਦੀ ਸੀ । ਅੱਜ ਉਹ ਅਲੋਪ ਹੋ ਚੁੱਕੀ ਹੈ ।

| *11.14 ਵਜੇ ਪੂਰਵ ਦੁਪਹਿਰ | (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ) |
|---|---|

ਮੈਂ ਚਾਹਾਂਗਾ ਕਿ ਐਤਕੀਂ ਮਨਪ੍ਰੀਤ ਸਿੰਘ ਬਾਦਲ ਪੇਂਡੂ ਖੇਡਾਂ ਨੂੰ ਅੱਗੇ ਵਧਾਉਣ ਕਿਉਂਕਿ ਸਾਡੇ ਪਿੰਡਾਂ ਦੇ ਬੱਚਿਆਂ ਕੋਲ ਖੇਡਣ ਨੂੰ ਕੁਝ ਨਹੀਂ ਹੈ । ਉਨ੍ਹਾਂ ਕੋਲ ਕੋਈ ਖੇਡ ਨਹੀਂ ਹੈ । ਜਿਸ ਵੇਲੇ ਟੀ.ਵੀ. ਲਗਾਉ, ਜੋ ਮਰਜ਼ੀ ਦੇਖੋ, ਸਾਡੇ ਬੰਦਿਆਂ ਦੀ ਫਿਜ਼ੀਕਲੀ ਸਿਹਤ ਵਧੀਆ ਨਹੀਂ ਹੈ । ਜੇਕਰ ਅਸੀਂ ਪਿੰਡਾਂ ਵਿੱਚ ਖੇਡਾਂ ਸ਼ੁਰੂ ਕਰਾਂਗੇ ਤਾਂ ਬੱਚਿਆਂ ਦੇ ਧਿਆਨ ਇਸ ਪਾਸੇ ਡਾਈਵਰਟ ਹੋਣਗੇ । ਅਸੀਂ ਇਥੇ ਵਿਧਾਨ ਸਭਾ ਵਿੱਚ ਮਹਾਨ ਹਸਤੀਆਂ ਦੀਆਂ ਫੋਟੋ ਲਗਾ ਦਿੰਦੇ ਹਾਂ । ਇਥੇ ਫੋਟੋਆਂ ਲੱਗਣੀਆਂ ਚਾਹੀਦੀਆਂ ਹਨ, ਐਸੇ ਹੀਰੋਜ਼ ਦੀਆਂ ਜਿਨ੍ਹਾਂ ਬਾਰੇ ਪਤਾ ਲੱਗੇ ਕਿ ਇਨ੍ਹਾਂ ਨੇ ਪੰਜਾਬ ਲਈ ਕੁਝ ਕੀਤਾ ਹੈ, ਇਨ੍ਹਾਂ ਨੇ ਪੰਜਾਬ ਦਾ ਨਾਂ ਉਚਾ ਕੀਤਾ ਹੈ । ਇਸ ਦੇ ਨਾਲ ਹੀ ਜਿਨ੍ਹਾਂ ਨੇ ਸਪੋਰਟਸ ਖੇਤਰ ਵਿੱਚ ਪੰਜਾਬ ਦਾ ਨਾਂ ਉੱਚਾ ਕੀਤਾ ਹੈ ਉਨ੍ਹਾਂ ਹੀਰੋਜ਼ ਦੀਆਂ ਫੋਟੋਆਂ ਵੀ ਇਥੇ ਲੱਗਣੀਆਂ ਚਾਹੀਦੀਆਂ ਹਨ ਤਾਂ ਕਿ ਸਾਡੇ ਲੋਕਾਂ ਨੂੰ ਪਤਾ ਲੱਗੇ ਕਿ ਇਹ ਓਲੰਪੀਅਨ ਕੱਪ ਜਿੱਤ ਕੇ ਲਿਆਏ ਸਨ ਅਤੇ ਇਹ ਸਾਡੇ ਹੀਰੋ ਹਨ , ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ । ਮੈਂ ਬਾਦਲ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਟਾਲੇ ਵਿਖੇ ਸਰਦਾਰ ਸੁਰਜੀਤ ਸਿੰਘ ਦੀ ਮੈਂ ਫੋਟੋ ਲਗਾਈ ਹੈ, ਉਸ ਦਾ ਬੁੱਤ ਬਣਾ ਕੇ ਲਗਾਇਆ ਗਿਆ ਹੈ ਤਾਂ ਕਿ ਹਰ ਬੰਦੇ ਲਈ ਇਕ ਚੈਲੰਜ਼ ਹੋਵੇ ਕਿ ਬਟਾਲੇ ਦੀ ਧਰਤੀ ਤੇ ਇਕ ਸੁਰਜੀਤ ਸਿੰਘ ਪੈਦਾ ਨਹੀ ਹੋ ਸਕਦਾ ਹੋਰ ਵੀ ਸੁਰਜੀਤ ਸਿੰਘ ਪੈਦਾ ਹੋ ਸਕਦੇ ਹਨ । ਅੱਜ ਹਾਕੀ ਦੀ ਖੇਡ ਇੰਨੀ ਮਹਿੰਗੀ ਹੋ ਚੁੱਕੀ ਹੈ ਕਿ ਆਮ ਪੇਂਡੂ ਲੋਕ ਇਸ ਨੂੰ ਅਫਰੋਡ ਨਹੀਂ ਕਰ ਸਕਦੇ । ਹਾਕੀ ਆਸਟਰੋਟਰਫ਼ ਤੇ ਖੇਡੀ ਜਾਂਦੀ ਹੈ ਅਤੇ ਉਹ ਟਰਫ਼ ਸਾਡੇ ਕਿਸੇ ਵੀ ਸ਼ਹਿਰ ਵਿੱਚ ਨਹੀਂ ਹੈ । ਕਿਸੇ ਵੀ ਸਰਕਾਰ ਵੱਲੋਂ ਇਹ ਉਪਰਾਲਾ ਨਹੀਂ ਹੋਇਆ ਕਿ ਖਿਡਾਰੀਆਂ ਨੂੰ ਉਹ ਟਰਫ਼ ਦਿੱਤਾ ਜਾਵੇ । ਬਟਾਲੇ ਵਿਖੇ ਇਕ ਆਦਮੀ ਵਲੋਂ ਪ੍ਰਾਈਵੇਟ ਹਾਕੀ ਸਟੇਡੀਅਮ ਬਣਾਇਆ ਗਿਆ ਹੈ । ਉਸ ਨੇ ਆਪਣੀ ਜ਼ਮੀਨ ਖਿਡਾਰੀਆਂ ਨੂੰ ਦਿੱਤੀ ਹੈ ਜਿਸ ਉੱਤੇ ਖੇਡ ਕੇ ਹਾਕੀ ਦੇ ਖਿਡਾਰੀ ਤਿਆਰ ਹੁੰਦੇ ਹਨ । ਪਰ ਤਰਸ ਦੇ ਆਧਾਰ ਕਾਰਨ ਬੰਦਾ ਆਪ ਅੱਗੇ ਨਹੀਂ ਵੱਧ ਪਾਉਂਦਾ । ਅਸੀਂ ਰੂਰਲ ਸਟੇਡੀਅਮ ਦਿੱਤੇ ਸੀ ਪਰ ਉਨ੍ਹਾਂ ਨਾਲ ਉਹ ਖਿਡਾਰੀ ਪੈਦਾ ਨਹੀਂ ਹੋਏ ਜਿਹੜੇ ਖੇਡਾਂ ਵਿੱਚ ਅੱਗੇ ਆਉਂਦੇ । ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕੋਈ ਐਸਾ ਤਰੀਕਾ ਅਪਨਾਉਣਾ ਚਾਹੀਦਾ ਹੈ ਤਾਂ ਕਿ ਪੈਸਾ ਇਸ ਪਾਸੇ ਰੱਖ ਕੇ ਪੰਜਾਬ ਵਿੱਚ ਹਾਕੀ ਦਾ ਟਰਫ਼ ਦਿੱਤਾ ਜਾਵੇ । ਇਹ ਬਹੁਤ ਮਹਿੰਗਾ ਆਉਂਦਾ ਹੈ । ਕੋਈ ਦੋ-ਢਾਈ ਕਰੋੜ ਦਾ ਹੁੰਦਾ ਹੈ । ਮੇਰੀ ਬੇਨਤੀ ਹੈ ਕਿ ਪੰਜਾਬ ਦੇ ਖਿਡਾਰੀਆਂ ਨੂੰ ਇਹ ਦਿੱਤਾ ਜਾਵੇ ਤਾਂ ਕਿ ਇਸ ਤੇ ਖੇਡ ਕੇ ਸਾਡੇ ਖਿਡਾਰੀ ਅੰਤਰ ਰਾਸ਼ਟਰੀ ਪੱਧਰ ਤੇ ਖੇਡ ਸਕਣ।

ਦੂਸਰੀ ਗੱਲ ਮੈਂ ਇੰਡਸਟਰੀ ਬਾਰੇ ਕਰਨਾ ਚਾਹੁੰਦਾ ਹਾਂ । ਮੈਂ ਇੰਡਸਟਰੀ ਦੇ ਸ਼ਹਿਰ ਵਿਚੋਂ ਆਇਆ ਹਾਂ । ਬਟਾਲੇ ਸ਼ਹਿਰ ਵਿੱਚ ਬਹੁਤ ਇੰਡਸਟਰੀ ਹੈ । ਬਟਾਲਾ ਇੰਡਸਟਰੀ ਦੇ ਨਾਂ ਤੇ ਜਾਣਿਆ ਜਾਂਦਾ ਸੀ । ਅੱਜ ਪੁਜੀਸ਼ਨ ਇਹ ਹੈ ਕਿ ਉਥੇ ਇੰਡਸਟਰੀ ਡੁੱਬਣ ਤੇ ਆ ਗਈ ਹੈ । ਉਸ ਵਿੱਚ ਵਕਤ ਦੀਆਂ ਸਰਕਾਰਾਂ ਬਹੁਤ ਜ਼ਿੰਮੇਵਾਰ ਹਨ । ਉਨ੍ਹਾਂ ਨੇ ਸਮੇਂ ਸਮੇਂ ਮੁਤਾਬਿਕ ਕੋਈ ਰਿਲੀਫ਼ ਨਹੀਂ ਦਿੱਤਾ । ਕੋਈ ਐਸੀ ਚੀਜ਼ ਨਹੀਂ ਦਿੱਤੀ ਜਿਸ ਨਾਲ ਬਟਾਲੇ ਵਿੱਚ ਨਵੇਂ ਯੂਨਿਟ ਲੱਗਦੇ । ਹੋਰਾਂ ਨੂੰ ਰਿਲੀਫ਼ ਦਿੱਤੇ ਗਏ ਪਰ ਭਾਰਤ ਸਰਕਾਰ ਵਲੋਂ ਜਾਂ ਪੰਜਾਬ ਸਰਕਾਰ ਵਲੋਂ ਅਜਿਹਾ ਕੋਈ ਪੈਕੇਜ਼ ਨਹੀਂ ਦਿੱਤਾ ਗਿਆ । ਬਟਾਲਾ ਇਕ ਬਾਰਡਰ ਏਰੀਆ ਹੈ ਹੋਰ ਕੁਝ ਨਹੀਂ ਕਮ-ਸੇ-ਕਮ ਬਟਾਲੇ ਨੂੰ ਬਾਰਡਰ ਏਰੀਆ ਹੋਣ ਕਾਰਨ ਹੀ ਕੋਈ ਪੈਕੇਜ਼ ਚਾਹੀਦਾ ਸੀ ਤਾਂ ਕਿ ਬਟਾਲੇ ਦੇ ਲੋਕ ਅੱਗੇ ਵੱਧ ਪਾਉਂਦੇ । ਡਿਪਟੀ ਸਪੀਕਰ ਸਾਹਿਬ, ਕਿਸੇ ਨੇ ਵੀ ਇੰਡਸਟਰੀ ਨੂੰ ਉੱਚਾ ਚੁੱਕਣ ਲਈ ਪ੍ਰਵਾਹ ਨਹੀਂ ਕੀਤੀ 1971 ਦੀ ਜੰਗ ਵੇਲੇ ਡਿਫੈਂਸ ਵਾਲਿਆਂ ਦੀਆਂ ਤੋਪਾਂ ਦੀਆਂ ਪਿੰਨਾਂ ਟੁੱਟ ਗਈਆਂ ਸਨ ਤੇ ਉਨ੍ਹਾਂ ਨੂੰ ਕਿਹਾ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਗਿਆ ਕਿ ਪਿੰਨਾਂ ਨਹੀਂ ਮਿਲ ਸਕਦੀਆਂ । ਮੈਨੂੰ ਨਾਜ਼ ਹੈ ਬਟਾਲੇ ਦੇ ਲੋਕਾਂ ਤੇ ਜਿਨ੍ਹਾਂ ਨੇ ਰਾਤੋਂ ਰਾਤ ਪਿੰਨਾਂ ਬਣਾ ਕੇ ਸਵੇਰੇ ਫੌਜ ਵਾਲਿਆਂ ਨੂੰ ਉਹ ਪਿੰਨਾਂ ਦਿੱਤੀਆਂ । ਉਹ ਬਟਾਲਾ ਅੱਜ ਇੰਡਸਟਰੀ ਵਾਸਤੇ ਤਰਸਦਾ ਹੈ । ਕਿਸੇ ਨੇ ਇਸ ਸ਼ਹਿਰ ਬਾਰੇ ਸੁਣਿਆ ਨਹੀਂ, ਦੇਖਿਆ ਨਹੀਂ । ਬਟਾਲੇ ਦੀ ਪੁਜੀਸ਼ਨ ਇਹ ਸਾਮ੍ਹਣੇ ਬੈਂਚਾਂ ਤੇ ਬੈਠਣ ਵਾਲੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਬਦ ਤੋਂ ਬਦਤਰ ਕਰ ਗਏ । ਇਨ੍ਹਾਂ ਦਾ ਇਕ ਐਮ.ਐਲ.ਏ. ਮੈਂ ਉਸ ਦਾ ਨਾਂ ਨਹੀਂ ਲੈਂਦਾ, ਉਸ ਨੇ ਇੰਡਸਟਰੀ ਦਾ ਨਾਂ ਲੈ ਕੇ ਪਹਿਲਾਂ ਸਬਸਿਡੀਆਂ ਲਈਆਂ । ਉਹ ਮਨਿਸਟਰ ਇਕ ਤਰ੍ਹਾਂ ਦਾ ਸਬਸਿਡੀਆਂ ਦਾ ਹੀ ਮਨਿਸਟਰ ਸੀ । ਸਬਸਿਡੀਆਂ ਲੈ ਕੇ ਉਸ ਨੇ ਉਨ੍ਹਾਂ ਨੂੰ ਸਕੂਲਾਂ ਕਾਲਜਾਂ ਵਿੱਚ ਬਦਲ ਦਿੱਤਾ । ਤੁਸੀਂ ਹੈਰਾਨ ਹੋਵੋਗੇ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਾਰੇ ਪਹਿਲਾਂ ਵੀ ਬੋਲ ਕੇ ਗਿਆ ਹਾਂ ਕਿ ਉਸ ਦੀ 44 ਮਰਲੇ ਥਾਂ ਸੀ ਜਿਸ ਵਿੱਚ ਅੱਠ ਕਾਲਜਾਂ ਦਾ ਉਸ ਨੂੰ ਲਾਇਸੰਸ ਦਿੱਤਾ ਗਿਆ । ਕਿਸੇ ਨੂੰ ਸ਼ਰਮ ਨਹੀਂ ਆਈ । ਉਥੇ 8 ਡਿਗਰੀ ਕਾਲਜ ਚਲਦੇ ਹਨ । ਸਿਰਫ਼ 44 ਮਰਲੇ ਥਾਂ ਹੈ । ਜਦੋਂ ਟੀਮ ਜਾਂਦੀ ਹੈ ਤਾਂ ਟੀਮ ਨੂੰ ਦਿਖਾ ਦਿੱਤਾ ਜਾਂਦਾ ਹੈ ਕਿ ਨਰਸਿੰਗ ਕਾਲਜ ਹੈ । ਜਦੋਂ ਫੇਰ ਟੀਮ ਜਾਂਦੀ ਹੈ ਤਾਂ ਉਸ ਨੂੰ ਦਿਖਾ ਦਿੱਤਾ ਜਾਂਦਾ ਹੈ ਕਿ ਇਹ ਫਲਾਣਾ ਕਾਲਜ ਹੈ । ਇਕੋ ਦਫ਼ਤਰ ਹੈ, ਇਕੋ ਪ੍ਰਿੰਸੀਪਲ ਹੈ, ਪਰ ਹਰ ਟੀਮ ਨੂੰ ਉਹ ਵੱਖਰੇ ਡੈਜ਼ੀਗਨੇਸ਼ਨ ਨਾਲ ਮਿਲਦਾ ਹੈ । ਇਸ ਤਰ੍ਹਾਂ ਸਕੂਲ ਕਾਲਜ ਕੀ ਚਲਣਗੇ ? ਅੱਜ ਬਟਾਲੇ ਦੀ ਹਾਲਤ ਇਨ੍ਹਾਂ ਨੇ 5 ਸਾਲਾਂ ਵਿੱਚ ਬਦ ਤੋਂ ਬਦਤਰ ਕਰ ਦਿੱਤੀ ਹੈ । ਹਰ ਗੱਲ ਵਿੱਚ ਇਹ ਕਹਿ ਦਿੰਦੇ ਹਨ ਕਿ ਅਸੀਂ ਕੀਤਾ ਹੈ, ਨਹੀਂ ਤਾਂ ਕਹਿ ਦਿੰਦੇ ਹਨ ਸਾਡੀ ਸੈਂਟਰ ਸਰਕਾਰ ਨੇ ਪੈਸਾ ਦਿੱਤਾ ਹੈ । ਸੈਂਟਰ ਕੋਈ ਘਰੋਂ ਲਿਆ ਕੇ ਤਾਂ ਨਹੀਂ ਦਿੰਦਾ । ਇਥੋਂ ਹੀ ਟੈਕਸ ਪਲਾਨਿੰਗ ਕਮਿਸ਼ਨ ਦੇ ਥਰੂ ਇਕੱਠਾ ਕਰਕੇ ਡਿਸਟ੍ਰੀਬਿਊਟ ਕੀਤਾ ਜਾਂਦਾ ਹੈ । ਉਹ ਸੈਂਟਰ ਦੀਆਂ ਸਕੀਮਾਂ ਥਰੂ ਮਿਲਦਾ ਹੈ, ਸਾਰੀਆਂ ਸਕੀਮਾਂ ਸੈਂਟਰ ਤੋਂ ਮਿਲਦੀਆਂ ਹਨ । ਇਹ ਨਹੀਂ ਕਿ ਸੈਂਟਰ ਨੇ ਸਾਨੂੰ ਦੇ ਦਿੱਤਾ ਉਸ ਦਾ ਅਸੀਂ ਕਰੈਡਿਟ ਵੀ ਇਨ੍ਹਾਂ ਨੂੰ ਦੇ ਦੇਈਏ । ਜਿੱਥੇ ਇਨ੍ਹਾਂ ਦੇ ਬੰਦੇ ਪੈਸੇ ਲੈਂਦੇ ਸਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਦੇ ਵੇਲੇ ਚਾਰ ਸਾਲ ਲਗਾਤਾਰ ਇੱਕ ਵੀ ਪੈਸਾ ਨਹੀਂ ਵੰਡਿਆ ਗਿਆ । ਨਾ ਕੋਈ ਨੌਕਰੀ ਦਿੱਤੀ ਗਈ । ਹੁਣ ਕਹਿੰਦੇ ਹਨ ਕਿ ਸਾਡਾ ਬਜਟ ਬੜਾ ਸੁਹਣਾ ਸੀ । ਇਹ ਦੱਸਣ ਕਿ ਕਿਸੇ ਇੱਕ ਵੀ ਬੱਚੇ ਨੂੰ ਨੌਕਰੀ ਦਿੱਤੀ ਹੋਵੇ ? ਕਿਸੇ ਇੱਕ ਨੂੰ ਵੀ ਐਡਜਸਟ ਕੀਤਾ ਹੋਵੇ ? ਇਨ੍ਹਾਂ ਦੇ ਵੇਲੇ ਹਸਪਤਾਲਾਂ ਵਿੱਚ ਡਾਕਟਰ ਨਹੀਂ ਹੁੰਦੇ ਸਨ, ਸਕੂਲਾਂ ਵਿੱਚ ਮਾਸਟਰ ਨਹੀਂ ਸਨ, ਇੱਥੋਂ ਤੱਕ ਕਿ ਚਪੜਾਸੀ ਤੱਕ ਵੀ ਨਹੀਂ ਰੱਖਿਆ ਗਿਆ । ਹੁਣ ਕਹਿੰਦੇ ਹਨ ਕਿ ਸਾਡਾ ਸਿਸਟਮ ਕਲੀਅਰ ਸੀ । ਚਾਹੇ ਕੋਈ ਐਮ.ਐਲ.ਏ ਸੀ, ਚਾਹੇ ਬਲਾਕ

Original with;
Punjab Vidhan Sabha
Digitized by;
Panjab Digital Library

ਸੰਮਤੀਆਂ ਦੇ ਮੈਂਬਰ ਸਨ, ਚਾਹੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੈਂਬਰ ਸੀ, ਮੈਂ ਦੱਸਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਸਾਡੇ ਜ਼ਿਲ੍ਹੇ ਦੀ ਜ਼ਿਲ੍ਹਾ ਪ੍ਰੀਸ਼ਦ ਦਾ ਜਿਹੜਾ ਚੇਅਰਮੈਨ ਸੀ, ਉਹ ਬਿਲਕੁੱਲ ਅਨਪੜ੍ਹ ਸੀ, ਚਾਰ ਜਮਾਤਾਂ ਵੀ ਨਹੀਂ ਸੀ ਪੜ੍ਹਿਆ ਹੋਇਆ । ਉਹ ਡਾਕਟਰ ਭਰਤੀ ਕਰਦਾ ਸੀ । ਉਹ ਦੇਖੋ ਕਿ ਉਹ ਐਮ.ਬੀ.ਬੀ.ਐਸ. ਡਾਕਟਰ ਭਰਤੀ ਕਰਦਾ ਸੀ । ਇਹੋ ਜਿਹੇ ਤਾਂ ਇਨ੍ਹਾਂ ਨੇ ਕ੍ਰਿਸਟਲ ਕੰਮ ਕੀਤੇ ਸਨ । ਜਿਸ ਨੇ ਪੈਸਾ ਦੇ ਦਿੱਤਾ, ਉਹ ਆਦਮੀ ਭਰਤੀ ਕਰ ਲੈਂਦੇ ਸੀ, ਜੋ ਪੈਸਾ ਨਹੀਂ ਦੇਂਦਾ ਸੀ, ਉਹ ਭਰਤੀ ਨਹੀਂ ਸੀ ਹੁੰਦਾ । ਮੈਂ ਕਹਾਂਗਾ ਕਿ ਬਾਦਲ ਸਾਹਿਬ ਬਹੁਤ ਵਧਾਈ ਦੇ ਪਾਤਰ ਹਨ, ਇਨ੍ਹਾਂ ਦੇ ਤਿੰਨ-ਚਾਰ ਮਹੀਨਿਆਂ ਦੇ ਰਾਜ ਵਿੱਚ ਜੇ ਕਿਸੇ ਉੱਤੇ ਕਿਸੇ ਵੀ ਕਿਸਮ ਦਾ ਇਲਜ਼ਾਮ ਲੱਗਿਆ ਹੋਵੇ ਤਾਂ ਇਹ ਦੱਸਣ । ਕਿਸੇ ਨੇ ਕਿਸੇ ਕਿਸਮ ਦੇ ਪੈਸੇ ਖਾਧੇ ਹੋਣ ਤਾਂ ਇਹ ਦੱਸਣ । ਕਿਸੇ ਨੇ ਕਿਸੇ ਕਿਸਮ ਦਾ ਕੋਈ ਬੈਨੀਫਿਟ ਲਿਆ ਹੋਵੇ ਤਾਂ ਇਹ ਦੱਸਣ । ਪਰ ਇਨ੍ਹਾਂ ਦੇ ਰਾਜ ਵਿੱਚ (ਆਪੋਜੀਸ਼ਨ ਪਾਰਟੀ ਵੱਲ ਇਸ਼ਾਰਾ) ਜਿੰਨੇ ਵੀ ਪਰਮਿਟ ਮਿਲੇ ਸਨ, ਉਹ ਸਾਰੇ ਕਾਂਗਰਸੀ ਐਮ.ਐਲ.ਏਜ਼ ਨੂੰ ਹੀ ਮਿਲੇ ਸਨ । ਉਨ੍ਹਾਂ ਨੇ ਅੱਗੇ ਇਹ ਕਿਰਾਏ ਤੇ ਦੇਣੇ ਸ਼ੁਰੂ ਕਰ ਦਿੱਤੇ ਜਿਵੇਂ ਕਿ ਉਨ੍ਹਾਂ ਦੀ ਜੱਦੀ ਜਾਗੀਰ ਹੁੰਦੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ । ਸਾਡੀਆਂ ਪਿਛਲੇ 30-40 ਸਾਲਾਂ ਤੋਂ ਬੱਸਾਂ ਚਲਦੀਆਂ ਹਨ । ਸਿਰਫ ਇਕ ਅੱਧਾ ਪਰਮਿਟ ਹੀ ਬਾਦਲ ਸਾਹਿਬ ਨੇ ਸਾਨੂੰ ਦਿੱਤਾ ਸੀ। ਪਰ ਇਨ੍ਹਾਂ ਦੇ ਵੇਲੇ ਕੀ ਹੋਇਆ ? ਇਕ ਬਿਆਸ ਦਾ ਐਮ.ਐਲ.ਏ. ਸੀ, ਮੈਂ ਉਸ ਦਾ ਨਾਂ ਨਹੀਂ ਲੈਣਾ ਚਾਹੁੰਦਾ, ਤਕਰੀਬਨ ਸੌ ਕੁ ਪਰਮਿਟ ਲੈ ਕੇ ਉਸ ਨੇ ਵੇਚਿਆ । ਉਸ ਨੇ ਸੌ ਪਰਮਿਟ ਅਲਾਟ ਕਰਵਾਇਆ ਅਤੇ ਉਹੀ ਵੇਚਿਆ । ਕੀ ਕਿਸੇ ਨੇ ਉਸ ਨੂੰ ਪੁੱਛਿਆ ? ਅੱਜ ਇਹ ਗੱਲਾਂ ਕਰਦੇ ਹਨ । ਮੈਂ ਜੋ ਵੀ ਗੱਲ ਕਹਿੰਦਾ ਹਾਂ ਸਾਹਮਣੇ ਕਹਿੰਦਾ ਹਾਂ । ਇਹ ਹਾਸੇ ਵਾਲੀ ਗੱਲ ਹੈ ਕਿ ਬਜਟ ਵਿੱਚ ਚੀਜ਼ਾਂ ਲਿਆ ਕੇ ਕ੍ਰਿਸਟਲ ਕਲੀਅਰ ਦੇ ਨਾਂ ਤੇ ਇਸ ਤਰ੍ਹਾਂ ਦੇ ਕੰਮ ਕੀਤੇ ਜਾਣ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਮੁੜ ਹਾਊਸ ਵਿੱਚ ਆ ਗਏ ।)

(ਆਵਾਜ਼ਾਂ : ਉਹ ਆ ਗਏ ਹਨ, ਆ ਗਏ ਹਨ )

ਬੜੀ ਅੱਛੀ ਗੱਲ ਹੈ ਕਿ ਉਹ ਆ ਗਏ ਹਨ । ਬੜੀ ਖ਼ੁਸ਼ਖਬਰੀ ਹੈ ਕਿ ਉਹ ਸੁਣ ਲੈਣਗੇ । ਇਹ ਤਾਂ ਖੁਸ਼ੀ ਦੀ ਗੱਲ ਹੈ ਇਹਤਰਾਮ ਦੀ ਗੱਲ ਹੈ । ਮੈਂ ਤਾਂ ਦਬਾਅ ਕੇ ਗੱਲ ਨਹੀਂ ਕਹਿੰਦਾ । ਸਾਰੀ ਗੱਲ ਸਪੱਸ਼ਟ ਮੂੰਹ ਤੇ ਕਹਿੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਐਫ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]
ਮੈਂ ਸਾਰਾ ਬਜਟ ਦੇਖਿਆ ਹੈ, ਮੈਨੂੰ ਬੱਸ ਇੰਡਸਟਰੀ ਬਾਰੇ ਵੇਖਣ ਨੂੰ ਨਹੀਂ ਮਿਲਿਆ। ਇਹ ਪੰਜਾਬ ਦੀ ਇੱਕ ਬਹੁਤ ਵੱਡੀ ਇੰਡਸਟਰੀ ਹੈ। ਇਹ ਇੰਡਸਟਰੀ ਅਣਗੌਲੀ ਹੋ ਗਈ ਹੈ। ਅਰਬਾਂ ਕਰੋੜਾਂ ਰੁਪਿਆ ਇਸ ਇੰਡਸਟਰੀ ਦੇ ਵਿੱਚ ਲੱਗਿਆ ਹੋਇਆ ਹੈ। ਪਰ ਟੈਕਸ ਬਾਰੇ ਨਹੀਂ ਸੋਚਿਆ ਗਿਆ। ਟੈਕਸ ਦਾ ਰੀਲੀਫ ਇਸ ਇੰਡਸਟਰੀ ਨੂੰ ਨਹੀਂ ਦਿੱਤਾ ਗਿਆ। ਅੱਜ ਬੱਸ ਉਪਰੇਟਰ ਮਰਨ ਕਿਨਾਰੇ ਹਨ। ਭਾਵੇਂ ਉਹ ਕਾਂਗਰਸੀ ਹਨ, ਬੀ.ਜੇ.ਪੀ. ਦੇ ਹਨ ਜਾਂ ਅਕਾਲੀ ਹਨ।

(ਇੱਕ ਆਵਾਜ਼ : ਆਰਬਿਟ ਬਾਰੇ ਕੀ ਹਾਲ ਹੈ ?)

ਇਸ ਇੰਡਸਟਰੀ ਦੀਆਂ ਪ੍ਰਾਬਲਮਜ਼ ਬਾਰੇ ਨਾ ਦੇਖਣਾ ਮੈਂ ਸਮਝਾਂਗਾ ਕਿ ਬਹੁਤ ਵੱਡੀ ਅਣਦੇਖੀ ਹੋਵੇਗੀ। ਇਸ ਵੇਲੇ ਇਹ ਸਾਡੀ ਸਭ ਤੋਂ ਵੱਡੀ ਜ਼ਰੂਰਤ ਹੈ। ਇਹ ਇੰਡਸਟਰੀ ਪਰਾਪਰ ਚਲਦੀ ਰਹਿੰਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ, ਕਿਉਂਕਿ ਪਹਿਲਾਂ ਬੱਸ ਸਰਵਿਸ ਸਾਰੀ ਪ੍ਰਾਈਵੇਟ ਹੁੰਦੀ ਸੀ, ਸਾਡੇ ਮਰਹੂਮ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਨੇ ਪੈਰਲਲ ਲਾਈਨ ਬਣਾਉਣ ਲਈ ਗੌਰਮਿੰਟ ਰੋਡੇਜ਼ ਬਣਾਈਆਂ ਸਨ। ਗੌਰਮਿੰਟ ਰੋਡਜ਼ ਦਾ ਇਨ੍ਹਾਂ ਵੱਡਾ ਇਨਫਰਾਸਟਰੱਕਚਰ ਹੋਣ ਦੇ ਕਾਰਨ ਹੀ ਅਸੀਂ ਸਰਵਾਈਵ ਕਰ ਰਹੇ ਹਾਂ। ਅਗਰ ਇਸ ਨੂੰ ਅਣਦੇਖਿਆ ਕੀਤਾ ਗਿਆ ਤਾਂ ਮੈਂ ਸਮਝਦਾ ਹਾਂ ਕਿ ਇਹ ਸਾਡੇ ਬੱਸਾਂ ਵਾਲਿਆਂ ਨਾਲ ਬਹੁਤ ਵੱਡਾ ਧੱਕਾ ਹੋਵੇਗਾ। ਮੈਂ ਵੀ ਬੱਸ ਉਪਰੇਟਰ ਹਾਂ ਮੈਂ ਇਸ ਪੇਸ਼ੇ ਦੇ ਵਿੱਚ ਜੰਮਿਆ ਹਾਂ, ਪਲਿਆ ਹਾਂ ਤੇ ਵੱਡਾ ਹੋਇਆ ਹਾਂ। ਇਹ ਅੱਜ ਦੀ ਗੱਲ ਨਹੀਂ ਹੈ ਸਗੋਂ ਪੁਰਾਣੀਆਂ ਪੁਸ਼ਤਾਂ ਤੋਂ ਸਾਡਾ ਇਹ ਕੰਮ ਚਲਿਆ ਆ ਰਿਹਾ ਹੈ। ਇਨ੍ਹਾਂ ਦੇ ਐਮ.ਐਲ.ਏ. ਨੇ ਸੌ ਕੁ ਪਰਮਿਟ ਲੈ ਕੇ ਵੇਚ ਦਿੱਤੇ। ਹੁਣ ਤਾਂ ਇਨਕੁਆਇਰੀ ਸ਼ੁਰੂ ਹੋਵੇਗੀ ਹੀ। ਇਨ੍ਹਾਂ ਦੇ ਐਸੇ ਐਮ.ਐਲ.ਏਜ਼ ਵੀ ਹਨ, ਜਿਨ੍ਹਾਂ ਨੂੰ ਬੱਸ ਦਾ ਪਤਾ ਨਹੀਂ, ਬੱਸ ਕਦੇ ਪਾਈ ਨਹੀਂ, ਕਦੇ ਚਲਾਈ ਨਹੀਂ, ਪਰ ਉਨ੍ਹਾਂ ਨੂੰ ਵੀ ਪਰਮਿਟ ਮਿਲੇ ਹਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਰ, ਪੁਆਇੰਟ ਆਫ ਆਰਡਰ ** ** ।

**ਮਾਨਯੋਗ ਡਿਪਟੀ ਸਪੀਕਰ** : ਮੋਫਰ ਸਾਹਿਬ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਵੈਸੇ ਡਿਪਟੀ ਸਪੀਕਰ ਸਾਹਿਬ ਮੈਂਬਰ ਸਾਹਿਬ ਨੂੰ ਸ਼ੌਂਕ ਜਾਗਿਆ ਸੀ ਕਹਿਣ ਦਾ, ਪਰ ਮੈਂ ਆਪਣੀ ਸਰਕਾਰ ਨੂੰ ਕੰਡੈਮ ਨਹੀਂ ਕਰਦਾ ਕਿਉਂਕਿ ਮੈਂ ਸਰਕਾਰ ਦਾ ਇੱਕ ਹਿੱਸਾ ਹਾਂ ਅਤੇ ਸਰਕਾਰ ਦਾ ਬਣਾਇਆ ਹੋਇਆ ਹਾਂ ਅਤੇ ਦੂਸਰੀ ਗੱਲ ਹੈ ਕਿ ਮੈਂ ਕੰਸਟਰਕਟਿਵ ਸੁਜੈਸ਼ਨਜ਼ ਦਿੱਤੇ ਹਨ । ਮੈਂ ਕਦੇ ਕਿਸੇ ਨੂੰ ਕਰੀਟੀਸਾਈਜ਼ ਨਹੀਂ ਕੀਤਾ ਸਗੋਂ ਮੈਂ ਤਾਂ ਇਹ ਦੱਸਿਆ ਹੈ ਕਿ ਤੁਹਾਡੇ ਵੇਲੇ ਕੀ ਹੋਇਆ ਸੀ ਅਤੇ ਸ਼ਾਇਦ ਤੁਹਾਨੂੰ ਨਾ ਪਤਾ ਹੋਵੇ ਕਿ ਤੁਹਾਡੇ ਜਾਣ ਵਾਲੇ ਭਰਾ ਕੀ-ਕੀ ਕਰ ਗਏ ਹਨ ਅਤੇ ਇਸੇ ਕਰਕੇ ਵਾਰ-ਵਾਰ ਚੇਤਾ ਕਰਵਾਉਂਦੇ ਹਾਂ ਕਿ ਕਿਤੇ ਅਸੀਂ ਵੀ ਇਨ੍ਹਾਂ ਕੰਮਾਂ ਵਿੱਚ ਨਾ ਪੈ ਜਾਈਏ ਨਹੀਂ ਤਾਂ ਇਹ ਹਸ਼ਰ ਹੁੰਦਾ ਹੈ ਅਤੇ ਜੇਲ੍ਹ ਵਿੱਚ ਜ਼ਮਾਨਤਾਂ ਵੀ ਨਹੀਂ ਹੁੰਦੀਆਂ ਉਨ੍ਹਾਂ ਦੀਆਂ ........(ਵਿਘਨ)

**ਸਰਦਾਰ ਰਣਦੀਪ ਸਿੰਘ ਨਾਭਾ** : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਜ਼ਿਕਰ ਕਰ ਰਹੇ ਹਨ ** **

**ਮਾਨਯੋਗ ਡਿਪਟੀ ਸਪੀਕਰ** : ਇਹ ਗੱਲ ਬਣਦੀ ਨਹੀਂ ਹੈ । Please sit down. ਜਗਦੀਸ਼ ਸਾਹਨੀ ਜੀ ਤੁਸੀਂ ਬੋਲੋ । (ਸ਼ੋਰ) (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ)

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਕੋਈ ਸ਼ੇਮ ਦੀ ਗੱਲ ਨਹੀਂ। ਇਨ੍ਹਾਂ ਨੇ ਮੇਰੇ ਤੇ ਪਰਚੇ ਕਰਵਾਏ ਨੇ । ਮੈਂ ਇਨ੍ਹਾਂ ਦੀ ਤਸ਼ੱਦਦ ਦੀ ਕਹਾਣੀ ਦੱਸ ਦਿੰਦਾ ਹਾਂ । ਮੇਰੇ ਤੇ ਇਨ੍ਹਾਂ ਨੇ ਪਰਚੇ ਕਰਵਾਏ ਹਨ । ਮੈਂ ਚੇਅਰਮੈਨ ਹੋਵਾਂ ਡੀ.ਏ. ਵੀ. ਸਕੂਲਾਂ ਦਾ ਤੇ ਮੇਰੇ ਤੇ 452 ਦਾ ਪਰਚਾ ਬਣ ਜਾਂਦਾ ਹੈ । ਇਸ ਵਿੱਚ ਲਿਖਿਆ ਹੈ, ਡਿਪਟੀ ਸਪੀਕਰ ਸਾਹਿਬ, ਸੁਣੋ ਜੀ, ਮੈਂ ਕਹਿੰਦਾ ਹਾਂ ਕਿ ਸਾਰਾ ਪੰਜਾਬ ਸੁਣੇ । ਇਨ੍ਹਾਂ ਚਿੱਠੀਆਂ ਪਾਈਆਂ ਅਤੇ ਮੈਂ ਸਾਰੇ ਪੰਜਾਬ ਨੂੰ ਸੁਨਾਣ ਲਈ ਤਿਆਰ ਹਾਂ (ਵਿਘਨ) (ਸ਼ੋਰ) ਜੋ ਮੇਰੇ ਭਾਈ ਸਾਹਿਬ ਗੱਲ ਸੁਣਾਨਾ ਚਾਹੁੰਦੇ ਹਨ ਮੈਂ ਸੁਣਾ ਦਿੰਦਾ ਹਾਂ ਜੇਕਰ ਮੈਂ ਚੋਰੀ ਕੀਤੀ ਹੋਵੇ ਤਾਂ ਮੈਂ ਮੂੰਹ ਛਪਾਵਾਂ ਪਰ ਮੈਂ ਚੋਰੀ ਨਹੀਂ ਕੀਤੀ । ਉਨ੍ਹਾਂ ਨੇ ਇਲਜਾਮ ਲਾਏ ਕਿ ਮੈਂ 5-5 ਲੱਖ ਰੁਪਏ ਦੀ ਬੇਈਮਾਨੀ ਕੀਤੀ ਹੈ ਡੀ.ਏ.ਵੀ ਸਕੂਲ ਫੰਡਾਂ ਵਿੱਚ ਜਿਸ ਦੇ ਤਾਅਲੁਕ ਵਿੱਚ ਮੇਰੇ ਤੇ ਕੇਸ ਬਣਾਏ ਗਏ । ਉਸ ਤੋਂ ਬਾਅਦ ਜਦ ਆਬਜੈਕਸ਼ਨ ਰੇਜ਼ ਹੋਇਆ ਉਹ ਰੁਪਿਆ ਕਢਾ ਕੇ ਸਕੂਲ ਦੇ ਅਕਾਊਂਟ ਵਿੱਚ ਜਮ੍ਹਾ ਕਰਾਵਾ ਦਿੱਤਾ । ਮੇਰੇ ਸਕੂਲ ਵਿੱਚ ਬੈਠੇ ਹੁੰਦੇ ਹੋਏ ਵੀ ਮੇਰੇ ਤੇ 452 ਦਾ ਕੇਸ ਬਣਵਾ

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਦਿੱਤਾ ਗਿਆ । ਬੀਂਗ ਏ ਚੇਅਰਮੈਨ, ਸ਼ੇਮ ਇਨ੍ਹਾਂ ਤੇ ਹੋਣੀ ਚਾਹੀਦੀ ਹੈ ਜਿਨ੍ਹਾਂ ਨੇ ਚਿੱਠੀਆਂ ਪੁਆਈਆਂ । ਚਿੱਠੀਆਂ ਪੁਆਉਣ ਵਾਲੇ ਦੀ ਵੀ ਮੇਰੇ ਤੋਂ ਕਹਾਣੀ ਸੁਣ ਲਓ । ਉਸ ਦਾ ਨਾਂ ਹੈ ਡੀ.ਆਰ. ਗੁਪਤਾ ਹੈ । ਉਹ ਡੀ.ਏ.ਵੀ. ਸਕੂਲਜ਼ ਮੈਨੇਜਿੰਗ ਕਮੇਟੀ ਦਾ ਡਾਇਰੈਕਟਰ ਹੈ । ਇਹ ਡੀ.ਆਰ. ਗੁਪਤਾ ਦੀ ਕੰਪਲੇਂਟ ਹੈ ।

**ਮਾਨਯੋਗ ਡਿਪਟੀ ਸਪੀਕਰ** : ਸਾਹਨੀ ਸਾਹਿਬ, ਜਿਹੜਾ ਵਿਅਕਤੀ ਇਸ ਹਾਊਸ ਵਿੱਚ ਨਹੀਂ ਹੈ ਤੁਸੀਂ ਉਸ ਦਾ ਨਾਂ ਕਿਉਂ ਲੈਂਦੇ ਹੋ ?

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਡਿਪਟੀ ਸਪੀਕਰ ਸਾਹਿਬ, ਮੈਨੂੰ ਕੋਈ ਇਤਰਾਜ਼ ਨਹੀਂ, ਇਨ੍ਹਾਂ ਦੀ ਹੀ ਕਮੇਟੀ ਬਣਾ ਦਿਉ ਜੇਕਰ ਮੇਰੇ ਤੇ ਇਲਜ਼ਾਮ ਹੋਏਗਾ ਮੈਂ ਵਿਧਾਨ ਸਭਾ ਦੀ ਸਦੱਸਤਾ ਛੱਡ ਦੇਵਾਂਗਾ । (ਥੰਪਿੰਗ) ਜਗਦੀਸ਼ ਸਾਹਨੀ ਅੱਜ ਤੱਕ ਚਿੱਟੇ ਲੀੜਿਆਂ ਵਿੱਚ ਰਿਹਾ ਹੈ ਅਤੇ ਹੁਣ ਤੱਕ ਚਿੱਟੇ ਲੀੜੇ ਹਨ । ਕੋਈ ਇੱਕ ਪੈਸੇ ਦਾ ਇਲਜ਼ਾਮ ਨਹੀਂ ਲਗਾ ਸਕਦਾ । ਛੱਜ ਤਾਂ ਬੋਲੇ ਪਰ ਛਾਨਣੀਆਂ ਵੀ ਬੋਲਣ ਲੱਗ ਪਈਆਂ ਹਨ । (ਸ਼ੋਰ) (ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਸਾਹਨੀ ਸਾਹਿਬ, ਤੁਸੀਂ ਆਪਣਾ ਭਾਸ਼ਣ ਜਾਰੀ ਰੱਖੋ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਇਹ ਮੇਰਾ ਭਰਾ ਜਿਸ ਕੋਲ ਇਹ ਚਿੱਠੀਆਂ ਹਨ, ਇਹ ਹੀ ਇਸ ਦੀ ਘੋਖ ਕਰ ਲੈਣ ਅਤੇ ਮਹਾਰਾਜ ਸੱਚੇ ਪਾਤਸ਼ਾਹ ਨੂੰ ਹਾਜ਼ਰ ਨਾਜ਼ਰ ਸਮਝ ਕੇ ਫੈਸਲਾ ਕਰ ਲੈਣ । ਜੇ ਇਹ ਸਾਬਤ ਕਰ ਦੇਣ ਕਿ ਇਕ ਪੈਸੇ ਦੀ ਵੀ ਬੇਈਮਾਨੀ ਜਗਦੀਸ਼ ਸਾਹਨੀ ਨੇ ਕੀਤੀ ਹੈ ਤਾਂ ਮੈਂ ਜ਼ਿੰਮੇਵਾਰ ਹੋਵਾਂਗਾ । ਜੇ ਇਹ ਝੂਠੇ ਹੋਣ ਤਾਂ ਇਹ ਅਸਤੀਫਾ ਦੇ ਦੇਣ ਜੇ ਮੈਂ ਝੂਠਾ ਸਾਬਤ ਹੋ ਜਾਵਾਂ ਤਾਂ ਮੈਂ ਅਸਤੀਫਾ ਦੇ ਦਿਆਂਗਾ.........

**ਮਾਨਯੋਗ ਡਿਪਟੀ ਸਪੀਕਰ** : ਸਾਹਨੀ ਸਾਹਿਬ, ਤੁਸੀਂ ਬਜਟ ਤੇ ਬੋਲੋ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਇਹ ਇਕ ਚੀਜ਼ ਚੁੱਕ ਕੇ ਲਿਆਏ ਹਨ । ਮੈਂ ਵੀ ਬੜੇ ਦਿਨਾਂ ਤੋਂ ਰਿਕਾਰਡ ਚੁੱਕ ਕੇ ਤੁਰਿਆ ਫਿਰਦਾ ਹਾਂ । ਡੀ.ਏ.ਵੀ. ਮੈਨੇਜਿੰਗ ਕਮੇਟੀ, ਨਵੀਂ ਦਿੱਲੀ, ਨੇ ਸਾਰੇ ਹਿੰਦੁਸਤਾਨ ਵਿੱਚ ਚਿੱਠੀਆਂ ਪਾਈਆਂ ਹਨ ਅਤੇ ਸਾਰੇ ਮੈਂਬਰ ਸਾਹਿਬਾਨ ਨੂੰ ਵੀ ਚਿੱਠੀਆਂ ਪਾਈਆਂ ਹਨ ਇਕ ਚਿੱਠੀ ਉਨ੍ਹਾਂ ਨੇ ਮੇਰੇ ਇਸ ਭਰਾ ਨੂੰ ਵੀ ਪਾ ਦਿੱਤੀ ਹੋਣੀ ਹੈ । ਮਹਾਰਾਜ ਸੱਚਾ

Original with;
Punjab Vidhan Sabha
Digitized by;
Panjab Digital Library

ਪਾਤਸ਼ਾਹ ਜਾਣਦਾ ਹੈ ਜੇ ਮੈਂ ਕੋਈ ਬੇਈਮਾਨੀ ਕੀਤੀ ਹੋਵੇ । ਮੈਂ ਕੋਈ ਬੇਈਮਾਨੀ ਕੀਤੀ ਹੈ ਤਾਂ ਇਹ ਇਸ ਦੀ ਘੋਖ ਕਰ ਲਵੇ । ਫਿਰ ਇਸ ਵਿੱਚ ਲਿਖਿਆ ਹੈ...........

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਵਿੱਚ ਸਾਹਨੀ ਸਾਹਿਬ ਨੇ ਇਕ ਲਫਜ਼ ਵੀ ਸੱਚਾ ਨਹੀਂ ਕੱਢਣਾ । ਇਨ੍ਹਾਂ ਨੇ ਕਿੰਨੀ ਭੂਮਿਕਾ ਬੰਨ੍ਹੀ ਹੈ ਲੇਕਿਨ ਸੱਚਾ ਲਫਜ਼ ਕੋਈ ਨਹੀਂ ਬੋਲਿਆ । ਅਸਲ ਵਿੱਚ ਇਨ੍ਹਾਂ ਨੂੰ ਤਕਲੀਫ਼ ਤਾਂ ਇਹ ਹੈ ਕਿ ਇਨ੍ਹਾਂ ਨੂੰ ਵਜ਼ੀਰ ਨਹੀਂ ਬਣਾਇਆ ਗਿਆ । ਬਾਦਲ ਸਾਹਿਬ ਨੂੰ ਅਸੀਂ ਵੀ ਕਹਿੰਦੇ ਹਾਂ ਕਿ ਉਹ ਇਨ੍ਹਾਂ ਨੂੰ ਵਜ਼ੀਰ ਬਣਾ ਦੇਣ, ਐਵੇਂ ਸਾਡੇ ਤੇ ਇਹ ਕਾਹਨੂੰ ਗੁੱਸੇ ਗਿਲੇ ਹੁੰਦੇ ਹਨ..........(ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਸਾਹਨੀ ਸਾਹਿਬ, ਤੁਸੀਂ ਕੰਟੀਨਿਊ ਕਰੋ । ਸਰਦਾਰ ਸ਼ੇਰ ਸਿੰਘ ਜੀ, ਤੁਸੀਂ ਬੈਠ ਜਾਓ ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਬੇਸ਼ੱਕ ਰਿਕਾਰਡ ਕਢਾ ਲਓ...... (ਵਿਘਨ)

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਡਿਪਟੀ ਸਪੀਕਰ ਸਾਹਿਬ, ਮੇਰੇ ਭਾਈ ਸਾਹਿਬ ਨੂੰ ਭੁਲੇਖਾ ਹੈ । ਇਹ ਰਿਕਾਰਡ ਵੀ ਕਢਾ ਲੈਣ ਅਤੇ ਵੇਖ ਲੈਣ । ਮੈਂ ਆਪਣੀ ਕੰਸਟਰੱਕਟਿਵ ਗੱਲ ਵੱਲ ਆਉਣਾ ਚਾਹੁੰਦਾ ਹਾਂ........(ਵਿਘਨ) ਡਿੱਗੀ ਖੋਤੀ ਤੋਂ, ਗੁੱਸਾ ਘੁਮਿਆਰ ਤੇ...........(ਵਿਘਨ)....ਗੁੱਸਾ ਸਾਡੇ ਤੇ ਕੱਢਣ ਲੱਗੇ ਹੋਏ ਹਨ......(ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਸਾਹਨੀ ਸਾਹਿਬ, ਤੁਹਾਡਾ ਟਾਈਮ ਖਤਮ ਹੋ ਰਿਹਾ ਹੈ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਜੇ ਮੈਂ ਪੈਸਾ ਖਾਧਾ ਹੋਵੇਗਾ ਤਾਂ ਜ਼ਰੂਰ ਦੱਸਾਂਗਾ, ਤੁਹਾਡੇ ਵਾਂਗ ਛੁਪਾਵਾਂਗਾ ਨਹੀਂ ।

ਅੱਜ ਬਜਟ ਵਿੱਚ ਅਸੀਂ ਵੇਖ ਰਹੇ ਹਾਂ ਕਿ 80 ਕਰੋੜ ਰੁਪਏ ਦੇ ਕਰੀਬ ਇਰੀਗੇਸ਼ਨ/ਨਹਿਰਾਂ ਲਈ ਅਤੇ ਖਾਸ ਤੌਰ ਤੇ ਸ਼ਾਹਪੁਰ ਕੰਡੀ ਡੈਮ ਲਈ ਦਿੱਤਾ ਗਿਆ ਹੈ । ਇਨ੍ਹਾਂ ਦੀ 5 ਸਾਲ ਮੁਤਵਾਤਰ ਸਰਕਾਰ ਰਹੀ ਹੈ । ਇਨ੍ਹਾਂ ਦੇ ਵੇਲੇ ਬੈਰਾਜ ਪ੍ਰਾਜੈਕਟ ਲਈ ਇਕ ਨਵਾਂ ਪੈਸਾ ਵੀ ਨਹੀਂ ਵਰਤਿਆ ਗਿਆ । ਜੇ ਇਨ੍ਹਾਂ ਨੇ ਇਸ ਕੰਮ ਲਈ ਪੈਸਾ ਵਰਤਿਆ ਹੁੰਦਾ ਤਾਂ ਬਿਜਲੀ ਦੀ ਸਪਲਾਈ ਕਿੰਨੀ ਹੀ ਜ਼ਿਆਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]
ਇਹ ਵਧਾ ਸਕਦੇ ਸੀ । ਇਸ ਤਰ੍ਹਾਂ ਦੇ ਜਿੰਨੇ ਵੀ ਪ੍ਰਾਜੈਕਟ ਲੱਗੇ ਹਨ, ਉਹ ਸਾਰੇ ਸਾਡੀ ਸਰਕਾਰ ਦੇ ਵੇਲੇ ਹੀ ਲੱਗੇ ਹਨ । ਹੁਣ ਝੋਨੇ ਦੇ ਸੀਜ਼ਨ ਵਿੱਚ ਵੀ ਲਗਾਤਾਰ ਬਿਜਲੀ ਸਾਰਿਆਂ ਨੂੰ ਮਿਲ ਰਹੀ ਹੈ । ਮਹਾਰਾਜ ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ ਬੱਦਲ ਵੀ ਬਰਸਣ ਲੱਗੇ ਹਨ ।

**ਮਾਨਯੋਗ ਡਿਪਟੀ ਸਪੀਕਰ** : ਵਾਈਂਡ ਅਪ ਕਰੋ ਜੀ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਡਿਪਟੀ ਸਪੀਕਰ ਸਾਹਿਬ, ਮੇਰੇ ਤੇ ਟਾਈਮ ਦੀ ਬਾਈਂਡਿੰਗ ਨਹੀਂ ਹੈ । ਮੈਂ ਬਜਟ ਦੀ ਗੱਲ ਕਰਦਾ ਰਿਹਾ ਹਾਂ । ਇਸ ਦੇ ਵਿੱਚ ਕੋਈ ਪੱਖ ਛੱਡਿਆ ਨਹੀਂ ਗਿਆ ਹੈ । ਪਹਿਲਾਂ ਥੀਨ ਡੈਮ ਦਾ ਪ੍ਰਾਜੈਕਟ ਵੀ ਸਾਡੀ ਸਰਕਾਰ ਨੇ ਹੀ ਪੂਰਾ ਕੀਤਾ ਸੀ । ਹੁਣ ਸ਼ਾਹਪੁਰ ਕੰਡੀ ਬੈਰਾਜ ਪੂਰਾ ਕਰਨ ਦਾ ਜਿੰਮਾ ਵੀ ਬਾਦਲ ਸਾਹਿਬ ਨੇ ਲਿਆ ਹੈ । ਬਾਦਲ ਸਾਹਿਬ ਉਥੇ ਗਏ ਸਨ ਤਾਂ ਮੁਲਾਜ਼ਮਾਂ ਦਾ ਰੋਣਾ ਸੀ ਕਿ ਸਾਨੂੰ ਤਾਂ ਕਿਸੇ ਨੇ ਪੁੱਛਿਆ ਹੀ ਨਹੀਂ । ਤਨਖਾਹਾਂ ਤੱਕ ਵੀ ਨਹੀਂ ਦਿੱਤੀਆਂ ਗਈਆਂ । ਸਰਦਾਰ ਬੇਅੰਤ ਸਿੰਘ ਜੀ ਨੇ ਕੀ ਕੀਤਾ, ਇਹ ਤੁਹਾਨੂੰ ਪਤਾ ਹੈ, ਜੋ ਕੁਝ ਤੁਸੀਂ ਉਸ ਨਾਲ ਕੀਤਾ, ਉਹ ਵੀ ਤੁਹਾਨੂੰ ਪਤਾ ਹੋਏਗਾ (ਵਿਘਨ) ਇਹ ਮੈਨੂੰ ਛੇੜ ਰਹੇ ਹਨ । ਬਜਟ ਸਪੀਚ ਮੇਰੀ ਕੰਪਲੀਟ ਹੈ । ਮੇਰੀ ਸਿਹਤ ਤੇ ਹੁਣ ਕੋਈ ਅਸਰ ਨਹੀਂ ਹੈ । ਕਾਫਲੇ ਰੁਕਦੇ ਨਹੀਂ, ਕਿਸੇ ਦੇ ਭੌਂਕਣ ਨਾਲ ।

**ਸਰਦਾਰ ਅਵਤਾਰ ਸਿੰਘ ਬਰਾੜ** : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ । ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਵੀ ਮਿੱਤਰ ਹਨ ਅਤੇ ਇਹ ਤੁਹਾਡੇ ਵੀ ਮਿੱਤਰ ਹਨ । ਇਸ ਤਰ੍ਹਾਂ ਬੋਲਣਾ ਇਨ੍ਹਾਂ ਦੀ ਆਦਤ ਹੀ ਹੈ । ਲੇਕਿਨ ਇਹ ਜਿਹੜੇ ਲਫਜ਼ ਇਨ੍ਹਾਂ ਨੇ ਅਨਪਾਰਲੀਮੈਂਟਰੀ ਬੋਲੇ ਹਨ, ਇਹ ਐਕਸਪੰਜ ਕਰ ਦੇਣੇ ਚਾਹੀਦੇ ਹਨ ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਮੈਂ ਤੁਹਾਨੂੰ ਨਹੀਂ ਕਿਹਾ । ਮੈਂ ਕਾਫਲੇ ਕਿਹਾ ਹੈ । ਸਿਰਫ ਕਾਫਲੇ ਦਾ ਨਾਂ ਲਿਆ ਹੈ । ਬਾਕੀ ਨਹੀਂ । ਤੁਸੀਂ ਆਪਣੇ ਤੇ ਕਿਉਂ ਲੈਂਦੇ ਹੋ ?

**ਸਰਦਾਰ ਅਵਤਾਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਮਿੱਤਰ ਹਨ । ਇਹ ਮੈਨੂੰ ਜੋ ਮਰਜ਼ੀ ਕਹਿ ਲੈਣ ਮੈਨੂੰ ਕੋਈ ਗਿਲਾ ਨਹੀਂ ਹੋਵੇਗਾ । ਲੇਕਿਨ ਇਹ ਸਦਨ ਦੀ ਗੱਲ ਹੈ ਅਤੇ ਇਹ ਵੀ ਆਨਰੇਬਲ ਮੈਂਬਰ ਹਨ ।

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਬਰਾੜ ਸਾਹਿਬ, ਮੈਂ ਤੁਹਾਨੂੰ ਕਿਹਾ ਹੀ ਨਹੀਂ। ਮੈਂ ਕਿਹਾ ਹੈ ਕਿ ਕਾਫਲੇ ਰੁਕਦੇ ਨਹੀਂ। (ਵਿਘਨ)....... (ਹਾਸਾ)..... ਡਿਪਟੀ ਸਪੀਕਰ ਸਾਹਿਬ, 30 ਕਰੋੜ ਦੀ ਲਾਗਤ ਨਾਲ ਜਿਹੜਾ ਛੋਟੇ ਨਲ ਕੂਪਾਂ ਦਾ ਬੰਦੋਬਸਤ ਕੀਤਾ ਹੈ ਇਹ ਵੀ ਇਕ ਤਰ੍ਹਾਂ ਨਾਲ ਜਿਸ ਤਰ੍ਹਾਂ ਪਾਣੀ ਦਾ ਲੈਵਲ ਘਟਦਾ ਜਾ ਰਿਹਾ ਹੈ, ਛੋਟੇ ਨਲ ਕੂਪਾਂ ਨਾਲ ਪਾਣੀ ਦੇਣਾ ਤੁਸੀਂ ਦੇਖੋ ਕਿ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦੀ ਇਹ ਕਿੰਨੀ ਅੱਛੀ ਸੋਚ ਹੈ। ਸਾਨੂੰ ਆਉਣ ਵਾਲੇ ਸਮੇਂ ਵਿੱਚ (ਵਿਘਨ) ਭੈਣ ਜੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਵੱਲ ਇਸ਼ਾਰਾ) ਨੇ ਪਹਿਲਾਂ ਇਕ ਵਾਰ ਕਿਹਾ ਹੈ ਕਿ ਆਟਾ-ਦਾਲ ਦੀ ਸਕੀਮ ਵਾਪਸ ਲੈਣੀ ਚਾਹੀਦੀ ਹੈ। 750 ਕਰੋੜ ਰੁਪਿਆ ਦੂਸਰੇ ਪਾਸੇ ਲੈ ਲੈਂਦੇ। ਇਕ ਸਕੀਮ ਚਲਣੀ ਚਾਹੀਦੀ ਹੈ ਔਰ ਡਿਵੈਲਪਮੈਂਟ ਵੀ ਹੋਣੀ ਚਾਹੀਦੀ ਹੈ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਅਸੀਂ ਕਦੋਂ ਇਸ ਤਰ੍ਹਾਂ ਕਿਹਾ ਹੈ। ਅਸੀਂ ਕਦੇ ਨਹੀਂ ਕਿਹਾ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਹਰ ਚੀਜ਼ ਚੱਲਣੀ ਚਾਹੀਦੀ ਹੈ। ਹਰ ਚੀਜ਼ ਬਾਰੇ ਇਨ੍ਹਾਂ ਨੇ ਤਾਹਨਾ ਮਾਰ ਕੇ ਕਿਹਾ ਹੈ। ਇਕ ਗੱਲ ਵੀ ਇਨ੍ਹਾਂ ਨੇ ਕੰਸਟ੍ਰਕਟਿਵ ਨਹੀਂ ਕੀਤੀ। ਮੈਂ ਸਾਹਮਣੇ ਇਨ੍ਹਾਂ ਦੇ ਮੂੰਹ ਤੇ ਕਹਿੰਦਾ ਹਾਂ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਪਤਾ ਨਹੀਂ ਸਾਹਨੀ ਸਾਹਿਬ ਕੀ ਬੋਲੀ ਜਾ ਰਹੇ ਹਨ। ਮੈਂ ਤਾਂ ਕਿਹਾ ਹੈ ਕਿ ਇਸ ਵਾਸਤੇ ਲਿਮਿਟ 60 ਹਜ਼ਾਰ ਰੁਪਏ ਕਰ ਦਿਓ। ਤੁਸੀਂ ਹੀ ਗਲਤ ਗੱਲਾਂ ਕਰੀ ਜਾਂਦੇ ਹੋ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਮੈਂ ਨਹੀਂ, ਤੁਸੀਂ ਗਲਤ ਸਮਝਦੇ ਹੋ। ਤੁਸੀਂ ਕੋਈ ਕੰਸਟ੍ਰਕਟਿਵ ਗੱਲ ਵੀ ਕਰ ਲਿਆ ਕਰੋ। ਇਸ ਸਕੀਮ ਤੇ ਸਰਕਾਰ ਦਾ 750 ਕਰੋੜ ਰੁਪਏ ਤੋਂ ਵੀ ਵੱਧ ਖਰਚਾ ਹੋ ਜਾਣਾ ਹੈ। ਤੁਸੀਂ ਕਹੋ ਕਿ ਇਹ ਵੀ ਚੱਲਣੀ ਚਾਹੀਦੀ ਹੈ She is the lady who made Punjab a beggar. She started a game with the State. ਇਨ੍ਹਾਂ ਨੇ ਪਹਿਲੀ ਵਾਰੀ ਰਿਆਇਤਾਂ ਦੀ ਸਕੀਮ ਸਟਾਰਟ ਕੀਤੀ ਸੀ। ਬੀਬੀ ਜੀ, ਤੁਸੀਂ ਵੀ ਮੁੱਖ ਮੰਤਰੀ ਬਣੇ (ਵਿਘਨ) ਅੱਜ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਨੇ ਬੈਗਰ ਬਣਾ ਦਿੱਤਾ ਹੈ। ਇਹ ਜਿਹੜੀਆਂ ਰਿਆਇਤਾਂ ਇਨ੍ਹਾਂ ਨੇ ਦੇਣੀਆਂ ਸ਼ੁਰੂ ਕੀਤੀਆਂ, ਪੰਜਾਬ ਦੀ ਧਰਤੀ ਤੇ ਰਿਆਇਤਾਂ ਨਹੀਂ ਚਲਦੀਆਂ। ਰਿਆਇਤਾਂ ਉਥੇ ਚਲਦੀਆਂ ਹਨ ਜਿੱਥੇ ਕੋਈ ਚੀਜ਼ ਨਾ ਹੋਵੇ। ਸਭ ਕੁਝ ਹੁੰਦੇ-ਸੁੰਦੇ ਕਿਉਂ ਰਿਆਇਤਾਂ ਦੇਈ ਜਾਓ। ਇਹ ਤੁਸੀਂ ਹੀ ਸ਼ੁਰੂ ਕੀਤਾ ਹੈ। ਪੰਜਾਬ ਨੂੰ ਦੂਸਰੇ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਪਾਸੇ ਤੋਰ ਦਿੱਤਾ । ਤੁਸੀਂ ਗੁਜਰਾਤ ਦੇ ਵਿੱਚ ਦੇਖ ਲਓ । ਉਨ੍ਹਾਂ ਨੇ ਬੜਾ ਤਕੜਾ ਇਨਫਰਾਸਟਰਕਚਰ ਦਿੱਤਾ ਹੈ । ਗੁਜਰਾਤ ਦੇ ਵਿੱਚ ਬੀ.ਜੇ.ਪੀ. ਦੀ ਸਰਕਾਰ ਹੈ । ਲੋਕ ਟੈਕਸ ਦਿੰਦੇ ਹਨ । ਟੈਕਸ ਦੇ ਕੇ ਉਹ ਰਿਆਇਤਾਂ ਲੈਂਦੇ ਹਨ । ਉਹ ਕਹਿੰਦੇ ਹਨ ਕਿ ਸਾਨੂੰ 24 ਘੰਟੇ ਬਿਜਲੀ ਚਾਹੀਦੀ ਹੈ ਲੇਕਿਨ ਉਹ ਇਸ ਵਾਸਤੇ ਪੇਅ ਕਰਦੇ ਹਨ । ਮੈਂ ਚਾਹੁੰਦਾ ਹਾਂ ਕਿ ਇਸ ਹਾਲਤ ਵਿੱਚ ਜੋ ਬਜਟ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਪੇਸ਼ ਕੀਤਾ ਹੈ ਇਹ ਬੜਾ ਸੁੰਦਰ ਤਰੀਕੇ ਦੇ ਨਾਲ ਪੇਸ਼ ਕੀਤਾ ਹੈ । ਇਸ ਦੀ ਜਿੰਨੀ ਤਾਰੀਫ ਕੀਤੀ ਜਾਵੇ ਓਨੀ ਹੀ ਥੋੜ੍ਹੀ ਹੈ । ਮੈਂ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਹ ਹੋਰ ਵੀ ਵਧੀਆ ਬਜਟ ਪੇਸ਼ ਕਰਨਗੇ ਬਹੁਤ-ਬਹੁਤ ਧੰਨਵਾਦ ਡਿਪਟੀ ਸਪੀਕਰ ਸਾਹਿਬ ।

(ਸਰਦਾਰ ਜੀਤਮਹਿੰਦਰ ਸਿੰਘ ਸਿੱਧੂ ਵੱਲੋਂ ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਹਾਊਸ ਦਾ ਟਾਈਮ ਜਾਇਆ ਕਰ ਰਹੇ ਹੋ ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** (ਫਾਜ਼ਿਲਕਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਹਾਊਸ ਵਿਚ ਬਜਟ ਤੇ ਬੋਲਣ ਦਾ ਟਾਈਮ ਦਿੱਤਾ ਹੈ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ ਬਿਨ੍ਹਾਂ ਆਗਿਆ ਬੋਲ ਰਹੇ ਸਨ)

ਸਰਦਾਰ ਮਨਪ੍ਰੀਤ ਸਿੰਘ ਬਾਦਲ ਜਿਹੜਾ ਬਜਟ ਲੈ ਕੇ ਆਏ ਹਨ, ਉਹ ਕਾਬਲੇ-ਤਾਰੀਫ ਹੈ । ਬਜਟ ਦੀ ਜਿੰਨੀ ਤਾਰੀਫ ਕੀਤੀ ਜਾਵੇ, ਜਿੰਨੀ ਪ੍ਰਸ਼ੰਸਾ ਕੀਤੀ ਜਾਵੇ, ਉਤਨੀ ਹੀ ਥੋੜ੍ਹੀ ਹੈ । ਮੈਂ ਬਜਟ ਨੂੰ ਪੜ੍ਹ ਕੇ ਵੇਖਿਆ ਹੈ ।

(ਇਸ ਸਮੇਂ ਵੀ ਮਾਨਯੋਗ ਮੈਂਬਰ ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ ਬਿਨਾਂ ਆਗਿਆ ਬੋਲ ਰਹੇ ਸਨ ।)

ਬਜਟ ਵਿੱਚ ਪੰਜਾਬ ਦਾ ਵਿਕਾਸ ਨਜ਼ਰ ਆਉਂਦਾ ਹੈ । ਖੇਤੀਬਾੜੀ ਵਿੱਚ ਪਾਣੀ ਤੇ ਹਰਿਆਵਲ, ਉਦਯੋਗ ਵਿੱਚ ਬਿਜਲੀ, ਯਾਤਾਯਾਤ ਵਿੱਚ ਸੜਕਾਂ, ਨੌਜਵਾਨਾਂ ਵਾਸਤੇ ਨੌਕਰੀ, ਗੱਲ ਕੀ ਇਸ ਬਜਟ ਵਿੱਚ ਬਹੁਤ ਕੁਝ ਨਜ਼ਰ ਆ ਰਿਹਾ ਹੈ । ਸਰਦਾਰ ਮਨਪ੍ਰੀਤ ਸਿੰਘ ਜੀ ਨੇ ਬੜੀ ਮਿਹਨਤ ਨਾਲ ਇਹ ਬਜਟ ਬਣਾਇਆ ਹੈ । ਇਸ ਬਜਟ ਤੋਂ ਖੁਸ਼ ਹੋ ਕੇ ਪ੍ਰਮਾਤਮਾ ਨੇ ਵੀ ਸਾਥ ਦਿੱਤਾ ਹੈ ਅਤੇ ਬਾਰਸ਼ ਪਾਈ ਹੈ ।

Original with;
Punjab Vidhan Sabha
Digitized by;
Panjab Digital Library

ਮਨਪ੍ਰੀਤ ਸਿੰਘ ਨੇ ਤਪੱਸਿਆ ਨਾਲ ਬਜਟ ਲਿਖਿਆ ਹੈ ਅਤੇ ਇੰਦਰ-ਦੇਵਤਾ ਵੀ ਪ੍ਰਸੰਨ ਹੋਇਆ ਹੈ ਅਤੇ ਬਿਜਲੀ ਦੀ ਘਾਟ ਦੂਰ ਹੋਈ ਹੈ । ਸਰਦਾਰ ਮਨਪ੍ਰੀਤ ਸਿੰਘ ਦੇ ਬਜਟ ਉਤੇ ਪ੍ਰਮਾਤਮਾ ਵੀ ਪ੍ਰਸੰਨ ਹੋਇਆ ਹੈ, ਪੰਜਾਬ ਦੇ ਕਿਸਾਨ ਖੁਸ਼ ਹੋਏ ਹਨ, ਵਪਾਰੀ ਖੁਸ਼ ਹੋਇਆ ਹੈ । ਇਕ ਜਿਹੜਾ ਵੱਟਾ (ਪੱਥਰ) ਹੁੰਦਾ ਹੈ, ਉਹ ਖੁਸ਼ ਨਹੀਂ ਹੋਇਆ ਕਿ ਪ੍ਰਮਾਤਮਾ ਤੂੰ ਸਾਡਾ ਨੁਕਸਾਨ ਕਰ ਦਿੱਤਾ ਹੈ । ਬਾਕੀ ਸਾਰੇ ਖੁਸ਼ ਹੋਏ ਹਨ। 20 ਤਰੀਕ ਨੂੰ ਜਦੋਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਬਜਟ ਪੜ੍ਹ ਰਹੇ ਸੀ ਅਤੇ ਲੋਕ ਰੇਡੀਓ ਉਤੇ ਸੁਣ ਰਹੇ ਸਨ, ਟੀ.ਵੀ. ਉਤੇ ਵੇਖ ਰਹੇ ਸਨ । ਇਸ ਪਵਿੱਤਰ ਹਾਊਸ ਦੀਆਂ ਗੈਲਰੀਆਂ ਵਿੱਚ ਬੈਠੇ ਲੋਕ ਖੁਸ਼ ਹੋ ਰਹੇ ਸਨ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਖੁਸ਼ ਹੋ ਰਹੇ ਸੀ ਪਰ ਇਥੇ ਲਾਲ ਅਤੇ ਕਾਲੇ ਕੱਪੜੇ ਪਾਈ ਰੰਗੀਨ-ਮਿਜ਼ਾਜ਼ ਲੋਕ ਜਿਨ੍ਹਾਂ ਨੇ ਪਿਛਲੇ 5 ਸਾਲ ਰਾਜ ਭੋਗਿਆ ਹੈ ਉਹ ਮਾਯੂਸ ਹੋ ਰਹੇ ਸਨ ਕਿ ਇਸ ਅੱਛੇ ਬਜਟ ਨੇ ਉਨ੍ਹਾਂ ਦਾ ਨੁਕਸਾਨ ਕਰ ਦਿੱਤਾ ਹੈ ਅਤੇ ਉਨ੍ਹਾਂ ਦੀਆਂ ਵੋਟਾਂ ਖਰਾਬ ਹੋ ਰਹੀਆਂ ਹਨ । ਇਸ ਅੱਛੇ ਬਜਟ ਨਾਲ ਪੰਜਾਬ ਤਰੱਕੀ ਕਰੇਗਾ ਅਤੇ ਸਾਡੀਆਂ ਪਿਛਲੀਆਂ ਗੱਲਾਂ ਸਾਰਿਆਂ ਦੇ ਸਾਹਮਣੇ ਆਉਣਗੀਆਂ । ਬਜਟ ਵਿੱਚ ਕੁਝ ਖਾਸ ਚੀਜ਼ਾਂ ਜਿਹੜੀਆਂ ਦੱਸੀਆਂ ਗਈਆਂ ਹਨ । ਡਿਪਟੀ ਸਪੀਕਰ ਸਾਹਿਬ, ਜਿਸ ਘਰ ਦੀ ਆਮਦਨ 100 ਰੁਪਿਆ ਹੋਵੇ ਅਤੇ ਖਰਚ 150 ਰੁਪਿਆ ਹੋਵੇ ਤਾਂ ਉਹ ਕਦੀ ਵੀ ਤਰੱਕੀ ਨਹੀਂ ਕਰ ਸਕਦਾ । ਬਜਟ ਵਿੱਚ ਆਮਦਨ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਖਰਚਾ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਸ ਤਰ੍ਹਾਂ ਦਾ ਬਜਟ ਵਿੱਤ ਮੰਤਰੀ ਜੀ ਲੈ ਕੇ ਆਏ ਹਨ । ਇਸ ਦੇ ਨਾਲ ਮੈਂ ਬਜਟ ਵਿਚਲੀਆਂ ਦੋ ਗੱਲਾਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਨਹਿਰੀ ਪ੍ਰਯੋਜਨਾਂ ਦੀ ਗੱਲ ਕੀਤੀ ਗਈ ਹੈ । ਨਹਿਰੀ ਸਕੀਮ ਵਿੱਚ ਪਿਛਲੀ ਸਰਕਾਰ ਨੇ 292 ਕਰੋੜ ਰੁਪਏ ਰੱਖੇ ਸੀ ਪਰ ਹੁਣ 650 ਕਰੋੜ ਰੁਪਏ ਰੱਖੇ ਗਏ ਹਨ । (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਨਹਿਰਾਂ ਵਾਸਤੇ ਆਉਣ ਵਾਲੇ 5 ਸਾਲਾਂ ਵਿੱਚ 4,000 ਕਰੋੜ ਰੁਪਏ ਲਗਾਏ ਜਾਣਗੇ । ਜਿਸ ਤਰ੍ਹਾਂ ਪੰਜਾਬ ਦਾ ਪਾਣੀ ਦਿਨੋ-ਦਿਨ ਥੱਲੇ ਜਾ ਰਿਹਾ ਹੈ । ਸਬਮਰਸੀਬਲ ਮੋਟਰਾਂ ਲੱਗੀਆਂ ਹੋਈਆਂ ਹਨ ਅਤੇ ਟਿਊਬਵੈੱਲਾਂ ਕਾਰਨ ਪੰਜਾਬ ਡਰਾਈ ਹੁੰਦਾ ਜਾ ਰਿਹਾ ਹੈ, ਉਥੇ ਨਹਿਰੀ ਪਾਣੀ ਨਾਲ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਤਲ ਠੀਕ ਹੋਵੇਗਾ ਅਤੇ ਜਿਹੜਾ ਪੰਜਾਬ ਡਰਾਈ ਹੁੰਦਾ ਜਾ ਰਿਹਾ ਹੈ, ਉਹ ਵੀ ਠੀਕ ਹੋਵੇਗਾ । ਦੂਸਰੀ ਗੱਲ ਬਿਜਲੀ ਦੇ ਬਾਰੇ ਕੀਤੀ ਗਈ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਸਾਥੀ ਵੀਰ ਜਿਹੜੇ ਰੰਗੀਨ (ਲਾਲ ਤੇ ਕਾਲੇ) ਕੱਪੜੇ ਪਾ ਕੇ ਆਏ ਸਨ, ਕੀ ਕਦੀ ਉਨ੍ਹਾਂ ਨੇ ਬਿਜਲੀ ਬਾਰੇ ਸੋਚਿਆ ਹੈ ? ਉਨ੍ਹਾਂ ਨੇ ਆਪਣੇ ਬਾਥਰੂਮਾਂ ਵਿੱਚ ਤਾਂ ਏ.ਸੀ. ਜ਼ਰੂਰ ਲਗਵਾ ਲਏ ਪਰ ਪੰਜਾਬ ਵਿੱਚ ਇਕ ਵੀ ਯੂਨਿਟ ਬਿਜਲੀ ਪੈਦਾ ਨਹੀਂ ਕੀਤੀ ।......

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨ੍ਹਾਂ ਇਜਾਜ਼ਤ ਕੁਝ ਬੋਲ ਰਹੇ ਸਨ ।)

**ਮਾਨਯੋਗ ਡਿਪਟੀ ਸਪੀਕਰ** : ਮੋਫਰ ਜੀ ਬੈਠੋ, ਉਨ੍ਹਾਂ ਨੂੰ ਬੋਲਣ ਦਿਉ ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਰਣਜੀਤ ਸਾਗਰ ਡੈਮ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਹੀ ਇਸ ਨੂੰ ਚਾਲੂ ਕੀਤਾ ਗਿਆ । ਹੁਣ ਬਿਜਲੀ ਦੀ ਪੈਦਾਵਾਰ ਲਈ ਮਨਪ੍ਰੀਤ ਸਿੰਘ ਬਾਦਲ ਨੇ ਚਿੰਤਾ ਕੀਤੀ ਹੋਈ ਹੈ । ਉਨ੍ਹਾਂ ਨੇ ਲਹਿਰਾ ਮੁਹੱਬਤ, ਤਲਵੰਡੀ ਸਾਬੋ ਅਤੇ ਨਾਭਾ ਵਿਖੇ 3 ਹਜ਼ਾਰ ਮੈਗਾਵਾਟ ਬਿਜਲੀ ਪੈਦਾ ਕਰਨ ਦੀ ਯੋਜਨਾ ਬਣਾਈ ਹੈ । ਇਹ ਬੜੀ ਅੱਛੀ ਯੋਜਨਾ ਹੈ । ਅੱਜ ਬਿਜਲੀ ਜਿਹੜੀ ਹੈ ਉਹ ਇਨਸਾਨ ਦੇ ਜੀਵਨ ਵਿੱਚ ਸਭ ਤੋਂ ਜ਼ਿਆਦਾ ਜ਼ਰੂਰੀ ਹੈ । ਬਿਜਲੀ ਬਗੈਰ ਕੋਈ ਵੀ ਕੰਮ ਸਿਰੇ ਨਹੀਂ ਚੜ੍ਹਦਾ ਅਤੇ ਅਧੂਰੇ ਰਹਿੰਦੇ ਹਨ । ਅਗਰ ਬਿਜਲੀ ਨਾ ਹੋਵੇ ਤਾਂ ਰਾਤ ਨੂੰ ਤੁਸੀਂ ਸੌਂ ਨਹੀਂ ਸਕਦੇ ਅਤੇ ਸਵੇਰੇ ਨਹਾ ਨਹੀਂ ਸਕਦੇ ਅਤੇ ਬਿਜਲੀ ਨਾ ਹੋਵੇ ਤਾਂ ਪਸ਼ੂ ਵੀ ਭੁੱਖੇ ਰਹਿਣਗੇ ਅਤੇ ਪਿੰਡਾਂ ਵਿੱਚ ਲੱਸੀ ਨਹੀਂ ਮਿਲੇਗੀ । ਅੱਜ ਬਿਜਲੀ ਇੰਨੀ ਜ਼ਰੂਰੀ ਹੋ ਗਈ ਹੈ ਬਿਜਲੀ ਦਾ ਹੋਣਾ ਬਹੁਤ ਜ਼ਰੂਰੀ ਹੈ । ਇਸ ਤੋਂ ਅੱਗੇ ਮੈਂ ਐਗਰੀਕਲਚਰ ਬਾਰੇ ਗੱਲ ਕਰਾਂਗਾ । ਖੇਤੀਬਾੜੀ ਬਾਰੇ ਸਾਡੇ ਵਿੱਤ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਇਕ ਗੱਲ ਕੀਤੀ ਹੈ ਕਿ ਕਿਸਾਨ ਅੱਜ ਬਹੁਤ ਵੱਡੀ ਸਮੱਸਿਆ ਵਿੱਚ ਹੈ । ਜਦੋਂ ਦੀ ਹਰੀ ਕਰਾਂਤੀ ਆਈ ਹੈ ਉਸਦੇ ਬਾਅਦ ਕਿਸਾਨ ਦਾ ਬਜਟ ਗਿਰਦਾ ਗਿਆ ਹੈ । ਹਰੀ ਕਰਾਂਤੀ ਤੋਂ ਪਹਿਲਾਂ ਉਸਦੇ ਕੋਲ ਆਪਣੇ ਸਾਧਨ ਹੁੰਦੇ ਸੀ, ਆਪਣਾ ਹਲ ਹੁੰਦਾ ਸੀ ਅਤੇ ਆਪਣੀ ਖਾਦ ਹੁੰਦੀ ਸੀ ਅਤੇ ਆਪਣਾ ਸਭ ਕੁਝ ਹੁੰਦਾ ਸੀ । ਹਰੀ ਕਰਾਂਤੀ ਤੋਂ ਬਾਅਦ ਸਾਰੀਆਂ ਚੀਜ਼ਾਂ ਬਾਜ਼ਾਰ ਤੋਂ ਲਿਆਉਣੀਆਂ ਪੈਂਦੀਆਂ ਹਨ ਅਤੇ ਬਾਜ਼ਾਰ ਵਿੱਚ ਚੀਜ਼ਾਂ ਦੇ ਭਾਅ ਬਹੁਤ ਵਧੇ ਹੋਏ ਹਨ ਅਤੇ ਕਿਸਾਨ ਅੱਜ ਆਤਮ ਹੱਤਿਆ ਲਈ ਮਜ਼ਬੂਰ ਹੋ ਰਹੇ ਹਨ । ਇਹ ਬਜਟ ਬਹੁਤ ਹੀ ਅੱਛਾ ਹੈ, ਮੈਂ ਇਸਦੀ ਸ਼ਲਾਘਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ, ਬਹੁਤ-ਬਹੁਤ ਧੰਨਵਾਦ ।

**ਸਰਦਾਰ ਅਮਰਜੀਤ ਸਿੰਘ ਸਾਹੀ** (ਦਸੂਹਾ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ, ਪੰਜਾਬ ਉਤੇ ਪ੍ਰਮਾਤਮਾ ਦੀ ਬਹੁਤ ਹੀ ਅਪਾਰ ਕਿਰਪਾ ਹੈ । ਬਹੁਤ ਹੀ ਅੱਛੀ ਸ਼ਖ਼ਸੀਅਤ ਅਤੇ ਕਾਬਲੀਅਤ ਦੇ ਮਾਲਕ ਹਨ । ਬਹੁਤ ਦੂਰ ਅੰਦੇਸ਼ੀ ਨਾਲ ਉਨ੍ਹਾਂ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ

Original with;
Punjab Vidhan Sabha
Digitized by;
Panjab Digital Library

ਰਹਿਨੁਮਈ ਥੱਲੇ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਦਾ 2007-08 ਦਾ ਬਜਟ ਪੇਸ਼ ਕੀਤਾ ਹੈ । ਇਹ ਬਜਟ ਬਹੁਤ ਸ਼ਲਾਘਾਯੋਗ ਹੈ । ਇਸ ਦੇ ਵਿੱਚ ਮੁੱਖ ਤੌਰ ਤੇ ਹਰ ਇਕ ਵਰਗ ਦਾ ਧਿਆਨ ਰੱਖਿਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਖਾਸ ਕਰਕੇ ਉਸ ਗਰੀਬ ਵਰਗ ਦਾ, ਜਿਸ ਗਰੀਬ ਵਰਗ ਦੇ ਪੇਟ ਵਿੱਚ ਅੰਨ ਦੀ ਘਾਟ ਜਾਂ ਦੋ ਵੇਲੇ ਦੀ ਰੋਟੀ ਦਾ ਪ੍ਰਬੰਧ ਨਹੀਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲ ਕਦਮੀ ਕਰਕੇ ਉਨ੍ਹਾਂ ਦੇ ਵਾਸਤੇ ਇਕ ਸਕੀਮ ਚਲਾਈ ਜਿਸ ਨੂੰ ਨਾਮ ਦਿੱਤਾ "ਸਸਤੇ ਆਟੇ ਤੇ ਦਾਲ ਦਾ" । ਡਿਪਟੀ ਸਪੀਕਰ ਸਾਹਿਬ, ਸਾਢੇ ਤੇਰ੍ਹਾਂ ਲੱਖ ਪਰਿਵਾਰ ਪੰਜਾਬ ਦੇ ਜਿਨ੍ਹਾਂ ਨੂੰ ਜਦੋਂ ਇਹ ਸਕੀਮ ਸਰਦਾਰ ਪ੍ਰਕਾਸ਼ ਸਿੰਘ ਬਾਦਲ 15 ਅਗਸਤ, 2007 ਨੂੰ ਲਾਗੂ ਕਰਨਗੇ ਤਾਂ ਉਹ ਪਰਿਵਾਰ ਇਹ ਦਸ ਸਕਦੇ ਹਨ ਕਿ ਉਨ੍ਹਾਂ ਨੂੰ ਕਿਨਾਂ ਸੁੱਖ, ਸ਼ਾਂਤੀ ਅਤੇ ਆਸਰਾ ਮਿਲੇਗਾ । ਇਹ ਪੰਜਾਬ ਦੀ ਜਨਤਾ ਦਾ 1/3 ਹਿੱਸਾ ਬਣਦਾ ਹੈ ਅਤੇ ਅੱਜ ਤੱਕ ਇਹ ਮਿਸਾਲ ਹੈ ਕਿ ਕਿਸੇ ਵੀ ਰਾਜ ਨੇ ਇਕੱਠੇ 1/3 ਹਿੱਸੇ ਨੂੰ ਕਿਸੇ ਚੀਜ਼ ਦਾ ਸਾਧਨ ਜਾਂ ਅਜਿਹੀ ਚੀਜ਼ ਮੁਹੱਈਆ ਕਰਾਈ ਹੋਵੇ । ਇਹ ਗੱਲ ਮੈਂ ਬੜੇ ਅਫ਼ਸੋਸ ਨਾਲ ਕਹਿੰਦਾ ਹਾਂ ਕਿ ਡਿਪਟੀ ਸਪੀਕਰ ਸਾਹਿਬ, 21 ਜੂਨ ਨੂੰ ਜਦੋਂ ਇਸ ਸਦਨ ਵਿੱਚ ਇਸ ਸਦਨ ਦੀ ਮਰਿਆਦਾ ਨੂੰ ਇਕ ਕਾਲਾ ਦਾਗ ਲਗਾਇਆ ਗਿਆ, ਧੱਬਾ ਲਗਾਇਆ ਗਿਆ, ਜਦੋਂ ਇਥੇ ਥਾਲੀਆਂ ਅਤੇ ਚਮਚੇ ਖੜਕਾਏ ਗਏ । ਮੈਂ ਮਹਿਸੂਸ ਕਰਦਾ ਹਾਂ ਕਿ ਇਹ ਥਾਲੀਆਂ ਅਤੇ ਚਮਚੇ ਖੜਕਾਉਣ ਨਾਲ ਗਰੀਬਾਂ ਦੇ ਪੇਟ ਭਰਨ ਦਾ ਸਾਧਨ ਨਹੀਂ ਬਣਦੇ ਆਪਾਂ ਇਸ ਸਕੀਮ ਨੂੰ ਲਾਗੂ ਕਰਕੇ ਕਿਸੇ ਨੂੰ ਮਾਲੀ ਮੱਦਦ ਜਾਂ ਸਲਾਹ ਦੇ ਸਕਦੇ ਹਾਂ । ਜੇ ਇਸਦੇ ਵਿੱਚ ਦੇਰੀ ਹੋਈ ਤਾਂ ਇਸ ਕਰਕੇ ਹੋਈ ਹੈ ਕਿ ਅੱਛੀ ਤਰ੍ਹਾਂ ਤਫਤੀਸ਼ ਕਰਕੇ ਲਾਗੂ ਕੀਤਾ ਜਾਵੇ ਤਾਂ ਕਿ ਕੋਈ ਸਾਡੇ ਵਰਗਾ ਜਿਸ ਨੂੰ ਲੋੜ ਨਹੀਂ ਉਹ ਇਸਦਾ ਫਾਇਦਾ ਨਾ ਉਠਾ ਸਕੇ । ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਉਹ ਦੇਰੀ ਹੋਈ ਅਤੇ 15 ਅਗਸਤ, 2007 ਨੂੰ ਇਹ ਸਕੀਮ ਲਾਗੂ ਕੀਤੀ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਲਈ, ਸਾਰੇ ਦੇਸ਼ ਲਈ ਪਾਣੀ ਇੱਕ ਅਹਿਮ ਸਰੋਤ ਹੈ। ਇਸ ਦਾ ਸਾਡੇ ਜੀਵਨ ਵਿੱਚ, ਸਾਡੇ ਦੇਸ਼ ਵਿੱਚ, ਸਾਰੇ ਜਹਾਨ ਵਿੱਚ ਅਹਿਮ ਸਥਾਨ ਹੈ । ਪਾਣੀ ਦੀ ਕੀਮਤ ਦਾ ਇਨਸਾਨ ਨੂੰ ਕੁਝ ਸਮੇਂ ਬਾਅਦ ਅਹਿਸਾਸ ਹੋਵੇਗਾ। ਜਿੱਥੋਂ ਤੱਕ ਪੀਣ ਵਾਲੇ ਪਾਣੀ ਦਾ ਸਵਾਲ ਹੈ, ਸਿੰਜਾਈ ਦਾ ਸਵਾਲ ਹੈ, ਸਾਡੇ ਜੀਵਨ ਵਿੱਚ ਇਹ ਪਾਣੀ ਬਹੁਤ ਅਹਿਮ ਰੋਲ ਅਦਾ ਕਰਦਾ ਹੈ । ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਸਿੰਜਾਈ ਵਾਸਤੇ ਬਜਟ ਵਿੱਚ ਬਹੁਤ ਧਿਆਨ ਰੱਖਿਆ ਹੈ । ਪਿਛਲੀ ਸਰਕਾਰ ਨੇ 292 ਕਰੋੜ ਰੁਪਿਆ ਰੱਖਿਆ ਸੀ ਤੇ ਹੁਣ ਇਹ ਵਧਾ ਕੇ 650 ਕਰੋੜ ਰੁਪਿਆ ਕੀਤਾ ਹੈ । (ਟਰੈਜ਼ਰੀ ਬੈਂਚਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]

ਵੱਲੋਂ ਥੰਪਿੰਗ) ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਜਿਹੜੀ ਚੀਜ਼ ਦਾ ਖਾਸ ਖਿਆਲ ਰੱਖਿਆ ਹੈ, ਉਹ ਇਹ ਹੈ ਕਿ ਜਿਹੜਾ ਪਾਣੀ ਖਰਾਬ ਹੋ ਜਾਂਦਾ ਹੈ, ਫਜ਼ੂਲ ਚਲਾ ਜਾਂਦਾ ਹੈ, ਨਾਲਿਆਂ ਵਿੱਚ ਜਾਂ ਹੋਰ ਸਾਧਨਾਂ ਤੇ ਚਲਾ ਜਾਂਦਾ ਹੈ, ਪਾਣੀ ਜਿਹੜਾ ਜ਼ਾਇਆ ਹੋ ਜਾਂਦਾ ਹੈ, ਉਸ ਦਾ ਸਮਾਧਾਨ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਦੂਜੀ ਗੱਲ ਇਹ ਹੈ ਕਿ ਮੈਂ ਸਦਨ ਵਿੱਚ ਦੋ-ਚਾਰ ਵਾਰੀ ਆਪਣੇ ਇਲਾਕੇ ਦਾ ਸਵਾਲ ਵੀ ਰੱਖ ਚੁੱਕਿਆ ਹਾਂ । ਜਿਹੜੇ ਐਸੇ ਇਲਾਕੇ ਹਨ ਜਿੱਥੇ ਪਾਣੀ ਦਾ ਕੋਈ ਸਾਧਨ ਨਹੀਂ ਉਨ੍ਹਾਂ ਵਾਸਤੇ ਮਾਨਯੋਗ ਖਜ਼ਾਨਾ ਮੰਤਰੀ ਜੀ ਨੇ 30 ਕਰੋੜ ਰੁਪਿਆ ਡੂੰਘੇ ਟਿਊਬਵੈੱਲਾਂ ਵਾਸਤੇ ਰੱਖਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਸਾਡਾ ਇਲਾਕਾ ਕੰਢੀ ਦਾ ਇਲਾਕਾ ਹੈ । ਉਥੇ ਨਾ ਤਾਂ ਨਹਿਰੀ ਪਾਣੀ ਦਾ ਸਾਧਨ ਹੈ, ਨਾ ਨਲਕਾ ਹੈ ਤੇ ਇੱਥੋਂ ਤੱਕ ਕਿ ਜੇ ਵਾਟਰ ਸਪਲਾਈ ਲਈ ਟੂਟੀ ਜਾਂਦੀ ਹੈ, ਉਹ ਵੀ ਦੋ ਕਿਲੋਮੀਟਰ ਦੂਰ ਹੁੰਦੀ ਹੈ । ਜੇ ਉਥੇ ਡੂੰਘੇ ਬੋਰ ਦੇ ਦਿੱਤੇ ਜਾਣ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਨਾਲ ਖੇਤੀ ਦਾ ਪਾਣੀ ਵੀ ਹੱਲ ਹੋ ਜਾਵੇਗਾ ਤੇ ਪੀਣ ਵਾਲੇ ਪਾਣੀ ਦਾ ਵੀ ਸਮਾਧਾਨ ਹੋ ਜਾਵੇਗਾ ।

ਡਿਪਟੀ ਸਪੀਕਰ ਸਾਹਿਬ, ਜਿੱਥੋਂ ਤੱਕ ਸਵਾਲ ਹੈ ਪਛੜੇ ਸਮਾਜ ਦਾ, ਅਸੀਂ ਦੇਖਦੇ ਰਹੇ ਹਾਂ ਕਿ ਬੜਾ ਸ਼ੋਰ ਸ਼ਰਾਬਾ ਹੋਇਆ ਕਿ ਪੈਨਸ਼ਨਾਂ ਬੰਦ ਕਰ ਦਿੱਤੀਆਂ ਹਨ। ਬੁਢਾਪਾ ਪੈਨਸ਼ਨ ਬੰਦ ਕਰ ਦਿੱਤੀ ਗਈ, ਵਿਧਵਾ ਪੈਨਸ਼ਨ ਬੰਦ ਕਰ ਦਿੱਤੀ ਗਈ, ਵਜ਼ੀਫੇ ਬੰਦ ਕਰ ਦਿੱਤੇ ਗਏ । ਡਿਪਟੀ ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ । ਇਸ ਤੋਂ ਇਲਾਵਾ ਜਿਹੜੀਆਂ ਸਾਡੀਆਂ ਬਜ਼ੁਰਗ ਔਰਤਾਂ ਜਾਂ ਭੈਣਾਂ ਵਿਧਵਾ ਹੋ ਜਾਂਦੀਆਂ ਹਨ, ਡਿਪਟੀ ਸਪੀਕਰ ਸਾਹਿਬ, ਤੁਸੀਂ ਇੱਕ ਚੀਜ਼ ਵੱਲ ਧਿਆਨ ਮਾਰੋ ਤਾਂ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ 423 ਕਰੋੜ ਰੁਪਿਆ ਉਨ੍ਹਾਂ ਵਾਸਤੇ ਰੱਖਿਆ ਗਿਆ ਸੀ ਜਿਹੜੇ ਬੱਚੇ ਪ੍ਰਮਾਤਮਾ ਦੀ ਕ੍ਰੋਪੀ ਕਰਕੇ ਕਿਸੇ ਨਾ ਕਿਸੇ ਤਰੀਕੇ ਨਾਲ ਅੱਜ ਦੇ ਸਮੇਂ ਵਿੱਚ ਦੁਖ ਝੱਲ ਰਹੇ ਹਨ, ਉਨ੍ਹਾਂ 92,000 ਅਪੰਗ ਵਿਅਕਤੀਆਂ ਅਤੇ ਸਾਡੀਆਂ ਦੋ ਲੱਖ ਗਰੀਬ ਵਿਧਵਾ ਭੈਣਾਂ ਵਾਸਤੇ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਰਾਸ਼ੀ ਵਧਾ ਕੇ 482 ਕਰੋੜ ਰੁਪਏ ਰੱਖੀ ਹੈ । (ਥੰਪਿੰਗ) ਔਰ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਇਹ ਪੈਨਸ਼ਨ ਮੁਤਵਾਤਰ ਉਨ੍ਹਾਂ ਤੱਕ ਪਹੁੰਚੇਗੀ । ਇਹ ਨਹੀਂ ਕਿ ਦੋ ਸਾਲ ਪੈਨਸ਼ਨ ਬੰਦ ਰੱਖੀ ਤੇ ਜਦੋਂ ਇਲੈਕਸ਼ਨਾਂ ਨੇੜੇ ਆ ਗਈਆਂ ਤੇ ਉਹ ਫਿਰ ਚਾਲੂ ਕਰ ਦਿੱਤੀ । ਅਜਿਹਾ ਨਹੀਂ ਹੋਵੇਗਾ । ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਪਿਛਲੇ ਸਾਲ ਸਿਰਫ 65 ਕਰੋੜ ਰੁਪਿਆ ਇਨ੍ਹਾਂ ਦੀ ਵੈਲਫੇਅਰ ਵਾਸਤੇ ਰੱਖਿਆ ਗਿਆ ਸੀ, ਪਰ ਐਤਕੀਂ ਇਹ ਰਕਮ ਦੁਗਣੀ ਕਰਕੇ 118 ਕਰੋੜ ਰੁਪਏ ਕਰ ਦਿੱਤੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਦੱਸਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੇ ਲੜਕੇ ਜਿਨ੍ਹਾਂ ਦਾ ਕੈਲੀਬਰ ਅੱਛਾ ਹੈ, ਆਉਣ ਵਾਲੇ ਸਮੇਂ ਵਿੱਚ ਇੱਕ ਕਰੋੜ ਤੋਂ ਲੈ ਕੇ 100 ਕਰੋੜ ਤੱਕ ਸਰਕਾਰ ਉਨ੍ਹਾਂ ਵਾਸਤੇ ਖਰਚਾ ਕਰੇਗੀ ਤਾਂ ਕਿ ਉਹ ਹਿੰਦੁਸਤਾਨ ਵਿੱਚ ਕਿਤੇ ਵੀ ਫਲਾਇੰਗ ਕਲੱਬ ਜਾਇਨ ਕਰਨ ਜਾਂ ਹੋਰ ਅੱਛੀ ਸੰਸਥਾ ਵਿੱਚ ਟ੍ਰੇਨਿੰਗ ਲੈਣ । ਇਹ ਰਕਮ ਉਨ੍ਹਾਂ ਲਈ ਮੁਹੱਈਆ ਕਰਵਾਈ ਜਾਵੇਗੀ । ਇਹ ਸ਼ਲਾਘਾਯੋਗ ਕਦਮ ਹੈ । ਮੈਂ ਸਮਝਦਾ ਹਾਂ ਕਿ ਜਿਹੜੇ ਦਲਿਤ ਵੀਰ ਮਹਿਸੂਸ ਕਰਦੇ ਸੀ ਕਿ ਅਸੀਂ ਪਹੁੰਚ ਨਹੀਂ ਕਰ ਸਕਦੇ, ਉਨ੍ਹਾਂ ਵਾਸਤੇ ਇਹ ਬੜਾ ਵੱਡਾ ਆਸਰਾ ਹੈ । ਡਿਪਟੀ ਸਪੀਕਰ ਸਾਹਿਬ, ਜਿੱਥੋਂ ਤੱਕ ਸਵਾਲ ਹੈ, ਐਨਰਜੀ ਦਾ, ਪਾਵਰ ਦਾ, ਊਰਜਾ ਦਾ, ਮੇਰੇ ਵੀਰ ਜਿਆਨੀ ਜੀ ਨੇ ਦੱਸਿਆ ਹੈ । ਮੈਂ ਤੱਥਾਂ ਦੇ ਆਧਾਰ ਤੇ ਗੱਲ ਕਰਾਂਗਾ ਕਿ ਪਿਛਲੇ ਪੰਜ ਸਾਲਾਂ ਦੌਰਾਨ ਇਕ ਵੀ ਮੈਗਾਵਾਟ ਬਿਜਲੀ ਪੰਜਾਬ ਵਿੱਚ ਪੈਦਾ ਨਹੀਂ ਹੋਈ । ਬਿਜਲੀ ਦੀ ਇੰਨੀ ਜ਼ਿਆਦਾ ਕਿੱਲਤ ਹੈ, ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ 66 ਕੇ.ਵੀ. ਸਬ-ਸਟੇਸ਼ਨ ਸੈਂਕਸ਼ਨ ਹੋਇਆ ਸੀ । ਮੈਂ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਬੇਨਤੀ ਕਰਾਂਗਾ ਕਿ ਉਹ 66 ਕੇ.ਵੀ. ਸਬ-ਸਟੇਸ਼ਨ 2008-09 ਦੇ ਬਜਟ ਵਿੱਚ ਬਣਨਾ ਹੈ, ਕ੍ਰਿਪਾ ਕਰਕੇ ਇਸ ਨੂੰ 2007-08 ਦੇ ਬਜਟ ਵਿੱਚ ਕਰ ਦਿੱਤਾ ਜਾਵੇ ਕਿਉਂਕਿ ਪਿਛਲੇ ਤਿੰਨ ਸਾਲਾਂ ਵਿੱਚ ਉਸ ਹਲਕੇ ਵਿੱਚ ਟੈਂਪਰੇਰੀ ਕੁਨੈਕਸ਼ਨ ਵੀ ਨਹੀਂ ਦਿੱਤੇ ਗਏ ਕਿਉਂਕਿ ਉਥੇ ਓਵਰ ਲੋਡ ਹੈ । ਪਿੱਛੋਂ ਜਵਾਬ ਆ ਜਾਂਦਾ ਹੈ ਕਿ ਉਥੇ ਬਿਜਲੀ ਨਾ ਵਧਾਓ ।

ਮੈਂ ਸਾਡੇ ਸਤਿਕਾਰਯੋਗ ਮਨਪ੍ਰੀਤ ਸਿੰਘ ਜੀ ਬਾਦਲ ਦੀ ਸ਼ਲਾਘਾ ਕਰਦਾ ਹਾਂ ਕਿ ਇਸ ਵਾਰ ਬਿਜਲੀ ਵਾਸਤੇ 924 ਕਰੋੜ ਰੁਪਏ ਤੋਂ ਵਧਾ ਕੇ 1062 ਕਰੋੜ ਰੁਪਏ ਰੱਖੇ ਹਨ, ਜਿਸ ਵਿੱਚ ਇਨ੍ਹਾਂ ਨੇ ਸਦਨ ਨੂੰ ਇਸ ਗਲ ਦਾ ਵਿਸ਼ਵਾਸ ਦਿਵਾਇਆ ਹੈ ਕਿ ਤਿੰਨ ਥਰਮਲ ਪਲਾਂਟ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਤਿਆਰ ਹੋਣਗੇ ਔਰ ਆਉਣ ਵਾਲੇ ਚਾਰ ਸਾਲਾਂ ਵਿੱਚ ਸਾਰੇ ਪੰਜਾਬ ਵਿੱਚ 24 ਘੰਟੇ ਬਿਜਲੀ ਸਪਲਾਈ ਹੋਵੇਗੀ । ਇਹ ਇੱਕ ਬਹੁਤ ਹੀ ਵੱਡਾ ਕਦਮ ਹੈ, (ਥੰਪਿੰਗ) ਜਿਹੜਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਚੁੱਕਿਆ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਇਹ ਪੰਜਾਬ ਨੂੰ ਨਵੀਆਂ ਲੀਹਾਂ ਤੇ ਲੈ ਜਾਵੇਗਾ ।

Original with:
Punjab Vidhan Sabha
Digitized by:
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]

ਡਿਪਟੀ ਸਪੀਕਰ ਸਾਹਿਬ, ਜਿੱਥੋਂ ਤੱਕ ਉਦਯੋਗ ਦਾ ਸਵਾਲ ਹੈ, ਮੈਂ ਇਹ ਕਹਿਣ ਤੋਂ ਗੁਰੇਜ ਨਹੀਂ ਕਰਾਂਗਾ ਕਿ ਸੈਂਟਰ ਨੇ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ । ਜਿਹੜੇ ਸਾਡੇ ਗੁਆਂਢੀ ਰਾਜ ਹਨ, ਉਨ੍ਹਾਂ ਨੂੰ ਜ਼ਿਆਦਾ ਸਹੂਲਤਾਂ ਦਿੱਤੀਆਂ ਗਈਆਂ ਅਤੇ ਉਸ ਦੀ ਵਜ੍ਹਾ ਬਣੀ, ਉਸ ਦਾ ਕਾਰਨ ਬਣਿਆ ਕਿ ਸਾਡੀ ਜਿਹੜੀ ਇੰਡਸਟਰੀ ਹੈ, ਭਾਵੇਂ ਫਾਰਮਾਸਿਊਟੀਕਲ ਦੀ ਹੈ ਭਾਵੇਂ ਹੋਰ ਇੰਡਸਟਰੀ ਹੈ, ਉਹ ਨਾਲ ਦੇ ਸੂਬਿਆਂ ਵਿੱਚ ਚਲੀ ਗਈ । ਬੜੇ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵੱਡਾ ਪ੍ਰੋਜੈਕਟ, ਗੁਰੂ ਗੋਬਿੰਦ ਸਿੰਘ ਬਠਿੰਡਾ ਰਿਫਾਈਨਰੀ, ਜਿਹੜਾ ਪੰਜਾਬ ਵਿੱਚ ਲਿਆਂਦਾ ਸੀ, ਇਹ 19,000 ਕਰੋੜ ਰੁਪਏ ਦਾ ਪ੍ਰੋਜੈਕਟ ਹੈ । ਇਹ ਪਹਿਲਾਂ ਕਿਉਂ ਨਹੀਂ ਆਇਆ, ਇਹ ਵੀ ਬਿਹਤਰ ਜਾਣਦੇ ਹਨ । ਇਸ ਗੱਲ ਦੀ ਸਮਝ ਨਹੀਂ ਆਈ ਕਿ ਪਿਛਲੇ ਪੰਜ ਸਾਲ ਉਸ ਦੇ ਰਾਹ ਵਿੱਚ ਰੋੜੇ ਕਿਉਂ ਅਟਕਾਏ ਗਏ, ਉਸ ਨੂੰ ਲੱਗਣ ਕਿਉਂ ਨਹੀਂ ਦਿੱਤਾ ਗਿਆ । ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਦਿਆਂ ਹੀ ਰਿਫਾਈਨਰੀ ਦਾ ਕੰਮ ਕੀਤਾ ਹੈ । ਇਹ ਇਨ੍ਹਾਂ ਦੇ ਉਪਰਾਲਿਆਂ ਨਾਲ ਹੀ ਮਨਜ਼ੂਰ ਹੋ ਕੇ ਸ਼ੁਰੂ ਹੋਣ ਲੱਗੀ ਹੈ । ਡਿਪਟੀ ਸਪੀਕਰ ਸਾਹਿਬ, ਇਸ ਨਾਲ ਸਾਡੇ ਪੰਜਾਬ ਦੇ ਤਕਰੀਬਨ 1.50 ਲੱਖ ਬੇਰੁਜ਼ਗਾਰ ਨੌਜਵਾਨਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਰੋਜ਼ਗਾਰ ਮਿਲੇਗਾ । ਸਾਡੇ ਖਜ਼ਾਨੇ ਦੀ ਆਮਦਨ ਵੀ ਵਧੇਗੀ । ਮੈਂ ਮਹਿਸੂਸ ਕਰਦਾ ਹਾਂ ਕਿ ਜਿਥੇ ਕਿਤੇ ਇੰਡਸਟਰੀ ਆਉਂਦੀ ਹੈ, ਉਥੇ ਆਰਥਿਕਤਾ ਵਿੱਚ ਵੀ ਸੁਧਾਰ ਆਉਂਦਾ ਹੈ । ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਸ ਦੀ ਪ੍ਰੋੜਤਾ ਕਰਦਾ ਹਾਂ । ਮੈਂ ਧੰਨਵਾਦ ਕਰਦਾ ਹਾਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਜਿਨ੍ਹਾਂ ਨੇ ਬੜੀ ਦੂਰਅੰਦੇਸ਼ੀ ਨਾਲ ਸੋਚ ਕੇ ਇਹ ਬਜਟ ਤਿਆਰ ਕੀਤਾ ਹੈ ਜਿਹੜਾ ਆਉਣ ਵਾਲੇ ਸਮੇਂ ਵਿੱਚ ਇਸ ਪੰਜਾਬ ਨੂੰ ਪੁਲਾਂਘਾਂ ਪੁੱਟਦਾ ਵਿਕਾਸ ਵਾਲੇ ਰਾਹ ਤੇ ਲੈ ਜਾਵੇਗਾ, ਜਿਹੜਾ ਪੰਜਾਬ ਅੱਜ ਬਾਕੀ ਸੂਬਿਆਂ ਤੋਂ ਪਿੱਛੇ ਰਹਿ ਗਿਆ ਹੈ, ਉਹ ਪੰਜਾਬ ਹੁਣ ਛਾਲਾਂ ਮਾਰ ਕੇ ਬਾਕੀ ਸੂਬਿਆਂ ਨਾਲੋਂ ਮੂਹਰਲੀ ਕਤਾਰ ਵਿੱਚ ਜਾ ਕੇ ਖੜ੍ਹਾ ਹੋਵੇਗਾ । ਇੰਨਾਂ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ । ਜੈ ਹਿੰਦ ।

**ਸਰਦਾਰ ਰਣਦੀਪ ਸਿੰਘ ਨਾਭਾ** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਜਦੋਂ ਮੈਂਬਰ ਸਾਹਿਬ ਬੋਲ ਰਹੇ ਸੀ ਤਾਂ ਉਨ੍ਹਾਂ ਨੂੰ ਟੋਕਣਾ ਮੈਂ ਮੁਨਾਸਿਬ ਨਹੀਂ ਸਮਝਿਆ । ਕੱਲ੍ਹ ਇਨ੍ਹਾਂ ਦੇ ਟਰੈਜ਼ਰੀ ਬੈਂਚਾਂ ਦੇ ਮੈਂਬਰ ਸਾਹਿਬ ਜ਼ਿਕਰ ਕਰ ਰਹੇ ਸੀ ਕਿ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੀ ਬਹੁਤ ਵੱਡੀ ਦੇਣ ਹੈ ਕਿ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਕਰਜ਼ਾ ਮੁਆਫ ਕੀਤਾ ਹੈ । ਅੱਜ ਇਹ ਕਹਿ ਰਹੇ ਹਨ ਕਿ ਸੈਂਟਰ ਦੀ ਸਰਕਾਰ ਨੇ ਆਮ ਤੌਰ ਤੇ ਸਾਡੇ ਨਾਲ ਵਿਤਕਰਾ ਕੀਤਾ ਹੈ । ........(ਵਿਘਨ)........ਕੱਲ੍ਹ ਹੀ ਇਨ੍ਹਾਂ ਦੇ ਮੈਂਬਰ ਸਾਹਿਬ ਕਹਿ ਰਹੇ ਸੀ ਕਿ ਸਰਦਾਰ ਮਨਮੋਹਨ ਸਿੰਘ ਦੀ ਸਰਕਾਰ ਨੇ ਸਾਡੇ ਨਾਲ ਕਾਫ਼ੀ ਸਹਿਯੋਗ ਦਿੱਤਾ ਹੈ । (ਵਿਘਨ) ਮੈਂ ਪਹਿਲਾਂ ਮੁਨਾਸਿਬ ਨਹੀਂ ਸਮਝਿਆ ਕਿ ਮੈਂਬਰ ਸਾਹਿਬ ਬੋਲ ਰਹੇ ਸੀ ਤੇ ਉਨ੍ਹਾਂ ਨੂੰ ਟੋਕਾਂ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸ਼ਬਦ ਜੋ ਕਹੇ ਗਏ ਹਨ੍ਹ ਇਹ ਕੱਟੇ ਜਾਣ । ਮੈਂ ਇਸ ਸਬੰਧੀ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ, ਖਾਸ ਕਰਕੇ ਟਰੇਜ਼ਰੀ ਬੈਂਚਿਜ਼ ਵੱਲੋਂ ਜ਼ਿਕਰ ਕੀਤਾ ਗਿਆ ਸੀ ਕਿ ਸਰਦਾਰ ਮਨਮੋਹਨ ਸਿੰਘ ਦੀ ਸਰਕਾਰ ਨੇ, ਕਾਂਗਰਸ ਦੀ ਸਰਕਾਰ ਨੇ ਸਮਰਥਨ ਦਿੱਤਾ ਹੈ ਤੇ ਲੋਨ ਮਾਫ਼ ਕੀਤਾ ਹੈ । (ਸ਼ੋਰ)

**Mr. Deputy Speaker :** Please sit down. Sud ji, please speak.

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਮੈਂ ਕੁਝ ਐਸੀਆਂ ਗੱਲਾਂ ਇਸ ਸਦਨ ਦੇ ਧਿਆਨ ਵਿੱਚ ਲਿਆਉਣੀਆਂ ਚਾਹੁੰਦਾ ਹਾਂ ਜਿਸ ਤੋਂ ਇਹ ਸਪਸ਼ਟ ਹੋ ਜਾਵੇਗਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ, 13ਵੀਂ ਵਿਧਾਨ ਸਭਾ ਜਿਹੜੀ ਚਲ ਰਹੀ ਹੈ, ਇਸ ਦਾ ਜਿਹੜਾ ਇਹ ਬਜਟ ਹੈ ਉਹ ਬਹੁਤ ਹੀ ਸੰਤੁਲਿਤ ਬਜਟ ਹੈ, ਹਿਸਟੋਰਿਕ ਬਜਟ ਹੈ । ਅੱਜ ਤੱਕ ਸ਼ਾਇਦ ਹੀ ਸਦਨ ਵਿੱਚ ਐਸਾ ਬਜਟ ਆਇਆ ਹੋਵੇ ਜਿਸ ਵਿਚ ਡਿਪਟੀ ਸਪੀਕਰ ਸਾਹਿਬ, ਇਕ ਪੈਸੇ ਦਾ ਨਵਾਂ ਟੈਕਸ ਨਹੀਂ ਲਗਾਇਆ ਗਿਆ । ਦੂਜੇ ਪਾਸੇ ਹਰ ਇਕ ਡਿਪਾਰਟਮੈਂਟ ਨੂੰ, ਪੂਰੇ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਤੇ ਚਲਾਉਣ ਲਈ ਵੱਡੇ ਉਪਰਾਲੇ ਕੀਤੇ ਗਏ ਹਨ । ਮੈਂ ਸਾਰੇ ਵਿਸ਼ਿਆਂ ਤੇ ਨਹੀਂ ਬੋਲਾਂਗਾ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਆਪਣੀ ਇਹ ਸਰਕਾਰ ਬਣੀ ਮੇਰੇ ਕੋਲ ਮੈਡੀਕਲ ਐਜੂਕੇਸ਼ਨ ਤੇ ਰਿਸਰਚ ਦਾ ਡਿਪਾਰਟਮੈਂਟ ਹੈ । ਉਸ ਵੇਲੇ ਜਿਵੇਂ ਕਹਿੰਦੇ ਹਨ ਕਿ ਸਿਰ ਮੁੰਡਾਉਂਦਿਆਂ ਔਲੇ ਪੈ ਗਏ, ਮੈਡੀਕਲ ਕੌਂਸਲ ਆਫ਼ ਇੰਡੀਆ ਨੇ ਸਾਨੂੰ ਆਬਜੈਕਸ਼ਨ ਲਾ ਦਿੱਤੀ ਕਿ ਪੰਜਾਬ ਦੇ ਉਹ ਮੈਡੀਕਲ ਕਾਲਜ ਜਿਹੜੇ ਬੜੇ ਹਿਸਟੋਰਿਕ ਮੈਡੀਕਲ ਕਾਲਜ ਹਨ ਜਿੱਥੋਂ ਡਾਕਟਰੀ ਪੜ੍ਹ ਦੇ ਦੁਨੀਆਂ ਭਰ ਵਿੱਚ ਡਾਕਟਰ ਵੱਡੇ ਵੱਡੇ ਅਹੁਦਿਆਂ ਤੇ ਪਹੁੰਚੇ ਹਨ, ਉਨ੍ਹਾਂ ਮੈਡੀਕਲ ਕਾਲਜਾਂ ਦੀਆਂ ਸੀਟਾਂ ਘਟਾਉਣੀਆਂ ਪੈਣਗੀਆਂ । ਡਿਪਟੀ ਸਪੀਕਰ ਸਾਹਿਬ, ਸਾਨੂੰ ਉਸ ਵੇਲੇ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਜਦੋਂ ਸਰਕਾਰੀ ਰਿਕਾਰਡ ਦੇਖਿਆ ਤਾਂ ਅਫ਼ਸੋਸ ਹੋਇਆ ਕਿ ਪੰਜ ਸਾਲ ਪਿਛਲੀ ਸਰਕਾਰ ਨੇ ਬਿਲਕੁਲ ਵੀ ਇਨ੍ਹਾਂ ਮੈਡੀਕਲ ਕਾਲਜਾਂ

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ
ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ]

ਵੱਲ ਧਿਆਨ ਨਹੀਂ ਦਿੱਤਾ ਕਿ ਇਨ੍ਹਾਂ ਦਾ ਕੀ ਹਾਲ ਹੈ ? ਸਟਾਫ਼ ਘੱਟ ਚੁੱਕਾ ਸੀ, ਇੰਨਫ੍ਰਾਸਟ੍ਰਕਚਰ ਇਸ ਵਿੱਚ ਬਿਲਕੁਲ ਮੌਜੂਦ ਨਹੀਂ ਸੀ । ਜੋ ਸਮਾਨ ਸਾਡੇ ਮੈਡੀਕਲ ਕਾਲਜਾਂ ਲਈ ਚਾਹੀਦਾ ਸੀ.....

**ਸ਼੍ਰੀ ਬ੍ਰਹਮ ਮਹਿੰਦਰਾ** : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਸੀ ਸਮੇਂ......

**ਸ਼੍ਰੀ ਬ੍ਰਹਮ ਮਹਿੰਦਰਾ** : ਡਿਪਟੀ ਸਪੀਕਰ ਸਾਹਿਬ, ਇਹ ਮੇਰਾ ਰਾਈਟ ਹੈ । It should be allowed to me.

**ਮਾਨਯੋਗ ਡਿਪਟੀ ਸਪੀਕਰ** : ਬ੍ਰਹਮ ਮਹਿੰਦਰਾ ਜੀ ਨੂੰ ਬੋਲ ਲੈਣ ਦਿਓ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਪੁਆਇੰਟ ਆਫ਼ ਆਰਡਰ ਹੈ ਹੀ ਨਹੀਂ ਕੋਈ । ਦੱਸਣ ਕੀ ਇਹ ?

**ਮਾਨਯੋਗ ਡਿਪਟੀ ਸਪੀਕਰ** : ਸੁਣੋ ਤਾਂ ਸਹੀ, ਕੀ ਕਹਿ ਰਹੇ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ** : ਡਿਪਟੀ ਸਪੀਕਰ ਸਾਹਿਬ, ** **

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਹ ਪਿਛਲੀ ਵਾਰੀ ਇਥੇ ਨਹੀਂ ਸਨ । ਇਸ ਲਈ ਇਨ੍ਹਾਂ ਨੂੰ ਨਹੀਂ ਪਤਾ ਕਿ ਮਨਿਸਟਰ ਜਵਾਬ ਵੀ ਦਿੰਦੇ ਹਨ ਅਤੇ ਮਨਿਸਟਰ ਬਜਟ ਤੇ ਬੋਲਦੇ ਵੀ ਰਹੇ ਹਨ ।

| *12.04 ਵਜੇ ਬਾਅਦ ਦੁਪਹਿਰ | (ਇਸ *ਸਮੇਂ ਕੈਪਟਨ ਬਲਬੀਰ ਸਿੰਘ ਬਾਠ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।) |
|---|---|

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੋ ਮੈਂ ਕਹਿਣਾ ਹੈ ਇਹ ਬਜਟ ਨਾਲ ਤਾਅਲੁਕ ਰੱਖਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕਲੇ ਬਜਟ ਵਿੱਚ ਹੀ ਮੈਡੀਕਲ ਐਜੂਕੇਸ਼ਨ ਲਈ ਪ੍ਰੋਵੀਜ਼ਨ ਨਹੀਂ ਰੱਖੀ ਗਈ । ਵਿੱਤ ਮੰਤਰੀ ਸਾਹਿਬ ਖੁਦ ਅੰਮ੍ਰਿਤਸਰ ਗਏ ਸੀ ਅਤੇ ਉਥੇ ਦੋ ਦਿਨ ਰਹੇ ਹਨ । ਮੈਡੀਕਲ ਕਾਲਜ ਦੀਆਂ ਮੰਗਾਂ ਬਾਰੇ ਜਾਇਜ਼ਾ ਲਿਆ । ਤਿੰਨ ਹਾਈ ਲੈਵਲ ਦੀਆਂ ਮੀਟਿੰਗਾਂ ਕੀਤੀਆਂ । ਅੱਜ ਉਸ ਕਾਲਜ ਨੂੰ ਠੀਕ ਚਲਾਉਣ ਲਈ ਇਸ ਬਜਟ ਵਿੱਚ ਉਚਿਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਮੈਡੀਕਲ ਐਜੂਕੇਸ਼ਨ ਨੂੰ ਬਚਾ ਸਕੀਏ । ਇਸ ਬਜਟ ਦੀ ਬਹਿਸ ਵਿਚ ਸਾਡੇ ਦੋ ਸਾਥੀ ਇਕ ਸਾਡੇ ਵਿਰੋਧੀ ਧਿਰ ਦੇ ਲੀਡਰ ਮਾਨਯੋਗ ਸਰਦਾਰਨੀ ਰਾਜਿੰਦਰ ਕੌਰ ਭੱਠਲ ਜੀ ਨੇ ਵੀ ਸਦਨ ਦਾ ਧਿਆਨ ਇਸ ਗੱਲ ਵੱਲ ਲਿਆਂਦਾ ਹੈ ਕਿ ਪੰਜਾਬ ਦੇ ਵਿੱਚ ਜੰਗਲਾਤ ਵੱਲ ਧਿਆਨ ਦਿੱਤਾ ਜਾਵੇ । ਇਸ ਦਾ ਏਰੀਆ ਵਧਾਉਣਾ ਚਾਹੀਦਾ ਹੈ । ਜੰਗਲਾਤ ਵੱਧ ਹੋਣੇ ਚਾਹੀਦੇ ਹਨ । ਬੇਸ਼ੱਕ ਇਹ ਵੇਖਣ ਵਿੱਚ ਛੋਟਾ ਜਿਹਾ ਸਬਜੈਕਟ ਹੀ ਲਗਦਾ ਹੈ ਪਰ ਇਸ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ । ਕਿਉਂਕਿ ਅੱਜ ਜੋ ਮੌਸਮ ਹੈ, ਉਹ ਬਦਲ ਰਿਹਾ ਹੈ । ਜ਼ਮੀਨ ਦਾ ਪਾਣੀ ਥੱਲੇ ਜਾ ਰਿਹਾ ਹੈ । ਇਹ ਸਾਰੀਆਂ ਜੋ ਕਮੀਆਂ ਆ ਰਹੀਆਂ ਹਨ, ਇਸ ਵੱਲ ਆਨਰੇਬਲ ਐਫ.ਐਮ. ਸਾਹਿਬ ਧਿਆਨ ਦੇਣ । ਅੱਜ ਗਲੋਬਲ ਵਾਰਮਿੰਗ ਕਿੰਨੀ ਵੱਧ ਗਈ ਹੈ ਅਤੇ ਹੋਰ ਵੀ ਵੱਧ ਰਹੀ ਹੈ । ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦਾ ਇਕੋ ਇਕ ਇਲਾਜ ਹੈ ਕਿ ਵੱਧ ਤੋਂ ਵੱਧ ਦਰੱਖਤ ਲਗਾਏ ਜਾਣ ਔਰ ਸਾਡੇ ਸਰਦਾਰ ਸ਼ੇਰ ਸਿੰਘ ਜੋ ਕਿ ਜਲਾਲਾਬਾਦ ਤੋਂ ਐਮ.ਐਲ.ਏ. ਹਨ, ਉਨ੍ਹਾਂ ਨੇ ਇੱਕ ਰੌਂਗਟੇ ਖੜ੍ਹੇ ਕਰਨ ਵਾਲੀ ਗੱਲ ਕਹੀ ਹੈ ਕਿ ਉਨ੍ਹਾਂ ਦੇ ਇਲਾਕੇ ਵਿੱਚ ਪਿਛਲੀ ਸਰਕਾਰ ਦੇ ਫਾਰੈਸਟ ਮੰਤਰੀ ਨੇ ਅਤੇ ਉਨ੍ਹਾਂ ਦੇ ਅਧਿਕਾਰੀਆਂ ਨੇ ਰਲ ਕੇ ਬਹੁਤ ਵੱਡੀ ਪੱਧਰ ਤੇ ਜੰਗਲਾਂ ਦਾ ਕਟਾਨ ਕਰਵਾ ਦਿੱਤਾ । ਚੇਅਰਮੈਨ ਸਾਹਿਬ, ਮੈਨੂੰ ਬੜਾ ਦੁਖ ਹੋਇਆ ਕਿ ਇਸ ਤਰ੍ਹਾਂ ਕਿਉਂ ਹੋਇਆ ? ਮੈਨੂੰ ਵੈਸੇ ਵੀ ਕੰਪਲੇਂਟਸ ਆਈਆਂ ਹਨ, ਜੇ ਕੋਈ ਕੰਪਲੇਂਟਸ ਮੇਰੇ ਕੋਲ ਆਉਣਗੀਆਂ ਤਾਂ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਆਪਾਂ ਵੱਡੇ ਲੈਵਲ ਤੇ ਇਸ ਸਬੰਧ ਵਿਚ ਫੌਰੀ ਤੌਰ ਤੇ ਇਨਕੁਆਇਰੀ ਕਰਵਾਈਏ । (ਥੰਪਿੰਗ) ਅਗਰ ਜ਼ਰੂਰਤ ਪਈ ਤਾਂ ਵਿਜੀਲੈਂਸ ਤੋਂ ਵੀ ਇਨਕੁਆਇਰੀ ਕਰਵਾਈ ਜਾਵੇ । ਸਾਨੂੰ ਜੰਗਲਾਂ ਤੇ ਜ਼ਮੀਨ ਨੂੰ ਆਪਣੇ ਧੀਆਂ ਪੁੱਤਾਂ ਵਾਂਗ ਸਮਝਣਾ ਚਾਹੀਦਾ ਹੈ । ਖਾਸ ਕਰਕੇ ਮਹਿਕਮੇ ਦੇ ਅਫ਼ਸਰ ਅਤੇ ਮੰਤਰੀ ਤਾਂ ਕਸਟੋਡੀਅਨ ਹੁੰਦੇ ਹਨ, ਇਹ ਆਪੋ ਆਪਣੇ ਮਹਿਕਮੇ ਦੇ ਸਾਜੋ ਸਾਮਾਨ ਤੇ ਹੋਰ ਸਾਰੀਆਂ ਗੱਲਾਂ ਲਈ ਰਖਵਾਲੇ ਹੁੰਦੇ ਹਨ । ਪਰ ਜੇ ਵਾੜ ਹੀ ਖੇਤ ਨੂੰ ਖਾਣ ਲਗ ਜਾਵੇ ਤਾਂ ਬਹੁਤ ਹੀ ਮਾੜੀ ਗੱਲ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸੱਤ ਘਰ ਤਾਂ ਮਾੜੇ ਤੋਂ ਮਾੜਾ ਬੰਦਾ ਵੀ ਛੱਡ ਦਿੰਦਾ ਹੈ । ਦੁਖ ਦੀ ਗੱਲ ਹੈ ਕਿ ਇਹੋ ਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ।

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ
ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ]

ਇਨ੍ਹਾਂ ਬਾਰੇ ਜਾਂਚ ਹੋਣੀ ਚਾਹੀਦੀ ਹੈ । ਇਹ ਜ਼ਰੂਰੀ ਹੈ । ਮੈਂ ਮਾਨਯੋਗ ਐਮ.ਐਲ.ਏ. ਨੂੰ ਬੇਨਤੀ ਕਰਾਂਗਾ ਕਿ ਜੇ ਉਹ ਸਪੈਸੇਫਿਕ ਕੰਪਲੇਂਟ ਪਹੁੰਚਾ ਦੇਣਗੇ ਤਾਂ ਕਾਰਵਾਈ ਅਵੱਸ਼ ਹੋਵੇਗੀ ।

*12.06 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਮਾਨਯੋਗ ਡਿਪਟੀ ਸਪੀਕਰ ਸਾਹਿਬ, ਜੰਗਲਾਤ ਮਹਿਕਮੇ ਨੇ ਇਸ ਵਾਰੀ 98 ਲੱਖ ਨਵੇਂ ਪੌਦੇ ਪੰਜਾਬ ਦੇ ਵਿੱਚ ਲਾਉਣੇ ਹਨ । ਸਾਡਾ ਜੋ ਇਸ ਵੇਲੇ ਜੰਗਲਾਤ ਦੇ ਹੇਠ ਰਕਬਾ ਹੈ, ਉਹ 6.33% ਹੈ ਔਰ ਜੋ ਨੈਸ਼ਨਲ ਓਬਜੈਕਟਿਵ ਹੈ, ਉਹ 33% ਹੈ । ਸਾਲ 1997 ਦੇ ਵਿੱਚ ਅਸੀਂ ਐਕਸ਼ਨ ਪਲਾਨ ਬਣਾਈ ਸੀ ਕਿ ਸਾਲ 2017 ਦੇ ਵਿੱਚ ਉਸ ਤਹਿਤ 15% ਏਰੀਆ ਜੰਗਲਾਤ ਹੇਠ ਲਿਆਉਣਾ ਹੈ । ਜੇ ਨਹੀਂ ਲਿਆ ਪਾਉਂਦੇ ਤਾਂ ਜਿਹੜੀ ਪਰਮਿਸ਼ਨ ਪ੍ਰਾਈਵੇਟ ਮਾਲਕਾਂ ਨੂੰ ਅਸੀਂ ਦੇਣੀ ਹੈ, ਉਹ ਨਹੀਂ ਦਿੱਤੀ ਜਾ ਸਕੇਗੀ । ਮੈਂ ਐਫ.ਐਮ. ਸਾਹਿਬ ਔਰ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਸੀਂ ਬਹੁਤ ਵੱਡੀ ਪੱਧਰ ਤੇ ਪਲਾਂਟੇਸ਼ਨ ਕਰਵਾਈਏ । ਪਲਾਂਟੇਸ਼ਨ ਹੋਰ ਜ਼ਿਆਦਾ ਹੋਣੀ ਚਾਹੀਦੀ ਹੈ । ਅਸੀਂ ਐਨ.ਜੀ.ਓਜ਼. ਨੂੰ, ਪ੍ਰਾਈਵੇਟ ਲੋਕਾਂ ਨੂੰ ਅਤੇ ਸੰਤਾਂ ਨੂੰ ਨਾਲ ਲਿਆ, ਅਸੀਂ ਪੰਜਾਬ ਨੂੰ ਹਰਾ ਭਰਾ ਕਰਨਾ ਚਾਹੁੰਦੇ ਹਾਂ। ਮੈਂ ਬੇਨਤੀ ਕਰਾਂਗਾ ਕਿ ਅਸੀਂ ਤਾਰਾਂ ਵੀ ਲਗਾਉਣੀਆਂ ਹਨ । ਹੋਰ ਵੀ ਬਹੁਤ ਸਾਰੇ ਕੰਮ ਇਸ ਸਬੰਧ ਵਿੱਚ ਕਰਨੇ ਹਨ ਸਾਡੇ ਬਜਟ ਵਿੱਚ ਇਸ ਸਬੰਧੀ ਹੋਰ ਇਜ਼ਾਫਾ ਕਰਨ ਦੀ ਲੋੜ ਹੈ । ਜੇਕਰ 10-20 ਕਰੋੜ ਰੁਪਿਆ ਹੋਰ ਮਿਲਦਾ ਹੈ ਤਾਂ ਅਸੀਂ ਪਬਲਿਕ ਨੂੰ ਸਹੂਲਤ ਦੇ ਸਕਦੇ ਹਾਂ, ਕਿਸਾਨ੍ਹਾਂ ਨੂੰ ਵੀ ਨੁਕਸਾਨ ਤੋਂ ਬਚਾ ਸਕਦੇ ਹਾਂ । ਹੋਰ ਵੀ ਵੱਡੀ ਪੱਧਰ ਤੇ ਪਲਾਂਟੇਸ਼ਨ ਕਰਵਾ ਸਕਦੇ ਹਾਂ। ਮੈਨੂੰ ਫਖ਼ਰ ਹੁੰਦਾ ਹੈ ਕਿ ਸਾਡੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਪ੍ਰੇਰਨਾ ਦੇ ਨਾਲ ਜਿੱਥੇ ਐਨ.ਜੀ.ਓਜ਼. ਨੂੰ ਨਾਲ ਲਿਆ ਹੈ, ਲੋਕਾਂ ਵੱਲੋਂ ਸਾਨੂੰ ਬਹੁਤ ਵੱਡਾ ਉਤਸ਼ਾਹ ਮਿਲਿਆ ਹੈ । ਬਹੁਤ ਵੱਡਾ ਸਹਿਯੋਗ ਇਸ ਦੇ ਨਾਲ ਸਾਨੂੰ ਮਿਲਿਆ ਹੈ । ਤੁਸੀਂ ਵੀ ਪੜ੍ਹਿਆ ਹੋਵੇਗਾ ਕਿ ਸਾਡੇ ਮੈਂਬਰ ਪਾਰਲੀਮੈਂਟ ਸਰਦਾਰ ਨਵਜੋਤ ਸਿੰਘ ਸਿੱਧੂ ਨੇ 50 ਲੱਖ ਰੁਪਿਆ ਆਪਣੇ ਵੱਲੋਂ ਅੰਮ੍ਰਿਤਸਰ ਨੂੰ ਹਰਾ ਭਰਾ ਕਰਨ ਲਈ ਜੰਗਲਾਤ ਲਈ ਦਿੱਤਾ ਹੈ । ਤਿੰਨ ਕਰੋੜ ਰੁਪਏ ਐਨ.ਜੀ.ਓਜ਼. ਨੇ ਜੰਗਲਾਤ ਦੇ ਵਿੱਚ ਆਪਣਾ ਸਮਰਥਨ ਦੇਣ, ਮਦਦ ਦੇਣ ਲਈ ਦਿੱਤੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਕਹਾਂਗਾ ਕਿ ਇਸ ਬਜਟ ਦੇ ਵਿੱਚ ਜਿੱਥੇ ਪੰਜਾਬ ਨੂੰ ਹਰਾ ਭਰਾ ਕਰਨ ਲਈ ਬਹੁਤ ਜ਼ਿਆਦਾ ਉਪਰਾਲੇ ਕੀਤੇ ਗਏ,

Original with;
Punjab Vidhan Sabha
Digitized by;
Panjab Digital Library

ਉਥੇ ਡਾਕਟਰੀ ਸਿੱਖਿਆ ਤੇ ਖੋਜ ਨੂੰ ਵਧਾਉਣ ਲਈ, ਇਸ ਨੂੰ ਬਚਾਉਣ ਲਈ ਵੀ ਬਹੁਤ ਵੱਡੇ ਉਪਰਾਲੇ ਹੋਏ ਹਨ । ਇਸ ਵਾਸਤੇ ਮੈਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੂੰ ਵਧਾਈ ਦਿੰਦਾ ਹਾਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ । ਮੈਂ ਇਸ ਬਜਟ ਦੀ ਪੂਰੀ ਤਾਈਦ ਕਰਦਾ ਹਾਂ ।

**ਸਰਦਾਰ ਚਰਨਜੀਤ ਸਿੰਘ ਚੰਨੀ** (ਚਮਕੌਰ ਸਾਹਿਬ, ਐਸ.ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਪੰਜਾਬ ਦੇ ਨੌਜਵਾਨ ਵਿੱਤ ਮੰਤਰੀ ਜੀ ਨੇ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਹੇਠ ਬਜਟ ਪੇਸ਼ ਕੀਤਾ । ਮੈਂ ਇਨ੍ਹਾਂ ਨੂੰ ਇਨ੍ਹਾਂ ਦੇ ਪਲੇਠੇ ਬਜਟ ਤੇ ਮੁਬਾਰਕਬਾਦ ਦਿੰਦਾ ਹਾਂ । ਪਿਛਲੇ ਦਿਨਾਂ ਵਿੱਚ ਇੱਕ ਗੱਲ ਬੜੀ ਉਭਰ ਕੇ ਸਾਹਮਣੇ ਆਈ ਕਿ....

**ਮਾਨਯੋਗ ਡਿਪਟੀ ਸਪੀਕਰ** : ਚੰਨੀ ਸਾਹਿਬ, ਤੁਹਾਨੂੰ ਸਿਰਫ 5 ਮਿੰਟ ਐਲੋਕੇਟ ਕੀਤੇ ਹਨ ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮੈਂ ਬਹੁਤ ਤੇਜ਼ੀ ਨਾਲ ਗੱਲ ਕਰ ਲੈਂਦਾ ਹਾਂ ਜੀ, ਧੰਨਵਾਦ ਜੀ । ਕੇਂਦਰੀ ਸਰਕਾਰ ਨੇ ਬਹੁਤ ਸਾਰੀਆਂ ਗਰਾਂਟਾਂ ਪੰਜਾਬ ਸਰਕਾਰ ਨੂੰ ਦਿੱਤੀਆਂ ਜਿਸ ਲਈ ਮੈਂ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਮਨਮੋਹਨ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ (ਥੰਪਿੰਗ) ਕਿ ਉਨ੍ਹਾਂ ਨੇ ਇੱਕ ਸੱਚੇ ਪੰਜਾਬੀ ਹੋਣ ਦਾ ਸਬੂਤ ਦਿੱਤਾ । ਕੱਲ੍ਹ ਸਰਦਾਰ ਮੱਖਣ ਸਿੰਘ ਜੀ ਵੀ ਕਹਿ ਰਹੇ ਸਨ ਕਿ ਮਾਨਯੋਗ ਮੁੱਖ ਮੰਤਰੀ ਜੀ ਫੁੱਲਾਂ ਦਾ ਗੁਲਦਸਤਾ ਲੈਕੇ ਜਾਂਦੇ ਹਨ ਅਤੇ ਕਰੋੜਾਂ ਰੁਪਿਆ ਦਿੱਲੀ ਸਰਕਾਰ ਤੋਂ ਲੈ ਕੇ ਆ ਜਾਂਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਸਮਝ ਨਹੀਂ ਆਉਂਦਾ ਕਿ ਬਾਦਲ ਸਾਹਿਬ ਕੋਲ ਕਿਹੜੀ ਗਿੱਦੜਸਿੰਗੀ ਹੈ ਜਿਸ ਨਾਲ ਇਨ੍ਹਾਂ ਨੇ ਕੇਂਦਰ ਸਰਕਾਰ ਤੋਂ ਪਿਛਲੇ 100 ਦਿਨਾਂ ਦੇ ਅੰਦਰ ਬੇਤਹਾਸ਼ਾ ਗਰਾਂਟਾਂ ਲਿਆ ਕੇ ਦਿੱਤੀਆਂ ਹਨ । ਮੈਂ ਇਸ ਲਈ ਇਨ੍ਹਾਂ ਦੀ ਸੂਝ-ਬੂਝ ਅਤੇ ਕਾਬਲੀਅਤ ਦੀ ਦਾਦ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਸੇ ਤਰ੍ਹਾਂ ਹੀ ਪੰਜਾਬ ਨੂੰ ਅੱਗੇ ਵਧਾਉਣ ਦੇ ਲਈ ਇਨ੍ਹਾਂ ਦੀ ਰਹਿਨੁਮਾਈ ਰਹੇਗੀ । ਅਸੀਂ ਬੜੀਆਂ ਆਸਾਂ ਉਮੀਦਾਂ ਲੈਕੇ ਚੋਣ ਲੜੀ ਅਤੇ ਲੋਕਾਂ ਨੇ ਬੜੇ ਅਰਮਾਨਾਂ ਨਾਲ ਸਾਨੂੰ ਚੁਣ ਕੇ ਭੇਜਿਆ । ਲੇਕਿਨ ਪੰਜਾਬ ਦੀ ਅਰਥ ਵਿਵਸਥਾ ਨੂੰ ਦੇਖ ਕੇ ਮੈਨੂੰ ਇੱਕ ਸ਼ੇਅਰ ਯਾਦ ਆਉਂਦਾ ਹੈ :

"ਬਹੁਤ ਸ਼ੋਰ ਸੁਨਤੇ ਥੇ ਪਹਲੂ ਮੇਂ ਦਿਲ ਕਾ
ਜਬ ਚੀਰਾ ਤੋਂ ਏਕ ਕਤਰਾ-ਏ ਖ਼ੂਨ ਨਾ ਨਿਕਲਾ"

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ ਚੰਨੀ]

ਅੱਜ ਪੰਜਾਬ ਦੀ ਅਰਥ ਵਿਵਸਥਾ ਦੀ ਸਥਿਤੀ ਬੜੀ ਚਿੰਤਾਜਨਕ ਹੈ । ਸ਼੍ਰੀ ਹਰੀਸ਼ ਢਾਂਡਾ ਜੀ ਦੀ ਵੀ ਸਪੀਚ ਸੁਣੀ । ਬੜੇ ਧਿਆਨ ਨਾਲ ਮੈਂ ਕਾਂਗਰਸੀ ਵੀਰਾਂ ਦੀਆਂ ਸਪੀਚਾਂ ਵੀ ਸੁਣੀਆਂ । ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਨੇ, ਜਾਖੜ ਸਾਹਿਬ ਨੇ ਅਤੇ ਬੀਬੀ ਭੱਠਲ ਨੇ ਵੀ ਆਪਣੀ ਸਪੀਚ ਵਿੱਚ ਜੋ ਇਹ ਰਾਹਤਾਂ ਲੋਕਾਂ ਨੂੰ ਦੇ ਰਹੇ ਹਨ ਉਸ ਤੇ ਵੀ ਜ਼ਿਕਰ ਕੀਤਾ ਅਤੇ ਇਸ ਤੇ ਚਿੰਤਾ ਵੀ ਪ੍ਰਗਟ ਕੀਤੀ । ਮੈਂ ਅੱਜ ਬੇਨਤੀ ਕਰਨਾ ਚਾਹੁੰਦਾ ਕਿ ਅੱਜ ਅਸੀਂ ਪਾਰਟੀਬਾਜੀ ਤੋਂ ਉਪਰ ਉਠ ਕੇ ਇੱਕ ਸੋਚ ਦੇ ਨਾਲ ਇਸ ਬਾਰੇ ਵਿਚਾਰ ਕਰੀਏ ਕਿ ਜੋ 6000 ਕਰੋੜ ਰੁਪਏ ਦੀਆਂ ਰਾਹਤਾਂ, ਟੈਕਸ ਦੀਆਂ ਮੁਆਫੀਆਂ ਜਿਹੜੇ ਟੈਕਸ ਲੈਣੇ ਅਸੀਂ ਮੁਆਫ ਕੀਤੇ ਹਨ, ਉਨ੍ਹਾਂ ਦਾ ਪੰਜਾਬ ਤੇ ਕੀ ਅਸਰ ਪਵੇਗਾ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ।

**ਮਾਨਯੋਗ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ਜੀ ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੇ ਟੈਕਸ ਲੈਣੇ ਅਸੀਂ ਬੰਦ ਕੀਤੇ ਹਨ ਉਸ ਤੇ ਬਹਿਸ ਹੋਵੇ ਕਿ ਉਸ ਦਾ ਪੰਜਾਬ ਤੇ ਕੀ ਅਸਰ ਪਵੇਗਾ ਅਤੇ ਕੀ ਸਾਨੂੰ ਇਸੇ ਤਰ੍ਹਾਂ ਪੰਜਾਬ ਦੀ ਅਰਥ ਵਿਵਸਥਾ ਨੂੰ ਨਿਘਾਰ ਵਿੱਚ ਜਾਂਦੇ ਹੋਏ ਇਕ ਮੂਕ ਦਰਸ਼ਕ ਬਣ ਕੇ ਦੇਖਦੇ ਰਹਿਣਾ ਪਵੇਗਾ ਜਾਂ ਇਸ ਤਰ੍ਹਾਂ ਦੀ ਅਸੀਂ ਕੋਈ ਕੰਕਰੀਟ ਸੋਚ ਬਣਾਵਾਂਗੇ ਅਤੇ ਪੰਜਾਬ ਦੀ ਅਰਥ ਵਿਵਸਥਾ ਅੱਗੇ ਲਿਜਾਵਾਂਗੇ ਅਤੇ ਵੋਟਾਂ ਬਟੋਰਨ ਲਈ ਅਸੀਂ ਜਿਹੜੀਆਂ ਲੋਕ ਲੁਭਾਊ ਨੀਤੀਆਂ ਲੈਕੇ ਆ ਰਹੇ ਹਾਂ, ਉਨ੍ਹਾਂ ਬਾਰੇ ਅਸੀਂ ਵਿਚਾਰ ਕਰਾਂਗੇ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੇ ਸ਼ਹਿਰਾਂ ਦੇ ਵਿੱਚ ਅਨਾਊਂਸਮੈਂਟ ਕੀਤੀ ਗਈ ਹੈ ਕਿ ਸਾਰੇ ਸ਼ਹਿਰਾਂ ਦਾ ਮਾਸਟਰ ਪਲਾਨ ਬਣਾਇਆ ਜਾਵੇਗਾ । ਮੈਂ ਇਸ ਦੀ ਬਹੁਤ ਸ਼ਲਾਘਾ ਕਰਦਾ ਹਾਂ ਜਿਹੜਾ ਇਹ ਸਰਕਾਰ ਨੇ ਚੰਗਾ ਕਦਮ ਪੁਟਿਆ ਹੈ ਅਤੇ ਜਿਹੜਾ ਅੱਗੇ ਵਾਸਤੇ ਵਿਕਾਸ ਹੋਣਾ ਹੈ, ਉਸ ਲਈ ਵਚਨਬੱਧਤਾ ਦੁਹਰਾਈ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਸ਼ਹਿਰਾਂ ਲਈ ਫੰਡ ਰੱਖੇ ਹਨ ਕਿਉਂਕਿ ਚੁੰਗੀਆਂ ਮੁਆਫ ਹੋ ਗਈਆਂ ਹਨ ਅਤੇ 650 ਕਰੋੜ ਰੁਪਿਆ ਜਿਹੜਾ ਚੁੰਗੀਆਂ ਤੋਂ ਆਉਂਦਾ ਸੀ, ਉਹ ਆਉਣਾ ਬੰਦ ਹੋ ਗਿਆ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸ਼ਹਿਰਾਂ ਲਈ ਹੋਰ ਵੱਧ ਫੰਡ ਮੁਹਈਆ ਕਰਾਏ ਜਾਣ । ਡਿਪਟੀ ਸਪੀਕਰ ਸਾਹਿਬ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਚਾਹੁੰਦਾ ਹੈ ਕਿ ਮੁਫਤ ਬਿਜਲੀ ਦੀ ਜਗ੍ਹਾ 24 ਘੰਟੇ ਬਿਜਲੀ ਮਿਲੇ ।

**ਮਾਨਯੋਗ ਡਿਪਟੀ ਸਪੀਕਰ** : ਚੰਨੀ ਸਾਹਿਬ, ਵਾਈਂਡ ਅੱਪ ਕਰੋ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਚਰਨਜੀਤ ਸਿੰਘ ਚੰਨੀ** : ਉਦਯੋਗਿਕ ਵਿਕਾਸ ਦੇ ਸਬੰਧ ਵਿੱਚ ਦੋ ਸਪੈਸ਼ਲ ਇਕਨਾਮਿਕ ਜ਼ੋਨ ਸਰਕਾਰ ਨੇ ਡਿਵੈਲਪ ਕੀਤੇ ਹਨ-ਇਕ ਅੰਮ੍ਰਿਤਸਰ ਵਿੱਚ ਅਤੇ ਦੂਸਰਾ ਗੋਇੰਦਵਾਲ ਸਾਹਿਬ ਵਿੱਚ । ਮੈਂ ਇਸ ਗੱਲ ਦੀ ਪੁਰਜ਼ੋਰ ਸ਼ਲਾਘਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਰੋਪੜ ਦੇ ਨੇੜੇ 800 ਏਕੜ ਸਰਕਾਰੀ ਜ਼ਮੀਨ ਖਾਲੀ ਪਈ ਹੈ, ਉਥੇ ਇਕਨਾਮਿਕ ਜ਼ੋਨ ਬਣਾਇਆ ਜਾਵੇ ।

ਡਿਪਟੀ ਸਪੀਕਰ ਸਾਹਿਬ, ਅੱਜ ਸਿੱਖਿਆ ਦਾ ਮਿਆਰ ਬੜਾ ਥੱਲੇ ਡਿੱਗਦਾ ਜਾ ਰਿਹਾ ਹੈ । ਬਜਟ ਵਿੱਚ ਆਦਰਸ਼ ਸਕੂਲ ਖੋਲ੍ਹਣ ਦੀ ਗੱਲ ਕੀਤੀ ਗਈ ਹੈ । ਸਰਕਾਰ ਦਾ ਇਹ ਬਹੁਤ ਵਧੀਆ ਉਪਰਾਲਾ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਪੰਜਾਬੀ ਮਾਧਿਅਮ ਰਾਹੀਂ ਹੀ ਇਹ ਆਦਰਸ਼ ਸਕੂਲ ਚਲਾਉਣੇ ਹਨ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੋਣਾ । ਇਨ੍ਹਾਂ ਆਦਰਸ਼ ਸਕੂਲਾਂ ਦਾ ਮਾਧਿਅਮ ਅੰਗਰੇਜ਼ੀ ਹੋਣਾ ਚਾਹੀਦਾ ਹੈ । ਹਰ ਬਲਾਕ ਵਿੱਚ ਦੋ ਹਾਇਰ ਸੈਕੰਡਰੀ ਸਕੂਲਾਂ ਦੀਆਂ ਬਿਲਡਿੰਗਾਂ ਸੰਵਾਰੀਆਂ ਜਾਣ ਅਤੇ ਉਨ੍ਹਾਂ ਦਾ ਮਾਧਿਅਮ ਅੰਗਰੇਜ਼ੀ ਕਰ ਦਿੱਤਾ ਜਾਵੇ ਤਾਂ ਕਿ ਪਿੰਡਾਂ ਦੇ ਬੱਚੇ ਵੀ ਸ਼ਹਿਰਾਂ ਵਾਲਿਆਂ ਦਾ ਮੁਕਾਬਲਾ ਕਰ ਸਕਣ । ਨਾਲ ਹੀ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਹਰ ਸਕੂਲ ਵਿੱਚ ਸਾਇੰਸ ਦੀ ਪੜ੍ਹਾਈ ਯਕੀਨੀ ਬਣਾਈ ਜਾਵੇ । ਅੱਜ ਸਿਰਫ 10% ਸਕੂਲਾਂ ਵਿੱਚ ਹੀ ਸਾਇੰਸ ਪੜ੍ਹਾਈ ਜਾਂਦੀ ਹੈ ।

ਡਿਪਟੀ ਸਪੀਕਰ ਸਾਹਿਬ, ਅੱਜ ਡਰੱਗ ਐਬਿਊਜ਼ ਡੇਅ ਹੈ । ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਸ਼ੇ ਛੁਡਾਉਣ ਲਈ ਸਰਕਾਰ ਨੂੰ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ । ਇਸ ਪਾਸੇ ਭਾਵੇਂ ਪਿਛਲੇ ਦਿਨਾਂ ਵਿੱਚ ਕਾਫੀ ਹਿਲਜੁਲ ਹੋਈ ਹੈ ਪਰ ਉਹ ਕਾਫੀ ਨਹੀਂ ਹੈ । ਸਰਕਾਰ ਨੇ ਆਪਣੇ ਬਜਟ ਵਿੱਚ ਨਸ਼ਾ ਛੁਡਾਊ ਕੇਂਦਰ ਬਣਾਉਣ ਦੀ ਗੱਲ ਕੀਤੀ ਹੈ । ਮੈਂ ਇਸ ਦੀ ਬਹੁਤ ਸ਼ਲਾਘਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ।

ਇਸ ਤੋਂ ਇਲਾਵਾ ਮੈਂ ਸ਼ਡਿਊਲਡ ਕਾਸਟ ਲੋਕਾਂ ਦੇ ਬਾਰੇ ਧਿਆਨ ਦਿਵਾਉਣਾ ਚਾਹੁੰਦਾ ਹਾਂ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀਆਂ ਭਲਾਈ ਸਕੀਮਾਂ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ।

**ਮਾਨਯੋਗ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ਹੁਣ ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਨ੍ਹਾਂ ਲੋਕਾਂ ਦੀ ਭਲਾਈ ਲਈ ਵੱਖ-ਵੱਖ ਸਕੀਮਾਂ ਵਾਸਤੇ ਪੈਸੇ ਰੱਖੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ ਚੰਨੀ]

37 ਕਰੋੜ 60 ਲੱਖ ਰੁਪਏ ਪਿਛਲੀ ਪੰਜ ਸਾਲਾ ਯੋਜਨਾ ਵਿੱਚ ਇਨ੍ਹਾਂ ਲੋਕਾਂ ਦੀ ਭਲਾਈ ਵਾਸਤੇ ਰੱਖੇ ਗਏ ਸਨ ਲੇਕਿਨ ਪਿਛਲੀ ਸਰਕਾਰ ਨੇ ਸਿਰਫ 8 ਕਰੋੜ 26 ਲੱਖ ਰੁਪਿਆ ਹੀ ਖਰਚਿਆ ਹੈ । 'All that glitters is not gold. ਹਾਥੀ ਕੇ ਦਾਂਤ ਖਾਨੇ ਕੇ ਔਰ ਦਿਖਾਨੇ ਕੇ ਔਰ ।' ਪਹਿਲੇ 5 ਸਾਲਾਂ ਵਿੱਚ ਜਿਹੜਾ ਪੈਸਾ ਇਨ੍ਹਾਂ ਭਲਾਈ ਸਕੀਮਾਂ ਵਾਸਤੇ ਰੱਖਿਆ ਗਿਆ ਸੀ, ਉਸ ਦਾ ਸਿਰਫ 25% ਹੀ ਪਿਛਲੀ ਸਰਕਾਰ ਦੇ ਵੇਲੇ ਖਰਚਿਆ ਗਿਆ ਹੈ । ਹੁਣ ਸਰਕਾਰ ਨੇ ਇਨ੍ਹਾਂ ਕੰਮਾਂ ਲਈ 42 ਕਰੋੜ 88 ਲੱਖ ਰੁਪਿਆ ਰੱਖਿਆ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਹ ਸਾਰਾ ਪੈਸਾ ਇਨ੍ਹਾਂ ਕੰਮਾਂ ਲਈ ਖਰਚਿਆ ਜਾਵੇ ਅਤੇ ਸ਼ਡਿਊਲਡ ਕਾਸਟ ਵਰਗ ਦੀ ਭਲਾਈ ਲਈ ਲਗਾਇਆ ਜਾਵੇ। ਇਸ ਤੋਂ ਇਲਾਵਾ 19225 ਸ਼ਡਿਊਲਡ ਕਾਸਟ ਕਰਮਚਾਰੀ ਘੱਟ ਹਨ । ਇਸ ਬੈਕਲਾਗ ਨੂੰ ਭਰਨ ਦੀ ਕ੍ਰਿਪਾਲਤਾ ਕੀਤੀ ਜਾਵੇ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਦੋ ਮਿੰਟਾਂ ਵਿਚ ਆਪਣੇ ਇਲਾਕੇ ਖਾਰੇ ਇਕ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ । ਚਮਕੌਰ ਸਾਹਿਬ ਗੁਰੂਆਂ ਦੀ ਧਰਤੀ ਹੈ ਲੇਕਿਨ ਇਸ ਵਿੱਚ ਕੋਈ ਵੀ ਸਰਕਾਰੀ ਕਾਲਜ ਨਹੀਂ ਹੈ । ਇਸ ਦੇ ਲਈ ਉਪਰਾਲੇ ਕੀਤੇ ਜਾਣ । ਕੰਡੀ ਦਾ ਏਰੀਆ ਰੋਪੜ ਜ਼ਿਲ੍ਹੇ ਵਿੱਚ ਪੈਂਦਾ ਹੈ ਜਿਥੇ ਦਫਾ 4 ਲੱਗੀ ਹੋਈ ਹੈ । ਇਥੇ ਕਿਸਾਨ ਆਪਣੀ ਜ਼ਮੀਨ ਨੂੰ ਨਾ ਵਾਹ ਸਕਦਾ ਹੈ, ਅਤੇ ਨਾ ਕਰਾਹ ਸਕਦਾ ਹੈ । ਮੇਰੀ ਬੇਨਤੀ ਹੈ ਕਿ ਇਥੇ ਦਫਾ 4 ਹਟਾ ਕੇ ਪਾਣੀ ਅਤੇ ਸਿੰਚਾਈ ਦੇ ਸਾਧਨ ਮੁਹੱਈਆ ਕੀਤੇ ਜਾਣ । ਟਿਊਬਵੈੱਲ ਲਗਾਏ ਜਾਣ । ਇਸ ਵੇਲੇ ਕਿਸਾਨ ਆਪਣੀ ਜ਼ਮੀਨ ਵਿੱਚ ਟਿਊਬਵੈੱਲ ਵੀ ਨਹੀਂ ਲਗਾ ਸਕਦੇ। ਬਹੁਤ ਬਹੁਤ ਧੰਨਵਾਦ।

**ਚੌਧਰੀ ਮੋਹਨ ਲਾਲ ਬਹਿਰਾਮ** (ਬੰਗਾ, ਐਸ.ਸੀ.) : ਪਰਮ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤਹਿ ਦਿਲੋਂ ਤੁਹਾਡਾ ਮਸ਼ਕੂਰ ਹਾਂ ਜਿਨ੍ਹਾਂ ਨੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਗਏ ਬਜਟ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਹੀ ਸਿਆਣੇ, ਦੂਰਅੰਦੇਸ਼ ਅਤੇ ਪੜ੍ਹੇ ਲਿਖੇ ਨੌਜਵਾਨ ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਗਏ ਬਜਟ ਦੇ ਹੱਕ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ । ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ, ਇਹ ਬਹੁਤ ਹੀ ਅਗਾਂਹਵਧੂ ਅਤੇ ਬਹੁਤ ਹੀ ਸਿਆਣਪ ਨਾਲ ਪੇਸ਼ ਕੀਤਾ ਗਿਆ ਬਜਟ ਹੈ । ਕਿਉਂਕਿ ਪਿਛਲੀ ਸਰਕਾਰ ਨੇ ਬਹੁਤ ਮਾੜਾ ਰਾਜ ਪ੍ਰਬੰਧ ਚਲਾਇਆ ਔਰ ਜਿਸ ਦਾ 570.46 ਕਰੋੜ ਰੁਪਏ ਦਾ ਘਾਟਾ ਇਸ ਬਜਟ ਵਿੱਚ ਦਿਖਾਇਆ ਗਿਆ ਹੈ । ਸਾਡੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ, ਪੰਜਾਬ ਦੇ ਮਾਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਯੋਗ ਸਿਆਣਪ ਦੇ ਨਾਲ ਜਿਹੜਾ ਪਲਾਨ 4000 ਕਰੋੜ ਰੁਪਿਆ ਪਿਛਲੇ

Original with;
Punjab Vidhan Sabha
Digitized by;
Panjab Digital Library

ਸਾਲ ਦਾ ਸੀ, ਉਹ ਸਾਲ 2007-08 ਲਈ 5111 ਕਰੋੜ ਰੁਪਏ ਦਾ ਮਨਜ਼ੂਰ ਹੋਇਆ ਹੈ । ਇਸ ਲਈ ਮੈਂ ਉਨ੍ਹਾਂ ਨੂੰ ਵਧਾਈ ਵੀ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਉਨ੍ਹਾਂ ਦਾ ਪਲੇਠਾ ਬਜਟ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਪੇਸ਼ ਕੀਤਾ ਹੈ, ਇਹ ਬਹੁਤ ਹੀ ਵਧੀਆ ਬਜਟ ਹੈ । ਇਹ ਜਿਹੜੀ ਉਨ੍ਹਾਂ ਨੂੰ ਵਿਰਸੇ ਵਿੱਚ ਸਿਆਸਤ ਮਿਲੀ ਹੈ, ਉਸਦੇ ਸਦਕਾ ਹੀ ਸੰਭਵ ਹੋ ਸਕਿਆ ਹੈ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਗਰੀਬਾਂ ਦੇ ਭਲੇ ਵਾਸਤੇ, ਸ਼ਹਿਰੀਆਂ ਦੇ ਭਲੇ ਵਾਸਤੇ ਅਤੇ ਕਿਸਾਨਾਂ ਦੇ ਭਲੇ ਵਾਸਤੇ ਬਹੁਤ ਸਾਰੀਆਂ ਸਕੀਮਾਂ ਇਸ ਬਜਟ ਦੇ ਵਿੱਚ ਲੈ ਕੇ ਆਂਦੀਆਂ ਹਨ । ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੀ ਜਿਹੜੀ ਗਰੀਬ ਜਨਤਾ ਹੈ, ਉਨ੍ਹਾਂ ਦੇ ਭਲੇ ਵਾਸਤੇ ਬਹੁਤ ਵੱਡੀਆਂ ਰਿਆਇਤਾਂ ਦੇਣ ਦਾ ਫੈਸਲਾ ਕੀਤਾ ਹੈ । ਵਿਰੋਧੀ ਬੈਂਚਾਂ ਵੱਲੋਂ, ਕਾਂਗਰਸ ਪਾਰਟੀ ਵੱਲੋਂ ਜਿਸ ਦਿਨ ਸੈਸ਼ਨ ਸ਼ੁਰੂ ਹੋਇਆ ਹੈ ਕੇਵਲ ਇਕੋ ਹੀ ਗੱਲ ਆਟਾ-ਦਾਲ ਸਕੀਮ 'ਤੇ ਹੀ ਉਹ ਹੀ ਬੋਲੀ ਜਾ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਹੀ ਵੱਡਾ ਫੈਸਲਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਰਹਿਨੁਮਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ ਹੈ । ਪਿਛਲੇ ਸਮੇਂ ਦੌਰਾਨ ਪੰਜ ਸਾਲ ਕਾਂਗਰਸ ਪਾਰਟੀ ਦਾ ਵੀ ਰਾਜ ਪੰਜਾਬ ਵਿੱਚ ਸੀ ਅਤੇ ਸੈਂਟਰ ਵਿੱਚ ਵੀ ਕਾਂਗਰਸ ਪਾਰਟੀ ਦਾ ਹੀ ਰਾਜ ਰਿਹਾ । ਲੇਕਿਨ ਇਹ ਮਹਿੰਗਾਈ ਤੇ ਕੋਈ ਕੰਟਰੋਲ ਨਹੀਂ ਕਰ ਸਕੇ ਔਰ 80/- ਰੁਪਏ ਕਿਲੋ ਮੂੰਗੀ ਦੀ ਦਾਲ ਅਤੇ 15/- ਰੁਪਏ ਕਿਲੋ ਆਟਾ ਵਿਕਦਾ ਰਿਹਾ ਅਤੇ ਗਰੀਬ ਆਦਮੀ ਨੂੰ ਭੁਲ ਗਏ । 'ਸਭ ਰੰਗ ਰਾਠ, ਭੁੱਲ ਗਈਆਂ ਸਭ ਯੱਕੜੀਆਂ, ਤਿੰਨੇ ਗੱਲਾਂ ਯਾਦ ਰਹਿ ਗਈਆਂ ਲੂਣ, ਤੇਲ ਅਤੇ ਲੱਕੜੀਆਂ ।' ਇਹ ਹਾਲ ਇਨ੍ਹਾਂ ਨੇ ਗਰੀਬ ਲੋਕਾਂ ਦਾ ਕਰ ਦਿੱਤਾ ਸੀ, ਆਪਣੇ ਸਮੇਂ ਦੇ ਅੰਦਰ । ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਗਰੀਬ ਲੋਕਾਂ ਦੀ ਨਬਜ਼ ਤੇ ਹੱਥ ਰੱਖਿਆ ਹੈ ਅਤੇ ਉਨ੍ਹਾਂ ਦੇ ਦੁਖ ਨੂੰ ਪਛਾਣਦੇ ਹੋਏ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਮੈਂ ਗਰੀਬ ਲੋਕਾਂ ਨੂੰ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਦਿਆਂਗਾ । ਇਸ ਨਾਲ ਪੰਜਾਬ ਦੇ ਵਿੱਚ 13.26 ਲੱਖ ਗਰੀਬ ਲੋਕਾਂ ਨੂੰ ਫਾਇਦਾ ਹੋਵੇਗਾ ਜਿਨ੍ਹਾਂ ਦੀ ਆਮਦਨ 30,000 ਰੁਪਏ ਸਲਾਨਾ ਤੋਂ ਘੱਟ ਹੈ, ਉਨ੍ਹਾਂ ਨੂੰ ਇਸ ਸਕੀਮ ਦੀ ਰਾਹਤ ਮਿਲੇਗੀ । 15 ਅਗਸਤ, 2007 ਤੋਂ ਇਹ ਸਕੀਮ ਸਾਰੇ ਪੰਜਾਬ ਵਿੱਚ ਸ਼ੁਰੂ ਕੀਤੀ ਜਾ ਰਹੀ ਹੈ । ਇਹ ਦਿਨ ਪੰਜਾਬ ਦੇ ਲਈ ਇਕ ਬੜਾ ਹੀ ਇਤਿਹਾਸਕ ਦਿਨ ਹੋਵੇਗਾ ਜਿਸ ਦਿਨ ਗਰੀਬ ਲੋਕਾਂ ਦਾ ਢਿੱਡ ਭਰਨ ਵਾਸਤੇ ਸਰਕਾਰ ਉਨ੍ਹਾਂ ਦੀ ਮਦਦ ਕਰੇਗੀ ਔਰ ਇਸ ਗੱਲ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦਾ ਵੀ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਗਏ ਬਜਟ

Original with;
Punjab Vidhan Sabha
Digitized by;
Panjab Digital Library

[ਚੌਧਰੀ ਮੋਹਨ ਲਾਲ ਬਹਿਰਾਮ]
ਵਿੱਚ ਗਰੀਬਾਂ ਦੀਆਂ ਬੱਚੀਆਂ ਨੂੰ ਜਿਸ ਤਰ੍ਹਾਂ ਪਹਿਲਾਂ ਮਾਣ ਅਤੇ ਸਤਿਕਾਰ ਦਿੱਤਾ, 5100 ਰੁਪਏ ਦਾ ਸ਼ਗਨ ਗਰੀਬ ਬੱਚੀ ਦੀ ਸ਼ਾਦੀ ਵਾਲੇ ਦਿਨ ਸਰਕਾਰ ਵੱਲੋਂ ਦਿੱਤਾ ਗਿਆ । ਬਾਦਲ ਸਾਹਿਬ ਨੇ ਇਹ ਸਕੀਮ ਸ਼ੁਰੂ ਕੀਤੀ ਸੀ । ਇਸ ਤਰ੍ਹਾਂ ਉਹ ਹਿੰਦੁਸਤਾਨ ਦੇ ਵਿੱਚ ਪਹਿਲੇ ਮੁੱਖ ਮੰਤਰੀ ਸੀ ਜਿਨ੍ਹਾਂ ਨੇ ਗਰੀਬ ਆਦਮੀਆਂ ਦੀਆਂ ਬੱਚੀਆਂ ਵਾਸਤੇ ਇਹ 5100 ਰੁਪਏ ਸ਼ਗਨ ਵਜੋਂ ਦੇਣ ਦਾ ਉਦਮ ਕੀਤਾ ਸੀ । ਕਾਂਗਰਸ ਪਾਰਟੀ ਦੀ ਸਰਕਾਰ ਨੇ ਤਾਂ ਕਦੇ ਕਿਸੇ ਗਰੀਬ ਨੂੰ 51 ਪੈਸੇ ਵੀ ਨਹੀਂ ਕਦੇ ਦਿੱਤੇ । ਗਰੀਬਾਂ ਦੀ ਮਦਦ ਕਰਕੇ ਇਸ ਸਰਕਾਰ ਨੇ ਗਰੀਬਾਂ ਦੀ ਨਬਜ਼ ਤੇ ਹੱਥ ਰੱਖਿਆ ਹੈ ।(ਵਿਰੋਧੀ ਧਿਰਾਂ ਵੱਲੋਂ ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਤੁਸੀਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਇਨ੍ਹਾਂ ਨੂੰ ਬੋਲਣ ਦਿਓ ।ਮੋਹਨ ਲਾਲ ਜੀ, ਤੁਸੀਂ ਬੋਲਦੇ ਰਹੋ ।

**ਚੌਧਰੀ ਮੋਹਨ ਲਾਲ ਬਹਿਰਾਮ** : ਡਿਪਟੀ ਸਪੀਕਰ ਸਾਹਿਬ, ਇਹ 11,000 ਰੁਪਏ ਦੇਣ ਦੀ ਗੱਲ ਕਰਦੇ ਰਹੇ (ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਮੋਹਨ ਲਾਲ ਜੀ, ਤੁਸੀਂ ਬੋਲੋ, ਤੁਸੀਂ ਆਪਣਾ ਭਾਸ਼ਣ ਚਾਲੂ ਰੱਖੋ ।

**ਚੌਧਰੀ ਮੋਹਨ ਲਾਲ ਬਹਿਰਾਮ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਸਮੇਂ ਜਿਹੜੇ ਗਰੀਬ ਲੋਕ ਅਰਜ਼ੀਆਂ ਲੈ ਕੇ ਧੱਕੇ ਖਾਂਦੇ ਰਹੇ, ਉਹ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਹਨ ਜਿਨ੍ਹਾਂ ਨੂੰ ਪਿਛਲੀ ਸਰਕਾਰ ਸਮੇਂ ਇਕ ਵੀ ਪੈਸਾ ਨਹੀਂ ਮਿਲਿਆ । ਜੇਕਰ ਇਹ ਸੱਚੀ ਗੱਲ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਤੁਹਾਡੇ ਘਰ (ਸਰਦਾਰ ਸ਼ੇਰ ਸਿੰਘ ਗਾਗੋਵਾਲ ਵੱਲ ਇਸ਼ਾਰਾ) ਭੇਜ ਦਿੰਦੇ ਹਾਂ, ਤੁਸੀਂ ਉਨ੍ਹਾਂ ਨੂੰ ਪੈਸਾ ਦੇ ਦੇਣਾ ।

(ਇਸ ਸਮੇਂ ਸਰਦਾਰ ਸ਼ੇਰ ਸਿੰਘ ਗਾਗੋਵਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਕੁਝ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਦਿੱਤਾ ।)

ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 5,100 ਰੁਪਏ ਸ਼ਗਨ ਦੇ ਤੌਰ ਤੇ ਗਰੀਬ ਲੋਕਾਂ ਦੀਆਂ ਲੜਕੀਆਂ ਨੂੰ ਵਿਆਹਾਂ ਤੇ ਦੇਣ ਦਾ ਪ੍ਰੋਗਰਾਮ ਚਾਲੂ ਕੀਤਾ ਹੈ ਅਤੇ ਇਸ ਵਾਸਤੇ 40 ਕਰੋੜ ਰੁਪਿਆ ਰੱਖਿਆ ਹੈ । ਇਹ ਵੀ ਬਹੁਤ ਸ਼ਲਾਘਾਯੋਗ ਫੈਸਲਾ ਹੈ ਔਰ ਗਰੀਬ ਲੋਕ ਸਮਝਦੇ ਹਨ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਸਮਝਿਆ ਹੈ । ਇਹ ਤਾਂ ਸਾਨੂੰ

Original with;
Punjab Vidhan Sabha
Digitized by;
Panjab Digital Library

ਆਪੋਜ਼ੀਸ਼ਨ ਵੱਲ ਇਸ਼ਾਰਾ) ਮਾਮਿਆਂ ਤੇ ਨਾਨਿਆਂ ਦੀ ਸਰਕਾਰ ਹੀ ਦੱਸਦੇ ਸਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਗਰੀਬਾਂ ਦੇ ਮਸੀਹੇ ਹਨ ਅਤੇ ਜਿਹੜੀਆਂ ਗਰੀਬ ਲੋਕਾਂ ਦੀਆਂ ਲੜਕੀਆਂ ਨਰਸਿੰਗ ਦਾ ਕੋਰਸ ਕਰ ਰਹੀਆਂ ਹਨ, ਉਨ੍ਹਾਂ ਦੀ ਫ਼ੀਸ ਮੁਆਫ ਕਰਨ ਵਾਸਤੇ ਵੀ 2 ਕਰੋੜ ਰੁਪਿਆ ਰੱਖਿਆ ਹੈ । ਇਸ ਦੇ ਨਾਲ ਹੀ ਗਰੀਬ ਬੇ-ਘਰੇ ਲੋਕਾਂ ਨੂੰ ਮਕਾਨ ਬਣਾਉਣ ਲਈ 10 ਕਰੋੜ ਰੁਪਏ ਰੱਖੇ ਹਨ। ਗਰੀਬ ਲੋਕਾਂ ਦੀਆਂ ਨਵੀਆਂ ਧਰਮਸ਼ਾਲਾ ਬਣਾਉਣ ਲਈ ਦੋ ਲੱਖ ਰੁਪਏ ਅਤੇ ਪੁਰਾਣੀਆਂ ਦੀ ਰਿਪੇਅਰ ਵਾਸਤੇ ਇਕ-ਇਕ ਲੱਖ ਰੁਪਿਆ ਦੇਣ ਲਈ ਵੀ ਪੰਜ ਕਰੋੜ ਰੁਪਏ ਰੱਖੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਇਹ ਰਕਮ ਥੋੜ੍ਹੀ ਜਿਹੀ ਹੋਰ ਵਧਾ ਦਿੱਤੀ ਜਾਵੇ ਕਿਉਂਕਿ ਗਰੀਬ ਲੋਕਾਂ ਦੇ ਘਰਾਂ ਵਿੱਚ ਦੁੱਖ-ਸੁੱਖ ਦੇ ਫੰਕਸ਼ਨ ਕਰਨ ਵਾਸਤੇ ਕੋਈ ਥਾਂ ਨਹੀਂ ਹੁੰਦੀ ਅਤੇ ਛੋਟੇ ਛੋਟੇ ਘਰ ਹੁੰਦੇ ਹਨ । ਪਿਛਲੇ ਪੰਜ ਸਾਲ ਕਾਂਗਰਸੀਆਂ ਨੇ ਤਾਂ ਕੁਝ ਨਹੀਂ ਕੀਤਾ, ਹੁਣ ਇਹਨਾਂ ਧਰਮਸ਼ਾਲਾਵਾਂ ਨੂੰ ਪੂਰਾ ਕੀਤਾ ਜਾਵੇਗਾ । ਗਰੀਬ ਲੋਕਾਂ ਕੋਲ ਜਦੋਂ ਕੋਈ ਐਮ.ਐਲ.ਏ. ਜਾਂਦਾ ਹੈ, ਮੰਤਰੀ ਜਾਂਦਾ ਹੈ ਜਾਂ ਕੋਈ ਅਫ਼ਸਰ ਜਾਂਦਾ ਹੈ ਤਾਂ ਉਨ੍ਹਾਂ ਦੀ ਮੁੱਖ ਮੰਗ ਇਹ ਨਹੀਂ ਹੁੰਦੀ ਕਿ ਸਾਡੇ ਚੰਗਾ ਸਕੂਲ ਹੋਣਾ ਚਾਹੀਦਾ ਹੈ, ਬੱਚਿਆਂ ਲਈ ਚੰਗੀ ਵਿਦਿਆ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਸਾਡੇ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਬਲਕਿ ਮੁੱਖ ਮੰਗ ਇਹੋ ਹੁੰਦੀ ਹੈ ਕਿ ਸਾਡੀ ਧਰਮਸ਼ਾਲਾ ਨੂੰ ਗਰਾਂਟ ਦੇ ਦਿੱਤੀ ਜਾਵੇ । ਇਸ ਮੰਗ ਨੂੰ ਸਦਾ ਵਾਸਤੇ ਖਤਮ ਕਰਨ ਲਈ ਆਉਣ ਵਾਲੇ ਪੰਜ ਸਾਲਾਂ ਵਿੱਚ ਥੋੜ੍ਹੀ ਥੋੜ੍ਹੀ ਕਰਕੇ ਰਕਮ ਰੱਖੀ ਜਾਵੇ ਅਤੇ ਸਾਰੀਆਂ ਦੀਆਂ ਸਾਰੀਆਂ ਧਰਮਸ਼ਾਲਾਵਾਂ ਸੁੰਦਰ ਬਣਾਉਣੀਆਂ ਚਾਹੀਦੀਆਂ ਹਨ । ਸਿਰਫ ਇਹੋ ਹੀ ਨਹੀਂ, ਕਾਂਗਰਸੀਆਂ ਨੇ ਸਾਈਕਲ ਚਲਾਉਣ ਵਾਲੀ ਸਿੱਖਿਆ ਦੇਣ ਦਾ ਵੀ ਕੋਈ ਕੰਮ ਨਹੀਂ ਕੀਤਾ ਪ੍ਰੰਤੂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਅਸੀਂ ਗਰੀਬ ਲੋਕਾਂ ਦੇ ਬੱਚਿਆਂ ਨੂੰ ਪਾਇਲਟ ਬਣਾਉਣਾ ਹੈ ਅਤੇ ਉਹ ਜਹਾਜ਼ ਉਡਾਇਆ ਕਰਨਗੇ। ਇਸ ਵਾਸਤੇ 1 ਕਰੋੜ ਰੁਪਿਆ ਰੱਖਿਆ ਹੈ, ਇਸ ਨਾਲ 10 ਪਾਇਲਟ ਤਿਆਰ ਕੀਤੇ ਜਾਣੇ ਹਨ । ਇਕ ਪਾਇਲਟ ਬਣਨ ਤੇ ਤਕਰੀਬਨ 10 ਲੱਖ ਰੁਪਏ ਦਾ ਖਰਚਾ ਆਉਂਦਾ ਹੈ । ਇਹ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਬੜਾ ਸ਼ਲਾਘਾਯੋਗ ਕਦਮ ਹੈ ।

ਇਸੇ ਤਰ੍ਹਾਂ ਗਰੀਬਾਂ ਦੀਆਂ ਲੜਕੀਆਂ, ਆਦ-ਧਰਮੀ ਵੀਰਾਂ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਲੜਕੀਆਂ ਦੇ ਵਾਸਤੇ 20 ਕਰੋੜ ਰੁਪਿਆ ਰੱਖਿਆ ਹੈ ਜਿਹੜੀਆਂ ਕਿ ਪੜ੍ਹਾਈ ਲਈ ਹਾਜ਼ਰੀ ਦੇਣਗੀਆਂ ਅਤੇ ਪੜ੍ਹਾਈ ਨਹੀਂ ਛੱਡਣਗੀਆਂ। ਇਹ ਫੈਸਲਾ ਵੀ ਸ਼ਲਾਘਾਯੋਗ ਹੈ । ਇਸੇ ਤਰ੍ਹਾਂ ਉਨ੍ਹਾਂ ਨੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਜਿਨ੍ਹਾਂ ਨੇ ਹਿੰਦੁਸਤਾਨ ਦਾ ਸੰਵਿਧਾਨ ਲਿਖਿਆ ਤੇ ਗਰੀਬਾਂ ਤੇ ਅਮੀਰ

Original with;
Punjab Vidhan Sabha
Digitized by;
Panjab Digital Library

[ਚੌਧਰੀ ਮੋਹਨ ਲਾਲ ਬਹਿਰਾਮ]

ਬਰਾਬਰ ਦਾ ਵੋਟ ਦਾ ਅਧਿਕਾਰ ਦਿੱਤਾ ਹੈ, ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਵਾਸਤੇ ਅੰਬੇਦਕਰ ਭਵਨ ਉਸਾਰਨ ਲਈ 55 ਕਰੋੜ ਰੁਪਏ ਰੱਖੇ ਹਨ । ਨਵਾਂ ਸ਼ਹਿਰ ਵਿੱਚ ਵੀ ਭਵਨ ਉਸਾਰਨ ਵਾਸਤੇ ਨੀਂਹ ਪੱਥਰ ਬਾਦਲ ਸਾਹਿਬ ਨੇ ਰੱਖਿਆ ਸੀ ਅਤੇ ਉਹ ਹੁਣ ਕੰਪਲੀਟ ਹੋਣ ਵਾਲਾ ਹੈ । ਥੋੜ੍ਹਾ-ਬਹੁਤਾ ਕੰਮ ਰਹਿੰਦਾ ਹੈ, ਥੋੜ੍ਹੇ ਪੈਸੇ ਹੋਰ ਦੇ ਕੇ ਉਸ ਨੂੰ ਪੂਰਾ ਕਰਾਉਣਾ ਚਾਹੀਦਾ ਹੈ । ਇਸੇ ਤਰ੍ਹਾਂ ਐਸ.ਸੀ. ਕਾਰਪੋਰੇਸ਼ਨ, ਬੈਕਵਰਡ ਕਾਰਪੋਰੇਸ਼ਨ ਦੇ ਵਾਸਤੇ ਵੀ ਬਹੁਤ ਸਾਰਾ ਪੈਸਾ ਰੱਖਿਆ, ਇਸ ਲਈ ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ । ਮੈਂ ਵਿੱਤ ਮੰਤਰੀ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਗਰੀਬਾਂ ਦੇ ਭਲੇ ਵਾਸਤੇ ਕਈ ਸਕੀਮਾਂ ਪਹਿਲੀ ਵਾਰ ਚਲਾਈਆਂ ਹਨ । ਕਾਂਗਰਸ ਦੀ ਸਰਕਾਰ ਨੇ ਤਾਂ ਕੁਝ ਨਹੀਂ ਸੀ ਰੱਖਿਆ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਨ੍ਹਾਂ ਕੰਮਾਂ ਲਈ ਬਹੁਤ ਪੈਸਾ ਰੱਖਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸੜਕਾਂ ਕਿਸੇ ਵੀ ਦੇਸ਼ ਦੀ ਤਰੱਕੀ ਦਾ ਪੈਮਾਨਾ ਹੁੰਦੀਆਂ ਹਨ । ਸੜਕਾਂ ਉੱਤੇ ਗਰੀਬ ਨੇ ਵੀ ਚੱਲਣਾ ਹੁੰਦਾ ਹੈ ਅਤੇ ਅਮੀਰ ਨੇ ਵੀ ਚਲਣਾ ਹੁੰਦਾ ਹੈ । ਨਵੀਂ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ ਪੁਰਾਣੇ ਕਾਂਗਰਸੀ ਲਾਠੀਆਂ ਖਾਣ ਵਾਲੇ ਅਤੇ ਜੇਲ੍ਹਾਂ ਕੱਟਣ ਵਾਲੇ ਲੋਕ ਤਾਂ ਰਹੇ ਨਹੀਂ ਹਨ । ਹੁਣ ਤਾਂ ਰੋੜੀ, ਇੱਟਾਂ, ਬਜਰੀ ਖਾਣ ਵਾਲੇ ਭ੍ਰਿਸ਼ਟ ਲੋਕ ਰਹਿ ਗਏ ਹਨ । ਹੁਣ ਸੜਕਾਂ ਟੁੱਟੀਆਂ ਪਈਆਂ ਹਨ । ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਨਗਰ ਮੇਰੇ ਬੰਗਾ ਸ਼ਹਿਰ ਦੇ ਨਾਲ ਹੈ ਅਤੇ ਪੀ. ਡਬਲਯੂ.ਡੀ ਵਿਭਾਗ ਵੱਲੋਂ 15 ਕਰੋੜ ਰੁਪਏ ਸੜਕਾਂ ਚੌੜੀਆਂ ਕਰਨ ਲਈ, ਪੁਲ ਬਣਾਉਣ ਅਤੇ ਬਾਈਪਾਸ ਬਣਾਉਣ ਲਈ ਖਰਚ ਕੀਤੇ ਜਾਣੇ ਹਨ ।

**ਮਾਨਯੋਗ ਡਿਪਟੀ ਸਪੀਕਰ** : ਬਹਿਰਾਮ ਜੀ, ਵਾਈਂਡ-ਅੱਪ ਕਰੋ, ਵਿੱਤ ਮੰਤਰੀ ਜੀ ਨੇ ਵੀ ਬੋਲਣਾ ਹੈ ।

**ਚੌਧਰੀ ਮੋਹਨ ਲਾਲ ਬਹਿਰਾਮ** : ਡਿਪਟੀ ਸਪੀਕਰ ਸਾਹਿਬ, ਬੰਗਾ ਸ਼ਹਿਰ ਵੀ ਇਸ ਦੇ ਨਾਲ ਲੱਗਦਾ ਹੈ ਅਤੇ ਜਦੋਂ ਬਾਈਪਾਸ ਬਣ ਜਾਵੇਗਾ ਤਾਂ ਅੰਮ੍ਰਿਤਸਰ, ਜਲੰਧਰ, ਕਪੂਰਥਲਾ ਅਤੇ ਗੁਰਦਾਸਪੁਰ ਲਈ ਲੋਕਾਂ ਨੂੰ ਜਾਣਾ ਅਸਾਨ ਹੋ ਜਾਵੇਗਾ ।

**ਰਾਣਾ ਗੁਰਮੀਤ ਸਿੰਘ ਸੋਢੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਡੇ ਮੈਂਬਰਜ਼ ਨੇ ਬੋਲਣਾ ਹੈ ਅਤੇ ਮਾਨਯੋਗ ਸਪੀਕਰ ਸਾਹਿਬ ਨੇ ਪਰਮਿਸ਼ਨ ਦਿੱਤੀ ਹੋਈ ਹੈ।

**ਮਾਨਯੋਗ ਡਿਪਟੀ ਸਪੀਕਰ** : ਮੇਰੇ ਕੋਲ ਅਜਿਹੀ ਕੋਈ ਇਨਫਰਮੇਸ਼ਨ ਨਹੀਂ।

Original with;
Punjab Vidhan Sabha
Digitized by;
Panjab Digital Library

**ਰਾਣਾ ਗੁਰਮੀਤ ਸਿੰਘ ਸੋਢੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਡੇ ਤਿੰਨ ਮੈਂਬਰਾਂ ਨੇ ਬੋਲਣਾ ਹੈ ਅਤੇ ਇਸਦੇ ਲਈ ½ ਘੰਟੇ ਦਾ ਟਾਈਮ ਮਾਨਯੋਗ ਸਪੀਕਰ ਸਾਹਿਬ ਨੇ ਸਾਡਾ ਦੇਣ ਲਈ ਕਿਹਾ ਸੀ ।

**ਮਾਨਯੋਗ ਡਿਪਟੀ ਸਪੀਕਰ** : ਹੁਣ ਵਿੱਤ ਮੰਤਰੀ ਜੀ ਨੇ ਬੋਲਣਾ ਹੈ, ਇਸ ਲਈ ਸਮਾਂ ਨਹੀਂ ਹੈ ।

**Rana Gurmit Singh Sodhi** : Hon'ble Speaker is aware of it.

| *12.33 ਵਜੇ ਬਾਅਦ ਦੁਪਹਿਰ | (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

**ਚੌਧਰੀ ਮੋਹਨ ਲਾਲ ਬਹਿਰਾਮ** : ਇਕ ਮੈਂ ਬੇਨਤੀ ਕਰਦਾ ਹਾਂ ਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦਾ ਨਗਰ ਜਿਹੜਾ ਹੈ, ਉਸ ਤੋਂ 2 ਕਿਲੋਮੀਟਰ ਤੇ ਬੰਗਾ ਸ਼ਹਿਰ ਹੈ, ਪਹਿਲਾਂ ਤਾਂ ਇਸ ਨੂੰ ਬੰਗਾ ਹੀ ਕਹਿੰਦੇ ਰਹੇ ਹਨ । ਉਥੇ ਕੋਈ ਸਟੇਡੀਅਮ ਨਹੀਂ ਹੈ ਅਤੇ ਨਾ ਹੀ ਗਰਾਊਂਡ ਹੈ । ਮੈਂ ਬੇਨਤੀ ਕਰਾਂਗਾ ਕਿ ਬੰਗਾ ਸ਼ਹਿਰ ਦੇ ਨਾਲ ਊਨੀਆਂ ਪਿੰਡ ਹੈ, ਉਥੇ ਗਰਾਊਂਡ ਵਾਸਤੇ ਜਗ੍ਹਾ ਹੈ ਅਤੇ ਹੁਣ ਅਸੀਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ 100ਵੀਂ ਸ਼ਤਾਬਦੀ ਵੀ ਮਨਾ ਰਹੇ ਹਾਂ, ਉਥੇ ਜੇ ਸਟੇਡੀਅਮ ਬਣ ਜਾਵੇ ਤਾਂ ਉਸਦੇ ਵਾਸਤੇ ਵੀ ਸਪੋਰਟਸ ਕੋਟੇ ਵਿੱਚੋਂ ਫੰਡਜ਼ ਦਿੱਤੇ ਜਾ ਸਕਦੇ ਹਨ। ਬੰਗਾ ਸ਼ਹਿਰ, ਦੀ ਮਿਊਂਸਿਪਲ ਕਮੇਟੀ ਜਿਹੜੀ ਹੈ, ਜਿਸ ਤਰ੍ਹਾਂ ਸਾਰੇ ਪੰਜਾਬ ਦੀਆਂ ਦੂਸਰੀਆਂ ਮਿਊਂਸਿਪਲ ਕਮੇਟੀਆਂ ਹਨ, ਅਤੇ ਲੋਕਲ ਬਾਡੀਜ਼ ਵਿਭਾਗ ਨੇ ਵਾਟਰ ਸਪਲਾਈ ਅਤੇ ਸੀਵਰੇਜ ਲਈ ਫੰਡਜ਼ ਰੱਖੇ ਹਨ, ਵਾਟਰ ਸਪਲਾਈ ਲਈ 115.98 ਲੱਖ ਰੁਪਏ ਅਤੇ ਸੀਵਰੇਜ ਲਈ 163.51 ਲੱਖ ਰੁਪਏ ਮਨਜ਼ੂਰ ਹੋਏ ਸੀ, ਮਿਊਂਸਿਪਲ ਕਮੇਟੀ ਨੇ 25 ਲੱਖ ਰੁਪਏ ਆਪਣਾ ਸ਼ੇਅਰ ਵੀ ਪਾ ਦਿੱਤਾ ਹੈ ਅਤੇ ਮਹਿਕਮੇ ਵੱਲੋਂ ਕੰਮ ਵੀ ਸ਼ੁਰੂ ਹੋ ਚੁੱਕਾ ਹੈ ਪਰ ਠੇਕੇਦਾਰ ਨੂੰ ਪੇਮੈਂਟ ਨਾ ਹੋਣ ਕਰਕੇ ਉਹ ਮਰਨ ਨੂੰ ਫਿਰਦਾ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਵਾਟਰ ਸਪਲਾਈ ਤੇ ਸੀਵਰੇਜ ਦੇ ਫੰਡਜ਼ ਜੋ ਸਰਕਾਰ ਨੇ ਰੱਖੇ ਹੋਏ ਹਨ, ਉਹ ਰੀਲੀਜ਼ ਕੀਤੇ ਜਾਣ ਅਤੇ ਠੇਕੇਦਾਰ ਦੀ ਪੇਮੈਂਟ ਕੀਤੀ ਜਾਵੇ ।

ਜਿਸ ਤਰ੍ਹਾਂ ਖੇਤੀਬਾੜੀ ਦੇ ਮਹਿਕਮੇ ਨੂੰ ਉਤਸ਼ਾਹਿਤ ਕਰਨ ਵਾਸਤੇ ਐਗਰੀਕਲਚਰ ਯੂਨੀਵਰਸਿਟੀ ਲਈ 100 ਕਰੋੜ ਰੁਪਏ ਨਵੀਂ ਰਿਸਰਚ ਵਾਸਤੇ ਰੱਖੇ ਹਨ ਅਤੇ ਅੰਮ੍ਰਿਤਸਰ ਸ਼ਹਿਰ ਵਿੱਚ ਇੰਟਰਨੈਸ਼ਨਲ ਏਅਰਪੋਰਟ ਲਈ ਸਟੇਜਾਂ ਤੋਂ ਬਾਦਲ ਸਾਹਿਬ ਅਨਾਊਂਸ ਕਰਿਆ ਕਰਦੇ ਸਨ ਕਿ ਇੱਥੇ ਪੰਜਾਬ ਦੀ ਪੈਦਾਵਾਰ ਅਤੇ

Original with;
Punjab Vidhan Sabha
Digitized by;
Panjab Digital Library

[ਚੌਧਰੀ ਮੋਹਨ ਲਾਲ ਬਹਿਰਾਮ ]

ਸਬਜ਼ੀਆਂ ਦੂਜੇ ਦੇਸ਼ਾਂ ਨੂੰ ਜਾਇਆ ਕਰਨਗੀਆਂ, ਉਨ੍ਹਾਂ ਦਾ ਉਹ ਸੁਪਨਾ ਵੀ ਸੱਚ ਹੋਣ ਜਾ ਰਿਹਾ ਹੈ, ਮੈਂ ਇਸ ਦੇ ਲਈ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਬੰਗਾ ਵਿਖੇ ਐਮ.ਸੀ. ਸ਼ੈੱਡ ਲਈ 50 ਲੱਖ ਰੁਪਿਆ ਰੱਖਿਆ ਗਿਆ ਸੀ ਅਤੇ ਆੜ੍ਹਤੀਆਂ ਲਈ ਸ਼ੈੱਡ ਤਿਆਰ ਕੀਤਾ ਗਿਆ ਸੀ ਪਰ ਪਿਛਲੀ ਸਰਕਾਰ ਨੇ 5 ਸਾਲ ਵਿੱਚ ਉਥੇ ਆੜ੍ਹਤੀਆਂ ਨੂੰ ਪਲਾਟ ਨਹੀਂ ਦਿੱਤੇ ਜਿਹੜੇ ਉਹ ਪੈਸੇ ਲੈ ਕੇ ਦੇਣੇ ਸਨ । ਇਸ ਲਈ ਬੇਨਤੀ ਹੈ ਕਿ ਇਹ ਤੁਰੰਤ ਅਲਾਟ ਕੀਤੇ ਜਾਣ ਕਿਉਂਕਿ ਪੁਰਾਣੀ ਥਾਂ ਤੇ ਜਿਹੜੀ ਸਬਜ਼ੀ ਮੰਡੀ ਹੈ, ਉਹ ਬੜੀ ਗੰਦੀ ਜਗ੍ਹਾ ਤੇ ਹੈ ਜਿਸ ਕਰਕੇ ਬਿਮਾਰੀਆਂ ਫੈਲਣ ਦਾ ਡਰ ਬਣਿਆ ਰਹਿੰਦਾ ਹੈ । ਇਸ ਲਈ ਬੇਨਤੀ ਹੈ ਕਿ ਇਹ ਨਵੀਂ ਥਾਂ ਤੇ ਸ਼ਿਫਟ ਹੋ ਜਾਣੀ ਚਾਹੀਦੀ ਹੈ । ਇਸੇ ਤਰ੍ਹਾਂ ਮੇਰਾ ਪਿੰਡ ਬਹਿਰਾਮ ਹੈ, ਜਿੱਥੇ ਵੇਲਣੇ, ਟੋਕਾ ਮਸ਼ੀਨਾਂ ਆਦਿ ਬਣਦੇ ਹਨ ਅਤੇ ਇਹ ਰੇਲਵੇ ਸਟੇਸ਼ਨ ਤੇ ਸਥਿਤ ਹੈ ਜਿਸ ਕਰਕੇ ਇੱਥੇ ਬਣਿਆ ਸਮਾਨ ਯੂ.ਪੀ. ਨੂੰ ਜਾਂਦਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਥੇ ਜਿਹੜੀ ਇੰਡਸਟਰੀ ਹੈ, ਉਸ ਨੂੰ ਡਿਵੈਲਪ ਕਰਨ ਦੀ ਜ਼ਰੂਰਤ ਹੈ। ਅੱਜ ਇੰਡਸਟਰੀ, ਪੰਜਾਬ ਵਿੱਚੋਂ ਦੂਜੇ ਸੂਬਿਆਂ ਵਿੱਚ ਜਾ ਰਹੀ ਹੈ, ਇਸ ਲਈ ਜਿਹੜੀ ਇੱਥੇ ਥੋੜ੍ਹੀ ਬਹੁਤ ਇੰਡਸਟਰੀ ਹੈ, ਉਸ ਨੂੰ ਰਿਆਇਤਾਂ ਦੇਣ ਦੀ ਲੋੜ ਹੈ ਅਤੇ ਫੋਕਲ ਪੁਆਇੰਟ ਬਣਾਏ ਜਾਣੇ ਚਾਹੀਦੇ ਹਨ। ਬਹਿਰਾਮ ਵਿੱਚ ਜਿਹੜੀ ਇੰਡਸਟਰੀ ਲੱਗੀ ਹੋਈ ਹੈ ਅਤੇ ਜਿਹੜੀ ਵੇਲਣੇ ਅਤੇ ਟੋਕਾ ਮਸ਼ੀਨਾਂ ਆਦਿ ਬਣਾਉਂਦੀ ਹੈ, ਉਸ ਨੂੰ ਨਵੇਂ ਢੰਗ ਤਰੀਕੇ ਨਾਲ ਉਤਸ਼ਾਹਿਤ ਕਰਨ ਦੀ ਲੋੜ ਹੈ । ਉੱਥੇ ਫੋਕਲ ਪੁਆਇੰਟ ਬਣਾ ਕੇ ਹੋਰ ਸਹੂਲਤਾਂ ਵੀ ਮਿਲਣੀਆਂ ਚਾਹੀਦੀਆਂ ਹਨ । ਸਪੀਕਰ ਸਾਹਿਬ, ਹੈਲਥ ਡਿਪਾਰਟਮੈਂਟ ਅੰਦਰ ਬਹੁਤ ਸਾਰੀਆਂ ਦਵਾਈਆਂ ਵਾਸਤੇ........

**ਮਾਨਯੋਗ ਸਪੀਕਰ** : ਮੋਹਨ ਲਾਲ ਜੀ, ਹੁਣ ਸਮਾਪਤ ਕਰੋ ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਨੈਸ਼ਨਲ ਰੂਰਲ ਹੈਲਥ ਮਨਿਸਟਰੀ ਦੇ ਤਹਿਤ ਮੇਰੇ ਹਲਕੇ ਦੇ ਇੱਕ ਵੱਡੇ ਪਿੰਡ ਅਪਰਾ ਵਿੱਚ ਕਮਿਊਨਿਟੀ ਹਸਪਤਾਲ ਖੋਲ੍ਹਿਆ ਹੈ । ਇਹ ਹਸਪਤਾਲ 25 ਬਿਸਤਰਿਆਂ ਲਈ ਇੱਕ ਸਾਲ ਪਹਿਲਾਂ ਮਨਜ਼ੂਰ ਹੋ ਗਿਆ ਸੀ ਪਰ ਇਸ ਵਾਸਤੇ ਬਜਟ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਜਿਹੜਾ ਕਿ ਕਰਨਾ ਚਾਹੀਦਾ ਹੈ । ਮੈਂ ਬੇਨਤੀ ਕਰਾਂਗਾ ਕਿ ਸਾਲ 2007-08 ਵਿੱਚ ਪੈਸਾ ਰੱਖ ਕੇ ਕਮਿਊਨਿਟੀ ਹੈਲਥ ਸੈਂਟਰ ਪੂਰਾ ਕੀਤਾ ਜਾਵੇ । ਇਹ ਅਪਰਾ ਪਿੰਡ ਮੇਰੇ ਹਲਕੇ ਦਾ ਸਭ ਤੋਂ ਵੱਡਾ ਪਿੰਡ ਹੈ । ਸਪੀਕਰ ਸਾਹਿਬ, 30 ਕਰੋੜ ਰੁਪਿਆ ਬਿਸਤ ਦੁਆਬ ਕੈਨਾਲ ਸਿਸਟਮ ਦਾ ਸੁਧਾਰ ਕਰਨ ਵਾਸਤੇ ਵਿੱਤ ਮੰਤਰੀ ਜੀ ਨੇ ਰੱਖਿਆ ਹੈ ।

Original with;
Punjab Vidhan Sabha
Digitized by;
Panjab Digital Library

ਮੈਂ ਬੇਨਤੀ ਕਰਾਂਗਾ ਕਿ ਗੜ੍ਹਸ਼ੰਕਰ, ਫਗਵਾੜਾ, ਮੁਕੰਦਪੁਰ, ਬੰਗਾ, ਦੁਸਾਂਝ ਕਲਾਂ, ਨਵਾਂ ਸ਼ਹਿਰ ਵਿਖੇ ਜਿਹੜੀਆਂ ਨਹਿਰਾਂ ਹਨ ਤੇ ਸੂਏ ਹਨ, ਉਨ੍ਹਾਂ ਦੀ ਚੌੜਾਈ ਤੇ ਡੂੰਘਾਈ ਘਟ ਗਈ ਹੈ ਜਿਸ ਕਰਕੇ ਨਹਿਰੀ ਪਾਣੀ ਪੂਰਾ ਨਹੀਂ ਪਹੁੰਚਦਾ । ਇਹ ਜਿਹੜਾ ਇੱਕ ਲੱਖ ਦਸ ਹਜ਼ਾਰ ਹੈਕਟੇਅਰ..........।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਨਹਿਰੀ ਪਾਣੀਆਂ ਦੇ ਮੁਤੱਲਕ ਮੈਂ ਕਹਿਣਾ ਚਾਹੁੰਦਾ ਹਾਂ। ਮੈਂ ਰਿਣੀ ਹਾਂ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਦਾ ਜਿਨ੍ਹਾਂ ਨੇ 25 ਸਫੇ ਤੇ ਬਿਸਤ ਦੁਆਬ ਕੈਨਾਲ ਲਈ 30 ਕਰੋੜ ਰੁਪਿਆ ਗਰਾਊਂਡ ਵਾਟਰ ਰੀਚਾਰਜਿੰਗ ਲਈ ਰੱਖਿਆ ਹੈ, ਇਸ ਦੀ ਸਫਾਈ ਵਾਸਤੇ ਰੱਖਿਆ ਹੈ । ਮੈਂ ਇਸ ਦੀ ਸ਼ਲਾਘਾ ਕਰਦਾ ਹਾਂ । ਇਸ ਦੇ ਨਾਲ ਹੀ ਕਹਿਣਾ ਚਾਹੁੰਦਾ ਹਾਂ ਕਿ ਹਾਂਸੀ-ਬੁਟਾਣਾ ਪੰਜਾਬ ਦੇ ਹਲਕੇ ਸਮਾਣੇ ਨਾਲ ਹਰਿਆਣੇ ਲਾਗੇ ਨਹਿਰ ਦੀ ਪੁਟਾਈ ਸ਼ੁਰੂ ਕੀਤੀ ਗਈ ਹੈ ਔਰ ਇਸ ਵਾਸਤੇ ਸੈਂਟਰਲ ਵਾਟਰ ਕਮਿਸ਼ਨ ਤੋਂ ਕੋਈ ਪਰਮਿਸ਼ਨ ਨਹੀਂ ਲਈ ਗਈ । ਹਰਿਆਣੇ ਦੇ ਵਜ਼ੀਰ ਕੈਪਟਨ ਅਜੈ ਸਿੰਘ, ਇਰੀਗੇਸ਼ਨ ਮੰਤਰੀ ਬੜੀ ਤੇਜ਼ੀ ਨਾਲ ਇਸ ਦੀ ਪੁਟਾਈ ਕਰਵਾ ਰਹੇ ਹਨ । ਇਹ ਬਹੁਤ ਹੀ ਮਹੱਤਵਪੂਰਨ, ਇੰਪਾਰਟੈਂਟ ਇਸ਼ੂ ਹੈ । ਪੁਲੀਟੀਕਲ ਇਸ਼ੂ ਹੈ। ਜ਼ੀਰੋ ਆਵਰ ਦੌਰਾਨ ਮੈਨੂੰ ਮੌਕਾ ਨਹੀਂ ਮਿਲਿਆ । ਮੈਂ ਸਤਿਕਾਰਯੋਗ ਮੁੱਖ ਮੰਤਰੀ ਜੀ ਨੂੰ ਇੱਕ ਚਿੱਠੀ ਵੀ 11 ਜੂਨ ਨੂੰ ਇਸ ਮੁਤੱਲਕ ਲਿਖੀ ਸੀ ਪਰ ਉਸ ਦਾ ਕੋਈ ਜਵਾਬ ਬਦਕਿਸਮਤੀ ਨਾਲ ਨਹੀਂ ਆਇਆ । (ਵਿਘਨ)

**ਮਾਨਯੋਗ ਸਪੀਕਰ** : ਖਹਿਰਾ ਜੀ, ਸਮੇਂ ਦਾ ਧਿਆਨ ਰੱਖੋ । ਸਮਾਂ ਜ਼ਾਇਆ ਨਾ ਹੋਵੇ ।

**Sardar Sukhpal Singh Khaira :** Sir, I want to know what is the planning to counter the Hansi-Butana canal which is another canal parallel to SYL being dug out in Haryana by the Haryana Government without permission of the Central Government ?

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ । ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਤੇ ਉਨ੍ਹਾਂ ਦੀ ਸਰਾਹਨਾ ਕਰਦਾ ਹਾਂ ਕਿ ਉਨ੍ਹਾਂ ਨੇ ਮੁਸ਼ਕਲ ਦੌਰ ਵਿੱਚ ਬੜੀ ਸੂਝ-ਬੂਝ ਤੇ ਸਿਆਣਪ ਨਾਲ ਬਜਟ ਪੇਸ਼ ਕੀਤਾ ਹੈ । ਪਰਮਾਤਮਾ ਇਨ੍ਹਾਂ ਨੂੰ ਲੰਬੀ ਤੇ ਤੰਦਰੁਸਤ ਆਯੂ ਬਖਸ਼ੇ ਤਾਂ ਕਿ ਇਨ੍ਹਾਂ ਦੇ ਮਨ ਵਿੱਚ ਜੋ ਸੁਪਨੇ ਹਨ ਕਿ

Original with;
Punjab Vidhan Sabha
Digitized by;
Panjab Digital Library

[ਚੌਧਰੀ ਮੋਹਨ ਲਾਲ ਬਹਿਰਾਮ]
ਪੰਜਾਬ ਅੱਗੇ ਵੱਧੇ, ਪ੍ਰਫੁਲਿਤ ਹੋਵੇ ਅਤੇ ਪੰਜਾਬ ਮੋਹਰੀ ਸੂਬਾ ਬਣੇ, ਇਹ ਸੁਪਨੇ ਪੂਰੇ ਹੋਣ । ਮੈਂ ਕਹਾਂਗਾ ਕਿ :

ਪਿਰੋਨਾ ਹੈ ਏਕ ਹੀ ਤਸਬੀ ਮੇਂ ਇਨ ਬਿਖਰੇ ਦਾਨੋਂ ਕੋ ।
ਯਹ ਮੁਸ਼ਕਲ ਹੈ ਤੋ ਇਸ ਮੁਸ਼ਕਲ ਕੋ ਆਸਾਂ ਕਰਕੇ ਛੋੜੂੰਗਾ । (ਥੰਪਿੰਗ)

ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਮਨ ਦੀ ਇੱਛਾ ਪੂਰੀ ਹੋਵੇਗੀ । ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਬਾਰੇ ਕਹਾਂਗਾ ਕਿ-

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ ।
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ । (ਥੰਪਿੰਗ)

ਸਪੀਕਰ ਸਾਹਿਬ, ਬਾਦਲ ਸਾਹਿਬ ਦੇ ਵਿਧਾਨ ਸਭਾ ਵਿੱਚ 50 ਸਾਲ ਹੋ ਗਏ ਹਨ । ਇਨ੍ਹਾਂ ਦੇ 50 ਸਾਲ ਹੋ ਗਏ ਹਨ ਤੇ ਮੈਂ ਬੇਨਤੀ ਕਰਾਂਗਾ ਕਿ ਇਸ ਬਜਟ ਸੈਸ਼ਨ ਤੋਂ ਇਲਾਵਾ ਦੋ-ਚਾਰ ਦਿਨ ਦਾ ਸਪੈਸ਼ਲ ਸੈਸ਼ਨ ਸੱਦਿਆ ਜਾਵੇ ਤਾਂ ਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਸਨਮਾਨਿਤ ਕੀਤਾ ਜਾਵੇ । (ਥੰਪਿੰਗ)

**ਮਾਨਯੋਗ ਸਪੀਕਰ** : ਜ਼ਰੂਰ ਕਰਾਂਗੇ । ਹੁਣ ਤੁਸੀਂ ਸਮਾਪਤ **ਕਰੋ** ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਪੰਜਾਬ ਦੀ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਪੰਜਾਬ ਦਾ ਨੁਕਸਾਨ ਹੋਇਆ । ਇਨ੍ਹਾਂ ਦੀਆਂ ਨਾਕਾਮੀਆਂ ਸਦਕਾ, ਇਨ੍ਹਾਂ ਦੀਆਂ ਗਲਤੀਆਂ ਸਦਕਾ ਲੋਕਾਂ ਨੇ ਇਨ੍ਹਾਂ ਨੂੰ ਵੋਟਾਂ ਨਹੀਂ ਪਾਈਆਂ ਤੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਤੇ ਵਿਸ਼ਵਾਸ ਕਰਕੇ, ਇਨ੍ਹਾਂ ਦੀ ਸਰਕਾਰ ਬਣਾਈ ਹੈ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਹੇਠ ਲੋਕਾਂ ਦੇ ਕੰਮ ਹੋ ਰਹੇ ਹਨ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਜਿਨ੍ਹਾਂ ਦੇ ਪੰਜਾਹ ਸਾਲ ਹੋ ਗਏ ਹਨ ਵਿਧਾਨ ਸਭਾ ਵਿੱਚ, ਇਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇ । ਮੈਂ ਵਧਾਈ ਦਿੰਦਾ ਹਾਂ । ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਜੋ ਬਜਟ ਪੇਸ਼ ਕੀਤਾ ਹੈ, ਉਸ ਦੀ ਸ਼ਲਾਘਾ ਕਰਦਾ ਹਾਂ, ਪ੍ਰੋੜ੍ਹਤਾ ਕਰਦਾ ਹਾਂ ਔਰ ਅਪੀਲ ਕਰਦਾ ਹਾਂ ਕਿ ਇਹ ਬਜਟ ਪਾਸ ਕੀਤਾ ਜਾਵੇ । ਧੰਨਵਾਦ । (ਥੰਪਿੰਗ)

**ਮਾਨਯੋਗ ਸਪੀਕਰ** : ਸ਼੍ਰੀ ਬ੍ਰਹਮ ਮਹਿੰਦਰਾ ਜੀ । ਤੁਹਾਨੂੰ ਦਸ ਮਿੰਟ ਮਿਲਣੇ ਹਨ । **ਹੁਣ ਟਾਈਮ** ਨੋਟ ਕਰ ਲਓ । ਬਾਰ ਬਾਰ ਆਖਣਾ ਨਾ ਪਵੇ । ਸਮੇਂ ਸਿਰ ਸਮਾਪਤ ਕਰ ਦਿਓ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਬ੍ਰਹਮ ਮਹਿੰਦਰਾ** (ਸਮਾਣਾ) : ਸਪੀਕਰ ਸਾਹਿਬ, ਮੈਂ ਵੀ ਬਾਰ-ਬਾਰ ਕਹਿਣਾ ਨਹੀਂ ਚਾਹਾਂਗਾ ਕਿ ਇਹ ਜਿਹੜੀ ਆਨਰੇਬਲ ਫਾਈਨਾਂਸ ਮਨਿਸਟਰ ਦੀ ਬਜਟ ਸਪੀਚ ਹੈ, ਇਹ ਕਾਗਜ਼ਾਂ ਦੀ ਬੁੱਕਲੈਟ ਨਹੀਂ ਹੈ, ਇਹ ਕਿਸੇ ਐਡਵਰਟਾਈਜ਼ਮੈਂਟ ਕੰਪਨੀ ਦੀ ਸੇਲਜ਼ ਪਰਮੋਸ਼ਨ ਦਾ ਕੈਟਾਲਾਗ ਵੀ ਨਹੀਂ ਹੈ । ਇਹ ਪੰਜਾਬ ਦਾ ਬਜਟ ਹੈ । ਢਾਈ ਕਰੋੜ ਲੋਕਾਂ ਦੀ ਆਉਣ ਵਾਲੇ ਸਾਲ ਲਈ ਡਿਵੈਲਪਮੈਂਟ, ਉਨ੍ਹਾਂ ਦੀ ਤਰੱਕੀ, ਉਨ੍ਹਾਂ ਦੀ ਵੈਲਫੇਅਰ ਆਪਾਂ ਡਿਸਕਸ ਕਰਨੀ ਹੈ । ਇਹ ਦਸ ਮਿੰਟਾਂ ਦਾ ਟਾਈਮ ਥੋੜ੍ਹਾ ਹੈ । ਚਾਹੇ ਦੋ ਘੰਟੇ ਹਾਊਸ ਦਾ ਟਾਈਮ ਐਕਸਟੈਂਡ ਕਰ ਲਓ । ਮੈਂ ਬੇਨਤੀ ਕਰਨੀ ਚਾਹਾਂਗਾ.......(ਵਿਘਨ)......ਮੇਰੀ ਗੱਲ ਸੁਣ ਲਓ । ਮੈਂ ਲੀਡਰ ਆਫ ਦਾ ਹਾਊਸ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਬੜੇ ਇੰਪਾਰਟੈਂਟ ਮਸਲੇ ਹਨ । ਇਸ ਲਈ ਜੇ ਆਪਾਂ ਸੈਸ਼ਨ ਦੀ ਡਬਲ ਸਿਟਿੰਗ ਵੀ ਨਹੀਂ ਕਰਨੀ ਤਾਂ ਹਾਊਸ ਦਾ ਟਾਈਮ ਐਕਸਟੈਂਡ ਕਰ ਲੈਂਦੇ ਹਾਂ..........(ਵਿਘਨ)......

**ਮਾਨਯੋਗ ਸਪੀਕਰ** : ਤੁਸੀਂ ਬੋਲੋ ਜਿਹੜਾ ਬੋਲਣਾ ਹੈ ।

**ਸ਼੍ਰੀ ਬ੍ਰਹਮ ਮਹਿੰਦਰਾ** : ਤੁਸੀਂ ਇਹ ਟਾਈਮ ਐਕਸਟੈਂਡ ਕਰ ਲਓ ।

**ਮਾਨਯੋਗ ਸਪੀਕਰ** : ਟਾਈਮ ਐਕਸਟੈਂਡ ਨਹੀਂ ਹੋਣਾ । ਤੁਸੀਂ ਆਪਣਾ ਟਾਈਮ ਕਿਉਂ ਜ਼ਾਇਆ ਕਰ ਰਹੇ ਹੋ । ਤੁਸੀਂ ਬੋਲੋ ।

**ਸ਼੍ਰੀ ਬ੍ਰਹਮ ਮਹਿੰਦਰਾ** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਪਰੋਪੋਜ਼ਲਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਅੱਜ ਇਸ ਗੱਲ ਨੂੰ ਦੇਖਦੇ ਹੋਏ ਬੜਾ ਦੁੱਖ ਹੋ ਰਿਹਾ ਹੈ ਕਿ ਇਸ ਬਜਟ ਦੇ ਵਿੱਚ ਕਈ ਗੱਲਾਂ ਚੰਗੀਆਂ ਵੀ ਹਨ ਪਰ ਇੱਕ ਸਭ ਤੋਂ ਵੱਡੀ ਗੱਲ ਦੇਖਣ ਵਾਲੀ ਇਹ ਹੈ ਕਿ ਕੋਈ ਡੇਡੀਕੇਸ਼ਨ, ਕੋਈ ਕਨਵਿਕਸ਼ਨ, ਕੋਈ commitment to the cause ਨਜ਼ਰ ਨਹੀਂ ਆ ਰਿਹਾ ਕਿਉਂਕਿ ਸਾਡੀ ਅਫ਼ਸਰ ਗੈਲਰੀ ਵਿੱਚ 80 ਪ੍ਰਤੀਸ਼ਤ ਅਫ਼ਸਰ ਹੀ ਨਹੀਂ ਹਨ । ਚੀਫ ਸੈਕਟਰੀ ਵੀ ਨਹੀਂ ਬੈਠੇ । ਕੈਬਨਿਟ ਦੇ ਅੱਧੇ ਤੋਂ ਜ਼ਿਆਦਾ ਮਨਿਸਟਰ ਮੌਜੂਦ ਨਹੀਂ ਹਨ । ਇਹ ਕਾਫੀ ਸੀਰੀਅਸ ਗੱਲ ਹੈ । ਇਸ ਬਜਟ ਨੂੰ ਅਫ਼ਸਰਾਂ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ । ਇਸ ਕਰਕੇ ਮੈਂ ਬਾਰ-ਬਾਰ ਇਸ ਗੱਲ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਜਟ ਬਾਰੇ ਕਨਵਿਕਸ਼ਨ ਨਹੀਂ ਹੈ । ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਜਦੋਂ ਬੋਲ ਰਹੇ ਸੀ.......(ਵਿਘਨ)

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਬੈਠੇ-ਬੈਠੇ)** : ਉਹ ਵੀ ਹਾਜ਼ਰ ਨਹੀਂ ਹਨ ।

**ਸ਼੍ਰੀ ਬ੍ਰਹਮ ਮਹਿੰਦਰਾ** : ਅਸੀਂ ਹਾਜ਼ਰ ਹਾਂ । ਇਹ ਉਨ੍ਹਾਂ ਦੀ ਨਹੀਂ ਬਲਕਿ ਟਰੈਜ਼ਰੀ/ਬੈਂਚਿਜ਼ ਦੀ ਜ਼ਿੰਮੇਵਾਰੀ ਹੈ । .......(ਵਿਘਨ)...........ਮੈਂ ਬੇਨਤੀ ਕਰਾਂਗਾ ਕਿ ਟਾਈਮ ਵੇਸਟ ਨਾ ਕਰੀਏ ਤਾਂ ਜ਼ਿਆਦਾ ਅੱਛਾ ਹੋਵੇਗਾ ।

ਮਾਨਯੋਗ ਸਪੀਕਰ : ਬੋਲੋ ਤੁਸੀਂ ।

**ਸ਼੍ਰੀ ਬ੍ਰਹਮ ਮਹਿੰਦਰਾ** : ਉਨ੍ਹਾਂ ਨੇ ਬੋਲਦੇ ਹੋਏ ਕਿਹਾ ਸੀ ਕਿ ਗਿੱਦੜਬਾਹੇ ਦੀ ਨਸਵਾਰ ਨੂੰ ਟੈਕਸ ਤੋਂ ਛੋਟ ਦਿੱਤੀ ਹੈ । ਅੱਜ ਸਾਰਾ ਵਿਸ਼ਵ International Day Against Drugs and illicit Trafficking ਮਨਾ ਰਿਹਾ ਹੈ । ਇਹ ਇੰਟਰਨੈਸ਼ਨਲ ਡੇਅ ਹੈ। ਮੈਨੂੰ ਬੜਾ ਦੁੱਖ ਹੁੰਦਾ ਹੈ ਕਿ ਸਾਰੇ ਬਜਟ ਵਿੱਚ ਇਸ ਪਾਸੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਜਿਹੜੀ ਡਰੱਗ ਅਬਿਊਜ਼ ਹੈ, ਇਸ ਨੂੰ ਕਿਵੇਂ ਰੋਕਿਆ ਜਾਵੇ । ਡੀਅਡਿਕਸ਼ਨ ਸੈਂਟਰ ਦੀ ਗੱਲ ਜ਼ਰੂਰ ਕੀਤੀ ਗਈ ਹੈ ਪਰ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਇਸ ਨੂੰ ਰੋਕਿਆ ਕਿਵੇਂ ਜਾਵੇਗਾ । ਡਰੱਗ ਟਰੈਫਿਕਿੰਗ ਜੋ ਹੋ ਰਹੀ ਹੈ, ਇਸ ਨੂੰ ਕਿਸ ਤਰ੍ਹਾਂ ਕਰਬ ਕੀਤਾ ਜਾਵੇਗਾ, ਕਿਸੇ ਕਿਸਮ ਦਾ ਕੋਈ ਜ਼ਿਕਰ ਇਸ ਬਜਟ ਵਿੱਚ ਨਹੀਂ ਹੈ । ਇਹ ਬੜੀ ਅਣਗਹਿਲੀ ਵਾਲੀ ਗੱਲ ਹੈ । ਮੈਂ ਸਮਝਦਾ ਹਾਂ ਕਿ ਇਹ ਸਾਰਿਆਂ ਦੇ ਕਨਸਰਨ ਵਾਲੀ ਗੱਲ ਹੈ ਕਿ ਜਿਹੜੀ ਡਰੱਗ ਅਡਿਕਸ਼ਨ ਵਧਦੀ ਜਾ ਰਹੀ ਹੈ, ਇਸ ਨੂੰ ਕਿਸ ਤਰ੍ਹਾਂ ਰੋਕਿਆ ਜਾਵੇ । ਇਸ ਬਜਟ ਵਿੱਚ ਇਸ ਤਰ੍ਹਾਂ ਦਾ ਕੋਈ ਜ਼ਿਕਰ ਨਹੀਂ ਹੈ । ਮੈਂ ਅੰਕੜਿਆਂ ਦੀ ਡਿਟੇਲ ਵਿੱਚ ਨਹੀਂ ਜਾਂਦਾ ਕਿਉਂਕਿ ਟਾਈਮ ਥੋੜ੍ਹਾ ਹੈ । ਜਿਹੜਾ ਮੇਨ ਮੁੱਦਾ ਆਟਾ-ਦਾਲ ਦਾ ਹੈ, ਮੈਂ ਉਸ ਤੇ ਗੱਲ ਕਰਨੀ ਚਾਹਾਂਗਾ। ਆਟਾ-ਦਾਲ ਦੀ ਸਕੀਮ ਤੁਸੀਂ ਲਿਆਂਦੀ । ਇਹ ਅਕਾਲੀ ਦਲ ਦੀ ਮੈਨੀਫੈਸਟੋ ਵਿੱਚ ਅਨਾਊਂਸਮੈਂਟ ਸੀ । ਆਲਰੇਡੀ ਸਾਡੇ ਕੋਲ ਸੈਂਟਰ ਦੀਆਂ ਦੋ ਸਕੀਮਾਂ ਚੱਲ ਰਹੀਆਂ ਹਨ । ਇੱਕ ਬੀ.ਪੀ.ਐਲ. ਚੱਲ ਰਹੀ ਹੈ ਦੂਜੀ ਅਨਤੋਦਿਆ ਅੰਨ ਯੋਜਨਾ ਚੱਲ ਰਹੀ ਹੈ । ਬੀ.ਪੀ.ਐਲ. ਅਧੀਨ 4.53 ਰੁਪਏ ਪਰ ਕਿੱਲੋ ਆਟਾ ਮਿਲਦਾ ਹੈ ਅਤੇ ਅਨਤੋਦਿਆ ਅੰਨ ਯੋਜਨਾ ਅਧੀਨ ਦੋ ਰੁਪਏ ਕਿੱਲੋ ਵੀਟ ਮਿਲਦੀ ਹੈ । ਉਸ ਵਿੱਚ ਰਾਈਸ ਤਿੰਨ ਰੁਪਏ ਕਿਲੋ ਮਿਲਦਾ ਹੈ ਅਤੇ ਇਸ ਵਿੱਚ ਰਾਈਸ 6-12 ਰੁਪਏ ਕਿਲੋ ਮਿਲਦਾ ਹੈ । ਮੈਂ ਇਹ ਜਾਣਨਾ ਚਾਹਾਂਗਾ ਕਿ ਇਹ ਜਿਹੜੀ ਤੁਸੀਂ ਨਵੀਂ ਸਕੀਮ ਲਿਆਂਦੀ ਹੈ, ਇਸ ਵਿੱਚ ਤੁਸੀਂ 13.26 ਲੱਖ ਫੈਮਿਲੀਜ਼ ਆਈਡੈਂਟੀਫਾਈ ਕੀਤੀਆਂ ਹਨ । ਇਹ ਜਿਹੜੀਆਂ ਆਪਾਂ ਨਵੀਆਂ ਕੈਟੇਗਰੀਜ਼ ਕਰੀਏਟ ਕਰ ਰਹੇ ਹਾਂ, ਬੀ.ਪੀ.ਐਲ. ਪਹਿਲਾਂ ਹੀ ਹੈ ਅਤੇ ਆਪਾਂ ਅੱਗੇ ਹੀ ਕਾਸਟ ਰਿਡਨ ਤਿੰਨ ਕੈਟੇਗਰੀਜ਼

Original with;
Punjab Vidhan Sabha
Digitized by;
Panjab Digital Library

ਨਵੀਆਂ ਬਣਾਈਆਂ ਗਈਆਂ ਹਨ, ਆਪਾਂ ਸੋਸ਼ਿਓ-ਇਕਨਾਮਿਕ ਫੀਲਡ ਵਿੱਚ ਇਹ ਕਰ ਰਹੇ ਹਾਂ ਕਿ ਇਹ ਚਾਰ ਰੁਪਏ ਕਿੱਲੋ ਵਾਲਾ ਗਿਣਿਆ ਜਾਵੇਗਾ ਅਤੇ ਇਹ ਦੋ ਰੁਪਏ ਕਿੱਲੋ ਵਾਲਾ ਹੈ । 13 ਲੱਖ ਫੈਮਲੀਜ਼ ਇਸ ਤਰ੍ਹਾਂ ਦੇ ਕਿੱਲੋ ਵਾਲੀਆਂ ਹਨ...........

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੇ ਭਲਾਈ ਮੰਤਰੀ** (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮਾਨਯੋਗ ਮੈਂਬਰ ਸਾਹਿਬ ਜ਼ਿਕਰ ਕਰ ਰਹੇ ਹਨ, ਮੈਂ ਇਨ੍ਹਾਂ ਨੂੰ ਸਵਾਲ ਕਰਦਾ ਹਾਂ ਕਿ ਇਹ ਤੁਹਾਡੇ ਰਾਹੀਂ ਸਪਸ਼ਟੀਕਰਨ ਕਰਨ ਕਿ ਇਹ ਜਿਹੜੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਸਾਢੇ ਤੇਰਾਂ ਲੱਖ ਪਰਿਵਾਰਾਂ ਨੂੰ ਆਟਾ-ਦਾਲ ਦੀ ਸਕੀਮ ਹੈ, ਜਿਸ ਵਿੱਚ ਆਟਾ 4 ਰੁਪਏ ਕਿਲੋ ਅਤੇ ਦਾਲ 20 ਰੁਪਏ ਕਿਲੋ ਦੇਣੀ ਹੈ । ਕੀ ਤੁਸੀਂ ਇਸ ਦਾ ਵਿਰੋਧ ਕਰਦੇ ਹੋ ? ਜੇ ਤੁਸੀਂ ਵਿਰੋਧ ਨਹੀਂ ਕਰਦੇ ਤਾਂ ਫੇਰ ਸਪੱਸ਼ਟੀਕਰਨ ਦਿਓ ਕਿ ਉਸ ਦੀ ਨੁਕਤਾਚੀਨੀ ਕਿਉਂ ਕਰਦੇ ਹੋ ? ਸਪੀਕਰ ਸਾਹਿਬ, ਇਹ ਕਲੀਅਰ ਕਰਨ ਕਿ ਕੀ ਇਹ ਵਿਰੋਧ ਕਰਦੇ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ** : ਸਾਡੇ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਬੜੇ ਅੱਛੇ ਢੰਗ ਨਾਲ ਗੱਲ ਕਹੀ ਸੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕੈਟਾਗਰੀ ਇਹ ਬਣਾ ਰਹੇ ਹਨ, ਉਸ ਨੂੰ ਕੋਈ ਇੱਜ਼ਤ ਮਾਣ ਵਾਲੀ ਗੱਲ ਦੇਣ । ਮੈਂ 45,000 ਰੁਪਏ ਦੀ ਲਿਮਟ ਕਿਹਾ ਹੈ । ਇਸ ਵਕਤ 30,000 ਹੈ, ਤੁਸੀਂ ਉਸ ਨੂੰ 45,000 ਕਰ ਲਓ । ਸਾਰੀ ਗੱਲ ਕਲੀਅਰ ਹੋ ਜਾਵੇਗੀ । ਇਸ ਨੂੰ ਵਧਾ ਲਓ । ਅਸੀਂ ਇਹ ਚਾਹੁੰਦੇ ਹਾਂ । ਮੇਰੇ ਕਹਿਣ ਦਾ ਭਾਵ ਸੀ ਕਿ ਨਵੀਂ ਬੀ.ਪੀ.ਐਲ. ਲਿਸਟ ਬਣ ਰਹੀ ਹੈ, ਪਹਿਲੀਆਂ ਦੋ ਹਨ, ਕੀ ਉਨ੍ਹਾਂ ਨੂੰ ਓਵਰ ਲੈਪ ਤਾਂ ਨਹੀਂ ਕਰ ਰਹੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੀ ਖ਼ਤਮ ਕਰਨ ਲੱਗੇ ਹੋ ਜਾਂ ਰਹੇਗੀ ਜਿਸ ਵਿੱਚ ਸੈਂਟਰ ਤੋਂ ਆਟੇ ਲਈ ਪੈਸਾ ਆਉਂਦਾ ਹੈ ?

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕੰਟਰਾਡਿਕਟਰੀ ਡਿਬੇਟ ਕਿਉਂ ਕਰੀ ਜਾਂਦੇ ਹਨ । ਜਿਵੇਂ ਇਹ ਕਹਿ ਰਹੇ ਹਨ, ਕੀ ਇਸ ਤਰ੍ਹਾਂ ਨਵੀਂ ਕੈਟਾਗਰੀ ਨਹੀਂ ਬਣੇਗੀ ? ਸੋਚੋ ਤਾਂ ਸਹੀ ਕੀ ਤੁਸੀਂ ਬੋਲ ਕੀ ਰਹੇ ਹੋ ? ਇਸ ਬਜਟ ਦੀ ਤਾਰੀਫ਼ ਕਰੋ, ਪੰਜਾਬ ਦੇ ਕਿੰਨੇ ਲੋਕ ਇਸ ਵਿੱਚ ਕਵਰ ਹੋ ਰਹੇ ਹਨ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਬ੍ਰਹਮ ਮਹਿੰਦਰਾ** : ਮੈਂ ਇਕ ਗੱਲ ਕਹੀ ਸੀ ਕਿ ਦੋ ਸਕੀਮਾਂ ਦੀ ਓਵਰ ਲੈਪਿੰਗ ਹੋ ਰਹੀ ਹੈ । ਮੈਂ ਪੁੱਛਣਾ ਚਾਹੁੰਦਾ ਸੀ ਕਿ ਫਾਈਨਾਂਸ ਮਨਿਸਟਰ ਵਾਈਂਡ ਅੱਪ ਕਰਨ ਵੇਲੇ ਇਨ੍ਹਾਂ ਦੋ ਸਕੀਮਾਂ ਬਾਰੇ ਜੋ ਆਲਰੇਡੀ ਚੱਲ ਰਹੀਆਂ ਹਨ, ਉਸ ਬਾਰੇ ਸਪੱਸ਼ਟੀਕਰਨ ਦੇਣ ਕਿ ਉਹ ਰਹਿਣਗੀਆਂ ਜਾਂ ਖਤਮ ਕੀਤੀਆਂ ਜਾਣਗੀਆਂ ।

**ਮਾਨਯੋਗ ਸਪੀਕਰ** : ਬੋਲੀ ਚੱਲੋ ।

**ਸ਼੍ਰੀ ਬ੍ਰਹਮ ਮਹਿੰਦਰਾ** : ਅਸੀਂ ਇਸ ਨੂੰ ਸਪੋਰਟ ਵੀ ਕਰਦੇ ਹਾਂ ਪਰ ਇਸ ਨੂੰ 45,000 ਤੇ ਲਿਆਓ । ਅੱਜ ਇਕ ਵੱਡਾ ਮੁੱਦਾ ਜਿਸ ਦੀ ਸਟੱਡੀ ਤੇ ਪੂਰਾ ਵਿਸ਼ਵ ਲੱਗਾ ਹੋਇਆ ਹੈ ਉਹ ਹੈ ਐਗਰੀਕਲਚਰ ਵਿਚ ਡਾਈਵਰਸੀਫਿਕੇਸ਼ਨ ਦੀ ਗੱਲ । ਅੱਜ ਸਾਰੇ ਇਹ ਚਾਹੁੰਦੇ ਹਨ ਕਿ ਇਹ ਜਿਹੜੀ ਪੈਡੀ ਅਤੇ ਵ੍ਹੀਟ ਦਾ ਸਾਈਕਲ ਹੈ ਇਸ ਨੂੰ ਤੋੜਿਆ ਜਾਵੇ । ਇਸ ਨਾਲ ਸਾਡੇ ਕਿਸਾਨ ਕਿਸ ਤਰ੍ਹਾਂ ਸਫ਼ਰ ਕਰ ਰਹੇ ਹਨ । ਅੱਜ ਜਿਸ ਵੇਲੇ ਡਬਲਿਊ.ਟੀ.ਓ. ਵਿੱਚ ਅਸੀਂ ਕਦਮ ਰੱਖ ਰਹੇ ਹਾਂ ਤਾਂ ਸਖ਼ਤ ਜ਼ਰੂਰਤ ਹੋ ਜਾਂਦੀ ਹੈ ਕਿ ਖੇਤੀਬਾੜੀ ਦੇ ਉਤਪਾਦਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ । ਡਾਈਵਰਸੀਫਿਕੇਸ਼ਨ ਲਈ ਬਹੁਤ ਸਟ੍ਰਾਂਗ ਸਿਸਟਮ ਤਿਆਰ ਕਰਨਾ ਚਾਹੀਦਾ ਹੈ । ਆਪਣੇ ਕਿਸਾਨਾਂ ਨੂੰ ਬਚਾਉਣ ਲਈ ਅਜ ਡਬਲਿਊ.ਟੀ.ਓ. ਦੀ ਬਹਿਸ ਵਿਚ ਜੀ-4 ਦੇ ਮੁਲਕਾਂ ਦੀ ਮੀਟਿੰਗ ਹੋਈ ਸੀ ਜਿਸ ਵਿਚ ਸਾਡੀ ਭਾਰਤ ਸਰਕਾਰ ਦੇ ਕਾਮਰਸ ਮਨਿਸਟਰ ਸ਼੍ਰੀ ਕਮਲ ਨਾਥ ਜਿਨ੍ਹਾਂ ਨੇ ਸ਼੍ਰੀਮਤੀ ਸੋਨੀਆ ਗਾਂਧੀ ਦੀ ਪਾਲਿਸੀ ਮੁਤਾਬਿਕ ਯੂ.ਪੀ.ਏ. ਦੀ ਸਰਕਾਰ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਪਾਲਿਸੀ ਮੁਤਾਬਿਕ ਜੀ-4 ਦੀ ਮੀਟਿੰਗ ਵਿੱਚ ਜਾ ਕੇ ਇਹ ਗੱਲ ਉਠਾਈ ਸੀ ਕਿ ਜਿਥੇ ਸਾਰੇ ਵਿਸ਼ਵ ਦੇ ਵੱਡੇ ਮੁਲਕਾਂ ਦੀ ਫਸਲ ਨੇ ਸਬਸੇਡਾਈਜ਼ ਹੋ ਕੇ ਆਉਣਾ ਹੈ ਉਥੇ ਸਾਡੀ ਫਸਲ ਬਿਨਾਂ ਸਬਸਿਡਾਈਜ਼ਡ ਹੋ ਕੇ ਜਾਂਦੀ ਹੈ, ਉਥੇ ਭਾਰਤ ਦਾ ਕਿਸਾਨ ਕਿਵੇਂ ਕੰਪੀਟ ਕਰ ਸਕਦਾ ਹੈ । ਉਸ ਵਾਸਤੇ ਕਿਸਾਨ ਨੂੰ ਤਿਆਰ ਕਰੀਏ । ਅੱਜ ਸਮੁੱਚਾ ਦੇਸ਼ ਇਸ ਗੱਲ ਲਈ ਕਨਸਰਨਡ ਹੋ ਕੇ ਫ਼ੀਲ ਕਰ ਰਿਹਾ ਹੈ ਕਿ ਕਿਸ ਤਰ੍ਹਾਂ ਪੰਜਾਬ ਦਾ ਹਿੰਦੁਸਤਾਨ ਦਾ ਕਿਸਾਨ ਡਬਲਿਊ.ਟੀ.ਓ. ਵਿੱਚ ਕੰਪੀਟ ਕਰੇ ਕਿਉਂਕਿ ਵਿਸ਼ਵ ਇਕ ਵੱਡੀ ਮਾਰਕੀਟ ਬਣ ਰਿਹਾ ਹੈ । ਜਿਸ ਵਿੱਚ 80% ਦੀ ਸਬਸਿਡੀ ਨਾਲ ਵੱਡੇ ਮੁਲਕਾਂ ਦੇ ਕਿਸਾਨਾਂ ਨੇ ਆਉਣਾ ਹੈ । ਐਮ.ਐਸ.ਪੀ. ਅਸੀਂ ਹਰ ਸਾਲ ਵਧਾਉਂਦੇ ਹਾਂ ਤੇ ਵਧਾਈ ਜਾ ਰਹੇ ਹਾਂ ।

ਮੈਂ ਫਾਈਨਾਂਸ ਮਨਿਸਟਰ ਨੂੰ 3-4 ਗੱਲਾਂ ਹੋਰ ਕਹਿਣੀਆਂ ਹਨ । ਰਿਲਾਇੰਸ ਅਤੇ ਭਾਰਤੀ ਦਾ ਜ਼ਿਕਰ ਕੀਤਾ ਗਿਆ ਹੈ । ਇਹ ਸਾਡੀ ਸਰਕਾਰ ਵੇਲੇ ਆਇਆ ਹੈ । ਸਿਟਰਸ ਫਰੂਟਸ ਲਈ ਸੈਂਟਰ ਦੀ ਗੱਲ ਕੀਤੀ ਗਈ ਹੈ ਇਹ ਸਾਡੇ ਵੇਲੇ ਲਿਆਂਦੇ ਗਏ ਹਨ । ਡਾਈਵਰਸੀਫਿਕੇਸ਼ਨ (ਖੇਤੀਬਾੜੀ ਵਿੱਚ ਵਿਭਿੰਨਤਾ) ਸਾਡੀ ਪਿਛਲੀ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਲਿਆਂਦੀ ਹੈ । ਇਸ ਨੂੰ ਇਹ ਹੋਰ ਸਪੋਰਟ ਕਰਨ । ਜਿਹੜਾ 100 ਕਰੋੜ ਰੁਪਿਆ ਇਹ ਪ੍ਰੋਪੋਜ਼ ਕਰ ਰਹੇ ਹਨ ਇਹ ਥੋੜ੍ਹਾ ਹੈ । ਪੰਜ ਸੈਂਟਰ ਥੋੜ੍ਹੇ ਹਨ । ਇਹ ਕਿਸਾਨੀ ਪ੍ਰਧਾਨ ਸੂਬਾ ਹੈ ਇਸ ਵਿੱਚ ਡਾਈਵਰਸੀਫਿਕੇਸ਼ਨ ਨੂੰ ਹੋਰ ਸਟਰੈਂਥਨ ਕਰਨਾ ਹੋਵੇਗਾ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਸੀ ਕਿ 100 ਕਰੋੜ ਦੀ ਪ੍ਰੋਵੀਜ਼ਨ ਗੌਰਮਿੰਟ ਆਫ਼ ਇੰਡਿਆ ਨੇ ਜਿਹੜੀ ਦਿੱਤੀ ਹੈ ਐਗਰੀਕਲਚਰ ਯੂਨੀਵਰਸਿਟੀ ਨੂੰ ਇਸ ਵਿੱਚ ਕਿਸੇ ਕਿਸਮ ਦਾ ਫਾਈਨਾਂਸ ਮਨਿਸਟਰ ਸਾਹਿਬ ਨੇ ਜ਼ਿਕਰ ਨਹੀਂ ਕੀਤਾ । ਰਿਸਰਚ ਨੂੰ ਕਿਸ ਤਰੀਕੇ ਨਾਲ ਐਗਰੀਕਲਚਰ ਮਨਿਸਟਰ ਪ੍ਰੋਮੋਟ ਕਰੇਗੀ, ਕਿਸ ਤਰੀਕੇ ਨਾਲ ਸਿਸਟਮ ਬਣੇਗਾ ਇਸ ਦੀ ਕੋਈ ਕਲੈਰੀਫਿਕੇਸ਼ਨ ਨਹੀਂ ਹੈ ਐਂਰ ਗੌਰਮਿੰਟ ਆਫ਼ ਇੰਡੀਆ ਦਾ ਸਾਲ 2006-07 ਦੇ ਵਿੱਚ ਸੌ ਕਰੋੜ ਰੁਪਏ ਆਉਣ ਦਾ ਜਿਹੜਾ ਇੱਥੇ ਜ਼ਿਕਰ ਕੀਤਾ ਗਿਆ ਹੈ, ਇਹ ਸਿਰਫ ਜ਼ਿਕਰ ਕੀਤਾ ਹੋਇਆ ਹੈ । ਮੈਂ ਚਾਹਾਂਗਾ ਕਿੰ ਇਹ ਸਾਰੀਆਂ ਗੱਲਾਂ ਕਲੈਰੀਫਾਈ ਹੋਣ ਵਾਲੀਆਂ ਹਨ । ਜਿਹੜੀ ਡਾਈਵਰਸੀਫਿਕੇਸ਼ਨ ਦੀ ਮੰਗ ਹੈ, ਜਿਹੜੀਆਂ ਸਕੀਮਾਂ ਹਨ, ਉਨ੍ਹਾਂ ਨੂੰ ਖੁੱਲ੍ਹ ਕੇ ਅੱਗੇ ਲਿਆਉਣ । ਇਹ ਸਾਰੀਆਂ ਚੀਜ਼ਾਂ ਇਸ ਦੇ ਵਿੱਚ ਦੇਖਣੀਆਂ ਚਾਹੀਦੀਆਂ ਹਨ ।

ਸਰ, ਦੂਸਰੀ ਗੱਲ ਹੈਲਥ ਦੇ ਬਾਰੇ ਹੈ । ਮੈਂ ਹੈਲਥ ਐਂਰ ਮੈਡੀਕਲ ਐਜੂਕੇਸ਼ਨ ਬਾਰੇ ਦੋ ਤਿੰਨ ਗੱਲਾਂ ਕਹਿਣੀਆਂ ਚਾਹੁੰਦਾ ਹਾਂ । ਹੈਲਥ ਸਿਸਟਮਜ਼ ਕਾਰਪੋਰੇਸ਼ਨ ਸਾਲ 1996 ਦੇ ਵਿੱਚ ਬਣੀ ਸੀ । ਮੈਂ ਉਸ ਵੇਲੇ ਹੈਲਥ ਮਨਿਸਟਰ ਸੀ । ਅਸੀਂ ਨਹੀਂ ਚਾਹੁੰਦੇ ਸੀ ਕਿ ਕਾਰਪੋਰੇਸ਼ਨ ਦੇ ਵਿੱਚ ਪੈਸਾ ਆਵੇ । ਜਿਹੜਾ 400 ਕਰੋੜ ਰੁਪਿਆ ਵਰਲਡ ਬੈਂਕ ਤੋਂ ਆਇਆ ਸੀ, ਮੇਰੀ ਅਤੇ ਹੋਰ ਲੋਕਾਂ ਦੀ ਵਿਚਾਰਧਾਰਾ ਸੀ ਕਿ ਜਿਹੜਾ ਇਹ 400 ਕਰੋੜ ਰੁਪਿਆ ਹੈ, ਸਾਨੂੰ ਡਾਇਰੈਕਟੋਰੇਟ ਲੈਵਲ ਤੇ ਅਤੇ ਥੱਲੇ ਪ੍ਰਾਇਮਰੀ ਹੈਲਥ ਸੈਂਟਰਜ਼ ਜਿਹੜੇ ਮੁੱਢਲੇ ਲੈਵਲ ਤੇ ਹਨ, ਉਨ੍ਹਾਂ ਨੂੰ ਸਟਰੈਂਥਨ ਕਰਨਾ ਚਾਹੀਦਾ ਹੈ । ਜਦੋਂ ਮੈਂ ਡਿਫਰ ਕੀਤਾ ਤਾਂ ਮੈਂ ਇਸ ਗੱਲ ਕਰਕੇ ਉਦੋਂ ਬਾਹਰ ਵੀ ਹੋਇਆ ਸੀ । ਇਹ 400 ਕਰੋੜ ਰੁਪਏ ਦਾ ਬੋਝ ਲੋਕਾਂ ਤੇ ਨਹੀਂ ਪਾਉਣਾ ਚਾਹੀਦਾ ਸੀ । ਜਦੋਂ ਇਹ ਹੈਲਥ ਸਿਸਟਮਜ਼ ਕਾਰਪੋਰੇਸ਼ਨ ਸਾਲ 1996 ਦੇ ਵਿੱਚ ਹੋਂਦ ਵਿੱਚ ਆਈ, ਉਸ ਤੋਂ ਬਾਅਦ ਬਾਦਲ ਸਾਹਿਬ ਦੀ ਸਰਕਾਰ ਆਈ । ਮੇਰਾ ਖਿਆਲ ਹੈ ਕਿ ਉਥੇ ਸੌਫਿਸਟੀਕੇਟਿਡ ਮਸ਼ੀਨਾਂ ਵੀ ਲੱਗੀਆਂ ਸਨ । ਜਿਥੇ ਇਹ ਮਸ਼ੀਨਾਂ ਲੱਗੀਆਂ ਸਨ, ਉੱਥੇ ਕੁਆਲੀਫਾਈਡ ਡਾਕਟਰਜ਼ ਨਹੀਂ ਸਨ ਅਤੇ ਜਿਥੇ ਕੁਆਲੀਫਾਈਡ ਡਾਕਟਰਜ਼ ਸਨ, ਉੱਥੇ ਇਹ ਮਸ਼ੀਨਾਂ ਨਹੀਂ ਸਨ । ਅੱਜ ਪੁਜ਼ੀਸ਼ਨ ਇਹ ਹੈ ਕਿ ਤਕਰੀਬਨ ਦੋ ਸੌ ਕਰੋੜ ਰੁਪਏ ਦੀਆਂ ਮਸ਼ੀਨਾਂ ਪੰਜਾਬ ਦੇ ਵਿੱਚ ਵੇਸਟ ਪਈਆਂ ਹਨ । ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਸਟਰੈਂਥਨ ਕੀਤਾ ਜਾਵੇ । ਜਿਹੜਾ ਲੋਕਾਂ ਤੇ ਚਾਰ ਸੌ ਕਰੋੜ ਰੁਪਏ ਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬ੍ਰਹਮ ਮਹਿੰਦਰਾ]
ਬੋਝ ਹੈ, ਉਸ ਨੂੰ ਕਿਵੇਂ ਪੂਰਾ ਕੀਤਾ ਜਾਵੇਗਾ ? ਮੈਂ ਚਾਹੁੰਦਾ ਹਾਂ ਕਿ ਇਸ ਗੱਲ ਤੇ ਵੀ ਸਰਕਾਰ ਰੋਸ਼ਨੀ ਪਾਵੇ ।

ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਰੱਖਣੀ ਚਾਹੁੰਦਾ ਹਾਂ । ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ, ਫਰੀਦਕੋਟ ਵਿੱਚ ਹੈ । ਇਸ ਯੂਨੀਵਰਸਿਟੀ ਨੂੰ 8 ਕਰੋੜ ਰੁਪਿਆ ਅਤੇ ਮੈਡੀਕਲ ਕਾਲਜਾਂ ਨੂੰ ਜਿਹੜਾ 25 ਕਰੋੜ ਰੁਪਿਆ ਦੇ ਰਹੇ ਹਾਂ, ਇਹ ਇਨ੍ਹਾਂ ਪੰਜ ਮੈਡੀਕਲ ਕਾਲਜਾਂ ਨੂੰ ਸਟਰੈਂਥਨ ਕਰਨ ਵਾਸਤੇ ਦਿੱਤਾ ਗਿਆ ਹੈ ........

**ਮਾਨਯੋਗ ਸਪੀਕਰ** : ਤੁਹਾਡਾ ਟਾਈਮ ਹੋ ਗਿਆ ਹੈ.........

**ਸ਼੍ਰੀ ਬ੍ਰਹਮ ਮਹਿੰਦਰਾ** : ਸਪੀਕਰ ਸਾਹਿਬ, ਹਾਊਸ ਦਾ ਟਾਈਮ ਐਕਸਟੈਂਡ ਕਰ ਦਿਓ । ਮੈਂ ਬਹੁਤ ਹੀ ਵੈਲਿਊਏਬਲ ਗੱਲਾਂ ਵੱਲ ਆ ਰਿਹਾ ਹਾਂ ।

**ਮਾਨਯੋਗ ਸਪੀਕਰ** : ਹਾਊਸ ਦਾ ਟਾਈਮ ਐਕਸਟੈਂਡ ਨਹੀਂ ਹੋ ਸਕਦਾ । ਤੁਸੀਂ ਆਪਣਾ ਟਾਈਮ ਖਤਮ ਕਰ ਦਿੱਤਾ ਹੈ ।

**ਸ਼੍ਰੀ ਬ੍ਰਹਮ ਮਹਿੰਦਰਾ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਗੱਲਾਂ ਸਰਕਾਰ ਨੂੰ ਫਾਇਦਾ ਦੇਣਗੀਆਂ । ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਲੀਡਰ ਆਫ਼ ਦਿ ਹਾਊਸ ਨੂੰ ਕਾਨਫੀਡੈਂਸ ਦੇ ਵਿੱਚ ਲੈ ਲਵੋ । ਮੈਂ ਸਿਰਫ ਕਰੀਟੀਸਿਜ਼ਮ ਹੀ ਨਹੀਂ ਕਰ ਰਿਹਾ ਬਲਕਿ ਵੈਲਿਊਏਬਲ ਸੁਝਾਅ ਵੀ ਦੇ ਰਿਹਾ ਹਾਂ ।

**ਮਾਨਯੋਗ ਸਪੀਕਰ** : ਤੁਸੀਂ ਆਪਣਾ ਟਾਈਮ ਖਤਮ ਕਰ ਲਿਆ ਹੈ । ਆਪਾਂ ਟਾਈਮ ਕਿਉਂ ਜ਼ਾਇਆ ਕਰ ਰਹੇ ਹਾਂ ? ਮੈਂ ਤੁਹਾਡੇ ਨਾਲ ਜਿੰਨੇ ਸਮੇਂ ਦਾ ਵਾਅਦਾ ਕੀਤਾ ਸੀ ਕਿ ਇੰਨਾ ਟਾਈਮ ਦੇਵਾਂਗਾ, ਉਹ ਤੁਸੀਂ ਸਮਾਂ ਲੈ ਚੁੱਕੇ ਹੋ । ਹਾਊਸ ਐਕਸਟੈਂਡ ਨਹੀਂ ਹੋ ਸਕਦਾ ।

**ਸ਼੍ਰੀ ਬ੍ਰਹਮ ਮਹਿੰਦਰਾ** : ਠੀਕ ਹੈ ਜੀ, ਮੈਂ ਜਲਦੀ ਤੋਂ ਜਲਦੀ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹਾਂ । ਸਪੀਕਰ ਸਾਹਿਬ, ਮੈਡੀਕਲ ਯੂਨੀਵਰਸਿਟੀ ਪੰਜਾਬ ਦੇ ਵਿੱਚ ਸਾਲ 1994 ਦੇ ਵਿੱਚ ਬਣੀ । ਇਸ ਦੇ ਵਾਸਤੇ ਮੈਂ ਹੈਲਥ ਮਨਿਸਟਰ ਦੇ ਤੌਰ ਤੇ ਪਰਪੋਜ਼ ਕੀਤਾ ਸੀ । ਇਹ ਗੱਲਾਂ ਫਾਈਲ ਰਿਕਾਰਡ ਦੇ ਵਿੱਚ ਹਨ । ਤੁਸੀਂ ਵੇਖ ਸਕਦੇ ਹੋ । ਜਿਸ ਵੇਲੇ ਇਹ ਬਣੀ ਮੈਂ ਉਦੋਂ ਬਾਦਲ ਸਾਹਿਬ ਨੂੰ ਮੁਬਾਰਕਬਾਦ ਵੀ ਦਿੱਤੀ ਕਿ ਤੁਸੀਂ ਮੈਡੀਕਲ ਯੂਨੀਵਰਸਿਟੀ ਬਣਾਈ ਹੈ । ਮੈਂ ਸੁਝਾਅ ਦਿੱਤਾ ਸੀ ਕਿ ਪਟਿਆਲਾ ਵਿੱਚ ਸਾਰਾ ਇਨਫਰਾਸਟਰੱਕਚਰ ਹੈ, ਉਸ ਇਨਫਰਾਸਟਰੱਕਚਰ ਨੂੰ ਯੂਟੇਲਾਈਜ਼ ਕੀਤਾ ਜਾਵੇ । ਪਰ ਕਿਉਂਕਿ ਹਰ ਐਮ.ਐਲ.ਏ., ਹਰ ਐਮ.ਪੀ. ਤੇ ਹਰ

Original with;
Punjab Vidhan Sabha
Digitized by;
Panjab Digital Library

ਚੀਫ਼ ਮਨਿਸਟਰ ਚਾਹੁੰਦਾ ਹੈ ਕਿ ਮੇਰੇ ਹਲਕੇ ਦੀ ਡਿਵੈਲਪਮੈਂਟ ਹੋਵੇ, ਉਸ ਨੂੰ ਫਰੀਦਕੋਟ ਲੈ ਗਏ । ਉਥੇ ਅੱਜ ਪੁਜ਼ੀਸ਼ਨ ਇਹ ਹੈ ਕਿ ਸ਼ਾਇਦ ਉਥੇ ਜੋ ਜ਼ਮੀਨ ਸੌ ਕਰੋੜ ਰੁਪਏ ਦੀ ਅਲਾਟ ਹੋਈ ਹੈ, ਉਸ ਤੋਂ ਇਲਾਵਾ ਉਥੇ ਹੋਰ ਕੁਝ ਨਹੀਂ ਹੈ । ਮੈਂ ਉਸ ਯੂਨੀਵਰਸਿਟੀ ਦੀ ਫੰਕਸ਼ਨਿੰਗ ਦੱਸਦਾ ਹਾਂ ਕਿ ਅੱਜ ਤੱਕ ਮੈਡੀਕਲ ਯੂਨੀਵਰਸਿਟੀ ਪੀ.ਐਮ.ਟੀ. ਦਾ ਐਗਜ਼ਾਮ ਆਪਣੇ ਆਪ ਨਹੀਂ ਕਰਵਾ ਸਕੀ, ਜਿਸ ਵੇਲੇ ਤੋਂ ਇਹ ਐਗਜ਼ਾਮ ਸ਼ੁਰੂ ਹੋਇਆ ਹੈ, ਉਥੇ ਤਾਂ ਆਉਟ ਸੋਰਸਿੰਗ ਕਰਦੇ ਹਨ । ਕਦੇ ਗੁਰੂ ਨਾਨਕ ਯੂਨੀਵਰਸਿਟੀ ਨੂੰ ਦੇ ਦਿੰਦੇ ਹਨ, ਕਦੇ ਪੰਜਾਬ ਯੂਨੀਵਰਸਿਟੀ ਨੂੰ ਦੇ ਦਿੰਦੇ ਹਨ। ਹਰ ਵਾਰ ਪੇਪਰ ਲੀਕ ਹੁੰਦਾ ਹੈ । ਹੁਣ ਆਊਟ ਸੋਰਸਿੰਗ ਕਿਸੇ ਪ੍ਰਾਈਵੇਟ ਕੰਪਨੀ ਨੂੰ ਦੇ ਦਿੱਤੀ ਹੈ । ਆਉਣ ਵਾਲੇ ਦਿਨਾਂ ਵਿੱਚ ਪੀ.ਐਮ.ਟੀ. ਦੇ ਐਗਜ਼ਾਮ ਨੂੰ ਆਨ ਲਾਈਨ ਕਰਨ ਲਗੇ ਹਨ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ** ** ।

**Mr. Speaker :** This is no Point of Order..

**ਸ਼੍ਰੀ ਬ੍ਰਹਮ ਮਹਿੰਦਰਾ** : ਮੈਂ ਇਸ ਚੀਜ਼ ਨੂੰ ਇਸ ਲਈ ਹਾਈਲਾਈਟ ਕਰ ਰਿਹਾ ਹਾਂ ਕਿਉਂਕਿ ਸਾਰੇ ਹਿੰਦੁਸਤਾਨ ਦੇ ਵਿੱਚ ਜੋ ਸਾਡਾ ਮਜ਼ਾਕ ਉਡਦਾ ਹੈ । ਪਰਸੋਂ ਦੇ ਅਖਬਾਰ ਵਿੱਚ ਹੀ ਦੇਖ ਲਵੋ । ਕਿਸ ਤਰੀਕੇ ਨਾਲ ਸੈਂਟਰ ਦੀਆਂ ਜੋ 25 ਸੀਟਾਂ ਸਨ, ਉਨ੍ਹਾਂ ਨੇ ਬਿਲਕੁਲ ਮਨ੍ਹਾ ਕਰ ਦਿੱਤਾ ਹੈ । ਇਸ ਦਾ ਮਤਲਬ ਹੈ ਕਿ ਅਸੀਂ ਸੈਂਟਰਲ ਪੂਲ ਵਿੱਚ ਵੀ ਆਪਣੀਆਂ ਸੀਟਾਂ ਖੋ ਰਹੇ ਹਾਂ । ਇਹ ਸਮਝਣ ਦੀ ਗੱਲ ਹੈ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਸਪੀਕਰ ਸਾਹਿਬ, ਮੈਂ ਉਸ ਯੂਨੀਵਰਸਿਟੀ ਬਾਰੇ ਫੈਕਟਸ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ । ਕਿਉਂਕਿ ਮੈਂਬਰ ਸਾਹਿਬ ਨੂੰ ਸਹੀ ਫੈਕਟਸ ਬਾਰੇ ਪਤਾ ਨਹੀਂ ਹੈ । ਉੱਥੇ ਸੀਟਾਂ ਅਲਾਓ ਕੀਤੀਆਂ ਹੋਈਆਂ ਹਨ, ਉੱਥੇ ਦਾਖਲੇ ਹੋ ਰਹੇ ਹਨ । ਇਹ ਹਾਊਸ ਨੂੰ ਰੌਂਗ ਸਟੇਟਮੈਂਟ ਦੇ ਰਹੇ ਹਨ। ਮੈਂ ਚਾਹਵਾਂਗਾ ਕਿ ਇਸ ਨੂੰ ਕੁਰੈਕਟ ਕੀਤਾ ਜਾਵੇ ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਬ੍ਰਹਮ ਮਹਿੰਦਰਾ** : ਸਪੀਕਰ ਸਾਹਿਬ, ਇੱਕ ਮੈਡੀਕਲ ਕੌਂਸਲ ਆਫ ਇੰਡੀਆ ਹੈ । ਮੈਡੀਕਲ ਕੌਂਸਲ ਆਫ ਇੰਡੀਆ ਹਰ ਸਾਲ ਆਪਣੇ ਕਾਲਜਾਂ ਨੂੰ ਇੰਸਪੈਕਟ ਕਰਦੀ ਹੈ ਅਤੇ ਸਾਨੂੰ 150 ਸੀਟਾਂ ਤਿੰਨਾਂ ਮੈਡੀਕਲ ਕਾਲਜਾਂ ਵਿੱਚ ਅਤੇ 2 ਡੈਂਟਲ ਕਾਲਜਾਂ ਵਿੱਚ ਹਰੇਕ ਵਿੱਚ ਦਿੱਤੀਆਂ ਹੋਈਆਂ ਹਨ । ਉਨ੍ਹਾਂ ਮੈਡੀਕਲ ਸੀਟਾਂ ਦੇ ਅਗੇਂਸਟ ਕਿੰਨੇ ਟੀਚਰ ਚਾਹੀਦੇ ਹਨ, ਕਿੰਨਾ ਸਟਾਫ ਚਾਹੀਦਾ ਹੈ ਕਿੰਨਾ ਨਰਸਿੰਗ ਸਟਾਫ ਚਾਹੀਦਾ ਹੈ ਉਸ ਨੂੰ ਮੇਨਟੇਨ ਕਰਨ ਵਾਸਤੇ । ਮੈਡੀਕਲ ਕੌਂਸਲ ਆਫ ਇੰਡੀਆ ਅਤੇ ਡੈਂਟਲ ਕੌਂਸਲ ਆਫ ਇੰਡੀਆ ਦੀ ਟੀਮ ਆ ਕੇ ਇੰਸਪੈਕਟ ਕਰਦੀ ਹੈ। ਜਿਸ ਵੇਲੇ ਇਹ ਇੰਸਪੈਕਸ਼ਨ ਹੋਣੀ ਹੈ ਤਾਂ ਮੈਨੂੰ ਇੰਝ ਲਗਦਾ ਹੈ ਕਿ ਭਾਵੇਂ 25 ਤੇ 8 ਭਾਵ ਕੁੱਲ 33 ਕਰੋੜ ਰੁਪਏ ਜ਼ਰੂਰ ਐਲੋਕੇਟ ਕੀਤੇ ਹਨ ਪਰ ਜਿਸ ਵੇਲੇ ਇੰਸਪੈਕਸ਼ਨ ਹੋਣੀ ਹੈ ਉਸ ਵੇਲੇ ਇੱਕ ਕਾਲਜ ਤੋਂ ਟੀਚਿੰਗ ਡਾਕਟਰ ਟਰਾਂਸਫਰ ਕਰਕੇ.........

**ਮਾਨਯੋਗ ਸਪੀਕਰ** : ਬ੍ਰਹਮ ਮਹਿੰਦਰਾ ਜੀ, ਸਮਾਪਤ ਕਰੋ ।

**ਸ਼੍ਰੀ ਬ੍ਰਹਮ ਮਹਿੰਦਰਾ** : ਸਾਡੀ ਸਟਾਫਿੰਗ ਬੜੀ ਪੂਅਰ ਹੈ । ਮੈਂ ਬਿਲਕੁਲ ਥੋੜ੍ਹੇ ਟਾਈਮ ਵਿੱਚ......

**ਮਾਨਯੋਗ ਸਪੀਕਰ** : ਬਸ ਜੀ, ਸਮਾਪਤ ਕਰੋ । ਤੁਹਾਡਾ ਟਾਈਮ ਦਿੱਤੇ ਟਾਈਮ ਤੋਂ ਜ਼ਿਆਦਾ ਹੋ ਗਿਆ ਹੈ ।

**ਸ਼੍ਰੀ ਬ੍ਰਹਮ ਮਹਿੰਦਰਾ** : ਮੈਨੂੰ ਸਿਰਫ 5 ਮਿੰਟ ਹੋਰ ਦੇ ਦਿਉ ਜੀ ।

**ਮਾਨਯੋਗ ਸਪੀਕਰ** : 5 ਮਿੰਟ ਨਹੀਂ ਜੀ । ਫਿਰ ਤੁਹਾਡਾ ਅਗਲਾ ਸਪੀਕਰ ਨਹੀਂ ਬੋਲੇਗਾ ।

**ਸ਼੍ਰੀ ਬ੍ਰਹਮ ਮਹਿੰਦਰਾ** : ਇੱਕ ਬੜੀ ਵਧੀਆ ਪਰਪੋਜ਼ਲ ਲੈ ਕੇ ਆਂਦੀ ਹੈ । ਇੱਕ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ, ਪਟਿਆਲੇ ਵਿੱਚ ਬਣੀ ਹੈ । ਮੈਂ ਸਿਰਫ 2 ਮਿੰਟ ਉਸ ਬਾਰੇ ਬੋਲਣਾ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ** : ਬੱਸ 2 ਮਿੰਟ ਹੀ ਬੋਲਣਾ, ਤੀਸਰਾ ਮਿੰਟ ਨਹੀਂ ।

**ਸ਼੍ਰੀ ਬ੍ਰਹਮ ਮਹਿੰਦਰਾ** : 15 ਕਰੋੜ ਰੁਪਿਆ ਇਨ੍ਹਾਂ ਨੇ ਰਾਜੀਵ ਗਾਂਧੀ ਯੂਨੀਵਰਸਿਟੀ ਵਾਸਤੇ ਰੱਖਿਆ ਹੈ । ਮੈਂ ਸਮਝਦਾ ਹਾਂ ਕਿ 50 ਏਕੜ ਜ਼ਮੀਨ ਵੀ 15 ਕਰੋੜ ਰੁਪਏ ਨਾਲ ਨਹੀਂ ਆਵੇਗੀ । ਬਿਲਕੁਲ ਪਟਿਆਲਾ ਸ਼ਹਿਰ ਦੇ ਨਾਲ ਇੱਕ ਜ਼ਮੀਨ 50 ਏਕੜ ਦੀ ਜਿਹੜੀ ਆਨਰੇਬਲ ਹਾਈ ਕੋਰਟ ਦੇ ਜੱਜਿਜ਼ ਨੇ ਇੰਸਪੈਕਟ

Original with;
Punjab Vidhan Sabha
Digitized by;
Panjab Digital Library

ਕੀਤੀ ਹੈ ਅਤੇ ਯੂਨੀਵਰਸਿਟੀ ਨੇ ਇੰਸਪੈਕਟ ਕੀਤੀ ਹੈ, ਉਹ ਜ਼ਮੀਨ ਇੰਸਪੈਕਟ ਹੋ ਚੁੱਕੀ ਹੈ ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਦੀ ਸਹਿਮਤੀ ਹੋਵੇ ਅਤੇ ਮੈਂ ਉਸ ਸਿੱਧੂਵਾਲ ਪਿੰਡ ਦੀ ਪੰਚਾਇਤ ਦਾ ਮਤਾ ਪੁਆ ਕੇ ਲਿਆਇਆ ਹੋਇਆ ਹਾਂ ਉਹ ਸਿਰਫ 5 ਪੁਆਇੰਟ ਇਸ ਗੱਲ ਤੇ ਚਾਹੁੰਦੇ ਹਨ ਕਿ ਪਿੰਡ ਦੇ ਵਿਦਿਆਰਥੀਆਂ ਵਾਸਤੇ 5 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣ, ਯੂਨੀਵਰਸਿਟੀ ਵਿੱਚ ਤੀਜੇ ਚੌਥੇ ਦਰਜੇ ਦੇ ਕਰਮਚਾਰੀਆਂ ਦੀ ਭਰਤੀ 30 ਪ੍ਰਤੀਸ਼ਤ ਹੋਵੇ ਅਤੇ ਉਨ੍ਹਾਂ ਦਾ ਜਿਹੜਾ ਸਕੂਲ ਹੈ, ਉਸ ਦਾ ਦਰਜਾ ਮਿਡਲ ਤੋਂ ਵਧਾ ਕੇ +2 ਕੀਤਾ ਜਾਵੇ ਜਿਸ ਵਾਸਤੇ ਲੋੜੀਂਦੀ ਬਿਲਡਿੰਗ ਅਵੇਲੇਬਲ ਹੈ । ਉਹ ਇੱਕ ਹੋਰ ਚਾਹੁੰਦੇ ਹਨ ਕਿ 50 ਹਜ਼ਾਰ ਰੁਪਿਆ ਟਿਊਬਵੈਲਾਂ ਵਾਸਤੇ ਵਿਸ਼ੇਸ਼ ਗਰਾਂਟ ਦਿੱਤੀ ਜਾਵੇ ਅਤੇ 15 ਐਚ.ਪੀ. ਦੀ ਮੋਟਰ ਦਾ ਉਹ ਸ਼ਾਮਲਾਤ ਜ਼ਮੀਨ ਲਈ ਕੁਨੈਕਸ਼ਨ ਚਾਹੁੰਦੇ ਹਨ । ਇਹ ਮਤਾ ਮੇਰੇ ਕੋਲ ਹੈ ।

**ਮਾਨਯੋਗ ਸਪੀਕਰ** : ਤੁਸੀਂ ਇਹ ਐਫ.ਐਮ. ਸਾਹਿਬ ਨੂੰ.........

**ਸ਼੍ਰੀ ਬ੍ਰਹਮ ਮਹਿੰਦਰਾ** : ਤੁਹਾਡੇ ਰਾਹੀਂ ਇਹ ਮਤਾ ਇਹ ਚੀਫ ਮਨਿਸਟਰ ਸਾਹਿਬ ਨੂੰ ਦੇਣ ਵਾਸਤੇ ਮੈਂ ਪਿੰਡ ਸਿੱਧੂਵਾਲ ਦੀ ਪੰਚਾਇਤ ਦੇ ਬਿਹਾਫ ਤੇ ਲੈ ਕੇ ਆਇਆ ਹਾਂ । ਸਿਰਫ 70 ਲੱਖ ਦੇ ਖਰਚੇ ਨਾਲ 50 ਏਕੜ ਜ਼ਮੀਨ ਫਰੀ ਵਿੱਚ ਤੁਹਾਨੂੰ ਮਿਲਦੀ ਹੈ ਤੁਸੀਂ ਹੁਣੇ ਯੂਨੀਵਰਸਿਟੀ ਸ਼ੁਰੂ ਕਰ ਸਕਦੇ ਹੋ । ਮੈਂ ਤਾਂ ਹਾਲੇ ਹੋਰ ਵੀ ਵੈਲਿਊਏਬਲ ਸੁਝਾਅ ਦੇਣੇ ਸੀ ਪਰ ਆਪ ਜੀ ਨੇ ਕਾਫੀ ਘੱਟ ਸਮਾਂ ਦਿੱਤਾ ਹੈ । ਅੰਤ ਵਿੱਚ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਟਾਈਮ ਦਿੱਤਾ ।

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਨੂੰ ਦੇ ਦਿਉ ਜੀ । ਨੈਕਸਟ, ਕੰਵਰਜੀਤ ਸਿੰਘ ਬਰਾੜ ਜੀ । ਤੁਹਾਡੇ ਸਿਰਫ 8 ਮਿੰਟ ਹਨ ਜੀ ।

**ਸਰਦਾਰ ਕੰਵਰਜੀਤ ਸਿੰਘ ਬਰਾੜ** (ਮੁਕਤਸਰ) : ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ । ਵਿੱਤ ਮੰਤਰੀ ਸਾਹਿਬ ਨੇ ਆਪਣੀ ਸਪੀਚ ਦੇ ਸ਼ੁਰੂ ਵਿੱਚ ਕਿਹਾ ਹੈ ਕਿ ਸਾਡੀ ਸਟੇਟ ਕਰਾਸ ਰੋਡਜ਼ ਤੇ ਖੜ੍ਹੀ ਹੈ । ਮੈਂ ਵਿੱਤ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦ ਇਹੋ ਜਿਹੀ ਸਥਿਤੀ ਕਿਸੇ ਸਟੇਟ ਦੀ ਹੁੰਦੀ ਹੈ ਤਾਂ ਇੱਕ ਪਾਥ ਬਰੇਕਿੰਗ ਬਜਟ ਪੇਸ਼ ਹੋਣਾ ਚਾਹੀਦਾ ਸੀ ਜਿਸ ਤਰਾਂ ਡਾਕਟਰ ਮਨਮੋਹਨ ਸਿੰਘ ਨੇ ਫਾਈਨਾਂਸ ਮਨਿਸਟਰ ਹੁੰਦਿਆਂ ਕਾਂਗਰਸ ਸਰਕਾਰ ਵੇਲੇ ਜਦੋਂ ਕਿ ਸਾਰੇ ਹਿੰਦੁਸਤਾਨ ਦੀ ਪਾਲਿਸੀ ਬਦਲਣੀ ਸੀ, ਪੇਸ਼ ਕੀਤਾ ਸੀ । ਬੜੇ ਅਫਸੋਸ ਦੀ ਗੱਲ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਕੰਵਰਜੀਤ ਸਿੰਘ ਬਰਾੜ]

ਕਿ ਮੇਰੇ ਹਿਸਾਬ ਨਾਲ ਵਿੱਤ ਮੰਤਰੀ ਜੀ ਨੇ ਇਹ ਮੌਕਾ ਗਵਾ ਦਿੱਤਾ ਹੈ ਕਿਉਂਕਿ ਜੇ ਅਸੀਂ ਪੰਜਾਬ ਦੀ ਸਥਿਤੀ ਨੂੰ ਸਹੀ ਤਰੀਕੇ ਨਾਲ ਵੇਖੀਏ ਤਾਂ ਇਤਿਹਾਸ ਇਸ ਦਾ ਗਵਾਹ ਹੋਵੇਗਾ ਕਿ ਸਾਨੂੰ ਕਿਸੇ ਨੇ ਮੁਆਫ ਨਹੀਂ ਕਰਨਾ । ਮੈਂ ਇਨ੍ਹਾਂ ਦਿਨਾਂ ਵਿੱਚ ਸਾਰਿਆਂ ਦੀਆਂ ਗੱਲਾਂ ਸੁਣੀਆਂ ਹਨ । ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਜਦੋਂ ਬੋਲਦੇ ਹਨ ਤਾਂ ਉਹ ਆਪਣੇ ਕਾਗਜ਼ਾਂ ਦਾ ਥੱਬਾ ਦਿੰਦੇ ਹਨ । ਇਹ ਅਸੀਂ ਸਾਰਿਆਂ ਨੇ ਵੇਖਿਆ ਹੈ । ਇਕਨਾਮਿਕ ਸਰਵੇ ਆਫ ਪੰਜਾਬ ਤੁਸੀਂ ਪੰਨਾ ਨੰ: 59 ਤੇ ਵੇਖੋ । ਉਸ ਵਿੱਚ ਕੀ (key) ਇਕਨਾਮਿਕ ਇੰਡੀਕੇਟਰਜ਼ ਦਿੱਤੇ ਗਏ ਹਨ, ਉਹ ਤੁਸੀਂ ਪੜ੍ਹੋ । ਜਦੋਂ ਸਾਡੀ ਸਰਕਾਰ ਬਣੀ ਸੀ, ਸਾਲ 2002-03 ਵਿੱਚ ਜਿਹੜਾ ਕੁਮਿਟਿਡ ਐਕਸਪੈਂਡੀਚਰ ਸੀ ਜੋ ਪਹਿਲਾਂ ਹੀ ਤਹਿ ਕੀਤਾ ਗਿਆ ਹੁੰਦਾ ਹੈ, ਉਹ ਆਮਦਨ ਨਾਲੋਂ 101% ਜ਼ਿਆਦਾ ਸੀ । ਉਹ ਘਟਾ ਕੇ ਸਾਲ 2006-07 ਵਿੱਚ ਸਾਡੀ ਸਰਕਾਰ ਨੇ 73.91% ਤੱਕ ਲਿਆਂਦਾ । ਮੈਂ ਸਮਝਦਾ ਹਾਂ ਕਿ ਇਹ ਇਕ ਬੜੀ ਸ਼ਲਾਘਾਯੋਗ ਗੱਲ ਹੈ । ਮੇਰੀ ਵਿੱਤ ਮੰਤਰੀ ਜੀ ਨੂੰ ਰਾਇ ਹੈ ਇਸ ਨੂੰ ਹੋਰ ਘਟਾਇਆ ਜਾਵੇ । ਜੋ ਪੈਸਾ ਬਚੇਗਾ, ਉਹ ਡਿਵੈਲਪਮੈਂਟ ਲਈ ਅਸੀਂ ਖਰਚ ਕਰ ਸਕਦੇ ਹਾਂ । ਇਸ ਤੋਂ ਅੱਗੇ ਤੁਸੀਂ ਪੰਨਾ ਨੰ: 61 ਤੇ ਜਾਓ । ਇਸ ਪੰਨੇ ਤੇ ਤੁਸੀਂ ਵੇਖੋਗੇ ਕਿ ਸਾਲ 2000-01 ਵਿੱਚ ਡਿਵੈਲਪਮੈਂਟ ਦੀ ਪਰਸੈਂਟੇਜ ਇਨਕਰੀਜ਼ 3.94% ਸੀ । ਸਾਲ 2001-02 ਵਿੱਚ ਇਹ 2.02% ਸੀ । ਫਿਰ ਜਦੋਂ ਸਾਡੀ ਸਰਕਾਰ ਆਈ ਤਾਂ ਇਹ ਵੱਧ ਕੇ 5.17%, 4.95% ਅਤੇ 4.65% ਹੋ ਗਈ । ਮੈਂ ਨਹੀਂ ਸਮਝਦਾ ਕਿ ਇਹ ਕੋਈ ਜ਼ਿਆਦਾ ਖੁਸ਼ੀ ਵਾਲੀ ਗੱਲ ਹੈ । ਪੰਜਾਬ ਦਾ ਸੂਬਾ ਹਿੰਦੁਸਤਾਨ ਦਾ ਇਕ ਨੰਬਰ ਦਾ ਸੂਬਾ ਹੋਣਾ ਚਾਹੀਦਾ ਹੈ । ਇਸ ਕਰਕੇ ਇਹ ਫਿਗਰ ਹੁਣ 10-11% ਜ਼ਰੂਰ ਹੋਣੀ ਚਾਹੀਦੀ ਹੈ । ਇਸ ਤੋਂ ਇਲਾਵਾ ਐਨੂਅਲ ਫਾਈਨਾਂਸ਼ੀਅਲ ਸਟੇਟਮੈਂਟ ਦੇ 55 ਪੰਨੇ ਤੇ ਡੈਵੋਲਿਊਸ਼ਨ ਹੈ ਜਿਹੜਾ ਸੈਂਟਰ ਨੇ ਦਿੱਤਾ ਹੈ । ਜਦੋਂ ਸਾਲ 2002 ਵਿੱਚ ਪੰਜਾਬ ਵਿੱਚ ਸਾਡੀ ਸਰਕਾਰ ਸੀ, ਉਦੋਂ ਸੈਂਟਰ ਵਿੱਚ ਬੀ.ਜੇ.ਪੀ. ਦੀ ਸਰਕਾਰ ਸੀ । ਉਦੋਂ ਇਹ ਡੈਵੋਲਿਊਸ਼ਨ 600 ਕਰੋੜ ਰੁਪਏ, 495 ਕਰੋੜ ਰੁਪਏ ਅਤੇ ਫਿਰ 600 ਕਰੋੜ ਰੁਪਏ ਸੀ । ਜਦੋਂ ਸੈਂਟਰ ਵਿੱਚ ਸਾਡੀ ਸਰਕਾਰ ਬਣੀ ਤਾਂ ਇਕ ਦਮ ਇਹ 2200 ਕਰੋੜ, 2600 ਕਰੋੜ ਰੁਪਏ ਅਤੇ ਫਿਰ 3400 ਕਰੋੜ ਰੁਪਏ ਕਰ ਦਿੱਤੀ ਗਈ । ਸਾਹਮਣੇ ਬੈਠੇ ਭਰਾ ਜਦੋਂ ਬੋਲਦੇ ਹਨ ਤਾਂ ਕਹਿੰਦੇ ਹਨ ਕਿ ਬੀ.ਜੇ.ਪੀ. ਨੇ ਸਾਡੇ ਵਾਸਤੇ ਬਹੁਤ ਕੁਝ ਕੀਤਾ ਹੈ ਲੇਕਿਨ ਮੈਂ ਅਫਸੋਸ ਨਾਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨਾਲ ਇਹ ਵਿਤਕਰਾ ਕੀਤਾ ਗਿਆ ਹੈ । ਆਪਣੀ ਬਜਟ ਸਪੀਚ ਵਿੱਚ ਵਿੱਤ ਮੰਤਰੀ ਜੀ ਨੇ ਬਹੁਤ ਅਹਿਮ ਗੱਲ ਕਹੀ ਹੈ ਕਿ ਇਹ ਜੋ ਸਕੀਮਾਂ ਲਾਗੂ ਹੋਣੀਆਂ ਹਨ, ਉਨ੍ਹਾਂ ਵਾਸਤੇ

Original with;
Punjab Vidhan Sabha
Digitized by;
Panjab Digital Library

ਕਲੀਨ ਐਂਡ ਐਫੀਸ਼ੈਂਟ ਐਡਮਨਿਸਟ੍ਰੇਸ਼ਨ ਚਾਹੀਦੀ ਹੈ । ਇਹ ਇਕ ਇਸ਼ਾਰਾ ਹੈ ਕਿ ਇਥੇ ਕਲੀਨ ਐਂਡ ਐਫੀਸ਼ੈਂਟ ਐਡਮਨਿਸਟਰੇਸ਼ਨ ਹੋਵੇਗੀ ਲੇਕਿਨ ਜੋ ਗੱਲਾਂ ਮੈਂ ਸੁਣੀਆਂ ਹਨ, ਉਸ ਹਿਸਾਬ ਨਾਲ ਕਹਿਣ ਅਤੇ ਕਰਨ ਵਿੱਚ ਬੜਾ ਅੰਤਰ ਹੈ । ਜੋ ਬਾਦਲ ਸਾਹਿਬ ਅਖਬਾਰਾਂ ਵਿੱਚ ਕਹਿੰਦੇ ਹਨ, ਜੋ ਇਨ੍ਹਾਂ ਦੇ ਪਾਰਟੀ ਪ੍ਰੈਜ਼ੀਡੈਂਟ ਅਖਬਾਰਾਂ ਵਿੱਚ ਕਹਿੰਦੇ ਹਨ, ਜੋ ਵਿੱਤ ਮੰਤਰੀ ਜੀ ਨੇ ਬਜਟ ਵਿੱਚ ਪੇਸ਼ ਕੀਤਾ ਹੈ ਅਤੇ ਜੋ ਸਾਡੇ ਵਜ਼ੀਰ ਜਵਾਬ ਦਿੰਦੇ ਹਨ, ਇਹ ਸਾਰੀਆਂ ਗੱਲਾਂ ਆਪਸ ਵਿੱਚ ਰਲਦੀਆਂ ਨਹੀਂ ਹਨ । ਇਥੋਂ ਹਟ ਕੇ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਪਿੰਡ ਸਰਾਏ ਨਾਗਾ ਵਿੱਚ ਇਕ ਵਾਟਰ ਵਰਕਸ ਨਵਾਂ ਬਣਿਆ ਹੈ । ਅੱਜ ਮੇਰੇ ਕੋਲ ਜਵਾਬ ਆਇਆ ਕਿ 90% ਕੰਮ ਹੋ ਗਿਆ ਹੈ, ਇਹ ਇਲੈਕਸ਼ਨ ਤੋਂ ਪਹਿਲਾਂ ਹੋ ਚੁੱਕਾ ਸੀ । ਜਦੋਂ ਮੈਂ ਇਹ ਸਵਾਲ ਪੁੱਛਿਆ ਕਿ ਬਾਕੀ ਕੰਮ ਕਦੋਂ ਪੂਰਾ ਕਰੋਗੇ ਤਾਂ ਉਨ੍ਹਾਂ ਨੇ 7-12-2007 ਦੀ ਤਰੀਕ ਦੇ ਦਿੱਤੀ । ਇਹ 81 ਲੱਖ ਰੁਪਏ ਦਾ ਪ੍ਰੋਜੈਕਟ ਹੈ । ਜੇਕਰ ਇਕ ਸਾਲ ਦਾ ਸਮਾਂ 10% ਕੰਮ ਉਤੇ ਲਾਵਾਂਗੇ ਤਾਂ ਫਿਰ ਆਪਾਂ 50 ਸਾਲਾਂ ਵਿੱਚ ਵੀ ਪੀਣ ਵਾਲੇ ਪਾਣੀ ਦੀ ਸਪਲਾਈ ਪੂਰੀ ਨਹੀਂ ਕਰ ਸਕਦੇ । ਇਹ ਵਿੱਤ ਮੰਤਰੀ ਜੀ ਨੇ ਅਤੇ ਬਾਦਲ ਸਾਹਿਬ ਨੇ ਆਪਣੇ ਐਡਰੈਸ ਵਿੱਚ ਆਪੋਜ਼ੀਸ਼ਨ ਤੋਂ ਕੋਆਪ੍ਰੇਸ਼ਨ ਮੰਗੀ ਹੈ। ਬੜੀ ਖੁਸ਼ੀ ਦੀ ਗੱਲ ਹੈ। ਕੋਆਪ੍ਰੇਸ਼ਨ ਦੇਣੀ ਵੀ ਚਾਹੀਦੀ ਹੈ.....

**ਮਾਨਯੋਗ ਸਪੀਕਰ :** ਤੁਹਾਡਾ ਕੇਵਲ ਇਕ ਮਿੰਟ ਰਹਿ ਗਿਆ ਹੈ ।

**ਸਰਦਾਰ ਕੰਵਰਜੀਤ ਸਿੰਘ ਬਰਾੜ :** ਕਿਉਂਕਿ ਉਸ ਦੇ ਵਿੱਚ ਸਟੇਟ ਦਾ ਫਾਇਦਾ ਹੈ । ਇਹ ਹੁਣ ਬਾਦਲ ਸਾਹਿਬ ਨੇ ਕੱਲ੍ਹ ਪਰਸੋਂ ਜਿਹੜੀ ਰਿਫਾਈਨਰੀ ਦੀ ਗੱਲ ਕੀਤੀ ਹੈ । ਇਹ ਇਕ ਉਦਾਹਰਣ ਹੈ ਕਿ ਆਪੋਜ਼ੀਸ਼ਨ ਅਤੇ ਸਰਕਾਰ ਨੇ ਰਲ ਕੇ ਇੰਨਾ ਵੱਡਾ ਪ੍ਰੋਜੈਕਟ ਪੰਜਾਬ ਵਾਸਤੇ ਲਿਆਂਦਾ ਹੈ । ਮੈਂ ਹਾਊਸ ਦੇ ਵਿੱਚ ਬਾਦਲ ਸਾਹਿਬ ਦੇ ਹੁੰਦਿਆਂ ਹੋਇਆਂ ਇਹ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਰਿਫਾਈਨਰੀ ਜਿਹੜੀ ਸੀ 1996 ਵਿੱਚ ਮੈਮੋਰੰਡਮ ਆਫ ਅੰਡਰਸਟੈਂਡਿੰਗ ਕੈਪਟਨ ਸਤੀਸ਼ ਚੰਦਰ ਸ਼ਰਮਾ ਜੋ ਕਿ ਉਸ ਵੇਲੇ ਸੈਂਟਰ ਵਿੱਚ ਪੈਟਰੋਲੀਅਮ ਮਨਿਸਟਰ ਸਨ ਅਤੇ ਇੱਥੇ ਉਸ ਵੇਲੇ ਦੇ ਮੁੱਖ ਮੰਤਰੀ, ਸਰਦਾਰ ਹਰਚਰਨ ਸਿੰਘ ਬਰਾੜ ਵਿਚਕਾਰ ਸਾਈਨ ਹੋਇਆ ਸੀ (ਵਿਰੋਧੀ ਧਿਰਾਂ ਵੱਲੋਂ ਥੰਪਿੰਗ) ਅਤੇ ਜਿਹੜੀ ਸਕੀਮ ਦਿੱਤੀ ਗਈ ਸੀ ਉਹ ਸਾਡੇ ਸਾਬਕਾ ਮੁੱਖ ਸਕੱਤਰ, ਸਰਦਾਰ ਅਜੀਤ ਸਿੰਘ ਚੱਠਾ ਜੀ ਨੇ ਦਿੱਤੀ ਸੀ ਕਿਉਂਕਿ ਉਦੋਂ ਹੀ ਉਨ੍ਹਾਂ ਨੇ ਕਿਹਾ ਸੀ ਕਿ ਇਹ ਰਿਫਾਈਨਰੀ ਜਿਹੜੀ ਹੈ ਕਿ ਜਿਹੜੇ ਇਸ ਦੇ ਦੂਜੇ ਪਹਿਲੂ ਹਨ, ਬਹੁਤ ਜ਼ਿਆਦਾ ਪੰਜਾਬ ਦੇ ਵਿੱਚ ਇਸ ਦਾ ਅਸਰ ਹੋ ਸਕਦਾ ਹੈ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਹਾਡਾ ਟਾਈਮ ਸਮਾਪਤ ਹੈ, ਤੁਸੀਂ ਹੁਣ ਬੈਠੋ ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਇਹ ਜਿਹੜੀ ਕੋਆਪ੍ਰੇਸ਼ਨ ਦੀ ਗੱਲ ਹੈ । ਇਹ ਨਾਲ ਦੀ ਨਾਲ ਜ਼ਰੂਰ ਹੋਣੀ ਚਾਹੀਦੀ ਹੈ । ਮੈਂ ਐਗਰੀਕਲਚਰ ਦੇ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ............

**ਮਾਨਯੋਗ ਸਪੀਕਰ** : ਤੁਸੀਂ ਅੱਠ ਮਿੰਟ ਮੰਗੇ ਸਨ ਅਤੇ ਹੁਣ 9 ਮਿੰਟ ਹੋ ਚੁੱਕੇ ਹਨ ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਬਸ ਜੀ, ਇਕ ਮਿੰਟ ਪਲੀਜ਼ । ਬਾਦਲ ਸਾਹਿਬ, ਆਪਾਂ ਕਿਸਾਨਾਂ ਵਾਸਤੇ ਇਕ ਚੀਜ਼ ਜ਼ਰੂਰ ਕਰੀਏ ਕਿ ਉਨ੍ਹਾਂ ਦੀ ਆਮਦਨ, ਅੱਜ ਕੱਲ੍ਹ ਵਧੀਆ ਤੋਂ ਵਧੀਆ ਕਿਸਾਨ ਜਿਹੜਾ ਕਣਕ ਅਤੇ ਝੋਨੇ ਦੀ ਕਾਸ਼ਤ ਕਰਦਾ ਹੈ, 20,000 ਰੁਪਏ ਹੈ । ਉਹ ਵਧਾ ਕੇ 40,000 ਜਾਂ 60,000 ਤੱਕ ਕਿਵੇਂ ਕੀਤੀ ਜਾਵੇ, ਇਹ ਸਾਰਿਆਂ ਨਾਲੋਂ ਅਹਿਮ ਮੁੱਦਾ ਹੈ । ਬਾਕੀ ਸਕੀਮਾਂ...........

**Mr. Speaker :** Thank you, next Sardar Ripjit Singh Brar.

**ਸਰਦਾਰ ਰਿਪਜੀਤ ਸਿੰਘ ਬਰਾੜ** (ਕੋਟਕਪੂਰਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਅਕਾਲੀ ਭਾਜਪਾ ਸਰਕਾਰ ਦੇ ਪਹਿਲੇ ਪਲੇਠੇ ਬਜਟ ਤੇ ਤੁਸੀਂ ਮੈਨੂੰ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ । ਇਸ ਹਾਊਸ ਦੀ ਗਰਿਮਾ ਨੂੰ, ਆਚਰਨ ਨੂੰ ਮੈਂ ਕਾਇਮ ਰਖਾਂਗਾ । ਸਪੀਕਰ ਸਾਹਿਬ, ਦੁਨੀਆਂ ਦੇ ਪ੍ਰਜਾਤੰਤਰ ਅੰਦਰ, ਦੁਨੀਆਂ ਦੀ ਡੈਮੋਕ੍ਰੇਸੀ ਦੇ ਅੰਦਰ ਇਕ ਬਹੁਤ ਮਾਅਨੇ ਰੱਖਣ ਵਾਲੀ ਗੱਲ ਹੈ ਕਿ ਟਰੈਜ਼ਰੀ ਬੈਂਚਿਜ਼, ਆਪੋਜ਼ੀਸ਼ਨ ਤੋਂ ਬਿਨਾਂ ਜ਼ੀਰੋ ਹੈ । ਠੀਕ ਉਸੇ ਤਰ੍ਹਾਂ ਹੀ ਟਰੈਜ਼ਰੀ ਬੈਂਚਿਜ਼ ਤੋਂ ਬਿਨਾਂ ਆਪੋਜ਼ੀਸ਼ਨ ਦਾ ਵੀ ਕੋਈ ਮਾਅਨ੍ਹਾ ਨਹੀਂ । ਮੈਂ ਇਨ੍ਹਾਂ ਦੇ ਕਾਰਨਾਂ ਵਿੱਚ ਨਹੀਂ ਜਾਂਦਾ ਲੇਕਿਨ ਬਜਟ ਪੇਸ਼ ਹੋਇਆ, ਆਪੋਜ਼ੀਸ਼ਨ ਦੀ ਗੈਰ ਹਾਜ਼ਰੀ ਵਿੱਚ ਪੇਸ਼ ਹੋਇਆ (ਟਰੈਜ਼ਰੀ ਬੈਂਚਾਂ ਵੱਲੋਂ ਆਵਾਜ਼ਾਂ : ਤੁਸੀਂ ਆਪੇ ਹੀ ਬਾਹਰ ਚਲੇ ਗਏ ਸੀ ।)

**ਮਾਨਯੋਗ ਸਪੀਕਰ** : ਤੁਸੀਂ ਬੋਲੋ ਜੀ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਮੈਨੂੰ ਇੱਥੇ ਇੱਕ ਗੱਲ ਕਹੀ ਯਾਦ ਆਉਂਦੀ ਹੈ :

"ਟੂਟੀ ਰਾਤ ਨੇ ਸੂਰਜ ਸੇ ਸਰਗੋਸ਼ੀ ਕੀ, ਹਮ ਨਾ ਹੋਤੇ ਤੋ ਤੇਰਾ ਨੂਰ ਬਰਸਤਾ ਕੈਸੇ ।"

Original with;
Punjab Vidhan Sabha
Digitized by;
Panjab Digital Library

ਤੁਹਾਡੇ ਨੂਰ ਤਾਂ ਤੁਹਾਡੇ ਬਜਟ ਤੇ ਬਰਸੇ ਨਹੀਂ । ਤੁਹਾਡੇ ਦਿਸ਼ਾਹੀਣ ਬਜਟ ਤੇ ਉਨ੍ਹਾਂ ਨੂਰਾਂ ਦੀਆਂ ਆਸਾਂ ਨੂੰ ਬਹੁਤ ਵੱਡੇ ਗਮ ਲੱਗੇ ਹਨ । ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਸਮੇਂ ਦੀ ਕਮੀ ਨੂੰ ਦੇਖਦਿਆਂ ਮੇਰੇ ਤੇ ਨੁਕਤਾਚੀਨੀ ਜੋ ਮਰਜ਼ੀ ਤੁਸੀਂ ਕਰੋ ਪਰ ਮੈਂ ਕਹਿਣਾ ਚਾਹਾਂਗਾ ਕਿ ਸਾਲ 1957 ਵਿੱਚ ਇਹ ਮਹਾਨ ਨਾਇਕ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਪਹਿਲੀ ਵਾਰ ਪੰਜਾਬ ਦੇ ਐਮ.ਐਲ.ਏ. ਮਲੋਟ ਹਲਕੇ ਤੋਂ ਚੁਣੇ ਗਏ ਸਨ । ਇਥੇ ਜ਼ਿਕਰ ਹੋਇਆ ਕਿ ਇਸ ਨਾਇਕ ਨੇ 50 ਵਰ੍ਹੇ ਪੰਜਾਬ ਦੀ ਸੇਵਾ ਕੀਤੀ । ਕੋਈ ਦਿਹਾੜਾ ਮਨਾਇਆ ਜਾਵੇ, ਵਿਧਾਨ ਸਭਾ ਵਿੱਚ ਕੋਈ ਉਨ੍ਹਾਂ ਨੂੰ ਅਜਿਹਾ ਆਨਰ ਦਿੱਤਾ ਜਾਵੇ, ਇਹ ਸਦਨ ਦੀ ਗਰਿਮਾ ਹੈ, ਅਸੀਂ ਸਹਿਮਤ ਹਾਂ । ਇਸ ਨੂੰ ਝੁਠਲਾਇਆ ਨਹੀਂ ਜਾ ਸਕਦਾ, ਜੋ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਇਤਿਹਾਸ ਅੰਦਰ ਰੋਲ ਅਦਾ ਕੀਤਾ ਹੈ ਉਨ੍ਹਾਂ ਦੀ 82 ਸਾਲ ਦੀ ਉਮਰ ਹੋ ਗਈ ਹੈ । ਪਰ ਮੈਨੂੰ ਬੇਹੱਦ ਅਫਸੋਸ ਹੁੰਦਾ ਹੈ ਕਿ ਉਨ੍ਹਾਂ ਦਾ 2-4 ਦਿਨ ਪਹਿਲਾਂ ਅਖਬਾਰਾਂ ਵਿੱਚ ਬਿਆਨ ਆਇਆ ਕਿ ਕਾਂਗਰਸ ਪਾਰਟੀ ਵਾਲੇ ਅਹਿਸਾਨ-ਫਰਾਮੋਸ਼ ਹਨ । ਸ਼ਾਇਦ ਉਰਦੂ ਦੀ ਘਾਟ ਹੈ, ਨਹੀਂ ਪੜ੍ਹੇ । ਮੈਂ ਇਹ ਅਹਿਸਾਨ-ਫਰਾਮੋਸ਼ ਸ਼ਬਦ ਦਾ ਅਰਥ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਦੇਖਿਆ । ਭਾਈ ਸਾਹਿਬ ਅਹਿਸਾਨ-ਫਰਾਮੋਸ਼ ਦਾ ਕੇਵਲ ਇਕ ਅਰਥ ਅੰਕਿਤ ਕਰਦੇ ਹਨ-ਅਕ੍ਰਿਤਘਣ.......

**ਮਾਨਯੋਗ ਸਪੀਕਰ** : ਬਜਟ ਵੱਲ ਧਿਆਨ ਦਿਉ । ਤੁਹਾਡਾ ਟਾਈਮ ਹੋ ਰਿਹਾ ਹੈ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਮੈਂ ਉਥੇ ਹੀ ਆ ਰਿਹਾ ਹਾਂ, ਸਪੀਕਰ ਸਾਹਿਬ, ਮੈਂ ਤੁਹਾਡੇ ਕੋਲੋਂ ਖਿਮ੍ਹਾ ਮੰਗਦਾ ਹਾਂ । ਸ਼ਾਇਦ ਇਸ ਨਾਇਕ ਦੇ ਮੂੰਹੋਂ ਅਕ੍ਰਿਤਘਣ ਬੋਲਿਆ ਪੰਜਾਬ ਦੇ ਲੋਕਾਂ ਨੇ ਵਾਜਬ ਨਹੀਂ ਠਹਿਰਾਇਆ । ਛੋਟਾ ਮੂੰਹ ਵੱਡੀ ਗੱਲ, ਮੈਂ ਇਨ੍ਹਾਂ ਨੂੰ ਕੋਈ ਸਵਾਲ ਨਹੀਂ ਕਰਨਾ ਚਾਹੁੰਦਾ ਪਰ ਇਕ ਦਿਲ ਦਾ ਗਿਲਾ, ਇਕ ਆਪਣੀ ਪਾਰਟੀ ਦੇ ਅਫਸੋਸ ਦਾ ਗਿਲਾ ਇਸ ਨਾਇਕ ਨਾਲ ਜ਼ਰੂਰ ਕਰਨਾ ਚਾਹੁੰਦਾ ਹਾਂ ।......

**ਮਾਨਯੋਗ ਸਪੀਕਰ** : ਤੁਹਾਡਾ ਸਮਾਂ ਖਤਮ ਹੋ ਰਿਹਾ ਹੈ ਪਰ ਬਜਟ ਉਤੇ ਕੋਈ ਵੀ ਸੁਜੈਸ਼ਨ ਨਹੀਂ ਆਇਆ ।

**ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ** (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੇਰੇ ਵੀਰ ਦਾ ਮੇਰੇ ਨਾਲ ਤਾਂ ਬਹੁਤ ਪਿਆਰ

Original with;
Punjab Vidhan Sabha
Digitized by;
Panjab Digital Library

[ਜਲ ਸਪਲਾਈ ਅਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ]

ਹੈ। ਇਹ ਰੋਟੇਰੀ ਪ੍ਰੈਕਟਿਸ ਨਾ ਹੋਵੇ । ਬਜਟ ਤੇ ਬਹਿਸ ਹੋ ਰਹੀ ਹੈ ਤੇ ਬਜਟ ਤੇ ਹੀ ਬੋਲਿਆ ਜਾਵੇ ।.......

**ਮਾਨਯੋਗ ਸਪੀਕਰ** : ਮੈਂ ਪਹਿਲਾਂ ਦੀ ਗੱਲ ਕਰ ਦਿੱਤੀ ਹੈ, ਤੁਸੀਂ ਬੈਠੋ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਰਾਜ ਵਿੱਚ ਅਕਾਲੀਆਂ ਦਾ ਰਾਜਭਾਗ ਆਉਣ ਤੋਂ ਬਾਅਦ 272 ਕਿਸਾਨਾਂ ਨੇ ਖੁਦਕਸ਼ੀਆਂ ਕੀਤੀਆਂ ਹਨ । ਇਸ ਖੇਤੀ ਪ੍ਰਧਾਨ ਸੂਬੇ ਦੇ 272 ਕਿਸਾਨਾਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ । "ਤੂੰ ਇਧਰ-ਉਧਰ ਕੀ ਬਾਤ ਨਾ ਕਰ, ਯਹ ਤੋਂ ਬਤਾ ਕਿ ਕਾਫਲਾ ਕਿਉਂ ਲੁਟਾ।" ਇਹ ਜਿਹੜੇ ਅੰਕੜੇ ਅਫਸਰਸ਼ਾਹੀ ਦੇ ਬਣਾਏ ਹੋਏ ਸਦਨ ਵਿੱਚ ਪੜ੍ਹ ਦੇਣ ਨਾਲ ਪੰਜਾਬ ਦਾ ਕੋਈ ਭਲਾ ਨਹੀਂ ਹੋਵੇਗਾ। ਪੰਜਾਬ ਦਾ ਭਲਾ ਹੋਵੇਗਾ ਜੇਕਰ ਐਮ.ਐਸ. ਸਵਾਮੀਨਾਥਨ ਜਿਹੜੇ ਕਿ ਹਿੰਦੁਸਤਾਨ ਦੇ ਐਗਰੋ-ਸਾਇੰਸਟਿਸਟ ਹਨ ਅਤੇ ਸਰਦਾਰਾ ਸਿੰਘ ਜੌਹਲ ਹਨ, ਉਹ ਪੰਜਾਬ ਬਾਰੇ ਕੀ ਕਹਿ ਰਹੇ ਹਨ । ਐਮ.ਐਸ. ਸਵਾਮੀਨਾਥਨ ਨੇ ਕਿਹਾ ਹੈ ਕਿ ਆਉਣ ਵਾਲੇ 10 ਵਰ੍ਹਿਆਂ ਵਿੱਚ ਪੰਜਾਬ ਦੀ ਧਰਤੀ ਬੈਰਨ ਹੋ ਜਾਵੇਗੀ, ਪੰਜਾਬ ਬੰਜਰ ਹੋ ਜਾਵੇਗਾ । ਸਰਦਾਰਾ ਸਿੰਘ ਜੌਹਲ ਕਹਿ ਰਹੇ ਹਨ ਕਿ ਪੰਜਾਬ ਵਿੱਚ ਇਕ ਮੀਟਰ ਪ੍ਰਤੀ ਸਾਲ ਪਾਣੀ ਦਾ ਪੱਧਰ ਨੀਵਾਂ ਜਾ ਰਿਹਾ ਹੈ । ਇਹ ਜ਼ਿੰਮੇਵਾਰੀ ਤੁਹਾਡੀ ਅਤੇ ਸਾਡੀ ਹੈ । ਕੇਵਲ ਪੁਆਇੰਟ ਆਫ ਆਰਡਰ ਕਰਕੇ, ਕੋਈ ਮਖੌਲ ਉਡਾ ਕੇ ਆਪਾਂ ਪੰਜਾਬ ਦਾ ਭਲਾ ਨਹੀਂ ਕਰ ਸਕਦੇ । ਸਰਦਾਰ ਬਿਕਰਮ ਸਿੰਘ ਮਜੀਠੀਆ ਜੀ ! ਤੁਸੀਂ ਸਾਨੂੰ ਕਹਿੰਦੇ ਹੋ, ਪਹਿਲੀ ਵਾਰ ਚੁਣੇ ਹੋਏ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਅਤੇ ** ** ਨੂੰ ਛੱਡ ਦਿੱਤਾ । ਮੈਂ ਪੰਜਾਬ ਦੇ ਨਾਇਕ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੁਣ ਪੁਰਾਣੇ ਵਾਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨਹੀਂ ਰਹੇ । ਚਲੋ ਮੈਂ ਹੋਰ ਗੱਲ ਕਰਦਾ ਹਾਂ । 85% ਪੰਜਾਬ ਦੇ ਕਿਸਾਨ ਕਰਜ਼ਾਈ ਹਨ ।..........

**ਜਲ ਸਪਲਾਈ ਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ** : ਮਾਨਯੋਗ ਮੈਂਬਰ ਸਾਹਿਬ ਬਜਟ ਤੇ ਬੋਲਣ ਤਾਂ ਠੀਕ ਹੈ, ਅਜਿਹੀਆਂ ਗੱਲਾਂ ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਐਕਸਪੰਜ ਕਰ ਦੇਣੀਆਂ ਚਾਹੀਦੀਆਂ ਹਨ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ** ** ਵਾਲੀ ਗੱਲ ਐਕਸਪੰਜ ਕਰ ਦਿੱਤੀ ਜਾਵੇ ।

**ਜਲ ਸਪਲਾਈ ਤੇ ਸੈਨੀਟੇਸ਼ਨ, ਸੂਚਨਾ ਤੇ ਲੋਕ ਸੰਪਰਕ, ਸਾਇੰਸ ਤੇ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਮੰਤਰੀ** : ਸਪੀਕਰ ਸਾਹਿਬ, ਇਹ ਆਪਣੀ ਦਾੜ੍ਹੀ ਦਾ ਦੱਸ ਦੇਣ ਕਿ ਕੀ ਭੇਤ ਹੈ ?

**ਮਾਨਯੋਗ ਸਪੀਕਰ** : ਕੋਈ ਬਜਟ ਦੀ ਗੱਲ ਹੈ ਤਾਂ ਠੀਕ ਹੈ, ਕਰੋ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਜ਼ਿਆਦਾ ਸਮਾਂ ਨਹੀਂ ਲੈਣਾ । 40 ਲੱਖ ਟਨ ਹਿੰਦੁਸਤਾਨ ਵਿੱਚ ਕਣਕ ਦੀ ਘਾਟ ਹੈਂ, 20 ਲੱਖ ਟਨ ਆਇਲ ਸੀਡਜ਼ ਦੀ ਘਾਟ ਹੈ । ਕੀ ਤੁਸੀਂ ਬਜਟ ਵਿੱਚ ਅਜਿਹੀਆਂ ਪ੍ਰੋਪੋਜ਼ਲਜ਼ ਰੱਖੀਆਂ ਹਨ ਕਿ ਤੁਸੀਂ ਪੰਜਾਬ ਦੇ ਵਪਾਰੀ ਨੂੰ, ਗਰੀਬ ਨੂੰ, ਕਿਸਾਨ ਨੂੰ, ਉਨ੍ਹਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਇਸਦੇ ਵਿੱਚ ਅੰਕਿਤ/ਕੀਤਾ ਹੈ । ਇਸ ਤੇ ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਬਹੁਤ ਹੀ ਲਾਇਕ ਵਿੱਤ ਮੰਤਰੀ ਨੂੰ ਕੰਨਫਿਊਜ਼ਨ ਹੈ । ਕੀ ਕੰਨਫਿਊਜ਼ਨ ਹੈ ? ਮੁਕਤਸਰ ਦੀ ਧਰਤੀ ਤੇ ਜਾ ਕੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਇਹ ਬਿਆਨ ਦਿੰਦੇ ਹਨ, ਸਪੀਕਰ ਸਾਹਿਬ, ਕਿ 4/- ਰੁਪਏ ਕਿਲੋ ਆਟਾ 20/- ਰੁਪਏ ਕਿਲੋ ਦਾਲ ਦਿੱਤੀ ਨਹੀਂ ਜਾ ਸਕਦੀ, ਬਹੁਤ ਮੁਸ਼ਕਲ ਹੈ, ਪੰਜਾਬ ਬਰਬਾਦ ਹੋ ਜਾਵੇਗਾ ।

**ਮਾਨਯੋਗ ਸਪੀਕਰ** : ਉਹ ਤਾਂ ਦੇ ਦਿੱਤੀ । ਤੁਹਾਡਾ ਸਮਾਂ ਸਮਾਪਤ ਹੋ ਚੁੱਕਿਆ ਹੈ, ਬੈਠ ਜਾਓ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਇਕ ਮਿੰਟ ਲਈ ਜੀ। ਇਕ ਅਖੀਰਲੀ ਬੇਨਤੀ ਕਰਕੇ ਮੈਂ ਬੈਠ ਜਾਣਾ ਹੈ । ਸਪੀਕਰ ਸਾਹਿਬ, ਦੋਹਾਂ ਧਿਰਾਂ ਨੂੰ ਪੰਜਾਬ ਦੀ ਮਿਸਾਲ ਨੂੰ ਚੁੱਕਣਾ ਪਵੇਗਾ ਤਾਂ ਕਿ ਉਹ ਦੁਸ਼ਿਆਂਤ ਗੋਰਖਪੁਰ ਦੇ ਹਿੰਦੀ ਦੇ ਮਹਾਨ ਸ਼ਾਇਰ ਦੀਆਂ ਕਹੀਆਂ ਗੱਲਾਂ ਪੰਜਾਬ ਵਿੱਚ ਲਾਗੂ ਕਰ ਸਕੀਏ :

"ਹੋ ਗਈ ਹੈ ਪੀੜ ਪਰਬਤ ਸੀ ਪਿਘਲਣੀ ਚਾਹੀਏ,
ਇਸ ਹਿਮਾਲਿਆ ਸੇ ਕੋਈ ਗੰਗਾ ਨਿਕਲਣੀ ਚਾਹੀਏ ।
ਮੇਰੇ ਦਿਲ ਸੇ ਨਾ ਸਹੀ ਤੋ ਤੇਰੇ ਦਿਲ ਸੇ ਹੀ ਸਹੀ,
ਹੋ ਕੋਈ ਭੀ ਆਗ ਲੇਕਿਨ ਆਗ ਜਲਨੀ ਚਾਹੀਏ ।"

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਰਿਪਜੀਤ ਸਿੰਘ ਬਰਾੜ]
ਸੋ ਸਪੀਕਰ ਸਾਹਿਬ, ਦੋਹਾਂ ਧਿਰਾਂ ਨੂੰ ਮਿਲ ਕੇ ਪੰਜਾਬ ਦੇ ਭਲੇ ਦੀ ਗੱਲ ਕਰਨੀ ਚਾਹੀਦੀ ਹੈ ।

**ਮਾਨਯੋਗ ਸਪੀਕਰ** : ਇਹ ਠੀਕ ਹੈ, ਦੋਹਾਂ ਧਿਰਾਂ ਨੂੰ ਮਿਲ ਕੇ ਗੱਡੀ ਚਲਾਉਣੀ ਚਾਹੀਦੀ ਹੈ ।

**ਸ਼੍ਰੀ ਬਿਸ਼ੰਬਰ ਦਾਸ** (ਨਰੋਟ ਮਹਿਰਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਅੱਜ ਪੰਜਾਬ ਦੀ 13ਵੀਂ ਵਿਧਾਨ ਸਭਾ ਦੇ ਪਵਿੱਤਰ ਸਦਨ ਦੇ ਦੂਜੇ ਸੈਸ਼ਨ ਵਿੱਚ ਬੋਲਣ ਦਾ ਮੌਕਾ ਦਿਤਾ ਹੈ । ਮੈਂ ਪਹਿਲੀ ਵੇਰ ਇਕ ਨਵਾਂ ਚੁਣਿਆ ਹੋਇਆ ਮੈਂਬਰ ਹਾਂ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਜਿਸ ਲਈ ਮੈਂ ਆਪ ਜੀ ਦਾ ਅਭਾਰੀ ਹਾਂ । ਅਸੀਂ ਮੁੱਖ ਮੰਤਰੀ, ਪੰਜਾਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੇ ਵੀ ਬਹੁਤ-ਬਹੁਤ ਅਭਾਰੀ ਹਾਂ ਔਰ ਖਜ਼ਾਨਾ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਦੇ ਵੀ ਬਹੁਤ-ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਬਹੁਤ ਸੂਝਬੂਝ ਦੇ ਨਾਲ, ਇਹ ਵਿਕਾਸ ਪੱਖੀ, ਲੋਕ ਹਿੱਤ ਵਿੱਚ ਵਧੀਆ ਬਜਟ ਪੇਸ਼ ਕੀਤਾ ਹੈ। (ਥੰਪਿੰਗ) ਇਸ ਵਿੱਚ ਸਰਕਾਰ ਨੇ ਹਰ ਵਰਗ ਨੂੰ ਰਾਹਤ ਦੇਣ ਦੀ, ਇਨਸਾਫ ਦੇਣ ਦੀ ਕੋਸ਼ਿਸ਼ ਕਰਕੇ ਗਰੀਬ ਲੋਕਾਂ ਨੂੰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਕ਼ਾਫੀ ਰਾਹਤ ਦਿੱਤੀ ਹੈ । ਮੈਂ ਬਾਦਲ ਸਰਕਾਰ ਦਾ ਬਹੁਤ ਜ਼ਿਆਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਜਾਤ-ਪਾਤ ਔਰ ਮਜ਼੍ਹਬਾਤ ਨੂੰ ਛੱਡ ਕੇ, ਉਪਰ ਉਠ ਕੇ ਆਪਣਾ ਪਿਆਰ, ਅਮਨ, ਸ਼ਾਂਤੀ, ਸਕੂਨ ਬਣਾਈ ਰੱਖਣ ਦਾ ਅਤੇ ਹਰ ਵਰਗ ਨੂੰ ਕੁੱਲੀ, ਗੁੱਲੀ ਔਰ ਜੁੱਲੀ ਦੇਣ ਦਾ ਵਾਅਦਾ ਕੀਤਾ ਹੈ ਅਤੇ ਇਸਦੇ ਵਿੱਚ 292 ਕਰੋੜ ਰੁਪਏ ਤੋਂ ਵਧਾ ਕੇ 650 ਕਰੋੜ ਰੁਪਏ ਲੈ ਕੇ ਆਏ ਹਨ । ਮੈਂ ਵਿੱਤ ਮੰਤਰੀ ਸਾਹਿਬ ਦਾ ਬਹੁਤ ਅਭਾਰੀ ਹਾਂ । ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਪਾਕਿਸਤਾਨ ਦੇ ਬਾਰਡਰ ਨਾਲ ਲਗਦੇ ਜ਼ਿਲ੍ਹਿਆਂ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਗੁਰਦਾਸਪੁਰ ਦਾ ਵੀ ਖਿਆਲ ਰੱਖਿਆ ਜਾਵੇ । ਜ਼ਿਲ੍ਹਾ ਫਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ ਦੇ ਵਾਸਤੇ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਬਾਰਡਰ ਦੇ ਰਹਿਣ ਵਾਲੇ ਲੋਕ ਹਨ, ਇਨ੍ਹਾਂ ਦੀਆਂ ਮੁਸ਼ਕਲਾਂ ਬਹੁਤ ਜ਼ਿਆਦਾ ਹਨ । ਇਨ੍ਹਾਂ ਲੋਕਾਂ ਦੀ ਜ਼ਮੀਨ ਤੇ ਜੰਗਲ ਪਏ ਸਨ, ਬੰਜਰ ਧਰਤੀ ਸੀ, ਖੜ੍ਹਤ ਕਾਈ ਉਗੀ ਪਈ ਸੀ । ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਪੁੱਟ ਕੇ ਜ਼ਮੀਨਾਂ ਉਪਜਾਊ ਕੀਤੀਆਂ ਹਨ ਤੇ ਇਨ੍ਹਾਂ ਨੂੰ ਆਸਾਨ ਕਿਸ਼ਤਾਂ ਤੇ ਕਰਜ਼ੇ ਦਿੱਤੇ ਹਨ ਤੇ ਉਨ੍ਹਾਂ ਦੇ ਨਾਮ ਜ਼ਮੀਨਾਂ ਮੁੜ ਅਲਾਟ ਕਰ ਦਿੱਤੀਆਂ ਜਾਣ । (ਥੰਪਿੰਗ) ਸਪੀਕਰ ਸਾਹਿਬ, ਮੈਂ ਸਪੈਸ਼ਲ ਤੌਰ ਤੇ ਬਾਰਡਰ ਦੇ ਕੰਢੇ ਰਹਿਣ ਵਾਲੇ ਲੋਕਾਂ ਅਤੇ ਆਪਣੇ

Original with;
Punjab Vidhan Sabha
Digitized by;
Panjab Digital Library

ਹਲਕੇ ਨਰੋਟ ਮਹਿਰਾ ਵਾਸਤੇ ਅਪੀਲ ਕਰਦਾ ਹਾਂ ਕਿ ਮੇਰਾ ਹਲਕਾ ਪਾਕਿਸਤਾਨ ਦੇ ਬਾਰਡਰ ਨਾਲ ਲੱਗਦਾ ਹੈ ਅਤੇ ਜੇ. ਐਂਡ ਕੇ. ਦੇ ਬਾਰਡਰ ਨਾਲ ਲੱਗਦਾ ਹੈ । ਤੀਸਰਾ ਇੱਥੇ ਹਰ ਸਾਲ ਉਜ ਦਰਿਆ ਇਸ ਇਲਾਕੇ ਲਈ ਉਜਾੜੇ ਦਾ ਕਾਰਨ ਬਣ ਜਾਂਦਾ ਹੈ । ਉਜ ਦਰਿਆ ਇਸ ਇਲਾਕੇ ਨੂੰ ਮਾਰ ਪਾਉਂਦਾ ਹੈ । ਪਿਛਲੇ ਸਮੇਂ ਵਿੱਚ ਪਿਛਲੀ ਸਰਕਾਰ ਨੇ ਇਸ ਉਜ ਦਰਿਆ ਤੇ ਸਪੱਰ ਬਣਾਏ ਸਨ ਪਰ ਫਿਰ ਵੀ ਇਲਾਕੇ ਦੀ ਜ਼ਮੀਨ ਨਹੀਂ ਬਚ ਸਕੀ । ਜਦੋਂ ਬਾਰਸ਼ਾਂ ਪਈਆਂ ਸਨ 3600 ਏਕੜ ਜ਼ਮੀਨ ਉਜੜ ਗਈ, ਫ਼ਸਲਾਂ ਤਬਾਹ ਹੋ ਗਈਆਂ । ਲੋਕਾਂ ਨੂੰ ਕਾਫੀ ਤਕਲੀਫ ਹੈ । ਮੈਂ ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਸਮੁੱਚੇ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਤੇ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਉਸ ਇਲਾਕੇ ਦੇ ਲੋਕਾਂ ਦੀਆਂ ਤਕਲੀਫਾਂ ਦਾ ਖਾਸ ਖਿਆਲ ਰੱਖਿਆ ਜਾਵੇ । ਉਨ੍ਹਾਂ ਨੂੰ ਰਾਹਤ ਦਿਵਾਈ ਜਾਵੇ, ਉਨ੍ਹਾਂ ਦੀਆਂ ਜ਼ਮੀਨਾਂ ਬਚਾਈਆਂ ਜਾਣ, ਉਨ੍ਹਾਂ ਦੀ ਰੱਖਿਆ ਕੀਤੀ ਜਾਵੇ । ਪਿਛਲੇ ਸਮੇਂ ਜਿਹੜੇ ਸਪੱਰ ਬਣਾਏ ਗਏ ਸਨ ਜਾਂ ਵਿਕਾਸ ਦੇ ਕੰਮਾਂ ਤੇ ਖਰਚਾ ਕੀਤਾ ਗਿਆ ਸੀ, ਉਹ ਜੋ ਉਜ ਦਰਿਆ ਉਤੇ ਕੀਤਾ ਸੀ ਤੇ ਉਹ ਸਾਰਾ ਖਰਚਾ ਖਰਾਬ ਗਿਆ ਹੈ, ਇਸ ਦੀ ਇਨਕੁਆਰੀ ਕਰਵਾਈ ਜਾਵੇ ਕਿ ਉਨ੍ਹਾਂ ਲੋਕਾਂ ਦਾ ਨੁਕਸਾਨ ਕਿਉਂ ਹੋਇਆ ? ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਅਪੀਲ ਕਰਦਾ ਹਾਂ ਕਿ ਉਜ ਦਰਿਆ ਦੇ ਨਾਲ-ਨਾਲ 14 ਪਿੰਡ ਪੈਂਦੇ ਹਨ ਤੇ 22,000 ਤੋਂ ਉਪਰ ਆਬਾਦੀ ਹੈ। ਉਸ ਦਰਿਆ ਤੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਸਦਕਾ ਇਕ ਅਸਥਾਈ ਬ੍ਰਿਜ ਬਣਿਆ ਹੈ ਪਰ ਬਰਸਾਤ ਦੇ ਦਿਨਾਂ ਵਿੱਚ ਉਹ ਬ੍ਰਿਜ ਉਠਾ ਲਿਆ ਜਾਂਦਾ ਹੈ ਜਿਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਇਹ ਪੁਲ ਸਥਾਈ ਤੌਰ ਤੇ ਬਣਾਇਆ ਜਾਵੇ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ, ਖਜ਼ਾਨਾ ਮੰਤਰੀ ਜੀ ਨੇ ਮਿਹਨਤ ਕਰਕੇ ਉਥੇ ਰਾਵੀ ਦਰਿਆ ਤੇ ਖਲੌਰ ਪਿੰਡ ਕੋਲ ਇਕ ਪੁਲ ਬਣਾਇਆ ਹੈ । ਮੈਂ ਇਹ ਕਹਿੰਦਿਆਂ ਝਿਜਕ ਮਹਿਸੂਸ ਨਹੀਂ ਕਰਾਂਗਾ ਕਿ ਬਰਸਾਤਾਂ ਦੇ ਦਿਨਾਂ ਵਿੱਚ ਜਦੋਂ ਦਰਿਆ ਮਾਰ ਕਰਦਾ ਹੈ ਤਾਂ ਸਾਰੇ ਇਲਾਕੇ ਦੇ ਲੋਕ ਕੱਟ ਕੇ ਰਹਿ ਜਾਂਦੇ ਹਨ, ਪੰਜਾਬ ਨਾਲੋਂ ਸਬੰਧ ਟੁੱਟ ਜਾਂਦਾ ਹੈ । ਜੇ. ਐਂਡ ਕੇ. ਤੋਂ ਆਉਣ ਦਾ ਵੀ ਕੋਈ ਸਾਧਨ ਨਹੀਂ ਹੈ । ਇਸ ਕਰਕੇ ਉਥੇ ਪੁਲ ਬਣਾਉਣਾ ਬਹੁਤ ਜ਼ਰੂਰੀ ਹੈ । ਨਰੋਟ ਮਹਿਰਾ ਹਲਕੇ ਤੋਂ ਦਰਿਆ ਦੇ ਪਾਰ ਸੜਕਾਂ ਦੀ ਹਾਲਤ ਵੀ ਬਹੁਤ ਮਾੜੀ ਹੈ । ਲੋਕ ਸਾਈਕਲਾਂ ਤੇ ਜਾਣ ਲਈ ਮਜਬੂਰ ਹੋ ਜਾਂਦੇ ਹਨ । ਦੀਨਾ ਨਗਰ ਤੋਂ ਫਤਹਿਪੁਰ ਤੱਕ ਸੜਕ 18 ਫੁੱਟ ਚੌੜੀ ਤੇ ਫਿਰ ਅੱਗੋਂ 10 ਫੁੱਟ ਚੌੜੀ ਹੈ ਜਦ ਕਿ ਇਸ ਸੜਕ ਦਾ ਜੇ. ਐਂਡ ਕੇ. ਨਾਲ ਤਾਲਮੇਲ ਹੈ । ਇਸ ਦਸ ਫੁੱਟ ਚੌੜੀ ਸੜਕ ਤੇ ਐਕਸੀਡੈਂਟ ਵੀ ਬਹੁਤ ਹੁੰਦੇ ਹਨ । ਲੋਕ ਐਕਸੀਡੈਂਟਾਂ ਦਾ ਸ਼ਿਕਾਰ ਹੋ ਰਹੇ ਹਨ । ਇਸ ਕਰਕੇ ਇਸ ਸੜਕ ਵੱਲ ਧਿਆਨ ਦਿੱਤਾ ਜਾਵੇ । ਇਸ

Original with;
Punjab Vidhan Sabha
Digitized by;
Panjab Digital Library

[ਸ੍ਰੀ ਬਿਸ਼ੰਬਰ ਦਾਸ]

ਸੜਕ ਨੂੰ ਪੱਕਾ ਕੀਤਾ ਜਾਵੇ ਤੇ ਚੌੜਾ ਕੀਤਾ ਜਾਵੇ । ਸਪੀਕਰ ਸਾਹਿਬ, ਮੈਂ ਸਮਾਜਕ ਸੇਵਾਵਾਂ ਬਾਰੇ ਕਹਿਣਾ ਚਾਹੁੰਦਾ ਹਾਂ । ਸਾਲ 2006 ਨਾਲੋਂ ਇਸ ਸਾਲ 1093.75 ਕਰੋੜ ਦੀ ਜਗ੍ਹਾ 31.6% ਦਾ ਵਾਧਾ ਕਰਦਿਆਂ 1587.18 ਕਰੋੜ ਰੁਪਏ ਰੱਖੇ ਗਏ ਹਨ । ਇਸ ਵਾਸਤੇ ਮੈਂ ਵਿੱਤ ਮੰਤਰੀ ਜੀ ਦਾ ਬਹੁਤ-ਬਹੁਤ ਆਭਾਰੀ ਹਾਂ । (ਥੰਪਿੰਗ) ਲੋਕਾਂ ਨੂੰ ਪੈਨਸ਼ਨਾਂ ਪਹਿਲਾਂ ਸਮੇਂ ਸਿਰ ਨਹੀਂ ਮਿਲਦੀਆਂ ਸਨ । ਪਿਛਲੀ ਸਰਕਾਰ ਸਮੇਂ ਲੋਕ ਪੈਨਸ਼ਨਾਂ ਤੋਂ ਵਾਂਝੇ ਰਹਿ ਗਏ ਸਨ । ਪਿਛਲੀ ਸਰਕਾਰ ਦੇ ਸਮੇਂ ਇਹ ਸ਼ਰਤ ਲਗਾ ਦਿੱਤੀ ਸੀ ਕਿ ਜਿਸ ਦੇ ਘਰ ਬਿਜਲੀ ਦਾ ਬਲਬ ਹੈ, ਸਕੂਟਰ ਹੈ, ਉਸ ਨੂੰ ਇਹ ਪੈਨਸ਼ਨ ਨਹੀਂ ਮਿਲੇਗੀ ਪਰ ਹੁਣ ਵਿੱਤ ਮੰਤਰੀ ਜੀ ਦਾ ਮੈਂ ਆਭਾਰੀ ਹਾਂ ਕਿ ਇਨ੍ਹਾਂ ਨੇ ਇਸ ਰਾਸ਼ੀ ਵਿੱਚ ਵਾਧਾ ਕੀਤਾ ਹੈ । ਸਪੀਕਰ ਸਾਹਿਬ, ਮੇਰਾ ਇਲਾਕਾ ਪੱਛੜਿਆ ਹੋਇਆ ਹੈ । ਉਥੇ ਨਰੋਟ ਜੈਮਲ ਸਿੰਘ ਵਿੱਚ ਇਕ ਹੈਲਥ ਸੈਂਟਰ ਹੈ ਜਿਥੇ ਇਸ ਸਮੇਂ ਕੇਵਲ ਇਕ ਹੀ ਡਾਕਟਰ ਹੈ । ਇਨ੍ਹਾਂ ਦਿਨਾਂ ਵਿੱਚ ਜਦੋਂ ਕਿ ਬਰਸਾਤਾਂ ਵਿੱਚ ਬੁਖਾਰ ਹੁੰਦੇ ਹਨ, ਲੋਕ ਦੁਖੀ ਹੁੰਦੇ ਹਨ, ਪੀੜਿਤ ਹੁੰਦੇ ਹਨ ਤਾਂ ਉਹ ਪਠਾਨਕੋਟ ਜਾਂਦੇ ਹਨ । ਮੈਂ ਆਪ ਜੀ ਦੇ ਦੁਆਰਾ ਨਿਵੇਦਨ ਕਰਦਾ ਹਾਂ ਕਿ ਉਥੇ ਡਾਕਟਰਾਂ ਦੀ ਗਿਣਤੀ ਪੂਰੀ ਕੀਤੀ ਜਾਵੇ ਔਰ ਇਸੇ ਤਰ੍ਹਾਂ ਪ੍ਰਾਇਮਰੀ ਹੈਲਥ ਸੈਂਟਰਾਂ ਨੂੰ ਵੀ ਪੂਰਾ ਕੀਤਾ ਜਾਵੇ ।

ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਸਰਕਾਰ ਦਾ ਬਹੁਤ-ਬਹੁਤ ਧੰਨਵਾਦ ਕਰਨ ਵਾਸਤੇ ਤਿਆਰ ਹਾਂ ਕਿ ਬੀ.ਪੀ.ਐਲ. ਦੇ ਵਿੱਚ ਗਰੀਬ ਲੋਕਾਂ ਨੂੰ ਬਹੁਤ ਜ਼ਿਆਦਾ ਰਾਹਤ ਦੇਣ ਦੀ ਤਮੰਨਾ ਪੂਰੀ ਕੀਤੀ ਹੈ । ਇਸ ਦੇ ਦੁਆਰਾ ਮੇਰੇ ਹਲਕੇ ਦੇ ਲੋਕਾਂ ਨੂੰ ਵੀ ਰਾਹਤ ਪਹੁੰਚੇਗੀ । ਇਸ ਹਲਕੇ ਦੇ ਵਿੱਚ ਇੰਨੇ ਜ਼ਿਆਦਾ ਪ੍ਰਤੀਸ਼ਤ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਹਨ, ਉਨ੍ਹਾਂ ਨੂੰ ਉਪਰ ਚੁੱਕਣ ਵਾਸਤੇ ਪੂਰਾ ਉਪਰਾਲਾ ਕੀਤਾ ਜਾ ਰਿਹਾ ਹੈ । ਇਹ ਬਾਦਲ ਸਾਹਿਬ ਦੀ ਸੋਚ ਹੈ ਕਿਉਂਕਿ ਬਾਦਲ ਸਾਹਿਬ ਇਕ ਦਫਾ ਪਹਿਲਾਂ ਵੀ ਉਥੇ ਗਏ ਸਨ ਅਤੇ ਉਥੋਂ ਦੇ ਲੋਕਾਂ ਨੂੰ ਇਕ ਆਈ.ਟੀ.ਆਈ. ਦਿੱਤੀ ਸੀ, ਤਹਿਸੀਲ ਦਿੱਤੀ ਸੀ, ਬਲਾਕ ਆਫਿਸ ਦਿੱਤਾ ਸੀ । ਮੈਂ ਆਪ ਜੀ ਦੇ ਮਾਧਿਅਮ ਰਾਹੀਂ ਇਕ ਵਾਰੀ ਫਿਰ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਸ ਇਲਾਕੇ ਨੂੰ, ਗਰੀਬ ਇਲਾਕੇ ਨੂੰ, ਜਿਹੜਾ ਪੱਛੜਿਆ ਹੋਇਆ ਇਲਾਕਾ ਹੈ, ਇਸ ਵੇਲੇ ਉਥੇ ਪਾਲੀਟੈਕਨਿਕ ਕਾਲਜ ਦਿੱਤਾ ਜਾਵੇ, ਜਿਸ ਨਾਲ ਗਰੀਬਾਂ ਦੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ । ਇਸ ਤੋਂ ਇਲਾਵਾ ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਇਲਾਕੇ ਦੇ ਵਿੱਚ ਗਰੀਬ ਲੋਕ ਰਹਿੰਦੇ ਹਨ । ਮੈਂ ਇਨਕਮ ਦੇ ਆਧਾਰ ਦੇ ਉਤੇ ਇਹ ਗੱਲ ਕਹਾਂਗਾ ਕਿ ਉਥੇ ਲੋਕਾਂ ਦੇ ਕੋਲ ਰਹਿਣ ਵਾਸਤੇ ਬਹੁਤ ਘੱਟ ਜਗ੍ਹਾ

Original with;
Punjab Vidhan Sabha
Digitized by;
Panjab Digital Library

ਹੈ। ਚਾਰ-ਚਾਰ ਮਰਲੇ ਦੇ ਘਰਾਂ ਵਿੱਚ ਚਾਰ-ਚਾਰ ਬੱਚੇ ਵਿਆਹੇ ਹੋਏ ਰਹਿ ਰਹੇ ਹਨ। ਉਨ੍ਹਾਂ ਨੂੰ ਪਲਾਟਾਂ ਨਾਲ ਥੋੜ੍ਹੀ ਜਿਹੀ ਰਾਹਤ ਦਿੱਤੀ ਜਾਵੇ ਤਾਂ ਕਿ ਉਹ ਲੋਕ ਅੱਛੇ ਤਰੀਕੇ ਨਾਲ ਰਹਿਣ।

ਜਿਥੇ ਬਾਕੀ ਸਾਰੀਆਂ ਗੱਲਾਂ ਹੋਈਆਂ ਹਨ, ਉਥੇ ਮੈਂ ਪੰਜਾਬ ਪੁਲਿਸ ਦੇ ਬਾਰੇ ਇਸ ਸਦਨ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਲੋਕ ਆਪਣੀ 24 ਘੰਟੇ ਡਿਊਟੀ ਦਿੰਦੇ ਹਨ। ਇਨ੍ਹਾਂ ਲੋਕਾਂ ਨੂੰ ਵੀ ਰਾਹਤ ਹੋਣੀ ਚਾਹੀਦੀ ਹੈ। ਇਨ੍ਹਾਂ ਲੋਕਾਂ ਦੇ ਵਾਸਤੇ ਟਾਈਮ ਦੀ ਪਾਬੰਦੀ ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਦਿੱਲੀ ਅਤੇ ਯੂ.ਟੀ. ਚੰਡੀਗੜ੍ਹ ਵਿੱਚ ਅੱਠ ਘੰਟੇ ਡਿਊਟੀ ਹੈ, ਉਸੇ ਤਰ੍ਹਾਂ ਇਨ੍ਹਾਂ ਦੀ ਡਿਊਟੀ ਵੀ ਅੱਠ ਘੰਟੇ ਲਗਾਈ ਜਾਵੇ। ਇਸੇ ਤਰ੍ਹਾਂ ਹੀ ਇਨ੍ਹਾਂ ਲੋਕਾਂ ਦੇ ਵਾਸਤੇ ਹਾਊਸ ਰੈਂਟ ਜਿਹੜਾ ਹੈ, ਉਹ ਕਾਂਸਟੇਬਲਾਂ ਵਿੱਚੋਂ 60 ਪ੍ਰਤੀਸ਼ਤ ਨੂੰ ਹੀ ਦਿੱਤਾ ਜਾ ਰਿਹਾ ਹੈ। 100 ਵਿੱਚੋਂ 60 ਆਦਮੀਆਂ ਨੂੰ ਹੀ ਦਿੱਤਾ ਜਾ ਰਿਹਾ ਹੈ, ਬਾਕੀ ਕਾਂਸਟੇਬਲ ਉਸ ਤਰ੍ਹਾਂ ਧੱਕੇ ਖਾਂਦੇ ਰਹਿੰਦੇ ਹਨ। ਇਹ ਰੈਂਟ 100 ਪ੍ਰਤੀਸ਼ਤ ਨੂੰ ਹੀ ਦਿੱਤਾ ਜਾਵੇ। ਜਿਹੜਾ ਕਨਵੇਂਅਸ ਅਲਾਊਂਸ ਕਾਂਸਟੇਬਲਾਂ ਨੂੰ ਗੱਡੀ ਚਲਾਉਣ ਵਾਸਤੇ ਹੈ ਇਹ ਕਰੀਬ 15 ਸਾਲ ਪਹਿਲਾਂ 20 ਰੁਪਏ ਪਰ-ਮੰਥ ਦੇਣ ਦਾ ਫੈਸਲਾ ਕੀਤਾ ਗਿਆ ਸੀ ਅਤੇ ਹੁਣ ਵੀ ਉਸ ਤਰ੍ਹਾਂ ਹੀ ਦਿੱਤਾ ਜਾ ਰਿਹਾ ਹੈ। ਐਨ.ਜੀ.ਓਜ਼ ਨੂੰ 90 ਰੁਪਏ ਦਿੱਤਾ ਜਾ ਰਿਹਾ ਹੈ। ਮੈਂ ਬੇਨਤੀ ਕਹਾਂਗਾ ਕਿ ਅੱਜ ਇਸ ਯੁੱਗ ਵਿੱਚ ਜਿਥੇ ਪੈਟਰੋਲ ਬਹੁਤ ਮਹਿੰਗਾ ਹੈ, ਇਨ੍ਹਾਂ ਦਾ ਕਨਵੇਂਅਸ ਅਲਾਊਂਸ ਵੀ ਵਧਾਇਆ ਜਾਣਾ ਚਾਹੀਦਾ ਹੈ।

ਮੈਂ ਬਹੁਤ ਅਭਾਰੀ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਅਤੇ ਮਨਪ੍ਰੀਤ ਜੀ ਦਾ, ਜਿਹੜੇ ਨੌਜਵਾਨ ਹਨ ਔਰ ਇਨ੍ਹਾਂ ਨੇ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਥੱਲੇ ਤੱਕ ਜਾ ਕੇ ਇਸ ਤਰ੍ਹਾਂ ਦਾ ਬਜਟ ਪੇਸ਼ ਕੀਤਾ ਹੈ। ਇਸ ਦੇ ਵਿੱਚ ਡਰਿੰਕਿੰਗ ਵਾਟਰ ਦੀ ਖਾਸ ਤੌਰ ਤੇ ਸਪੈਸ਼ਲੀ ਗੱਲ ਕੀਤੀ ਗਈ ਹੈ। ਇਸ ਨਾਲ ਸਾਡੇ ਇਲਾਕੇ ਵਿੱਚ ਬਹੁਤ ਜ਼ਿਆਦਾ ਰਾਹਤ ਹੋਈ ਹੈ ਕਿ ਦਸ ਪ੍ਰਤੀਸ਼ਤ ਰਕਮ ਜਮ੍ਹਾਂ ਕਰਵਾ ਕੇ ਲੋਕਾਂ ਨੂੰ ਪਾਣੀ ਚੰਗਾ ਮਿਲ ਸਕੇਗਾ। ਮੈਂ ਅੱਜ ਇਸ ਮੌਕੇ ਉਤੇ ਸਰਦਾਰ ਬਾਦਲ ਸਾਹਿਬ ਨੂੰ ਅਤੇ ਮਨਪ੍ਰੀਤ ਜੀ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਇਨ੍ਹਾਂ ਦੀ ਪ੍ਰਸ਼ੰਸਾ ਕਰਦਾ ਹੋਇਆ ਇਸ ਬਜਟ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਹ ਇਸੇ ਤਰ੍ਹਾਂ ਹੀ ਪੰਜ ਸਾਲ ਪੰਜਾਬ ਨੂੰ ਅੱਗੇ ਲੈ ਕੇ ਜਾਣਗੇ ਔਰ ਲੋਕਾਂ ਦੀ ਚੰਗੇ ਤਰੀਕੇ ਨਾਲ ਦੇਖਭਾਲ ਕਰਨਗੇ, ਲੋਕਾਂ ਦੀ ਸੇਵਾ ਕਰਨਗੇ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬਿਸ਼ੰਬਰ ਦਾਸ]
ਇਨ੍ਹਾਂ ਸ਼ਬਦਾਂ ਨਾਲ ਮੈਂ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ :

"ਅਪਨੀ ਹਸਤੀ ਕੋ ਚਾਰ ਤੂੰ ਮਰਤਬਾ ਚਾਹੇ
ਖ਼ਾਕ ਮੇ ਮਿਲ ਕਰ ਗੁਲੇ ਗੁਲਜ਼ਾਰ ਹੋਤਾ ਹੈ ।"

ਬਹੁਤ-ਬਹੁਤ ਧੰਨਵਾਦ ।

**ਸਰਦਾਰ ਸਰਬਜੀਤ ਸਿੰਘ ਮੱਕੜ** (ਆਦਮਪੁਰ) : ਆਦਰ ਤੇ ਸਤਿਕਾਰਯੋਗ, ਸਪੀਕਰ ਸਾਹਿਬ, ਆਦਰ ਤੇ ਸਤਿਕਾਰਯੋਗ ਸਾਡੇ ਮੁੱਖ ਮੰਤਰੀ ਸਾਹਿਬ ਪ੍ਰਕਾਸ਼ ਸਿੰਘ ਬਾਦਲ ਜੀ, ਜਿਨ੍ਹਾਂ ਦੀ ਅਗਵਾਈ ਥੱਲੇ ਮਨਪ੍ਰੀਤ ਬਾਦਲ ਜੀ ਨੇ ਆਪਣਾ ਬਜਟ ਪੇਸ਼ ਕੀਤਾ ਹੈ । ਮੈਂ ਬੜੀ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਇਸ 13ਵੀਂ ਵਿਧਾਨ ਸਭਾ ਵਿੱਚ ਮੈਨੂੰ ਚਰਚਾ ਤੇ ਬੋਲਣ ਦਾ ਮੌਕਾ ਮਿਲ ਰਿਹਾ ਹੈ । ਬੜੀ ਖ਼ੁਸ਼ੀ ਹੋਈ ਜਦੋਂ ਇਹ ਬਜਟ ਪੇਸ਼ ਹੋਇਆ । ਲੋਕਾਂ ਨਾਲ ਜਿਹੜੇ ਵਾਅਦੇ ਕੀਤੇ ਗਏ ਸੀ ਜਦੋਂ ਉਨ੍ਹਾਂ ਨੇ ਆਪਣੀਆਂ ਮੱਦਾਂ ਵਿੱਚ ਵੇਖੀਆਂ ਤਾਂ ਬਹੁਤ ਵੱਡੀ ਖ਼ੁਸ਼ੀ ਹੋਈ । ਪਰ ਅਫ਼ਸੋਸ ਹੋਇਆ ਕਿ ਆਪੋਜ਼ੀਸ਼ਨ ਦੇ ਵਿਧਾਨਕਾਰਾਂ ਨੇ ਬਜਟ ਤੋਂ ਪਹਿਲਾਂ ਹੀ ਇਕ ਬਹਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਥਾਲੀਆਂ ਤੇ ਚਮਚੇ ਖੜਕਾਏ ਗਏ । ਇਹ ਨਹੀਂ ਸੋਚਿਆ ਕਿ ਪਹਿਲੀ ਸਰਕਾਰ ਦੀ ਤਰ੍ਹਾਂ ਇਸ ਸਰਕਾਰ ਨੇ ਕੋਈ ਗਲਤ ਵਾਇਦਾ ਨਹੀਂ ਕਰਨਾ ਅਤੇ ਜਿਹੜੇ ਵਾਇਦੇ ਕੀਤੇ ਹਨ੍ਹ ਉਹ ਪੂਰੇ ਕਰਨੇ ਹਨ। ਆਪਣਾ ਵਾਇਦਾ ਪੂਰਾ ਕਰਕੇ ਜਿਥੇ ਸਾਡੇ ਸਾਰਿਆਂ ਦਾ ਸਿਰ ਉੱਚਾ ਕੀਤਾ ਹੈ, ਉਥੇ ਇਕ ਐਸਾ ਬਜਟ ਪੇਸ਼ ਕੀਤਾ ਹੈ ਜਿਸ ਵਿੱਚ ਕਿਸੇ ਤੇ ਕੋਈ ਟੈਕਸ ਨਹੀਂ ਲਾਇਆ ਗਿਆ ਹੈ ਅਤੇ ਸਰਬ ਪੱਖੀ ਬਜਟ ਪੇਸ਼ ਕਰਕੇ ਇਕ ਮਿਸਾਲ ਪੈਦਾ ਕੀਤੀ ਹੈ । ਇਸ ਵਿੱਚ ਇਹ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਾਨੂੰ ਪੰਜਾਬ ਕਰਜ਼ਈ ਮਿਲਿਆ ਹੈ । ਇਸ ਪੰਜਾਬ ਨੂੰ ਕਰਜ਼ੇ ਤੋਂ ਕਿਵੇਂ ਮੁਕਤ ਕਰਨਾ ਹੈ । ਗਰੀਬੀ ਦਾਅਵਾ ਹਟਾ ਕੇ ਖੇਤੀਬਾੜੀ ਤੇ ਹੋਰ ਗੱਲਾਂ ਵੱਲ ਧਿਆਨ ਕੀਤਾ ਗਿਆ ਹੈ । ਪਹਿਲੇ ਦਿਨ ਆਪੋਜ਼ੀਸ਼ਨ ਵਿਧਾਨਕਾਰਾਂ ਵਿੱਚੋਂ ਕਿਸੇ ਇਕ ਨੇ ਪੜ੍ਹ ਕੇ ਇਸ ਵਿੱਚੋਂ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਨਹੀਂ ਤਾਂ ਸ਼ੇਅਰ-ਓ-ਸ਼ਾਇਰੀ ਹੀ ਆਪੋਜ਼ੀਸ਼ਨ ਵਾਲਿਆਂ ਨੇ ਕੀਤੀ ਹੈ । ਮੈਨੂੰ ਅਫ਼ਸੋਸ ਹੈ ਕਿ ਇਕ ਨਸਵਾਰ ਦਾ ਮਸਲਾ ਲੈ ਕੇ ਆਪੋਜ਼ੀਸ਼ਨ ਦੀ ਲੀਡਰ ਨੇ ਬਜਟ ਖ਼ਤਮ ਕਰ ਦਿੱਤਾ । ਬਾਕੀ ਬਜਟ ਦੇ ਵਰਕਿਆਂ ਨੂੰ ਫਰੋਲ-ਫਰੋਲ ਕੇ ਕਹਿ ਦਿੱਤਾ ਕਿ ਇਸ ਬਜਟ ਵਿੱਚ ਕੁਝ ਨਹੀਂ । ਸਾਨੂੰ ਲਗਦਾ ਹੈ ਕਿ ਸਾਡੇ ਵਾਲਾ ਬਜਟ ਹੈ। ਜਦੋਂ ਵਰਕੇ ਫਰੋਲ ਰਹੇ ਸੀ ਉਨ੍ਹਾਂ ਨੂੰ ਆਪਣੇ ਬਜਟ ਦਾ ਧਿਆਨ ਆ ਰਿਹਾ ਸੀ ਕਿਉਂਕਿ ਗਰੀਬਾਂ ਨਾਲ ਤਿੰਨ ਸਾਲ ਇਸ ਪਾਰਟੀ ਨੇ ਮਜ਼ਾਕ ਕੀਤਾ ਹੈ । ਗਰੀਬਾਂ

Original with;
Punjab Vidhan Sabha
Digitized by;
Panjab Digital Library

ਦੀਆਂ ਪੈਨਸ਼ਨਾਂ ਰੋਕ ਦਿੱਤੀਆਂ, ਸ਼ਗਨ ਸਕੀਮ ਰੋਕ ਦਿਤੀ, ਡਿਵੈਲਪਮੈਂਟ ਦੇ ਕੰਮ ਰੋਕ ਦਿੱਤੇ । ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾ ਗਰੀਬਾਂ ਦੀ ਰਾਖੀ ਕੀਤੀ ਹੈ, ਉਨ੍ਹਾਂ ਦੇ ਸੁਪਨਿਆਂ ਨੂੰ ਐਫ.ਐਮ. ਸਾਹਿਬ ਨੇ ਪੂਰਾ ਕੀਤਾ ਹੈ ਕਿਉਂਕਿ ਫਾਈਨਾਂਸ ਮਨਿਸਟਰ ਸਾਹਿਬ ਜਿਥੇ ਪੜ੍ਹੇ ਲਿਖੇ ਨੌਜਵਾਨ ਹਨ ਉਥੇ ਸੇਵਾ ਦੀਆਂ ਲੋਰੀਆਂ ਦੇ ਨਾਲ ਪਲੇ ਹਨ ਕਿਉਂਕਿ ਇਸ ਪਰਿਵਾਰ ਨੇ ਬਹੁਤ ਵੱਡੀ ਸੇਵਾ ਕੀਤੀ ਹੈ । ਅੱਜ ਸਾਡੇ ਮੁੱਖ ਮੰਤਰੀ ਸਾਹਿਬ ਨੇ ਇਨ੍ਹਾਂ ਨੂੰ ਫਾਈਨਾਂਸ ਮਨਿਸਟਰ ਬਣਾਇਆ ਹੈ ਅਤੇ ਗਰਾਊਂਡ ਲੈਵਲ ਦੀ ਮੇਹਨਤ ਅੱਜ ਇਸ ਬਜਟ ਵਿੱਚ ਰੰਗ ਲਿਆਈ ਹੈ । ਜਿਸ ਨਾਲ ਸਾਡਾ ਸਿਰ ਉੱਚਾ ਹੋਇਆ ਹੈ । ਮੈਂ ਪਹਿਲਾਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਜਿਥੇ ਚੰਗੇ ਕਦਮ ਧਰਤੀ ਤੇ ਪੈਂਦੇ ਹਨ ਤਾਂ ਨੇਕ ਕੰਮ ਸਾਹਮਣੇ ਆਉਂਦੇ ਹਨ । ਜਿਹੜੀ ਬਠਿੰਡਾ ਰਿਫਾਈਨਰੀ ਪਿਛਲੇ ਪੰਜ ਸਾਲ ਦੇ ਸਮੇਂ ਵਿੱਚ ਰੋਂਦੀ ਰਹੀ ਸੀ, ਉਸ ਨੂੰ ਪਹਿਲੇ ਦਿਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਨਵਾਂ ਚਾਨਣ ਮੁਨਾਰਾ ਦਿੱਤਾ ਹੈ । ਮੈਂ ਇਸ ਗੱਲੋਂ ਵੀ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਜਿੰਨੇ ਵੀ ਇਨ੍ਹਾਂ ਨੇ ਉਪਰਾਲੇ ਕੀਤੇ ਹਨ ਉਨ੍ਹਾਂ ਵਿੱਚ ਇਨ੍ਹਾਂ ਦੀ ਮਿਹਨਤ ਰੰਗ ਲਿਆਈ ਹੈ । ਇਸ ਦੀ ਆਪੋਜ਼ੀਸ਼ਨ ਵਾਲਿਆਂ ਨੂੰ ਸ਼ਲਾਘਾ ਕਰਨੀ ਚਾਹੀਦੀ ਸੀ ਜਿਨ੍ਹਾਂ ਦੇ ਮੁੱਖ ਮੰਤਰੀ ਕਦੀ ਵੀ ਮਿਹਨਤ ਨਹੀਂ ਕਰਦੇ ਸਨ, ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਿਹੜੇ ਕਿ ਮਿਹਨਤੀ ਹਨ ਇਨ੍ਹਾਂ ਦੀ ਮਿਹਨਤ ਰੰਗ ਲਿਆਈ ਹੈ । ਇਸ ਦੀ ਸਾਰਿਆਂ ਨੂੰ ਸਰਾਹਨਾ ਕਰਨੀ ਚਾਹੀਦੀ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਐਫ.ਐਮ. ਸਾਹਿਬ ਸਲਾਨਾ ਯੋਜਨਾ ਵਾਧੇ ਵਾਸਤੇ ਮੀਟਿੰਗ ਵਿੱਚ ਗਏ ਸੀ, ਉਸ ਵਿੱਚ 4,000 ਦੀ ਥਾਂ ਤੇ 5,000 ਦਾ ਵਾਧਾ ਮੀਟਿੰਗ ਵਿੱਚ ਹੋਇਆ ਸੀ । ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਇਕ ਸ਼ਗਨ ਸਕੀਮ ਦੀ ਗੱਲ ਕਰਕੇ 111 ਕਰੋੜ ਰੁਪਏ ਦਾ ਹੋਰ ਵਾਧਾ ਲੈ ਲਿਆ । ਇਹ ਇਨ੍ਹਾਂ ਦੀ ਲਿਆਕਤ ਹੈ, ਇਕ ਪਿਆਰ ਹੈ, ਇਕ ਰਿਲੇਸ਼ਨ ਹੈ । ਪਾਰਟੀ ਕੋਈ ਵੀ ਹੋਵੇ, ਉਹ ਹਮੇਸ਼ਾ ਮੁੱਖੜਾ ਵੇਖਦੀ ਹੈ । ਮੈਂ ਇਨ੍ਹਾਂ ਗੱਲ੍ਹਾਂ ਦੀ ਸ਼ਲਾਘਾ ਕਰਦਾ ਹਾਂ । ਜਿਹੜਾ ਸਾਲ 2002 ਦੇ ਵਿੱਚ ਕਾਂਗਰਸ ਪਾਰਟੀ ਨੇ ਬੀ.ਪੀ.ਐਲ. ਦਾ ਸਰਵੇ ਕਰਵਾਇਆ ਸੀ, ਉਸ ਦੇ ਵਾਸਤੇ ਗਰੀਬਾਂ ਨੂੰ ਬਹੁਤ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ । ਅੱਜ ਬੀ.ਪੀ.ਐਲ. ਦੇ ਸਰਵੇ ਦਾ ਟਾਈਮ ਕੰਪਲੀਟ ਹੋ ਗਿਆ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਅਤੇ ਸਾਡੇ ਹੋਣਹਾਰ ਸਰਵੇ ਕਰਨ ਵਾਲਿਆਂ ਨੇ ਜੋ 13.26 ਲੱਖ ਪਰਿਵਾਰਾਂ ਨੂੰ ਆਟਾ ਤੇ ਦਾਲ ਸਸਤੀਆਂ ਕੀਮਤਾਂ ਤੇ ਦਿਵਾਉਣ ਦੀ ਜੋ ਸਹੂਲਤ ਦਿਵਾਈ ਹੈ, ਇਸ ਨੇ ਸਾਡਾ ਸਾਰਿਆਂ ਦਾ ਮਾਣ ਵਧਾਇਆ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਖੇਤੀਬਾੜੀ ਵਿੱਚ ਵੰਨ-ਸੁਵੰਨਤਾ ਲਿਆਉਣੀ ਅੱਜ ਸਮੇਂ ਦੀ ਲੋੜ ਹੈ । ਇਸ ਦੇ ਵਾਸਤੇ ਬੜਾ ਵੱਡਾ ਐਕਸਪੀਰੀਐਂਸ ਹੋਇਆ ਹੈ । ਸੌ ਕਰੋੜ ਰੁਪਿਆ ਬਾਗ਼ਬਾਨੀ ਦੇ ਵਾਸਤੇ ਰੱਖਿਆ ਗਿਆ ਹੈ । ਸਰਦਾਰ ਮਨਪ੍ਰੀਤ ਸਿੰਘ ਬਾਦਲ ਵਧਾਈ ਦੇ ਪਾਤਰ ਹਨ । ਜਿਸ ਦੇ ਨਾਲ ਅਸੀਂ ਕਣਕ ਅਤੇ ਝੋਨੇ ਦੇ ਚੱਕਰ ਤੋਂ ਰਾਹਤ ਪਾ ਸਕਾਂਗੇ । ਖੇਤੀਬਾੜੀ ਦੇ ਢਾਂਚੇ ਦੀ ਕਾਇਆ ਕਲਪ ਲਈ 25 ਕਰੋੜ ਰੁਪਏ ਰੱਖੇ ਗਏ ਹਨ, ਜਿਸ ਦੇ ਨਾਲ ਚੰਗੇ ਬੀਜ ਲਿਆ ਕੇ, ਚੰਗੇ ਬੀਜ ਪੈਦਾ ਕਰਕੇ, ਚੰਗੀ ਖੇਤੀ ਕਰਕੇ ਅਸੀਂ ਕਿਸਾਨਾਂ ਨੂੰ ਗਾਈਡ ਕਰ ਸਕਾਂਗੇ । ਉਸ ਦੇ ਵਾਸਤੇ ਨਵਾਂ ਰਾਹ ਬਣਾ ਸਕਾਂਗੇ ਅਤੇ ਸੌ ਕਰੋੜ ਰੁਪਿਆ ਲੁਧਿਆਣੇ ਦੀ ਯੂਨੀਵਰਸਿਟੀ ਵਾਸਤੇ ਦਿਵਾਇਆ । ਮੈਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿੱਥੇ ਇਨ੍ਹਾਂ ਚੀਜ਼ਾਂ ਦੀ ਲੋੜ ਹੈ, ਉਥੇ ਨਾਲ ਦੀ ਨਾਲ ਇਸ ਦੇ ਵਿੱਚ ਮਾਰਕੀਟਿੰਗ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ, ਕਿਉਂਕਿ ਭਾਰਤਵਰਸ਼ ਦੇ ਵਿੱਚ ਹਰ ਰੋਜ਼ ਤਕਰੀਬਨ 70 ਕਰੋੜ ਰੁਪਏ ਦੇ ਫ਼ਲ ਤੇ ਸਬਜ਼ੀਆਂ ਜਿਨ੍ਹਾਂ ਨੂੰ ਮਾਰਕੀਟਿੰਗ ਨਹੀਂ ਮਿਲਦੀ, ਉਹ ਖਰਾਬ ਹੋ ਜਾਂਦੇ ਹਨ । ਪਹਿਲਾਂ ਕਿਸੇ ਨੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ । ਤੁਹਾਡੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਬਜਟ ਵਿੱਚ ਮੈਂ ਪੜ੍ਹਿਆ ਸੀ ਕਿ ਅੰਮ੍ਰਿਤਸਰ ਏਅਰਪੋਰਟ ਬਾਰੇ ਲਿਖਿਆ ਹੋਇਆ ਸੀ । ਜਿਸ ਦੇ ਵਿੱਚ ਬੇਨਤੀ ਕੀਤੀ ਗਈ ਸੀ ਕਿ ਸਾਨੂੰ ਕਾਰਗੋ ਮਿਲੇ । ਜਿਸ ਦੇ ਥਰੂ ਕਿਸਾਨ ਆਪਣੀਆਂ ਫਸਲਾਂ ਨੂੰ ਸੰਭਾਲ ਸਕਣ ਪਰ ਮੈਨੂੰ ਤਾਂ ਪਹਿਲਾਂ ਇਸ ਦੇ ਵਿੱਚ ਊਣਤਾਈਆਂ ਨਜ਼ਰ ਆ ਰਹੀਆਂ ਸਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਤਕੀਂ ਇਸ ਦੀ ਮਾਰਕੀਟਿੰਗ ਵਾਸਤੇ ਸੌ ਕਰੋੜ ਰੁਪਿਆ ਰੱਖਿਆ ਗਿਆ ਹੈ । ਮੈਂ ਚਾਹੁੰਦਾ ਹਾਂ ਕਿ ਮਾਰਕੀਟਿੰਗ ਵਾਸਤੇ ਹੋਰ ਵਧੀਆ ਉਪਰਾਲੇ ਕਰਨੇ ਚਾਹੀਦੇ ਹਨ । ਬਾਰਡਰ ਤੋਂ ਚਾਹੇ ਸਾਡੀਆਂ ਚੀਜ਼ਾਂ ਅੰਦਰ ਆਉਣ ਜਾਂ ਬਾਰਡਰ ਤੋਂ ਬਾਹਰ ਜਾਣ, ਇਸ ਦੇ ਲਈ ਪੂਰੇ ਪ੍ਰਬੰਧ ਕੀਤੇ ਜਾਣ ਤਾਂ ਕਿ ਸਾਡਾ ਕਿਸਾਨ ਪੂਰਾ ਫਾਇਦਾ ਲੈ ਸਕਣ ।

ਸਿਹਤ ਤੇ ਡਾਕਟਰੀ ਸਿੱਖਿਆ ਦੇ ਲਈ ਤਕਰੀਬਨ 50 ਤੋਂ 70 ਕਰੋੜ ਰੁਪਏ ਦਾ ਵਾਧਾ ਕੀਤਾ ਹੈ । ਇਨ੍ਹਾਂ ਨੇ 40% ਦਾ ਵਾਧਾ ਕਰਕੇ ਬਹੁਤ ਵੱਡਾ ਉਪਰਾਲਾ ਕੀਤਾ ਹੈ । ਇਸ ਵੱਲ ਪਹਿਲਾਂ ਕਦੇ ਕਿਸੇ ਨੇ ਧਿਆਨ ਨਹੀਂ ਦਿੱਤਾ ਸੀ । ਹਾਅ ਦਾ ਨਾਅਰਾ ਤਾਂ ਬੜਾ ਮਾਰਦੇ ਸਨ, ਪਰ ਕਿਸੇ ਨੇ ਗਰਾਊਂਡ ਲੈਵਲ ਤੇ ਜਾ ਕੇ ਇਸ ਨੂੰ ਚੈੱਕ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਇਹ ਪਹਿਲੀ ਸਰਕਾਰ ਹੈ ਜਿਸ ਨੇ ਜੱਚਾ ਬੱਚਾ ਦੇ ਸਾਰੇ ਵੱਡੇ ਉਪਰਾਲੇ ਕਰਨ ਦੀ ਕੋਸ਼ਿਸ਼ ਕੀਤੀ ਹੈ । ਸਾਡੇ ਇੱਥੇ 1000 ਦੇ ਪਿੱਛੇ 178 ਜੱਚਾ ਦੀਆਂ ਮੌਤਾਂ ਹੋ ਜਾਂਦੀਆਂ ਹਨ । ਇਹ ਦਰ ਘਟਾ ਕੇ 59 ਤੱਕ

Original with;
Punjab Vidhan Sabha
Digitized by;
Panjab Digital Library

ਲਿਆਉਣ ਦੀ ਤਜਵੀਜ਼ ਹੈ । ਸਾਡੇ ਐਫ.ਐਮ. ਸਾਹਿਬ ਨੇ ਟਾਰਗੇਟ ਫਿਕਸ ਕੀਤਾ ਹੈ ਕਿ ਬਾਲ ਮ੍ਰਿਤੂ ਘਟਾ ਕੇ ਆਉਣ ਵਾਲੇ ਪੰਜ ਸਾਲਾਂ ਦੇ ਵਿੱਚ 1000 ਬੱਚਿਆਂ ਪਿੱਛੇ 22 ਤੇ ਲਿਆਉਣੀ ਹੈ । ਮੈਂ ਇਥੇ ਦੱਸਣਾ ਚਾਹਾਂਗਾ ਕਿ ਦੂਜੀਆਂ ਸਟੇਟਾਂ ਜਿਵੇਂ ਕਿ ਗੁਜਰਾਤ ਦੇ ਵਿੱਚ ਇਸ ਦੀ ਐਵਰੇਜ 5% ਹੈ । ਸਾਡੇ ਬਜਟ ਦੇ ਵਿੱਚ ਜੋ ਹੋਰ ਵੀ ਕਮੀਆਂ ਲਗਦੀਆਂ ਹਨ, ਮੇਰੀ ਬੇਨਤੀ ਹੈ ਕਿ ਸਾਰੇ ਵਿਧਾਨਕਾਰ ਉਹ ਵੀ ਦੇਖਣ । ਇਹ ਵੀ ਦੇਖਿਆ ਜਾਵੇ ਕਿ ਅਸੀਂ ਸੋਚ ਤੇ ਕਿੱਥੇ ਤੱਕ ਪਹਿਰਾ ਦਿੱਤਾ ਹੈ । ਸਾਡੇ ਇੱਥੇ ਕਿਸ ਨੇ ਸਾਨੂੰ ਸੰਭਾਲਿਆ ਹੈ । ਮੈਂ ਇਸ ਦੀਆਂ ਦੋ ਉਦਾਹਰਣਾਂ ਦੇਣੀਆਂ ਚਾਹੁੰਦਾ ਹਾਂ । ਪੰਜਾਬ ਦੇ ਵਿੱਚ ਪੋਲੀਓ ਦੀ ਬਿਮਾਰੀ ਨੂੰ ਖਤਮ ਕਰਨ ਵਾਸਤੇ ਬੜੀਆਂ ਡੀਪਲੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ । ਅੱਜ ਪੋਲੀਓ ਖਤਮ ਹੋਣ ਦੇ ਕਿਨਾਰੇ ਹੈ । ਇਸ ਦੇ ਖਾਤਮੇ ਲਈ ਬਹੁਤ ਵੱਡੇ ਉਪਰਾਲੇ ਕੀਤੇ ਗਏ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸੇ ਤਰ੍ਹਾਂ ਆਬਾਦੀ ਤੇ ਵੀ ਕੰਟਰੋਲ ਕੀਤਾ ਗਿਆ ਹੈ । ਇਹ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਸਨ । ਇਸੇ ਤਰ੍ਹਾਂ ਮੈਂ ਨਸ਼ਾ ਛੁਡਾਊ ਕੇਂਦਰਾਂ ਬਾਰੇ ਵੀ ਗੱਲ ਕਰਨੀ ਚਾਹੁੰਦਾ ਹਾਂ । ਅੱਜ ਨਸ਼ਾ ਛਡਾਉ ਕੇਂਦਰ ਸਾਡੇ ਇੱਥੇ ਸਥਾਪਿਤ ਕੀਤੇ ਗਏ ਹਨ । ਕੀ ਪਿਛਲੇ ਪੰਜ ਸਾਲਾਂ ਦੇ ਦੌਰਾਨ ਕਿਸੇ ਨੇ ਕਦੇ ਨਸ਼ਾ ਛੁਡਾਊ ਕੇਂਦਰਾਂ ਬਾਰੇ ਕੋਈ ਗੱਲ ਕੀਤੀ ? ਨਸ਼ਿਆਂ ਦੀ ਰੋਕਥਾਮ ਕਰਨ ਲਈ ਕੀ ਕੋਈ ਕਦਮ ਉਠਾਏ ? ਅੱਜ ਦੇਖੋ ਕਿ ਨਸ਼ੇ ਕਿੱਥੋਂ ਚੱਲ ਕੇ ਪਿੰਡ-ਪਿੰਡ ਪਹੁੰਚ ਗਏ ਹਨ । ਇਸ ਸਬੰਧੀ ਇਨਕੁਆਰੀ ਕਰਵਾਓ ਅਤੇ ਵਾਧੇ ਦੀ ਦਰ ਦੇਖੀ ਜਾਵੇ । ਆਪਣੀ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਸੀ । ਆਪਣੀ ਬਣਦੀ ਜ਼ਿੰਮੇਵਾਰੀ ਸਿਰ ਮੱਥੇ ਲੈਣੀ ਚਾਹੀਦੀ ਹੈ । ਜਿਹੜੇ ਨਸ਼ਿਆਂ ਦਾ ਪੰਜਾਬ ਦੇ ਵਿੱਚ ਨਾਂ ਵੀ ਪਤਾ ਨਹੀਂ ਸੀ, ਉਹ ਬਾਰਡਰ ਦੇ ਰਾਹੀਂ ਕਿੱਥੋਂ ਤੱਕ ਅੱਜ ਪਹੁੰਚ ਗਏ ਹਨ । ਇਸ ਪਾਸੇ ਵੱਲ ਥੋੜ੍ਹਾ ਪੈਸਾ ਰੱਖਿਆ ਗਿਆ ਹੈ । ਨਸ਼ਾਖੋਰੀ ਦੇ ਨਾਲ ਨਜਿੱਠਣ ਲਈ ਜਿੱਥੇ 3.34 ਕਰੋੜ ਰੁਪਏ ਰੱਖੇ ਹਨ, ਮੈਂ ਚਾਹੁੰਦਾ ਹਾਂ ਕਿ ਇਸ ਰਾਸ਼ੀ ਨੂੰ ਵਧਾ ਦਿੱਤਾ ਜਾਵੇ । ਜਿੱਥੇ ਸਾਡੇ ਪੰਜਾਬ ਦੀ ਜਵਾਨੀ ਦਾ ਕਤਲ ਟ੍ਰੈਫਿਕ ਦੇ ਨਾਲ ਹੋ ਰਿਹਾ ਹੈ, ਉਥੇ ਨਸ਼ਿਆਂ ਦੇ ਨਾਲ ਵੀ ਹੋ ਰਿਹਾ ਹੈ । ਜਿਨ੍ਹਾਂ ਨਸ਼ਿਆਂ ਦੇ ਪੰਜਾਬ ਨੂੰ ਨਾਂ ਵੀ ਨਹੀਂ ਆਉਂਦੇ ਸਨ ਉਹ ਹੁਣ ਕਿੱਥੇ ਪਹੁੰਚ ਚੁੱਕੇ ਹਨ ਅਤੇ ਅੱਜ ਤੱਕ ਕਿਸੇ ਨੇ ਕੁਝ ਨਹੀਂ ਕੀਤਾ ਪਰ ਇਨ੍ਹਾਂ ਨੇ ਥੋੜ੍ਹੇ ਫੰਡ ਰੱਖੇ ਹਨ ਅਤੇ ਮੈਂ ਇਹ ਫੰਡ ਪੂਰੇ ਨਹੀਂ ਸਮਝਦਾ, ਮੈਂ ਬੇਨਤੀ ਕਰਦਾ ਹਾਂ ਕਿ 3.34 ਕਰੋੜ ਰੁਪਿਆ ਜਿਹੜਾ ਨਸ਼ੇ ਛੁਡਾਊ ਕੇਂਦਰਾਂ ਵਾਸਤੇ ਰੱਖਿਆ ਹੈ ਇਸ ਨੂੰ ਵਧਾਉਣਾ ਚਾਹੀਦਾ ਹੈ ਕਿਉਂਕਿ ਸਾਡੀ ਜਵਾਨੀ ਦਾ ਖਾਤਮਾ ਜਿੱਥੇ ਟਰੈਫਿਕ ਨਾਲ ਹੋ ਰਿਹਾ ਹੈ ਉਥੇ ਨਸ਼ੇ ਨਾਲ ਵੀ ਹੋ ਰਿਹਾ ਹੈ । ਇਹ ਨਸ਼ਾ ਅੱਜ ਚੋਰੀ ਅਤੇ ਬਰਬਾਦੀ ਦਾ ਕਾਰਨ ਬਣਿਆ ਹੋਇਆ ਹੈ । ਜਿੱਥੇ ਇਸ ਵਾਸਤੇ ਪੈਸੇ ਰੱਖੇ ਹਨ ਉਸ ਦੇ ਨਾਲ ਨਾਲ ਸਖਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਵੀ ਕੀਤੀ ਜਾਵੇ ਅਤੇ ਨਸ਼ਾ ਬੰਦ ਕਰਵਾਇਆ ਜਾਵੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਬਹੁਤ ਬੁਰੇ ਹਾਲਾਤ ਹੋਣਗੇ ।

ਤੀਸਰੀ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇਕਰ ਸਾਡੇ ਮੈਡੀਕਲ ਅਤੇ ਡੈਂਟਲ ਕਾਲਜ ਚੰਗੇ ਹੋਣਗੇ ਤਾਂ ਆਉਣ ਵਾਲੇ ਸਮੇਂ ਵਿੱਚ ਚੰਗੀ ਐਜੂਕੇਸ਼ਨ ਮਿਲ ਸਕੇਗੀ ਇਸ ਵਾਸਤੇ ਵੀ ਥੋੜ੍ਹੇ ਜ਼ਿਆਦਾ ਫੰਡਾਂ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਮੈਂ ਦੇਖਿਆ ਹੈ ਕਿ ਉਪਰ ਉਪਰ ਕਾਂਗਰਸ ਸਰਕਾਰ ਉਡਦੀ ਰਹੀ ਅਤੇ ਇਨ੍ਹਾਂ ਨੇ ਗਰਾਊਂਡ ਲੈਵਲ ਤੇ ਕਦੇ ਵੀ ਝਾਤੀ ਨਹੀਂ ਮਾਰੀ । ਮੈਂ ਇਸ ਗੱਲ ਦੀ ਨਿਖੇਧੀ ਕਰਦਾ ਹਾਂ ਕਿ ਜਿਹੜੀਆਂ ਮੈਂ 5 ਚੀਜ਼ਾਂ ਬੋਲੀਆਂ ਹਨ ਇਨ੍ਹਾਂ ਦਾ ਪਹਿਲਾਂ ਕਿਸੇ ਨੇ ਬਿਆਨ ਨਹੀਂ ਕੀਤਾ ਪਰ ਸਾਡੀ ਪਾਰਟੀ ਨੇ ਸਪੀਕਰ ਸਾਹਿਬ, ਪਹਿਲੇ ਹੀ ਬਜਟ ਵਿੱਚ ਇਨ੍ਹਾਂ ਚੀਜ਼ਾਂ ਨੂੰ ਲਿਆ ਕੇ ਉਜਾਗਰ ਕੀਤਾ ਹੈ ਅਤੇ ਇਨ੍ਹਾਂ ਦੀ ਆਉਣ ਵਾਲੇ ਸਮੇਂ ਵਿੱਚ ਧਿਆਨ ਰੱਖਣ ਦੀ ਜ਼ਰੂਰਤ ਹੈ ।

**ਮਾਨਯੋਗ ਸਪੀਕਰ** : ਸਿਰਫ ਦੋ ਮਿੰਟ ਹੋਰ ਹਨ ਅਤੇ ਉਸ ਤੋਂ ਬਾਅਦ ਐਫ.ਐਮ. ਸਾਹਿਬ ਨੇ ਬੋਲਣਾ ਹੈ, ਸਿਰਫ 2 ਮਿੰਟ ਹੋਰ ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ ਮੈਨੂੰ ਵੀ 5 ਮਿੰਟ ਦੇ ਦਿਉ ਜੀ ।

**ਮਾਨਯੋਗ ਸਪੀਕਰ** : ਸਮਾਪਤ ਹੋਣਾ ਹੈ, ਟਾਈਮ ਲਿਮਿਟ ਹੈ । ਐਫ.ਐਮ. ਜੀ ਦਾ ਬੋਲਣਾ ਬਹੁਤ ਜ਼ਰੂਰੀ ਹੈ ।

**ਸਰਦਾਰ ਸਰਬਜੀਤ ਸਿੰਘ ਮੱਕੜ** : ਮੈਨੂੰ 10 ਮਿੰਟ ਹੋਰ ਦਿਉ ਜੀ । ਮੈਂ ਬੜੇ ਦਿਨਾਂ ਦਾ ਤਿਆਰ ਬੈਠਾ ਹਾਂ । ਬਾਬਾ ਫਰੀਦ ਸਿਹਤ ਵਿਗਿਆਨ ਯੂਨੀਵਰਸਿਟੀ ਵਾਸਤੇ 8 ਕਰੋੜ ਰੁਪਿਆ ਦਿੱਤਾ ਹੈ ਮੈਂ ਇਸ ਗੱਲ ਦੀ ਸ਼ਲਾਘਾ ਕਰਦਾ ਹਾਂ ਅਤੇ ਨਾਲ ਹੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਵੱਡੇ ਸ਼ਹਿਰਾਂ ਵਿੱਚ ਜਿੱਥੇ ਨਗਰ ਨਿਗਮ ਹਨ ਉੱਥੇ ਵੱਡੇ ਹਸਪਤਾਲਾਂ ਵਾਸਤੇ ਕਾਫੀ ਜ਼ਿਆਦਾ ਪੈਸੇ ਰੱਖੇ ਹਨ । 11 ਕਰੋੜ 37 ਲੱਖ ਰੁਪਏ ਰੱਖੇ ਹਨ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਤਹਿਸੀਲ ਲੈਵਲ ਤੇ ਅਤੇ ਪਿੰਡ ਲੈਵਲ ਤੇ ਵੀ ਇਹ ਪੈਸਾ ਜ਼ਿਆਦਾ ਰੱਖ ਕੇ ਹਸਪਤਾਲਾਂ ਦਾ ਨਿਰਮਾਣ ਕਰਵਾਇਆ ਜਾਵੇ ਕਿਉਂਕਿ ਲੋਕਾਂ ਨੂੰ ਬਹੁਤ ਦੂਰ ਤੋਂ ਆ ਕੇ ਇਲਾਜ ਲੈਣਾ ਪੈਂਦਾ ਹੈ ਅਤੇ ਐਮਰਜੈਂਸੀ ਵੇਲੇ ਉਨ੍ਹਾਂ ਨੂੰ ਇਲਾਜ ਨਹੀਂ ਮਿਲਦਾ । ਦੂਸਰੀ ਬੇਨਤੀ ਮੈਂ ਇਹ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਆਉਣ ਵਾਲੇ ਸਮੇਂ ਵਿੱਚ ਤੁਸੀਂ ਆਦਰਸ਼ ਸਕੂਲ ਖੋਲ੍ਹਣ ਵਾਸਤੇ ਪ੍ਰੋਗਰਾਮ ਬਣਾਇਆ ਹੈ ਇਹ ਬੜਾ ਸ਼ਲਾਘਾਯੋਗ ਹੈ । ਪਿਛਲੀ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਤਾਂ ਕਿਸੇ ਵੀ ਸਕੂਲ ਵਿੱਚ ਟੀਚਰ ਪੂਰੇ ਨਹੀਂ ਕੀਤੇ, ਕਿਸੇ ਬਿਲਡਿੰਗ ਵੱਲ ਧਿਆਨ ਨਹੀਂ ਕੀਤਾ, ਕਿਸੇ ਸਟਰੱਕਚਰ ਵੱਲ ਧਿਆਨ ਨਹੀਂ ਕੀਤਾ ਜਿਸ ਨਾਲ ਐਜੂਕੇਸ਼ਨ ਵਿੱਚ ਬਹੁਤ ਵੱਡਾ ਫਰਕ ਆਇਆ ਹੈ । ਇਸ ਕਰਕੇ ਐਜੂਕੇਸ਼ਨ ਲਾਈਨ ਵਿੱਚੋਂ ਲੋਕਾਂ ਦਾ ਵਿਸ਼ਵਾਸ ਉਠ ਗਿਆ ਅਤੇ ਲੋਕ ਸੋਚਦੇ ਹਨ ਕਿ ਸਰਕਾਰੀ ਸਕੂਲਾਂ ਵਿੱਚ ਬੱਚੇ ਪਾਈਏ ਜਾਂ ਨਾ ਪਾਈਏ । ਇਹ ਜਿਹੜੇ ਤੁਸੀਂ ਆਦਰਸ਼ ਸਕੂਲ ਦਿੱਤੇ ਹਨ ਮੈਂ ਇਨ੍ਹਾਂ ਦੀ ਸ਼ਲਾਘਾ ਕਰਦਾ ਹਾਂ ਅਤੇ ਇਸ ਵਾਸਤੇ ਕਾਫੀ ਫੰਡ ਦਿੱਤੇ ਹਨ । ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫੂਡ ਪ੍ਰੋਸੈਸਿੰਗ ਵਾਸਤੇ ਜਿਹੜਾ ਤੁਸੀਂ ਪੰਜ ਕਰੋੜ ਰੁਪਿਆ ਰੱਖਿਆ ਹੈ ਇਸ ਦੀ ਬਹੁਤ ਵੱਡੀ ਲੋੜ ਹੈ, ਇਸ ਵਿੱਚ ਵੀ ਪੈਸੇ ਵਧਾਏ ਜਾਣੇ ਚਾਹੀਦੇ ਹਨ ਕਿਉਂਜੋ ਪ੍ਰੋਸੈਸਿੰਗ ਦੇ ਕਾਮਯਾਬ ਹੋਣ ਨਾਲ ਸਾਨੂੰ ਇਸ ਦੀਆਂ ਬਹੁਤ ਸਹੂਲਤਾਂ ਮਿਲ ਸਕਦੀਆਂ ਹਨ ।

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ 1154 ਕਰੋੜ ਤੋਂ 1330 ਕਰੋੜ ਕਰਕੇ ਤੁਸੀਂ 26% ਦਾ ਵਾਧਾ ਕੀਤਾ ਹੈ । ਇਕ ਸ਼ਗਨ ਸਕੀਮ 15000/- ਰੁਪਏ ਜਿਹੜੀ ਤੁਸੀਂ ਬੇਟੀਆਂ ਦੀ ਸ਼ਾਦੀ ਤੇ ਇਨ ਟਾਈਮ ਦਿੱਤੀ ਹੈ ਇਹ ਬੜਾ ਸ਼ਲਾਘਾਯੋਗ ਕਦਮ ਹੈ ਕਿਉਂਕਿ ਇਸ ਦੀ ਪਿਛਲੀ ਸਰਕਾਰ ਵੇਲੇ ਬਹੁਤ ਜ਼ਿਆਦਾ ਨਿਖੇਧੀ ਹੋ ਰਹੀ ਸੀ ਕਿ ਲੋਕਾਂ ਨੂੰ ਇਸ ਸਹੂਲਤ ਤੋਂ ਵਾਂਝਿਆ ਰੱਖਿਆ ਗਿਆ ਸੀ । ਇਸ ਗੱਲ ਵਾਸਤੇ ਵੀ ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ । ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੇਘਰਾਂ ਲਈ ਘਰਾਂ ਵਾਸਤੇ ਜਿਹੜਾ 10 ਕਰੋੜ ਰੁਪਿਆ ਰੱਖਿਆ ਹੈ ਇਸ ਦੀ ਰਕਮ ਵੀ ਥੋੜ੍ਹੀ ਜਿਹੀ ਵਧਾਈ ਜਾਵੇ । ਹਾਜ਼ਰੀ ਵਜ਼ੀਫਾ ਜਿਹੜਾ ਇਨ੍ਹਾਂ ਨੇ ਬੱਚੀਆਂ ਵਾਸਤੇ, ਬੇਟੀਆਂ ਵਾਸਤੇ ਰੱਖਿਆ ਹੈ, ਉਹ ਸ਼ਲਾਘਾਯੋਗ ਹੈ ਕਿਉਂਕਿ ਪਹਿਲਾਂ/ਕਿਸੇ ਨੂੰ ਵਜ਼ੀਫੇ ਨਹੀਂ ਮਿਲਦੇ ਸਨ । ਇਸ ਨਾਲ ਬੱਚਿਆਂ ਦੀ ਗਿਣਤੀ ਵਧੇਗੀ, ਆਉਣ ਵਾਲੇ ਸਮੇਂ ਦੇ ਵਿੱਚ ਫਾਇਦੇ ਮਿਲ ਸਕਣਗੇ। ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਨਹਿਰਾਂ ਵਾਸਤੇ ਪ੍ਰੋਗਰਾਮ ਬਣਾਏ ਹਨ, ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਇਹ ਨਹਿਰਾਂ ਤਬਾਹ ਹੋ ਕੇ ਰਹਿ ਗਈਆਂ ਸਨ, ਨਾ ਹੀ ਪਾਣੀ ਮਿਲਿਆ, ਨਾ ਸਫਾਈ ਹੋਈ, ਨਾ ਹੀ ਫੈਂਸਾਂ ਬਣੀਆਂ, ਨਾ ਇਨ੍ਹਾਂ ਨੂੰ ਕਿਸੇ ਨੇ ਰਿਪੇਅਰ ਕੀਤਾ ਅਤੇ ਹੁਣ ਇਨ੍ਹਾਂ ਦੇ ਨਾਲ ਜਿਹੜਾ ਡੂੰਘੇ ਟਿਊਬਵੈੱਲ ਵੀ ਲਾਉਣ ਦਾ ਉਪਰਾਲਾ ਕੀਤਾ ਹੈ, ਉਸ ਦੀ ਮੈਂ ਸ਼ਲਾਘਾ ਕਰਦਾ ਹਾਂ......................

**ਮਾਨਯੋਗ ਸਪੀਕਰ** : ਸਮਾਪਤੀ ਕਰੋ ਮੱਕੜ ਜੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸਰਬਜੀਤ ਸਿੰਘ ਮੱਕੜ** : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਵਾਟਰ ਰਿਚਾਰਜ ਸਿਸਟਮ ਵਾਸਤੇ ਵੀ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਲਾਸਟ ਵਿੱਚ ਸਮਾਪਤੀ ਕਰਦਾ ਹੋਇਆ ਕੁਝ ਸੁਜੈਸ਼ਨ ਦੇਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਮੈਂ ਦੋ ਕੁ ਮਿੰਟ ਹੀ ਹੋਰ ਲੈਣੇ ਹਨ...............

**ਮਾਨਯੋਗ ਸਪੀਕਰ** : ਨਹੀਂ ਜੀ, ਹੋਰ ਦੋ ਮਿੰਟ ਨਹੀਂ ਮਿਲਣੇ । ਤੁਸੀਂ ਹੁਣ ਖਤਮ ਕਰੋ ।

**ਸਰਦਾਰ ਸਰਬਜੀਤ ਸਿੰਘ ਮੱਕੜ** : ਰੂਰਲ ਡਿਸਪੈਂਸਰੀਆਂ ਜਿਹੜੀਆਂ ਹਨ, ਜਿਹੜੇ ਰੂਰਲ ਹਸਪਤਾਲ ਹਨ, ਉਨ੍ਹਾਂ ਦੇ ਖਰਚੇ ਵਾਸਤੇ ਹੋਰ ਪੈਸਾ ਰੱਖਿਆ ਜਾਵੇ ਅਤੇ ਜਿਹੜਾ ਇੰਸਪੈਕਟਰੀ ਰਾਜ ਪਿਛਲੀ ਕਾਂਗਰਸੀ ਸਰਕਾਰ ਨੇ ਸ਼ੁਰੂ ਕੀਤਾ ਸੀ, ਉਹ ਘਟਾਇਆ ਜਾਵੇ । ਅਜਿਹਾ ਕਰਨ ਨਾਲ ਕੁਰੱਪਸ਼ਨ ਵੀ ਘਟੇਗੀ । ਧੰਨਵਾਦ ।

**ਮਾਨਯੋਗ ਸਪੀਕਰ** : ਹੁਣ ਐਫ.ਐਮ. ਜੀ ਬੋਲਣਗੇ ।

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਜਤਿੰਦਰ ਸਿੰਘ ਕਰੀਹਾ ਬੋਲਣ ਲਈ ਖੜ੍ਹੇ ਸਨ ।)

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਸਪੀਕਰ ਸਾਹਿਬ, ਕਰੀਹਾ ਸਾਹਿਬ ਨੂੰ ਪੰਜ ਮਿੰਟ ਦੇ ਦਿਓ, ਮੈਂ ਪੰਜ ਮਿੰਟ ਘੱਟ ਬੋਲ ਲਵਾਂਗਾ ।

**ਮਾਨਯੋਗ ਸਪੀਕਰ** : ਮੈਂ ਟਾਈਮ ਤੁਹਾਨੂੰ ਦਿੱਤਾ ਹੈ । ਕਰੀਹਾ ਸਾਹਿਬ ਨੂੰ ਨਹੀਂ । ਕਰੀਹਾ ਸਾਹਿਬ, ਬੈਠੋ । ਹਾਂ ਜੀ, ਐਫ.ਐਮ. ਸਾਹਿਬ ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** (ਸਰਦਾਰ ਮਨਪ੍ਰੀਤ ਸਿੰਘ ਬਾਦਲ) : (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੁਅੱਜਜ਼ ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਬਜਟ ਦੀ ਬਹਿਸ ਕਨਕਲੂਡ ਕਰਨ ਦਾ ਸਮਾਂ ਦਿੱਤਾ ਹੈ । ਸਪੀਕਰ ਸਾਹਿਬ, 20 ਜੂਨ ਨੂੰ ਪੰਜਾਬ ਸਰਕਾਰ ਦਾ ਜਿਹੜਾ ਬਜਟ ਮੈਂ ਇਸ ਸਦਨ ਵਿੱਚ ਪੇਸ਼ ਕੀਤਾ ਸੀ, ਉਸ ਬਜਟ ਤੇ ਪਿਛਲੇ 3 ਦਿਨਾਂ ਤੋਂ ਬੜੀ ਆਲਾ ਪੈਮਾਨੇ ਦੀ ਅਤੇ ਬੜੇ ਵਧੀਆ ਢੰਗ ਨਾਲ ਬਹਿਸ ਚੱਲ ਰਹੀ ਸੀ ਅਤੇ ਮੈਂ ਵਧਾਈ ਵੀ ਦੇਣੀ ਚਾਹੁੰਦਾ ਹਾਂ ਹਾਊਸ ਦੇ ਦੋਨਾਂ ਤਰਫ ਦੇ ਮੈਂਬਰਾਨ ਨੂੰ ਜਿਨ੍ਹਾਂ ਨੇ ਇਸ ਬਜਟ ਦੇ ਹਰ ਪਹਿਲੂ ਤੇ ਰੋਸ਼ਨੀ ਪਾਈ ਹੈ । ਕੁਝ ਮੇਰੇ ਦੋਸਤ ਹਨ ਜਿਨ੍ਹਾਂ ਨੇ ਇਸ ਬਜਟ ਦੀ ਬਹੁਤ ਤਾਰੀਫ ਕੀਤੀ ਹੈ ਅਤੇ ਇਸ ਨੂੰ ਸਰਾਹਿਆ ਹੈ । ਉਨ੍ਹਾਂ ਦੇ ਜਜ਼ਬਾਤ ਲਈ ਮੈਂ ਖਾਸ ਤੌਰ ਤੇ ਮੁਮਕੀਨ ਅਤੇ ਮਸ਼ਕੂਰ ਹਾਂ ਜਿਨ੍ਹਾਂ ਨੇ ਮੇਰੀ ਜ਼ਾਤ ਲਈ ਫੁਰਮਾਏ । ਮੈਂ ਆਪਣੇ ਦੋਸਤਾਂ ਨੂੰ, ਹਾਊਸ ਦੇ ਮੈਂਬਰ ਸਾਹਿਬਾਨ ਨੂੰ ਅਤੇ ਅਹਿਲੇ-ਪੰਜਾਬ ਨੂੰ ਯਕੀਨ

Original with;
Punjab Vidhan Sabha
Digitized by;
Panjab Digital Library

ਦਿਵਾਉਂਦਾ ਹਾਂ ਕਿ ਮੈਂ ਪੰਜਾਬ ਸਰਕਾਰ ਅਤੇ ਪੰਜਾਬ ਦੀ ਜਨਤਾ ਦੇ ਤਵੱਕੋਆਤ ਤੇ ਪੂਰਾ ਉਤਰਾਂਗਾ । (ਥੰਪਿੰਗ) ਇਸ ਹਾਊਸ ਦੇ ਬਹੁਤ ਸਾਰੇ ਮੈਂਬਰਾਨ ਐਸੇ ਵੀ ਹਨ ਜਿਨ੍ਹਾਂ ਨੇ ਬੋਲਦੇ ਹੋਏ ਬੜੇ ਤਾਮੀਰੀ ਸੁਝਾਓ ਵੀ ਦਿੱਤੇ ਹਨ । ਮੈਂ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਅਤੇ ਇਹ ਯਕੀਨ ਵੀ ਦਿਵਾਉਂਦਾ ਹਾਂ ਕਿ ਮੁਖਤਲਿਫ਼ ਇਲਾਕਿਆਂ ਦੀਆਂ ਜੋ ਵੀ ਗੱਲਾਂ ਉਨ੍ਹਾਂ ਨੇ ਸਰਕਾਰ ਦੀ ਤਵੱਜੋਂ ਵਿੱਚ ਲਿਆਂਦੀਆਂ ਹਨ, ਉਨ੍ਹਾਂ ਗੱਲਾਂ ਤੇ ਸੰਜੀਦਗੀ ਨਾਲ ਗੌਰ ਹੋਵੇਗਾ । ਇਹ ਮੇਰੀ ਹਰ ਮੁਮਕਿਨ ਕੋਸ਼ਿਸ਼ ਹੋਵੇਗੀ । (ਥੰਪਿੰਗ) ਇਸ ਤੋਂ ਇਲਾਵਾ ਕੁਝ ਨੁਕਤਾਚੀਨੀ ਵੀ ਹੋਈ ਹੈ । ਮੈਂ ਇਸ ਨੁਕਤਾਚੀਨੀ ਦੀ ਕਦਰ ਕਰਦਾ ਹਾਂ । ਜਮਹੂਰੀ ਢਾਂਚੇ ਵਿੱਚ ਆਪੋਜੀਸ਼ਨ ਅਤੇ ਰੂਲਿੰਗ ਪਾਰਟੀ ਇਕੋ ਗੱਡੀ ਦੇ ਦੋ ਪਹੀਏ ਹੁੰਦੇ ਹਨ । ਇਸ ਕਰਕੇ ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੋ ਵੀ ਨੁਕਤਾਚੀਨੀ ਹੋਈ ਹੈ ਜਾਂ ਸਰਕਾਰ ਤੇ ਇਤਰਾਜ਼ ਕੀਤਾ ਗਿਆ ਹੈ, ਉਸ ਤੇ ਜ਼ਰੂਰ ਗੌਰ ਹੋਵੇਗਾ । ਸਾਡੀ ਕੋਸ਼ਿਸ਼ ਹੋਵੇਗੀ ਕਿ ਜਿਥੋਂ ਤੱਕ ਹੋ ਸਕੇ, ਦਿੱਤੇ ਗਏ ਸੁਝਾਵਾਂ ਤੇ ਅਸੀਂ ਅਮਲ ਕਰੀਏ ਅਤੇ ਸਰਕਾਰ ਦੀ ਜਿਹੜੀ ਵਰਕਿੰਗ ਹੈ, ਉਸ ਦੇ ਵਾਸਤੇ ਸੁਧਾਰ ਲੈ ਕੇ ਆਈਏ । ਤਨਕੀਬ ਜੇਕਰ ਬਰਾਏ-ਤਾਮੀਦ ਹੋਵੇਗੀ ਤਾਂ ਵਧੀਆ ਹੋਵੇਗਾ ਲੇਕਿਨ ਜੇ ਇਹ ਤਨਕੀਬ-ਬਰਾਏ ਤਨਕੀਦ ਹੋਵੇਗੀ ਤਾਂ ਮੈਂ ਸਮਝਦਾ ਹਾਂ ਕਿ ਉਸ ਦਾ ਕੋਈ ਫਾਇਦਾ ਨਹੀਂ ਹੋਵੇਗਾ । ਮੈਂ ਲੀਡਰ ਆਫ ਦਿ ਆਪੋਜੀਸ਼ਨ ਤੋਂ ਮੁਆਫੀ ਮੰਗਦਾ ਹਾਂ ਕਿ ਮੈਂ ਉਨ੍ਹਾਂ ਦੀਆਂ ਐਕਸਪੈਕਟੇਸ਼ਨਜ਼, ਉਨ੍ਹਾਂ ਦੀਆਂ ਉਮੀਦਾਂ ਤੇ ਪੂਰਾ ਨਹੀਂ ਉਤਰ ਸਕਿਆ। ਇਥੇ ਮੇਰੇ ਕਈ ਸਾਥੀਆਂ ਨੇ ਬੋਲਦੇ ਹੋਏ ਕਿਹਾ, ਮੇਰੀ ਆਪਣੀ ਵੀ ਇਹੀ ਸੋਚ ਹੈ ਅਤੇ ਪੰਜਾਬ ਦੇ ਲੋਕਾਂ ਦੀ ਵੀ ਇਹ ਆਮ ਸਮਝ ਹੈ ਕਿ ਕੋਈ ਵੀ ਇਨਸਾਨ ਇਹ ਪੁਜ਼ੀਸ਼ਨ ਨਹੀਂ ਲੈ ਸਕਦਾ ਕਿ ਜਿਹੜੀ ਤਰੱਕੀ ਹੈ, ਉਹ ਵਾਹਿਦ ਟਰੇਜ਼ਰੀ ਬੈਂਚਾਂ ਦੀ ਹੀ ਜ਼ਿੰਮੇਵਾਰੀ ਹੈ । ਇਸ ਦੇ ਵਿੱਚ ਆਪੋਜੀਸ਼ਨ ਵੀ ਉਨਾ ਹੀ ਰੋਲ ਅਦਾ ਕਰ ਸਕਦੀ ਹੈ ਜਿੰਨਾ ਕਿ ਰੂਲਿੰਗ ਪਾਰਟੀ ਅਦਾ ਕਰ ਸਕਦੀ ਹੈ । (ਥੰਪਿੰਗ) ਜ਼ੇਰੇ-ਬਹਿਸ ਬਹੁਤ ਸਾਰੇ ਮੈਂਬਰਾਂ ਨੇ ਸਵਾਲਾਤ ਉਠਾਏ ਹਨ । ਹੋ ਸਕਦਾ ਹੈ ਕਿ ਕੰਮ ਦੇ ਪੇਸ਼ੇ-ਨਜ਼ਰ ਇਹ ਮੁਮਕਿਨ ਨਾ ਹੋਵੇ ਕਿ ਹਰ ਸਵਾਲ ਦਾ ਜਵਾਬ ਮੈਂ ਖੜ੍ਹਾ ਹੋ ਕੇ ਸਦਨ ਵਿੱਚ ਦੇ ਸਕਾਂ । ਪਰ ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਇਕ ਵਾਰ ਫਿਰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਜੋ ਵੀ ਸਵਾਲਾਤ ਇਨ੍ਹਾਂ ਨੇ ਉਠਾਏ ਹਨ, ਇਸ ਨੂੰ ਇਹ ਨਾ ਸਮਝਣ ਕਿ ਕਿਸੇ ਖਾਸ ਨੀਅਤ ਨਾਲ ਇਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ । ਹਰ ਸਵਾਲ ਤੇ ਸੰਜੀਦਗੀ ਦੇ ਨਾਲ ਕਾਰਵਾਈ ਹੋਏਗੀ । ਆਪਾਂ ਇਨ੍ਹਾਂ ਸਭ ਲਈ ਕਾਰਵਾਈ ਕਰਾਂਗੇ । (ਟਰੇਜ਼ਰੀ ਬੈਂਚਾਂ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਪੰਜਾਬ ਦੀ ਇਕਾਨਮੀ ਦੇ ਬਾਰੇ ਜੋ ਬਜਟ ਛਪਿਆ ਸੀ ਇਹਦੇ ਵਿੱਚ ਵੀ ਮੈਂ ਜੋ ਹਾਲਾਤ ਹਨ ਜਾਂ ਜੋ ਅਰਥਚਾਰਾ ਹੈ, ਮੈਂ ਇਸ ਦਾ ਜ਼ਿਕਰ ਕਰ ਚੁੱਕਾ ਹਾਂ । ਸਪੀਕਰ ਸਾਹਿਬ, ਫਿਕਰ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਕੇਵਲ ਇਕਾਨਮੀ ਦਾ ਹੀ ਨਹੀਂ, ਇਹ ਜਿਹੜੀ ਇਕਾਨਮੀ ਹੈ it is co-related to my culture, to my pride, to my self-confidence and to my self-esteem ਤੇ ਜੇਕਰ ਪੰਜਾਬ ਦਾ ਜਿਹੜਾ ਅਰਥਚਾਰਾ ਹੈ ਇਸ ਵਿੱਚ ਨਿਘਾਰ ਆਉਂਦਾ ਹੈ, ਤਾਂ ਸਮਝੋ ਕਿ ਮੇਰੇ ਕਲਚਰ ਵਿੱਚ ਵੀ ਨਿਘਾਰ ਆਉਂਦਾ ਹੈ । ਪੰਜਾਬ ਵਿੱਚ ਵੀ ਇਕ ਗਿਰਾਵਟ ਆਉਂਦੀ ਹੈ । ਸਾਡਾ ਜਿਹੜਾ ਸੈਲਫ ਕੰਨਫੀਡੈਂਸ ਹੈ ਪੰਜਾਬ ਦਾ, ਹਿੰਦੁਸਤਾਨ ਦੇ ਵਿੱਚ ਉਸਨੂੰ ਝਟਕਾ ਲਗਦਾ ਹੈ । ਇਸ ਕਰਕੇ, ਸਪੀਕਰ ਸਾਹਿਬ, ਜਦੋਂ ਵੀ ਮੈਂ ਵਿਧਾਨ ਸਭਾ ਵਿੱਚ ਬੋਲਿਆ ਹਾਂ, ਮੈਂ ਚੌਥੀ ਮਰਤਬਾ ਇਸ ਸਦਨ ਵਿੱਚ ਹਾਜ਼ਰ ਹੋਇਆ ਹਾਂ, ਮੈਂ ਹਮੇਸ਼ਾ ਇਹ ਗੱਲ ਕਹੀ ਹੈ ਕਿ ਪੰਜਾਬ ਦੇ ਜਿਹੜੇ ਵਿਧਾਨਕਾਰ ਹਨ, ਪੰਜਾਬ ਦੀਆਂ ਜਿਹੜੀਆਂ ਸਿਆਸੀ ਪਾਰਟੀਆਂ ਹਨ, ਕਿਸੇ ਨਾ ਕਿਸੇ ਤਰ੍ਹਾਂ ਕਾਮਨ ਇਕਨਾਮਿਕ ਪਲੇਟਫਾਰਮ, ਕਾਮਨ ਮਿਨੀਮਮ ਪ੍ਰੋਗਰਾਮ, ਏਜੰਡਾ ਤੇ ਇਨ੍ਹਾਂ ਦੋਨਾਂ ਪਾਰਟੀਆਂ ਨੂੰ ਖੜ੍ਹਨਾ ਜ਼ਰੂਰੀ ਹੈ । ਪੰਜਾਬ ਦੀ ਤਕਦੀਰ ਬਦਲਣ ਵਾਸਤੇ ਬਹੁਤ ਜ਼ਰੂਰੀ ਹੈ ਤੇ ਇਹ ਮੈਂ ਇਨ੍ਹਾਂ ਨੂੰ ਵੀ ਅਰਜ਼ ਕਰਾਂਗਾ ਕਿ ਜਿੱਥੋਂ ਤੱਕ ਪੰਜਾਬ ਦੀ ਇਕਾਨਮੀ ਜਾਂ ਜਿਹੜਾ ਬਜਟ ਹੈ ਜਿਸ ਦੀ ਆਪਾਂ ਅੱਜ ਚਰਚਾ ਕਰ ਰਹੇ ਹਾਂ, ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਇਸ ਨੂੰ ਪੰਜਾਬ ਦੇ ਸਿਆਸੀ ਅਖਾੜੇ ਵਿੱਚੋਂ, ਪੰਜਾਬ ਦੀ ਇਕਾਨਮੀ ਨੂੰ ਕੱਢ ਦਿੱਤਾ ਜਾਵੇ । ਸਾਡੇ ਕੋਲ ਬਹੁਤ ਵੱਡਾ ਅਖਾੜਾ ਹੈ ਗੱਲਾਂ ਕਰਨ ਵਾਸਤੇ ਅਤੇ ਲੜਣ ਵਾਸਤੇ ਆਪਣੇ ਕੋਲ ਹੋਰ ਬਹੁਤ ਤਰੀਕੇ ਹਨ । ਜਿਥੋਂ ਤੱਕ ਇਕਾਨਮੀ ਦਾ ਸਵਾਲ ਹੈ, ਸਪੀਕਰ ਸਾਹਿਬ, ਇਸ ਤੋਂ ਬਾਹਰ ਨਿਕਲਣਾ ਬਹੁਤ ਜ਼ਰੂਰੀ ਹੈ ਕਿਉਂਕਿ we do not have the luxury . ਅਸੀਂ ਆਪਣੀ ਇਕਾਨਮੀ ਦੇ ਮੁਤਾਲਿਕ ਯਕ ਜ਼ਬਾਨ ਜਾਂ ਯਕ ਰਾਏ ਨਾ ਹੋਈਏ । ਸਪੀਕਰ ਸਾਹਿਬ, ਜਦੋਂ ਅਮਰੀਕਾ ਦੀ ਸਿਵਲ ਵਾਰ ਹੋਈ ਉਸ ਤੋਂ ਬਾਅਦ ਇਕ ਸੰਸਥਾ ਪੈਦਾ ਹੋਈ ਜਿਸ ਦਾ ਨਾਂ ਸੀ 'ਕੂ ਕਲੈਕਸ ਕ੍ਰੈਮ' । ਉਨ੍ਹਾਂ ਦਾ ਇਕ ਹੀ ਮੁੱਦਾ ਹੁੰਦਾ ਸੀ ਕਿ ਕਿਉਂਕਿ ਰਾਸ਼ਟਰਪਤੀ ਇਬਰਾਹਿਮ ਲਿੰਕਨ ਨੇ ਗੋਰਿਆਂ ਅਤੇ ਕਾਲਿਆਂ ਨੂੰ ਹਕੂਕ ਦੇ ਦਿੱਤੇ ਸੀ ਤਾਂ ਉਸ ਸਮੇਂ ਕੂ ਕਲੈਕਸ ਕ੍ਰੈਮ ਜਿਹੜੀ ਸੀ ਉਹ ਵਾਈਟ ਸੁਪਰਮੇਸੀ ਦੀ ਗੱਲ ਕਰਦੇ ਸੀ ਤੇ ਮੈਂ ਇਹ ਕਹਿੰਦਾ ਹਾਂ ਕਿ ਜਿਹੜੇ ਮੇਰੇ ਵੀਰ ਦੂਸਰੇ ਪਾਸੇ ਬੈਠੇ ਹਨ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ instead of collision, there must be collusion for the interest of Punjab. ਤੁਸੀਂ ਦਿੱਲੀ ਜਾਓ ਤਾਂ ਤੁਸੀਂ ਆਪਣੀ ਪਾਰਟੀ ਦੇ ਪ੍ਰੈਜ਼ੀਡੈਂਟ ਨੂੰ ਏਥੋਂ ਤੱਕ ਬਲੈਕਮੇਲ ਕਰੋ ਅਤੇ ਕਹੋ ਕਿ ਸਾਨੂੰ ਪੰਜਾਬ ਵਾਸਤੇ ਕੁਝ ਨਾ ਕੁਝ ਦਿਓ । ਅਸੀਂ ਦਿੱਲੀ ਜਾਈਏ ਤਾਂ ਸਾਡੀਆਂ ਜਿਹੜੀਆਂ ਕੁਲੀਸ਼ਨ ਸਰਕਾਰਾਂ ਹਨ ਅਸੀਂ ਉਨ੍ਹਾਂ ਨੂੰ ਮਜ਼ਬੂਰ ਕਰੀਏ ਕਿ ਪੰਜਾਬ ਦੀ ਸੁਪਰਮੇਸੀ ਜਿਹੜੀ ਇਕਾਨਮੀ ਸੁਪਰਮੇਸੀ ਹੈ ਉਸ ਦੇ ਨਾਲ ਸਾਰੇ ਪੰਜਾਬ ਦੇ

Original with;
Punjab Vidhan Sabha
Digitized by;
Panjab Digital Library

ਲੋਕ ਰੀਲੇਟਿਡ ਹਨ । ਇਸ ਦੇ ਮੁਤੱਲਿਕ ਅੱਜ ਪੰਜਾਬ ਵਿਧਾਨ ਸਭਾ ਦੇ ਅੰਦਰ ਅਤੇ ਵਿਧਾਨ ਸਭਾ ਤੋਂ ਬਾਹਰ ਪੰਜਾਬ ਦੇ ਲੋਕਾਂ ਦੀ ਇਕ ਰਾਏ ਹੋਣੀ ਚਾਹੀਦੀ ਹੈ ਕਿਉਂਕਿ ਤੁਸੀਂ ਦੇਖਦੇ ਹੋ, ਪਲਾਨਿੰਗ ਕਮਿਸ਼ਨ ਦੇ ਅੰਕੜੇ ਤੁਹਾਡੇ ਕੋਲ ਵੀ ਹਨ ਅਤੇ ਸੰਨੀ ਸਾਹਿਬ ਨੇ ਵੀ ਦੱਸਿਆ ਹੈ ਕਿ 2%, 4% ਹੁਣ ਪੰਜਾਬ ਦਾ ਟੀਚਾ 6% ਹੈ ਜਦੋਂ ਕਿ ਹਿੰਦੁਸਤਾਨ 9% ਦੇ ਹਿਸਾਬ ਨਾਲ ਤਰੱਕੀ ਕਰ ਰਿਹਾ ਹੈ । ਜੇਕਰ 10 ਸਾਲ ਇਸੇ ਤਰ੍ਹਾਂ ਹੀ ਲੰਘ ਗਏ ਤਾਂ ਪੰਜਾਬ ਨੇ ਬਹੁਤ ਕਮਜ਼ੋਰ ਹੋ ਜਾਣਾ ਹੈ । ਇਲਾਮਾ ਸਾਹਿਬ, ਡਾਕਟਰ ਇਕਬਾਲ ਦੇ ਬੜੇ ਸੋਹਣੇ ਬੋਲ ਹਨ ਅਤੇ ਤੀਰ ਵਰਗੇ ਬੋਲ ਹਨ । ਫਾਰਸੀ ਦਾ ਲਫਜ਼ ਹੈ ਜਿਹੜਾ ਬਹੁਤ ਵਿਚਾਰਾ ਜਿਹਾ ਪ੍ਰਿੰਦਾ ਹੈ ਜਿਸ ਵਿੱਚ ਚਿੜੀ, ਤਿੱਤਰ, ਬਟੇਰ ਆ ਜਾਂਦੇ ਹਨ ਜਿਸ ਨੇ ਆਉਣਾ ਹੈ ਉਸ.ਨੇ ਉਸ ਪ੍ਰਿੰਦੇ ਤੇ ਹਮਲਾ ਹੀ ਕਰਨਾ ਹੈ :

ਐ ਮੁਰਗੇ ਬੇਚਾਰਾ ਜ਼ਰਾ ਯੇਹ ਤੋਂ ਬਤਾ
ਤੇਰਾ ਵੋ ਗੁਨਾਹ ਕਿਆ ਥਾ
ਜਿਸ ਕੀ ਹੈ ਯੇ ਹੇ ਰਫ਼ਾਕਾਤ
ਤੇਰੇ ਤੋਂ ਗੁਨਾਹ ਕੀ ਹੋ ਗਿਆ ਕਿ ਸਾਰੇ ਤੇਰੇ ਖਿਲਾਫ ਹੋ ਗਏ ।

ਉਹ ਲਿਖਦੇ ਹਨ ਅਫ਼ਸੋਸ-ਸਦ-ਅਫਸੋਸ ਭਾਵ ਸੌ ਵਾਰੀ ਅਫ਼ਸੋਸ ਕਿ ਸ਼ਾਹੀ ਨਾ ਬਣਾ ਤੂੰ ਭਾਵ ਬਾਜ਼ ਤਾਂ ਨਹੀਂ ਬਣ ਸਕਿਆ, ਅਫ਼ਸੋਸ-ਸਦ-ਅਫ਼ਸੋਸ "ਸ਼ਾਹੀ ਨਾ ਬਣਾ ਤੂੰ, ਦੇਖਾ ਨਾ ਆਖੋਂ ਨੇ ਫਿਤਰਤ ਕਾ ਇਸ਼ਾਰਾ, ਤਕਦੀਰ ਕੇ ਕਾਜ਼ੀ ਕਾ ਫਤਵਾ ਹੈ ਅਜ਼ਲ ਸੇ, ਹੈ ਜ਼ੁਰਮ ਜ਼ਾਈਫੀ ਕੀ ਸਜ਼ਾ-ਏ-ਮੌਤ ।" ਇਹ ਤਕਦੀਰ ਦੇ ਕਾਜ਼ੀ ਦਾ ਪਹਿਲੇ ਦਿਨ ਤੋਂ ਫਤਵਾ ਹੈ ਕਿ ਕਮਜ਼ੋਰ ਲੋਕਾਂ ਨੂੰ ਤਾਕਤਵਾਰ ਲੋਕ ਹਮੇਸ਼ਾ ਦਬਾ ਲੈਂਦੇ ਹਨ । ਇਹ ਪਹਿਲਾ ਬਜਟ ਹੈ ਜਿਸ ਤੇ ਤੁਸੀਂ ਗੌਰ ਕਰ ਰਹੇ ਹੋ । ਮੈਂ ਅੱਜ ਇਹ ਦਰਖਾਸਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ, ਮੈਂ ਨਹੀਂ ਕਹਿੰਦਾ ਕਿ ਜਿਹੜਾ ਬਜਟ ਪੇਸ਼ ਕੀਤਾ ਹੈ, ਇਹ ਕੋਈ ਬੈਸਟ ਬਜਟ ਹੈ but within the circumstances that we inherited, it is the best which we could come up with, (Thumping) ਮੈਂ ਇਸ ਮੌਕੇ ਤੇ ਅਰਜ਼ ਕੀਤੀ ਸੀ ਕਿ ਪੰਜਾਬ ਦੀ ਐਨੁਅਲ ਪਲਾਨ 5,111 ਕਰੋੜ ਰੁਪਏ ਦੀ ਹੈ । ਸਪੀਕਰ ਸਾਹਿਬ, ਮੈਂ ਇਸ ਪਲਾਨ ਤੋਂ ਨਾਖੁਸ਼ ਹਾਂ । ਪੰਜਾਬ ਵਰਗੇ ਸੂਬੇ ਦੀ ਪਲਾਨ 5,000 ਕਰੋੜ ਰੁਪਏ ਨਹੀਂ ਹੋਣੀ ਚਾਹੀਦੀ ਪ੍ਰੰਤੂ ਫਿਰ ਵੀ ਪਿਛਲੇ ਸਾਲ ਦੇ ਬਜਟ ਨਾਲੋਂ ਇਹ ਤਕਰੀਬਨ 27-28% ਜ਼ਿਆਦਾ ਹੈ । ਪਿਛਲੇ ਸਾਲ ਇਹ 4,000 ਕਰੋੜ ਰੁਪਏ ਸੀ ਅਤੇ ਇਸ ਸਾਲ 5,111 ਕਰੋੜ ਰੁਪਏ ਹੋ ਗਈ ਹੈ । ਪੰਜਾਬ ਵਿੱਚ ਬਹੁਤ ਪੋਟੈਂਸ਼ੀਅਲ ਹੈ । ਅੱਜ ਪੰਜਾਬ ਦੇ ਐਫ.ਐਮ. ਨੇ ਪੰਜਾਬ ਦੀ ਸਾਲ 2007-08 ਦੀ ਜਿਹੜੀ ਪਲਾਨ ਪੜ੍ਹਨੀ ਸੀ, ਉਹ ਘੱਟੋ-ਘੱਟ 10,000 ਕਰੋੜ ਰੁਪਏ ਹੋਣੀ ਚਾਹੀਦੀ ਸੀ । ਇਸ ਤੇ ਤਕਲੀਫ

Original with;
Punjab Vidhan Sabha
Digitized by;
Punjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਮਹਿਸੂਸ ਹੁੰਦੀ ਹੈ ਕਿ ਇਹ ਹਿੰਦੁਸਤਾਨ ਦਾ ਇਕ ਵਧੀਆ ਸੂਬਾ ਹੈ, ਇਸ ਦਾ ਰਕਬਾ ਵਧੀਆ ਹੈ ਪਰ ਮਜ਼ਬੂਰੀ ਹੈ ਕਿ ਇਸ ਦੇ ਵਸੀਲੇ 5,111 ਕਰੋੜ ਰੁਪਏ ਤੇ ਖੜ੍ਹੇ ਹਨ । ਮੈਂ ਹਾਊਸ ਨੂੰ ਇਸ ਗੱਲ ਲਈ ਵਿਸ਼ਵਾਸ ਅਤੇ ਕਾਨਫੀਡੈਂਸ ਵਿੱਚ ਲੈਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਪਲਾਨ ਬਣ ਰਹੀ ਸੀ ਤਾਂ ਤਮਾਮ ਮਹਿਕਮਿਆਂ ਦੀਆਂ ਜੋ ਖਾਹਿਸ਼ਾਂ ਹੁੰਦੀਆਂ ਹਨ, ਸਕੀਮਾਂ ਹੁੰਦੀਆਂ ਹਨ, ਉਨ੍ਹਾਂ ਤੋਂ ਅੰਕੜੇ ਮੰਗੇ ਕਿ ਫਲਾਣੇ ਮਹਿਕਮੇ ਦੇ ਕੀ ਅੰਕੜੇ ਹਨ ਅਤੇ ਫਲਾਣੇ ਦੇ ਕੀ ਹਨ । ਜਿਹੜੇ ਸਾਡੇ ਕੋਲ ਅੰਕੜੇ ਆਏ ਉਹ 14,000 ਕਰੋੜ ਰੁਪਏ ਦੇ ਆਏ । ਸੋ, ਪੰਜਾਬ ਦੇ ਸਾਰੇ ਵੱਖੋ-ਵੱਖ ਮਹਿਕਮਿਆਂ ਦੇ ਜੋ ਅੰਕੜੇ ਆਏ ਸਨ, ਉਸ ਦੇ ਮੁਕਾਬਲੇ ਅਸੀਂ 5,111 ਕਰੋੜ ਰੁਪਏ ਹੀ ਲਿਆ ਸਕੇ । ਇਹ ਕਿਤੇ ਕਮੀ ਰਹਿ ਗਈ ਹੈ । ਇਹ ਮਜ਼ਬੂਰੀ ਸੀ । ਸਪੀਕਰ ਸਾਹਿਬ, ਤੁਸੀਂ ਸਹਿਮਤ ਹੋਵੋਂਗੇ ਅਤੇ ਸਾਰੇ ਮੈਂਬਰ ਸਾਹਿਬਾਨ ਵੀ ਸਹਿਮਤ ਹੋਣਗੇ । ਪਰ ਇਸ ਦੇ ਬਾਵਜੂਦ ਇਹ ਵੀ ਦੱਸਿਆ ਗਿਆ ਕਿ ਨਵੀਂ ਸਰਕਾਰ ਹੈ, ਜਿਹੜੀ ਪਲਾਨ ਤੁਸੀਂ ਬਣਾਉਣੀ ਹੈ, ਉਸ ਨੂੰ modest ਕਰੀਏ, ਇਤਨਾ ਛੋਟਾ ਕਰੀਏ ਅਤੇ ਆਉਣ ਵਾਲੇ 4-5 ਸਾਲਾਂ ਵਿੱਚ ਇਸ ਨੂੰ ਵਧਾਉਂਦੇ ਜਾਈਏ । ਪਰ ਅਸੀਂ ਬੇਸਬਰ ਸੀ, ਬੇਤਾਬ ਸੀ, ਅਸੀਂ ਇਹ ਪਲਾਨ ਇਕ ਸਾਲ ਵਾਸਤੇ ਵੀ ਛੋਟੀ ਨਹੀਂ ਸੀ ਕਰਨਾ ਚਾਹੁੰਦੇ । ਅਸੀਂ ਹਰ ਸਾਲ ਪੰਜਾਬ ਦੀ ਪਲਾਨ ਵਿੱਚ 25% ਵਾਧਾ, ਕਰਨਾ ਹੈ । (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਜੇ ਪ੍ਰਮਾਤਮਾ ਨੇ ਜ਼ਿੰਦਗੀ ਬਖਸ਼ੀ ਤਾਂ ਜਿਹੜਾ 4-5 ਸਾਲਾਂ ਦੇ ਅਖੀਰ ਵਿੱਚ ਬਜਟ ਹੋਵੇਗਾ, ਉਹ ਪਲਾਨ 10,000 ਕਰੋੜ ਰੁਪਏ ਦੀ ਲੈ ਕੇ ਆਉਣੀ ਹੈ । ਇਸ ਵਾਸਤੇ ਮੈਨੂੰ ਆਪਦੇ ਸਾਥ ਦੀ ਜ਼ਰੂਰਤ ਹੈ । ਤਮਾਮ ਹਾਊਸ ਦੇ ਮੈਂਬਰ ਸਾਹਿਬਾਨ ਦੀ ਜ਼ਰੂਰਤ ਹੈ । ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੁਸੀਂ ਮੇਰਾ ਸਾਥ ਨਹੀਂ ਦਿਓਗੇ ਪਰ ਇਹ ਪੰਜਾਬ ਦੇ ਵੱਡੇ ਸੁਪਨੇ ਹਨ । ਮੈਨੂੰ ਉਸ ਵੇਲੇ ਖੁਸ਼ੀ ਦਾ ਠਿਕਾਣਾ ਨਹੀਂ ਰਹਿਣਾ ਜਿਸ ਵੇਲੇ ਪੰਜਾਬ ਦੀ ਪਲਾਨ 10,000 ਕਰੋੜ ਰੁਪਏ ਦੀ ਹੋਵੇਗੀ । ਸਪੀਕਰ ਸਾਹਿਬ, ਇਸੇ ਤਰ੍ਹਾਂ ਬਜਟ ਪੜ੍ਹਨ ਵਾਲੇ ਦਿਨ ਪਹਿਲਾਂ ਵੀ ਗੱਲ ਕੀਤੀ ਸੀ, ਆਪੋਜੀਸ਼ਨ ਨਹੀਂ ਸੀ । ਮੈਂ ਇਹ ਗੱਲ ਐਟ ਦੀ ਕਾਸਟ ਆਫ ਰੈਪੀਟੀਸ਼ਨ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਦਾ ਰੈਵੇਨਿਊ ਡੈਫੀਸ਼ਿਟ ਹੈ, ਉਸ ਦਾ ਮਤਲਬ ਹੈ ਕਿ ਪੰਜਾਬ ਦਾ ਰੋਜ਼ ਦਾ ਖਰਚਾ ਅਤੇ ਰੋਜ਼ ਦੀ ਆਮਦਨ ਹੈ । ਸਪੀਕਰ ਸਾਹਿਬ, ਇਸ ਵਿੱਚ ਪੰਜਾਬ ਬੜੇ ਲੰਮੇ ਸਮੇਂ ਤੋਂ ਘਾਟੇ ਵਿੱਚ ਜਾ ਰਿਹਾ ਹੈ । ਇਸ ਦਾ ਮਤਲਬ ਹੈ ਕਿ ਹਰ ਸਾਲ ਸਰਕਾਰ ਚਲਾਉਣ ਵਾਸਤੇ, ਡਿਵੈਲਪਮੈਂਟ ਵਾਸਤੇ ਨਹੀਂ, ਕੇਵਲ ਸਰਕਾਰ ਚਲਾਉਣ ਵਾਸਤੇ ਕਰਜ਼ਾ ਲੈਣਾ ਪੈਂਦਾ ਹੈ ਅਤੇ ਕਰਜ਼ਾ ਕਿੰਨਾ ਲੈਂਦੇ ਹਾਂ, ਜੋ ਪਿਛਲਾ ਸਾਲ ਗੁਜ਼ਰਿਆ ਹੈ, ਸਿਰਫ ਸਰਕਾਰ ਚਲਾਉਣ ਵਾਸਤੇ 2190.60 ਕਰੋੜ ਰੁਪਏ ਖਰਚ ਕੀਤੇ । ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਇਹ ਹਰ ਸਾਲ ਡਿਵੈਲਪਮੈਂਟ ਦਾ ਖਰਚਾ ਨਹੀਂ, ਸਿਰਫ ਸਰਕਾਰ ਚਲਾਉਣ ਵਾਸਤੇ ਹੈ । ਆਪਾਂ ਕਾਰੋਬਾਰ ਚਲਾਉਂਦੇ ਹਾਂ ਜਾਂ ਪਰਿਵਾਰ ਚਲਾਉਂਦੇ ਹਾਂ, ਆਪਾਂ ਨੂੰ ਪਤਾ ਹੈ ਕਿ ਜੇ ਕਦੇ ਕਾਰੋਬਾਰ ਜਾਂ ਪਰਿਵਾਰ ਦਾ ਬਜਟ ਘਾਟੇ ਵਿੱਚ ਜਾਂਦਾ ਹੋਵੇ ਤਾਂ ਕੀ ਹਾਲਤ ਹੁੰਦੀ ਹੈ । ਇਸੇ ਤਰ੍ਹਾਂ ਪੰਜਾਬ 15-20 ਸਾਲ ਤੋਂ ਘਾਟੇ ਵਿੱਚ ਜਾ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ 50,000 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਤੇ ਚੜ੍ਹਿਆ ਹੋਇਆ ਹੈ । ਸਾਡੇ ਕੀ ਨਿਸ਼ਾਨੇ ਹਨ ? What are the goals ? ਸਾਡਾ ਨਿਸ਼ਾਨਾ ਕੀ ਹੈ ਕਿ ਅਸੀਂ ਆਪਣੇ ਪਲਾਨ ਨੂੰ ਹਰ ਸਾਲ 25% ਵਧਾਉਣਾ ਹੈ । (ਥੰਪਿੰਗ) ਦੂਜਾ ਸਾਡਾ ਇਹ ਰੈਵੇਨਿਊ ਡੈਫੀਸ਼ਿਟ ਜਿਹੜਾ ਹੈ, ਰੋਜ਼ਾਨਾ ਦਾ ਖਰਚਾ ਅਤੇ ਆਮਦਨ ਦਾ ਜਿਹੜਾ ਪਾੜਾ ਹੈ, ਸਪੀਕਰ ਸਾਹਿਬ, ਇਸ ਸਾਲ ਅਸੀਂ 1400 ਕਰੋੜ ਰੁਪਏ ਤੋਂ ਘਟਾ ਦੇਣਾ ਹੈ ਅਤੇ ਇਸਨੂੰ 761 ਕਰੋੜ ਰੁਪਏ ਤੇ ਲੈ ਕੇ ਆਉਣਾ ਹੈ । ਮੈਂ ਤੁਹਾਡੇ ਨਾਲ ਵਾਇਦਾ ਕਰਦਾ ਹਾਂ ਕਿ ਅਗਲੇ 2 ਸਾਲਾਂ ਵਿੱਚ ਰੈਵੇਨਿਊ ਡੈਫੀਸ਼ਿਟ ਜ਼ੀਰੋ ਤੇ ਲੈ ਆਉਣਾ ਹੈ ਅਤੇ ਜਿੰਨੀ ਸਾਡੀ ਚਾਦਰ ਹੈ, ਉਨੇ ਹੀ ਪੈਰ ਪਸਾਰਨੇ ਹਨ, ਜੇ ਚਾਦਰ ਛੋਟੀ ਹੈ ਤਾਂ ਛੋਟੀ ਤੇ ਹੀ ਮਨਾਸਰ ਕਰਾਂਗੇ । ਜੇ 2 ਸਾਲ ਵਿੱਚ ਵਸੀਲੇ ਵੱਧ ਸਕੇ ਤਾਂ ਵੱਧ ਖਰਚ ਕਰਾਂਗੇ ਪਰ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਆਪਣਾ ਰੈਵੇਨਿਊ ਡੈਫੀਸ਼ਿਟ ਜ਼ੀਰੋ ਤੇ ਲੈ ਆਉਣਾ ਹੈ । ਇਸੇ ਤਰ੍ਹਾਂ ਜਿਹੜਾ ਪੰਜਾਬ ਦਾ ਕਮਿਟਿਡ ਐਕਸਪੈਂਡੀਚਰ ਸੰਨੀ ਸਾਹਿਬ ਨੇ ਦੱਸਿਆ ਹੈ, ਇਹ ਪਿਛਲੇ 4-5 ਸਾਲਾਂ ਤੋਂ ਘਟਦਾ ਜਾ ਰਿਹਾ ਹੈ । ਜਿਹੜਾ ਪਿਛਲੇ ਸਾਲ 76% ਸੀ ਅਤੇ ਇਸ ਸਾਲ ਇਹ 68% ਤੇ ਲੈ ਆਉਣਾ ਹੈ । ਇਹ ਪੈਸਾ ਜਿਹੜਾ ਆਉਂਦਾ ਹੈ, ਇਹ ਡਿਵੈਲਪਮੈਂਟ ਤੇ ਰਲੀਜ਼ ਹੁੰਦਾ ਹੈ ਅਤੇ ਕੋਸ਼ਿਸ਼ ਹੈ ਕਿ ਇਸ ਪੰਜਾਬ ਦੇ ਕਮਿਟਿਡ ਐਕਸਪੈਂਡੀਚਰ ਨੂੰ ਅਸੀਂ 50% ਤੇ ਲੈ ਕੇ ਆਵਾਂਗੇ । ਜਿਵੇਂ ਕਿਸੇ ਸ਼ਾਇਰ ਨੇ ਲਿਖਿਆ ਹੈ ਕਿ :

ਸਫਰ ਮੁਸ਼ਕਲ ਸਹੀ ਲੇਕਿਨ ਮੇਰੀ ਹਿੰਮਤ ਯਹ ਕਹਿਤੀ ਹੈ
ਕਿ ਅਕੇਲਾ ਚਲ ਦੀਯਾ ਹੂੰ, ਅਕੇਲਾ ਰਹਿ ਨਹੀਂ ਸਕਤਾ ।

ਸੋ, ਮੈਨੂੰ ਇਸ ਹਾਊਸ ਦੇ ਸਹਿਯੋਗ ਨਾਲ ਆਸ ਹੈ ਕਿ ਇਹ ਜਿਹੜਾ 35-40 ਹਜ਼ਾਰ ਕਰੋੜ ਰੁਪਏ ਪੰਜਾਬ ਦੀ ਇਕਾਨਮੀ ਅਤੇ ਇਨਫਰਾਸਟਰੱਕਚਰ ਸਬੰਧੀ ਸਕੀਮਾਂ ਹਾਊਸ ਵਿੱਚ ਡਿਸਕਸ ਹੋਈਆਂ ਹਨ, ਇਹ ਜਦੋਂ 35-40 ਹਜ਼ਾਰ ਕਰੋੜ ਰੁਪਿਆ ਪੰਜਾਬ ਦੀ ਇਕਾਨਮੀ ਨੂੰ ਪੰਪ ਕਰੇਗਾ ਤਾਂ ਪੰਜਾਬ ਦੀ ਇਕਾਨਮੀ ਫਿਰ ਸਟਾਰਟ ਹੋ ਜਾਵੇਗੀ । ਐਗਰੀਕੱਲਚਰ ਸੈਕਟਰ ਵਿੱਚ ਸਕੀਮਾਂ ਵਾਸਤੇ ਜੋ ਪੈਸਾ ਰੱਖਿਆ ਗਿਆ ਹੈ, ਆਖਰਕਾਰ ਐਗਰੀਕਲਚਰ ਇਰੀਗੇਸ਼ਨ ਤੋਂ ਬਿਨਾਂ ਐਗਰੀਕਲਚਰ ਨਹੀਂ, ਇਸੇ ਕਰਕੇ ਕੋਸ਼ਿਸ਼ ਕੀਤੀ ਹੈ ਕਿ 660 ਕਰੋੜ ਰੁਪਏ ਇਰੀਗੇਸ਼ਨ ਲਈ ਬਜਟ ਵਿੱਚ ਰੱਖੇ ਗਏ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਹਨ। ਮੈਂ ਇਕੱਲਾ ਇਹ ਨਹੀਂ ਸਮਝਦਾ ਕਿ ਐਗਰੀਕਲਚਰ ਲਈ 200 ਕਰੋੜ ਰੁਪਏ ਅਤੇ 660 ਕਰੋੜ ਰੁਪਏ ਇਰੀਗੇਸ਼ਨ ਲਈ ਰੱਖੇ ਗਏ ਹਨ, ਜਦੋਂ ਅਸੀਂ ਦਿੱਲੀ ਵਿਖੇ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਮੀਟਿੰਗ ਤੇ ਗਏ ਸੀ ਤਾਂ ਹਿੰਦੁਸਤਾਨ ਦੀ ਡਿਵੈਲਪਮੈਂਟ ਕੌਂਸਲ ਜਿਹੜੀ ਹੈ, ਉਹ ਵੀ ਫਿਕਰਮੰਦ ਹੈ ਕਿ ਪੰਜਾਬ ਦੀ ਇਕਾਨਮੀ ਦਾ ਗਰੋਥ ਰੇਟ 2% ਆ ਗਿਆ ਹੈ । ਮੈਨੂੰ ਆਸ ਹੈ ਕਿ ਪੈਸੇ ਲਗਣ ਨਾਲ ਪੰਜਾਬ ਦਾ ਗਰੋਸ ਸਟੇਟ ਡੋਮੈਸਟਿਕ ਪ੍ਰੋਡਿਊਸ ਰੇਟ ਵੱਧ ਜਾਵੇਗਾ । ਇਸੇ ਤਰ੍ਹਾਂ ਹੀ ਪੰਜਾਬ ਦੀ ਇਕਾਨਮੀ ਅਗਲੇ 4-5 ਸਾਲਾਂ ਵਿੱਚ ਇੰਨੀ ਵੱਧ ਜਾਵੇਗੀ ਕਿ ਪੰਜਾਬ ਦੇ ਜਿਹੜੇ ਮਸਲੇ ਹਨ, ਉਨ੍ਹਾਂ ਦਾ ਹੱਲ ਲਭਿਆ ਜਾ ਸਕੇਗਾ । ਇਕ ਫਿਕਰ ਦੀ ਗੱਲ ਇਹ ਹੈ ਕਿ ਪੰਜਾਬ ਰੈਪਿਡਲੀ ਆਪਣੇ ਆਪ ਨੂੰ ਇੰਡਸਟਰੀਲਾਈਜ਼ਡ ਨਹੀਂ ਕਰ ਸਕਿਆ । ਇਸ ਦੀ ਕੀ ਵਜ੍ਹਾ ਹੈ ? ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਪਿਛਲੇ 25-30 ਸਾਲਾਂ ਤੋਂ ਜਿਹੜਾ ਐਗਰੀਕਲਚਰ ਸੈਕਟਰ ਹੈ, ਉਹ ਘਟ ਰਿਹਾ ਹੈ ਅਤੇ ਇੰਡਸਟਰੀਅਲ ਸੈਕਟਰ ਵੱਧ ਰਿਹਾ ਹੈ । ਇੰਡਸਟਰੀ ਤੋਂ ਬਿਨਾਂ ਪੰਜਾਬ ਤਰੱਕੀ ਨਹੀਂ ਕਰ ਸਕਦਾ । ਇਸਦੇ ਨਾਲ-ਨਾਲ ਸਪੀਕਰ ਸਾਹਿਬ, ਮੈਨੂੰ ਇਕ ਗੱਲ ਦਾ ਹੋਰ ਫਿਕਰ ਹੈ, ਇਹ ਵੀ ਸਮਝ ਲਓ । I am not grumbling ਕਿ ਪੰਜਾਬ ਦਾ ਟੈਕਸ ਰੈਵੇਨਿਊ ਜਿਹੜਾ ਹੈ, ਇਸਦੀ ਟੈਕਸ ਦੀ buoyancy ਜਿਹੜੀ ਹੈ, ਹਰਿਆਣਾ ਦੀ 22% ਹੈ, ਹਿਮਾਚਲ ਦੀ 25% ਹੈ, ਕਸ਼ਮੀਰ ਦੀ 80% ਹੈ, ਕੇਰਲ ਦੀ 50% ਹੈ, ਮਹਾਰਾਸ਼ਟਰ ਦੀ 35% ਹੈ ਤੇ ਪੰਜਾਬ ਦੀ ਟੈਕਸ ਕੁਲੈਕਸ਼ਨ ਦਾ ਇਜ਼ਾਫਾ ਹਰ ਸਾਲ ਤਕਰੀਬਨ 10-11 ਪਰਸੈਂਟ ਤੇ ਹੀ ਖੜ੍ਹਾ ਹੈ। ਸਪੀਕਰ ਸਾਹਿਬ, ਮੈਂ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ । ਜਿਸ ਤਰ੍ਹਾਂ ਲੀਡਰ ਆਫ ਦਿ ਆਪੋਜੀਸ਼ਨ ਨੇ ਜ਼ਿਕਰ ਕੀਤਾ ਸੀ, ਮੈਂ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਕਿ ਹਰਿਆਣਾ ਜਿਹੜਾ ਹੈ, ਉਹ ਪੰਜਾਬ ਨਾਲੋਂ ਜ਼ਿਆਦਾ ਕੰਜ਼ਪਸ਼ਨ ਕਰਦਾ ਹੈ, ਹਰਿਆਣੇ ਵਿੱਚ ਜ਼ਿਆਦਾ ਟੈਕਸ ਇਕੱਠਾ ਹੋਣਾ ਚਾਹੀਦਾ ਹੈ । ਇਹ ਸਵਾਲ ਹੀ ਪੈਦਾ ਨਹੀਂ ਹੁੰਦਾ । ਪੰਜਾਬ ਦੀ ਟੈਕਸ ਕੁਲੈਕਸ਼ਨ 52,000 ਕਰੋੜ ਤੇ ਹਰਿਆਣੇ ਦੀ 72,000 ਕਰੋੜ ਹੈ । ਇਹ ਠੀਕ ਕਿਉਂ ਨਹੀਂ ਹੁੰਦੀ । ਹਰਿਆਣੇ ਅਤੇ ਪੰਜਾਬ ਦੇ ਪਿੰਡਾਂ ਵਿੱਚ ਵੜ ਕੇ ਦੇਖੋ ਕਿ ਕੰਜ਼ਪਸ਼ਨ ਪੈਟਰਨ ਹਰਿਆਣੇ ਅਤੇ ਪੰਜਾਬ ਦੇ ਪਿੰਡਾਂ ਵਿੱਚ ਕਿੰਨਾ ਫਰਕ ਹੈ । ਸਪੀਕਰ ਸਾਹਿਬ, ਮੈਂ ਇਹ ਗੱਲ ਹਾਊਸ ਵਿੱਚ ਦੁਹਰਾਉਣੀ ਚਾਹਾਂਗਾ ਕਿ ਜਿਹੜੀ ਹੁਣ ਨਵੀਂ ਸਰਕਾਰ ਬਣੀ ਹੈ, ਅਸੀਂ ਟੈਕਸ ਡਿਪਾਰਟਮੈਂਟ ਨੂੰ ਘੱਟੋ-ਘੱਟ ਹਰ ਸਾਲ 25% ਇਜ਼ਾਫੇ ਦਾ ਟੀਚਾ ਦਿੱਤਾ ਹੈ । We will not accept any revenue which is less then 25% ਜਿਹੜਾ ਪਲਾਨ ਦਾ ਵਾਧਾ ਹੈ, ਇਸ ਵਿੱਚ ਟੈਕਸ ਰੈਵੇਨਿਊ ਦਾ ਬਹੁਤ ਵੱਡਾ ਹਿੱਸਾ ਹੈ । ਮੈਂ ਇਕ ਛੋਟੀ ਜਿਹੀ

Original with;
Punjab Vidhan Sabha
Digitized by;
Panjab Digital Library

ਉਦਾਹਰਣ ਦਿੰਦਾ ਹਾਂ । ਲੁਧਿਆਣੇ ਸ਼ਹਿਰ ਵਿੱਚ ਮੈਕਡਾਨਲਡ ਰੈਸਟੋਰੈਂਟ ਹੈ । ਉਹ ਹਰ ਸਾਲ ਵੈਟ ਕਿੰਨਾ ਭਰਦੇ ਹਨ : ਇਕ ਕਰੋੜ । ਹੋਰ ਬੇਸ਼ੁਮਾਰ ਖਾਣ ਵਾਲੇ ਰੈਸਟੋਰੈਂਟ ਹਨ । ਸਪੀਕਰ ਸਾਹਿਬ, ਸਾਰਾ ਲੁਧਿਆਣਾ ਇਕ ਕਰੋੜ ਤੇ ਮੈਕਡਾਨਲਡ ਇਕੱਲਾ ਇਕ ਕਰੋੜ ਭਰਦਾ ਹੈ । ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਝ ਮੁਖਤਲਿਫ਼ ਮੈਂਬਰਾਂ ਨੇ ਸਵਾਲਾਤ ਉਠਾਏ ਹਨ ਔਰ ਖਾਸ ਕਰਕੇ ਇਕ ਗੱਲ ਜਿਹੜੀ ਕਿ ਜਾਖੜ ਸਾਹਿਬ ਨੇ ਫਰਮਾਈ । ਉਨ੍ਹਾਂ ਲਈ ਮੇਰੇ ਦਿਲ ਵਿੱਚ ਬੜੀ ਕਦਰ ਹੈ, ਬੜੀ ਅੱਛੀ ਸਪੀਚ ਦਿੱਤੀ । ਬੜੇ ਤਾਮੀਰੀ ਸੁਝਾਓ ਦਿੱਤੇ । ਜਿਸ ਤਰ੍ਹਾਂ ਇਕ ਸੁਲਝੇ ਹੋਏ ਤੇ ਜ਼ਿੰਮੇਵਾਰ ਲੈਜਿਸਲੇਟਰ ਦੇ ਹੋਣੇ ਚਾਹੀਦੇ ਹਨ, ਉਨ੍ਹਾਂ ਨੇ ਬੜੀ ਖੂਬਸੂਰਤੀ ਨਾਲ ਸਰਕਾਰ ਦੀ ਨੁਕਤਾਚੀਨੀ ਵੀ ਕੀਤੀ ਜਿਸ ਦੀ ਕਿ ਮੈਨੂੰ ਖੁਸ਼ੀ ਹੈ । ਇਸ ਦੇ ਨਾਲ-ਨਾਲ ਸ਼੍ਰੀ ਹਰੀਸ਼ ਰਾਏ ਜੀ ਢਾਂਡਾ ਜਿਹੜੇ ਉਮਰ ਵਿੱਚ ਭਾਵੇਂ ਛੋਟੇ ਹਨ ਪਰ ਲਿਆਕਤ ਵਿੱਚ ਬਹੁਤ ਵੱਡੇ ਹਨ । ਹਰ ਪੰਜਾਬ ਦੇ ਨੌਜਵਾਨ ਲੈਜਿਸਲੈਟਰਜ਼ ਨੇ ਵਿਚਾਰ ਰੱਖੇ । ਇੱਥੇ ਗੱਲਾਂ ਕੀਤੀਆਂ ਗਈਆਂ, ਸਬਸਿਡੀਆਂ ਦੀਆਂ ਕਿ ਸਬਸਿਡੀ ਤੇ ਸਰਕਾਰ ਨੂੰ ਫੈਸਲਾ ਕਰਨਾ ਪੈਣਾ ਹੈ, ਪਲਾਨ ਕਰਨਾ ਪੈਣਾ ਹੈ ਕਿ ਜਿਹੜੀ ਸਬਸਿਡੀ ਹੈ, ਇਹ ਕਿਸ ਹੱਦ ਤੱਕ ਦੇਣੀਆਂ ਚਾਹੀਦੀਆਂ ਹਨ । ਇਸ ਬਾਰੇ ਆਉਣ ਵਾਲੇ ਸਮੇਂ ਵਿੱਚ ਫੈਸਲਾ ਕਰਨਾ ਪੈਣਾ ਹੈ । ਪੰਜਾਬ ਦੇ ਲੋਕਾਂ ਨੂੰ ਮੱਛੀ ਦੇਣੀ ਹੈ ਜਾਂ ਮੱਛੀ ਪਕੜਣੀ ਸਿਖਾਉਣੀ ਹੈ । ਉਨ੍ਹਾਂ ਦੀ ਖਿਦਮਤ ਵਿੱਚ ਮੈਂ ਉਨ੍ਹਾਂ ਦੇ ਜਜ਼ਬਾਤ ਦੀ ਕਦਰ ਕਰਦਾ ਹਾਂ ਪਰ ਸਪੀਕਰ ਸਾਹਿਬ, ਸਾਡਾ ਸਾਰਿਆਂ ਦਾ ਨਿਸ਼ਾਨਾ ਇਹ ਹੈ ਕਿ ਪੰਜਾਬ ਤਰੱਕੀ ਕਰੇ, ਪੰਜਾਬ ਖੁਸ਼ਹਾਲ ਹੋਵੇ ਪਰ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਜਿਹੜੀ ਹੈ, We want to achieve that through democratic means. ਡੈਮੋਕਰੇਸੀ ਵਿੱਚ ਇਹ ਵੀ ਹੁੰਦਾ ਹੈ ਕਿ ਜਨਤਾ ਤੋਂ ਅੱਗੇ ਵੀ ਨਹੀਂ ਭੱਜ ਸਕਦੇ ਤੇ ਜਨਤਾ ਤੋਂ ਪਿੱਛੇ ਵੀ ਨਹੀਂ ਰਹਿ ਸਕਦੇ । ਜਿੰਨੀ ਤੇਜ਼ ਜਨਤਾ ਚੱਲ ਰਹੀ ਹੈ, ਆਉਣ ਵਾਲੇ ਸਮੇਂ ਜਨਤਾ ਨਾਲ ਵਿਚਾਰ ਕੇ, ਜਨਤਾ ਦਾ ਸਾਥ ਲੈ ਕੇ ਅੱਗੇ ਵਧਿਆ ਜਾਵੇ । ਬੜਾ ਪਿਆਰਾ ਸ਼ੇਅਰ ਹੈ :

ਹੁਸਨੇ ਤਦਬੀਰ ਸੇ ਜਾਗ ਉਠਤਾ ਹੈ ਕੌਮੋਂ ਕਾ ਨਸੀਬ ।
ਕਭੀ ਬਦਲਤੀ ਨਹੀਂ ਤਦਬੀਰ ਅਰਮਾਨੋਂ ਸੇ ।

ਸਪੀਕਰ ਸਾਹਿਬ, ਇਕੱਲੇ ਅਰਮਾਨਾਂ ਨਾਲ, ਤਕਰੀਰਾਂ ਨਾਲ ਕੌਮਾਂ ਦੀ ਤਕਦੀਰ ਨਹੀਂ ਬਦਲਦੀ । ਆਉਣ ਵਾਲੇ ਸਮੇਂ ਵਿੱਚ ਇਹ ਠੀਕ ਹੈ ਕਿ ਜੋ ਵੀ ਮੈਂਬਰਾਂ ਨੇ ਸਵਾਲ ਉਠਾਏ ਹਨ, ਮੈਂ ਐਸ਼ਿਓਰ ਕਰਦਾ ਹਾਂ ਕਿ ਪੂਰੀ ਸੰਜੀਦਗੀ ਨਾਲ ਗੌਰ ਕਰਾਂਗੇ । ਸਪੀਕਰ ਸਾਹਿਬ, ਲੀਡਰ ਆਫ਼ ਦਿ ਆਪੋਜੀਸ਼ਨ ਨੇ ਕਈ ਗੱਲਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਕੀਤੀਆਂ ਹਨ । ਮੈਂ ਉਨ੍ਹਾਂ ਦੇ ਸ਼ੱਕ ਨੂੰ ਰਫ਼ਾ ਕਰਾਂਗਾ ਤੇ ਉਨ੍ਹਾਂ ਦੀ ਖਿਦਮਤ ਵਿੱਚ ਜੋ ਉਨ੍ਹਾਂ ਸਵਾਲ ਉਠਾਏ ਹਨ, ਉਨ੍ਹਾਂ ਨੂੰ ਤਰਜੀਹ ਦੇਣੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਲੀਡਰ ਆਫ਼ ਦਿ ਆਪੋਜੀਸ਼ਨ ਨੇ ਇਹ ਫੁਰਮਾਇਆ ਹੈ ਕਿ ਜਾਣ ਤੋਂ ਪਹਿਲਾਂ ਇਹ ਪਿਛਲੀ ਸਰਕਾਰ ਜਿਹੜੀ ਹੈ, ਉਹ ਖਜ਼ਾਨੇ ਵਿੱਚ ਕੋਈ 816 ਕਰੋੜ ਤੇ ਕੁਝ ਰੁਪਏ ਛੱਡ ਕੇ ਗਏ ਸੀ । ਸਪੀਕਰ ਸਾਹਿਬ, ਦਰਅਸਲ ਮੈਂ ਬੜੇ ਅਦਬ ਨਾਲ ਦੱਸਣਾ ਚਾਹੁੰਦਾ ਹਾਂ ਕਿ ਇਹ ਹਕੀਕਤ ਨਹੀਂ ਹੈ । ਜੇ ਤੁਸੀਂ ਬਜਟ ਡਾਕੂਮੈਂਟ ਵੀ ਪੜ੍ਹੋ ਤਾਂ ਜਿਹੜਾ ਪੰਜਾਬ ਸਰਕਾਰ ਦਾ ਓਪਨਿੰਗ ਬੈਲੇਂਸ, ਇਹ ਮਾਈਨਸ 659.97 ਕਰੋੜ ਰੁਪਏ ਹੈ । ਇਨ੍ਹਾਂ ਦੀ ਇਹ ਗੱਲ ਦਰੁਸਤ ਹੈ ਕਿ ਜਿਸ ਵੇਲੇ ਸਰਕਾਰ ਗਈ ਸੀ, ਉਸ ਵੇਲੇ ਟਰੈਜ਼ਰੀ ਦਾ ਜਿਹੜਾ ਬੈਲੇਂਸ ਸੀ, ਉਹ 400 ਕਰੋੜ ਰੁਪਏ ਪਾਜ਼ੇਟਿਵ ਸੀ। ਇਹ ਇਸ ਲਈ ਸੀ ਕਿਉਂਕਿ ਇਲੈਕਸ਼ਨ ਕੋਡ ਲੱਗ ਗਿਆ ਸੀ । ਇਲੈਕਸ਼ਨ ਕੋਡ ਵਿੱਚ ਕਈ ਅਦਾਇਗੀਆਂ ਨਹੀਂ ਹੋ ਸਕੀਆਂ । ਇਸ ਕਰਕੇ ਜਿਸ ਵੇਲੇ ਇਲੈਕਸ਼ਨ ਕੋਡ ਖਤਮ ਹੋ ਗਿਆ ਤਾਂ ਤਕਰੀਬਨ 1000 ਕਰੋੜ ਰੁਪਏ ਅਦਾਇਗੀ ਦੇ ਸੀ, ਉਹ ਜਿਹੜਾ ਪਾਜ਼ੇਟਿਵ ਟਰੈਜ਼ਰੀ ਬੈਲੇਂਸ ਸੀ, ਉਹ ਮਾਈਨਸ 660 ਕਰੋੜ ਰੁਪਏ ਹੋ ਗਿਆ। ਮੈਂ ਸਦਨ ਨੂੰ ਇਹ ਬੜੀ ਜ਼ਿੰਮੇਵਾਰੀ ਨਾਲ ਬਿਆਨ ਦੇ ਰਿਹਾ ਹਾਂ । ਜਿਹੜੇ ਸਾਡੇ ਅਕਾਊਂਟਸ ਹੁੰਦੇ ਹਨ, ਜਿਹੜਾ ਸਾਡਾ ਬਜਟ ਹੁੰਦਾ ਹੈ, ਇਸ ਨੂੰ ਆਡੀਟਰ ਜਨਰਲ ਆਫ ਇੰਡੀਆ ਆਡਿਟ ਕਰਦੇ ਹਨ । ਮੈਨੂੰ ਇਸ ਗੱਲ ਦਾ ਗਿਲਾ ਨਹੀਂ ਕਿ ਇਹ ਘਾਟੇ ਵਿੱਚ ਕਿਉਂ ਹੋ ਗਿਆ ਪਰ............

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੈਂ ਕਲੈਰਿਟੀ ਲੈਂਦੀ ਹਾਂ ਭਾਵੇਂ ਬਾਅਦ ਵਿੱਚ ਦੱਸ ਦੇਣ । ਮੈਂ ਫ਼ਰਵਰੀ ਦੇ ਮਹੀਨੇ ਦੀ ਗੱਲ ਕਰ ਰਹੀ ਹਾਂ । ਜਿਹੜਾ ਮੇਰੇ ਕੋਲ ਰਿਕਾਰਡ ਹੈ, ਮੈਂ ਦੇਖ ਲੈਂਦੀ ਹਾਂ, ਤੁਸੀਂ ਦੇਖ ਲਓ ਕਿ ਕਿਸ ਥਾਂ ਤੇ ਗਲਤੀ ਹੋਈ ਹੈ । ਆਪਾਂ ਦੇਖ ਲੈਂਦੇ ਹਾਂ ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਦੂਸਰਾ, ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜੀਸ਼ਨ ਨੂੰ ਇਹ ਵੀ ਸ਼ੱਕ ਸੀ ਕਿ ਜਿਹੜੇ ਸੈਂਟਰਲ ਟੈਕਸ ਹੁੰਦੇ ਹਨ, ਜੋ ਸੈਂਟਰ ਤੋਂ ਡਿਵਾਲਵ ਹੁੰਦੇ ਹਨ, ਉਸ ਦੇ ਕਈ ਪੈਮਾਨੇ ਹਨ । ਇਨ੍ਹਾਂ ਨੇ ਗੱਲ ਕਹੀ ਸੀ ਕਿ ਜਿਸ ਵੇਲੇ ਸਾਡੀ ਸਰਕਾਰ ਸੀ ਤਾਂ ਇਹ ਜਿਹੜੇ ਟੈਕਸ ਹਨ, ਉਹ ਤਕਰੀਬਨ 1.461 ਸੀ ਅਤੇ ਫਿਰ ਜਿਸ ਵੇਲੇ ਅਕਾਲੀ ਦਲ ਦੀ ਸਰਕਾਰ ਆਈ, ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਤਾਂ ਇਹ 1.147 ਰਹਿ ਗਏ ਅਤੇ ਹੁਣ ਫਿਰ ਵੱਧ ਗਏ । ਮੈਂ ਇਨ੍ਹਾਂ ਦੀ ਖਿਦਮਤ ਵਿੱਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਟੈਕਸ ਹੁੰਦੇ ਹਨ, ਇਹ ਸੈਂਟਰਲ ਤੋਂ ਸਟੇਟ ਨੂੰ ਡਿਵਾਲਵ

Original with;
Punjab Vidhan Sabha
Digitized by;
Panjab Digital Library

ਹੁੰਦੇ ਹਨ, ਇਸ ਦਾ ਇੱਕ ਕੰਪਲੈਕਸ ਫਾਰਮੂਲਾ ਹੈ । ਇਸ ਨੂੰ ਗੈਡਵਿਲ ਜਾਂ ਪੰਥ ਫਾਰਮੂਲਾ ਵੀ ਕਿਹਾ ਗਿਆ ਹੈ । ਇਹ ਫਾਰਮੂਲਾ ਇਹ ਹੈ ਕਿ ਜਿੰਨੀ ਸਟੇਟ ਤਰੱਕੀ ਕਰਦਾ ਹੈ, ਉਨਾ ਹੀ ਉਸ ਨੂੰ ਟੈਕਸ ਘੱਟ ਮਿਲਦਾ ਹੈ । ਬੇਸਿਕਲੀ it punishes the achievers ਕਿਉਂਕਿ ਹਿੰਦੁਸਤਾਨ ਦੀ ਸਰਕਾਰ ਦੀ ਨੀਤੀ ਹੈ, ਪਾਲਿਸੀ ਹੈ ਕਿ ਸਾਰਾ ਹਿੰਦੁਸਤਾਨ ਇਕੱਠਾ ਤਰੱਕੀ ਕਰੇ । ਇਹ ਨਾ ਹੋਵੇ ਇਕ ਦੋ ਸੂਬੇ ਅੱਗੇ ਵੱਧ ਜਾਣ ਅਤੇ ਬਾਕੀ ਪਿੱਛੇ ਚਲੇ ਜਾਣ । ਇਸ ਫਾਰਮੂਲੇ ਵਿੱਚ ਪਾਪੂਲੇਸ਼ਨ, ਏਰੀਆ, ਇਨਫਰਾਸਟਰੱਕਚਰ ਅਤੇ ਕੀ ਆਲਾ-ਦੁਆਲਾ ਹੈ, ਇਹ ਸਾਰੀਆਂ ਚੀਜ਼ਾਂ ਆਉਂਦੀਆਂ ਹਨ । ਜੋ ਸਭ ਤੋਂ ਘੱਟ ਟੈਕਸ ਸੈਂਟਰ ਦਿੰਦਾ ਹੈ, ਉਹ ਪੰਜਾਬ ਅਤੇ ਹਰਿਆਣਾ ਨੂੰ ਦਿੰਦਾ ਹੈ । ਤੁਸੀਂ ਹੈਰਾਨ ਹੋਵੋਗੇ ਕਿ ਜਿਹੜਾ ਬਿਹਾਰ ਸੂਬਾ ਹੈ, ਬਿਹਾਰ ਨੂੰ ਇਹ 11.028 ਹੈ । ਯੂ.ਪੀ. ਨੂੰ 19.026 ਹੈ । ਯੂ.ਪੀ. ਸਰਕਾਰ ਕੋਈ ਟੈਕਸ ਨਾ ਲਾਵੇ, ਬਿਹਾਰ ਸਰਕਾਰ ਕੋਈ ਟੈਕਸ ਨਾ ਲਾਵੇ, ਉਨ੍ਹਾਂ ਨੂੰ ਕੋਈ ਲੋੜ ਨਹੀਂ ਕਿਉਂਕਿ ਸੈਂਟਰਲ ਟੈਕਸ ਏਨੀ ਤੇਜ਼ੀ ਨਾਲ ਵੱਧ ਰਹੇ ਹਨ ਕਿ ਇਨ੍ਹਾਂ ਸੂਬਿਆਂ ਵਿੱਚ ਖੁਸ਼ਹਾਲੀ ਹੈ । ਸਪੀਕਰ ਸਾਹਿਬ, ਇਨ੍ਹਾਂ ਦੇ ਕਮਲੇ ਵੀ ਸਿਆਣੇ ਹਨ । ਇਸ ਕਿਸਮ ਦਾ ਇਨ੍ਹਾਂ ਸੂਬਿਆਂ ਦਾ ਹਾਲ ਹੈ । ਇਸੇ ਤਰ੍ਹਾਂ ਰਾਜਸਥਾਨ ਹੈ । ਰਾਜਸਥਾਨ ਏਰੀਏ ਤੋਂ ਵੱਡਾ ਹੈ । ਰਾਜਸਥਾਨ ਦਾ ਇਹ 5.609 ਹੈ । ਸੋ, ਸਪੀਕਰ ਸਾਹਿਬ, ਇਹ ਐਸਾ ਫਾਰਮੂਲਾ ਹੈ, ਜਿਸ ਵਿੱਚ ਜੇ ਕੋਈ ਚਾਹੇ ਵੀ ਕਿ ਮੇਰੀ ਸਰਕਾਰ ਹੈ, ਮੈਂ ਕੁਝ ਪੈਸੇ ਵਧਾ ਲਵਾਂਗਾ ਤਾਂ ਇਹ ਮੁਮਿਕਨ ਨਹੀਂ ਹੈ । ਇਹ ਗੌਰਮਿੰਟ ਆਫ ਇੰਡੀਆ ਦਾ ਫਾਰਮੂਲਾ ਹੈ । ਜੋ ਇਹ ਪੰਜਾਬ ਵਿੱਚ ਘਟਿਆ ਹੈ ਤਾਂ ਪੰਜਾਬ ਤਰੱਕੀ ਕਰ ਗਿਆ ਹੈ । ਪਿਛਲੇ ਚਾਰ-ਪੰਜ ਸਾਲਾਂ ਵਿੱਚ ਜੋ ਥੋੜ੍ਹੇ ਜਿਹੇ ਟੈਕਸ ਵਧੇ ਹਨ, ਇਹ ਇਸ ਕਰਕੇ ਕਿਉਂਕਿ ਪੰਜਾਬ ਦੀ ਪਰ-ਕੈਪਿਟਾ ਇਨਕਮ ਚੌਥੇ-ਪੰਜਵੇਂ ਨੰਬਰ ਤੇ ਆ ਗਈ ਹੈ । ਸੈਂਟਰ ਤੋਂ ਥੋੜ੍ਹੀ ਜਿਹੀ ਮਾਰਜੀਨਲੀ ਇੰਪਰੂਵਮੈਂਟ ਉਸ ਵਿੱਚ ਵੀ ਹੋਈ ਹੈ । ਸਪੀਕਰ ਸਾਹਿਬ, ਤੀਸਰੀ ਗੱਲ ਜਿਹੜੀ ਮੈਂ ਲੀਡਰ ਆਫ ਦਿ ਆਪੋਜੀਸ਼ਨ ਦੀ ਕਹਿਣੀ ਚਾਹੁੰਦਾ ਹਾਂ, ਉਹ ਕਰਜ਼ੇ ਦੀ ਗੱਲ ਹੈ । ਨਾਭਾ ਸਾਹਿਬ ਨੇ ਥੋੜ੍ਹੀ ਦੇਰ ਪਹਿਲਾਂ ਇਸ ਦਾ ਜ਼ਿਕਰ ਕੀਤਾ ਸੀ Once for all we want to settle this. ਇਹ ਕਰਜ਼ਾ ਇਨਸਰਜੈਂਸੀ, ਅੱਤਵਾਦ ਵੇਲੇ ਹੋਇਆ ਹੈ । ਸਪੀਕਰ ਸਾਹਿਬ, ਇਸ ਦੀ ਦਾਸਤਾਨ ਥੋੜ੍ਹੀ ਲੰਬੀ ਹੈ । ਮੈਂ ਕਿਉਂਕਿ ਟਾਈਮ ਘੱਟ ਹੈ ਇਸ ਕਰਕੇ ਇਸ ਵਿੱਚ ਮੈਂ ਨਹੀਂ ਜਾਣਾ ਚਾਹੁੰਦਾ । ਸਪੀਕਰ ਸਾਹਿਬ, 11ਵੇਂ ਫਾਈਨਾਂਸ ਕਮਿਸ਼ਨ ਦੀ ਰਿਪੋਰਟ ਹੈ, ਉਸ ਵਿੱਚ ਲਿਖਿਆ ਹੈ : Speaker Sahib, the 11th Finance Commission report mentions that the issue of waiver of repayment of special term loan granted to the State of Pb. during 1984-85 to 1993-94 for combating insurgency, militancy in the State was discussed between the Prime Minister and the Chief Minister on 18-7-1993 and 8th of September, 1997. The Finance Minister attended the meeting on the 8th. The Chief Minister of Punjab

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]
explained that owing to the increase in cost incurred by the State during the period under reference and for combating insurgency and militancy beyond the normal law and order maintenance, special loans had been sanctioned to enable the State to supplement its depleted internal recources. Therefore as these loans had been occasioned by extraordinary circumstances the State should not be burdened with these repayments. 1997 ਦੇ ਵਿਚ ਉਥੇ ਫੈਸਲਾ ਹੋਇਆ ਕਿ the repayment obligation of the State of Punjab for the balance unpaid instalments of principal and interest. ਉਸ ਤੋਂ ਪਹਿਲਾਂ ਤਾਂ ਇੰਟਰਸਟ ਵੀ ਅਤੇ ਪ੍ਰਿੰਸੀਪਲ ਵੀ ਦਿੰਦੇ ਰਹੇ । ਉਹ ਕਹਿੰਦੇ ਕਿ Principal and interest for the years 1997-98 and 1999-2000 is waived by the Govt. of India. ਇਹ ਤਿੰਨ ਸਾਲਾਂ ਦਾ ਸਪੀਕਰ ਸਾਹਿਬ, ਇਨ੍ਹਾਂ ਨੇ ਵੇਵ ਕਰ ਦਿੱਤਾ। ਉਸ ਤੋਂ ਇਲਾਵਾ ਕੀ ਕਿਹਾ the decision of the Govt. of India to waive special term loan granted to Punjab from so and so for combating militancy in the State shall be suitably conveyed to the 11th Finance Commission for making appropriate recommendations. ਸਪੀਕਰ ਸਾਹਿਬ, 11 ਵੇਂ ਫਾਈਨਾਂਸ ਕਮਿਸ਼ਨ ਨੂੰ ਇਨ੍ਹਾਂ ਨੇ ਦੇ ਦਿੱਤਾ। 11 ਵੇਂ ਫਾਈਨਾਂਸ ਕਮਿਸ਼ਨ ਨੇ ਕੀ ਕੀਤਾ, ਉਸ ਨੇ ਮੋਰੇਟੋਰੀਅਮ ਦੇ ਦਿਤਾ ਕਿ ਅੱਜ ਤੋਂ ਬਾਅਦ ਪੰਜਾਬ ਇਸ ਲੋਨ ਦੀ, ਇੰਟਰਸਟ ਦੀ ,ਪ੍ਰਿੰਸੀਪਲ ਦੀ ਅਦਾਇਗੀ ਨਹੀਂ ਕਰੇਗਾ। ਇਹ ਉਸ ਨੇ ਕਹਿ ਦਿੱਤਾ । ਫੇਰ 12 ਵੇਂ ਫਾਈਨਾਂਸ ਕਮਿਸ਼ਨ ਨੇ ਕਿਉਂਕਿ ਇਹ ਕਰਜ਼ਾ ਕਾਗਜ਼ਾਂ ਵਿੱਚ ਖੜ੍ਹਾ ਸੀ ਭਾਵੇਂ ਉਸਦਾ ਵਿਆਜ ਨਹੀਂ ਦਿੱਤਾ ਸੀ, ਉਸ ਨੇ ਲਿਖਿਆ ਹੈ we recommend that the moratorium on repayment of interest payments on these loans may continue for another two years, ਉਨ੍ਹਾਂ ਨੇ ਦੋ ਸਾਲਾਂ ਦਾ ਹੋਰ ਦੇ ਦਿੱਤਾ । ਕਦੋਂ ਤੱਕ ਸੀ 2006-07 ਤੱਕ । ਫੇਰ ਉਹ ਕਹਿੰਦੇ ਹਨ ਕਿ within which time the Central Govt. must finalise the quantum of relief, debt relief to be allowed. ਇਹ 2006-07 ਕਈ ਸਾਲਾਂ ਦਾ ਚਲਿਆ ਆ ਰਿਹਾ ਸੀ it was accounting procedure but then it is got to be waived off. ਇਸ ਮਸਲੇ ਵਿੱਚ ਜੋਂ ਬਾਦਲ ਸਾਹਿਬ ਨੇ , ਗੁਜਰਾਲ ਸਾਹਿਬ ਨਾਲ ਸ਼ੁਰੂ ਕੀਤਾ ਇਹ ਤਕਰੀਬਨ ਇਸ ਦਾ ਕੋਈ 10 ਸਾਲ ਦਾ ਅਰਸਾ ਲਿਆ ਗਿਆ but it got waived off. ਮੈਂ ਕਹਿੰਦਾ ਹਾਂ ਇਸ ਵਿੱਚ ਸਾਰਿਆਂ ਦਾ ਹਿੱਸਾ ਸੀ । ਇਹ ਨਹੀਂ ਕਹਿ ਸਕਦੇ ਮੈਂ ਕਰਿਆ, ਉਨ੍ਹਾਂ ਨੇ ਕਰਿਆ । ਇਹ ਠੀਕ ਹੈ ਕਿ ਗੁਜਰਾਲ ਸਾਹਿਬ ਨੇ ਪੰਜਾਬ ਦਾ ਮੁਕੱਦਮਾ ਸੁਣਿਆ ਸੀ । (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿਗ) ਉਹ ਬਸਤੇ ਵਿੱਚ ਪਾ ਦਿੱਤਾ । ਇਹ ਮਾਫ਼ ਹੋਣਾ ਹੀ ਹੋਣਾ ਸੀ। ਸਪੀਕਰ ਸਾਹਿਬ, ਇਹ ਖੁਸ਼ੀ ਦੀ ਗੱਲ ਹੈ ਕਿਸੇ ਨੇ ਵੀ ਕੀਤਾ, ਇਹ ਮਾਫ਼ ਹੋਇਆ। ਇਸੇ ਤਰ੍ਹਾਂ ਲੀਡਰ ਆਫ਼ ਦਿ ਆਪੋਜੀਸ਼ਨ ਨੇ ਮਸਲਾ ਚੁੱਕਿਆ ਸੀ ਕਿ ਬਜਟ ਵਿੱਚ ਐਨ.ਆਰ.ਆਈਜ਼ ਦਾ ਪੰਜਾਬ ਦੀ ਤਰੱਕੀ ਵਿੱਚ ਬਹੁਤ ਵੱਡਾ ਹਿੱਸਾ ਹੈ । ਚੀਨ ਦੀ

Original with;
Punjab Vidhan Sabha
Digitized by;
Panjab Digital Library

ਤਰੱਕੀ ਹੋਈ ਹੈ ਤਾਂ ਉਹ ਓਵਰਸੀਜ਼ ਚਾਈਨੀਜ਼ ਨੇ ਕੀਤੀ ਹੈ । ਇਨ੍ਹਾਂ ਨੇ ਕਿਹਾ ਹੈ ਕਿ ਇਸ ਵਿੱਚ ਬਹੁਤ ਘੱਟ ਪੈਸਾ ਰੱਖਿਆ ਹੈ ਇਕ ਕਰੋੜ ਰੁਪਿਆ । ਇਹ ਆਪ ਹਾਜ਼ਰ ਨਹੀਂ ਸੀ ਜਦੋਂ ਮੈਂ ਬਜਟ ਪੜ੍ਹ ਰਿਹਾ ਸੀ । ਮੈਂ ਮੋਹਤਰਮਾ ਨੂੰ ਦੱਸਣਾ ਚਾਹੁੰਦਾ ਸੀ ਮੈਂ ਉਸ ਵੇਲੇ ਕਿਹਾ ਸੀ ਕਿ ਪਿਛਲੇ ਦੋ ਸਾਲਾਂ ਵਿੱਚ ਇਹ ਫ਼ੰਡ ਯੂਟੇਲਾਈਜ਼ ਨਹੀਂ ਹੋਇਆ ਸੀ । ਪਿਛਲੀਆਂ ਸਰਕਾਰਾਂ ਇਕ ਕਰੋੜ ਰੱਖਦੀਆਂ ਰਹੀਆਂ ਹਨ but nobody came forward to take this money. ਇਹ ਜਿਹੜਾ ਇਕ ਕਰੋੜ ਰੱਖਿਆ ਹੈ ਇਹ ਸਿਰਫ਼ ਟੋਕਨ amount ਹੈ। ਇਸ ਉਪਰ ਕੋਈ ਲਿਮਟ ਨਹੀਂ ਹੈ। ਜੇਕਰ ਕੋਈ ਐਨ.ਆਰ.ਆਈ. ਆਉਂਦਾ ਹੈ ਕਿ ਮੈਂ 10 ਕਰੋੜ ਲਗਾਉਣਾ ਹੈ, 50 ਕਰੋੜ ਲਗਾਉਣਾ ਹੈ, 100 ਕਰੋੜ ਲਗਾਉਣਾ ਹੈ ਤਾਂ ਸਪੀਕਰ ਸਾਹਿਬ, ਉਸ ਨੂੰ 50 ਕਰੋੜ, 100 ਕਰੋੜ ਵੀ ਦਿੱਤਾ ਜਾ ਸਕਦਾ ਹੈ। (ਥੰਪਿੰਗ) So, we would welcome it. ਇੰਨੀ ਵੱਡੀ ਪ੍ਰੋਵੀਜ਼ਨ ਰੱਖਣਾ ਇਸ ਦਾ ਫਾਇਦਾ ਨਹੀਂ ਲੱਗਿਆ । ਹੋ ਸਕਦਾ ਹੈ ਦੋ ਸਾਲ ਨਾ ਆਵੇ ਤੇ ਜੇ ਆਵੇ ਤਾਂ ਇਕੱਠਾ 100 ਕਰੋੜ ਵਾਲਾ ਆ ਜਾਵੇ। ਉਨ੍ਹਾਂ ਨੇ ਫੁਰਮਾਇਆ ਹੈ ਕਿ revamp of the financial organisations like PSIDC, PSIEC ਹੋਰ ਵੀ ਇਨ੍ਹਾਂ ਨੇ ਗੱਲ ਕੀਤੀ । This point is conceded. ਇਹ ਠੀਕ ਹੈ ।

ਸਪੀਕਰ ਸਾਹਿਬ, ਇਨ੍ਹਾਂ ਨੇ ਦਰੁਸਤ ਫੁਰਮਾਇਆ ਹੈ ਕਿ ਆਉਣ ਵਾਲੇ ਸਾਲਾਂ ਦੇ ਵਿੱਚ ਜਿੰਨੀਆਂ ਵੀ ਪੰਜਾਬ ਦੀਆਂ ਕਾਰਪੋਰੇਸ਼ਨਾਂ ਹਨ, ਇਨ੍ਹਾਂ ਦੀ ਕੋਈ ਨਾ ਕੋਈ ਰੈਸ਼ਨੇਲਾਈਜ਼ੇਸ਼ਨ ਕਰਨ ਦੀ ਜ਼ਰੂਰਤ ਹੈ । ਅਸੀਂ ਇਨ੍ਹਾਂ ਦੀ ਇਸ ਤਜਵੀਜ਼ ਦਾ ਸਵਾਗਤ ਕਰਦੇ ਹਾਂ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਇਨ੍ਹਾਂ ਨੇ ਗੱਲਾਂ ਕੀਤੀਆਂ ਹਨ ਕਿ ਟੈਕਨੀਕਲ ਐਜੂਕੇਸ਼ਨ ਅਤੇ ਇੰਪਲਾਇਮੈਂਟ ਜੈਨਰੇਸ਼ਨ ਬਾਰੇ । ਇੰਪਲਾਇਮੈਂਟ ਜੈਨਰੇਸ਼ਨ ਦਾ ਤਾਂ ਨਵਾਂ ਮਹਿਕਮਾ ਹੈ । ਉਸ ਦੇ ਵਾਸਤੇ 15 ਕਰੋੜ ਰੁਪਏ ਰੱਖੇ ਹਨ । ਅਸੀਂ ਟੈਕਨੀਕਲ ਐਜੂਕੇਸ਼ਨ ਵਾਸਤੇ ਵੀ ਪਿਛਲੇ ਸਾਲ ਨਾਲੋਂ 40 ਫੀਸਦੀ ਦਾ ਇਜ਼ਾਫਾ ਕੀਤਾ ਹੈ । ਇਸ ਦੀ ਵਜ੍ਹਾ ਇਹ ਹੈ ਕਿ ਕਿਉਂਕਿ ਅਸੀਂ ਸੋਚਦੇ ਹਾਂ ਕਿ ਪੰਜਾਬ ਦਾ ਭਵਿੱਖ ਉਜਵੱਲ ਹੋਵੇ, ਜਿਵੇਂ ਕਿ ਮੇਰੇ ਤੋਂ ਪਹਿਲਾਂ ਵੀ ਮਾਨਯੋਗ ਮੈਂਬਰ ਸਾਹਿਬਾਨ ਨੇ ਕਿਹਾ ਹੈ । ਸਾਨੂੰ ਆਪਣੇ ਬੱਚਿਆਂ ਨੂੰ ਟੈਕਨੀਕਲੀ equip ਕਰਨਾ ਪਵੇਗਾ । ਬਜਟ ਦੀਆਂ ਫਿਗਰਜ਼ ਤੋਂ ਇਲਾਵਾ ਇਸ ਸਾਲ ਸਾਨੂੰ ਪਲਾਨਿੰਗ ਕਮਿਸ਼ਨ ਨੇ 125 ਕਰੋੜ ਰੁਪਏ ਸਕਿਲਡ ਡਿਵੈਲਪਮੈਂਟ ਵਾਸਤੇ ਦੇਣੇ ਹਨ । It is huge. ਇਹ ਸਿਰਫ ਸਕਿਲਡ ਡਿਵੈਲਪਮੈਂਟ ਵਾਸਤੇ ਦੇਣੇ ਹਨ । 10+2 ਦੇ ਬੱਚੇ ਜਿਹੜੇ ਸਕੂਲ ਛੱਡਦੇ ਹਨ, ਫਾਰਮਰਜ਼, ਖੇਤ ਮਜ਼ਦੂਰ ਅਤੇ ਜਿਹੜਾ ਵੀ ਕੋਈ ਵਿਅਕਤੀ ਪੰਜਾਬ ਦਾ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਸਕਿਲਡ ਡਿਵੈਲਪਮੈਂਟ ਕਰਨੀ ਚਾਹੁੰਦਾ ਹੈ, ਇਹ ਉਨ੍ਹਾਂ ਲਈ ਹਨ । ਇਸ ਦੇ ਨਾਲ-ਨਾਲ ਸਾਨੂੰ ਨਾਬਾਰਡ ਨੇ ਵੀ ਕਿਹਾ ਹੈ ਕਿ ਜਿਹੜੀਆਂ ਐਕਜਿਸਟਿੰਗ ਆਈ.ਟੀ.ਆਈਜ਼ ਜਾਂ ਪੌਲੀਟੈਕਨਿਕਸ ਹਨ, ਉਨ੍ਹਾਂ ਵਾਸਤੇ 80 ਕਰੋੜ ਰੁਪਏ ਦੇਣੇ ਹਨ, ਇਹ ਫਿਗਰਜ਼ ਬਜਟ ਦੇ ਵਿੱਚ ਨਹੀਂ ਹਨ । ਪਰ ਇਸ ਦੇ ਨਾਲ ਪੰਜਾਬ ਦੇ ਵਿੱਚ ਟੈਕਨੀਕਲ ਐਜੂਕੇਸ਼ਨ ਸਟਰੈਂਥਨ ਹੋਵੇਗੀ । (ਥੰਪਿੰਗ)

ਸਪੀਕਰ ਸਾਹਿਬ, ਇਹ ਗੱਲ ਇੱਥੇ ਆਈ ਹੈ ਕਿ ਰਿਲਾਇੰਸ, ਭਾਰਤੀ ਅਤੇ ਕੁਆਰਕ ਵਰਗੀਆਂ ਜਿਹੜੀਆਂ ਕੰਪਨੀਆਂ ਹਨ, ਇਹ ਇਨ੍ਹਾਂ ਦੇ ਵੇਲੇ ਵਿੱਚ ਆਈਆਂ । ਅਸੀਂ ਕਿਸੇ ਵੇਲੇ ਇਨ੍ਹਾਂ ਦੀ ਮੁਖਾਲਫ਼ਤ ਵੀ ਕੀਤੀ ਸੀ ਪਰ ਇਸ ਦੇ ਵੀ ਕੁਝ ਕਾਰਨ ਸਨ । ਇਹ ਗੱਲ ਨਹੀਂ ਹੈ । ਭਾਵੇਂ ਭਾਰਤੀ, ਕੁਆਰਕ ਜਾਂ ਰਿਲਾਇੰਸ ਜੋ ਵੀ ਕੰਪਨੀਆਂ ਹਨ, ਇਹ ਬੜੀਆਂ ਮਸ਼ਹੂਰ ਕੰਪਨੀਆਂ ਹਨ, ਇਹ ਹਿੰਦੁਸਤਾਨ ਦੀਆਂ ਰਿਸਪੈਕਟਿਡ ਕੰਪਨੀਆਂ ਹਨ । ਇਨ੍ਹਾਂ ਦਾ ਵਿਰੋਧ ਕਰਨਾ ਤਾਂ ਦੂਰ ਦੀ ਗੱਲ ਹੈ, ਉਸ ਵੇਲੇ ਸਾਡਾ ਵਿਰੋਧ ਸੀ ਕਿ ਜੋ ਪੰਜਾਬ ਸਰਕਾਰ ਦੀ ਪਾਲਿਸੀ ਹੈ, ਉਹ ਪਿੱਕ ਐਂਡ ਚੂਜ਼ ਦੀ ਹੈ, ਬਲਕਿ ਅਸੀਂ ਇਸ ਨੂੰ ਪਿੱਕ ਐਂਡ ਚੂਜ਼ ਵੀ ਨਹੀਂ ਕਹਿ ਸਕਦੇ, ਇਹ ਤਾਂ ਫਸਟ ਕਮ, ਫਸਟ ਪਾਓ ਦੀ ਪਾਲਿਸੀ ਸੀ । ਅਸੀਂ ਉਸ ਵੇਲੇ ਕਹਿ ਰਹੇ ਸੀ ਕਿ ਸਾਰੀ ਪਾਲਿਸੀ ਟਰਾਂਸਪੇਰੈਂਟ ਹੋਣੀ ਚਾਹੀਦੀ ਹੈ । ਇਹ ਕੰਪਨੀਆਂ ਤਾਂ ਬਹੁਤ ਵੱਡੀਆਂ ਹਨ, ਮੈਂ ਤਾਂ ਕਹਿੰਦਾ ਹਾਂ ਕਿ ਪੰਜਾਬ ਵਿੱਚ ਭਾਵੇਂ ਕੋਈ ਵੀ ਕੰਪਨੀ ਆਵੇ, ਕੋਈ ਦਰਮਿਆਨੀ ਕੰਪਨੀ ਵੀ ਇੱਥੇ ਆਵੇ ਤਾਂ ਮੈਂ ਹੱਥ ਬੰਨ ਕੇ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੋ ਜਾਵਾਂਗਾ । We will welcome any investment in Punjab and we will ensure that these companies are encouraged, they are facilitated.

ਸਪੀਕਰ ਸਾਹਿਬ, ਇਸ ਤੋਂ ਇਲਾਵਾ ਇੱਥੇ ਇਹ ਵੀ ਕਿਹਾ ਗਿਆ ਹੈ ਕਿ ਮੈਡੀਕਲ ਕਾਲਜਾਂ ਵਾਸਤੇ 25 ਕਰੋੜ ਰੁਪਿਆ ਜੋ ਰੱਖਿਆ ਗਿਆ ਹੈ, ਇਹ ਬਹੁਤ ਥੋੜ੍ਹਾ ਹੈ, ਘੱਟ ਹੈ । ਠੀਕ ਹੈ, ਮੈਂ ਵੀ ਮੰਨਦਾ ਹਾਂ ਕਿ ਇਹ ਪੈਸਾ ਘੱਟ ਹੈ । ਪਰ ਪਿਛਲੇ ਸਾਲ ਵਿੱਚ ਤਾਂ ਸਿਰਫ ਇਸ ਦੇ ਲਈ ਪੰਜ ਕਰੋੜ ਰੁਪਏ ਰੱਖੇ ਸੀ । ਸਪੀਕਰ ਸਾਹਿਬ, ਪੰਜਾਬ ਦੇ ਮੈਡੀਕਲ ਕਾਲਜਿਜ਼ ਅਤੇ ਡੈਂਟਲ ਇੰਸਟੀਚਿਊਟਸ ਨੂੰ ਵਰਲਡ ਕਲਾਸ ਬਣਾਉਣ ਵਾਸਤੇ ਸਾਨੂੰ ਤਕਰੀਬਨ ਇਕ ਹਜ਼ਾਰ ਕਰੋੜ ਰੁਪਏ ਦੀ ਲੋੜ ਹੈ । 25 ਕਰੋੜ ਰੁਪਏ ਦੇ ਨਾਲ ਮੈਂ ਮੰਨਦਾ ਹਾਂ ਕਿ ਕੁਝ ਵੀ ਨਹੀਂ ਹੋ ਸਕਦਾ । ਅਸੀਂ ਇਕ ਸਟਰੈਟਜੀ ਬਣਾ ਰਹੇ ਹਾਂ ਕਿ ਮੈਡੀਕਲ ਕਾਲਜਾਂ ਅਤੇ ਡੈਂਟਲ ਕਾਲਜਿਜ਼ ਨੂੰ ਵਨ ਟਾਈਮ ਫੰਡਿੰਗ ਹੋ ਜਾਵੇ । ਜੋ ਅਸੀਂ ਹੁਣ ਪੀਸ-ਮੀਲ ਪੰਜ-ਪੰਜ ਜਾਂ ਦੋ-ਦੋ ਕਰੋੜ ਰੁਪਏ ਦੇ ਰਹੇ ਹਾਂ, ਇਸ ਦੀ ਬਜਾਏ ਇਕੋ ਦਮ ਸਾਰੀ ਰਾਸ਼ੀ ਮੁਹੱਈਆ ਕਰਵਾਈ

Original with;
Punjab Vidhan Sabha
Digitized by;
Panjab Digital Library

ਜਾਵੇ। I will give you the happy news before the next Budget Session. ਇਨ੍ਹਾਂ ਚੀਜ਼ਾਂ ਵਾਸਤੇ ਅਸੀਂ ਅੱਗੇ ਜਾ ਕੇ ਕਾਫ਼ੀ ਜ਼ਿਆਦਾ ਪੈਸਾ ਰੱਖਣਾ ਹੈ । (ਥੰਪਿੰਗ)

ਸਪੀਕਰ ਸਾਹਿਬ, ਇਸੇ ਤਰ੍ਹਾਂ ਬਾਬਾ ਫਰੀਦ ਯੂਨੀਵਰਸਿਟੀ ਦੀ ਗੱਲ ਹੋਈ । ਪਿਛਲੇ ਸਾਲ ਇਸ ਵਾਸਤੇ ਪੈਸਾ ਨਿੱਲ ਸੀ । ਐਤਕੀਂ 8 ਕਰੋੜ ਰੁਪਏ ਰੱਖੇ ਹਨ । ਮੈਂ ਮੰਨਦਾ ਹਾਂ ਕਿ ਇਹ ਰਾਸ਼ੀ ਘੱਟ ਹੈ । ਇਹ ਜ਼ਿਆਦਾ ਹੋਣੀ ਚਾਹੀਦੀ ਸੀ । ਪਰ ਮਜਬੂਰੀ ਵੀ ਹੈ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਇਹ ਗੱਲ ਕਹੀ ਸੀ ਕਿ 10 ਕਰੋੜ ਰੁਪਏ ਅਰਬਨ ਜਾਂ ਰੂਰਲ ਹਾਊਸਿੰਗ ਵਾਸਤੇ ਰੱਖੇ ਹਨ । ਇਹ ਇਸ ਵਾਰੀ ਇਕ ਨਵੀਂ ਸਕੀਮ ਹੈ । ਜੋ ਸੈਂਟਰ ਦੀਆਂ ਸਕੀਮਾਂ ਹਨ, ਇਹ ਉਨ੍ਹਾਂ ਤੋਂ ਇਲਾਵਾ ਹੈ । This is apart from the Indira Awas Yojna. ਅਸੀਂ ਇਕ ਮੋਡੈਸਟ ਤਰੀਕੇ ਨਾਲ ਇਸ ਨੂੰ ਸ਼ੁਰੂ ਕੀਤਾ ਹੈ ।

ਸਪੀਕਰ ਸਾਹਿਬ, ਮੈਂ ਸੋਚਦਾ ਹਾਂ ਕਿ 10 ਹਜ਼ਾਰ ਕਰੋੜ ਰੁਪਏ ਦੀ ਬਿਜਲੀ ਪਿਛਲੇ ਸਮਿਆਂ ਦੇ ਵਿੱਚ ਖਰੀਦੀ ਸੀ । ਮੈਂ ਜਦੋਂ ਉਸ ਪਾਸੇ (ਵਿਰੋਧੀ ਧਿਰ ਵਿੱਚ) ਬਹਿੰਦਾ ਸੀ ਤਾਂ ਮੈਂ ਉਦੋਂ ਵੀ ਕਿਹਾ ਸੀ ਕਿ I do not understand the economic rationale. ਜਿਸ 10 ਹਜ਼ਾਰ ਕਰੋੜ ਰੁਪਏ ਦੇ ਨਾਲ ਅਸੀਂ ਪੰਜਾਬ ਵਾਸਤੇ ਬਿਜਲੀ ਖਰੀਦੀ, ਉਸ ਪੈਸੇ ਨਾਲ ਅਸੀਂ ਆਪਣੇ ਪਾਵਰ ਪਲਾਂਟ ਕਿਉਂ ਨਹੀਂ ਲਗਾਏ ?

ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਲੀਡਰ ਸਾਹਿਬਾਨ ਨੇ ਸਾਰਿਆਂ ਨੂੰ ਛੱਡ ਕੇ ਮੈਨੂੰ ਇਕੱਲੇ ਨੂੰ ਟਾਰਗੈੱਟ ਕੀਤਾ ਹੈ ਕਿ ਨਸਵਾਰ ਦਾ ਮਸਲਾ..... (ਹਾਸਾ)......... ਮੈਂ ਦੋ-ਤਿੰਨ ਦਿਨਾਂ ਦਾ ਪਛਤਾਈ ਵੀ ਜਾਂਦਾ ਹਾਂ ਕਿ ਨਸਵਾਰ ਦੀ ਕਿਹੜੀ ਗੱਲ ਹੈ । ਸਾਡੇ ਗਿੱਦੜਬਾਹਾ ਸ਼ਹਿਰ ਦੇ ਵਿੱਚ ਤਕਰੀਬਨ ਤਿੰਨ ਚਾਰ ਹਜ਼ਾਰ ਪਰਿਵਾਰ ਜਿਹੜੇ ਹਨ, ਉਹ ਨਸਵਾਰ ਤੇ ਪਲਦੇ ਹਨ । ਠੀਕ ਹੈ, ਨਸਵਾਰ ਸਾਡੇ ਵਾਸਤੇ ਹਰਾਮ ਹੈ । ਪਰ ਮੈਂ ਗਿੱਦੜਬਾਹੇ ਹਲਕੇ ਦੀ ਨੁਮਾਇੰਦਗੀ ਕਰਦਾ ਹਾਂ । ਸਪੀਕਰ ਸਾਹਿਬ, ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ ਅਤੇ ਹੌਲੀ-ਹੌਲੀ ਇਹ ਇੰਡਸਟਰੀ ਖਤਮ ਹੋ ਜਾਵੇਗੀ ਅਤੇ ਜੇਕਰ ਅਸੀਂ ਛੋਟ ਦੇ ਵੀ ਦੇਈਏ ਕਿਉਂਕਿ 3000-4000 ਪਰਿਵਾਰਾਂ ਦੀ ਰੋਜ਼ੀ ਰੋਟੀ ਦਾ ਸਵਾਲ ਹੈ ਅਤੇ ਸਰਕਾਰ ਨੂੰ ਇਸ ਦਾ 12 ਲੱਖ ਦਾ ਲੌਸ ਹੈ । ਇਹ ਜ਼ਿਆਦਾ ਨਹੀਂ ਹੈ । ਮੇਰੀ ਉਸ ਲਹਿਜ਼ੇ ਵਿੱਚ ਗੱਲ ਕਰਨ ਦੀ ਆਦਤ ਨਹੀਂ ਪਰ ਤੁਸੀਂ ਸੋਚੋ ਕਿ ਪਿਛਲੀ ਸਰਕਾਰ ਨੇ ਡਿਸਟੀਲਰੀਜ਼ ਵਾਸਤੇ, ਜਿਹੜੀ ਕਿ ਨੌਨ ਪ੍ਰਾਉਰਿਟੀ ਅਤੇ ਪੋਲਯੂਟਿੰਗ ਇੰਡਸਟਰੀ ਸੀ ਉਸ ਨੂੰ 230

Original with;
Punjab Vidhan Sabha
Digitized by;
Punjab Digital Library

[ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ]

ਕਰੋੜ ਰੁਪਏ ਦੇ ਐਕਸਾਈਜ਼ ਕੰਸੈਸ਼ਨਜ਼ ਦਿੱਤੇ । 230 ਕਰੋੜ ਰੁਪਏ ਦੇ ਮੁਕਾਬਲੇ ਤਾਂ ਇਹ ਕੁਝ ਵੀ ਨਹੀਂ ਅਤੇ ਜੇਕਰ ਕਿਸੇ ਦਾ ਰੁਜ਼ਗਾਰ ਬਚਦਾ ਹੋਵੇ ਤਾਂ ਇਸ ਲਈ ਮੈਂ ਦਰਖ਼ਾਸਤ ਕਰਾਂਗਾ ਕਿ ਔਖੇ-ਸੌਖੇ you please bear with this. ਇਸੇ ਤਰ੍ਹਾਂ ਢਾਂਡਾ ਸਾਹਿਬ ਮੇਰੇ ਬੜੇ ਕਾਬਿਲ ਸਾਥੀ ਹਨ ਅਤੇ ਬੜੇ ਦਿਲਚਸਪ ਅੰਦਾਜ਼ ਵਿੱਚ ਗੱਲ ਕਰਦੇ ਹਨ, ਇਨ੍ਹਾਂ ਨੇ ਗੱਲ ਕਹੀ ਸੀ ਕਿ ਐਗਰੀਕਲਚਰ ਯੂਨੀਵਰਸਿਟੀ ਵਾਸਤੇ ਅਤੇ ਜਿਹੜੀ ਵੈਟਰਨਰੀ ਯੂਨੀਵਰਸਿਟੀ ਹੈ, ਉਸ ਵਿੱਚ ਰਿਸਰਚ ਵਾਸਤੇ ਕੁਝ ਨਾ ਕੁਝ ਰੱਖਣਾ ਚਾਹੀਦਾ ਸੀ । ਅਸੀਂ ਉਨ੍ਹਾਂ ਨੂੰ ਪਿਛਲੇ ਸਾਲਾਂ ਵਿੱਚ ਮਿਲਦੀ ਬਲਕ ਗਰਾਂਟ ਜਿਹੜੀ ਕਿ 80 ਕਰੋੜ ਦੀ ਸੀ, ਉਸ ਨੂੰ 100 ਕਰੋੜ ਕਰ ਦਿੱਤਾ ਹੈ । ਸਪੀਕਰ ਸਾਹਿਬ, ਸਾਡੀ ਇਹ ਵੀ ਤਜਵੀਜ਼ ਸੀ ਅਤੇ ਅਖਬਾਰਾਂ ਵਿੱਚ ਵੀ ਤੁਸੀਂ ਪੜ੍ਹਿਆ ਹੋਣਾ ਹੈ ਕਿ 1 ਰੁਪਿਆ ਜੇਕਰ ਫੂਡਗਰੇਨ ਤੇ ਸੈੱਸ ਲੱਗ ਜਾਵੇ ਤਾਂ ਇਸ ਨਾਲ 70-80 ਕਰੋੜ ਰੁਪਿਆ ਇਕੱਠਾ ਹੁੰਦਾ ਹੈ ਪਰ ਸਾਡੀ ਮੁਸ਼ਕਿਲ ਇਹ ਸੀ ਕਿ we don't have the enabling legislation to capture that One Rupee. ਅਤੇ ਜੇਕਰ ਇਹ 80 ਕਰੋੜ ਆਉਂਦਾ ਤਾਂ ਅਸੀਂ ਇਹ ਸੋਚਿਆ ਸੀ ਕਿ 40 ਕਰੋੜ ਅਸੀਂ ਸਪੈਸੀਫੀਕਲੀ ਰਿਸਰਚ ਵਾਸਤੇ ਲਗਾਉਣਾ ਸੀ । ਇਹ ਇਨਫਰਾਸਟਰੱਕਚਰ, ਤਨਖਾਹਾਂ ਜਾਂ ਨੌਕਰੀਆਂ ਲਈ ਨਹੀਂ ਅਤੇ ਜੇ ਫਿਰ ਬਚ ਜਾਵੇ ਤਾਂ ਅਗਲੇ ਸਾਲ ਦੀ ਰਿਸਰਚ ਵਿੱਚ ਕੰਮ ਆਉਣਾ ਸੀ ਤਾਂਕਿ ਇਕ ਕਾਰਪਸ ਬਣਦਾ ਜਾਵੇ । ਕੋਈ ਹੋਰ ਸਟਰੈਟੇਜੀ ਸੋਚਾਂਗੇ ਜਿਵੇਂ ਕੋਈ ਨਵਾਂ ਕਾਨੂੰਨ ਵਗੈਰਾ ਤਾਂ ਕਿ ਇਹ ਸਾਡੇ 2 ਨਾਂ ਪੰਜਾਬ ਵਿੱਚ "ਵੈਟਰਨਰੀ ਅਤੇ ਐਗਰੀਕਲਚਰ" ਇਨ੍ਹਾਂ ਤੇ ਫੰਡਾਂ ਦੀ ਘਾਟ ਨਹੀਂ ਲਿਆਈ ਜਾਵੇਗੀ । ਮੈਂ ਢਾਂਡਾ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ, ਇਨਾਂ ਨੇ 25,000 ਕਰੋੜ ਦੀ ਗੱਲ ਕੀਤੀ ਹੈ ਇਨ੍ਹਾਂ ਨੂੰ ਐਸ਼ਯੋਰ ਕਰਦਾ ਹਾਂ ਕਿ ਜਿਹੜਾ ਗੌਰਮਿੰਟ ਆਫ਼ ਇੰਡੀਆ ਨੇ 25,000 ਕਰੋੜ ਰੱਖਿਆ ਹੈ ਐਗਰੀਕਲਚਰ ਵਾਸਤੇ Punjab is going to be first on the block. ਜੇਕਰ ਅਫ਼ਸਰਾਂ ਦੀ ਗੈਲਰੀ ਵਿੱਚ ਕੋਈ ਕੁਰਸੀਆਂ ਖਾਲੀ ਪਈਆਂ ਹਨ ਤਾਂ ਇਹ ਸਮਝੋ ਕਿ ਉਹ ਇਸ ਸਕੀਮ ਤੇ ਕੰਮ ਕਰ ਰਹੇ ਹਨ । ਦੂਸਰਾ ਸਪੀਕਰ ਸਾਹਿਬ, ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਆਈ.ਟੀ. ਵਾਸਤੇ ਘੱਟ ਰੱਖਿਆ ਹੈ 2.5 ਕਰੋੜ ਤੋਂ 22 ਕਰੋੜ ਕੀਤਾ ਹੈ, ਮੈਂ ਐਗਰੀ ਕਰਦਾ ਹਾਂ ਕਿ 22 ਕਰੋੜ ਵੀ ਘੱਟ ਹੈ May be next year we can come up with some higher figure.

---

EXTENSION OF THE TIME OF THE SITTING

**ਮਾਨਯੋਗ ਸਪੀਕਰ** : ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦਾ ਜ਼ਵਾਬ ਪੂਰਾ ਹੋਣ ਤੱਕ ਹਾਊਸ ਦਾ ਟਾਈਮ ਵਧਾ ਦਿੱਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਆਵਾਜ਼ਾਂ** : ਹਾਂ ਜੀ, ਹਾਂ ਜੀ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਨੇ ਬੋਲਣਾ ਹੈ, ਚਾਹੇ ਉਹ ਇਕ ਘੰਟਾ ਬੋਲਣ ਜਾਂ ਡੇਢ ਘੰਟਾ ਬੋਲਣ ਪਰ ਤੁਸੀਂ ਸਾਡੀ ਬੇਨਤੀ ਨਹੀਂ ਮੰਨੀ ਅਤੇ ਅਨਾਊਂਸਮੈਂਟ ਕਰ ਦਿੱਤੀ ਕਿ ਮੈਂ ਅਨਾਊਂਸਮੈਂਟ ਕੀਤੀ ਹੈ ਮੈਂ ਟਾਈਮ ਨਹੀਂ ਵਧਾਵਾਂਗਾ । ਤੁਸੀਂ ਆਪਣੀ ਕਮਿਟਮੈਂਟ ਤੇ ਹੁਣ ਕਾਇਮ ਰਹੋ ।

**ਮਾਨਯੋਗ ਸਪੀਕਰ**: ਤੁਸੀਂ ਬੈਠ ਜਾਉ ਭੈਣ ਜੀ । ਮੇਰੀ ਕਮਿਟਮੈਂਟ ਜਿਹੜੀ ਸੀ ਕਿ ਉਹ ਤੁਹਾਨੂੰ ਟਾਈਮ ਦੇਣ ਦੀ ਸੀ ਉਸਦੀ ਐਕਸਟੈਂਸ਼ਨ ਸੀ । ਜਿਹੜੀ ਗੱਲ ਤੁਸੀਂ ਕਰਦੇ ਹੋ ਉਹ ਵੀ ਮੈਂ ਅੱਧਾ ਘੰਟਾ ਟਾਈਮ ਤੁਹਾਡਾ ਵੀ ਵਧਾਇਆ ਹੈ । ਮੈਂ ਤੁਹਾਡੇ ਨਾਲ ਜਿਹੜੀ ਕਮਿਟਮੈਂਟ ਕੀਤੀ ਸੀ ਉਸ ਤੋਂ ਤੁਹਾਨੂੰ 5 ਮਿੰਟ ਵੱਧ ਦਿੱਤੇ ਹਨ (ਵਿਘਨ, ਸ਼ੋਰ) ਅਸੀਂ ਇਸ ਪਾਸੇ ਟਾਈਮ ਨਾ ਲਾਈਏ । ਜਿਹੜਾ ਮੈਂ ਤੁਹਾਨੂੰ ਕਿਹਾ ਸੀ ਕਿ ਅੱਧਾ ਘੰਟਾ ਦਿਆਂਗੇ, ਉਹ ਤੁਹਾਨੂੰ 35 ਮਿੰਟ ਦਿੱਤੇ ਹਨ (ਵਿਘਨ, ਸ਼ੋਰ) ਜੇਕਰ ਹਾਊਸ ਸਮਾਂ ਵਧਾਉਣਾ ਚਾਹੁੰਦਾ ਹੈ ਤਾਂ...........ਬੀਬੀ ਜੀ, ਤੁਸੀਂ ਤਾਂ ਵਾਧੂ ਟਾਈਮ ਲੈ ਲਿਆ, ਤੁਸੀਂ ਕਿਉਂ ਇਤਰਾਜ਼ ਕਰਦੇ ਹੋ ? ਇਹ ਤਾਂ ਉਨ੍ਹਾਂ ਨੇ ਜਵਾਬ ਦੇਣਾ ਹੈ........ ਮੈਂ ਆਪ ਟਾਈਮ ਦਿੱਤਾ ਹੈ ਤਿੰਨਾਂ ਬੰਦਿਆਂ ਨੂੰ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਉਹ ਸਾਡਾ ਆਪਣਾ ਹੀ ਟਾਈਮ ਸੀ ਜੀ।

**ਮਾਨਯੋਗ ਸਪੀਕਰ**: ਨਹੀਂ, ਉਹ ਤੁਹਾਡਾ ਟਾਈਮ ਨਹੀਂ ਸੀ । ਤੁਹਾਡਾ ਟਾਈਮ ਖਤਮ ਹੋ ਗਿਆ ਸੀ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਅਸੀਂ ਤੁਹਾਡੇ ਤੋਂ ਇਹ ਆਸ ਨਹੀਂ ਕਰਦੇ ਕਿ.............

**ਮਾਨਯੋਗ ਸਪੀਕਰ**: ਜੇ ਤੁਸੀਂ ਜ਼ਰੂਰ ਹੀ ਇਹ ਗੱਲ ਕਹਿਣੀ ਹੈ ਤਾਂ ਮੈਂ ਕੀ ਕਰ ਸਕਦਾ ਹਾਂ । ਤੁਸੀਂ ਮੈਨੂੰ ਪੱਖਪਾਤੀ ਆਖਦੇ ਹੋ । ਤੁਸੀਂ 35 ਮਿੰਟ ਆਪਣੇ ਸਮੇਂ ਤੋਂ ਵਾਧੂ ਲੈ ਲਏ ਹਨ ਅਤੇ ਮੈਂ ਇਧਰ 35 ਮਿੰਟ ਕੱਟੇ ਹਨ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਤੁਸੀਂ ਪੁਆਇੰਟ ਆਫ ਆਰਡਰ ਤੇ ਸਪੀਚ ਕਰਾਈ ਹੈ ਜਿਹੜੀ ਕਿ ਕਦੇ ਰਵਾਇਤ ਹੀ ਨਹੀਂ ਰਹੀ ਹੈ ।

**ਮਾਨਯੋਗ ਸਪੀਕਰ**: ਮੈਂ ਤਾਂ ਇਨ੍ਹਾਂ ਦਾ ਵੀ ਟਾਈਮ ਕੱਟ ਕੇ ਤੁਹਾਨੂੰ ਦਿੱਤਾ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਅਸੀਂ ਘੜੀ ਨੋਟ ਕੀਤੀ ਹੋਈ ਹੈ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ:** ਮੈਂ ਘੜੀ ਤੋਂ ਬਿਨਾਂ ਹੀ ਬੈਠਾ ਹੋਇਆ ਹਾਂ !

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਪਹਿਲਾਂ ਆਪੋਜੀਸ਼ਨ ਨੂੰ ਹਮੇਸ਼ਾ ਵੱਧ ਟਾਈਮ ਦਿੱਤਾ ਜਾਂਦਾ ਰਿਹਾ ਹੈ ।

**ਮਾਨਯੋਗ ਸਪੀਕਰ:** ਮੈਂ ਵੀ ਵੱਧ ਦਿੱਤਾ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਕਿੰਨੀ ਚੰਗੀ ਗੱਲ ਹੁੰਦੀ ਜੇ ਤੁਸੀਂ ਸਾਨੂੰ ਕਹਿ ਦਿੰਦੇ ਕਿ ਹੋਰ ਟਾਈਮ ਲੈ ਲਓ, ਅਸੀਂ ਹਾਊਸ ਦਾ ਟਾਈਮ ਹੋਰ ਵਧਾ ਲਵਾਂਗੇ ।

**ਮਾਨਯੋਗ ਸਪੀਕਰ:** ਸਦਨ ਦਾ ਸਮਾਂ ਐਫ.ਐਮ. ਸਾਹਿਬ ਦੀ ਸਪੀਚ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ ।

---

GENERAL DISCUSSION ON THE BUDGET ESTIMATES FOR THE YEAR 2007-08 *(Resumption)*

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਸਪੀਕਰ ਸਾਹਿਬ, ਮੈਂ ਇਕ ਮਿੰਟ ਹੀ ਹੋਰ ਲਵਾਂਗਾ । ਮੈਂ ਨਹੀਂ ਚਾਹੁੰਦਾ ਕਿ ਟਾਈਮ ਦੀ ਗੱਲ ਨੂੰ ਲੈ ਕੇ ਕੋਈ ਤਲਖੀ ਪੈਦਾ ਹੋਵੇ । ਲੱਸੀ ਅਤੇ ਲੜਾਈ ਜਿੰਨੀ ਮਰਜ਼ੀ ਵਧਾ ਲਓ ।

ਸਪੀਕਰ ਸਾਹਿਬ, ਮੇਰੀ ਇਸ ਸਪੀਚ ਵਿੱਚ ਦਿਲਚਸਪੀ ਇੰਨੀ ਹੀ ਹੈ ਕਿ ਇਥੇ ਮੈਂਬਰ ਸਾਹਿਬਾਨ ਨੇ ਜੋ-ਜੋ ਸਵਾਲ ਉਠਾਏ ਹਨ, ਮੈਂ ਉਨ੍ਹਾਂ ਦਾ ਜਵਾਬ ਦੇ ਸਕਾਂ। ਡਿਬੇਟਿੰਗ ਪੁਆਇੰਟ ਤਾਂ ਮੈਂ ਕੋਈ ਕਹਿਣਾ ਨਹੀਂ ਹੈ । ਜੇ ਸਾਰੇ ਸਵਾਲਾਂ ਦਾ ਜਵਾਬ ਮੇਰੇ ਕੋਲੋਂ ਨਾ ਦਿੱਤਾ ਗਿਆ ਹੋਵੇ ਤਾਂ ਉਸ ਦੇ ਲਈ ਮੈਂ ਮੁਆਫੀ ਮੰਗਦਾ ਹਾਂ । ਜੋ ਵੀ ਮਸਲੇ ਹਨ, I will take care. ਤੁਸੀਂ ਸਾਡਾ ਸਾਥ ਦਿਓ । ਆਪਣੀ ਸਪੀਚ ਖਤਮ ਕਰਨ ਤੋਂ ਪਹਿਲਾਂ ਰਿਕਾਰਡ ਦੇ ਵਾਸਤੇ ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ। ਚੀਫ ਪਾਰਲੀਮੈਂਟਰੀ ਸੈਕਟਰੀ ਸ਼੍ਰੀ ਰਾਜ ਕੁਮਾਰ ਖੁਰਾਣਾ ਜੀ ਉਮਰ ਵਿੱਚ ਮੇਰੇ ਤੋਂ ਵੱਡੇ ਹਨ ਅਤੇ ਮੈਂ ਉਨ੍ਹਾਂ ਨੂੰ ਆਪਣੇ ਭਰਾ ਦੀ ਤਰ੍ਹਾਂ ਮੰਨਦਾ ਹਾਂ । ਜੇ ਇਨ੍ਹਾਂ ਦਾ ਸਾਥ ਨਾ ਹੁੰਦਾ ਤਾਂ ਹੋ ਸਕਦਾ ਹੈ ਕਿ ਅਸੀਂ ਇਸ ਕਿਸਮ ਦਾ ਬਜਟ ਤਿਆਰ ਨਾ ਕਰ ਸਕਦੇ । I am very grateful to him. ਬਾਕੀ ਸਾਰਿਆਂ ਦਾ ਵੀ ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰਾ ਲਿਹਾਜ਼ ਕੀਤਾ । ਨਾਰਮਲੀ ਜਿਹੜੇ ਫਾਈਨਾਂਸ ਮਨਿਸਟਰ ਹੁੰਦੇ ਹਨ, they are the most unpopular people in the State ਕਿਉਂਕਿ ਉਨ੍ਹਾਂ ਨੂੰ ਤਕਰੀਬਨ ਹਰ ਗੱਲ ਵਿੱਚ ਨਾਂਹ ਹੀ ਕਹਿਣੀ ਪੈਂਦੀ ਹੈ । ਸਾਰਿਆਂ ਦਾ ਧੰਨਵਾਦ ।

(ਇਸ ਵਕਤ ਆਪੋਜ਼ੀਸ਼ਨ ਦੇ ਕੁਝ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ:** ਪੁਆਇੰਟ ਆਫ਼ ਆਰਡਰ ਵਾਲੀ ਹੁਣ ਕੋਈ ਗੱਲ ਨਹੀਂ ਹੈ । ਕੋਈ ਕਲੈਰੀਫਿਕੇਸ਼ਨ ਦੀ ਲੋੜ ਹੋਵੇ ਤਾਂ ਇਨ੍ਹਾਂ ਦੀ ਸਪੀਚ ਦੇ ਮੁਤਾਬਿਕ ਤੁਸੀਂ ਲੈ ਸਕਦੇ ਹੋ ।

**ਰਾਣਾ ਗੁਰਮੀਤ ਸਿੰਘ ਸੋਢੀ** : ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ । ਇਹ ਕਹਿੰਦੇ ਹਨ ਕਿ ਫਾਈਨੈਂਸ ਮਨਿਸਟਰ ਅਨਪਾਪੂਲਰ ਹੁੰਦੇ ਹਨ । ਐਸੀ ਗੱਲ ਨਹੀਂ ਹੈ, ਇਹ ਕਾਫੀ ਪਾਪੂਲਰ ਹਨ ।

ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਬਾਕੀ ਚੀਜ਼ਾਂ ਤਾਂ ਠੀਕ ਹਨ ਲੇਕਿਨ ਸਪੋਰਟਸ ਵਾਸਤੇ ਇਸ ਬਜਟ ਵਿੱਚ ਕੋਈ ਖਾਸ ਪੈਸਾ ਮੈਨਸ਼ਨ ਨਹੀਂ ਕੀਤਾ ਗਿਆ ਹੈ। ਐਫ.ਐਮ. ਸਾਹਿਬ ਥੋੜ੍ਹਾ ਜਿਹਾ ਇਸ ਗੱਲ ਦਾ ਧਿਆਨ ਰੱਖ ਲੈਣ । ਦੂਸਰੀ ਬੇਨਤੀ ਇਹ ਹੈ ਕਿ ਜੋ ਆਪੋਜ਼ੀਸ਼ਨ ਵਾਲੇ ਜ਼ਿਆਦਾ ਟਾਈਮ ਮੰਗ ਲੈਣ ਤਾਂ ਉਨ੍ਹਾਂ ਦੀ ਇਹ ਗੱਲ ਮੰਨ ਲਈ ਜਾਵੇ ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਹੋਰ ਟਾਈਮ ਮੰਗਿਆ ਹੀ ਨਹੀਂ ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਸਪੀਕਰ ਸਾਹਿਬ, ਮੇਰੀ ਸਪੀਚ ਮੁਲਤਵੀ ਹੋ ਗਈ ਹੈ । ਕੁਝ ਚੀਜ਼ਾਂ ਰਹਿ ਗਈਆਂ ਹਨ ਜਿਹੜੀਆਂ ਮੈਂ ਹੁਣ ਦੱਸਣੀਆਂ ਚਾਹੁੰਦਾ ਹਾਂ । ਸੀ.ਐਮ. ਸਾਹਿਬ ਨੇ ਹੁਕਮ ਦਿੱਤਾ ਹੈ ਅਤੇ ਕੈਬਨਿਟ ਨੇ ਇਹ ਫੈਸਲਾ ਕੀਤਾ ਹੈ ਕਿ ਜਿਹੜੀ ਸ਼ਗਨ/ਅਸ਼ੀਰਵਾਦ ਸਕੀਮ ਹੈ, ਨਾਇਕ ਬਰਾਦਰੀ ਜੋ ਕਿ ਜ਼ਿਆਦਾਤਰ ਅਬੋਹਰ ਅਤੇ ਬੱਲੂਆਣੇ ਵਿੱਚ ਹੈ, ਨੂੰ ਵੀ ਉਸ ਵਿੱਚ ਇਨਕਲੂਡ ਕੀਤਾ ਜਾਵੇ ।

**ਰਾਣਾ ਗੁਰਮੀਤ ਸਿੰਘ ਸੋਢੀ** : ਮੇਰੀ ਬੇਨਤੀ ਹੈ ਕਿ ਨਾਇਕ ਬਰਾਦਰੀ ਤੋਂ ਇਲਾਵਾ ਇਸ ਵਿੱਚ ਰਾਏ ਸਿੱਖਾਂ ਨੂੰ ਵੀ ਸ਼ਾਮਲ ਕੀਤਾ ਜਾਵੇ ।

**ਮਾਨਯੋਗ ਸਪੀਕਰ:** ਤੁਹਾਡਾ ਸੁਝਾਵ ਆ ਗਿਆ ਹੈ । Thank You.

**ਰਾਣਾ ਗੁਰਮੀਤ ਸਿੰਘ ਸੋਢੀ** : ਨਾਇਕ ਬਰਾਦਰੀ ਦੇ ਨਾਲ-ਨਾਲ ਰਾਏ ਸਿੱਖਾਂ ਨੂੰ ਵੀ ਇਸ ਵਿੱਚ ਇਮੀਜੀਏਟਲੀ ਸ਼ਾਮਲ ਕੀਤਾ ਜਾਵੇ । ਪਾਰਲੀਮੈਂਟ ਵਿੱਚ ਇਨ੍ਹਾਂ ਦਾ ਕੇਸ ਆਲਰੇਡੀ ਪਾਸ ਹੋ ਚੁੱਕਾ ਹੈ ।

**ਸਰਦਾਰ ਰਣਦੀਪ ਸਿੰਘ ਨਾਭਾ** : ਐਫ.ਐਮ. ਸਾਹਿਬ, ਤੁਸੀਂ ਕ੍ਰਿਪਾ ਕਰਕੇ ਧਿਆਨ ਦਿਓਗੇ ਕਿ ਇਹ ਜਿਹੜਾ ਇਕ ਕਰੋੜ 60 ਲੱਖ ਰੁਪਏ ਦੀ ਗੱਲ ਕੀਤੀ ਗਈ ਹੈ, there is no binding on that. ਮੇਰੀ ਰਿਕੁਐਸਟ ਹੈ, ਮੈਂ ਤੁਹਾਡੇ ਤੋਂ ਇਸ ਸਬੰਧੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਦੀਪ ਸਿੰਘ ਨਾਭਾ]

ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਕਿ as to whether any policy has been evolved to ensure that there is transparency as far as investment comes into the State. ਕੋਈ ਵੀ ਐਨ.ਆਰ.ਆਈ. ਆਪਣੇ ਸੂਬੇ ਵਿੱਚ ਇਨਵੈਸਟਮੈਂਟ ਕਰਨ ਨੂੰ ਤਿਆਰ ਨਹੀਂ ਹੈ, N.R.Is are very reluctant ਕਿਉਂਕਿ ਉਹ ਆਪਣੀ ਇਨਵੈਸਟਮੈਂਟ ਨੂੰ ਇਥੇ ਸਕਿਓਅਰ ਨਹੀਂ ਸਮਝਦੇ । ਕੋਈ ਪਾਲਿਸੀ ਜ਼ਰੂਰ evolve ਕਰੋ ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਕਾਫੀ ਹੱਦ ਤੱਕ ਸਹੀ ਹੈ । ਜਿਹੜੇ ਐਨ.ਆਰ.ਆਈਜ਼ ਹਨ ਉਹ ਕਹਿੰਦੇ ਹਨ ਕਿ ਮੈਂ ਆਪਣਾ ਪੈਸਾ ਸਰਕਾਰ ਨੂੰ ਨਹੀਂ ਦੇਣਾ ਚਾਹੁੰਦਾ । ਅਸੀਂ ਇਸ ਤੇ ਜ਼ਰੂਰ ਗੌਰ ਕਰਾਂਗੇ ਕਿ ਜਿਹੜਾ ਬੰਦਾ ਪੰਜਾਬ ਵਿੱਚ ਪੈਸਾ ਲਾਉਣਾ ਚਾਹੁੰਦਾ ਹੈ We will work out a system that ਜਿਸ ਦਾ ਪੈਸਾ ਹੋਵੇਗਾ, ਉਸ ਵਿੱਚ ਸਰਕਾਰ ਮੈਚਿੰਗ ਗਰਾਂਟ ਪਾਏਗੀ ।..................

**ਮਾਨਯੋਗ ਸਪੀਕਰ:** ਹੁਣ ਸਦਨ, ਬੁੱਧਵਾਰ ਮਿਤੀ 27-6-2007 ਨੂੰ ਸਵੇਰੇ 10-00 ਵਜੇ ਤੱਕ ਸਥੱਗਿਤ ਕੀਤਾ ਜਾਂਦਾ ਹੈ ।

| *2.36 ਵਜੇ ਬਾਅਦ ਦੁਪਹਿਰ | (ਇਸ *ਉਪ੍ਰੰਤ ਸਦਨ ਬੁੱਧਵਾਰ ਮਿਤੀ 27-6-2007 ਨੂੰ ਸਵੇਰੇ 10-00 ਵਜੇ ਤੱਕ ਸਥੱਗਿਤ ਹੋ ਗਿਆ ।) |
|---|---|

-----------

Original with;
Punjab Vidhan Sabha
Digitized by;
Panjab Digital Library

# APPENDIX
# TO
# PUNJAB VIDHAN SABHA
# DEBATES

*Tuesday, the 26th June, 2007*

Voll. II-No. 6

## STARRED QUESTION AND ANSWER

### ਦਵਾਈਆਂ ਦੀ ਸਪਲਾਈ

***174. ਸ਼੍ਰੀ ਚੁੰਨੀ ਲਾਲ ਭਗਤ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਾਲ 2005-2006 ਦੇ ਦੌਰਾਨ ਰਾਜ ਵਿਚ ਸਿਵਲ ਹਸਪਤਾਲਾਂ/ਸਿਵਲ ਡਿਸਪੈਂਸਰੀਆਂ ਰਾਹੀਂ ਮੁਹੱਈਆ ਕੀਤੀਆਂ ਗਈਆਂ ਦਵਾਈਆਂ ਤੇ ਕਿੰਨਾ ਖਰਚਾ ਆਇਆ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਰਾਜ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਲਈ ਸਾਲ 2005-06 ਦੌਰਾਨ 1015.00 ਲੱਖ ਰੁਪਏ (ਕੇਵਲ ਦਸ ਕਰੋੜ ਅਤੇ ਪੰਦਰਾ ਲੱਖ) ਦਵਾਈਆਂ ਦੀ ਖਰੀਦ ਤੇ ਖਰਚ ਕੀਤੇ ਗਏ ਸਨ ।

----------

3936/1-10-2007-305 ਕਾਪੀਆਂ-ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

© 2007

Published under the authority of the Punjab Vidhan Sabha and Printed by the Controller, Printing and Stationery, Punjab, at Pb. Govt. Press, Patiala.

Original with;
Punjab Vidhan Sabha
Digitized by;
Panjab Digital Library

(7)

# PUNJAB VIDHAN SABHA

## DEBATES

*Wednesday, the 27th June, 2007*

**Vol. II – No. 7**

OFFICIAL REPORT

CONTENTS


| | Page |
|---|---|
| Starred Questions and Answers | (7) 1 |
| Unstarred Questions and Answers | (7)29 |
| Matters raised During Zero Hour and Statement by the Chief Minister | (7)33 |
| FINANCIAL BUSINESS | |
| (i) Discussion and Voting on Demands for Grants relating to the Budget Estimates for the year 2007-08 | (7)40 |
| (ii) The Punjab Appropriation (No. 2) Bill, 2007 | (7)89 |
| APPENDIX - I | (i) |
| APPENDIX - II | (v) |



**Punjab Vidhan Sabha Secretariat, Chandigarh**

Price : Rs._________.



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Wednesday, the 27th June, 2007*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Nirmal Singh Kahlon) in the Chair.*

---

## STARRED QUESTIONS AND ANSWERS

### ਆਲੂ ਦੀ ਫਸਲ ਨੂੰ ਨੁਕਸਾਨ ਕਾਰਨ ਮੁਆਵਜ਼ੇ ਦੀ ਅਦਾਇਗੀ

***166. ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਜ਼ਿਲ੍ਹਾ ਮੋਗਾ ਵਿਚ ਬੇਮੌਸਮੀ ਬਰਸਾਤਾਂ ਕਾਰਨ ਖਰਾਬ ਹੋਈ ਆਲੂਆਂ ਦੀ ਫ਼ਸਲ ਦਾ ਕੁਲ ਕਿੰਨਾ ਰਕਬਾ ਹੈ;

(ਅ) ਕੀ ਪ੍ਰਭਾਵਿਤ ਕਿਸਾਨਾਂ ਨੂੰ ਕੋਈ ਮੁਆਵਜ਼ਾ ਅਦਾ ਕੀਤਾ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ਅਤੇ ਇਸ ਦੇ ਕਦੋਂ ਤੱਕ ਅਦਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਅਜੀਤ ਸਿੰਘ ਕੋਹਾੜ :** (ਏ) ਹਾਂ ਜੀ। ਕੁੱਲ ਮਿਲਾ ਕੇ ਜ਼ਿਲ੍ਹਾ ਮੋਗਾ ਵਿਚ 1377 ਏਕੜ ਰਕਬੇ ਵਿਚ ਆਲੂਆਂ ਦੀ ਫ਼ਸਲ ਬੇਮੌਸਮੀ ਵਰਖਾ ਕਾਰਨ ਖਰਾਬ ਹੋਈ ਸੀ।

(ਬੀ) ਪ੍ਰਭਾਵਿਤ ਕਿਸਾਨਾਂ ਨੂੰ 28,01,976/- ਰੁਪਏ ਦੀ ਰਾਹਤ ਵੰਡੀ ਜਾ ਚੁੱਕੀ ਹੈ।

**ਸਰਦਾਰ ਅਜੀਤ ਸਿੰਘ ਸ਼ਾਂਤ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜੋ ਉਨ੍ਹਾਂ ਨੇ ਦੱਸਿਆ ਹੈ ਕਿ 28 ਲੱਖ ਰੁਪਏ ਦੇ ਕਰੀਬ ਰਕਮ ਦੇ ਦਿੱਤੀ ਗਈ ਹੈ। ਲੇਕਿਨ ਨਿਹਾਲ ਸਿੰਘ ਵਾਲਾ ਤਹਿਸੀਲ ਵਿਚ ਪਿੰਡ ਦੀਦਾਰ ਸਿੰਘ ਵਾਲਾ ਅਤੇ ਬਾੜੇ ਵਾਲਾ ਦੋ ਪਿੰਡ ਹਨ, ਜਿਥੇ 50 ਏਕੜ ਦੇ ਕਰੀਬ ਫਸਲ ਖਰਾਬ ਹੋਈ ਹੈ। ਉਨ੍ਹਾਂ ਦੀ ਗਿਰਦਾਵਰੀ ਵੀ ਹੋਈ ਹੈ। ਪਟਵਾਰੀ ਤੇ ਹੋਰ ਅਮਲਾ ਵੀ ਉਥੇ ਗਿਆ ਹੈ, ਪ੍ਰੰਤੂ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਦੇ ਨੇੜੇ ਹੀ ਪਿੰਡ ਮਾਣੂਕੇ, ਘੋਲੀਆ ਖੁਰਦ ਤੇ ਰਣੀਆਂ ਪਿੰਡ ਹਨ ਜਿਥੇ 11.44 ਲੱਖ ਰੁਪਏ ਵੱਖਰਾ ਪੈਸਾ ਮਿਲਿਆ ਹੈ, ਪਰ ਇਨ੍ਹਾਂ ਦੋ ਪਿੰਡਾਂ ਨੂੰ ਨਹੀਂ ਮਿਲਿਆ। ਕੀ ਉਨ੍ਹਾਂ ਦੀ ਰਿਪੋਰਟ ਨਹੀਂ ਪਹੁੰਚੀ ਜਦੋਂ ਕਿ ਗਿਰਦਾਵਰੀ ਹੋਈ ਹੈ? ਇਨ੍ਹਾਂ ਪਿੰਡਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਤਿੰਨ ਤਹਿਸੀਲਾਂ ਮੋਗਾ, ਬਾਘਾਪੁਰਾਣਾ ਅਤੇ ਨਿਹਾਲ ਸਿੰਘ ਵਾਲਾ ਵਿਚ ਵਰਖਾ ਨਾਲ ਆਲੂਆਂ ਦੀ ਫਸਲ ਖਰਾਬ ਹੋਈ ਹੈ। ਮੋਗਾ ਵਿਚ 374 ਏਕੜ ਜ਼ਮੀਨ ਵਿਚ 25% ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ 26 ਤੋਂ 50% ਨੁਕਸਾਨ 11 ਏਕੜ ਵਿਚ ਹੋਇਆ ਹੈ। 51 ਤੋਂ 75% ਤੱਕ ਨੁਕਸਾਨ 39 ਏਕੜ ਵਿਚ ਹੋਇਆ ਹੈ। 76% ਤੋਂ ਵੱਧ ਨੁਕਸਾਨ 147 ਏਕੜ ਵਿਚ ਹੋਇਆ ਹੈ। ਬਾਘਾ ਪੁਰਾਣਾ ਵਿਖੇ 26 ਤੋਂ 50% ਤੱਕ ਨੁਕਸਾਨ 106 ਏਕੜ ਵਿਚ ਹੋਇਆ ਹੈ। 51 ਤੋਂ 75% ਤੱਕ ਨੁਕਸਾਨ 298 ਏਕੜ ਵਿਚ ਹੋਇਆ ਹੈ ਅਤੇ 76% ਤੋਂ ਵੱਧ ਨੁਕਸਾਨ 129 ਏਕੜ ਵਿਚ ਹੋਇਆ ਹੈ। ਇਸੇ ਤਰ੍ਹਾਂ ਨਿਹਾਲ ਸਿੰਘ ਵਾਲਾ ਵਿਚ 26 ਤੋਂ 50% ਤੱਕ ਨੁਕਸਾਨ 172 ਏਕੜ ਵਿਚ ਹੋਇਆ ਹੈ। ਇਨ੍ਹਾਂ ਦੀ ਸਪੈਸ਼ਲ ਗਿਰਦਾਵਰੀ ਕਰਾਉਣ ਦੇ ਆਦੇਸ਼ ਉਸੇ ਵੇਲੇ ਦੇ ਦਿੱਤੇ ਗਏ ਸਨ ਅਤੇ ਗਿਰਦਾਵਰੀਆਂ ਦੇ ਮੁਤਾਬਿਕ ਸਾਰਿਆਂ ਨੂੰ ਮੁਆਵਜ਼ਾ ਦੇ ਦਿੱਤਾ ਗਿਆ ਹੈ।

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਦੋ ਪਿੰਡ ਦੀਦਾਰ ਸਿੰਘ ਵਾਲਾ ਅਤੇ ਬਾੜੇ ਕੇ ਵਾਲਾ ਦੀ ਵੀ ਗਿਰਦਾਵਰੀ ਹੋਈ ਹੈ ਪਰ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਿਆ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਗਿਰਦਾਵਰੀ ਦੀ ਗੱਲ ਵੀ ਕਰ ਦਿੱਤੀ ਹੈ ਅਤੇ ਡੈਮੇਜ ਹੋਈਆਂ ਫਸਲਾਂ ਦੇ ਮੁਆਵਜ਼ੇ ਦੀ ਗੱਲ ਵੀ ਕਰ ਦਿੱਤੀ ਹੈ। ਕੋਹਾੜ ਸਾਹਿਬ, ਤੁਸੀਂ ਕੁਝ ਹੋਰ ਕਹਿਣਾ ਚਾਹੋਗੇ?

**ਮੰਤਰੀ :** ਹੋਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਿਰਦਾਵਰੀਆਂ ਸਾਰੀਆਂ ਦੀਆਂ ਸਾਰੀਆਂ ਕਰਵਾ ਦਿੱਤੀਆਂ ਹਨ। ਮੁਆਵਜ਼ੇ ਦੀ ਬਹੁਤ ਜ਼ਿਆਦਾ ਗਰਾਂਟ ਪੰਜਾਬ ਸਰਕਾਰ ਨੇ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਦਿੱਤੀ ਹੈ। ਜਿੰਨੀ ਐਤਕੀਂ ਗਰਾਂਟ ਮਿਲੀ, ਉਤਨੀ ਅੱਗੇ ਕਦੀ ਵੀ ਨਹੀਂ ਮਿਲੀ। ਜਿਥੇ 75% ਜਾਂ ਇਸ ਤੋਂ ਵੱਧ ਨੁਕਸਾਨ ਹੋਇਆ ਹੈ ਉਥੇ ਇਹ 5 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤੀ ਗਈ ਹੈ। ਸੈਂਟਰ ਸਰਕਾਰ ਵੱਲੋਂ ਜੋ ਗਰਾਂਟ ਆਉਂਦੀ ਹੈ ਉਹ ਕੇਵਲ 1 ਹਜ਼ਾਰ ਰੁਪਿਆ ਹੀ ਹੁੰਦੀ ਹੈ, ਬਾਕੀ ਦੇ 4 ਹਜ਼ਾਰ ਰੁਪਏ ਪੰਜਾਬ ਸਰਕਾਰ ਨੇ ਪਾਏ ਹਨ। ਜਿਥੇ ਵੀ ਗਿਰਦਾਵਰੀਆਂ ਹੋਈਆਂ ਜਾਂ ਮਹਿਕਮੇ ਕੋਲ ਸ਼ਿਕਾਇਤਾਂ ਆਈਆਂ ਹਨ, ਇਕ ਪਿੰਡ ਵਿਚ ਦੁਬਾਰਾ ਵੀ ਗਿਰਦਾਵਰੀ ਹੋਈ ਸੀ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਆਪ ਵੀ ਜਾ ਕੇ ਪੜਤਾਲ ਕਰਨ ਨੂੰ ਤਿਆਰ ਹਾਂ।

-------

Original with;
Punjab Vidhan Sabha
Digitized by;
Panjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰ : 197*

**ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ)** : ਮਾਨਯੋਗ ਸਪੀਕਰ ਸਾਹਿਬ, ਇਸ ਦੀ ਐਕਸਟੈਂਸ਼ਨ ਭੇਜੀ ਸੀ। ਡੀ.ਸੀ. ਵੱਲੋਂ ਜਵਾਬ ਨਹੀਂ ਆਇਆ। ਮੈਂ ਕੱਲ੍ਹ ਹੀ ਡੀ.ਓ. ਲੈਟਰ ਇਸ ਦੀ ਐਕਸਟੈਂਸ਼ਨ ਵਾਸਤੇ ਲਿਖ ਕੇ ਭੇਜਿਆ ਹੈ।

**ਮਾਨਯੋਗ ਸਪੀਕਰ** : ਤੁਸੀਂ ਉਨ੍ਹਾਂ ਨੂੰ ਮਿਲ ਕੇ ਜਵਾਬ ਕੱਲ੍ਹ ਜਾਂ ਪਰਸੋਂ ਤੱਕ ਲੈ ਲਵੋ, ਉਸ ਦਿਨ ਇਹ ਪ੍ਰਸ਼ਨ ਲਗਾ ਦਿੱਤਾ ਜਾਵੇਗਾ। Extension granted.

-------

## ਸਕੂਲ ਦੇ ਬੱਚਿਆਂ ਲਈ ਆਵਾਜਾਈ ਦੇ ਅਸੁਰੱਖਿਅਤ ਸਾਧਨ

*194. **ਕੈਪਟਨ ਬਲਬੀਰ ਸਿੰਘ ਬਾਠ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਬੱਚਿਆਂ ਨੂੰ ਸਕੂਲ ਲੈ ਕੇ ਜਾਣ ਲਈ ਵਰਤੋਂ ਵਿਚ ਲਿਆਂਦੇ ਜਾ ਰਹੇ "ਘੜੂਕਿਆਂ", ਮੈਟਾਡੋਰਾਂ ਅਤੇ ਰਿਕਸ਼ਿਆਂ ਵਿਚ ਬੈਠਣ ਦੀ ਸਮਰੱਥਾ ਤੋਂ ਵੱਧ ਬੱਚੇ ਲਿਜਾਏ ਜਾਂਦੇ ਹਨ;

(ਅ) ਕੀ ਇਹ ਕਾਨੂੰਨ ਦੀ ਉਲੰਘਣਾ ਹੈ; ਜੇਕਰ ਅਜਿਹਾ ਹੋਵੇ, ਤਾਂ ਸਾਲ 2006-07 ਦੇ ਦੌਰਾਨ ਇਸ ਸਬੰਧੀ ਰਾਜ ਵਿਚ ਕੁੱਲ ਕਿੰਨੇ ਕੇਸ ਦਰਜ ਕੀਤੇ ਗਏ?

**ਮਾਸਟਰ ਮੋਹਨ ਲਾਲ** :

(ੳ) ਹਾਂ ਜੀ

(ਅ) ਹਾਂ ਜੀ, ਸਾਲ 2006-07 ਦੌਰਾਨ ਟਰਾਂਸਪੋਰਟ ਵਿਭਾਗ ਦੇ ਐਨਫੋਰਸਮੈਂਟ ਅਧਿਕਾਰੀਆਂ ਵੱਲੋਂ 77 ਅਜਿਹੀਆਂ ਗੱਡੀਆਂ ਦੇ ਚਲਾਨ ਕੀਤੇ ਗਏ ਸਨ।

**ਕੈਪਟਨ ਬਲਬੀਰ ਸਿੰਘ ਬਾਠ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨਸਾਨ ਨੂੰ ਦੁਨੀਆਂ ਵਿਚ ਸਭ ਤੋਂ ਪਿਆਰੀ ਚੀਜ਼ ਉਸਦੀ ਸੰਤਾਨ ਹੁੰਦੀ ਹੈ, ਬੱਚੇ ਹੁੰਦੇ ਹਨ ਜਦ ਕਿ ਅੱਜ ਪ੍ਰਾਈਵੇਟ ਸਕੂਲ ਜਿਹੜੇ ਖੁਲ੍ਹੇ ਹੋਏ ਹਨ, ਉਥੋਂ ਬੱਚੇ ਘੜੂਕਿਆਂ ਤੇ ਜਾਂਦੇ ਹਨ ਜਾਂ ਮੈਟਾਡੋਰ ਅਤੇ ਜਾਂ ਥਰੀ ਵੀਲਰ ਜੋ 20-20, 25-25 ਸਾਲ ਪੁਰਾਣੇ ਹਨ, ਉਨ੍ਹਾਂ ਤੇ ਜਾਂਦੇ ਹਨ। ਦੁਨੀਆਂ ਵਿਚ ਕਾਨੂੰਨ ਵੀ ਹੈ ਕਿ 10 ਸਾਲ ਤੋਂ ਪੁਰਾਣੀ ਗੱਡੀ ਨਹੀਂ ਚਲ ਸਕਦੀ। ਮੇਰੀ ਬੇਨਤੀ ਹੈ ਕਿ ਕੀ ਮੰਤਰੀ ਜੀ ਉਹ ਘੜੂਕੇ ਜਿਹੜੇ ਕਿ ਇਲੀਗਲ ਚਲ ਰਹੇ ਹਨ, ਬੰਦ ਕਰਾਉਣਗੇ?

* For Starred Question No. 197 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਪ੍ਰਾਬਲਮ ਯਕੀਨਨ ਸੀਰੀਅਸ ਹੈ, ਪਰ ਹਿੰਦੁਸਤਾਨ ਵਿਚ ਜਨਤਾ ਗਰੀਬ ਹੈ ਔਰ ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਵੀ ਚਾਹੁੰਦੇ ਹਨ। ਰਿਸਕ ਦੋਵੇਂ ਪਾਸੇ ਹੈ ਅਤੇ ਗਰੀਬ ਲੋਕ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੇ ਹਨ ਅਤੇ ਉਹ ਸਮਝਦੇ ਹਨ ਕਿ ਘੱਟ ਕਿਰਾਏ ਤੇ ਮੈਟਾਡੋਰ ਮਿਲ ਰਹੀ ਹੈ, ਘੜੂਕਾ ਮਿਲ ਰਿਹਾ ਹੈ, ਇਸ ਲਈ ਉਹ ਆਪਣੇ ਬੱਚਿਆਂ ਨੂੰ ਉਸ ਤੇ ਚੜ੍ਹਾ ਦਿੰਦੇ ਹਨ। ਵੈਸੇ ਇਹ ਮਾੜੀ ਗੱਲ ਹੈ। ਇਸ ਲਈ ਟਰਾਂਸਪੋਰਟ ਡਿਪਾਰਟਮੈਂਟ ਵਲੋਂ ਸਕੂਲਾਂ ਦੇ ਹੈਡਮਾਸਟਰਾਂ ਅਤੇ ਪ੍ਰਿੰਸੀਪਲਜ਼ ਅਤੇ ਡਿਪਟੀ ਕਮਿਸ਼ਨਰਜ਼ ਨੂੰ ਵੀ ਹਦਾਇਤਾਂ ਭੇਜੀਆਂ ਹਨ ਕਿ ਇਹ ਇਲੀਗਲ ਤੌਰ ਤੇ ਜਿਹੜੀਆਂ ਮੈਟਾਡੋਰ ਜਾਂ ਘੜੂਕੇ ਚਲ ਰਹੇ ਹਨ ਇਹ ਬੰਦ ਕੀਤੇ ਜਾਣ। ਵੈਸੇ ਸਪੀਕਰ ਸਾਹਿਬ, ਮੈਟਾਡੋਰ ਅਤੇ ਥਰੀਵੀਲਰਜ਼ ਜਿਹੜੇ ਹਨ, ਉਨ੍ਹਾਂ ਦੀ ਰਜਿਸਟਰੇਸ਼ਨ ਹੁੰਦੀ ਹੈ ਅਤੇ ਰਜਿਸਟਰੇਸ਼ਨ ਅਸੀਂ ਬੰਦ ਨਹੀਂ ਕਰ ਸਕਦੇ ਪਰ ਜਿਹੜੇ ਘੜੂਕੇ ਹਨ ਉਹ ਬੰਦ ਕਰਾਉਣ ਦਾ ਯਤਨ ਕਰਾਂਗੇ। ਮੈਂ ਸਵਾਲ ਦੇ ਉੱਤਰ ਵਿਚ ਦੱਸਿਆ ਹੈ ਕਿ ਅਸੀਂ 77 ਚਲਾਨ ਵੀ ਕੀਤੇ ਹਨ ਅਤੇ ਅਸੀਂ ਇਸ਼ਤਿਹਾਰ ਵੀ ਦਿੰਦੇ ਹਾਂ, ਸਕੂਲਾਂ ਵਿਚ ਵੀ ਲਿਖਕੇ ਭੇਜਦੇ ਹਾਂ ਅਤੇ ਸਕੂਲਾਂ ਦੇ ਪ੍ਰਿੰਸੀਪਲ/ਹੈਡਮਾਸਟਰਾਂ ਨੂੰ ਬੁਲਾ ਕੇ ਵੀ ਕਹਿੰਦੇ ਹਾਂ ਕਿ ਇਹ ਖਤਰਨਾਕ ਹੈ, ਪਰ ਇਸ ਦੇ ਬਾਵਜੂਦ ਵੀ ਦੁਨੀਆਂ ਇਸੇ ਤਰ੍ਹਾਂ ਚਲਦੀ ਹੈ ਅਤੇ ਗਰੀਬਾਂ ਦਾ ਧਿਆਨ ਵੀ ਰੱਖਣਾ ਹੈ, ਜੇ ਇਹ ਫਿਰ ਵੀ ਮਹਿਸੂਸ ਕਰਦੇ ਹਨ ਤਾਂ ਅਸੀਂ ਘੜੂਕੇ ਬੰਦ ਕਰ ਦਿੰਦੇ ਹਾਂ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਜੇ ਦੁਨੀਆਂ ਨੇ ਇਸੇ ਤਰ੍ਹਾਂ ਚਲਦੇ ਰਹਿਣਾ ਹੈ ਤਾਂ ਫਿਰ ਵਿਧਾਨ ਸਭਾ ਦੀ ਵੀ ਕੀ ਲੋੜ ਹੈ, ਇਸੇ ਤਰ੍ਹਾਂ ਚਲਣ ਦਿਓ। ਇਹ ਮੰਤਰੀ ਜੀ ਵਲੋਂ ਕੋਈ ਵਧੀਆ ਜਵਾਬ ਨਹੀਂ ਆਇਆ, ਲੋੜ ਹੈ ਉਨ੍ਹਾਂ ਤੇ ਕੰਟਰੋਲ ਕਰਨ ਦੀ। ਜੋ 30 ਤੋਂ 50 ਸਾਲ ਪੁਰਾਣੀਆਂ ਅਤੇ ਆਊਟ ਡੇਟਿਡ ਗੱਡੀਆਂ ਚਲ ਰਹੀਆਂ ਹਨ, ਉਨ੍ਹਾਂ ਖਿਲਾਫ਼ ਐਕਸ਼ਨ ਹੋਣਾ ਚਾਹੀਦਾ ਹੈ, ਇਹ ਕੋਈ ਵਧੀਆ ਜਵਾਬ ਨਹੀਂ ਹੈ। For your information, Sir, Banks are giving the loans. ਇਹ ਪ੍ਰਾਈਵੇਟ ਸਕੂਲਾਂ ਵਾਲੇ ਬੈਂਕਾਂ ਤੋਂ ਲੋਨ ਲੈ ਕੇ ਆਪਣੀਆਂ ਗੱਡੀਆਂ ਕਿਉਂ ਨਹੀਂ ਚਲਾਉਂਦੇ Kindly ਇਸ ਤੇ ਕੰਟਰੋਲ ਕਰੋ।

**ਮੰਤਰੀ** : ਸਪੀਕਰ ਸਾਹਿਬ, ਅਸੀਂ ਤਾਂ ਬੰਦ ਵੀ ਕਰ ਦੇਵਾਂਗੇ ਪਰ ਇਨ੍ਹਾਂ ਨੇ ਹੀ ਸਿਫਾਰਸ਼ ਕਰਨੀ ਹੈ ਕਿ ਇਨ੍ਹਾਂ ਨੂੰ ਛੱਡ ਦਿਓ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਬੰਦ ਕਰ ਦੇਣਗੇ?

**ਮੰਤਰੀ** : ਛੇਤੀ ਹੀ ਬੰਦ ਕਰ ਦਿਆਂਗੇ, ਗੱਲ ਹੀ ਕੋਈ ਨਹੀਂ।

-------

Original with;
Punjab Vidhan Sabha
Digitized by;
Punjab Digital Library

## ਸਪੈਸ਼ਲ ਕੰਪੋਨੈਂਟ ਪਲਾਨ ਨੂੰ ਲਾਗੂ ਕਰਨਾ/ਕੰਟਰੋਲ ਕਰਨਾ

*102. **ਸਰਦਾਰ ਈਸ਼ਰ ਸਿੰਘ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਸੰਘ ਸਰਕਾਰ ਵੱਲੋਂ ਅਕਤੂਬਰ-ਨਵੰਬਰ, 2005 ਦੇ ਮਹੀਨਿਆਂ ਦੌਰਾਨ ਰਾਜ ਵਿਚ ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ ਤਿਆਰ ਕਰਨ, ਲਾਗੂ ਕਰਨ ਅਤੇ ਕੰਟਰੋਲ ਕਰਨ ਲਈ ਕੋਈ ਸੇਧਾਂ (ਗਾਈਡ ਲਾਈਨਜ਼) ਪ੍ਰਾਪਤ ਹੋਈਆਂ ਸਨ, ਜੇਕਰ ਅਜਿਹਾ ਹੋਵੇ, ਤਾਂ ਕੀ ਇਨ੍ਹਾਂ ਦੀ ਪਾਲਣਾ ਕੀਤੀ ਗਈ ਹੈ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਹਾਂ ਜੀ।

ਕੇਂਦਰੀ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਜ਼ਿਆਦਾਤਰ ਅਗਵਾਹੀ ਲੀਹਾਂ ਲਾਗੂ ਕੀਤੀਆਂ ਜਾ ਚੁੱਕੀਆਂ ਹਨ ਜਦੋਂ ਕਿ ਰਹਿੰਦੀਆਂ ਅਗਵਾਹੀ ਲੀਹਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਜਾਰੀ ਹੈ।

**ਸਰਦਾਰ ਈਸ਼ਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਭਾਰਤ ਸਰਕਾਰ ਦੀ ਤਰਫੋਂ ਸਪੈਸ਼ਲ ਪਲਾਨ ਵਾਸਤੇ ਜੋ ਗਾਈਡ ਲਾਈਨਾਂ ਸੂਬਾ ਸਰਕਾਰ ਨੂੰ ਭੇਜੀਆਂ ਗਈਆਂ ਹਨ, ਉਸ ਬਾਰੇ ਇਹ ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਸਪੈਸ਼ਲ ਕੰਪੋਨੈਂਟ ਪਲਾਨ ਦਾ ਪੈਸਾ ਸਹੀ ਮਾਅਨਿਆਂ ਵਿਚ ਗਰੀਬ ਲੋਕਾਂ ਨੂੰ ਨਹੀਂ ਮਿਲਦਾ। ਇਹ ਪੈਸਾ ਸਹੀ ਮਾਅਨਿਆਂ ਵਿਚ ਗਰੀਬ ਲੋਕਾਂ ਤੱਕ ਪਹੁੰਚਾਉਣ ਵਾਸਤੇ ਭਾਰਤ ਸਰਕਾਰ ਵੱਲੋਂ ਗਾਈਡ ਲਾਈਨਾਂ ਭੇਜੀਆਂ ਗਈਆਂ ਹਨ ਕਿ ਸੂਬਾ ਸਰਕਾਰ ਵੱਲੋਂ ਜੋ ਬਜਟ ਪੇਸ਼ ਕੀਤਾ ਜਾਂਦਾ ਹੈ, ਉਸ ਵਿਚ ਵੈਲਫੇਅਰ ਡਿਪਾਰਟਮੈਂਟ ਨੂੰ ਇੰਟੈਗਰਲ ਪਾਰਟ ਬਣਾਓ ਔਰ ਇਹ ਪੈਸਾ ਸਿੱਧਾ ਸੈਕਟਰੀ, ਵੈਲਫੇਅਰ ਕੋਲ ਜਾਵੇ ਤਾਂ ਕਿ ਪੈਸਾ ਲੋਕਾਂ ਤੱਕ ਸਹੀ ਅਰਥਾਂ ਵਿਚ ਪਹੁੰਚ ਸਕੇ ਤੇ ਇਹ ਪੈਸਾ ਲੈਪਸ ਨਾ ਹੋਵੇ ਅਤੇ ਨਾ ਹੀ ਇਸ ਦੀ ਡਾਈਵਰਸ਼ਨ ਹੋਵੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਹਾਂਰਾਸ਼ਟਰ ਪੈਟਰਨ ਦਾ ਇਹ ਫਾਰਮੂਲਾ ਜੋ ਬਾਕੀ ਸਟੇਟਾਂ ਵਿਚ ਲਾਗੂ ਹੋ ਚੁੱਕਾ ਹੈ, ਕੀ ਇਹ ਪੰਜਾਬ ਵਿਚ ਵੀ ਲਾਗੂ ਹੋ ਗਿਆ ਹੈ ਜਾਂ ਨਹੀਂ? ਜੇ ਨਹੀਂ ਹੋਇਆ ਤਾਂ ਇਸ ਦੇ ਕੀ ਕਾਰਨ ਹਨ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਹੁਤ ਹੀ ਅਹਿਮ ਸਵਾਲ ਪੁੱਛਿਆ ਹੈ। ਇਸ ਵਿਚਲੀਆਂ ਪੰਜ ਮੱਦਾਂ ਲਾਗੂ ਕੀਤੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਸਾਹਿਬ ਵੀ ਗਰੀਬਾਂ ਪ੍ਰਤੀ ਬਹੁਤ ਹਮਦਰਦ ਹਨ। ਫਾਇਨਾਂਸ ਮਨਿਸਟਰ ਸਾਹਿਬ ਨੇ ਐਤਕੀਂ ਪੈਸਾ ਵੀ ਬਹੁਤ ਰੱਖਿਆ ਹੈ। ਕਾਫੀ ਬਜਟ ਖਿੱਚ ਕੇ ਲੈ ਗਏ ਹਨ। ਸਾਡੀਆਂ ਵਿੱਤ ਵਿਭਾਗ ਨਾਲ ਮੀਟਿੰਗਾਂ ਚੱਲ ਰਹੀਆਂ ਹਨ ਔਰ ਅਸੀਂ ਛੇਤੀ ਹੀ ਥੋੜ੍ਹੇ ਸਮੇਂ ਵਿਚ ਇਸ ਨੂੰ ਲਾਗੂ ਕਰ ਦਿਆਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਸਮੇਂ ਵਿਚ ਲਾਗੂ ਕਰਨਗੇ ਕਿਉਂਕਿ ਪਹਿਲਾਂ ਹੀ ਕਾਫੀ ਦੇਰ ਹੋ ਚੁੱਕੀ ਹੈ? ਕੀ ਇਸ ਵਾਸਤੇ ਇਹ ਟਾਈਮ ਬਾਊਂਡ ਕਰਨਗੇ?

**ਮਾਨਯੋਗ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਛੇਤੀ ਹੀ ਕਰ ਦਿਆਂਗੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਅਸੀਂ ਛੇਤੀ ਹੀ ਇਸ ਨੂੰ ਲਾਗੂ ਕਰਾਂਗੇ। ਸੀ.ਐਮ. ਸਾਹਿਬ ਪਹਿਲਾਂ ਹੀ ਕਾਹਲੇ ਹਨ। ਗਰੀਬਾਂ ਦੀ ਹਾਲਤ ਬਹੁਤ ਅੱਛੀ ਤਰ੍ਹਾਂ ਸਮਝਦੇ ਹਨ। ਫਾਇਨਾਂਸ ਮਨਿਸਟਰ ਸਾਹਿਬ ਵੀ ਕਾਹਲੇ ਹਨ। ਅਸੀਂ ਮੀਟਿੰਗਾਂ ਕਰਕੇ ਛੇਤੀ ਹੀ ਥੋੜ੍ਹੇ ਸਮੇਂ ਵਿਚ ਇਸ ਨੂੰ ਲਾਗੂ ਕਰ ਦਿਆਂਗੇ।

-------

## ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਸਪਲਾਈ

*165. **ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਰਚ-ਅਪ੍ਰੈਲ, 2007 ਦੌਰਾਨ ਜ਼ਿਲ੍ਹਾ ਮੋਗਾ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਮੁਫਤ ਵੰਡੀਆਂ ਜਾਣ ਵਾਲੀਆਂ ਕਿਤਾਬਾਂ ਖੁਲ੍ਹੇ ਬਾਜ਼ਾਰ ਵਿਚ ਕਿਤਾਬਾਂ ਦੀਆਂ ਦੁਕਾਨਾਂ ਤੇ ਵਿਕਰੀ ਲਈ ਪਾਈਆਂ ਗਈਆਂ ਸਨ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਨਹੀਂ ਜੀ।

**ਸਰਦਾਰ ਅਜੀਤ ਸਿੰਘ ਸ਼ਾਂਤ** : ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ਿਲ੍ਹਾ ਮੋਗੇ ਵਿਚ ਅਪ੍ਰੈਲ ਦੇ ਮਹੀਨੇ ਜਿਹੜੀਆਂ ਕਿਤਾਬਾਂ ਸਮਾਜ ਭਲਾਈ ਵਿਭਾਗ ਐਸ.ਸੀ. ਬੱਚਿਆਂ ਵਾਸਤੇ ਭੇਜਦਾ ਹੈ, ਉਹ ਕਿਤਾਬਾਂ ਆਮ ਦੁਕਾਨਾਂ ਤੇ ਪਾਈਆਂ ਗਈਆਂ। ਇਹ ਕਿਤਾਬ ੪੩/- ਰੁਪਏ ਦੀ ਵਿਕੀ ਔਰ ਉਸ ਤੇ ਲਿਖਿਆ ਹੋਇਆ ਸੀ : "ਨਾਟ ਫਾਰ ਸੇਲ।" ਇਹ ਕਿਤਾਬ ਸਮਾਜਿਕ ਸਿੱਖਿਆ ਦੀ ਸੀ ਜੋ ਕਿ ਸਰਕਾਰੀ ਹਾਈ ਸਕੂਲ, ਕੁੱਸਾ ਦੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦੀ ਸੀ। ਇਸ ਬਾਰੇ ਬਕਾਇਦਾ ਰਿਪੋਰਟਾਂ ਵੀ ਛਾਇਆ ਹੋਈਆਂ। ਮਹਿਕਮੇ ਨੇ ਬਕਾਇਦਾ ਕਾਰਵਾਈ ਕੀਤੀ, ਪੜਤਾਲ ਕੀਤੀ ਲੇਕਿਨ ਹੁਣ ਇਹ ਸਮਝ ਨਹੀਂ ਆਈ ਕਿ ਮੰਤਰੀ ਸਾਹਿਬ ਇਹ ਜਵਾਬ 'ਨਾਂਹ' ਵਿਚ ਦੇ ਰਹੇ ਹਨ ਜਦ ਕਿ ਉਸ ਸਮੇਂ ਵੱਡੀ ਪੱਧਰ ਤੇ ਲੋਕਾਂ ਨੇ ਬੁਰਾ ਮਨਾਇਆ ਸੀ। ਇਸ ਬਾਰੇ ਬਕਾਇਦਾ ਖਬਰਾਂ ਵੀ ਛਾਇਆ ਹੋਈਆਂ। ਮੈਂ ਬੇਨਤੀ

Original with;
Punjab Vidhan Sabha
Digitized by;
Panjab Digital Library

ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਸ ਬਾਰੇ ਜ਼ਰੂਰ ਚੈਕ ਕਰਵਾਇਆ ਜਾਵੇ ਤਾਂ ਕਿ ਬੱਚਿਆਂ ਨੂੰ ਕਿਤਾਬਾਂ ਸਮੇਂ ਸਿਰ ਪਹੁੰਚ ਜਾਣ। ਇਹ ਅਪ੍ਰੈਲ ਮਹੀਨੇ ਦੀ ਗੱਲ ਹੈ ਜਦੋਂ ਵਿਦਿਅਕ ਸੈਸ਼ਨ ਸਟਾਰਟ ਹੁੰਦਾ ਹੈ। ਕੀ ਮੰਤਰੀ ਜੀ ਇਹ ਐਸ਼ਿਓਰੈਂਸ ਦੇਣਗੇ ਕਿ ਭਵਿੱਖ ਵਿਚ ਅਜਿਹੀ ਘਟਨਾ ਨਹੀਂ ਵਾਪਰੇਗੀ? ਧੰਨਵਾਦ ਜੀ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬਹੁਤ ਹੀ ਅਹਿਮ ਸਵਾਲ ਕੀਤਾ ਹੈ। ਇਸ ਦੀ ਇਨਕੁਆਰੀ ਕਰਵਾਈ ਹੈ ਪਰ ਰਿਪੋਰਟ "ਨਾਂਹ" ਵਿਚ ਆਈ ਹੈ। ਅਗਰ ਮੈਂਬਰ ਸਾਹਿਬ ਦੇ ਧਿਆਨ ਵਿਚ ਅਜਿਹੀ ਗੱਲ ਹੈ ਤਾਂ ਸਾਨੂੰ ਦੱਸ ਦੇਣ, ਮੈਂ ਇਸ ਦੀ ਤੁਰੰਤ ਇਨਕੁਆਰੀ ਕਰਵਾਵਾਂਗਾ ਔਰ ਜਿਹੜਾ ਵੀ ਦੋਸ਼ੀ ਪਾਇਆ ਗਿਆ, ਉਸ ਦੇ ਖਿਲਾਫ ਸਖਤ ਕਾਰਵਾਈ ਹੋਵੇਗੀ। ਅੱਗੇ ਤੋਂ ਮਹਿਕਮੇ ਨੂੰ ਵੀ ਹਦਾਇਤਾਂ ਜਾਰੀ ਕਰਾਂਗੇ ਕਿ ਅਜਿਹਾ ਨਾ ਹੋਵੇ ਔਰ ਹੋਰ ਜ਼ਿਲ੍ਹਿਆਂ ਵਿਚ ਵੀ ਅਜਿਹੀ ਘਟਨਾ ਨਾ ਵਾਪਰੇ ਕਿਉਂਕਿ ਇਹੋ ਜਿਹੀਆਂ ਸਰਕਾਰੀ ਕਿਤਾਬਾਂ ਤੇ ਲਿਖਿਆ ਹੁੰਦਾ ਹੈ ਕਿ ਇਹ ਕਿਤਾਬ ਵਿੱਕ ਨਹੀਂ ਸਕਦੀ। ਜਿਹੜਾ ਵੀ ਦੋਸ਼ੀ ਹੋਵੇਗਾ, ਉਸ ਦੇ ਖਿਲਾਫ ਜ਼ਰੂਰ ਕਾਰਵਾਈ ਹੋਵੇਗੀ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਇਹ ਜਿਹੜੀਆਂ ਕਿਤਾਬਾਂ ਗਰੀਬ ਬੱਚਿਆਂ ਵਾਸਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਹਨ, ਇਹ ਬੱਚਿਆਂ ਤੱਕ ਦੇਰੀ ਨਾਲ ਪਹੁੰਚਦੀਆਂ ਹਨ, ਡਿਲੇਅ ਹੋ ਜਾਂਦੀਆਂ ਹਨ। ਦੋ-ਦੋ ਮਹੀਨੇ ਬੱਚਿਆਂ ਨੂੰ ਕਿਤਾਬਾਂ ਨਹੀਂ ਮਿਲਦੀਆਂ। ਕਈ ਜਗ੍ਹਾ ਤੇ 3-3 ਮਹੀਨੇ ਨਹੀਂ ਮਿਲਦੀਆਂ ਤੇ ਉਹ ਆਪ ਕਿਤਾਬਾਂ ਖਰੀਦਦੇ ਹਨ।

**ਮਾਨਯੋਗ ਸਪੀਕਰ** : ਜਵਾਬ ਮੁਕੰਮਲ ਤੌਰ ਤੇ ਆ ਚੁੱਕਾ ਹੈ। ਜੋ ਵੀ ਗੱਲ ਪੁੱਛੀ ਹੈ, ਉਸ ਦਾ ਉਨ੍ਹਾਂ ਨੇ ਕੰਪਲੀਟ ਜਵਾਬ ਦੇ ਦਿੱਤਾ ਹੈ।

**ਸਰਦਾਰ ਈਸ਼ਰ ਸਿੰਘ** : ਮੈਂ ਤਾਂ ਇਹ ਪੁੱਛਿਆ ਹੈ ਕਿ ਡਿਲੇਅ ਦੇ ਕੀ ਕਾਰਨ ਹਨ?

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਕਹਿ ਰਹੇ ਹਨ ਕਿ ਕਿਤਾਬਾਂ ਲੇਟ ਜਾ ਰਹੀਆਂ ਹਨ। ਮੇਰੇ ਖਿਆਲ ਵਿਚ ਅਜਿਹਾ ਨਹੀਂ ਪਰ ਜੇ ਲੇਟ ਜਾਂਦੀਆਂ ਹਨ ਤਾਂ ਮਹਿਕਮੇ ਨੂੰ ਕਹਿ ਦਿਆਂਗੇ ਕਿ ਪਤਾ ਕਰੇ ਤਾਂ ਕਿ ਅੱਗੇ ਤੋਂ ਸਮੇਂ ਸਿਰ ਕਿਤਾਬਾਂ ਜਾਣ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਸ਼ਗਨ ਸਕੀਮ ਦਾ ਇੱਕ ਵੀ ਪੈਸਾ ਨਹੀਂ ਆ ਰਿਹਾ ਹੈ.....

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ** : ਇਹ ਪ੍ਰਸ਼ਨ ਕੇਵਲ ਕਿਤਾਬਾਂ ਨਾਲ ਸਬੰਧਤ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ** : ਉਹ ਵੀ ਗਰੀਬਾਂ ਦੀਆਂ ਧੀਆਂ ਹਨ, ਉਸ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ.....

**ਮਾਨਯੋਗ ਸਪੀਕਰ** : ਨੈਕਸਟ ਕੁਐਸ਼ਚਨ, ਜੀਤਮਹਿੰਦਰ ਸਿੰਘ ਸਿੱਧੂ।

--------

## ਐਲੀਮੈਂਟਰੀ ਸਕੂਲਾਂ ਦਾ ਕੰਟਰੋਲ ਵਾਪਸ ਲੈਣਾ

*61. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਐਲੀਮੈਂਟਰੀ ਸਕੂਲਾਂ ਦਾ ਕੰਟਰੋਲ ਜੋ ਕਿ ਪਹਿਲਾਂ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪਿਆ ਗਿਆ ਸੀ, ਨੂੰ ਵਾਪਿਸ ਲੈਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਨਹੀਂ ਜੀ, ਫਿਲਹਾਲ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪੇ ਪਿੰਡਾਂ ਦੇ ਪ੍ਰਾਇਮਰੀ ਸਕੂਲ ਸਰਕਾਰ ਦੇ ਪ੍ਰਬੰਧ ਹੇਠ ਨਹੀਂ ਲਏ ਜਾਣੇ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਜੋ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ, ਇਸ ਵਿਚ ਲਿਖਿਆ ਹੈ, "No, Sir. As of now,....." As of now ਦਾ ਮਤਲਬ ਹੁੰਦਾ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਤੋਂ ਵਾਪਸ ਲੈ ਲੈਣਗੇ, ਨਹੀਂ ਤਾਂ ਲਿਖ ਦਿੰਦੇ ਕਿ ਬਿਲਕੁੱਲ ਵਾਪਸ ਨਹੀਂ ਲਵਾਂਗੇ। ਇਸ ਜਵਾਬ ਵਿਚ ਲਿਖਿਆ ਹੈ, As of now, village elementary Schools under the control of Zila Prishad will not be taken under control of the Govt. ਮੈਂ ਇਨ੍ਹਾਂ ਤੋਂ ਇਸ ਸਦਨ ਵਿਚ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਕੀ ਆਉਣ ਵਾਲੇ ਸਮੇਂ ਵਿਚ ਵੀ ਇਹ ਜ਼ਿਲ੍ਹਾ ਪ੍ਰੀਸ਼ਦ ਤੋਂ ਵਾਪਸ ਨਹੀਂ ਲੈਣਗੇ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 16.5.2007 ਨੂੰ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪੇ ਗਏ ਈ.ਟੀ.ਟੀ. ਸਕੂਲਾਂ ਸਬੰਧੀ ਮੀਟਿੰਗ ਕੀਤੀ ਗਈ ਸੀ। ਇਸ ਮੀਟਿੰਗ ਵਿਚ ਮੱਦ ਨੰਬਰ ਇੱਕ ਤੇ ਨਿਰਣਾ ਲਿਆ ਗਿਆ ਹੈ ਕਿ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪੇ ਗਏ ਸਕੂਲ ਜ਼ਿਲ੍ਹਾ ਪ੍ਰੀਸ਼ਦਾਂ ਦੇ ਕੰਟਰੋਲ ਹੇਠ ਹੀ ਕੰਮ ਕਰਨਗੇ। ਇਸ ਲਈ ਇਨ੍ਹਾਂ ਨੂੰ ਜ਼ਿਲ੍ਹਾ ਪ੍ਰੀਸ਼ਦਾਂ ਤੋਂ ਵਾਪਸ ਲੈਣ ਦਾ ਕੋਈ ਨਿਰਣਾ ਨਹੀਂ ਲਿਆ ਗਿਆ ਹੈ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਬੜੀ ਸਿੰਪਲ ਗੱਲ ਪੁੱਛੀ ਹੈ ਕਿ ਕੀ ਇਹ ਵਿਸ਼ਵਾਸ ਦਿਵਾਉਣਗੇ ਕਿ ਅਸੀਂ ਇਹ ਸਕੂਲ ਬਿਲਕੁਲ

Original with;
Punjab Vidhan Sabha
Digitized by;
Panjab Digital Library

ਵਾਪਸ ਨਹੀਂ ਲਵਾਂਗੇ। ਇਨ੍ਹਾਂ ਨੇ ਤਾਂ ਮੀਟਿੰਗ ਦਾ ਜ਼ਿਕਰ ਕੀਤਾ ਹੈ, ਕੀ ਦੁਬਾਰਾ ਮੀਟਿੰਗ ਕਰਕੇ.....

**ਮੰਤਰੀ** : ਸਪੀਕਰ ਸਾਹਿਬ, ਵਿਸ਼ਵਾਸ ਤਾਂ ਦਿਵਾ ਦਿੱਤਾ ਹੈ। ਇਸ ਤੋਂ ਵੱਧ ਵਿਸ਼ਵਾਸ ਮੈਂ ਕੀ ਦਿਵਾ ਸਕਦਾ ਹਾਂ।

**ਮਾਨਯੋਗ ਸਪੀਕਰ** : ਮੀਟਿੰਗ ਵਿਚ ਫੈਸਲਾ ਲੈ ਕੇ ਤੁਹਾਨੂੰ ਕਨਵੇ ਕਰ ਦਿੱਤਾ ਹੈ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਇੱਕ ਮੀਟਿੰਗ ਵਿਚ ਫੈਸਲਾ ਲਿਆ ਗਿਆ ਹੈ, ਕੱਲ੍ਹ ਨੂੰ ਇੱਕ ਹੋਰ ਮੀਟਿੰਗ ਕਰ ਲੈਂਦੇ ਹਨ ਅਤੇ ਉਸ ਵਿਚ ਫੈਸਲਾ ਕਰ ਲੈਣਗੇ ਕਿ ਅਸੀਂ ਵਾਪਸ ਲੈ ਲਏ ਹਨ। ਮੈਂ ਇਸ ਸਦਨ ਵਿਚ ਵਿਸ਼ਵਾਸ ਲੈਣਾ ਚਾਹੁੰਦਾ ਹਾਂ।

**ਮੰਤਰੀ** : ਸਪੀਕਰ ਸਾਹਿਬ, ਸਰਕਾਰ ਫੈਸਲਾ ਕਰਦੀ ਰਹਿੰਦੀ ਹੈ ਅਤੇ ਬਦਲਦੀ ਵੀ ਰਹਿੰਦੀ ਹੈ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਅਸੀਂ ਆਸ ਰਖੀਏ ਕਿ ਤੁਸੀਂ ਵਾਪਸ ਨਹੀਂ ਲਵੋਗੇ? ਮੈਂ ਤਾਂ ਬੜੀ ਸਿੰਪਲ ਗੱਲ ਪੁੱਛੀ ਹੈ।

**ਮੰਤਰੀ** : ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਫਿਲਹਾਲ ਕੋਈ ਵਿਚਾਰ ਨਹੀਂ ਕਿ ਇਨ੍ਹਾਂ ਸਕੂਲਾਂ ਨੂੰ ਵਾਪਸ ਲਿਆ ਜਾਵੇਗਾ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਫਿਲਹਾਲ ਕਿ ਕੋਈ ਵਿਚਾਰ ਨਹੀਂ।

**ਮਾਨਯੋਗ ਸਪੀਕਰ** : ਸਿੱਧੂ ਜੀ, ਬੈਠੋ ਹੁਣ।

**ਕੈਪਟਨ ਬਲਬੀਰ ਸਿੰਘ ਬਾਠ** : ਸਰ, ਮੈਂ ਆਪ ਦੇ ਰਾਹੀਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਸਕੂਲਾਂ ਵਿਚ, ਐਲੀਮੈਂਟਰੀ ਸਕੂਲਾਂ ਵਿਚ ਪਿਛਲੀ ਸਰਕਾਰ ਦੇ ਸਮੇਂ ਵਿਚ ਟੀਚਰਾਂ ਦੀ ਭਰਤੀ ਹੋਈ ਸੀ, ਕੀ ਉਸ ਵਿਚ ਕੋਈ ਭਾਈਵੰਦੀ, ਭਾਈ ਭਤੀਜਾਵਾਦ ਨਹੀਂ ਚੱਲਿਆ? ਕੀ ਸਰਕਾਰ ਉਨ੍ਹਾਂ ਟੀਚਰਾਂ ਦੀ ਭਰਤੀ ਦੁਬਾਰਾ ਕਰਵਾਏਗੀ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਅਖਬਾਰਾਂ ਵਿਚ ਪੜ੍ਹਿਆ ਹੈ, ਉਵੇਂ ਅਸੀਂ ਵੀ ਪੜ੍ਹਿਆ ਹੈ ਕਿ ਜਿਹੜੀ ਪਿਛਲੀ ਭਰਤੀ ਸੀ, ਉਸ ਵਿਚ ਕਾਫੀ ਬੇਨਿਯਮੀਆਂ ਹੋਈਆਂ ਹਨ। ਉਹ ਮਾਸਟਰ ਲੋਕ ਸਾਨੂੰ ਵੀ ਮਿਲੇ ਹਨ। ਇਸ ਬਾਰੇ ਕੋਰਟ ਵਿਚ, ਹਾਈਕੋਰਟ ਵਿਚ ਵੀ

Original with;
Punjab Vidhan Sabha
Digitized by;
Panjab Digital Library

[ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ]

ਕੇਸ ਕੀਤਾ ਗਿਆ ਸੀ। ਉਸ ਨੇ ਉਹ ਵਾਪਸ ਸਾਨੂੰ ਭੇਜਿਆ ਹੈ ਕਿ ਇਨ੍ਹਾਂ ਦਾ ਪਤਾ ਕਰੋ। ਅਸੀਂ ਪਤਾ ਕਰ ਰਹੇ ਹਾਂ। ਜੇਕਰ ਲੋੜ ਪਈ ਤਾਂ ਜ਼ਰੂਰ ਕੋਈ ਨਾ ਕੋਈ ਐਕਸ਼ਨ ਕਰਾਂਗੇ।

**ਮਾਨਯੋਗ ਸਪੀਕਰ** : ਸਕਰੂਟਨੀ ਕਰਾਂਗੇ। ਅਗਲਾ ਸਵਾਲ।

-------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 114

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

-------

## ਨਕੋਦਰ-ਫਗਵਾੜਾ ਅਤੇ ਗੁਰਾਇਆ-ਜੰਡਿਆਲਾ ਸੜਕਾਂ ਨੂੰ ਮਜ਼ਬੂਤ ਕਰਨਾ

*178. **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਕੋਦਰ-ਫਗਵਾੜਾ ਅਤੇ ਗੁਰਾਇਆ-ਜੰਡਿਆਲਾ ਸੜਕਾਂ ਨੂੰ ਚੌੜਾ ਅਤੇ ਮਜ਼ਬੂਤ ਕਰਨ ਲਈ ਪ੍ਰਾਜੈਕਟਾਂ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਨ੍ਹਾਂ ਸੜਕਾਂ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸ਼੍ਰੀਮਾਨ ਜੀ, ਨਕੋਦਰ-ਫਗਵਾੜਾ 17.00 ਕਿ:ਮੀ: ਅਤੇ ਗੋਰਾਇਆ-ਜੰਡਿਆਲਾ 17.46 ਕਿ:ਮੀ: ਪ੍ਰੋਜੈਕਟਾਂ ਨੂੰ ਮਜ਼ਬੂਤ ਕਰਨ ਦੀ ਸਥਿਤੀ ਹੇਠ ਅਨੁਸਾਰ ਹੈ:-

ਇਹਨਾਂ ਸੜਕਾਂ ਦਾ ਕੰਮ ਕ੍ਰਮਵਾਰ 7.06 ਕਿ:ਮੀ: ਅਤੇ 4.80 ਕਿ:ਮੀ: ਪੂਰਾ ਕਰ ਲਿਆ ਗਿਆ ਹੈ। ਬਾਕੀ ਰਹਿੰਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਨਵੰਬਰ, 2007 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

**ਸਰਦਾਰ ਅਮਰਜੀਤ ਸਿੰਘ ਸਮਰਾ** : ਮਾਨਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਯਕੀਨ ਦਿਵਾਇਆ ਹੈ ਕਿ ਨਵੰਬਰ, 2007 ਤੱਕ, ਇਸ ਨਵੰਬਰ ਤੱਕ ਇਹ ਸੜਕਾਂ ਪੂਰੀਆਂ ਹੋ ਜਾਣਗੀਆਂ।

**ਸਰਦਾਰ ਈਸ਼ਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਸੜਕਾਂ ਨੂੰ ਮੇਨਟੇਨ

Original with;
Punjab Vidhan Sabha
Digitized by;
Panjab Digital Library

ਕਰਨ ਵਾਸਤੇ ਬੇਲਦਾਰਾਂ ਦੀ ਭਰਤੀ ਕਰਕੇ ਉਨ੍ਹਾਂ ਨੂੰ ਕੰਮ ਤੇ ਲਾਇਆ ਜਾਂਦਾ ਹੈ। ਪਰ ਆਮ ਕਰਕੇ ਇਹ ਬੇਲਦਾਰ ਸੜਕਾਂ ਤੇ ਦਿਖਾਈ ਨਹੀਂ ਦਿੰਦੇ। ਕੀ ਇਹ ਬੇਲਦਾਰ ਮੌਜੂਦ ਹਨ? ਜੇਕਰ ਹਨ ਤਾਂ ਕਿਥੇ ਕੰਮ ਕਰਦੇ ਹਨ?

**ਮੰਤਰੀ** : ਇਹ ਸੈਪਰੇਟ ਕੁਐਸਚਨ ਹੈ। ਬੇਲਦਾਰਾਂ ਨਾਲ ਇਸ ਕੁਐਸਚਨ ਦਾ ਕੋਈ ਸਬੰਧ ਨਹੀਂ ਹੈ ਅਤੇ ਤੁਸੀਂ ਕਿਹੜੇ ਇਲਾਕੇ ਦੀ ਗੱਲ ਕਰ ਰਹੇ ਹੋ। ਸਾਡੇ ਕੋਲ ਵੱਡੀ ਗਿਣਤੀ ਵਿਚ ਬੇਲਦਾਰ ਹਨ। ਇਹ ਇਸ ਦਾ ਸਪੈਸੇਫਿਕ ਕੁਐਸਚਨ ਪੁੱਛ ਲੈਣ, ਜਵਾਬ ਦੇ ਦਿੱਤਾ ਜਾਵੇਗਾ

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਮੈਂ ਤਾਂ ਸਿਰਫ਼ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਕੀ ਬੇਲਦਾਰ ਮੌਜੂਦ ਹਨ? ਕੀ ਉਹ ਆਪਣੀ ਡਿਊਟੀ ਨਿਭਾ ਰਹੇ ਹਨ? ਮਾਮੂਲੀ ਗੱਲ ਹੈ ਇਸ ਬਾਰੇ ਦੱਸ ਦੇਣ।

**ਮੰਤਰੀ** : ਸਪੀਕਰ ਸਾਹਿਬ, ਜਿਸ ਦੀ ਡਿਊਟੀ ਹੈ ਉਹ ਆਪਣੀ ਡਿਊਟੀ ਨਿਭਾਉਂਦੇ ਹਨ। ਜੇ ਇਨ੍ਹਾਂ ਕੋਲ ਕੋਈ ਸ਼ਿਕਾਇਤ ਹੈ ਕਿ ਕੋਈ ਆਪਣੀ ਡਿਊਟੀ ਨਹੀਂ ਨਿਭਾ ਰਿਹਾ ਤਾਂ ਦੱਸ ਦੇਣ। ਚੈੱਕ ਕਰਵਾ ਲਿਆ ਜਾਵੇਗਾ।

**ਮਾਨਯੋਗ ਸਪੀਕਰ** : ਸਰਦਾਰ ਈਸ਼ਰ ਸਿੰਘ ਜੀ, ਸਵਾਲ ਆਇਆ ਸੀ ਸਮਰਾ ਸਾਹਿਬ ਵਲੋਂ ਸੜਕਾਂ ਦਾ, ਬੇਲਦਾਰਾਂ ਦਾ ਨਹੀਂ ਆਇਆ। ਤੁਸੀਂ ਇਸ ਸਬੰਧੀ ਸੈਪਰੇਟ ਕੁਐਸਚਨ ਕਰ ਲੈਣਾ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਇਹ ਇਸੇ ਨਾਲ ਸਬੰਧਤ ਹੈ।

**ਮਾਨਯੋਗ ਸਪੀਕਰ** : ਅਗਲਾ ਸਵਾਲ।

-------

## ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਪੈਨਸ਼ਨਾਂ ਦੀ ਸੋਧਨਾ ਕਰਨਾ

*204. **ਸਰਦਾਰ ਕੁਲਦੀਪ ਸਿੰਘ ਭੱਠਲ** : ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਵੰਡੀਆਂ ਜਾ ਰਹੀਆਂ ਪੈਨਸ਼ਨਾਂ ਦੀਆਂ ਦਰਾਂ ਨੂੰ ਸੋਧਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ?

**ਚੌਧਰੀ ਸਵਰਨਾ ਰਾਮ** : ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਪੈਨਸ਼ਨ/ਵਿੱਤੀ ਸਹਾਇਤਾ ਸਕੀਮਾਂ ਦੀ ਦਰ ਸੋਧਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਬਾਰੇ ਨੇੜ-ਭਵਿੱਖ ਵਿਚ ਢੁਕਵਾਂ ਫੈਸਲਾ ਲੈ ਲਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕੁਲਦੀਪ ਸਿੰਘ ਭੱਠਲ :** ਮਾਨਯੋਗ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਵੀ ਕਰਨੀ ਚਾਹਾਂਗਾ ਕਿ ਜਿਹੜੀ ਪੈਨਸ਼ਨ ਪੰਜਾਬ ਸਰਕਾਰ ਵਲੋਂ ਵੰਡੀ ਜਾਂਦੀ ਹੈ ਉਸ ਵਿਚ ਜਿਹੜੀ ਕੰਡੀਸ਼ਨ ਖਾਸ ਤੌਰ ਤੇ ਕਿ ਘਰ ਦਾ ਕੋਈ ਬੱਚਾ ਨੌਕਰੀ ਵਿਚ ਹੋਵੇ ਤਾਂ ਉਨ੍ਹਾਂ ਨੂੰ ਇਸ ਬੈਨੀਫਿਟ ਤੋਂ ਵਾਂਝਾ ਕਰ ਦਿੱਤਾ ਜਾਂਦਾ ਹੈ। 60-70% ਕੇਸ ਅਜਿਹੇ ਹਨ ਜਿਸ ਵਿਚ ਮਾਂ-ਬਾਪ ਅਲੱਗ ਹੋ ਜਾਂਦੇ ਹਨ ਅਤੇ ਲੜਕਾ ਉਨ੍ਹਾਂ ਨੂੰ ਕੋਈ ਸਹਾਇਤਾ ਨਹੀਂ ਦਿੰਦਾ। ਮੈਂ ਇਹ ਬੇਨਤੀ ਕਰਦਾ ਹਾਂ ਕਿ ਐਸੇ ਕੇਸ ਜਿਨ੍ਹਾਂ ਵਿਚ ਜੋ ਬੱਚੇ ਹਨ ਉਹ ਮਾਂ-ਬਾਪ ਦੀ ਸਪੋਰਟ ਨਹੀਂ ਕਰਦੇ, ਅਜਿਹੇ ਕੇਸਾਂ ਨੂੰ ਇਸ ਕੰਡੀਸ਼ਨ ਤੋਂ ਐਕਸਕਲੂਡ ਕਰ ਦਿੱਤਾ ਜਾਵੇ। ਦੂਜੇ ਲਫ਼ਜਾਂ ਵਿਚ ਬਜ਼ੁਰਗਾਂ ਨੂੰ ਪੈਨਸ਼ਨ ਦਾ ਲਾਭ ਜ਼ਰੂਰ ਪ੍ਰਾਪਤ ਹੋਵੇ।

**ਮੰਤਰੀ :** ਇਹ ਜਿਹੜੀਆਂ ਕੰਡੀਸ਼ਨਾਂ ਪਿਛਲੀਆਂ ਚਲ ਰਹੀਆਂ ਹਨ ਕਿ ਜਿਨ੍ਹਾਂ ਦੇ ਲੜਕੇ ਜਵਾਨ ਹੋ ਗਏ ਹਨ ਉਨ੍ਹਾਂ ਨੂੰ ਪੈਨਸ਼ਨ ਨਹੀਂ ਲਾਈ ਜਾ ਸਕਦੀ। ਇਸ ਬਾਰੇ ਅਸੀਂ ਆਪਣੇ ਮੈਨੀਫੈਸਟੋ ਵਿਚ ਕਹਿ ਦਿੱਤਾ ਹੈ ਕਿ ਇਹ ਕੰਡੀਸ਼ਨਾਂ ਅੱਗੇ ਤੋਂ ਲਾਗੂ ਨਹੀਂ ਹੋਣਗੀਆਂ

**ਕੈਪਟਨ ਬਲਬੀਰ ਸਿੰਘ ਬਾਠ :** ਸਪਲੀਮੈਂਟਰੀ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੈਨਸ਼ਨਾਂ ਮਿਲ ਰਹੀਆਂ ਹਨ, ਪੰਜਾਬ ਵਿਚ ਤਕਰੀਬਨ ਸਾਰੇ ਹੀ ਬੁੱਢੇ ਹੋ ਗਏ ਹਨ, ਬਜ਼ੁਰਗ ਹੋ ਗਏ ਹਨ ਜਾਂ ਚਿੱਟੇ ਵਾਲਾਂ ਵਾਲੇ ਹੋ ਗਏ ਹਨ। ਜਿਹੜੇ ਨੌਜਵਾਨ ਹਨ ਉਹ ਕਿੰਨੇ ਬਚੇ ਹਨ? ਮੈਂ ਜਾਨਣਾ ਚਾਹੁੰਦਾ ਹਾਂ ਕਿ ਕਿੰਨੀਆਂ ਪੈਨਸ਼ਨਾਂ ਲੱਗਣ ਵਾਲੀਆਂ ਹਨ? ਕੀ ਇਹ ਇਸ ਸਬੰਧੀ ਡਿਟੇਲ ਦੇ ਦੇਣਗੇ?

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਦੇ ਅੰਦਰ ਨਹੀਂ ਹੈ। ਕਿੰਨੇ ਲੋਕਾਂ ਨੇ ਹੋਰ ਅਰਜ਼ੀਆਂ ਦਿੱਤੀਆਂ ਹਨ ਅਤੇ ਕਿੰਨੇ ਲੋਕਾਂ ਨੂੰ ਪੈਨਸ਼ਨਾਂ ਲੱਗਣੀਆਂ ਹਨ, ਇਸ ਦੀ ਜਾਣਕਾਰੀ ਇਸ ਵਕਤ ਮੇਰੇ ਕੋਲ ਨਹੀਂ ਹੈ। ਸਪੀਕਰ ਸਾਹਿਬ, ਇਹ ਇਸ ਸਬੰਧੀ ਸਵਾਲ ਦੇ ਦੇਣ ਮੈਂ ਪਤਾ ਕਰਵਾ ਕੇ ਜਵਾਬ ਦੇ ਦੇਵਾਂਗਾ।

**ਕੈਪਟਨ ਬਲਬੀਰ ਸਿੰਘ ਬਾਠ :** ਸਪੀਕਰ ਸਾਹਿਬ, ਇਹ ਸਿੰਪਲ ਗੱਲ ਹੈ। ਇਸ ਨੂੰ ਕਿਤਾਬਾਂ ਵਿਚੋਂ ਪੜ੍ਹਨ ਦੀ ਲੋੜ ਨਹੀਂ ਹੈ। ਦੁਬਾਰਾ ਸਵਾਲ ਦੇਣ ਦੀ ਲੋੜ ਨਹੀਂ ਹੈ। ਮੈਂ ਕੁਐਸਚਨ ਸਿੱਧਾ ਕਰ ਦਿੰਦਾ ਹਾਂ ਕਿ ਜਿਹੜੀਆਂ ਪੈਨਸ਼ਨਾਂ ਗਲਤ ਲੱਗੀਆਂ ਹੋਈਆਂ ਹਨ, ਜਿਹੜੇ ਨਜ਼ਾਇਜ਼ ਪੈਨਸ਼ਨਾਂ ਲੈ ਰਹੇ ਹਨ ਉਨ੍ਹਾਂ ਦੀ ਕੀ ਇਹ ਪੜਤਾਲ ਕਰਵਾਉਣਗੇ?

**ਮੰਤਰੀ :** ਹਾਂ ਜੀ, ਇਨ੍ਹਾਂ ਦੀ ਪੜਤਾਲ ਕਰਵਾਈ ਜਾਵੇਗੀ।

**ਸਰਦਾਰ ਕੁਲਦੀਪ ਸਿੰਘ ਭੱਠਲ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਹੜਾ ਜਵਾਬ ਦਿੱਤਾ ਹੈ ਇਨ੍ਹਾਂ ਨੇ ਕਲੀਅਰ ਨਹੀਂ ਕੀਤਾ

Original with;
Punjab Vidhan Sabha
Digitized by;
Panjab Digital Library

ਕਿ ਇਸ ਚੀਜ਼ ਨੂੰ ਕਰ ਦਿੱਤਾ ਜਾਵੇਗਾ। ਜੇ ਕੀਤਾ ਜਾਵੇਗਾ ਤਾਂ ਕਿਰਪਾ ਕਰਕੇ ਇਸ ਸਬੰਧੀ ਰਿਪੀਟ ਕਰ ਦੇਣ। ਕਲੈਰੀਫਿਕੇਸ਼ਨ ਦੇ ਦੇਣ?

**ਮੰਤਰੀ :** ਮੈਂ ਪਹਿਲਾਂ ਹੀ, ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਦੱਸਿਆ ਹੈ ਕਿ ਇਹ ਸਕੀਮ ਸਾਡੇ ਵਿਚਾਰ ਅਧੀਨ ਹੈ। ਇਸ ਤੇ ਅਸੀਂ ਵਿਚਾਰ ਕਰਕੇ ਜਿੰਨੀ ਜਲਦੀ ਤੋਂ ਜਲਦੀ ਹੋ ਸਕੇਗਾ ਅਸੀਂ ਇਸ ਨੂੰ ਲਾਗੂ ਕਰ ਦੇਵਾਂਗੇ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਮਾਨਯੋਗ ਸਪੀਕਰ ਸਾਹਿਬ, ਇਹ ਇਕ ਅੱਛਾ ਮੁੱਦਾ ਹੈ। ਇਹ ਜਿਹੜਾ ਮੁੱਦਾ ਹੈ ਕਿ ਬੱਚੇ ਮਾਪਿਆਂ ਦੀ ਮਦਦ ਨਹੀਂ ਕਰਦੇ ਕੀ ਉਨ੍ਹਾਂ ਪੇਰੈਂਟਸ ਨੂੰ ਪੈਨਸ਼ਨ ਦਿੱਤੀ ਜਾਵੇਗੀ ਅਤੇ ਕੀ ਇਹ ਉਸ ਤੇ ਰਿਵਿਊ ਕਰ ਰਹੇ ਹਨ particularly, is this point under consideration?

**ਮੰਤਰੀ :** ਜਿਹੜੇ ਬੱਚੇ ਮਾਪਿਆਂ ਦੀ ਕੇਅਰ ਨਹੀਂ ਕਰਦੇ ਉਨ੍ਹਾਂ ਕੇਸਾਂ ਵਿਚ ਜੇ ਮਾਤਾ ਦੀ ਉਮਰ 60 ਸਾਲ ਅਤੇ ਬਜ਼ੁਰਗ ਦੀ 65 ਸਾਲ ਦੀ ਉਮਰ ਹੈ, ਤਾਂ ਉਨ੍ਹਾਂ ਦੇ ਬਾਰੇ ਸ਼ਰਤਾਂ ਉਡਾ ਕੇ (ਰਿਲੈਕਸੇਸ਼ਨ ਕਰਕੇ) ਉਨ੍ਹਾਂ ਤੇ ਗੌਰ ਕਰ ਰਹੇ ਹਾਂ।

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ.....

**ਮਾਨਯੋਗ ਸਪੀਕਰ :** ਇਸ ਸਵਾਲ ਤੇ ਕਾਫ਼ੀ ਸਪਲੀਮੈਂਟਰੀਜ਼ ਆ ਗਈਆਂ ਹਨ, ਚੱਲੋ, ਦੱਸੋ।

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਬੁਢਾਪਾ ਪੈਨਸ਼ਨ ਹੈ, ਉਹ 60 ਸਾਲ ਦੀਆਂ ਲੇਡੀਜ਼ ਅਤੇ 65 ਸਾਲ ਦੇ ਮਰਦਾਂ ਨੂੰ ਲਗਦੀ ਹੈ। ਪਰ ਇੱਕ ਕੈਟਾਗਰੀ ਹੋਰ ਹੈ, ਉਹ ਹੈ ਵਿਧਵਾ ਦੀ, ਕਈ ਵਾਰੀ ਕੋਈ ਔਰਤ 35-40 ਜਾਂ 45 ਸਾਲ ਦੀ ਉਮਰ ਵਿਚ ਵਿਧਵਾ ਹੋ ਜਾਂਦੀ ਹੈ ਤਾਂ ਉਸ ਨੂੰ ਇਸ ਉਮਰ ਵਿਚ ਵਿਧਵਾ ਪੈਨਸ਼ਨ ਲੱਗ ਜਾਂਦੀ ਹੈ। ਪਰ ਜਦੋਂ ਤਕਰੀਬਨ 10-15 ਸਾਲਾਂ ਬਾਅਦ 60 ਸਾਲ ਦੀ ਹੁੰਦੀ ਹੈ ਤਾਂ ਉਸ ਦੀ ਵਿਧਵਾ ਪੈਨਸ਼ਨ ਬੰਦ ਹੋ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਹੁਣ ਬੁਢਾਪਾ ਆ ਗਿਆ ਹੈ, ਇਸ ਲਈ ਨਵੇਂ ਸਿਰਿਓਂ ਫਾਰਮ ਭਰੇ ਜਾਣ। ਮੇਰਾ ਖਿਆਲ ਹੈ ਕਿ ਪੈਨਸ਼ਨ ਦੀ ਕੈਟਾਗਰੀ ਕੋਈ ਵੱਖਰੀ ਨਹੀਂ ਹੈ। ਪੈਨਸ਼ਨ ਤਾਂ ਪੈਨਸ਼ਨ ਹੀ ਹੁੰਦੀ ਹੈ। ਇਹ ਨਾ ਤਾਂ ਵੱਧ ਹੈ ਤੇ ਨਾ ਹੀ ਘੱਟ ਹੈ। ਫਿਰ ਉਸੇ ਪੈਨਸ਼ਨ ਨੂੰ ਕਿਉਂ ਨਹੀਂ ਕੰਟੀਨਿਊ ਰੱਖਿਆ ਜਾਂਦਾ। ਕਿਉਂਕਿ ਦੁਬਾਰਾ ਫਾਰਮ ਭਰਨ ਨਾਲ ਉਨ੍ਹਾਂ ਨੂੰ ਦੁਬਾਰਾ ਖੱਜਲ ਖੁਆਰੀ ਕਰਨੀ ਪੈਂਦੀ ਹੈ। ਉਨ੍ਹਾਂ ਨੂੰ ਵਾਰ-ਵਾਰ ਖੱਜਲ ਖੁਆਰ ਨਾ ਹੋਣਾ ਪਵੇ, ਸਰਕਾਰ ਨੂੰ ਇਸ ਦੇ ਲਈ ਕੁਝ ਕਰਨਾ ਚਾਹੀਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਬੜਾ ਸਹੀ ਹੈ ਕਿ ਜਿਸ ਔਰਤ

Original with;
Punjab Vidhan Sabha
Digitized by;
Panjab Digital Library

[ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ]

ਨੂੰ ਪਹਿਲਾਂ ਹੀ ਵਿਧਵਾ ਦੀ ਪੈਨਸ਼ਨ ਲੱਗੀ ਹੋਈ ਹੈ ਔਰ ਜਦੋਂ ਉਹ ਬੁਢਾਪੇ ਵਿਚ ਚਲੀ ਜਾਂਦੀ ਹੈ ਤਾਂ ਉਸ ਨੂੰ ਦੂਸਰੀ ਪੈਨਸ਼ਨ ਲੱਗ ਜਾਣੀ ਚਾਹੀਦੀ ਹੈ। ਇਸ ਤੇ ਅਸੀਂ ਵਿਚਾਰ ਕਰ ਲਵਾਂਗੇ।

-------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 179

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

-------

## ਜਲ ਸਪਲਾਈ ਕੁਨੈਕਸ਼ਨਾਂ ਲਈ ਜ਼ਮਾਨਤ ਦੀ ਰਕਮ

*73. **ਸਰਦਾਰ ਈਸ਼ਰ ਸਿੰਘ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਆਮ ਵਰਗ ਅਤੇ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਨਵੇਂ ਜਲ ਸਪਲਾਈ ਕੁਨੈਕਸ਼ਨ ਅਤੇ ਉਨ੍ਹਾਂ ਲਈ ਮਾਸਿਕ ਟੈਰਿਫ਼ ਲਈ ਸਕਿਉਰਟੀ ਦੀ ਰਕਮ ਵੱਖ-ਵੱਖ ਕਿੰਨੀ ਹੈ?

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸ਼੍ਰੀਮਾਨ ਜੀ, ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਦਿੱਤੀ ਜਾਂਦੀ ਹੈ :-

| ਆਈਟਮ ਨੰ: | ਜਨਰਲ ਅਤੇ ਐਸ.ਸੀ. ਕੈਟਾਗਿਰੀ | ਪੀਲੇ ਕਾਰਡ ਉਪਭੋਗਤਾ |
|---|---|---|
| ਸਕਿਉਰਟੀ | 60/- ਰੁ: ਪ੍ਰਤੀ ਕੁਨੈਕਸ਼ਨ | 60/- ਰੁ: ਪ੍ਰਤੀ ਕੁਨੈਕਸ਼ਨ |
| ਕੁਨੈਕਸ਼ਨ ਫੀਸ | 1000/- ਰੁ: ਪ੍ਰਤੀ ਕੁਨੈਕਸ਼ਨ | 500/- ਰੁ: ਪ੍ਰਤੀ ਕੁਨੈਕਸ਼ਨ |
| ਮਹੀਨਾਵਾਰ ਬਿਲ | 60/- ਰੁ: ਪ੍ਰਤੀ ਮਹੀਨਾ (ਜੋ ਸਕੀਮ 40 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਤੇ ਡਿਜ਼ਾਇਨ ਹੈ।) | 60/- ਰੁ: ਪ੍ਰਤੀ ਮਹੀਨਾ (ਜੋ ਸਕੀਮ 40 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਤੇ ਡਿਜ਼ਾਇਨ ਹੈ।) |
| | 75/- ਰੁ: ਪ੍ਰਤੀ ਮਹੀਨਾ (ਜੋ ਸਕੀਮ 70 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਤੇ ਡਿਜ਼ਾਇਨ ਹੈ।) | 75/- ਰੁ: ਪ੍ਰਤੀ ਮਹੀਨਾ (ਜੋ ਸਕੀਮ 70 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਤੇ ਡਿਜ਼ਾਇਨ ਹੈ।) |

Original with;
Punjab Vidhan Sabha
Digitized by;
Panjab Digital Library

**ਸਰਦਾਰ ਈਸ਼ਰ ਸਿੰਘ** : ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਜਿਹੜਾ ਸਰਕਾਰ ਦੀ ਤਰਫੋਂ ਪਿੰਡਾਂ ਦੇ ਵਿਚ ਦਿਹਾਤੀ ਜਲ ਸਪਲਾਈ ਯੋਜਨਾ ਤਹਿਤ ਪਾਣੀ ਸਵੱਸਥ ਦੇਣ ਦਾ ਤਹੱਈਆ ਕੀਤਾ ਹੈ, ਇਹ ਬਹੁਤ ਜ਼ਰੂਰੀ ਹੈ। ਲੇਕਿਨ ਜਿਵੇਂ ਇਸ ਦੀਆਂ ਫੀਸਾਂ ਤਹਿ ਕੀਤੀਆਂ ਗਈਆਂ ਹਨ, ਸਕਿਓਰਟੀ ਕੁਨੈਕਸ਼ਨ ਦੀ ਫੀਸ ਸ਼ਡਿਊਲਡ ਕਾਸਟਸ ਵਾਸਤੇ 1000/- ਰੁਪਏ ਅਤੇ ਪੀਲੇ ਕਾਰਡਾਂ ਵਾਲਿਆਂ ਲਈ 500/- ਰੁਪਏ ਰੱਖੀ ਗਈ ਹੈ। ਅਗਰ ਇਨ੍ਹਾਂ ਕੈਟਾਗਰੀਜ਼ ਦੇ ਲੋਕ ਇਹ ਕੁਨੈਕਸ਼ਨਜ਼ ਲੈਣ ਦੀ ਕੋਸ਼ਿਸ਼ ਕਰਨਗੇ ਤਾਂ ਉਨ੍ਹਾਂ ਨੂੰ ਇਹ ਤਿੰਨ ਹਜ਼ਾਰ ਰੁਪਏ ਦੇ ਕਰੀਬ ਦੇਣੇ ਪੈਣਗੇ। ਕਿਉਂਕਿ ਉਹ ਗਰੀਬ ਲੋਕ ਹੁੰਦੇ ਹਨ, ਇਹ ਪੈਸੇ ਨਾ ਦੇ ਸਕਣ ਦੀ ਸੂਰਤ ਵਿਚ ਤਾਂ ਉਹ ਕੁਨੈਕਸ਼ਨ ਲੈਣ ਤੋਂ ਵੀ ਵਾਂਝੇ ਰਹਿ ਸਕਦੇ ਹਨ। ਸਾਡੇ ਪਿੰਡਾਂ ਵਿਚ ਪੀਣ ਵਾਲਾ ਪਾਣੀ ਪੋਲਿਊਟਿਡ ਹੋ ਚੁੱਕਾ ਹੈ ਜੋ ਕਿ ਸਿਹਤ ਲਈ ਹਾਨੀਕਾਰਕ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸ਼ਡਿਊਲਡ ਕਾਸਟ ਅਤੇ ਪੀਲੇ ਕਾਰਡ ਹੋਲਡਰਜ਼ ਵਾਸਤੇ ਜੋ ਇਹ ਕੁਨੈਕਸ਼ਨ ਲੈਣ ਵਾਸਤੇ ਸਕਿਓਰਟੀ ਅਤੇ ਕਨੈਕਸ਼ਨ ਫੀਸ ਰੱਖੀ ਗਈ ਹੈ, ਕੀ ਸਰਕਾਰ ਇਸ ਨੂੰ ਮੁਆਫ ਕਰਨ ਦੀ ਤਜਵੀਜ਼ ਰੱਖਦੀ ਹੈ? ਜੇ ਰੱਖਦੀ ਹੈ ਤਾਂ ਇਸ ਬਾਰੇ ਮੰਤਰੀ ਜੀ ਦੱਸਣ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਬੜਾ ਵਧੀਆ ਹੈ। ਲੇਕਿਨ ਸਾਡੀ ਸਰਕਾਰ ਬਣੀ ਨੂੰ ਤਾਂ ਅਜੇ ਤਿੰਨ ਮਹੀਨੇ ਹੀ ਹੋਏ ਹਨ। ਇਸ ਲਈ ਇਹ ਜਿਹੜੇ ਰੇਟ ਫਿਕਸ ਕੀਤੇ ਗਏ ਹਨ, ਜੋ ਕਿ ਮੈਂ ਦੱਸੇ ਹਨ, ਇਹ ਪਿਛਲੀ ਸਰਕਾਰ ਦੇ ਸਮੇਂ ਦੇ ਹੀ ਲਾਗੂ ਕੀਤੇ ਹੋਏ ਹਨ। ਸਾਲ 2002-03 ਵਿਚ 50/- ਰੁਪਏ ਲੈਂਦੇ ਸੀ, ਸਾਲ 2003-04 ਵਿਚ 50/- ਰੁਪਏ ਲੈਂਦੇ ਸੀ, ਸਾਲ 2004-05 ਵਿਚ 55/- ਰੁਪਏ ਇਨ੍ਹਾਂ ਨੇ ਲੈਣੇ ਸ਼ੁਰੂ ਕਰ ਦਿੱਤੇ। ਸਾਲ 2005-06 ਦੇ ਵਿਚ ਫਿਰ 55/- ਰੁਪਏ ਲੈਂਦੇ ਸੀ ਅਤੇ ਸਾਲ 2006-07 ਦੇ ਦੌਰਾਨ ਇਨ੍ਹਾਂ ਨੇ 60/- ਰੁਪਏ ਲਏ। ਜੋ ਕਿ 40/- ਰੁਪਏ ਪ੍ਰਤੀ ਜੀਅ ਦੇ ਹਿਸਾਬ ਨਾਲ ਬਣਦੇ ਹਨ। ਇਹ 70/- ਰੁਪਏ ਪ੍ਰਤੀ ਜੀਅ ਦੇ ਹਿਸਾਬ ਨਾਲ ਦਿੰਦੇ ਸਨ। ਫਿਰ ਇਹ 60/- ਰੁਪਏ ਤੋਂ ਵਧਾ ਕੇ 75/- ਰੁਪਏ ਕਰ ਦਿੱਤੇ। ਸਪੀਕਰ ਸਾਹਿਬ, ਇਨ੍ਹਾਂ ਦੇ ਸਵਾਲ ਕਰਨ ਤੋਂ ਲਗਦਾ ਹੈ ਕਿ ਇਨ੍ਹਾਂ ਦੇ ਹਿਸਾਬ ਕਿਤਾਬ ਵਿਚ ਕੋਈ ਗਲਤੀ ਹੋ ਗਈ ਹੈ। ਇਹ ਸਾਡੇ ਮਹਿਕਮੇ ਦੇ ਜਵਾਬ ਵਿਚ ਵੀ ਕਿਤੇ ਨਹੀਂ ਆਇਆ। ਪਤਾ ਨਹੀਂ ਇਨ੍ਹਾਂ ਨੇ ਕਿਥੋਂ ਹਿਸਾਬ ਲਾਇਆ ਹੈ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਤੁਸੀਂ ਵੀ ਬਹੁਤ ਤਜਰਬੇਕਾਰ ਹੋ। ਤੁਹਾਡਾ ਬੜਾ ਲੰਬਾ ਤਜਰਬਾ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਇਹ ਪਿੰਡਾਂ ਦੇ ਗਰੀਬ ਵਸਨੀਕ ਹਨ, ਉਨ੍ਹਾਂ ਨੂੰ ਪਾਣੀ ਸਰਕਾਰ ਵਲੋਂ ਮਿਲਣਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਜਿਹੜੀ ਤਿੰਨ ਹਜ਼ਾਰ ਦੀ ਗੱਲ ਆਖੀ ਹੈ, ਉਸ ਬਾਰੇ ਦੱਸੋ?

Original with;
Punjab Vidhan Sabha
Digitized by;
Panjab Digital Library

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ 60/- ਰੁਪਏ ਸਕਿਓਰਟੀ ਦੀ ਫੀਸ ਰੱਖੀ ਹੈ ਅਤੇ 1000/- ਰੁਪਏ ਕੁਨੈਕਸ਼ਨ ਫੀਸ ਰੱਖੀ ਹੈ। 60/- ਰੁਪਏ ਮਹੀਨੇ ਦੇ ਹਿਸਾਬ ਨਾਲ ਸਾਲ ਦੇ ਪਹਿਲਾਂ ਐਡਵਾਂਸ ਵਿਚ ਚਾਰਜ ਕਰਦੇ ਹਨ। ਇਨ੍ਹਾਂ ਦਾ ਜੋੜ ਕਰ ਲਈਏ ਤਾਂ ਇਹ..... ਇਹ ਬਣ ਗਏ 1720/- ਰੁਪਏ। ਪਾਈਪਾਂ ਪਾ ਕੇ ਘਰ ਦਾ ਕੁਨੈਕਸ਼ਨ ਲੈਣ ਵਾਸਤੇ ਇਹ 3000/- ਤੋਂ ਵੱਧ ਬਣਦਾ ਹੈ। ਕੈਲਕੁਲੇਟ ਕਰਕੇ ਦੇਖ ਲੈਣ। ਇਸ ਤਰ੍ਹਾਂ ਅਸੀਂ ਦੇਖੀਏ ਤਾਂ ਪਾਈਪਾਂ ਆਪਣੇ ਕੋਲੋਂ ਲਾਕੇ ਕੁਨੈਕਸ਼ਨ ਲੈਣ ਲਈ 3000/- ਰੁਪਏ ਤੋਂ ਵੱਧ ਖਰਚਾ ਆਏਗਾ, ਇਸ ਤੋਂ ਘੱਟ ਨਹੀਂ ਆ ਸਕਦਾ। ਮੈਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗਰੀਬਾਂ ਵਾਸਤੇ ਜਿਹੜਾ ਪਾਣੀ ਸਰਕਾਰ ਦੇਣਾ ਚਾਹੁੰਦੀ ਹੈ ਅਤੇ ਅਸੀਂ ਵੀ ਚਾਹੁੰਦੇ ਹਾਂ, ਕੀ ਉਨ੍ਹਾਂ ਨੂੰ ਇਸ ਤੋਂ ਅਗਜੰਪਟ ਕਰਨ ਦੀ ਕੋਸ਼ਿਸ਼ ਕਰਨਗੇ ਜਾਂ ਕੋਈ ਇਸ ਤੇ ਵਿਚਾਰ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਕਿਉਂਕਿ ਇਨ੍ਹਾਂ ਦੇ ਸਵਾਲ ਵਿਚ ਥੋੜ੍ਹਾ ਦਮ ਹੈ, ਪਹਿਲੀ ਗੱਲ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਹੁਣ ਜਿੰਨੀਆਂ ਵੀ ਸਕੀਮਾਂ ਅਸੀਂ ਪਿੰਡਾਂ ਵਿਚ ਲਾਗੂ ਕਰਨੀਆਂ ਹਨ, ਉਹ ਵਰਲਡ ਬੈਂਕ ਦੇ ਪ੍ਰਾਜੈਕਟ ਦੇ ਅਧੀਨ ਕਰਨੀਆਂ ਹਨ। ਉਸ ਵਿਚ ਅਸੀਂ ਬੜਾ ਸਿੱਧਾ ਹਿਸਾਬ ਕੀਤਾ ਹੈ। ਪਹਿਲੀ ਗੱਲ ਜਿਹੜੀ ਸਕਿਉਰਟੀ ਸੀ 60/- ਰੁਪਏ ਉਹ ਅਸੀਂ ਕੈਂਸਲ ਕਰ ਦਿੱਤੀ ਹੈ, ਅਸੀਂ ਕੋਈ ਸਕਿਉਰਟੀ ਨਹੀਂ ਲੈਣੀ, ਦੂਸਰੀ ਗੱਲ ਹੈ ਕਿ ਜਿਹੜੀ ਕੁਨੈਕਸ਼ਨ ਫੀਸ 1000/- ਰੁਪਏ ਜਨਰਲ ਕੈਟੇਗਰੀ ਵਾਸਤੇ ਸੀ, ਅਸੀਂ ਉਸ ਨੂੰ ਘਟਾ ਕੇ 500/- ਰੁਪਏ ਕਰ ਦਿੱਤਾ ਹੈ ਅਤੇ ਐਸ.ਸੀ. ਭਾਈਚਾਰੇ ਦੀਆਂ ਮੁਸ਼ਕਲਾਂ ਵੇਖਦੇ ਹੋਏ ਅਸੀਂ ਇਹ ਫੈਸਲਾ ਵੀ ਲੈ ਲਿਆ ਹੈ ਕਿ ਅਸੀਂ ਉਨ੍ਹਾਂ ਤੋਂ ਵੀ ਕੋਈ ਸਕਿਉਰਟੀ ਨਹੀਂ ਲੈਣੀ ਅਤੇ ਜਿਹੜੀ ਪਿਛਲੀ ਸਰਕਾਰ 500/- ਰੁਪਏ ਲੈਂਦੀ ਸੀ ਅਸੀਂ ਉਸ ਨੂੰ ਘਟਾ ਕੇ 250/- ਰੁਪਿਆ ਕਰ ਦਿੱਤਾ ਹੈ।

**ਮਾਨਯੋਗ ਸਪੀਕਰ :** ਤੁਹਾਡੇ ਸਾਹਮਣੇ ਵਿਸਥਾਰ ਨਾਲ ਗੱਲ ਆ ਗਈ ਹੈ ਅਤੇ ਜਿਹੜੇ ਕੰਸੈਸ਼ਨਜ਼ ਹਨ ਉਹ ਵੀ ਉਨ੍ਹਾਂ ਨੇ ਤੁਹਾਨੂੰ ਦੱਸ ਦਿੱਤੇ ਹਨ।

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਮੈਂ ਇਸ ਮੁਤੱਲਕ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਅਸੀਂ 200 ਯੂਨਿਟ ਬਿਜਲੀ ਵੀ ਸ਼ਡਿਊਲਡ ਕਾਸਟਾਂ ਨੂੰ ਮੁਆਫ ਕੀਤੀ ਹੈ ਅਤੇ 13 ਲੱਖ ਨੂੰ ਆਟਾ ਦਾਲ ਵੀ ਦੇਣ ਜਾ ਰਹੇ ਹਾਂ ਅਤੇ ਬਾਦਲ ਸਾਹਿਬ ਨੇ ਇਹ ਬਹੁਤ ਵਧੀਆ ਫੈਸਲਾ ਕੀਤਾ ਹੈ ਕਿ ਕਿਸਾਨਾਂ ਵਾਸਤੇ ਮੁਫ਼ਤ ਬਿਜਲੀ ਤੇ ਪਾਣੀ ਦਿੱਤਾ ਹੈ, ਇੰਨਾ ਕੁਝ ਮੁਫ਼ਤ ਦੇ ਕੇ ਵੀ ਜੇਕਰ ਅਸੀਂ ਗਰੀਬਾਂ ਨੂੰ ਪਾਣੀ ਮੁੱਲ ਦੇਈਏ, ਇਹ ਚੰਗੀ ਗੱਲ ਨਹੀਂ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪਾਣੀ ਜਿਹੜਾ ਹੈ ਉਹ ਸਾਰੇ ਪੰਜਾਬ ਦਾ ਪਲਿਊਟਿਡ ਹੈ, ਉਨ੍ਹਾਂ ਨੂੰ ਪਾਣੀ ਵੀ ਮੁਆਫ ਕੀਤਾ ਜਾਵੇ।

**ਮਾਨਯੋਗ ਸਪੀਕਰ :** ਕਨਸੈਸ਼ਨ ਦੇ ਮੁਤੱਲਕ ਗੱਲ ਹੋ ਗਈ ਹੈ।

-------

Original with;
Punjab Vidhan Sabha
Digitized by;
Punjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 195*

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

-------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 207

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀ ਹੋਇਆ।)

-------

## ਏਕੀਕ੍ਰਿਤ ਵਿਕਾਸ ਸਕੀਮ ਅਧੀਨ ਲਿਆਂਦੇ ਗਏ ਸ਼ਹਿਰ

*86. **ਸਰਦਾਰ ਮੱਖਣ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਉਨ੍ਹਾਂ ਸ਼ਹਿਰਾਂ ਦੇ ਨਾਂ ਕੀ ਹਨ ਜਿਨ੍ਹਾਂ ਨੂੰ ਛੋਟੇ ਅਤੇ ਦਰਮਿਆਨੇ ਕਸਬਿਆਂ ਸਬੰਧੀ ਏਕੀਕ੍ਰਿਤ ਵਿਕਾਸ ਸਕੀਮ ਅਧੀਨ ਲਿਆਂਦਾ ਗਿਆ ਹੈ ਅਤੇ ਪਿਛਲੇ ਦੋ ਸਾਲਾਂ ਦੌਰਾਨ ਉਕਤ ਹਰ ਇਕ ਸ਼ਹਿਰਾਂ ਨੂੰ ਕਿੰਨੇ ਫੰਡ ਐਲੋਕੇਟ ਕੀਤੇ ਗਏ ਹਨ?

**ਸ਼੍ਰੀ ਮਨੋਰੰਜਨ ਕਾਲੀਆ** : ਜਵਾਬ ਸਦਨ ਦੇ ਮੇਜ਼ ਉਪਰ ਪੇਸ਼ ਹੈ।

### ਜਵਾਬ

ਛੇਵੀਂ ਪੰਜ ਸਾਲਾ ਯੋਜਨਾ (1980-85) ਤੋਂ 2004-05 ਤੱਕ ਆਈ.ਡੀ.ਐਸ. ਐਮ.ਟੀ. ਸਕੀਮ ਅਧੀਨ ਹੇਠ ਲਿਖੇ ਸ਼ਹਿਰ ਕਵਰ ਕੀਤੇ ਗਏ ਹਨ ਅਤੇ 2004-05 ਤੋਂ ਬਾਅਦ ਇਹ ਸਕੀਮ ਭਾਰਤ ਸਰਕਾਰ ਨੇ ਇਸ ਨੂੰ ਨਵੀਂ ਸਕੀਮ ਯੂ.ਆਈ.ਡੀ.ਐਸ.ਐਮ.ਟੀ. ਵਿਚ ਮਰਜ਼ ਕਰ ਦਿੱਤਾ ਹੈ।

| | | |
|---|---|---|
| 1) ਪਠਾਨਕੋਟ | 2) ਹੁਸ਼ਿਆਰਪੁਰ | 3) ਸੰਗਰੂਰ |
| 4) ਮੋਗਾ | 5) ਫਗਵਾੜਾ | 6) ਖੰਨਾ |
| 7) ਬਠਿੰਡਾ | 8) ਬਟਾਲਾ | 9) ਬਰਨਾਲਾ |
| 10) ਕਪੂਰਥਲਾ | 11) ਗੁਰਦਾਸਪੁਰ | 12) ਨਾਭਾ |
| 13) ਰੋਪੜ | 14) ਪਟਿਆਲਾ | 15) ਗੋਬਿੰਦਗੜ੍ਹ |
| 16) ਫਿਰੋਜ਼ਪੁਰ | 17) ਰਾਜਪੁਰਾ | 18) ਮਲੇਰਕੋਟਲਾ |
| 19) ਫਰੀਦਕੋਟ | 20) ਮਾਨਸਾ | 21) ਸਰਹਿੰਦ |

* For Starred Question No. 195 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ ਮੰਤਰੀ ]

| | | |
|---|---|---|
| 22) ਤਰਨ ਤਾਰਨ | 23) ਮੁਕੇਰੀਆਂ | 24) ਆਨੰਦਪੁਰ ਸਾਹਿਬ |
| 25) ਫਤਿਹਗੜ੍ਹ ਸਾਹਿਬ | 26) ਪੱਟੀ | 27) ਮੁਕਤਸਰ |
| 28) ਸੁਲਤਾਨਪੁਰ ਲੋਧੀ | 29) ਕਪੂਰਥਲਾ | 30) ਨਕੋਦਰ |
| 31) ਜਗਰਾਓਂ | 32) ਦਸੂਹਾ | 33) ਗੜ੍ਹਸ਼ੰਕਰ |
| 34) ਰਾਮਾ ਮੰਡੀ | 35) ਸਰਦੂਲਗੜ੍ਹ | 36) ਸੁਜਾਨਪੁਰ |
| 37) ਸਮਾਣਾ | 38) ਦੀਨਾ ਨਗਰ | |

ਪਿਛਲੇ ਦੋ ਸਾਲਾਂ 2005-06 ਅਤੇ 2006-07 ਦੌਰਾਨ ਹੇਠ ਲਿਖੇ ਸ਼ਹਿਰਾਂ ਨੂੰ ਜੋ ਫੰਡਜ਼ ਐਲੋਕੇਟ ਕੀਤੇ ਗਏ ਹਨ ਉਹ ਸ਼ਹਿਰ ਦੇ ਸਾਹਮਣੇ ਦਰਸਾਏ ਗਏ :-

| | | | | | |
|---|---|---|---|---|---|
| 1) | ਦੀਨਾ ਨਗਰ | - 43.00 | 2) | ਸਰਦੂਲਗੜ੍ਹ | - 27.00 |
| 3) | ਸਮਾਣਾ | - 71.15 | 4) | ਸੁਜਾਨਪੁਰ | - 49.85 |
| 5) | ਰਾਮਾਮੰਡੀ | - 27.00 | 6) | ਮੁਕਤਸਰ | - 64.53 |
| 7) | ਕਪੂਰਥਲਾ | - 59.39 | 8) | ਗੜ੍ਹਸ਼ੰਕਰ | - 13.34 |
| 9) | ਪੱਟੀ | - 76.00 | 10) | ਆਨੰਦਪੁਰ ਸਾਹਿਬ | - 14.24 |
| 11) | ਸੁਲਤਾਨਪੁਰ ਲੋਧੀ | - 32.00 | 12) | ਮੁਕੇਰੀਆਂ | - 10.67 |
| 13) | ਨਕੋਦਰ | - 15.53 | 14) | ਮਾਨਸਾ | - 54.33 |

ਇਹ ਫੰਡਜ਼ ਰਿਲੀਜ਼ ਹੋ ਚੁੱਕੇ ਹਨ ਅਤੇ ਇਨ੍ਹਾਂ ਦੀ ਵਰਤੋਂ ਸਰਟੀਫਿਕੇਟ ਨਗਰ ਕੌਂਸਲਰ ਸਾਰੇ ਫੰਡਾਂ ਦੀ ਵਰਤੋਂ ਕਰਨ ਤੋਂ ਬਾਅਦ ਭੇਜਣਗੇ।

ਮਾਨਯੋਗ ਪੀ.ਐਸ.ਐਲ.ਜੀ./ਡੀ.ਐਲ.ਜੀ. ਤੋਂ ਪ੍ਰਵਾਨ ਹੋਣ ਉਪਰੰਤ ਜਵਾਬ ਵਿਧਾਨ ਸਭਾ ਸਕੱਤਰੇਤ ਨੂੰ ਭੇਜ ਦਿੱਤਾ ਜਾਵੇ ਜੀ। ਸਕੀਮ ਦੀ ਡਿਟੇਲ ਨੋਟ ਫਾਰ ਪੈਡ ਲਈ ਨਾਲ ਨੱਥੀ ਹੈ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀ ਇੰਟੈਗਰੇਟਿਡ ਡਿਵੈਲਪਮੈਂਟ ਸਕੀਮ ਹੈ ਜਿਸ ਤਹਿਤ ਸ਼ਹਿਰਾਂ ਅਤੇ ਮੰਡੀਆਂ ਨੂੰ ਲਿਆ ਜਾਂਦਾ ਹੈ ਉਸ ਦਾ ਕੀ ਕਰਾਈਟੇਰੀਆ ਹੈ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਦੁਆਰਾ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਭੂਗੋਲਿਕ ਅਤੇ ਪ੍ਰਬੰਧਕੀ ਪੈਰਾਮੀਟਰ, ਮੌਜੂਦਾ ਇੰਫਰਾਸਟਰਕਚਰ, ਸਹੂਲਤਾਂ ਅਤੇ ਆਰਥਿਕ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਰਾਜ ਸਰਕਾਰ ਇਹ ਚੋਣ ਕਰਦੀ ਹੈ, ਅਰਥਾਤ ਇਹ ਬੇਸਿਸ ਹੈ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮੱਖਣ ਸਿੰਘ** : ਕੀ ਮੰਤਰੀ ਸਾਹਿਬ ਵਲੋਂ ਦਿੱਤੇ ਗਏ ਜਵਾਬ ਨਾਲ ਕੋਈ ਵੀ ਹਾਊਸ ਵਿਚ ਬੈਠਾ ਮੈਂਬਰ ਇਹ ਦੱਸ ਸਕਦਾ ਹੈ ਕਿ ਅਸਲ ਵਿਚ ਇਨ੍ਹਾਂ ਨੇ ਕੀ ਕਹਿਣ ਦਾ ਯਤਨ ਕੀਤਾ ਹੈ?

**ਮਾਨਯੋਗ ਸਪੀਕਰ** : ਤੁਸੀਂ ਕੀ ਪੁੱਛਣਾ ਚਾਹੁੰਦੇ ਹੋ? ਤੁਹਾਡਾ ਅਗਲਾ ਸਵਾਲ ਕੀ ਹੈ?

**ਸਰਦਾਰ ਮੱਖਣ ਸਿੰਘ** : ਕੋਈ ਕਰਾਈਟੇਰੀਏ ਦਾ ਵਿਸਥਾਰ ਨਹੀਂ ਦਿੱਤਾ ਗਿਆ ਹੈ ਜੀ। ਕਿਸ ਤਰ੍ਹਾਂ ਦੀ ਵਿਸ਼ੇਸ਼ ਭੂਗੋਲਿਕ ਸਥਿਤੀ ਨੂੰ ਦੇਖ ਕੇ ਇਹ ਚੋਣ ਕਰਦੇ ਹਨ। ਇਸ ਭੂਗੋਲਿਕ ਸਥਿਤੀ ਦਾ ਮਤਲਬ ਐਕਸਪਲੇਨ ਕਰ ਦੇਣ।

**ਮੰਤਰੀ** : ਸਪੀਕਰ ਸਾਹਿਬ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੁਬਾਰਾ ਅੰਗਰੇਜ਼ੀ ਵਿਚ ਦੱਸ ਦਿੰਦਾ ਹਾਂ i.e. while prirotising towns for covering under the scheme, the Demographic and the Administrative Parameters, economic base, existing infrastructure facilities and the financial capabilities were taken into account by the State Govt., while selecting the Cities.

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਭੂਗੋਲਿਕ ਅਤੇ ਆਰਥਿਕ ਸਥਿਤੀਆਂ ਕਹੀਆਂ ਹਨ, ਪਰ ਸਰਦੂਲਗੜ੍ਹ ਇਸ ਵਿਚ ਪਾਇਆ ਹੋਇਆ ਹੈ ਅਤੇ ਸੰਗਤ ਇਸ ਵਿਚ ਨਹੀਂ ਪਾਇਆ ਹੋਇਆ। ਕੀ ਇਹ ਦੱਸਣਗੇ ਕਿ ਇਨ੍ਹਾਂ ਦੋਨਾਂ ਮੰਡੀਆਂ ਵਿਚ ਕੀ ਭੂਗੋਲਿਕ, ਆਰਥਿਕ ਅਤੇ ਐਨਵਾਇਰਨਮੈਂਟਲ ਫਰਕ ਸੀ। ਇਹ ਦੱਸਣ ਕਿ ਕੀ ਅੰਤਰ ਹੈ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀ ਇੰਟੈਗਰੇਟਿਡ ਡਿਵੈਲਪਮੈਂਟ ਆਫ ਸਮਾਲ ਐਂਡ ਮੀਡੀਅਮ ਟਾਊਨਜ਼ ਸਕੀਮ ਹੈ, ਇਹ ਸੈਂਟਰਲੀ ਸਪਾਂਸਰਡ ਸਕੀਮ ਹੈ। ਸਾਲ 2004-05 ਤੱਕ ਇਹ ਸਕੀਮ ਸੀ ਅਤੇ ਪਿਛਲੀ ਸਰਕਾਰ ਦੇ ਵੇਲੇ ਤੱਕ ਇਹ ਸਕੀਮ ਸੀ। ਇਹ ਸ਼ਹਿਰ ਕਵਰ ਕਰਨ ਦਾ ਨਿਰਣਾ ਉਨ੍ਹਾਂ ਵੱਲੋਂ ਹੀ ਲਿਆ ਗਿਆ ਸੀ। ਹੁਣ ਇਹ ਸਕੀਮ ਬੰਦ ਹੋ ਚੁੱਕੀ ਹੈ।

**ਸਰਦਾਰ ਮੱਖਣ ਸਿੰਘ** : ਮੈਂ ਤਾਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਦੂਲਗੜ੍ਹ ਮੰਡੀ ਨੂੰ ਇਸ ਦੇ ਵਿਚ ਪਾਇਆ ਗਿਆ ਹੈ ਲੇਕਿਨ ਸੰਗਤ ਮੰਡੀ ਨੂੰ ਕਿਉਂ ਨਹੀਂ ਪਾਇਆ ਗਿਆ?

**ਮਾਨਯੋਗ ਸਪੀਕਰ** : ਹੁਣ ਤਾਂ ਇਹ ਸਕੀਮ ਹੀ ਬੰਦ ਹੋ ਚੁੱਕੀ ਹੈ, ਇਸ ਕਰਕੇ ਅਗਲੀ ਗੱਲ ਕਰਨ ਦਾ ਕੀ ਫਾਇਦਾ। ਅਗਲਾ ਸਵਾਲ।

-------

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 177*

**ਮਾਨਯੋਗ ਸਪੀਕਰ** : ਇਹ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

--------

## ਤਲਵੰਡੀ ਸਾਬੋ ਵਿਚ ਗੁਰੂ ਗੋਬਿੰਦ ਸਿੰਘ ਦਿਹਾਤੀ ਯੂਨੀਵਰਸਿਟੀ ਸਥਾਪਿਤ ਕਰਨਾ

*60. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਦਿਹਾਤੀ ਯੂਨੀਵਰਸਿਟੀ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ?

**ਡਾਕਟਰ ਉਪਿੰਦਰਜੀਤ ਕੌਰ** : ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਦਿਹਾਤੀ ਯੂਨੀਵਰਸਿਟੀ ਸਥਾਪਿਤ ਕਰਨ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀ ਗੁਰੂ ਗੋਬਿੰਦ ਸਿੰਘ ਰੂਰਲ ਯੂਨੀਵਰਸਿਟੀ ਦੀ ਗੱਲ ਹੈ, ਇਸ ਬਾਰੇ ਮੈਂ ਮੰਤਰੀ ਸਾਹਿਬਾ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਦੋਂ ਪਿਛਲੇ ਸਾਲ ਪਿਛਲੀ ਸਰਕਾਰ ਨੇ ਔਰ ਐਸ.ਜੀ.ਪੀ.ਸੀ. ਨੇ 300 ਸਾਲਾ ਗੁਰੂ ਗ੍ਰੰਥ ਸਾਹਿਬ ਸੰਪੂਰਣਤਾ ਦਿਵਸ ਮਨਾਇਆ ਸੀ ਤਾਂ ਉਦੋਂ ਸਰਕਾਰ ਨੇ ਐਲਾਨ ਕੀਤਾ ਸੀ ਕਿ ਇਸ ਜਗ੍ਹਾ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਯੂਨੀਵਰਸਿਟੀ ਬਣੇਗੀ। ਇਹ ਉਸ ਇਲਾਕੇ ਦੀ ਅਤੇ ਬਾਕੀ ਪੰਜਾਬ ਦੀ ਕਾਫੀ ਸਮੇਂ ਤੋਂ ਚਲੀ ਆ ਰਹੀ ਮੰਗ ਸੀ। ਉਦੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਇਹ ਪ੍ਰਾਜੈਕਟ ਦਿੱਤਾ ਗਿਆ ਸੀ। ਉਸ ਤੋਂ ਬਾਅਦ ਪ੍ਰਾਜੈਕਟ ਰਿਪੋਰਟ ਵੀ ਤਿਆਰ ਕੀਤੀ ਗਈ ਅਤੇ ਮੇਰਾ ਖਿਆਲ ਹੈ ਕਿ ਕੈਬਨਿਟ ਵਿਚ ਪਾਸ ਹੋ ਕੇ ਇਸ ਦਾ ਆਰਡੀਨੈਂਸ ਵੀ ਜਾਰੀ ਹੋ ਗਿਆ ਸੀ। ਇਥੋਂ ਤੱਕ ਗੱਲ ਪਹੁੰਚ ਗਈ ਸੀ। ਮੈਂ ਮੰਤਰੀ ਸਾਹਿਬਾ ਤੋਂ ਇੰਨਾਂ ਹੀ ਪੁੱਛਣਾ ਚਾਹੁੰਦਾ ਹਾਂ ਕਿ ਜੇ ਪ੍ਰਾਜੈਕਟ ਰਿਪੋਰਟ ਬਣ ਗਈ ਅਤੇ ਆਰਡੀਨੈਂਸ ਵੀ ਹੋ ਗਿਆ ਤਾਂ ਕਿੰਨੀ ਜਲਦੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਇਹ ਰੂਰਲ ਯੂਨੀਵਰਸਿਟੀ ਬਣਾ ਦਿੱਤੀ ਜਾਵੇਗੀ? ਉਥੇ ਰੂਰਲ ਬੱਚਿਆਂ ਵਾਸਤੇ ਪਹਿਲਾਂ ਹੀ ਯਾਦਵਿੰਦਰਾ ਕਾਲਜ ਚੱਲ ਰਿਹਾ ਹੈ। ਜੇ ਇਹ ਯੂਨੀਵਰਸਿਟੀ ਬਣ ਜਾਵੇਗੀ ਤਾਂ ਪੰਜਾਬ ਦੇ ਪਿੰਡਾਂ ਦੇ ਬੱਚਿਆਂ ਨੂੰ ਇਸ ਦਾ ਬਹੁਤ ਲਾਭ ਹੋਵੇਗਾ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਸਤਿਕਾਰਤ ਮੈਂਬਰ ਨੂੰ ਜਵਾਬ ਦਿੱਤਾ ਹੈ ਕਿ ਇਹ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਪਿਛਲੀ ਸਰਕਾਰ ਸਮੇਂ 15

* For Starred Question No. 177 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

ਦਸੰਬਰ, 2006, ਨੂੰ ਕੈਬਨਿਟ ਨੇ ਇਹ ਤਜਵੀਜ਼ ਪਾਸ ਕੀਤੀ ਸੀ ਅਤੇ ਕਾਨੂੰਨੀ ਮਸ਼ੀਰ ਨੂੰ ਇਹ ਐਕਟ ਵੈੱਟ ਕਰਨ ਲਈ ਭੇਜਿਆ ਸੀ ਪਰ ਉਸ ਤੋਂ ਬਾਅਦ ਅਜੇ ਤੱਕ ਹੋਰ ਕੋਈ ਕਾਰਵਾਈ ਨਹੀਂ ਹੋਈ। ਨਵੀਂ ਸਰਕਾਰ ਬਣਨ ਤੇ ਇਹ ਕੇਸ ਵਿਚਾਰ ਅਧੀਨ ਹੈ। ਜਿਥੋਂ ਤੱਕ ਇਸ ਯੂਨੀਵਰਸਿਟੀ ਦੇ ਉਦੇਸ਼ ਦਾ ਸਵਾਲ ਹੈ, ਉਹ ਇਕ ਬਹੁਤ ਚੰਗਾ ਕਾਰਜ ਸੰਪੰਨ ਕਰਨ ਲਈ ਯਤਨ ਕਰਨਾ ਹੈ। ਸਾਡੇ ਪੰਜਾਬ ਦੀ 60% ਜਨ-ਸੰਖਿਆ ਅਤੇ 70% ਵਰਕ ਫੋਰਸ ਦਿਹਾਤੀ ਇਲਾਕਿਆਂ ਵਿਚ ਰਹਿ ਰਹੀ ਹੈ। ਪੰਜਾਬੀ ਯੂਨੀਵਰਸਿਟੀ ਨੇ ਜੋ ਸਰਵੇ ਕੀਤਾ ਹੈ, ਉਸ ਅਨੁਸਾਰ ਕੇਵਲ 5% ਦਿਹਾਤੀ ਇਲਾਕਿਆਂ ਦੇ ਬੱਚਿਆਂ ਨੂੰ ਹੀ ਹਾਇਰ ਐਜੂਕੇਸ਼ਨ ਦੇ ਮੌਕੇ ਉਪਲਬਧ ਹੁੰਦੇ ਹਨ ਜੋ ਕਿ ਪੰਜਾਬੀ ਯੂਨੀਵਰਸਿਟੀ ਵਿਚ ਕੇਵਲ 2%, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਕੇਵਲ 3% ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਕੇਵਲ 4% ਹਨ। ਇਨ੍ਹਾਂ ਸਾਰੀਆਂ ਗੱਲਾਂ ਕਹਿਣ ਦਾ ਇਕੋ ਇਕ ਭਾਵ ਹੈ ਕਿ ਦਿਹਾਤੀ ਇਲਾਕਿਆਂ ਦੇ ਬੱਚਿਆਂ ਨੂੰ ਹਾਇਰ ਐਜੂਕੇਸ਼ਨ ਦੀਆਂ ਸਹੂਲਤਾਂ ਨਹੀਂ ਮਿਲਦੀਆਂ। ਇਸ ਯੂਨੀਵਰਸਿਟੀ ਦਾ ਪਾਵਨ ਉਦੇਸ਼ ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਦੇ ਬੱਚਿਆਂ ਵਿਚ ਪਾਏ ਜਾ ਰਹੇ ਪਾੜੇ ਨੂੰ ਖਤਮ ਕਰਨਾ ਹੈ। ਇਸ ਦਾ ਆਰਡੀਨੈਂਸ ਅਜੇ ਨਹੀਂ ਹੋਇਆ। ਇਹ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜਦੋਂ ਵੀ ਸਾਧਨ ਉਪਲਬਧ ਹੋ ਸਕੇ, ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**ਮਾਨਯੋਗ ਸਪੀਕਰ** : ਕਾਫੀ ਗੱਲ ਹੋ ਗਈ ਹੈ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਦਾ ਧੰਨਵਾਦ ਕਰਦਾ ਹਾਂ ਜੋ ਇਨ੍ਹਾਂ ਨੇ ਐਸ਼ਿਓਰੈਂਸ ਦਿੱਤੀ ਹੈ ਕਿ ਇਹ ਯੂਨੀਵਰਸਿਟੀ ਬਣੇਗੀ। ਇਹ ਤਜਵੀਜ਼ ਪਿਛਲੀ ਕੈਬਨਿਟ ਨੇ ਵੀ ਪਾਸ ਕੀਤੀ ਸੀ। ਇਨ੍ਹਾਂ ਦੀ ਭਾਵਨਾ ਵੀ ਇਹੀ ਲੱਗਦੀ ਹੈ ਕਿ ਇਹ ਯੂਨੀਵਰਸਿਟੀ ਬਣਾਈ ਜਾਵੇਗੀ। ਅੱਜ ਹਾਲਤ ਇਹ ਹੈ ਕਿ ਪਿੰਡਾਂ ਵਿਚ ਪੜ੍ਹਨ ਵਾਲੇ ਬੱਚੇ ਸ਼ਹਿਰੀ ਬੱਚਿਆਂ ਨਾਲ ਕੰਪੀਟ ਨਹੀਂ ਕਰ ਸਕਦੇ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਜਲਦੀ ਇਹ ਯੂਨੀਵਰਸਿਟੀ ਬਣਾ ਦਿੱਤੀ ਜਾਵੇਗੀ? ਉਥੇ ਜ਼ਮੀਨ ਵੀ ਹੈ ਅਤੇ ਇਨਫਰਾਸਟਰੱਕਚਰ ਵੀ ਹੈ। ਮੈਨੂੰ ਇਹ ਦੱਸਣ ਦੀ ਖੇਚਲ ਕਰਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਇਹ ਯੂਨੀਵਰਸਿਟੀ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

**ਮੰਤਰੀ** : ਮੈਂ ਜੋ ਬੇਨਤੀ ਕੀਤੀ ਹੈ ਉਹ ਇਹ ਹੈ ਕਿ ਜਦੋਂ ਵੀ ਸਾਧਨ ਉਪਲਭਧ ਹੋ ਸਕੇ ਅਸੀਂ ਇਸ ਕਾਰਜ ਸਬੰਧੀ ਕਾਰਵਾਈ ਆਰੰਭ ਕਰਾਂਗੇ।

**ਮਾਨਯੋਗ ਸਪੀਕਰ** : ਇਸ ਦਾ ਮਤਲਬ ਹੈ ਕਿ ਵਿਚਾਰ ਅਧੀਨ ਹੈ। ਅਗਲਾ ਸਵਾਲ।

------

Original with;
Punjab Vidhan Sabha
Digitized by;
Punjab Digital Library

## ਸਿੱਖਿਆ ਵਿਭਾਗ ਵਿਚ ਅੰਸ਼ਕਾਲੀ ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨਾ

*98. **ਸਰਦਾਰ ਮੱਖਣ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੁਆਰਾ ਮਿਤੀ 23.9.2002 ਨੂੰ ਪਾਸ ਕੀਤੇ ਗਏ ਹੁਕਮਾਂ ਦੇ ਮੱਦੇ ਨਜ਼ਰ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਅੰਸ਼ਕਾਲੀ ਸਫਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਨਿਯਮਤ ਕੀਤਾ ਜਾ ਰਿਹਾ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਉਦੇਸ਼ ਲਈ ਵਿਭਾਗ ਦੁਆਰਾ ਕੋਈ ਛਾਣਬੀਣ ਕਮੇਟੀ ਗਠਿਤ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਕਮੇਟੀ ਦੁਆਰਾ ਇਸ ਸਬੰਧ ਵਿਚ ਕੀਤੀ ਗਈ ਕਾਰਵਾਈ ਦੇ ਵੇਰਵਿਆਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਡਾਕਟਰ ਉਪਿੰਦਰਜੀਤ ਕੌਰ** : (ੳ) ਹਾਂ ਜੀ।

(ਅ) ਹਾਂ ਜੀ। ਇਸ ਮੰਤਵ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਆਦੇਸ਼ ਮਿਤੀ 23.9.2002 ਦੀ ਰੋਸ਼ਨੀ ਵਿਚ ਸਰਕਾਰ ਵਲੋਂ ਮੰਡਲ ਪੱਧਰ ਤੇ ਸਬੰਧਤ ਮੰਡਲ ਸਿੱਖਿਆ ਅਫ਼ਸਰ ਦੀ ਪ੍ਰਧਾਨਗੀ ਹੇਠ ਸਕਰੀਨਿੰਗ ਕਮੇਟੀਆਂ ਗਠਿਤ ਕੀਤੀਆਂ ਗਈਆਂ। ਸਮੂਹ ਪਾਰਟ ਟਾਈਮ ਵਰਕਰਾਂ/ਸਵੀਪਰਾਂ ਦੇ ਕੇਸਾਂ ਨੂੰ ਵਿਚਾਰਨ ਉਪਰੰਤ ਯੋਗ ਪਾਏ ਗਏ ਕੇਸਾਂ ਵਿਚ ਸੇਵਾਵਾਂ ਨਿਯਮਤ ਕਰਨ ਦੀਆਂ ਸਿਫਾਰਸ਼ਾਂ ਕਰ ਦਿੱਤੀਆਂ ਅਤੇ ਅਯੋਗ ਕੇਸਾਂ ਵਿਚ ਮੂੰਹ ਬੋਲਦੇ ਹੁਕਮ ਪਾਸ ਕਰਕੇ ਕੇਸ ਰੱਦ ਕਰ ਦਿੱਤੇ ਗਏ। ਸਕਰੀਨਿੰਗ ਕਮੇਟੀਆਂ ਵਲੋਂ ਕੀਤੀ ਗਈ ਕਾਰਵਾਈ ਸਬੰਧੀ ਵਿਸਥਾਰਪੂਰਵਕ ਸਥਿਤੀ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

### ਅਨੁਲੱਗ 'ੳ'

### ਸਕਰੀਨਿੰਗ ਕਮੇਟੀ ਵਲੋਂ ਕੀਤੀ ਗਈ ਕਾਰਵਾਈ ਸਬੰਧੀ ਸੂਚਨਾ

### ਪਾਰਟ ਟਾਈਮ ਸਵੀਪਰਾਂ ਸਬੰਧੀ ਪ੍ਰਾਪਤ ਸੂਚਨਾ
### ਮੰਡਲ ਸਿੱਖਿਆ ਅਫ਼ਸਰ, ਨਾਭਾ (ਪਟਿਆਲਾ)

| ਜ਼ਿਲ੍ਹਾ | ਸਕਰੀਨਿੰਗ ਕਮੇਟੀ ਨੂੰ ਜੋ ਕੇਸ ਪ੍ਰਾਪਤ ਹੋਏ | ਕਿੰਨੇ ਕੇਸ ਯੋਗ ਪਾਏ | ਕਿੰਨੇ ਕੇਸ ਅਯੋਗ ਪਾਏ |
|---|---|---|---|
| ਫਤਿਹਗੜ੍ਹ ਸਾਹਿਬ | 50 | 13 | 37 |
| ਲੁਧਿਆਣਾ | 152 | 26 | 126 |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| ਪਟਿਆਲਾ | 160 | 11 | 149 |
| ਰੋਪੜ | 137 | 02 | 135 |
| ਸੰਗਰੂਰ | 593 | 04 | 589 |
| ਬਰਨਾਲਾ | ਇਸ ਦੀ ਸੂਚਨਾ ਸੰਗਰੂਰ ਜ਼ਿਲ੍ਹੇ ਵਿਚ ਸ਼ਾਮਲ ਹੈ। | | |

**ਮੰਡਲ ਜਲੰਧਰ**

| ਜ਼ਿਲ੍ਹਾ | ਸਕਰੀਨਿੰਗ ਕਮੇਟੀ ਨੂੰ ਜੋ ਕੇਸ ਪ੍ਰਾਪਤ ਹੋਏ | ਕਿੰਨੇ ਕੇਸ ਯੋਗ ਪਾਏ | ਕਿੰਨੇ ਕੇਸ ਅਯੋਗ ਪਾਏ |
|---|---|---|---|
| ਅੰਮ੍ਰਿਤਸਰ | 150 | 008 | 142 |
| ਗੁਰਦਾਸਪੁਰ | 728 | 001 | 727 |
| ਹੁਸ਼ਿਆਰਪੁਰ | 514 | 012 | 502 |
| ਜਲੰਧਰ | 89 | 002 | 087 |
| ਕਪੂਰਥਲਾ | 18 | 002 | 016 |
| ਨਵਾਂਸ਼ਹਿਰ | 54 | 011 | 043 |
| ਤਰਨਤਾਰਨ | ਇਸ ਦੀ ਸੂਚਨਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਸ਼ਾਮਲ ਹੈ। | | |

**ਮੰਡਲ ਫਰੀਦਕੋਟ**

| ਜ਼ਿਲ੍ਹਾ | ਸਕਰੀਨਿੰਗ ਕਮੇਟੀ ਨੂੰ ਜੋ ਕੇਸ ਪ੍ਰਾਪਤ ਹੋਏ | ਕਿੰਨੇ ਕੇਸ ਯੋਗ ਪਾਏ | ਕਿੰਨੇ ਕੇਸ ਅਯੋਗ ਪਾਏ |
|---|---|---|---|
| ਫਰੀਦਕੋਟ | 171 | 52 | 119 |
| ਮੋਗਾ | 53 | 29 | 24 |
| ਮਾਨਸਾ | 149 | 31 | 118 |
| ਮੁਕਤਸਰ | 64 | 63 | 1 |
| ਫਿਰੋਜ਼ਪੁਰ | 117 | 45 | 72 |
| ਬਠਿੰਡਾ | 165 | 43 | 122 |

Original with;
Punjab Vidhan Sabha
Digitized by;
Punjab Digital Library

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮਾਨਯੋਗ ਮੰਤਰੀ ਸਾਹਿਬਾ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੋਰਟ ਤੋਂ ਸਟੇਅ ਹੋਈ ਹੈ ਜਾਂ ਕੋਰਟ ਨੂੰ ਅਪ੍ਰੋਚ ਕਿਹੜੀ ਧਿਰ ਨੇ ਕੀਤਾ? ਕੀ ਕਿਸੇ ਇੰਡੀਵਿਜ਼ੂਅਲ ਨੇ ਕੀਤਾ?

**ਮਾਨਯੋਗ ਸਪੀਕਰ** : ਜੇਕਰ ਮਾਮਲਾ ਸਬਜੂਡਿਸ ਹੈ ਫਿਰ ਤਾਂ ਗੱਲ ਵੱਖਰੀ ਹੈ। ਫਿਰ ਤਾਂ ਵੈਸੇ ਹੀ ਜਵਾਬ ਨਹੀਂ ਆਉਣਾ ਚਾਹੀਦਾ ਸੀ।

**ਮੰਤਰੀ** : ਇਸ ਸਬੰਧੀ ਮੇਰੀ ਬੇਨਤੀ ਹੈ ਕਿ ਵੱਖ ਵੱਖ ਪਟੀਸ਼ਨ.....

**ਮਾਨਯੋਗ ਸਪੀਕਰ** : ਬੀਬੀ ਜੀ, ਪਹਿਲੀ ਗੱਲ ਇਹ ਹੈ ਕਿ ਇਹ ਮਾਮਲਾ ਸਬਜੂਡਿਸ਼ ਹੈ? ਜੇਕਰ ਹੈ, ਤਾਂ ਤੁਸੀਂ ਬੈਠੋ।

**ਮੰਤਰੀ** : ਹਾਂ ਜੀ।

-------

## ਸ਼ਾਹਪੁਰ ਕੰਡੀ ਡੈਮ ਦੀ ਉਸਾਰੀ

*208. **ਡਾਕਟਰ ਦਲਬੀਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਸ਼ਾਹਪੁਰ ਕੰਡੀ ਡੈਮ ਦੀ ਉਸਾਰੀ ਲਈ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ਅਤੇ ਚਾਲੂ ਬਜਟ ਵਿੱਚ ਇਸ ਲਈ ਕਿੰਨੀ ਰਕਮ ਮਖਸੂਸ ਕੀਤੀ ਗਈ ਹੈ ਅਤੇ ਇਸ ਪ੍ਰੋਜੈਕਟ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

### ਜਵਾਬ

ਸ਼ਾਹਪੁਰ ਕੰਡੀ ਡੈਮ, ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਉਸਾਰਨ ਦੀ ਤਜਵੀਜ਼ ਹੈ ਅਤੇ ਇਸ ਦੀ ਜਨਰੇਸ਼ਨ ਕਪੈਸਿਟੀ 168 ਮੈਗਾਵਾਟ ਹੋਵੇਗੀ। ਇਹ ਪ੍ਰੋਜੈਕਟ ਰਾਵੀ ਦਰਿਆ ਦੇ ਪਾਣੀ ਦੀ ਵਰਤੋਂ ਤੋਂ ਬਿਜਲੀ ਪੈਦਾ ਕਰਨ ਦੇ ਨਾਲ-ਨਾਲ ਸਿੰਚਾਈ ਦੀਆਂ ਜ਼ਰੂਰਤਾਂ ਵੀ ਪੂਰੀਆਂ ਕਰੇਗਾ। ਇਹ ਪ੍ਰੋਜੈਕਟ ਰਣਜੀਤ ਸਾਗਰ ਡੈਮ ਤੋਂ 11 ਕਿਲੋਮੀਟਰ ਥੱਲੇ ਵੱਲ ਅਤੇ ਮਾਧੋਪੁਰ ਹੈਡ ਵਰਕਸ ਤੋਂ 8 ਕਿਲੋਮੀਟਰ ਉੱਪਰ ਵੱਲ ਸਥਾਪਤ ਕਰਨ ਦੀ ਤਜਵੀਜ਼ ਹੈ। ਸ਼ਾਹਪੁਰ ਕੰਡੀ ਡੈਮ ਪ੍ਰੋਜੈਕਟ ਦਾ ਇਕੱਠਾ ਕੀਤਾ ਪਾਣੀ ਰਣਜੀਤ ਸਾਗਰ ਡੈਮ ਤੋਂ ਛੱਡਣ ਵਾਲੇ ਪਾਣੀ ਦਾ ਸੰਤੁਲਨ ਰੱਖਣ ਲਈ ਰਾਵੀ ਨਹਿਰ, ਕਸ਼ਮੀਰ ਨਹਿਰ ਅਤੇ ਯੂ.ਬੀ.ਡੀ.ਸੀ. ਨਹਿਰ ਆਦਿ ਰਾਹੀਂ ਸਿੰਚਾਈ ਦੀਆਂ ਵੱਖ-ਵੱਖ ਜ਼ਰੂਰਤਾਂ ਪੂਰੀਆਂ ਕਰੇਗਾ। ਸ਼ਾਹਪੁਰ ਕੰਡੀ ਡੈਮ ਪ੍ਰੋਜੈਕਟ ਮੁਕੰਮਲ ਹੋਣ ਤੇ, ਰਣਜੀਤ ਸਾਗਰ ਡੈਮ ਪ੍ਰੋਜੈਕਟ

Original with;
Punjab Vidhan Sabha
Digitized by;
Panjab Digital Library

ਦੇ ਪਾਵਰ ਪਲਾਂਟ ਬਿਜਲੀ ਦੀ ਘਾਟ ਨੂੰ ਪੂਰਾ ਕਰ ਸਕਦੇ ਹਨ।

ਇਸ ਪ੍ਰੋਜੈਕਟ ਦੀ ਕੁੱਲ ਅਨੁਮਾਨਤ ਲਾਗਤ ਉਸਾਰੀ ਦੌਰਾਨ ਵਿਆਜ (ਆਈ.ਡੀ.ਸੀ.) 375.00 ਕਰੋੜ ਰੁਪਏ ਸਮੇਤ 2320.00 ਕਰੋੜ ਹੈ। ਇਸ ਲਾਗਤ ਵਿਚੋਂ ਰਾਜ ਸਰਕਾਰ ਸਿੰਚਾਈ ਵਿਭਾਗ ਦੇ ਹਿੱਸੇ ਵਜੋਂ 245.00 ਕਰੋੜ ਰੁਪਏ ਦੇਵੇਗਾ ਜਦ ਕਿ ਬਾਕੀ ਰਕਮ ਪੰਜਾਬ ਰਾਜ ਬਿਜਲੀ ਬੋਰਡ ਖਰਚ ਕਰੇਗਾ।

ਪੰਜਾਬ ਰਾਜ ਬਿਜਲੀ ਬੋਰਡ ਨੇ ਰੂਰਲ ਇਲੈਕਟ੍ਰੀਫਿਕੇਸ਼ਨ ਕਾਰਪੋਰੇਸ਼ਨ ਤੋਂ 1981.00 ਕਰੋੜ ਰੁਪਏ ਦੇ ਕਰਜੇ ਲਈ ਅਪਲਾਈ ਕੀਤਾ ਹੈ, ਪ੍ਰੰਤੂ ਇਹ ਅਜੇ ਪ੍ਰਵਾਨ ਨਹੀਂ ਹੋਇਆ ਹੈ। ਫਿਰ ਵੀ ਪੰਜਾਬ ਰਾਜ ਬਿਜਲੀ ਬੋਰਡ ਨੇ ਸਾਲ 2007-08 ਦੇ ਸਾਲਾਨਾਂ ਬਜਟ ਵਿੱਚ 348.00 ਕਰੋੜ ਰੁਪਏ ਦਾ ਉਪਬੰਧ ਕਰ ਦਿੱਤਾ ਹੈ ਅਤੇ ਰਾਜ ਸਰਕਾਰ ਨੇ ਸਾਲ 2007-08 ਲਈ ਆਪਣੇ ਬਜਟ ਵਿੱਚ 98.00 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ।

ਲੋੜੀਂਦੇ ਫੰਡਜ਼ ਉਪਲੱਬਧ ਹੋਣ ਤੋਂ ਬਾਅਦ ਇਹ ਪ੍ਰੋਜੈਕਟ ਚਾਰ ਸਾਲ ਵਿੱਚ ਮੁਕੰਮਲ ਹੋਣ ਦੀ ਸੰਭਾਵਨਾ ਹੈ।

**ਡਾਕਟਰ ਦਲਬੀਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੇ ਇਸ ਸਵਾਲ ਦਾ ਬੜਾ ਡਿਟੇਲ ਵਿੱਚ ਜਵਾਬ ਭੇਜਿਆ ਹੈ ਜਿਸ ਦੇ ਵਿਚ ਦੱਸਿਆ ਹੈ ਕਿ ਸ਼ਾਹਪੁਰ ਕੰਡੀ ਡੈਮ ਤੇ 2320 ਕਰੋੜ ਰੁਪਏ ਦੀ ਲਾਗਤ ਨਾਲ ਇਹ ਉਸਾਰੀ ਹੋਣੀ ਹੈ। ਇਸ ਦੇ ਵਿਚ ਪੰਜਾਬ ਸਰਕਾਰ ਵਲੋਂ 446 ਕਰੋੜ ਰੁਪਇਆ ਇਸ ਸਾਲ ਵਾਸਤੇ ਰੱਖਿਆ ਗਿਆ ਹੈ ਜਿਹੜਾ ਕਿ ਪੰਜਾਬ ਦੇ ਇਤਿਹਾਸ ਦੇ ਵਿਚ ਇਕ ਬੜਾ ਸ਼ਲਾਘਾਯੋਗ ਕਦਮ ਹੈ ਔਰ ਜਿਹੜਾ ਇਸ ਨੂੰ ਕੰਪਲੀਟ ਕਰਨ ਦਾ ਵੀ ਜਵਾਬ ਦਿੱਤਾ ਹੈ ਇਹ ਵੀ ਚਾਰ ਸਾਲ ਦੇ ਵਿਚ ਵਿਚ ਇਸ ਨੇ ਕੰਪਲੀਟ ਹੋ ਜਾਣਾ ਹੈ। ਇਹ ਵੀ ਬਹੁਤ ਵੱਡੀ ਗੱਲ ਹੈ। ਮੈਂ ਇਸ ਦੇ ਬਾਰੇ ਮਾਨਯੋਗ ਮੁੱਖ ਮੰਤਰੀ ਜੀ ਦੀ ਸ਼ਲਾਘਾ ਕਰਦਾ ਹਾਂ ਔਰ ਦੂਸਰਾ ਕਿਉਂਕਿ ਮੁੱਖ ਮੰਤਰੀ ਸਾਹਿਬ ਬੜੇ ਸੰਜੀਦਾ ਹਨ ਇਲੈਕਟ੍ਰੀਸਿਟੀ ਅਤੇ ਪਾਵਰ ਦੀ ਪ੍ਰੋਡਕਸ਼ਨ ਵਾਸਤੇ। ਜਿਹੜੀ ਬਠਿੰਡਾ ਰਿਫਾਇਨਰੀ ਦੇ ਸਬੰਧ ਵਿਚ ਇਨ੍ਹਾਂ ਵਲੋਂ ਕੋਸ਼ਿਸ਼ ਕੀਤੀ ਗਈ ਹੈ ਉਥੋਂ ਵੀ 240 ਮੈਗਾਵਾਟ ਬਿਜਲੀ ਪੈਦਾ ਹੋਣੀ ਹੈ। ਮੈਂ ਦਰਖਾਸਤ ਕਰਾਂਗਾ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ ਕਿ ਪੰਜਾਬ ਦੇ ਵਿਚ ਬਹੁਤ ਸਾਰੇ ਜਿਹੜੇ ਲੋਕੇਸ਼ਨ ਮਿੰਨੀ ਹਾਈਡਰੋ ਇਲੈਕਟ੍ਰਿਕ ਪਾਵਰ ਪਲਾਂਟ ਵਾਸਤੇ ਆਈਡੈਂਟੀਫਾਈਡ ਹੋਏ ਹਨ, ਜਿਸ ਦੇ ਵਿਚ ਧਾਰੀਵਾਲ ਦੇ ਨਾਲ ਇਕ ਮਿੰਨੀ ਪਲਾਂਟ ਕੰਮ ਵੀ ਕਰ ਰਿਹਾ ਹੈ, ਇਨ੍ਹਾਂ ਤੋਂ ਸਾਰੇ ਪੰਜਾਬ ਨੂੰ ਲਗਭੱਗ 200 ਮੈਗਾਵਾਟ ਬਿਜਲੀ ਮਿਲ ਸਕਦੀ ਹੈ ਤੇ ਇਕ ਮਿੰਨੀ ਪਲਾਂਟ ਜਿਹੜਾ ਕਿ ਹਾਈਡਰੋ ਇਲੈਕਟ੍ਰਿਕ ਪਲਾਂਟ ਹੈ ਉਸ ਤੋਂ ਇਕ ਮੈਗਾਵਾਟ, ਅੱਧਾ ਮੈਗਾਵਾਟ ਜਾਂ 0.07 ਪੈਦਾ ਹੋ ਸਕਦੀ ਹੈ। ਮੈਂ ਇਹ ਪੁੱਛਣਾ

Original with;
Punjab Vidhan Sabha
Digitized by;
Punjab Digital Library

[ ਡਾਕਟਰ ਦਲਬੀਰ ਸਿੰਘ ]

ਚਾਹੁੰਦਾ ਹਾਂ ਕਿ ਇਹ ਜਿਹੜੇ ਮਿੰਨੀ ਹਾਈਡਰੋ ਇਲੈਕਟ੍ਰਿਕ ਪਲਾਂਟ ਹਨ ਇਨ੍ਹਾਂ ਸਬੰਧੀ ਕੀ ਸਰਕਾਰ ਦੀ ਕੋਈ ਪਰਪੋਜ਼ਲ ਹੈ ਕਿ ਸਰਕਾਰ ਬਣਾ ਸਕੇਗੀ ਜਾਂ ਜਿਹੜੇ ਪਿੰਡ ਹਨ ਉਨ੍ਹਾਂ ਦੀ ਆਪਣੇ ਜੋਗੀ ਬਿਜਲੀ ਹੀ ਪੈਦਾ ਹੋ ਸਕੇਗੀ। ਕੀ ਉਨ੍ਹਾਂ ਦੀ ਕੋਆਪਰੇਸ਼ਨ ਦੇ ਨਾਲ ਜਾਂ ਉਨ੍ਹਾਂ ਦੀ ਹਿੱਸੇਦਾਰੀ ਨਾਲ ਇਹ ਪਲਾਂਟ ਬਣਾਉਣ ਦੀ ਸਰਕਾਰ ਦੀ ਕੋਈ ਪਰਪੋਜ਼ਲ ਹੈ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਸਵਾਲ ਸ਼ਾਹਪੁਰ ਕੰਡੀ ਦਾ ਪੁੱਛਿਆ ਸੀ ਔਰ ਇਹਦੇ ਵਿਚ ਡਿਟੇਲਡ ਰਿਪੋਰਟ ਜਾਣਕਾਰੀ ਜਿਹੜੀ ਇਨ੍ਹਾਂ ਨੇ ਮੰਗੀ ਹੈ, ਉਹ ਸਾਰੀ ਇਨ੍ਹਾਂ ਨੂੰ ਭੇਜ ਦਿੱਤੀ ਗਈ ਹੈ ਅਤੇ ਇਨ੍ਹਾਂ ਨੇ ਆਪ ਵੀ ਮੰਨਿਆ ਹੈ ਔਰ ਆਪਣੀ ਤਸੱਲੀ ਦਾ ਪ੍ਰਗਟਾਵਾ ਵੀ ਕੀਤਾ ਹੈ ਲੇਕਿਨ ਜਿਵੇਂ ਮਿੰਨੀ ਹਾਈਡਰੋਇਲੈਕਟ੍ਰਿਕ ਪਲਾਂਟ ਲਗਾਉਣੇ ਹਨ ਉਸ ਬਾਰੇ ਵੀ ਬੜੀ ਵੱਡੀ ਪੱਧਰ ਤੇ ਇੰਤਜ਼ਾਮ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਬਿਜਲੀ ਵਿਚ ਸਰਪਲੱਸ ਸਟੇਟ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ।

**ਡਾਕਟਰ ਦਲਬੀਰ ਸਿੰਘ** : ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

-------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 198*

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

-------

## ਪਿੰਡ ਭਾਦਸੋਂ ਵਿਚ ਸਕੂਲੀ ਜ਼ਮੀਨ ਦਾ ਨਾਜਾਇਜ਼ ਕਬਜਾ

*132. **ਸਰਦਾਰ ਰਣਦੀਪ ਸਿੰਘ ਨਾਭਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਾਭਾ ਸਬ-ਡਵੀਜ਼ਨ ਵਿਚ ਭਾਦਸੋਂ ਪਿੰਡ ਦੀ ਸਕੂਲੀ ਜ਼ਮੀਨ ਤੇ ਗ੍ਰਾਮ ਪੰਚਾਇਤ ਦੁਆਰਾ ਨਾਜਾਇਜ਼ ਕਬਜਾ ਕਰ ਲਿਆ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਜ਼ਮੀਨ ਨੂੰ ਖਾਲੀ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਡਾਕਟਰ ਉਪਿੰਦਰਜੀਤ ਕੌਰ** : ਹਾਂ ਜੀ, ਇਹ ਠੀਕ ਹੈ ਕਿ ਨਾਭਾ ਸਬ-ਡਵੀਜ਼ਨ ਵਿਚ ਭਾਦਸੋਂ ਪਿੰਡ ਦੀ ਸਕੂਲੀ ਜ਼ਮੀਨ ਤੇ ਗ੍ਰਾਮ ਪੰਚਾਇਤ ਦੁਆਰਾ ਨਜਾਇਜ਼ ਕਬਜ਼ਾ ਕਰਕੇ ਦੁਕਾਨਾਂ ਦੀ ਉਸਾਰੀ ਕੀਤੀ ਗਈ ਸੀ। ਸਕੂਲ ਦੇ ਪ੍ਰਿੰਸੀਪਲ ਵੱਲੋਂ ਇਸ ਬਾਰੇ

* For Starred Question No. 198 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

ਰਿਪੋਰਟ ਇੰਚਾਰਜ ਪੁਲਿਸ ਸਟੇਸ਼ਨ ਭਾਦਸੋਂ ਵਿਖੇ ਕੀਤੀ ਗਈ ਸੀ ਅਤੇ ਕੋਰਟ ਵਿਚ ਵੀ ਸਿਵਲ ਸੂਟ ਦਾਇਰ ਕੀਤਾ ਗਿਆ ਸੀ। ਗ੍ਰਾਮ ਪੰਚਾਇਤ ਅਤੇ ਪ੍ਰਧਾਨ ਪੇਰੈਂਟ ਟੀਚਰ ਐਸੋਸੀਏਸ਼ਨ ਵਿਚਕਾਰ ਆਪਸੀ ਸਮਝੌਤੇ ਅਨੁਸਾਰ ਇਕ ਦੁਕਾਨ, ਜੋ ਪੰਚਾਇਤ ਵਲੋਂ ਕਿਰਾਏ ਤੇ ਦਿੱਤੀ ਹੋਈ ਹੈ, ਨੂੰ ਛੱਡ ਕੇ ਬਾਕੀ ਦਾ ਨਜਾਇਜ਼ ਕਬਜਾ ਹਟਾ ਲਿਆ ਗਿਆ ਹੈ। ਇਹ ਦੁਕਾਨ ਵੀ ਇੱਕ ਸਾਲ ਦੇ ਅੰਦਰ-ਅੰਦਰ ਸਕੂਲ ਨੂੰ ਸੌਂਪ ਦਿੱਤੀ ਜਾਵੇਗੀ।

**ਸਰਦਾਰ ਰਣਦੀਪ ਸਿੰਘ ਨਾਭਾ** : ਮੈਂ ਸ਼ੁਕਰਗੁਜ਼ਾਰ ਹਾਂ ਮਨਿਸਟਰ ਸਾਹਿਬਾ ਦਾ ਕਿ ਉਨ੍ਹਾਂ ਨੇ ਦੱਸਿਆ ਹੈ ਕਿ ਭਾਦਸੋਂ ਦੀ ਪੰਚਾਇਤ ਨੇ ਜਿਹੜੀ ਸਰਕਾਰੀ ਸਕੂਲ ਦੀ ਜ਼ਮੀਨ ਸੀ, ਉਸ ਦਾ ਕਬਜ਼ਾ ਲਿਆ ਹੈ, ਨਾਲ ਹੀ ਇਹ ਵੀ ਦੱਸਿਆ ਹੈ ਕਿ ਭਾਦਸੋਂ ਪੁਲਿਸ ਸਟੇਸ਼ਨ ਵਿਚ ਰਿਪੋਰਟ ਦਰਜ ਕੀਤੀ ਗਈ ਹੈ। ਲੇਕਿਨ ਮੈਂ ਸਰਕਾਰ ਦੀ ਨਿੰਦਾ ਨਹੀ ਕਰਨੀ ਚਾਹੁੰਦਾ, ਇਸ ਦਾ ਸਰਕਾਰ ਦੀ ਕਾਰਗੁਜ਼ਾਰੀ ਉਤੇ ਮਾੜਾ ਅਸਰ ਪੈਂਦਾ ਹੈ। ਮੈਂ ਹਾਊਸ ਦੀ ਮਰਿਆਦਾ ਨੂੰ ਬਰਕਰਾਰ ਰੱਖਦਾ ਹੋਇਆ ਸਦਨ ਵਿਚ ਕੇਵਲ ਇਤਨਾ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਜਿਹੜੀ ਇਕ ਦੁਕਾਨ ਦਾ ਕਬਜ਼ਾ ਸਰਪੰਚ ਕੋਲ ਹੈ, ਉਸ ਦੇ ਪਰਿਵਾਰ ਕੋਲ ਹੈ, ਉਹ ਕਦੋਂ ਤੱਕ ਖਾਲੀ ਕਰਵਾ ਦਿੱਤੀ ਜਾਵੇਗੀ। ਮੰਤਰੀ ਜੀ ਨੇ ਇਹ ਤਾਂ ਕਿਹਾ ਹੈ ਕਿ ਇਕ ਸਾਲ ਦੇ ਅੰਦਰ ਅੰਦਰ ਖਾਲੀ ਕਰਵਾ ਲਈ ਜਾਵੇਗੀ ਪ੍ਰੰਤੂ ਜਿਨ੍ਹਾਂ ਨੇ ਇਹ ਅਫਸੋਸਨਾਕ ਅਣਗਹਿਲੀ ਕੀਤੀ ਹੈ ਅਤੇ ਮਜ਼ਬੂਰਨ ਐਸੋਸੀਏਸ਼ਨ ਦਾ ਪੰਚਾਇਤ ਨਾਲ ਧੱਕੇ ਨਾਲ ਸਮਝੌਤਾ ਕਰਵਾਇਆ ਹੈ, ਉਨ੍ਹਾਂ ਅਣਗਹਿਲੀ ਕਰਨ ਵਾਲੇ ਅਫ਼ਸਰਾਂ ਦੇ ਖਿਲਾਫ ਕੀ ਕੋਈ ਕਾਰਵਾਈ ਕੀਤੀ ਜਾਵੇਗੀ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਸਤਿਕਾਰਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਦੋਂ ਸਰਕਾਰ ਦੇ ਨੋਟਿਸ ਵਿਚ ਇਹ ਗੱਲ ਆਈ ਤਾਂ ਫੌਰੀ ਕਾਰਵਾਈ ਕਰਕੇ ਮੁਕੱਦਮਾ ਦਰਜ ਕਰਵਾਇਆ ਗਿਆ। ਇਹ ਨਜਾਇਜ਼ ਕਬਜ਼ਾ ਮਿਤੀ 5 ਮਈ 2007 ਦਿਨ ਸਨਿੱਚਰਵਾਰ ਨੂੰ ਹੋਇਆ। ਸਨਿੱਚਰਵਾਰ ਅਤੇ ਐਤਵਾਰ ਦੇ ਸਮੇਂ ਦੌਰਾਨ 6 ਦੁਕਾਨਾਂ ਦੀਆਂ ਨੀਹਾਂ ਭਰੀਆਂ ਗਈਆਂ। ਜਦੋਂ ਸਕੂਲ ਦੇ ਪ੍ਰਿੰਸੀਪਲ ਦੇ ਨੋਟਿਸ ਵਿਚ ਆਇਆ ਹੈ ਤਾਂ ਉਸਨੇ ਪਰੈਂਟਸ ਟੀਚਰਜ਼ ਐਸੋਸੀਏਸ਼ਨ ਦੇ ਮੈਂਬਰਾਂ ਅਤੇ ਸਕੂਲ ਦੇ ਪ੍ਰਿੰਸੀਪਲ ਨੇ ਜਾ ਕੇ ਮੁਕੱਦਮਾ ਦਰਜ ਕਰਵਾਇਆ। ਗੌਰਮਿੰਟ ਨੂੰ ਵੀ ਇਤਲਾਹ ਦਿੱਤੀ ਅਤੇ ਅਸੀਂ ਉਸੇ ਸਮੇਂ ਫੌਰੀ ਕਾਰਵਾਈ ਕਰਵਾਈ। ਕੋਰਟ ਵਿਚ ਪਿੰਡ ਵਾਲਿਆਂ ਨੇ ਆਪੇ ਇਹ ਬਿਆਨ ਦਾਇਰ ਕੀਤਾ ਕਿ ਇਹ ਮਸਲਾ ਅਸੀਂ ਆਪਣੇ ਪੱਧਰ ਤੇ ਹੱਲ ਕਰ ਲਵਾਂਗੇ ਅਤੇ ਜੋ ਦੁਕਾਨ ਕਿਰਾਏ ਤੇ ਦਿੱਤੀ ਹੈ, ਉਸ ਬਾਰੇ ਵੀ ਉਨ੍ਹਾਂ ਨੇ ਕੋਰਟ ਵਿਚ ਐਨਸ਼ਿਓਰ ਕੀਤਾ ਕਿ ਇਕ ਸਾਲ ਦੇ ਅੰਦਰ ਅੰਦਰ ਉਸ ਦੁਕਾਨ ਦਾ ਕਬਜ਼ਾ ਮੁੜ ਸਕੂਲ ਦੇ ਹਵਾਲੇ ਕਰ ਦਿੱਤਾ ਜਾਵੇਗਾ। ਕੋਰਟ ਨੇ ਇਹ ਕੇਸ ਡਿਸਮਿਸ ਕਰ ਦਿੱਤਾ ਹੈ as withdrawn.

**ਸਰਦਾਰ ਰਣਦੀਪ ਸਿੰਘ ਨਾਭਾ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਜਿਹੜੇ ਅਫ਼ਸਰ ਦੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਰਣਦੀਪ ਸਿੰਘ ਨਾਭਾ ]

ਅਣਗਿਹਲੀ ਕਰਕੇ ਇਹ ਕਾਰਵਾਈ ਹੋਈ ਹੈ ਉਸ ਤੇ ਕਦੋਂ ਤੱਕ ਕਾਰਵਾਈ ਕੀਤੀ ਜਾਵੇਗੀ ਅਤੇ ਇਕ ਗੱਲ ਮੈਂ ਇਨ੍ਹਾਂ ਦੇ ਜਵਾਬ ਤੋਂ ਪਹਿਲਾਂ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕੋਰਟ ਵਿਚ ਜਿਹੜੀ ਪ੍ਰੋਸੀਡਿੰਗਜ਼ ਹੋਈ ਸੀ ਉਹ ਟੀਚਰਜ਼ ਐਸੋਸੀਏਸ਼ਨ ਵਲੋਂ ਅਤੇ ਪੀ.ਟੀ.ਏ. ਵਲੋਂ ਹੋਈ ਹੈ ਅਤੇ ਕੋਰਟ ਤੋਂ ਸਟਰਿਕਚਰ ਕਰਵਾ ਕੇ ਹੋਈ ਹੈ। ਜਿਹੜਾ ਤੁਸੀਂ ਕਿਹਾ ਕਿ ਸਨੀਚਰਵਾਰ ਅਤੇ ਐਤਵਾਰ ਦੋ ਦਿਨ ਵਿਚ ਦੁਕਾਨਾਂ ਬਣੀਆਂ ਸਨ, ਮੈਂ ਮੰਤਰੀ ਜੀ ਤੋਂ ਵਿਸ਼ਵਾਸ ਚਾਹੁੰਦਾ ਹਾਂ ਕਿ ਇਹ ਟਾਇਮ ਦੱਸ ਦੇਣ ਕਿ ਕਦੋਂ ਤੱਕ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ/ਕਰਮਚਾਰੀਆਂ ਦੇ ਖਿਲਾਫ ਕਾਰਵਾਈ ਕਰਨਗੇ?

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਤਾਂ ਨਹੀਂ ਲਗਦਾ ਕਿ ਕਿਸੇ ਅਫ਼ਸਰ ਨੇ ਅਣਗਿਹਲੀ ਕੀਤੀ ਹੈ। ਸਕੂਲ ਦੇ ਪ੍ਰਿੰਸੀਪਲ ਨੇ ਅਤੇ ਪੀ.ਟੀ.ਏ. ਦੇ ਪ੍ਰਧਾਨ ਨੇ ਹੀ, ਜੋ ਕਿ ਨਗਰ ਦਾ ਸਾਬਕਾ ਸਰਪੰਚ ਹੈ, ਨੇ ਰਿਪੋਰਟ ਕੀਤੀ ਅਤੇ ਜੋ ਮੌਜੂਦਾ ਸਰਪੰਚ ਹੈ ਅਤੇ ਸਾਬਕਾ ਸਰਪੰਚ ਜੋ ਪੀ.ਟੀ.ਏ. ਦਾ ਪ੍ਰਧਾਨ ਹੈ, ਉਨ੍ਹਾਂ ਦਾ ਆਪਸ ਵਿਚ ਸਮਝੌਤਾ ਹੋਇਆ ਅਤੇ ਇਕ ਹਫਤੇ ਦੇ ਅੰਦਰ ਅੰਦਰ ਸਾਰਾ ਮੁਆਇਨਾ ਹੋਣ ਉਪਰੰਤ ਕੇਸ ਵਿੱਦਡਰਾਅ ਹੋ ਗਿਆ ਹੈ। ਉਨ੍ਹਾਂ ਨੇ ਆਪਸੀ ਸਹਿਮਤੀ ਨਾਲ ਦੱਸਿਆ ਹੈ ਕਿ ਇਕ ਸਾਲ ਦੇ ਅੰਦਰ ਅੰਦਰ ਜਿਹੜੀ ਦੁਕਾਨ ਰਹਿ ਗਈ ਹੈ, ਉਸ ਦਾ ਕਬਜਾ ਸਕੂਲ ਦੇ ਹਵਾਲੇ ਕਰ ਦਿੱਤਾ ਜਾਵੇਗਾ ਅਤੇ ਦੁਕਾਨ ਤੇ ਜਿਹੜਾ ਖਰਚਾ ਹੋਇਆ ਹੈ, ਉਹ ਵੀ ਸਕੂਲ ਨੂੰ ਅਦਾ ਕਰ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਮਾਮਲਾ ਬਿਲਕੁਲ ਸਪਸ਼ਟ ਹੈ ਅਤੇ ਕੋਈ ਅਧੂਰੀ ਗੱਲ ਨਹੀਂ।

**ਮਾਨਯੋਗ ਸਪੀਕਰ** : ਹੋਰ ਕੋਈ ਸਵਾਲ ਦੀ ਲੋੜ ਤਾਂ ਨਹੀਂ? ਚਲੋ ਨਾਭਾ ਜੀ ਪੁੱਛੋ।

**ਸਰਦਾਰ ਰਣਦੀਪ ਸਿੰਘ ਨਾਭਾ** : ਸਪੀਕਰ ਸਾਹਿਬ, ਮੈਂ ਵਜੀਰ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਦੋ ਦਿਨਾਂ ਵਿਚ ਦੁਕਾਨ ਬਣ ਸਕਦੀ ਹੈ ਤਾਂ ਉਸ ਨੂੰ ਖਾਲੀ ਕਰਾਉਣ ਲਈ ਇਕ ਸਾਲ ਦੇ ਸਮੇਂ ਦੀ ਲੋੜ ਕਿਉਂ ਹੈ? ਜੇ ਮਨਿਸਟਰ ਸਾਹਿਬ ਚਾਹੁਣਗੇ ਤਾਂ ਖਾਲੀ ਕਰਵਾ ਲੈਣਗੇ ਨਹੀਂ ਤਾਂ ਨਹੀਂ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਮੈਂ ਇਸ ਸਰਕਾਰ ਦੀ ਨਿੰਦਾ ਨਹੀਂ ਕਰਨੀ ਚਾਹੁੰਦਾ, ਜਿਸ ਸਰਪੰਚ ਨੇ ਕਬਜਾ ਕੀਤਾ ਹੈ, ਉਹ ਤਿੰਨ ਵੇਰ ਚਾਰਜਸ਼ੀਟ ਹੋਇਆ ਹੈ ਅਤੇ ਉਸਦੇ ਕਬਜੇ ਵਿਚ ਹੀ ਇਹ ਦੁਕਾਨ ਹੈ। ਮੈਂ ਇਹ ਵਾਰ ਵਾਰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਭਾਦਸੋਂ ਦੀ ਜ਼ਮੀਨ ਵਿਚ ਪਹਿਲਾਂ ਵੀ ਕਬਜ਼ਾ ਹੋਇਆ ਹੈ ਕਿਉਂਕਿ ਅਫ਼ਸਰ ਸਾਹਿਬਾਨ ਕੋਈ ਨਾ ਕੋਈ ਇਸਦੇ ਵਿਚ ਜਰੂਰ ਇਨਵਾਲਵ ਹੈ, ਜਿਸ ਕਰਕੇ ਇਹ ਦੁਕਾਨਾਂ ਬਣੀਆਂ ਹਨ। ਸਪੀਕਰ ਸਾਹਿਬ, ਚਾਹੇ ਕਿਸੇ ਪੁਲਿਸ ਮੁਲਾਜ਼ਮ ਦੀ ਜਾਂ ਬੀ.ਡੀ.ਪੀ.ਓ. ਦੇ ਦਫ਼ਤਰ ਦੇ ਕਿਸੇ ਕਰਮਚਾਰੀ ਦੀ ਇਸ ਦੇ ਵਿਚ ਇਨਵਾਲਮੈਂਟ ਜ਼ਰੂਰ ਹੈ। ਮੰਤਰੀ ਜੀ ਕੀ ਵਿਸ਼ਵਾਸ ਦਿਵਾਉਣਗੇ ਕਿ ਇਸ ਦੀ ਇਨਕੁਆਰੀ ਕਰਵਾਕੇ ਉਸਦੇ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੇਰੀ ਜਾਣਕਾਰੀ ਵਿਚ ਜੋ ਤੱਥ ਹਨ, ਮੈਂ ਇਸ ਮਕੱਦਸ ਹਾਊਸ ਵਿਚ ਪੇਸ਼ ਕੀਤੇ ਹਨ ਜੇ ਕਿਸੇ ਮੁਲਾਜ਼ਮ/ਅਧਿਕਾਰੀ ਦੀ ਇਨਵਾਲਵਮੈਂਟ ਬਾਰੇ ਮੈਂਬਰ ਸਾਹਿਬ ਨੂੰ ਜਾਣਕਾਰੀ ਹੈ, ਕਿਰਪਾ ਕਰਕੇ ਮੇਰੇ ਧਿਆਨ ਵਿਚ ਲਿਆ ਦੇਣ, ਉਸ ਦੇ ਖਿਲਾਫ ਜ਼ਰੂਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਰਣਦੀਪ ਸਿੰਘ ਨਾਭਾ** : ਧੰਨਵਾਦ ਜੀ।

**ਮਾਨਯੋਗ ਸਪੀਕਰ** : ਪ੍ਰਸ਼ਨ ਖਤਮ ਹੁੰਦੇ ਹਨ।

-------

## UNSTARRED QUESTIONS AND ANSWERS

### ਐਸ.ਏ.ਐਸ. ਨਗਰ, ਮੋਹਾਲੀ ਵਿਖੇ ਪਲਾਟਾਂ ਦੀ ਅਲਾਟਮੈਂਟ

44. **ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਬਿਨੈਕਾਰਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਐਸ.ਏ.ਐਸ. ਨਗਰ, ਮੋਹਾਲੀ ਦੇ ਸੈਕਟਰ 76 ਤੋਂ 80 ਵਿਚ ਪਲਾਟਾਂ ਦੀ ਅਲਾਟਮੈਂਟ ਲਈ ਮਨੋਰਥ-ਪੱਤਰ ਦਿੱਤੇ ਗਏ ਸਨ ਪ੍ਰੰਤੂ ਉਨ੍ਹਾਂ ਦਾ ਕਬਜਾ ਹਾਲੇ ਤੱਕ ਨਹੀਂ ਦਿੱਤਾ ਗਿਆ ਹੈ ਅਤੇ ਅਜਿਹੇ ਬਿਨੈਕਾਰਾਂ ਨੂੰ ਉਕਤ ਪਲਾਟਾਂ ਦਾ ਕਬਜਾ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਸੈਕਟਰ 76-80 ਐਸ.ਏ.ਐਸ. ਨਗਰ ਮੋਹਾਲੀ ਵਿਖੇ ਪਲਾਟਾਂ ਦੀ ਅਲਾਟਮੈਂਟ ਲਈ ਕੁੱਲ 3931 ਬਿਨੈਕਾਰਾਂ ਨੂੰ ਲੈਟਰ ਆਫ ਇਨਟੈਂਟ ਜਾਰੀ ਕੀਤੇ ਗਏ ਸਨ। ਇਹਨਾਂ ਸੈਕਟਰਾਂ ਵਿਚ ਪੈਂਦੀ 102 ਏਕੜ ਭੌਂ ਦੇ ਮਾਲਕਾਂ ਨੂੰ ਬੇਦਖਲ ਨਾ ਕਰਨ ਸਬੰਧੀ ਮਾਨਯੋਗ ਹਾਈ ਕੋਰਟ ਵਲੋਂ ਜਾਰੀ ਕੀਤੀ ਗਈ ਸਟੇਅ ਕਾਰਨ ਕਿਸੇ ਵੀ ਸਫਲ ਬਿਨੈਕਾਰ ਨੂੰ ਅਜੇ ਤੱਕ ਪਲਾਟ ਦਾ ਕਬਜਾ ਨਹੀਂ ਦਿੱਤਾ ਗਿਆ। ਜਿਹੜੇ ਪਲਾਟ ਤਕਨੀਕੀ ਪੱਖੋਂ ਸੰਭਵ ਹਨ ਅਤੇ ਜਿੱਥੇ ਬੇਦਖਲੀ ਉਤੇ ਅਦਾਲਤੀ ਰੋਕ ਨਹੀਂ ਹੈ, ਉਹ ਅਲਾਟ ਕੀਤੇ ਜਾਣਗੇ ਅਤੇ ਜਲਦੀ ਹੀ ਕਬਜਾ ਦੇ ਦਿੱਤਾ ਜਾਵੇਗਾ।

-------

### ਮਿਉਂਸਿਪਲ ਕਮੇਟੀ, ਮੋਹਾਲੀ ਦੀ ਆਮਦਨ/ਖਰਚ

45. **ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2004-05 ਤੋਂ 2006-07 ਲਈ ਮਿਉਂਸਿਪਲ ਕਮੇਟੀ, ਮੋਹਾਲੀ ਦੇ ਖਰਚ ਅਤੇ ਆਮਦਨ ਦੇ ਸਾਲ-ਵਾਰ ਵੇਰਵੇ ਕੀ ਹਨ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਨੋਰੰਜਨ ਕਾਲੀਆ :** ਨਗਰ ਕੌਂਸਲ, ਮੁਹਾਲੀ ਦੀ ਸਾਲ 2004-05 ਤੋਂ 2006-07 ਤੱਕ ਆਮਦਨ ਤੇ ਖਰਚੇ ਦਾ ਵੇਰਵਾ ਹੇਠ ਅਨੁਸਾਰ ਹੈ :-

**ਆਮਦਨ :** (ਰਕਮ ਲੱਖਾਂ ਵਿਚ)

| ਲੜੀ ਨੰ: | ਆਮਦਨ ਦਾ ਸੋਮਾ | 2004-05 | 2005-06 | 2006-07 |
|---|---|---|---|---|
| 1. | ਚੁੰਗੀ | 2001.58 | 1834.90 | 1952.35 |
| 2. | ਬਿਜਲੀ ਤੇ ਚੁੰਗੀ | 95.96 | 110.24 | 113.13 |
| 3. | ਪਾਣੀ ਸਪਲਾਈ ਅਤੇ ਸੀਵਰੇਜ ਚਾਰਜਿਜ਼ | 76.67 | 108.69 | 95.71 |
| 4. | ਕਿਰਾਇਆ ਅਤੇ ਤਹਿਬਜਾਰੀ | 23.38 | 19.93 | 16.99 |
| 5. | ਹੋਰ ਸੋਮੇ | 25.24 | 315.29 | 548.04 |
| | **ਕੁੱਲ ਜੋੜ :** | **2222.83** | **2389.05** | **2726.22** |

**ਖਰਚਾ :** (ਰਕਮ ਲੱਖਾਂ ਵਿਚ)

| ਲੜੀ ਨੰ: | ਖਰਚੇ ਦੀ ਮੱਦ | 2004-05 | 2005-06 | 2006-07 |
|---|---|---|---|---|
| 1. | ਅਮਲੇ ਤੇ ਖਰਚਾ | 498.67 | 548.81 | 586.56 |
| 2. | ਅਚਨਚੇਤ ਖਰਚੇ (ਕੰਟਨਜੈਂਸੀ) | 107.74 | 128.18 | 103.24 |
| 3. | ਵਿਕਾਸ ਤੇ ਖਰਚਾ | 1597.30 | 1831.07 | 1748.23 |
| | **ਕੁੱਲ ਜੋੜ :** | **2203.71** | **2508.06** | **2438.03** |

-------

## ਜ਼ਿਲ੍ਹਾ ਮੋਗਾ ਵਿਚ ਜਲ ਸਪਲਾਈ ਸਕੀਮ ਅਧੀਨ ਲਿਆਂਦੇ ਗਏ ਪਿੰਡ

46. **ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਜ਼ਿਲ੍ਹਾ ਮੋਗਾ ਵਿਚ ਬਲਾਕ ਨਿਹਾਲ ਸਿੰਘ ਵਾਲਾ ਵਿਚ ਜਲ-ਸਪਲਾਈ ਸਕੀਮ

Original with;
Punjab Vidhan Sabha
Digitized by;
Panjab Digital Library

ਅਧੀਨ ਲਿਆਂਦੇ ਗਏ ਪਿੰਡਾਂ ਦੀ ਕੁੱਲ ਕਿੰਨੀ ਗਿਣਤੀ ਹੈ ਅਤੇ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਉਕਤ ਸਕੀਮ ਅਧੀਨ ਅਜੇ ਲਿਆਂਦੇ ਜਾਣੇ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮ ਅਧੀਨ ਲਿਆਂਦੇ ਗਏ ਸਾਰੇ ਪਿੰਡਾਂ ਨੂੰ ਪਾਣੀ ਦੀ ਨਿਯਮਿਤ ਸਪਲਾਈ ਕੀਤੀ ਜਾ ਰਹੀ ਹੈ; ਜੇਕਰ ਨਹੀਂ; ਤਾਂ ਇਸ ਦੇ ਕਾਰਣ ਕੀ ਹਨ ਅਤੇ ਉਕਤ ਪਿੰਡਾਂ ਨੂੰ ਨਿਯਮਿਤ ਜਲ ਸਪਲਾਈ ਮੁੱਹਈਆ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਬਿਕਰਮ ਸਿੰਘ ਮਜੀਠੀਆ** : (ੳ) ਸ਼੍ਰੀਮਾਨ ਜੀ, ਜ਼ਿਲ੍ਹਾ ਮੋਗਾ ਦੇ ਬਲਾਕ ਨਿਹਾਲ ਸਿੰਘ ਵਾਲਾ ਦੇ ਸਾਰੇ 38 ਪਿੰਡ ਵੱਖ-ਵੱਖ ਜਲ ਸਪਲਾਈ ਸਕੀਮਾਂ ਅਧੀਨ ਕਵਰ ਕੀਤੇ ਹੋਏ ਹਨ ਅਤੇ ਕਵਰ ਕਰਨ ਲਈ ਕੋਈ ਵੀ ਪਿੰਡ ਨਹੀਂ ਰਹਿੰਦਾ ਹੈ।

(ਅ) ਬਲਾਕ ਨਿਹਾਲ ਸਿੰਘ ਵਾਲਾ ਦੇ 38 ਪਿੰਡਾਂ ਵਿਚੋਂ 30 ਪਿੰਡਾਂ ਵਿਚ ਜਲ ਸਪਲਾਈ ਨਿਯਮਤ ਹੈ, ਜਦੋਂ ਕਿ 5 ਪਿੰਡਾਂ - ਖਾਈ, ਪੱਤੋ ਹੀਰਾ ਸਿੰਘ, ਪੱਤੋ ਜਵਾਹਰ ਸਿੰਘ, ਮੀਨੀਆ ਅਤੇ ਮਾਛੀਕੇ ਵਿਚ ਟਿਊਬਵੈਲਾਂ ਦੇ ਫੇਲ੍ਹ ਹੋਣ ਕਾਰਨ; 2 ਪਿੰਡਾਂ ਰਣੀਆਂ ਅਤੇ ਬੁਰਜ ਦੂਨਾ ਵਿਚ ਸਬੰਧਤ ਗ੍ਰਾਮ ਪੰਚਾਇਤ ਵਲੋਂ ਬਿਜਲੀ ਦੇ ਬਿਲਾਂ ਦੀ ਅਦਾਇਗੀ ਨਾ ਕਰਨ ਕਰਕੇ ਬਿਜਲੀ ਦੇ ਕੁਨੈਕਸ਼ਨ ਕੱਟੇ ਜਾਣ ਕਾਰਨ ਅਤੇ ਇਕ ਪਿੰਡ - ਬੀੜ ਬੱਧਨੀ ਵਿਖੇ ਨਿਹਾਲ ਸਿੰਘ ਵਾਲਾ-ਬੱਧਨੀ ਕਲਾਂ ਸੜਕ ਦੀ ਚੌੜਾਈ ਅਤੇ ਮਜ਼ਬੂਤੀ ਦੀ ਅਲਾਈਨਮੈਂਟ ਤਹਿਤ ਡਿਸਟ੍ਰੀਬਿਊਸ਼ਨ ਪਾਇਪ ਲਾਈਨ ਟੁੱਟਣ ਕਾਰਨ ਸਪਲਾਈ ਬੰਦ ਹੈ। ਉਕਤ ਪਿੰਡਾਂ ਵਿਚ ਪਾਣੀ ਦੀ ਸਪਲਾਈ ਬਹਾਲ ਕਰਨ ਲਈ ਅਤੇ ਇਸ ਬਲਾਕ ਦੇ 24 ਹੋਰ ਪਿੰਡਾਂ ਦੀ ਜਲ ਸਪਲਾਈ ਵਿਚ ਵਾਧਾ ਯਕੀਨੀ ਬਣਾਉਣ ਅਤੇ ਵੱਖਰਾ ਕਰਨ ਲਈ ਨਾਬਾਰਡ (ਆਰ.ਆਈ.ਡੀ.ਐਫ.-11) ਦੀ ਸਹਾਇਤਾ ਨਾਲ ਪੰਜਾਬ ਸਰਕਾਰ ਵਲੋਂ ਪੱਤਰ ਨੰ: 7/92/2005-6ਇਸ-2/5440 ਮਿਤੀ 23.09.2005 ਰਾਹੀਂ ਪ੍ਰਾਜੈਕਟ ਪ੍ਰਵਾਨ ਕੀਤਾ ਗਿਆ ਹੈ। ਇਸ ਪ੍ਰਾਜੈਕਟ ਅਧੀਨ ਬਲਾਕ ਨਿਹਾਲ ਸਿੰਘ ਵਾਲਾ ਵਿਚ 39 ਟਿਊਬਵੈਲ ਪਹਿਲਾਂ ਹੀ ਵਰਮਾਏ ਜਾ ਚੁੱਕੇ ਹਨ ਅਤੇ ਸਕੀਮਾਂ ਨਾਲ ਸਬੰਧਿਤ ਹੋਰ ਕੰਮ ਪ੍ਰਗਤੀ ਅਧੀਨ ਹਨ, ਜੋ ਕਿ ਮਾਰਚ, 2008 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

-------

## ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 49*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਅਤੇ ਅਲਾਓ ਕੀਤੀ ਗਈ।)

-------

* For Unstarred Question No. 49 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

## ਅੰਮ੍ਰਿਤਸਰ-ਪਠਾਨਕੋਟ ਸੜਕ ਨੂੰ ਚਹੁੰ-ਮਾਰਗੀ ਬਣਾਉਣਾ

50. **ਡਾਕਟਰ ਦਲਬੀਰ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ-ਪਠਾਨਕੋਟ ਸੜਕ ਨੂੰ ਚਹੁੰ-ਮਾਰਗੀ ਬਣਾਉਣ ਦਾ ਕੰਮ ਵੇਰਕਾ ਮਿਲਕ ਪਲਾਂਟ (ਬਾਈ-ਪਾਸ) ਚੌਕ ਤੋਂ ਸ਼ੁਰੂ ਹੋਵੇਗਾ ਅਤੇ ਇਸ ਸੜਕ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸ਼੍ਰੀਮਾਨ ਜੀ। ਅੰਮ੍ਰਿਤਸਰ ਤੋਂ ਪਠਾਨਕੋਟ ਸੜਕ ਦਾ ਚਹੁੰ-ਮਾਰਗੀ ਕਰਨ ਦਾ ਕੰਮ, ਜਿਵੇਂ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵਲੋਂ ਸੂਚਿਤ ਕੀਤਾ ਗਿਆ ਹੈ, ਵੇਰਕਾ ਮਿਲਕ ਪਲਾਂਟ (ਬਾਈਪਾਸ) ਚੌਕ ਤੋਂ ਸ਼ੁਰੂ ਨਹੀਂ ਹੋਵੇਗਾ। ਉਨ੍ਹਾਂ ਦੀ ਵੇਰਕਾ ਕਸਬੇ ਨੂੰ ਬਾਈਪਾਸ ਕਰਨ ਲਈ ਚਹੁੰ-ਮਾਰਗੀ ਕੰਮ ਵੇਰਕਾ ਚੌਕ ਦੀ ਬਜਾਏ ਪਿੰਡ ਵੱਲ੍ਹਾ ਤੋਂ ਸ਼ੁਰੂ ਕਰਨ ਦੀ ਤਜਵੀਜ਼ ਹੈ। ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੇ ਸੂਚਿਤ ਕੀਤਾ ਹੈ ਕਿ ਇਹ ਕੰਮ ਸ਼ੁਰੂ ਹੋਣ ਵਾਸਤੇ ਤਕਰੀਬਨ ਇਕ ਸਾਲ ਦਾ ਸਮਾਂ ਲਗੇਗਾ।

-------

## ਅੰਮ੍ਰਿਤਸਰ ਸ਼ਹਿਰ ਦੇ ਵੇਰਕਾ ਅਤੇ ਵੱਲ੍ਹਾ ਇਲਾਕਿਆਂ ਵਿਚ ਸੀਵਰੇਜ ਵਿਛਾਉਣਾ

51. **ਡਾਕਟਰ ਦਲਬੀਰ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵੇਰਕਾ ਅਤੇ ਵੱਲ੍ਹਾ ਇਲਾਕਿਆਂ ਨੂੰ ਅੰਮ੍ਰਿਤਸਰ ਮਿਉਂਸਿਪਲ ਕਾਰਪੋਰੇਸ਼ਨ ਵਿਚ ਕਿਸ ਤਰੀਕ ਨੂੰ ਮਿਲਾਇਆ ਗਿਆ ਸੀ ਅਤੇ ਇਨ੍ਹਾਂ ਇਲਾਕਿਆਂ ਵਿਚ ਸੀਵਰੇਜ ਦੀਆਂ ਸੁਵਿਧਾਵਾਂ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਮਨੋਰੰਜਨ ਕਾਲੀਆ** : ਸ਼੍ਰੀਮਾਨ ਜੀ, 29.3.1977 ਨੂੰ ਅੰਮ੍ਰਿਤਸਰ ਨਗਰ ਪਾਲਿਕਾ ਤੋਂ ਨਗਰ ਨਿਗਮ ਬਣਾਇਆ ਗਿਆ ਸੀ ਅਤੇ ਇਸੇ ਮਿਤੀ ਤੋਂ ਵੱਲ੍ਹਾ ਅਤੇ ਵੇਰਕਾ ਨੂੰ ਨਿਗਮ ਵਿਚ ਸ਼ਾਮਲ ਕਰ ਦਿੱਤਾ ਗਿਆ ਸੀ। ਅੰਮ੍ਰਿਤਸਰ ਸ਼ਹਿਰ ਨੂੰ 100% ਸੀਵਰ ਦੀ ਸੁਵਿਧਾ ਦੇਣ ਲਈ ਜੇ.ਬੀ.ਆਈ.ਸੀ. (ਜਪਾਨ ਬੈਂਕ ਆਫ ਇੰਟਰਨੈਸ਼ਨਲ ਕੋਆਪਰੇਸ਼ਨ) ਵੱਲੋਂ ਪ੍ਰੋਜੈਕਟ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਪ੍ਰੋਜੈਕਟ ਦੀ ਕੁੱਲ ਲਾਗਤ 360 ਕਰੋੜ ਰੁਪਏ ਹੈ। ਪ੍ਰੋਜੈਕਟ ਨੂੰ ਜੇ.ਬੀ.ਆਈ.ਸੀ. ਵੱਲੋਂ ਫਾਈਨਾਂਸ ਕੀਤਾ ਜਾਣਾ ਹੈ। ਇਸ ਪ੍ਰੋਜੈਕਟ ਲਈ ਲੋਨ ਦਾ ਇਕਰਾਰਨਾਮਾ ਭਾਰਤ ਸਰਕਾਰ ਅਤੇ ਜਾਪਾਨ ਸਰਕਾਰ ਦਰਮਿਆਨ ਮਾਰਚ, 2007 ਵਿਚ ਕੀਤਾ ਜਾ ਚੁੱਕਾ ਹੈ। ਵੱਲ੍ਹਾ ਅਤੇ ਵੇਰਕਾ ਨੂੰ ਇਸ ਪ੍ਰੋਜੈਕਟ ਵਿਚ ਸੀਵਰ ਪਾਉਣ ਲਈ ਸ਼ਾਮਲ ਕੀਤਾ ਗਿਆ ਹੈ। ਇਸ ਪ੍ਰੋਜੈਕਟ ਅਧੀਨ ਪਹਿਲੀ ਕਿਸ਼ਤ ਦਸੰਬਰ, 2007 ਵਿਚ ਮਿਲ ਜਾਵੇਗੀ ਅਤੇ ਵੱਲ੍ਹਾ ਅਤੇ ਵੇਰਕਾ ਵਿਖੇ

Original with;
Punjab Vidhan Sabha
Digitized by;
Panjab Digital Library

ਸੀਵਰ ਦਾ ਕੰਮ ਸਾਲ 2008 ਵਿਚ ਸ਼ੁਰੂ ਹੋ ਜਾਵੇਗਾ ਅਤੇ ਸਾਲ 2012 ਤੱਕ ਇਹ ਕੰਮ ਖਤਮ ਹੋ ਜਾਵੇਗਾ।

-------

## MATTERS RAISED DURING ZERO HOUR AND STATEMENT BY THE CHIEF MINISTER

**ਕੈਪਟਨ ਬਲਬੀਰ ਸਿੰਘ ਬਾਠ :** ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਅੱਜ ਬਹੁਤ ਹੀ ਮਹੱਤਤਾ ਵਾਲਾ ਮਸਲਾ ਹਾਊਸ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਜਿਹੜਾ ਕਿ ਪਿਛਲੀ ਸਰਕਾਰ ਦੇ ਸਮੇਂ ਹੋਈਆਂ ਵਧੀਕੀਆਂ ਅਤੇ ਸਰਕਾਰੀ ਹਸਪਤਾਲਾਂ ਦੀ ਵਰਕਿੰਗ ਬਾਰੇ ਹੈ, ਉਸ ਦੇ ਬਾਰੇ ਮੈਂ ਗੱਲ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮਸਲਾ ਬੜਾ ਹੀ ਅਜੀਬੋ-ਗਰੀਬ ਅਤੇ ਅਤਿ ਚਿੰਤਾਜਨਕ ਹੈ। ਮਹਿਕਮਾ ਹੈਲਥ ਜਿਸ ਦੇ ਬਾਰੇ ਮੈਂ ਮਹਿਸੂਸ ਕਰਦਾ ਹਾਂ, ਭੈਣ ਜੀ ਤੁਸੀਂ ਤਾਂ ਹੁਣੇ ਹੀ ਇਹ ਮਹਿਕਮਾ ਕੰਟਰੋਲ ਵਿਚ ਲਿਆ ਹੈ, ਇਸਦੇ ਵਿਚ ਸਭ ਕੁੱਝ ਅੱਛਾ ਨਹੀਂ ਹੈ। ਕਿਸੇ ਬੰਦੇ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਸੀ ਅਤੇ ਉਸ ਦੀ ਬਾਡੀ ਵਿਚੋਂ ਦਿਲ ਪੋਸਟ ਮਾਰਟਮ ਲਈ ਪਟਿਆਲਾ ਵਿਖੇ ਲੈਬਾਟਰੀ ਵਿਚ ਭੇਜਿਆ ਗਿਆ ਅਤੇ ਚੈਕ ਕਰਨ ਉਪ੍ਰੰਤ ਵਿਚੋਂ ਨਿਕਲੀ ਕਿਸੇ ਬਦਨਸੀਬ ਔਰਤ ਦੀ ਬੱਚੇਦਾਨੀ। ਮੈਂ ਇਸ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ.....

**ਮਾਨਯੋਗ ਸਪੀਕਰ :** ਇਹ ਸਪਸ਼ਟ ਕਰ ਦਿਓ ਕਿ ਹਾਰਟ ਫੇਲ੍ਹ ਕਿਸੇ ਮਨੁੱਖ ਦਾ ਹੋਇਆ ਹੈ। (ਹਾਸਾ)

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਇਹ ਵਾਕਿਆ ਸਿਵਲ ਹਸਪਤਾਲ ਦਾ ਹੈ। ਜਿਨ੍ਹਾਂ ਨਾਲ ਇਹ ਘਟਨਾ ਵਾਪਰੀ, ਉਹ ਹਾਲੇ ਜੇਲ੍ਹਾਂ ਵਿਚ ਹਨ। ਮੈਂ ਤਾਂ ਪੀੜ੍ਹਤ ਪ੍ਰੀਵਾਰ ਦੀ ਗੱਲ ਕਰਦਾ ਹਾਂ। ਮੈਂ ਇਹ ਸਾਰਾ ਵਾਕਿਆ ਅੱਧੇ ਸੈਕਿੰਡ ਵਿਚ ਹੀ ਦੱਸ ਦਿੰਦਾ ਹਾਂ। ਮਾਮਲਾ ਕਿਸੇ ਤਕਰਾਰ ਦਾ ਹੈ। ਕਿਸੇ ਰਸਤੇ ਵਾਸਤੇ ਤਕਰਾਰ ਹੋ ਗਈ। ਮਰਨ ਵਾਲਾ ਜੋ ਹਾਰਟ ਪੇਸ਼ੈਂਟ ਸੀ, ਦੀ ਇਸ ਤਕਰਾਰ ਦੌਰਾਨ ਮੌਤ ਹੋ ਗਈ। ਮੇਰੇ ਬੰਦੇ ਅਕਾਲੀ ਦਲ ਦੇ ਸਨ ਤੇ ਦੂਜੇ ਬੰਦੇ ਕਾਂਗਰਸ ਦੇ ਸਨ। ਮਰਨ ਵਾਲਾ ਕਾਂਗਰਸ ਨਾਲ ਸਬੰਧਿਤ ਸੀ। ਮੇਰੇ ਬੰਦਿਆਂ ਤੇ 302 ਦਾ ਪਰਚਾ ਦਰਜ ਹੋਇਆ। ਮੇਰੇ ਰੌਲਾ ਪਾਉਣ ਤੇ, ਐਡਮਨਿਸਟਰੇਸ਼ਨ ਨੇ ਇਹ ਫੈਸਲਾ ਲਿਆ ਕਿ ਮਰਨ ਵਾਲੇ ਬੰਦੇ ਦਾ ਚੈਕ ਅੱਪ ਕਰਵਾ ਲੈਂਦੇ ਹਾਂ, ਪੋਸਟ ਮਾਰਟਮ ਕਰਵਾ ਲੈਂਦੇ ਹਾਂ, ਅਗਰ ਉਸ ਪੋਸਟ ਮਾਰਟਮ ਵਿਚ ਕੋਈ ਸੱਟ ਨਿਕਲੀ ਤਾਂ ਤੁਹਾਡੇ ਅਕਾਲੀ ਦਲ ਦੇ ਬੰਦਿਆਂ ਦੇ ਖਿਲਾਫ ਪਰਚਾ ਦਰਜ ਹੋਵੇਗਾ, ਅਗਰ ਮੌਤ ਹਾਰਟ ਫੇਲ੍ਹ ਹੋਣ ਕਰਕੇ ਹੋਈ ਤਾਂ ਉਹ ਬਰੀ ਹੋਣਗੇ। ਪਟਿਆਲੇ ਦੀ ਲੈਬ ਵਿਚ ਇਹ ਚੈਕ ਹੋਇਆ ਪਰ ਬਦਕਿਸਮਤੀ ਦੀ ਗੱਲ ਇਹ ਹੈ ਕਿ ਹਾਰਟ ਦੀ ਥਾਂ ਕਿਸੇ ਔਰਤ ਦੀ ਬੱਚੇਦਾਨੀ ਨਿਕਲੀ। ਇਸ ਤੋਂ ਵੱਧ ਸ਼ਰਮਨਾਕ

Original with;
Punjab Vidhan Sabha
Digitized by;
Panjab Digital Library

[ ਕੈਪਟਨ ਬਲਬੀਰ ਸਿੰਘ ਬਾਠ ]

ਤੇ ਅਫ਼ਸੋਸ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ। ਮੇਰਾ ਖਿਆਲ ਹੈ ਕਿ ਅਜਿਹੀ ਗੱਲ ਕਦੇ ਪਹਿਲਾਂ ਨਹੀਂ ਹੋਈ ਹੋਣੀ। ਸਾਹਨੀ ਸਾਹਿਬ ਗਵਾਹ ਹਨ। ਇਨ੍ਹਾਂ ਨੇ ਮੇਰਾ ਕਾਫੀ ਸਾਥ ਦਿੱਤਾ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬੜਾ ਗੰਭੀਰ ਮਾਮਲਾ ਹੈ। ਜੋ ਗੁਨਾਹਗਾਰ ਨਹੀਂ, ਉਹ ਜੇਲ੍ਹ ਭੇਜ ਦਿੱਤੇ ਤੇ ਜੋ ਗੁਨਾਹਗਾਰ ਹਨ, ਜਿਨ੍ਹਾਂ ਕਰਕੇ ਇਹ ਸਾਰਾ ਮਸਲਾ ਹੋਇਆ, ਉਹ ਇਨਕੁਆਰੀ ਵਿਚ ਬਰੀ ਕਰ ਦਿੱਤੇ ਗਏ। ਇਹੋ ਜਿਹੀਆਂ ਗੱਲਾਂ ਦੁਬਾਰਾ ਨਾ ਹੋਣ, ਇਹੋ ਜਿਹੀਆਂ ਬਦਨਸੀਬੀਆਂ ਦੁਬਾਰਾ ਨਾ ਵਾਪਰਨ। ਲੋਕਾਂ ਤੇ 307/302 ਦੇ ਝੂਠੇ ਪਰਚੇ ਦਰਜ ਹੋ ਕੇ ਉਹ ਸਾਰੀ ਉਮਰ ਅੰਦਰ ਹੀ ਨਾ ਲੰਘਾ ਦੇਣ, ਇਸ ਲਈ ਇਸ ਗੱਲ ਨੂੰ ਸੀਰੀਅਸਲੀ ਲਿਆ ਜਾਣਾ ਚਾਹੀਦਾ ਹੈ ਤੇ ਇਸ ਦੀ ਦੁਬਾਰਾ ਪੜਤਾਲ ਹੋਣੀ ਚਾਹੀਦੀ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਮਾਨਯੋਗ ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਮਸਲਾ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਦੁਨੀਆਂ ਵਿਚ ਹਿਸਟੋਰਿਕ ਪਲੇਸ ਹੈ "ਸ਼ਿਵਾਲਿਕ" ਜੋ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਜੁੜਿਆ ਹੋਇਆ ਹੈ ਪਰ ਉਥੇ ਮਾਲਦਾ ਕੰਪਨੀ ਨੇ ਕਬਜ਼ਾ ਕਰ ਲਿਆ ਹੈ। ਪੰਥਕ ਪਰਵਾਨੇ ਵੀ ਉਥੇ ਗਏ ਸੀ ਤਾਂ ਕਿ ਇਸ ਨੂੰ ਬਚਾਇਆ ਜਾਵੇ ਪਰ ਉਨ੍ਹਾਂ ਨੂੰ ਐਂਟਰੀ ਨਹੀਂ ਕਰਨ ਦਿੱਤੀ ਗਈ। ਅਗਰ ਮਾਲਦਾ ਵਾਲਿਆਂ ਨੂੰ ਇੰਡਸਟਰੀ ਵਧਾਉਣ ਦੀ ਲੋੜ ਹੈ ਤਾਂ ਉਹ ਦੂਜੇ ਪਾਸੇ ਵਧਾ ਲੈਣ। ਕੀ ਮੁੱਖ ਮੰਤਰੀ ਜੀ ਇਸ ਬਾਰੇ ਹਾਊਸ ਵਿਚ ਕੁਝ ਦੱਸਣਗੇ ਕਿ ਕੀ ਕਾਰਵਾਈ ਕੀਤੀ ਜਾਵੇਗੀ?

**ਮੁੱਖ ਮੰਤਰੀ** : ਜ਼ਰੂਰ ਇਸ ਚੀਜ਼ ਬਾਰੇ ਪਤਾ ਕੀਤਾ ਜਾਵੇਗਾ ਤੇ ਜੋ ਕੁਝ ਵੀ ਐਕਸ਼ਨ ਲਿਆ ਜਾ ਸਕਦਾ ਹੈ, ਉਹ ਲਿਆ ਜਾਵੇਗਾ। (ਥੰਪਿੰਗ)

**ਸਰਦਾਰ ਰਣਦੀਪ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਸਰਕਾਰ ਦਾ ਤੇ ਮੁੱਖ ਮੰਤਰੀ ਜੀ ਦਾ ਧਿਆਨ ਇੱਕ ਅਹਿਮ ਵਿਸ਼ੇ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਪਹਿਲਾਂ ਡੀ.ਜੀ.ਪੀ. ਸਾਹਿਬ ਨੂੰ ਵੀ ਮਿਲ ਚੁੱਕਾ ਹਾਂ। ਮੇਰੇ ਵਿਦੇਸ਼ ਜਾਣ ਤੋਂ ਪਹਿਲਾਂ ਇੱਕ ਕੇਸ ਰਜਿਸਟਰ ਕੀਤਾ ਜਿਸ ਵਿਚ ਮੇਰਾ ਨਾਂ ਵੀ ਖਾਨਾ ਨੰ: 2 ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਕੇਸ ਸੀ ਕਿੱਕਰ ਵੱਢਣ ਦਾ। (ਵਿਘਨ) ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਜਾਣ ਤੋਂ ਬਾਅਦ ਮਿਤੀ 4.6.2007 ਨੂੰ ਐਫ.ਆਈ.ਆਰ. ਨੰ: 42 ਤੇ ਇੱਕ ਪਰਚਾ ਦਰਜ ਕੀਤਾ 15.6.2007 ਨੂੰ ਐਫ.ਆਈ.ਆਰ. ਨੰ: 41 ਰਾਹੀਂ ਗਰੀਬ ਸਰਪੰਚ ਤੇ ਕੇਸ ਪਾ ਦਿੱਤਾ ਗਿਆ। ਉਸ ਦੀ ਅਰੈਸਟ ਪਾਈ ਗਈ। ਇਹ ਗਰੀਬ ਐਸ.ਸੀ. ਸਰਪੰਚ ਹੈ ਜਿਸ ਨੂੰ ਜੇਲ੍ਹ ਭੇਜਿਆ ਗਿਆ। ਫਿਰ ਹਾਈ ਕੋਰਟ ਨੇ ਸਟਰਿਕਚਰ ਪਾਸ ਕੀਤੇ ਤੇ ਉਹ ਰਿਹਾਅ ਹੋਇਆ। ਕੀ ਸੀ.ਐਮ. ਸਾਹਿਬ ਵਿਸ਼ਵਾਸ ਦਿਵਾਉਣਗੇ ਕਿ ਜਿਨ੍ਹਾਂ ਨੇ ਅਜਿਹਾ ਕੀਤਾ ਹੈ, ਵਿੰਡਕਟਿਵ ਕੀਤਾ ਹੈ, ਉਨ੍ਹਾਂ ਖਿਲਾਫ ਸਖਤ ਤੋਂ ਸਖਤ

Original with;
Punjab Vidhan Sabha
Digitized by;
Panjab Digital Library

ਕਾਰਵਾਈ ਕੀਤੀ ਜਾਵੇਗੀ ਔਰ ਜਿਨ੍ਹਾਂ ਅਫ਼ਸਰਾਂ ਨੇ ਅਣਗਹਿਲੀ ਕੀਤੀ ਹੈ, ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ? ਇਹ ਮੇਰੀ ਬੇਨਤੀ ਹੈ।

**ਮੁੱਖ ਮੰਤਰੀ** : ਪਹਿਲਾਂ ਤਾਂ ਸਰਕਾਰ ਦੀ ਪਾਲਿਸੀ ਹੈ ਕਿ "Nobody is above the law", ਜਿਵੇਂ ਇਨ੍ਹਾਂ ਨੇ ਦੋਵੇਂ ਕੇਸਾਂ ਵਿਚ ਫਰਮਾਇਆ ਹੈ, ਇਹ ਕੇਸ ਮੈਨੂੰ ਦੇ ਦੇਣ, ਮੈਂ ਤੁਰੰਤ ਹੀ ਇੱਥੇ ਦਫ਼ਤਰ ਵਿਚ ਬੈਠ ਕੇ ਐਕਸ਼ਨ ਲਵਾਂਗਾ ਔਰ ਜੇ ਕਿਸੇ ਨੇ ਗਲਤ ਕਾਰਵਾਈ ਕੀਤੀ, ਉਸ ਖਿਲਾਫ ਐਕਸ਼ਨ ਲਿਆ ਜਾਵੇਗਾ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਵਾਰੀ ਨਹੀਂ ਅਣਗਿਣਤ ਵਾਰੀ ਇਨ੍ਹਾਂ ਨੇ ਪਵਿੱਤਰ ਸਦਨ ਦੇ ਵਿਚ ਬਿਆਨ ਦਿੱਤਾ ਹੈ ਕਿ ਕਿਸੇ ਬੇਗੁਨਾਹ ਨਾਲ ਅਸੀਂ ਧੱਕਾ ਕਰਦੇ ਨਹੀਂ, ਨਾ ਕਰਨ ਦੇਈਏ ਅਤੇ ਗੁਨਾਹਗਾਰ ਨੂੰ ਅਸੀਂ ਬਖਸ਼ਦੇ ਨਹੀਂ। ਇਸ ਗੱਲ ਨਾਲ ਮੈਂ ਸਹਿਮਤ ਹਾਂ ਕਿ ਜਿਹੜਾ ਬੰਦਾ ਕਤਲ ਕਰਦਾ ਹੈ, ਜ਼ਮੀਨ ਦੱਬਦਾ ਹੈ, ਉਸ ਨੂੰ ਕਿਉਂ ਬਖਸ਼ਿਆ ਜਾਵੇ। ਇਹ ਬਿਆਨ ਜਿਹੜਾ ਹੈ, ਇਹ ਅੰਦਰ ਹੀ ਅੰਦਰ ਰਹਿ ਜਾਂਦਾ ਹੈ, ਬਾਹਰ ਇਸ ਦੀ ਸ਼ੇਪ ਕੋਈ ਹੋਰ ਹੈ। ਮੈਂ ਮਿਸਾਲ ਦੇ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿ ਹੀਰੋ ਕਲਾਂ ਦੇ ਦੋ ਬੰਦੇ ਹਿੰਦੂ ਬਰਾਦਰੀ ਨਾਲ ਤਾਅਲੁੱਕ ਰੱਖਦੇ ਹਨ - ਲੀਲਾ ਰਾਮ ਅਤੇ ਜਗਦੀਸ਼ ਰਾਏ। ਦੋਨੋਂ ਬਾਣੀਏ ਹਨ। ਉਨ੍ਹਾਂ ਨੂੰ ਮਜ਼ਬੂਰ ਕਰਿਆ ਗਿਆ, ਉਹ ਡੇਰਾ ਸੱਚਾ ਸੌਦਾ ਵੀ ਜਾਂਦੇ ਹਨ, ਕਿ ਤੁਸੀਂ ਅੰਮ੍ਰਿਤ ਛਕੋ ਅਤੇ ਸਿਰੋਪਾਓ ਲਵੋ ਅਤੇ ਤੀਜੀ ਗੱਲ ਇਹ ਹੈ ਕਿ ਗੁਰੂ ਘਰ ਵਿਚ ਹਮੇਸ਼ਾ ਤੜਕੇ ਆਵੋ। ਉਹ ਕਹਿੰਦੇ ਕਿ ਇੱਕ ਗੱਲ ਤਾਂ ਪ੍ਰਵਾਨ ਹੈ, ਅਸੀਂ ਤੜਕੇ ਆ ਜਾਇਆ ਕਰਾਂਗੇ, ਅਸੀਂ ਸਿਰੋਪਾਓ ਵੀ ਲੈ ਲੈਂਦੇ ਹਾਂ ਪਰ ਅੰਮ੍ਰਿਤ ਨਹੀਂ ਛੱਕ ਸਕਦੇ ਅਤੇ ਨਿੱਤਨੇਮ ਨਾਲ ਗੁਰਦੁਵਾਰਾ ਸਾਹਿਬ ਨਹੀਂ ਆ ਸਕਦੇ। ਅਸੀਂ ਇਹ ਗੱਲ ਨਹੀਂ ਕਰ ਸਕਦੇ। ਫਿਰ ਉਹ ਪਿੰਡ ਵਾਲੇ ਕਹਿੰਦੇ ਕਿ ਤੁਹਾਨੂੰ ਇਥੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ, ਤੁਸੀਂ ਆਪਣੀਆਂ ਜੁੱਲੀਆਂ ਚੁੱਕੋ। ਉਹ ਦੋਨੋ ਘਰ ਉਜੜ ਗਏ। ਸਪੀਕਰ ਸਾਹਿਬ, ਇਹ ਕੋਈ ਇਨਸਾਨੀਅਤ ਦੀ ਗੱਲ ਹੈ? ਕੀ ਇਹ ਸ਼ਰਮ ਵਾਲੀ ਗੱਲ ਨਹੀਂ ਹੈ? ਲੋਕ ਡੈਮੋਕਰੇਸੀ ਵਿਚ ਉਜਾੜੇ ਜਾ ਰਹੇ ਹਨ। ਇੱਕ ਮਹਿੰਦਰ ਸਿੰਘ ਦੀ 12-13 ਸਾਲ ਦੀ ਪੋਤੀ ਗੁਜ਼ਰ ਗਈ। ਉਥੇ ਗੁਰਦਵਾਰੇ ਬੋਲ ਦਿੱਤਾ ਕਿ ਇਨ੍ਹਾਂ ਨੂੰ ਕਿਸੇ ਨੇ ਪਾਣੀ ਨਹੀਂ ਦੇਣਾ, ਰੋਟੀ ਨਹੀਂ ਦੇਣੀ, ਦੁੱਧ ਨਹੀਂ ਦੇਣਾ, ਕਿਸੇ ਨੇ ਜਾਣਾ ਨਹੀਂ। ਚਲੋ, ਉਨ੍ਹਾਂ ਦੀ ਮਰਜ਼ੀ। ਮੈਂ ਉਥੇ ਅਫ਼ਸੋਸ ਕਰਨ ਗਿਆ। ਮਹਿੰਦਰ ਸਿੰਘ ਉਥੇ ਮੌਜੂਦ ਨਹੀਂ ਸੀ। ਮੈਂ ਕਿਸੇ ਵਰਕਰ ਦੇ ਘਰ ਬੈਠ ਗਿਆ। ਮੈਂ ਕਿਹਾ ਭਾਈ ਉਸ ਦਾ ਪਤਾ ਕਰੋ, ਉਸ ਦੇ ਮੁੰਡੇ ਨੂੰ ਬੁਲਾਓ ਮੈਂ ਅਫ਼ਸੋਸ ਕਰਨਾ ਹੈ। ਮੇਰੇ ਆਲੇ ਦੁਆਲੇ ਮੋਟਰ ਸਾਈਕਲਾਂ ਵਾਲੇ ਮੈਨੂੰ ਥਰੈਟ ਕਰਨ ਵਾਸਤੇ ਛੱਡ ਦਿੱਤੇ ਤਾਂ ਕਿ ਇਹ ਪਿੰਡ ਵਿਚ ਆ ਨਾ ਸਕੇ। ਦੁਖ ਸੁੱਖ ਵਿਚ ਆ ਨਾ ਸਕੇ। ਕੀ ਇਹ ਠੀਕ ਹੈ? ਜਿਹੜਾ ਇਨਸਾਨ ਆਪਣੀ ਮਰਜ਼ੀ ਨਾਲ ਮਜ਼ਦੂਰ ਨੂੰ ਖੇਤ ਵਿਚ ਲੈ ਕੇ ਜਾਂਦਾ ਹੈ, ਇਹ ਵੀ ਹੀਰੋ ਕਲਾਂ ਦਾ

Original with;
Punjab Vidhan Sabha
Digitized by;
Punjab Digital Library

ਵਾਕਿਆਤ ਹੈ, ਉਸ ਨੂੰ 12-13 ਬੰਦੇ ਕਹਿੰਦੇ ਹਨ ਕਿ ਬਾਹਰ ਨਿਕਲ, ਤੈਨੂੰ ਖੇਤ ਵਿਚ ਕੰਮ ਕਰਨ ਦਾ ਕੋਈ ਹੱਕ ਨਹੀਂ ਹੈ। ਇਸੇ ਤਰ੍ਹਾਂ ਭੀਖੀ ਵਿਖੇ ਵਾਕਿਆਤ ਹੋਇਆ। ਨਛੱਤਰ ਸਿੰਘ ਪੁੱਤਰ ਕਪੂਰ ਸਿੰਘ ਕਿਰਾਏ ਤੇ ਦੁਕਾਨ ਕਰਦਾ ਸੀ। ਜਰਨੈਲ ਸਿੰਘ ਉਸ ਦੁਕਾਨ ਦਾ ਮਾਲਕ ਸੀ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਮਾਨਯੋਗ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਜ਼ੀਰੋ ਆਵਰ ਦਾ ਆਪਣਾ ਤਰੀਕਾ ਹੈ। ਆਪਣੀ ਗੱਲ ਦਾ ਇੱਕ ਮੁੱਦਾ ਰੱਖੋ ਅਤੇ ਬਹਿ ਜਾਵੋ। ਇੱਕ ਪਾਰਟੀ ਨੂੰ ਇੱਕ ਮੁੱਦਾ ਹੀ ਬਹੁਤ ਹੁੰਦਾ ਹੈ ਪਰ ਇਹ ਤਾਂ ਭਾਸ਼ਣ ਦੇਣ ਲੱਗ ਪਏ ਹਨ। ਇਹ ਵੱਖਰਾ ਟਾਈਮ ਲੈ ਲੈਂਦੇ। ਜ਼ੀਰੋ ਆਵਰ ਵਿਚ ਭਾਸ਼ਣ ਜਾਂ ਡਿਬੇਟ ਅਲਾਓ ਨਹੀਂ ਹੈ। ਸਪੀਕਰ ਸਾਹਿਬ, ਇਹ ਆਪਣੀ ਗੱਲ ਦੋ ਲਫਜ਼ਾਂ ਵਿਚ ਰੱਖਣ ਅਤੇ ਬਹਿ ਜਾਣ ਜੀ।

**ਮਾਨਯੋਗ ਸਪੀਕਰ :** ਗਾਗੋਵਾਲ ਸਾਹਿਬ, ਗੱਲ ਤਾਂ ਦੋ-ਚਾਰ ਲਫਜ਼ਾਂ ਵਿੱਚ ਵੀ ਹੋ ਸਕਦੀ ਹੈ।

**ਸਰਦਾਰ ਸ਼ੇਰ ਸਿੰਘ ਗਾਗੋਵਾਲ :** ਇੱਕ ਮਿੰਟ ਜੀ। ਨਛੱਤਰ ਸਿੰਘ ਪੁੱਤਰ ਕਪੂਰ ਸਿੰਘ ਭੀਖੀ ਕਿਰਾਏ ਤੇ ਦੁਕਾਨ ਕਰਦਾ ਸੀ। ਉਸ ਨੂੰ ਦੁਕਾਨ ਵਿਚ ਜਾ ਕੇ ਕੁੱਟਿਆ ਗਿਆ ਕਿ ਦੁਕਾਨ ਬੰਦ ਕਰ। ਉਹ ਕਹਿੰਦਾ ਇਹ ਮੇਰਾ ਰੁਜ਼ਗਾਰ ਹੈ। ਉਹ ਥਾਣੇ ਵਿੱਚ ਗਿਆ ਪਰ ਕਿਸੇ ਨੇ ਨਹੀਂ ਸੁਣਿਆ। ਪੁਲਿਸ ਮੌਕੇ ਤੇ ਆਈ। ਉਸ ਨੂੰ ਕੁੱਟਿਆ ਗਿਆ ਪਰ ਕੋਈ ਐਕਸ਼ਨ ਨਹੀਂ ਹੋਇਆ। ਉਸ ਤੋਂ ਬਾਅਦ ਉਸ ਦੁਕਾਨਦਾਰ ਨੂੰ ਬੁਲਾਇਆ ਗਿਆ। ਉਸ ਜਰਨੈਲ ਸਿੰਘ ਨੂੰ ਥਾਣੇਦਾਰ ਨੇ ਕਿਹਾ ਕਿ ਦੁਕਾਨ ਬੰਦ ਕਰਾ, ਉਹ ਕਹਿੰਦਾ ਮੈਂ ਕਿਰਾਇਆ ਲੈ ਲਿਆ ਹੈ, ਬੰਦ ਕਿਵੇਂ ਕਰਾਂ.....

**ਮਾਨਯੋਗ ਸਪੀਕਰ :** ਇੰਨੀ ਲੰਬੀ ਕਹਾਣੀ ਦੀ ਲੋੜ ਨਹੀਂ। ਤੁਸੀਂ ਮੇਨ ਗੱਲ ਦੱਸੋ।

**ਸਰਦਾਰ ਸ਼ੇਰ ਸਿੰਘ ਗਾਗੋਵਾਲ :** ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਦੁਕਾਨਦਾਰ ਨੂੰ.....

**ਮਾਨਯੋਗ ਸਪੀਕਰ :** ਬੈਠੋ ਜੀ। ਹਾਂ ਜੀ, ਜਿਆਨੀ ਜੀ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ 15 ਪਿੰਡਾਂ ਦਾ ਸਵਾਲ ਹੈ..... (ਵਿਘਨ, ਸ਼ੋਰ)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਗਾਗੋਵਾਲ ਜੀ, ਤੁਸੀਂ ਕਹਾਣੀ ਲੰਬੀ ਕਰ ਲਈ ਹੈ। (ਵਿਘਨ) (ਸ਼ੋਰ)

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਮਾਨਯੋਗ ਸਪੀਕਰ ਸਾਹਿਬ, ਇਹ 15 ਪਿੰਡਾਂ ਦਾ ਮਸਲਾ ਹੈ। ਖਰੋਟ ਪਿੰਡ ਵਿਚ ਭਾਖੜਾ ਡੈਮ ਮੈਨੇਜਮੈਂਟ ਕਮੇਟੀ ਨੇ ਫਾਟਕ ਲਗਾਇਆ ਹੋਇਆ ਹੈ। ਜਦੋਂ ਉਹ ਆਪ ਉਥੋਂ ਲੰਘਦੇ ਹਨ ਤਾਂ ਫਾਟਕ ਚੁੱਕ ਦਿੰਦੇ ਹਨ ਪਰ ਜਦੋਂ ਪਿੰਡ ਵਾਲਿਆਂ ਨੇ ਲੰਘਣਾ ਹੁੰਦਾ ਹੈ ਤਾਂ ਫਾਟਕ ਬੰਦ ਕਰ ਦਿੰਦੇ ਹਨ। ਇਹ 15 ਪਿੰਡਾਂ ਦੀ ਸਮੱਸਿਆ ਹੈ। ਉਹ ਲੋਕ ਅੱਜ ਧਰਨੇ ਤੇ ਬੈਠੇ ਹਨ ਅਤੇ ਉਨ੍ਹਾਂ ਦੇ ਨਾਲ ਸਾਡੇ ਐਮ.ਪੀ. ਸ਼੍ਰੀ ਅਵਿਨਾਸ਼ ਰਾਏ ਖੰਨਾ ਵੀ ਭੁੱਖ ਹੜਤਾਲ ਤੇ ਬੈਠੇ ਹਨ। ਮੈਂ ਤੁਹਾਡੇ ਰਾਹੀਂ ਪਾਵਰ ਅਤੇ ਇਰੀਗੇਸ਼ਨ ਮਨਿਸਟਰ ਨੂੰ ਬੇਨਤੀ ਕਰਦਾ ਹਾਂ ਕਿ ਕੀ ਉਹ ਇਸ ਦਾ ਸਮਾਧਾਨ ਕਰਨਗੇ? (ਵਿਘਨ, ਸ਼ੋਰ)

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ (ਕੈਪਟਨ ਕੰਵਲਜੀਤ ਸਿੰਘ) :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਕੋਲ ਅਰਜ਼ ਕਰਦਾ ਹਾਂ ਕਿ ਇਸ ਹਾਊਸ ਦੀਆਂ ਕੁਝ ਪਰੰਪਰਾਵਾਂ ਹਨ, ਕੁਝ ਕਨਵੈਂਸ਼ਨਜ਼ ਹਨ, ਰੂਲਜ਼ ਹਨ। ਜਿਹੜਾ ਜ਼ੀਰੋ ਆਵਰ ਹੁੰਦਾ ਹੈ ਉਸ ਵਿਚ ਇਕ ਜਾਂ ਦੋ ਕੋਈ ਭਖਵੇਂ ਜਾਂ ਇੰਪਾਰਟੈਂਟ ਜਾਂ ਇਮੀਜੀਏਟ ਮਸਲੇ ਉਠਾਏ ਜਾ ਸਕਦੇ ਹਨ। ਇਹ ਨਹੀਂ ਕਿ ਓਪਨ ਡਿਬੇਟ ਜਾਂ ਓਪਨ ਡਿਸਕਸ਼ਨ ਜ਼ੀਰੋ ਆਵਰ ਵਿਚ ਸ਼ੁਰੂ ਹੋ ਜਾਵੇ। ਜੋ ਕੁਝ ਅੱਜ ਹੋ ਰਿਹਾ ਹੈ, ਸਪੀਕਰ ਸਾਹਿਬ, ਇਸ ਹਾਊਸ ਦੀਆਂ ਬੜੀਆਂ ਪੁਰਾਣੀਆਂ ਕਨਵੈਂਸ਼ਨਜ਼ ਚਲਦੀਆਂ ਹਨ, ਜੋ ਰੂਲਜ਼ ਹਨ, ਉਨ੍ਹਾਂ ਦੀ ਉਲੰਘਣਾ ਹੋ ਰਹੀ ਹੈ। ਇਹ ਸਾਰੀਆਂ ਗੱਲਾਂ ਜੋ ਇਹ ਰੇਜ਼ ਕਰ ਰਹੇ ਹਨ ਇਹ ਇਮੀਜੀਏਟ ਕਨਸਰਨ ਦੀਆਂ ਨਹੀਂ ਹਨ, ਇਨ੍ਹਾਂ ਨੇ ਬਜਟ ਤੇ ਬੋਲਿਆ, ਇਨ੍ਹਾਂ ਨੇ ਡਿਮਾਂਡਾਂ ਤੇ ਬੋਲਣਾ ਹੈ। ਇਹ ਉਸ ਵਿਸ਼ੇ ਤੇ ਬੋਲਣ।

**ਮਾਨਯੋਗ ਸਪੀਕਰ :** ਗਾਗੋਵਾਲ ਜੀ, ਤੁਸੀਂ ਗੱਲ ਕਰ ਲਈ ਹੈ। ਹੁਣ ਬੈਠ ਜਾਓ। (ਸ਼ੋਰ) (ਵਿਘਨ)

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜਿਹੜਾ ਰੈਗੂਲਰ ਬਿਜ਼ਨਸ ਹੈ, ਉਸ ਨੂੰ ਟੇਕ ਅੱਪ ਕਰੀਏ ਅਤੇ ਤੁਸੀਂ ਮੈਂਬਰਾਂ ਨੂੰ ਉਨ੍ਹਾਂ ਤੇ ਬੋਲਣ ਦਾ ਸਮਾਂ ਦਿਓ। (ਸ਼ੋਰ) (ਵਿਘਨ) (ਇਸ ਸਮੇਂ ਸਰਦਾਰ ਅਵਤਾਰ ਸਿੰਘ ਬਰਾੜ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਜੋ ਮਾਇਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

**ਮਾਨਯੋਗ ਸਪੀਕਰ :** ਜਿਆਨੀ ਸਾਹਿਬ ਦਾ ਭਖਦਾ ਇਸ਼ੂ ਹੈ। ਉਸ ਮੁਤੱਲਕ ਸੁਣ ਲਓ। (ਸ਼ੋਰ) (ਵਿਘਨ) ਬਰਾੜ ਸਾਹਿਬ, ਜਿਆਨੀ ਸਾਹਿਬ ਨੂੰ ਗੱਲ ਕਰਨ ਦਿਓ।

Original with;
Punjab Vidhan Sabha
Digitized by;
Punjab Digital Library

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਸਪੀਕਰ ਸਾਹਿਬ, ਇਹ 15 ਪਿੰਡਾਂ ਦਾ ਮਸਲਾ ਹੈ। ਸਾਡੇ ਐਮ.ਪੀ. ਅਵਿਨਾਸ਼ ਰਾਏ ਖੰਨਾ ਜੀ ਭੁੱਖ ਹੜਤਾਲ ਤੇ ਬੈਠੇ ਹਨ। ਫਾਟਕ ਨੂੰ ਮਹਿਕਮੇ ਵਾਲੇ ਬੰਦ ਕਰ ਦਿੰਦੇ ਹਨ ਅਤੇ ਪਿੰਡਾਂ ਵਾਲਿਆਂ ਨੂੰ ਬੜੀ ਦੂਰ ਘੁੰਮ ਕੇ ਜਾਣਾ ਪੈਂਦਾ ਹੈ। ਇਹ ਸਮੱਸਿਆ ਹੱਲ ਕਰਨ ਵਾਸਤੇ ਮੈਂ ਪਾਵਰ ਅਤੇ ਇਰੀਗੇਸ਼ਨ ਮੰਤਰੀ ਜੀ ਨੂੰ ਅਰਜ਼ ਕਰਦਾ ਹਾਂ।

**ਮਾਨਯੋਗ ਸਪੀਕਰ** : ਹਾਂ, ਇਹ ਭਖਦਾ ਮਸਲਾ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਐਮ.ਪੀ. ਸਾਹਿਬ ਕਲ੍ਹ ਹੀ ਮੈਨੂੰ ਮਿਲ ਕੇ ਗਏ ਹਨ, ਪਰ ਉਨ੍ਹਾਂ ਨੇ ਮੈਨੂੰ ਅਜਿਹਾ ਕੋਈ ਜ਼ਿਕਰ ਨਹੀਂ ਕੀਤਾ। ਉਨ੍ਹਾਂ ਨੂੰ ਮੇਰੇ ਕੋਲ ਆ ਕੇ ਗੱਲ ਕਰ ਲੈਣੀ ਚਾਹੀਦੀ ਹੈ। ਜਦੋਂ ਵੀ ਆਉਣਗੇ ਪੰਜਾਂ ਮਿੰਟਾਂ ਵਿਚ ਕਨਸਰਨਡ ਅਫ਼ਸਰ ਨਾਲ ਟੈਲੀਫੋਨ ਤੇ ਗੱਲ ਕਰਕੇ ਇਸ ਦਾ ਸਮਾਧਾਨ ਕਰ ਦਿੱਤਾ ਜਾਵੇ ਗਾ। (ਟਰੈਜ਼ਰੀ ਬੈਂਚਿਜ ਵਲੋਂ ਥੰਪਿੰਗ) ਜਦੋਂ ਤੱਕ ਗੱਲ ਨਹੀਂ ਦੱਸੋਗੇ ਤਾਂ ਪਤਾ ਕਿਵੇਂ ਲੱਗੇ ਗਾ। ਧਰਨਾ ਤਾਂ ਤਦ ਮਾਰੋ ਜੇਕਰ ਅਸੀਂ ਇਨਕਾਰ ਕਰੀਏ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਕੋਲ ਆਉਣ, ਨਾਲੇ ਚਾਹ ਪੀਵਾਂਗੇ ਤੇ ਨਾਲੇ ਮਸਲੇ ਦਾ ਹੱਲ ਕੱਢਾਂਗੇ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ..... (ਸ਼ੋਰ) (ਵਿਘਨ)

**ਮਾਨਯੋਗ ਸਪੀਕਰ** : ਬਰਾੜ ਸਾਹਿਬ, ਆਪਾਂ ਜ਼ੀਰੋ ਆਵਰ ਦਾ ਨਾਸ ਨਾ ਪਿੱਟੀਏ। ਕੋਈ ਕਰੰਟ ਇਸ਼ੂ ਹੈ ਜ਼ੀਰੋ ਆਵਰ ਦਾ ਤਾਂ ਉਸ ਤੇ ਗੱਲ ਕਰੀਏ। ਗਾਗੋਵਾਲ ਸਾਹਿਬ, ਤੁਹਾਡਾ ਮਸਲਾ ਜ਼ੀਰੋ ਆਵਰ ਵਾਲਾ ਨਹੀਂ ਹੈ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਮੇਰੀ ਦੁਬਿਧਾ ਇਹ ਹੈ ਕਿ ਮੈਂ ਬੜੇ ਲੰਮੇ ਅਰਸੇ ਤੋਂ ਜ਼ੀਰੋ ਆਵਰ ਸੁਣਦਾ ਤੇ ਦੇਖਦਾ ਰਿਹਾ ਹਾਂ। ਅੱਜ ਤੁਸੀਂ ਮਿਹਰਬਾਨੀ ਕਰਕੇ ਮੈਨੂੰ ਬੋਲਣ ਦਾ ਸਮਾਂ ਦਿੱਤਾ। ਕੱਲ੍ਹ ਮੈਂ ਇਕ ਬਹੁਤ ਅਜਿਹਾ ਮੁੱਦਾ ਉਠਾਉਣਾ ਚਾਹੁੰਦਾ ਸੀ ਪਰ ਤੁਸੀਂ ਮੈਨੂੰ ਸਮਾਂ ਨਹੀਂ ਦਿੱਤਾ। ਮੇਰੀ ਦੁਬਿਧਾ ਇਹ ਹੈ ਕਿ ਇਸ ਸਰਕਾਰ ਨੇ ਮੈਨੂੰ ਕੱਲ੍ਹ ਜ਼ੀਰੋ ਆਵਰ ਦਾ ਸਮਾਂ ਨਹੀਂ ਦਿੱਤਾ। ਕੀ ਇਹ ਸਰਕਾਰ ਕਿਸਾਨਾਂ ਦੀ ਵਿਰੋਧੀ ਹੈ ਜਾਂ ਮੇਰੀ ਵਿਰੋਧੀ ਹੈ। ਬੜਾ ਵੱਡਾ ਅਤੇ ਇਕ ਅਹਿਮ ਮੁੱਦਾ ਸੀ। ਇਹ ਜ਼ਿਆਦਤੀ ਕਿਸਾਨਾਂ ਨਾਲ ਹੋਈ ਹੈ ਜਿਹੜਾ ਕਿ ਕਲ੍ਹ ਮੈਨੂੰ ਜ਼ੀਰੋ ਆਵਰ ਵਿਚ ਸਮਾਂ ਨਹੀਂ ਦਿੱਤਾ ਗਿਆ। ਤੁਸੀਂ ਮੇਰੀ ਦੁਬਿਧਾ ਦੂਰ ਕਰੋ।

**ਮੁੱਖ ਮੰਤਰੀ** : ਉਸ ਦਾ ਜਵਾਬ ਦੇ ਦਿੰਦਾ ਹਾਂ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਬੈਠੇ ਬੈਠੇ)** : ਕੱਲ੍ਹ ਹੀ ਦੇ ਦਿੰਦੇ।

**ਮੁੱਖ ਮੰਤਰੀ** : ਕਲ੍ਹ ਜੇ ਹੁਕਮ ਹੁੰਦਾ ਤਾਂ ਜਵਾਬ ਦੇ ਦਿੰਦਾ। ਇਹ ਸਾਰਿਆਂ ਨੂੰ ਪਤਾ ਹੈ ਕਿ ਇਹ ਜਿਹੜਾ ਝਗੜਾ ਹੈ ਇਹ ਟ੍ਰਾਈਡੈਂਟ ਗਰੁੱਪ ਅਤੇ ਕਿਸਾਨਾਂ ਦਾ ਇਕ

Original with;
Punjab Vidhan Sabha
Digitized by;
Punjab Digital Library

ਪਿੰਡ ਦੀ ਜ਼ਮੀਨ ਸਬੰਧੀ ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਇਹ ਕਾਂਗਰਸ ਸਰਕਾਰ ਵਿਚ ਪੁਲਿਸ ਦੀ ਮੱਦਦ ਨਾਲ, ਹਾਇਰਿੰਗ ਕਰਕੇ, ਤਸ਼ੱਦਦ ਕਰਕੇ, ਜ਼ਬਰਦਸਤੀ, ਉਹ ਕਬਜ਼ਾ ਦਿਵਾਇਆ ਗਿਆ ਸੀ (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਲੇਕਿਨ ਜਿੱਦਣ ਦੀ ਸਾਡੀ ਸਰਕਾਰ ਬਣੀ ਹੈ, ਮੈਂ ਦੋਵਾਂ ਧਿਰਾਂ ਨੂੰ ਬੁਲਾਇਆ ਔਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਤਕਰੀਬਨ ਸਮਝੌਤਾ ਸਿਰੇ ਚੜ੍ਹ ਗਿਆ। ਸਾਡਾ ਹਮੇਸ਼ਾ ਸਰਕਾਰ ਚਲਾਉਣ ਦਾ ਇਹ ਤਰੀਕਾ ਹੈ ਕਿ ਸਮਝੌਤੇ ਦੀ ਕੋਸ਼ਿਸ਼ ਹੋਵੇ, ਲਾਠੀਆਂ ਲੈ ਕੇ ਮਗਰ ਨਾ ਜਾਇਆ ਜਾਵੇ। ਜੇ ਸਮਝੌਤਾ ਹੋ ਸਕਦਾ ਹੈ ਤਾਂ ਜ਼ਰੂਰ ਕਰਵਾਉ। ਮੈਨੂੰ ਆਸ ਹੈ ਕਿ ਕਿਸਾਨਾਂ ਦੀ ਮਨਸ਼ਾ ਦੇ ਮੁਤਾਬਿਕ ਇਹ ਫੈਸਲਾ ਜਲਦੀ ਤੋਂ ਜਲਦੀ ਹੋ ਜਾਵੇਗਾ (ਥੰਪਿੰਗ)। ਔਰ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਜਦੋਂ ਉਨ੍ਹਾਂ ਨੂੰ ਵੀ ਪਤਾ ਸੀ ਜਿਹੜੇ ਕਿ ਧਰਨੇ ਤੇ ਬੈਠੇ ਹਨ ਤਾਂ ਫਿਰ ਉਨ੍ਹਾਂ ਨੂੰ ਧਰਨੇ ਤੇ ਨਹੀਂ ਬੈਠਣਾ ਚਾਹੀਦਾ ਸੀ। ਇਸ ਲਈ ਜਿਹੜੀ ਗੱਲ ਤੇ ਤੁਸੀਂ ਵਾਕ ਆਊਟ ਕਰਦੇ ਹੋ, ਜਿਹੜਾ ਕੰਮ ਤੁਸੀਂ ਆਪਣੀ ਸਰਕਾਰ ਵੇਲੇ ਆਪ ਕੀਤਾ ਹੈ, ਕੀ ਉਸ ਦੇ ਖਿਲਾਫ ਵੀ ਕਦੇ ਕੋਈ ਬਾਈਕਾਟ ਕੀਤਾ ਸੀ? ਕੀ ਕਦੇ ਕਿਸੇ ਦੀ ਹਿੰਮਤ ਪਈ ਕਿ ਅਮਰਿੰਦਰ ਸਿੰਘ ਦੇ ਸਾਹਮਣੇ ਜਾ ਕੇ ਕਹਿੰਦੇ ਕਿ ਤੁਸੀਂ ਕੀ ਕਰ ਰਹੇ ਹੋ? ਸਾਡੇ ਵਲੋਂ ਤਾਂ ਸਾਰੀ ਪੁਲਿਸ ਨੂੰ ਹੁਕਮ ਹਨ ਕਿ ਕੋਈ ਤਸ਼ੱਦਦ ਨਹੀਂ ਕਰਨਾ। ਲਾਠੀਚਾਰਜ ਨਹੀਂ ਕਰਨਾ। ਪਰ ਜੇ ਲਾਅ ਐਂਡ ਆਰਡਰ ਦਾ ਇਮੀਜੀਏਟ ਕੋਈ ਮਸਲਾ ਆ ਜਾਵੇ, ਇਸ ਮਸਲੇ ਸਬੰਧੀ ਵੀ ਮੈਂ ਮਾਨਸਾ ਦੇ ਐਸ.ਐਸ.ਪੀ. ਨੂੰ ਪੁਛਿਆ ਹੈ, ਉਨ੍ਹਾਂ ਨੇ ਦੱਸਿਆ ਹੈ ਕਿ ਕੋਈ ਲਾਠੀਚਾਰਜ ਨਹੀਂ ਹੋਇਆ। ਅਖਬਾਰਾਂ ਦੇ ਵਿਚ ਵੀ ਮਾਈਲਡ ਲਾਠੀਚਾਰਜ ਲਿਖਿਆ ਹੋਇਆ ਹੈ। ਜੇ ਅਖਬਾਰਾਂ ਦੇ ਵਿਚ ਵੀ ਮਾਈਲਡ ਲਾਠੀਚਾਰਜ ਲਿਖਿਆ ਹੋਇਆ ਹੈ ਤਾਂ ਇਸ ਦਾ ਮਤਲਬ ਹੈ ਕਿ ਲਾਠੀਚਾਰਜ ਹੋਇਆ ਹੀ ਨਹੀਂ। ਕਿਉਂਕਿ ਉਨ੍ਹਾਂ ਨੇ ਵੀ ਥੋੜ੍ਹੀ ਜਿਹੀ ਖਬਰ ਤਾਂ ਬਣਾਉਣੀ ਹੀ ਹੁੰਦੀ ਹੈ। ਸਿਰਫ ਉਨ੍ਹਾਂ ਨੂੰ ਧੱਕਾ ਕਰਨ ਤੋਂ ਰੋਕਿਆ ਸੀ। ਜਿਸ ਕਰਕੇ ਇਹ ਮਾਈਲਡ ਲਾਠੀਚਾਰਜ ਹੋਇਆ। ਕਿਉਂਕਿ ਅਸੀਂ ਫੈਸਲਾ ਕਰ ਲਿਆ ਹੈ ਕਿ ਕੋਈ ਜ਼ਮੀਨ ਕਿਸੇ ਦੀ ਜ਼ਬਰਦਸਤੀ ਐਕੁਵਾਇਰ ਕਰਨੀ ਹੀ ਨਹੀਂ। ਪਰ ਜੇਕਰ ਕਦੇ ਕਿਸੇ ਵੱਡੇ ਕੰਮ ਲਈ ਜਿਹੜਾ ਕਿ ਗੌਰਮਿੰਟ ਦੇ ਇੰਟਰੈਸਟ ਦਾ ਹੋਵੇ ਜਿਵੇਂ ਕਿ ਕੋਈ ਥਰਮਲ ਪਲਾਂਟ ਆਦਿ ਲਗਾਉਣਾ ਹੈ ਤਾਂ ਸਿਰਫ ਉਸ ਸਥਿਤੀ ਵਿਚ ਹੀ ਜ਼ਮੀਨ ਐਕੁਵਾਇਰ ਕਰਨੀ ਹੈ। ਇਹ ਨਹੀਂ ਕਰਨਾ ਕਿ ਰਾਤੋ ਰਾਤ ਪੁਲਿਸ ਦੀ ਮਦਦ ਨਾਲ ਲੋਕਾਂ ਦੀ ਜ਼ਮੀਨ ਤੇ ਕਬਜ਼ਾ ਕਰਵਾਇਆ ਜਾਵੇ (ਵਿਘਨ)

**ਮਾਨਯੋਗ ਸਪੀਕਰ** : ਬਰਾੜ ਸਾਹਿਬ, ਮੈਂ ਤੁਹਾਡੇ ਸਾਰਿਆਂ ਦੇ ਹੱਕ ਵਿਚ ਹੀ ਹਾਂ। ਹਾਊਸ ਦੀ ਰਵਾਇਤ ਦੇ ਮੁਤਾਬਿਕ ਚੱਲਣ ਦੀ ਕੋਸ਼ਿਸ਼ ਕਰੋ, ਮੈਂ ਤੁਹਾਡੇ ਨਾਲ ਹਾਂ। ਹਾਊਸ ਦੀ ਮਰਿਆਦਾ ਦਾ ਸਤਿਕਾਰ ਕਰਦੇ ਹੋਏ ਬੋਲਣ ਦੀ ਕੋਸ਼ਿਸ਼ ਕੀਤੀ ਜਾਵੇ। ਹੁਣ ਸਾਲ 2007-08 ਲਈ ਬਜਟ ਅਨੁਮਾਨਾਂ ਨਾਲ ਸਬੰਧਤ ਗਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ।

-------

Original with;
Punjab Vidhan Sabha
Digitized by;
Punjab Digital Library

## FINANCIAL BUSINESS

### (i) DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2007-08.

**ਮਾਨਯੋਗ ਸਪੀਕਰ** : ਸਦਨ ਦੀ ਬਹਿਸ ਤੇ ਵੋਟਿੰਗ ਲਈ ਜੋ ਬਜਟ ਐਸਟੀਮੇਟਸ ਸਾਲ 2007-08 ਲਈ 1 ਤੋਂ 30 ਤੱਕ ਜੋ ਡੀਮਾਂਡਸ ਫਾਰ ਗਰਾਂਟਸ ਆਈਆਂ ਹਨ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ, ਅੱਜ ਦੀ ਕਾਰਜ ਸੂਚੀ ਵਿਚ ਦਰਜ ਸਾਲ 2007-08 ਲਈ ਬਜਟ ਅਨੁਮਾਨਾਂ ਵਾਸਤੇ ਮੰਗਾਂ 1 ਤੋਂ 30 ਤੱਕ ਇਕੱਠੀਆਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਨ੍ਹਾਂ ਨੂੰ ਇਕੱਠੀਆਂ ਹੀ ਬਹਿਸ ਲਈ ਲੈ ਲਿਆ ਜਾਵੇ।

(**ਆਵਾਜ਼ਾਂ** : ਹਾਂ ਜੀ, ਹਾਂ ਜੀ)

**ਮੰਗ ਨੰ: 1**

ਇਕ ਰਕਮ ਜੋ ਮਾਲੀਆ ਲੇਖੇ ਤੇ 5,26,27,35,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,76,65,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 2**

ਇਕ ਰਕਮ ਜੋ ਮਾਲੀਆ ਲੇਖੇ ਤੇ 2,50,15,84,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,70,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 3**

ਇਕ ਰਕਮ ਜੋ ਮਾਲੀਆ ਲੇਖੇ ਤੇ 1,03,09,59,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,55,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਮੰਗ ਨੰ: 4

ਇਕ ਰਕਮ ਜੋ ਮਾਲੀਆ ਲੇਖੇ ਤੇ 29,48,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੁਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 5

ਇਕ ਰਕਮ ਜੋ ਮਾਲੀਆ ਲੇਖੇ ਤੇ 29,04,81,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,97,72,35,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 6

ਇਕ ਰਕਮ ਜੋ ਮਾਲੀਆ ਲੇਖੇ ਤੇ 39,52,14,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 7

ਇਕ ਰਕਮ ਜੋ ਮਾਲੀਆ ਲੇਖੇ ਤੇ 69,11,94,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 8

ਇਕ ਰਕਮ ਜੋ ਮਾਲੀਆ ਲੇਖੇ ਤੇ 1,10,36,31,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,97,72,66,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 9

ਇਕ ਰਕਮ ਜੋ ਮਾਲੀਆ ਲੇਖੇ ਤੇ 3,11,53,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,33,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 10

ਇਕ ਰਕਮ ਜੋ ਮਾਲੀਆ ਲੇਖੇ ਤੇ 96,55,93,000 ਰੁਪਏ ਅਤੇ ਪੂੰਜੀਗਤ ਲੇਖੇ ਤੇ 24,75,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 11

ਇਕ ਰਕਮ ਜੋ ਮਾਲੀਆ ਲੇਖੇ ਤੇ 8,68,68,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,82,29,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 12

ਇਕ ਰਕਮ ਜੋ ਮਾਲੀਆ ਲੇਖੇ ਤੇ 16,01,55,99,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,11,12,30,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 13

ਇਕ ਰਕਮ ਜੋ ਮਾਲੀਆ ਲੇਖੇ ਤੇ 1,30,41,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 28,30,48,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 14

ਇਕ ਰਕਮ ਜੋ ਮਾਲੀਆ ਲੇਖੇ ਤੇ 22,79,98,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਮੰਗ ਨੰ: 15

ਇਕ ਰਕਮ ਜੋ ਮਾਲੀਆ ਲੇਖੇ ਤੇ 26,66,19,68,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,51,53,24,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਚਾਈ ਅਤੇ ਬਿਜਲੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 16

ਇਕ ਰਕਮ ਜੋ ਮਾਲੀਆ ਲੇਖੇ ਤੇ 30,89,66,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 17

ਇਕ ਰਕਮ ਜੋ ਮਾਲੀਆ ਲੇਖੇ ਤੇ 14,49,28,84,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,44,63,49,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 18

ਇਕ ਰਕਮ ਜੋ ਮਾਲੀਆ ਲੇਖੇ ਤੇ 6,72,87,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਰਮਚਾਰੀ-ਵਰਗ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 19

ਇਕ ਰਕਮ ਜੋ ਮਾਲੀਆ ਲੇਖੇ ਤੇ 7,32,87,02,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,85,70,82,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਮੰਗ ਨੰ: 20

ਇਕ ਰਕਮ ਜੋ ਮਾਲੀਆ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂ ਕਰਨ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 21

ਇਕ ਰਕਮ ਜੋ ਮਾਲੀਆ ਲੇਖੇ ਤੇ 7,29,17,37,000 ਰੁਪਏ ਅਤੇ ਪੂੰਜੀਗਤ ਲੇਖੇ ਤੇ 18,40,09,44,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 22

ਇਕ ਰਕਮ ਜੋ ਮਾਲੀਆ ਲੇਖੇ ਤੇ 7,26,17,89,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,12,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 23

ਇਕ ਰਕਮ ਜੋ ਮਾਲੀਆ ਲੇਖੇ ਤੇ 8,41,92,58,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,17,05,28,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 24

ਇਕ ਰਕਮ ਜੋ ਮਾਲੀਆ ਲੇਖੇ ਤੇ 19,14,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,76,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

### ਮੰਗ ਨੰ: 25

ਇਕ ਰਕਮ ਜੋ ਮਾਲੀਆ ਲੇਖੇ ਤੇ 2,53,29,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 26

ਇਕ ਰਕਮ ਜੋ ਮਾਲੀਆ ਲੇਖੇ ਤੇ 16,05,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 27

ਇਕ ਰਕਮ ਜੋ ਮਾਲੀਆ ਲੇਖੇ ਤੇ 1,15,18,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 37,57,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 28

ਇਕ ਰਕਮ ਜੋ ਮਾਲੀਆ ਲੇਖੇ ਤੇ 15,78,47,000 ਰੁਪਏ ਅਤੇ ਪੂੰਜੀਗਤ ਲੇਖੇ ਤੇ 34,91,35,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 29

ਇਕ ਰਕਮ ਜੋ ਮਾਲੀਆ ਲੇਖੇ ਤੇ 2,94,70,39,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,90,84,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਮੰਗ ਨੰ: 30

**ਇਕ ਰਕਮ ਜੋ ਮਾਲੀਆ ਲੇਖੇ ਤੇ 13,51,74,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ।**

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਸ ਦੇ ਨਾਲ ਹੀ ਬੇਸ਼ੱਕ ਐਪਰੋਪ੍ਰੀਏਸ਼ਨ ਬਿਲ ਵੀ ਐਡ ਕਰ ਲਓ। ਸਾਨੂੰ ਕੋਈ ਇਤਰਾਜ਼ ਨਹੀਂ ਹੈ।

**ਮਾਨਯੋਗ ਸਪੀਕਰ** : ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਬਹਿਸ ਤੇ ਹਿੱਸਾ ਲੈਣ ਸਮੇਂ ਮੈਂਬਰ ਸਾਹਿਬ ਜਿਸ ਮੰਗ ਤੇ ਬੋਲਣਾ ਚਾਹੁੰਦੇ ਹਨ, ਉਸ ਮੰਗ ਬਾਰੇ ਜ਼ਿਕਰ ਜ਼ਰੂਰ ਕਰਨ। ਮੰਗ ਨੰਬਰ ਦੱਸ ਦੇਣ। ਮੈਂ ਨਾਲ ਹੀ ਬੇਨਤੀ ਕਰਦਾ ਹਾਂ ਕਿ ਗਿਲੋਟੀਨ ਵੀ ਦੁਪਹਿਰ ਬਾਅਦ 1.00 ਵਜੇ ਲਾਗੂ ਕਰ ਦਿੱਤਾ ਜਾਵੇਗਾ। ਜੋ ਨਾਮ ਮੇਰੇ ਕੋਲ ਬਹਿਸ ਲਈ ਆਏ ਹਨ, ਉਨ੍ਹਾਂ ਵਿਚ ਸਭ ਤੋਂ ਪਹਿਲਾਂ ਸਰਦਾਰ ਗੁਰਬਚਨ ਸਿੰਘ ਬੱਬੇਹਾਲੀ ਹਨ। ਸਰਦਾਰ ਗੁਰਬਚਨ ਸਿੰਘ ਬੱਬੇਹਾਲੀ ਜੀ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ (ਗੁਰਦਾਸਪੁਰ)** : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬਹਿਸ ਕਰਨ ਲਈ ਅਤੇ ਡਿਮਾਂਡਜ਼ ਤੇ ਬੋਲਣ ਲਈ ਸਮਾਂ ਦਿੱਤਾ ਹੈ।

**ਮਾਨਯੋਗ ਸਪੀਕਰ** : ਕਿਹੜੀ ਡਿਮਾਂਡ ਤੇ ਬੋਲੋਗੇ?

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ** : ਸਪੀਕਰ ਸਾਹਿਬ, ਮੈਂ ਮਿਲਕਫੈੱਡ, ਕੋਆਪਰੇਟਿਵ ਅਤੇ ਸ਼ੂਗਰਕੇਨ ਦੇ ਬਾਰੇ ਜਿਹੜੀ ਡਿਮਾਂਡ ਆਈ ਹੈ, ਉਸ ਦੇ ਬਾਰੇ ਗੱਲ ਕਰਾਂਗਾ। ਮੈਂ ਇਸ ਵਿਸ਼ੇ ਤੇ ਬੋਲਾਂਗਾ। ਮੈਂ ਮੁੱਖ ਮੰਤਰੀ ਸਾਹਿਬ ਅਤੇ ਖਜ਼ਾਨਾ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਕਿ ਪਹਿਲੀ ਵਾਰ ਪੰਜਾਬ ਦੇ ਦੁੱਧ ਉਤਪਾਦਕਾਂ ਲਈ ਅਤੇ ਡੇਅਰੀ ਨਾਲ ਸਹਾਇਕ ਧੰਦਿਆਂ ਨੂੰ ਉਪਰ ਚੁੱਕਣ ਲਈ ਪੰਜਾਬ ਸਰਕਾਰ ਵਲੋਂ ਬਜਟ ਰੱਖਿਆ ਹੈ। 25 ਕਰੋੜ ਰੁਪਿਆ ਡੇਅਰੀ ਦੇ ਧੰਦੇ ਨੂੰ ਉਪਰ ਚੁੱਕਣ ਲਈ ਘਾਟੇ ਵਾਲੀਆਂ ਮਿਲਕ ਯੂਨੀਅਨਜ਼ ਨੂੰ ਦੇਣ ਦਾ ਫੈਸਲਾ ਕੀਤਾ ਹੈ। ਮੈਂ ਸਹਿਕਾਰਤਾ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਡੀ ਮੀਟਿੰਗ ਬੁਲਾ ਕੇ ਉਸ ਤੋਂ ਬਾਅਦ ਮੁੱਖ ਮੰਤਰੀ ਸਾਹਿਬ ਅਤੇ ਖਜ਼ਾਨਾ ਮੰਤਰੀ ਸਾਹਿਬ ਨਾਲ ਮੀਟਿੰਗ ਕਰਕੇ ਇਹ ਮੁੱਦਾ ਲਿਆਂਦਾ ਅਤੇ ਅੱਜ ਕਰੋੜਾਂ ਰੁਪਿਆ ਡੇਅਰੀ ਦੇ ਧੰਦੇ ਨੂੰ ਉਪਰ ਚੁੱਕਣ ਵਾਸਤੇ ਬਜਟ ਵਿਚ ਰੱਖਿਆ ਹੈ। ਅੱਜ ਜਿਸ ਤਰੀਕੇ ਨਾਲ ਕਿਸਾਨੀ ਮਹਿੰਗਾਈ ਦੇ ਯੁੱਗ ਵਿਚ ਥੱਲੇ ਜਾ ਰਹੀ ਹੈ, ਜ਼ਮੀਨਾਂ ਘੱਟਦੀਆਂ ਜਾ ਰਹੀਆਂ ਹਨ, ਸਹਾਇਕ ਧੰਦੇ ਨੂੰ ਜਿਉਂਦਾ ਰੱਖਣ ਵਾਸਤੇ ਇਹ ਬਹੁਤ

Original with;
Punjab Vidhan Sabha
Digitized by;
Panjab Digital Library

ਜ਼ਰੂਰੀ ਹੈ ਕਿ ਵਾਹੀ ਦੇ ਨਾਲ ਨਾਲ ਦੁੱਧ ਦਾ ਧੰਦਾ ਕਰਨਾ, ਸ਼ੂਗਰ ਮਿਲਾਂ ਨੂੰ ਜਿਉਂਦੇ ਰੱਖਣ ਲਈ ਗੰਨਾ ਪੈਦਾ ਕਰਨਾ, ਇਨ੍ਹਾਂ ਵਾਸਤੇ ਕੋਆਪਰੇਟਿਵ ਸੈਕਟਰ ਵਿਚ ਬੜਾ ਵੱਡਾ ਬਜਟ ਰੱਖਿਆ ਗਿਆ ਹੈ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਵਿਚ ਸਾਡੀਆਂ 6.5 ਹਜ਼ਾਰ ਸੁਸਾਇਟੀਆਂ ਚਲ ਰਹੀਆਂ ਹਨ ਅਤੇ ਜਿਨ੍ਹਾਂ ਵਿਚ ਤਕਰੀਬਨ 5.5 ਹਜ਼ਾਰ ਮੁਲਾਜ਼ਮ ਹਨ। ਪੰਜਾਬ ਵਿਚ 11 ਮਿਲਕ ਪਲਾਂਟ ਅਤੇ 10 ਯੂਨੀਅਨਾਂ ਚਲ ਰਹੀਆਂ ਹਨ ਜਿਨ੍ਹਾਂ ਵਿਚੋਂ ਕੁਝ ਘਾਟੇ ਵਿਚ ਹਨ। ਕਈ ਕਾਰਨਾਂ ਕਰਕੇ ਅੱਜ ਦੁੱਧ ਉਤਪਾਦਕਾਂ ਨੂੰ ਪੂਰਾ ਰੇਟ ਨਹੀਂ ਦਿੱਤਾ ਜਾ ਸਕਦਾ ਭਾਵੇਂ ਬਜਟ ਵਿਚ ਪੈਸੇ ਲਿਆਂਦੇ ਗਏ ਹਨ ਪਰ ਮੈਂ ਇਹ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਗੰਨਾ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਪੇਮੈਂਟ ਲਈ ਤਕਰੀਬਨ 30/40 ਕਰੋੜ ਰੁਪਿਆ ਸਿੱਧੇ ਤੌਰ ਤੇ ਦੇਣ ਲਈ ਸਰਕਾਰ ਵਚਨਬੱਧ ਹੈ, ਉਸੀ ਤਰ੍ਹਾਂ ਮਿਲਕਫੈਡ ਨੂੰ ਵੀ ਦੁੱਧ ਉਤਪਾਦਕਾਂ ਦਾ ਚੰਗਾ ਭਾਅ ਦੇਣ ਲਈ 20/25 ਕਰੋੜ ਰੁਪਿਆ ਦੇਣਾ ਚਾਹੀਦਾ ਹੈ ਤਾਂਕਿ ਅਸੀਂ ਪ੍ਰਾਈਵੇਟ ਸੈਕਟਰ ਦਾ ਮੁਕਾਬਲਾ ਕਰ ਸਕੀਏ ਕਿਉਂਕਿ ਪ੍ਰਾਈਵੇਟ ਸੈਕਟਰ ਨਾਲ ਮੁਕਾਬਲਾ ਕਰਨ ਲਈ ਮਿਲਕਫੈਡ ਕੋਲ ਇਸ ਵੇਲੇ ਪੈਸੇ ਦੀ ਘਾਟ ਹੈ। ਜਦੋਂ ਪ੍ਰਾਈਵੇਟ ਵਾਲੇ ਸਾਡੇ ਨਾਲੋਂ ਵੱਧ ਰੇਟ ਦਿੰਦੇ ਹਨ ਤਾਂ ਫਿਰ ਮਹਿੰਗਾਈ ਦੇ ਯੁੱਗ ਵਿਚ ਭਾਵੇਂ ਲੋਕ ਸਹਿਕਾਰਤਾ ਮਹਿਕਮੇ ਰਾਹੀਂ ਸੁਸਾਇਟੀਆਂ ਵੀ ਬਣਾਉਂਦੇ ਹਨ, ਦੁੱਧ ਪੈਦਾ ਕਰਦੇ ਹਨ ਪਰ ਜਿੱਥੇ ਵੱਧ ਰੇਟ ਮਿਲਦਾ ਹੈ ਉੱਥੇ ਲੋਕ ਦੁੱਧ ਵੇਚਦੇ ਹਨ। ਮੈਂ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਬੜਾ ਘੱਟ ਸਮਾਂ ਹੈ ਪਰ ਮੈਂ ਤੁਹਾਡੇ ਰਾਹੀਂ ਇਹ ਬੇਨਤੀ ਜ਼ਰੂਰ ਕਰਾਂਗਾ ਕਿ ਜਿਹੜੀ ਮੈਚਿੰਗ ਗਰਾਂਟ ਇਨ੍ਹਾਂ ਘਾਟੇ ਵਾਲੀਆਂ ਮਿਲਕ ਯੂਨੀਅਨਜ਼ ਨੂੰ ਦੇਣੀ ਹੈ ਅਤੇ ਜਿਹੜੇ ਪੈਸੇ ਸੈਂਟਰ ਤੋਂ ਲਿਆਉਣੇ ਹਨ, ਉਹ ਜਲਦੀ ਤੋਂ ਜਲਦੀ ਲਿਆ ਕੇ ਦੁੱਧ ਉਤਪਾਦਕਾਂ ਨੂੰ ਪਹੁੰਚਾਏ ਜਾਣ ਤਾਂ ਜੋ ਚੰਗੇ ਰੇਟ ਦੇ ਕੇ ਮਿਲਕ ਪਲਾਂਟ ਚਲਦੇ ਰਹਿਣ। ਪਿਛਲੀ ਸਰਕਾਰ ਵੇਲੇ ਸਾਡੀਆਂ 6 ਸ਼ੂਗਰ ਮਿਲਾਂ ਬੰਦ ਹੋਈਆਂ, ਇਸ ਤੋਂ ਪਹਿਲਾਂ 15 ਸ਼ੂਗਰ ਮਿਲਾਂ ਚਲਦੀਆਂ ਸਨ। ਇਸ ਦਾ ਬਹੁਤ ਵੱਡਾ ਨੁਕਸਾਨ ਕਿਸਾਨਾਂ ਨੂੰ ਹੋਇਆ ਹੈ। ਉਥੋਂ ਦੀਆਂ ਬੰਦ ਪਈਆਂ ਮਿਲਾਂ ਨੂੰ ਚਲਾਉਣ ਦਾ ਉਪਰਾਲਾ ਵੀ ਕਰਨਾ ਚਾਹੀਦਾ ਹੈ ਕਿਉਂਕਿ ਵਿਹਲੇ ਬੈਠੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣੀਆਂ ਪੈਂਦੀਆਂ ਹਨ। ਸ਼ੂਗਰ ਮਿਲਾਂ ਦੇ ਘਾਟੇ ਦੇ ਕਈ ਕਾਰਨ ਹਨ, ਇੱਕ ਹੈ ਕਿ ਸ਼ੂਗਰ ਮਿਲਾਂ ਨੂੰ ਧਿਆਨ ਨਾਲ ਨਹੀਂ ਚਲਾਇਆ ਗਿਆ, ਚਾਹੇ ਅਸੀਂ ਐਡਮਿਨਿਸਟਰੇਸ਼ਨ ਦੀ ਗਲਤੀ ਲਗਾ ਲਈਏ, ਚਾਹੇ ਇਸ ਵਿਚ ਦਖਲਅੰਦਾਜ਼ੀ ਦੀ ਗੱਲ ਕਰੀਏ, ਸ਼ੂਗਰ ਮਿਲਾਂ ਬੰਦ ਹੋਣ ਦੇ ਨਾਲ ਜਿਹੜੇ ਲੋਕ ਗੰਨਾ ਪੈਦਾ ਕਰਦੇ ਹਨ, ਅੱਜ ਸਰਮਾਏਦਾਰਾਂ ਨੇ ਜਿਹੜੀਆਂ ਮਿੱਲਾਂ ਪੰਜਾਬ ਵਿਚ ਪ੍ਰਾਈਵੇਟ ਖੋਲ੍ਹੀਆਂ ਹੋਈਆਂ ਹਨ, ਮਜਬੂਰੀ ਨਾਲ ਗੰਨਾ ਉੱਥੇ ਲਿਜਾਣਾ ਪੈਂਦਾ ਹੈ। ਉਹ ਭਾਵੇਂ ਨਕਦ ਪੇਮੈਂਟ ਦਾ ਲਾਲਚ ਦਿੰਦੇ ਹਨ। ਗੰਨਾ ਪੈਦਾ ਕਰਨ ਵਾਲੇ ਕਿਸਾਨ ਮਜਬੂਰੀ ਵੱਸ ਆਪਣਾ ਗੰਨਾ ਉਨ੍ਹਾਂ ਨੂੰ ਵੇਚਦੇ ਹਨ। ਫਿਰ ਉਹ ਜਾਣ ਬੁਝ ਕੇ ਕਿਸਾਨ ਦੇ ਗੰਨੇ ਤੇ ਕੱਟ ਵੀ ਲਗਾਉਂਦੇ ਹਨ ਕਿ ਤੁਹਾਡੇ ਗੰਨੇ ਨਾਲ ਅੱਜ ਖੋਰੀ ਆ ਗਈ ਹੈ ਅਤੇ ਪਰਾਲੀ ਦੇ ਬੇੜ ਵੱਟੇ ਗਏ ਵਗੈਰਾ ਵਗੈਰਾ।

Original with;
Punjab Vidhan Sabha
Digitized by;
Panjab Digital Library

[ ਸਰਦਾਰ ਗੁਰਬਚਨ ਸਿੰਘ ਬੱਬੇਹਾਲੀ ]

ਕੋਆਪ੍ਰੇਟਿਵ ਸੈਕਟਰ ਦੀਆਂ ਮਿੱਲਾਂ ਬੰਦ ਹੋਣ ਨਾਲ ਸਰਮਾਏਦਾਰਾਂ ਦਾ ਜ਼ੋਰ ਵਧਦਾ ਜਾ ਰਿਹਾ ਹੈ। ਜਿਹੜੇ ਕਿਸਾਨ ਪ੍ਰਾਈਵੇਟ ਮਿੱਲਾਂ ਨੂੰ ਆਪਣਾ ਗੰਨਾ ਵੇਚਦੇ ਹਨ, ਉਨ੍ਹਾਂ ਦਾ ਗੰਨਾ ਉਨ੍ਹਾਂ ਦੀਆਂ ਮਿੱਲਾਂ ਤੇ 5 ਤੋਂ ਲੈ ਕੇ 10 ਕੁਇੰਟਲ ਤੱਕ ਘੱਟ ਤੋਲਿਆ ਜਾਂਦਾ ਹੈ ਪਰ ਕਿਸੇ ਕਿਸਾਨ ਦੀ ਜੁਰਅੱਤ ਨਹੀਂ ਕਿ ਉਹ ਇਸ ਨੂੰ ਚੈੱਕ ਕਰ ਸਕੇ ਜਾਂ ਕਿਸੇ ਸਰਕਾਰੀ ਮੁਲਾਜ਼ਮ ਦੀ ਜੁਰਅੱਤ ਨਹੀਂ ਕਿ ਉਹ ਇਸ ਨੂੰ ਚੈੱਕ ਕਰ ਸਕੇ। ਕੋਆਪ੍ਰੇਟਿਵ ਸੈਕਟਰ ਨੇ ਸਰਮਾਏਦਾਰੀ ਹੇਠ ਦੱਬੇ ਹੋਏ ਲੋਕਾਂ ਨੂੰ ਬਾਹਰ ਕੱਢਿਆ ਸੀ ਪਰ ਅੱਜ ਕੋਆਪ੍ਰੇਟਿਵ ਸੈਕਟਰ ਘਾਟੇ ਵਿਚ ਜਾਣ ਕਰਕੇ ਉਨ੍ਹਾਂ ਦੀਆਂ ਮਿਲਾਂ ਅਤੇ ਪਲਾਂਟ ਬੰਦ ਹੋਣ ਕਿਨਾਰੇ ਖੜ੍ਹੇ ਹਨ। ਇਸ ਨਾਲ ਇਸ ਵੇਲੇ ਕਿਸਾਨੀ ਦਾ ਘਾਣ ਹੋ ਰਿਹਾ ਹੈ। ਪਿਛਲੀ ਸਰਕਾਰ ਨੇ ਪਹਿਲਾਂ ਖੰਡ ਮਿੱਲਾਂ ਬੰਦ ਕਰ ਦਿੱਤੀਆਂ, ਜੇ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਹੁਣ ਮਿਲਕ ਪਲਾਂਟ ਵੀ ਬੰਦ ਹੋ ਜਾਣੇ ਹਨ। ਅੱਜ ਸਾਡੇ ਪੰਜਾਬ ਵਿਚ ਸਾਢੇ ਛੇ ਹਜ਼ਾਰ ਮਿਲਕ ਸੁਸਾਇਟੀਆਂ ਚੱਲ ਰਹੀਆਂ ਹਨ ਜਿਨ੍ਹਾਂ ਵਿਚ ਤਕਰੀਬਨ ਸਾਢੇ ਤਿੰਨ ਲੱਖ ਮੈਂਬਰ ਦੁੱਧ ਪਾ ਰਹੇ ਹਨ। ਇਸ ਤਰ੍ਹਾਂ ਨਾਲ ਇਕ ਮੈਂਬਰ ਪਿੱਛੇ ਉਸ ਦੇ ਪਰਿਵਾਰ ਦੇ 5 ਜੀਅ ਪਲ ਰਹੇ ਹਨ। ਇਸ ਤੋਂ ਇਲਾਵਾ ਸਾਢੇ ਛੇ ਹਜ਼ਾਰ ਮੁਲਾਜ਼ਮ ਹਨ। ਫਿਰ ਵੱਖ ਵੱਖ ਤਰ੍ਹਾਂ ਦੇ ਕੰਮ ਕਰਨ ਵਾਲੇ ਹੋਰ ਲੋਕ ਵੀ ਹਨ ਜੋ ਛੋਟੇ ਛੋਟੇ ਬੂਥਾਂ ਵਿਚ ਕੰਮ ਕਰ ਰਹੇ ਹਨ। ਕਈ ਛੋਟੇ ਛੋਟੇ ਡੱਬੇ ਬਣਾਉਣ ਵਾਲੇ ਲੋਕ ਵੀ ਹਨ। ਕਈ ਕੈਟਲ ਫੀਡ ਫੈਕਟਰੀਆਂ ਨਾਲ ਜੁੜੇ ਹੋਏ ਲੋਕ ਹਨ। ਇਸ ਤਰ੍ਹਾਂ ਕੁੱਲ ਮਿਲਾ ਕੇ ਸਿੱਧੇ ਅਤੇ ਅਸਿੱਧੇ ਢੰਗ ਨਾਲ ਤਕਰੀਬਨ 20 ਲੱਖ ਲੋਕ ਮਿਲਕਫੈੱਡ ਨਾਲ ਜੁੜੇ ਹੋਏ ਹਨ। ਜਿਸ ਤਰ੍ਹਾਂ ਸ਼ੂਗਰਫੈੱਡ ਨੂੰ 40 ਕਰੋੜ ਰੁਪਏ ਦੇਣ ਦੀ ਤਜਵੀਜ਼ ਹੈ, ਇਸੇ ਤਰ੍ਹਾਂ ਦੁੱਧ ਉਤਪਾਦਕਾਂ ਨੂੰ ਜਿੰਦਾ ਰੱਖਣ ਲਈ ਮਿਲਕਫੈੱਡ ਨੂੰ ਵੀ ਸਹਾਇਤਾ ਦੇਣੀ ਚਾਹੀਦੀ ਹੈ। ਉਨ੍ਹਾਂ ਦਾ ਜੀਵਨ ਪੱਧਰ ਚੁੱਕਣ ਲਈ ਸਰਕਾਰ ਨੂੰ ਸਹਾਈ ਹੋਣਾ ਚਾਹੀਦਾ ਹੈ। ਸਹਿਕਾਰਤਾ ਲਹਿਰ ਨਾਲ ਜੁੜੇ ਹੋਏ ਦੁੱਧ ਉਤਪਾਦਕਾਂ ਨੂੰ ਚੰਗੇ ਰੇਟ ਦੇਣ ਨਾਲ ਉਹ ਮਿਲਕਫੈੱਡ ਨਾਲ ਜੁੜਨਗੇ ਜਿਸ ਨਾਲ ਪ੍ਰਾਈਵੇਟ ਪਲਾਂਟਾਂ ਨੂੰ ਵੀ ਦੁੱਧ ਦੇ ਰੇਟ ਵਧਾਉਣੇ ਪੈਣਗੇ। ਜਦੋਂ ਉਹ ਵੀ ਰੇਟ ਵੱਧ ਦੇਣਗੇ ਤਾਂ ਪੰਜਾਬ ਦੇ ਦੁੱਧ ਉਤਪਾਦਕ ਅਤੇ ਛੋਟੀ ਕਿਸਾਨੀ ਖੁਸ਼ਹਾਲ ਹੋਵੇਗੀ। ਜਦੋਂ ਕਿਸੇ ਚੀਜ਼ ਦੀ ਬਰਾਬਰ ਦੀ ਮੰਗ ਹੁੰਦੀ ਹੈ ਤਾਂ ਉਸ ਦੀ ਕਦਰ ਪੈਂਦੀ ਹੈ, ਉਸ ਦੀ ਕਦਰ ਵਧਦੀ ਹੈ। ਸਹਿਕਾਰਤਾ ਨਾਲ ਜੁੜੇ ਹੋਏ ਸਾਡੇ ਮਹਿਕਮੇ ਵਾਲੇ ਵੀ ਦੁੱਧ ਮੰਗਣਗੇ ਅਤੇ ਰੇਟ ਵੱਧ ਦੇਣਗੇ ਤਾਂ ਪ੍ਰਾਈਵੇਟ ਵਾਲਿਆਂ ਨੂੰ ਵੀ ਦੁੱਧ ਦੇ ਰੇਟ ਵਧਾਉਣੇ ਪੈਣਗੇ। ਅੱਜ ਦੁੱਧ ਦੇ ਘਟਣ ਦੇ ਕਈ ਕਾਰਣ ਹਨ। ਪਿਛਲੇ ਸਮੇਂ ਵਿਚ ਪੰਜਾਬ ਵਿਚ ਬਹੁਤ ਸਾਰੇ ਪ੍ਰਾਈਵੇਟ ਮਿਲਕ ਪਲਾਂਟ ਖੋਲ੍ਹੇ ਗਏ ਹਨ। ਜਦੋਂ ਉਹ ਪਲਾਂਟ ਖੋਲ੍ਹੇ ਗਏ ਤਾਂ ਉਨ੍ਹਾਂ ਨੂੰ ਪਹਿਲੇ 7 ਸਾਲ ਪ੍ਰਚੇਜ਼ ਟੈਕਸ ਅਤੇ ਸੇਲਜ਼ ਟੈਕਸ ਤੋਂ ਛੋਟ ਦਿੱਤੀ ਗਈ ਅਤੇ ਸਬਸਿਡੀਆਂ ਦਿੱਤੀਆਂ ਗਈਆਂ। ਇਸ ਦੇ ਨਤੀਜੇ ਵਜੋਂ ਪ੍ਰਾਈਵੇਟ ਦੁੱਧ ਉਤਪਾਦਕਾਂ ਵੱਲੋਂ ਸਾਡੇ ਨਾਲੋਂ ਵੱਧ ਰੇਟ ਦੇਣ ਕਰਕੇ ਕਿਸਾਨਾਂ ਦਾ ਮਿਲਕਫੈੱਡ ਨਾਲੋਂ ਪ੍ਰਾਈਵੇਟ ਪਲਾਂਟਾਂ ਵੱਲ ਜਾਣਾ ਸ਼ੁਰੂ ਹੋ ਗਿਆ। ਮਿਲਕਫੈੱਡ ਨਾਲ, ਸਹਿਕਾਰੀ ਸੁਸਾਇਟੀਆਂ ਨਾਲ ਸਿੱਧੇ ਤੇ ਅਸਿੱਧੇ ਢੰਗ ਨਾਲ ਇਸ ਵੇਲੇ 20-22 ਲੱਖ ਲੋਕ ਜੁੜੇ ਹੋਏ ਹਨ ਅਤੇ ਇਸੇ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਜਿਹੜੇ ਦੁੱਧ ਉਤਪਾਦਕ ਹਨ, 21-22 ਲੱਖ ਉਹ ਲੋਕ ਪ੍ਰਾਈਵੇਟ ਮਿਲਕ ਪਲਾਂਟਾਂ ਨਾਲ ਜੁੜੇ ਹੋਏ ਹਨ। ਇਸੇ ਤਰ੍ਹਾਂ ਪੰਜਾਬ ਵਿਚ ਦੁੱਧ ਪੈਦਾ ਕਰਨ ਵਾਲੇ ਤਕਰੀਬਨ 40-45 ਲੱਖ ਲੋਕ ਹਨ। ਪੰਜਾਬ ਦੀ 2.5 ਕਰੋੜ ਆਬਾਦੀ ਦਾ ਤਕਰੀਬਨ 18 ਫੀਸਦੀ ਹਿੱਸਾ ਲੋਕ ਇਸ ਵੇਲੇ ਦੁੱਧ ਦੇ ਧੰਦੇ ਨਾਲ ਜੁੜੇ ਹੋਏ ਹਨ। ਇਸ ਕਿੱਤੇ ਨੂੰ ਜਿਉਂਦਾ ਰੱਖਣ ਲਈ ਅੱਜ ਜ਼ਰੂਰਤ ਹੈ ਕਿ ਵੱਧ ਤੋਂ ਵੱਧ ਵਿੱਤੀ ਸਪੋਰਟ ਕਰਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿਚ ਜਿਸ ਤਰੀਕੇ ਨਾਲ ਮਿੱਲਾਂ ਬੰਦ ਹੋਈਆਂ ਹਨ, ਕੋਈ ਪਲਾਂਟ ਵੀ ਬੰਦ ਨਾ ਹੋਵੇ। ਮੈਂ ਗੰਨਾ ਪੈਦਾ ਕਰਨ ਵਾਲਿਆਂ ਦਾ ਵਿਰੋਧੀ ਨਹੀਂ। ਮੈਂ ਇਨ੍ਹਾਂ ਦਾ ਵੀ ਚੁਣਿਆ ਹੋਇਆ ਨੁਮਾਇੰਦਾ ਰਿਹਾ ਹਾਂ। ਮੈਂ ਉਦੋਂ ਗੰਨਾ ਬਟਾਲੇ ਸ਼ੂਗਰ ਮਿੱਲ ਵਿਚ ਸਿੱਟਿਆ ਹੈ ਜਦੋਂ ਗੰਨੇ ਦਾ ਭਾਅ 6.50 ਰੁਪਏ ਪ੍ਰਤੀ ਕੁਇੰਟਲ ਤੋਂ ਲੈ ਕੇ 8.50 ਰੁਪਏ ਕੁਇੰਟਲ ਹੁੰਦਾ ਸੀ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਮਿੱਲਾਂ ਨੂੰ ਬੰਦ ਨਹੀਂ ਹੋਣ ਦੇਣਾ ਚਾਹੀਦਾ। ਭਾਵੇਂ ਹੋਰ ਕਿਸੇ ਕਾਰਨ ਕਰਕੇ ਕੋਈ ਡਿਵੈਲਪਮੈਂਟ ਘੱਟ ਕਰ ਲਈ ਜਾਵੇ। ਜਿਹੜੇ ਇਸ ਧੰਦੇ ਨਾਲ ਸਬੰਧਤ ਲੋਕ ਗੰਨਾ ਪੈਦਾ ਕਰਦੇ ਹਨ, ਜਿਹੜੇ ਹਜ਼ਾਰਾਂ ਲੋਕ ਇਹਦੇ ਵਿਚ ਮੁਲਾਜ਼ਮ ਹਨ ਉਹ ਆਪਣੀ ਰੋਟੀ ਰੋਜ਼ੀ ਤੋਂ ਹੱਥ ਧੋਅ ਸਕਦੇ ਹਨ। ਜੇਕਰ ਮਿੱਲਾਂ ਚਾਲੂ ਨਹੀਂ ਹੁੰਦੀਆਂ ਤਾਂ ਉਨ੍ਹਾਂ ਜ਼ਮੀਨਾਂ ਵਿਚ ਕੋਈ ਹੋਰ ਪ੍ਰਾਜੈਕਟ ਲਾਏ ਜਾਣ ਜਿਸ ਤਰ੍ਹਾਂ ਸ਼ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰੈਜ਼ੀਡੈਂਟ ਸਰਦਾਰ ਸੁਖਬੀਰ ਸਿੰਘ ਬਾਦਲ ਪਿੱਛੇ ਜਿਹੇ ਅਹਿਮਦਾਬਾਦ ਬਿਜਲੀ ਦੇ ਨਵੇਂ ਪ੍ਰਾਜੈਕਟ ਲੈਣ ਗਏ ਸਨ, ਜਿਸ ਤਰ੍ਹਾਂ ਬੰਗਲੌਰ ਦੇ ਵਿਚ ਬਿਜਲੀ ਦੇ ਪ੍ਰਾਜੈਕਟ ਚੱਲ ਰਹੇ ਹਨ ਅਤੇ ਸਾਰੇ ਸ਼ਹਿਰਾਂ ਅਤੇ ਪਿੰਡਾਂ ਦਾ ਜਿਹੜਾ ਕੂੜਾ ਕਰਕਟ ਹੈ ਉਸ ਨੂੰ ਇਕੱਠਾ ਕਰਕੇ ਬਹੁਤ ਵੱਡੇ ਬਿਜਲੀ ਦੇ ਪ੍ਰਾਜੈਕਟ ਲਾਏ ਗਏ ਹਨ ਉਸ ਦੇ ਰਾਹੀਂ ਬਿਜਲੀ ਪੈਦਾ ਕਰਕੇ ਸਭ ਨੂੰ ਸਪਲਾਈ ਹੋ ਸਕਦੀ ਹੈ। ਜੇਕਰ ਮਿੱਲਾਂ ਘਾਟੇ ਵਿਚ ਹਨ ਤਾਂ ਉਹ ਕਿਸੇ ਹੋਰ ਚੰਗੇ ਅਦਾਰੇ ਨਾਲ ਅਟੈਚ ਕਰ ਦਿੱਤੀਆਂ ਜਾਣ ਜਿਵੇਂ ਮਾਰਕਫੈੱਡ ਹੈ, ਮਿਲਕਫੈੱਡ ਅਤੇ ਮੰਡੀ ਬੋਰਡ ਹੈ ਜਾਂ ਕੋਈ ਹੋਰ ਰਸਤਾ ਲੱਭਣਾ ਚਾਹੀਦਾ ਹੈ। ਇਹ ਵੀ ਠੀਕ ਹੈ ਕਿ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ। ਹੋਰ ਡਿਵੈਲਪਮੈਂਟ ਵੀ ਕਰਨੀ ਚਾਹੀਦੀ ਹੈ। ਜੇਕਰ ਛੋਟਾ ਕਿਸਾਨ, ਮੁਲਾਜ਼ਮ ਜਾਂ ਮਜ਼ਦੂਰ ਰੋਟੀ ਰੋਜ਼ੀ ਤੋਂ ਵਾਂਝਾ ਹੁੰਦਾ ਹੈ ਤਾਂ ਉਸ ਨੂੰ ਚੰਗੀਆਂ ਬਣੀਆਂ ਸੜਕਾਂ ਅਤੇ ਪੁਲ ਵੀ ਚੰਗੇ ਨਹੀਂ ਲਗਦੇ। ਸੋ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਦੂਰਅੰਦੇਸ਼ੀ ਨਾਲ ਮਿਲਕਫੈਡ ਲਈ ਬਜਟ ਵਿਚ ਬਹੁਤ ਵੱਡਾ ਪੈਸਾ ਰੱਖਿਆ ਹੈ ਉਸੇ ਤਰ੍ਹਾਂ ਇਨ੍ਹਾਂ ਮਿੱਲਾਂ ਨੂੰ ਸੁਰਜੀਤ ਰੱਖਣ ਵਾਸਤੇ ਕੋਈ ਨਾ ਕੋਈ ਉਪਰਾਲਾ ਜ਼ਰੂਰ ਕਰਨਾ ਚਾਹੀਦਾ ਹੈ। ਅੱਜ ਸਾਡੇ ਨਾਲ ਪ੍ਰਾਈਵੇਟ ਵਾਲੇ ਮੁਕਾਬਲਾ ਕਰਦੇ ਹਨ। ਉਹ ਮਿਲਾਵਟ ਵਾਲਾ ਦੁੱਧ ਇਕੱਠਾ ਕਰਦੇ ਹਨ ਜੋ ਕਿ ਸਨਥੈਟਿਕ ਮਿਲਕ ਬਣਾਇਆ ਜਾਂਦਾ ਹੈ। ਕਈ ਥਾਵਾਂ ਤੇ ਉਹ ਪਕੜੇ ਵੀ ਜਾਂਦੇ ਹਨ। ਲੇਕਿਨ ਜਿਹੜਾ ਦੁੱਧ ਅਸੀਂ ਖਰੀਦਦੇ ਹਾਂ ਉਹ ਬਿਲਕੁਲ ਸਹੀ ਅਤੇ ਸ਼ੁੱਧ ਦੁੱਧ ਹੁੰਦਾ ਹੈ। ਸਾਡੇ ਵੱਲੋਂ ਲਏ ਗਏ ਦੁੱਧ ਦੇ ਅੱਗੇ 16 ਟੈਸਟ ਹੁੰਦੇ ਹਨ। ਜੇਕਰ ਕਿਸੇ ਦਾ ਦੁੱਧ ਮਾੜਾ ਹੋਵੇ ਤਾਂ ਉਸ

riginal with;
unjab Vidhan Sabha
igitized by;
anjab Digital Library

[ ਸਰਦਾਰ ਗੁਰਬਚਨ ਸਿੰਘ ਬੱਬੇਹਾਲੀ ]

ਸੁਸਾਇਟੀ ਜਾਂ ਉਸ ਦੁੱਧ ਉਤਪਾਦਕ ਦਾ ਦੁੱਧ ਬੰਦ ਕਰ ਦਿੱਤਾ ਜਾਂਦਾ ਹੈ। ਪ੍ਰਾਈਵੇਟ ਵਾਲੇ ਦੁੱਧ ਦਾ ਰੇਟ ਵੱਧ ਦਿੰਦੇ ਹਨ ਲੇਕਿਨ ਮਿਲਕਫੈਡ ਵਾਲੇ ਵੀ ਦੁੱਧ ਦੀ ਪਰਚੇਜ਼ ਕਰਦੇ ਹਨ। ਇਸ ਦੇ ਬਾਰੇ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਹੈਲਥ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਬਜ਼ਾਰਾਂ ਦੇ ਵਿਚ ਦੁੱਧ ਲੈ ਕੇ ਆਉਂਦੇ ਹਨ, ਜਿਹੜਾ ਦੁੱਧ ਪਿੰਡਾਂ ਦੇ ਵਿਚੋਂ ਆਉਂਦਾ ਹੈ, ਪ੍ਰਾਈਵੇਟ ਵਾਲਿਆਂ ਦਾ ਜਿਹੜਾ ਦੁੱਧ ਆਉਂਦਾ ਹੈ ਉਸਦੀ ਸੈਂਪਲਿੰਗ ਕਰਨ ਵਾਸਤੇ ਡਿਸਟ੍ਰਿਕਟ ਹੈਲਥ ਅਫ਼ਸਰ ਆਉਂਦਾ ਹੈ ਉਹਦੇ ਨਾਲ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਵਿਚ ਮਿਲਕਪਲਾਂਟ ਦਾ ਡਿਪਟੀ ਮੈਨੇਜਰ ਜਾਂ ਡਿਸਟ੍ਰਿਕਟ ਲੈਵਲ ਦਾ ਡੇਅਰੀ ਡਾਇਰੈਕਟਰ ਇਕੱਠੇ ਹੋ ਕੇ ਉਹ ਸੈਂਪਲਿੰਗ ਕਰਨ ਤਾਂ ਜੋ ਚੰਗੇ ਤਰੀਕੇ ਨਾਲ ਲੋਕਾਂ ਦੀ ਸਿਹਤ ਦਾ ਠੀਕ ਖਿਆਲ ਰੱਖਿਆ ਜਾ ਸਕੇ। ਪ੍ਰਾਈਵੇਟ ਵਾਲੇ ਮਿਲਾਵਟ ਵਾਲਾ ਦੁੱਧ ਦੇ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ। ਮੈਂ ਇਹ ਗੱਲ ਯਕੀਨ ਨਾਲ ਕਹਿ ਸਕਦਾ ਹਾਂ ਕਿ ਜੇਕਰ ਹੈਲਥ ਅਫ਼ਸਰ ਦੁੱਧ ਦਾ ਸੈਂਪਲ ਭਰੇ ਤਾਂ ਪ੍ਰਾਈਵੇਟ ਵਾਲੇ ਜਦੋਂ ਆਪਣਾ ਦੁੱਧ ਦਾ ਵਹੀਕਲ ਲੈ ਕੇ ਆਉਂਦੇ ਹਨ, ਜੇਕਰ ਉਹ 20 ਦੋਹਣੇ ਲੈ ਕੇ ਆਉਂਦੇ ਹਨ ਤਾਂ ਉਨ੍ਹਾਂ ਵਿਚੋਂ 2-3 ਤੇ ਉਨ੍ਹਾਂ ਨੇ ਨਿਸ਼ਾਨ ਲਗਾਇਆ ਹੁੰਦਾ ਹੈ, ਹੈਲਥ ਅਫ਼ਸਰ ਚੰਗੇ ਦੁੱਧ ਵਾਲੇ ਦੋਹਣੇ ਵਿਚੋਂ ਹੀ ਸੈਂਪਲ ਲੈਂਦੇ ਹਨ ਅਤੇ ਉਹ ਸੈਂਪਲ ਪਾਸ ਹੋ ਜਾਂਦੇ ਹਨ ਜਦੋਂ ਕਿ ਬਾਕੀ ਦੋਹਣਿਆਂ ਵਿਚ ਮਿਲਾਵਟ ਵਾਲਾ ਦੁੱਧ ਆ ਰਿਹਾ ਹੁੰਦਾ ਹੈ। ਸੋ, ਅੱਜ ਇਹ ਬੜਾ ਜ਼ਰੂਰੀ ਹੈ ਕਿ ਮਿਲਾਵਟ ਵਾਲਾ ਦੁੱਧ ਰੋਕਿਆ ਜਾਵੇ ਤਾਂ ਜੋ ਲੋਕਾਂ ਨੂੰ ਵਧੀਆ ਦੁੱਧ ਮੁਹੱਈਆ ਕੀਤਾ ਜਾ ਸਕੇ। ਇਕ ਗੱਲ ਹੋਰ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਸਹਿਕਾਰਤਾ ਮਹਿਕਮੇ ਦੇ ਅਫ਼ਸਰਾਂ ਦੇ ਚੁਣੇ ਹੋਏ ਬੋਰਡ ਅਤੇ ਐਮ.ਡੀ. ਸਾਹਿਬਾਨ ਉਤੇ ਪੂਰਾ ਪਰੈਸ਼ਰ ਹੈ ਅਤੇ ਜਕੜ ਹੈ। ਉਨ੍ਹਾਂ ਨੂੰ ਇੰਡੀਪੈਂਡੈਂਟ ਤੌਰ ਤੇ ਕੰਮ ਨਹੀਂ ਕਰਨ ਦਿੱਤਾ ਜਾਂਦਾ। ਜੇ ਇਹ ਗੱਲ ਕਹਿ ਲਈਏ ਕਿ ਸਹਿਕਾਰਤਾ ਮਹਿਕਮੇ ਦੇ ਅਫ਼ਸਰ, ਰਜਿਸਟਰਾਰ ਅਤੇ ਦਫ਼ਤਰ ਵਾਲੇ ਬੜਾ ਵਧੀਆ ਕੰਮ ਕਰ ਰਹੇ ਹਨ ਪਰ ਮੈਂ ਕਿਸੇ ਦਾ ਵਿਰੋਧ ਨਹੀਂ ਕਰਨਾ ਚਾਹੁੰਦਾ, ਉਹ ਬੜੇ ਤਜਰਬੇਕਾਰ ਹਨ ਪਰ ਪਿਛਲੇ 40 ਸਾਲਾਂ ਤੋਂ ਇਸ ਐਕਟ ਵਿਚ ਤਬਦੀਲੀ ਨਹੀਂ ਆਈ ਅਤੇ ਸਾਰਾ ਦਾਰੋਮਦਾਰ ਸਰਕਾਰੀ ਅਫ਼ਸਰਾਂ ਦੇ ਹੱਥਾਂ ਵਿਚ ਹੀ ਹੈ। ਜੇਕਰ ਉਹ ਬੜੇ ਵਧੀਆ ਢੰਗ ਨਾਲ ਕੰਮ ਚਲਾਉਂਦੇ ਹਨ ਤਾਂ ਫਿਰ ਅੱਜ ਸਹਿਕਾਰੀ ਮਿੱਲਾਂ ਬੰਦ ਕਿਉਂ ਹੋਈਆਂ ਹਨ? ਅੱਜ ਮਿਲਕ ਪਲਾਂਟ ਘਾਟੇ ਵਿਚ ਕਿਉਂ ਗਏ ਹਨ? ਸਪਿੰਨਫੈੱਡ ਬੰਦ ਕਿਉਂ ਹੋਈ ਹੈ, ਪਨਕੋਫੈੱਡ ਕਿਉਂ ਬੰਦ ਹੋਣ ਕਿਨਾਰੇ ਹੈ, ਪੰਜਾਬ ਕੋਆਪਰੇਟਿਵ ਇੰਡਸਟਰੀ ਫੈਡਰੇਸ਼ਨ ਬੰਦ ਕਿਉਂ ਹੋਈ ਹੈ.....

**ਮਾਨਯੋਗ ਸਪੀਕਰ** : ਸਮਾਪਤ ਕਰੋ ਜੀ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ** : ਸਪੀਕਰ ਸਾਹਿਬ, ਮੈਂ ਪੰਜ ਮਿੰਟ ਹੋਰ ਲਵਾਂਗਾ। ਚਲੋ ਪੰਜ ਨਹੀਂ ਤਾਂ 2 ਮਿੰਟ ਵਿਚ ਹੀ ਆਪਣੀ ਗੱਲ ਕਹਿ ਲਵਾਂਗਾ। ਮੈਂ ਤਜਰਬੇ ਦੇ ਤੌਰ ਤੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਅਫ਼ਸਰਸ਼ਾਹੀ ਨੇ ਕੋਆਪਰੇਟਿਵ ਮਹਿਕਮੇ

Original with;
Punjab Vidhan Sabha
Digitized by;
Punjab Digital Library

ਵਿਚ ਆਪਣੀ ਜਕੜ ਮਜ਼ਬੂਤ ਰੱਖੀ ਹੋਈ ਹੈ, ਉਥੇ ਹੁਣ ਚੁਣੇ ਹੋਏ ਨੁਮਾਇੰਦਿਆਂ ਦੇ ਬੋਰਡ ਬਣੇ ਹੋਏ ਹਨ, ਉਨ੍ਹਾਂ ਨੂੰ ਅਫ਼ਸਰਾਂ ਦੇ ਨਾਲ ਚਲਣ ਲਈ ਇੰਡੀਪੈਂਡੈਂਟ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ। ਜੇਕਰ ਪ੍ਰਾਈਵੇਟ ਵਾਲਿਆਂ ਦਾ ਮੁਕਾਬਲਾ ਕਰਨਾ ਹੈ ਤਾਂ ਅੱਜ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਇੰਡੀਪੈਂਡੈਂਟ ਤੌਰ ਤੇ ਕੰਮ ਕਰਨ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਦੋ ਟੀਮਾਂ ਮੈਦਾਨ ਵਿਚ ਖੇਡਦੀਆਂ ਹਨ। ਇਕ ਇੰਡੀਪੈਂਡੈਂਟ ਤੌਰ ਤੇ ਖੇਡਦੀ ਹੈ ਅਤੇ ਦੂਸਰੀ ਟੀਮ ਦਾ ਕੰਟਰੋਲ ਕਿਸੇ ਹੋਰ ਦੇ ਹੱਥ ਵਿਚ ਹੁੰਦਾ ਹੈ। ਪਰ ਦੂਜੇ ਦੇ ਹੱਥ ਵਿਚ ਕੰਟਰੋਲ ਵਾਲੀ ਟੀਮ ਜਿੱਤ ਕੇ ਨਹੀਂ ਆ ਸਕਦੀ। ਇੰਡੀਪੈਂਡੈਂਟ ਕੰਮ ਕਰਨ ਵਾਲਿਆਂ ਲਈ ਭਾਵੇਂ ਸਖਤ ਕਾਨੂੰਨ ਬਣਾ ਦਿੱਤਾ ਜਾਵੇ ਤਾਂ ਕਿ ਕੋਈ ਹੇਰਾਫੇਰੀ ਨਾ ਕਰ ਸਕੇ। ਮਾਨਯੋਗ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਇਹ ਗੱਲ ਜ਼ਰੂਰ ਮੁੱਖ ਮੰਤਰੀ ਜੀ ਨੂੰ ਯਾਦ ਕਰਾਉਣੀ ਚਾਹੁੰਦਾ ਹਾਂ ਕਿ ਸਾਲ 1998-99 ਵਿਚ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਇਕ ਰਾਜਨ ਕੈਸ਼ਪ ਕਮੇਟੀ ਬਣਾਈ ਸੀ। ਸਰਦਾਰ ਬ੍ਰਹਮਪੁਰਾ ਜੀ ਸਹਿਕਾਰਤਾ ਮਹਿਕਮੇ ਦੇ ਮੰਤਰੀ ਸਨ। ਉਸ ਕਮੇਟੀ ਨੇ ਐਕਟ ਵਿਚ ਤਬਦੀਲੀਆਂ ਲਿਆਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਬੋਰਡਾਂ ਨੂੰ ਅਧਿਕਾਰ ਦਿੱਤੇ ਕਿ ਪੰਜਾਬ ਵਿਚ ਜਿੰਨੀਆਂ ਵੀ ਸੁਸਾਇਟੀਆਂ ਹਨ, ਜਿਨ੍ਹਾਂ ਨੇ ਲੋਨ ਨਹੀਂ ਦੇਣੇ ਉਹ ਆਪੇ ਹੀ ਉਸ ਦਾ ਕਾਰੋਬਾਰ ਚਲਾਉਣਗੇ, ਆਪੇ ਹੀ ਇਲੈਕਸ਼ਨ ਕਰਾਉਣ ਸਬੰਧੀ ਕੰਮ ਕਰਨਗੇ ਅਤੇ ਹੋਰ ਵੀ ਸਾਰਾ ਕੰਮ ਆਪੇ ਹੀ ਕਰਨਗੇ। ਇਹ ਬੜਾ ਵਧੀਆ ਸਿਸਟਮ ਸੀ.....

**ਮਾਨਯੋਗ ਸਪੀਕਰ** : ਸਮਾਪਤ ਕਰੋ ਜੀ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ** : ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਸ ਐਕਟ ਵਿਚ, ਕਾਨੂੰਨ ਵਿਚ ਜੋ ਵੀ ਤਬਦੀਲੀਆਂ ਹੋਣੀਆਂ ਹਨ, ਉਹ ਤਬਦੀਲੀਆਂ ਕਰਕੇ ਲਾਗੂ ਕੀਤਾ ਜਾਵੇ ਤਾਂ ਜੋ ਸਹਿਕਾਰਤਾ ਮਹਿਕਮੇ ਨੂੰ ਮਜ਼ਬੂਤ ਕੀਤਾ ਜਾ ਸਕੇ। ਮੈਂ ਇਕ ਮਿੰਟ ਹੋਰ ਲਵਾਂਗਾ। ਇਥੇ ਬੜੇ ਬੇਲੋੜੇ ਪ੍ਰਸ਼ਨ ਕਰਕੇ ਅਤੇ ਰੌਲਾ ਪਾ ਕੇ ਕਈ ਵਾਰੀ ਸਦਨ ਦਾ ਕੀਮਤੀ ਟਾਈਮ ਜ਼ਾਇਆ ਕੀਤਾ ਜਾਂਦਾ ਹੈ। ਮੈਂ ਸਦਨ ਨੂੰ ਬੋਰ ਨਹੀਂ ਕਰ ਰਿਹਾ ਬਲਕਿ ਲੋਕ ਹਿੱਤਾਂ ਦੀ ਗੱਲ ਕਰ ਰਿਹਾ ਹਾਂ.....

**ਮਾਨਯੋਗ ਸਪੀਕਰ** : ਸਮਾਪਤ ਕਰੋ, ਬਾਕੀਆਂ ਨੇ ਵੀ ਬੋਲਣਾ ਹੈ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ** : ਇਕ ਗੱਲ ਮੈਂ ਹੋਰ ਕਰਨੀ ਚਾਹੁੰਦਾ ਹਾਂ। ਇਥੇ ਖੇਡਾਂ ਦੀ ਗੱਲ ਹੋਈ ਹੈ। ਅਸੀਂ ਵੀ ਖੇਡਾਂ ਦੇ ਹੱਕ ਵਿਚ ਹਾਂ ਕਿ ਖੇਡਾਂ ਕਰਾਉਣੀਆਂ ਚਾਹੀਦੀਆਂ ਹਨ ਅਤੇ ਸਰਕਾਰ ਨੇ ਬਹੁਤ ਵੱਡਾ ਬਜਟ ਵੀ ਰੱਖਿਆ ਹੈ ਪਰ ਪ੍ਰੈਕਟੀਕਲ ਤਜਰਬੇ ਦੇ ਆਧਾਰ ਤੇ ਮੈਂ ਤੁਹਾਡੇ ਰਾਹੀਂ ਇਕ ਗੱਲ ਸਰਕਾਰ ਨੂੰ ਕਹਿਣੀ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਵਿਚ ਕਾਂਗਰਸ ਵਾਲਿਆਂ ਦੇ ਸਮੇਂ ਕੋਈ ਪੰਚਾਇਤੀ ਟੂਰਨਾਮੈਂਟ ਨਹੀਂ ਹੋਏ, ਕੋਈ ਬਲਾਕ ਟੂਰਨਾਮੈਂਟ ਨਹੀਂ ਹੋਏ।.....

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਜਨਰਲ ਭਾਸ਼ਣ ਨਾ ਕਰੋ। ਡਿਮਾਂਡਾਂ ਉਤੇ ਬੋਲੋ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ** : ਮੈਂ ਡਿਮਾਂਡਾਂ ਤੇ ਹੀ ਬੋਲ ਰਿਹਾ ਹਾਂ ਪਰ ਪਹਿਲਾਂ ਕੁਝ ਭੂਮਿਕਾ ਤਾਂ ਬੰਨਣੀ ਪੈਂਦੀ ਹੈ। ਬਾਦਲ ਸਾਹਿਬ ਨੇ ਆਪਣੇ 100 ਦਿਨਾਂ ਦੇ ਰਾਜਭਾਗ ਵਿਚ ਕਈ ਵਿਗੜੇ ਹੋਏ ਕੰਮ ਸੂਤਰ ਕੀਤੇ ਹਨ। ਅੱਜ ਇਹ ਸਵਾਲ ਕਰਦੇ ਹਨ (ਆਪੋਜ਼ੀਸ਼ਨ ਵੱਲ ਇਸ਼ਾਰਾ) ਮੇਰੇ ਕਹਿਣ ਦਾ ਭਾਵ.....

**ਮਾਨਯੋਗ ਸਪੀਕਰ** : ਬੈਠੋ ਜੀ ਬੈਠੋ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ..... ** **

**ਮਾਨਯੋਗ ਸਪੀਕਰ** : ਕਿਹੜਾ ਪੁਆਇੰਟ ਆਫ ਆਰਡਰ ਆ ਗਿਆ? This is no Point of Order.

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ ਕਿ ਮੈਂ ਕਾਂਗਰਸ ਪਾਰਟੀ ਛੱਡ ਕੇ ਆਇਆ ਹਾਂ, ਜੇ ਕਾਂਗਰਸ ਚੰਗੇ ਕੰਮ ਕਰਦੀ ਹੁੰਦੀ ਤਾਂ ਮੈਨੂੰ ਛੱਡ ਕੇ ਆਉਣ ਦੀ ਕੀ ਲੋੜ ਸੀ? ਤੁਹਾਡੇ ਵਿਚੋਂ ਕਈ ਬੰਦੇ ਅਕਾਲੀ ਦਲ ਦੇ ਪ੍ਰਧਾਨ ਨੂੰ ਐਪਰੋਚ ਕਰਦੇ ਰਹੇ ਹਨ ਅਤੇ ਟਿਕਟਾਂ ਵਾਸਤੇ ਤਰਲੇ ਮਾਰਦੇ ਰਹੇ ਹਨ ਅਤੇ ਬਾਦਲ ਸਾਹਿਬ ਨੇ ਕਿਹਾ ਕਿ ਮੈਨੂੰ ਚੋਰਾਂ ਦੀ ਲੋੜ ਨਹੀਂ, ਡਾਕੂਆਂ ਦੀ ਲੋੜ ਨਹੀਂ, ਚੰਗੇ ਬੰਦਿਆਂ ਦੀ ਲੋੜ ਹੈ। ਉਨ੍ਹਾਂ ਨੇ ਮੈਨੂੰ ਨਿਵਾਜਿਆ ਅਤੇ ਮੈਨੂੰ ਟਿਕਟ ਦਿੱਤੀ ਅਤੇ ਸਦਨ ਵਿਚ ਬੋਲਣ ਲਈ ਕਾਮਯਾਬ ਕੀਤਾ। ਤੁਹਾਡੇ ਕਈ ਕਾਂਗਰਸੀ ਮੰਤਰੀ ਅਤੇ ਐਮ.ਐਲ.ਏ. ਚੀਫ ਮਨਿਸਟਰ ਸਾਹਿਬ ਦੇ ਦਰ ਤੇ ਧੱਕੇ ਖਾਂਦੇ ਰਹੇ ਹਨ ਅਤੇ ਇਸ ਗੱਲ ਦਾ ** ** ਨੂੰ ਵੀ ਪਤਾ ਹੈ ਕਿਉਂਕਿ ਇਨ੍ਹਾਂ ਦੀ ਉਨ੍ਹਾਂ ਨਾਲ ਨੇੜਤਾ ਸੀ।

**ਮਾਨਯੋਗ ਸਪੀਕਰ** : ਨਾਮ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ** : ਮੈਂ ਗੱਲ ਲੁਕੋ ਕੇ ਨਹੀਂ ਕਰਦਾ, ਤੁਹਾਡੀ ਕਾਂਗਰਸ ਪਾਰਟੀ ਦਾ ਜੋ ਹਾਲ ਹੋਇਆ ਹੈ, ਤੁਸੀਂ ਜਾਣਦੇ ਹੋ। ਮੈਂ ਕਾਂਗਰਸ ਪਾਰਟੀ ਨੂੰ ਛੱਡ ਕੇ ਆਇਆ ਹਾਂ ਅਤੇ ਹੁਣ ਆਉਣ ਵਾਲੇ ਸਮੇਂ ਵਿਚ ਅਕਾਲੀ ਦਲ ਲਈ ਜੋ ਵੀ ਕਰ ਸਕਦਾ ਹੋਇਆ ਉਹ ਕਰਦਾ ਰਹਾਂਗਾ। ਮੈਂ ਗੱਲ ਕਰ ਰਿਹਾ ਸੀ ਕਿ ਅੱਜ ਛੋਟੇ ਖਿਡਾਰੀ ਨੂੰ ਪੈਦਾ ਕਰਨਾ ਬਹੁਤ ਔਖੀ ਗੱਲ ਹੈ, ਅੱਜ ਮੀਡੀਅਮ ਪਰਵਾਰ ਵਿਚੋਂ ਖਿਡਾਰੀ ਨੂੰ ਪੈਦਾ ਕਰਨਾ ਬਹੁਤ ਔਖੀ ਗੱਲ ਹੈ।

(ਇਸ ਸਮੇਂ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਬੈਠੇ ਬੈਠੇ ਬੋਲ ਰਹੇ ਸਨ)

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇੱਥੇ ਜਿਹੜੇ ** ** ਹਨ, ਉਹ 20-20 ਮਿੰਟ ਲੈ ਜਾਂਦੇ ਹਨ, ਮੈਂ ਤਾਂ ਟੂ-ਦੀ ਪੁਆਇੰਟ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ :** ** ** ਸ਼ਬਦ ਨੂੰ ਵੀ ਕੱਟ ਦਿੱਤਾ ਜਾਵੇ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ :** ਸਪੀਕਰ ਸਾਹਿਬ, ਮੈਂ ਖਿਡਾਰੀਆਂ ਦੀ ਇਸ ਕਰਕੇ ਗੱਲ ਕਰ ਰਿਹਾ ਹਾਂ ਕਿਉਂਕਿ ਮੈਂ ਖੁਦ ਖਿਡਾਰੀ ਰਿਹਾ ਹਾਂ। ਇਸ ਕਰਕੇ ਮੈਨੂੰ ਉਨ੍ਹਾਂ ਨਾਲ ਹਮਦਰਦੀ ਹੈ। ਅਸੀਂ ਸਟੇਡੀਅਮ ਵਿਚ ਨੈਸ਼ਨਲ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ। ਸੋ ਮੈਂ ਇਹ ਗੱਲ ਕਰਨੀ ਜ਼ਰੂਰੀ ਸਮਝਦਾ ਹਾਂ ਕਿਉਂਕਿ ਖਿਡਾਰੀ ਗਰੀਬ ਲੋਕਾਂ ਦੇ ਪਰਿਵਾਰਾਂ ਵਿਚੋਂ ਅਤੇ ਦਰਮਿਆਨੇ ਪਰਿਵਾਰਾਂ ਦੇ ਲੋਕਾਂ ਵਿਚੋਂ ਹੁੰਦੇ ਹਨ ਕਿਉਂਕਿ ਅਮੀਰ ਪਰਿਵਾਰਾਂ ਦੇ ਬੱਚੇ ਖੇਡਾਂ ਵੱਲ ਧਿਆਨ ਨਹੀਂ ਦਿੰਦੇ। ਭਾਵੇਂ ਖੇਡਾਂ ਲਈ ਪੈਸਾ ਰੱਖਿਆ ਗਿਆ ਹੈ, ਭਾਵੇਂ ਕਲੱਬਾਂ ਨੂੰ ਪੈਸੇ ਦੇ ਦਿੱਤੇ ਜਾਣ, ਭਾਵੇਂ ਸੈਂਟਰਾਂ ਦੇ ਕੋਚਾਂ ਨੂੰ ਦੇ ਦਿੱਤੇ ਜਾਣ, ਪਰ ਮੇਰੀ ਜੋ ਰਾਏ ਹੈ, ਜੋ ਮੇਰਾ ਤਜਰਬਾ ਹੈ ਉਹ ਇਹ ਹੈ ਕਿ ਛੋਟੇ ਪੱਧਰ ਦੇ ਖਿਡਾਰੀਆਂ ਦੇ ਇਨਾਮ ਦੀ ਰਾਸ਼ੀ ਵਧਾਉਣੀ ਚਾਹੀਦੀ ਹੈ। ਘੱਟੋ ਘੱਟ ਟੂਰਨਾਮੈਂਟ ਵਿਚ 10,000/- ਤੋਂ 15,000/- ਤੱਕ ਜਿਹੜੀ ਟੀਮ ਜਿੱਤਦੀ ਹੈ, ਉਸ ਨੂੰ ਇਨਾਮ ਦੇਣਾ ਚਾਹੀਦਾ ਹੈ। ਗਰੀਬ ਪਰਿਵਾਰਾਂ ਦੇ ਜਿਹੜੇ ਬੱਚੇ ਖਿਡਾਰੀ ਹਨ, ਉਹ ਆਪਣੇ ਪਿੰਡ ਦੀਆਂ ਗਰਾਊਂਡਾਂ ਵਿਚ ਅਤੇ ਕੱਚੀਆਂ ਫਿਰਨੀਆਂ ਵਿਚ ਦੌੜ ਕੇ ਖਿਡਾਰੀ ਬਣਦੇ ਹਨ। ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਪਹਿਲਵਾਨ ਅਤੇ ਖਿਡਾਰੀ ਪੈਦਾ ਕਰਨੇ ਔਖੇ ਹਨ, ਉਨ੍ਹਾਂ ਦੇ ਇਨਾਮ ਦੀ ਰਾਸ਼ੀ ਨੂੰ ਵਧਾਉਣਾ ਜ਼ਰੂਰੀ ਹੈ। ਜਦੋਂ ਪੰਚਾਇਤੀ ਟੂਰਨਾਮੈਂਟ ਹੁੰਦੇ ਹਨ ਤਾਂ ਇਕ ਟਰੈਕ ਸੂਟ ਜਾਂ ਨਿੱਕਰ ਦੇ ਕੇ ਉਨ੍ਹਾਂ ਨੂੰ ਨਹੀਂ ਟਾਲਿਆ ਜਾਣਾ ਚਾਹੀਦਾ। ਸੋ, ਮੈਂ ਤੁਹਾਡਾ ਧੰਨਵਾਦੀ ਹਾਂ। ਇਕ ਗੱਲ ਹੋਰ, ਸਪੀਕਰ ਸਾਹਿਬ, ਮੈਂ ਕਰਨੀ ਚਾਹੁੰਦਾ ਹਾਂ ਕਿ ਪੇਂਡੂ ਪੱਧਰ ਤੇ ਜੋ ਐਜੂਕੇਸ਼ਨ ਦਾ ਮਿਆਰ ਹੈ, ਉਹ ਬਹੁਤ ਡਿੱਗ ਗਿਆ ਹੈ। ਇਸ ਦੇ ਭਾਵੇਂ ਹੋਰ ਵੀ ਵੱਡੇ ਵੱਡੇ ਕਾਰਨ ਹਨ ਪਰ ਇਕ ਬਹੁਤ ਵੱਡਾ ਕਾਰਨ ਇਹ ਹੈ ਕਿ ਪਿਛਲੇ ਸਮੇਂ ਵਿਚ ਇਹ ਕਾਨੂੰਨ ਬਣਾ ਦਿੱਤਾ ਗਿਆ ਕਿ ਪ੍ਰਾਇਮਰੀ ਪੱਧਰ ਤੱਕ ਕਿਸੇ ਬੱਚੇ ਨੂੰ ਫੇਲ੍ਹ ਨਹੀਂ ਕੀਤਾ ਜਾਵੇਗਾ। ਗਰੀਬ ਲੋਕਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ ਅਤੇ ਅਮੀਰਾਂ ਦੇ ਬੱਚੇ ਕਾਨਵੈਂਟ ਸਕੂਲਾਂ ਵਿਚ ਚਲੇ ਜਾਂਦੇ ਹਨ। ਜਦੋਂ 5ਵੀਂ ਤੱਕ ਬੱਚਾ ਫੇਲ੍ਹ ਹੀ ਨਹੀਂ ਹੋਣਾ ਤਾਂ ਗਰੀਬਾਂ ਦੇ ਬੱਚੇ ਛੇਵੀਂ ਕਲਾਸ ਵਿਚ ਜਾ ਕੇ ਕਿਸ ਤਰ੍ਹਾਂ ਮੈਰਿਟ ਵਿਚ ਆ ਸਕਦੇ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਬੱਚੇ ਦੀ ਫਾਊਂਡੇਸ਼ਨ ਪੱਕੀ ਨਹੀਂ ਤਾਂ ਉਹ ਅੱਗੇ ਜਾ ਕੇ ਕਿਸ ਤਰ੍ਹਾਂ ਕੰਪੀਟੀਸ਼ਨ ਕਰ ਸਕਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਕਾਨੂੰਨ ਨਹੀਂ ਹੋਣਾ ਚਾਹੀਦਾ ਤਾਂ ਕਿ ਬੱਚਿਆਂ ਨੂੰ ਪਤਾ ਲਗ ਸਕੇ ਕਿ ਉਹ ਕਿਥੇ ਸਟੈਂਡ ਕਰਦੇ ਹਨ। ਸਪੀਕਰ ਸਾਹਿਬ, ਸਮਾਂ ਘੱਟ ਮਿਲਿਆ ਹੈ, ਫਿਰ ਵੀ ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਸਰਦਾਰ ਕੁਲਦੀਪ ਸਿੰਘ ਜੀ ਭੱਠਲ।

**ਸਰਦਾਰ ਕੁਲਦੀਪ ਸਿੰਘ ਭੱਠਲ** : ਸਪੀਕਰ ਸਾਹਿਬ, .....।

**ਮਾਨਯੋਗ ਸਪੀਕਰ** : ਤੁਸੀਂ ਕਿਹੜੀ ਡਿਮਾਂਡ ਤੇ ਬੋਲਣਾ ਹੈ?

**ਸਰਦਾਰ ਕੁਲਦੀਪ ਸਿੰਘ ਭੱਠਲ** : ਸਪੀਕਰ ਸਾਹਿਬ, ਮੈਂ ਸਾਰੇ ਐਪਰੋਪਰੀਏਸ਼ਨ ਬਿਲ ਤੇ ਬੋਲਣਾ ਹੈ। ਮੈਂ ਕੱਲ੍ਹ ਬਜਟ ਤੇ ਬੋਲਣਾ ਸੀ ਪਰ ਮੈਨੂੰ ਸਮਾਂ ਨਹੀਂ ਦਿੱਤਾ ਗਿਆ।

**ਮਾਨਯੋਗ ਸਪੀਕਰ** : ਐਪਰੋਪਰੀਏਸ਼ਨ ਬਿਲ ਤਾਂ ਹਾਲੇ ਇੰਟਰੋਡਿਊਸ ਨਹੀਂ ਹੋਇਆ।

**ਸਰਦਾਰ ਕੁਲਦੀਪ ਸਿੰਘ ਭੱਠਲ** : ਮੈਂ ਗਰਾਂਟਸ ਤੇ, ਬਜਟ ਤੇ ਬੋਲਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਤੁਸੀਂ ਹੁਣ ਕਿਹੜੀ ਡਿਮਾਂਡ ਤੇ ਬੋਲ ਰਹੇ ਹੋ?

**ਸਰਦਾਰ ਕੁਲਦੀਪ ਸਿੰਘ ਭੱਠਲ** : ਸਪੀਕਰ ਸਾਹਿਬ, ਮੈਂ ਪਹਿਲੀ ਵਾਰ ਬੋਲਣ ਲੱਗਿਆ ਹਾਂ।

**ਮਾਨਯੋਗ ਸਪੀਕਰ** : ਠੀਕ ਹੈ, ਫਿਰ ਬੋਲੋ ਪਰ ਕਿਸ ਮਹਿਕਮੇ ਤੇ ਬੋਲਣਾ ਹੈ?

**ਸਰਦਾਰ ਕੁਲਦੀਪ ਸਿੰਘ ਭੱਠਲ** : ਮੈਂ ਸਿਹਤ ਸੇਵਾਵਾਂ ਤੇ ਬੋਲਣਾ ਹੈ।

**ਮਾਨਯੋਗ ਸਪੀਕਰ** : ਠੀਕ ਹੈ, ਬੋਲੋ ਸਿਹਤ ਸੇਵਾਵਾਂ ਤੇ।

**ਸਰਦਾਰ ਕੁਲਦੀਪ ਸਿੰਘ ਭੱਠਲ (ਧਨੌਲਾ)** : ਸਪੀਕਰ ਸਾਹਿਬ, ਕੱਲ੍ਹ ਬਜਟ ਤੇ ਬਹੁਤ ਗੱਲਾਂ ਹੋਈਆਂ। ਇਹ ਵੀ ਕਿਹਾ ਗਿਆ ਕਿ ਇਹ ਸ਼ਲਾਘਾਯੋਗ ਬਜਟ ਹੈ, ਕਿਸੇ ਨੇ ਬਜਟ ਦੀ ਨਿੰਦਿਆ ਕੀਤੀ। ਮੈਂ ਬਜਟ ਬਾਰੇ ਤਾਂ ਕੁਝ ਨਹੀਂ ਕਹਿਣਾ ਚਾਹੁੰਦਾ ਲੇਕਿਨ ਇੱਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਵੀਰ ਐਫ.ਐਮ. ਸਾਹਿਬ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਸ਼ਲਾਘਾ ਦੇ ਪਾਤਰ ਹਨ। (ਥੰਪਿੰਗ) ਸਾਰਾ ਕੁਝ ਉਨ੍ਹਾਂ ਦਾ ਸ਼ਲਾਘਾਯੋਗ ਹੈ। ਉਨ੍ਹਾਂ ਦੀ ਉਸਾਰੂ ਸੋਚ ਹੈ, ਉਨ੍ਹਾਂ ਦੀ ਵਿਵਹਾਰਕ ਸ਼ਾਲੀਨਤਾ, ਦਿਆਨਤਦਾਰੀ, ਤਹਿਜ਼ੀਬ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਮਾਂ ਬਾਪ ਤੋਂ ਉਨ੍ਹਾਂ ਨੂੰ ਅੱਛੇ ਸੰਸਕਾਰ ਮਿਲੇ ਹਨ। ਇਹ ਵਧਾਈ ਦੇ ਪਾਤਰ ਹਨ। (ਥੰਪਿੰਗ) ਬਾਦਲ ਸਾਹਿਬ ਨੇ ਇੱਕ ਅੱਛੇ ਬੰਦੇ ਨੂੰ, ਇੱਕ ਰੋਸ਼ਨ ਦਿਮਾਗ ਨੂੰ ਅੱਗੇ ਲਿਆਉਂਦਾ ਹੈ, ਇਹ ਖੁਸ਼ੀ ਦੀ ਗੱਲ ਹੈ। (ਥੰਪਿੰਗ) ਮੈ ਦੋ-ਚਾਰ ਗੱਲਾਂ ਕਰਨੀਆਂ ਚਾਹੁੰਦਾ ਹਾਂ। ਮੈਂ ਕੋਈ ਨੁਕਤਾਚੀਨੀ ਕਰਨ ਲਈ ਨਹੀਂ ਉਠਿਆ। ਕੁਝ ਅਜਿਹੇ ਨੁਕਤੇ ਹਨ ਜਿਹੜੇ ਮੈਂ ਸਾਂਝੇ ਕਰਨੇ ਚਾਹੁੰਦਾ ਹਾਂ, ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਮੈਨੂੰ ਸਿਹਤ ਸੇਵਾਵਾਂ ਤੇ ਬੋਲਣ ਦੀ ਆਗਿਆ

Original with;
Punjab Vidhan Sabha
Digitized by;
Panjab Digital Library

ਮਿਲੀ ਹੈ। ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਹਸਪਤਾਲ ਮਿਊਂਸਿਪਲ ਕਾਰਪੋਰੇਸ਼ਨ ਟਾਊਨ ਅਧੀਨ ਆਉਂਦੇ ਹਨ, ਉਨ੍ਹਾਂ ਨੂੰ ਅਪਗਰੇਡ ਕਰਕੇ ਉਨ੍ਹਾਂ ਦੇ ਲਈ 11.37 ਲੱਖ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੇ 70% ਗਰੀਬ ਲੋਕ ਜਿਹੜੇ ਹਨ, ਉਹ ਛੋਟੇ ਸ਼ਹਿਰਾਂ ਦੇ ਹਸਪਤਾਲਾਂ ਤੇ ਨਿਰਭਰ ਹਨ, ਮੈਂ ਮਿਸਾਲ ਦੇਣੀ ਚਾਹੁੰਦਾ ਹਾਂ। ਸ਼ਹੀਦੇ-ਆਜ਼ਮ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਜਨਮ-ਭੂਮੀ ਲੌਂਗੋਵਾਲ ਹੈ। ਇਹ ਮੇਰੇ ਹਲਕੇ ਵਿਚ ਹੈ।

*11.42 ਵਜੇ ਪੂਰਵ ਦੁਪਹਿਰ

(ਇਸ * ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)।

ਮੇਰੀ ਬੇਨਤੀ ਹੈ ਕਿ ਪੰਜ ਵੱਡੀਆਂ ਕਾਰਪੋਰੇਸ਼ਨਾਂ ਦੇ ਨਾਲ ਨਾਲ ਸਾਨੂੰ ਛੋਟੇ ਸ਼ਹਿਰਾਂ, ਟਾਊਨਾਂ ਦੇ ਹਸਪਤਾਲਾਂ ਨੂੰ ਠੀਕ ਕਰਨ ਲਈ ਵੀ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ। ਮੈਂ ਲੌਂਗੋਵਾਲ ਦੀ ਗੱਲ ਕੀਤੀ ਹੈ। ਮੈਨੂੰ ਦੁਖ ਹੁੰਦਾ ਹੈ ਕਿ ਲੌਂਗੋਵਾਲ ਦਾ ਹਸਪਤਾਲ 30 ਬੈਡਿਡ ਹਸਪਤਾਲ ਹੈ ਪਰ ਉਸ ਦੀ ਹਾਲਤ ਬਹੁਤ ਮਾੜੀ ਹੈ। ਪੰਜ ਸਪੈਸ਼ਲ ਡਾਕਟਰਾਂ ਦੀ ਪੋਸਟਾਂ ਹਨ ਪਰ ਇੱਕ ਵੀ ਤੈਨਾਤ ਨਹੀਂ। ਇੱਕ ਮੈਡੀਕਲ ਅਫਸਰ ਹੈ ਔਰ ਐਮਰਜੰਸੀ ਦੀ ਜੋ ਸਹੂਲਤ ਹੈ, ਉਹ ਵੀ ਤਕਰੀਬਨ ਬੰਦ ਪਈ ਹੈ। ਉਥੇ ਇਨਫਰਾਸਟਰਕਚਰ ਵੀ ਟੁੱਟਿਆ ਪਿਆ ਹੈ ਅਤੇ ਸਟਾਫ ਵੀ ਨਾ-ਮਾਤਰ ਹੈ। ਉਥੇ ਅੱਜ ਦੇ ਸਮੇਂ ਵਿਚ ਕੋਈ ਸਹੂਲਤ ਨਹੀਂ ਮਿਲ ਰਹੀ। ਹਾਲਤ ਇੰਨੀ ਬਦਤਰ ਹੋ ਗਈ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਇੱਥੇ ਜਿੰਦਰਾ ਹੀ ਲੱਗਿਆ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਸ਼ਹੀਦੇ-ਆਜ਼ਮ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਬਰਸੀ ਆ ਰਹੀ ਹੈ, ਮੈਂ ਸਨਿਮਰ ਬੇਨਤੀ ਕਰਦਾ ਹਾਂ ਕਿ ਮੁੱਖ ਮੰਤਰੀ ਜੀ ਇਸ ਬਰਸੀ ਤੋਂ ਪਹਿਲਾਂ ਪਹਿਲਾਂ ਇਸ ਹਸਪਤਾਲ ਦੀ ਦਸ਼ਾ ਸੁਧਾਰਨ ਵੱਲ ਵਿਸ਼ੇਸ਼ ਧਿਆਨ ਦੇਣ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਹੁਤ ਜ਼ਰੂਰੀ ਗੱਲ ਹੈ। ਇੱਕ ਹੋਰ ਬੇਨਤੀ ਇਹ ਹੈ ਕਿ ਇੰਨੀ ਵੱਡੀ ਕੁਰਬਾਨੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਸ਼ਹੀਦੇ -ਆਜ਼ਮ ਨੇ ਕੀਤੀ, ਪੰਜਾਬ ਲਈ ਉਨ੍ਹਾਂ ਜਾਨ ਦਿੱਤੀ, ਉਨ੍ਹਾਂ ਦੇ ਪਿੰਡ ਲੌਂਗੋਵਾਲ ਦੀ ਡਿਵੈਲਪਮੈਂਟ ਵਾਸਤੇ 47 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ ਪਰ ਉਸ ਨੂੰ ਹੁਣ ਵਾਪਸ ਕਰਨ ਦੇ ਹੁਕਮ ਕੀਤੇ ਗਏ ਹਨ। ਇਹ ਸਾਰਾ ਪੈਸਾ ਮਿਊਂਸਿਪਲ ਕਮੇਟੀ ਦੇ ਅਕਾਊਂਟ ਵਿਚ ਜਮ੍ਹਾਂ ਹੋ ਚੁੱਕਾ ਹੈ। ਮੈਂ ਸਮਝਦਾ ਹਾਂ ਕਿ ਸ਼ਹੀਦੇ-ਆਜ਼ਮ ਦੀ ਬਰਸੀ ਤੋਂ ਪਹਿਲਾਂ ਪਹਿਲਾਂ ਇਸ ਪਾਸੇ ਧਿਆਨ ਦਿੱਤਾ ਜਾਵੇ, ਗਲੀਆਂ ਨਾਲੀਆਂ ਪੱਕੀਆਂ ਕੀਤੀਆਂ ਜਾਣ, ਡਿਵੈਲਪਮੈਂਟ ਕੀਤੀ ਜਾਵੇ।

ਇਸ ਤੋਂ ਬਾਅਦ ਇੱਕ ਦੋ ਗੱਲਾਂ ਬਾਰੇ ਮੈਂ ਧਿਆਨ ਦਿਵਾਉਣਾ ਚਾਹਾਂਗਾ। ਕੱਲ੍ਹ ਡਰੱਗ ਐਡਿਕਸ਼ਨ ਦੇ ਬਾਰੇ ਗੱਲ ਕੀਤੀ ਗਈ ਸੀ। ਮੈਂ ਸਮੁੱਚੇ ਸਦਨ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਦੋ-ਤਿੰਨ ਚੀਜ਼ਾਂ ਹਨ, ਜਿਨ੍ਹਾਂ ਵੱਲ ਸਾਡਾ ਧਿਆਨ ਨਹੀਂ ਜਾ ਰਿਹਾ ਹੈ, ਜਿਨ੍ਹਾਂ ਨੂੰ ਸੀਰੀਅਸਲੀ ਨਹੀਂ ਲਿਆ ਜਾ ਰਿਹਾ। ਅੱਜ ਸਾਡਾ ਨੌਜਵਾਨ ਇੰਨੀ ਬੁਰੀ ਤਰ੍ਹਾਂ ਨਸ਼ਿਆਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਕੁਲਦੀਪ ਸਿੰਘ ਭੱਠਲ ]

ਵਿਚ ਗਲਤਾਨ ਹੁੰਦਾ ਜਾ ਰਿਹਾ ਹੈ ਕਿ ਕਿਸੇ ਵਕਤ ਸਾਡੇ ਤੇ ਹਮਲਾ ਕਰਕੇ ਸਾਡਾ ਦੇਸ਼ ਗੁਲਾਮ ਬਣਾਇਆ ਗਿਆ ਸੀ। ਅੱਜ ਫਿਰ ਉਨ੍ਹਾਂ ਮੁਲਕਾਂ ਵੱਲੋਂ ਸਾਡੇ ਤੇ ਸਭਿਆਚਾਰਕ ਹਮਲਾ ਹੋਇਆ ਹੈ ਜਿਹੜਾ ਨਜ਼ਰ ਨਹੀਂ ਆ ਰਿਹਾ। ਉਸ ਦੀ ਭਿਆਨਕਤਾ ਦਾ ਕਿਸੇ ਨੂੰ ਅਹਿਸਾਸ ਨਹੀਂ ਹੈ। ਸਾਡੇ ਨੌਜਵਾਨਾਂ ਨੂੰ ਉਹ ਬੁਰੀ ਤਰ੍ਹਾਂ ਨਾਲ ਨਸ਼ਿਆਂ ਵਿਚ ਗਲਤਾਨ ਕਰੀ ਜਾ ਰਹੇ ਹਨ, ਲੱਤ ਲਾਈ ਜਾਂਦੇ ਹਨ ਕਿ ਕਈ ਵਾਰ ਉਨ੍ਹਾਂ ਨੂੰ ਸੰਗਲ ਲਗਾ ਕੇ ਘਰ ਵਿਚ ਰੱਖਣਾ ਪੈਂਦਾ ਹੈ। ਜੇਕਰ ਸਾਡਾ ਆਉਣ ਵਾਲਾ ਭਵਿੱਖ ਇਸ ਤਰ੍ਹਾਂ ਦਾ ਹੋਏਗਾ ਤਾਂ ਪੰਜਾਬ ਕਿਤੇ ਨਜ਼ਰ ਨਹੀਂ ਆਏਗਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਇਸ ਲਈ ਰੱਖਿਆ ਗਿਆ ਹੈ, ਉਹ ਬਹੁਤ ਨਾਕਾਫੀ ਹੈ। ਇਸ ਨੂੰ ਅਜਿਹਾ ਮੁੱਦਾ ਬਣਾ ਕੇ ਇਸ ਲਈ ਬਹੁਤ ਜ਼ਿਆਦਾ ਪੈਸੇ ਰੱਖਣੇ ਚਾਹੀਦੇ ਹਨ। ਇਸ ਉਤੇ ਸਪੈਸ਼ਲੀ ਵਿਸ਼ੇਸ਼ ਕਮੇਟੀ ਬਣਾਈ ਜਾਣੀ ਚਾਹੀਦੀ ਹੈ।

ਇੱਕ ਗੱਲ ਮੈਂ ਹੋਰ ਕਹਿਣੀ ਚਾਹਾਂਗਾ ਕਿਉਂਕਿ ਵਾਰ ਵਾਰ ਇਸ ਗੱਲ ਦਾ ਜ਼ਿਕਰ ਹੁੰਦਾ ਹੈ ਕਿ ਸਾਡੇ ਕੋਲ ਰਿਸੋਰਸਿਜ਼ ਬਹੁਤ ਘੱਟ ਹਨ। ਵਾਕਿਆ ਹੀ ਇਹ ਸਹੀ ਗੱਲ ਹੈ। ਮਨਪ੍ਰੀਤ ਜੀ ਨੇ ਇਹ ਗੱਲ ਬਹੁਤ ਹੀ ਅੱਛੀ ਤਰ੍ਹਾਂ ਸਮਝਾਈ ਸੀ ਕਿ ਇਸ ਪੁਜ਼ੀਸ਼ਨ ਦੇ ਵਿਚ ਮੈਂ ਬਹੁਤ ਅੱਛਾ ਬਜਟ ਨਹੀਂ ਦੇ ਪਾ ਰਿਹਾ। ਮੈਂ ਇਕ ਬੇਨਤੀ ਕਰਨੀ ਚਾਹਾਂਗਾ ਕਿ ਮੈਂ ਇੱਕ ਛੋਟਾ ਜਿਹਾ ਅਨੈਲਸਿਸ ਕੀਤਾ ਹੈ, ਉਹ ਮੈਂ ਇਨ੍ਹਾਂ ਨਾਲ ਸ਼ੇਅਰ ਕਰਨਾ ਚਾਹਾਂਗਾ। ਜਿਹੜੀ ਨਵੇਂ ਟੈਕਸ ਲਗਾਉਣ ਦੀ ਗੱਲ ਕੀਤੀ ਗਈ ਹੈ, ਮੈਂ ਦੇਖਿਆ ਹੈ ਕਿ ਜਿੰਨੇ ਟੈਕਸ ਅੱਜ ਦੀ ਡੇਟ ਵਿਚ ਸਾਡੇ ਪੰਜਾਬ ਵਿਚ ਲੱਗੇ ਹੋਏ ਹਨ, ਜੇ ਕਿਤੇ ਤੁਸੀਂ ਡੈਪਥ ਵਿੱਚ ਜਾ ਕੇ ਦੇਖੋ, ਹੋ ਸਕਦਾ ਹੈ ਮੇਰੀ ਫਿਗਰ ਗਲਤ ਹੋਵੇ, ਲੇਕਿਨ ਨੇੜੇ ਤੇੜੇ ਜ਼ਰੂਰ ਹੋਵੇਗੀ। ਜੋ ਸਾਡੀ ਟੈਕਸ ਰਿਕਵਰੀ ਹੈ, ਉਹ 30-35-40% ਤੋਂ ਅੱਗੇ ਕਦੇ ਵੀ ਨਹੀਂ ਗਈ, ਪਿਛਲੀਆਂ ਸਾਰੀਆਂ ਸਰਕਾਰਾਂ ਦੇ ਸਮੇਂ ਵੀ ਨਹੀਂ ਗਈ, ਚਾਹੇ ਉਹ ਕਾਂਗਰਸ ਦੀ ਸਰਕਾਰ ਸੀ ਜਾਂ ਅਕਾਲੀ ਸਰਕਾਰ ਸੀ। ਜੋ ਸਾਡਾ ਇਸ ਵੇਲੇ ਟੈਕਸ ਸਟ੍ਰਕੱਚਰ ਹੈ, ਜੇ ਉਸ ਨੂੰ ਪੂਰੀ ਤਰ੍ਹਾਂ ਰਿਕਵਰ ਕਰ ਲਿਆ ਜਾਵੇ, 90 ਪ੍ਰਤੀਸ਼ਤ ਕਰ ਲਿਆ ਜਾਵੇ ਤਾਂ ਸਾਡੇ ਕੋਲ ਰਿਸੋਰਸਿਜ਼ ਦੀ ਬਿਲਕੁੱਲ ਕਮੀ ਨਹੀਂ ਰਹੇਗੀ। ਇਹ ਮੇਰਾ ਸੁਜੈਸ਼ਨ ਹੈ, ਮੇਰੀ ਬੇਨਤੀ ਵੀ ਹੈ।

ਇਸ ਤੋਂ ਇਲਾਵਾ ਐਜੂਕੇਸ਼ਨ ਦੇ ਬਾਰੇ ਵਿਚ ਸ਼ੈਡਿਊਲਡ ਕਾਸਟਾਂ ਦੀ ਵੋਕੇਸ਼ਨਲ ਟਰੇਨਿੰਗ ਵਾਸਤੇ ਸੱਤ ਕਰੋੜ ਰੁਪਏ ਰੱਖੇ ਗਏ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਪੇਂਡੂ ਲੋਕ ਹਨ, ਗਰੀਬੀ ਰੇਖਾ ਤੋਂ ਵੀ ਬਹੁਤ ਜ਼ਿਆਦਾ ਥੱਲੇ ਹਨ, ਉਹ ਦੇਸੀ ਸਕੂਲਾਂ ਵਿਚ ਹੀ ਬੱਚੇ ਪੜ੍ਹਾਉਂਦੇ ਹਨ। ਅੰਗਰੇਜ਼ੀ ਸਕੂਲਾਂ ਵਿੱਚ ਤਾਂ ਅਮੀਰ ਲੋਕਾਂ ਦੇ ਬੱਚੇ ਪੜ੍ਹਦੇ ਹਨ। ਉਨ੍ਹਾਂ ਦੇ ਵਾਸਤੇ ਥੋੜ੍ਹੇ ਹੋਰ ਫੰਡ ਰੱਖੇ ਜਾਣੇ ਚਾਹੀਦੇ ਹਨ ਕਿਉਂਕਿ ਜਿਹੜਾ ਸਾਡਾ ਗਰੀਬ ਤਬਕਾ ਹੈ, ਜੇਕਰ ਉਹ ਪੜ੍ਹ ਲਿਖ ਕੇ ਉਪਰ ਨਹੀਂ ਆਵੇਗਾ ਤਾਂ ਇਹ ਸਾਡੇ ਲਈ ਬਹੁਤ ਵੱਡੀ ਘਾਟੇ ਵਾਲੀ ਗੱਲ ਹੋਵੇਗੀ।

Original with;
Punjab Vidhan Sabha
Digitized by;
Panjab Digital Library

ਇੱਕ ਮੁੱਦਾ ਹੋਰ ਹੈ, ਜੋ ਕਿਸੇ ਨੇ ਅੱਜ ਤੱਕ ਨਹੀਂ ਉਠਾਇਆ। ਮੈਂ ਬਹੁਤ ਸ਼ਿਦਤ ਨਾਲ ਇਸ ਨੂੰ ਮਹਿਸੂਸ ਕਰ ਰਿਹਾ ਹਾਂ। ਮੈਂ ਹੁਣੇ ਗੱਲ ਕਰ ਰਿਹਾ ਸੀ ਕਿ ਅੱਜ ਸਾਡੇ ਉਤੇ ਬਹੁਤ ਵੱਡਾ ਸਭਿਆਚਾਰਕ ਹਮਲਾ ਕੀਤਾ ਜਾ ਰਿਹਾ ਹੈ। ਇਹ ਹਮਲਾ ਕੀ ਹੈ? ਤੁਸੀਂ ਨਿਗਾਹ ਮਾਰ ਕੇ ਦੇਖ ਲਵੋ। ਅੱਜ ਤੁਹਾਡੇ ਬੱਚਿਆਂ ਦੀ ਵੇਸ਼-ਭੂਸ਼ਾ ਬਦਲ ਰਹੀ ਹੈ, ਉਨ੍ਹਾਂ ਦੀ ਬੋਲੀ ਬਦਲੀ ਜਾ ਰਹੀ ਹੈ। ਉਨ੍ਹਾਂ ਦੀ ਪਸੰਦ ਨਾਪਸੰਦ ਬਦਲੀ ਜਾ ਰਹੀ ਹੈ। ਟੀ.ਵੀ. ਦੇ ਮਾਧਿਆਮ ਰਾਹੀਂ ਵੈਸਟਰਨ ਕੰਟਰੀਜ਼ ਵਾਲੇ ਇਹ ਕਰ ਰਹੇ ਹਨ। ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਹੋਰ ਥੋੜ੍ਹੇ ਸਾਲਾਂ ਤੱਕ ਤੁਹਾਨੂੰ ਆਪਣੀ ਪਛਾਣ ਨਾਗਵਾਰ ਹੋ ਜਾਵੇਗੀ। ਸਾਡਾ ਸਭਿਆਚਾਰ ਜੋ ਪੂਰੀ ਦੁਨੀਆਂ ਵਿਚ ਮਸ਼ਹੂਰ ਹੈ, ਉਹ ਅਲੋਪ ਹੋ ਜਾਵੇਗਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ। ਮੁੱਖ ਮੰਤਰੀ ਜੀ ਬੈਠੇ ਹਨ, ਡਿਪਟੀ ਸਪੀਕਰ ਸਾਹਿਬ, ਇਹ ਮੇਰੀ ਪੁਰਜ਼ੋਰ ਮੰਗ ਹੈ ਕਿ ਅੱਜ ਜੋ ਅਸ਼ਲੀਲਤਾ ਸਾਡੇ ਦਸ ਗੁਰੂਆਂ ਦੇ ਪੰਜਾਬ ਦੀ ਫਿਜ਼ਾ ਵਿੱਚ ਜ਼ਹਿਰ ਦੀ ਤਰ੍ਹਾਂ ਘੋਲੀ ਜਾ ਰਹੀ ਹੈ, ਇਸ ਲਈ ਜ਼ਰੂਰ ਕੋਈ ਨਾ ਕੋਈ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨੂੰ ਚੈਕ ਕਰਨ ਤੋਂ ਬਾਅਦ ਜਿਹੜੇ ਵੀ ਲੋਕ, ਜਿਹੜੇ ਵੀ ਚੈਨਲ ਇਸ ਤਰ੍ਹਾਂ ਸਾਡੇ ਪੰਜਾਬ ਵਿਚ ਜ਼ਹਿਰ ਫੈਲਾਅ ਰਹੇ ਹਨ, ਉਨ੍ਹਾਂ ਤੇ ਬਿਲਕੁੱਲ ਰੋਕ ਲਗਾਈ ਜਾਣੀ ਚਾਹੀਦੀ ਹੈ, ਇਹ ਮੇਰੀ ਬੇਨਤੀ ਹੈ।

ਮੈਂ ਬੜੇ ਸਮੇਂ ਬਾਅਦ ਪਹਿਲੀ ਵਾਰੀ ਬੋਲਣ ਲੱਗਿਆਂ ਹਾਂ ਜੇਕਰ ਟਾਈਮ ਥੋੜ੍ਹਾ ਹੈ ਤਾਂ ਮੈਂ ਆਪਣੇ ਪੁਆਇੰਟ ਵਿੱਚ ਹੀ ਛੱਡ ਦਿੰਦਾ ਹਾਂ। ਲੇਕਿਨ ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਇਸੇ ਲਈ ਬਹੁਤ ਦੇਰ ਬਾਅਦ ਬੋਲਿਆਂ ਹਾਂ ਕਿਉਂਕਿ ਮੇਰੇ ਦਿਲ ਵਿੱਚ ਸੀ ਕਿ ਬਹੁਤ ਵੱਡੇ ਵੱਡੇ ਇਥੇ ਲੀਡਰ ਹਨ, ਮੈਂ ਉਨ੍ਹਾਂ ਤੋਂ ਕੁਝ ਸਿੱਖਾਂਗਾ। ਕਿਉਂਕਿ ਜਦੋਂ ਬੱਚਾ ਪਹਿਲੀ ਵਾਰ ਸਕੂਲ ਆਉਂਦਾ ਹੈ ਤਾਂ ਉਹ ਦੇਖਦਾ ਹੈ। ਇਥੇ ਬਹੁਤ ਵੱਡੇ ਸੀਨੀਅਰ ਲੋਕ ਹਨ। ਮੈਂ ਸੋਚਿਆ ਸੀ ਕਿ ਬਹੁਤ ਵੱਡੀ ਗੱਲਬਾਤ ਹੋਏਗੀ, ਇਸ ਲਈ ਉਨ੍ਹਾਂ ਨੂੰ ਸੁਣਿਆ ਜਾਵੇ। ਇਹ ਇੱਕ ਪਾਸੇ ਦੀ ਗੱਲ ਹੈ ਲੇਕਿਨ ਇੱਕ ਗੱਲ ਦਾ ਮੈਨੂੰ ਬੜਾ ਅਫਸੋਸ ਹੋਇਆ, ਦੁਖ ਹੋਇਆ ਕਿ ਸਾਨੂੰ ਜਿਹੜੇ ਲੋਕ ਚੁਣ ਕੇ ਭੇਜਦੇ ਹਨ, ਪੰਜਾਂ ਸਾਲਾਂ ਲਈ ਲੋਕ ਆਪਣਾ ਭਵਿੱਖ ਸਾਡੇ ਹੱਥਾਂ ਵਿਚ ਫੜਾਉਂਦੇ ਹਨ। ਮੈਂ ਇਕ ਗੱਲ ਹੋਰ ਸਾਰੇ ਹਾਊਸ ਨੂੰ ਹੱਥ ਜੋੜ ਕੇ ਦਿਲ ਦੀਆਂ ਡੂੰਘਾਈਆਂ ਤੋਂ ਕਹਿਣੀ ਚਾਹੁੰਦਾ ਹਾਂ ਕਿ ਇਸ ਇਲੈਕਸ਼ਨ ਵਿਚ ਪਹਿਲੀ ਵਾਰ ਬਹੁਤ ਡੀਪ ਵਿਚ ਜਾ ਕੇ, ਪਿੰਡਾਂ ਵਿਚ ਜਾ ਕੇ ਮੈਂ ਦੇਖਿਆ ਹੈ ਕਿ ਸਾਡਾ ਪੰਜਾਬ ਜਿਹੜਾ ਕਿ ਖੁਸ਼ਹਾਲੀ ਲਈ ਜਾਣਿਆ ਜਾਂਦਾ ਸੀ ਅੱਜ ਸਾਡੇ ਪਿੰਡਾਂ ਦੀ ਹਾਲਤ ਇਹ ਹੈ ਕਿ ਇਕ ਐਸਾ ਵਰਗ ਮੌਜੂਦ ਹੋ ਗਿਆ ਹੈ ਜਿਨ੍ਹਾਂ ਦੀ ਹਾਲਤ ਨੂੰ ਦੇਖ ਕੇ ਦਿਲ ਕੰਬ ਉਠਦਾ ਹੈ। ਮੈਨੂੰ ਇਕ ਔਰਤ ਮਿਲੀ ਜਿਸ ਦੇ ਪਰਿਵਾਰ ਦਾ ਕੋਈ ਵੀ ਜਿਉਂਦਾ ਨਹੀਂ ਸੀ, ਦੋ ਛੋਟੇ ਛੋਟੇ ਬੱਚੇ ਸਨ, ਉਸ ਦੀਆਂ ਦੋਵੇਂ ਬਾਹਵਾਂ ਕੱਟੀਆਂ ਹੋਈਆਂ ਸਨ। ਉਸ ਦੀਆਂ ਅੱਖਾਂ ਵਿਚ ਬੇਬਸੀ ਦਿਖਾਈ ਦੇ ਰਹੀ ਸੀ। ਮੇਰੇ ਸਾਹਮਣੇ ਉਸ ਦਾ ਚਿਹਰਾ ਕਿੰਨੀ ਦੇਰ ਘੁੰਮਦਾ ਰਿਹਾ। ਇਕ ਹੋਰ ਬੰਦਾ ਜਿਸ ਨੂੰ ਕੈਂਸਰ ਹੋਇਆ ਸੀ ਉਹ 10-15 ਦਿਨ ਜਾਂ ਮਹੀਨੇ ਤੱਕ ਦਾ ਮਹਿਮਾਨ ਸੀ। ਉਸ ਨੇ ਮੇਰੇ ਤੋਂ ਪੈਸੇ ਮੰਗੇ। ਮੈਂ ਉਸ ਨੂੰ ਪੁੱਛਿਆ

Original with;
Punjab Vidhan Sabha
Digitized by;
Panjab Digital Library

[ ਸਰਦਾਰ ਕੁਲਦੀਪ ਸਿੰਘ ਭੱਠਲ ]

ਤੁਹਾਨੂੰ ਪੈਸੇ ਦੀ ਕੀ ਜ਼ਰੂਰਤ ਹੈ ਤਾਂ ਉਸ ਨੇ ਦੱਸਿਆ ਕਿ ਮੇਰੇ ਕੋਲ ਇਕ ਮਹੀਨੇ ਦਾ ਖਾਣ ਦਾ ਇੰਤਜ਼ਾਮ ਨਹੀਂ ਹੈ। ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਜੋ ਗਰੀਬ ਦੀ ਲਾਹਨਤ ਹੈ, ਇਹ ਜੋ ਬੇਬਸੀ ਹੈ, ਜਦੋਂ ਅਸੀਂ ਚੁਣ ਕੇ ਆਉਂਦੇ ਹਾਂ ਤਾਂ ਉਨ੍ਹਾਂ ਲੋਕਾਂ ਦੀਆਂ ਅੱਖਾਂ ਵਿਚ ਸੁਪਨਾ ਜਾਗ ਜਾਂਦਾ ਹੈ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਜ਼ਰੂਰ ਸਾਡੀ ਇਹ ਸਾਰ ਲੈਣਗੇ। ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ.....

**ਮਾਨਯੋਗ ਡਿਪਟੀ ਸਪੀਕਰ :** ਭੱਠਲ ਸਾਹਿਬ, ਵਾਈਂਡ ਅੱਪ ਕਰੋ।

**ਸਰਦਾਰ ਕੁਲਦੀਪ ਸਿੰਘ ਭੱਠਲ :** ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਜਿਹੜਾ ਉਹ ਵਰਗ ਹੈ ਉਸ ਦੀ ਕਿਸੇ ਨੂੰ ਵੀ ਪ੍ਰਵਾਹ ਨਹੀਂ ਹੁੰਦੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਲੋਕਾਂ ਵੱਲ ਦੇਖੀਏ ਜਿਨ੍ਹਾਂ ਵਾਸਤੇ ਸਾਡੀ ਜ਼ਿੰਮੇਵਾਰੀ ਬਣਦੀ ਹੈ ਪਰ ਇਸ ਵਾਸਤੇ ਇਥੇ ਐਨਰਜੀ ਬਹੁਤ ਘੱਟ ਯੂਜ਼ ਕੀਤੀ ਜਾਂਦੀ ਹੈ। ਇਸ ਗੱਲ ਵੱਲ ਬਹੁਤਾ ਜ਼ੋਰ ਹੈ ਕਿ ਕੌਣ ਕੀ ਬੋਲਦਾ ਹੈ ਉਸ ਨੂੰ ਕੱਟਿਆ ਜਾਵੇ। ਜਿਵੇਂ ਤੋਪ ਦਾ ਨਿਸ਼ਾਨਾ ਸਾਧ ਕੇ ਬੈਠਦੇ ਹਨ ਕਿ ਕਿਹੜਾ ਤਰੀਕਾ ਹੋਵੇ ਮੈਂ ਇਸ ਬੋਲਣ ਵਾਲੇ ਤੇ ਵਾਰ ਕਰਾਂ। ਮੈਂ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਇਸ ਵੇਲੇ ਐਸੀ ਭਿਆਨਕ ਦਸ਼ਾ ਵੱਲ ਵੱਧ ਰਿਹਾ ਹੈ, ਇਸ ਲਈ ਕਿਸੇ ਇਕ ਸਰਕਾਰ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਅਕਾਲੀ ਪਾਰਟੀ ਜਾਂ ਕਾਂਗਰਸ ਪਾਰਟੀ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਬਹੁਤ ਸਮੇਂ ਤੋਂ ਵੋਟਰਾਂ ਨੂੰ ਪ੍ਰੇਰਿਤ ਕਰਨ ਲਈ ਪਾਪੂਲਿਸਟ ਮਈਅਰਜ਼ ਵੱਲ ਬਹੁਤਾ ਧਿਆਨ ਅਸੀਂ ਲਗਾਉਂਦੇ ਹਾਂ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਜੋ ਪੁਜ਼ੀਸ਼ਨ ਹੈ ਉਸ ਨਾਲ ਪੰਜਾਬ ਦੇ ਕਿਸਾਨ ਜਿਹੜੇ ਹਨ ਉਹ ਸੀਰੀ ਬਣਨ ਲੱਗ ਗਏ ਹਨ ਜੇ ਇਹੀ ਪੁਜ਼ੀਸ਼ਨ ਚਲਦੀ ਰਹੀ ਤਾਂ ਜਿਹੜੇ ਪੰਜਾਬ ਨੂੰ ਖੁਸ਼ਹਾਲੀ ਲਈ ਜਾਣਿਆ ਜਾਂਦਾ ਹੈ ਉਸ ਦੇ ਉਹ ਲੋਕ ਭਿਖਾਰੀ ਬਣੇ ਹੋਣਗੇ। ਫਿਰ ਅਸੀਂ ਕਿਸ ਤੇ ਰਾਜ ਕਰਾਂਗੇ, ਭਿਖਾਰੀਆਂ ਤੇ? ਫਿਰ ਅਸੀਂ ਕਿਹੜੇ ਵਿਰਸੇ ਤੇ ਮਾਣ ਕਰਾਂਗੇ? ਮੈਂ ਦੋਹਾਂ ਧਿਰਾਂ ਨੂੰ ਹੱਥ ਜੋੜ ਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰਿਸ਼ੀਆਂ ਮੁਨੀਆਂ ਦਾ ਭਾਰਤ ਦੇਸ਼ ਹੈ ਅਤੇ ਇਸ ਦਾ ਇਕ ਬਹੁਤ ਅਮੀਰ ਵਿਰਸਾ ਹੈ। ਇਸ ਵਾਸਤੇ ਆਓ ਅਸੀਂ ਆਪਣੇ ਹਿੱਤਾਂ ਤੋਂ ਉਪਰ ਉੱਠੀਏ। ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਵੀ ਕਿਹਾ ਹੈ ਕਿ ਜਿਥੋਂ ਅਰਥਚਾਰੇ ਦਾ ਸਬੰਧ ਸ਼ੁਰੂ ਹੁੰਦਾ ਹੈ ਉਥੇ ਵੈਰ ਭਾਵਨਾ ਨੂੰ ਤਿਆਗ ਕੇ ਇਸ ਡੁੱਬਦੇ ਹੋਏ ਪੰਜਾਬ ਨੂੰ ਬਚਾਉਣ ਲਈ ਇਸ ਪਾਸੇ ਸਾਰੇ ਆਉਣ ਅਤੇ ਆਪਣੇ ਹਿਤਾਂ ਨੂੰ ਪਰ੍ਹੇ ਰੱਖ ਕੇ ਇਕ ਅਲੱਗ ਪੌੜੀ ਬਣਾਈ ਜਾਵੇ ਤਾਂ ਕਿ ਪੰਜਾਬ ਦੇ ਸੁਨਿਹਰੀ ਦਿਨ ਵਾਪਸ ਪਰਤ ਆਉਣ ਅਤੇ ਰਾਜ ਕਰਨਾ ਵੀ ਚੰਗਾ ਲੱਗੇ। ਜਿਥੋਂ ਤੱਕ ਨੁਕਤਾਚੀਨੀ ਦੀ ਗੱਲ ਹੈ ਇਕ ਦੂਜੇ ਉਪਰ ਤੋਪਾਂ ਸਾਧ ਕੇ ਬੈਠਣ ਵਾਲੀ ਗੱਲ ਹੈ ਸਾਰਾ ਸਦਨ ਇਸ ਤੋਂ ਉਪਰ ਉੱਠੇ, ਇਹ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ। (ਥੰਪਿੰਗ) ਇਸ ਪੰਜਾਬ ਨੂੰ ਬਚਾਉਣ ਲਈ ਸਾਰੇ ਹਿਤਾਂ ਨੂੰ ਛੱਡ ਕੇ, ਸਾਰੀਆਂ ਨਫ਼ਰਤਾਂ ਨੂੰ ਭੁਲਾ ਕੇ ਇਕ ਨਵਾਂ ਅਧਿਆਇ ਸ਼ੁਰੂ ਕਰੀਏ। ਰਾਜਨੀਤੀ ਦੀ ਗੱਲ ਬਹੁਤ ਛੋਟੀ ਗੱਲ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ

Original with;
Punjab Vidhan Sabha
Digitized by;
Panjab Digital Library

ਦੇਸ਼ ਦੀ ਜਿਹੜੀ ਵਿਰਾਸਤ ਹੈ, ਇਸ ਸ਼ਾਹਾਨਾ ਵਿਰਾਸਤ ਨੂੰ ਬਹੁਤ ਵੱਡਾ ਦਰਜਾ ਦਿੱਤਾ ਗਿਆ ਹੈ ਇਸ ਨੂੰ ਅੱਗੇ ਲਿਆਈਏ। ਆਮ ਲੋਕ ਚੋਟਾਂ ਸਹਿਣ ਵਾਲੇ ਹੁੰਦੇ ਹਨ। ਚੋਟਾਂ ਮਾਰ ਦਿੱਤੀਆਂ ਤਾਂ ਇਹ ਨਾ ਸਮਝੀਏ ਕਿ ਅਸੀਂ ਵੱਡੇ ਹੋ ਗਏ। ਜਿਹੜਾ ਹਥੌੜਾ ਹੈ ਉਹ ਜ਼ਮੀਨ ਉਪਰ ਚੋਟਾਂ ਮਾਰ ਮਾਰ ਕੇ ਟੁੱਟ ਜਾਂਦਾ ਹੈ ਪਰ ਧਰਤੀ ਨੂੰ ਕੁਝ ਨਹੀਂ ਹੁੰਦਾ। ਚੋਟਾਂ ਮਾਰਨ ਵਾਲੇ ਫਨਾਹ ਹੋ ਜਾਂਦੇ ਹਨ, ਚੋਟਾਂ ਸਹਿਣ ਵਾਲੇ ਅਮਰ ਹੋ ਜਾਂਦੇ ਹਨ। ਸਾਡੀ ਜ਼ਿੰਦਗੀ ਅਜਿਹੇ ਫੁੱਲ ਵਰਗੀ ਹੋਣੀ ਚਾਹੀਦੀ ਹੈ ਜਿਹੜਾ ਡਾਲੀ ਤੇ ਖਿੜਿਆ ਰਹਿੰਦਾ ਹੈ ਅਤੇ ਆਪਣੀ ਮਹਿਕ ਵੰਡਦਾ ਹੈ। ਜਿੰਨਾ ਚਿਰ ਫੁੱਲ ਖਿੜਿਆ ਰਹਿੰਦਾ ਹੈ, ਉਹ ਆਪਣੀ ਮਹਿਕ ਵੰਡਦਾ ਰਹਿੰਦਾ ਹੈ ਅਤੇ ਜਦੋਂ ਉਸ ਦੀਆਂ ਪੱਤੀਆਂ ਝੜਦੀਆਂ ਹਨ ਤਾਂ ਸਾਰੀ ਫਿਜ਼ਾ ਵਿਚ ਖੁਸ਼ਬੋ ਫੈਲ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਵੀ ਆਪਣੀ ਖੁਸ਼ਬੋ ਫੈਲਾਈਏ। ਆਪਣੀ ਮਿੱਠੀ ਯਾਦ ਛੱਡ ਕੇ ਜਾਈਏ। ਤਪਦੇ ਹੋਏ ਪੰਜਾਬ ਦੀ ਖਾਤਰ, ਆਪਣੇ ਪੰਜਾਬ ਦੀ ਭਲਾਈ ਦੀ ਖਾਤਰ ਦੋਹਾਂ ਧਿਰਾਂ ਵਲੋਂ ਚਾਹੇ ਇਧਰੋਂ ਅਤੇ ਚਾਹੇ ਉਧਰੋਂ, ਜੋ ਅੱਛੀਆਂ ਗੱਲਾਂ ਹੁੰਦੀਆਂ ਹਨ, ਉਨ੍ਹਾਂ ਤੇ ਅਮਲ ਕੀਤਾ ਜਾਵੇ। ਦੋਵੇਂ ਧਿਰਾਂ ਪੰਜਾਬ ਦੀ ਖਾਤਰ ਸਿਰ ਜੋੜ ਕੇ ਬੈਠੀਏ, ਮਿਲ ਕੇ ਵਿਚਾਰਾਂ ਕਰੀਏ ਅਤੇ ਪੰਜਾਬ ਨੂੰ ਉਸਾਰੀ ਵੱਲ ਲਗਾਈਏ।

ਮੈਨੂੰ ਉਹ ਦਿਨ ਯਾਦ ਹੈ, ਮੈਨੂੰ ਇੱਕ ਕਮੇਟੀ ਦਾ ਮੈਂਬਰ ਵੀ ਬਣਾਇਆ ਗਿਆ ਹੈ। ਉਸ ਕਮੇਟੀ ਦੇ ਚੇਅਰਮੈਨ ਸ਼੍ਰੀ ਭੁੱਲਰ ਸਾਹਿਬ ਹਨ, ਉਨ੍ਹਾਂ ਨੇ ਕਮੇਟੀ ਦੀ ਮੀਟਿੰਗ ਵਿਚ ਇੱਕ ਦਿਨ ਕਿਹਾ ਕਿ ਜੇ ਤਾਂ ਚਾਹ ਦੀ ਪਿਆਲੀ ਪੀ ਕੇ ਹੀ ਵਾਪਸ ਮੁੜਨਾ ਹੈ ਤਾਂ ਉਸ ਤਰ੍ਹਾਂ ਕਰ ਲੈਂਦੇ ਹਾਂ, ਪਰ ਆਪਾਂ ਮੀਟਿੰਗ ਵਿਚ ਆਏ ਹਾਂ ਤਾਂ ਕੋਈ ਨਾ ਕੋਈ ਸਾਰਥਿਕ ਗੱਲ ਜ਼ਰੂਰ ਕਰਨੀ ਚਾਹੀਦੀ ਹੈ। ਮੈਂ ਇਕ ਗੱਲ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦੇ ਧਿਆਨ ਵਿਚ ਲੈ ਕੇ ਆਉਣੀ ਚਾਹੁੰਦਾ ਹਾਂ। ਮੈਂਬਰ ਸਾਹਿਬਾਨ ਨੂੰ ਵੀ ਪਤਾ ਹੈ, ਇੱਥੇ ਸਾਰੇ ਬੈਠੇ ਹੀ ਹਨ। ਐਸੇ ਵੀ ਕੇਸ ਸਾਡੇ ਕੋਲ ਆਏ ਹਨ, ਜੋ ਕਿ ਸਰਕਾਰੀ ਫੰਡਾਂ ਦੀ ਦੁਰਵਰਤੋਂ ਨਾਲ ਸਬੰਧਤ ਹਨ। ਲੱਖਾਂ ਕਰੋੜਾਂ ਰੁਪਏ ਦੀ ਗੱਲ ਹੈ, ਜੇ ਗਿਣਨ ਲੱਗ ਜਾਈਏ ਤਾਂ ਸ਼ਾਇਦ ਕਿੰਨੇ ਹੀ ਸੌ-ਹਜ਼ਾਰ ਕਰੋੜ ਰੁਪਏ ਦੇ ਕੇਸ ਬਣ ਜਾਣ। ਇਹ ਬਹੁਤ ਸਾਰੀ ਅਮਾਊਂਟ ਬਣ ਜਾਵੇਗੀ। ਇੰਨਾ ਪੈਸਾ ਸਰਕਾਰ ਦਾ ਰਿਕਵਰ ਹੋਣ ਵਾਲਾ ਪਿਆ ਹੈ, ਉਹ ਪੈਸਾ ਡੁਬਣ ਵਾਲੇ ਪਾਸੇ ਪਿਆ ਹੈ। ਮੈਂ ਮੰਗ ਕਰਦਾ ਹਾਂ ਕਿ ਇਸ ਸਭ ਕੁਝ ਦਾ ਅਨੈਲਸਿਜ਼ ਕੀਤਾ ਜਾਵੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਅਨੈਲਸਿਜ਼ ਕਰਨ ਦਾ ਸ਼ੌਂਕ ਹੈ। ਮੈਂ ਅਨੈਲਸਿਜ਼ ਕਰਦਾ ਰਿਹਾ ਹਾਂ, ਕਿਉਂਕਿ ਮੈਂ ਬਿਜ਼ਨਿਸਮੈਨ ਵੀ ਹਾਂ। ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਨਿਰਾਰਥਕ ਖਰਚੇ ਜਿਨ੍ਹਾਂ ਦੀ ਕੋਈ ਲੋੜ ਨਹੀਂ ਹੈ, ਉਹ ਕਰੋੜਾਂ ਦੇ ਵਿਚ ਹਨ। ਮੈਂ ਕੋਈ ਨੁਕਤਾਚੀਨੀ ਨਹੀਂ ਕਰਾਂਗਾ, ਸਾਰਥਿਕ ਗੱਲਾਂ ਹੀ ਕਰਾਂਗਾ। ਸਾਡੇ ਇੱਕ ਬੋਰਡ ਹੈ, ਉਸ ਬੋਰਡ ਦੇ ਵਿਚ ਇੱਕ ਇੱਕ ਕਰੋੜ ਰੁਪਿਆ ਇੱਕ ਛੋਟੇ ਜਿਹੇ ਕੰਮ ਲਈ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਸ ਦਫ਼ਤਰ ਵਿਚ ਬੈਠਣ ਦੇ ਲਈ ਇੱਕ ਕਰੋੜ ਰੁਪਏ ਦੇ ਸਟੂਲ ਦਿੱਤੇ ਗਏ ਹਨ। ਤੁਸੀਂ ਵੇਖੋ ਕਿ ਇੱਕ ਕਰੋੜ ਰੁਪਏ ਦੇ ਕਿੰਨੇ ਸਟੂਲ ਆ ਜਾਣਗੇ ਔਰ ਕਿੰਨੇ ਕੁ ਸਟੂਲ ਇੱਕ ਦਫ਼ਤਰ ਦੇ ਵਿਚ ਰੱਖਣ ਦੀ ਲੋੜ ਹੈ। ਮਾਨਯੋਗ

Original with;
Punjab Vidhan Sabha
Digitized by;
Panjab Digital Library

[ ਸਰਦਾਰ ਕੁਲਦੀਪ ਸਿੰਘ ਭੱਠਲ ]

ਮਨਪ੍ਰੀਤ ਸਿੰਘ ਬਾਦਲ ਜੀ, ਜੇ ਤੁਸੀਂ ਅਨੈਲਸਿਜ਼ ਕਰੋਗੇ ਤਾਂ ਪਾਓਗੇ ਕਿ ਸਾਨੂੰ ਕਿਸੇ ਤੋਂ ਮੰਗਣ ਦੀ ਲੋੜ ਨਹੀਂ ਹੈ। ਸਾਨੂੰ ਕਿਸੇ ਦੇ ਅੱਗੇ ਹੱਥ ਅੱਡਣ ਦੀ ਲੋੜ ਨਹੀਂ ਹੈ, ਅਸੀਂ ਤਾਂ ਸਗੋਂ ਦਾਤੇ ਹਾਂ। ਅਗਰ ਅਸੀਂ ਫਾਲਤੂ ਦੇ ਖਰਚਿਆਂ ਬਾਰੇ ਅਨੈਲਸਿਜ਼ ਕਰੀਏ। ਅਗਰ ਇਹ ਫਾਲਤੂ ਖਰਚੇ ਕੱਟ ਦਿੱਤੇ ਜਾਣ ਆਮਦਨ ਵਧਾਉਣ ਬਾਰੇ ਸੋਚੀਏ ਤਾਂ ਮੈਂ ਸਮਝਦਾ ਹਾਂ ਕਿ ਰਿਸੋਰਸਿਜ਼ ਵੀ ਇਥੇ ਹੀ ਪੈਦਾ ਹੋ ਜਾਣਗੇ। ਮੇਰੀ ਬੇਨਤੀ ਹੈ ਕਿ ਜੇ ਤੁਹਾਨੂੰ ਮੇਰੀ ਗੱਲ ਸਹੀ ਲਗਦੀ ਹੈ ਤਾਂ ਮੰਨ ਲਵੋ। ਜੇ ਨਹੀਂ ਸਹੀ ਲਗਦੀ ਤਾਂ ਭਾਵੇਂ ਰਿਜੈਕਟ ਕਰ ਦਿਓ। ਅਸੀਂ ਇਥੇ ਨਵਾਂ ਅਧਿਆਏ ਸ਼ੁਰੂ ਕਰ ਦੇਈਏ। ਮੇਰੀ ਬੇਨਤੀ ਹੈ ਕਿ ਜਿਵੇਂ ਹੋਰ ਮੈਂਬਰ ਸਾਹਿਬਾਨ ਦੀਆਂ ਸਹੀ ਗੱਲਾਂ ਨੂੰ ਮੇਜ਼ ਥਪ ਥਪਾ ਕੇ ਸਹਿਮਤੀ ਦਿੰਦੇ ਹੋ, ਅਗਰ ਮੇਰੀ ਗੱਲ ਸਹੀ ਲਗਦੀ ਹੈ ਤਾਂ ਇਸੇ ਤਰ੍ਹਾਂ ਮੈਨੂੰ ਵੀ ਸਹਿਮਤੀ ਦਿਓ। (ਥੰਪਿੰਗ) ਮੈਂ ਪਹਿਲੀ ਵਾਰੀ ਚੁਣ ਕੇ ਇਥੇ ਆਇਆ ਹਾਂ। ਅਸੀਂ ਸਾਰੇ ਪੰਜਾਬ ਦੇ ਵਿਚੋਂ ਚੁਣ ਕੇ ਇਥੇ ਆਏ ਹਾਂ। ਸਾਡੇ ਲੋਕਾਂ ਨੂੰ ਸਾਡੇ ਤੇ ਬੜੀਆਂ ਉਮੀਦਾਂ ਹਨ। ਉਹ ਟੀ.ਵੀ. ਦੇ ਸਾਹਮਣੇ ਬੜੇ ਗਹੁ ਨਾਲ ਅੱਖਾਂ ਗੱਡ ਕੇ ਵੇਖਦੇ ਰਹਿੰਦੇ ਹਨ ਕਿ ਸਾਡੇ ਨੁਮਾਇੰਦੇ ਸਾਡੇ ਲਈ ਕੀ ਕਰ ਰਹੇ ਹਨ ਅਤੇ ਸਾਡੇ ਕਿਹੜੇ ਕਿਹੜੇ ਕੰਮ ਹੋ ਰਹੇ ਹਨ। ਜਿਹੜਾ ਇੱਥੇ ਇੱਕ ਦੂਜੇ ਤੇ ਦੂਸ਼ਣਬਾਜ਼ੀ ਅਤੇ ਲੜਾਈ ਝਗੜੇ ਪੈਦਾ ਹੁੰਦੇ ਹਨ, ਇਹ ਨਹੀਂ ਹੋਣੇ ਚਾਹੀਦੇ। ਇਹ ਸੱਚੀ ਗੱਲ ਹੈ ਕਿ ਜੇ ਪਿਆਰ ਦੀ ਤਰੰਗ ਤੁਹਾਡੇ ਵਿਚੋਂ ਨਿਕਲਦੀ ਹੈ ਤਾਂ ਦੂਜੇ ਪਾਸੇ ਤੋਂ ਪਿਆਰ ਕਈ ਗੁਣਾ ਹੋ ਕੇ ਨਿਕਲਦਾ ਹੈ। ਜੇ ਨਫ਼ਰਤ ਦੀ ਤਰੰਗ ਨਿਕਲਦੀ ਹੈ ਤਾਂ ਕਈ ਗੁਣਾ ਹੋ ਕੇ ਨਫ਼ਰਤ ਸਾਨੂੰ ਪ੍ਰਾਪਤ ਹੁੰਦੀ ਹੈ। ਅਸੀਂ ਵੇਖਦੇ ਹਾਂ ਕਿ ਜਦੋਂ ਅਸੀਂ ਮੁੱਠੀ ਨਾਲ ਬੀਜ ਬੀਜਦੇ ਹਾਂ ਤਾਂ ਸਾਡੀ ਧਰਤੀ ਸਾਨੂੰ ਹਜ਼ਾਰ ਮਣ ਝਾੜ ਵਾਪਸ ਕਰਦੀ ਹੈ। ਅਗਰ ਅਸੀਂ ਨੇਕਨੀਤੀ ਨਾਲ, ਪਿਆਰ ਨਾਲ ਆਪਣਾ ਸਮਾਂ ਲੋਕਾਂ ਦੀ ਭਲਾਈ ਤੇ ਬੇਹਤਰੀ ਲਈ ਲਗਾਵਾਂਗੇ ਤਾਂ ਸਾਨੂੰ ਲੋਕਾਂ ਦੇ ਦਿਲ ਦਾ ਪਿਆਰ ਮਿਲੇਗਾ। ਫਿਰ ਸਾਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ। ਮੈਂ ਇੰਨੀ ਹੀ ਬੇਨਤੀ ਕਰਦਾ ਹਾਂ। ਮੈਨੂੰ ਪਹਿਲੀ ਵਾਰ ਇੱਥੇ ਬੋਲਣ ਦਾ ਮੌਕਾ ਮਿਲਿਆ ਹੈ। ਅਗਰ ਮੈਂ ਬੋਲਣ ਲੱਗਿਆਂ ਦੋ ਮਿੰਟ ਜ਼ਿਆਦਾ ਵੀ ਲੈ ਲਏ ਹਨ ਤਾਂ ਮੈਂ ਇਸ ਬਾਰੇ ਮੁਆਫ਼ੀ ਮੰਗਦਾ ਹਾਂ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਸੋਹਣ ਸਿੰਘ ਠੰਡਲ ਜੀ।

**ਸਰਦਾਰ ਸੋਹਣ ਸਿੰਘ ਠੰਡਲ (ਮਾਹਿਲਪੁਰ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਧੰਨਵਾਦ। ਮੈਂ ਧੰਨਵਾਦੀ ਹਾਂ ਕਿ ਅੱਜ ਮੈਨੂੰ ਡਿਮਾਂਡਜ਼ ਤੇ ਬੋਲਣ ਦਾ ਸਮਾਂ ਮਿਲਿਆ ਹੈ। ਮੈਂ ਦੋ ਤਿੰਨ ਮਹਿਕਮਿਆਂ ਦੀਆਂ ਮੰਗਾਂ ਤੱਕ ਹੀ ਸੀਮਤ ਰਹਾਂਗਾ ਕਿਉਂਕਿ ਸਾਡੇ ਮਾਨਯੋਗ ਖਜ਼ਾਨਾ ਮੰਤਰੀ ਜੀ ਨੇ ਬਹੁਤ ਹੀ ਸੂਝ ਬੂਝ ਦੇ ਨਾਲ ਸਾਰਾ ਬਜਟ ਇਥੇ ਪੇਸ਼ ਕੀਤਾ ਹੈ। ਇਨ੍ਹਾਂ ਦੀ ਸਾਰੇ ਪੱਖਾਂ ਤੋਂ ਸ਼ਲਾਘਾ ਵੀ ਹੋਈ ਹੈ। ਪਰ ਫਿਰ ਵੀ ਕੁਝ ਜੋ ਐਸੇ ਵੱਖ ਵੱਖ ਮਹਿਕਮੇ ਜਿਨ੍ਹਾਂ ਲਈ ਡਿਮਾਂਡਜ਼ ਜਾਰੀ ਕੀਤੇ ਹਨ, ਮੈਂ ਉਨ੍ਹਾਂ ਦੇ ਵਾਸਤੇ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਮੈਂ ਸਭ ਤੋਂ ਪਹਿਲਾਂ ਸਿੰਚਾਈ ਅਤੇ ਬਿਜਲੀ ਬਾਰੇ

Original with;
Punjab Vidhan Sabha
Digitized by;
Panjab Digital Library

ਜੋ ਡਿਮਾਂਡਜ਼ ਹਨ, ਉਨ੍ਹਾਂ ਤੇ ਗੱਲ ਕਰਨੀ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਅੱਜ ਪਾਣੀ ਅਤੇ ਬਿਜਲੀ ਹਰ ਖੇਤਰ ਦੀ ਹਰ ਇਨਸਾਨ ਦੀ ਲੋੜ ਬਣ ਗਿਆ ਹੈ। ਪਾਣੀ ਤੋਂ ਬਗੈਰ ਜ਼ਿੰਦਗੀ ਅਧੂਰੀ ਹੈ ਔਰ ਪਾਣੀ ਨੂੰ ਤਾਂ ਸਾਡੇ ਗੁਰੂਆਂ ਨੇ ਵੀ ਬਹੁਤ ਉੱਚਾ ਦਰਜਾ ਦਿੱਤਾ ਹੈ। ਅੱਜ ਜਿੱਥੇ ਅਸੀਂ ਨਜ਼ਰ ਮਾਰਦੇ ਹਾਂ ਅਤੇ ਖਾਸ ਤੌਰ ਤੇ ਜਿਹੜੀ ਹਾਲਤ ਅੱਜ ਪੰਜਾਬ ਵਿੱਚ ਪਾਣੀ ਦੀ ਹੈ, ਇਹ ਬੜੀ ਤਰਸ-ਯੋਗ ਹੈ। ਪਾਣੀ ਦਾ ਲੈਵਲ ਪਿਛਲੇ ਸਮੇਂ ਵਿੱਚ ਕਾਫੀ ਥੱਲੇ ਜਾਂਦਾ ਰਿਹਾ ਹੈ ਅਤੇ ਇਸ ਤਰ੍ਹਾਂ ਲਗਦਾ ਹੈ ਅਤੇ ਅੰਕੜੇ ਵੀ ਦੱਸਦੇ ਹਨ ਕਿ ਇੱਕ ਦਿਨ ਅਜਿਹਾ ਆਏਗਾ ਕਿ ਸਾਡੀ ਹਾਲਤ ਰਾਜਸਥਾਨ ਨਾਲੋਂ ਵੀ ਬਦਤਰ ਹੋ ਜਾਵੇਗੀ ਅਤੇ ਦਿਨ-ਬ-ਦਿਨ ਹੋਰ ਡੂੰਘੇ ਬੋਰ ਹੁੰਦੇ ਜਾਂਦੇ ਹਨ ਅਤੇ ਜਦੋਂ ਡੂੰਘੇ ਬੋਰ ਹੁੰਦੇ ਹਨ ਤਾਂ ਉਥੇ ਪਾਣੀ ਕੱਢਣ ਵਾਸਤੇ ਬਿਜਲੀ ਦੀ ਵੀ ਜ਼ਿਆਦਾ ਲੋੜ ਪੈਂਦੀ ਹੈ ਕਿਉਂਜੋ ਇਹ ਦੋਨੋਂ ਮਸਲੇ ਇਕੱਠੇ ਹਨ ਇਸ ਲਈ ਮੈਂ ਦੋਹਾਂ ਤੇ ਇਕੱਠੇ ਹੀ ਬੋਲਣਾ ਚਾਹੁੰਦਾ ਹਾਂ ਕਿ ਪਾਣੀ ਨੂੰ ਕੱਢਣ ਵਾਸਤੇ ਬਿਜਲੀ ਜ਼ਿਆਦਾ ਚਾਹੀਦੀ ਹੈ। ਸਾਡੇ ਖੇਤਰ ਦੁਆਬੇ ਵਿਚ ਛੋਟੇ ਜਿਮੀਂਦਾਰ ਹਨ ਅਤੇ ਉਸ ਨੂੰ ਹਰ ਸਾਲ ਜ਼ਿਆਦਾ ਡੂੰਘੇ ਬੋਰ ਕਰਨੇ ਪੈਂਦੇ ਹਨ ਅਤੇ ਜਦੋਂ ਟਿਊਬਵੈਲ ਡੂੰਘੇ ਹੁੰਦੇ ਹਨ ਤਾਂ ਮੋਟਰ ਜਿਹੜੀ ਕਿ ਪਹਿਲਾਂ 5 ਐਚ.ਪੀ. ਦੀ ਸੀ ਉਹ ਫਿਰ 10 ਦੀ ਹੋਈ ਅਤੇ ਹੁਣ 15 ਦੀ ਹੋ ਗਈ ਹੈ। ਅੱਜ ਇਹ ਹਾਲਾਤ ਬਣ ਗਏ ਹਨ ਕਿ ਉਸ ਮੋਟਰ ਨੂੰ ਚਲਾਉਣ ਵਾਸਤੇ ਜਿਹੜੀ ਲਾਈਨ ਦੇਣੀ ਹੈ, ਟਰਾਂਸਫਾਰਮਰ ਦੇਣਾ ਹੈ, ਉਹ ਨਹੀਂ ਮਿਲ ਰਿਹਾ। ਝੋਨੇ ਦਾ ਸੀਜ਼ਨ ਹੈ ਅਤੇ ਸਰਕਾਰ ਵਲੋਂ ਇਹ ਯਤਨ ਕੀਤਾ ਗਿਆ ਹੈ ਕਿ ਬਿਜਲੀ ਵੱਧ ਦੇਣੀ ਹੈ ਪਰ ਮੈਂ ਆਪ ਜੀ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ, ਉਹ ਬੈਠੇ ਹਨ ਅਤੇ ਉਨ੍ਹਾਂ ਕੋਲ ਮਹਿਕਮਾ ਬਿਜਲੀ ਬੋਰਡ ਦਾ ਹੈ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਫੌਰੀ ਤੌਰ ਤੇ ਉਹ ਲਾਈਨਾਂ ਜਾਂ ਟਰਾਂਸਫਾਰਮਰ ਵੱਡੇ ਨਹੀਂ ਕਰ ਸਕਦੇ ਅਤੇ ਜੇਕਰ ਕਰਦੇ ਵੀ ਹਾਂ ਤਾਂ ਉਹ ਛੇਤੀ ਨਹੀਂ ਹੋ ਸਕੇਗਾ ਅਤੇ ਇਸ ਦੇ ਨਾਲ ਨਾਲ ਮੈਂ ਜਿਹੜਾ ਇਰੀਗੇਸ਼ਨ ਦਾ ਮਸਲਾ ਹੈ, ਉਸ ਬਾਰੇ ਵੀ ਗੱਲ ਕਰਨੀ ਚਾਹੁੰਦਾ ਹਾਂ, ਸਾਡੇ ਸਿੰਚਾਈ ਮੰਤਰੀ ਜੀ ਵੀ ਬੈਠੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਬਿਸਤ ਦੁਆਬ ਨਹਿਰ ਹੈ ਉਸ ਵਾਸਤੇ ਤੁਸੀਂ ਕਾਫੀ ਪੈਸੇ ਇਸ ਵਾਰ ਬਜਟ ਵਿਚ ਰੱਖੇ ਹਨ। ਇੱਕ ਸਮਾਂ ਸੀ ਜਦੋਂ ਜਲੰਧਰ ਇੱਕ ਬਹੁਤ ਵੱਡਾ ਜ਼ਿਲ੍ਹਾ ਹੁੰਦਾ ਸੀ। ਉਸ ਵਿਚੋਂ ਜ਼ਿਲ੍ਹਾ ਨਵਾਂਸ਼ਹਿਰ ਅਲੱਗ ਕਰ ਦਿੱਤਾ ਗਿਆ ਅਤੇ ਉਸ ਦੇ ਨਾਲ ਹੀ ਜਿਹੜਾ ਬਿਸਤ ਦੁਆਬ ਨਹਿਰ ਦਾ ਪਾਣੀ ਵੀ ਜ਼ਿਲ੍ਹਾ ਨਵਾਂਸ਼ਹਿਰ ਨੂੰ ਲਗਦਾ ਸੀ, ਉਹ ਵੀ ਘੱਟ ਕਰ ਦਿੱਤਾ ਗਿਆ। ਮੈਂ ਮੰਤਰੀ ਜੀ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਉੱਥੇ ਖਾਲੇ ਬਣੇ ਹੋਏ ਹਨ ਇਸ ਕਰਕੇ ਨਵਾਂਸ਼ਹਿਰ ਜ਼ਿਲ੍ਹੇ ਨੂੰ ਵੀ ਬਿਸਤ ਦੁਆਬ ਨਹਿਰ ਦਾ ਪਾਣੀ ਵੀ ਉੱਥੇ ਦੇਣਾ ਚਾਹੀਦਾ ਹੈ ਤਾਂ ਇਹ ਦੁਆਬੇ ਦੇ ਜਿਹੜੇ 3-4 ਹਲਕੇ ਹਨ ਉਨ੍ਹਾਂ ਨੂੰ ਫਾਇਦਾ ਹੋਵੇਗਾ। ਮੇਰੇ ਹਲਕੇ ਮਾਹਿਲਪੁਰ ਵਿਚੋਂ ਵੀ ਇਹ ਨਹਿਰ ਲੰਘਦੀ ਹੈ, ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਦੀ ਇਹ ਨਹਿਰ ਬਣੀ ਹੈ, ਮੈਂ ਹਰ ਰੋਜ਼ ਦੇਖਦਾ ਹਾਂ ਕਿ ਸਾਡੇ ਇਲਾਕੇ ਦੇ ਲੋਕ ਛੋਟੇ ਮੋਟੇ ਝਗੜਿਆਂ ਕਾਰਨ ਉੱਥੇ ਛਾਲ ਮਾਰ ਕੇ ਆਪਣੀ ਜਾਨ ਦੇ ਦਿੰਦੇ ਹਨ ਅਤੇ ਸਾਨੂੰ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੋਹਣ ਸਿੰਘ ਠੰਡਲ ]

ਗੜ੍ਹਸ਼ੰਕਰ ਤਹਿਸੀਲ ਵਿਚੋਂ ਕੋਈ ਫਾਇਦਾ ਨਹੀਂ ਹੋਇਆ। ਅੱਜ ਉਸ ਨਹਿਰ ਦੀ ਬਹੁਤ ਮਾੜੀ ਹਾਲਤ ਬਣੀ ਹੋਈ ਹੈ। ਮੈਂ ਪਿਛਲੀ ਸਰਕਾਰ ਵੇਲੇ ਵੀ ਅਸੈਂਬਲੀ ਵਿਚ 2-3 ਕੁਐਸਚਨ ਲਗਾਏ ਸਨ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੈਂ ਗੱਲ ਬਿਸਤ ਨਹਿਰ ਦੀ ਕਰਦਾ ਸੀ ਅਤੇ ਜਵਾਬ ਮੈਨੂੰ ਕੁਝ ਹੋਰ ਹੀ ਮਿਲਦੇ ਸਨ। ਨਹਿਰ ਦਾ ਜਿਹੜਾ ਬੈਡ ਹੈ ਉਹ ਜੰਗਲਾਤ ਵਾਂਗ ਬਣਿਆ ਹੋਇਆ ਹੈ ਅਤੇ ਲੋਕਾਂ ਨੂੰ ਉਸ ਵਿਚੋਂ ਦਿਸਦਾ ਨਹੀਂ ਅਤੇ ਡਿਪਟੀ ਸਪੀਕਰ ਸਾਹਿਬ, ਇੱਕ ਵਾਰ ਰਾਤ ਨੂੰ ਇੱਕ ਸੂਮੋ ਗੱਡੀ ਨਹਿਰ ਵਿਚ ਡਿੱਗ ਪਈ ਅਤੇ ਲੋਕਾਂ ਨੂੰ ਇਹ ਵੀ ਨਹੀਂ ਪਤਾ ਲਗਿਆ ਕਿ ਉਹ ਗੱਡੀ ਕਿੱਥੇ ਡਿੱਗੀ ਹੈ ਕਿਉਂਕਿ ਜੰਗਲਾਤ ਹੀ ਇੰਨਾ ਬਣਿਆ ਹੋਇਆ ਸੀ ਇਸ ਕਰਕੇ ਉਸ ਦੀ ਸਫਾਈ ਦੀ ਬਹੁਤ ਵੱਡੀ ਲੋੜ ਹੈ ਅਤੇ ਜਿਹੜੇ ਪੁਲ ਉਸ ਉਪਰ 50 ਸਾਲ ਪੁਰਾਣੇ ਬਣੇ ਹੋਏ ਹਨ ਉਹ ਹੁਣ ਛੋਟੇ ਜਾਪਦੇ ਹਨ ਅਤੇ ਪੁਰਾਣੇ ਹੋਣ ਕਾਰਨ ਟੁੱਟ ਵੀ ਰਹੇ ਹਨ ਅਤੇ ਕਿਸੇ ਵੇਲੇ ਵੀ ਦੁਰਘਟਨਾ ਹੋ ਸਕਦੀ ਹੈ ਇਸ ਲਈ ਉਨ੍ਹਾਂ ਪੁਲਾਂ ਨੂੰ ਵੀ ਬਣਾਉਣ ਦੀ ਵੱਡੀ ਲੋੜ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਬਿਸਤ ਦੁਆਬ ਨਹਿਰ ਦੇ ਪਾਣੀ ਨਾਲ ਅਤੇ ਉੱਥੇ ਪਾਣੀ ਦਾ ਲੈਵਲ ਪੂਰਾ ਵੀ ਹੈ ਉਸ ਪਾਣੀ ਨੂੰ ਜ਼ਿਲ੍ਹਾ ਨਵਾਂਸ਼ਹਿਰ ਵਿਚ ਲਗਦੇ ਹਲਕਿਆਂ ਨੂੰ ਅਤੇ ਹਲਕਾ ਮਾਹਿਲਪੁਰ ਦੇ ਪਿੰਡਾਂ ਨੂੰ ਵੀ ਮੁਹੱਈਆ ਕਰਾਉਣਾ ਚਾਹੀਦਾ ਹੈ ਅਤੇ ਇਸ ਨਾਲ ਸਾਡੇ ਰਜਵਾਹੇ ਕੰਮ ਕਰ ਸਕਦੇ ਹਨ। ਮੈਂ ਨਾਲ ਨਾਲ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਬਹੁਤ ਵੱਡੀ ਪ੍ਰਾਪਤੀ ਅਸੀਂ ਕਹਿੰਦੇ ਹਾਂ ਕਿ ਕੰਡੀ ਕਨਾਲ ਸਰਕਾਰ ਦੀ ਵੱਡੀ ਪ੍ਰਾਪਤੀ ਹੈ ਪਰ ਡਿਪਟੀ ਸਪੀਕਰ ਸਾਹਿਬ, ਉੱਥੇ ਅਸਲੀਅਤ ਕੁਝ ਹੋਰ ਹੈ। ਜਿਹੜਾ ਫੇਸ-2 ਕੰਡੀ ਕਨਾਲ ਦਾ ਸ਼ੁਰੂ ਕੀਤਾ ਹੈ ਉਸ ਦਾ ਲੈਵਲ ਇੰਨਾ ਡਾਊਨ ਕਰ ਦਿੱਤਾ ਗਿਆ ਅਤੇ ਜਿੱਥੇ ਉਸ ਦਾ ਨਕਸ਼ਾ ਬਣਿਆ ਸੀ ਅਤੇ ਜਿੱਥੇ ਉਹ ਨਹਿਰ ਬਣਨੀ ਚਾਹੀਦੀ ਸੀ ਉੱਥੇ ਨਹੀਂ ਬਣ ਰਹੀ ਅਤੇ ਉਸ ਦੇ ਪਾਣੀ ਦਾ ਲੈਵਲ ਸਾਡੀ ਉਪਜਾਊ ਜ਼ਮੀਨ, ਜਿਸ ਨੂੰ ਪਾਣੀ ਦੇਣਾ ਹੈ, ਉਸ ਤੋਂ 10 ਫੁੱਟ ਡੂੰਘਾ ਹੈ। ਮੈਂ ਪਿਛਲੀ ਸਰਕਾਰ ਵੇਲੇ ਕੁਐਸਚਨ ਵੀ ਲਾਇਆ ਸੀ ਕਿ ਕੀ ਇਸ ਦੀ ਅਪਲਿਫਟਮੈਂਟ ਦੀ ਕੋਈ ਸਕੀਮ ਹੈ ਅਤੇ ਜਵਾਬ ਨਾਂਹ ਵਿਚ ਆਇਆ ਸੀ। ਇਸ ਵਾਰ ਮੰਤਰੀ ਜੀ ਨੇ ਕਿਹਾ ਹੈ ਕਿ ਸ਼ਾਇਦ ਅਪਲਿਫਟਮੈਂਟ ਕੀਤੀ ਜਾਵੇਗੀ ਅਤੇ ਮੈਂ ਕਹਿੰਦਾ ਹਾਂ ਕਿ ਜੇਕਰ ਅਸੀਂ ਅਪਲਿਫਟਮੈਂਟ ਨਾ ਕਰ ਸਕੇ ਤਾਂ ਉਸ ਨਹਿਰ ਦਾ ਪਾਣੀ ਕਿਸੇ ਵੀ ਕਿਸਾਨ ਨੂੰ ਨਹੀਂ ਮਿਲੇਗਾ, ਨਾ ਹੀ ਨਵਾਂਸ਼ਹਿਰ ਨੂੰ ਅਤੇ ਨਾ ਹੀ ਹੁਸ਼ਿਆਰਪੁਰ ਨੂੰ ਉਸ ਦਾ ਫਾਇਦਾ ਹੋਣਾ ਹੈ ਅਤੇ ਅਸੀਂ ਜਿਹੜੇ ਕਰੋੜਾਂ ਰੁਪਏ ਖਰਚ ਕੀਤੇ ਹਨ ਉਸ ਤੇ ਉਸ ਦਾ ਫਾਇਦਾ ਕਿਸੇ ਨੂੰ ਨਹੀਂ ਮਿਲਣਾ। ਉੱਥੇ ਅਪਲਿਫਟਮੈਂਟ ਦੀ ਲੋੜ ਹੈ ਅਤੇ ਹੋਰ ਸਕੀਮਾਂ ਲੈ ਕੇ ਆਉਣ ਦੀ ਲੋੜ ਹੈ ਅਤੇ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਕਿ ਨਹਿਰ ਦਾ ਲੈਵਲ ਇੰਨਾ ਨੀਵਾਂ ਕਿਉਂ ਕਰ ਦਿੱਤਾ ਅਤੇ ਉਸ ਦੀ ਜਗ੍ਹਾ ਕਿਉਂ ਬਦਲ ਦਿੱਤੀ ਗਈ?

ਇਥੇ ਮੇਰੇ ਵੀਰ ਸਰਦਾਰ ਕੁਲਦੀਪ ਸਿੰਘ ਭੱਠਲ ਬੋਲ ਰਹੇ ਸਨ। ਮੈਨੂੰ ਖੁਸ਼ੀ ਹੈ

Original with;
Punjab Vidhan Sabha
Digitized by;
Panjab Digital Library

ਕਿ ਉਹ ਪਹਿਲੀ ਵਾਰੀ ਜਿੱਤ ਕੇ ਆਏ ਹਨ ਅਤੇ ਪਹਿਲੀ ਵਾਰੀ ਹੀ ਇਥੇ ਬੋਲੇ ਹਨ। ਉਨ੍ਹਾਂ ਨੇ ਕਾਫੀ ਸਾਰਥਿਕ ਗੱਲਾਂ ਕੀਤੀਆਂ ਹਨ। ਜਿਹੜੀ ਗੱਲ ਮੈਂ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਇਹ ਆਮ ਕਿਹਾ ਜਾਂਦਾ ਹੈ ਕਿ ਪਬਲਿਕ ਦੇ ਨੁਮਾਇੰਦੇ ਜਿੱਤ ਕੇ ਇਸ ਪਵਿੱਤਰ ਸਦਨ ਵਿਚ ਆਏ ਹਨ। ਇਸ ਸਦਨ ਨੂੰ ਪਵਿੱਤਰ ਸਦਨ ਕਿਹਾ ਜਾਂਦਾ ਹੈ ਪਰ ਕਈ ਵਾਰੀ ਇਥੇ ਇਹੋ ਜਿਹੀਆਂ ਗੱਲਾਂ ਹੋ ਜਾਂਦੀਆਂ ਹਨ ਕਿ ਸੋਚਣ ਲਈ ਮਜਬੂਰ ਹੋ ਜਾਈਦਾ ਹੈ ਕਿ ਕੀ ਇਹ ਵਾਕਈ ਪਵਿੱਤਰ ਸਦਨ ਹੈ? ਕੀ ਅਸੀਂ ਇਥੇ ਸਾਰੀਆਂ ਸਹੀ ਗੱਲਾਂ ਕਰਦੇ ਹਾਂ? ਬਹੁਤ ਵਾਰੀ ਅਸੀਂ ਆਪਣੀ ਪੁਲੀਟੀਕਲ ਮਾਈਲੇਜ਼ ਲੈਣ ਵਾਸਤੇ ਇਸ ਸਦਨ ਦੀ ਮਹੱਤਤਾ ਨੂੰ ਭੁੱਲ ਜਾਂਦੇ ਹਾਂ ਅਤੇ ਝੂਠੀਆਂ ਤਕਰੀਰਾਂ ਵੀ ਕਰਦੇ ਹਾਂ। ਵੇਖਣ ਵਾਲੀ ਗੱਲ ਹੈ ਕਿ ਜੇ ਇਥੇ ਝੂਠ ਹੀ ਬੋਲਣਾ ਹੈ ਤਾਂ ਇਹ ਪਵਿੱਤਰ ਸਦਨ ਕਿਸ ਤਰ੍ਹਾਂ ਹੋ ਗਿਆ? ਮੇਰੀ ਬੇਨਤੀ ਹੈ ਕਿ ਸਾਨੂੰ ਸੱਚੀਆਂ ਗੱਲਾਂ ਕਰਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਜਿਹੜੀਆਂ ਪੰਜਾਬ ਦੀਆਂ ਮੁਸ਼ਕਲਾਂ ਹਨ, ਜਿਹੜੇ ਪੰਜਾਬ ਦੇ ਮਸਲੇ ਹਨ, ਉਨ੍ਹਾਂ ਬਾਰੇ ਇਥੇ ਸਾਰਥਿਕ ਬਹਿਸ ਕਰਨ ਦੀ ਲੋੜ ਹੈ। ਸਮਾਂ ਸਾਨੂੰ ਇਥੇ ਵੈਸੇ ਹੀ ਘੱਟ ਮਿਲਦਾ ਹੈ। ਸਮੇਂ ਦੀ ਘਾਟ ਨੂੰ ਵੇਖਦੇ ਹੋਏ ਸਦਨ 2-4 ਦਿਨ ਲਈ ਹੋਰ ਵਧਾਇਆ ਜਾਣਾ ਚਾਹੀਦਾ ਹੈ ਤਾਂ ਕਿ ਹਰੇਕ ਮੈਂਬਰ ਇਸ ਹਾਊਸ ਵਿਚ ਆਪਣੀ ਗੱਲ ਕਰ ਸਕੇ ਅਤੇ ਇਥੇ ਪੰਜਾਬ ਦੇ ਮਸਲੇ ਵਿਚਾਰੇ ਜਾ ਸਕਣ। ਜੇ ਸਾਰੇ ਪੰਜਾਬ ਦੇ ਮਸਲਿਆਂ ਤੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਬਹੁਤ ਸਾਰੀਆਂ ਗੱਲਾਂ ਵਿਚ ਅਸੀਂ ਸੈਟਿਸਫਾਈਡ ਨਹੀਂ ਹਾਂ। ਬਿਜਲੀ ਦੀ ਗੱਲ ਲੈ ਲਓ ਜਿੰਨੀ ਬਿਜਲੀ ਸਾਨੂੰ ਚਾਹੀਦੀ ਹੈ, ਉੱਨੀ ਬਿਜਲੀ ਪੰਜਾਬ ਵਿਚ ਨਹੀਂ ਹੈ। ਕੀ ਅਸੀਂ ਇੰਨੀ ਬਿਜਲੀ ਨਾਲ ਆਪਣੀ ਇੰਡਸਟਰੀ ਚਲਾ ਸਕਦੇ ਹਾਂ? ਇਹ ਆਮ ਕਿਹਾ ਜਾਂਦਾ ਹੈ ਕਿ ਇੰਡਸਟਰੀ ਬਾਹਰ ਦੂਜੇ ਸੂਬਿਆਂ ਵਿਚ ਜਾ ਰਹੀ ਹੈ ਜਿਥੇ ਉਨ੍ਹਾਂ ਨੂੰ ਸੈਂਟਰ ਵੱਲੋਂ ਵੱਧ ਸਹੂਲਤਾਂ ਮਿਲ ਰਹੀਆਂ ਹਨ ਲੇਕਿਨ ਇਹ ਇਕੱਲਾ ਫੈਕਟਰ ਨਹੀਂ ਹੈ। ਵੱਡਾ ਫੈਕਟਰ ਇਹ ਹੈ ਕਿ ਇੰਡਸਟਰੀ ਚਲਾਉਣ ਵਾਸਤੇ ਸਾਡੇ ਕੋਲ ਲੋੜੀਂਦੀ ਬਿਜਲੀ ਹੀ ਨਹੀਂ ਹੈ। ਅਸੀਂ ਪੰਜਾਬ ਵਿਚ ਜਿਹੜੇ ਟਿਊਬਵੈੱਲ ਚਲਾਉਂਦੇ ਹਾਂ, ਅੱਜ ਉਨ੍ਹਾਂ ਦੀਆਂ ਮੋਟਰਾਂ ਵੱਡੀਆਂ ਹੋ ਗਈਆਂ ਹਨ। ਬਹੁਤ ਸਾਰੇ ਸਬਮਰਸੀਬਲ ਟਿਊਬਵੈੱਲ ਲੱਗ ਗਏ ਹਨ ਅਤੇ ਅਜੇ ਹੋਰ ਲੱਗ ਰਹੇ ਹਨ। ਇਨ੍ਹਾਂ ਸਾਰੇ ਕੰਮਾਂ ਵਾਸਤੇ ਬਿਜਲੀ ਕਿਥੋਂ ਆਉਣੀ ਹੈ। ਵੋਟਾਂ ਦੀ ਖਾਤਰ ਅਸੀਂ ਬਿਜਲੀ ਮੁਆਫ ਕਰਨ ਵਾਲੇ ਪਾਸੇ ਚੱਲ ਪਏ ਹਾਂ। ਬਿਜਲੀ ਮੁਆਫ ਕਰਨ ਨਾਲ 2500 ਕਰੋੜ ਰੁਪਿਆ ਹਰ ਸਾਲ ਸਾਡੇ ਖਜ਼ਾਨੇ ਵਿਚੋਂ ਜਾਂਦਾ ਹੈ। ਇਸ 2500 ਕਰੋੜ ਰੁਪਏ ਨੂੰ ਜੇ ਦੂਜੇ ਪਾਸੇ ਡਾਈਵਰਟ ਕਰ ਦੇਈਏ ਅਤੇ ਜੇ 5 ਮਹਿਕਮਿਆਂ ਨੂੰ 500-500 ਕਰੋੜ ਰੁਪਿਆ ਦੇ ਦੇਈਏ ਤਾਂ ਉਨ੍ਹਾਂ ਮਹਿਕਮਿਆਂ ਦੀ ਕਾਇਆ ਕਲਪ ਹੋ ਸਕਦੀ ਹੈ। ਇਸ ਨਾਲ ਸਕੂਲਾਂ ਵਿਚ ਅਧਿਆਪਕ ਪੂਰੇ ਹੋ ਜਾਣਗੇ, ਸੜਕਾਂ ਬਣ ਜਾਣਗੀਆਂ ਅਤੇ ਪੀਣ ਵਾਲੇ ਪਾਣੀ ਦਾ ਮਸਲਾ ਹੱਲ ਹੋ ਜਾਵੇਗਾ। ਜਿਹੜੀ ਨਾਬਾਰਡ ਦੀ 12ਵੀਂ ਸਕੀਮ ਆਈ ਹੈ, ਇਸ ਵਿਚ 10% ਸ਼ੇਅਰ ਆਪਣੇ ਕੋਲੋਂ ਪਾਇਆ ਜਾਂਦਾ ਹੈ। ਜਿਹੜੀਆਂ ਪੰਚਾਇਤਾਂ ਇਹ ਸ਼ੇਅਰ ਨਹੀਂ ਪਾਉਣਗੀਆਂ ਉਨ੍ਹਾਂ ਤੇ ਇਹ ਸਕੀਮ ਲਾਗੂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੋਹਣ ਸਿੰਘ ਠੰਡਲ ]

ਨਹੀਂ ਹੋਵੇਗੀ। ਸਾਡੇ ਕੋਲ ਅਨੇਕਾਂ ਪੰਚਾਇਤਾਂ ਇਹੋ ਜਿਹੀਆਂ ਹਨ, ਜਿਨ੍ਹਾਂ ਕੋਲ ਆਪਣੀ ਇਨਕਮ ਦੇ ਕੋਈ ਸਾਧਨ ਨਹੀਂ ਹਨ। ਕੀ ਉਨ੍ਹਾਂ ਪੰਚਾਇਤਾਂ ਨੂੰ ਪਾਣੀ ਤੋਂ ਵਾਂਝੇ ਰੱਖ ਲਵੋਗੇ? ਜੇ 500 ਕਰੋੜ ਰੁਪਏ ਦਾ ਸ਼ੇਅਰ ਪਾ ਦਿਆਂਗੇ ਤਾਂ ਅਜਿਹੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਹੋ ਸਕੇਗਾ। ਇਸੇ ਤਰ੍ਹਾਂ ਜੇ ਹੈਲਥ ਡਿਪਾਰਟਮੈਂਟ ਨੂੰ ਹੋਰ 500 ਕਰੋੜ ਰੁਪਿਆ ਦੇ ਦੇਈਏ ਤਾਂ ਲੋਕਾਂ ਨੂੰ ਡਾਕਟਰ ਅਤੇ ਦਵਾਈਆ ਮਿਲ ਸਕਣਗੀਆਂ। ਅੱਜ ਅਸੀਂ ਬਿਜਲੀ ਮੁਆਫੀ ਦੇ ਦੇ ਕੇ ਵੋਟਾਂ ਲੈ ਰਹੇ ਹਾਂ। ਇਥੇ ਸੀ.ਐਮ. ਸਾਹਿਬ ਵੀ ਅਤੇ ਆਪੋਜ਼ੀਸ਼ਨ ਵਾਲੇ ਵੀ ਬੈਠੇ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਦਾ ਕਿਸਾਨ ਮੰਗ ਕੀ ਕਰ ਰਿਹਾ ਹੈ। ਉਹ ਇਹ ਨਹੀਂ ਕਹਿੰਦਾ ਕਿ ਸਾਨੂੰ ਬਿਜਲੀ ਪਾਣੀ ਮੁਫਤ ਦਿਓ। ਉਹ ਕਹਿੰਦਾ ਹੈ ਕਿ ਸਾਡੇ ਕੋਲੋਂ ਪੈਸੇ ਲਓ ਲੇਕਿਨ ਸਾਨੂੰ ਘੱਟੋ ਘੱਟ 8 ਘੰਟੇ ਬਿਜਲੀ ਜ਼ਰੂਰ ਦਿਓ। ਉਸ ਨੂੰ ਨਾਲ ਹੀ ਇਹ ਵੀ ਪਤਾ ਹੋਵੇ ਕਿ ਬਿਜਲੀ ਕਿਸ ਟਾਈਮ ਤੇ ਆਉਣੀ ਹੈ ਤਾਂ ਕਿ ਕਿਸਾਨ ਨਿਸ਼ਚਿਤ ਟਾਈਮ ਤੇ ਖੇਤਾਂ ਨੂੰ ਪਾਣੀ ਦੇ ਕੇ ਆਪਣਾ ਕੋਈ ਹੋਰ ਕੰਮ ਕਰ ਸਕੇ। ਅੱਜ ਹਾਲਤ ਇਹ ਹੈ ਕਿ ਕਦੇ ਤਿੰਨ ਘੰਟੇ ਅਤੇ ਕਦੇ ਚਾਰ ਘੰਟੇ ਬਿਜਲੀ ਆਉਂਦੀ ਹੈ। ਫਿਰ ਟਾਈਮ ਦਾ ਵੀ ਕੋਈ ਪਤਾ ਨਹੀਂ ਹੈ। ਕਿਸਾਨ ਸਾਰੀ ਦਿਹਾੜੀ ਮੋਟਰਾਂ ਦੇ ਲਾਗੇ ਬੈਠਾ ਰਹਿੰਦਾ ਹੈ ਕਿ ਪਤਾ ਨਹੀਂ ਕਦੋਂ ਬਿਜਲੀ ਆਉਣੀ ਹੈ। ਅਸੀਂ ਸਾਰੇ ਇਥੇ ਬੈਠੇ ਲੋਕ, ਪਬਲਿਕ ਦੇ ਨੁਮਾਇੰਦੇ ਹਾਂ। ਆਓ, ਅਸੀਂ ਸਾਰੇ ਰਲ ਕੇ ਇਸ ਮਸਲੇ ਦਾ ਹਲ ਕਰੀਏ। ਲੋੜ ਤਾਂ ਬਿਜਲੀ ਦੇ ਹੋਰ ਪ੍ਰਾਜੈਕਟ ਲਾਉਣ ਦੀ ਹੈ ਲੇਕਿਨ ਅਸੀਂ ਮੁਆਫੀ ਵਾਲੇ ਪਾਸੇ ਤੁਰੇ ਹੋਏ ਹਾਂ। ਮੁਆਫੀ ਮੁਆਫੀ ਕਰਦੇ ਕਿਸੇ ਦਿਨ ਸਭ ਕੁਝ ਮੁਆਫ ਹੋ ਜਾਣਾ ਹੈ। ਪੀਣ ਵਾਲਾ ਪਾਣੀ ਵੀ ਨਹੀਂ ਮਿਲੇਗਾ ਅਤੇ ਖੇਤ ਵੀ ਬਰਬਾਦ ਹੋ ਜਾਣੇ ਹਨ। ਮੈਂ ਸੀ.ਐਮ. ਸਾਹਿਬ ਨੂੰ ਅਤੇ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੇ ਲਈ ਕੋਈ ਕਾਰਗਰ ਰਸਤਾ ਲੱਭਣ ਦੀ ਲੋੜ ਹੈ।

ਇਕ ਹੋਰ ਬੜੀ ਅਹਿਮ ਬੇਨਤੀ ਹੈ ਜਿਸ ਨਾਲ ਅਸੀਂ ਸਾਰੇ ਸਬੰਧਤ ਹਾਂ। ਉਹ ਹੈ ਪਛੜੇ ਵਰਗ ਅਤੇ ਗਰੀਬ ਵਰਗ ਦੀ ਭਲਾਈ। ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਵਰਗ ਦੀ ਭਲਾਈ ਲਈ 13330 ਕਰੋੜ ਰੁਪਿਆ ਰੱਖਿਆ ਗਿਆ ਹੈ। ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਬਹੁਤ ਸਾਰੀਆਂ ਸਕੀਮਾਂ ਸੈਂਟਰ ਵੱਲੋਂ ਆਉਂਦੀਆਂ ਹਨ ਪਰ ਜਿਸ ਵੇਲੇ ਉਹ ਪੈਸਾ ਆ ਜਾਂਦਾ ਹੈ, ਜ਼ਿਲ੍ਹਾ ਪੱਧਰ ਤੇ ਪਤਾ ਹੀ ਨਹੀਂ ਲੱਗਦਾ ਕਿ ਉਹ ਪੈਸਾ ਕਿਧਰ ਜਾਂਦਾ ਹੈ। ਜ਼ਿਲ੍ਹੇ ਦਾ ਹੈੱਡ ਇਕੋ ਹੀ ਹੈ। ਜਦੋਂ ਚੈੱਕ ਬਣ ਜਾਂਦੇ ਹਨ ਤਾਂ ਸਰਪੰਚਾਂ ਨੂੰ ਵੀ ਪਤਾ ਨਹੀਂ ਹੁੰਦਾ ਕਿ ਉਹ ਪੈਸਾ ਕਿਹੜੇ ਕੰਮ ਵਾਸਤੇ ਆਇਆ ਹੈ। ਉਹ ਜਿਥੇ ਚਾਹੁੰਦੇ ਹਨ, ਉਥੇ ਉਹ ਪੈਸਾ ਲਗਾ ਦਿੰਦੇ ਹਨ। ਮਿਸਾਲ ਦੇ ਤੌਰ ਤੇ ਪਬਲਿਕ ਹੈਲਥ ਵਾਸਤੇ ਵੀ ਫੰਡਜ਼ ਆਉਂਦੇ ਹਨ ਉਨ੍ਹਾਂ ਪਿੰਡਾਂ ਨੂੰ ਪੈਸੇ ਜਾਰੀ ਹੋਣੇ ਹੁੰਦੇ ਹਨ ਜਿਨ੍ਹਾਂ ਪਿੰਡਾਂ ਦੀ ਆਬਾਦੀ 40% ਐਸ.ਸੀ. ਹੋਵੇ। ਪੈਸੇ ਚਲੇ ਜਾਂਦੇ ਹਨ, ਸ਼ਾਇਦ ਟਿਊਬਵੈਲ ਵੀ ਲੱਗ ਜਾਂਦਾ ਹੈ ਪਰ ਪਰਾਬਲਮ ਇਹ ਹੈ ਕਿ ਉਥੇ ਪਾਈਪ ਲਾਈਨ ਹੀ ਨਹੀਂ

Original with;
Punjab Vidhan Sabha
Digitized by;
Panjab Digital Library

ਹੁੰਦੀ ਜਿਸ ਕਰਕੇ ਐਸ.ਸੀ. ਮੁਹੱਲਾ ਫਿਰ ਵਾਂਝਾ ਰਹਿ ਜਾਂਦਾ ਹੈ। ਜੇਕਰ ਸੜਕਾਂ ਬਣਾਉਣੀਆਂ ਹਨ, ਪੈਸਾ ਆਇਆ ਹੁੰਦਾ ਹੈ ਪਰ ਸਰਪੰਚ ਨੂੰ ਪੈਸੇ ਜਾਂਦੇ ਹਨ ਲੇਕਿਨ ਧੜੇਬੰਦੀ ਕਾਰਨ ਸਰਪੰਚ ਪੈਸਾ ਕਿਸੇ ਹੋਰ ਪਾਸੇ ਲਗਾ ਦਿੰਦਾ ਹੈ ਅਤੇ ਐਸ.ਸੀ. ਮੁਹੱਲੇ ਦੀਆਂ ਸੜਕਾਂ ਨਹੀਂ ਬਣ ਸਕਦੀਆਂ, ਫਿਰ ਕੱਚੀਆਂ ਰਹਿ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਹਰ ਸਾਲ ਗਲੀਆਂ ਨਾਲੀਆਂ ਬਣਾਈਆਂ ਜਾਂਦੀਆਂ ਹਨ ਅਤੇ ਸਾਡੀ ਮੰਗ ਪੂਰੀ ਨਹੀਂ ਹੁੰਦੀ। ਮਹਾਂਰਾਸ਼ਟਰ ਗੌਰਮਿੰਟ ਨੇ ਇਕ ਸਪੈਸ਼ਲ ਕੰਪੋਨੈਂਟ ਪਲਾਨ ਬਣਾਇਆ ਹੈ। ਉਹ ਦੇ ਤਹਿਤ ਜਿਹੜੀਆਂ ਸੈਂਟਰ ਦੀਆਂ ਸਕੀਮਾਂ ਹਨ ਉਨ੍ਹਾਂ ਵਾਸਤੇ ਉਨ੍ਹਾਂ ਨੇ ਵੱਖਰਾ ਹੈਡ ਰੱਖ ਦਿੱਤਾ ਹੈ ਤਾਂ ਜੋ ਪੈਸਾ ਵੱਖਰੇ ਹੈਡ ਵਿੱਚ ਜਾਵੇ ਔਰ ਉਹ ਪੈਸਾ ਲੈਪਸ ਨਾ ਹੋਵੇ। ਉਹ ਪੈਸਾ ਉਨ੍ਹਾਂ ਸਕੀਮਾਂ ਵਾਸਤੇ ਲੱਗੇ, ਸਟੇਟ ਗੌਰਮਿੰਟ ਆਪਣਾ ਬਣਦਾ ਸ਼ੇਅਰ ਪਾਵੇ। ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੀ ਸਰਕਾਰ ਨੇ ਦੋ ਸਾਲਾਂ ਵਿੱਚ ਇਕ ਸਾਲ ਵਿੱਚ 15% ਅਤੇ ਦੂਸਰੇ ਸਾਲ ਕੇਵਲ 16% ਪੈਸਾ ਸੈਂਟਰ ਦਾ ਯੂਜ਼ ਕੀਤਾ ਹੈ। ਕਿਉਂ ਉਹ ਪੈਸਾ ਯੂਜ਼ ਨਹੀਂ ਕਰ ਸਕੇ? ਕਿਉਂਕਿ ਸਟੇਟ ਦਾ ਸ਼ੇਅਰ ਨਹੀਂ ਪਾ ਸਕੇ। ਨਤੀਜਾ ਇਹ ਨਿਕਲਿਆ ਕਿ ਉਹ ਪੈਸਾ ਵਾਪਸ ਚਲਿਆ ਗਿਆ। ਇਸ ਕਰਕੇ ਗਰੀਬ ਲੋਕਾਂ ਦਾ ਭਲਾ ਨਹੀਂ ਹੋ ਸਕਿਆ। ਪੰਜਾਬ ਦੇ ਅੰਦਰ ਅੱਜ ਗਰੀਬਾਂ ਦੀ ਹਾਲਤ ਬਹੁਤ ਮਾੜੀ ਹੈ। ਇਹ ਅੱਜ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਅੱਜ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ। ਗਰੀਬਾਂ ਦੀ ਮਜ਼ਬੂਰੀ ਹੈ। ਉਸ ਨੂੰ ਜਿਉਂਦੇ ਰਹਿਣ ਲਈ ਰੋਟੀ ਚਾਹੀਦੀ ਹੈ। ਅਸੀਂ ਬਹਿਸ ਕਰੀ ਜਾਂਦੇ ਹਾਂ ਕਿ ਆਟਾ ਦਾਲ ਵਾਲੀ ਗੱਲ ਹੈ ਉਹ ਸਰਕਾਰ ਗਲਤੀ ਕਰ ਜਾਂਦੀ ਹੈ। ਮੈਂ ਆਪਣੇ ਵੱਲੋਂ, ਆਪਣੀ ਕਮਿਊਨਿਟੀ ਵੱਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਹ ਸ਼ੁਰੂਆਤ ਕੀਤੀ ਹੈ। ਪੰਜਾਬ ਦੇ ਲੋਕਾਂ ਨੂੰ, 30% ਲੋਕਾਂ ਨੂੰ ਰੋਟੀ ਖਾਣ ਨੂੰ ਦਿੱਤੀ ਗਈ ਹੈ। ਜੇਕਰ ਗਰੀਬ ਦੇ ਪੇਟ ਵਿਚ ਰੋਟੀ ਹੋਏਗੀ ਉਹ ਤਾਂ ਹੀ ਕੁਝ ਕਰ ਸਕਦਾ ਹੈ, ਨੌਕਰੀ ਬਾਰੇ ਕੁਝ ਸੋਚ ਸਕਦਾ ਹੈ। ਭੁੱਖੇ ਇਨਸਾਨ ਨੂੰ ਕਿਤੇ ਕੁਝ ਹੋਰ ਨਜ਼ਰ ਨਹੀਂ ਆਉਂਦਾ। ਕਿਹਾ ਜਾਂਦਾ ਹੈ ਕਿ ਭੁੱਖੇ ਮੂਹਰੇ ਬਾਤ ਪਾਓ ਉਹ ਕਹਿੰਦੇ ਹਾਏ ਰੋਟੀ। ਢਿੱਡੋਂ ਭੁੱਖੇ ਇਨਸਾਨ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਮੇਰਾ ਧਰਮ ਕੀ ਹੈ? ਮੇਰਾ ਮਜ਼੍ਹਬ ਕੀ ਹੈ? ਮੇਰਾ ਦੇਸ਼ ਕੀ ਹੈ? ਉਸ ਨੂੰ ਤਾਂ ਸਭ ਤੋਂ ਪਹਿਲਾਂ ਰੋਟੀ ਚਾਹੀਦੀ ਹੈ। ਇਸ ਆਟੇ ਦਾਲ ਸਕੀਮ ਬਾਰੇ ਮੁੱਖ ਮੰਤਰੀ ਸਾਹਿਬ ਦੀ ਸ਼ਲਾਘਾ ਕਰਨੀ ਚਾਹਦੀ ਹੈ ਅਤੇ ਜਿਹੜੀ ਇਸ ਵਿੱਚ ਲਿਮਿਟ ਰੱਖੀ ਗਈ ਹੈ ਜੇ ਹੋ ਸਕੇ ਤਾਂ ਇਸ ਲਿਮਿਟ ਨੂੰ ਹੋਰ ਵਧਾਇਆ ਜਾਵੇ। ਮੈਂ ਨਹੀਂ ਸਮਝਦਾ ਕਿ 30,000/- ਰੁਪਏ ਵਾਲੀ ਜਿਹੜੀ ਲਿਮਿਟ ਹੈ ਉਹ ਕਾਫੀ ਹੈ। ਜੇਕਰ ਹੋ ਸਕਦਾ ਹੈ ਤਾਂ ਇਸ ਨੂੰ ਜ਼ਰੂਰ ਵਧਾਉਣਾ ਚਾਹੀਦਾ ਹੈ ਤਾਂ ਕਿ ਹਰ ਇਕ ਗਰੀਬ ਇਨਸਾਨ ਨੂੰ ਰੋਟੀ ਜ਼ਰੂਰ ਮਿਲ ਸਕੇ। ਮੈਂ ਇਹ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਬੀ.ਪੀ.ਐਲ. ਦੀ ਜਿਹੜੀ ਸਕੀਮ ਹੈ ਇਸ ਨੇ ਬਹੁਤ ਸਾਰੇ ਲੋਕਾਂ ਨੂੰ ਦੁਬਿਧਾ ਵਿੱਚ ਪਾ ਦਿੱਤਾ ਹੈ। ਜਦੋਂ ਇਹ ਸਕੀਮ ਬਣੀ ਸੀ ਉਦੋਂ ਡਿਪਟੀ ਕਮਿਸ਼ਨਰਾਂ ਨੂੰ ਆਰਡਰ ਚਲਿਆ ਗਿਆ ਅਤੇ ਉਨ੍ਹਾਂ ਨੇ ਅੱਗੇ ਬੀ.ਡੀ.ਪੀ. ਓਜ਼ ਨੂੰ ਆਰਡਰ ਕਰ ਦਿੱਤਾ ਕਿ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੋਹਣ ਸਿੰਘ ਠੰਡਲ ]

ਲੋਕਾਂ ਦੇ ਨਾਂ ਭੇਜੇ। ਉਨ੍ਹਾਂ (ਬੀ.ਡੀ.ਪੀ.ਓਜ਼.) ਨੇ ਆਪਣੇ ਦਫ਼ਤਰਾਂ ਵਿਚ ਬੈਠ ਕੇ ਹੀ ਨਾਂ ਭਰ ਕੇ ਭੇਜ ਦਿੱਤੇ। ਕਿਸੇ ਪਿੰਡ ਵਿਚੋਂ ਦੋ ਅਤੇ ਕਿਸੇ ਪਿੰਡ ਵਿਚੋਂ ਤਿੰਨ ਆਦਮੀਆਂ ਦੇ ਨਾਂ ਭੇਜ ਦਿੱਤੇ।

**ਮਾਨਯੋਗ ਡਿਪਟੀ ਸਪੀਕਰ :** ਹੁਣ ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਸੋਹਣ ਸਿੰਘ ਠੰਡਲ :** ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਨੀ ਹੈ। ਮੈਨੂੰ ਟਾਈਮ ਦਾ ਵੀ ਖਿਆਲ ਹੈ। ਅੱਜ ਜਿਹੜੀ ਸਕੀਮ ਵੀ ਆਉਂਦੀ ਹੈ ਉਹ ਬੀ.ਪੀ.ਐਲ. ਵਾਸਤੇ ਆਉਂਦੀ ਹੈ। ਲੇਕਿਨ ਪਿੰਡ ਵਿਚ ਕਿੰਨੇ ਮੈਂਬਰ ਹਨ, ਦੋ ਜਾਂ ਤਿੰਨ। ਗਰੀਬਾਂ ਨੂੰ ਪੰਜ ਸਾਲ ਵਿੱਚ ਕੁਝ ਵੀ ਮਿਲਿਆ ਹੋਵੇ ਤਾਂ ਦੱਸ ਦਿਓ। ਇਨ੍ਹਾਂ ਨੇ ਕਰਾਈਟੇਰੀਆ ਇਹ ਰੱਖ ਲਿਆ ਕਿ ਸਬੰਧਤ ਲਾਭਪਾਤਰੀ ਉਹ ਹੋਣਾ ਚਾਹੀਦਾ ਹੈ ਜਿਸ ਦੇ ਘਰ ਵਿਚ ਨਾ ਬਿਜਲੀ ਹੋਵੇ, ਘਰ ਵਿਚ ਮੀਟਰ ਨਾ ਲੱਗਿਆ ਹੋਵੇ, ਨਾ ਬਿਜਲੀ ਦਾ ਪੱਖਾ ਹੋਵੇ, ਪੱਕੀ ਛੱਤ ਨਾ ਹੋਵੇ, ਉਸਦਾ ਘਰ ਕੱਚਾ ਹੋਵੇ। ਇਸ ਤਰ੍ਹਾਂ ਦੇ ਪੰਜਾਬ ਵਿੱਚ ਕਿੰਨੇ ਕੁ ਘਰ ਹੋਣਗੇ। ਇਸ ਤਰ੍ਹਾਂ ਤਾਂ ਕੇਵਲ ਦੋ ਚਾਰ ਘਰਾਂ ਨੂੰ ਹੀ ਬੈਨੀਫਿਟ ਦਿੱਤਾ ਜਾਵੇਗਾ। ਮੇਰੀ ਬੇਨਤੀ ਹੈ ਕਿ ਬੀ.ਪੀ.ਐਲ. ਵਾਸਤੇ ਦੁਬਾਰਾ ਸਰਵੇ ਹੋਣਾ ਚਾਹੀਦਾ ਹੈ ਤਾਂ ਕਿ ਜ਼ਿਆਦਾ ਗਿਣਤੀ ਵਿੱਚ ਲੋਕਾਂ ਨੂੰ ਇਹ ਸਹੂਲਤਾਂ ਮਿਲ ਸਕਣ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਰੂਰਲ ਡਿਵੈਲਪਮੈਂਟ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰ ਸਰਕਾਰ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਪੈਸਾ ਰੱਖਦੀ ਹੈ ਪਰ ਇਸ ਪਾਸੇ ਬਹੁਤ ਵੱਡੀ ਮੁਸ਼ਕਲ ਪੇਸ਼ ਆ ਰਹੀ ਹੈ ਕਿ ਬੀ.ਡੀ.ਪੀ.ਓ. ਦੇ ਦਫ਼ਤਰ ਵਿਚ ਨਾ ਪੰਚਾਇਤ ਸੈਕਟਰੀ ਹੈ ਨਾ ਜੇ.ਈ. ਹੈ। ਇਕ ਨਰੇਗਾ ਸਕੀਮ ਵੀ ਪਿਛਲੇ ਸਾਲ ਹੁਸ਼ਿਆਰਪੁਰ ਵਿਚ ਸ਼ੁਰੂ ਹੋਈ ਹੈ। ਉਸ ਦੇ ਤਹਿਤ ਸੈਕਟਰੀ, ਜੇ.ਈ. ਉਸ ਵਾਸਤੇ ਲਗ ਗਏ। ਦੋ ਦੋ ਸਾਲਾਂ ਦੇ ਪਿੰਡਾਂ ਦੇ ਰਿਕਾਰਡ ਬਣਾਉਣ ਵਾਲੇ ਪਏ ਹਨ। ਸਰਪੰਚ ਲਭਦੇ ਫਿਰਦੇ ਹਨ ਕਿ ਸੈਕਟਰੀ ਕਿੱਥੇ ਹਨ। ਜਨਮ ਮਰਨ ਦੇ ਸਰਟੀਫਿਕੇਟ ਵੀ ਬਣਾਉਣ ਦਾ ਕੰਮ ਇਨ੍ਹਾਂ ਸੈਕਟਰੀਆਂ ਨੂੰ ਦੇ ਦਿੱਤਾ ਗਿਆ ਹੈ ਔਰ ਜਿੰਨੀਆਂ ਵੀ ਸਕੀਮਾਂ ਭੇਜੀਆਂ ਜਾਂਦੀਆਂ ਹਨ ਉਹ ਪੰਚਾਇਤ ਸੈਕਟਰੀਆਂ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ ਪਰ ਪੰਚਾਇਤ ਸੈਕਟਰੀ ਭਰਤੀ ਨਹੀਂ ਕੀਤੇ ਗਏ ਜਿਸ ਕਰਕੇ ਪੰਚਾਇਤਾਂ ਦੇ ਕੰਮ ਸਾਰੇ ਰੁਕੇ ਪਏ ਹਨ। ਜੇਕਰ ਡਿਵੈਲਪਮੈਂਟ ਵਾਸਤੇ ਫੰਡਜ਼ ਦੇਣੇ ਹਨ ਤਾਂ ਸਭ ਤੋਂ ਪਹਿਲਾਂ ਸੈਕਟਰੀ ਭਰਤੀ ਹੋਣੇ ਚਾਹੀਦੇ ਹਨ। ਜਿਨ੍ਹਾਂ ਹੋਰ ਚਾਰ ਜ਼ਿਲ੍ਹਿਆਂ ਵਿਚ ਇਹ ਨਰੇਗਾ ਸਕੀਮ ਆਈ ਹੈ, ਉਥੇ ਜਿਹੜੇ ਜੇ.ਈ. ਹਨ, ਉਹ ਹਰ ਜ਼ਿਲ੍ਹੇ ਵਿਚ ਵੱਖਰੇ ਲਾਏ ਜਾਣ ਤਾਂ ਕਿ ਨਰੇਗਾ ਸਕੀਮ ਨੂੰ ਉਹੀ ਚੈਕ ਕਰਨ ਅਤੇ ਪਹਿਲਾਂ ਵਾਲੇ ਆਪਣੇ ਪੰਚਾਇਤਾਂ ਦੇ ਜੋ ਕੰਮ ਹਨ ਉਹ ਕਰ ਸਕਣ। ਇਹ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਤਾਂ ਕਿ ਭੇਜੇ ਹੋਏ ਫੰਡਜ਼ ਸਹੀ ਲਗ ਸਕਣ। ਪੰਚ ਸਰਪੰਚ ਜਿਹੜੇ ਦੁਬਿਧਾ ਵਿਚ ਫਸੇ ਬੈਠੇ ਹਨ, ਨਾ ਉਨ੍ਹਾਂ ਦਾ ਕੋਈ ਰਿਕਾਰਡ

Original with;
Punjab Vidhan Sabha
Digitized by;
Panjab Digital Library

ਮੇਨਟੇਨ ਹੋਇਆ ਹੈ, ਨਾ ਉਨ੍ਹਾਂ ਨੂੰ ਕੁਝ ਪਤਾ ਹੈ ਕਿਉਂਕਿ ਜਿਸ ਮਰਜ਼ੀ ਸਰਪੰਚ ਨੂੰ ਫੜ੍ਹ ਕੇ ਅੰਦਰ ਦੇ ਦਿਓ। ਜੇਕਰ ਸਰਪੰਚ ਨੂੰ ਕਣਕ ਜਾਰੀ ਕਰਨੀ ਹੈ ਤਾਂ ਉਸ ਸਰਪੰਚ ਨੂੰ ਗਰਾਂਟ ਵੀ ਦੇਣੀ ਚਾਹੀਦੀ ਹੈ। ਸ਼ਰਤ ਹੈ ਕਿ ਲੇਬਰ ਨੂੰ 30% ਹਿੱਸਾ ਕਣਕ ਦੇਣੀ ਹੈ, ਜੇਕਰ ਗਰਾਂਟ ਹੀ ਨਹੀਂ ਹੋਵੇਗੀ ਤਾਂ ਉਹ ਕਣਕ ਕਿਵੇਂ ਦੇਣਗੇ, ਉਨ੍ਹਾਂ ਨੂੰ ਪੈਸਾ ਵੀ ਦੇਣਾ ਚਾਹੀਦਾ ਹੈ। ਲੇਬਰ ਜ਼ਿਆਦਾ ਬਿਹਾਰੀ ਹੁੰਦੀ ਹੈ, ਉਹ ਕਣਕ ਨਹੀਂ ਖਾਂਦੀ ਬਲਕਿ ਚੌਲ ਖਾਂਦੀ ਹੈ। ਸਰਪੰਚ ਕਣਕ ਨੂੰ ਵੇਚ ਨਹੀਂ ਸਕਦਾ। ਜੇਕਰ ਸਰਪੰਚ ਕਣਕ ਵੇਚਦਾ ਹੈ ਤਾਂ ਉਸ ਉਤੇ ਪਰਚਾ ਦਰਜ ਕਰ ਦਿੱਤਾ ਜਾਂਦਾ ਹੈ। ਜੇਕਰ ਉਹ ਨਹੀਂ ਵੇਚਦਾ ਅਤੇ ਰੱਖਦਾ ਹੈ ਤਾਂ ਸੁਸਰੀ ਲਗਣ ਨਾਲ ਕਣਕ ਖਰਾਬ ਹੋ ਜਾਂਦੀ ਹੈ। ਇਹ ਸਾਰਾ ਸਿਸਟਮ ਠੀਕ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਦਾ ਹਾਂ ਕਿ ਪੀਣ ਵਾਲੇ ਪਾਣੀ ਦੇ ਮਸਲੇ ਵਿਚ ਵੀ ਸਮੱਸਿਆ ਆਉਣ ਵਾਲੀ ਹੈ, ਉਸ ਵਿਚ ਪੰਚਾਇਤ ਦਾ ਸ਼ੇਅਰ ਪੈਣਾ ਹੈ। ਸਾਰੀਆਂ ਪੰਚਾਇਤਾਂ ਆਪਣਾ ਸ਼ੇਅਰ ਨਹੀਂ ਪਾ ਸਕਦੀਆਂ। ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਾਸਤੇ ਵੀ ਕੁਝ ਪ੍ਰਬੰਧ ਕੀਤਾ ਜਾਵੇ। ਪਹਿਲਾਂ ਗਰੀਬਾਂ ਦੇ ਵਿਹੜਿਆਂ ਵਿਚ ਪਾਣੀ ਦੇ ਕਾਮਨ ਪੁਆਇੰਟ ਲਗਾਏ ਗਏ ਸੀ ਪਰ ਪਿਛਲੀ ਸਰਕਾਰ ਨੇ ਉਹ ਸਾਰੇ ਬੰਦ ਕਰ ਦਿੱਤੇ। ਬਹੁਤ ਸਾਰੇ ਗਰੀਬਾਂ ਨੂੰ ਤਾਂ ਇਹ ਨਹੀਂ ਪਤਾ ਕਿ ਫਾਈਲ ਕਿਸ ਤਰ੍ਹਾਂ ਬਣਾਉਣੀ ਹੈ, ਪੈਸੇ ਕਿਥੇ ਭਰਨੇ ਹਨ, ਫਿਰ ਕਦੋਂ ਕੁਨੈਕਸ਼ਨ ਮਿਲਣਾ ਹੈ। ਉਹ ਵਿਚਾਰੇ ਆਪਣੀ ਦਿਹਾੜੀ ਨਹੀਂ ਭੰਨ ਸਕਦੇ। ਮੇਰੀ ਬੇਨਤੀ ਹੈ ਕਿ ਉਨ੍ਹਾਂ ਵਿਹੜਿਆਂ ਵਿਚ ਕਾਮਨ ਪੁਆਇੰਟ ਦੁਬਾਰਾ ਚਾਲੂ ਕੀਤੇ ਜਾਣ ਤਾਂ ਕਿ ਗਰੀਬ ਲੋਕ ਪਾਣੀ ਪ੍ਰਾਪਤ ਕਰ ਸਕਣ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ। ਮੈਂ ਇਕ ਹੋਰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਇਹ ਗੱਲਾਂ ਮੈਂ ਕੀਤੀਆਂ ਹਨ, ਜੇ ਆਪਾਂ ਇਨ੍ਹਾਂ ਵੱਲ ਧਿਆਨ ਦੇਈਏ ਤਾਂ ਇਸ ਨਾਲ ਬਹੁਤ ਲਾਭ ਹੋ ਸਕਦਾ ਹੈ। ਇਕ ਲਾਸਟ ਮੇਰੀ ਇਹ ਬੇਨਤੀ ਹੈ ਕਿ ਮੇਰਾ ਹਲਕਾ ਮਾਹਿਲਪੁਰ ਹੈ ਜਿਸ ਨੂੰ ਫੁਟਬਾਲ ਦੀ ਨਰਸਰੀ ਕਿਹਾ ਜਾਂਦਾ ਹੈ। ਬਾਦਲ ਸਾਹਿਬ ਨੇ ਸਾਲ 1997 ਵਿਚ ਉਥੇ ਫੁਟਬਾਲ ਅਕੈਡਮੀ ਸ਼ੁਰੂ ਕੀਤੀ ਸੀ ਪਰ ਪਿਛਲੀ ਸਰਕਾਰ ਨੇ ਉਸ ਨੂੰ ਉਥੋਂ ਸ਼ਿਫਟ ਕਰ ਦਿੱਤਾ ਸੀ, ਜਿਸ ਨਾਲ ਸਾਡਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਹੁਣ ਇਸ ਸਰਕਾਰ ਨੇ ਫਿਰ ਉਥੇ ਫੁਟਬਾਲ ਅਕੈਡਮੀ ਲੈ ਆਂਦੀ ਹੈ। ਪਰ ਜਿਹੜੇ 2-3 ਸਟੇਡੀਅਮ ਬਣਾਉਣ ਦੀ ਗੱਲ ਕੀਤੀ ਗਈ ਹੈ ਉਸ ਵਿਚ ਮਾਹਿਲਪੁਰ ਦਾ ਜ਼ਿਕਰ ਨਹੀਂ ਹੈ। ਉਥੇ ਅਕੈਡਮੀ ਵਾਸਤੇ ਹੋਸਟਲ ਬਣਾਉਣ ਦੀ ਲੋੜ ਹੈ ਤਾਂ ਜੋ ਖਿਲਾੜੀ ਉਥੇ ਰਹਿ ਕੇ ਖੇਡ ਸਕਣ। ਇਸ ਵਾਸਤੇ ਫੰਡ ਜ਼ਰੂਰ ਰੱਖੇ ਜਾਣ। ਮੈਂ ਮਾਹਿਲਪੁਰ ਦੀ ਇਕ ਹੋਰ ਗੱਲ ਕਰ ਸਕਦਾ ਹਾਂ ਕਿ ਜਿਹੜੀ ਪਿਛੋਂ ਸੰਤੋਸ਼ ਟਰਾਫੀ ਜਿੱਤ ਕੇ ਟੀਮ ਆਈ ਹੈ, ਉਸ ਵਿਚ ਇਸ ਹਲਕੇ ਦੇ 5 ਖਿਲਾੜੀ ਸਨ। ਹਲਕੇ ਵੱਲੋਂ ਉਨ੍ਹਾਂ ਖਿਲਾੜੀਆਂ ਦਾ ਸਨਮਾਨ ਕੀਤਾ ਗਿਆ ਹੈ, ਸਰਕਾਰ ਵੱਲੋਂ ਵੀ ਸਨਮਾਨ ਹੋਣਾ ਚਾਹੀਦਾ ਹੈ। ਧੰਨਵਾਦ।

**ਸਰਦਾਰ ਮੱਖਣ ਸਿੰਘ (ਪੱਕਾ ਕਲਾਂ, ਐਸ.ਸੀ.)** : ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

[ ਸਰਦਾਰ ਮੱਖਣ ਸਿੰਘ ]

ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਡਿਮਾਡਾਂ ਉਤੇ ਗੱਲ ਕਰਨ ਦਾ ਮੌਕਾ ਦਿੱਤਾ ਹੈ। ਮੈਂ ਡਿਮਾਂਡ ਨੰਬਰ 1 ਜਿਹੜੀ ਕਿ ਖੇਤੀਬਾੜੀ ਤੇ ਜੰਗਲਾਤ ਦੇ ਸਬੰਧ ਵਿਚ ਹੈ, ਡਿਮਾਂਡ ਨੰਬਰ 5 ਜਿਹੜੀ ਕਿ ਐਜੂਕੇਸ਼ਨ ਨਾਲ ਸਬੰਧਤ ਹੈ, ਡਿਮਾਂਡ ਨੰਬਰ 11 ਜਿਹੜੀ ਕਿ ਹੈਲਥ ਤੇ ਫੈਮਲੀ ਵੈਲਫੇਅਰ ਨਾਲ ਸਬੰਧਤ ਹੈ, ਡਿਮਾਂਡ ਨੰਬਰ 12 ਜਿਹੜੀ ਕਿ ਹੋਮ ਅਫੇਅਰਜ਼ ਤੇ ਜਸਟਿਸ ਨਾਲ ਸਬੰਧਤ ਹੈ, ਡਿਮਾਂਡ ਨੰਬਰ 16 ਜਿਹੜੀ ਕਿ ਲੇਬਰ ਤੇ ਇੰਪਲਾਇਮੈਂਟ ਨਾਲ ਸਬੰਧਤ ਹੈ, ਡਿਮਾਂਡ ਨੰਬਰ 18 ਜੋ ਕਿ ਪ੍ਰਸੋਨਲ ਤੇ ਐਡਮਨਿਸਟਰੇਸ਼ਨ ਨਾਲ ਸਬੰਧਤ ਹੈ ਅਤੇ ਅਖੀਰਲੀ ਡਿਮਾਂਡ ਨੰਬਰ 22 ਜੋ ਕਿ ਰੈਵੇਨਿਊ ਅਤੇ ਰੀਹੈਬਲੀਟੇਸ਼ਨ ਨਾਲ ਸਬੰਧਤ ਹੈ - ਬਾਰੇ ਵਿਚ ਗੱਲ ਕਰਨੀ ਚਾਹੁੰਦਾ ਹਾਂ। ਮੈਂ ਸਦਨ ਵਿਚ ਇਸ ਕਰਕੇ ਖੜ੍ਹਾ ਨਹੀਂ ਹੋਇਆ ਕਿ ਮੈਂ ਵਿਰੋਧੀ ਧਿਰ ਵਾਲੇ ਪਾਸੇ ਬੈਠਾ ਹਾਂ ਅਤੇ ਨਾ ਹੀ ਮੈਂ ਕੋਈ ਨੁਕਤਾਚੀਨੀ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਤਾਂ ਕੁਝ ਸੁਝਾਓ ਜਿਹੜੇ ਮੇਰੇ ਮਨ ਵਿਚ ਆਏ ਹਨ, ਉਹ ਦੱਸਣੇ ਚਾਹੁੰਦਾ ਹਾਂ। ਜੇਕਰ ਉਹ ਮੰਨ ਲਏ ਜਾਣ ਤਾਂ ਉਸ ਦੇ ਨਾਲ ਸਾਡਾ ਬਜਟ ਵੀ ਬਿਹਤਰ ਹੋ ਸਕਦਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਜ਼ਿਆਦਾ ਭਲਾ ਵੀ ਹੋ ਸਕਦਾ ਹੈ। ਇਸ ਤੋਂ ਪਹਿਲਾਂ ਕਿ ਮੈਂ ਇਨ੍ਹਾਂ ਡਿਮਾਂਡਾਂ ਵੱਲ ਆਵਾਂ, ਸਭ ਤੋਂ ਪਹਿਲਾਂ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਹੋਰਾਂ ਦਾ ਧੰਨਵਾਦ ਕਰਦਾ ਹਾਂ। ਮੈਂ ਗਵਰਨਰ ਐਡਰੈਸ ਵਿਚ ਦੋ ਗੱਲਾਂ ਉਤੇ ਬੜਾ ਜ਼ੋਰ ਦਿੱਤਾ ਸੀ। ਇਕ ਤਾਂ ਮੈਂ ਆਬਕਾਰੀ ਨੀਤੀ ਉਤੇ ਜ਼ੋਰ ਦਿੱਤਾ ਸੀ ਕਿ ਉਹ ਪਹਿਲਾਂ ਵਾਲੀ ਹੀ ਰਹਿਣ ਦੇਣੀ ਚਾਹੀਦੀ ਹੈ ਕਿਉਂਜੋ ਉਹ ਬੜੀ ਵਧੀਆ ਆਬਕਾਰੀ ਨੀਤੀ ਹੈ ਅਤੇ ਇਸ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ। ਮੈਂ ਧੰਨਵਾਦੀ ਹਾ ਕਿ ਉਨ੍ਹਾਂ ਨੇ ਉਹ ਆਬਕਾਰੀ ਦੀ ਪੁਰਾਣੀ ਪਾਰਦਰਸ਼ੀ ਨੀਤੀ ਜਾਰੀ ਰੱਖੀ ਹੈ ਜਿਸ ਦੇ ਨਾਲ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਇਹ ਇਕ ਬਹੁਤ ਸ਼ਲਾਘਾਯੋਗ ਕਦਮ ਹੈ। ਦੂਜੀ ਮੈਂ ਬੇਨਤੀ ਕੀਤੀ ਸੀ ਕਿ ਪੰਜਾਬੀ ਭਾਸ਼ਾ ਜੋ ਸਾਡੀ ਮਾਤ-ਬੋਲੀ ਹੈ, ਉਸ ਨੂੰ ਆਮ ਤੌਰ ਤੇ ਸਰਕਾਰ ਵਲੋਂ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਸਰਕਾਰੀ ਪੱਧਰ ਤੇ ਬਣਦਾ ਮਾਣ ਸਤਿਕਾਰ ਨਹੀਂ ਮਿਲਦਾ। ਮੈਂ ਧੰਨਵਾਦੀ ਹਾਂ ਬੀਬੀ ਉਪਿੰਦਰਜੀਤ ਕੌਰ ਜੀ ਦਾ ਅਤੇ ਮੁੱਖ ਸਕੱਤਰ ਸਾਹਿਬ ਦਾ ਕਿ ਇਨ੍ਹਾਂ ਵਲੋਂ ਸਾਰੇ ਮਹਿਕਮਿਆਂ ਨੂੰ ਇਕ ਚਿੱਠੀ ਜਾਰੀ ਕੀਤੀ ਗਈ ਹੈ ਕਿ ਮਾਤ ਭਾਸ਼ਾ ਨੂੰ ਤੁਰੰਤ ਲਾਗੂ ਕੀਤਾ ਜਾਵੇ ਅਤੇ ਅਗਰ ਕੋਈ ਅਧਿਕਾਰੀ/ਕਰਮਚਾਰੀ ਅਣਗਿਹਲੀ ਕਰੇਗਾ ਅਤੇ ਲਾ-ਪ੍ਰਵਾਹੀ ਕਰੇਗਾ ਤਾਂ ਉਸ ਨੂੰ ਸਜ਼ਾ ਦੇਣ ਦੀ ਵੀ ਵਿਵਸਥਾ ਕੀਤੀ ਜਾਵੇਗੀ। ਮੈਂ ਇਸ ਲਈ ਸਰਕਾਰ ਦਾ ਧੰਨਵਾਦੀ ਹਾਂ। ਦੂਸਰੀ ਮੈਂ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਵਿੱਤ ਮੰਤਰੀ ਸਾਹਿਬ ਜਿਹੜਾ 29,800 ਕਰੋੜ ਰੁਪਏ ਦਾ ਬਜਟ ਲੈ ਕੇ ਆਏ ਹਨ ਅਤੇ ਜਿਸ ਦੇ ਵਿੱਚ ਕੁਝ ਘਾਟਾ ਵੀ ਛੱਡਿਆ ਗਿਆ ਹੈ, ਉਸਦੇ ਵਿਚ ਕੋਈ ਟੈਕਸ ਨਹੀਂ ਲਗਾਇਆ, ਜੇ ਲਗਾਇਆ ਗਿਆ ਹੈ ਤਾਂ ਬੜਾ ਮਾਮੂਲੀ ਲਗਾਇਆ ਹੈ, ਕੁਝ ਬਿਲਡਿੰਗ ਮੈਟੀਰੀਅਲ ਤੇ ਲਗਾਇਆ ਹੈ ਜਾਂ ਕੁਝ ਹੋਰ ਛੋਟੀਆਂ ਮੋਟੀਆਂ ਆਈਟਮਾਂ ਤੇ ਲਗਾਇਆ ਹੈ ਪਰ ਕੁਝ ਅਖਬਾਰਾਂ ਵਿਚ ਇਹ ਖਬਰ ਛਪੀ ਹੈ, ਹਿੰਦੁਸਤਾਨ ਟਾਈਮਜ਼ ਵਿਚ ਇਹ ਖਬਰ ਛਪੀ ਹੈ,

Original with;
Punjab Vidhan Sabha
Digitized by;
Panjab Digital Library

ਜੇ ਉਹ ਗੱਲ ਸੱਚੀ ਹੈ ਤਾਂ ਇਕ ਲੁਕਿਆ ਏਜੰਡਾ ਇਸ ਬਜਟ ਵਿਚ ਨਹੀਂ ਹੋਣਾ ਚਾਹੀਦਾ, ਜਿਸ ਦੇ ਵਿਚ ਛਪਿਆ ਹੈ ਕਿ ਪੰਜ ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋਣ ਤੋਂ ਬਾਅਦ 10%, ਵੈਟ ਤੇ ਇਕ ਸੈਸ ਲਗਾਇਆ ਜਾਵੇਗਾ ਜਿਸ ਦੇ ਨਾਲ ਤਕਰੀਬਨ 550 ਕਰੋੜ ਰੁਪਏ ਦੀ ਆਮਦਨ ਹੋਵੇਗੀ ਅਤੇ ਉਸ ਦੇ ਨਾਲ ਚੁੰਗੀਆਂ ਨੂੰ ਹੋਣ ਵਾਲਾ ਘਾਟਾ ਪੂਰਾ ਕੀਤਾ ਜਾਵੇਗਾ। ਅਗਰ ਕੋਈ ਲੁਕਵਾਂ ਏਜੰਡਾ ਵਿਚਾਰ ਅਧੀਨ ਹੈ ਤਾਂ ਇਹ ਮਾੜੀ ਗੱਲ ਹੋਵੇਗੀ। ਇਸ ਤਰ੍ਹਾਂ ਦੀਆਂ ਗੱਲਾਂ ਬਜਟ ਵਿਚ ਸਪਸ਼ਟ ਕਰ ਦੇਣੀਆਂ ਚਾਹੀਦੀਆਂ ਹਨ। ਦੂਸਰਾ ਇਹ ਵੀ ਛਪਿਆ ਹੈ ਕਿ ਕਾਰਪੋਰੇਸ਼ਨਾਂ ਦੀਆਂ ਚੋਣਾਂ ਤੋਂ ਮਗਰੋਂ ਪੰਜਾਬ ਅਲਕਲੀਜ਼, ਸ਼ੂਗਰ ਮਿਲਾਂ ਅਤੇ ਪਨਕਾਮ ਜਿਹੇ ਅਦਾਰੇ ਵੇਚਣ ਦੀ ਸਕੀਮ ਬਣੀ ਹੋਈ ਹੈ, ਸਿਰਫ ਕਾਰਪੋਰੇਸ਼ਨਾਂ ਦੀਆਂ ਚੋਣਾਂ ਤੋਂ ਬਾਅਦ। ਤੀਸਰੀ ਗੱਲ ਇਹ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਬਿਲਡਿੰਗਾਂ ਵਾਲੇ ਪਾਸੇ, ਇੰਡਸਟਰੀ ਵਾਲੇ ਪਾਸੇ ਤੋਰ ਦਿੱਤਾ ਹੈ ਅਤੇ ਇਕ ਲੈਂਡ ਬੈਂਕ ਵੀ ਬਣਾ ਦਿੱਤਾ ਹੈ ਜਿਸ ਲਈ 100 ਕਰੋੜ ਰੁਪਏ ਰੱਖੇ ਗਏ ਹਨ। ਇਹ ਵੀ ਖੇਤੀਬਾੜੀ ਵਾਲੀ ਜ਼ਮੀਨ ਲਈ ਖਤਰੇ ਵਾਲੀ ਗੱਲ ਹੋਵੇਗੀ। ਅਖਬਾਰ ਵਿਚ ਇਹ ਵੀ ਛਪਿਆ ਹੈ ਕਿ ਮੰਡੀ ਵਿਚ ਜੋ ਫ਼ਸਲ ਆਉਂਦੀ ਹੈ, ਉਸ ਤੇ 2-3 ਰੁਪਏ ਪ੍ਰਤੀ ਕੁਇੰਟਲ ਟੈਕਸ ਲਾਉਣ ਜਾ ਰਹੇ ਹਾਂ ਜਿਸ ਦੇ ਨਾਲ 80 ਕਰੋੜ ਰੁਪਏ ਇਕੱਠੇ ਕਰਕੇ ਖੇਤੀ ਖੋਜ ਫੰਡ ਕਰੀਏਟ ਕੀਤਾ ਜਾਵੇਗਾ। ਇਹ ਚਾਹੀਦਾ ਤਾਂ ਬਜਟ ਵਿਚ ਸਪਸ਼ਟ ਕਰਨਾ ਸੀ ਜੇ ਨਹੀਂ ਕੀਤਾ ਤਾਂ ਇਹ ਗਲਤ ਗੱਲ ਹੈ। ਮੈਂ ਪਹਿਲੀ ਡੀਮਾਂਡ ਖੇਤੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਇਸ ਦੇ ਵਿਚ ਟੋਟਲ ਬਜਟ ਦਾ 10.5% ਰੱਖਿਆ ਗਿਆ ਹੈ ਜਦ ਕਿ ਪੰਜਾਬ ਦੀ 70% ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਅਤੇ ਖੇਤੀਬਾੜੀ ਨਾਲ ਸਬੰਧਤ ਹੈ ਅਤੇ ਇੰਨਾਂ ਥੋੜ੍ਹਾ ਪੈਸਾ ਰੱਖ ਕੇ ਉਨ੍ਹਾਂ ਨਾਲ ਇਨਸਾਫ ਨਹੀਂ ਕੀਤਾ ਗਿਆ। ਕਿਸਾਨ ਅਤੇ ਖੇਤ ਮਜ਼ਦੂਰ ਆਤਮ ਹੱਤਿਆ ਕਰ ਰਹੇ ਹਨ। ਮੇਰੇ ਕੋਲ ਅਕਾਲੀ ਦਲ ਦਾ ਚੋਣ ਮੈਨੀਫੈਸਟੋ ਪਿਆ ਹੈ, ਉਸ ਦੇ ਸਫਾ 4 ਤੇ ਇਹ ਲਿਖਿਆ ਹੈ ਕਿ ਖੇਤੀਬਾੜੀ ਲਈ ਨਿੱਗਰ ਬੰਦੋਬਸਤ ਕੀਤਾ ਜਾਵੇਗਾ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਵੇਗੀ। ਡੀਮਾਂਡ ਨੰਬਰ 1 ਵਿਚ ਜੋ ਵਿਵਸਥਾ ਕੀਤੀ ਗਈ ਹੈ, ਉਸਦੇ ਵਿਚ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਆਈ ਜਦ ਕਿ ਸਾਡੇ ਸਾਹਮਣੇ ਕੇਰਲਾ ਦੀ ਸਰਕਾਰ ਦੀ ਉਦਾਹਰਣ ਹੈ ਜਿਸ ਨੇ ਪਹਿਲਾਂ ਆਰਡੀਨੈਂਸ ਪਾਸ ਕੀਤਾ ਅਤੇ ਫਿਰ ਕਿਹਾ ਕਿ ਇਕ ਸਾਲ ਵਾਸਤੇ ਕਰਜ਼ੇ ਦੀ ਕੋਈ ਕਿਸ਼ਤ ਕਿਸਾਨ ਤੋਂ ਨਹੀਂ ਲਈ ਜਾਵੇਗੀ ਅਤੇ ਫਿਰ ਉਨ੍ਹਾਂ ਨੇ ਕਾਨੂੰਨ ਪਾਸ ਕੀਤਾ ਕਿ ਇਕ ਲੱਖ ਤੱਕ ਜਿਨ੍ਹਾਂ ਨੇ ਕਰਜ਼ਾ ਦੇਣਾ ਹੈ ਉਨ੍ਹਾਂ ਦਾ ਇਕ ਮੁਸ਼ਤ ਕਰਜ਼ਾ ਮੁਆਫ ਕਰ ਦਿੱਤਾ ਜਾਵੇਗਾ ਅਤੇ ਜਿਨ੍ਹਾਂ ਨੇ ਤਿੰਨ ਲੱਖ ਦੇਣਾ ਹੈ, ਉਨ੍ਹਾਂ ਦਾ ਤਿੰਨ ਸਾਲ ਵਿਚ ਇਕ ਇਕ ਲੱਖ ਰੁਪਿਆ ਕਰਕੇ ਮੁਆਫ ਕੀਤਾ ਜਾਵੇਗਾ। ਜੇ ਇਸ ਤਰ੍ਹਾਂ ਦੇ ਕਦਮ ਪੰਜਾਬ ਸਰਕਾਰ ਉਠਾਉਣਾ ਚਾਹੁੰਦੀ ਹੈ ਤਾਂ ਚੰਗੀ ਗੱਲ ਸੀ, ਇਸ ਤਰ੍ਹਾਂ ਦੀ ਸਹੂਲਤ ਪੰਜਾਬ ਦੇ ਕਿਸਾਨ ਨੂੰ ਵੀ ਮਿਲਣੀ ਚਾਹੀਦੀ ਹੈ। ਪੰਜਾਬ ਵਿਚ ਖੇਤੀਬਾੜੀ ਅਫਸਰਾਂ ਦੀਆਂ ਬਹੁਤ ਸਾਰੀਆਂ ਆਸਾਮੀਆਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਵੀ ਭਰਨ ਦਾ ਕੋਈ ਜ਼ਿਕਰ ਨਹੀਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਮੱਖਣ ਸਿੰਘ ]

ਆਇਆ। ਇਸੇ ਤਰ੍ਹਾਂ ਖੇਤੀਬਾੜੀ ਦੇ ਹਾਦਸਿਆਂ ਵਿਚ ਕਿਸਾਨਾਂ ਨੂੰ ਮੁਆਵਜ਼ਾ ਮਿਲਦਾ ਹੈ ਪਰ ਮੇਰੇ ਧਿਆਨ ਵਿਚ ਆਇਆ ਹੈ ਕਿ ਉਹ ਕਲੇਮ ਵੀ ਤਿੰਨ-ਚਾਰ ਸਾਲਾਂ ਤੋਂ ਮੰਡੀ ਬੋਰਡ ਵਲੋਂ ਕਲੀਅਰ ਨਹੀਂ ਕੀਤੇ ਗਏ ਅਤੇ ਪੈਂਡਿੰਗ ਪਏ ਹਨ। ਇਹ ਜਲਦੀ ਕਲੀਅਰ ਕੀਤੇ ਜਾਣ ਤਾਂ ਕਿ ਜਿਨ੍ਹਾਂ ਪਰਿਵਾਰਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਰਾਹਤ ਮਿਲ ਸਕੇ। ਖੇਤੀ ਖੇਤਰ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾ. ਮਨਮੋਹਨ ਸਿੰਘ ਜੀ ਦੀ ਅਗਵਾਈ ਵਿਚ ਕੇਂਦਰ ਸਰਕਾਰ ਨੇ ਬਹੁਤ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਖੇਤੀ ਖੇਤਰ ਨੂੰ ਪ੍ਰਫੁਲਿਤ ਕਰਨ ਲਈ 25000 ਕਰੋੜ ਰੁਪਿਆ ਰਖਿਆ ਹੈ। ਸਾਡੇ ਪੰਜਾਬ ਵਿਚੋਂ ਡਾਕਟਰ ਪੀ.ਐਸ. ਰੰਗੀ ਜੋ ਫਾਰਮਰ ਕਮਿਸ਼ਨ ਦੇ ਚੇਅਰਮੈਨ ਹਨ, ਉਨ੍ਹਾਂ ਨੂੰ ਕੌਮੀ ਕਮਿਸ਼ਨ ਦਾ ਮੈਂਬਰ ਬਣਾਇਆ ਗਿਆ ਹੈ। ਉਨ੍ਹਾਂ ਨੇ ਸਿਫਾਰਸ਼ ਕੀਤੀ ਸੀ ਕਿ ਅਗਰ ਪੰਜਾਬ ਵਿਚ ਖੇਤੀਬਾੜੀ ਖੇਤਰ ਵਾਸਤੇ ਯੋਜਨਾ ਦਾ ਦਸ ਪ੍ਰਤੀਸ਼ਤ ਹਿੱਸਾ ਰੱਖ ਲਿਆ ਜਾਵੇ ਤਾਂ ਅਸੀਂ ਸੈਂਟਰ ਦੇ 25000 ਕਰੋੜ ਰੁਪਏ ਵਿਚੋਂ ਕਾਫੀ ਰਾਸ਼ੀ ਲਿਆ ਸਕਦੇ ਹਾਂ। ਹੁਣ ਸਿਰਫ 3.9 ਫੀਸਦੀ ਰੱਖਿਆ ਗਿਆ ਹੈ ਔਰ ਜਿਹੜਾ ਸੁਝਾਓ ਸ਼੍ਰੀ ਰੰਗੀ ਜੀ ਨੇ ਦਿੱਤਾ ਹੈ, ਉਸ ਤੋਂ ਕਾਫੀ ਘੱਟ ਹੈ।

ਡਿਪਟੀ ਸਪੀਕਰ ਸਾਹਿਬ, ਅਗਲੀ ਗੱਲ ਮੈਂ ਮੁਲਾਜ਼ਮ ਵਰਗ ਬਾਰੇ ਕਹਿਣਾ ਚਾਹੁੰਦਾ ਹਾਂ। ਸ਼੍ਰੋਮਣੀ ਅਕਾਲੀ ਦਲ ਦਾ ਜਿਹੜਾ ਮੈਨੀਫੈਸਟੋ ਹੈ, ਇਸ ਦੇ ਸਫਾ 11, 95 ਅਤੇ 96 ਵਿਚ ਕੁਝ ਗੱਲਾਂ ਕਹੀਆਂ ਗਈਆਂ ਹਨ ਜੋ ਕਿ ਮੁਲਾਜ਼ਮਾਂ ਲਈ ਕੀਤੀਆਂ ਜਾਣੀਆਂ ਹਨ ਪਰ ਉਨ੍ਹਾਂ ਗੱਲਾਂ ਦਾ ਇਸ ਬਜਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਲਈ ਮੈਂ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ। ਮੈਨੀਫੈਸਟੋ ਵਿਚ ਸ਼੍ਰੋਮਣੀ ਅਕਾਲੀ ਦਲ ਨੇ 4-9-14 ਤਰੱਕੀ ਪੈਟਰਨ ਦੀ ਗੱਲ ਕੀਤੀ ਸੀ ਪਰ ਇਸ ਬਜਟ ਵਿਚ ਅਜਿਹੀ ਕੋਈ ਵਿਵਸਥਾ ਦਿਖਾਈ ਨਹੀਂ ਦਿੰਦੀ। ਇਸੇ ਤਰ੍ਹਾਂ ਈ.ਟੀ.ਟੀ., ਫਾਰਮਾਸਿਸਟ, ਵੈਟਰਨਰੀ ਫਾਰਮਾਸਿਸਟਾਂ, ਦਿਹਾੜੀਦਾਰ ਕਾਮਿਆਂ ਨੂੰ ਰੈਗੂਲਰ ਕਰਨ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਜਿਨ੍ਹਾਂ ਦੀ ਗਿਣਤੀ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਵਿਚ ਤਕਰੀਬਨ ਪੰਜ ਲੱਖ ਬਣਦੀ ਹੈ। ਮੈਨੀਫੈਸਟੋ ਵਿਚ ਗੱਲ ਕੀਤੀ ਗਈ ਹੈ ਪਰ ਇਸ ਬਜਟ ਵਿਚ ਕੁਝ ਨਹੀਂ ਰੱਖਿਆ ਗਿਆ। ਇਸੇ ਤਰ੍ਹਾਂ ਪੇਜ਼ 25 ਤੇ ਦੋ ਲੱਖ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਦੀ ਗੱਲ ਕੀਤੀ ਗਈ ਸੀ। ਪਰਸੋਂ ਸੈਂਕੜੇ ਪੈਨਸ਼ਨਰ ਸੈਕਟਰ 17 ਵਿਚ ਧਰਨਾ ਦੇ ਰਹੇ ਸੀ। ਤੁਸੀਂ ਆਪ ਆਖਿਆ ਸੀ ਕਿ ਇਸ ਨੂੰ ਹੱਲ ਕਰਾਂਗੇ, ਇਸ ਲਈ ਇਹ ਮਸਲੇ ਹੱਲ ਕੀਤੇ ਜਾਣ। ਇਸੇ ਤਰ੍ਹਾਂ ਪ੍ਰਾਈਵੇਟ ਏਡਿਡ ਸਕੂਲਾਂ ਦੇ ਟੀਚਰਾਂ ਦੀ ਪੈਨਸ਼ਨ 2002 ਤੋਂ ਬੰਦ ਪਈ ਹੈ। ਅਕਾਲੀ ਦਲ ਨੇ ਆਪਣੇ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਪੈਨਸ਼ਨ ਦੁਬਾਰਾ ਚਾਲੂ ਕਰਾਂਗੇ ਪਰ ਬਜਟ ਵਿਚ ਅਜਿਹਾ ਕੁਝ ਨਹੀਂ ਦਿਖਾਈ ਦਿੰਦਾ।

**ਟਰਾਂਸਪੋਰਟ ਮੰਤਰੀ (ਮਾਸਟਰ ਮੋਹਨ ਲਾਲ) :** ਡਿਪਟੀ ਸਪੀਕਰ

Original with;
Punjab Vidhan Sabha
Digitized by;
Punjab Digital Library

ਸਾਹਿਬ, ਪੁਆਇੰਟ ਆਫ ਆਰਡਰ। ਸਾਡੇ ਸਤਿਕਾਰਯੋਗ ਮੈਂਬਰ ਬੋਲ ਰਹੇ ਹਨ ਔਰ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਪ੍ਰਾਈਵੇਟ ਏਡਿਡ ਸਕੂਲਾਂ ਦੇ ਟੀਚਰਾਂ ਦੀਆਂ ਪੈਨਸ਼ਨਾਂ ਬੰਦ ਕੀਤੀਆਂ ਗਈਆਂ ਹਨ। ਇਹ ਪੈਨਸ਼ਨਾਂ ਬੰਦ ਕਿਸ ਨੇ ਕੀਤੀਆਂ? ਦੁਨੀਆਂ ਦੇ ਇਤਿਹਾਸ ਵਿਚ ਕਦੇ ਅਜਿਹਾ ਨਹੀਂ ਹੋਇਆ। ਅੱਜ ਦਿਨ ਤੱਕ ਨਹੀਂ ਹੋਇਆ ਕਿ ਕਿਸੀ ਦੀ ਲੱਗੀ ਪੈਨਸ਼ਨ ਨੂੰ ਕਿਸੀ ਚੁਣੀ ਹੋਈ ਸਰਕਾਰ ਨੇ ਬੰਦ ਕੀਤਾ ਹੋਵੇ। ਪਹਿਲਾ ਕੁਹਾੜਾ ਮਾਰਿਆ ਕਿ ਪ੍ਰਾਈਵੇਟ ਏਡਿਡ ਸਕੂਲਾਂ ਦੇ ਟੀਚਰਾਂ ਦੀ ਪੈਨਸ਼ਨ ਜੋ 1996 ਵਿਚ ਲਾਗੂ ਕੀਤੀ ਗਈ ਸੀ, ਇਨ੍ਹਾਂ ਦੀ ਸਰਕਾਰ ਨੇ ਬੰਦ ਕਰ ਦਿੱਤੀ। ਇਹ 31 ਮਈ, 2003 ਨੂੰ ਬੰਦ ਕੀਤੀ ਗਈ। ਮੇਰੇ ਮੋਹਤਰਮ ਸਾਥੀ ਜ਼ਿਕਰ ਕਰ ਰਹੇ ਹਨ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੈਨਸ਼ਨ ਬੰਦ ਕਰਨ ਦੀ ਸਾਰੀ ਜ਼ਿੰਮੇਵਾਰੀ ਜੇ ਹੈ ਤਾਂ ਉਹ ਕਾਂਗਰਸ ਪਾਰਟੀ ਦੀ ਸਰਕਾਰ ਦੀ ਹੈ। ਇਨ੍ਹਾਂ ਨੇ ਪੈਨਸ਼ਨਾਂ ਦੀ ਗੱਲ ਕੀਤੀ ਹੈ, ਇਸ ਨੂੰ ਬੰਦ ਕਰਨ ਦੀ ਜ਼ਿੰਮੇਵਾਰ ਕਾਂਗਰਸ ਸਰਕਾਰ ਹੈ। ਅਸੀਂ ਤਾਂ ਲਗਾਵਾਂਗੇ, ਕੁਝ ਕਰਾਂਗੇ।

**ਸਰਦਾਰ ਮੱਖਣ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਤੇ ਕੋਈ ਇਲਜ਼ਾਮ ਲਗਾਉਣ ਲਈ ਖੜ੍ਹਾ ਨਹੀਂ ਹੋਇਆ। ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿਚ ਜੋ ਗੱਲਾਂ ਰਖੀਆਂ ਹਨ, ਮੈਂ ਚਾਹੁੰਦਾ ਹਾਂ ਕਿ ਉਹ ਪੂਰੀਆਂ ਕੀਤੀਆਂ ਜਾਣ। ਇਹ ਨਹੀਂ ਕਹਿੰਦਾ ਕਿ ਕਾਂਗਰਸ ਸਰਕਾਰ ਜ਼ਿੰਮੇਵਾਰ ਹੈ ਜਾਂ ਅਕਾਲੀ ਦਲ ਦੀ ਜ਼ਿੰਮੇਵਾਰੀ ਹੈ। ਡਿਪਟੀ ਸਪੀਕਰ ਸਾਹਿਬ, ਅੱਗੇ ਮੈਂ ਡਿਮਾਂਡ ਨੰ: 5 ਤੇ ਬੋਲਣਾ ਚਾਹੁੰਦਾ ਹਾਂ ਜੋ ਕਿ ਐਜੂਕੇਸ਼ਨ ਬਾਰੇ ਹੈ। ਐਜੂਕੇਸ਼ਨ ਦੇ ਬਾਰੇ ਬਜਟ ਵਿਚ 12 ਪਰਸੈਂਟ ਦੀ ਵਿਵਸਥਾ ਕੀਤੀ ਗਈ ਹੈ। ਐਕਟ ਬਣ ਗਿਆ, 2006 ਵਿਚ "ਰਾਈਟ ਟੂ ਇਨਫਰਮੇਸ਼ਨ"। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਾਸ਼ੀ ਬਹੁਤੀ ਨਹੀਂ ਹੈ। ਪੰਜਾਬ ਵਿਚ 3000 ਐਜੂਕੇਸ਼ਨ ਗਾਰੰਟੀ ਪ੍ਰੋਗਰਾਮ ਕੇਂਦਰ ਗੌਰਮਿੰਟ ਦੀ ਮਦਦ ਨਾਲ ਚੱਲ ਰਹੇ ਹਨ ਔਰ ਇਹ 3000 ਕੇਂਦਰ ਹੁਣੇ 31 ਮਾਰਚ ਤੋਂ ਬਾਅਦ ਬੰਦ ਹੋ ਗਏ ਹਨ। 32000 ਟੀਚਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਜਿਨ੍ਹਾਂ ਵਿਚੋਂ ਪੀ.ਟੀ.ਆਈ. ਤੇ ਡੀ.ਪੀ.ਆਈ. ਟੀਚਰ ਵੀ ਹਨ। ਐਜੂਕੇਸ਼ਨ ਡਿਪਾਰਟਮੈਂਟ ਵਿਚ ਇੱਕ ਹੋਰ ਹੈਰਾਨੀ ਦੀ ਗੱਲ ਇਹ ਹੈ ਕਿ 2005 ਵਿਚ ਜੋ ਪ੍ਰਿੰਸੀਪਲ ਪਰਮੋਟ ਹੋਏ, ਉਨ੍ਹਾਂ ਨੂੰ ਡੀ.ਈ.ਓ. ਲਗਾ ਦਿੱਤਾ ਪਰ ਜਿਹੜੇ 1990 ਦੇ ਪ੍ਰਿੰਸੀਪਲ ਬਣੇ ਹੋਏ ਹਨ, ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਸਕੂਲਾਂ ਤੇ ਡੀ.ਪੀ.ਆਈ. ਦਫ਼ਤਰਾਂ ਵਿਚ ਸਟਾਫ ਦੀ ਬਹੁਤ ਘਾਟ ਹੈ। ਇਹ ਪੂਰੀ ਕੀਤੀ ਜਾਵੇ। ਟੀਚਰ ਇਹੋ ਜਿਹੇ ਕੰਮ ਕਰਨ ਜੋ ਬੱਚਿਆਂ ਨੂੰ ਸਿੱਖਿਆ ਦੇਣ ਪਰ ਬਜਟ ਵਿਚ ਅਜਿਹੀ ਵਿਵਸਥਾ ਨਹੀਂ ਕੀਤੀ ਗਈ। ਟੀਚਰ ਟੀਚਿੰਗ ਦੇਣ ਦਾ ਕੰਮ ਦੇਣ। ਇਸੇ ਤਰ੍ਹਾਂ ਮਿੱਡ ਡੇਅ ਮੀਲ ਸਕੀਮ ਹੈ। ਟੀਚਰਾਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਇਸ ਨੂੰ ਪਕਾਓ ਅਤੇ ਤੁਸੀਂ ਹੀ ਬੱਚਿਆਂ ਨੂੰ ਖਵਾਓ। ਇਸ ਨਾਲ ਮੈਂ ਸਮਝਦਾ ਹਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਲਾਸ ਹੁੰਦਾ ਹੈ ਕਿਉਂਕਿ ਇਨ੍ਹਾਂ ਚੀਜ਼ਾਂ ਤੇ ਕਾਫੀ ਟਾਈਮ ਜਾਇਆ ਹੋ ਜਾਂਦਾ ਹੈ। ਕਰਨਾਟਕਾ, ਤਾਮਿਲਨਾਡੂ ਅਤੇ ਗੁਜਰਾਤ ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ ਮਿਡ ਡੇਅ ਮੀਲ ਵਾਸਤੇ ਵੱਖਰਾ ਸਟਾਫ ਭਰਤੀ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

[ ਸਰਦਾਰ ਮੱਖਣ ਸਿੰਘ ]

ਇਸ ਵਾਰੀ, ਡਿਪਟੀ ਸਪੀਕਰ ਸਾਹਿਬ, ਅੱਠਵੀਂ ਜਮਾਤ ਦਾ ਪੰਜਾਬ ਦਾ ਨਤੀਜਾ ਬੇਹੱਦ ਮਾੜਾ ਆਇਆ ਹੈ, ਜਿਸ ਬਾਰੇ ਸਾਨੂੰ ਸਾਰਿਆਂ ਨੂੰ ਚਿੰਤਾ ਹੋਣੀ ਚਾਹੀਦੀ ਹੈ। ਜੇ ਬੇਸਿਕ ਐਲੀਮੈਂਟਰੀ ਲੈਵਲ ਦੇ ਬੱਚਿਆਂ ਦਾ ਬੁਰਾ ਹਾਲ ਹੋਏਗਾ ਤਾਂ ਕਿਵੇਂ ਉਹ ਉਚੇਰੀ ਵਿੱਦਿਆ ਹਾਸਲ ਕਰ ਸਕਣਗੇ। ਆਦਰਸ਼ ਸਕੂਲ ਖੋਲ੍ਹਣ ਵਾਸਤੇ ਸਕੀਮ ਸ਼ੁਰੂ ਕੀਤੀ ਗਈ ਹੈ, ਜਿਹੜੇ ਕਿ 141 ਬਲਾਕਾਂ ਵਿਚ ਖੋਲ੍ਹੇ ਜਾਣੇ ਹਨ। ਪਰ ਇਸ ਵਾਰੀ ਦੇ ਬਜਟ ਵਿਚ ਕੇਵਲ 50 ਕਰੋੜ ਰੁਪਏ ਹੀ ਰੱਖੇ ਗਏ ਹਨ। ਪੰਜ ਕਰੋੜ ਰੁਪਏ ਨਾਲ ਇੱਕ ਸਕੂਲ ਬਣਨਾ ਹੈ ਅਤੇ ਕਰੀਬ 10 ਸਕੂਲ ਇਸ ਸਾਲ ਬਣ ਸਕਣਗੇ। ਬਾਦਲ ਸਾਹਿਬ ਦੇ ਪੰਜ ਸਾਲਾਂ ਵਿਚ ਜੇ ਇਹ ਇਸੇ ਢੰਗ ਨਾਲ ਪੈਸੇ ਰੱਖਦੇ ਰਹੇ ਤਾਂ 50 ਬਲਾਕਾਂ ਵਿਚ ਇਹ ਸਕੂਲ ਬਣ ਸਕਣਗੇ। ਇਸ ਨੂੰ ਪੂਰਾ ਕਰਨ ਵਾਸਤੇ ਆਉਂਦੇ ਬਜਟ ਵਿਚ ਕੋਈ ਵਿਵਸਥਾ ਕੀਤੀ ਜਾਵੇ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਕੌਮੀ ਬਾਲ ਮਜ਼ਦੂਰ ਨੀਤੀ ਹੈ, ਜਿਸ ਦੇ ਤਹਿਤ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਦੇ ਸਨਅਤੀ ਖੇਤਰ ਵਿਚ 107 ਦੇ ਕਰੀਬ ਸਕੂਲ ਖੋਲ੍ਹੇ ਗਏ ਸਨ, ਉਹ 31 ਮਾਰਚ ਤੋਂ ਮਗਰੋਂ 107 ਸਕੂਲ ਹੀ ਬੰਦ ਹੋ ਗਏ ਹਨ। ਇਸ ਦੇ ਸਬੰਧ ਵਿਚ ਮੇਰੀ ਬੇਨਤੀ ਹੈ ਕਿ ਕੌਮੀ ਬਾਲ ਮਜ਼ਦੂਰ ਦੇ ਤਹਿਤ ਚੱਲ ਰਹੇ ਸਕੂਲਾਂ ਦੀ ਬਹਾਲੀ ਵਾਸਤੇ ਕੋਈ ਯਤਨ ਕੀਤੇ ਜਾਣੇ ਚਾਹੀਦੇ ਹਨ।

ਅਗਲੀ ਗੱਲ ਮੈਂ ਸਨਅਤੀ ਖੇਤਰ ਬਾਰੇ ਕਹਿਣੀ ਚਾਹੁੰਦਾ ਹਾਂ। ਡਿਮਾਂਡ ਨੰਬਰ 13 ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਸਾਡੇ ਪੰਜਾਬ ਦਾ ਸਨਅਤੀ ਖੇਤਰ ਦੂਜੇ ਰਾਜਾਂ ਦੇ ਮੁਕਾਬਲੇ ਬਹੁਤ ਪਛੜ ਗਿਆ ਹੈ। ਮੈਨੂੰ ਕੁਝ ਦਿਨ ਪਹਿਲਾਂ ਹੀ ਬੱਦੀ ਅਤੇ ਨਾਲਾਗੜ੍ਹ ਜਾਣ ਦਾ ਮੌਕਾ ਮਿਲਿਆ ਸੀ। ਮੈਨੂੰ ਬੜੀ ਹੈਰਾਨੀ ਹੋਈ ਕਿ ਉਥੇ ਬਹੁਤ ਵੱਡਾ ਸਨਅਤੀ ਸ਼ਹਿਰ ਉਨਤ ਹੋ ਗਿਆ ਹੈ। ਇਸ ਦਾ ਕਾਰਨ ਐਫ.ਐਮ. ਸਾਹਿਬ ਨੇ ਬਿਆਨ ਕੀਤਾ ਸੀ।

| *12.32 ਵਜੇ<br>ਬਾਅਦ ਦੁਪਹਿਰ | (ਇਸ ਸਮੇਂ * ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

ਸੈਂਟਰਲ ਗੌਰਮਿੰਟ ਵੱਲੋਂ ਉਨ੍ਹਾਂ ਰਾਜਾਂ ਨੂੰ ਕੁਝ ਵਿਸ਼ੇਸ਼ ਸਹੂਲਤਾਂ ਦਿੱਤੀਆਂ ਗਈਆਂ ਹਨ, ਜਿਸ ਕਰਕੇ ਪੰਜਾਬ ਦੀ ਸਨਅਤ ਪਛੜਦੀ ਜਾ ਰਹੀ ਹੈ। ਪੰਜਾਬ ਸਰਕਾਰ ਨੂੰ ਸੈਂਟਰਲ ਗੌਰਮਿੰਟ ਨਾਲ ਇਹ ਮਸਲਾ ਟੇਕਅੱਪ ਕਰਨਾ ਚਾਹੀਦਾ ਹੈ। ਸਾਡੀ ਸਟੇਟ ਦੀ ਜ਼ਿੰਮੇਵਾਰੀ ਹੈ ਕਿ ਇੱਕ ਪ੍ਰੋਜੈਕਟ ਬਣਾ ਕੇ ਸੈਂਟਰ ਨੂੰ ਦੇਣਾ ਚਾਹੀਦਾ ਹੈ ਤਾਂ ਕਿ ਅਸੀਂ ਹੋਰ ਸਹੂਲਤਾਂ ਪ੍ਰਾਪਤ ਕਰੀਏ ਔਰ ਸਾਡੀਆਂ ਸਨਅਤਾਂ ਬਾਹਰਲੇ ਸੂਬਿਆਂ ਵਿਚ ਨਾ ਜਾਣ ਅਤੇ ਸਾਡੀਆਂ ਸਨਅਤਾਂ ਨੂੰ ਨੁਕਸਾਨ ਨਾ ਹੋਵੇ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਯਕਮੁਸ਼ਤ ਨਬੇੜੇ ਦਾ ਕਾਨੂੰਨ ਬਣਿਆ ਹੈ, **one time settlement**

Original with;
Punjab Vidhan Sabha
Digitized by;
Punjab Digital Library

ਇਹ 2003 ਵਿਚ ਬਣਿਆ ਹੈ। ਸਪੀਕਰ ਸਾਹਿਬ, ਇਸ ਕਾਨੂੰਨ ਦੇ ਤਹਿਤ ਸਿੱਕ ਯੂਨਿਟਾਂ ਦੇ ਨਾਲ ਯਕਮੁਸ਼ਤ ਨਿਬੇੜਾ ਕਰਨ ਦੀ ਬਜਾਏ ਉਨ੍ਹਾਂ ਨੂੰ ਧੜਾ ਧੜ ਵੇਚਿਆ ਜਾ ਰਿਹਾ ਹੈ। ਪੀ.ਐਫ.ਸੀ. ਤਕਰੀਬਨ ਇੱਕ ਸਾਲ ਵਿਚ 1300 ਯੂਨਿਟ ਵੇਚ ਚੁੱਕਿਆ ਹੈ ਔਰ ਜੋ ਮੇਰੀ ਜਾਣਕਾਰੀ ਹੈ, ਇੱਕ ਯੂਨਿਟ ਵਿਚ 50 ਤੋਂ 60 ਲੱਖ ਰੁਪਏ ਦੀ ਮਹਿਕਮਾ ਹੇਰਾਫੇਰੀ ਕਰਦਾ ਹੈ। ਇੱਕ ਸਾਲ ਵਿਚ 700-800 ਕਰੋੜ ਰੁਪਏ ਦੀ ਠੱਗੀ ਪੀ.ਐਫ.ਸੀ. ਡਿਪਾਰਟਮੈਂਟ ਦੇ ਅਧਿਕਾਰੀ ਮਾਰ ਚੁੱਕੇ ਹਨ। ਅਗਾਂਹ ਨੂੰ ਵੰਨ ਟਾਈਮ ਸੈਟਲਮੈਂਟ ਸਕੀਮ ਦੇ ਤਹਿਤ ਬਾਕੀ ਸਿੱਕ ਯੂਨਿਟਾਂ ਦੀ ਮੱਦਦ ਕੀਤੀ ਜਾਵੇ ਅਤੇ ਸਾਡੀ ਸਨਅਤ ਨੂੰ ਬਚਾਇਆ ਜਾਵੇ। ਇਸ ਤਰ੍ਹਾਂ ਮੈਂ ਇਹ ਗੱਲ ਕਰਨੀ ਸੀ। ਇਸ ਤੋਂ ਬਾਅਦ ਮੇਰੀ ਬੇਨਤੀ ਹੈ.....

**ਮਾਨਯੋਗ ਸਪੀਕਰ** : ਟਾਈਮ.....

**ਸਰਦਾਰ ਮੱਖਣ ਸਿੰਘ** : ਟਾਈਮ ਮੇਰਾ ਖਿਆਲ ਹੈ ਡਿਮਾਂਡਾਂ ਦੇ ਉਤੇ ਪਾਰਟੀਆਂ ਦਾ ਕੋਈ ਨਿਸ਼ਚਿਤ ਨਹੀਂ ਕੀਤਾ ਗਿਆ, ਇਹ ਤਾਂ ਮੇਰਾ ਖਿਆਲ ਹੈ ਖੁੱਲ੍ਹਾ ਹੀ ਹੁੰਦਾ ਹੈ। ..... (ਹਾਸਾ) .....

**ਮਾਨਯੋਗ ਸਪੀਕਰ** : ਖੁੱਲ੍ਹਾ ਨਹੀਂ ਹੁੰਦਾ।

(**ਆਵਾਜ਼ਾਂ** : ਚੰਗੀਆਂ ਗੱਲਾਂ ਕਰਦੇ ਹਨ ਜੀ, ਕਰ ਲੈਣ ਦਿਓ।)

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਅਗਲੀ ਬੇਨਤੀ ਸਿਹਤ ਸੇਵਾਵਾਂ ਬਾਰੇ ਕਰਨੀ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਮੈਂ ਹਸਪਤਾਲਾਂ ਵਿਚ ਮਿਲਦੀਆਂ ਦਵਾਈਆਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਜੋ ਬਜਟ ਦੀ ਐਲੋਕੇਸ਼ਨ ਕੀਤੀ ਗਈ ਹੈ, ਉਸ ਦੇ ਮੁਤਾਬਿਕ ਪ੍ਰਤੀ ਜੀਅ ਐਲੋਪੈਥਿਕ ਦਵਾਈਆਂ ਦਾ ਪੈਸਾ 4.75 ਰੁਪਏ ਬਣਦਾ ਹੈ। ਇਸੇ ਤਰ੍ਹਾਂ ਆਯੂਰਵੈਦਿਕ ਦਵਾਈਆਂ ਦਾ ਪ੍ਰਤੀ ਜੀਅ ਕੇਵਲ 75 ਪੈਸੇ ਬਣਦਾ ਹੈ। ਤੁਸੀਂ ਆਪ ਅੰਦਾਜ਼ਾ ਲਗਾਓ ਕਿ ਇੰਨੇ ਥੋੜ੍ਹੇ ਫੰਡਾਂ ਨਾਲ ਅਸੀਂ ਪੰਜਾਬ ਦੇ ਲੋਕਾਂ ਦੀ ਸਿਹਤ ਦਾ ਕਿੰਨਾ ਕੁ ਖਿਆਲ ਰੱਖ ਸਕਦੇ ਹਾਂ। ਇਸੇ ਤਰ੍ਹਾਂ ਡਾਕਟਰਾਂ, ਪੈਰਾ-ਮੈਡੀਕਲ ਸਟਾਫ ਦੀਆਂ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਦੇ ਸਬੰਧ ਵਿਚ ਇਸ ਬਜਟ ਵਿਚ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਮੈਨੀਫੈਸਟੋ ਵਿਚ ਇਹ ਕਿਹਾ ਗਿਆ ਸੀ ਕਿ 500 ਕਰੋੜ ਰੁਪਏ ਨਾਲ ਇੱਕ ਵਿਸ਼ੇਸ਼ ਹੈਲਥ ਯੋਜਨਾ ਚਾਲੂ ਕੀਤੀ ਜਾਵੇਗੀ ਔਰ ਕੈਂਸਰ ਦੇ ਸਬੰਧ ਵਿਚ ਕੋਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਕੱਲ੍ਹ ਇੱਕ ਸਟਾਰਡ ਕੁਐਸਚਨ ਪੁੱਛਿਆ ਗਿਆ ਸੀ, ਜਿਸ ਵਿਚ ਜੋ ਤੱਥ ਸਾਡੇ ਸਿਹਤ ਮੰਤਰੀ ਸਾਹਿਬਾ ਨੇ ਹਾਊਸ ਦੇ ਸਾਹਮਣੇ ਲਿਆਂਦੇ ਹਨ, ਉਹ ਬੜੇ ਚਕੌਣ ਵਾਲੇ ਹਨ। ਖਾਸ ਤੌਰ ਤੇ ਸਾਡੇ ਮਾਲਵੇ ਦੇ ਜ਼ਿਲ੍ਹੇ ਮਾਨਸਾ, ਬਠਿੰਡਾ, ਮੁਕਤਸਰ, ਫਰੀਦਕੋਟ ਵਿਚ ਕਿੰਨੇ ਕਿੰਨੇ ਪਰਸੈਂਟ ਲੋਕਾਂ ਨੂੰ ਕੈਂਸਰ ਹੈ। ਇਹ ਪਾਣੀ ਦੀ ਵਜ੍ਹਾ ਕਰਕੇ ਹੈ। ਇਹ ਭਿਆਨਕ ਦਸ਼ਾ ਹੈ। ਇਸ ਵੱਲ ਬਜਟ ਵਿਸ਼ੇਸ਼ ਧਿਆਨ ਮੰਗਦਾ ਸੀ। ਇਸੇ ਤਰ੍ਹਾਂ ਹੀ ਜਲੰਧਰ ਵਿਚ ਇੰਸਟੀਚਿਊਟ

Original with;
Punjab Vidhan Sabha
Digitized by;
Panjab Digital Library

[ ਸਰਦਾਰ ਮੱਖਣ ਸਿੰਘ ]

ਆਫ਼ ਮੈਡੀਕਲ ਸਾਇੰਸਿਜ਼ ਹੈ ਜਿਹੜਾ ਕਿ ਪੀ.ਜੀ.ਆਈ. ਦੇ ਪੱਧਰ ਦਾ ਹੈ। ਮੈਨੂੰ ਪਤਾ ਲੱਗਾ ਹੈ ਕਿ ਸੈਸ਼ਨ ਤੋਂ ਮਗਰੋਂ ਇਹ ਅਪੋਲੋ ਜਾਂ ਫੋਰਟਿਸ ਵਾਲਿਆਂ ਨੂੰ ਦੇ ਦੇਣਾ ਹੈ। ਇਹ ਬੜੀ ਮਾੜੀ ਗੱਲ ਹੋਵੇਗੀ। ਜੇਕਰ ਇਹ ਸਰਕਾਰੀ ਖੇਤਰ ਵਿਚ ਚੱਲੇਗਾ ਤਾਂ ਆਮ ਲੋਕਾਂ ਲਈ ਫਾਇਦਾ ਹੋਣਾ ਹੈ। ਅਗਰ ਇਹ ਪ੍ਰਾਈਵੇਟ ਨੂੰ ਦੇ ਦੇਣਾ ਹੈ ਤਾਂ ਇਥੇ ਇਲਾਜ ਮਹਿੰਗਾ ਹੋ ਜਾਣਾ ਹੈ। ਇਹ ਸਰਕਾਰ ਕੋਲ ਰਹਿਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਨੀਫੈਸਟੋ ਵਿਚ ਇਹ ਵਾਇਦਾ ਕੀਤਾ ਗਿਆ ਸੀ ਕਿ ਯੋਜਨਾ ਯੂਥ ਡਿਵੈਲਪਮੈਂਟ ਬੋਰਡ ਦੀ ਸਥਾਪਨਾ ਕੀਤੀ ਜਾਵੇਗੀ। ਇਸ ਦਾ ਕੋਈ ਜ਼ਿਕਰ ਨਹੀਂ ਆਇਆ। ਖੇਡਾਂ ਸਬੰਧੀ ਮੈਂ ਇਕ ਸਵਾਲ ਲਾਇਆ ਸੀ ਜਿਸ ਦਾ ਖੇਡ ਮੰਤਰੀ ਸਾਹਿਬ ਵਲੋਂ ਜਵਾਬ ਆ ਗਿਆ ਸੀ। ਮੈਂ ਪੁੱਛਿਆ ਸੀ ਕਿ ਸ਼ੰਘਾਈ ਵਿਚ ਇਕ ਸਾਲ ਬਾਅਦ ਜਿਹੜੀਆਂ 2008 ਵਿਚ ਖੇਡਾਂ ਹੋ ਰਹੀਆਂ ਹਨ ਉਨ੍ਹਾਂ ਬਾਰੇ ਕੀ ਤਿਆਰੀ ਕਰ ਰਹੇ ਹੋ। ਕਹਿੰਦੇ ਅਸੀਂ ਕੋਈ ਤਿਆਰੀਆਂ ਨਹੀਂ ਕਰ ਰਹੇ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਉਨ੍ਹਾਂ ਨੇ ਵਿਚ ਦਖ਼ਲ ਦਿੱਤਾ ਅਤੇ ਆਪਣੀ ਸਰਕਾਰ ਦੀ ਨੀਤੀ ਸਪੱਸ਼ਟ ਕੀਤੀ ਕਿ ਖੇਡਾਂ ਦੇ ਸਬੰਧ ਵਿਚ ਕਿਸੇ ਕਿਸਮ ਦੀ ਪੈਸੇ ਦੀ ਤੋਟ ਨਹੀਂ ਆਉਣ ਦਿਆਂਗੇ, ਖੇਡਾਂ ਸਬੰਧੀ ਨਵੀਆਂ ਯੋਜਨਾਵਾਂ ਲੈ ਕੇ ਆਵਾਂਗੇ। ਮੈਂ ਮੁੱਖ ਮੰਤਰੀ ਸਾਹਿਬ ਨੂੰ ਇਕ ਵਧਾਈ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਾਦਲ ਪਿੰਡ ਵਿਚ ਇਕ ਖੇਡ ਵਿੰਗ ਖੋਲ੍ਹਿਆ ਸੀ, ਉਸ ਵਿਚ ਇਕ ਨਿਸ਼ਾਨੇਬਾਜ਼ੀ ਵਿੰਗ ਖੋਲ੍ਹਿਆ ਗਿਆ ਸੀ। ਜਿਸ ਦਿਨ ਉਸ ਦਾ ਉਦਘਾਟਨ ਹੋਣਾ ਸੀ ਹਿੰਦੁਸਤਾਨ ਭਰ ਦੇ ਨਿਸ਼ਾਨੇਬਾਜ਼ ਉਸ ਵਿਚ ਬੁਲਾਏ ਗਏ ਸਨ। ਇਨ੍ਹਾਂ ਨੇ ਉਦਘਾਟਨ ਮੌਕੇ ਬੋਲਦਿਆਂ ਕਿਹਾ ਸੀ ਕਿ ਜਿਸ ਤਰ੍ਹਾਂ ਦੇ ਨਿਸ਼ਾਨੇਬਾਜ਼ ਪੂਰੇ ਹਿੰਦੁਸਤਾਨ ਦੇ ਬਾਕੀ ਸ਼ਹਿਰਾਂ ਵਿਚੋਂ ਬਾਦਲ ਪਿੰਡ ਵਿਚ ਆਏ ਹਨ ਮੈਂ ਚਾਹਾਂਗਾ ਕਿ ਜਦੋਂ ਅਸੀਂ ਅਗਲੀ ਵਾਰ ਫੰਕਸ਼ਨ ਕਰੀਏ ਤਾਂ ਬਾਦਲ ਪਿੰਡ ਦੀ ਧਰਤੀ ਵਿਚੋਂ, ਸਾਡੇ ਇਸ ਖੇਡ ਵਿੰਗ ਵਿਚੋਂ ਕੌਮੀ ਪੱਧਰ ਦੇ ਖਿਡਾਰੀ ਬਣ ਕੇ ਆਉਣ। ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਦਾ ਇਹ ਸੁਪਨਾ ਪੂਰਾ ਹੋਇਆ ਹੈ। ਉਥੋਂ ਦੀ ਇਕ ਬੱਚੀ ਅਵਨੀਤ ਕੌਰ ਸਿੱਧੂ, ਉਹ ਤਿੰਨ ਤਮਗੇ ਜਿੱਤ ਕੇ ਲਿਆਈ ਹੈ। (ਥੰਪਿੰਗ) ਉਸ ਨੇ ਪੰਜਾਬ ਦਾ ਮਾਣ ਵਧਾਇਆ ਹੈ, ਪੰਜਾਬ ਦੇ ਖਿਡਾਰੀਆਂ ਦਾ ਮਾਣ ਵਧਾਇਆ ਹੈ, ਬਾਦਲ ਪਿੰਡ ਦਾ, ਬਾਦਲ ਪਿੰਡ ਦੇ ਉਨ੍ਹਾਂ ਸਕੂਲਾਂ, ਕਾਲਜਾਂ ਦਾ ਜਿਥੋਂ ਉਸ ਨੇ ਸਿਖਲਾਈ ਲਈ, ਉਨ੍ਹਾਂ ਦਾ ਮਾਣ ਵਧਾਇਆ ਹੈ। ਜਦੋਂ ਬੱਚੇ ਇਨਾਮ ਲੈ ਕੇ ਆਉਂਦੇ ਹਨ ਤਾਂ ਉਸ ਸੂਬੇ ਦਾ ਵੀ ਨਾਮ ਉਚਾ ਹੁੰਦਾ ਹੈ। ਖੇਡਾਂ ਪ੍ਰਤੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਸ਼ੌਂਕ ਹੈ ਅਤੇ ਇਹ ਫਾਈਨਾਂਸ ਮਨਿਸਟਰ ਸਾਹਿਬ ਦਾ ਵੀ ਸ਼ੌਂਕ ਹੈ। ਇਹ ਅਜਿਹੇ ਬੱਚਿਆਂ ਨੂੰ ਬੜਾ ਸਨਮਾਨ ਦਿੰਦੇ ਹਨ। ਇਹ ਬੱਚੀ ਇਨ੍ਹਾਂ ਦੀ ਆਪਣੀ ਪੈਦਾਵਾਰ ਹੈ। ਇਸ ਵੱਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਧਿਆਨ ਨਹੀਂ ਗਿਆ। ਇਹ ਉਸ ਵੱਲ ਧਿਆਨ ਦੇਣ।

ਸਪੀਕਰ ਸਾਹਿਬ, ਇਕ ਮੈਨੀਫੈਸਟੋ ਵਿਚ ਪ੍ਰੈਸ ਸਬੰਧੀ ਵਾਇਦਾ ਕੀਤਾ ਗਿਆ

Original with;
Punjab Vidhan Sabha
Digitized by;
Panjab Digital Library

ਸੀ ਕਿ ਅਸੀਂ ਵਿਸ਼ੇਸ਼ ਮੀਡੀਆ ਵੈਲਫੇਅਰ ਫੰਡ 10 ਲੱਖ ਦਾ ਕਾਇਮ ਕਰਾਂਗੇ। ਜਿਸ ਦਾ ਕਿ ਬਜਟ ਵਿਚ ਜ਼ਿਕਰ ਨਹੀਂ ਆਇਆ। ਇਸੇ ਤਰ੍ਹਾਂ ਪੱਤਰਕਾਰਾਂ ਲਈ 5 ਲੱਖ ਦੀ ਬੀਮਾ ਯੋਜਨਾ ਬਾਰੇ ਮੈਨੀਫੈਸਟੋ ਵਿਚ ਕਿਹਾ ਗਿਆ ਸੀ ਇਹ ਵੀ ਬਜਟ ਵਿੱਚ ਨਹੀਂ ਕਹੀ ਗਈ। ਇਸੇ ਤਰ੍ਹਾਂ ਹੀ ਮਾਲ ਵਿਭਾਗ ਵਿਚ 1% ਸਟੈਂਪ ਡਿਊਟੀ ਘਟਾਈ ਗਈ ਹੈ, ਮੈਂ ਐਫ.ਐਮ. ਸਾਹਿਬ ਦਾ ਧੰਨਵਾਦੀ ਹਾਂ। ਇਕ ਬੜੀ ਪੁਰਾਣੀ ਗੱਲ ਮੈਂ ਐਫ.ਐਮ. ਸਾਹਿਬ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ 10-15 ਸਾਲਾਂ ਤੋਂ ਇਸ ਗੱਲ ਦੀ ਚਰਚਾ ਕੀਤੀ ਜਾ ਰਹੀ ਹੈ ਕਿ ਮਾਲ ਰਿਕਾਰਡਾਂ ਦਾ ਕੰਪਿਊਟਰੀਕਰਨ ਕੀਤਾ ਜਾਵੇਗਾ। ਜੇਕਰ ਇਹ ਹੋ ਜਾਂਦਾ ਹੈ ਤਾਂ ਕਿਸਾਨਾਂ ਦਾ ਭਲਾ ਵੀ ਹੋਵੇਗਾ। ਪਰ ਕਈ ਸਰਕਾਰਾਂ ਆਈਆਂ ਤੇ ਉਹ ਅਗਲੀ ਵਾਰ ਅਤੇ ਅਗਲੀ ਸਰਕਾਰ ਆਉਂਦੀ ਹੈ ਤਾਂ ਅਗਲੀ ਵਾਰ ਹੋ ਜਾਂਦਾ ਹੈ। ਜੇਕਰ ਇਹ ਕੰਪਿਊਟਰੀਕਰਨ ਹੋ ਜਾਵੇ ਤਾਂ ਕਿਸਾਨਾਂ ਦੇ ਹਿਤਾਂ ਵਿਚ ਹੋਵੇਗਾ। ਇਸੇ ਤਰ੍ਹਾਂ ਸਪੀਕਰ ਸਾਹਿਬ, ਕੁਝ ਕੇਂਦਰ ਸਰਕਾਰ ਦੀਆਂ ਸਕੀਮਾਂ ਆਉਂਦੀਆਂ ਹਨ ਜਿਸ ਵਿਚ ਪੰਜਾਬ ਸਰਕਾਰ ਨੇ ਮੈਚਿੰਗ ਹਿੱਸਾ ਪਾਉਣਾ ਹੁੰਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸਕੀਮਾਂ ਦਾ ਪੈਸਾ ਕੇਂਦਰ ਵਲੋਂ ਰਲੀਜ਼ ਨਹੀਂ ਕੀਤਾ ਜਾਂਦਾ। ਮਿਸਾਲ ਦੇ ਤੌਰ ਤੇ ਸਰਵ ਸਿੱਖਿਆ ਅਭਿਆਨ ਜਿਸ ਵਿਚ 25% ਹਿੱਸਾ ਰਾਜ ਸਰਕਾਰ ਨੇ ਦੇਣਾ ਹੁੰਦਾ ਹੈ, ਮੈਂ ਪਿਛਲੇ ਸਾਲ ਵੀ ਚਰਚਾ ਕੀਤੀ ਸੀ, ਉਹ ਪੈਸਾ ਨਹੀਂ ਦਿੱਤਾ ਗਿਆ ਤੇ ਜਿਹੜਾ ਕੇਂਦਰ ਤੋਂ ਮਿਲਣਾ ਸੀ ਉਹ ਵੀ ਨਹੀਂ ਮਿਲਿਆ।

**ਮਾਨਯੋਗ ਸਪੀਕਰ** : ਤੁਹਾਡਾ ਟਾਈਮ ਇਕ ਮਿੰਟ ਰਹਿ ਗਿਆ ਹੈ।

**ਸਰਦਾਰ ਮੱਖਣ ਸਿੰਘ** : ਇਸੇ ਤਰ੍ਹਾਂ, ਕੱਲਰ ਭੂਮੀ ਸਕੀਮ ਵਿਚ 90% ਸ਼ੇਅਰ ਕੇਂਦਰ ਸਰਕਾਰ ਦਾ ਹੁੰਦਾ ਹੈ ਉਹ ਵੀ ਨਹੀਂ ਵਰਤਿਆ ਗਿਆ ਤੇ ਵਾਪਸ ਕੇਂਦਰ ਸਰਕਾਰ ਕੋਲ ਚਲਾ ਗਿਆ। ਕੁਝ ਗੱਲਾਂ ਮੈਂ ਅਮਨ ਅਤੇ ਸ਼ਾਂਤੀ ਬਾਰੇ ਕਹਿਣੀਆਂ ਚਾਹੁੰਦਾ ਹਾਂ। ਇਹ ਬੜੀ ਮਾੜੀ ਗੱਲ ਹੈ ਕਿ ਅਸੀਂ ਰਾਜ ਭਾਗ ਦੇ ਦਾਬੇ ਵਿਚ ਫਾਇਦਾ ਦੇਣ ਵਾਲੀਆਂ ਸੰਸਥਾਵਾਂ ਤੇ ਕਬਜ਼ੇ ਕਰੀ ਜਾ ਰਹੇ ਹਾਂ। ਤੁਹਾਡੇ ਸਾਹਮਣੇ ਅਖ਼ਬਾਰਾਂ ਵਿਚ ਬੜੀਆਂ ਖ਼ਬਰਾਂ ਵੀ ਆਈਆਂ ਹਨ, ਤਸਵੀਰਾਂ ਵੀ ਆਈਆਂ ਹਨ ਕਿ ਸਰਕਾਰ ਬਣਦਿਆਂ ਸਾਰ ਹੀ ਕਈ ਲੋਕ ਇਕ ਦਮ ਟਰੱਕ ਯੂਨੀਅਨਾਂ ਤੇ ਕਬਜ਼ੇ ਕਰਨ ਲੱਗ ਪਏ ਹਨ ਅਤੇ ਬਹੁਤ ਸਾਰੀਆਂ ਟਰੱਕ ਯੂਨੀਅਨਾਂ ਤੇ ਕਬਜ਼ੇ ਵੀ ਕੀਤੇ। ਜ਼ਮੀਨਾਂ ਤੇ ਕਬਜ਼ੇ ਕਰਨ ਦਾ ਮਾਮਲਾ ਵੀ ਆਇਆ ਮੈਂ ਪਿਛਲੇ ਸਦਨ ਵਿਚ ਵੀ ਇਹ ਗੱਲ ਕਹੀ ਸੀ ਕਿ ਨਰਸਿੰਘ ਕਲੋਨੀ ਵਿਚ ਇਕ ਟਾਲੀ ਰੋਕੀ ਜਾ ਰਹੀ ਸੀ ਅਤੇ ਰਾਜਿੰਦਰਾ ਗੌਰਮਿੰਟ ਕਾਲਜ ਦੀ ਜ਼ਮੀਨ ਰੋਕਣ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਵਿਚ ਆਈਆਂ। ਬਾਦਲ ਸਾਹਿਬ ਨੇ ਸਦਨ ਵਿਚ ਉਠ ਕੇ ਕਿਹਾ ਸੀ ਕਿ ਮੈਨੂੰ ਦੱਸੋ ਜੇ ਕਿਸੇ ਔਰਤ ਤੇ ਕੇਸ ਦਰਜ ਹੋਇਆ ਹੈ? ਮੈਂ ਪਿਛਲੇ ਵਾਰੀ ਵੀ ਦੱਸਿਆ ਸੀ ਕਿ ਨਰਸਿੰਘ ਕਲੋਨੀ ਬਿਲਕੁਲ ਕਿੱਲਿਆਂ ਵਾਲੀ ਪਿੰਡ ਦੇ ਨਾਲ ਸਾਂਝਾ ਪਿੰਡ ਪੈਂਦਾ ਹੈ ਜੋ ਬਾਦਲ ਸਾਹਿਬ ਦਾ ਪਿੰਡ ਹੈ। ਉਥੇ ਬਲਵਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ,

Original with;
Punjab Vidhan Sabha
Digitized by;
Panjab Digital Library

[ ਸਰਦਾਰ ਮੱਖਣ ਸਿੰਘ ]

ਹਰਪਾਲ ਸਿੰਘ ਜੋ ਕਿ ਕਾਰਗਿਲ ਦਾ ਸਨਮਾਨਿਤ ਫੌਜੀ ਹੈ ਸਨ-ਆਫ਼ ਬਲਵਿੰਦਰ ਸਿੰਘ ਤੇ ਸੁਖਬੀਰ ਕੌਰ ਪਤਨੀ ਹਰਪਾਲ ਸਿੰਘ ਉਸ ਦੇ ਖਿਲਾਫ਼ ਕੇਸ ਦਰਜ ਹੋਇਆ। ਇਸੇ ਤਰ੍ਹਾਂ ਗੁਰਵਿੰਦਰ ਕੌਰ ਵਾਈਫ਼ ਮਹਿੰਦਰ ਸਿੰਘ ਵਿਰੁੱਧ ਜਿਹੜੇ ਕੇਸ ਦਰਜ ਹੋਏ ਹਨ ਉਹ ਝੂਠੇ ਦਰਜ ਹੋਏ ਹਨ ਕਿ ਤੁਸੀਂ ਕਿਸੇ ਨੂੰ ਗਲੀ ਰੋਕਣ ਤੋਂ ਕਿਉਂ ਰੋਕਦੇ ਹੋ? ਗਲੀ ਰੋਕ ਲੈਣ ਦਿਓ? ਐਫ.ਆਈ.ਆਰ. ਨੰ: 28 ਜੋ ਕਿ ਥਾਣਾ ਸੰਗਤ ਵਿਚ ਦਰਜ ਹੋਈ ਹੈ। ਮੈਂ ਇਸੇ ਤਰ੍ਹਾਂ ਬਾਦਲ ਸਾਹਿਬ ਨੂੰ ਸਪੀਕਰ ਸਾਹਿਬ, ਆਪ ਜੀ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਾਲੀ ਝਰਾਣੀ ਵਿਚ ਇਕ ਕੇਂਦਰ ਸਥਾਪਿਤ ਕੀਤਾ ਸੀ ਜੋ ਕਿ ਪੇਂਡੂ ਬੱਚਿਆਂ ਦੇ ਰੁਜ਼ਗਾਰ ਵਾਸਤੇ ਸੀ, ਇਹ ਬੜੀ ਵਧੀਆ ਸਕੀਮ ਸੀ। ਇਹ ਦੋ ਥਾਵਾਂ ਤੇ ਕੀਤਾ ਸੀ। ਦੂਜਾ ਪੱਧਰੀ ਪਿੰਡ ਵਿਚ ਕੀਤਾ ਸੀ। ਉਸ ਵਿਚ ਬੜੇ ਸੋਹਣੇ ਪ੍ਰਾਜੈਕਟ ਚਲਾਏ ਸੀ। ਪਰ ਉਹ ਸਾਰੇ ਪ੍ਰਾਜੈਕਟ ਬੇਧਿਆਨੀ ਕਰਕੇ ਬੰਦ ਹੋ ਗਏ। ਦੋ ਪ੍ਰਾਜੈਕਟ ਉਥੇ ਚਲਦੇ ਰਹੇ, ਇਕ ਜਿਹੜਾ ਕੰਪਿਊਟਰ ਸੈਂਟਰ ਸੀ ਉਹ ਚਲਦਾ ਰਿਹਾ ਅਤੇ ਦੂਜਾ ਬੱਚਿਆਂ ਨੂੰ ਜੋ ਦੁਕਾਨਾਂ ਖੋਲ੍ਹ ਕੇ ਦਿੱਤੀਆਂ, ਉਹ ਚਲਦੀਆਂ ਰਹੀਆਂ। ਪਿਛਲੇ ਦਿਨੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਉਸ ਨੂੰ ਦੇਖਣ ਵਾਸਤੇ ਵੀ ਗਏ ਅਤੇ ਦੇਖ ਕੇ ਬੜੇ ਖੁਸ਼ ਹੋਏ ਕਿ ਤੇਜਾ ਸਿੰਘ ਨਾਂ ਦਾ ਨੌਜਵਾਨ ਕੰਪਿਊਟਰ ਸੈਂਟਰ ਚਲਾ ਰਿਹਾ ਹੈ। ਇਨ੍ਹਾਂ ਦੇ ਧਿਆਨ ਵਿਚ ਇਹ ਵੀ ਲਿਆਂਦਾ ਕਿ ਕੰਪਿਊਟਰ ਸੈਂਟਰ ਬੰਦ ਹੋ ਜਾਣਾ ਸੀ ਕਿਉਂਕਿ ਜਿਹੜਾ ਇੰਜਣ ਇਸ ਨੂੰ ਚਲਾਉਂਦਾ ਸੀ ਉਹ ਪੁਰਾਣਾ ਹੋ ਗਿਆ ਸੀ। ਇਸ ਲਈ ਇੰਜਣ 3500 ਦਾ ਵੇਚ ਕੇ ਨਵਾਂ 12000 ਦਾ ਆਪਣੇ ਪੱਲਿਓਂ ਲਾ ਕੇ ਉਸ ਬੱਚੇ ਨੇ ਇਸ ਕੰਪਿਊਟਰ ਸੈਂਟਰ ਨੂੰ ਜਾਰੀ ਰੱਖਿਆ। ਇਹ ਬਾਦਲ ਸਾਹਿਬ ਦੇ ਧਿਆਨ ਵਿਚ ਵੀ ਲਿਆਂਦਾ ਗਿਆ। ਤੁਸੀਂ ਹੈਰਾਨ ਹੋਵੋਗੇ ਉਸ ਤੇਜਾ ਸਿੰਘ, ਜਿਸ ਦੀ ਤਾਰੀਫ਼ ਕਰਨੀ ਬਣਦੀ ਹੈ ਉਸ ਤੇ ਚੋਰੀ ਦਾ ਕੇਸ ਦਰਜ ਕੀਤਾ ਗਿਆ। ਤੁਸੀਂ ਹੈਰਾਨ ਹੋਵੋਗੇ ਕਿ ਪਿੰਡ ਦਾ 300-400 ਬੰਦਾ ਖੜ੍ਹਾ ਹੈ ਉਨ੍ਹਾਂ ਦੇ ਸਾਹਮਣੇ ਪੱਖੇ ਉਤਾਰੇ ਜਾ ਰਹੇ ਹਨ, ਫਿਟਿੰਗਾਂ ਲਾਹੀਆਂ ਜਾ ਰਹੀਆਂ ਹਨ। ਕਿਉਂਕਿ ਚੋਰੀ ਦਾ ਬਰਾਮਦਗੀ ਮਾਲ ਪਾ ਕੇ ਉਸ ਤੇ ਕੇਸ ਪਾ ਦਿੱਤਾ ਗਿਆ। ਬੜੇ ਅਫ਼ਸੋਸ ਦੀ ਗੱਲ ਹੈ ਕਿ ਡੀ.ਸੀ. ਬਠਿੰਡਾ ਨੇ ਉਸ ਨੂੰ ਨੋਟਿਸ ਦੇ ਦਿੱਤਾ ਕਿ ਕੰਪਿਊਟਰ ਸੈਂਟਰ ਖਾਲੀ ਕਰ ਦਿਓ।

**ਮਾਨਯੋਗ ਸਪੀਕਰ :** ਤੁਸੀਂ ਕਿਹੜੀ ਡਿਮਾਂਡ ਤੇ ਬੋਲ ਰਹੇ ਹੋ, ਵਾਈਂਡ ਅੱਪ ਕਰੋ।

**ਸਰਦਾਰ ਮੱਖਣ ਸਿੰਘ :** ਮੈਂ ਵਾਈਂਡ ਅੱਪ ਕਰਨ ਲੱਗਾ ਹਾਂ। ਮੈਂ ਲਾਅ ਐਂਡ ਆਰਡਰ ਤੇ ਹੋਰ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਕ ਅਨ-ਸਟਾਰਡ ਸਵਾਲ ਦਿੱਤਾ ਸੀ ਜਿਸ ਦੇ ਜਵਾਬ ਵਿਚ ਸਰਕਾਰ ਨੇ ਆਪ ਮੰਨਿਆ ਹੈ ਕਿ ਸਾਢੇ ਤਿੰਨ ਮਹੀਨਿਆਂ ਵਿਚ ਪੰਜਾਬ ਵਿਚ 255 ਕਤਲ ਹੋਏ ਹਨ, 156 ਬਲਾਤਕਾਰ ਹੋਏ ਹਨ, 151 ਅਗਵਾ ਹੋਏ ਹਨ, 15 ਡਕੈਤੀਆਂ ਹੋਈਆਂ ਹਨ, ਪਾੜ ਨਾਲ ੮46 ਚੋਰੀਆਂ ਹੋਈਆਂ ਹਨ, 51 ਇਰਾਦਾ ਕਤਲ

Original with;
Punjab Vidhan Sabha
Digitized by;
Panjab Digital Library

ਹੋਏ ਹਨ ਅਤੇ ਇਸੇ ਤਰ੍ਹਾਂ 1671 ਖੋਹਾਂ ਹੋਈਆਂ ਹਨ। ਬਹੁਤ ਵੱਡੀ ਭਿਆਨਕਤਾ ਵਾਲੀ ਗੱਲ ਹੈ। ਮੈਂ ਸਮਝਦਾ ਹਾਂ ਕਿ.....

**ਮਾਨਯੋਗ ਸਪੀਕਰ** : ਸਮਾਪਤ ਕਰੋ ਜੀ।

**ਸਰਦਾਰ ਮੱਖਣ ਸਿੰਘ** : ਇਹ ਚਲਦਾ ਹੋਇਆ ਪ੍ਰਾਸੈਸ ਹੈ ਕਿਉਂ ਸਾਡੀ ਸੁਸਾਇਟੀ ਵਿੱਚ ਗੁਨਾਹ ਵੱਧ ਰਿਹਾ ਹੈ? ਕਿਉਂ ਕ੍ਰਾਈਮ ਵੱਧ ਰਹੇ ਹਨ? ਚਾਹੇ ਰਾਜ ਕਰਨ ਵਾਲੇ ਲੋਕ ਹਨ, ਚਾਹੇ ਵਿਰੋਧੀ ਧਿਰ ਦੇ ਹਨ ਇਹ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਮੈਂ ਨਿੱਜੀ ਤੌਰ ਤੇ ਮਹਿਸੂਸ ਕਰਦਾ ਹਾਂ ਕਿ ਪ੍ਰਵਾਸੀ ਮਜ਼ਦੂਰ ਜਿਹੜੇ ਅੱਜ ਪੰਜਾਬ ਦੀ ਲੋੜ ਬਣ ਗਏ ਹਨ, ਸਾਡਾ ਉਨ੍ਹਾਂ ਤੋਂ ਬਿਨਾਂ ਸਰਦਾ ਵੀ ਨਹੀਂ। ਉਨ੍ਹਾਂ ਰਾਹੀਂ ਬਹੁਤ ਸਾਰੇ ਕ੍ਰਿਮੀਨਲ ਐਲੀਮੈਂਟਸ ਵੀ ਇੱਥੇ ਆ ਜਾਂਦੇ ਹਨ.....

**ਮਾਨਯੋਗ ਸਪੀਕਰ** : ਸਮਾਪਤ ਕਰੋ ਜੀ।

**ਸਰਦਾਰ ਮੱਖਣ ਸਿੰਘ** : ਬੱਸ ਹੁਣ ਸਮਾਪਤ ਹੀ ਕਰ ਰਿਹਾ ਹਾਂ ਜੀ। ਇਸ ਲਈ ਮੈਂ ਨਿਮਰਤਾ ਸਹਿਤ ਆਪ ਜੀ ਰਾਹੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਬੇਨਤੀ ਕਰਦਾ ਹਾਂ ਕਿ ਪਿਛਲੇ ਦਿਨੀਂ ਕੁਝ ਲੋਕਾਂ ਨੇ ਬੜੇ ਗੈਰਜ਼ਿੰਮੇਵਾਰਾਨਾ ਢੰਗ ਨਾਲ ਮੁਜ਼ਾਹਰੇ ਕੀਤੇ, ਨੰਗੀਆਂ ਕਿਰਪਾਨਾਂ ਵੀ ਕੱਢੀਆਂ ਅਤੇ ਨਾਹਰੇ ਵੀ ਇਸ ਕਿਸਮ ਦੇ ਲਾਏ, ਜਿਹੜੇ ਕਿ ਦੇਸ਼ ਵਿਰੋਧੀ ਨਾਹਰੇ ਹਨ। ਉਸ ਵਿਚ ਸਾਨੂੰ ਜ਼ਿੰਮੇਵਾਰੀ ਨਾਲ, ਕਿਉਂਕਿ ਅਖ਼ਬਾਰਾਂ ਵਿਚ ਤਸਵੀਰਾਂ ਵੀ ਛਪੀਆਂ ਹਨ ਅਤੇ ਮੈਂ ਦੱਸਦਿਆਂ ਸ਼ਰਮ ਮਹਿਸੂਸ ਕਰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਬੜੇ ਜ਼ਿੰਮੇਵਾਰ ਬੰਦੇ, ਉਨ੍ਹਾਂ ਤਸਵੀਰਾਂ ਵਿਚ ਨਜ਼ਰ ਆਉਂਦੇ ਹਨ, ਉਨ੍ਹਾਂ ਖ਼ਬਰਾਂ ਵਿਚ ਉਨ੍ਹਾਂ ਦੇ ਨਾਂ ਛਪਦੇ ਹਨ। ਅਮਨ-ਕਾਨੂੰਨ ਵਾਸਤੇ ਤੁਸੀਂ ਸਾਨੂੰ ਕਹਿ ਸਕਦੇ ਹੋ ਕਿ ਤੁਸੀਂ ਵਿਗਾੜ ਪਾਉਂਦੇ ਹੋ ਪਰ ਰਾਜ ਕਰਦੀ ਪਾਰਟੀ ਘੱਟੋ ਘੱਟ ਆਪਣੇ ਜ਼ਿੰਮੇਵਾਰ ਬੰਦਿਆਂ ਨੂੰ ਤਾਂ ਇਸ ਗੱਲੋਂ ਰੋਕ ਸਕਦੀ ਹੈ।

**ਮਾਨਯੋਗ ਸਪੀਕਰ** : ਤੁਸੀਂ ਬੈਠੋ ਜੀ।

**ਸਰਦਾਰ ਮੱਖਣ ਸਿੰਘ** : ਜਿਸ ਵਾਸਤੇ ਸ਼੍ਰੋਮਣੀ ਅਕਾਲੀ ਦਲ ਵੀ ਹਮੇਸ਼ਾ ਕਹਿੰਦੀ ਹੈ ਅਤੇ ਅਸੀਂ ਜਿਹੜੇ ਵਿਰੋਧੀ ਧਿਰ ਵਿਚ ਬੈਠੇ ਹਾਂ ਅਸੀਂ ਵੀ ਕਹਿੰਦੇ ਹਾਂ ਕਿ ਅਜਿਹੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ ਹਨ ਪਰ ਜਦੋਂ ਅਸੀਂ ਰਾਜ ਵਿਚ ਆ ਜਾਂਦੇ ਹਾਂ ਅਸੀਂ ਭੁੱਲ ਜਾਂਦੇ ਹਾਂ। ਜਦੋਂ ਬਾਦਲ ਸਾਹਿਬ ਰਾਜ ਵਿਚ ਆ ਜਾਂਦੇ ਹਨ ਉਹ ਗੱਲਾਂ ਨਹੀਂ ਭੁਲਣੀਆਂ ਚਾਹੀਦੀਆਂ, ਪੰਜਾਬ ਦੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਹਨ।....

**ਮਾਨਯੋਗ ਸਪੀਕਰ** : ਟਾਈਮ ਸਮਾਪਤ। ਐਫ.ਐਮ. ਸਾਹਿਬ ਤੁਸੀਂ ਕੁਝ ਬੋਲਣਾ ਚਾਹੋਗੇ? ਹਾਂ ਜੀ, ਬੋਲੋ।

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਡਿਮਾਂਡਜ਼ ਤੇ ਜੋ ਬਹਿਸ ਹੋਈ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਕਿਉਂਕਿ ਇਹ ਜਿਹੜੀ ਡਿਮਾਂਡਜ਼ ਤੇ ਡਿਸਕਸ਼ਨ ਹੁੰਦੀ ਹੈ ਤਾਂ ਇਸ ਦਾ ਜਿਹੜਾ ਜਵਾਬ ਹੁੰਦਾ ਹੈ, ਇਹ ਬੜਾ ਸੰਖੇਪ ਅਤੇ ਬੜਾ ਮੁਖਤਸਰ ਤੌਰ ਤੇ ਹੀ ਹੋਣਾ ਚਾਹੀਦਾ ਹੈ। ਇਸ ਲਈ, ਸਪੀਕਰ ਸਾਹਿਬ, ਸਿਰਫ ਮੈਨੂੰ 5-7 ਮਿੰਟ ਹੀ ਤੁਹਾਡੇ ਤੋਂ ਇਸ ਵਾਸਤੇ ਚਾਹੀਦੇ ਹਨ। ਸਭ ਤੋਂ ਪਹਿਲਾਂ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੱਬੇਹਾਲੀ ਸਾਹਿਬ ਬੋਲੇ ਸਨ ਅਤੇ ਜਿਹੜੀ ਕੋਆਪਰੇਟਿਵ ਤੇ ਹੋਰ ਡਿਮਾਂਡਜ਼ ਸਨ, ਖਾਸ ਕਰਕੇ ਜਿਹੜੀ ਮਿਲਕ ਯੂਨੀਅਨਜ਼ ਮੁਤੱਲਕ ਗੱਲ ਕੀਤੀ ਸੀ, ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਰਫਤ ਉਨ੍ਹਾਂ ਦੀ ਖਿਦਮਤ ਵਿੱਚ ਦਸਣਾ ਚਾਹੁੰਦਾ ਹਾਂ ਕਿ ਪਹਿਲੀ ਮਰਤਬਾ ਇਹ ਹੋਇਆ ਹੈ ਅਤੇ ਉਨ੍ਹਾਂ ਨੂੰ ਮਰਜ਼ ਵੀ ਪਤਾ ਹੈ ਅਤੇ ਦਵਾ ਵੀ ਪਤਾ ਹੈ ਕਿ ਅੱਜ ਪੰਜਾਬ ਦੀਆਂ ਜਿਹੜੀਆਂ ਮਿਲਕ ਯੂਨੀਅਨਜ਼ ਹਨ ਉਨ੍ਹਾਂ ਦੀ ਵੱਡੀ ਮੁਸ਼ਕਲ ਇਹ ਹੈ ਕਿ ਜੋ ਉਨ੍ਹਾਂ ਦੀ ਇੰਸਟਾਲਡ ਕੈਪੇਸਿਟੀ ਹੈ ਉਸ ਤੋਂ ਸਿਰਫ 40 ਫੀਸਦੀ ਹਿੱਸੇ ਤੇ ਕੰਮ ਕਰ ਰਹੀਆਂ ਹਨ। ਇਸ ਦਾ ਮਤਲਬ ਹੈ ਕਿ ਪੰਜਾਬ ਮਿਲਕਫੈਡ ਕੋਲ ਦੁੱਧ ਹੀ ਇਕੱਠਾ ਨਹੀਂ ਹੋ ਰਿਹਾ। ਕੋਆਪਰੇਸ਼ਨ ਮਨਿਸਟਰ ਨਾਲ ਵੀ ਇਹ ਤਬਾਦਲਾ ਖਿਆਲ ਹੁੰਦਾ ਰਹਿੰਦਾ ਹੈ ਕਿ ਇਹ ਮਿਲਕ ਕਲੈਕਸ਼ਨ ਵਿਚ ਇਨਕਰੀਜ਼ ਕਿਸ ਤਰ੍ਹਾਂ ਕੀਤੀ ਜਾਵੇ ਅਤੇ ਇਨ੍ਹਾਂ ਨੇ ਪੰਜਾਬ ਦੀ ਮਿਲਕ ਇੰਡਸਟਰੀ/ਡੇਅਰੀ ਇੰਡਸਟਰੀ ਨੂੰ ਉਤਸ਼ਾਹਿਤ ਕਰਨ ਵਾਸਤੇ ਇੱਕ ਬੜਾ ਹੀ ਐਂਬੀਸ਼ੀਅਸ ਬਲੂਪਰਿੰਟ ਬਣਾਇਆ ਹੈ। ਸਪੀਕਰ ਸਾਹਿਬ, ਅਗਲੇ 15-20 ਸਾਲਾਂ ਲਈ ਜੋ ਪ੍ਰੋਜੈਕਸ਼ਨ ਹੈ ਉਹ ਇਹ ਹੈ ਕਿ ਆਉਣ ਵਾਲੇ 20 ਸਾਲਾਂ ਵਿਚ ਪੰਜਾਬ ਦੀ ਜਿਹੜੀ ਜੀ.ਐਸ.ਡੀ.ਪੀ. ਹੋਵੇਗੀ ਉਸ ਵਿਚ ਐਗਰੀਕਲਚਰ ਦਾ ਵੀ ਉੱਨਾ ਹੀ ਸ਼ੇਅਰ ਹੋਵੇਗਾ ਜਿੰਨਾ ਕਿ ਡੇਅਰੀ ਸੈਕਟਰ ਦਾ ਹੋਵੇਗਾ। ਸੋ ਡੇਅਰੀ ਅਤੇ ਐਗਰੀਕਲਚਰ ਬਿਲਕੁਲ ਬਰਾਬਰ ਹੋ ਜਾਣਗੇ। ਜਿਹੜਾ ਐਗਰੀਕਲਚਰ ਕਿਸੇ ਵੇਲੇ ਬਹੁਤ ਅੱਗੇ ਹੁੰਦਾ ਸੀ ਉਸੇ ਤਰ੍ਹਾਂ ਡੇਅਰੀ ਸੈਕਟਰ ਪੰਜਾਬ ਦਾ ਲੀਡਿੰਗ ਸੈਕਟਰ ਹੋਵੇਗਾ। ਇਹ ਪਹਿਲੀ ਵਾਰ ਹੋਇਆ ਹੈ ਕਿ 25 ਕਰੋੜ ਸਟੇਟ ਨੇ ਪਾਉਣਾ ਹੈ ਅਤੇ 25 ਕਰੋੜ ਸੈਂਟਰ ਗੌਰਮਿੰਟ ਨੇ ਦੇਣਾ ਹੈ। ਇਹ ਮਿਲਕ ਯੂਨੀਅਨਜ਼ ਜਿਹੜੀਆਂ ਘਾਟੇ ਵਿਚ ਜਾ ਰਹੀਆਂ ਹਨ ਅਤੇ ਡੇਅਰੀ ਸੈਕਟਰ ਦੀ ਰਿਵਾਈਵਲ ਵਾਸਤੇ ਇਹ ਪੈਸਾ ਰੱਖਿਆ ਗਿਆ ਹੈ। ਅੱਜ ਵੀ, ਸਪੀਕਰ ਸਾਹਿਬ, ਬਾਵਜੂਦ ਇਸ ਕਿਸਮ ਦੇ ਹਾਲਾਤ ਦੇ, ਪੰਜਾਬ ਦੀ ਪਰ-ਕੈਪਿਟਾ ਮਿਲਕ ਅਵੇਲੇਬਿਲਿਟੀ 750 ਐਮ.ਐਲ. ਪਰ ਪਰਸਨ ਹੈ ਅਤੇ it is highest in India ਅਤੇ ਕੋਆਪਰੇਸ਼ਨ ਮਹਿਕਮੇ ਨੇ ਜੋ ਬਲੂਪਰਿੰਟ ਬਣਾਇਆ ਹੈ ਕਿ ਇਸ ਨੂੰ ਵਧਾ ਕੇ 1 ਲੀਟਰ ਤੱਕ ਲੈ ਕੇ ਜਾਣਾ ਹੈ ਅਤੇ ਇਸ ਤਰ੍ਹਾਂ ਪਰ ਕੈਪਿਟਾ 1 ਲੀਟਰ ਦੁੱਧ ਪੰਜਾਬ ਦੇ ਲੋਕਾਂ ਵਾਸਤੇ ਅਵੇਲੇਬਲ ਹੋਵੇਗਾ। ਇਸੇ ਤਰ੍ਹਾਂ ਬੱਬੇਹਾਲੀ ਸਾਹਿਬ ਅਤੇ ਕਾਮਰੇਡ ਮੱਖਣ ਸਿੰਘ ਜੀ ਨੇ ਵੀ ਸ਼ੂਗਰ ਮਿਲਾਂ ਦੀ ਵੀ ਗੱਲ ਕੀਤੀ ਸੀ ਅਤੇ ਇਸ ਤੇ ਵੀ ਮਹਿਕਮੇ ਦਾ ਫੈਸਲਾ ਹੈ ਕਿ ਸ਼ੂਗਰ ਮਿਲਜ਼ ਦੀ ਪ੍ਰਾਬਲਮ ਵੀ ਇੰਸਟਾਲਡ ਕੈਪੇਸਿਟੀ ਦੀ ਹੈ। ਇਨ੍ਹਾਂ ਦੀ ਇੰਸਟਾਲਡ ਕੈਪੇਸਿਟੀ ਇੰਨੀ

Original with;
Punjab Vidhan Sabha
Digitized by;
Punjab Digital Library

ਨਹੀਂ ਹੈ ਕਿ ਇਨ੍ਹਾਂ ਨੂੰ ਚਲਾਇਆ ਜਾ ਸਕੇ, ਸਰਕਾਰ ਨੇ ਫੈਸਲਾ ਲਿਆ ਹੈ ਕਿ ਇਨ੍ਹਾਂ ਦੀ ਇੰਸਟਾਲਡ ਕੈਪੇਸਿਟੀ ਵਧਾਈ ਜਾਵੇਗੀ ਅਤੇ ਜਿਹੜੀ ਸਿੱਕ ਸ਼ੂਗਰ ਮਿੱਲ ਇੰਡਸਟਰੀ ਹੈ ਉਸ ਨੂੰ ਸਰਕਾਰੀ ਤੌਰ ਤੇ ਹੀ ਰਿਵਾਈਵ ਕਰਨ ਦਾ ਫੈਸਲਾ ਸਰਕਾਰ ਨੇ ਲਿਆ ਹੈ। ਇਨ੍ਹਾਂ ਨੂੰ ਹਾਲੇ ਨਹੀਂ ਵੇਚਿਆ ਜਾਵੇਗਾ। ਇਹ ਇਸ ਤਰ੍ਹਾਂ ਕੀਤਾ ਹੈ ਕਿ ਜਿਸ ਤਰ੍ਹਾਂ ਮਰੀਜ਼ ਨੂੰ ਅਖੀਰਲਾ ਟੀਕਾ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਉਣ ਵਾਲੇ ਸਮੇਂ ਵਿਚ ਇਸ ਦੀ ਮਸ਼ੀਨਰੀ ਵਿਚ ਵੀ ਤਬਦੀਲੀ ਲਿਆਉਣ ਦੀ ਲੋੜ ਹੈ ਕਿਉਂਕਿ ਹੁਣ ਇਹ ਸ਼ੂਗਰ ਇੰਡਸਟਰੀ ਇਕੱਲੀ ਸ਼ੂਗਰ ਇੰਡਸਟਰੀ ਨਹੀਂ ਰਹਿ ਗਈ ਹੈ ਅਤੇ ਹੁਣ ਇਸ ਦੇ ਬੜੇ ਬਾਇ-ਪ੍ਰਾਡੱਕਟਸ ਹਨ ਜਿਵੇਂ ਕਿ ਏਥੇਨਾਲ, ਮੇਥੇਨਾਲ ਔਰ ਅਲਕੋਹਲ ਹੈ ਅਤੇ ਇਸ ਦਾ ਇੱਕ ਵਾਰ ਨਵਾਂ ਮਸ਼ੀਨੀਕਰਨ ਹੋਵੇਗਾ। ਅਸੀਂ ਪਰਮਾਤਮਾ ਅੱਗੇ ਵੀ ਦੂਆ ਕਰਦੇ ਹਾਂ ਕਿ ਪੰਜਾਬ ਦੀ ਸ਼ੂਗਰ ਇੰਡਸਟਰੀ ਰਿਵਾਈਵ ਹੋ ਜਾਵੇ। ਤੁਸੀਂ ਵੇਖੋ ਕਿ ਸ਼ੂਗਰ ਦੀ ਜਿਹੜੀ ਪੰਜਾਬ ਦੀ ਖਪਤ ਹੈ, ਪੰਜਾਬ ਵਿਚ ਜਿੰਨੀ ਸ਼ੂਗਰ ਲੱਗਦੀ ਹੈ, ਪੰਜਾਬ ਉਸ ਦਾ ਸਿਰਫ਼ 50% ਹੀ ਪੈਦਾ ਕਰਦਾ ਹੈ। ਬਾਕੀ ਦੀ 50% ਸ਼ੂਗਰ ਪੰਜਾਬ ਦੂਸਰੇ ਸੂਬਿਆਂ ਤੋਂ ਇੰਪੋਰਟ ਕਰਦਾ ਹੈ। ਸਾਡੇ ਤੋਂ ਅਗਲੇ ਸੂਬੇ ਹਿਮਾਚਲ ਅਤੇ ਕਸ਼ਮੀਰ ਵਿਚ ਜਿਹੜੀ ਚੀਨੀ ਜਾਂਦੀ ਹੈ, ਉਹ ਸਾਡੇ ਸਿਰਾਂ ਦੇ ਉਤੋਂ ਦੀ ਜਾਂਦੀ ਹੈ। ਹੋਰ ਸੂਬਿਆਂ ਵਿਚੋਂ ਚੀਨੀ ਉਥੇ ਜਾਂਦੀ ਹੈ, ਪੰਜਾਬ ਉਨ੍ਹਾਂ ਨੂੰ ਉਹ ਚੀਨੀ ਸਪਲਾਈ ਨਹੀਂ ਕਰਦਾ। ਇਸ ਕਰਕੇ ਪੰਜਾਬ ਸਰਕਾਰ ਨੇ ਇਹ ਅਹਿਦ ਕੀਤਾ ਹੈ that revival of sick industry will be done by the government. ਇਸ ਦੇ ਨਾਲ ਨਾਲ ਅਸੀਂ ਮਿਲਕ ਯੂਨੀਅਨਾਂ ਨੂੰ ਫਿਰ ਸਟਰੈਂਗਥਨ ਕਰਨਾ ਹੈ। ਇਥੇ ਸਪੋਰਟਸ ਦੀ ਅਤੇ ਸਟੇਡੀਅਮਜ਼ ਦੀ ਗੱਲ ਵੀ ਕੀਤੀ ਗਈ ਹੈ। ਮੈਨੂੰ ਥੋੜ੍ਹਾ ਜਿਹਾ ਦੁਖ ਹੈ ਕਿ ਇਸ ਵਾਰ ਸਪੋਰਟਸ ਵਾਸਤੇ ਪੈਸਾ ਘੱਟ ਰੱਖਿਆ ਗਿਆ ਹੈ ਪਰ ਇੰਨਾ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਬਜਟ ਵਿਚ ਇਹ ਰਕਮ ਵਧਾ ਦਿਆਂਗੇ। ਇਥੇ ਸਰਦਾਰ ਕੁਲਦੀਪ ਸਿੰਘ ਭੱਠਲ ਬੋਲ ਰਹੇ ਸਨ। ਮੈਂ ਉਨ੍ਹਾਂ ਦੀਆਂ ਗੱਲਾਂ ਤੋਂ ਬੜਾ ਮੁਤਾਸਿਰ ਹੋਇਆ ਹਾਂ। ਜਿੰਨੇ ਵੀ ਨਵੇਂ ਮੈਂਬਰ ਚੁਣ ਕੇ ਆਏ ਹਨ, I compliment them and I want to thank them for their kind sentiments which have been expressed for me. ਇਹ ਸਰਪ੍ਰਾਈਜ਼ ਹੈ ਕਿ ਪਾਰਟੀ ਲਾਈਨਜ਼ ਤੋਂ ਉਪਰ ਉਠ ਕੇ ਉਨ੍ਹਾਂ ਸਾਰਿਆਂ ਦੀ ਬੜੀ ਪਾਜ਼ੇਟਿਵ ਸੋਚ ਹੈ। ਉਨ੍ਹਾਂ ਨੇ ਕਈ ਬੜੇ ਵਧੀਆ ਸੁਝਾਅ ਦਿੱਤੇ ਹਨ। ਜਿਹੜੇ ਉਨ੍ਹਾਂ ਦੇ ਸੁਝਾਅ ਹਨ ਜਾਂ ਜਜ਼ਬਾਤ ਹਨ, ਮੈਂ ਉਨ੍ਹਾਂ ਦਾ ਖੈਰਮਕਦਮ ਕਰਦਾ ਹਾਂ। ਉਹ ਪਹਿਲੀ ਵਾਰੀ ਬੋਲੇ ਹਨ ਅਤੇ ਬਹੁਤ ਵਧੀਆ ਬੋਲੇ ਹਨ। ਪਹਿਲੀ ਵਾਰ ਬੋਲਣ ਵਿਚ ਕਾਫੀ ਝਿਝਕ ਹੁੰਦੀ ਹੈ। ਮੈਂ ਉਨ੍ਹਾਂ ਦੇ ਕਾਈਂਡ ਸੈਂਟੀਮੈਂਟਸ ਦੀ ਕਦਰ ਕਰਦਾ ਹਾਂ ਅਤੇ ਜਿਸ ਤਰੀਕੇ ਨਾਲ ਉਹ ਬੋਲੇ ਹਨ, ਉਸ ਦੇ ਲਈ ਮੈਂ ਉਨ੍ਹਾਂ ਨੂੰ ਆਪਣੇ ਕੰਪਲੀਮੈਂਟਸ ਦਿੰਦਾ ਹਾਂ। ਉਨ੍ਹਾਂ ਨੇ ਖਾਸ ਤੌਰ ਤੇ ਜਿਹੜੀ ਗੱਲ ਕੀਤੀ ਹੈ, ਉਹ ਹੈਲਥ ਸਰਵਿਸਿਜ ਦੀ ਕੀਤੀ ਹੈ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਡੀ ਖੁਸ਼ਕਿਸਮਤੀ ਹੈ ਕਿ ਸਾਡੇ ਪਲੈਨਿੰਗ ਬੋਰਡ ਦੇ ਜਿਹੜੇ ਚੇਅਰਮੈਨ ਹਨ, ਉਹ ਡਾਕਟਰ

Original with;
Punjab Vidhan Sabha
Digitized by;
Panjab Digital Library

[ ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ ]

ਬਜਾਜ ਹਨ। ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਵਿਚ ਵੀ ਉਹ ਬੜੀ ਵੱਡੀ ਪੋਸਟ ਤੇ ਰਹਿ ਚੁੱਕੇ ਹਨ, ਡਾਕਟਰ ਰਹਿ ਚੁੱਕੇ ਹਨ ਅਤੇ ਇਸ ਤੋਂ ਇਲਾਵਾ ਉਹ ਪਲੈਨਿੰਗ ਕਮਿਸ਼ਨ ਆਫ ਇੰਡੀਆ ਦੇ ਮੈਂਬਰ ਵੀ ਰਹਿ ਚੁੱਕੇ ਹਨ। ਉਹ ਸੈਂਟਰ ਵਿਚ ਪਲੈਨਿੰਗ ਕਮਿਸ਼ਨ ਦੇ ਹੈਲਥ ਦੇ ਮੈਂਬਰ ਰਹੇ ਹਨ। ਉਹ ਹੁਣ ਸਾਡੇ ਪੰਜਾਬ ਦੇ ਪਲੈਨਿੰਗ ਬੋਰਡ ਦੇ ਚੇਅਰਮੈਨ ਹਨ। ਹੈਲਥ ਸਬੰਧੀ ਜਿਹੜਾ ਪੈਕੇਜ ਤੁਸੀਂ ਇਸ ਬਜਟ ਵਿਚ ਵੇਖਿਆ ਹੋਵੇਗਾ, ਇਹ ਉਨ੍ਹਾਂ ਨੇ ਹੀ ਬੜੀ ਮਿਹਨਤ ਅਤੇ ਲਿਆਕਤ ਨਾਲ ਤਿਆਰ ਕੀਤਾ ਹੈ। ਕੌਮੀ ਦਿਹਾਤੀ ਸਿਹਤ ਮਿਸ਼ਨ ਅਧੀਨ 161 ਕਰੋੜ ਰੁਪਏ ਦੀ ਕੇਂਦਰੀ ਗਰਾਂਟ ਦੀ ਪ੍ਰਾਪਤੀ ਲਈ ਰਾਜ ਦੇ ਹਿੱਸੇ ਵਜੋਂ ਬਣੇ 28.41 ਕਰੋੜ ਰੁਪਏ ਮਖਸੂਸ ਕੀਤੇ ਹਨ ਅਤੇ ਇਸੇ ਤਰ੍ਹਾਂ ਨਗਰ ਨਿਗਮਾਂ ਦੇ ਹਸਪਤਾਲਾਂ ਲਈ 11.37 ਕਰੋੜ ਰੁਪਏ ਰੱਖੇ ਹਨ। ਹੈਲਥ ਅਤੇ ਐਜੂਕੇਸ਼ਨ ਦੋ ਐਸੇ ਮਹਿਕਮੇ ਹਨ ਜਿਨ੍ਹਾਂ ਨੂੰ ਜਿੰਨਾ ਵੀ ਪੈਸਾ ਦੇ ਦੇਈਏ, ਉਹ ਕਦੀ ਵਾਫਰ ਨਹੀਂ ਹੋ ਸਕਦਾ। it is never enough ਇੰਗਲੈਂਡ ਦੀ ਜਿਹੜੀ ਨੈਸ਼ਨਲ ਹੈਲਥ ਸਰਵਿਸ ਹੈ, ਉਹ ਦੁਨੀਆਂ ਦੀਆਂ ਬਿਹਤਰੀਨ ਹੈਲਥ ਸਰਵਿਸਿਜ਼ ਵਿਚੋਂ ਇਕ ਮੰਨੀ ਜਾਂਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਉਥੇ ਜੇ ਕਿਸੇ ਨੇ ਉਪਰੇਸ਼ਨ ਕਰਾਉਣਾ ਹੋਵੇ, ਸਰਜਰੀ ਕਰਾਉਣੀ ਹੋਵੇ ਤਾਂ it is anything between two to four years. ਜੇ ਉਸੇ ਕਿਸਮ ਦੀ ਹੈਲਥ ਸਰਵਿਸ ਅਸੀਂ ਪੰਜਾਬ ਵਿਚ ਦੇਣੀ ਹੈ ਤਾਂ ਤੁਸੀਂ ਖੁਦ ਅੰਦਾਜ਼ਾ ਲਗਾ ਲਓ ਕਿ ਇਸ ਦੇ ਵਾਸਤੇ ਕਿੰਨਾ ਜ਼ਿਆਦਾ ਪੈਸਾ ਚਾਹੀਦਾ ਹੈ। ਇਥੇ ਡਰੱਗ ਅਡਿਕਸ਼ਨ ਦਾ ਜ਼ਿਕਰ ਵੀ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਸ ਦੇ ਵਾਸਤੇ ਪੈਸਾ ਘੱਟ ਰੱਖਿਆ ਗਿਆ ਹੈ - ਤਕਰੀਬਨ ਸਾਢੇ ਤਿੰਨ ਕਰੋੜ ਰੁਪਏ। ਇਸ ਕੰਮ ਵਿਚ ਪ੍ਰਾਬਲਮ ਐਨੀ ਪੈਸੇ ਦੀ ਨਹੀਂ ਜਿੰਨੀ ਹੋਰ ਗੱਲਾਂ ਦੀ ਹੈ। ਇਹ ਮਸਲਾ ਕਿਸੇ ਇਕ ਖਾਸ ਇਲਾਕੇ ਦਾ ਨਹੀਂ ਹੈ ਬਲਕਿ ਸਮੁੱਚੇ ਪੰਜਾਬ ਦਾ ਹੈ। ਸਾਡੀ ਪ੍ਰਾਬਲਮ ਇਹ ਹੈ ਕਿ ਜਿਹੜਾ ਇਕ ਵਾਰ ਡਰੱਗ ਐਡਿਕਟ ਹੋ ਗਿਆ, ਉਸ ਨੂੰ ਇਸ ਤੋਂ ਹਟਾਉਣ ਲਈ ਮੋਟੀਵੇਟ ਕਿਸ ਤਰ੍ਹਾਂ ਕਰਨਾ ਹੈ। ਕਿਸ ਤਰ੍ਹਾਂ ਉਹ ਇਸ ਪ੍ਰੋਗਰਾਮ ਵਿਚ ਆਵੇ ਤਾਂ ਜੋ ਅਸੀਂ ਉਸ ਨੂੰ ਡੀਐਡਿਕਟ ਕਰਾ ਸਕੀਏ। ਡਿਸਟ੍ਰਿਕਟ ਲੈਵਲ ਦੇ ਜਿਹੜੇ ਹਸਪਤਾਲ ਹਨ, ਉਨ੍ਹਾਂ ਦਾ ਇਹ ਪ੍ਰੋਗਰਾਮ ਹੈ। ਇਹ ਇਕੱਲੀ ਸਰਕਾਰ ਦੀ ਹੀ ਜ਼ਿੰਮੇਵਾਰੀ ਨਹੀਂ ਹੈ। ਇਹ ਗੱਲਾਂ ਕਰਦੇ ਹਨ ਡਰੱਗ ਅਡਿਕਟਸ ਦੀਆਂ। ਸਪੀਕਰ ਸਾਹਿਬ, ਮੈਂ ਪਿੰਡਾਂ ਵਿਚ ਜਾਂਦਾ ਹਾਂ। ਮੇਰੇ ਹਲਕੇ ਵਿਚ 50 ਪਿੰਡ ਹਨ। ਉਨ੍ਹਾਂ 50 ਪਿੰਡਾਂ ਵਿਚ ਸ਼ਾਇਦ ਹੀ ਕੋਈ ਦਰਸ਼ਨੀ ਜਵਾਨ ਹੋਵੇ, ਜਿਸ ਤਰ੍ਹਾਂ ਦੇ ਜਵਾਨ ਤੁਹਾਡੇ ਵੇਲਿਆਂ ਵਿਚ ਹੁੰਦੇ ਹੁੰਦੇ ਸਨ। ਜਿਸ ਨੂੰ ਆਪਾਂ ਗਭਰੂ ਕਹਿੰਦੇ ਸੀ ਸ਼ਾਇਦ ਉਹ ਦਰਸ਼ਨੀ ਗਭਰੂ ਜਵਾਨ ਗੈਰ ਹਾਜ਼ਰ ਹਨ। ਇਹ ਡਰੱਗਜ਼ ਇਕ ਐਸੀ ਬਿਮਾਰੀ ਲੱਗ ਗਈ ਹੈ। ਮੈਂ ਕਹਿੰਦਾ ਹਾਂ ਕਿ ਇਹ ਕੈਂਸਰ ਨਾਲੋਂ ਵੀ ਮਾੜੀ ਹੈ। ਪਰ ਇਸਦੇ ਵਿਚ ਸੋਸ਼ਲ ਆਰਗੇਨਾਈਜ਼ੇਸ਼ਨਜ਼, ਰੀਲੀਜੀਅੱਸ ਆਰਗੇਨਾਈਜ਼ੇਸ਼ਨਜ਼, ਐਨ.ਜੀ.ਓਜ਼ ਦਾ ਬਹੁਤ ਵੱਡਾ ਹਿੱਸਾ ਹੈ। ਜੇਕਰ ਇਕੱਲੇ ਪੈਸੇ ਨਾਲ ਇਹ ਪ੍ਰਾਸੈੱਸ ਸਿਰੇ ਚੜ੍ਹ ਜਾਵੇਗਾ ਤਾਂ ਹੋ ਸਕਦਾ ਹੈ ਇਸ ਦੇ ਵਿਚ ਇੰਨੀ ਕਾਮਯਾਬੀ ਨਾ ਮਿਲੇ। ਜਨਾਬ ਨੇ ਇਹ ਵੀ

Original with;
Punjab Vidhan Sabha
Digitized by;
Panjab Digital Library

ਫੁਰਮਾਇਆ ਸੀ ਕਿ ਜੇਕਰ ਟੈਕਸ ਰਿਕਵਰੀ ਦੇ ਵਿਚ ਸੁਧਾਰ ਲਿਆਂਦਾ ਜਾਵੇ ਤਾਂ ਨਵੇਂ ਟੈਕਸ ਲਗਾਉਣ ਦੀ ਕੋਈ ਲੋੜ ਨਹੀਂ। ਮੈਂ ਇਸ ਗੱਲ ਨਾਲ ਵੀ ਮੁਤਫਿਕ ਹਾਂ.....

**ਸਰਦਾਰ ਚਰਨਜੀਤ ਸਿੰਘ ਚੰਨੀ :** ਆਨ ਏ ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਐਫ.ਐਮ. ਸਾਹਿਬ ਨੂੰ ਅਤੇ ਮੈਂ ਇਸ ਬਾਰੇ ਲਿਖ ਕੇ ਵੀ ਭੇਜਿਆ ਸੀ, ਕਿਉਂਕਿ ਡਰੱਗ ਐਡਿਕਸ਼ਨ ਦੀ ਗੱਲ ਚਲ ਰਹੀ ਹੈ ਅਤੇ ਇਹ ਬੜਾ ਹੀ ਸੰਵੇਦਨਸ਼ੀਲ ਮੁੱਦਾ ਹੈ। ਇਸ ਵੇਲੇ ਸਾਰੇ ਪੰਜਾਬ ਦੇ ਅੰਦਰ 6 ਡਰੱਗ ਇੰਸਪੈਕਟਰ ਹਨ। ਡਰੱਗ ਇੰਸਪੈਕਟਰਾਂ ਤੋਂ ਬਿਨਾਂ ਪੁਲਿਸ ਵੀ ਕੁਝ ਨਹੀਂ ਕਰ ਸਕਦੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰ ਜ਼ਿਲ੍ਹੇ ਵਿਚ ਘੱਟੋ-ਘੱਟ ਇਕ ਜਾਂ ਦੋ ਡਰੱਗ ਇੰਸਪੈਕਟਰ ਜ਼ਰੂਰ ਹੋਣੇ ਚਾਹੀਦੇ ਹਨ। ਇਸ ਮੁਤਾਬਿਕ ਬਜਟ ਦੇ ਵਿਚ ਪ੍ਰੋਵੀਜ਼ਨ ਕੀਤੀ ਜਾਵੇ। ਇਹ ਗੱਲ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਪੰਜਾਬ ਦੇ ਵਿਚ ਇਕ ਨਵੀਂ ਕ੍ਰਾਂਤੀ ਹੁਣ ਸ਼ੁਰੂ ਹੋਈ ਹੈ। ਕੱਲ੍ਹ ਚਮਕੌਰ ਸਾਹਿਬ ਅਤੇ ਸਾਰੇ ਰੋਪੜ ਜ਼ਿਲ੍ਹੇ ਦੀ ਪੁਲਿਸ ਨੇ.....

**ਮਾਨਯੋਗ ਸਪੀਕਰ :** ਐਫ.ਐਮ. ਸਾਹਿਬ ਜਵਾਬ ਦੇ ਰਹੇ ਹਨ। ਹੁਣ ਕੇਵਲ ਚਾਰ ਮਿੰਟ ਬਾਕੀ ਰਹਿੰਦੇ ਹਨ। ਇਸ ਤੇ ਮੁੜ ਕੇ ਬੋਲਿਆ ਨਹੀਂ ਜਾਣਾ। ਤੁਸੀਂ ਉਨ੍ਹਾਂ ਨੂੰ ਬੋਲ ਲੈਣ ਦਿਓ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ :** ਸਪੀਕਰ ਸਾਹਿਬ, ਡਰੱਗ ਇੰਸਪੈਕਟਰ ਅਤੇ ਫਾਰਮਾਸੂਟੀਕਲ ਇੰਸਪੈਕਟਰ ਲਾਉਣ ਦੀ ਪਰਕ੍ਰਿਆ ਸ਼ੁਰੂ ਹੋ ਚੁੱਕੀ ਹੈ। ਮੈਂ ਮੈਂਬਰ ਸਾਹਿਬ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਸਾਰੀਆਂ ਪੋਸਟਾਂ ਭਰ ਦਿੱਤੀਆਂ ਜਾਣਗੀਆਂ। ਸਪੀਕਰ ਸਾਹਿਬ, ਮੈਂ ਟੈਕਸਾਂ ਦੀ ਗੱਲ ਕਰ ਰਿਹਾ ਸੀ ਕਿ ਪਿਛਲੇ 60 ਸਾਲਾਂ ਦੇ ਵਿਚ ਸਰਕਾਰ ਲੋਕਾਂ ਨੂੰ ਇਹ ਹੀ ਨਹੀਂ ਦੱਸ ਸਕੀ ਕਿ ਇਹ ਸਰਕਾਰ ਚਲਦੀ ਕਿਵੇਂ ਹੈ? ਲੋਕਾਂ ਦੇ ਮਨ ਵਿਚ ਇਹ ਹੁੰਦਾ ਹੈ ਕਿ ਸਰਕਾਰ ਹੈ, ਇਹ ਕਿਤੇ ਬੈਠੀ ਹੈ, ਨੋਟ ਛਾਪਦੀ ਹੈ ਅਤੇ ਉਹ ਨੋਟ ਲੋਕਾਂ ਨੂੰ ਮਿਲ ਜਾਂਦੇ ਹਨ। ਆਮ ਪਿੰਡਾਂ ਵਿਚ ਇਹ ਕਹਾਵਤ ਹੈ ਕਿ ਸਰਕਾਰ ਦੇ ਘਰ ਤੋਂ ਜੇਕਰ ਤੇਲ ਮਿਲੇ ਤਾਂ ਉਹ ਵੀ ਜੁੱਤੀ ਵਿਚ ਪਵਾ ਲਓ, ਨਾਂਹ ਨਹੀਂ ਕਰਨੀ। ਸਰਕਾਰ ਦਾ ਕਿਤੇ ਵੀ ਪੈਸਾ ਹੋਵੇ, ਲੈ ਲੈਣਾ ਚਾਹੀਦਾ ਹੈ। ਮੈਂ ਵੱਡੇ ਵੱਡੇ ਕੇਸ ਵੀ ਦੇਖੇ ਹਨ। ਜਿਹੜੇ ਪੰਜਾਬ ਸਰਕਾਰ ਦੇ ਪੈਨਸ਼ਨਰਜ਼ ਵਲਾਇਤ ਵਿਚ ਰਹਿੰਦੇ ਹਨ। ਪੈਨਸ਼ਨਾਂ ਦੇ ਸਬੰਧ ਵਿਚ ਉਹ ਕਈ ਵਾਰ ਐਫ.ਐਮ. ਕੋਲ ਆ ਜਾਂਦੇ ਹਨ they are doing extremely well ਉਹ ਬਹੁਤ ਅਮੀਰ ਵੀ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਛੱਡੋ, ਤੁਹਾਡੇ ਕੋਲ ਤਾਂ ਇੰਨੇ ਵਸੀਲੇ ਹਨ। ਉਹ ਕਹਿੰਦੇ ਹਨ ਕਿ ਤੁਸੀਂ ਸਾਡੀ ਪੈਨਸ਼ਨ ਦਾ ਕੀ ਕਰਨਾ ਹੈ? ਉਹ ਕਹਿੰਦੇ ਹਨ ਕਿ ਇਹ ਤਾਂ ਸਰਕਾਰ ਦਾ ਪੈਸਾ ਹੈ। ਕਿਉਂ ਛੱਡੀਏ? ਸੋ, ਅਸੀਂ ਸ਼ਾਇਦ ਲੋਕਾਂ ਨੂੰ ਇਹ ਨਹੀਂ ਦਸ ਸਕੇ ਕਿ ਸਰਕਾਰਾਂ ਤਾਂ ਟੈਕਸਾਂ ਰਾਹੀਂ ਚਲਦੀਆਂ ਹਨ। Punjab is probably

Original with;
Punjab Vidhan Sabha
Digitized by;
Panjab Digital Library

[ ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ ]

the lowest tax paying State in India. ਪੂਰੇ ਹਿੰਦੁਸਤਾਨ ਦੇ ਵਿਚ ਸਭ ਤੋਂ ਘੱਟ ਜੇ ਕੋਈ ਟੈਕਸ ਦਾ ਰੇਟ ਹੈ ਤਾਂ ਇਹ ਪੰਜਾਬ ਦੇ ਵਿਚ ਹੈ। ਭੱਠਲ ਜੀ ਨੇ ਇਹ ਵੀ ਗੱਲ ਕੀਤੀ ਹੈ ਕਿ ਵੋਕੇਸ਼ਨਲ ਟ੍ਰੇਨਿੰਗ ਵਾਸਤੇ, ਖਾਸ ਕਰਕੇ ਐਸ.ਸੀਜ਼. ਵਾਸਤੇ 7 ਕਰੋੜ ਰੁਪਿਆ ਬਜਟ ਵਿਚ ਰੱਖਿਆ ਗਿਆ ਹੈ ਪਰ ਇਸ ਤੋਂ ਇਲਾਵਾ ਸਪੀਕਰ ਸਾਹਿਬ, ਜਿਵੇਂ ਮੈਂ ਕੱਲ੍ਹ ਵੀ ਕਿਹਾ ਸੀ ਕਿ 125 ਕਰੋੜ ਰੁਪਿਆ ਜਿਹੜਾ ਹੈ ਉਹ ਵੱਖਰਾ ਸਪੈਸ਼ਲ ਸਕਿਲਡ ਡਿਵੈਲਪਮੈਂਟ ਵਾਸਤੇ ਰੱਖਿਆ ਗਿਆ ਹੈ। ਇਸੇ ਤਰ੍ਹਾਂ ਠੰਡਲ ਸਾਹਿਬ ਨੇ ਵੀ ਬੋਲਦਿਆਂ ਕਿਹਾ ਸੀ ਕਿ ਬਿਸਤ ਦੋਆਬ ਕੈਨਾਲ ਦੀ ਰੀਹੈਬਲੀਟੇਸ਼ਨ ਦੀ ਲੋੜ ਹੈ। ਇਸ ਸਾਲ ਦੇ ਬਜਟ ਵਿਚ 80 ਕਰੋੜ ਰੁਪਿਆ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ ਕਾਫੀ ਹੱਦ ਤੱਕ ਸਮੱਸਿਆ ਦੂਰ ਹੋ ਜਾਵੇਗੀ। ਜੇਕਰ ਕੁਝ ਰਹਿ ਗਈ ਤਾਂ ਅਗਲੇ ਬਜਟ ਵਿਚ ਪਾ ਦਿੱਤਾ ਜਾਵੇਗਾ। ਕੰਡੀ ਕੈਨਾਲ ਅਪਲਿਫਟ ਸਕੀਮ ਦੋ ਮੰਗੀਆਂ ਗਈਆਂ ਹਨ। ਦਰਅਸਲ ਇਹ ਚਾਰ ਹਨ। ਦੋ ਸਕੀਮਾਂ ਇਸ ਸਾਲ ਵਿਚ ਹੀ ਚਾਲੂ ਹੋ ਜਾਣਗੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਆਟਾ ਦਾਲ ਸਕੀਮ ਨੂੰ ਐਪਰੀਸ਼ੀਏਟ ਵੀ ਕੀਤਾ ਹੈ ਕਿ This is a best scheme. ਰੂਰਲ ਡਿਵੈਲਪਮੈਂਟ ਵਾਟਰ ਸਪਲਾਈ ਸਿਸਟਮ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਕਈ ਪਿੰਡ ਅਜਿਹੇ ਹਨ ਜਿਹੜੇ ਆਪਣੇ ਹਿੱਸੇ ਦੇ ਫੰਡਜ਼ ਨਹੀਂ ਪਾ ਸਕਦੇ, ਇਸ ਸਕੀਮ ਨੂੰ ਸ਼ੁਰੂ ਕਰਨ ਵਿਚ ਕਾਫੀ ਰਸਿਸਟੈਂਸ ਹੋਈ ਕਿ ਅਸੀਂ ਪੈਸਾ ਨਹੀਂ ਪਾ ਸਕਦੇ। ਲੇਕਿਨ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਡੀ ਮਜਬੂਰੀ ਹੈ ਕਿਉਂਕਿ ਇਸ ਸਕੀਮ ਦੇ ਵਿਚ ਹੀ ਲਿਖਿਆ ਹੋਇਆ ਹੈ ਇਸ ਲਈ ਇਹ ਨਹੀਂ ਹੋ ਸਕਦਾ। ਇਨ੍ਹਾਂ ਦਾ ਇਲਾਕਾ ਮਾਹਿਲਪੁਰ ਹੈ, ਇਥੇ ਕਈ ਐਨ.ਆਰ.ਆਈਜ਼. ਵੀ ਹਨ। ਜੇਕਰ 10 ਲੱਖ ਰੁਪਏ ਦੀ ਸਕੀਮ ਹੈ ਤਾਂ ਉਹ ਇਸ ਦਾ 10% ਹਿੱਸਾ ਪਾ ਸਕਦੇ ਹਨ ਪਰ ਸਕੀਮ ਵਿਚ ਹੈ ਕਿ ਉਨ੍ਹਾਂ ਐਨ.ਆਰ.ਆਈਜ਼ ਦੀ ਕੰਟਰੀਬਿਊਸ਼ਨ ਨਹੀਂ ਚਾਹੀਦੀ। ਅਸਲ ਵਿਚ, ਇਸ ਸਕੀਮ ਦੀ ਇਕ ਫਿਲਾਸਫੀ ਹੈ ਕਿ ਕਮਿਊਨਿਟੀ ਪਾਰਟੀਸੀਪੇਸ਼ਨ ਜ਼ਰੂਰ ਹੋਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਇਹ ਅਹਿਸਾਸ ਹੋਵੇ ਕਿ ਲੋਕਾਂ ਦਾ ਆਪਣਾ ਪੈਸਾ ਇਸ ਸਕੀਮ ਵਿਚ ਲੱਗਿਆ ਹੋਇਆ ਹੈ। ਜੇਕਰ ਕਿਧਰੇ ਇਹ ਉਥੇ ਸਕੀਮ ਵਿਚ ਨਾ ਲਿਖਿਆ ਹੁੰਦਾ ਫਿਰ ਸਰਕਾਰ ਵਲੋਂ ਮਦਦ ਕੀਤੀ ਜਾ ਸਕਦੀ ਸੀ। ਸਪੀਕਰ ਸਾਹਿਬ, ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਜਿਹੜੀ ਸਕੀਮ ਹੈ ਇਹ ਰਾਜਸਥਾਨ ਵਿਚ ਸਭ ਤੋਂ ਵੱਧ ਕਾਮਯਾਬ ਹੈ। ਰਾਜਸਥਾਨ ਵਾਲੇ ਪਾਣੀ ਦੀ ਕਦਰ ਜਾਣਦੇ ਹਨ ਪਰ ਪੰਜਾਬ ਦੇ ਲੋਕ ਇਸ ਨੂੰ ਰਜਿਸਟ ਕਰ ਰਹੇ ਹਨ। ਰਾਜਸਥਾਨ ਵਿਚ ਇਹ ਕਾਮਯਾਬ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਕਾਮਰੇਡ ਸਾਹਿਬ (ਸਰਦਾਰ ਮੱਖਣ ਸਿੰਘ) ਨੇ ਕੁਝ ਗੱਲਾਂ ਕੀਤੀਆਂ ਹਨ। ਮੈਂ ਬੱਸ, ਇਕ ਮਿੰਟ ਹੋਰ ਲਵਾਂਗਾ। ਉਨ੍ਹਾਂ ਨੇ ਵੈਟ ਉਤੇ ਸੈਸ ਲਾਉਣ ਦੀ ਗੱਲ ਕੀਤੀ ਹੈ। ਅਜਿਹਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਇਨ੍ਹਾਂ ਨੇ ਕਿਤੋਂ ਅਖਬਾਰਾਂ ਵਿਚ ਪੜ੍ਹ ਲਿਆ ਹੈ। ਦਰਅਸਲ ਇਹ ਗੱਲਾਂ ਤਾਂ ਚਲਦੀਆਂ ਹਨ ਕਿਉਂਜੋ ਚੁੰਗੀ ਮੁਆਫ ਹੋਈ ਹੈ। ਚੁੰਗੀ ਮੁਆਫ ਇਸ ਕਰਕੇ ਨਹੀਂ ਹੋਈ ਕਿ ਇਸ ਦੀਆਂ ਕੋਈ ਦਰਾਂ ਬਹੁਤ ਜ਼ਿਆਦਾ ਸਨ। ਚੁੰਗੀ

Original with;
Punjab Vidhan Sabha
Digitized by;
Panjab Digital Library

ਮੁਆਫ ਕਰਨ ਵੇਲੇ ਇਹ ਸਮਝਿਆ ਗਿਆ ਸੀ ਕਿ ਇਹ ਇਕ ਰੀਟਰੋਗਰੇਡ ਟੈਕਸ ਹੈ। ਹਰੇਕ 10-10 ਮੀਲ ਤੇ ਚੁੰਗੀ ਦਿਉ, ਫਿਰ ਅੱਗੇ ਜਾਉ। ਇਹ ਇਕ ਕਿਸਮ ਦਾ component of harassment ਸੀ। ਇਸ ਤੋਂ ਇਲਾਵਾ ਟਰੇਡ ਤੇ ਇੰਡਸਟਰੀ....

**ਮਾਨਯੋਗ ਸਪੀਕਰ :** ਗਿਲੋਟੀਨ ਲਾਗੂ ਹੁੰਦਾ ਹੈ।

**Finance, Planning and Programme Implementation Minister:** Mr. Speaker, Sir, can I take a minute please?

**ਮਾਨਯੋਗ ਸਪੀਕਰ :** ਨਹੀਂ ਜੀ।

ਹੁਣ ਸਾਲ 2007-08 ਦੇ ਬਜਟ ਅਨੁਮਾਨਾਂ ਨਾਲ ਸਬੰਧਤ ਗਰਾਂਟਾਂ ਵਾਸਤੇ ਮੰਗਾਂ ਜਿਨ੍ਹਾਂ ਵਿਚ 1 ਤੋਂ 30 ਤੱਕ ਦਰਸਾਈ ਰਕਮ, ਜੋ ਮਾਲੀਆ ਲੇਖੇ ਤੇ 30418 ਕਰੋੜ 74 ਲੱਖ 51 ਹਜ਼ਾਰ ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵੱਖ ਵੱਖ ਵਿਭਾਗਾਂ ਦੇ ਸਬੰਧ ਵਿਚ ਕੀਤੀ ਜਾਵੇਗੀ, ਸਦਨ ਦੇ ਸਾਹਮਣੇ ਵੋਟਿੰਗ ਲਈ ਰੱਖੀਆਂ ਗਈਆਂ ਹਨ। ਜੇ ਸਦਨ ਦੀ ਸਹਿਮਤੀ ਹੋਵੇ ਤਾਂ ਸਾਰੀਆਂ ਮੰਗਾਂ ਸਦਨ ਦੀ ਵੋਟ ਲਈ ਇਕੱਠੀਆਂ ਹੀ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਮੰਗ ਨੰ: 1

**ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 5,26,27,35,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,76,65,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਕੀਤੀ ਜਾਵੇਗੀ।**

ਮੰਗ ਨੰ: 2

**ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2,50,15,84,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,70,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਕੀਤੀ ਜਾਵੇਗੀ।**

*Original with;*
Punjab Vidhan Sabha
*Digitized by;*
Panjab Digital Library

[ ਮਾਨਯੋਗ ਸਪੀਕਰ ]

ਮੰਗ ਨੰ: 3

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1,03,09,59,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,55,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 4

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 29,48,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੁਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 5

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 29,04,81,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,97,72,35,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 6

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 39,52,14,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 7

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 69,11,94,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 8

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1,10,36,31,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,97,72,66,000 ਰੁਪਏ ਤੋਂ ਵੱਧ ਨਾ ਹੋਵੇ, ਸਾਲ

Original with;
Punjab Vidhan Sabha
Digitized by;
Panjab Digital Library

2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 9

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3,11,53,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,33,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 10

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 96,55,92,000 ਰੁਪਏ ਅਤੇ ਪੂੰਜੀਗਤ ਲੇਖੇ ਤੇ 24,75,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 11

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 8,68,68,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,82,29,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 12

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 16,01,55,99,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,11,12,30,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਿਹ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 13

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1,30,41,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 28,30,48,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਮੰਗ ਨੰ: 14

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 22,79,98,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 15

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 26,66,19,68,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,51,53,24,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਚਾਈ ਅਤੇ ਬਿਜਲੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 16

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 30,89,66,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 17

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1,44,92,84,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,44,63,49,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 18

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 6,72,87,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਰਮਚਾਰੀ-ਵਰਗ ਅਤੇ ਪ੍ਰਬੰਧਕੀ ਸੁਧਾਰਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਮੰਗ ਨੰ: 19

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 7,32,87,02,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,85,70,82,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 20

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂ ਕਰਨ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 21

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 7,29,17,37,000 ਰੁਪਏ ਅਤੇ ਪੂੰਜੀਗਤ ਲੇਖੇ ਤੇ 18,40,09,44,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 22

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 7,26,17,89,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,12,50,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 23

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 8,41,92,58,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,17,05,28,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਮੰਗ ਨੰ: 24

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 19,14,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,76,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 25

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2,53,29,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 26

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 16,05,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 27

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1,15,18,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 37,57,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 28

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 15,78,47,000 ਰੁਪਏ ਅਤੇ ਪੂੰਜੀਗਤ ਲੇਖੇ ਤੇ 34,91,35,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਮੰਗ ਨੰ: 29

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2,94,70,39,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,90,84,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 30

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 13,51,74,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2007-08 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

-------

## (ii) THE PUNJAB APPROPRIATION (NO. 2) BILL, 2007

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਤੁਸੀਂ ਪੰਜਾਬ ਨਮਿੱਤਣ (ਨੰ: 2) ਬਿਲ ਇੰਟਰੋਡਿਊਸ ਕਰੋ।

**Finance, Planning and Programme Implementation Minister (Sardar Manpreet Singh Badal) :** Mr. Speaker, Sir, I beg to introduce the Punjab Appropriation (No. 2) Bill, 2007.

Sir, I also beg to move –

That the Punjab Appropriation (No. 2) Bill, 2007 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਬਹਿਸ, ਜੇਕਰ ਕੋਈ ਕਰਨਾ ਚਾਹੁੰਦਾ ਹੈ?

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੇ 3**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

**ਸ਼ਡਿਊਲ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

**ਕਲਾਜ਼ 1**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

**ਮਾਨਯੋਗ ਸਪੀਕਰ** : ਹੁਣ ਐਫ.ਐਮ. ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

Original with;
Punjab Vidhan Sabha
Digitized by;
Panjab Digital Library

**Finance, Planning and Programme Implementation Minister (Sardar Manpreet Singh Badal) :** Sir, I beg to move –

that the Punjab Appropriation (No. 2) Bill, 2007 be passed.

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2007 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

**ਮਾਨਯੋਗ ਸਪੀਕਰ** : ਹੁਣ ਸਦਨ ਵੀਰਵਾਰ, 28 ਜੂਨ, 2007 ਦੇ 10.00 ਵਜੇ ਸਵੇਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*1.05 ਵਜੇ ਬਾਅਦ ਦੁਪਹਿਰ

(ਇਸ * ਉਪ੍ਰੰਤ ਸਦਨ ਵੀਰਵਾਰ, 28 ਜੂਨ, 2007 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

-------

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# APPENDIX - I
# TO
# PUNJAB VIDHAN SABHA DEBATES

Wednesday, 27th June, 2007

Vol.–II – No. 7

## STARRED QUESTION AND ANSWER

## ਨਕੋਦਰ ਸ਼ਹਿਰ ਵਿੱਚ ਸੀਵਰੇਜ ਵਿਛਾਉਣਾ

*177. **ਸਰਦਾਰ ਅਮਰਜੀਤ ਸਿੰਘ ਸਮਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਜਲੰਧਰ ਵਿੱਚ ਨਕੋਦਰ ਅਤੇ ਗੁਰਾਇਆ ਲਈ ਸੀਵਰੇਜ ਪ੍ਰਾਜੈਕਟ ਲਈ ਪਿਛਲੀ ਸਰਕਾਰ ਦੁਆਰਾ 17 ਕਰੋੜ ਰੁਪਏ ਅਤੇ 10.8 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਇਸ ਸਮੇਂ ਉਕਤ ਪ੍ਰਾਜੈਕਟਾਂ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਨ੍ਹਾਂ ਨੂੰ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਮਨੋਰੰਜਨ ਕਾਲੀਆ :** (ੳ) ਹਾਂ ਜੀ। ਸੀਵਰੇਜ ਸਕੀਮ ਨਕੋਦਰ ਅਤੇ ਗੁਰਾਇਆ ਜ਼ਿਲ੍ਹਾ ਜਲੰਧਰ ਲਈ ਤਖਮੀਨਾ ਲਾਗਤ ਕ੍ਰਮਵਾਰ 14.92 ਕਰੋੜ ਰੁਪਏ ਅਤੇ 10.29 ਕਰੋੜ ਰੁਪਏ ਹੈ, ਮਿਊਂਸਿਪਲ ਡਿਵੈਲਪਮੈਂਟ ਫੰਡ ਅਧੀਨ ਤਿਆਰ ਕੀਤੇ ਗਏ ਹਨ। ਇਹ ਕੰਮ ਅਲਾਟ ਕੀਤੇ ਜਾ ਚੁੱਕੇ ਹਨ।

(ਅ) ਇਨ੍ਹਾਂ ਸਕੀਮਾਂ ਦੀ ਤਾਜ਼ਾ ਸਥਿਤੀ ਇਸ ਅਨੁਸਾਰ ਹੈ :-

**ਸੀਵਰੇਜ ਸਕੀਮ ਨਕੋਦਰ** (ਰੁਪਏ ਲੱਖਾਂ ਵਿੱਚ)

| ਆਈਟਮ | ਸਕੋਪ ਆਫ ਵਰਕ | ਕੰਮ ਦੀ ਪ੍ਰੋਗਰੈਸ | ਪ੍ਰਾਪਤ ਕੀਤੇ ਗਏ ਫੰਡਜ਼ | | | | ਖਰਚਾ |
|---|---|---|---|---|---|---|---|
| | | | ਪੀ.ਆਈ.ਡੀ.ਬੀ. | ਪੰਜਾਬ ਸਰਕਾਰ | ਨਗਰ ਕੌਂਸਲ | ਕੁੱਲ | |
| ਮੇਨ ਸੀਵਰ | 9.84 ਕਿ.ਮੀ. | 2.28 ਕਿ.ਮੀ. | - | 91.41 | 46.89 | 138.30 | 180.12 |
| ਬਰਾਂਚ ਸੀਵਰ | 51.49 ਕਿ.ਮੀ. | 6.00 ਕਿ.ਮੀ. | | | | | |
| ਪੰਪਿਗ ਸਟੇਸ਼ਨ | 1 ਨੰ: | - | | | | | |

Original with;
Punjab Vidhan Sabha
Digitized by;
Panjab Digital Library

**ਸੀਵਰੇਜ ਸਕੀਮ ਗੁਰਾਇਆ** (ਰੁਪਏ ਲੱਖਾਂ ਵਿਚ)

| ਆਈਟਮ | ਸਕੋਪ ਆਫ ਵਰਕ | ਕੰਮ ਦੀ ਪ੍ਰੋਗਰੈਸ | ਪ੍ਰਾਪਤ ਕੀਤੇ ਗਏ ਫੰਡਜ਼ | | | | |
|---|---|---|---|---|---|---|---|
| | | | ਪੀ.ਆਈ. ਡੀ.ਬੀ. | ਪੰਜਾਬ ਸਰਕਾਰ | ਨਗਰ ਕੌਂਸਲ | ਕੁੱਲ | ਖਰਚਾ |
| ਮੇਨ ਸੀਵਰ | 1.48 ਕਿ.ਮੀ. | - | - | 14.88 | 5.00 | 19.88 | 65.95 |
| ਬਰਾਂਚ ਸੀਵਰ | 36.90 ਕਿ.ਮੀ. | 5.70 ਕਿ.ਮੀ. | | | | | |
| ਪੰਪਿੰਗ ਸਟੇਸ਼ਨ | 1 ਨੰ: | - | | | | | |

ਇਹ ਕੰਮ ਅਸਲ ਵਿੱਚ ਮਾਰਚ, 2008 ਤੱਕ ਮੁਕੰਮਲ ਹੋਣੇ ਸਨ ਪਰੰਤੂ ਫੰਡਾਂ ਦੀ ਘਾਟ ਕਾਰਨ ਇਹ ਕੰਮ ਰੁਕ ਗਏ ਹਨ।

ਨਕੋਦਰ ਸ਼ਹਿਰ ਨੂੰ ਭਾਰਤ ਸਰਕਾਰ ਵੱਲੋਂ ਅਰਬਨ ਇਨਫਰਾਸਟਰਕਚਰ ਡਿਵੈਲਪਮੈਂਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨਜ਼ ਅਧੀਨ ਵਿੱਤੀ ਸਹਾਇਤਾ ਲਈ ਚੁਣਿਆ ਗਿਆ ਹੈ। ਡਿਟੇਲਡ ਪ੍ਰੋਜੈਕਟ ਰਿਪੋਰਟ ਬਣਾਉਣ ਦੀ ਪ੍ਰਕ੍ਰਿਆ ਦਾ ਕੰਮ ਚਲ ਰਿਹਾ ਹੈ।

ਨਕੋਦਰ ਸ਼ਹਿਰ ਦੀ ਇਸ ਸਮੇਂ ਵਸੋਂ ਅਠੱਤੀ ਹਜ਼ਾਰ ਹੈ। ਨਕੋਦਰ ਸ਼ਹਿਰ ਦੀ 96 ਪ੍ਰਤੀਸ਼ਤ ਵਸੋਂ ਨੂੰ ਪੀਣ ਵਾਲੇ ਪਾਣੀ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੈ ਅਤੇ 65 ਪ੍ਰਤੀਸ਼ਤ ਵਸੋਂ ਨੂੰ ਸੀਵਰੇਜ ਦੀ ਸੁਵਿਧਾ ਅਧੀਨ ਲਿਆਂਦਾ ਗਿਆ ਹੈ।

ਕਸਬੇ ਦੀ ਵਾਟਰ ਸਪਲਾਈ ਅਤੇ ਸੀਵਰੇਜ ਦੀ ਮੌਜੂਦਾ ਸਥਿਤੀ ਇਸ ਅਨੁਸਾਰ ਹੈ :-

ਵਾਟਰ ਸਪਲਾਈ

| | |
|---|---|
| ਟਿਊਬਵੈੱਲ | 5 ਨੰ: |
| ਪਾਣੀ ਦੀ ਟੈਂਕੀ | 1 ਨੰ: |
| ਵਾਟਰ ਸਪਲਾਈ ਲਾਈਨ | 34 ਕਿ.ਮੀ. |

ਸੀਵਰੇਜ

| | |
|---|---|
| ਮੇਨ ਸੀਵਰ | 1.2 ਕਿ.ਮੀ. |
| ਬਰਾਂਚ ਸੀਵਰ | 11 ਕਿ.ਮੀ. |

Original with;
Punjab Vidhan Sabha
Digitized by;
Panjab Digital Library

ਸ਼ਹਿਰ ਦੀ ਸ਼ਤ-ਪ੍ਰਤੀਸ਼ਤ ਵਾਟਰ ਸਪਲਾਈ ਵਾਸਤੇ 2.07 ਕਰੋੜ ਰੁਪਏ ਦੀ ਲਾਗਤ ਦੀ ਸਕੀਮ ਮਿਊਂਸਿਪਲ ਡਿਵੈਲਪਮੈਂਟ ਫੰਡ ਪ੍ਰੋਜੈਕਟ ਅਧੀਨ ਤਿਆਰ ਕੀਤੀ ਗਈ ਸੀ। ਜਿਸ ਵਿੱਚ 1 ਨੰ: ਟਿਊਬਵੈੱਲ ਅਤੇ 55 ਕਿ.ਮੀ. ਡਿਸਟਰੀਬਿਊਸ਼ਨ ਲਾਈਨ ਦਾ ਕੰਮ ਕਰਨਾ ਸ਼ਾਮਲ ਸੀ। ਹੁਣ ਤੱਕ 49 ਕਿ.ਮੀ. ਡਿਸਟਰੀਬਿਊਸ਼ਨ ਲਾਈਨ ਅਤੇ 1 ਨੰ: ਟਿਊਬਵੈੱਲ ਬੋਰ ਕਰਨ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ।

ਇਸੇ ਤਰ੍ਹਾਂ ਸੀਵਰੇਜ ਪ੍ਰਣਾਲੀ ਲਈ 14.92 ਕਰੋੜ ਰੁਪਏ ਲਾਗਤ ਦੀ ਇੱਕ ਸਕੀਮ ਮਿਊਂਸਿਪਲ ਡਿਵੈਲਪਮੈਂਟ ਫੰਡ ਪ੍ਰੋਜੈਕਟ ਅਧੀਨ ਤਿਆਰ ਕੀਤੀ ਗਈ ਹੈ, ਜਿਸ ਵਿੱਚ 9.48 ਕਿ.ਮੀ. ਮੇਨ ਸੀਵਰ, 51.49 ਕਿ.ਮੀ. ਬਰਾਂਚ ਸੀਵਰ ਅਤੇ 1 ਨੰ: ਪੰਪਿਗ ਸਟੇਸ਼ਨ ਦਾ ਕੰਮ ਸ਼ਾਮਿਲ ਹੈ। ਹੁਣ ਤੱਕ 2.28 ਕਿ.ਮੀ. ਮੇਨ ਸੀਵਰ ਅਤੇ 6 ਕਿ.ਮੀ. ਬਰਾਂਚ ਸੀਵਰ ਲਗਾਇਆ ਜਾ ਚੁੱਕਾ ਹੈ।

ਗੁਰਾਇਆ ਸ਼ਹਿਰ ਦੀ ਇਸ ਸਮੇਂ ਵਸੋਂ ਸਤਾਰਾਂ ਹਜ਼ਾਰ ਹੈ। ਗੁਰਾਇਆ ਸ਼ਹਿਰ ਦੀ 95 ਪ੍ਰਤੀਸ਼ਤ ਵਸੋਂ ਨੂੰ ਪੀਣ ਵਾਲੇ ਪਾਣੀ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੈ ਅਤੇ 25 ਪ੍ਰਤੀਸ਼ਤ ਵਸੋਂ ਨੂੰ ਸੀਵਰੇਜ ਦੀ ਸੁਵਿਧਾ ਅਧੀਨ ਲਿਆਂਦਾ ਗਿਆ ਹੈ।

ਸ਼ਹਿਰ ਦੀ ਵਾਟਰ ਸਪਲਾਈ ਅਤੇ ਸੀਵਰੇਜ ਦੀ ਮੌਜੂਦਾ ਸਥਿਤੀ ਇਸ ਅਨੁਸਾਰ ਹੈ :-

ਵਾਟਰ ਸਪਲਾਈ

| | |
|---|---|
| ਟਿਊਬਵੈੱਲ | 4 ਨੰ: |
| ਪਾਣੀ ਦੀ ਟੈਂਕੀ | 1 ਨੰ: |
| ਵਾਟਰ ਸਪਲਾਈ ਲਾਈਨ | 31.75 ਕਿ.ਮੀ. |

ਸੀਵਰੇਜ

| | |
|---|---|
| ਮੇਨ ਸੀਵਰ | 0.85 ਕਿ.ਮੀ. |
| ਬਰਾਂਚ ਸੀਵਰ | 0.86 ਕਿ.ਮੀ. |
| ਡਿਸਪੋਜਲ ਵਰਕਸ | ਨਿਲ |

ਸ਼ਹਿਰ ਦੀ 100% ਵਾਟਰ ਸਪਲਾਈ ਵਾਸਤੇ 0.56 ਕਰੋੜ ਰੁਪਏ ਦੀ ਲਾਗਤ ਦੀ ਸਕੀਮ ਮਿਊਂਸਿਪਲ ਡਿਵੈਲਪਮੈਂਟ ਫੰਡ ਪ੍ਰੋਜੈਕਟ ਅਧੀਨ ਤਿਆਰ ਕੀਤੀ ਗਈ ਸੀ। ਜਿਸ ਵਿੱਚ 1 ਨੰ: ਟਿਊਬਵੈੱਲ ਅਤੇ 12.97 ਕਿ.ਮੀ. ਡਿਸਟਰੀਬਿਊਸ਼ਨ ਲਾਈਨ ਦਾ ਕੰਮ ਕਰਨਾ ਸ਼ਾਮਿਲ ਸੀ। ਹੁਣ ਤੱਕ 11 ਕਿ.ਮੀ. ਡਿਸਟਰੀਬਿਊਸ਼ਨ ਲਾਈਨ ਅਤੇ 1 ਨੰ: ਟਿਊਬਵੈੱਲ ਬੋਰ ਅਤੇ ਡਿਵੈਲਪਮੈਂਟ ਕਰਨ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ।

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਸੀਵਰੇਜ ਪ੍ਰਣਾਲੀ ਲਈ 10.29 ਕਰੋੜ ਰੁਪਏ ਲਾਗਤ ਦੀ ਇੱਕ ਸਕੀਮ ਮਿਊਂਸਿਪਲ ਡਿਵੈਲਪਮੈਂਟ ਫੰਡ ਪ੍ਰੋਜੈਕਟ ਅਧੀਨ ਤਿਆਰ ਕੀਤੀ ਗਈ ਹੈ ਜਿਸ ਵਿੱਚ 1.48 ਕਿ.ਮੀ. ਮੇਨ ਸੀਵਰ, 36.90 ਕਿ.ਮੀ. ਬਰਾਂਚ ਸੀਵਰ ਅਤੇ 1 ਨੰ: ਪੰਪਿਗ ਸਟੇਸ਼ਨ ਦਾ ਕੰਮ ਸ਼ਾਮਿਲ ਹੈ ਹੁਣ ਤੱਕ 5.70 ਕਿ.ਮੀ. ਬਰਾਂਚ ਸੀਵਰ ਲਗਾਇਆ ਜਾ ਚੁੱਕਾ ਹੈ।

ਅਗਾਂਹ ਤੋਂ ਕੰਮ ਬੰਦ ਹਨ। ਅਜੇ ਨਕੋਦਰ ਅਤੇ ਗੁਰਾਇਆ ਵਿਖੇ ਸੀਵਰੇਜ ਟਰੀਟਮੈਂਟ ਪਲਾਂਟਸ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ।

---

Original with;
Punjab Vidhan Sabha
Digitized by;
Panjab Digital Library

# APPENDIX - II

# TO

# PUNJAB VIDHAN SABHA DEBATES

Wednesday, 27th June, 2007

Vol.–II – No. 7

## STARRED QUESTION AND ANSWER

## ਆਪਣੀ ਪਹਿਚਾਣ ਬਦਲ ਕੇ ਰਹਿ ਰਹੇ ਖਾੜਕੂ

*195. **ਕੈਪਟਨ ਬਲਬੀਰ ਸਿੰਘ ਬਾਠ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਅੱਤਵਾਦ ਦੇ ਦਿਨਾਂ ਤੋਂ ਕਈ ਸਾਬਕਾ ਖਾੜਕੂ ਜਿਹੜੇ ਕਿ "ਬਲੈਕ ਕੈਟ" ਦੇ ਤੌਰ ਤੇ ਜਾਣੇ ਜਾਂਦੇ ਹਨ, ਆਪਣੀ ਪਹਿਚਾਣ ਬਦਲ ਕੇ ਰਹਿ ਰਹੇ ਹਨ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਖਾੜਕੂਆਂ ਦੀ ਕਿੰਨੀ ਗਿਣਤੀ ਹੈ ਅਤੇ ਉਹਨਾਂ ਨੂੰ ਮ੍ਰਿਤਕ ਘੋਸ਼ਿਤ ਕਰਕੇ ਰਾਜ ਦੇ ਖਜ਼ਾਨੇ ਦੁਆਰਾ ਉਠਾਏ ਨੁਕਸਾਨ ਦੇ ਵੇਰਵੇ ਕੀ ਹਨ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ।

---

## ਪਿੰਡਾਂ ਦੇ ਲਾਲ ਡੋਰੇ ਵਿੱਚ ਵਾਧਾ

*197. **ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਐਸ.ਏ.ਐਸ. ਨਗਰ, ਮੁਹਾਲੀ ਵਿੱਚ ਪਿੰਡਾਂ ਦੇ ਲਾਲ-ਡੋਰੇ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਅਜੀਤ ਸਿੰਘ ਕੋਹਾੜ** : ਹਾਂ ਜੀ, ਪੈਰੀਫਰੀ ਸਕੀਮ ਤਹਿਤ ਮਿਤੀ 20.1.2006 ਨੂੰ ਜਾਰੀ ਕੀਤੀ ਨੋਟੀਫਿਕੇਸ਼ਨ ਅਨੁਸਾਰ ਹਾਈ ਪਾਵਰਡ ਕਮੇਟੀ ਵੱਲੋਂ ਤਜਵੀਜ਼ ਕੀਤਾ ਗਿਆ ਹੈ ਕਿ ਪਿੰਡ ਦੀ ਆਬਾਦੀ ਦੇ ਵਿੱਚ ਰਕਬੇ ਨੂੰ 60% ਦੇ ਘੇਰੇ ਅੰਦਰ ਪਿੰਡ ਦੀ ਫਿਰਨੀ ਦੇ ਆਲੇ ਦੁਆਲੇ ਘੱਟੋ ਘੱਟ 50 ਮੀਟਰ ਅਤੇ ਵੱਧ ਤੋਂ ਵੱਧ 100 ਮੀਟਰ ਵਾਧਾ ਕੀਤਾ ਜਾਵੇ।

---

Original with;
Punjab Vidhan Sabha
Digitized by;
Panjab Digital Library

## ਐਸ.ਏ.ਐਸ. ਨਗਰ, ਮੋਹਾਲੀ ਵਿਖੇ ਟ੍ਰੀਟਮੈਂਟ ਪਲਾਂਟ

***198. ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ ਕੀ ਐਸ.ਏ.ਐਸ. ਨਗਰ, ਮੋਹਾਲੀ ਵਿਖੇ ਸੀਵਰੇਜ਼ ਦੇ ਪਾਣੀ ਲਈ ਟ੍ਰੀਟਮੈਂਟ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਜੀ ਹਾਂ, ਸ਼੍ਰੀਮਾਨ ਜੀ। ਐਸ.ਏ.ਐਸ. ਨਗਰ ਵਿਖੇ ਇੱਕ ਸੀਵਰੇਜ਼ ਟ੍ਰੀਟਮੈਂਟ ਪਲਾਂਟ ਉਸਾਰਿਆ ਜਾ ਰਿਹਾ ਹੈ। ਇਹ ਐਸ.ਏ.ਐਸ. ਨਗਰ ਦੇ ਤਜਵੀਜ਼ਤ ਸੈਕਟਰ 83 ਵਿੱਚ ਲੱਗਭੱਗ 23 ਏਕੜ ਜਗ੍ਹਾ ਵਿੱਚ ਉਸਾਰਿਆ ਜਾ ਰਿਹਾ ਹੈ। ਇਸ ਪ੍ਰਾਜੈਕਟ ਲਈ ਕੁੱਲ ਅੰਦਾਜ਼ਨ ਲਾਗਤ 26.00 ਕਰੋੜ ਰੁਪਏ ਆਵੇਗੀ, ਜਿਸ ਵਿੱਚ ਜ਼ਮੀਨ ਦੀ ਕੀਮਤ ਸ਼ਾਮਿਲ ਨਹੀਂ ਹੈ ਪਰੰਤੂ ਇਸ ਵਿੱਚ ਇਸ ਪਲਾਂਟ ਨੂੰ 5 ਸਾਲ ਲਈ ਚਲਾਉਣ ਅਤੇ ਰੱਖ-ਰਖਾਵ ਲਈ ਆਉਣ ਵਾਲਾ ਅੰਦਾਜ਼ਨ ਖਰਚਾ ਸ਼ਾਮਿਲ ਹੈ।

---

## UNSTARRED QUESTION AND ANSWER

## ਅਨੁਚਿਤ ਸਾਧਨਾਂ ਰਾਹੀਂ ਈ.ਐਨ.ਟੀ. ਪ੍ਰੋਫੈਸਰ ਵਜੋਂ ਨਿਯੁਕਤੀ**

**49. ਡਾਕਟਰ ਦਲਬੀਰ ਸਿੰਘ ਵੇਰਕਾ** : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਡਾਕਟਰ ਕਰਨ ਕੁਮਾਰ ਸ਼ਰਮਾ, ਐਸੋਸੀਏਟ ਪ੍ਰੋਫੈਸਰ, ਈ.ਐਨ.ਟੀ., ਮੈਡੀਕਲ ਕਾਲਜ, ਅੰਮ੍ਰਿਤਸਰ ਇੱਕ ਜਾਅਲੀ ਸਰਟੀਫਿਕੇਟ ਪੇਸ਼ ਕਰਕੇ ਪੀ.ਪੀ.ਐਸ.ਸੀ. ਰਾਹੀਂ ਈ.ਐਨ.ਟੀ. ਦੇ ਪ੍ਰੋਫੈਸਰ ਵਜੋਂ ਚੁਣੇ ਗਏ ਸਨ?

(ਅ) ਕੀ ਇਹ ਵੀ ਠੀਕ ਹੈ ਕਿ ਪੀ.ਪੀ.ਐਸ.ਸੀ. ਨੇ ਸਬੰਧਤ ਵਿਭਾਗ ਨੂੰ ਉਪਰੋਕਤ ਚੋਣ ਨੂੰ ਰੱਦ ਕਰਨ ਅਤੇ ਉਕਤ ਡਾਕਟਰ ਵਿਰੁੱਧ ਕਾਰਵਾਈ ਕਰਨ ਦੀ ਹਦਾਇਤ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਤਿਕਸ਼ਨ ਸੂਦ** : (ੳ) ਨਹੀਂ ਜੀ।

(ਅ) ਹਾਂ ਜੀ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੇ ਮਿਤੀ 14.9.2006

Original with;
Punjab Vidhan Sabha
Digitized by;
Panjab Digital Library

ਰਾਹੀਂ ਡਾਕਟਰ ਕਰਨ ਕੁਮਾਰ ਸ਼ਰਮਾ ਦੀ ਨਿਯੁਕਤੀ ਦੀ ਸਿਫਾਰਸ਼ ਰੱਦ ਕਰ ਦਿੱਤੀ ਸੀ। ਇਸ ਲਈ ਡਾਕਟਰ ਕਰਨ ਕੁਮਾਰ ਸ਼ਰਮਾ ਵਿਰੁੱਧ ਕਾਰਵਾਈ ਕਰਦੇ ਹੋਏ ਉਸ ਨੂੰ ਮਿਤੀ 3.11.2006 ਨੂੰ ਚਾਰਜਸ਼ੀਟ ਜਾਰੀ ਕੀਤੀ ਗਈ ਸੀ। ਇਸ ਮਾਮਲੇ ਦੀ ਪੜਤਾਲ ਕਰਨ ਲਈ ਸ਼੍ਰੀ ਐਮ.ਐਮ. ਓਬਰਾਏ, ਆਈ.ਏ.ਐਸ. (ਰਿਟਾਇਰਡ) ਨੂੰ ਪੜਤਾਲੀਆ ਅਫ਼ਸਰ ਲਗਾਇਆ ਗਿਆ ਸੀ। ਪੜਤਾਲ ਰਿਪੋਰਟ ਵਿੱਚ ਦੋਸ਼ ਸਾਬਤ ਨਹੀਂ ਪਾਏ ਗਏ। ਰਾਜ ਸਰਕਾਰ ਵੱਲੋਂ ਰਿਪੋਰਟ ਮਨਜ਼ੂਰ ਹੋ ਚੁੱਕੀ ਹੈ। ਇਸ ਤੋਂ ਇਲਾਵਾ ਡਾ. ਕਰਨ ਸ਼ਰਮਾ ਨੂੰ ਭਵਿੱਖ ਵਿੱਚ ਸੁਚੇਤ ਰਹਿਣ ਦੀ ਤਾੜਨਾ ਕੀਤੀ ਜਾ ਚੁੱਕੀ ਹੈ।

———

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©2007

Published under the authority of the Punjab Vidhan Sabha and printed by the Controller, Printing & Stationery, Punjab at the Govt. Press, S.A.S. Nagar.

PGP, Mohali/6060/08-07(1)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Thursday, the 28th June, 2007*

**Vol. II – No. 8**

OFFICIAL REPORT

CONTENTS


| | Page |
|---|---|
| Starred Questions and Answers | (8) 1 |
| Written Answers to Starred Questions laid on the Table of the House under Rule 38 | (8) 33 |
| Matters raised during Zero Hour | (8) 36 |
| Papers laid on the Table of the House | (8) 49 |
| Resolution reg. recommendation to the State Government to frame stringent legal provisions to discourage the rising tendency of canal water theft in the State | (8) 50 |



**Punjab Vidhan Sabha Secretariat, Chandigarh**

Price : Rs.__________.



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

| | |
|---|---|
| Short adjournment of the House | (8) 51 |
| Ruling by the Speaker reg. Adjourment Motion | (8) 52 |
| Resolution reg. recommendation to the State Government to frame stringent legal provisions to discourage the rising tendency of canal water theft in the State *(Resumption)* | (8) 53 |
| Short adjournment of the House | (8) 54 |
| Resolution reg. recommendation to the State Government to frame stringent legal provisions to discourage the rising tendency of canal water theft in the State *(Resumption)* | (8) 55 |



*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Thursday, the 28th June, 2007*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Nirmal Singh Kahlon) in the Chair.*

---

### STARRED QUESTIONS AND ANSWERS

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮਾਨਯੋਗ ਸਪੀਕਰ ਸਾਹਿਬ, ਸਾਡੇ ਵਲੋਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਗਈ ਹੈ, ਜਿਹੜੀ ਬਹੁਤ ਜ਼ਰੂਰੀ ਹੈ।

**ਮਾਨਯੋਗ ਸਪੀਕਰ** : ਕੁਐਸਚਨ ਆਵਰ ਵਿੱਚ ਤਾਂ ਇਹ ਗੱਲ ਕਹਿਣ ਦੀ ਲੋੜ ਨਹੀਂ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਕੁਐਸਚਨ ਆਵਰ ਤੋਂ ਪਹਿਲਾਂ ਹੀ ਹੁੰਦੀ ਹੈ ਜੀ।

**ਟਰਾਂਸਪੋਰਟ ਮੰਤਰੀ (ਮਾਸਟਰ ਮੋਹਨ ਲਾਲ)** : ਜ਼ੀਰੋ ਆਵਰ ਕੁਐਸਚਨ ਆਵਰ ਤੋਂ ਬਾਅਦ ਹੁੰਦਾ ਹੈ ਜੀ, ਭੈਣ ਜੀ ਤਾਂ ਬੜੇ ਸਿਆਣੇ ਹਨ.....

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮਾਨਯੋਗ ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਵਾਸਤੇ ਕਿਹਾ ਹੈ ਜੀ, ਜ਼ੀਰੋ ਆਵਰ ਤਾਂ ਰੁਟੀਨ ਦਾ ਮੈਟਰ ਹੈ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਮਾਨਯੋਗ ਸਪੀਕਰ ਸਾਹਿਬ, ਐਡਜਰਨਮੈਂਟ ਮੋਸ਼ਨ ਕੁਐਸਚਨ ਆਵਰ ਤੋਂ ਬਾਅਦ ਵਿੱਚ ਆਉਂਦੀ ਹੈ, ਇਹ ਸ਼ਾਇਦ ਭੁੱਲ ਗਏ ਹਨ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਤੁਸੀਂ ਆਪਣਾ ਭੁੱਲ ਗਏ ਹੋ? ਤੁਸੀਂ ਵੀ ਇਸੇ ਤਰ੍ਹਾਂ ਕਰਦੇ ਰਹੇ ਹੋ।

**ਮਾਨਯੋਗ ਸਪੀਕਰ** : ਮੇਰੇ ਕੋਲ ਤੁਹਾਡੀ ਮੋਸ਼ਨ ਆਈ ਹੈ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਉਸ ਬਾਰੇ ਦੱਸ ਦਿਓ ਜੀ।

*Original with;*
Punjab Vidhan Sabha
*Digitized by;*
Panjab Digital Library

**ਮਾਨਯੋਗ ਸਪੀਕਰ** : ਮੈਂ ਰੂਲ ਦੀ ਗੱਲ ਕਰਦਾ ਹਾਂ। ਰੂਲ 62(1) ਅਨੁਸਾਰ, The Speaker, if he gives consent under rule 59 and holds that the matter proposed to be discussed is in order, shall, after the questions (ਵਿਘਨ) ਪਹਿਲਾਂ ਮੇਰੀ ਗੱਲ ਸੁਣ ਲਓ and before the list of business is entered upon, call the member concerned, who shall rise in his place and ask for leave to move the adjournment after the Question Hour. ਇਸ ਵਿੱਚ ਕੋਈ ਹੋਰ ਨਹੀਂ, ਮੈਂ ਰੂਲਾਂ ਦੀ ਗੱਲ ਕੀਤੀ ਹੈ। ਹਾਊਸ ਦੇ ਰੂਲ ਹਨ, ਤੁਹਾਡੇ ਵਾਸਤੇ ਰੂਲ ਹਨ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਮੰਨਦੀ ਹਾਂ।

**ਮਾਨਯੋਗ ਸਪੀਕਰ** : ਨਾਲੇ ਮੰਨਦੇ ਹੋ, ਨਾਲੇ ਖੜ੍ਹੇ ਹੋ?

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਜੋ ਕੁਝ ਹੁਣ ਕਿਹਾ ਹੈ, ਮੈਂ ਪੜ੍ਹ ਕੇ ਆਈ ਹਾਂ, ਐਡਜਰਨਮੈਂਟ ਮੋਸ਼ਨ ਜਿਹੜੀ ਆਈ ਹੈ, ਉਸ ਦਾ ਫੈਸਲਾ ਕਰਨਾ ਹੈ। ਹੁਣ ਤੁਸੀਂ ਦੱਸ ਦਿੱਤਾ ਹੈ, ਅਸੀਂ ਵੋਟ ਕਰਾਂਗੇ।

**ਮਾਨਯੋਗ ਸਪੀਕਰ** : ਹਾਂ ਜੀ, ਕਰੀਹਾ ਜੀ।

---

## ਪਸ਼ੂ ਚਿਕਿਤਸਾ ਡਿਸਪੈਂਸਰੀਆਂ ਵਿੱਚ ਬਨਾਵਟੀ ਵੀਰਜ

*116 **ਸਰਦਾਰ ਜਤਿੰਦਰ ਸਿੰਘ ਕਰੀਹਾ** : ਕੀ ਪਸ਼ੂ ਪਾਲਣ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਰਾਜ ਵਿੱਚ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਵਿੱਚ ਬਨਾਵਟੀ ਵੀਰਜ ਉਪਲਬਧ ਕਰਵਾਇਆ ਜਾ ਰਿਹਾ ਹੈ ?

(ਅ) ਕੀ ਵਿਦੇਸ਼ਾਂ ਤੋਂ ਵਧੀਆ ਕਿਸਮ ਦਾ ਵੀਰਜ ਵੀ ਆਯਾਤ ਕੀਤਾ ਜਾ ਰਿਹਾ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : (ੳ) ਜੀ ਹਾਂ।

(ਅ) ਜੀ ਨਹੀਂ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਇਹ 'ਨਾਂਹ' ਦੀ ਵਿਆਖਿਆ ਕਰ ਦੇਣ ਜੀ?

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ?

Original with;
Punjab Vidhan Sabha
Digitized by;
Panjab Digital Library

**ਸਰਦਾਰ ਜਤਿੰਦਰ ਸਿੰਘ ਕਰੀਹਾ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ 10 ਸਾਲਾਂ ਵਿੱਚ ਸੁਪਰਫਾਸਫੇਟ ਤੋਂ ਚੀਨੀ ਕਿੰਨੀ ਬਣ ਕੇ ਆਈ ਹੈ?

**ਮਾਨਯੋਗ ਸਪੀਕਰ** : ਕੁਐਸਚਨ ਜਿਹੜਾ ਕੀਤਾ ਹੈ, ਉਸ ਦੀ ਵੀ ਤਿਆਰੀ ਕਰਕੇ ਆਇਆ ਕਰੋ ਅਤੇ ਸਪਲੀਮੈਂਟਰੀ ਪੁੱਛਣ ਦੀ ਵੀ ਤਿਆਰੀ ਕਰਕੇ ਆਇਆ ਕਰੋ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਮੈਂ ਆਪ ਜੀ ਤੋਂ ਖਿਮਾ ਦਾ ਜਾਚਿਕ ਹਾਂ। ਮੇਰੀ ਐਨਕ ਘਰ ਰਹਿ ਗਈ ਹੈ, ਇਸ ਕਰਕੇ ਸਾਰਾ ਗੜਬੜ ਹੋ ਗਿਆ ਹੈ ਜੀ।

**ਮਾਨਯੋਗ ਸਪੀਕਰ** : ਤੁਸੀਂ ਮੈਨੂੰ ਦੱਸ ਦੇਣਾ ਸੀ, ਮੈਂ ਪ੍ਰਬੰਧ ਕਰ ਦਿੰਦਾ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਬੇਨਤੀ ਹੈ ਕਿ ਸਾਡਾ ਬਿਲਕੁਲ ਗਵਾਂਢੀ ਮੁਲਕ ਜਿਸ ਦੇ ਦੁਧਾਰੂ ਪਸ਼ੂ ਬਹੁਤ ਵਧੀਆ ਹਨ, ਕੀ ਇਹ ਉੱਥੋਂ ਵੀਰਜ ਲੈ ਕੇ ਇਥੇ ਸੀਮੀਨੇਸ਼ਨ ਕਰ ਸਕਦੇ ਹਨ? ਸਪੀਕਰ ਸਾਹਿਬ, ਬਾਹਰਲੇ ਮੁਲਕਾਂ ਵਿੱਚ ਪਸ਼ੂ ਐਵਰੇਜ 40 ਕਿਲੋ ਦੁੱਧ ਦਿੰਦੇ ਹਨ। ਸਾਨੂੰ ਇਸ ਵਿੱਚ ਕੀ ਮੁਸ਼ਕਲ ਹੈ ਅਤੇ ਕਿਉਂ ਇੰਪੋਰਟ ਨਹੀਂ ਕਰ ਸਕਦੇ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2001 ਵਿੱਚ ਇਕ ਲੱਖ 12 ਹਜ਼ਾਰ ਦੇ ਕਰੀਬ ਨਿਊਜ਼ੀਲੈਂਡ ਤੋਂ ਖੁਰਾਕ ਮੰਗਵਾਈ ਸੀ ਜਿਸ ਦੇ ਕਾਫੀ ਚੰਗੇ ਨਤੀਜੇ ਨਿਕਲੇ ਹਨ। ਇਸ ਨਾਲ ਗਾਂਵਾਂ ਦੀ ਦੁੱਧ ਦੇਣ ਦੀ ਸਮੱਰਥਾ ਵਧੀ ਹੈ ਜੋ ਕਿ 30 ਕਿਲੋ ਤੋਂ 40 ਕਿਲੋ ਪ੍ਰਤੀ ਦਿਨ ਦੁੱਧ ਦਾ ਵਾਧਾ ਹੋਇਆ ਹੈ। ਜਿਵੇਂ ਕਿ ਮੈਂਬਰ ਸਾਹਿਬ ਨੇ ਕਿਹਾ, ਹੁਣ ਵੀ ਬਾਹਰੋਂ ਉਨ੍ਹਾਂ ਤੋਂ ਅਸੀਂ ਫੀਡ ਮੰਗਵਾਉਣ ਲਈ ਉਪਰਾਲੇ ਕਰ ਰਹੇ ਹਾਂ, ਜਿਨ੍ਹਾਂ ਦੇ ਬਾਹਰ ਡੇਅਰੀ ਫਾਰਮ ਚੰਗੇ ਹਨ, ਜਿਨ੍ਹਾਂ ਦੇ ਡੇਅਰੀ ਫਾਰਮ ਵਧੀਆ ਚੱਲ ਰਹੇ ਹਨ। ਇਸ ਸਬੰਧੀ ਮਾਹਿਰਾਂ ਦੀ ਰਾਇ ਵੀ ਲੈ ਰਹੇ ਹਾਂ ਔਰ ਹੋਰ ਵੀ ਫੀਡ ਮੰਗਵਾਉਣ ਲਈ ਉਪਰਾਲੇ ਕਰ ਰਹੇ ਹਾਂ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਸਾਡੇ ਗਵਾਂਢੀ ਦੇਸ਼ ਪਾਕਿਸਤਾਨ ਵਿੱਚ ਮੱਝਾਂ ਦੀ ਨਸਲ ਬਹੁਤ ਵਧੀਆ ਹੈ। ਗਾਂਵਾਂ ਵਿੱਚ ਨੁਕਸ ਪੈ ਜਾਂਦਾ ਹੈ ਕਿਉਂਕਿ ਸਾਡੇ ਕਲਾਈਮੇਟ ਤੇ ਉਨ੍ਹਾਂ ਦੇ ਕਲਾਈਮੇਟ ਵਿੱਚ ਫਰਕ ਹੋਣ ਕਾਰਨ ਉਹ ਬਿਮਾਰੀਆਂ ਫੜ੍ਹਦੀਆਂ ਹਨ ਜਿਸ ਕਰਕੇ ਉਹ ਮੁੜ ਕੇ ਦੁੱਧ ਦੇਣ ਦੇ ਕਾਬਲ ਨਹੀਂ ਰਹਿੰਦੀਆਂ.....।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਸੀਂ ਕੀ ਚਾਹੁੰਦੇ ਹੋ?

**ਸਰਦਾਰ ਜਤਿੰਦਰ ਸਿੰਘ ਕਰੀਹਾ** : ਮੈਂ ਚਾਹੁੰਦਾ ਇਹ ਹਾਂ ਕਿ ਪਾਕਿਸਤਾਨ ਨਾਲ ਰਾਬਤਾ ਅੱਛਾ ਹੋ ਗਿਆ ਹੈ। ਇਸ ਲਈ ਉੱਥੋਂ ਸੀਮਨ ਇੰਪੋਰਟ ਕਰਨ ਵਾਸਤੇ ਸਾਨੂੰ ਮੁਸ਼ਕਲ ਨਹੀਂ ਆਉਣੀ ਚਾਹੀਦੀ ਹੈ। ਇਸ ਵਾਸਤੇ ਮੰਤਰੀ ਜੀ ਕੀ ਉਪਰਾਲੇ ਕਰਨਗੇ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸ ਚੁੱਕਾ ਹਾਂ ਕਿ ਸਾਰੀ ਸਲਾਹ ਲੈ ਕੇ ਜ਼ਰੂਰ ਪਾਕਿਸਤਾਨ ਨਾਲ ਤਾਲਮੇਲ ਕਰਾਂਗੇ ਔਰ ਜਿਸ ਤਰ੍ਹਾਂ ਮੈਂਬਰ ਸਾਹਿਬ ਚਾਹੁੰਦੇ ਹਨ, ਉਸ ਤਰ੍ਹਾਂ ਜ਼ਰੂਰ ਮੰਗਵਾ ਲਵਾਂਗੇ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਕੋਸ਼ਿਸ਼ ਕਰੋ ਕਿ ਇਸ ਸਾਲ ਦੇ ਵਿੱਚ ਵਿੱਚ ਹੋ ਜਾਵੇ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਕਹਿ ਦਿੱਤਾ ਹੈ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਹੁਣੇ ਕਿਹਾ ਹੈ ਕਿ ਸਾਲ 2001 ਵਿੱਚ ਨਿਊਜ਼ੀਲੈਂਡ ਤੋਂ ਸੀਮਨ ਇੰਪੋਰਟ ਕੀਤਾ ਸੀ ਪਰ ਮੈਂ ਇਨ੍ਹਾਂ ਦੇ ਜਵਾਬ ਨਾਲ ਬਿਲਕੁਲ ਵੀ ਮੁਤਫਿਕ ਨਹੀਂ ਹਾਂ। ਇਹ ਘਟੀਆ ਕੁਆਲਿਟੀ ਦਾ ਸੀਮਨ ਸੀ। ਨਿਊਜ਼ੀਲੈਂਡ ਦਾ ਸੀਮਨ ਦੂਜੇ ਨੇਸ਼ਨਜ਼ ਨਾਲੋਂ ਬਹੁਤ ਥੱਲੇ ਦਰਜੇ ਦਾ ਹੈ। ਗੌਰਮਿੰਟ ਆਫ ਇੰਡੀਆ ਮੁਤਾਬਕ ਵੀ ਕਨੇਡਾ, ਯੂ.ਐਸ.ਏ., ਇਜ਼ਰਾਈਲ, ਨੀਦਰਲੈਂਡ ਦੇ ਮੁਕਾਬਲੇ ਨਿਊਜ਼ੀਲੈਂਡ ਦਾ ਸੀਮਨ ਉਨਾਂ ਵਧੀਆ ਨਹੀਂ ਹੈ। ਇਹ ਜਿਹੜੀ 30 ਕਿਲੋ ਜਾਂ 40 ਕਿਲੋ ਦੇ ਰਿਜ਼ਲਟਸ ਦੀ ਗੱਲ ਕਰ ਰਹੇ ਹਨ, ਇਹ ਪੰਜਾਬ ਵਿੱਚ ਕਿਤੇ ਜਾ ਕੇ ਵੇਖ ਲੈਣ ਕਿ ਇੱਕ ਵੀ ਮੱਝ ਨੇ ਇੰਨਾ ਦੁੱਧ ਦਿੱਤਾ ਹੋਵੇ। ਮੈਂ ਇਹ ਮੰਨਣ ਨੂੰ ਤਿਆਰ ਨਹੀਂ। ਬਾਕੀ ਜਿਹੜਾ ਕੁਐਸਚਨ ਦਾ 'ਬੀ' ਪਾਰਟ ਹੈ, ਕਾਂਗਰਸ ਸਰਕਾਰ ਦੇ ਸਮੇਂ ਇਸ ਬਾਰੇ ਟੈਂਡਰ ਫਲੋਟ ਹੋਇਆ ਸੀ ਪਰ ਕਿਸੇ ਕਾਰਨ ਨਾਲ ਇਹ ਸਿਰੇ ਨਹੀਂ ਚੜ੍ਹ ਸਕਿਆ। ਕੀ ਇਹ ਪੜਤਾਲ ਕਰਨਗੇ ਕਿ ਇਹ ਸਿਰੇ ਕਿਉਂ ਨਹੀਂ ਚੜ੍ਹ ਸਕਿਆ? ਮਨਿਸਟਰ ਸਾਹਿਬ ਨੂੰ ਮੇਰੀ ਰਾਇ ਹੈ ਕਿ ਇਨ੍ਹਾਂ ਨੇ ਬਜਟ ਵਿੱਚ ਵੀ ਬੜਾ ਕਿਹਾ ਹੈ ਕਿ ਡੇਅਰੀ ਨੂੰ ਬੜੀ ਤਰਜੀਹ ਦੇਣੀ ਹੈ। ਇਸ ਲਈ ਇਹ ਸਾਰੀ ਚੀਜ਼ ਨੂੰ ਗੰਭੀਰਤਾ ਨਾਲ ਸੋਚਣ ਕਿਉਂਕਿ ਜਿਹੜੀ ਕੁਆਲਿਟੀ 1970 ਵਿੱਚ ਪੰਜਾਬ ਵਿੱਚ ਸੀਮਨ ਦੀ ਸੀ, ਉਸ ਸਮੇਂ ਬੈਟਰ ਸੀਮਨ ਪੰਜਾਬ ਵਿੱਚ ਮਿਲ ਰਿਹਾ ਸੀ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਸਲਾਹ ਦਿੱਤੀ ਹੈ, ਉਹ ਬਹੁਤ ਵਧੀਆ ਹੈ। ਅਸੀਂ ਇਸ ਸਬੰਧ ਵਿਚ ਬਾਅਦ ਵਿੱਚ ਮੀਟਿੰਗ ਕਰਾਂਗੇ, ਡੇਅਰੀ ਦੇ ਸਬੰਧ ਵਿੱਚ। ਮੈਂਬਰ ਸਾਹਿਬ ਨੂੰ ਵੀ ਸੱਦ ਲਵਾਂਗੇ ਔਰ ਜੋ ਵੀ ਰਾਇ ਦੇਣਗੇ, ਉਸ ਅਨੁਸਾਰ ਉਪਰਾਲੇ ਕਰਾਂਗੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਮਾਨਯੋਗ ਸਪੀਕਰ ਸਾਹਿਬ, ਕਰੀਹਾ ਸਾਹਿਬ ਨੇ ਸਹੀ ਗੱਲ ਕੀਤੀ ਹੈ ਕਿ ਜਿਹੜੀ ਬਫੈਲੋ ਦੀ ਨਸਲ ਹੈ, ਉਹ ਦੂਜੇ ਮੁਲਕਾਂ ਵਿੱਚ ਬਹੁਤ ਵਧੀਆ ਹੈ, ਸਾਡੇ ਨਾਲੋਂ ਕਿਤੇ ਚੰਗੀ ਹੈ। ਇਸ ਵੱਲ ਵਜ਼ੀਰ ਸਾਹਿਬ ਧਿਆਨ ਦੇਣ ਅਤੇ ਇਸ ਗੱਲ ਨੂੰ ਵਜ਼ੀਰ ਸਾਹਿਬ ਗੰਭੀਰਤਾ ਨਾਲ ਲੈਣ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਛੋਟੀ ਜਿਹੀ ਬੇਨਤੀ ਹੈ ਕਿ ਮੋਬਾਈਲ ਵੈਨ ਵਿੱਚ ਫਰੋਜ਼ਨ ਸੀਮਨ ਰੱਖਿਆ ਜਾ ਸਕਦਾ ਹੈ ਔਰ ਪਿੰਡ ਤੋਂ ਪਿੰਡ ਸੀਮੀਨੇਸ਼ਨ ਹੋ ਸਕਦੀ ਹੈ। ਕੋਈ ਮੁਸ਼ਕਲ ਨਹੀਂ.....।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਮੀਟਿੰਗ ਕਰਕੇ ਫੈਸਲਾ ਕਰ ਲਵਾਂਗੇ। ਅਗਲਾ ਪ੍ਰਸ਼ਨ।

---

## ਰਾਜ ਵਿੱਚ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਦੀ ਗਿਣਤੀ

*117 **ਸਰਦਾਰ ਜਤਿੰਦਰ ਸਿੰਘ ਕਰੀਹਾ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਕਿੰਨੀਆਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਹਨ ਅਤੇ ਉਨ੍ਹਾਂ ਵਿੱਚ ਕੰਮ ਕਰਦੇ ਅਮਲੇ ਦੇ ਸ਼੍ਰੇਣੀ-ਵਾਰ ਵੇਰਵੇ ਕੀ ਹਨ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਰਾਜ ਵਿੱਚ 1485 ਪਸ਼ੂ ਡਿਸਪੈਂਸਰੀਆਂ ਹਨ ਅਤੇ ਕੰਮ ਕਰਦੇ ਅਮਲੇ ਦਾ ਸ਼੍ਰੇਣੀ-ਵਾਰ ਵੇਰਵਾ ਹੇਠ ਅਨੁਸਾਰ ਹੈ :-

| | | |
|---|---|---|
| (ੳ) | ਵੈਟਰਨਰੀ ਫਾਰਮਾਸਿਸਟ | 1070 |
| (ਅ) | ਦਰਜਾ ਚਾਰ | 1070 |

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਹਿਲਾਂ ਗੱਲ ਕੀਤੀ ਗਈ ਹੈ ਕਿ ਹਰ ਹਸਪਤਾਲ ਵਿੱਚ ਕੋਈ ਸਾਧਨ ਨਹੀਂ ਹੈ। ਉਸ ਵਿੱਚ ਕੋਈ ਡਾਕਟਰ ਨਹੀਂ ਹੈ ਅਤੇ ਉਸ ਦੇ ਥੱਲੇ ਕੋਈ ਫਾਰਮਾਸਿਸਟ ਵੀ ਨਹੀਂ ਹੈ। ਅਗਰ ਇਹ ਮੋਬਾਈਲ ਵੈਨ ਪ੍ਰੋਵਾਈਡ ਕਰ ਦੇਣ ਅਤੇ 10-10 ਪਿੰਡਾਂ ਦੇ ਕਲੱਸਟਰ ਵਿੱਚ ਇੱਕ-ਇੱਕ ਘੰਟਾ ਵੀ ਲਗਾਉਣ ਤਾਂ 8 ਘੰਟੇ ਵਿੱਚ ਸਾਰੇ ਉਸ ਸਿਸਟਮ ਨੂੰ ਕਵਰ ਕਰ ਸਕਦੇ ਹਨ। ਇਸ ਲਈ ਇਹ ਵਿਚਾਰ ਕਰਨ ਤਾਂ ਕਿ ਸਾਰੇ ਪੰਜਾਬ ਨੂੰ ਸਹੂਲਤ ਮਿਲ ਸਕੇ। ਸਾਡੇ ਘਰਾਂ ਵਿੱਚ ਬੀਬੀਆਂ ਹੋਣ ਕਰਕੇ ਉਹ

Original with;
Punjab Vidhan Sabha
Digitized by;
Panjab Digital Library

[ ਸਰਦਾਰ ਜਤਿੰਦਰ ਸਿੰਘ ਕਰੀਹਾ ]

ਸਾਰੇ ਸਿਸਟਮ ਨੂੰ ਅਕਾਮੋਡੇਟ ਕਰ ਸਕਦੀਆਂ ਹਨ। ਉਹ ਘਰਾਂ ਵਿੱਚ ਪਹੁੰਚ ਕੇ ਇਸ ਸਿਸਟਮ ਨੂੰ ਲਾਗੂ ਕਰ ਦੇਣ ਤਾਂ ਕਿ ਦੁੱਧ ਪੰਜਾਬ ਵਿੱਚ ਜਿਹੜਾ ਹੈ, ਉਹ ਵੱਧ ਹੋ ਸਕੇ। ਸਾਡੇ ਗੁਰੂ ਮਹਾਰਾਜ ਨੇ ਵੀ ਸਾਡੇ ਲਈ ਦੁੱਧ ਤੇ ਪੁੱਤ ਦੀ ਆਸੀਸ ਦਿੱਤੀ ਹੈ। ਅਗਰ ਇਹ ਕਿਰਪਾ ਕਰਨ ਤਾਂ ਸਾਡੇ ਪੰਜਾਬ ਨੂੰ ਦੁੱਧ ਅਤੇ ਪੁੱਤ ਮਿਲ ਸਕਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਕਹਿੰਦਾ ਹਾਂ ਕਿ ਮੋਬਾਈਲ ਵੈਨ ਤੇ ਵਿਚਾਰ ਕਰ ਲਵਾਂਗੇ। ਜੋ ਇਨ੍ਹਾਂ ਨੇ ਕਿਹਾ ਹੈ ਕਿ ਆਮ ਤੌਰ ਤੇ ਬੀਬੀਆਂ ਘਰਾਂ ਵਿੱਚ ਹੁੰਦੀਆਂ ਹਨ ਅਤੇ ਅਕਾਮੋਡੇਟ ਕਰ ਸਕਦੀਆਂ ਹਨ। ਇਸ ਲਈ ਇਸ ਤੇ ਜ਼ਰੂਰ ਵਿਚਾਰ ਕਰਕੇ ਉਪਰਾਲਾ ਕਰਾਂਗੇ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਡਿਸਪੈਂਸਰੀਆਂ ਮਾਨਸਾ ਜ਼ਿਲ੍ਹੇ ਵਿੱਚ ਬੰਦ ਪਈਆਂ ਹਨ, ਕੀ ਇਹ ਉਨ੍ਹਾਂ ਨੂੰ ਚਲਾਉਣਗੇ? ਕਿਉਂਕਿ ਅਗਰ ਕੋਈ ਸਟਾਫ ਉੱਥੇ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਡਿਸਪੈਂਸਰੀਆਂ ਬੰਦ ਹੋ ਗਈਆਂ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਦੱਸ ਦੇਣ, ਜਿਹੜੀ ਕੋਈ ਬੰਦ ਪਈ ਹੈ, ਉੱਥੇ ਅਸੀਂ ਨਾਲ ਦੀ ਡਿਸਪੈਂਸਰੀ ਤੋਂ ਡਿਊਟੀ ਲਗਾਉਣ ਦਾ ਉਪਰਾਲਾ ਕਰਾਂਗੇ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 141 ਅਤੇ 144**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋਏ।)

---

## ਤਲਵੰਡੀ ਸਾਬੋ ਵਿਚ ਨਵੀਆਂ ਲਿੰਕ ਸੜਕਾਂ ਦੀ ਉਸਾਰੀ

*63 **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2006-07 ਦੇ ਦੌਰਾਨ ਸਬਡਵੀਜ਼ਨ, ਤਲਵੰਡੀ ਸਾਬੋ ਵਿੱਚ ਉਸਾਰੀਆਂ ਗਈਆਂ ਨਵੀਆਂ ਲਿੰਕ ਸੜਕਾਂ ਦੇ ਵੇਰਵੇ ਕੀ ਹਨ?

**ਸਰਦਾਰ ਸੁੱਚਾ ਸਿੰਘ ਲੰਗਾਹ** : ਸਬ ਡਵੀਜ਼ਨ ਤਲਵੰਡੀ ਸਾਬੋ ਵਿਖੇ ਸਾਲ 2006-07 ਦੌਰਾਨ 29 ਨੰਬਰ ਲਿੰਕ ਸੜਕਾਂ ਦੀ ਉਸਾਰੀ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਜਿਨ੍ਹਾਂ ਦੀ ਲੰਬਾਈ 40.42 ਕਿਲੋਮੀਟਰ ਬਣਦੀ ਹੈ। ਵਿਸਥਾਰ ਪੂਰਵਕ ਸੂਚਨਾ (ਅਨੁਲੱਗ 'ੳ') ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

## ਸਬ ਡਵੀਜ਼ਨ ਤਲਵੰਡੀ ਸਾਬੋ ਵਿੱਚ ਸਾਲ 2006-07 ਦੌਰਾਨ ਉਸਾਰੀਆਂ ਗਈਆਂ ਨਵੀਆਂ ਸੜਕਾਂ ਦੀ ਸੂਚੀ

1500 ਕਿਲੋਮੀਟਰ ਸਕੀਮ :-

| ਲੜੀ ਨੰ: | ਸੜਕ ਦਾ ਨਾਮ | ਲੰਬਾਈ (ਕਿ:ਮੀ:) |
|---|---|---|
| 1. | ਮਾਨਕ ਖਾਨਾ ਤੋਂ ਘਸੋ ਖਾਨਾ | 2.70 |
| 2. | ਫਿਰਨੀ ਪਿੰਡ ਭਾਗੀਬਾਂਦਰ | 1.39 |
| 3. | ਫਿਰਨੀ ਪਿੰਡ ਜਗਾ ਰਾਮਤੀਰਥ | 2.04 |
| 4. | ਫਿਰਨੀ ਪਿੰਡ ਬਹਿਮਣ ਜੱਸਾ ਸਿੰਘ | 0.42 |
| 5. | ਫਿਰਨੀ ਪਿੰਡ ਸਿੰਗੋ | 1.28 |
| 6. | ਫਿਰਨੀ ਪਿੰਡ ਬਹਿਮਣ ਕੌਰ ਸਿੰਘ | 1.05 |
| 7. | ਗੁਰੂਸਰ ਜਗ੍ਹਾ ਤੋਂ ਰੋੜੀ ਰੋਡ | 1.17 |
| 8. | ਰਾਜਗੜ੍ਹ ਕੁੱਬੇ ਤੋਂ ਟਾਹਲਾ ਸਾਹਿਬ | 1.96 |
| 9. | ਫਿਰਨੀ ਬੰਗੀ ਕਲਾਂ ਤੋਂ ਡੇਰਾ | 0.60 |
| 10. | ਫਿਰਨੀ ਕੋਟ ਸ਼ਮੀਰ ਤੋਂ ਡੇਰਾ | 0.55 |
| 11. | ਪਿੰਡ ਕੋਟ ਫੱਤਾ ਤੋਂ ਡੇਰਾ | 3.10 |
| 12. | ਫਿਰਨੀ ਪਿੰਡ ਕੋਟ ਭਾਰਾ | 0.60 |
| | ਜੋੜ | 16.86 |

3000 ਕਿਲੋਮੀਟਰ ਸਕੀਮ :-

| ਲੜੀ ਨੰ: | ਸੜਕ ਦਾ ਨਾਮ | ਲੰਬਾਈ (ਕਿ:ਮੀ:) |
|---|---|---|
| 1. | ਪਿੰਡ ਨਾਂਗਲਾ ਫਿਰਨੀ ਤੋਂ ਜ਼ਿਲ੍ਹਾ ਬਠਿੰਡਾ ਦੀ ਹੱਦ ਤੱਕ | 2.65 |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| | | |
|---|---|---|
| 2. | ਪਿੰਡ ਸਿੰਗੋ ਤੋਂ ਸਰਕਾਰੀ ਸਕੂਲ | 0.55 |
| 3. | ਫਿਰਨੀ ਸਿੰਗੋ ਢਾਣੀ ਨਾਂਗਲਾ ਕੱਚਾ ਰਸਤਾ | 1.60 |
| 4. | ਪਿੰਡ ਗਹਿਰੀ ਬਾਰਾ ਸਿੰਘ ਤੋਂ ਝੰਡੂ ਕੇ ਤੋਂ ਹਲਕਾ ਤਲਵੰਡੀ ਸਾਬੋ ਦੀ ਹੱਦ ਤੱਕ | 1.75 |
| 5. | ਬਠਿੰਡਾ-ਮਾਨਸਾ ਸੜਕ ਤੋਂ ਘੁੰਮਣ ਕਲਾਂ ਵਾ: ਭੱਠਾ | 1.50 |
| 6. | ਪਿੰਡ ਕਮਾਲੂ ਤੋਂ ਪ੍ਰਥੀ ਸਿੰਘ ਸਾਬਕਾ ਸਰਪੰਚ ਦੇ ਘਰ ਤੱਕ | 0.47 |
| 7. | ਪਿੰਡ ਕਮਾਲੂ ਫਿਰਨੀ ਤੋਂ ਪੀਰ ਖਾਨਾ | 0.15 |
| 8. | ਪਿੰਡ ਕਮਾਲੂ ਫਿਰਨੀ ਤੋਂ ਗੁਰੂਦੁਆਰਾ ਸਾਹਿਬ | 0.20 |
| 9. | ਪਿੰਡ ਮਾਹੀ ਨੰਗਲ ਫਿਰਨੀ ਤੋਂ ਜੀਵਨ ਸਿੰਘ ਵਾਲਾ ਪੁੱਲ ਤੱਕ | 0.35 |
| 10. | ਪਿੰਡ ਤਲਵੰਡੀ ਰੋੜੀ ਰੋਡ ਤੋਂ ਫਤਹਿਗੜ੍ਹ ਨਇਆਬਾਦ | 1.45 |
| 11. | ਜੀਵਨ ਸਿੰਘ ਵਾਲਾ ਤੋਂ ਚੱਠੇਵਾਲਾ ਤੋਂ ਭਾਪਾ ਸਿੰਘ ਢਾਣੀ | 2.45 |
| 12. | ਫਿਰਨੀ ਪਿੰਡ ਕੋਟ ਭਾਰਾ | 0.60 |
| 13. | ਸੁਖਲੱਧੀ ਤੋਂ ਸ਼ੇਖੂ | 4.38 |
| | **ਜੋੜ** | 18.10 |

**ਮੁੱਖ ਮੰਤਰੀ ਕੋਟਾ :-**

| ਲੜੀ ਨੰ: | ਸੜਕ ਦਾ ਨਾਮ | ਲੰਬਾਈ (ਕਿ:ਮੀ:) |
|---|---|---|
| 1. | ਫੱਤਾ ਬੱਲੂ ਤੋਂ ਰੋੜੀ | 1.35 |
| 2. | ਗਹਿਲੇਵਾਲਾ ਤੋਂ ਸਿੰਘਪੁਰਾ | 1.26 |
| 3. | ਬਹਿਮਣ ਜੱਸਾ ਸਿੰਘ ਤੋਂ ਸਿੰਘਪੁਰਾ | 1.25 |
| 4. | ਬਹਿਮਣ ਕੌਰ ਸਿੰਘ ਤੋਂ ਸਿੰਗਪੁਰਾ | 1.60 |
| | **ਜੋੜ** | 5.46 |
| | **ਕੁਲ ਜੋੜ (29 ਨੰਬਰ)** | 40.42 |

Original with;
Punjab Vidhan Sabha
Digitized by;
Panjab Digital Library

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਜੋ ਮੰਤਰੀ ਸਾਹਿਬ ਨੇ ਜਵਾਬ ਪੜ੍ਹਿਆ ਹੈ, ਉਹ ਤਾਂ ਮੇਰੇ ਕੋਲ ਵੀ ਹੈ। ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਾਮਾ ਮਾਰਕੀਟ ਕਮੇਟੀ ਵਿੱਚ ਪਿਛਲੀ ਸਰਕਾਰ ਨੇ 6 ਸੜਕਾਂ ਪਾਸ ਕੀਤੀਆਂ ਸਨ ਅਤੇ ਉਹ ਬਣਨੀਆਂ ਵੀ ਸ਼ੁਰੂ ਹੋ ਗਈਆਂ ਸਨ, ਉੱਥੇ ਰੋੜਾ ਵੀ ਪੈ ਗਿਆ ਸੀ ਪਰ ਪੀ.ਸੀ. ਪੈਣ ਵਾਲੀ ਰਹਿ ਗਈ ਸੀ। ਉਨ੍ਹਾਂ ਸੜਕਾਂ ਦਾ ਇਨ੍ਹਾਂ ਵਿੱਚ ਜ਼ਿਕਰ ਨਹੀਂ ਆਇਆ। ਉੱਥੇ ਕੰਮ ਰੁਕਿਆ ਹੋਇਆ ਹੈ। ਪੈਸੇ ਮਾਰਕੀਟ ਕਮੇਟੀ, ਰਾਮਾ ਨੇ ਜਮ੍ਹਾਂ ਕਰਨੇ ਸੀ, ਉਹ ਕਰਵਾ ਦਿੱਤੇ ਸੀ। ਉੱਥੇ ਠੇਕੇਦਾਰ ਕੰਮ ਸ਼ੁਰੂ ਨਹੀਂ ਕਰ ਰਿਹਾ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੰਮ ਸ਼ੁਰੂ ਕਰਵਾਉਣਗੇ? ਉੱਥੇ 6 ਸੜਕਾਂ ਬਣਨੀਆਂ ਹਨ, ਖਾਸ ਕਰਕੇ ਤੰਗਰਾਲੀ-ਮਲਕਾਣਾ, ਗਿਆਨੇ ਦੀ ਸੜਕ ਹੈ, ਇੱਕ ਫਲੋਖਾੜੀ ਦੀ ਸੜਕ ਹੈ। ਕੀ ਇਹ ਸੜਕਾਂ ਜਲਦੀ ਤੋਂ ਜਲਦੀ ਬਣਾਉਣ ਦੀ ਕੋਸ਼ਿਸ਼ ਕਰਨਗੇ? ਇਹ ਇਸ ਦੀ ਕੋਈ ਟਾਈਮ ਲਿਮਟ ਦੱਸਣ, ਕਿਉਂਕਿ ਉੱਥੇ ਕੰਮ ਅਧੂਰਾ ਖੜ੍ਹਾ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਅਧੂਰਾ ਕੰਮ ਹੈ, ਉਸ ਨੂੰ ਛੇਤੀ ਤੋਂ ਛੇਤੀ ਮਹੀਨੇ ਡੇਢ ਮਹੀਨੇ ਵਿੱਚ, ਜਿਹੜੀਆਂ ਸੜਕਾਂ ਥੋੜ੍ਹੀਆਂ ਬਹੁਤ ਰਹਿੰਦੀਆਂ ਹਨ, ਉਨ੍ਹਾਂ ਨੂੰ ਮੁਕੰਮਲ ਕਰ ਦੇਵਾਂਗੇ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ ਕਿ ਮਹੀਨੇ-ਡੇਢ ਮਹੀਨੇ ਵਿੱਚ ਕੰਪਲੀਟ ਕਰ ਦੇਵਾਂਗੇ ਪਰ ਕੱਲ੍ਹ ਹੀ ਮੈਨੂੰ ਪਤਾ ਲੱਗਿਆ ਹੈ, ਖਾਸ ਕਰਕੇ ਤੰਗਰਾਲੀ-ਮਲਕਾਣਾ ਸੜਕ ਜਿਹੜੀ ਹੈ, ਉਹ 3-3½ ਕਿਲੋਮੀਟਰ ਹੈ, ਉੱਥੋਂ ਦਾ ਠੇਕੇਦਾਰ ਭੱਜ ਗਿਆ ਹੈ ਕਿਉਂਕਿ ਸਰਕਾਰ ਵਲੋਂ ਉਸਨੂੰ ਪੇਮੈਂਟ ਨਹੀਂ ਹੋ ਸਕੀ। ਇਸ ਕਰਕੇ ਉਹ ਕੰਮ ਵਿੱਚ ਛੱਡ ਕੇ ਹੀ ਭੱਜ ਗਿਆ ਹੈ। ਜਦੋਂ ਤੱਕ ਨਵਾਂ ਠੇਕੇਦਾਰ ਜਾਂ ਉਹੀ ਠੇਕੇਦਾਰ ਕੰਮ ਸ਼ੁਰੂ ਨਹੀਂ ਕਰਦਾ, ਉਦੋਂ ਤੱਕ ਮਹੀਨੇ ਵਿੱਚ ਜਾਂ ਡੇਢ ਮਹੀਨੇ ਵਿੱਚ ਕੰਮ ਖਤਮ ਹੋਣ ਵਾਲਾ ਨਹੀਂ ਹੈ। ਇਸ ਕਰਕੇ ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਕਹਾਂਗਾ ਕਿ ਮਹਿਕਮੇ ਵਾਲਿਆਂ ਵੱਲੋਂ ਜਾਂ ਮੰਡੀ ਬੋਰਡ ਵੱਲੋਂ ਨਵੇਂ ਠੇਕੇਦਾਰ ਜਾਂ ਉਸੀ ਠੇਕੇਦਾਰ ਨੂੰ, ਜੇਕਰ ਕੰਮ ਦੇ ਦਿਓ ਤਾਂ ਕਿ ਕੰਮ ਸ਼ੁਰੂ ਹੋਵੇ ਅਤੇ ਜਲਦੀ ਮੁਕੰਮਲ ਹੋ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਉਪ ਮੰਡਲ ਦੀ ਗੱਲ ਕੀਤੀ ਹੈ, ਉਸ ਦੇ ਵੇਰਵੇ ਲਿਆਂਦੇ ਹਨ ਅਤੇ ਜੋ ਗੱਲ ਕੀਤੀ ਹੈ, ਉਸ ਨੂੰ ਪ੍ਰਾਇਰਟੀ ਤੇ ਬਣਾ ਦੇਵਾਂਗੇ। ਜਿਹੜਾ ਪਹਿਲਾ ਠੇਕੇਦਾਰ ਕੰਮ ਕਰਨ ਵਾਲਾ ਹੈ, ਉਸ ਨੂੰ ਸੱਦ ਲਵਾਂਗੇ। ਜੇਕਰ ਅਜਿਹਾ ਨਾ ਹੋਇਆ ਤਾਂ ਨਵਾਂ ਠੇਕੇਦਾਰ ਲਾਵਾਂਗੇ, ਉਸ ਤੋਂ ਕੰਮ ਕਰਾਵਾਂਗੇ। ਅਸੀਂ ਇਥੇ ਕੰਮ ਕਰਨ ਆਏ ਹਾਂ।

Original with;
Punjab Vidhan Sabha
Digitized by;
Punjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ: 122

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਮੁਕਤਸਰ ਅਤੇ ਮੁਦਕੀ ਮਾਈਨਰਜ਼ ਦੀ ਮੁਰੰਮਤ

*171 **ਸਰਦਾਰ ਕੰਵਰਜੀਤ ਸਿੰਘ ਬਰਾੜ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੁਕਤਸਰ ਮਾਈਨਰ ਅਤੇ 2-ਐਲ ਮੁਦਕੀ ਮਾਈਨਰ ਦੀ ਤੁਰੰਤ ਮੁਰੰਮਤ ਦੀ ਜ਼ਰੂਰਤ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਹਾਂ ਜੀ। ਮੁਕਤਸਰ ਡਿਸਟ੍ਰੀਬਿਊਟਰੀ ਦੀ ਮੁਰੰਮਤ ਕਰਵਾਉਣ ਲਈ 135.86 ਲੱਖ ਰੁਪਏ ਅਤੇ 2-ਐਲ ਮੁਦਕੀ ਮਾਈਨਰ ਦੀ ਬੁਰਜੀ 2725 ਤੋਂ 17078 ਤੱਕ ਦੀ ਮੁਰੰਮਤ ਕਰਵਾਉਣ ਲਈ 50.00 ਲੱਖ ਰੁਪਏ ਦੀ ਤਜ਼ਵੀਜ਼ ਸਿੰਜਾਈ ਵਿਭਾਗ ਦੇ ਵਿਚਾਰ ਅਧੀਨ ਹੈ।

ਫੰਡਜ਼ ਮਿਲਣ ਉਪਰੰਤ ਇਹ ਕੰਮ ਛੇ ਮਹੀਨਿਆਂ ਵਿਚ ਮੁਕੰਮਲ ਕਰ ਲੈਣ ਦੀ ਤਜ਼ਵੀਜ਼ ਹੈ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਫੰਡਜ਼ ਮਿਲਣ ਤੋਂ ਬਾਅਦ ਕੰਮ ਹੋਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਬਜਟ ਵਿਚ ਸਾਢੇ 600 ਕਰੋੜ ਰੁਪਿਆ ਪਾਸ ਕੀਤਾ ਹੈ, ਕੀ ਇਹ ਇਸ ਕੰਮ ਨੂੰ ਇਸੇ ਸਾਲ ਕਰਵਾ ਦੇਣਗੇ, ਇਸ ਨੂੰ ਜਲਦੀ ਤੋਂ ਜਲਦੀ ਕੰਸਟ੍ਰਕਟ ਕਰਵਾ ਦੇਣਗੇ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਬਿਲਕੁਲ 100% ਇਸ ਸਾਲ ਕੰਮ ਕਰਵਾ ਦਿੱਤਾ ਜਾਵੇਗਾ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਇਸ ਸਬੰਧੀ ਧੰਨਵਾਦ। ਦੂਜਾ, 2-ਐਲ ਮੁਦਕੀ ਮਾਈਨਰ ਦੀ ਬੁਰਜੀ ਦਾ ਜੋ ਜਵਾਬ ਦਿੱਤਾ ਹੈ ਕਿ ਇੰਨੇ ਤੋਂ ਇੰਨੇ ਤੱਕ, ਮੈਂ ਸਵਾਲ ਕੀਤਾ ਸੀ ਕਿ 2-ਐਲ ਮੁਦਕੀ ਮਾਈਨਰ ਦੀ ਕਦੋਂ ਤੱਕ ਮੁਰੰਮਤ ਕੰਪਲੀਟ ਹੋ ਜਾਵੇਗੀ? ਮੈਂ ਮੰਤਰੀ ਜੀ ਅਤੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਸਰਕਾਰ ਨੇ ਰੀ-ਮਾਡਲਿੰਗ ਐਂਰ ਰੀ-ਵੈਪਿੰਗ ਆਫ ਇਰੀਗੇਸ਼ਨ ਸਿਸਟਮ ਸ਼ੁਰੂ ਕੀਤਾ ਹੈ, ਇਹ ਬਹੁਤ ਪੁਰਾਣੀਆਂ ਬੁਰਜੀਆਂ ਹਨ ਅਤੇ ਬਹੁਤ ਲੰਮੀਆਂ ਹਨ। ਫੇਰ ਇਸ ਨੂੰ ਦੁਬਾਰਾ ਰਖਵਾ ਲੈਣ

Original with;
Punjab Vidhan Sabha
Digitized by;
Punjab Digital Library

ਕਿਉਂਕਿ ਇਹ ਸਾਰੀਆਂ ਦੁਬਾਰਾ ਰੀ-ਮਾਡਲਿੰਗ ਹੋਣ ਵਾਲੀਆਂ ਹਨ। ਇਹ ਮੇਰੀ ਗੁਜਾਰਿਸ਼ ਹੈ।

**ਮਾਨਯੋਗ ਸਪੀਕਰ** : ਜਵਾਬ ਵਿਚ ਪੈਸੇ ਵੀ ਦੱਸੇ ਗਏ ਹਨ, ਬੁਰਜੀਆਂ ਦੀ ਲੰਬਾਈ ਵੀ ਦੱਸੀ ਹੈ ਅਤੇ ਕੰਮ ਵੀ ਦੱਸਿਆ ਗਿਆ ਹੈ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ 50 ਲੱਖ ਰੁਪਏ ਦੀ ਤਜਵੀਜ਼ 2-ਐਲ ਮੁਦਕੀ ਮਾਈਨਰ ਵਾਸਤੇ ਹੈ, ਪਰ ਇਹ ਬਹੁਤ ਲੰਬੀ ਹੈ। ਇੰਨੇ ਪੈਸੇ ਨਾਲ ਇਹ ਕੰਮ ਨਹੀਂ ਹੋਣਾ।

**ਮਾਨਯੋਗ ਸਪੀਕਰ** : ਇਹ ਤਾਂ ਕਰਨ ਵਾਲਿਆਂ ਨੇ ਦੇਖਣਾ ਹੈ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਬੀਹਲੇ ਵਾਲਾ ਮਾਈਨਰ ਅਤੇ ਡੋਹਕ ਮਾਈਨਰ ਜਿਹੜੇ ਹਨ, ਇਨ੍ਹਾਂ ਦਾ ਕੰਮ ਵਿਚਾਲੇ ਹੀ ਪਿਆ ਹੈ। ਕੀ ਇਹ ਇਥੇ ਕੰਮ ਜਲਦੀ ਤੋਂ ਜਲਦੀ ਕਰਵਾਉਣਗੇ ਤਾਂ ਕਿ ਕੰਮ ਛੇਤੀ ਨੇਪਰੇ ਚੜ੍ਹ ਸਕੇ?

**ਮੰਤਰੀ** : ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਸਾਰੀਆਂ ਨਹਿਰਾਂ, ਡਿਸਟ੍ਰੀਬਿਊਟ੍ਰੀਜ਼ ਅਤੇ ਮਾਈਨਰਾਂ ਦੀ ਰੀ-ਮਾਡਲਿੰਗ ਕਰਨ ਵਾਸਤੇ, ਡਰੇਨੇਜ਼ ਸਿਸਟਮ ਠੀਕ ਕਰਨ ਵਾਸਤੇ, ਨਵੇਂ ਪੱਕੇ ਖਾਲੇ ਬਣਾਉਣ ਵਾਸਤੇ, ਪੁਰਾਣਿਆਂ ਦੀ ਮੁਰੰਮਤ ਕਰਨ ਵਾਸਤੇ ਆਨਰੇਬਲ ਸੀ.ਐਮ. ਸਾਹਿਬ ਦੇ ਦਿਸ਼ਾ ਨਿਰਦੇਸ਼ ਨਾਲ 4000 ਕਰੋੜ ਰੁਪਏ ਦਾ ਮਾਸਟਰ ਪਲਾਨ ਬਣਾਇਆ ਗਿਆ ਹੈ। (ਥੰਪਿੰਗ) ਅਸੀਂ ਉਸ ਸਬੰਧੀ ਗੰਭੀਰਤਾ ਨਾਲ ਸੋਚ ਰਹੇ ਹਾਂ। ਜੋ ਬਰਾੜ ਸਾਹਿਬ ਨੇ ਕਿਹਾ ਹੈ, ਇਹ ਕੰਮ ਵੀ ਉਸੇ ਵਿਚ ਹੈ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਸਾਡੀ ਬੇਨਤੀ ਹੈ ਤੁਹਾਡੇ ਰਾਹੀਂ ਹਾਊਸ ਨੂੰ.....

**ਮਾਨਯੋਗ ਸਪੀਕਰ** : ਕਰੀਹਾ ਜੀ, ਖੜੇ ਜ਼ਰੂਰ ਹੋਣਾ ਹੈ ਹਰ ਕੰਮ ਵਾਸਤੇ। ਅਗਲਾ ਕੁਐਸ਼ਚਨ ਮੋਹਨ ਲਾਲ ਬਹਿਰਾਮ ਜੀ ਦਾ ਹੈ।

---

## ਵਰਲਡ ਟੂਰਿਜ਼ਮ ਮੈਪ ਉਤੇ ਬੰਗਾ ਸ਼ਹਿਰ ਨੂੰ ਲਿਆਉਣਾ

*214 **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਸੈਰ ਸਪਾਟਾ ਅਤੇ ਸਭਿਆਚਾਰ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੰਗਾ ਸ਼ਹਿਰ ਨੂੰ ਵਰਲਡ ਟੂਰਿਜ਼ਮ ਮੈਪ

Original with;
Punjab Vidhan Sabha
Digitized by;
Panjab Digital Library

[ ਚੌਧਰੀ ਮੋਹਨ ਲਾਲ ਬਹਿਰਾਮ ]

ਉੱਤੇ ਲਿਆਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ? ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਹੀਰਾ ਸਿੰਘ ਗਾਬੜੀਆ** : ਨਹੀਂ ਜੀ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਬੰਗਾ ਸ਼ਹਿਰ ਟੂਰਿਜ਼ਮ ਮੈਪ ਤੇ ਲਿਆਉਣ ਦਾ ਕੋਈ ਵਿਚਾਰ ਨਹੀਂ ਹੈ। ਮੇਰੀ ਬੇਨਤੀ ਹੈ ਕਿ ਬੰਗਾ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਸ਼ਾਨੋਮੱਤਾ ਇਤਿਹਾਸ ਦਾ ਹਿੱਸਾ ਹੈ। ਜਿੱਥੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਨੇ ਜਨਮ ਲਿਆ ਅਤੇ.....

**ਮਾਨਯੋਗ ਸਪੀਕਰ** : ਤੁਸੀਂ ਕੁਐਸ਼ਚਨ ਕਰੋ।

**ਚੌਧਰੀ ਮੋਹਨ ਲਾਲ ਬਹਿਰਾਮ** : ਬਾਬਾ ਕਰਮ ਸਿੰਘ, ਦਲੀਪ ਸਿੰਘ ਅਤੇ ਗੁਰੂ ਹਰਿ ਰਾਏ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵਿਅਕਤੀ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਸਤੇ ਇੰਨੀ ਵੱਡੀ ਕੁਰਬਾਨੀ ਕੀਤੀ, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਸ਼੍ਰੀ ਰਾਜਗੁਰੂ ਤੇ ਸ਼੍ਰੀ ਸੁਖਦੇਵ ਦੀਆਂ ਸਮਾਧਾਂ ਉੱਥੇ ਬਣੀਆਂ ਹੋਈਆਂ ਹਨ। ਸਾਰਾ ਦੇਸ਼ ਉਨ੍ਹਾਂ ਨੂੰ ਹਰ ਸਾਲ ਨਤਮਸਤਕ ਹੁੰਦਾ ਹੈ। ਸਰਦਾਰ ਭਗਤ ਸਿੰਘ ਦੇ ਸੌਵੇਂ ਜਨਮ ਦਿਹਾੜੇ ਦੀ ਸ਼ਤਾਬਦੀ ਵੀ ਮਨਾਈ ਜਾ ਰਹੀ ਹੈ।

**ਮਾਨਯੋਗ ਸਪੀਕਰ** : ਸਵਾਲ ਕਰੋ ਜੀ।

**ਚੌਧਰੀ ਮੋਹਨ ਲਾਲ ਬਹਿਰਾਮ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਟੂਰਿਜ਼ਮ ਮਨਿਸਟਰ ਸਾਹਿਬ ਇਹ ਐਸ਼ਿਓਰ ਕਰਨਗੇ ਕਿ ਬੰਗਾ ਅਤੇ ਖਟਕੜ ਕਲਾਂ ਨੂੰ ਵਰਲਡ ਟੂਰਿਜ਼ਮ ਮੈਪ ਤੇ ਲਿਆਉਣ ਵਾਸਤੇ ਕੇਂਦਰ ਸਰਕਾਰ ਨਾਲ ਪੰਜਾਬ ਸਰਕਾਰ ਮਸਲਾ ਟੇਕ-ਅਪ ਕਰੇਗੀ? ਕੀ ਇਸ ਨੂੰ ਵਰਲਡ ਮੈਪ ਤੇ ਲਿਆਉਣ ਵਾਸਤੇ ਸਰਕਾਰ ਇਸੇ ਸਾਲ ਦੇ ਅੰਦਰ-ਅੰਦਰ ਕੇਂਦਰ ਸਰਕਾਰ ਨਾਲ ਮਸਲਾ ਟੇਕ ਅਪ ਕਰੇਗੀ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਵਾਲ ਵਿਚ ਸਿਰਫ ਬੰਗੇ ਸ਼ਹਿਰ ਦੀ ਗੱਲ ਕੀਤੀ ਹੈ ਪਰ ਬੰਗਾ ਸ਼ਹਿਰ ਉਨ੍ਹਾਂ ਸ਼ਹਿਰਾਂ ਵਿਚ ਨਹੀਂ ਆਉਂਦਾ, ਉਹ ਸ਼ਰਤਾਂ ਪੂਰੀਆਂ ਨਹੀਂ ਕਰਦਾ ਜਿਨ੍ਹਾਂ ਨਾਲ ਕਿ ਉਹ ਵਰਡਲ ਟੂਰਿਜ਼ਮ ਮੈਪ ਤੇ ਆ ਸਕਦਾ ਹੋਵੇ। ਜਿਥੋਂ ਤੱਕ ਖਟਕੜ ਕਲਾਂ ਦੀ ਗੱਲ ਦਾ ਸਬੰਧ ਹੈ, ਸਰਦਾਰ ਭਗਤ ਸਿੰਘ, ਜਿਨ੍ਹਾਂ ਨੇ ਸਾਨੂੰ ਆਜ਼ਾਦੀ ਲੈ ਕੇ ਦਿੱਤੀ, ਜਿਨ੍ਹਾਂ ਦੀ ਬਦੌਲਤ

Original with;
Punjab Vidhan Sabha
Digitized by;
Panjab Digital Library

ਅਸੀਂ ਅੱਜ ਅਸੰਬਲੀ ਵਿੱਚ ਬੈਠੇ ਹਾਂ, ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ ਪਰ ਇਨ੍ਹਾਂ ਨੇ ਆਪਣੇ ਸਵਾਲ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਪਰ ਫਿਰ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਪੁਰਾਣਾ ਪਿੰਡ ਹੈ, ਜੋ ਉਨ੍ਹਾਂ ਦੇ ਬਜ਼ੁਰਗਾਂ ਦਾ ਪਿੰਡ ਹੈ, ਉਹ ਖਟਕੜ ਕਲਾਂ ਹੈ, ਉੱਥੇ ਅੱਜ ਇਕ ਅਜਾਇਬ ਘਰ ਮੌਜੂਦ ਹੈ। ਇਹ ਸਰਕਾਰ ਨੇ ਬਣਾਇਆ ਹੈ। ਭਾਰਤ ਸਰਕਾਰ ਦੀ ਸਹਾਇਤਾ ਨਾਲ, ਕੁੱਲ 60 ਲੱਖ ਰੁਪਏ ਦਾ, ਜਿਸ ਵਿਚੋਂ 50 ਲੱਖ ਭਾਰਤ ਸਰਕਾਰ ਵਲੋਂ ਅਤੇ 10 ਲੱਖ ਰੁਪਏ ਸਾਡੀ ਸਟੇਟ ਗੌਰਮਿੰਟ ਦਾ ਹੈ, ਇਸ ਪੈਸੇ ਨਾਲ ਉੱਥੇ ਇਕ ਫਾਸਟ ਫੂਡ ਸੈਂਟਰ ਵੀ ਬਣਾਇਆ ਜਾ ਰਿਹਾ ਹੈ ਜਿਸ ਦੀ ਬੜੀ ਖੂਬਸੂਰਤੀ ਹੋਵੇਗੀ। ਇਹ ਨੇਪਰੇ ਚੜ੍ਹਨ ਦੇ ਬਿਲਕੁਲ ਨੇੜੇ ਹੈ। ਇਸਦਾ 60% ਕੰਮ ਹੋ ਚੁੱਕਿਆ ਹੈ। ਇਸ ਦੇ ਨਾਲ ਨਾਲ ਅਜਾਇਬ ਘਰ ਵੀ ਉਥੇ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਨ੍ਹਾਂ ਮਹਾਨ ਸ਼ਹੀਦਾਂ ਦਾ ਬੜਾ ਸਤਿਕਾਰ ਕਰਦੀ ਹੈ, ਜਿਨ੍ਹਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਦੇਸ਼ ਨੂੰ ਆਜ਼ਾਦੀ ਦਿਵਾਈ। ਮੈਂ ਕਹਿ ਰਿਹਾ ਸੀ.....

**ਮਾਨਯੋਗ ਸਪੀਕਰ** : ਉਨ੍ਹਾਂ ਦੇ ਸਵਾਲ ਦਾ ਜਵਾਬ ਦਿਓ ਜੀ।

**ਮੰਤਰੀ** : ਸਰਕਾਰ ਸਤੰਬਰ ਮਹੀਨੇ ਵਿਚ ਉਨ੍ਹਾਂ ਦਾ ਸੌਵਾਂ ਜਨਮ ਦਿਹਾੜਾ ਵੀ ਮਨਾਉਣ ਜਾ ਰਹੀ ਹੈ ਪਰ ਤੁਹਾਡੀ ਸਰਕਾਰ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ) ਨੇ ਤਾਂ ਉਨ੍ਹਾਂ ਦੇ ਦਿਨ ਦੀ ਛੁੱਟੀ ਵੀ ਬੰਦ ਕਰ ਦਿੱਤੀ ਸੀ ਜਿਹੜੀ ਕਿ 23 ਮਾਰਚ ਦੀ ਛੁੱਟੀ ਹੁੰਦੀ ਸੀ। ਪਿਛਲੀ ਸਰਕਾਰ ਨੇ ਇਹ ਛੁੱਟੀ ਬੰਦ ਕਰ ਦਿੱਤੀ ਸੀ ਔਰ ਸਾਡੀ ਸਰਕਾਰ ਨੇ ਛੁੱਟੀ ਦੇ ਨਾਲ ਨਾਲ, ਅੱਜ ਜਿਹੜਾ ਕੈਲੰਡਰ ਸਰਕਾਰੀ ਦਫਤਰਾਂ ਵਿਚ ਲੱਗਿਆ ਹੋਇਆ ਹੈ.....

**ਮਾਨਯੋਗ ਸਪੀਕਰ** : ਗਾਬੜੀਆ ਜੀ, ਉਨ੍ਹਾਂ ਦੇ ਸਵਾਲ ਦਾ ਜਵਾਬ ਦਿਓ।

**ਮੰਤਰੀ** : ਸਪੀਕਰ ਸਾਹਿਬ, ਮੈਂ ਉਨ੍ਹਾਂ ਦੇ ਸਵਾਲ ਦਾ ਜਵਾਬ ਹੀ ਦੇ ਰਿਹਾ ਹਾਂ ਜੀ। ਇਨ੍ਹਾਂ ਦੀ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਸਰਕਾਰ ਕੈਲੰਡਰਾਂ ਤੇ ਆਪਣੀਆਂ ਹੀ ਫੋਟੋਆਂ ਲਾਉਂਦੀ ਸੀ ਪਰ ਸਾਡੀ ਸਰਕਾਰ ਨੇ ਮਾਨਯੋਗ ਮੁੱਖ ਮੰਤਰੀ ਬਾਦਲ ਸਾਹਿਬ ਨੇ ਸ਼ਹੀਦਾਂ ਦਾ ਮਾਣ ਸਤਿਕਾਰ ਕਰਦੇ ਹੋਏ, ਤੁਸੀਂ ਸਰਕਾਰੀ ਦਫਤਰਾਂ ਦੇ ਵਿਚ ਕੈਲੰਡਰ ਲੱਗੇ ਦੇਖ ਸਕਦੇ ਹੋ, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀਆਂ ਹੀ ਫੋਟੋਆਂ ਲਗਾਈਆਂ ਹੋਈਆਂ ਹਨ। ਇਹ ਇਕ ਬਹੁਤ ਵੱਡੀ ਗੱਲ ਹੈ। (ਥੰਪਿੰਗ) ਜਿਥੋਂ ਤੱਕ ਵਰਲਡ ਮੈਪ ਤੇ ਲਿਆਉਣ ਦੀ ਗੱਲ ਹੈ, ਅਸੀਂ ਇਸ ਨੂੰ ਡਿਵੈਲਪ ਕਰ ਰਹੇ ਹਾਂ ਅਤੇ ਜਲਦੀ ਹੀ ਕਰਾਂਗੇ। ਸੈਂਟਰ ਗੌਰਮਿੰਟ ਨਾਲ ਵੀ ਮਸਲਾ ਟੇਕ-ਅਪ ਕਰਾਂਗੇ। ਜਿੰਨੀ ਜਲਦੀ ਹੋ ਸਕਿਆ ਉਨੀ ਜਲਦੀ ਕਰਾਂਗੇ।

Original with;
Punjab Vidhan Sabha
Digitized by;
Punjab Digital Library

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ.....

**ਮਾਨਯੋਗ ਸਪੀਕਰ** : ਪਹਿਲਾਂ ਉਨ੍ਹਾਂ ਨੂੰ ਕਰ ਲੈਣ ਦਿਓ ਜੀ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਜਿਨ੍ਹਾਂ ਨੇ ਲਾਸਾਨੀ ਕੁਰਬਾਨੀ ਦੇਸ਼ ਨੂੰ ਆਜ਼ਾਦ ਕਰਵਾਉਣ ਹਿੱਤ ਦਿੱਤੀ, ਜਿਸ ਆਜ਼ਾਦੀ ਦਾ ਨਿੱਘ ਅੱਜ ਆਪਾਂ ਮਾਣ ਰਹੇ ਹਾਂ, ਇਹ ਉਨ੍ਹਾਂ ਦੀ ਬਦੌਲਤ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉੱਥੇ ਇਕ ਛੋਟਾ ਜਿਹਾ ਸਮਾਰਕ ਤਾਂ ਬਣਾ ਦੇਣ। ਜਿਹੜਾ ਇਹ ਫਾਸਟ ਫੂਡ ਸੈਂਟਰ ਬਣਾ ਕੇ ਕਹਿ ਰਹੇ ਹਨ, ਕੀ ਇਹ ਠੀਕ ਕਰ ਰਹੇ ਹਨ? ਮੇਰੀ ਬੇਨਤੀ ਹੈ ਕਿ ਉੱਥੇ ਬੱਚਿਆਂ ਲਈ ਵਧੀਆ ਪਾਰਕ ਵੀ ਬਣਾਉਣਾ ਚਾਹੀਦਾ ਹੈ। ਮਹਾਨ ਦੇਸ਼ ਭਗਤਾਂ ਦੀ ਯਾਦ ਨੂੰ ਜ਼ਿੰਦਾ ਰੱਖਣ ਲਈ ਪਾਰਕ ਬਣਾਉਣਾ ਜ਼ਰੂਰੀ ਹੈ ਤਾਂ ਕਿ ਜਦੋਂ ਬੱਚੇ ਉੱਥੇ ਖੇਡਣ ਤਾਂ ਖੇਡਾਂ ਦੇ ਨਾਲ ਨਾਲ ਉਹ ਆਪਣੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਵੀ ਜਾਣੂ ਹੋ ਸਕਣ।

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਉੱਥੇ ਜ਼ਮੀਨ ਹੈ, ਉਹ 4.5 ਏਕੜ ਹੈ। ਉਸ ਦੇ ਵਿਚ ਅਜਾਇਬ ਘਰ ਵੀ ਹੈ। ਇਸ ਵਿਚ ਹੀ ਫਾਸਟ ਫੂਡ ਸੈਂਟਰ ਵੀ ਬਣਾਇਆ ਜਾ ਰਿਹਾ ਹੈ। ਇਸ ਦੇ ਨਾਲ ਨਾਲ ਸਰਕਾਰ ਨੇ ਉੱਥੇ ਆਦਰਸ਼ ਸਕੂਲ ਬਣਾਉਣ ਦਾ ਵੀ ਫੈਸਲਾ ਕੀਤਾ ਹੈ। ਇਹ ਇਕ ਵਧੀਆ ਕਿਸਮ ਦਾ ਆਦਰਸ਼ ਸਕੂਲ ਹੋਵੇਗਾ। ਸਾਡੇ ਮਾਨਯੋਗ ਮੁੱਖ ਮੰਤਰੀ ਬਾਦਲ ਸਾਹਿਬ ਨੇ ਉੱਥੇ ਆਦਰਸ਼ ਸਕੂਲ ਬਣਾਉਣ ਦਾ ਜੋ ਫੈਸਲਾ ਕੀਤਾ, ਉਹ ਖਟਕੜ ਕਲਾਂ ਵਿਚ ਕੀਤਾ ਹੈ। ਅਸੀਂ ਰੋਡ ਉਤੇ ਨਾਲ ਲਗਦੀ ਜ਼ਮੀਨ ਖਰੀਦਣ ਦਾ ਵੀ ਯਤਨ ਕਰ ਰਹੇ ਹਾਂ। ਜਲਦੀ ਹੀ ਜੇ ਹੋਰ ਰਕਬਾ ਮਿਲ ਜਾਵੇਗਾ ਤਾਂ ਬਣਦੀਆਂ ਸਹੂਲਤਾਂ ਸਾਰੀਆਂ ਦਿੱਤੀਆਂ ਜਾਣਗੀਆਂ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਆਪਣੇ ਪੰਜਾਬ ਸੂਬੇ ਵਿੱਚ ਇਹ ਦੇਖਿਆ ਗਿਆ ਹੈ ਕਿ ਆਲੇ-ਦੁਆਲੇ ਦੇ ਸੂਬਿਆਂ ਨਾਲੋਂ ਟੂਰਿਸਟ ਬਹੁਤ ਘੱਟ ਆ ਰਿਹਾ ਹੈ। ਸਪੀਕਰ ਸਾਹਿਬ, ਇਕ ਪਰਪੋਜ਼ਲ ਬਣੀ ਸੀ ਕਿ ਇਕ ਰਿਲੀਜੀਅਸ ਟੂਰਿਜ਼ਮ ਦਾ ਕੰਸੈਪਟ ਪੰਜਾਬ ਵਿੱਚ ਲਿਆਇਆ ਜਾਵੇ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਰਿਲੀਜਿਅਸ ਟੂਰਿਜ਼ਮ ਦਾ ਜਿਹੜਾ ਕੰਸੈਪਟ ਸੀ ਇਸ ਤੇ ਇਹ ਕੀ ਐਕਟ ਕਰ ਰਹੇ ਹਨ। ਤੁਸੀਂ ਤਾਂ ਕਹਿ ਦਿੱਤਾ ਕਿ ਫਾਸਟ ਫੂਡ ਰੈਸਟੋਰੈਂਟ ਬਣਾ ਦਿੱਤਾ, ਬੰਗੇ ਵਿੱਚ ਅਤੇ ਉੱਥੇ ਟੂਰਿਜ਼ਮ ਆ ਜਾਵੇਗਾ ਪਰ ਅਸਲ ਗੱਲ ਤਾਂ ਇਹ ਹੈ ਕਿ

Original with;
Punjab Vidhan Sabha
Digitized by;
Panjab Digital Library

ਟੂਰਿਸਟ ਲੈ ਕੇ ਕਿਵੇਂ ਆਉਣਾ ਹੈ? ਇਸ ਲਈ ਪਰਪੋਜ਼ਲ ਸੀ ਕਿ ਜੇਕਰ ਰਿਲਿਜਨ ਨੂੰ ਇਸ ਵਿੱਚ ਇਨਕਲੂਡ ਕੀਤਾ ਜਾਵੇ ਅਤੇ ਧਾਰਮਿਕ ਸਥਾਨਾਂ ਦਾ ਰੂਟ ਬਣਾ ਕੇ ਉਸ ਨੂੰ ਬਾਹਰ ਜਾ ਕੇ ਮਾਰਕਿਟ ਕੀਤਾ ਜਾਵੇ ਤਾਂ ਕਿ ਐਨ.ਆਰ.ਆਈਜ਼ ਅਤੇ ਫੋਰਨਰਜ਼ ਇੱਥੇ ਆ ਸਕਣ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਪਰਪੋਜ਼ਲ ਤੇ ਗੌਰ ਕਰ ਰਹੇ ਹਨ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਸੇ ਸਾਲ ਹੀ ਅਸੀਂ ਇਕ ਟਰੇਨ ਚਲਾਉਣ ਜਾ ਰਹੇ ਹਾਂ ਜਿਹੜੀ ਕਿ ਪੰਜਾ ਤਖਤਾਂ ਨੂੰ ਜੋੜੇਗੀ ਜਿਹੜੇ ਸਾਡੇ ਪੰਜ ਤਖਤ ਹਨ। ਉਹ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋ ਕੇ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਆਨੰਦਪੁਰ ਸਾਹਿਬ ਤੋਂ ਸਾਬੋ ਕੀ ਤਲਵੰਡੀ ਅਤੇ ਫਿਰ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਤਖਤਾਂ ਨੂੰ ਜੋੜੇਗੀ। ਇਸ ਦੇ ਨਾਲ ਨਾਲ ਹੀ ਅਸੀਂ ਬੱਸਾਂ ਦਾ ਵੀ ਸਰਕਟ ਬਣਾ ਰਹੇ ਹਾਂ ਕਿ ਪੰਜਾਬ ਵਿੱਚ ਜਿਹੜੇ ਧਾਰਮਿਕ ਸਥਾਨ ਹਨ ਚਾਹੇ ਉਹ ਮੰਦਿਰ ਹਨ ਜਾਂ ਗੁਰਦੁਆਰੇ ਹਨ, ਉਨ੍ਹਾਂ ਨੂੰ ਵੀ ਉਸ ਨਾਲ ਜੋੜਿਆ ਜਾਵੇ। ਇਹ ਜਲਦੀ ਹੀ ਅਸੀਂ ਲਿਆ ਰਹੇ ਹਾਂ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, 18 ਜੂਨ ਦੀ ਪੰਜਾਬੀ ਟ੍ਰਿਬਿਊਨ ਵਿੱਚ ਇਕ ਛੋਟਾ ਜਿਹਾ ਆਰਟੀਕਲ ਲਗਿਆ ਹੋਇਆ ਹੈ ਕਿ ਪੰਜਾਬ ਸਰਕਾਰ ਨੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਬੁੱਤ ਨੂੰ ਪਾਰਲੀਮੈਂਟ ਵਿੱਚ ਲਗਾਉਣ ਲਈ ਉਪਰਾਲਾ ਕੀਤਾ ਹੈ ਅਤੇ ਅਸੀਂ ਉਸ ਦੀ ਸ਼ਲਾਘਾ ਕਰਦੇ ਹਾਂ ਲੇਕਿਨ 18 ਜੂਨ ਦੀ ਪੰਜਾਬੀ ਟ੍ਰਿਬਿਊਨ ਵਿੱਚ ਲਿਖਿਆ ਹੈ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਨਾਂ ਹਾਲੇ ਵੀ ਅਪਰਾਧੀਆਂ ਦੀ ਲਿਸਟ ਵਿਚ ਉੱਥੇ ਸ਼ਾਮਲ ਹੈ.....

**ਮਾਨਯੋਗ ਸਪੀਕਰ** : ਰੈਲੇਵੈਂਟ ਕੁਐਸਚਨ ਕਰੋ ਜਿਸ ਦਾ ਜਵਾਬ ਉਨ੍ਹਾਂ ਨੇ ਦੇਣਾ ਹੈ ਅਤੇ ਜਿਹੜਾ ਟੂਰਿਜ਼ਮ ਨਾਲ ਤਾਅਲੁੱਕ ਰੱਖਦਾ ਹੋਵੇ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਜੇ ਟੂਰਿਜ਼ਮ ਨਾਲ ਕਰਨਾ ਹੈ ਤਾਂ ਉਸ ਲਈ ਇਹ ਹੈ ਕਿ ਸਾਡਾ ਆਦਰਸ਼ ਸਕੂਲ 1977 ਤੋਂ ਚੱਲ ਰਿਹਾ ਹੈ ਅਤੇ ਉਸ ਵਿੱਚ ਅਸੀਂ 30 ਏਕੜ ਜ਼ਮੀਨ ਮੁਫ਼ਤ ਦਿੱਤੀ ਹੈ। ਇਸ ਤੋਂ ਇਲਾਵਾ 30 ਏਕੜ ਜ਼ਮੀਨ ਹੋਰ ਦੇ ਰਹੇ ਹਾਂ ਤਾਂ ਕਿ ਉੱਥੇ ਆਈ.ਟੀ. ਸੈਂਟਰ ਬਣਾਇਆ ਜਾਵੇ ਜੀ।

**Mr. Speaker :** Thank You. Thank You. ਗਾਬੜੀਆ ਜੀ ਬੈਠੋ। Next question.

———

Original with;
Punjab Vidhan Sabha
Digitized by;
Panjab Digital Library

## ਸਰਦੂਲਗੜ੍ਹ ਵਿਚ ਵਾਟਰ ਵਰਕਸ ਦੀ ਉਸਾਰੀ

*54 **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2004-05 ਤੋਂ 2006-07 ਤੱਕ ਦੇ ਸਮੇਂ ਦੌਰਾਨ ਸਬ-ਡਵੀਜ਼ਨ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਵਿੱਚ ਉਸਾਰੇ ਗਏ ਨਵੇਂ ਵਾਟਰ-ਵਰਕਸ ਅਤੇ ਓਵਰ-ਹੈੱਡ ਟੈਂਕਾਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ?

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਬ-ਡਵੀਜ਼ਨ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਵਿੱਚ ਉਸਾਰੇ ਗਏ ਨਵੇਂ ਵਾਟਰ-ਵਰਕਸ ਅਤੇ ਉੱਚੀਆਂ ਟੈਂਕੀਆਂ ਦੀ ਸਾਲ-ਵਾਰ ਗਿਣਤੀ ਹੇਠ ਅਨੁਸਾਰ ਹੈ :-

| ਸਾਲ | ਨਵੇਂ ਵਾਟਰ ਵਰਕਸ | ਉੱਚੀ ਟੈਂਕੀ |
|---|---|---|
| 2004-05 | 1 | - |
| 2005-06 | 3 | 3 |
| 2006-07 | 1 | 13 |

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਰ, ਮੈਂ ਤੁਹਾਡੇ ਰਾਹੀਂ ਯੰਗੈਸਟ ਮਨਿਸਟਰ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਉੱਚੀਆਂ ਟੈਂਕੀਆਂ ਬਣੀਆਂ ਹਨ, ਇਹ ਕਿਹੜੇ ਪਿੰਡਾਂ ਵਿੱਚ ਹਨ ਅਤੇ ਕੀ ਉਨ੍ਹਾਂ ਤੋਂ ਪਾਣੀ ਸਪਲਾਈ ਸ਼ੁਰੂ ਹੋ ਗਈ ਹੈ ਜਾਂ ਨਹੀ? ਜੇਕਰ ਨਹੀਂ ਹੋਈ ਤਾਂ ਕਦੋਂ ਤੱਕ ਸ਼ੁਰੂ ਹੋਵੇਗੀ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਨਵਾਂ ਕਰ ਲਿਆ ਹੈ ਕਿਉਂਕਿ ਇਨ੍ਹਾਂ ਨੇ ਸਿਰਫ ਇੰਨੀ ਗੱਲ ਪੁੱਛੀ ਸੀ, ਜੇਕਰ ਸਵਾਲ ਵੱਲ ਧਿਆਨ ਦਿੱਤਾ ਜਾਵੇ ਕਿ ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2004-05 ਤੋਂ 2006-07 ਤੱਕ ਦੇ ਸਮੇਂ ਦੌਰਾਨ ਸਬ-ਡਵੀਜ਼ਨ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਵਿੱਚ ਉਸਾਰੇ ਗਏ ਨਵੇਂ ਵਾਟਰ ਵਰਕਸ ਅਤੇ ਓਵਰ-ਹੈੱਡ ਟੈਂਕਾਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ? ਇਨ੍ਹਾਂ ਨੇ ਸਾਲ-ਵਾਰ ਗਿਣਤੀ ਪੁੱਛੀ ਹੈ ਅਤੇ ਮੈਂ ਸਾਲ-ਵਾਰ ਗਿਣਤੀ ਦੱਸ ਦਿੱਤੀ ਹੈ।

**ਮਾਨਯੋਗ ਸਪੀਕਰ** : ਥੋੜ੍ਹਾ ਜਿਹਾ ਹੋਰ ਸਵਾਲ ਵਧਾ ਲੈਣਾ ਸੀ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮੈਨੂੰ ਤਾਂ ਉਮੀਦ ਸੀ ਕਿ ਬੜੇ ਯੰਗ ਮਨਿਸਟਰ ਹਨ ਅਤੇ ਇਨ੍ਹਾਂ ਨੂੰ ਸਾਰਾ ਪਤਾ ਹੋਵੇਗਾ ਪਰ ਤੁਹਾਨੂੰ ਤਾਂ ਪਿੰਡਾਂ ਦੇ ਨਾਂ ਵੀ ਨਹੀਂ ਦੱਸੇ ਗਏ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਕੀ ਹੈ?

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਜਿਹੜਾ ਇਹ 3 ਟੈਂਕੀਆਂ ਬਣੀਆਂ ਹਨ, ਇਹ ਕਿਹੜੇ ਪਿੰਡਾਂ ਵਿੱਚ ਬਣੀਆਂ ਹਨ?

**ਮਾਨਯੋਗ ਸਪੀਕਰ** : ਜੋ ਕੁਝ ਤੁਸੀਂ ਪੁੱਛਿਆ ਸੀ, ਉਸ ਦਾ ਜਵਾਬ ਆ ਗਿਆ ਹੈ। ਜੇ ਤੁਸੀਂ ਆਪਣੇ ਸਵਾਲ ਵਿੱਚ ਹੋਰ ਕੁਝ ਪੁੱਛ ਲੈਂਦੇ ਤਾਂ ਉਸ ਦਾ ਵੀ ਜਵਾਬ ਆ ਜਾਣਾ ਸੀ। ਤੁਸੀਂ ਤਾਂ ਹੋਰ ਪਾਸੇ ਹੀ ਪੈ ਗਏ ਹੋ। ਅਗਲਾ ਸਵਾਲ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਅਸੂਲੀ ਤੌਰ ਤੇ ਮੈਂ ਹੋਰ ਵੀ ਸਪਲੀਮੈਂਟਰੀਜ਼ ਕਰ ਸਕਦਾ ਹਾਂ। ਮੈਨੂੰ ਇਕ ਹੋਰ ਪ੍ਰਸ਼ਨ ਕਰ ਲੈਣ ਦਿਓ।

**ਮਾਨਯੋਗ ਸਪੀਕਰ** : ਚਲੋ ਹੁਣ ਕੱਲ੍ਹ ਨੂੰ ਸਹੀ।

*(ਇਕ ਆਵਾਜ਼ : ਪਰਸੋਂ ਹੀ ਸਹੀ।)*

ਹਾਂ ਠੀਕ ਹੈ, ਪਰਸੋਂ ਸਹੀ। (ਹਾਸਾ) ਅਗਲਾ ਸਵਾਲ, ਬਰਾੜ ਸਾਹਿਬ।

---

## ਮੁਕਤਸਰ ਸ਼ਹਿਰ ਵਿੱਚ ਸੀਵਰੇਜ ਵਿਛਾਉਣਾ

*170 **ਸਰਦਾਰ ਕੰਵਰਜੀਤ ਸਿੰਘ ਬਰਾੜ** : ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੁਕਤਸਰ ਸ਼ਹਿਰ ਦੇ ਮੌੜ ਰੋਡ ਏਰੀਏ ਵਿੱਚ ਸੀਵਰੇਜ ਵਿਛਾਉਣ ਲਈ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਪ੍ਰੋਜੈਕਟ ਨੂੰ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸ਼੍ਰੀਮਾਨ ਜੀ, ਮੌੜ ਰੋਡ, ਮੁਕਤਸਰ ਵਿਖੇ ਸੀਵਰ ਪਾਉਣ ਦਾ ਕੰਮ ਇਸ ਕਰਕੇ ਸ਼ੁਰੂ ਨਹੀਂ ਹੋ ਸਕਿਆ ਕਿਉਂਕਿ ਮਿਉਂਸਿਪਲ ਡਿਵੈਲਪਮੈਂਟ ਫੰਡ ਹੈੱਡ ਅਧੀਨ ਕੋਈ ਫੰਡਜ਼ ਪ੍ਰਾਪਤ ਨਹੀਂ ਹੋਏ। ਇਹ ਕੰਮ ਫੰਡਜ਼ ਪ੍ਰਾਪਤ ਹੋਣ ਤੋਂ ਦੋ ਸਾਲਾਂ ਦੇ ਅੰਦਰ-ਅੰਦਰ ਮੁਕੰਮਲ ਕਰ ਦਿੱਤਾ ਜਾਵੇਗਾ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਵਜ਼ੀਰ ਸਾਹਿਬ ਨੂੰ ਮਹਿਕਮੇ ਨੇ ਜਿਹੜਾ ਜਵਾਬ ਦਿੱਤਾ ਹੈ, ਉਹ ਬਿਲਕੁਲ ਗਲਤ ਦਿੱਤਾ ਹੈ। ਸਾਡੀ ਸਰਕਾਰ ਵੇਲੇ ਇਸ ਦਾ ਟੈਂਡਰ ਕਾਲ ਕਰਨ ਦੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਕੰਵਰਜੀਤ ਸਿੰਘ ਬਰਾੜ ]

ਨੌਬਤ ਆ ਗਈ ਸੀ। ਇਸ ਕਰਕੇ ਇਹ ਇਸ ਗੱਲ ਦੀ ਪੜਤਾਲ ਕਰਾਉਣ ਕਿ ਇਹ ਕੰਮ ਹਾਲੇ ਤੱਕ ਸ਼ੁਰੂ ਕਿਉਂ ਨਹੀਂ ਹੋ ਸਕਿਆ। ਦੂਜੀ ਗੱਲ, ਇਹ ਬੜੀ ਡੈਂਜਰਸ ਗੱਲ ਹੈ ਕਿ ਮੁਕਤਸਰ ਵਿੱਚ ਸੀਵਰੇਜ ਦਾ ਪਾਣੀ ਓਵਰਫਲੋਅ ਕਰਕੇ ਗਲੀਆਂ ਵਿੱਚ ਆ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਇਸ ਕੰਮ ਨੂੰ ਵਾਰ ਫੁਟਿੰਗ ਤੇ ਲਿਆ ਜਾਵੇ। ਹੁਣ ਜਦੋਂ ਮਾਨਸੂਨ ਸ਼ੁਰੂ ਹੋਵੇਗੀ ਅਤੇ ਸੀਵਰੇਜ ਦਾ ਪਾਣੀ ਗਲੀਆਂ ਵਿੱਚ ਫੈਲੇਗਾ ਤਾਂ ਉਸ ਨਾਲ ਬਿਮਾਰੀਆਂ ਵੀ ਫੈਲਣਗੀਆਂ। ਫਿਰ ਜੇ ਅਸੀਂ 'ਜ਼ਿੰਦਾਬਾਦ-ਮੁਰਦਾਬਾਦ' ਕਰਾਂਗੇ ਤਾਂ ਤੁਹਾਨੂੰ ਠੀਕ ਨਹੀਂ ਲੱਗੇਗਾ।

**ਮੰਤਰੀ** : ਸਪੀਕਰ ਸਾਹਿਬ, ਵੈਸੇ ਤਾਂ ਸਾਰੇ ਹੀ ਮੈਂਬਰ ਸਾਹਿਬਾਨ ਬੜੇ ਸਤਿਕਾਰਯੋਗ ਹਨ ਪਰ ਇਹ ਤਾਂ ਮੇਰੇ ਵਾਸਤੇ ਬਹੁਤ ਜ਼ਿਆਦਾ ਸਤਿਕਾਰਯੋਗ ਹਨ ਲੇਕਿਨ ਜਦੋਂ ਮੇਰੇ ਮਹਿਕਮੇ ਦੀ ਵਾਰੀ ਆਉਂਦੀ ਹੈ ਤਾਂ ਇਹ ਆਮ ਕਹਿ ਦਿੱਤਾ ਜਾਂਦਾ ਹੈ ਕਿ ਮੈਂ ਜਵਾਬ ਸਹੀ ਨਹੀਂ ਦਿੰਦਾ। ਅਸੀਂ ਤਾਂ ਸਾਰੇ ਸਵਾਲਾਂ ਦੇ ਜਵਾਬ ਦਿੰਦੇ ਹਾਂ। ਹੁਣ ਇਨ੍ਹਾਂ ਨੇ ਆਪਣੀ ਗੱਲ ਦਾ ਜਵਾਬ ਆਪ ਹੀ ਦੇ ਦਿੱਤਾ ਹੈ ਕਿ ਨੌਬਤ ਆ ਗਈ ਸੀ। ਨੌਬਤ ਤਾਂ ਭਾਵੇਂ ਆ ਗਈ ਸੀ ਪਰ ਉਸ ਕੰਮ ਨੂੰ ਇਨ੍ਹਾਂ ਨੇ ਸਿਰੇ ਨਹੀਂ ਚੜ੍ਹਾਇਆ। ਉੱਥੇ ਬੜਾ ਪੰਗਾ ਪੈ ਗਿਆ ਸੀ। ਮਿਤੀ 28.2.07 ਨੂੰ ਸ਼ਾਇਦ ਸੀ.ਐਮ. ਸਾਹਿਬ ਇਨ੍ਹਾਂ ਦੇ ਕੋਲ ਗਏ ਸੀ ਅਤੇ ਕਿਹਾ ਸੀ ਕਿ ਸਾਰਾ ਕੰਮ ਫਟਾ-ਫਟ ਮੁਕੰਮਲ ਕਰਨ। 24 ਕਰੋੜ 72 ਲੱਖ ਰੁਪਏ ਦਾ ਸੀਵਰੇਜ ਪੈਣਾ ਸੀ ਅਤੇ ਇਹ 55 ਕਿਲੋਮੀਟਰ ਲੰਮਾ ਪੈਣਾ ਸੀ ਜਿਸ ਵਿਚ ਮੌੜ ਰੋਡ ਦਾ ਵੀ ਜ਼ਿਕਰ ਆਉਂਦਾ ਹੈ। ਉਦੋਂ ਕੰਮ ਤਾਂ ਅਲਾਟ ਕਰਵਾ ਦਿੱਤਾ ਗਿਆ ਸੀ ਲੇਕਿਨ ਪੈਸਾ ਕੋਈ ਭੇਜਿਆ ਨਹੀਂ ਸੀ। ਪੈਸੇ ਤੋਂ ਬਗੈਰ ਤਾਂ ਕੋਈ ਕੰਮ ਹੁੰਦਾ ਨਹੀਂ ਹੈ। ਪਿਛਲੀ ਵਾਰ ਵੀ 1999-2000 ਵਿੱਚ ਸਰਦਾਰ ਬਾਦਲ ਦੀ ਸਰਕਾਰ ਵੇਲੇ 15 ਕਰੋੜ 24 ਲੱਖ ਰੁਪਿਆ ਇਸ ਕੰਮ ਵਾਸਤੇ ਖਰਚ ਕੀਤਾ ਗਿਆ ਸੀ ਅਤੇ 43 ਕਿਲੋਮੀਟਰ ਨਵਾਂ ਸੀਵਰੇਜ ਪਿਆ ਸੀ। ਹੁਣ ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਸੀ.ਐਮ. ਸਾਹਿਬ ਦਾ ਆਪਣਾ ਜ਼ਿਲ੍ਹਾ ਹੈ ਅਤੇ ਇਹ ਵੀ ਉਨ੍ਹਾਂ ਦੇ ਬੜੇ ਅਜ਼ੀਜ਼ ਹਨ। ਜਦੋਂ ਵੀ ਪੈਸੇ ਆ ਗਏ, ਅਸੀਂ ਕੰਮ ਸ਼ੁਰੂ ਕਰਵਾ ਦਿਆਂਗੇ।

**ਸਰਦਾਰ ਕੰਵਰਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਸ ਕੰਮ ਨੂੰ 2 ਸਾਲ ਲੰਮਾ ਨਾ ਕਰੋ, ਇਸ ਨੂੰ ਵਾਰ ਫੁਟਿੰਗ ਤੇ ਅਤੇ ਜਲਦੀ ਤੋਂ ਜਲਦੀ ਕਰੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਮੇਰੇ ਨਾਲ ਇਸ ਹਾਊਸ ਵਿੱਚ ਵਿਤਕਰਾ ਹੋ ਰਿਹਾ ਹੈ। ਮੈਂ ਪੁਆਇੰਟ ਆਫ ਆਰਡਰ ਕੀਤਾ ਸੀ ਅਤੇ ਮੇਰਾ ਮਜ਼ਾਕ ਉਡਾਇਆ ਗਿਆ ਹੈ। ਵਜ਼ੀਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਮੇਰੇ ਸਵਾਲਾਂ ਦਾ ਜਵਾਬ ਦਿਆ ਕਰਨ।

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ ਵਿੱਚ ਪੁਆਇੰਟ ਆਫ ਆਰਡਰ ਨਹੀਂ ਹੁੰਦਾ। ਸਿਰਫ ਸਵਾਲ ਪੁੱਛੇ ਜਾ ਸਕਦੇ ਹਨ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਇਹ ਮੇਰਾ ਰਾਈਟ ਹੈ.....।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰ ਲਓ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਮਾਨਸਾ ਵਿੱਚ ਸੀਵਰੇਜ ਦੇ/ਵਾਟਰ ਸਪਲਾਈ ਦੇ ਪੈਸੇ ਜਾ ਚੁੱਕੇ ਹਨ, ਟੈਂਡਰ ਜਾ ਚੁੱਕੇ ਹਨ ਅਤੇ ਕੰਮ ਸਟਾਰਟ ਹੋ ਚੁੱਕਿਆ ਹੈ। ਪਰ ਹੁਣ ਉਸ ਕੰਮ ਨੂੰ ਵਿਚਾਲੇ ਹੀ ਰੋਕ ਦਿੱਤਾ ਗਿਆ ਹੈ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਉਸ ਕੰਮ ਨੂੰ ਚਾਲੂ ਕਰਾ ਦਿੱਤਾ ਜਾਵੇਗਾ?

**ਮੰਤਰੀ** : ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਇਸ ਵੇਲੇ ਪੈਸੇ ਕੋਈ ਹੈ ਨਹੀਂ। ਮਗਰ ਜੇ ਇਹ ਮੇਰੀ ਜਾਨ ਮੰਗਣਗੇ ਤਾਂ ਇਨ੍ਹਾਂ ਵਾਸਤੇ ਜਾਨ ਵੀ ਦੇਵਾਂਗੇ ਅਤੇ ਜਿਹੜਾ ਇਹ ਕੰਮ ਕਹਿੰਦੇ ਹਨ ਉਹ ਵੀ ਪੂਰਾ ਕਰਵਾ ਕੇ ਦੇਵਾਂਗੇ। ਮੈਂ ਇਨ੍ਹਾਂ ਦੀ ਬਹੁਤ ਇੱਜਤ ਕਰਦਾ ਹਾਂ ਜੀ। (ਹਾਸਾ)

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਇਹ (ਮੰਤਰੀ ਜੀ ਵੱਲ ਇਸ਼ਾਰਾ) ਮੇਰਾ ਬੱਚੂ ਹੈ, ਮੇਰੇ ਬੇਟਿਆਂ ਦੇ ਸਮਾਨ ਹੈ। ਇਹ ਮਿੱਠੀਆਂ ਗੋਲੀਆਂ ਵੱਧ ਲੈ ਕੇ ਆਉਂਦਾ ਹੈ ਅਤੇ ਸਾਰਿਆਂ ਦਾ ਮੂੰਹ ਮਿੱਠਾ ਕਰ ਦਿੰਦਾ ਹੈ। ਪੱਲੇ ਸਾਡੇ ਇਹ ਕੁਝ ਪਾਉਂਦਾ ਨਹੀਂ। ਸਾਡੀ ਤਾਂ ਉੱਥੇ ਜਾਨ ਨਿਕਲ ਰਹੀ ਹੈ। ਮੈਂ ਤਾਂ ਪਾਣੀ ਦਾ ਮਾਰਿਆ ਲੰਗੜਾ ਹੋ ਚੁੱਕਾ ਹਾਂ। ਮੇਰੀ ਗੁਜ਼ਾਰਿਸ਼ ਹੈ ਕਿ ਮੰਤਰੀ ਸਾਹਿਬ ਸਾਨੂੰ ਪਾਣੀ ਦਿਓ। ਤੁਹਾਨੂੰ ਪੈਸੇ ਦੇ ਦਿੱਤੇ ਹਨ।

**ਮਾਨਯੋਗ ਸਪੀਕਰ** : ਮੰਤਰੀ ਜੀ, ਇਨ੍ਹਾਂ ਦੀ ਗੱਲ ਵੱਲ ਉਚੇਚੇ ਤੌਰ ਤੇ ਧਿਆਨ ਦਿਓ। Next Question.

---

Original with;
Punjab Vidhan Sabha
Digitized by;
Panjab Digital Library

## ਦੁਰਘਟਨਾ ਦੇ ਪੀੜਤਾਂ ਲਈ ਰਾਹਤ ਦੀ ਅਦਾਇਗੀ

*180 **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 23 ਨਵੰਬਰ, 2006 ਨੂੰ ਨੂਰਮਹਿਲ-ਬਿਲਗਾ ਰੇਲਵੇ ਲਾਈਨ ਤੇ ਗੁੰਮਟਾਲਾ ਵਿਖੇ ਸੁਰੱਖਿਆ ਪੱਖੋਂ ਕਿਸੇ ਵਿਅਕਤੀ ਦੇ ਡਿਊਟੀ ਤੇ ਨਾ ਹੋਣ ਕਰਕੇ ਰੇਲਵੇ ਕਰਾਸਿੰਗ ਤੇ ਹੋਈ ਦੁਰਘਟਨਾ ਦੇ ਸ਼ਿਕਾਰ ਹੋਏ ਵਿਅਕਤੀਆਂ ਦੇ ਵਾਰਸਾਂ ਅਤੇ ਜ਼ਖਮੀਆਂ ਨੂੰ ਵੰਡੀ ਗਈ ਰਾਹਤ ਦੇ ਵੇਰਵੇ ਕੀ ਹਨ?

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਇਹ ਮਾਮਲਾ ਵਿਚਾਰ ਅਧੀਨ ਹੈ।

**ਸਰਦਾਰ ਅਮਰਜੀਤ ਸਿੰਘ ਸਮਰਾ** : ਸਪੀਕਰ ਸਾਹਿਬ, ਮਿਤੀ 23 ਨਵੰਬਰ, 2006 ਨੂੰ ਲੜਕੀਆਂ ਦੇ ਕਾਲਜ ਨੂੰ ਜਾਣ ਵਾਲੀ ਬੱਸ ਦਾ ਰੇਲਵੇ ਲਾਈਨ-ਕਰਾਸਿੰਗ ਤੇ ਐਕਸੀਡੈਂਟ ਹੋ ਗਿਆ। ਉਸ ਐਕਸੀਡੈਂਟ ਕਾਰਨ 4 ਲੜਕੀਆਂ ਦੀ ਹਸਪਤਾਲ ਵਿੱਚ ਜਾ ਕੇ ਮੌਤ ਹੋ ਗਈ ਅਤੇ 29 ਫੱਟੜ ਹੋ ਗਈਆਂ। ਸਾਡੇ ਭੁੱਲਰ ਸਾਹਿਬ ਦਾ ਇਹ ਨੂਰਮਹਿਲ ਹਲਕਾ ਹੈ। ਉਸ ਸਮੇਂ ਸੀ.ਐਮ. ਸਾਹਿਬ ਨੇ ਮੈਨੂੰ ਉੱਥੇ ਭੇਜਿਆ ਸੀ ਤੇ ਮੈਂ ਜਿਨ੍ਹਾਂ ਲੜਕੀਆਂ ਦੀ ਮੌਤ ਹੋ ਗਈ ਸੀ ਉਨ੍ਹਾਂ ਲਈ ਸੀ.ਐਮ. ਸਾਹਿਬ ਦੇ ਬੀਹਾਫ ਤੇ ਪੰਜ-ਪੰਜ ਲੱਖ ਰੁਪਏ ਅਨਾਊਂਸ ਕਰ ਦਿੱਤੇ ਸਨ। ਲੇਕਿਨ ਹੁਣ ਬਹੁਤ ਦੇਰ ਹੋ ਗਈ ਹੈ। ਇਸ ਤੋਂ ਬਾਅਦ ਇਲੈਕਸ਼ਨ ਕੋਡ ਆਫ ਕੰਡਕਟ ਲਾਗੂ ਹੋ ਗਿਆ ਜਿਸ ਕਰਕੇ ਇਹ ਪੈਸੇ ਉਨ੍ਹਾਂ ਨੂੰ ਦਿੱਤੇ ਜਾ ਨਹੀਂ ਸਕੇ। ਹੁਣ ਇਸ ਸਰਕਾਰ ਨੂੰ ਬਣੀ ਨੂੰ ਤਿੰਨ ਮਹੀਨੇ ਦਾ ਸਮਾਂ ਹੋ ਗਿਆ ਹੈ। ਕ੍ਰਿਪਾ ਕਰਕੇ ਇਹ ਪੈਸੇ ਉਨ੍ਹਾਂ ਨੂੰ ਦੇ ਦੇਣ। ਇਹ ਭੁੱਲਰ ਸਾਹਿਬ ਦਾ ਹਲਕਾ ਹੈ। ਅਨਾਊਂਸਮੈਂਟ ਕੀਤੀ ਹੋਈ ਹੈ। ਇਹ ਠੀਕ ਨਹੀਂ ਲਗਦਾ। ਇਸ ਕਰਕੇ ਬੇਨਤੀ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਇਹ ਰਕਮ ਉਨ੍ਹਾਂ ਦੇ ਵਾਰਸਾਂ ਨੂੰ ਦੇ ਦਿੱਤੀ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਇਹ ਮਨਿਸਟਰ ਸਨ। ਇਨ੍ਹਾਂ ਨੇ ਪੰਜ ਲੱਖ ਰੁਪਿਆ ਜਿਨ੍ਹਾਂ ਦੀ ਮੌਤ ਹੋ ਗਈ ਸੀ ਉਨ੍ਹਾਂ ਨੂੰ ਅਤੇ 50,000/- ਰੁਪਏ ਜਿਹੜੇ ਜ਼ਖਮੀ ਹੋ ਗਏ ਸਨ, ਉਨ੍ਹਾਂ ਨੂੰ ਦੇਣ ਲਈ ਅਨਾਊਂਸ ਕੀਤਾ ਸੀ। ਕੁਲ ਮਿਲਾ ਕੇ ਇਹ ਰਕਮ 20.50 ਲੱਖ ਜਾਂ 20.70 ਲੱਖ ਰੁਪਏ ਦੇ ਕਰੀਬ ਬਣਦੀ ਹੈ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਿਹੜੀ ਇਹ ਉੱਥੇ ਅਨਾਊਂਸਮੈਂਟ ਕਰਕੇ ਆਏ, ਇਹ ਜਿਹੜਾ ਚੀਫ ਮਨਿਸਟਰ ਰਿਲੀਫ ਫੰਡ ਹੁੰਦਾ ਹੈ, ਜਿਹੜਾ ਰਾਹਤ ਫੰਡ ਹੁੰਦਾ ਹੈ, ਉਸ ਦੇ ਵਿੱਚੋਂ ਇਹ 22 ਲੱਖ ਰੁਪਏ ਦੇ ਕਰੀਬ ਅਨਾਊਂਸਮੈਂਟ ਕਰਕੇ ਆਏ ਸਨ ਪਰ ਨਵੰਬਰ, ਦਸੰਬਰ, ਜਨਵਰੀ ਅਤੇ ਫਰਵਰੀ ਇਨ੍ਹਾਂ 3-4 ਮਹੀਨਿਆਂ ਵਿੱਚ ਇਨ੍ਹਾਂ ਨੇ ਇਹ ਪੈਸਾ ਰਿਲੀਜ਼ ਨਹੀਂ ਕਰਵਾਇਆ। ਜਿਸ ਵੇਲੇ

Original with;
Punjab Vidhan Sabha
Digitized by;
Panjab Digital Library

ਸਰਕਾਰ ਬਣੀ ਉਸ ਵੇਲੇ ਚੀਫ ਮਨਿਸਟਰ ਰਿਲੀਫ ਫੰਡ ਵਿੱਚ ਕੇਵਲ 13 ਲੱਖ ਰੁਪਏ ਸੀ। 19 ਕਰੋੜ ਰੁਪਏ ਦੀਆਂ ਇਹੋ ਜਿਹੀਆਂ ਅਨਾਊਂਸਮੈਂਟਾਂ ਹੋ ਚੁੱਕੀਆਂ ਸਨ। ਇਹ ਭਾਵੇਂ ਡਿਪਟੀ ਕਮਿਸ਼ਨਰਾਂ ਨੇ ਕੀਤੀਆਂ ਤੇ ਭਾਵੇਂ ਮੁੱਖ ਮੰਤਰੀ ਸਾਹਿਬ ਨੇ ਕੀਤੀਆਂ। ਇਸ ਤਰ੍ਹਾਂ ਤਕਰੀਬਨ 19 ਕਰੋੜ ਰੁਪਏ ਦੇ ਵਾਅਦੇ ਸਰਕਾਰ ਨੇ ਕੀਤੇ ਹੋਏ ਸਨ ਜਦੋਂ ਕਿ ਇਸ ਫੰਡ ਵਿੱਚ ਕੇਵਲ 13 ਲੱਖ ਰੁਪਏ ਉਪਲਬਧ ਸੀ। ਬਦਕਿਸਮਤੀ ਇਹ ਕਿ ਚੀਫ ਮਨਿਸਟਰ ਰਿਲੀਫ ਫੰਡ ਇਕ ਵਲੰਟਰੀ ਡੋਨੇਸ਼ਨ ਨਾਲ ਚਲਦਾ ਹੈ। ਇਸ ਵਿੱਚ ਕੋਈ ਬਜਟ ਦੀ ਸਪੋਰਟ ਨਹੀਂ ਹੁੰਦੀ ਕਿ ਬਜਟ ਵਿੱਚੋਂ ਪੈਸੇ ਪਾ ਦਿੱਤੇ ਜਾਣ ਅਤੇ ਇਹ ਕੇਸ ਨਿਪਟਾਏ ਜਾਣ। ਅੱਜ ਪ੍ਰਮਾਤਮਾ ਨਾ ਕਰੇ ਜੇਕਰ ਕਿਸੇ ਵੇਲੇ ਕੋਈ ਕੁਦਰਤੀ ਕਲੈਮਿਟੀ ਆ ਜਾਵੇ ਤਾਂ ਉਸ ਵੇਲੇ ਚੀਫ ਮਨਿਸਟਰ ਅਪੀਲ ਕਰਦੇ ਹਨ ਤੇ ਰਿਲੀਫ ਫੰਡ ਵਿੱਚ ਪੈਸੇ ਆ ਜਾਂਦੇ ਹਨ। ਇਸ ਲਈ ਮੈਂ ਜਵਾਬ ਦਿੱਤਾ ਹੈ ਕਿ ਜਿਹੜਾ ਚੀਫ ਮਨਿਸਟਰ ਰਿਲੀਫ ਫੰਡ ਹੁੰਦਾ ਹੈ ਉਹ ਕਿਸੇ ਬੀਮਾਰ, ਗਰਜ਼ਮੰਦ ਅਤੇ ਦਰਦਮੰਦ ਵਾਸਤੇ ਹੁੰਦਾ ਹੈ as and when ਜਦੋਂ ਇਸ ਰਾਹਤ ਫੰਡ ਵਿੱਚ ਪੈਸੇ ਆ ਜਾਣਗੇ, ਉਨ੍ਹਾਂ ਨੂੰ ਇਹ ਪੈਸੇ ਦੇ ਦਿੱਤੇ ਜਾਣਗੇ ਲੇਕਿਨ ਇਸ ਵੇਲੇ ਇਸ ਫੰਡ ਵਿੱਚ ਪੈਸੇ ਹੈ ਨਹੀਂ।

**ਮਾਨਯੋਗ ਸਪੀਕਰ** : ਸਮਰਾ ਜੀ, ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਪੈਸੇ ਦੇ ਦਿੱਤੇ ਜਾਣਗੇ।

**ਸਰਦਾਰ ਅਮਰਜੀਤ ਸਿੰਘ ਸਮਰਾ** : ਇਹ ਇਕ ਬੇਹੱਦ ਦਰਦਨਾਕ ਕੇਸ ਹੈ। ਮੇਰੀ ਬੇਨਤੀ ਹੈ ਕਿ ਇਸ ਨੂੰ ਪਹਿਲ ਦਿੱਤੀ ਜਾਵੇ।

---

## ਜਨਤਕ ਪਾਰਕਾਂ ਦਾ ਕੰਟਰੋਲ ਨਗਰ ਪਾਲਿਕਾ, ਮੋਹਾਲੀ ਨੂੰ ਸੌਂਪਣਾ

* 196 **ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਏ.ਐਸ. ਨਗਰ, ਮੋਹਾਲੀ ਵਿੱਚ ਜਨਤਕ ਪਾਰਕਾਂ ਦੀ ਪੁੱਡਾ ਦੁਆਰਾ ਠੀਕ ਤਰ੍ਹਾਂ ਸੰਭਾਲ ਨਹੀਂ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਪਾਰਕਾਂ ਦਾ ਕੰਟਰੋਲ ਮਿਊਂਸਿਪਲ ਕਮੇਟੀ, ਐਸ.ਏ.ਐਸ. ਨਗਰ ਨੂੰ ਸੌਂਪਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਨਹੀਂ ਸ੍ਰੀਮਾਨ ਜੀ, ਇਹ ਠੀਕ ਨਹੀਂ ਹੈ। ਗਮਾਡਾ ਵੱਲੋਂ ਪਾਰਕਾਂ ਦਾ ਕੰਮ ਸੁਚੱਜੇ ਢੰਗ ਨਾਲ ਸੰਭਾਲਿਆ ਜਾ ਰਿਹਾ ਹੈ। ਉਨ੍ਹਾਂ ਪਾਰਕਾਂ ਦੀ ਟਰਾਂਸਫਰ, ਜਿਹੜੀਆਂ ਉਨ੍ਹਾਂ ਸੈਕਟਰਾਂ ਵਿੱਚ ਸਥਿਤ ਹਨ, ਜੋ ਪਹਿਲਾਂ ਹੀ ਗਮਾਡਾ ਵੱਲੋਂ ਮਿਊਂਸਿਪਲ ਕੌਂਸਲ, ਐਸ.ਏ.ਐਸ. ਨਗਰ ਨੂੰ ਤਬਦੀਲ ਕੀਤੇ ਜਾ ਚੁੱਕੇ ਹਨ, ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਬੀਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਪਾਰਕਾਂ ਦੀ ਹਾਲਤ ਬੜੀ ਖਸਤਾ ਹੈ। ਉਨ੍ਹਾਂ ਵਿੱਚ ਨਾ ਤਾਂ ਕੋਈ ਪਾਣੀ ਦਾ ਪ੍ਰਬੰਧ ਹੈ ਅਤੇ ਨਾ ਹੀ ਕੋਈ ਬਹੁਤ ਜ਼ਿਆਦਾ ਲਾਈਟ ਦਾ ਪ੍ਰਬੰਧ ਹੈ ਔਰ ਜਿਹੜੇ ਸੈਰ ਕਰਨ ਲਈ ਰੈਂਪ ਬਣਾਏ ਹੋਏ ਹਨ, ਉਨ੍ਹਾਂ ਦੀ ਵੀ ਹਾਲਤ ਮਾੜੀ ਹੈ। ਸਭ ਤੋਂ ਵੱਡੀ ਜਿਹੜੀ ਕੌੜੀ ਸਚਾਈ ਹੈ ਉਹ ਇਹ ਹੈ ਕਿ ਪਾਰਕਾਂ ਦੀ ਆਊਟਰ-ਸਾਈਡ ਮਿਊਂਸਿਪਲ ਕਮੇਟੀ ਕੋਲ ਹੈ ਅਤੇ ਇਨਰ ਸਾਈਡ ਪੁੱਡਾ (ਗਮਾਡਾ) ਕੋਲ ਹੈ। ਪੁੱਡਾ ਵਾਲੇ ਸਾਰਾ ਗੰਦ ਇਕੱਠਾ ਕਰਕੇ ਵਿਚਾਲੇ ਢੇਰ ਲਗਾ ਦਿੰਦੇ ਹਨ ਜਿਸ ਨਾਲ ਲੋਕਾਂ ਨੂੰ ਬੜੀ ਭਾਰੀ ਪਰੇਸ਼ਾਨੀ ਹੁੰਦੀ ਹੈ। ਕੀ ਇਸ ਬਾਰੇ ਕੋਈ ਕਮੇਟੀ ਬਣਾਈ ਜਾਵੇਗੀ ਜੋ ਇਸ ਸਾਰੇ ਹਾਲਾਤ ਨੂੰ ਵੇਖ ਸਕੇ?

**ਮੰਤਰੀ** : ਸਪੀਕਰ ਸਾਹਿਬ, ਦਰਅਸਲ ਮੁਹਾਲੀ ਵਿੱਚ ਕੁੱਲ 506 ਪਾਰਕ ਹਨ ਜਿਨ੍ਹਾਂ ਦਾ ਕੁੱਲ ਰਕਬਾ 259 ਏਕੜ ਦੇ ਕਰੀਬ ਬਣਦਾ ਹੈ ਅਤੇ ਹਰ ਸਾਲ ਗਮਾਡਾ ਇਨ੍ਹਾਂ ਪਾਰਕਾਂ ਦੀ ਮੇਨਟੇਨੈਂਸ ਵਾਸਤੇ ਤਕਰੀਬਨ ਇਕ ਕਰੋੜ ਰੁਪਿਆ ਖਰਚ ਕਰਦਾ ਹੈ। ਜਿਹੜਾ ਸਵਾਲ ਮੈਂਬਰ ਸਾਹਿਬ ਨੇ ਪੁੱਛਿਆ ਹੈ, ਇਹ ਗਮਾਡਾ ਦੀ ਡਿਊਟੀ ਨਹੀਂ ਕਿ ਉਹ ਪਾਰਕਾਂ ਦੀ ਸਾਂਭ-ਸੰਭਾਲ ਕਰੇ। ਸਰਕਾਰ ਇਸ ਤੇ ਵਿਚਾਰ ਕਰ ਰਹੀ ਹੈ ਕਿਉਂਜੋ ਇਸ ਉੱਤੇ ਆਡਿਟ ਦਾ ਆਬਜੈਕਸ਼ਨ ਵੀ ਲੱਗਾ ਹੋਇਆ ਹੈ ਕਿ ਗਮਾਡਾ ਦੀ ਪਾਰਕਾਂ ਨੂੰ ਮੈਨਟੇਨ ਕਰਨ ਦੀ ਡਿਊਟੀ ਨਹੀਂ ਬਲਕਿ ਇਹ ਮਿਊਂਸਿਪਲ ਕਮੇਟੀ ਦੀ ਹੈ। ਗਮਾਡਾ ਦੀ ਡਿਊਟੀ ਹੈ ਕਿ ਇਕ ਵਾਰ ਜਦੋਂ ਸ਼ਹਿਰ ਜਾਂ ਕਲੋਨੀ ਡਿਵੈਲਪਡ ਹੋ ਜਾਂਦੀ ਹੈ and within five years, this should be handed over to the local body. ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਹੈ, ਉਸ ਤੇ ਪਹਿਲਾਂ ਹੀ ਆਡਿਟ ਦਾ ਆਬਜੈਕਸ਼ਨ ਹੈ। ਕੋਈ 70 ਲੱਖ ਰੁਪਏ ਜਾਂ ਇਕ ਕਰੋੜ ਰੁਪਏ ਮੈਨਟੇਨੈਂਸ ਦੇ ਸਲਾਨਾ ਖਰਚ ਕੀਤੇ ਜਾ ਰਹੇ ਹਨ। ਸਰਕਾਰ ਵਿਚਾਰ ਕਰ ਰਹੀ ਹੈ ਕਿ 15 ਪੁਰਾਣੇ ਸੈਕਟਰਾਂ ਵਿਚ ਅਤੇ 4 ਆਊਟਰ ਸੈਕਟਰਾਂ ਵਿਚ ਸਾਰੇ ਪਾਰਕਾਂ ਦੀ ਮੈਨਟੇਨੈਂਸ, ਐਸ.ਏ.ਐਸ. ਨਗਰ ਦੀ ਮਿਊਂਸਿਪਲ ਕਮੇਟੀ ਨੂੰ ਸੌਂਪੀ ਜਾਵੇ।

**ਸਰਦਾਰ ਬਲਬੀਰ ਸਿੰਘ ਸਿੱਧੂ** : ਮੇਰੀ ਬੇਨਤੀ ਹੈ ਕਿ ਜੇਕਰ ਪਾਰਕਾਂ ਦੀ ਤਬਦੀਲੀ ਮਿਊਂਸਿਪਲ ਕਮੇਟੀ ਨੂੰ ਕਰਨੀ ਹੈ ਤਾਂ ਉਨ੍ਹਾਂ ਦੀ ਦੇਖ-ਰੇਖ ਉਤੇ ਪੈਸਾ ਵੀ ਖਰਚ ਹੋਣਾ ਹੈ, ਇਸ ਲਈ ਕੀ ਸਰਕਾਰ ਫੰਡ ਮਿਊਂਸਿਪਲ ਕਮੇਟੀ ਨੂੰ ਮੁਹੱਈਆ ਕਰਵਾਏਗੀ ਕਿਉਂਕਿ ਮਿਊਂਸਿਪਲ ਕਮੇਟੀ ਕੋਲ ਤਾਂ ਸੀਮਤ ਸਾਧਨ ਤੇ ਫੰਡ ਹੀ ਹੁੰਦੇ ਹਨ?

**ਮਾਨਯੋਗ ਸਪੀਕਰ** : ਇਹ ਲੋਕਲ ਬਾਡੀਜ਼ ਵਿਭਾਗ ਨਾਲ ਸਬੰਧ ਰੱਖਦਾ ਹੈ, ਉਨ੍ਹਾਂ ਕੋਲੋਂ ਪੁੱਛ ਲੈਣਾ ਸੀ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸ਼ਾਇਦ ਮਿਊਂਸਿਪਲ ਕਮੇਟੀ ਇਨ੍ਹਾਂ ਕੋਲ ਹੀ ਹੈ। ਲੋਕਲ ਬਾਡੀਜ਼ ਨੂੰ ਸੜਕਾਂ ਟਰਾਂਸਫਰ ਕੀਤੀਆਂ ਹਨ, ਲੋਕਲ ਬਾਡੀਜ਼ ਨੂੰ ਹੀ ਸੀਵਰੇਜ ਤੇ ਵਾਟਰ-ਸਪਲਾਈ ਸੌਂਪੀ ਗਈ ਹੈ। ਇਸੇ ਤਰ੍ਹਾਂ ਪਾਰਕਾਂ ਦਾ ਰੱਖ-ਰਖਾਵ ਵੀ ਇਨ੍ਹਾਂ ਨੂੰ ਹੀ ਕਰਨਾ ਪੈਣਾ ਹੈ। ਇਸ ਵਾਸਤੇ ਕੋਈ ਨਵਾਂ ਤਰੀਕਾ, ਕੋਈ ਪ੍ਰਾਈਵੇਟ ਵਿਅਕਤੀਆਂ ਨਾਲ ਗੱਲ ਕਰ ਲੈਣ, ਕੁਝ ਨਾ ਕੁਝ ਵਿਚਾਰ ਕਰ ਲੈਣ, ਪਾਰਕਾਂ ਦੀ ਮੈਨਟੇਨੈਂਸ ਗਮਾਡਾ ਦੀ ਜ਼ਿੰਮੇ ਵਾਰੀ ਨਹੀਂ, ਇਨ੍ਹਾਂ ਨੂੰ ਆਪ ਹੀ ਕਰਨੇ ਪੈਣੇ ਹਨ।

---

## ਅੰਮ੍ਰਿਤਸਰ ਵਿੱਚ ਕਲੱਬਾਂ ਨੂੰ ਹਟਾਉਣਾ

*210 **ਸ਼੍ਰੀ ਅਨਿਲ ਜੋਸ਼ੀ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਸਥਿਤ ਕੁੱਝ ਕਲੱਬਾਂ ਨੂੰ ਸਰਕਾਰ ਦੁਆਰਾ ਹਟਾਇਆ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਣ ਹਨ?

**ਸ਼੍ਰੀ ਮਨੋਰੰਜਨ ਕਾਲੀਆ** : ਸ਼੍ਰੀਮਾਨ ਜੀ, ਇਸ ਸਵਾਲ ਦਾ ਜਵਾਬ ਅਨੁਲੱਗ-'ੳ' ਅਨੁਸਾਰ ਮਾਨਯੋਗ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

### ਅਨੁਲੱਗ - 'ੳ'

ਅੰਮ੍ਰਿਤਸਰ ਸ਼ਹਿਰ ਵਿਖੇ ਰਾਮ ਬਾਗ ਗਾਰਡਨ ਵਿਖੇ 3 ਕਲੱਬ ਅੰਮ੍ਰਿਤਸਰ ਕਲੱਬ, ਸਰਵਿਸ ਕਲੱਬ ਅਤੇ ਲਸਮਡਨ ਕਲੱਬ ਸਥਿਤ ਹਨ, ਜਿਨਾਂ ਨੂੰ ਨਗਰ ਨਿਗਮ, ਅੰਮ੍ਰਿਤਸਰ ਵਲੋਂ ਜ਼ਮੀਨ ਲੀਜ਼ ਤੇ ਦਿੱਤੀ ਗਈ ਸੀ। ਇਨ੍ਹਾਂ ਕਲੱਬਾਂ ਦੇ ਕਬਜ਼ੇ ਵਿੱਚ ਹੇਠ ਲਿਖੇ ਅਨੁਸਾਰ ਰਕਬਾ ਹੈ:-

1. ਅੰਮ੍ਰਿਤਸਰ ਕਲੱਬ 14620 ਵਰਗ ਗਜ਼
2. ਸਰਵਿਸ ਕਲੱਬ 10896 ਵਰਗ ਗਜ਼
3. ਲਮਸਡਨ ਕਲੱਬ 13291 ਵਰਗ ਗਜ਼

ਇਨ੍ਹਾਂ ਦੀ ਲੀਜ਼ ਦਾ ਸਮਾਂ ਪਹਿਲਾਂ ਹੀ ਖਤਮ ਹੋ ਚੁੱਕਾ ਹੈ। ਇਹ ਇਸ ਤੋਂ ਬਾਅਦ ਉਪਰੋਕਤ ਕਲੱਬ ਇਸ ਜਗ੍ਹਾ ਤੇ ਨਜਾਇਜ਼ ਕਾਬਜ਼ ਹਨ। ਅੰਮਿਤਸਰ ਕਲੱਬ ਦੀ ਲੀਜ਼ ਦਾ ਸਮਾਂ 31-10-88, ਲਮਸਡਨ ਕਲੱਬ ਦਾ 31-10-88 ਅਤੇ ਸਰਵਿਸ ਕਲੱਬ ਦੀ ਲੀਜ਼ ਦਾ ਸਮਾਂ 16-8-91 ਨੂੰ ਖਤਮ ਹੋ ਚੁੱਕਾ ਹੈ। ਉਪਰੋਕਤ ਕਲੱਬ ਇੱਥੇ ਹੁਣ ਨਜਾਇਜ਼ ਤੌਰ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ ਮੰਤਰੀ ]

ਤੇ ਚਲੇ ਆ ਰਹੇ ਹਨ। ਨਗਰ ਨਿਗਮ ਨੇ ਉਪਰੋਕਤ ਕਲੱਬਾਂ ਵਲੋਂ ਜਿਹੜਾ ਵਾਧੂ ਨਜਾਇਜ਼ ਜ਼ਮੀਨ ਮੱਲੀ ਸੀ, ਉਸ ਨੂੰ ਖਾਲੀ ਕਰਨ ਵਾਸਤੇ ਐਸ.ਡੀ.ਐਮ.-1 ਕਮ-ਕੁਲੈਕਟਰ, ਅੰਮ੍ਰਿਤਸਰ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਹੈ। ਜਿਸ ਨੇ ਆਪਣੇ ਹੁਕਮ ਮਿਤੀ 10-2-2003 ਵਿੱਚ ਉਪਰੋਕਤ ਕਲੱਬਾਂ ਨੂੰ ਵਾਧੂ ਦੀ ਨਜਾਇਜ਼ ਮੱਲੀ ਜ਼ਮੀਨ ਖਾਲੀ ਕਰਨ ਲਈ ਕਿਹਾ ਸੀ ਜਿਹੜੀ ਕਿ 23-5-2003 ਨੂੰ ਖਾਲੀ ਕਰਵਾ ਲਈ ਗਈ ਸੀ। ਇਸ ਦੌਰਾਨ ਇੱਥੇ ਇਹ ਦੱਸਿਆ ਜਾਂਦਾ ਹੈ ਕਿ ਟੂਰਿਜ਼ਮ ਅਤੇ ਸਭਿਆਚਾਰਕ ਮਾਮਲੇ ਵਿਭਾਗ ਪੰਜਾਬ ਨੇ ਆਪਣੇ ਨੋਟੀਫਿਕੇਸ਼ਨ ਨੰ: 1/14/97-4-ਈ-ਐਸ-732-36, ਮਿਤੀ 8/10/97 ਰਾਹੀਂ ਰਾਮ ਬਾਗ ਗਾਰਡਨ ਨੂੰ ਪੰਜਾਬ ਪੁਰਾਤਵ ਇਤਿਹਾਸਕ ਇਮਾਰਤ ਅਤੇ ਸਾਈਟਸ ਐਕਟ 1964 ਦੀ ਧਾਰਾ 4(3) ਅਧੀਨ ਪਰੋਟੈਕਟਿਡ ਜਗ੍ਹਾ ਘੋਸ਼ਿਤ ਕੀਤਾ ਹੈ। ਹੁਣ ਇਹ ਇਤਿਹਾਸਕ ਬਾਗ ਦਾ ਹੈਰੀਟੇਜ ਮਾਨੂਮੈਂਟਸ (ਵਿਰਾਸਤ ਸਮਾਰਕੀ) ਦੇ ਨਿਯਮਾਂ ਅਨੁਸਾਰ ਵਿਕਸਿਤ/ਰਖ ਰਖਾਵ ਕੀਤਾ ਜਾਣਾ ਹੈ। ਅੰਮ੍ਰਿਤਸਰ ਵਿਕਾਸ ਮੰਚ (ਐਨ.ਜੀ.ਓ.) ਰਾਹੀਂ ਇਸ ਦੇ ਪ੍ਰਧਾਨ ਵਲੋਂ ਸਿਵਲ ਰਿਟ ਪਟੀਸ਼ਨ ਨੰ: 12332 ਆਫ 2002 ਰਾਮ ਬਾਗ ਗਾਰਡਨ ਵਿੱਚ ਇਨ੍ਹਾਂ ਕਲੱਬਾਂ ਨੂੰ ਕੱਢਣ ਲਈ ਮਾਨਯੋਗ ਹਾਈਕੋਰਟ ਵਿੱਚ ਰਿਟ ਦਾਇਰ ਕੀਤੀ ਗਈ।

ਮਾਨਯੋਗ ਹਾਈ ਕੋਰਟ ਨੇ ਨਗਰ ਨਿਗਮ ਨੂੰ ਸਿਵਲ ਰਿਟ ਪਟੀਸ਼ਨ ਨੰ: 12332 ਆਫ 2002 ਵਿੱਚ ਆਪਣੇ ਫੈਸਲੇ ਮਿਤੀ 27-5-2003 ਦੇ ਹੁਕਮਾਂ ਨੂੰ ਸਖਤੀ ਨਾਲ ਲਾਗੂ ਕਰਨ ਦੇ ਹੁਕਮ ਕੀਤੇ ਜਿਸ ਵਿੱਚ ਉਨ੍ਹਾਂ ਨੇ ਇਨ੍ਹਾਂ ਕੱਲਬਾਂ ਨੂੰ 7 ਦਿਨਾਂ ਦੇ ਅੰਦਰ ਬੇਦਖਲੀ ਸਬੰਧੀ ਨੋਟਿਸ ਜਾਰੀ ਕਰਨ ਲਈ ਕਿਹਾ ਗਿਆ। ਮਾਨਯੋਗ ਹਾਈਕੋਰਟ ਨੇ ਇਹ ਵੀ ਕਿਹਾ ਕਿ ਜਿਹੜੀਆਂ ਇਮਾਰਤਾਂ ਲੀਜ਼ ਦਾ ਸਮਾਂ ਖਤਮ ਹੋਣ ਤੋਂ ਬਾਦ ਵੀ ਕਾਬਜ਼ ਹਨ, ਉਹ ਕਿਸੇ ਵੀ ਅਦਾਲਤੀ ਕਾਰਵਾਈ ਦੀ ਦੁਰਵਰਤੋਂ ਕਰਕੇ ਕੋਈ ਸਟੇਅ ਨਾ ਲੈ ਸਕਣ। ਇਸ ਲਈ ਹਾਈਕੋਰਟ ਨੇ ਕਿਹਾ ਕਿ ਕੋਈ ਵੀ ਅਦਾਲਤ ਚੰਡੀਗੜ੍ਹ/ਅੰਮ੍ਰਿਤਸਰ ਇਨ੍ਹਾਂ ਕੱਲਬਾਂ ਨੂੰ ਐਕਸਪਾਰਟੀ ਸਟੇਅ ਨਹੀਂ ਦੇਵੇਗੀ। ਇਸ ਤੋਂ ਬਾਅਦ ਨਗਰ ਨਿਗਮ ਨੇ ਜੇਰੇ ਧਾਰਾ 246-ਏ ਪੰਜਾਬ ਮਿਊਂਸਿਪਲ ਕਾਰਪੋਰੇਸ਼ਨ ਐਕਟ 1976 ਦੇ ਤਹਿਤ ਮਿਤੀ 2-6-03 ਨੂੰ ਇਨ੍ਹਾਂ ਕਲੱਬਾਂ ਨੂੰ ਕੱਢਣ ਲਈ ਨੋਟਿਸ ਜਾਰੀ ਕੀਤੇ, ਕਿਉਂਕਿ ਇਨ੍ਹਾਂ ਕਲੱਬਾਂ ਦੀ ਲੀਜ਼ ਦਾ ਸਮਾਂ ਖਤਮ ਹੋ ਚੁੱਕਾ ਸੀ। ਇਸ ਤੋਂ ਬਾਦ ਕਲੱਬਾਂ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਵਲ ਰਿਟ ਪਟੀਸ਼ਨ ਨੰ: 14203 ਆਫ 2003, 14262 ਆਫ 2003 ਅਤੇ 1741 ਆਫ 2003 ਮਿਊਂਸਿਪਲ ਕਾਰਪੋਰੇਸ਼ਨ ਦੇ ਖਿਲਾਫ ਦਾਇਰ ਕੀਤੀਆਂ ਸਨ। ਇਨ੍ਹਾਂ ਰਿਟ ਪਟੀਸ਼ਨਾਂ ਵਿੱਚ ਕਲੱਬਾਂ ਨੇ ਮਾਨਯੋਗ ਹਾਈਕੋਰਟ ਅੱਗੇ ਮੰਗ ਕੀਤੀ ਕਿ ਕਲੱਬਾਂ ਨੂੰ ਖਾਲੀ ਕਰਨ ਦੇ ਨੋਟਿਸ ਜੋ ਕਿ ਨਗਰ ਨਿਗਮ, ਅੰਮ੍ਰਿਤਸਰ ਵਲੋਂ ਦਿੱਤੇ ਗਏ ਹਨ ਉਹ ਖਾਰਜ ਕੀਤੇ ਜਾਣ ਤੇ ਉਨ੍ਹਾਂ ਨੂੰ ਨਜਾਇਜ਼ ਹੀ ਰਾਮ ਬਾਗ ਗਾਰਡਨ ਵਿਚੋਂ ਕੱਢਿਆ ਨਾ ਜਾਵੇ। ਇਹ ਸਾਰੀਆਂ ਰਿਟ ਪਟੀਸ਼ਨਾਂ ਬਾਦ ਵਿੱਚ ਇੱਕਠੀਆਂ ਕੀਤੀਆਂ ਗਈਆਂ ਸਨ। ਕਲੱਬਾਂ

Original with;
Punjab Vidhan Sabha
Digitized by;
Panjab Digital Library

ਦੀ ਮੈਨੇਜਮੈਂਟ ਵਲੋਂ ਦਾਇਰ ਕੀਤੀਆਂ ਗਈਆਂ ਰਿੱਟਾਂ ਦੇ ਸਬੰਧ ਵਿਚ ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਸਟੇਟਮੈਂਟ ਦਿੱਤੀ ਕਿ ਕਲੱਬਾਂ ਦੀ ਲੀਜ਼ ਦਾ ਸਮਾਂ ਖਤਮ ਹੋ ਚੁੱਕਾ ਹੈ ਅਤੇ ਨਗਰ ਨਿਗਮ ਨੇ ਕਲੱਬਾਂ ਦੀ ਬੇਦਖਲੀ ਲਈ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਉਪਰੰਤ ਮਾਨਯੋਗ ਹਾਈਕੋਰਟ ਨੇ ਆਪਣੇ ਹੁਕਮ ਮਿਤੀ 21-9-06 ਨੂੰ ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੂੰ ਹਦਾਇਤ ਕੀਤੀ ਕਿ ਨਗਰ ਨਿਗਮ ਕਲੱਬਾਂ ਨੂੰ ਕੱਢਣ ਲਈ ਪਟੀਸ਼ਨਾਂ ਦੋ ਹਫਤੇ ਦੇ ਅੰਦਰ ਦਾਇਰ ਕਰੇ। ਉਪਰੋਕਤ ਬੇਦਖਲੀ ਦੀਆਂ ਪਟੀਸ਼ਨਾਂ ਨਗਰ ਨਿਗਮ ਨੇ ਮਾਨਯੋਗ ਕੁਲੈਕਟਰ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੰਜਾਬ ਪਬਲਿਕ ਪ੍ਰੀਮਿਸਜ਼ (ਇਵੀਕਸ਼ਨ ਐਂਡ ਰੈਂਟ ਰਿਕਵਰੀ ਐਕਟ) 1973 ਦੀ ਧਾਰਾ 5 ਅਤੇ 7 ਤਹਿਤ ਦਾਇਰ ਕੀਤੀਆਂ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਉਪਰੋਕਤ ਬੇਦਖਲੀ ਪਟੀਸ਼ਨਾਂ ਬਾਰੇ ਜਾਣੂ ਕਰਵਾਇਆ ਗਿਆ। ਮਾਨਯੋਗ ਹਾਈਕੋਰਟ ਨੇ ਆਪਣੇ ਹੁਕਮ ਮਿਤੀ 24-10-06 ਰਾਹੀਂ ਸਿਵਲ ਰਿਟ ਪਟੀਸ਼ਨ ਨੰ: 14203 ਵਿੱਚ ਹੁਕਮ ਕੀਤਾ ਕਿ ਕਿਉਂਕਿ ਬੇਦਖਲੀ ਦੀਆਂ ਪਟੀਸ਼ਨਾਂ ਸਮਰੀ ਪਰੋਸੀਡਿੰਗਜ਼ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੇ ਕੁਲੈਕਟਰ ਅੰਮ੍ਰਿਤਸਰ ਨੂੰ ਕਿਹਾ ਕਿ ਉਹ ਇਸ ਦਾ ਅੰਤਮ ਫੈਸਲਾ 29-5-2007 ਤੋਂ ਪਹਿਲਾਂ ਪਹਿਲਾਂ ਕਰੇ। ਇੱਥੇ ਇਹ ਵੀ ਦੱਸਣਾ ਵਰਨਣਯੋਗ ਹੈ ਕਿ ਨਗਰ ਨਿਗਮ ਨੇ ਇਸੇ ਦੌਰਾਨ ਆਪਣੇ ਰੈਜ਼ੋਲੇਸ਼ਨ ਨੰ: ਈ.ਓ/ਐਸ.ਏ-68, ਮਿਤੀ 16-11-2006 ਵਿੱਚ ਇਨ੍ਹਾਂ ਕਲੱਬਾਂ ਦੀ ਲੀਜ਼ 30 ਸਾਲ ਹੋਰ ਵਧਾਉਣ ਲਈ ਮਤਾ ਪਾਸ ਕੀਤਾ। ਇਸ ਮਤੇ ਉਤੇ ਉਸ ਸਮੇਂ ਦੇ ਕਮਿਸ਼ਨਰ, ਨਗਰ ਨਿਗਮ ਨੇ ਆਪਣੀ ਰਾਏ ਦਿੱਤੀ ਕਿ ਕਿਉਂਕਿ ਇਸ ਮਤੇ ਦੀ ਸਿਫਾਰਸ਼ ਉਚ ਅਥਾਰਟੀ ਤੋਂ ਆਈ ਹੈ, ਇਸ ਲਈ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ ਕਿ ਉਪਰੋਕਤ ਕੇਸ ਅਦਾਲਤ ਵਿੱਚ ਪੈਂਡਿੰਗ ਹੈ ਅਤੇ ਹਾਊਸ ਨੂੰ ਅਦਾਲਤ ਦੀ ਕਾਰਵਾਈ ਅਤੇ ਹਦਾਇਤਾਂ ਦਾ ਵੀ ਧਿਆਨ ਕਰਨਾ ਚਾਹੀਦਾ ਹੈ ਅਤੇ ਫਿਰ ਵੀ ਹਾਊਸ ਆਪਣਾ ਫੈਸਲਾ ਲੈਣ ਵਿਚ ਖੁਦਮੁਖਤਿਆਰ ਹੈ। ਸਰਕਾਰ ਵਲੋਂ ਉਪਰੋਕਤ ਮਤੇ ਦੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਅਤੇ ਸਰਕਾਰ ਨੇ ਆਪਣੇ ਪੱਤਰ ਮਿਤੀ 6/6/2007 ਅਨੁਸਾਰ ਉਪਰੋਕਤ ਮਤੇ ਤੇ ਕੁਝ ਟਿੱਪਣੀਆਂ/ਇਤਰਾਜ਼ ਲਗਾਏ, ਜੋ ਹੇਠ ਅਨੁਸਾਰ ਹਨ:-

"ਇਹ ਦੱਸਿਆ ਜਾਵੇ ਕਿ ਇਹਨਾਂ ਕਲੱਬਾਂ ਨੂੰ ਲੀਜ਼ ਕਿਵੇਂ ਦਿੱਤੀ ਗਈ ਸੀ? ਨਗਰ ਨਿਗਮ ਦਾ ਇਨ੍ਹਾਂ ਕਲੱਬਾਂ ਉੱਤੇ ਕੀ ਕੰਟਰੋਲ ਹੈ? ਨਗਰ ਨਿਗਮ ਨੂੰ ਉਪਰੋਕਤ ਕਲੱਬ ਕੀ ਆਮਦਨ ਦਿੰਦੇ ਹਨ? ਇਨ੍ਹਾਂ ਦੇ ਮੈਂਬਰ ਕੌਣ ਹਨ? ਇਨ੍ਹਾਂ ਦੀਆਂ ਇਮਾਰਤਾਂ ਦਾ ਸਾਂਭ ਸੰਭਾਲ ਕੌਣ ਕਰਦਾ ਹੈ? ਇਨ੍ਹਾਂ ਦੀਆਂ ਲੀਜ਼ ਦੀਆਂ ਅਸਲੀ ਫਾਈਲਾਂ ਸਰਕਾਰ ਨੂੰ ਭੇਜੀਆਂ ਜਾਣ" ਇਨ੍ਹਾਂ ਇਤਰਾਜ਼ਾਂ ਦਾ ਸਮੇਂ ਅਨੁਸਾਰ ਨਗਰ ਨਿਗਮ ਵਲੋਂ ਜਵਾਬ ਭੇਜਿਆ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ ਮੰਤਰੀ ]

ਸ਼੍ਰੀ ਵਿਮਲ ਸੇਤੀਆ, ਪੀ.ਸੀ.ਐਸ.,ਐਸ.ਡੀ.ਐਮ.-1/ਕੁਲੈਕਟਰ ਦੀ ਅਦਾਲਤ ਨੇ ਆਪਣੇ ਫੈਸਲੇ ਹੁਕਮ ਮਿਤੀ 25-5-2007 ਵਿੱਚ ਕਲੱਬਾਂ ਨੂੰ ਹਦਾਇਤ ਕੀਤੀ ਕਿ ਉਹ ਧਾਰਾ 5(1) ਅਨੁਸਾਰ ਕਲੱਬਾਂ ਵਾਲੀ ਜਗ੍ਹਾ ਮਿਤੀ 20-6-2007 ਤੋਂ ਪਹਿਲਾਂ ਪਹਿਲਾਂ ਖਾਲੀ ਕੀਤੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਗਰ ਨਿਗਮ ਨੂੰ ਹੱਕ ਹੋਵੇਗਾ ਕਿ ਉਹ ਇਸ ਐਕਟ ਦੀ ਧਾਰਾ 5(2) ਅਨੁਸਾਰ ਕਲੱਬਾਂ ਨੂੰ ਬਾਹਰ ਕੱਢਣ ਲਈ ਨਗਰ ਨਿਗਮ ਕਾਰਵਾਈ ਕਰੇਗਾ। ਕਲੱਬਾਂ ਦੀ ਮੈਨੇਜਮੈਂਟ ਨੇ ਕੁਲੈਕਟਰ ਦੇ ਫੈਸਲੇ ਵਿਰੁੱਧ ਡਵੀਜ਼ਨਲ ਕਮਿਸ਼ਨਰ, ਜਲੰਧਰ ਡਵੀਜ਼ਨ ਦੀ ਅਦਾਲਤ ਵਿੱਚ ਅਪੀਲ ਕੀਤੀ ਹੈ ਅਤੇ ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੂੰ ਇਸ ਅਦਾਲਤ ਵਿੱਚ ਮਿਤੀ 17-7-07 ਨੂੰ ਪੇਸ਼ ਹੋਣ ਲਈ ਨੋਟਿਸ ਆਫ ਮੋਸ਼ਨ ਜਾਰੀ ਕੀਤਾ ਹੈ, ਇਸ ਤੋਂ ਇਲਾਵਾ ਇਹ ਵੀ ਦੱਸਿਆ ਜਾਂਦਾ ਹੈ ਕਿ ਡਵੀਜ਼ਨਲ ਕਮਿਸ਼ਨਰ, ਜਲੰਧਰ ਡਵੀਜ਼ਨ ਦੀ ਅਦਾਲਤ ਵਲੋਂ ਇਸ ਸਬੰਧ ਵਿੱਚ ਕੋਈ ਸਟੇਅ ਜਾਰੀ ਨਹੀਂ ਕੀਤਾ ਗਿਆ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਅਦਾਲਤ ਨੇ ਸਿਵਲ ਰਿਟ ਪਟੀਸ਼ਨ ਨੰ: 14203 ਆਫ 2003 ਦੇ ਸਬੰਧ ਵਿੱਚ ਅਗਲੀ ਸੁਣਵਾਈ ਮਿਤੀ 30-7-2007 ਨੂੰ ਨਿਸ਼ਚਿਤ ਕੀਤੀ ਹੋਈ ਹੈ। ਭਾਰਤੀ ਪੁਰਾਤਤਵ ਸਰਵੇਖਣ ਨਗਰ ਨਿਗਮ, ਅੰਮ੍ਰਿਤਸਰ ਨਾਲ ਰਾਮ ਬਾਗ ਗਾਰਡਨ ਨੂੰ ਆਪਣੇ ਕਬਜ਼ੇ ਹੇਠ ਲੈਣ ਵਾਸਤੇ ਇਸ ਦੇ ਚੰਗੇ ਰਖ-ਰਖਾਵ ਅਤੇ ਵਿਕਾਸ ਸਬੰਧੀ ਆਪਣੇ ਨੋਟੀਫਿਕੇਸ਼ਨ ਨੰ: 1/14/97-4ਈ.ਐਸ.732-38, ਮਿਤੀ 8-10-97 ਦੇ ਅਨੁਸਾਰ ਲਗਾਤਾਰ ਪੱਤਰ ਵਿਹਾਰ ਕਰ ਰਿਹਾ ਹੈ।

**ਸ਼੍ਰੀ ਅਨਿਲ ਜੋਸ਼ੀ** : ਮਾਨਯੋਗ ਸਪੀਕਰ ਸਾਹਿਬ, 3-4 ਪੇਜਾਂ ਦਾ ਜਵਾਬ ਆਇਆ ਹੈ। ਜੇਕਰ ਇਹ ਜਵਾਬ ਇਕ-ਅੱਧਾ ਦਿਨ ਪਹਿਲਾਂ ਆ ਜਾਂਦਾ ਤਾਂ ਪੜ੍ਹ ਕੇ ਸਪਲੀਮੈਂਟਰੀ ਅੱਛੀ ਕੀਤੀ ਜਾ ਸਕਦੀ ਸੀ ਪਰ ਜਵਾਬ ਇੱਥੇ ਮੈਨੂੰ ਟੇਬਲ ਤੇ ਹੀ ਮਿਲਿਆ ਹੈ। ਫਿਰ ਵੀ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਇਨ੍ਹਾਂ ਕਲੱਬਾਂ ਨੂੰ ਖਾਲੀ ਕਰਨ ਲਈ ਕੋਈ ਦਾਅਵਾ ਪਾਇਆ ਹੈ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਮਾਮਲਾ ਸਬ-ਜੁਡਿਸ ਹੈ ਅਤੇ ਹਾਈਕੋਰਟ ਵਿੱਚ ਹੈ। 30-7-07 ਨੂੰ ਤਰੀਕ ਲੱਗੀ ਹੋਈ ਹੈ। ਇਸ ਲਈ ਇਸ ਤੇ ਕੋਈ ਬਹੁਤੀ ਡਿਸਕਸ਼ਨ ਹੋਣੀ ਬਣਦੀ ਨਹੀਂ।

**ਮਾਨਯੋਗ ਸਪੀਕਰ** : ਠੀਕ ਹੈ, ਥੈਂਕ ਯੂ।

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ.....

**ਮਾਨਯੋਗ ਸਪੀਕਰ** : ਉਨ੍ਹਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ the matter is sub-judice and cannot be taken up at this stage. Please take your seat.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਇਹ ਲੋਕਲ ਗੋਰਮਿੰਟ ਕੋਲ ਹੀ ਹੈ ਜੀ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ: 14203 ਆਫ 2003 ਦੇ ਸਬੰਧ ਵਿੱਚ ਅਗਲੀ ਸੁਣਵਾਈ 30-7-2007 ਨੂੰ ਨਿਸ਼ਚਿਤ ਕੀਤੀ ਗਈ ਹੈ। ਇਹ ਮਾਮਲਾ ਸਬ-ਜੁਡਿਸ ਹੈ ਜੀ।

**ਸ਼੍ਰੀ ਅਨਿਲ ਜੋਸ਼ੀ** : ਸਰ, ਹਾਈਕੋਰਟ ਸਿਰਫ ਮੋਨੀਟਰਿੰਗ ਕਰ ਰਿਹਾ ਹੈ ਜੀ। ਇਹ ਕੇਸ ਇਨ੍ਹਾਂ ਦੇ ਕੋਲ ਹੀ ਹੈ ਜੀ।

**ਮਾਨਯੋਗ ਸਪੀਕਰ** : ਹਾਈਕੋਰਟ ਵਿੱਚ ਪਟੀਸ਼ਨ ਦਾ ਨੰਬਰ ਦੱਸ ਦਿੱਤਾ ਹੈ, ਹੋਰ ਆਪਾਂ ਨੇ ਕੀ ਸਪਸ਼ਟ ਕਰਨਾ ਹੈ। Please take your seat.

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਮੰਤਰੀ ਜੀ ਇਹ ਵਿਸ਼ਵਾਸ ਦਿਵਾ ਦੇਣ ਕਿ ਕਿਸੇ ਨੂੰ ਛੇੜਿਆ ਨਹੀਂ ਜਾਵੇਗਾ?

**ਮਾਨਯੋਗ ਸਪੀਕਰ** : ਮੈਟਰ ਸਬਜੁਡਿਸ ਹੈ, ਮੰਤਰੀ ਜੀ ਕੀ ਜਵਾਬ ਦੇਣ? ਅਗਲਾ ਸਵਾਲ ਸ਼੍ਰੀ ਮੋਹਨ ਲਾਲ ਬਹਿਰਾਮ।

---

## ਬੰਗਾ ਸ਼ਹਿਰ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਸਿਸਟਮ ਲਈ ਫੰਡ ਜਾਰੀ ਕਰਨਾ

*213 **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੰਗਾ ਸ਼ਹਿਰ ਦੇ ਸੀਵਰੇਜ ਅਤੇ ਵਾਟਰ ਸਪਲਾਈ ਸਿਸਟਮ ਦੇ ਨਵਿਆਉਣ ਲਈ ਮਿਊਂਸਿਪਲ ਕਮੇਟੀ ਬੰਗਾ ਨੂੰ ਫੰਡ ਕਦੋਂ ਤੱਕ ਜਾਰੀ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਮਨੋਰਜੰਨ ਕਾਲੀਆ** : ਬੰਗਾ ਸ਼ਹਿਰ ਵਿਖੇ 100 ਪ੍ਰਤੀਸ਼ਤ ਜਲ ਸਪਲਾਈ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਮਿਊਂਸਿਪਲ ਡਿਵੈਲਪਮੈਂਟ ਫੰਡ ਅਧੀਨ 1.16 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਸਕੀਮ ਤਿਆਰ ਕੀਤੀ ਗਈ ਸੀ। ਇਸੇ ਤਰ੍ਹਾਂ ਹੀ ਮਿਊਂਸਿਪਲ ਡਿਵੈਲਪਮੈਂਟ ਫੰਡ ਅਧੀਨ 3.00 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਸੀਵਰੇਜ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਸਕੀਮ ਤਿਆਰ ਕੀਤੀ ਗਈ ਸੀ। ਇਸ ਸਕੀਮ ਅਧੀਨ ਕੰਮ ਮਾਰਚ, 2008 ਤੱਕ ਖਤਮ ਕੀਤੇ ਜਾਣੇ ਸਨ, ਪਰੰਤੂ ਫੰਡਾਂ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ ਮੰਤਰੀ ]

ਦੀ ਘਾਟ ਹੋਣ ਕਾਰਨ, ਹੁਣ ਇਹ ਕੰਮ ਬੰਦ ਹਨ। ਇਨ੍ਹਾਂ ਕੰਮਾਂ ਨੂੰ ਮੁੜ ਚਾਲੂ ਕਰਵਾਉਣ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਜਦੋਂ ਕਦੇ ਵੀ ਸਰਕਾਰ ਵਲੋਂ ਕੋਈ ਫੈਸਲਾ ਲਿਆ ਜਾਂਦਾ ਹੈ, ਫੰਡਜ਼ ਜਾਰੀ ਕਰ ਦਿੱਤੇ ਜਾਣਗੇ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੰਨਿਆ ਹੈ ਕਿ ਬੰਗਾ ਵਿਖੇ ਸੀਵਰੇਜ ਅਤੇ ਵਾਟਰ ਸਪਲਾਈ ਲਈ ਪੈਸੇ 2006-07 ਵਿੱਚ ਰੱਖੇ ਗਏ ਸੀ ਲੇਕਿਨ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਵਿਸ਼ਵਾਸ ਦਿਵਾਉਣਗੇ ਕਿ 2007-08 ਦੇ ਬਜਟ ਦੇ ਦੌਰਾਨ ਟਾਈਮ-ਬਾਊਂਡ ਕਰਕੇ ਇਹ ਫੰਡਜ਼ ਸੀਵਰੇਜ ਅਤੇ ਵਾਟਰ ਸਪਲਾਈ ਸਕੀਮਾਂ ਵਾਸਤੇ ਜਾਰੀ ਕਰ ਦਿੱਤੇ ਜਾਣਗੇ?

**ਮੰਤਰੀ** : ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਸਕੀਮਾਂ ਤਾਂ ਬਹੁਤ ਵਧੀਆ ਬਣਾਈਆਂ ਸਨ ਪਰ ਉਨ੍ਹਾਂ ਲਈ ਫੰਡਜ਼ ਨਹੀਂ ਰੱਖੇ। ਪਿੱਛੇ ਵੀ 2-3 ਜਿੰਨੇ ਵੀ ਸਵਾਲ ਕੀਤੇ ਗਏ ਉਨ੍ਹਾਂ ਦੇ ਇਹੀ ਜਵਾਬ ਆਏ ਹਨ। ਇਸ ਵਿੱਚ ਵੀ ਬੰਗਾ ਵਿਖੇ ਸੀਵਰੇਜ ਲਈ 3 ਕਰੋੜ ਰੁਪਏ ਦੀ ਸਕੀਮ ਬਣਾਈ ਗਈ ਸੀ ਲੇਕਿਨ ਸਟੇਟ ਵਲੋਂ ਕੋਈ ਫੰਡਜ਼ ਜਾਰੀ ਨਹੀਂ ਕੀਤੇ ਗਏ। ਮਿਊਂਸਿਪਲ ਕਮੇਟੀ ਨੇ 15 ਲੱਖ ਰੁਪਏ ਆਪਣਾ ਹਿੱਸਾ ਦੇ ਦਿੱਤਾ ਸੀ। ਇਸੇ ਤਰ੍ਹਾਂ ਵਾਟਰ ਸਪਲਾਈ ਲਈ 17 ਲੱਖ ਰੁਪਏ ਮਿਊਂਸਿਪਲ ਕਮੇਟੀ ਵਲੋਂ ਜਮ੍ਹਾਂ ਕਰਵਾਏ ਗਏ ਜਦ ਕਿ ਸਕੀਮ 1.16 ਕਰੋੜ ਰੁਪਏ ਦੀ ਬਣਾਈ ਗਈ ਸੀ। ਮਿਊਂਸਿਪਲ ਕਮੇਟੀ ਨੇ 5 ਲੱਖ ਰੁਪਏ ਹੋਰ ਜਮ੍ਹਾਂ ਕਰਵਾ ਦਿੱਤੇ ਹਨ। ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਕਿਹਾ ਹੈ, ਉਸ ਬਾਰੇ ਅਸੀਂ ਇਕ ਹਫ਼ਤੇ ਦੇ ਅੰਦਰ-ਅੰਦਰ 10 ਲੱਖ ਰੁਪਏ ਜਾਰੀ ਕਰ ਦਿਆਂਗੇ ਜੀ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਮੰਤਰੀ ਜੀ ਨੇ 10 ਲੱਖ ਰੁਪਏ ਰਿਲੀਜ਼ ਕਰਨ ਦਾ ਵਿਸ਼ਵਾਸ ਦਿਵਾਇਆ ਹੈ। ਸਪੀਕਰ ਸਾਹਿਬ, ਜਿਹੜਾ ਮਿਊਂਸਿਪਲ ਕਮੇਟੀ ਦਾ ਸ਼ੇਅਰ ਸੀ, ਉਹ ਉਸ ਨੇ ਜਮ੍ਹਾਂ ਕਰਵਾ ਦਿੱਤਾ ਸੀ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੀਵਰੇਜ ਅਤੇ ਵਾਟਰ ਸਪਲਾਈ ਸਕੀਮਾਂ ਦੇ ਪੱਥਰ ਵੀ ਰੱਖ ਕੇ ਆਏ ਸਨ ਪਰ ਪੈਸਾ ਇੱਕ ਵੀ ਰਲੀਜ਼ ਨਹੀਂ ਕੀਤਾ ਗਿਆ (ਸ਼ੇਮ-ਸ਼ੇਮ ਦੀਆਂ ਆਵਾਜ਼ਾਂ)। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਕੰਮ ਬੰਗਾ ਵਾਟਰ ਸਪਲਾਈ ਅਤੇ ਸੀਵਰੇਜ ਦਾ ਸੀ, ਉਹ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ 70-80 ਲੱਖ ਰੁਪਏ ਦਾ ਵਾਟਰ ਸਪਲਾਈ ਅਤੇ ਸੀਵਰੇਜ ਦਾ ਕੰਮ ਠੇਕੇਦਾਰ ਵਲੋਂ ਆਪਣੇ ਕੋਲੋਂ ਕਰਵਾ ਦਿੱਤਾ ਗਿਆ ਸੀ। ਠੇਕੇਦਾਰ ਦੇ ਘਰ ਮਜ਼ਦੂਰ ਆਪਣੀਆਂ ਦਿਹਾੜੀਆਂ ਦੇ ਪੈਸੇ ਲੈਣ ਲਈ ਫਿਰਦੇ ਹਨ ਪਰ ਠੇਕੇਦਾਰ ਮਾਰਿਆ ਮਾਰਿਆ

Original with;
Punjab Vidhan Sabha
Digitized by;
Panjab Digital Library

ਮਰਨ ਨੂੰ ਫਿਰਦਾ ਹੈ ਅਤੇ ਘਰ-ਬਾਰ ਛੱਡ ਕੇ ਭੱਜਣ ਨੂੰ ਫਿਰਦਾ ਹੈ। ਮੇਰੀ ਬੇਨਤੀ ਹੈ ਕਿ ਠੇਕੇਦਾਰ ਨੂੰ ਬਚਾਉਣ ਲਈ ਇਹ ਸਾਲ 2007-08 ਦੇ ਬਜਟ ਵਿੱਚ ਉਪਬੰਧ ਕਰਨਗੇ? ਇਸ ਬਾਰੇ ਮੰਤਰੀ ਜੀ ਕੀ ਵਿਸ਼ਵਾਸ ਦਿਵਾਉਣਗੇ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਦਸ ਲੱਖ ਰੁਪਿਆ ਇੱਕ ਹਫਤੇ ਵਿੱਚ ਜਾਰੀ ਕਰ ਦਿੱਤਾ ਜਾਵੇਗਾ। ਬਜਟ ਹੁਣੇ ਹੀ ਪੇਸ਼ ਹੋਇਆ ਹੈ ਤੇ ਜਦੋਂ ਵੀ ਗਵਰਨਰ ਸਾਹਿਬ ਤੋਂ ਕਲੀਅਰੈਂਸ ਆਵੇਗੀ, ਉਦੋਂ ਹੋਰ ਫੰਡਜ਼ ਵੀ ਜਾਰੀ ਕਰਾਂਗੇ।

**ਸਰਦਾਰ ਸਾਧੂ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਦੇ ਸਮੇਂ ਪੱਥਰ ਬੜੇ ਰੱਖੇ ਗਏ ਪਰ ਪੈਸਾ ਨਹੀਂ ਦਿੱਤਾ ਗਿਆ (ਵਿਘਨ) ਸਾਹਨੀ ਸਾਹਿਬ, ਸੁਣ ਤਾਂ ਲਓ। ਸਪੀਕਰ ਸਾਹਿਬ, ਇਹ ਹੁਣ ਮਾੜਾ ਜਿਹਾ ਸੁਣ ਤਾਂ ਲੈਣ।

ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਦੇ ਸਮੇਂ ਪੈਸਾ ਕੋਈ ਨਹੀਂ ਰੱਖਿਆ ਗਿਆ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਮਲੋਹ ਸ਼ਹਿਰ ਵਿੱਚ ਸੀ ਕਲਾਸ ਮਿਊਂਸਿਪਲ ਕਮੇਟੀ ਹੈ। ਉੱਥੇ ਸੀਵਰੇਜ ਚਾਲੂ ਕਰਨ ਲਈ ਗਰੀਬ ਕਮੇਟੀ ਨੇ ਤੀਹ ਲੱਖ ਰੁਪਿਆ ਕੋਲੋਂ ਭਰਵਾਇਆ। ਪੰਜਾਹ ਫੀਸਦੀ ਕੰਮ ਸੀਵਰੇਜ ਦਾ ਹੋ ਗਿਆ ਪਰ ਸਰਕਾਰ ਨੇ ਆਉਂਦੇ ਸਾਰ ਹੀ ਇਹ ਬੰਦ ਕਰਵਾ ਦਿੱਤਾ। ਕੀ ਮੰਤਰੀ ਜੀ ਇਸ ਬਾਰੇ ਕਾਰਨ ਦੱਸਣਗੇ ਕਿ ਇਹ ਕਿਉਂ ਬੰਦ ਕਰਵਾ ਦਿੱਤਾ ਗਿਆ?

**ਮਾਨਯੋਗ ਸਪੀਕਰ** : ਇਹ ਵੱਖਰਾ ਸਵਾਲ ਦੇ ਦਿਓ।

---

## ਸਬ-ਡਵੀਜ਼ਨ ਪੱਟੀ ਵਿੱਚ ਸਕੂਲਾਂ ਦੀ ਗਿਣਤੀ

*183 **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਪੱਟੀ ਸਬ-ਡਵੀਜ਼ਨ ਵਿੱਚ ਕਿੰਨੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ ਅਤੇ ਉਨ੍ਹਾਂ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ ਵਿਗਿਆਨ ਅਤੇ ਕਾਮਰਸ ਦੇ ਵਿਸ਼ੇ ਪੜ੍ਹਾਏ ਜਾਂਦੇ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿੱਚ ਮਨਜ਼ੂਰਸ਼ੁਦਾ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਅਤੇ ਇਸ ਸਮੇਂ ਉਨ੍ਹਾਂ ਵਿਚੋਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਖਾਲੀ ਪਈਆਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

Original with;
Punjab Vidhan Sabha
Digitized by;
Panjab Digital Library

**ਡਾਕਟਰ ਉਪਿੰਦਰਜੀਤ ਕੌਰ** : (ੳ) ਪੱਟੀ ਸਬ ਡਵੀਜ਼ਨ ਵਿੱਚ 31 ਸਰਕਾਰੀ ਹਾਈ ਸਕੂਲ ਹਨ ਅਤੇ 21 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ। ਇਨ੍ਹਾਂ ਵਿਚੋਂ 8 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਾਇੰਸ ਗਰੁੱਪ ਅਤੇ 4 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕਾਮਰਸ ਗਰੁੱਪ ਪੜ੍ਹਾਇਆ ਜਾ ਰਿਹਾ ਹੈ।

(ਅ) ਪੱਟੀ ਸਬ ਡਵੀਜ਼ਨ ਦੇ ਸਰਕਾਰੀ ਹਾਈ ਸਕੂਲਾਂ ਵਿੱਚ ਵੱਖ-ਵੱਖ ਕੈਟਾਗਰੀਆਂ ਦੇ ਅਧਿਆਪਕਾਂ ਦੀਆਂ 320 ਆਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਆਸਾਮੀਆਂ ਵਿੱਚੋਂ 153 ਆਸਾਮੀਆਂ ਖਾਲੀ ਹਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੱਖ ਵੱਖ ਕੈਟਾਗਰੀਆਂ ਦੀਆਂ 511 ਆਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਇਨ੍ਹਾਂ ਆਸਾਮੀਆਂ ਵਿੱਚੋਂ 252 ਆਸਾਮੀਆਂ ਖਾਲੀ ਹਨ, ਜਿਨ੍ਹਾਂ ਨੂੰ ਭਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ ਕਿਉਂਕਿ ਇਨ੍ਹਾਂ ਨੇ ਪੂਰੀ ਡਿਟੇਲ ਦੱਸੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਨਵੀਂ ਭਰਤੀ ਲਈ ਇਹ ਪ੍ਰਾਸੈੱਸ ਸਟਾਰਟ ਕਰ ਰਹੇ ਹਨ। ਇਸ ਲਈ ਕੀ ਇਸ ਸਬੰਧੀ ਕੋਈ ਪਾਲਿਸੀ ਬਣਾਈ ਜਾ ਰਹੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਜਿਹੜੇ ਅਧਿਆਪਕ ਨਿਯੁਕਤ ਕਰਨੇ ਹਨ, ਉਹ ਵੱਧ ਤੋਂ ਵੱਧ ਸਮਾਂ ਸਰਹੱਦੀ ਏਰੀਏ ਵਿੱਚ ਲਗਾਉਣ ਕਿਉਂਕਿ ਉੱਥੇ ਹੁਣ ਟੀਚਰ ਜਾ ਕੇ ਖੁਸ਼ ਨਹੀਂ ਜਾਂ ਜੇ ਨਿਯੁਕਤ ਹੁੰਦੇ ਹਨ ਤਾਂ ਬਦਲੀ ਕਰਵਾ ਕੇ ਚਲੇ ਜਾਂਦੇ ਹਨ। ਇਸ ਲਈ ਕੋਈ ਅਜਿਹੀ ਪ੍ਰੋਵੀਜ਼ਨ ਕੀਤੀ ਜਾਵੇ ਕਿ ਜਿਸ ਨਾਲ ਪੋਸਟਿੰਗ ਦਾ ਸਮਾਂ ਨੀਅਤ ਕੀਤਾ ਜਾਵੇ ਜਿਸ ਨਾਲ ਪੰਜ ਸਾਲ ਘੱਟ ਤੋਂ ਘੱਟ ਪੋਸਟਿੰਗ ਉੱਥੇ ਹੋਵੇ ਤੇ ਉਹ ਕੰਮ ਕਰਨ। ਇਸ ਤੋਂ ਇਲਾਵਾ ਜਿਹੜਾ ਭਰਤੀ ਦਾ ਕਾਡਰ ਹੈ, ਇਹ ਸਟੇਟ ਕਾਡਰ ਹੈ। ਜੇ ਨਿਯਮ ਆਗਿਆ ਦਿੰਦੇ ਹੋਣ ਤਾਂ ਕੀ ਬਲਾਕ ਪੱਧਰ ਜਾਂ ਵੱਧ ਤੋਂ ਵੱਧ ਸਬ ਡਵੀਜ਼ਨ ਪੱਧਰ ਤੇ ਇਹ ਭਰਤੀ ਕਰਨਗੇ? ਇਨ੍ਹਾਂ ਦਾ ਇਹ ਕਾਡਰ ਰੱਖਿਆ ਜਾਵੇ ਤਾਂ ਕਿ ਟੀਚਰ ਦੂਰ-ਦੁਰਾਡੇ ਬਦਲੀ ਕਰਵਾ ਕੇ ਨਾ ਜਾ ਸਕਣ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿੱਥੋਂ ਤੱਕ ਸੀਨੀਅਰ ਸੈਕੰਡਰੀ ਸਕੂਲਾਂ ਔਰ ਹਾਈ ਸਕੂਲਾਂ ਵਿੱਚ ਲੈਕਚਰਾਰ ਭਰਤੀ ਕਰਨ ਦਾ ਤੇ ਮਾਸਟਰ ਭਰਤੀ ਕਰਨ ਦਾ ਮੁੱਦਾ ਹੈ, ਇਹ ਸਟੇਟ ਕਾਡਰ ਤੇ ਭਰਤੀ ਕੀਤੀ ਜਾਂਦੀ ਹੈ, ਬਲਾਕ ਪੱਧਰ ਤੇ ਜਾਂ ਜ਼ਿਲ੍ਹਾ ਪੱਧਰ ਤੇ ਭਰਤੀ ਨਹੀਂ ਕੀਤੀ ਜਾਂਦੀ ਕਿਉਂਕਿ ਨਿਯਮਾਂ ਵਿੱਚ ਅਜਿਹੀ ਵਿਵਸਥਾ ਨਹੀਂ ਹੈ। ਜਿੱਥੋਂ ਤੱਕ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਪੇਂਡੂ ਖੇਤਰ ਜਾਂ ਬਾਰਡਰ ਏਰੀਏ ਵਿੱਚ

Original with;
Punjab Vidhan Sabha
Digitized by;
Panjab Digital Library

ਜੋ ਪਹਿਲੀ ਨਿਯੁਕਤੀ ਹੈ, ਉਹ ਕੀਤੀ ਜਾਵੇ, ਇਹ ਮੁੱਦਾ ਸਰਕਾਰ ਦੇ ਵਿਚਾਰ ਅਧੀਨ ਹੈ ਔਰ ਸਰਕਾਰ ਵੱਲੋਂ ਇਸ ਤੇ ਜਲਦੀ ਫੈਸਲਾ ਲੈ ਲਿਆ ਜਾਵੇਗਾ।

---

## ਪੱਟੀ ਸਬ ਡਵੀਜ਼ਨ ਵਿੱਚ ਐਲੀਮੈਂਟਰੀ ਅਤੇ ਪ੍ਰਾਇਮਰੀ ਸਕੂਲਾਂ ਦੀ ਗਿਣਤੀ

*184 **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਪੱਟੀ ਸਬ ਡਵੀਜ਼ਨ ਵਿੱਚ ਕਿੰਨੇ ਐਲੀਮੈਂਟਰੀ ਅਤੇ ਪ੍ਰਾਇਮਰੀ ਸਕੂਲ ਹਨ।

(ਅ) ਉਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿੱਚ ਮਨਜ਼ੂਰਸ਼ੁਦਾ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਡਾਕਟਰ ਉਪਿੰਦਰਜੀਤ ਕੌਰ** : (ੳ) ਪੱਟੀ ਸਬ ਡਵੀਜ਼ਨ ਦੇ ਐਲੀਮੈਂਟਰੀ ਅਤੇ ਪ੍ਰਾਇਮਰੀ ਸਕੂਲਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| ਐਲੀਮੈਂਟਰੀ ਸਕੂਲ | ਸਰਕਾਰੀ ਪ੍ਰਾਇਮਰੀ ਸਕੂਲ (ਸਿੱਖਿਆ ਵਿਭਾਗ) | ਪੰਚਾਇਤੀ ਰਾਜ ਪ੍ਰਾਇਮਰੀ ਸਕੂਲ |
|---|---|---|
| 35 | 82 | 110 |

(ਅ) ਇਨ੍ਹਾਂ ਸਕੂਲਾਂ ਵਿੱਚ ਮਨਜ਼ੂਰਸ਼ੁਦਾ ਆਸਾਮੀਆਂ ਅਤੇ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| ਵਿੰਗ ਦਾ ਨਾਮ | ਕਾਡਰ | ਮਨਜ਼ੂਰਸ਼ੁਦਾ ਆਸਾਮੀਆਂ | ਖਾਲੀ ਆਸਾਮੀਆਂ |
|---|---|---|---|
| ਐਲੀਮੈਂਟਰੀ | ਮਾਸਟਰਜ਼/ਸੀ.ਐਂਡ ਵੀ. ਟੀਚਰਜ਼ | 189 | 108 |
| ਸਰਕਾਰੀ ਪ੍ਰਾਇਮਰੀ ਸਕੂਲ (ਸਿੱਖਿਆ ਵਿਭਾਗ) | ਸੈਂਟਰ ਹੈਡ ਟੀਚਰਜ਼ | 16 | 7 |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| | ਹੈਡ ਟੀਚਰਜ਼ | 63 | 12 |
| | ਜੇ.ਬੀ.ਟੀ./ਈ.ਟੀ.ਟੀ. ਟੀਚਰਜ਼ | 350 | 175 |
| ਪੰਚਾਇਤੀ ਰਾਜ ਪ੍ਰਾਇਮਰੀ ਸਕੂਲ | ਜੇ.ਬੀ.ਟੀ./ਈ.ਟੀ.ਟੀ. ਟੀਚਰਜ਼ | 313 | 41 |

ਇਹ ਆਸਾਮੀਆਂ ਜਲਦੀ ਹੀ ਸਿੱਧੀ ਭਰਤੀ ਅਤੇ ਤਰੱਕੀ ਰਾਹੀਂ ਯੋਗ ਉਮੀਦਵਾਰਾਂ ਵਿੱਚੋਂ ਮੈਰਿਟ ਦੇ ਆਧਾਰ ਤੇ ਰਾਜ ਸਰਕਾਰ ਦੀ ਪਾਲਿਸੀ ਅਨੁਸਾਰ ਭਰੀਆਂ ਜਾਣਗੀਆਂ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਬੀਬੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਭਰਤੀ ਕਰਨ ਲੱਗੇ ਹਨ, ਕੀ ਪਹਿਲ ਦੇ ਆਧਾਰ ਤੇ ਜਿਹੜੀ ਸਾਡਾ ਸਰਹੱਦੀ ਏਰੀਏ ਵਿੱਚ ਪੱਟੀ ਸਬ-ਡਵੀਜ਼ਨ ਹੈ, ਜਿੱਥੇ ਟੀਚਰਾਂ ਦੀ ਬਹੁਤ ਜ਼ਿਆਦਾ ਥੁੜ ਹੈ, ਇਹ ਸਾਰੀ ਥੁੜ ਪੱਟੀ ਸਬ ਡਿਵੀਜ਼ਨ ਵਿੱਚ ਹੈ ਨਾ ਕਿ ਹਲਕਾ ਵਲਟੋਹਾ ਵਿੱਚ। ਜਿਹੜੇ ਪੱਟੀ, ਹਰੀਕੇ ਆਦਿ ਸ਼ਹਿਰ ਹਨ, ਉੱਥੇ ਲਾਗੇ ਦੇ ਟੀਚਰ ਕਾਫੀ ਮਿਲ ਜਾਂਦੇ ਹਨ ਲੇਕਿਨ ਵਲਟੋਹਾ ਵਿੱਚ ਐਨਕਾਂ ਲਗਾ ਕੇ ਜਾਂ ਦੂਰਬੀਨ ਲਗਾ ਕੇ ਵੀ ਟੀਚਰ ਕਿਤੇ ਨਜ਼ਰ ਨਹੀਂ ਆਉਂਦੇ। ਕੀ ਉੱਥੇ ਪਹਿਲ ਦੇ ਆਧਾਰ ਤੇ ਟੀਚਰਾਂ ਦੀ ਕਮੀ ਭਰਤੀ ਸਮੇਂ ਪੂਰੀ ਕੀਤੀ ਜਾਵੇਗੀ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਫੁਰਮਾਇਆ ਹੈ, ਉਹ ਦਰੁੱਸਤ ਹੈ। ਬਾਰਡਰ ਏਰੀਆ ਵਿੱਚ ਔਰ ਵਿਸ਼ੇਸ਼ ਰੂਪ ਵਿੱਚ ਇਨ੍ਹਾਂ ਦਾ ਸਵਾਲ ਪੱਟੀ ਸਬ-ਡਿਵੀਜ਼ਨ ਨਾਲ ਤਾਅਲੁੱਕ ਰੱਖਦਾ ਹੈ, ਉੱਥੇ ਆਸਾਮੀਆਂ ਵੱਡੀ ਗਿਣਤੀ ਵਿੱਚ ਖਾਲੀ ਹਨ। ਮੈਂ ਜੋ ਸੂਚਨਾ ਪਹਿਲਾਂ ਨਹੀਂ ਦਿੱਤੀ, ਉਹ ਸੂਚਨਾ ਵੀ ਮੈਂ ਹਾਊਸ ਵਿੱਚ ਪੇਸ਼ ਕਰਦੀ ਹਾਂ ਕਿ ਹਾਈ ਸਕੂਲਾਂ ਵਿੱਚ ਮਾਸਟਰ ਕਾਡਰ ਵਿੱਚ ਸਾਇੰਸ ਅਤੇ ਮੈਥ ਦੀਆਂ ਕੁੱਲ 86 ਆਸਾਮੀਆਂ ਵਿੱਚੋਂ 45 ਆਸਾਮੀਆਂ ਖਾਲੀ ਹਨ। ਇਸੇ ਤਰ੍ਹਾਂ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਸਿੱਖਿਆ ਖੇਤਰ ਵਿੱਚ ਸਾਇੰਸ, ਕਾਮਰਸ ਅਤੇ ਮੈਥ ਦੀਆਂ ਕੁੱਲ 152 ਆਸਾਮੀਆਂ ਵਿੱਚੋਂ 75 ਖਾਲੀ ਹਨ। ਸੋ, ਸਥਿਤੀ ਬਿਲਕੁੱਲ ਤਸੱਲੀਬਖਸ਼ ਨਹੀਂ ਹੈ। ਇਹ ਸਾਨੂੰ ਮੰਨਣਾ ਪਵੇਗਾ ਕਿ ਪਿਛਲੀ ਸਰਕਾਰ ਸਮੇਂ ਇਸ ਸਬੰਧ ਵਿੱਚ ਕੋਈ ਉਸਾਰੂ ਕਾਰਵਾਈ ਨਹੀਂ ਕੀਤੀ ਗਈ ਔਰ ਸਿੱਖਿਆ ਦੇ ਖੇਤਰ ਵਿੱਚ ਤਾਂ ਬਹੁਤ ਨਿਘਾਰ ਹੋਇਆ ਹੈ। ਸੋ, ਅਸੀਂ ਹੁਣ ਤਰੱਕੀਆਂ ਵੀ ਦੇ ਰਹੇ ਹਾਂ ਅਤੇ ਆਸਾਮੀਆਂ ਵੀ ਭਰ ਰਹੇ ਹਾਂ। ਇਹ ਕੁਦਰਤੀ ਗੱਲ ਹੈ ਕਿ ਜਿੱਥੇ ਆਸਾਮੀਆਂ ਖਾਲੀ ਹੋਣਗੀਆਂ, ਉਨ੍ਹਾਂ ਨੂੰ ਭਰੇ ਜਾਣ ਲਈ ਭਰਪੂਰ ਪ੍ਰਯਾਸ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਾਲ ਪ੍ਰਾਇਮਰੀ ਸਕੂਲਾਂ ਨੂੰ ਅਪਗ੍ਰੇਡ ਕਰਕੇ ਐਲੀਮੈਂਟਰੀ ਸਕੂਲ ਬਣਾਉਣ ਦੀ ਕੋਈ ਤਜਵੀਜ਼ ਹੈ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸਾਡਾ ਸਭ ਤੋਂ ਪਹਿਲਾ ਪ੍ਰਯਾਸ ਖਾਲੀ ਆਸਾਮੀਆਂ ਨੂੰ ਭਰਨ ਦਾ ਹੈ। ਸਕੂਲਾਂ ਨੂੰ ਅਪਗ੍ਰੇਡ ਕਰਨ ਦੀ ਜਿਹੜੀ ਕਾਰਵਾਈ ਹੈ, ਉਹ ਦੂਜੇ ਪੜਾਅ ਦੀ ਹੈ, ਸੋ, ਪਹਿਲੀ ਕਾਰਵਾਈ ਮੁਕੰਮਲ ਕਰਨ ਤੋਂ ਬਾਅਦ ਕਿਉਂਕਿ ਸਾਧਨਾਂ ਦੀ ਉਪਲਬਧਤਾ ਹੋਣੀ ਜ਼ਰੂਰੀ ਹੈ, ਫਿਰ ਦੂਜੇ ਪੜਾਅ ਦੀ ਕਾਰਵਾਈ ਆਰੰਭ ਹੋ ਜਾਵੇਗੀ।

**ਸਰਦਾਰ ਅਜੀਤ ਸਿੰਘ ਸ਼ਾਂਤ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਦੱਸਣਗੇ ਕਿ ਪੰਜਾਬ ਵਿੱਚ ਅੰਗਰੇਜ਼ੀ ਪੜ੍ਹਾਉਣ ਵਾਲੇ ਟੀਚਰਾਂ ਦੀਆਂ ਆਸਾਮੀਆਂ ਕਿੰਨੀਆਂ ਹਨ? ਦੂਜਾ ਸਵਾਲ ਹੈ ਕਿ ਲੈਕਚਰਾਰਾਂ ਦੀਆਂ 1764 ਆਸਾਮੀਆਂ ਮਨਜ਼ੂਰ ਕੀਤੀਆਂ ਗਈਆਂ ਜਦੋਂ ਕਿ ਭੂਗੋਲ ਪੜ੍ਹਾਉਣ ਵਾਲੇ 62 ਲੈਕਚਰਾਰ ਹਨ। ਕੀ ਉਨ੍ਹਾਂ ਦੀ ਵਿਸ਼ੇ-ਵਾਰ ਵੰਡ ਕਰਨ ਬਾਰੇ ਵਿਚਾਰਿਆ ਜਾਵੇਗਾ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ.....

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ।

**Shri Sunil Kumar Jakhar** : There is a matter of grave concern for Punjab. Speaker Sahib, I beg your permission to raise the same.

**ਮਾਨਯੋਗ ਸਪੀਕਰ** : ਮੈਂ ਸਵਾਲਾਂ ਦੇ ਮੁਤੱਲਕ ਗੱਲ ਕਰਨੀ ਹੈ। ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਰਦੂਲਗੜ੍ਹ ਵਿੱਚ ਅਣਅਧਿਕਾਰਿਤ ਕਬਜ਼ਿਆਂ ਹੇਠ ਅਨੁਸੂਚਿਤ ਜਾਤੀਆਂ ਦੀਆਂ ਸਭਾਵਾਂ ਨਾਲ ਸਬੰਧਤ ਜ਼ਮੀਨ

*79. **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਸਹਿਕਾਰਤਾ ਮੰਤਰੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਅਜੀਤ ਇੰਦਰ ਸਿੰਘ ਮੋਫਰ ]

ਕਿਰਪਾ ਕਰਕੇ ਦੱਸਣਗੇ ਕਿ ਸਬ-ਡਿਵੀਜ਼ਨ ਸਰਦੂਲਗੜ੍ਹ ਵਿਖੇ ਅਨੁਸੂਚਿਤ ਜਾਤੀਆਂ ਦੀਆਂ ਸਭਾਵਾਂ ਨਾਲ ਸਬੰਧਿਤ ਜ਼ਮੀਨਾਂ, ਜਿਨ੍ਹਾਂ ਤੇ ਅਣਅਧਿਕਾਰਿਤ ਤੌਰ ਤੇ ਕਬਜ਼ੇ ਕੀਤੇ ਗਏ ਹਨ, ਦੇ ਵੇਰਵੇ ਕੀ ਹਨ ਅਤੇ ਅਜਿਹੇ ਅਣਅਧਿਕਾਰਿਤ ਕਬਜ਼ਦਾਰਾਂ ਦੇ ਵਿਰੁੱਧ ਸਰਕਾਰ ਦੁਆਰਾ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ?

**ਕੈਪਟਨ ਕੰਵਲਜੀਤ ਸਿੰਘ** : ਸ੍ਰੀ ਮਾਨ ਜੀ, ਅਜਿਹੇ ਤਿੰਨ ਕੇਸ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1) 'ਅਹਲੂਪੁਰ ਸ਼ਡਿਊਲਡ ਕਾਸਟ ਲੈਂਡ ਉਨਿੰਗ ਸਹਿਕਾਰੀ ਸਭਾ' ਦੀ 21 ਕਨਾਲ 14 ਮਰਲੇ ਜ਼ਮੀਨ ਤੇ ਸ੍ਰੀ ਕਰਤਾਰ ਸਿੰਘ ਪੁੱਤਰ ਸ੍ਰੀ ਬਹਾਦਰ ਸਿੰਘ ਵਾਸੀ ਅਹਲੂਪੁਰ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ।

2) ਇਸੇ ਤਰ੍ਹਾਂ ਸ੍ਰੀ ਹਰਦੱਮ ਸਿੰਘ ਪੁੱਤਰ ਸ੍ਰੀ ਪ੍ਰੇਮਾ ਸਿੰਘ ਅਤੇ ਸ੍ਰੀ ਕੁਲਵੰਤ ਸਿੰਘ ਪੁੱਤਰ ਸ੍ਰੀ ਹਰਨਾਮ ਸਿੰਘ ਵਾਸੀ ਪਿੰਡ ਅਹਲੂਪੁਰ ਵਲੋਂ 'ਦੀ ਅਹਲੂਪੁਰ ਸ਼ਡਿਊਲਡ ਕਾਸਟ ਲੈਂਡ ਉਨਿੰਗ ਸਹਿਕਾਰੀ ਸਭਾ' ਦੀ 8 ਕਨਾਲ ਜ਼ਮੀਨ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ।

3) 'ਝੰਡਾ ਖੁਰਦ ਸ਼ਡਿਊਲਡ ਕਾਸਟ ਲੈਂਡ ਉਨਿੰਗ ਸਭਾ' ਦੀ 28 ਕਨਾਲ 10 ਮਰਲੇ ਜ਼ਮੀਨ ਤੇ ਸ੍ਰੀ ਧਰਮਪਾਲ ਪੁੱਤਰ ਸ੍ਰੀ ਪੱਤ ਰਾਮ ਵਾਸੀ ਝੰਡਾ ਖੁਰਦ ਵਲੋਂ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ।

ਉਪਰੋਕਤ ਸਭਾਵਾਂ ਵਲੋਂ ਅਣ-ਅਧਿਕਾਰਤ ਕਾਬਜ਼ਕਾਰਾਂ ਵਿਰੁੱਧ ਅਦਾਲਤ ਵਿੱਚ ਕੇਸ ਦਾਇਰ ਕੀਤੇ ਹੋਏ ਹਨ।

---

## ਅੰਮ੍ਰਿਤਸਰ-ਬਟਾਲਾ ਸੜਕ ਦੀ ਉਸਾਰੀ

*211 **ਸ੍ਰੀ ਅਨਿਲ ਜੋਸ਼ੀ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੀਆਂ ਹੱਦਾਂ ਦੇ ਅੰਦਰ ਪੈਂਦੀ ਬਟਾਲਾ-ਅੰਮ੍ਰਿਤਸਰ ਸੜਕ ਦੇ ਟੋਟੇ ਦੀ ਤੁਰੰਤ ਮੁਰੰਮਤ ਕੀਤੇ ਜਾਣ ਦੀ ਜ਼ਰੂਰਤ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸ਼੍ਰੀ ਮਾਨ ਜੀ, ਬਟਾਲਾ-ਅੰਮ੍ਰਿਤਸਰ ਸੜਕ (ਕੌਮੀ ਮਾਰਗ-15) ਦਾ ਇਹ ਹਿੱਸਾ ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੀ ਹਦੂਦ ਅੰਦਰ ਆਉਂਦਾ ਹੈ ਅਤੇ ਇਸ ਦੀ ਤੁਰੰਤ ਮੁਰੰਮਤ ਦੀ ਸਖ਼ਤ ਜ਼ਰੂਰਤ ਹੈ।

ਰੋਡ ਟਰਾਂਸਪੋਰਟ ਅਤੇ ਹਾਈਵੇ ਮੰਤਰਾਲ਼ਾ, ਭਾਰਤ ਸਰਕਾਰ ਵਲੋਂ ਇਸ ਦੀ ਮੁਰੰਮਤ ਦੀ ਤਜਵੀਜ਼ ਪ੍ਰਵਾਨ ਕਰ ਦਿੱਤੀ ਗਈ ਹੈ। ਇਸ ਕੰਮ ਦਾ ਤਖਮੀਨਾ ਜਿਸ ਦੀ ਅਨੁਮਾਨਿਤ ਲਾਗਤ 501.18 ਲੱਖ ਰੁਪਏ ਹੈ, ਮੰਤਰਾਲੇ ਵਲੋਂ ਮਨਜ਼ੂਰੀ ਅਧੀਨ ਹੈ ਅਤੇ ਇਹ ਕੰਮ ਚਾਲੂ ਮਾਲੀ ਸਾਲ ਦੌਰਾਨ ਮੁਕੰਮਲ ਹੋਣ ਦੀ ਆਸ ਹੈ।

---

## ਜਲੰਧਰ ਸ਼ਹਿਰ ਵਿਚ ਲੜਕੀਆਂ ਲਈ ਸਰਕਾਰੀ ਕਾਲਜ

*199 **ਸ਼੍ਰੀ ਚੁੰਨੀ ਲਾਲ ਭਗਤ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਲੰਧਰ ਸ਼ਹਿਰ ਵਿੱਚ ਲੜਕੀਆਂ ਲਈ ਇੱਕ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਡਾਕਟਰ ਉਪਿੰਦਰਜੀਤ ਕੌਰ** : ਜਲੰਧਰ ਸ਼ਹਿਰ ਵਿਖੇ ਲੜਕੀਆਂ ਲਈ ਇੱਕ ਸਰਕਾਰੀ ਕਾਲਜ ਖੋਲ੍ਹਣ ਦੀ ਹਾਲ ਦੀ ਘੜੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## ਕਾਲਜਾਂ ਦੇ ਟੀਚਰਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*200 **ਸ਼੍ਰੀ ਚੁੰਨੀ ਲਾਲ ਭਗਤ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਸਰਕਾਰੀ ਕਾਲਜਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਤਦ-ਅਰਥ ਆਧਾਰ ਤੇ ਪੜ੍ਹਾ ਰਹੇ ਲੈਕਚਰਾਰਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀਆਂ ਸੇਵਾਵਾਂ ਨੂੰ ਕਦੋਂ ਤੱਕ ਨਿਯਮਿਤ ਕੀਤੇ ਜਾਣ ਦੀ ਸੰਭਾਵਨਾ ਹੈ?

**ਡਾਕਟਰ ਉਪਿੰਦਰਜੀਤ ਕੌਰ** : ਨਹੀਂ ਜੀ, ਸਰਕਾਰੀ ਕਾਲਜਾਂ ਵਿੱਚ ਕੋਈ ਐਡਹਾਕ ਲੈਕਚਰਾਰ ਕੰਮ ਨਹੀਂ ਕਰ ਰਿਹਾ।

---

Original with;
Punjab Vidhan Sabha
Digitized by;
Panjab Digital Library

## MATTERS RAISED DURING ZERO HOUR

**ਮਾਨਯੋਗ ਸਪੀਕਰ** : ਹਾਂ ਜੀ, ਅਗਲੀ ਆਈਟਮ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਆਨਰੇਬਲ ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ read verbatim from an editorial of a leading daily but it was a selective reading. I think he overlooked many critical issues. I am carrying with me cuttings from 'The Tribune', 'Punjab Kesari' and 'Ajit'. ਉਸ ਵਿੱਚ ਲਿਖਿਆ ਹੈ: Dalit loses house in Punjab in political vendetta. ਮੈਂ ਸਦਨ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਵੇਲੇ ਜਿਨ੍ਹਾਂ ਪੰਚਾਇਤਾਂ ਕੋਲ ਆਪਣੀ ਜ਼ਮੀਨ ਸੀ, ਉਸ ਵਿੱਚੋਂ ਦਲਿਤਾਂ ਨੂੰ 5-5 ਮਰਲੇ ਦੇ ਪਲਾਟ ਅਲਾਟ ਕੀਤੇ ਗਏ ਸਨ ਅਤੇ ਜਿਹੜੇ ਕਾਰਡ ਸਨ, ਉਨ੍ਹਾਂ ਤੇ ਫੋਟੋ ਕੈਪਟਨ ਅਮਰਿੰਦਰ ਸਿੰਘ ਦੀ ਲਗਾਈ ਗਈ ਸੀ। ਇਨ੍ਹਾਂ ਦੀ ਸਰਕਾਰ ਦੇ ਬੀ.ਡੀ.ਓ. ਸਾਹਿਬ ਨੇ ਨਾਲ ਜਾ ਕੇ ਇਕ ਦਲਿਤ ਪਰਿਵਾਰ ਦਾ ਘਰ ਇਸ ਵਾਸਤੇ ਢਾਹ ਦਿੱਤਾ ਕਿਉਂਕਿ ਫੋਟੋ ਕੈਪਟਨ ਅਮਰਿੰਦਰ ਸਿੰਘ ਦੀ ਸੀ। ਮੇਰੀ, ਸਪੀਕਰ ਸਾਹਿਬ, ਇਹੋ ਗੁਜ਼ਾਰਿਸ਼ ਹੈ ਕਿ ਇਹ ਤਹਿਕੀਕਾਤ ਕਰ ਲੈਣ ਜੇਕਰ ਇਹ ਗਲਤ ਹੋਇਆ ਤਾਂ ਮੈਂ.....

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ (ਕੈਪਟਨ ਕੰਵਲਜੀਤ ਸਿੰਘ)** : ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ। ਮੈਂ ਕੱਲ੍ਹ ਵੀ ਜ਼ਿਕਰ ਕੀਤਾ ਸੀ ਅਤੇ ਮੈਂ ਅੱਜ ਵੀ ਤੁਹਾਡੇ ਸਾਮ੍ਹਣੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਜ਼ੀਰੋ ਆਵਰ ਹੈ ਇਸ ਦੀ ਪਰੰਪਰਾ ਹੈ, ਇਸ ਦਾ ਸਿਧਾਂਤ ਹੈ, ਇਸ ਦੀਆਂ ਕਨਵੈਂਸ਼ਨਜ਼ ਹਨ। ਇਸ ਵਿੱਚ ਕੋਈ ਇਮੀਜ਼ੀਏਟ ਅਰਜੈਂਟ ਮੈਟਰ ਉਠਾਇਆ ਜਾ ਸਕਦਾ ਹੈ (ਸ਼ੋਰ, ਵਿਘਨ) ਮੈਨੂੰ ਗੱਲ ਕਹਿ ਲੈਣ ਦਿਓ। ਇਸ ਨੂੰ ਰੈਗੂਲਰ ਬਿਜ਼ਨਸ ਰੋਕਣ ਵਾਸਤੇ ਨਹੀਂ ਵਰਤਿਆ ਜਾ ਸਕਦਾ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ.....

**Shri Sunil Kumar Jakhar** : I agree 100% with you.

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਜੇਕਰ ਕੋਈ ਇਸ਼ੂ ਹੈ ਤਾਂ ਇਸ ਸਬੰਧੀ ਰੈਜ਼ੋਲਿਊਸ਼ਨ ਲਿਆਓ, ਉਸ ਤੇ ਡਿਸਕਸ਼ਨ ਕਰਾਓ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਇਹ ਗਰੀਬਾਂ ਦਾ ਮਸਲਾ ਹੈ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ** : ਤੁਸੀਂ ਮੰਤਰੀ ਜੀ ਦੀ ਗੱਲ ਸੁਣ ਲਓ। (ਵਿਘਨ) (ਸ਼ੋਰ)

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਅੱਜ ਨਾਨ-ਆਫੀਸ਼ੀਅਲ ਡੇਅ ਹੈ। ਇਹ ਆਪੋਜ਼ੀਸ਼ਨ ਦਾ ਦਿਨ ਹੁੰਦਾ ਹੈ। ਜਿਹੜਾ ਕੋਈ ਮਸਲਾ ਇਹ ਡਿਸਕਸ ਕਰਨਾ ਚਾਹੁੰਦੇ ਹਨ, ਉਸ ਬਾਰੇ ਕਿਉਂ ਨਾ ਇਹ ਰੈਜ਼ੋਲਿਊਸ਼ਨ ਲੈ ਕੇ ਆਏ? ਰੈਜ਼ੋਲਿਊਸ਼ਨ ਲੈ ਕੇ ਆਉਂਦੇ, ਅੱਜ ਉਸ ਤੇ ਸਾਰੇ ਡਿਸਕਸ਼ਨ ਕਰਦੇ ਲੇਕਿਨ ਰੈਜ਼ੋਲਿਊਸ਼ਨ ਲੈ ਕੇ ਆਏ ਨਹੀਂ। (ਵਿਘਨ, ਸ਼ੋਰ) ਮੇਰੀ ਗੱਲ ਸੁਣ ਲਓ। ਚਾਰ ਦਿਨ ਇੱਥੇ ਬਜਟ ਤੇ ਬਹਿਸ ਹੁੰਦੀ ਰਹੀ, ਲਾਅ ਐਂਡ ਆਰਡਰ ਤੇ ਡਿਸਕਸ਼ਨ ਹੋਈ, ਪੁਲਿਸ ਮਹਿਕਮੇ ਅਤੇ ਡਿਮਾਂਡਾਂ ਤੇ ਡਿਸਕਸ਼ਨ ਹੋਈ, ਉਦੋਂ ਕੋਈ ਨਹੀਂ ਬੋਲਿਆ। ਅੱਜ ਸਿਰਫ ਇਸ ਕਰਕੇ ਕਿ ਵਾਕ-ਆਊਟ ਦਾ ਰੌਲਾ ਪਾ ਕੇ ਅਖਬਾਰਾਂ ਵਿਚ ਖ਼ਬਰ ਲਾਉਣੀ ਹੈ। (ਵਿਘਨ, ਸ਼ੋਰ) You just want to disrupt the proceedings. ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਰੈਗੂਲਰ ਬਿਜ਼ਨਸ ਨੂੰ ਡਿਸਰੱਪਟ ਕਰਨ ਵਾਸਤੇ ਆਗਿਆ ਨਾ ਦਿੱਤੀ ਜਾਵੇ। ਜ਼ੀਰੋ ਆਵਰ ਦੀਆਂ ਕਨਵੈਂਸ਼ਨਾਂ ਨੂੰ ਮੇਨਟੇਨ ਕੀਤਾ ਜਾਵੇ।

**Shri Sunil Kumar Jakhar :** I agree with you. ਮੇਰੀ ਅਰਜ਼ ਹੈ ਕਿ ਗਰੀਬ ਲੋਕਾਂ ਦੇ ਘਰ ਕਿਉਂ ਢਾਹੇ ਗਏ? (ਵਿਘਨ, ਸ਼ੋਰ)

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਜਦੋਂ ਬਜਟ ਤੇ ਬੋਲੇ ਸੀ, ਉਸ ਵਕਤ ਇਹ ਗੱਲ ਚੁੱਕਣੀ ਸੀ। ਉਦੋਂ ਤੁਸੀਂ ਬੋਲੇ ਨਹੀਂ। 20 ਮਿੰਟ ਬੀਬੀ ਜੀ ਬੋਲੇ ਹਨ, ਉਨ੍ਹਾਂ ਨੇ ਕਿਉਂ ਨਹੀਂ ਇਹ ਗੱਲ ਚੁੱਕੀ। That is all about their own interest. (ਵਿਘਨ, ਸ਼ੋਰ) ਹੋਰ ਕੀ ਹੈ?

**ਮਾਨਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕਰਨ ਦਾ ਯਤਨ ਕਰੋ।

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਜਦੋਂ ਡਿਸਕਸ਼ਨ ਕਰਦੇ ਹਨ, ਉਸ ਵੇਲੇ ਤਾਂ ਇਹ ਬੋਲਦੇ ਨਹੀਂ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਆਪਸ ਵਿਚ ਨਾ ਬੋਲੋ।

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਇਨ੍ਹਾਂ ਨੇ ਸਿਰਫ ਹਾਊਸ ਡਿਸਰੱਪਟ ਕਰਨਾ ਹੈ। ਅਖਬਾਰ ਵਿੱਚ ਆਪਣੀ ਪ੍ਰੋਸੀਡਿੰਗਜ਼ ਬਣਾਉਣਾ ਚਾਹੁੰਦੇ ਹਨ। ਇਨ੍ਹਾਂ ਦਾ ਇੰਨਾਂ ਹੀ ਇੰਟਰਸਟ ਹੈ, ਲਾਅ ਐਂਡ ਆਰਡਰ ਦਾ।

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਹੈ ਕਿ ਹੋਰ ਕੋਈ ਕਹਿੰਦਾ ਤਾਂ ਠੀਕ ਸੀ। ਪਰ ਇਕ ਰੈਵੋਲਿਊਸ਼ਨਰੀ ਬਾਪ ਦਾ ਬੇਟਾ ਹੋਵੇ, ਉਹ ਕਹੇ ਅਤੇ ਜਦੋਂ ਕੋਈ ਮੁੱਦਾ ਹੁੰਦਾ ਹੈ ਤਾਂ ਐਡਜਰਨਮੈਂਟ ਮੋਸ਼ਨ ਲਿਆਂਦੀ ਜਾਂਦੀ ਹੈ। ਇਹੋ ਜਿਹੀਆਂ ਜਿਆਦਤੀਆਂ ਬਾਰੇ ਇਹ ਚੁੱਪ ਕਰਕੇ ਬੈਠ ਜਾਂਦੇ ਹਨ। ਜਦੋਂ ਅਸੀਂ ਇਨ੍ਹਾਂ ਜ਼ਿਆਦਤੀਆਂ ਦੇ ਖਿਲਾਫ ਬੋਲਣ ਲਈ ਆਪਣਾ ਮੂੰਹ ਖੋਲਦੇ ਹਾਂ ਤਾਂ ਸਾਡਾ ਮੂੰਹ ਬੰਦ ਕਿਉਂ ਕਰਦੇ ਹਨ? ਇਹ ਨੰਬਰ ਇਕ ਗੱਲ ਹੈ। ਨੰਬਰ ਦੋ ਤੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਲਾਅ ਐਂਡ ਆਰਡਰ ਬਾਰੇ ਐਡਜਰਨਮੈਂਟ ਮੋਸ਼ਨ ਲੈ ਕੇ ਆਏ ਹਾਂ। ਅਸੀਂ ਪਿੱਛੇ ਵੀ ਵਾਰ ਵਾਰ ਬੋਲਣ ਦੀ ਕੋਸ਼ਿਸ਼ ਕੀਤੀ ਸੀ। ਟਾਈਮ ਲੈਣ ਬਾਰੇ ਵੀ ਵਾਰ ਵਾਰ ਕੋਸ਼ਿਸ਼ ਕੀਤੀ ਹੈ ਪਰ ਸਾਨੂੰ ਟਾਈਮ ਨਹੀਂ ਮਿਲਿਆ। ਚਲੋ, ਚਾਹੇ ਘੱਟ ਮਿਲਿਆ ਜਾਂ ਵੱਧ ਮਿਲਿਆ, ਪਰ ਅਸੀਂ ਟਾਈਮ ਲੈਣ ਬਾਰੇ ਹਮੇਸ਼ਾ ਰੌਲਾ ਪਾਉਂਦੇ ਰਹੇ ਹਾਂ। ਹੁਣ ਮੈਂ ਇਨ੍ਹਾਂ ਸਵਾਲਾਂ ਜਵਾਬਾਂ ਵਿੱਚ ਪੈਣ ਨੂੰ ਛੱਡ ਕੇ ਆਪਣੀ ਅੱਜ ਦੀ ਮੰਗ ਰੱਖਣਾ ਚਾਹਾਂਗੀ। ਮੈਂ ਅੱਜ ਮੰਗ ਕਰਦੀ ਹਾਂ, ਮੈਂ ਜ਼ੋਰਦਾਰ ਤਰੀਕੇ ਨਾਲ ਮੰਗ ਕਰਦੀ ਹਾਂ ਕਿ ਬਹੁਤ ਸਾਰੇ ਐਸੇ ਮਾਮਲੇ ਹਨ, ਇਸ ਐਡਜਰਨਮੈਂਟ ਮੋਸ਼ਨ ਵਿੱਚ ਜੋ ਕਿ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ। ਅਸੀਂ ਜੋ ਮੁੱਦਾ, ਜੋ ਮਤਾ ਇਸ ਵਿੱਚ ਰੱਖਿਆ ਹੈ, ਮੈਨੂੰ ਆਸ ਹੈ ਕਿ ਤੁਸੀਂ ਇਸ ਨੂੰ ਕੰਸਿਡਰ ਕਰਕੇ ਸਾਨੂੰ ਅਲਾਓ ਕਰੋਗੇ। ਇਸ ਬਾਰੇ ਸਾਨੂੰ ਸੁਣੋ ਅਤੇ ਸੀ.ਐਮ. ਸਾਹਿਬ ਆਪਣੀ ਸਟੇਟਮੈਂਟ ਦੇ ਕੇ ਸਾਨੂੰ ਜਾਣਕਾਰੀ ਦੇਣ।

**ਮਾਨਯੋਗ ਸਪੀਕਰ** : ਮੈਂ ਲੀਡਰ ਆਫ਼ ਦਿ ਆਪੋਜ਼ੀਸ਼ਨ, ਔਰ ਹਾਊਸ ਨੂੰ, ਸਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਮੋਸ਼ਨ ਅੱਜ ਸਵੇਰੇ ਮੇਰੇ ਕੋਲ ਆਈ ਹੈ, ਅਜੇ ਹਾਊਸ ਦੀ ਕਾਰਵਾਈ ਲਈ ਇਸ ਨੂੰ ਕੰਸਿਡਰ ਨਹੀਂ ਕੀਤਾ ਗਿਆ ਕਿਉਂਕਿ ਜਿਹੜੇ ਬਜਟ ਦੀ ਬਹਿਸ ਤੇ ਚਾਰ ਦਿਨ ਲੰਘੇ ਹਨ, ਉਨ੍ਹਾਂ ਵਿੱਚ ਖੁੱਲ੍ਹ ਕੇ ਲਾਅ ਐਂਡ ਆਰਡਰ ਬਾਰੇ ਗੱਲ ਕੀਤੀ ਗਈ ਹੈ। ਸਰਦਾਰ ਸੁਖਪਾਲ ਸਿੰਘ ਹੁਰਾਂ ਨੇ ਕਾਫੀ ਗੱਲਾਂ ਕੀਤੀਆਂ ਹਨ, ਜਾਖੜ ਸਾਹਿਬ ਔਰ ਬਾਕੀਆਂ ਸਾਰਿਆਂ ਨੇ ਵੀ ਅਤੇ ਬੀਬੀ ਜੀ ਤੁਸੀਂ ਵੀ ਖੁੱਲ੍ਹ ਕੇ ਜਿੰਨਾ ਤੁਸੀਂ ਬੋਲਣਾ ਸੀ, ਬੋਲੇ ਹੋ। ਕਿਸੇ ਨੂੰ ਰੋਕ ਨਹੀਂ ਕੀਤੀ। ਇਸ ਤੋਂ ਬਾਅਦ ਵੀ ਉਚੇਚਾ ਟਾਈਮ ਮੈਂ ਦੇਣ ਦਾ ਯਤਨ ਕੀਤਾ ਹੈ ਤਾਂ ਕਿ ਜਿੰਨੀ ਵੀ ਵਿਚਾਰ ਕਿਸੇ ਸਿਚੂਏਸ਼ਨ ਤੇ ਕਰਨੀ ਹੋਵੇ ਜਾਂ ਬਜਟ ਤੇ ਕਰਨੀ ਹੋਵੇ, ਉਹ ਖੁੱਲ੍ਹ ਕੇ ਕਰ ਸਕਣ। ਤੁਸੀਂ ਸਾਰੀਆਂ ਗੱਲਾਂ ਬਜਟ ਡਿਸਕਸ਼ਨ ਦੌਰਾਨ ਕੀਤੀਆਂ ਹਨ ਪਰ ਰਾਤੋਂ ਰਾਤ ਕੋਈ ਐਸਾ ਇਸ਼ੂ ਸਾਹਮਣੇ ਨਹੀਂ ਆਇਆ, ਜਿਸ ਮੁਤੱਲਕ ਐਡਜਰਨਮੈਂਟ ਮੋਸ਼ਨ ਤੇ ਵਿਚਾਰ ਕਰਨ ਲਈ ਇੱਥੇ ਲੋੜ ਪੈ ਗਈ ਹੋਵੇ। ਮੈਂ ਮਹਿਸੂਸ ਕੀਤਾ ਹੈ ਕਿ ਜਿਹੜੀਆਂ ਗੱਲਾਂ ਹਨ, ਸਾਰੀਆਂ ਹੀ ਬਜਟ ਸੈਸ਼ਨ ਦੀ ਬਹਿਸ ਦੇ ਦੌਰਾਨ ਹੋ ਚੁੱਕੀਆਂ ਹਨ ਔਰ ਜੋ ਹੁਣ ਰੈਜ਼ੋਲਿਊਸ਼ਨ ਤੇ ਮੌਕਾ ਮਿਲੇਗਾ, ਉਸ ਵਿਚ

Original with;
Punjab Vidhan Sabha
Digitized by;
Panjab Digital Library

ਵੀ ਕਰ ਲੈਣਾ। ਜਿਹੜੀ ਐਡਜਰਨਮੈਂਟ ਮੋਸ਼ਨ ਹੈ, ਮੈਂ ਇਸ ਸਬੰਧੀ ਰੂਲ ਵੀ ਪੜ੍ਹ ਕੇ ਸੁਣਾਏ ਹਨ, ਇਸ ਵਿੱਚ ਉਚੇਚੇ ਤੌਰ ਤੇ ਆਗਿਆ ਜੋ ਹੈ, ਈਵਨ ਮੈਂ ਫਿਰ ਵੀ ਕੰਸਿਡਰ ਕਰਨ ਦੀ ਕੋਸ਼ਿਸ਼ ਕਰਾਂਗਾ ਔਰ ਉਸ ਦਾ ਫੈਸਲਾ ਤੁਹਾਨੂੰ ਤੇ ਹਾਊਸ ਨੂੰ ਦੱਸ ਦੇਵਾਂਗੇ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਮੇਰੀ ਬੇਨਤੀ ਹੈ ਕਿ ਇਸੇ ਟਾਈਮ ਹੀ ਦੱਸ ਦਿਓ ਜੀ।

**ਮਾਨਯੋਗ ਸਪੀਕਰ** : ਮੈਂ ਇਸ ਵੇਲੇ ਨਹੀਂ ਦੱਸ ਸਕਦਾ। ਰੂਲ ਵੀ ਵੇਖ ਲਵਾਂਗਾ ਤੇ ਫਿਰ ਦੱਸਾਂਗਾ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਪਤਾ ਨਹੀਂ ਕਿਉਂ ਮੇਰਾ ਮਾਈਕ ਬੰਦ ਕਰ ਦਿੰਦੇ ਹਨ, ਸ਼ਾਇਦ ਇਹ ਸੁਣਨਾ ਨਹੀਂ ਚਾਹੁੰਦੇ। ਸਪੀਕਰ ਸਾਹਿਬ, ਜੋ ਤੁਸੀਂ ਫੁਰਮਾਇਆ ਹੈ ਕਿ ਅਸੀਂ ਵਾਰ ਵਾਰ ਕਿਹਾ ਹੈ, ਇਹ ਸੱਚੀ ਗੱਲ ਹੈ, ਇਹ ਸਹੀ ਹੈ। ਅਸੀਂ ਵਾਰ ਵਾਰ ਲਾਅ ਐਂਡ ਆਰਡਰ ਦਾ ਮਸਲਾ ਇੱਥੇ ਉਠਾਇਆ ਹੈ। ਸਾਡੇ ਵੱਲੋਂ ਕੋਈ ਕਸਰ ਨਹੀਂ ਛੱਡੀ ਗਈ। ਪਰ ਇਸ ਸਬੰਧੀ ਇਧਰੋਂ ਸਰਕਾਰ ਦੀ ਤਰਫੋਂ ਕੋਈ ਕਲੀਅਰ ਕੱਟ ਪਾਲਿਸੀ ਜਾਂ ਜਵਾਬ ਨਹੀਂ ਦਿੱਤਾ ਗਿਆ, ਇਨ੍ਹਾਂ ਦਾ ਕੋਈ ਵਿਚਾਰ ਇਸ ਸਬੰਧੀ ਨਹੀਂ ਆਇਆ। ਪਿਛਲੇ ਸੈਸ਼ਨ ਵਿਚ ਮੈਂ 21 ਕੇਸ ਆਨ ਦਿ ਟੇਬਲ ਆਫ਼ ਦਿ ਹਾਊਸ ਰੱਖੇ ਸਨ ਜਿਸ ਦਾ ਮੈਂ ਸਮਝਦੀ ਸੀ ਕਿ ਇਸ ਸੈਸ਼ਨ ਵਿੱਚ ਜਵਾਬ ਆਵੇਗਾ ਪਰ ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। ਹੋਰ ਮੇਰੇ ਕੋਲ 111 ਕੇਸ ਆਏ ਹਨ ਅਤੇ 10 ਹੋਰ ਕੇਸ ਲਾਅ ਐਂਡ ਆਰਡਰ ਬਾਰੇ ਹਨ। ਟੋਟਲ ਇਹ 121 ਕੇਸ (ਅਨੈਕਸਚਰ I ਅਤੇ II) ਮੈਂ ਹਾਊਸ ਦੀ ਟੇਬਲ ਤੇ ਰੱਖ ਰਹੀ ਹਾਂ।

## ਅਨੈਕਸਚਰ - I

## PUNJAB PRADESH CONGRESS COMMITTEE & CONGRESS LEGISLATURE PARTY

### List of FIR's registered against Congress Workers

| Sr. No. | Constituency | No. of FIRs | FIR No. | Police Station | Accused | Sections |
|---|---|---|---|---|---|---|
| 1. | Jandiala | 1 | 82/2007 | P.S. Jandiala | Satwinder Singh | 489 ABC/ 420/201 |
| 2. | Beas | 21 | 71/2007 | P.S. Mehta | Balwinder Kaur, Pal Singh | 324/323 |
| 3. | Beas | | 65/2007 | P.S. Mehta | Ginder Singh & Others | 324/323 |

Original with;
Punjab Vidhan Sabha
Digitized by;
Panjab Digital Library

[ Smt. Rajinder Kaur Bhattal ]

| Sr. No. | Constituency | No. of FIRs | FIR No. | Police Station | Accused | Sections |
|---|---|---|---|---|---|---|
| 4. | Beas | | 21/2007 | P.S. Beas | Jasbir Singh Dimpa, Ex-MLA & Others | 302/148 |
| 5. | Beas | | 47/2007 | P.S. Beas | Jasbir Singh Dimpa, Ex-MLA & Others | 307/452 |
| 6. | Beas | | 126/2007 | P.S. Beas | Satwinder Kaur (Mother of Jasbir Singh Dimpa) & 100 others Congress workers of Beas | 188 IPC |
| 7. | Beas | | 57/2007 | | Navtej Singh, Advocate | 326/323 |
| 8. | Beas | | 54/2007 | P.S. Beas | Gursharan Singh Ladhi | 323/341 |
| 9. | Beas | | | P.S. Beas | Mangal Singh & others attacked by Akali worker | 452/323 |
| 10. | Beas | | | P.S. Beas | Inder Singh and others attacked by Akali worker | |
| 11. | Beas | | 53/2007 | P.S. Mehta | Balbir Singh | 171E IPC 123 |
| 12. | Beas | | 54/2007 | P.S. Mehta | Kulwant Singh | 171E IPC 123 |
| 13. | Beas | | 56/2007 | P.S. Mehta | S. Sukhjinder Raj Singh Lally | 171E IPC 123 |
| 14. | Beas | | 46/2007 | P.S. Beas | Sohan Singh | 61/1/14 |
| 15. | Beas | | 48/2007 | P.S. Beas | Smt. Surjit Kaur | 61/1/14 |
| 16. | Beas | | 49/2007 | P.S. Beas | Chanchal Singh | 61/1/14 |
| 17. | Beas | | 50/2007 | P.S. Beas | Renu w/o S. Satpal Singh | 61/1/14 |
| 18. | Beas | | 51/2007 | P.S. Beas | Chinder Singh | 61/1/14 |
| 19. | Beas | | | P.S. Beas | Brother of Sarpanch Kashmir Singh attacked by Akali worker | 61/1/14 |
| 20. | Beas | | | P.S. Beas | Chhind Ram & others attacked by Akali worker | 341/506 |
| 21. | Beas | | 126/2007 | P.S. Beas | Dr. Bilu & others | 188 IPC |
| 22. | | | | P.S. Mattewal | Baba Lachhman Singh attacked by Akali worker | |

Original with;
Punjab Vidhan Sabha
Digitized by;
Punjab Digital Library

| Sr. No. | Constituency | No. of FIRs | FIR No. | Police Station | Accused | Sections |
|---|---|---|---|---|---|---|
| 23. | | | | P.S. Mattewal | Jathedar Gurmej Singh attacked by Akali worker | |
| 24. | | | | P.S. Mattewal | Jetha Singh & others attacked by Akali worker | 61/1/14 |
| 25. | | | | P.S. Mattewal | Antokh Singh & others attacked by Akali worker | 61/1/14 |
| 26. | | | 131/2007 | P.S. Sadar | Gurpartap Singh attacked by Akali worker | 302/307 |
| 27. | Majitha | 1 | 71/2007 | P.S. Majitha | Murder of Congress worker | 302 |
| 28. | Sardoolgarh | 1 | | | Sarpanch Ram Singh attacked by Akali worker | 323/324 |
| 29. | Muktsar | 1 | 27/2007 | P.S. Muktsar | Mandar Singh | 452/324/323 |
| 30. | Malout | 6 | 34/2007 | P.S. Malout | Manjit Singh | 354 |
| 31. | | | 29/2007 | P.S. Bariwala | Amarjit Kaur & others | 323/506/120 |
| 32. | | | 67/2007 | P.S. Malout | Bhupinder Singh & others | 452/364/379 |
| 33. | | | 264/2007 | P.S. Malout | Malkit Singh & others | 324/323 |
| 34. | | | 77/2007 | P.S. Malout | Jaswant Singh & others | 379 IPC |
| 35. | | | 63/2007 | P.S. Malout | Des Raj & others | 452/427 |
| 36. | Patiala | 1 | 90/2007 | P.S. Patiala | Amit Kumar & others | 420 IPC |
| 37. | Bholath | 15 | 54/2007 | P.S. Subanpur | Sukhpal Singh Khera & others | 341/294/427/382/147 |
| 38. | | | 79/2007 | P.S. Bholath | Baba Harjit Giri & others | 420/406/467 |
| 39. | | | 96&97/2007 | P.S. Bholath | Davinder Singh Shera & others | 420 & Excise Act |
| 40. | | | 71/2007 | P.S. Bholath | Sanam Singh Goga & others | 406/420/406 IPC |
| 41. | | | 51/2007 | P.S. Bholath | Sikander Mandal & others | 323/324/452/148/149 |
| 42. | | | 71/2007 | P.S. Subanpur | Jiwan Singh & others | 457/380 IPC |

Original with;
Punjab Vidhan Sabha
Digitized by;
Panjab Digital Library

[ Smt. Rajinder Kaur Bhattal ]

| Sr. No. | Constituency | No. of FIRs | FIR No. | Police Station | Accused | Sections |
|---|---|---|---|---|---|---|
| 43. | | | 95/2007 | P.S. Bholath | Baldev Singh & others | 170 IPC |
| 44. | | | 85/2007 | P.S. Bholath | Bachna Singh & others | 452/427/506 IPC |
| 45. | | | 50/2007 | P.S. Bholath | Balkar Singh | 294 IPC |
| 46. | | | 36/2007 | P.S. Bholath | Dev Raj Dhal | 447/511 IPC |
| 47. | | | 104/2007 | P.S. Bholath | Harjit Singh Sidhwan & others | 324/452/323/341 IPC |
| 48. | Bholath | | 46/2007 | P.S. Bholath | Satnam Singh & others | 452/354/509/323/120 B |
| 49. | | | 57/2007 | P.S. Bholath | Buli & Jaswant Singh Raipur | 323/324/341 354 |
| 50. | | | 39/2007 | P.S. Bholath | Baldev Singh & others | 294/341/323/506 IPC |
| 51. | Bholath | | 53/2007 | P.S. Bholath | Varun Kumar & others | 323/324/452/427 IPC |
| 52. | Adampur | 4 | 74/2007 | P.S. Bhogpur | Dara Singh & others | 452/506 IPC |
| 53. | | | 43/2007 | P.S. Bhogpur | Pritam Singh & others | 307/34 IPC |
| 54. | | | 128/2007 | | Jaspal Singh & others | 307/323/324/148 |
| 55. | | | 130/2007 | P.S. Sadar Jalandhar | Jagdish Kumar & others | 307/382/323//324 |
| 56. | | | 128/2007 | P.S. Mansuda | Jaspal Singh & others | 307/324/323/341/148/149 |
| 57. | Amloh | 1 | 50/2007 | | Sham Singh & others | 379/311 |
| 58. | Mohali | 1 | 79/2007 | P.S. Phase-8 | Rishav Jain & others | 354/506/341 IPC |
| 59. | Barnala | 6 | 42/2007 | P.S. Barnala | Sarpanch Satnam Singh | 409/465/467 468/471 |
| 60. | | | 17/2007 | P.S. Sadar Barnala | Pargat Singh & others | 148/149/323/379/427 |
| 61. | | | 11/2007 | P.S. Sadar Barnala | Karnail Singh | 341/364/148/149 IPC |

Original with;
Punjab Vidhan Sabha
Digitized by;
Panjab Digital Library

| Sr. No. | Constituency | No. of FIRs | FIR No. | Police Station | Accused | Sections |
|---|---|---|---|---|---|---|
| 62. | | | 42/2007 | P.S. City Barnala | Satnam Singh | 409/465/467/ 468/471/477 |
| 63. | | | 17/2007 | P.S. City Barnala | Pala Singh & others | 323/379/427/ 148/149 |
| 64. | | | 11/2007 | P.S. | Joginder Singh & others | 341/364/148/ 149 |
| 65. | Raikot | 20 | 11/2007 | P.S. Raikot | Harlok Singh & others | 452/324/323/ 506 |
| 66. | | | | P.S. Dehlon | Surjit Singh & others | 323/324/34/ 107/151 |
| 67. | | | | P.S. Sudhar | Darshan Singh & others | 323/324/326 379 |
| 68. | | | | P.S. Sudhar | Darbara Singh & others | 452/323/148/ 149/506 |
| 69. | | | | P.S. Dehlon | Pritam Singh | 323/324/452 |
| 70. | | | | P.S. Dehlon | Karam Singh & others | 452/324/34 |
| 71. | | | | P.S. Dehlon | Kuldeep Kaur & others | 452/323/324 34 |
| 72. | | | | P.S. Dehlon | Baldev Singh & others | 107/151 |
| 73. | | | | P.S. Sudhar | Jagdev Singh & others | 107/151 |
| 74. | | | | P.S. Sudhar | Gurdial Singh | 107/151 |
| 75. | | | | P.S. Dakha | Ranjit Singh & others | 307/34 |
| 76. | | | | P.S. Dehlon | Kuldip Singh & others | 107/151 |
| 77. | | | | P.S. Dehlon | Harbans Singh & others | 326 |
| 78. | | | | P.S. Dehlon | HardipSingh & others | 107/151 |
| 79. | | | | P.S. Dehlon | Barjinder Singh & others | 107/151 |
| 80. | Raikot | | | P.S. Dehlon | Jagminder Singh & others | 107/151/447/ 511 |
| 81. | | | | P.S. Dehlon | Dr. Gurdip Singh | 290/511 |
| 82. | | | | P.S. Dehlon | Balraj Singh & others | 107/151 |

Original with;
Punjab Vidhan Sabha
Digitized by;
Panjab Digital Library

[ Smt. Rajinder Kaur Bhattal ]

| Sr. No. | Constituency | No. of FIRs | FIR No. | Police Station | Accused | Sections |
|---|---|---|---|---|---|---|
| 83. | | | | P.S. Raikot | Hari Singh & others | 452/323/324/ 148/149 |
| 84. | | | | P.S. Dehlon | Charanjit Singh & others | 107/151/750 |
| 85. | Jagraon | 2 | 54/2007 | P.S. Sidhwan Bet | HYX-040 Black Colour | 382/341/506/ 34 IPC |
| 86. | | | 147/2007 | P.S. Ghall Khurd | Gurdeep Singh & others | 323/324/506 34 IPC |
| 87. | Pakka Kalan | 2 | 40/2007 | P.S. Sangat | Teja Singh & others | 380/411/408 IPC |
| 88. | | | 23/2007 | P.S. Sangat | Harpal Singh & others | 447/148/149/ 427/54 IPC |
| 89. | Raja Sansi | 11 | 45/2007 | P.S. Raja Sansi | Tarlok Singh & others | 363/366/376/ 120 B IPC |
| 90. | | | 73/2007 | P.S. Lopoke | Chanan Singh & others | 326/324/323/ 148 IPC |
| 91. | | | 81/2007 | P.S. Majitha | Santokh Singh & others | 323/354/356/ 34 IPC |
| 92. | | | 70/2007 | P.S. Lopoke | Moti Lal & others | 326/323/324/ 34 IPC |
| 93. | | | 78/2007 | P.S. Lopoke | Dilbag Singh & others | 307/452/324/ 323/34 IPC |
| 94. | | | 63/2007 | P.S. Majitha | Harpreet Singh & others | 326/324/323/ 34 IPC |
| 95. | | | 108/2007 | P.S. Lopoke | Mandip Singh & others | 326/323/324/ 148/149 IPC |
| 96. | | | 65/2007 | P.S. Raja Sansi | Kashmir Singh & others | 326/323/324/ 148/149 IPC |
| 97. | | | 74/2007 | P.S. Lopoke | Balwinder Singh & others | 341/323/506/ 148/149 IPC |
| 98. | | | 129/2007 | P.S. Lopoke | Tara Singh & others | 326/325/323/ 34 IPC |

Original with;
Punjab Vidhan Sabha
Digitized by;
Panjab Digital Library

| Sr. No. | Constituency | No. of FIRs | FIR No. | Police Station | Accused | Sections |
|---|---|---|---|---|---|---|
| 99. | | | 75/2007 | P.S. Lopoke | Kaku Masih & others | 323/324/148 149 IPC |
| 100. | Baghapurana | 8 | 113/2007 | P.S. Bagha-purana | Jagdish Singh & others | 366/376(2) |
| 101. | | | 73/2007 | P.S. Bagha-purana | Ranjit Singh | |
| 102. | | | 95/2007 | P.S. Bagha-purana | Jagroop Singh | 379/506 |
| 103. | | | 31/2007 | P.S. Sadar Moga | Harnek Singh & others | 324/323/34 |
| 104. | | | 90/2007 | P.S. Bagha-purana | Darshan Singh | 379/452/506 |
| 105. | | | 160/2007 | P.S. Bagha-purana | Ranjit Singh Bhagike & others | 342/323/506/ 149 |
| 106. | | | 82/2007 | P.S. City Moga | Ajay Kumar & others | 365/406/420/ 506/344 |
| 107. | | | 152/2007 | P.S. Bagha-purana | Kuldip Singh & others | 342/323/324/ 447/148/149 |
| 108. | Abohar | 1 | 117/2007 | P.S. Abohar-II | Subhash Gupta (Journalist) Prop. Jang-e-Samachar | 384/506/499/ 513/500 IPC |
| 109. | Moga | 3 | 84/2007 | P.S. City Moga | Jaswant Singh & others | 379/448/54/ 341 IPC |
| 110. | | | 47/2007 | P.S. Sadar Moga | Gurchand Singh & others | 452/324/323/ 148/149 IPC |
| 111. | | | 84/2007 | P.S. Sadar Moga | Juliam S/o Sant Ram | |

## ਅਨੈਕਸਚਰ II

## ਅਕਾਲੀ ਸਰਕਾਰ ਵੱਲੋਂ ਕਾਂਗਰਸੀ ਵਰਕਰਾਂ ਨਾਲ ਧੱਕਾ

**SAMANA**

1. ਪਿੰਡ ਵਲੀਪੁਰ ਸਰਪੰਚ ਨਾਜਰ ਸਿੰਘ ਤੇ 11 ਹੋਰ ਗਰੀਬ ਮੁਸਲਮਾਨਾਂ ਤੇ ਬਾਜੀਗਰ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ]

ਤੇ ਹੋਰ ਲੋਕਾਂ ਖਿਲਾਫ਼ ਝੂਠਾ 307 ਦਾ ਪਰਚਾ ਦਰਜ, ਪੁਲਿਸ ਵੱਲੋਂ ਨਜਾਇਜ ਪ੍ਰੇਸ਼ਾਨੀ।

ਥਾਣਾ ਸਦਰ ਪਟਿਆਲਾ

2. ਪਿੰਡ ਲਲੌਛੀ ਸਰਪੰਚ ਮਨੋਹਰ ਸਿੰਘ ਦੇ 70-75 ਸਾਲਾ ਪਿਤਾ ਤੇ ਦਾਣਾ ਮੰਡੀ ਦੇ ਵਿੱਚ ਇੱਕ ਔਰਤ ਨਾਲ ਛੇੜਖਾਨੀ ਕਰਨ ਦਾ ਝੂਠਾ ਮੁਕੱਦਮਾ ਦਰਜ ਕਰਵਾਇਆ। S. Manohar Singh Sarpanch and his father S. Gurbax Singh Vill. Lalouchhi Zamanat dated 22nd April, 2007.

ਥਾਣਾ ਸਦਰ ਸਮਾਣਾਂ

3. ਪਿੰਡ ਗਾਜ਼ੇਵਾਸ ਦੀ ਦਲਿਤ ਮਹਿਲਾ ਸਰਪੰਚ ਬਲਦੇਵ ਕੌਰ ਜੋ ਕਿ ਅਨਪੜ੍ਹ ਹੈ, ਨੂੰ ਸਾਜਿਸ਼ ਅਧੀਨ ਸਸਪੈਂਡ ਕੀਤਾ। ਪਿੰਡ ਦੀ ਸਰਪੰਚ ਦਲਿਤ ਮਹਿਲਾ ਰਿਜ਼ਰਵ ਸੀਟ ਹੋਣ ਦੇ ਬਾਵਜੂਦ ਇੱਕ ਮਰਦ ਪੰਚ ਨੂੰ ਸਰਪੰਚੀ ਦਾ ਅਧਿਕਾਰ ਦਿੱਤਾ ਗਿਆ।

4. ਪਿੰਡ ਬਿਸ਼ਨਪੁਰਾ ਕਾਂਗਰਸੀ ਸਰਪੰਚ ਜਨਕ ਰਾਜ ਦੇ ਖੇਤਾਂ ਨੂੰ ਦਲਦਾ ਤਕਰੀਬਨ 30-35 ਸਾਲ ਪੁਰਾਣਾ ਨਹਿਰੀ ਪਾਣੀ ਦਾ ਖਾਲ ਵਿਰੋਧੀਆਂ ਵੱਲੋਂ ਵਾਹ ਕੇ ਜ਼ਬਰਦਸਤੀ ਬੰਦ ਕਰ ਦਿੱਤਾ, ਪਰ ਉਸਦੀ ਪੁਲਿਸ ਪ੍ਰਸ਼ਾਸਨ ਨੇ ਕੋਈ ਸੁਣਵਾਈ ਨਾ ਕੀਤੀ। 26/05/07 ਨੂੰ D.S.P. Samana ਨੂੰ ਸ਼ਿਕਾਇਤ ਦਿੱਤੀ। S.H.O. Samana ਨੇ ਕਿਹਾ ਕਿ ਸ. ਕੁਲਦੀਪ ਸਿੰਘ ਨੱਸੂਪੁਰ ਜੋ ਕਹਿਣਗੇ ਉਹੀ ਹੋਵੇਗਾ।

5. ਪਿੰਡ ਬਿਸ਼ਨਪੁਰਾ ਦੇ ਛੱਜੂ ਸਿੰਘ ਤੇ ਝੂਠਾ ਕੇਸ ਪਾ ਕੇ ਧਾਰਾ 7/51 ਰਾਹੀਂ ਜਮਾਨਤ ਕਰਵਾਈ। ਸ਼ਿਕਾਇਤ ਸਦਰ ਸਮਾਣਾ 04/04/07 ਜਮਾਨਤ ਐਸ.ਡੀ.ਐਮ., ਸਮਾਣਾ 09/04/07.

6. ਪਿੰਡ ਚੁਪਕੀ ਬਲਾਕ ਸਮਾਣਾ ਦੇ ਬਜ਼ੁਰਗ ਕਾਂਗਰਸੀ ਸ. ਸਰੂਪ ਸਿੰਘ ਨੂੰ ਕਿਸੇ ਰਾਜਨੀਤਕ ਨੇਤਾ ਦੀ ਬਰਸੀ ਉਤੇ ਸੈਂਕੜੇ ਲੋਕਾਂ ਦੀ ਹਾਜ਼ਰੀ ਵਿੱਚ ਵਿਰੋਧੀਆਂ ਵੱਲੋਂ ਥੱਪੜ ਮਾਰੇ ਗਏ ਅਤੇ ਪੱਗ ਉਤਾਰ ਦਿੱਤੀ ਗਈ। ਪੁਲਿਸ ਅਫ਼ਸਰਾਂ ਨੇ ਵਿਰੋਧੀਆਂ ਉੱਤੇ ਕਾਰਵਾਈ ਕਰਨ ਦੀ ਜਗ੍ਹਾ ਜਬਰਦਸਤੀ ਰਾਜ਼ੀਨਾਮਾ ਲਿਖਵਾਇਆ। 12/05/07 ਮਲਕੀਤ ਸਿੰਘ ਅਤੇ ਸਾਬਕਾ ਸਰਪੰਚ ਨਾਜ਼ਮ ਸਿੰਘ (ਅਕਾਲੀ) ਵੱਲੋਂ ਸਰਪੰਚ ਜੋਰਾ ਸਿੰਘ ਚੁਪਕੀ ਉਤੇ ਔਰਤ ਅਗਵਾ ਦਾ ਝੂਠਾ ਕੇਸ ਦਰਜ ਕਰਵਾਇਆ ਗਿਆ। ਜਦੋਂ ਕਿ ਦੂਜੇ ਦਿਨ ਖੁਦ ਉਸ ਔਰਤ ਨੇ ਪੇਸ਼ ਹੋ ਕੇ ਸਾਰੀ ਸਥਿਤੀ ਸਪਸ਼ਟ ਕੀਤੀ। 05/04/07.

7. ਪਿੰਡ ਕਮਾਸਪੁਰ ਬਲਾਕ ਸਮਾਣਾ ਕਾਂਗਰਸੀ ਵਰਕਰ ਮਲਕੀਤ ਕੌਰ ਦੀ ਜ਼ਮੀਨ ਦੀ ਨਿਸ਼ਾਨਦੇਹੀ ਹੋਣ ਦੇ ਬਾਵਜੂਦ ਵਿਰੋਧੀ ਧਿਰ ਵੱਲੋਂ ਪੁਲਿਸ ਨਾਲ ਮਿਲਕੇ ਜ਼ਬਰਦਸਤੀ ਕਬਜ਼ਾ ਲੈ ਲਿਆ। ਪੁਲਿਸ ਨੇ ਪੂਰੀ ਮਦਦ ਕਰਕੇ ਵਿਰੋਧੀਆਂ ਨੂੰ ਕਬਜ਼ਾ ਦਿਵਾਇਆ ਅਤੇ ਮਲਕੀਤ ਕੌਰ ਨੂੰ ਡਰਾਇਆ ਧਮਕਾਇਆ।

Original with;
Punjab Vidhan Sabha
Digitized by;
Panjab Digital Library

8. ਪਿੰਡ ਲਲੌਛੀ ਵਿਖੇ ਕਾਲਾ ਸਿੰਘ ਪੁੱਤਰ ਭਗਵਾਨ ਵਗੈਰਾ ਦੀ ਜ਼ਮੀਨ ਅਤੇ ਮਕਾਨ ਤੇ ਅਕਾਲੀ ਵਰਕਰਾਂ ਵੱਲੋਂ ਜ਼ਬਰੀਆ ਕਬਜ਼ਾ ਕੀਤਾ। ਔਰਤਾਂ ਨੂੰ ਗਾਲੀ ਗਲੋਚ ਕੀਤਾ। ਪੁਲਿਸ ਨੂੰ ਵਾਰ ਵਾਰ ਸ਼ਿਕਾਇਤਾਂ ਕਰਨ ਤੇ ਵੀ ਕੋਈ ਕਾਰਵਾਈ ਨਾ ਹੋਈ। ਪਿਛਲੇ ਤਿੰਨ ਮਹੀਨਿਆਂ ਵਿੱਚ ਕਈ ਵਾਰੀ ਸ਼ਿਕਾਇਤਾਂ ਕਰਨ ਦੇ ਬਾਵਜੂਦ ਕੁਝ ਨਾ ਹੋਇਆ।

9. ਪਿੰਡ ਹਰਦਾਸਪੁਰ ਵਿਖੇ ਦਲਿਤ ਸਮਾਜ ਦੀਆਂ ਔਰਤਾਂ ਨਾਲ ਸ਼ਾਮਲਾਟ ਦੀ ਬੋਲੀ ਦੀ ਵਜ੍ਹਾ ਕਰਕੇ ਬਦਸਲੂਕੀ ਕੀਤੀ। ਉਹਨਾਂ ਨੂੰ ਜਾਤੀ ਸੂਚਕ ਸ਼ਬਦਾਂ ਨਾਲ ਗਾਲ੍ਹਾਂ ਕੱਢੀਆਂ ਗਈਆਂ। ਐਸ.ਐਸ.ਪੀ. ਸਾਹਿਬ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। 21/05/07

10. ਪਿੰਡ ਚੁਪਕੀ (ਬਲਾਕ ਸਮਾਣਾ) ਪਿੰਡ ਦੀ ਫਿਰਨੀ ਦਾ ਕੇਸ ਪੰਚਾਇਤ ਦੇ ਹੱਕ ਵਿੱਚ ਹੋਣ ਦੇ ਬਾਵਜੂਦ ਬੀ.ਡੀ.ਪੀ.ਓ. ਸਮਾਣਾ ਵੱਲੋਂ ਰਿਪੋਰਟ ਅਕਾਲੀ ਵਰਕਰਾਂ ਦੇ ਹੱਕ ਵਿੱਚ ਲਿਖਕੇ ਨਜਾਇਜ਼ ਕਬਜ਼ਾ ਤੁੜਵਾਉਣ ਲਈ ਪੁਲਿਸ ਤੇ ਐਸ.ਡੀ.ਐਮ. ਸਾਹਿਬ ਨੂੰ ਰਿਪੋਰਟ ਨਾ ਕੀਤੀ, ਸਗੋਂ ਨਜਾਇਜ਼ ਕਬਜ਼ਾ ਤੁੜਵਾਉਣ ਵਿੱਚ ਅਸਮਰੱਥਾ। (09/05/07 ਤਰੀਕ ਫੈਸਲਾ) (Civil Judge Samana).

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਜਿਹੜੀ ਤੁਸੀਂ ਗੱਲ ਕਹੀ ਹੈ, ਉਸ ਤੇ ਆਉਣ ਤੋਂ ਪਹਿਲਾਂ ਕਹਿਣਾ ਚਾਹੁੰਦੀ ਹਾਂ ਕਿ ਐਸਾ ਕੋਈ ਮਾਮਲਾ ਨਹੀਂ। ਸਪੀਕਰ ਸਾਹਿਬ, ਲੀਡਿੰਗ ਪੇਪਰਜ਼ ਦੇ ਸੁਓ ਮੋਟੋ ਜਵਾਬ ਤੇ ਸੀ.ਐਮ. ਸਾਹਿਬ ਨੇ ਸਟੇਟਮੈਂਟ ਦਿੱਤੀ ਸੀ। ਕਈ ਤਰ੍ਹਾਂ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪੀਆਂ ਹੋਈਆਂ ਹਨ। 'ਪੰਜਾਬ ਕੇਸਰੀ' ਅਖ਼ਬਾਰ ਵੇਖ ਲਵੋ। ਇਸ ਵਿਚ ਵੀ ਖ਼ਬਰ ਛਪੀ ਹੈ। ਸਾਡੇ ਮਾਨਯੋਗ ਮੈਂਬਰ ਗਾਗੋਵਾਲ ਜੀ ਨੇ ਵੀ ਇਸ ਬਾਰੇ ਗੱਲ ਕਰਨੀ ਚਾਹੀ ਸੀ ਅਤੇ ਐਗਜ਼ਾਂਪਲ ਦਿੱਤੀ ਸੀ। ਅੱਜ ਇੰਨੀਆਂ ਮਾੜੀਆਂ ਘਟਨਾਵਾਂ ਹੋ ਰਹੀਆਂ ਹਨ, ਸਾਡੇ ਸੰਵਿਧਾਨਿਕ ਹੱਕ ਖੋਹੇ ਜਾ ਰਹੇ ਹਨ।

**ਮਾਨਯੋਗ ਸਪੀਕਰ** : ਬੀਬੀ ਜੀ, ਇਹ ਜ਼ੀਰੋ ਆਵਰ ਵਾਲਾ ਮਸਲਾ ਨਹੀਂ ਹੈ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਜਿਹੜੀ ਤੁਸੀਂ ਰਾਤੋ ਰਾਤ ਵਾਪਰੀ ਘਟਨਾ ਬਾਰੇ ਕਹਿ ਰਹੇ ਹੋ, ਇਸ ਬਾਰੇ ਮੈਂ ਦੱਸਣਾ ਚਾਹੁੰਦੀ ਹਾਂ ਕਿ ਇੱਕ ਘਟਨਾ ਐਸੀ ਘਾਤਕ ਹੋਈ ਹੈ ਜਿਹੜੀ ਕਿ ਪੰਜਾਬ ਦੇ ਲਾਅ ਐਂਡ ਆਰਡਰ ਦੇ ਨਾਲ ਤਾਅਲੁਕ ਰੱਖਦੀ ਹੈ। ਉਹ ਗੱਲ ਵੀ ਵਾਪਰੀ ਹੈ। ਅਸੀਂ ਇਮੀਜੀਏਟਲੀ ਇਸ ਬਾਰੇ ਗੱਲ ਕਰਨੀ ਚਾਹੁੰਦੇ ਹਾਂ। ਅੱਜ ਸਾਡੇ ਲੋਕ ਦਹਿਸ਼ਤ ਦੇ ਵਾਤਾਵਰਣ ਵਿੱਚ ਜੀਅ ਰਹੇ ਹਨ। ਸਾਹਮਣੇ ਬੈਠੀ ਸਰਕਾਰ ਧਰਮ ਅਤੇ ਸਿਆਸਤ ਦੀ ਇਕੱਠੀ ਸਾਂਝੀ ਸੋਚ ਵਾਲੀ ਸਰਕਾਰ ਹੈ। ਇਸ ਕਰਕੇ ਸਾਨੂੰ ਚਿੰਤਾ ਹੈ। ਇਸ ਕਰਕੇ ਸਾਨੂੰ ਪੰਜਾਬ ਦਾ ਮਾਹੌਲ ਖਰਾਬ ਹੋਣ ਦੀ ਆਸ਼ੰਕਾ ਹੈ। ਇਹੋ ਜਿਹੇ ਐਟਮੌਸਫਿਅਰ ਵਿੱਚ ਮੈਂ ਮਹਿਸੂਸ ਕਰਦੀ ਹਾਂ ਕਿ ਇਹ

Original with;
Punjab Vidhan Sabha
Digitized by;
Panjab Digital Library

ਦੱਸਣਾ..... (ਵਿਘਨ) (ਸ਼ੋਰ) ਮੈਂ ਆਪਣੀ ਗੱਲ ਪੂਰੀ ਕਰਨੀ ਹੈ..... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਸ਼੍ਰੀ ਤਿਕਸ਼ਨ ਸੂਦ ਜੀ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਅਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਐਡਜਰਨਮੈਂਟ ਮੋਸ਼ਨ ਜਿਹੜੀ ਇਨ੍ਹਾਂ ਮੂਵ ਕੀਤੀ ਹੈ ਉਸ ਤੇ ਤੁਸੀਂ ਆਪਣੀ ਰੂਲਿੰਗ ਦੇ ਦਿੱਤੀ ਹੈ ਅਤੇ ਇਸ ਮਾਮਲੇ ਨੂੰ ਬਾਅਦ ਵਿੱਚ ਵਿਚਾਰ ਲਵਾਂਗੇ ਅਤੇ ਰੂਲਜ਼ ਦੇ ਉੱਤੇ ਫੈਸਲਾ ਕਰ ਲਵਾਂਗੇ, ਇਨ੍ਹਾਂ ਨੇ ਬਿਨਾ ਪਰਮਿਸ਼ਨ ਲਏ ਐਡਜਰਨਮੈਂਟ ਮੋਸ਼ਨ ਤੇ ਬਹਿਸ ਸ਼ੁਰੂ ਕਰ ਦਿੱਤੀ ਹੈ।

**ਮਾਨਯੋਗ ਸਪੀਕਰ** : ਨਹੀਂ ਜੀ, ਹਾਲੇ ਰੂਲਿੰਗ ਆਉਣੀ ਹੈ, ਇਹ ਥੋੜ੍ਹਾ ਜਿਹਾ ਰੀਜ਼ਨ ਕੀਤਾ ਹੈ (ਵਿਘਨ) (ਸ਼ੋਰ) ਹਾਲੇ ਰੂਲਿੰਗ ਆਉਣੀ ਹੈ ਅਤੇ ਉਸ ਤੋਂ ਬਾਅਦ ਹੀ ਮੋਸ਼ਨ ਦੀ ਗੱਲ ਚੱਲੇਗੀ, ਨਾ ਮੈਂ ਇਨ੍ਹਾਂ ਵਲੋਂ ਮੋਸ਼ਨ ਐਕਸੈਪਟ ਕੀਤੀ ਹੈ ਅਤੇ ਨਾ ਹੀ ਜਵਾਬ ਦਿੱਤਾ ਹੈ, ਇਹ ਹਾਲੇ ਅੰਡਰ ਕੰਸੀਡਰੇਸ਼ਨ ਹੈ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਅਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰੰਤ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਤੁਹਾਡੀ ਪਰਮਿਸ਼ਨ ਤੋਂ ਬਗੈਰ ਹੀ ਬਹਿਸ ਸ਼ੁਰੂ ਕਰ ਦਿੱਤੀ ਹੈ।

**ਮਾਨਯੋਗ ਸਪੀਕਰ** : ਮੈਂ ਹਾਲੇ ਪਰਮਿਸ਼ਨ ਨਹੀਂ ਦਿੱਤੀ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਅਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਸੀ.ਐਮ. ਸਾਹਿਬ ਨੇ ਪੂਰਾ ਜਵਾਬ ਦਿੱਤਾ ਹੈ। ਇਨ੍ਹਾਂ ਦੇ ਚੁੱਕੇ ਹੋਏ ਕੇਸਾਂ ਤੇ ਸੀ.ਐਮ. ਸਾਹਿਬ ਨੇ ਹਾਊਸ ਵਿੱਚ ਸਾਰਿਆਂ ਦਾ ਜਵਾਬ ਦਿੱਤਾ ਹੈ। ਜੇ ਹੋਰ ਕੋਈ ਕੇਸ ਹੈ ਤਾਂ ਲੈ ਆਉਣ। ਲਾਅ ਐਂਡ ਆਰਡਰ ਦੀ ਕੋਈ ਮਾੜੀ ਹਾਲਤ ਨਹੀਂ ਹੈ। ਕਈ ਇੰਡੀਵਿਜ਼ੂਅਲ ਕੇਸਿਜ਼ ਹੁੰਦੇ ਹਨ, ਜਵਾਬ ਆ ਚੁੱਕਾ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬੀਬੀ ਜੀ, ਮੋਸ਼ਨ ਹਾਲੇ ਕੰਸਿਡਰ ਨਹੀਂ ਹੋਈ। ਉਸ ਦਾ ਜਵਾਬ ਮੈਂ ਦੇ ਦੇਵਾਂਗਾ ਅਤੇ ਫਿਰ ਹੀ ਤੁਹਾਨੂੰ ਸਾਰਿਆਂ ਨੂੰ ਉਸ ਉੱਪਰ ਬੋਲਣ ਦੀ ਆਗਿਆ ਹੋਵੇਗੀ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, Parliamentary Minister must know ਕਿ ਜਦ ਤੁਸੀਂ ਹਾਲੇ ਡਿਸੀਜ਼ਨ ਦਿੱਤਾ ਹੀ ਨਹੀਂ ਉਹ ਪਹਿਲੇ ਹੀ ਪੈਰਵੀ ਕਰਨ ਲੱਗੇ ਹੋਏ ਹਨ ਕੀ ਉਹ ਤੁਹਾਡੇ ਨਾਲੋਂ ਵੱਧ ਜਾਣਦੇ ਹਨ? ਕਿਰਪਾ ਕਰਕੇ ਸਮਾਂ ਨਾ ਵੇਸਟ ਕਰੋ..... ਮੈਂ ਸਿਚੂਏਸ਼ਨ ਦੀ ਗਰੈਵਿਟੀ..... (ਵਿਘਨ) (ਸ਼ੋਰ) ਗਰੈਵਿਟੀ

Original with;
Punjab Vidhan Sabha
Digitized by;
Panjab Digital Library

ਆਫ ਦਿ ਸਿਚੁਏਸ਼ਨ ਨੂੰ ਦੇਖਦੇ ਹੋਏ..... (ਵਿਘਨ) (ਸ਼ੋਰ) ਆਪਾਂ ਸਾਰੇ ਜਾਣਦੇ ਹਾਂ.....

"ਤਾਰੀਖ ਕੀ ਨਜ਼ਰੋਂ ਨੇ ਵੋ ਦੌਰ ਭੀ ਦੇਖੇ ਹੈਂ
ਲਮਹੋਂ ਨੇ ਖਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।"

ਅਸੀਂ 1978 ਦੀਆਂ ਗੱਲਾਂ ਤੋਂ ਦੇਖਿਆ ਹੈ ਅਤੇ ਅੱਤਵਾਦ ਹੰਢਾਇਆ ਹੈ। ਮੇਰੀ ਬੇਨਤੀ ਹੈ, ਸਪੀਕਰ ਸਾਹਿਬ ਜੋ ਕੁਝ ਤੁਸੀਂ ਕਿਹਾ ਹੈ ਕਿ ਇਮੀਜੀਏਟਲੀ ਵਾਪਰਿਆ ਹੈ, ਸਾਰੇ ਪੰਜਾਬ ਨੂੰ ਪਤਾ ਹੈ ਕਿ ਡਰ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ।

**ਮਾਨਯੋਗ ਸਪੀਕਰ** : ਮੈਂ ਕੰਸਿਡਰ ਕਰਾਂਗਾ, ਬੀਬੀ ਜੀ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਮੈਂ ਅੱਜ ਹੀ ਉਸ ਬਾਰੇ ਫੈਸਲਾ ਚਾਹੁੰਦੀ ਹਾਂ ਕਿਉਂਕਿ ਕੱਲ੍ਹ ਤਾਂ ਸੈਸ਼ਨ ਉਠ ਜਾਣਾ ਹੈ। ਮੈਂ ਅੱਜ ਹੀ ਉਸ ਦਾ ਫੈਸਲਾ ਚਾਹੁੰਦੀ ਹਾਂ ਅਤੇ ਹੁਣੇ....

**ਮਾਨਯੋਗ ਸਪੀਕਰ** : ਹੁਣੇ ਤਾਂ ਨਹੀਂ ਜੀ ਮੈਂ ਡਿਸੀਜ਼ਨ ਦੇਣਾ। ਮੈਂ ਮਾਮਲਾ ਕੰਸਿਡਰ ਕਰਨਾ ਹੈ। ਰੂਲਜ਼ ਵਗੈਰਾ ਦੇਖਣੇ ਹਨ, ਉਸ ਮੁਤਾਬਿਕ ਤੁਹਾਡੇ ਨਾਲ ਗੱਲ ਕਰਾਂਗਾ। ਹਾਂ ਜੀ, ਅਗਲੀ ਆਈਟਮ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਸੰਸਦੀ ਕਾਰਜਾਂ ਬਾਰੇ ਮੰਤਰੀ। (ਵਿਘਨ) (ਸ਼ੋਰ)

---

## PAPERS LAID ON THE TABLE OF THE HOUSE

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਅਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰਬਰ ਦੋ ਅਧੀਨ ਦਰਸਾਏ ਗਏ ਲੜੀ ਨੰਬਰ 1 ਤੋਂ 2 ਤੱਕ ਦੇ ਕਾਰਜ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1 ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾਂ) ਆਰਡੀਨੈਂਸ 2007 (2007 ਦਾ ਪੰਜਾਬ ਆਰਡੀਨੈਂਸ ਨੰ: 2); ਅਤੇ

2 ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਆਰਡੀਨੈਂਸ 2007 (2007 ਦਾ ਪੰਜਾਬ ਆਰਡੀਨੈਂਸ ਨੰ: 3)

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213(2)(ੳ) ਅਧੀਨ ਲੋੜੀਂਦਾ ਹੈ (ਵਿਘਨ) (ਸ਼ੋਰ)

---

Original with;
Punjab Vidhan Sabha
Digitized by;
Panjab Digital Library

## RESOLUTION REG. RECOMMENDATION TO THE STATE GOVERNMENT TO FRAME STRINGENT LEGAL PROVISIONS TO DISCOURAGE THE RISING TENDENCY OF CANAL WATER THEFT IN THE STATE.

**ਮਾਨਯੋਗ ਸਪੀਕਰ** : ਅਗਲੀ ਆਈਟਮ, ਮਤੇ। ਵਿਰਸਾ ਸਿੰਘ ਵਲਟੋਹਾ ਜੀ। (ਵਿਘਨ) (ਸ਼ੋਰ) ਬੀਬੀ ਜੀ, ਮੈਂ ਕੰਸਿਡਰ ਕਰਕੇ ਜਵਾਬ ਦੇਵਾਂਗਾ। ਤੁਹਾਡਾ ਮਤਾ ਮੇਰੇ ਕੋਲ ਆਇਆ ਹੈ। ਮੈਂ ਪੜ੍ਹ ਲਵਾਂ। ਸਾਰਾ ਕੁਝ ਵੇਖ ਲਵਾਂ। ਮੈਂ ਕੰਸੀਡਰੇਸ਼ਨ ਵਾਸਤੇ ਰੱਖਿਆ ਹੈ। ਆਪਣੇ ਰੂਲ ਵੀ ਦੇਖ ਲਵਾਂ। ਜਿਵੇਂ ਵੀ ਰੂਲ ਅਲਾਓ ਕਰਨਗੇ, ਉਸ ਮੁਤਾਬਿਕ ਗੱਲ ਕਰਾਂਗਾ। ਮਤਾ ਪੇਸ਼ ਕਰੋ ਜੀ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ -

"ਇਹ ਸਦਨ ਰਾਜ ਵਿੱਚ ਨਹਿਰੀ ਪਾਣੀ ਦੀ ਚੋਰੀ ਦੀ ਵੱਧ ਰਹੀ ਪ੍ਰਵਿਰਤੀ ਨੂੰ ਰੋਕਣ ਲਈ ਸਖ਼ਤ ਕਾਨੂੰਨੀ ਉਪਬੰਧ ਬਣਾਉਣ ਲਈ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਤਾਂ ਕਿ ਖੇਤਰ ਦੀਆਂ ਵਿਸ਼ੇਸ਼ ਜ਼ਰੂਰਤਾਂ ਮੁਤਾਬਿਕ ਨਹਿਰੀ ਪਾਣੀ ਦੀ ਠੀਕ ਵੰਡ ਨੂੰ ਯਕੀਨੀ ਬਣਾਇਆ ਜਾ ਸਕੇ।" (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬੀਬੀ ਜੀ ਜਿਹੜੇ ਮੇਰੇ ਅਧਿਕਾਰ ਹਨ, ਮੈਂ ਉਨ੍ਹਾਂ ਮੁਤਾਬਿਕ ਗੱਲ ਕਰ ਰਿਹਾ ਹਾਂ। ਮੇਰੀ ਰੂਲਿੰਗ ਆਵੇਗੀ।

(ਇਸ ਵੇਲੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ** : ਪ੍ਰਸਤਾਵ ਪੇਸ਼ ਕੀਤਾ ਕਿ -

"ਇਹ ਸਦਨ ਰਾਜ ਵਿੱਚ ਨਹਿਰੀ ਪਾਣੀ ਦੀ ਚੋਰੀ ਦੀ ਵੱਧ ਰਹੀ ਪ੍ਰਵਿਰਤੀ ਨੂੰ ਰੋਕਣ ਲਈ ਸਖ਼ਤ ਕਾਨੂੰਨੀ ਉਪਬੰਧ ਬਣਾਉਣ ਲਈ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਤਾਂ ਕਿ ਖੇਤਰ ਦੀਆਂ ਵਿਸ਼ੇਸ਼ ਜ਼ਰੂਰਤਾਂ ਮੁਤਾਬਿਕ ਨਹਿਰੀ ਪਾਣੀ ਦੀ ਠੀਕ ਵੰਡ ਨੂੰ ਯਕੀਨੀ ਬਣਾਇਆ ਜਾ ਸਕੇ।"

ਬਹਿਸ ਸ਼ੁਰੂ ਕਰੋ ਜੀ।

**ਸਰਦਾਰ ਵਿਰਸਾ ਸਿੰਘ ਵਲਟੋਹਾ (ਵਲਟੋਹਾ)** : ਸਪੀਕਰ ਸਾਹਿਬ, ਅੱਜ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਦਾ ਇਹ ਮਤਾ ਨਹਿਰੀ ਪਾਣੀ ਦੀ ਵੰਡ ਬਾਰੇ ਹੈ। ਪਾਣੀ ਸਾਡੇ ਸਾਰਿਆਂ ਦੀ ਜ਼ਰੂਰਤ ਹੈ। ਗੁਰਬਾਣੀ ਨੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਪਵਿੱਤਰ ਗੁਰਬਾਣੀ ਵਿਚ ਦਰਜ ਹੈ।

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।"

(ਇਸ ਵੇਲੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ** ਨਾਅਰੇ ਮਾਰਨ ਲੱਗੇ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਅੱਜ ਮੈਂ ਇਸੇ ਪਾਣੀ ਦੀ ਗੱਲ ਕਰਨ ਲੱਗਾ ਹਾਂ। ਇਹ ਜਿਹੜਾ ਪਾਣੀ ਹੈ, ਇਹ ਜਿੱਥੇ ਮਨੁੱਖ ਦੀ ਜ਼ਰੂਰਤ ਹੈ, ਉੱਥੇ ਮਵੇਸ਼ੀਆਂ ਅਤੇ ਮਾਲ/ਡੰਗਰ ਦੀ ਵੀ ਜ਼ਰੂਰਤ ਹੈ। ਪੰਜਾਬ ਦੀ ਜੋ ਖੇਤੀਬਾੜੀ ਹੈ, ਇਹ ਪਾਣੀ ਤੇ ਡਿਪੈਂਡ ਕਰਦੀ ਹੈ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਕੋਈ ਵੀ ਖੇਤੀ ਪਾਣੀ ਤੋਂ ਬਿਨਾ ਨਹੀਂ ਹੋ ਸਕਦੀ। ਅੱਜ ਆਪਾਂ ਸਾਰੇ ਜਾਣਦੇ ਹਾਂ ਕਿ ਨਹਿਰੀ ਪਾਣੀ ਦੀ ਚੋਰੀ ਕਰਨ ਦੀ ਪ੍ਰਵਿਰਤੀ ਬਹੁਤ ਜ਼ਿਆਦਾ ਵੱਧ ਗਈ ਹੈ। ਇਸ ਚੋਰੀ ਨੂੰ ਰੋਕਣ ਵਾਸਤੇ, ਨੱਥ ਪਾਉਣ ਵਾਸਤੇ.....।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ਵੈੱਲ ਆਫ ਦਿ ਹਾਊਸ ਵਿੱਚ ਲਗਾਤਾਰ ** ਨਾਅਰੇ ਮਾਰੀ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

## SHORT ADJOURNMENT OF THE HOUSE

**ਮਾਨਯੋਗ ਸਪੀਕਰ** : ਸਦਨ ਅੱਜ 12.15 ਵਜੇ ਬਾਅਦ ਦੁਪਹਿਰ ਤੱਕ ਐਡਜਰਨ ਕੀਤਾ ਜਾਂਦਾ ਹੈ।

| *11.16 ਵਜੇ ਪੂਰਵ ਦੁਪਹਿਰ | (*ਇਸ ਉਪ੍ਰੰਤ ਸਦਨ ਵੀਰਵਾਰ, ਮਿਤੀ 28.6.2007 ਦੇ 12.15 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।) |
|---|---|

(ਸਦਨ 12.15 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ।)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

## RULING BY THE SPEAKER REG. ADJOURNMENT MOTION

**ਮਾਨਯੋਗ ਸਪੀਕਰ** : ਕੰਮ ਰੋਕੂ ਪ੍ਰਸਤਾਵ ਜਿਹੜਾ ਪ੍ਰਾਪਤ ਹੋਇਆ ਹੈ ਉਸ ਦੇ ਸਬੰਧ ਵਿੱਚ ਰੂਲਿੰਗ ਹੈ। ਵਿਰੋਧੀ ਧਿਰ ਦੇ ਕੁਝ ਮੈਂਬਰ ਸਾਹਿਬਾਨ ਵੱਲੋਂ ਰਾਜ ਵਿੱਚ ਕਥਿਤ ਤੌਰ ਤੇ ਕਾਨੂੰਨ ਅਤੇ ਵਿਵਸਥਾ ਦੀ ਵਿਗੜਦੀ ਹਾਲਤ ਤੇ ਵਿਚਾਰ ਕਰਨ ਲਈ ਸਦਨ ਦੀ ਕਾਰਵਾਈ ਰੋਕ ਕੇ ਬਹਿਸ ਕਰਾਉਣ ਲਈ ਕੰਮ ਰੋਕੂ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ।

ਮੈਂ ਇਸ ਨੋਟਿਸ ਨੂੰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 61 ਦੀ ਰੂਹ ਵਿੱਚ ਵਿਚਾਰਿਆ ਹੈ। ਇਸ ਨਿਯਮ ਦੇ ਉਪ ਨਿਯਮ 6 ਵਿੱਚ ਉਪਬੰਧ ਹੈ ਕਿ ਅਜਿਹਾ ਮਤਾ ਉਸ ਸੈਸ਼ਨ ਦੌਰਾਨ ਵਿਚਾਰੇ ਜਾ ਚੁੱਕੇ ਵਿਸ਼ੇ ਨੂੰ ਮੁੜ ਨਹੀਂ ਦੁਹਰਾਏਗਾ। ਦਿੱਤੇ ਗਏ ਮਤੇ ਦੇ ਨੋਟਿਸ ਵਿੱਚ ਉਠਾਏ ਜਾਣ ਵਾਲਾ ਵਿਸ਼ਾ ਬਜਟ ਤੇ ਹੋਈ ਆਮ ਬਹਿਸ ਅਤੇ ਬਜਟ ਦੀਆਂ ਮੰਗਾਂ ਤੇ ਹੋਈ ਬਹਿਸ ਦੌਰਾਨ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਮਾਮਲਾ ਕਾਨੂੰਨੀ ਪ੍ਰਬੰਧ ਨਾਲ ਸਬੰਧ ਰੱਖਦਾ ਹੈ ਜਿਸ ਲਈ ਕਾਨੂੰਨੀ ਬਚਾਓ ਵੀ ਉਪਲਬਧ ਹਨ।

ਇਸ ਲਈ ਉਕਤ ਦਰਸਾਏ ਨਿਯਮ 61 ਦੇ ਉਪ ਨਿਯਮਾਂ (6) ਅਤੇ (1) ਅਧੀਨ ਇਸ ਕੰਮ ਰੋਕੂ ਪ੍ਰਸਤਾਵ ਦੇ ਨੋਟਿਸ ਨੂੰ ਪੇਸ਼ ਕਰਨ ਲਈ ਮੈਂ ਆਪਣੀ ਸਹਿਮਤੀ ਨਹੀਂ ਦਿੰਦਾ। (ਸਰਕਾਰੀ ਬੈਂਚਾਂ ਵੱਲੋਂ ਥੰਪਿੰਗ)..... (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ.....। (ਵਿਘਨ) (ਸ਼ੋਰ)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਕੁਝ ਕਹਿਣ ਵਾਸਤੇ ਖੜ੍ਹੀ ਹੋਈ ਹਾਂ। ਤੁਸੀਂ ਜੋ ਰੂਲਿੰਗ ਦਿੱਤੀ ਹੈ..... (ਵਿਘਨ)

**ਮਾਨਯੋਗ ਸਪੀਕਰ** : ਤੁਸੀਂ ਰੂਲਿੰਗ ਉੱਤੇ ਬੋਲਣਾ ਹੈ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਇਸ ਤੇ ਆਪਣਾ ਪੱਖ ਰੱਖਣਾ ਹੈ।

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ (ਸ਼੍ਰੀ ਮਨੋਰੰਜਨ ਕਾਲੀਆ)** : ਗੱਲ ਇਹ ਹੈ ਕਿ ਮਾਨਯੋਗ ਸਪੀਕਰ ਸਾਹਿਬ ਨੇ ਰੂਲਿੰਗ ਦੇ ਦਿੱਤੀ ਹੈ, ਉਸ ਉੱਤੇ ਤੁਹਾਡੇ ਵਲੋਂ ਹੁਣ ਕੋਈ ਕੁਮੈਂਟਸ ਕਰਨਾ ਨਹੀਂ ਬਣਦਾ।

**ਮਾਨਯੋਗ ਸਪੀਕਰ** : ਬੀਬੀ ਜੀ, ਇਹਦੇ ਮੁਤੱਲਕ ਤੁਸੀਂ ਸੁਣ ਲਓ ਕਿ ਜਿਹੜੀ ਤੁਸੀਂ ਹੁਣ ਗੱਲ ਕਰਨ ਲੱਗੇ ਹੋ। ਇਸ ਦੇ ਮੁਤੱਲਕ ਰੂਲ 114(ਏ) ਹੈ। ਮੈਂ ਤੁਹਾਨੂੰ ਉਹ ਪੜ੍ਹ ਕੇ ਸੁਣਾ ਦਿੰਦਾ ਹਾਂ। No decision of the Speaker in respect of allowing or disallowing any resolution or question or in respect of any other matter shall be questioned. (Thumping) ਇਹ ਨਿਯਮਾਂ ਵਿੱਚ ਪਰੋਵਾਈਡਿਡ ਹੈ। ਜਿਹੜਾ ਫੈਸਲਾ ਆ ਗਿਆ ਉਸ ਨੂੰ ਕੁਐਸ਼ਚਨ ਨਹੀਂ ਕੀਤਾ ਜਾ ਸਕਦਾ। (Interruption)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ਨਾਅਰੇ ਮਾਰਨ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

---

## RESOLUTION REG. RECOMMENDATION TO THE STATE GOVERNMENT TO FRAME STRINGENT LEGAL PROVISION TO DISCOURAGE THE RISING TENDENCY OF CANAL WATER THEFT IN THE STATE *(RESUMPTION)*

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਅੱਜ ਬਹੁਤ ਹੀ ਅਹਿਮ ਮਤੇ ਤੇ ਇਸ ਪਵਿੱਤਰ ਸਦਨ ਦੇ ਵਿੱਚ ਬਹਿਸ ਸ਼ੁਰੂ ਹੋ ਰਹੀ ਹੈ..... (ਵਿਘਨ)..... ਕਿਉਂਕਿ ਇਹ ਮਤਾ ਪੰਜਾਬ ਨੇ ਜਿਹੜਾ ਨਹਿਰੀ ਪਾਣੀ ਹੈ, ਪੰਜਾਬ ਸਰਕਾਰ..... (ਵਿਘਨ)..... ਇਸ ਦੀ ਚੋਰੀ ਦੀ ਪਰਵਿਰਤੀ ਵੱਧ ਰਹੀ ਹੈ ਉਸ ਨੂੰ ਰੋਕਣ ਵਾਸਤੇ ਜਿਹੜੇ ਕਾਨੂੰਨ ਹਨ, ਉਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਨ ਵਾਸਤੇ ਸਦਨ ਵਿੱਚ ਇਹ ਮਤਾ ਆਇਆ ਹੈ ਔਰ, ਸਪੀਕਰ ਸਾਹਿਬ, ਪਾਣੀ ਸਾਡੀ ਸਭ ਦੀ ਜ਼ਰੂਰਤ ਹੈ ਔਰ ਪਾਣੀ ਨੂੰ ਗੁਰਬਾਣੀ ਵਿੱਚ ਪਿਤਾ ਦਾ ਦਰਜਾ ਦਿੱਤਾ ਗਿਆ ਹੈ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਅੱਜ ਮੈਂ ਇੱਥੇ ਸਦਨ ਦੇ ਅੰਦਰ ਪਾਣੀ ਦੇ ਸਬੰਧ ਵਿੱਚ ਕੁਝ ਵਿਚਾਰ ਸਾਂਝੇ ਕਰਨ ਲੱਗਾ ਹਾਂ ਕਿਉਂਕਿ ਜਿਹੜਾ ਪਾਣੀ ਹੈ, ਇਹ ਮਨੁੱਖ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਮਨੁੱਖੀ ਜ਼ਿੰਦਗੀ ਪਾਣੀ ਤੋਂ ਬਗੈਰ ਨਹੀਂ ਚਲਦੀ। ਮਵੇਸ਼ੀ, ਜਿਹੜੇ ਡੰਗਰ ਹਨ ਉਹ ਵੀ ਪਾਣੀ ਤੇ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਹੀ ਪਲਦੇ ਹਨ। ਪੰਜਾਬ ਜਿਹੜਾ ਖੇਤੀ ਪ੍ਰਧਾਨ ਸੂਬਾ ਹੈ ਔਰ ਖੇਤੀਬਾੜੀ ਲਈ ਸਿੰਚਾਈ ਵਾਸਤੇ ਵੀ ਪਾਣੀ ਦੀ ਅਤਿਅੰਤ ਲੋੜ ਹੁੰਦੀ ਹੈ। ਖੇਤੀਬਾੜੀ ਪਲਦੀ ਹੀ ਪਾਣੀ ਦੇ ਸਿਰ ਤੇ ਹੈ। ਸਾਡਾ ਬਹੁਤ ਵੱਡਾ ਰਕਬਾ ਜਿਹੜਾ ਹੈ, ਉਹ ਨਹਿਰੀ ਪਾਣੀ ਤੇ ਡਿਪੈਂਡ ਕਰਦਾ ਹੈ। ਸਮੁੱਚੇ ਪੰਜਾਬ ਅੰਦਰ ਲਗਭਗ ਨਹਿਰੀ ਪਾਣੀ ਦੀ ਵਿਵਸਥਾ ਹੈ। ਜਿਵੇਂ ਪਾਣੀ ਡੈਮਾਂ ਤੋਂ ਸ਼ੁਰੂ ਹੁੰਦਾ ਹੈ, ਫਿਰ ਨਹਿਰਾਂ ਰਾਹੀਂ, ਸੂਇਆਂ ਰਾਹੀਂ, ਕੱਸੀਆਂ ਰਾਹੀਂ ਅਤੇ ਖਾਲਿਆਂ ਰਾਹੀਂ ਟੇਲਾਂ ਤੇ ਪਹੁੰਚਦਾ ਹੈ। (ਸ਼ੋਰ) (ਵਿਘਨ)

(ਇਸ ਸਮੇਂ ਸਦਨ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿਚ ਬਹੁਤ ਸ਼ੋਰ ਸੀ ਅਤੇ ਕੁਝ ਵੀ ਸਾਫ਼ ਸੁਣਾਈ ਨਹੀਂ ਸੀ ਦੇ ਰਿਹਾ।)

ਉਸ ਵੇਲੇ ਬੜਾ ਦੁਖ ਹੁੰਦਾ ਹੈ ਜਦੋਂ ਟੇਲਾਂ ਉੱਤੇ ਵੱਸਦੇ ਲੋਕਾਂ ਤੱਕ ਪਾਣੀ ਨਹੀਂ ਪਹੁੰਚਦਾ, ਟੇਲਾਂ ਤੋਂ ਪਹਿਲਾਂ ਜਿੱਥੇ ਸੂਏ ਸ਼ੁਰੂ ਹੁੰਦੇ ਹਨ, ਉੱਥੇ ਪਾਣੀ ਦੀ ਚੋਰੀ ਹੁੰਦੀ ਹੈ.....

(ਇਸ ਸਮੇਂ ਵੀ ਸਦਨ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿਚ ਬਹੁਤ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

---

## SHORT ADJOURNMENT OF THE HOUSE

**ਮਾਨਯੋਗ ਸਪੀਕਰ** : ਸਦਨ 1-00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*12-21 ਵਜੇ ਬਾਅਦ ਦੁਪਹਿਰ

(ਇਸ ਉਪ੍ਰੰਤ ਸਦਨ ਵੀਰਵਾਰ, ਮਿਤੀ 28.6.2007 ਦੇ 1-00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

(ਸਦਨ 1-00 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ।)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

# RESOLUTION REG. RECOMMENDATION TO THE STATE GOVERNMENT TO FRAME STRINGENT LEGAL PROVISIONS TO DISCOURAGE THE RISING TENDENCY OF CANAL WATER THEFT IN THE STATE *(RESUMPTION)*

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ਧਰਨੇ ਤੇ ਬੈਠੇ ਸਨ ਅਤੇ ** ਨਾਅਰੇ ਮਾਰ ਰਹੇ ਸਨ ਅਤੇ ਕੁਝ ਮੈਂਬਰ ਸਪੀਚਾਂ ਕਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ** : ਮੈਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਣ ਤਾਂ ਕਿ ਹਾਊਸ ਦੀ ਕਾਰਵਾਈ ਅਰੰਭ ਕੀਤੀ ਜਾ ਸਕੇ। ਹਾਊਸ ਦੇ ਅੰਦਰ ਜੋ ਵੀ ਬਿਨਾਂ ਇਜਾਜ਼ਤ ਤੋਂ ਬੋਲਿਆ ਜਾ ਰਿਹਾ ਹੈ,ਇਹ ਰਿਕਾਰਡ ਨਹੀਂ ਹੋਣਾ ਔਰ ਹਾਊਸ ਵਿੱਚ ਤੁਸੀਂ ਸਪੀਕਰ ਵੱਲ ਪਿੱਠ ਕਰਕੇ ਬੈਠੇ ਹੋ, ਹਾਊਸ ਦੀ ਡਿਗਨਿਟੀ ਨੂੰ ਕਾਇਮ ਰੱਖਿਆ ਜਾਵੇ Please try to.....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮੈਂ ਤਾਂ ਤੁਹਾਨੂੰ ਇਹੀ ਕਹਾਂਗਾ ਕਿ ਆਪਣੀਆਂ ਸੀਟਾਂ ਤੇ ਜਾਓ ਅਤੇ ਉੱਥੇ ਬੈਠ ਕੇ ਗੱਲ ਕਰੋ। ਬਿਨਾਂ ਇਜਾਜ਼ਤ ਤੋਂ ਜੋ ਵੀ ਕੁਝ ਬੋਲਿਆ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। ਇਹ ਕੀ ਤੁਸੀਂ ਡੈਮੋਕਰੇਟਿਕ ਰਾਈਟ ਇਸਤੇਮਾਲ ਕਰ ਰਹੇ ਹੋ? ਸੀਟਾਂ ਤੇ ਬੈਠੋ। ਤੁਹਾਨੂੰ ਟਾਈਮ ਮਿਲੇਗਾ। ਉੱਥੇ ਗੱਲ ਕਰ ਲੈਣਾ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸਪੀਕਰ ਸਾਹਿਬ, ਇਨ੍ਹਾਂ ਨੇ ਕੰਮ ਰੋਕੂ ਮਤਾ ਦਿੱਤਾ ਹੈ ਔਰ ਉਸ ਤੇ ਤੁਸੀਂ ਆਪਣੀ ਰੂਲਿੰਗ ਦੇ ਦਿੱਤੀ ਹੈ। ਮੈਂ ਬਹੁਤ ਹੈਰਾਨ ਹਾਂ ਕਿ ਜੇ ਇਨ੍ਹਾਂ ਨੇ ਇਸੇ ਤਰ੍ਹਾਂ ਗੈਰ-ਜ਼ਿੰਮੇਵਾਰਾਨਾ ਕੰਡਕਟ ਕਰਨਾ ਹੈ ਤਾਂ ਸਪੀਕਰ ਸਾਹਿਬ, ਮੈਂ ਤਾਂ ਇਹੀ ਕਹਾਂਗਾ ਕਿ ਜੇ ਇਨ੍ਹਾਂ ਨੇ ਤੁਹਾਡੀ ਰੂਲਿੰਗ ਨੂੰ ਨਹੀਂ ਮੰਨਣਾ ਅਤੇ ਹਾਊਸ ਨੂੰ ਨਹੀਂ ਚਲਣ ਦੇਣਾ ਤਾਂ ਇਨ੍ਹਾਂ ਦੀ ਇਹ ਕਾਰਵਾਈ ਡੈਮੋਕਰੈਸੀ ਦੀਆਂ ਧੱਜੀਆਂ ਉਡਾਉਣ ਦੇ ਬਰਾਬਰ ਹੈ। ਮੈਂ ਸਮਝਦਾ ਹਾਂ ਕਿ ਲੀਡਰ ਆਫ ਦਿ ਆਪੋਜੀਸ਼ਨ ਨੂੰ ਚਾਹੀਦਾ ਹੈ ਕਿ ਆਪਣੇ ਮੈਂਬਰ ਸਾਹਿਬਾਨ ਨੂੰ ਕੰਟਰੋਲ ਕਰਨ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ** ਨਾਅਰੇ ਮਾਰਦੇ ਹੋਏ ਮਾਨਯੋਗ ਸਪੀਕਰ ਸਾਹਿਬ ਦੇ ਡਾਇਸ ਵੱਲ ਜਾਣ ਦੇ ਯਤਨ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਮੈਂ ਫਿਰ ਸਾਰੇ ਮੈਂਬਰਜ਼ ਨੂੰ ਕਹਿੰਦਾ ਹਾਂ ਕਿ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਓ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਵੈੱਲ ਆਫ ਦਿ ਹਾਊਸ ਵਿੱਚ ਬੈਠਣਾ, ਹਾਊਸ ਦੀ ਪ੍ਰਿਵਲੇਜ਼ ਦੀ ਬਰੀਚ ਹੈ। ਸਪੀਕਰ ਸਾਹਿਬ ਵੱਲ ਪਿੱਠ ਕਰਕੇ ਭਾਸ਼ਣ ਦੇਣਾ ਹਾਊਸ ਦੀ ਮਰਿਆਦਾ ਦੇ ਉਲਟ ਹੈ। ਹਾਊਸ ਨੂੰ ਕਿਸ ਤਰ੍ਹਾਂ ਚਲਾਉਣਾ ਚਾਹੁੰਦੇ ਹਨ, ਇਨ੍ਹਾਂ ਨੂੰ ਪੁੱਛ ਲਓ। ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕਹਿਣੀ ਹੈ, ਆਪਣੀ ਸੀਟਾਂ ਤੇ ਜਾ ਕੇ ਗੱਲ ਕਰਨ।

**ਮਾਨਯੋਗ ਸਪੀਕਰ** : ਲੀਡਰ ਆਫ ਦਿ ਆਪੋਜੀਸ਼ਨ, ਬੀਬੀ ਜੀ ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ ਜਿਹੜੀ ਕਰਨੀ ਹੈ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਹਾਊਸ ਦੀ ਡੀਬੇਟ ਵਿੱਚ ਪਾਰਟੀਸੀਪੇਟ ਕਰਨਾ ਚਾਹੀਦਾ ਹੈ ਅਤੇ ਡੈਮੋਕਰੇਟਿਕ ਸਿਸਟਮ ਨੂੰ ਬਹਾਲ

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਰੱਖਣ ਵਿੱਚ ਯੋਗਦਾਨ ਪਾਉਣ। ਇਨ੍ਹਾਂ ਕੋਲ ਕਹਿਣ ਨੂੰ ਕੁਝ ਨਹੀਂ ਹੈ ਸਿਰਫ ਆਪਣੀ ਖਬਰ ਲਗਵਾਉਣਾ ਚਾਹੁੰਦੇ ਹਨ ਅਤੇ ਇਸੇ ਕਰਕੇ ਹਾਊਸ ਨੂੰ ਡਿਸਟਰਬ ਕਰ ਰਹੇ ਹਨ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ** ਨਾਅਰੇ ਮਾਰਦੇ ਹੋਏ ਮਾਨਯੋਗ ਸਪੀਕਰ ਸਾਹਿਬ ਦੇ ਡਾਇਸ ਵੱਲ ਜਾਣ ਦੇ ਯਤਨ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਬੀਬੀ ਜੀ, ਤੁਸੀਂ ਆਪਣੀਆਂ ਸੀਟਾਂ ਤੇ ਬੈਠ ਕੇ ਸੁਣੋ। ਤੁਸੀਂ ਹਾਊਸ ਦੇ ਡੈਕੋਰਮ ਨੂੰ ਬਿਲਕੁਲ ਮੈਨਟੇਨ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ।

**ਟਰਾਂਸਪੋਰਟ ਮੰਤਰੀ (ਮਾਸਟਰ ਮੋਹਨ ਲਾਲ)** : ਸਪੀਕਰ ਸਾਹਿਬ, ਕਾਂਗਰਸ ਪਾਰਟੀ ਵਲੋਂ ਇਕ ਸਾਜ਼ਿਸ਼ ਦੇ ਤਹਿਤ ਹਾਊਸ ਨੂੰ ਨਹੀਂ ਚੱਲਣ ਦਿੱਤਾ ਜਾ ਰਿਹਾ। ਇਹ ਕਾਂਗਰਸ ਦੇ ਮੈਂਬਰਾਂ ਦਾ ਬੀਹੇਵੀਅਰ ਹੈ। ਅੱਜ ਵਿਧਾਇਕਾਂ ਨੇ ਰੈਜ਼ੋਲਿਊਸ਼ਨ ਦਿੱਤਾ ਸੀ, ਪ੍ਰਾਈਵੇਟ ਰੈਜ਼ੋਲਿਊਸ਼ਨ ਸੀ, ਉਸ ਤੇ ਡਿਸਕਸ਼ਨ ਹੋਣੀ ਚਾਹੀਦੀ ਸੀ। ਅੱਜ ਪ੍ਰਾਈਵੇਟ ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ। ਇਹ ਕਿਸੇ ਐਮ.ਐਲ.ਏ. ਦੇ ਅਧਿਕਾਰਾਂ ਤੇ ਬਹੁਤ ਵੱਡਾ ਛਾਪਾ ਹੈ। ਮੈਂ ਸਮਝਦਾ ਹਾਂ ਕਿ ਕਾਂਗਰਸ ਜਿਹੜੀ ਹੈ, ਇਹ ਸੋਚੀ ਸਮਝੀ ਸਾਜਿਸ਼ ਤਹਿਤ ਸ਼ੜਯੰਤਰ ਕਰ ਰਹੀ ਹੈ। ਇਨ੍ਹਾਂ ਨੇ ਮਾਹੌਲ ਨੂੰ ਵਿਗਾੜਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਮਾਰ ਰਹੇ ਸਨ ਅਤੇ ਮਾਨਯੋਗ ਸਪੀਕਰ ਸਾਹਿਬ ਦੇ ਡਾਇਸ ਵੱਲ ਵੱਧਣ ਦਾ ਯਤਨ ਕਰ ਰਹੇ ਸਨ। ਸਦਨ ਵਿੱਚ ਸ਼ੋਰ ਸੀ।)

**ਮਾਨਯੋਗ ਸਪੀਕਰ** : ਤੁਹਾਡਾ ਇਹ ਕਾਹਦਾ ਸ਼ੋਅ ਹੈ? ਇਹ ਤੁਹਾਡਾ ਸਾਰਾ ਪ੍ਰੋਗਰਾਮ ਨਿੰਦਾ ਕਰਨਯੋਗ ਹੈ। ਆਪਣੀਆਂ ਸੀਟਾਂ ਤੇ ਬੈਠੋ। ਆਪਣੀ ਗੱਲ ਕਰੋ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਬੀਬੀ ਭੱਠਲ ਜੀ, ਮੈਂ ਤੁਹਾਨੂੰ ਬਾਈ ਨੇਮ ਕਹਿੰਦਾ ਹਾਂ ਕਿ ਤੁਹਾਡਾ ਜਿਹੜਾ ਇਹ ਸਿਸਟਮ ਹੈ, ਇਹ ਸਾਰਾ ਡੈਕੋਰਮ ਦੇ ਉਲਟ ਹੈ। ਤੁਹਾਡਾ ਇਹ ਸਾਰਾ ਸਿਸਟਮ ਐਕਸ਼ਨ ਵਾਲੇ ਪਾਸੇ ਤੁਰੇਗਾ। (ਵਿਘਨ) (ਸ਼ੋਰ) ਵਲਟੋਹਾ ਜੀ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਵਿਰਸਾ ਸਿੰਘ ਵਲਟੋਹਾ** : ਮਾਨਯੋਗ ਸਪੀਕਰ ਸਾਹਿਬ, ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਪਾਣੀ ਦੀ, ਕਿਸਾਨ ਦੀ ਹਾਲਤ ਦੀ ਗੱਲ ਹੋਣੀ ਸੀ। ਇਸ ਸਦਨ ਵਿੱਚ ਜਿਸ ਬਾਰੇ ਲੀਡਰ ਆਫ ਦਿ ਆਪੋਜ਼ੀਸ਼ਨ ਬੜੇ-ਬੜੇ ਦਾਅਵੇ ਕਰਦੇ ਹਨ..... (ਵਿਘਨ) (ਸ਼ੋਰ) ਇਨ੍ਹਾਂ ਬਾਰੇ ਪੰਜਾਬ ਦਾ ਹਰ ਬਾਸ਼ਿੰਦਾ ਜਾਣਦਾ ਹੈ ਕਿ ਇਨ੍ਹਾਂ ਦੀ ਕਥਨੀ ਹੋਰ ਹੈ ਤੇ ਕਰਨੀ ਹੋਰ ਹੈ। ਇਹ ਕਹਿੰਦੇ ਕੁਝ ਹਨ, ਕਰਦੇ ਕੁਝ ਹਨ। ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਧੱਕਾ ਕੀਤਾ ਹੈ। ਇਨ੍ਹਾਂ ਨੇ ਪੰਜਾਬ ਨਾਲ ਧੱਕਾ ਕੀਤਾ ਹੈ।

(ਇਸ ਵੇਲੇ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਕੁਝ ਮੈਂਬਰ ਮਾਨਯੋਗ ਸਪੀਕਰ ਦੇ ਡਾਇਸ ਵੱਲ ਵੱਧਣ ਦਾ ਯਤਨ ਕਰ ਰਹੇ ਸਨ।) (ਸ਼ੋਰ)

**ਮਾਨਯੋਗ ਸਪੀਕਰ** : ਕਾਲੀਆ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤ ਅਤੇ ਚੋਣਾਂ ਮੰਤਰੀ (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ)** : ਸਪੀਕਰ ਸਾਹਿਬ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਅਪੀਲ ਕਰਦਾ ਹਾਂ ਕਿ ਇਹ ਹਾਊਸ ਦੀ ਕਾਰਵਾਈ ਨੂੰ ਚੱਲਣ ਦੇਣ। ਮਾਨਯੋਗ ਸਪੀਕਰ ਸਾਹਿਬ, ਤੁਸੀਂ ਰੂਲਿੰਗ ਦੇ ਦਿੱਤੀ ਹੈ। (ਸ਼ੋਰ) (ਵਿਘਨ)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ। ਵਲਟੋਹਾ ਜੀ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੈਂ ਪੰਜਾਬ ਦੇ ਕਿਸਾਨ ਦੀ ਗੱਲ ਕਰਨੀ ਚਾਹੁੰਦਾ ਸੀ ਪਰ ਇਨ੍ਹਾਂ ਲੋਕਾਂ ਨੇ ਅੱਜ ਸਦਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੇ ਸਦਨ ਦਾ ਮਹਿੰਗਾ ਤੇ ਵਡਮੁੱਲਾ ਸਮਾਂ ਜ਼ਾਇਆ ਕੀਤਾ ਹੈ। ਇਨ੍ਹਾਂ ਲੋਕਾਂ ਦੇ ਚਿਹਰੇ ਨੂੰ ਪੰਜਾਬ ਦਾ ਹਰ ਬਾਸ਼ਿੰਦਾ ਜਾਣਦਾ ਹੈ ਕਿ ਇਹ ਲੋਕ ਕਰਦੇ ਕੁਝ ਹਨ ਤੇ ਕਹਿੰਦੇ ਕੁਝ ਹਨ। (ਥੰਪਿੰਗ) ਇਹ ਲੋਕ ਕਥਨੀ ਤੇ ਕਰਨੀ ਵਿੱਚ ਪੂਰੇ ਨਹੀਂ। (ਵਿਘਨ) (ਸ਼ੋਰ) ਪੰਜਾਬ ਅੰਦਰ ਕਾਂਗਰਸ ਦੇ ਰਾਜ ਸਮੇਂ ਜਿਹੜੇ ਸਰਪੰਚ ਚੁਣੇ ਗਏ ਸੀ, ਇਹ ਬਹੁਤ ਵੱਡੀ ਗਿਣਤੀ ਵਿੱਚ ਕਾਂਗਰਸੀ ਸਰਪੰਚ ਚੁਣੇ ਗਏ ਸੀ। ਬੀਬੀ ਭੱਠਲ ਨੇ ਉਨ੍ਹਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਜਿਹੜੇ ਲੋਕ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਹਨ, ਉਨ੍ਹਾਂ ਦੇ ਫਾਰਮ ਅਟੈਸਟ ਨਹੀਂ ਕਰਨੇ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਵਿਘਨ) (ਸ਼ੋਰ) ਤੁਹਾਡੀ ਜਾਣਕਾਰੀ ਲਈ ਮੈਂ ਸਦਨ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਅਨੁਸੂਚਿਤ ਜਾਤੀਆਂ ਦੇ ਲੋਕ ਸ਼ਗਨ ਸਕੀਮ ਦਾ ਫਾਇਦਾ ਉਠਾਉਣਾ ਚਾਹੁੰਦੇ ਸਨ ..... (ਵਿਘਨ) (ਸ਼ੋਰ)

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਬੀਬੀ ਜੀ, ਤੁਹਾਡੇ ਆਪੋਜ਼ੀਸ਼ਨ ਦੇ ਲੀਡਰ ਹੁੰਦਿਆਂ ਇਹ ਡਰਾਮਾ ਹੋ ਰਿਹਾ ਹੈ, ਮਜਮਾ ਹੋ ਰਿਹਾ ਹੈ। ਜਿਸ ਢੰਗ ਨਾਲ ਇਹ ਸਾਰਾ ਕੁੱਝ ਹੋ ਰਿਹਾ ਹੈ, ਇਨ੍ਹਾਂ ਨੂੰ ਸਮਝਾਉਣ ਦੀ ਸ਼ਕਤੀ ਕੀ ਤੁਹਾਡੇ ਕੋਲ ਨਹੀਂ? ਬੜੇ ਅਫਸੋਸ ਦੀ ਗੱਲ ਕਿ ਆਹ ਲੋਕਾਂ ਦੇ ਨੁਮਾਇੰਦਿਆਂ ਦਾ ਹਾਲ ਹੈ।..... (ਵਿਘਨ)

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਤੁਹਾਡਾ ਵੀ ਉਹੀ ਇਲਾਕਾ ਹੈ..... (ਵਿਘਨ) ਕਾਂਗਰਸ ਦੀਆਂ ਕਾਰਵਾਈਆਂ ਇਨ੍ਹਾਂ ਦੇ ਚਿਹਰੇ ਨੰਗੇ ਕਰਦੀਆਂ ਹਨ।..... (ਵਿਘਨ) ਕਾਂਗਰਸ ਹਾਈ ਕਮਾਂਡ ਦੀਆਂ ਹਦਾਇਤਾਂ ਅਨੁਸਾਰ ਪਿੰਡਾਂ ਦੇ ਇਨ੍ਹਾਂ ਦੇ ਜਿਹੜੇ ਸਰਪੰਚ ਹਨ, ਉਹ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਦੇ ਫਾਰਮ ਅਟੈਸਟ ਨਹੀਂ ਕਰਦੇ ਕਿਉਂਕਿ ਤੁਸੀਂ ਸਾਡੇ ਕਹਿਣ ਤੇ ਵੋਟਾਂ ਨਹੀਂ ਪਾਈਆਂ, ਤੁਸੀਂ ਵੋਟਾਂ ਸ਼੍ਰੋਮਣੀ ਅਕਾਲੀ ਦਲ ਨੂੰ ਪਾਈਆਂ ਹਨ..... (ਵਿਘਨ)..... (ਸ਼ੋਰ)

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਦਨ ਦੇ ਵੈੱਲ ਵਿੱਚ ਖੜ੍ਹੇ ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ** : ਹੁਣ ਸਦਨ 29 ਜੂਨ, 2007 ਦੇ 10-00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

| *1.10 ਵਜੇ ਬਾਅਦ ਦੁਪਹਿਰ |
|---|

( * ਇਸ ਉਪ੍ਰੰਤ ਸਦਨ ਸ਼ੁੱਕਰਵਾਰ, ਮਿਤੀ 29 ਜੂਨ, 2007 ਨੂੰ 10-00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

©2007

Published under the authority of the Punjab Vidhan Sabha and typesetting & printed by the Controller, Printing & Stationery, Punjab at Punjab Govt. Press, S.A.S. Nagar.

PGP, Mohali/6062/09-07/(3)

4508

Original with;
Punjab Vidhan Sabha
Digitized by;
Punjab Digital Library

# PUNJAB VIDHAN SABHA

## DEBATES

*Friday, the 29th June, 2007*

**Vol. II – No. 9**

OFFICIAL REPORT

CONTENTS


| | Page |
|---|---|
| Postponed Starred Questions and Answers | (9) 1 |
| Starred Questions and Answers | (9) 12 |
| Written Answers to Starred Questions laid on the Table of the House under Rule 38 | (9) 31 |
| Unstarred Questions and Answers | (9) 41 |
| Announcement by the Hon'ble Speaker | (9) 53 |
| Motion under Rule 16 | (9) 53 |
| **Legislative Business** | (9) 54 |
| 1. The Punjab Agricultural Produce Markets (Amendment) Bill, 2007 (Replacing Ordinance) | (9) 54 |
| 2. The Punjab Value Added Tax (Amendment) Bill, 2007 | (9) 56 |
| 3. The Punjab Agricultural Produce Markets (Second Amendment) Bill, 2007 | (9) 59 |
| 4. The East Punjab Holdings (Consolidation and Prevention of Fragmentation) Amendment Bill, 2007 (Replacing Ordinance) | (9) 61 |



**Punjab Vidhan Sabha Secretariat, Chandigarh**

Price : Rs.________.



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Friday, the 29th June, 2007*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Nirmal Singh Kahlon) in the Chair.*

---

## POSTPONED STARRED QUESTIONS AND ANSWERS

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ। ਪਹਿਲਾਂ ਮੁਲਤਵੀ ਕੀਤੇ ਗਏ ਨਿਸ਼ਾਨ ਵਾਲੇ ਪ੍ਰਸ਼ਨ ਲਏ ਜਾਣਗੇ। ਸਰਦਾਰ ਅਮਰਜੀਤ ਸਿੰਘ ਸਾਹੀ।

### ਪੀਣ ਵਾਲੇ ਪਾਣੀ ਦੇ ਖਰਚਿਆਂ ਨੂੰ ਮੁਆਫ਼ ਕਰਨਾ

*30. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਸਪਲਾਈ ਕੀਤੇ ਜਾਂਦੇ ਪਾਣੀ ਦੇ ਖਰਚਿਆਂ ਦੀਆਂ ਦਰਾਂ ਬਰਾਬਰ ਹਨ;

(ਅ) ਜੇਕਰ ਉਪਰੋਕਤ ਭਾਗ(ੳ) ਦਾ ਉੱਤਰ 'ਹਾਂ' ਵਿਚ ਹੋਵੇ ਤਾਂ ਕੀ ਪੇਂਡੂ ਖੇਤਰਾਂ ਵਿਚ ਗਰੀਬ ਪਰਿਵਾਰਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਖਰਚਿਆਂ ਨੂੰ ਮੁਆਫ਼ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਬਿਕਰਮ ਸਿੰਘ ਮਜੀਠੀਆ** : (ੳ) ਨਹੀਂ, ਸ਼੍ਰੀਮਾਨ ਜੀ।

(ਅ) ਇਸ ਸਮੇਂ ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਇੱਕ ਗੱਲ ਜ਼ਰੂਰ ਲਿਆਉਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਸ ਸਬੰਧੀ ਕੋਈ ਤਜਵੀਜ਼ ਨਹੀਂ ਹੈ। ਐਸੇ ਹਾਲਾਤ ਹਨ ਕਿ ਸ਼ਹਿਰਾਂ ਵਿਚ ਤਾਂ ਜਲ ਸਪਲਾਈ ਕੋਈ 8-10 ਘੰਟੇ ਮਿਲ ਜਾਂਦੀ ਹੈ ਪਰ ਸਾਡੇ ਕੰਡੀ ਦੇ ਇਲਾਕੇ ਵਿਚ ਪਿੰਡਾਂ ਦੇ ਹਾਲਾਤ ਇਹ ਹਨ ਕਿ ਉਥੇ ਕਈ ਵਾਰੀ ਦੂਜੇ ਦਿਨ ਪਾਣੀ ਜਾਂਦਾ ਹੈ। ਜੇ ਜਾਂਦਾ ਵੀ ਹੈ ਤਾਂ 15-20 ਮਿੰਟ ਜਾਂ ਅੱਧਾ ਘੰਟਾ ਸਪਲਾਈ ਮਿਲਦੀ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜਦੋਂ ਉਨ੍ਹਾਂ ਨੂੰ ਪਰਾਪਰ ਪਾਣੀ ਨਹੀਂ ਮਿਲਦਾ ਤਾਂ ਉਨ੍ਹਾਂ ਦੇ ਬਿਲ ਵੀ ਮੁਆਫ਼ ਹੋਣੇ ਚਾਹੀਦੇ ਹਨ ਜਾਂ ਘੱਟ ਹੋਣੇ ਚਾਹੀਦੇ ਹਨ। ਮੈਂ ਇਸ ਬਾਰੇ ਮੰਤਰੀ ਸਾਹਿਬ ਨੂੰ ਬੇਨਤੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਅਮਰਜੀਤ ਸਿੰਘ ਸਾਹੀ ]
ਕਰਦਾ ਹਾਂ।

**ਮੰਤਰੀ** : ਸਪੀਕਰ ਸਾਹਿਬ, ਜੇ ਕੋਈ ਇਹੋ ਜਿਹੀ ਗੱਲ ਹੈ ਜਿਥੇ ਪਾਣੀ ਨਹੀਂ ਪਹੁੰਚਦਾ, ਇਹ ਮੇਰੇ ਧਿਆਨ ਵਿਚ ਲਿਆ ਦੇਣ ਤੇ ਇਸ ਬਾਰੇ ਜੋ ਵੀ ਪ੍ਰਬੰਧ ਕਰਨ ਦੀ ਲੋੜ ਹੈ, ਉਹ ਅਸੀਂ ਜ਼ਰੂਰ ਕਰਾਂਗੇ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਜਿਹੜੇ ਗਰੀਬਾਂ ਦੀਆਂ ਬਸਤੀਆਂ ਵਿਚ ਕਾਮਨ ਪੁਆਇੰਟ ਸਨ, ਉਹ ਕੱਟ ਦਿੱਤੇ ਗਏ ਹਨ। ਇਸ ਲਈ ਕੀ ਮੰਤਰੀ ਜੀ ਆਸ਼ਵਾਸਨ ਦੇਣਗੇ ਕਿ ਉਨ੍ਹਾਂ ਨੂੰ ਦੁਬਾਰਾ ਚਾਲੂ ਕਰਵਾਇਆ ਜਾਵੇਗਾ ਤਾਂ ਕਿ ਗਰੀਬ ਲੋਕਾਂ ਨੂੰ ਪਾਣੀ ਮਿਲ ਸਕੇ ?

**ਮੰਤਰੀ** : ਸਪੀਕਰ ਸਾਹਿਬ, ਇਹੋ ਜਿਹੇ ਕਾਮਨ ਪੁਆਇੰਟ ਕੋਈ ਕੱਟੇ ਨਹੀਂ ਹਨ ਮਗਰ ਜੇ ਇਨ੍ਹਾਂ ਦੇ ਧਿਆਨ ਵਿਚ ਕੋਈ ਇਹੋ ਜਿਹੀ ਗੱਲ ਹੈ ਤਾਂ ਇਹ ਮੇਰੇ ਧਿਆਨ ਵਿਚ ਲਿਆ ਦੇਣ, ਉਥੇ ਅਸੀਂ ਦੇਖ ਲਵਾਂਗੇ।

---

## ਸਬ-ਡਵੀਜ਼ਨ, ਤਲਵੰਡੀ ਸਾਬੋ ਵਿਚ ਨਵੇਂ ਵਾਟਰ-ਵਰਕਸ

*56. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਬਠਿੰਡਾ ਦੀ ਸਬ-ਡਵੀਜ਼ਨ ਤਲਵੰਡੀ ਸਾਬੋ ਵਿਚ ਪਿੰਡਾਂ ਸੰਦੋਹਾ, ਮਾੜੀ, ਜਾਤਰੀ, ਫੱਤਾ ਬੱਲੂ, ਘੇਰੀ ਬਾਰਾ ਸਿੰਘ ਅਤੇ ਚਨਾਰਥਲ ਲਈ ਕੋਈ ਨਵੇਂ ਵਾਟਰ-ਵਰਕਸ ਮਨਜ਼ੂਰ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ ?

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸ਼੍ਰੀਮਾਨ ਜੀ, ਪਿੰਡ ਫੱਤਾ ਬੱਲੂ ਲਈ ਇਕ ਨਵਾਂ ਵਾਟਰ ਵਰਕਸ ਵਰਲਡ ਬੈਂਕ ਏਡਿਡ ਪਾਇਲਟ ਪ੍ਰਾਜੈਕਟ ਅਧੀਨ ਪ੍ਰਵਾਨ ਹੋਇਆ ਹੈ, ਜਿਸ ਲਈ ਟੈਂਡਰ ਮੰਗੇ ਜਾ ਰਹੇ ਹਨ। ਪਿੰਡ ਸੰਦੋਹਾ, ਮਾੜੀ, ਜਾਤਰੀ, ਘੇਰੀ ਬਾਰਾ ਸਿੰਘ ਤੇ ਚਨਾਰਥਲ ਲਈ ਕੋਈ ਵੱਖਰਾ ਨਵਾਂ ਵਾਟਰ ਵਰਕਸ ਮਨਜ਼ੂਰ ਨਹੀਂ ਹੋਇਆ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਜਿਹੜਾ ਫੱਤਾ ਬੱਲੂ ਵਾਟਰ ਵਰਕਸ ਆ ਗਿਆ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਕਿਹੜੀ ਸਕੀਮ ਅਧੀਨ ਇਨ੍ਹਾਂ ਨੇ ਇਹ ਵਾਟਰ ਵਰਕਸ ਲਿਆ ਹੈ। ਇਸ ਤੋਂ ਇਲਾਵਾ ਇਸ ਸਵਾਲ ਵਿਚ ਦੂਜੇ ਪਿੰਡ ਵੀ ਸਨ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਜਿਹੜਾ ਧਰਤੀ ਨਿਚਲਾ ਪਾਣੀ ਹੈ, ਉਹ ਇੰਨਾ ਮਾੜਾ ਹੈ ਕਿ ਉਹ ਖੇਤਾਂ ਵਾਸਤੇ ਵੀ ਕੰਮ ਨਹੀਂ ਆਉਂਦਾ ਅਤੇ ਨਾ ਹੀ

Original with;
Punjab Vidhan Sabha
Digitized by;
Panjab Digital Library

ਪੀਣ ਯੋਗ ਹੈ। ਉਥੇ ਕੈਂਸਰ ਦੀ ਬਿਮਾਰੀ ਵੀ ਫੈਲੀ ਹੋਈ ਹੈ ਔਰ ਇਸ ਬਾਰੇ ਪੇਪਰਾਂ ਵਿਚ ਵੀ ਪੜ੍ਹਿਆ ਜਾਂਦਾ ਹੈ। ਮੇਰੇ ਹਲਕੇ ਦੇ ਚਾਰ-ਪੰਜ ਪਿੰਡਾਂ ਬਾਰੇ ਬੀ.ਬੀ.ਸੀ. ਵਿਚ ਵੀ ਰਿਪੋਰਟਾਂ ਆਈਆਂ ਹਨ। ਗਿਆਨਾ, ਮਲਕਾਣਾ ਆਦਿ ਪਿੰਡਾਂ ਵਿਚ ਕੈਂਸਰ ਦੀ ਬਿਮਾਰੀ ਬਹੁਤ ਜ਼ਿਆਦਾ ਹੈ। ਹੁਣ ਉਥੇ ਦੋ-ਦੋ, ਤਿੰਨ-ਤਿੰਨ ਪਿੰਡਾਂ ਵਾਸਤੇ ਇੱਕ ਵਾਟਰ ਵਰਕਸ ਹੈ। ਮੈਂ ਪਿਛਲੀ ਵਾਰ ਕੋਸ਼ਿਸ਼ ਕੀਤੀ ਸੀ ਕਿ ਇਨ੍ਹਾਂ ਨੂੰ ਕਿਸੇ ਨਾ ਕਿਸੇ ਸਕੀਮ ਵਿਚ ਪਾਇਆ ਜਾਵੇ ਔਰ ਪਾਇਆ ਵੀ ਗਿਆ ਸੀ ਪਰ ਕਿਸੇ ਨਾ ਕਿਸੇ ਕਾਰਨ ਇਨ੍ਹਾਂ ਦਾ ਇਹ ਕੰਮ ਨਹੀਂ ਚੱਲ ਸਕਿਆ। ਸੋ, ਇਸ ਕਰਕੇ ਮੈਂ ਮੰਤਰੀ ਜੀ ਨੂੰ ਇਹੀ ਬੇਨਤੀ ਕਰਾਂਗਾ ਕਿ ਮੇਰੀ ਸੁਜੈਸ਼ਨ ਨੂੰ ਦੇਖਦੇ ਹੋਏ ਕਿ ਉਸ ਏਰੀਏ ਵਿਚ ਕੈਂਸਰ ਦੀ ਬਿਮਾਰੀ ਹੈ, ਜਿਥੇ ਦੋ-ਦੋ, ਤਿੰਨ-ਤਿੰਨ ਪਿੰਡਾਂ ਵਿਚ ਇੱਕ ਵਾਟਰ ਵਰਕਸ ਹੈ, ਕਿਉਂਕਿ ਹੁਣ ਪਿੰਡਾਂ ਦੀ ਆਬਾਦੀ ਵਧ ਕੇ ਤਕਰੀਬਨ 5000-6000 ਹੋ ਗਈ ਹੈ, ਖਾਸ ਕਰਕੇ ਸੰਦੋਹਾ ਅਤੇ ਚਨਾਰਥਲ ਵਿਚ ਤਾਂ ਨਵੇਂ ਵਾਟਰ ਵਰਕਸ ਵਾਸਤੇ ਲੋਕ ਪੈਸੇ ਦੇਣ ਨੂੰ ਵੀ ਤਿਆਰ ਹਨ। ਉਹ ਕਹਿੰਦੇ ਹਨ ਕਿ ਉਹ ਆਪਣਾ 10 ਪ੍ਰਤੀਸ਼ਤ ਹਿੱਸਾ ਪਾ ਦੇਣਗੇ, ਸਾਨੂੰ ਵਾਟਰ ਵਰਕਸ ਦਿੱਤਾ ਜਾਵੇ। ਕੀ ਉਸ ਬਾਰੇ ਇਹ ਕੁਝ ਦੱਸਣਗੇ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਪਹਿਲੀ ਗੱਲ ਕੀਤੀ ਹੈ ਉਸ ਦਾ ਜਵਾਬ ਦਿੰਦਾ ਹਾਂ, ਕਿ ਫੱਤਾ ਬੱਲੂ ਕਿਹੜੇ ਪ੍ਰਾਜੈਕਟ ਅਧੀਨ ਪਾਇਆ ਗਿਆ ਹੈ, ਇਹ ਵਰਲਡ ਬੈਂਕ ਪ੍ਰਾਜੈਕਟ ਅਧੀਨ ਪਾਇਆ ਗਿਆ ਹੈ। ਇਨ੍ਹਾਂ ਨੇ ਪਿਛਲੀ ਸਰਕਾਰ ਦੌਰਾਨ ਸਾਲ-ਸਵਾ ਸਾਲ ਪਹਿਲਾਂ ਇਹ ਪੈਸਾ ਜਮ੍ਹਾਂ ਕਰਵਾਇਆ ਸੀ, ਪਰ ਇਨ੍ਹਾਂ ਦੀ ਸਰਕਾਰ ਵੇਲੇ ਇਸ ਪ੍ਰਾਜੈਕਟ ਵਿਚ ਡਿਲੇਅ ਹੋਈ। ਮੈਂ ਧੰਨਵਾਦੀ ਹਾਂ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਅਤੇ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਮੁੱਖ ਮੰਤਰੀ ਬਣਦੇ ਸਾਰ ਹੀ ਮਿਤੀ 25.5.07 ਨੂੰ ਵਰਲਡ ਬੈਂਕ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਹੈ। ਹੁਣ ਇਹ ਪਿੰਡ ਇਸ ਪ੍ਰਾਜੈਕਟ ਅਧੀਨ ਲਿਆਂਦਾ ਗਿਆ ਹੈ ਪਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਉਸ ਵੇਲੇ 2 ਲੱਖ ਰੁਪਿਆ ਆਪਣੇ ਵਲੋਂ 10% ਦੇ ਹਿਸਾਬ ਨਾਲ ਜਮ੍ਹਾਂ ਕਰਵਾਇਆ ਸੀ। ਪਰ ਜਿਹੜੀ ਪ੍ਰਾਜੈਕਟ ਦੀ ਕਾਸਟ ਕੱਢੀ ਗਈ ਹੈ, ਉਹ 28 ਲੱਖ ਦੇ ਕਰੀਬ ਕੱਢੀ ਗਈ ਹੈ। ਇਸ ਲਈ ਇਨ੍ਹਾਂ ਨੇ 80,000 ਰੁਪਿਆ ਹੋਰ ਜਮ੍ਹਾਂ ਕਰਾਉਣਾ ਹੈ। ਜਿਸ ਦਿਨ ਇਹ ਪੈਸੇ ਜਮ੍ਹਾਂ ਕਰਾ ਦੇਣਗੇ, ਅਸੀਂ ਟੈਂਡਰ ਬੁਲਾ ਲਵਾਂਗੇ। ਬਾਕੀ ਦੂਜੇ ਪਿੰਡਾਂ ਦੀ ਗੱਲ ਕੀਤੀ ਗਈ ਹੈ, ਉਹ ਵੀ ਵਰਲਡ ਬੈਂਕ ਪ੍ਰਾਜੈਕਟ ਵਿਚ ਪੈ ਸਕਦੇ ਹਨ। ਇਨ੍ਹਾਂ ਦੀ ਗੱਲ ਚੰਗੀ ਹੈ, ਦਰੁੱਸਤ ਹੈ ਕਿ ਪਿੰਡ ਵੱਡੇ ਹੋ ਗਏ ਹਨ ਅਤੇ ਪਾਣੀ ਦਾ ਲੈਵਲ ਥੱਲੇ ਜਾ ਰਿਹਾ ਹੈ, ਪਾਪੂਲੇਸ਼ਨ ਵੱਧ ਗਈ ਹੈ। ਇਸ ਲਈ ਪਾਣੀ ਘੱਟ ਆ ਰਿਹਾ ਹੈ। ਜਿਹੜੇ ਪਿੰਡ ਆਪਣਾ 10% ਹਿੱਸਾ ਜਮ੍ਹਾਂ ਕਰਵਾ ਦੇਣਗੇ, ਉਨ੍ਹਾਂ ਨੂੰ ਇਸ ਪ੍ਰਾਜੈਕਟ ਥੱਲੇ ਲੈ ਲਵਾਂਗੇ ਅਤੇ ਉਥੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ :** ਸਪੀਕਰ ਸਾਹਿਬ, ਜਿਹੜਾ ਫੱਤਾ

Original with;
Punjab Vidhan Sabha
Digitized by;
Panjab Digital Library

[ ਸਰਦਾਰ ਜੀਤਮਹਿੰਦਰ ਸਿੰਘ ਸਿੱਧੂ ]

ਬੱਲੂ ਪਿੰਡ ਹੈ, ਇਨ੍ਹਾਂ ਨੇ 2 ਲੱਖ ਰੁਪਿਆ ਜਮ੍ਹਾਂ ਕਰਵਾ ਦਿੱਤਾ ਹੈ। 2 ਲੱਖ ਰੁਪਿਆ ਕਾਫੀ ਪੈਸਾ ਹੁੰਦਾ ਹੈ। ਸਿਵਲ ਵਰਕਸ ਕੰਮ ਸ਼ੁਰੂ ਕਰਨ ਲਈ ਪਹਿਲੀ ਇੰਸਟਾਲਮੈਂਟ ਦੇ ਰੂਪ ਵਿਚ ਇਹ ਪੈਸਾ ਕਾਫੀ ਹੁੰਦਾ ਹੈ। ਇਸ ਨਾਲ 50% ਕੰਮ ਹੋ ਜਾਵੇਗਾ ਅਤੇ ਜਿਹੜਾ 80,000 ਰੁਪਿਆ ਹੋਰ ਜਮ੍ਹਾਂ ਨਾ ਕਰਵਾ ਸਕਣ ਕਾਰਨ ਕੰਮ ਪਿਛੇ ਰਹਿ ਗਿਆ ਹੈ, ਮੈਂ ਪਿੰਡ ਵਾਲਿਆਂ ਨੂੰ ਬੇਨਤੀ ਕਰ ਸਕਦਾ ਹਾਂ ਕਿ ਕੰਮ ਸ਼ੁਰੂ ਹੋ ਗਿਆ ਹੈ, 19 ਲੱਖ ਰੁਪਿਆ ਮਿਲ ਰਿਹਾ ਹੈ ਬਾਕੀ ਪੈਸੇ ਇਕੱਠੇ ਕਰ ਲਓ। ਪਰ ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ 80,000 ਰੁਪਿਆ ਹੈ, ਇਹ ਦੋ ਕਿਸ਼ਤਾਂ ਵਿਚ ਪਿੰਡ ਵਾਲਿਆਂ ਨੂੰ ਦੇਣ ਲਈ ਕਹਿ ਸਕਦਾ ਹਾਂ। ਇਹ ਪਿੰਡ ਹਰਿਆਣਾ ਬਾਰਡਰ 'ਤੇ ਹੈ, ਇਥੋਂ ਹਰਿਆਣਾ ਸ਼ੁਰੂ ਹੋ ਜਾਂਦਾ ਹੈ। ਉਥੇ ਬਹੁਤ ਬੁਰਾ ਹਾਲ ਹੈ। ਸੇਮ ਦਾ ਮਾਰਿਆ ਹੋਇਆ ਏਰੀਆ ਹੈ। ਉਥੇ ਵਾਟਰ ਵਰਕਸ ਦੀ ਬਹੁਤ ਸਾਲਾਂ ਦੀ ਮੰਗ ਹੈ। ਕਿਉਂਕਿ ਪਿੰਡ ਛੋਟਾ ਹੈ ਇਸ ਲਈ ਦੋ ਲੱਖ ਰੁਪਿਆ ਵੀ ਪਿੰਡ ਵਾਲਿਆਂ ਨੇ ਬਹੁਤ ਔਖਾ ਹੋ ਕੇ ਇਕੱਠਾ ਕੀਤਾ ਹੈ। ਦੂਜੀ ਗੱਲ ਜਿਹੜੀ ਇਨ੍ਹਾਂ ਨੇ ਕਹੀ ਹੈ ਕਿ ਲਿਸਟ ਦੇ ਦਿਓ। ਮੈਂ ਲਿਸਟ ਦਿੱਤੀ ਹੋਈ ਹੈ। ਇਸ ਵਿਚ ਛੇ ਪਿੰਡ ਪਹਿਲਾਂ ਹੀ ਮੈਨਸ਼ਨਡ ਹਨ, ਜਿਨ੍ਹਾਂ ਦੇ ਨਾਂ ਸੰਦੋਹਾ, ਮਾੜੀ, ਜਾਤਰੀ, ਘੇਰੀ ਬਾਰਾ ਸਿੰਘ ਅਤੇ ਚਨਾਰਥਲ। ਕੁਝ ਪੈਸਾ ਜਾਤਰੀ ਨੇ ਜਮ੍ਹਾਂ ਕਰਵਾਇਆ ਹੈ, ਕੁਝ ਸੰਦੋਹਾ ਨੇ ਅਤੇ ਕੁਝ ਚਨਾਰਥਲ ਦਾ ਜਮ੍ਹਾਂ ਹੋਇਆ ਹੈ। ਜੇਕਰ ਤੁਸੀਂ ਕਹੋ ਕਿ ਪਿੰਡ ਵਾਲੇ ਇਕ ਦਿਨ ਵਿਚ 5 ਲੱਖ ਰੁਪਿਆ ਜਮ੍ਹਾਂ ਕਰ ਲੈਣਗੇ ਤਾਂ ਇਹ ਪਿੰਡ ਵਾਲਿਆਂ ਲਈ ਬੜੀ ਮੁਸ਼ਕਲ ਵਾਲਾ ਕੰਮ ਹੈ। ਕੋਈ ਵੀ ਪਿੰਡ ਵਾਲੇ, ਸਿਰਫ ਮੇਰੇ ਹਲਕੇ ਵਾਲੇ ਹੀ ਨਹੀਂ, ਪੂਰੇ ਦੁਆਬੇ ਵਿਚ ਇੰਨੇ ਪੈਸੇ ਇਕੱਠੇ ਨਹੀਂ ਕਰ ਸਕਦੇ ਅਗਰ ਮਾਲਵੇ ਵਾਲੇ ਪੈਸਾ ਦੇ ਦੇਣ ਤਾਂ ਮੈਂ ਕਹਿ ਨਹੀਂ ਸਕਦਾ, ਪਰ ਮੇਰੇ ਹਲਕੇ ਦੇ ਪਿੰਡ 5 ਲੱਖ ਰੁਪਿਆ ਇਕੱਠਾ ਨਹੀਂ ਦੇ ਸਕਦੇ। ਕਿਸਾਨਾਂ ਅਤੇ ਮਜ਼ਦੂਰਾਂ ਦੀ ਹਾਲਤ ਤਾਂ ਤੁਸੀਂ ਜਾਣਦੇ ਹੀ ਹੋ। ਮੇਰੀ ਬੇਨਤੀ ਹੈ ਕਿ ਉਹ ਇਕੱਠਾ ਪੈਸਾ ਨਹੀਂ ਦੇ ਸਕਦੇ।

**ਮਾਨਯੋਗ ਸਪੀਕਰ :** ਰੈਪੀਟੀਸ਼ਨ ਨਾ ਕਰੋ। ਹਾਂ ਜੀ, ਮਜੀਠੀਆ ਜੀ।

**ਮੰਤਰੀ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਵਰਲਡ ਬੈਂਕ ਪ੍ਰਾਜੈਕਟ ਦਾ ਕਾਇਦਾ ਕਾਨੂੰਨ ਹੈ। ਇਹ ਜਿਹੜਾ ਕਹਿੰਦੇ ਹਨ ਕਿ ਪਿੰਡ ਵਾਲੇ 80,000 ਰੁਪਿਆ ਜਮ੍ਹਾਂ ਕਰਵਾ ਦੇਣਗੇ, ਮੈਂ ਇਸ ਵਿਸ਼ਵਾਸ ਤੇ ਕੰਮ ਸ਼ੁਰੂ ਕਰਵਾ ਸਕਦਾ ਹਾਂ। ਦੂਜੀ ਗੱਲ, ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਨ੍ਹਾਂ ਨੇ ਜਿਹੜੇ ਪਿੰਡ ਦੱਸੇ ਹਨ ਮੈਂ ਉਨ੍ਹਾਂ ਦਾ ਪੂਰਾ ਵੇਰਵਾ ਆਪ ਅੱਗੇ ਰੱਖ ਸਕਦਾ ਹਾਂ ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਨੇ ਆਪਣਾ ਪੂਰਾ ਹਿੱਸਾ ਜਮ੍ਹਾਂ ਨਹੀਂ ਕਰਵਾਇਆ ਹੈ। ਐਮ.ਐਲ.ਏ. ਸਾਹਿਬ ਕਹਿ ਰਹੇ ਹਨ ਕਿ ਪਿੰਡ ਵਾਲਿਆਂ ਦੀ ਮਾੜੀ ਹਾਲਤ ਹੈ ਪਰ ਇਨ੍ਹਾਂ ਦੀ ਆਪਣੀ ਮਾਲੀ ਹਾਲਤ ਤਾਂ ਤਕੜੀ ਹੈ ਇਹ ਪੈਸਾ ਪੂਰਾ ਕਰ ਦੇਣ। ਜੇਕਰ ਪੈਸਾ ਜਮ੍ਹਾਂ ਹੋ ਜਾਵੇ ਤਾਂ ਅਸੀਂ ਕੰਮ ਸ਼ੁਰੂ ਕਰ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਮੈਂ ਇਸ ਸਬੰਧੀ ਕੁਝ ਕਹਿਣਾ ਚਾਹੁੰਦਾ ਹਾਂ। ਮੇਰੇ ਪ੍ਰਤੀ ਜੋ ਇਨ੍ਹਾਂ ਨੇ ਕਿਹਾ ਹੈ, ਮੈਂ ਉਸ ਦਾ ਜਵਾਬ ਦੇਣਾ ਚਾਹੁੰਦਾ ਹਾਂ। ਜਿਹੜਾ ਵਰਲਡ ਬੈਂਕ ਪ੍ਰਾਜੈਕਟ ਬਣਿਆ ਹੈ ਇਸ ਸਬੰਧੀ ਕੱਲ੍ਹ ਜਾਂ ਪਰਸੋਂ ਹੀ ਇਨ੍ਹਾਂ ਨੇ ਕੁਐਸਚਨ ਦਾ ਆਂਸਰ ਦਿੰਦਿਆਂ ਹੋਇਆਂ ਕਿਹਾ ਸੀ ਕਿ ਐਨ.ਆਰ.ਆਈ. ਆਪਣਾ ਪੈਸਾ ਚਾਹੇ 10 ਲੱਖ ਰੁਪਿਆ ਜਮ੍ਹਾਂ ਕਰਵਾਵੇ ਪਰ ਉਹ ਨਹੀਂ ਮੰਨਿਆ ਜਾਵੇਗਾ। ਕਿਉਂਕਿ ਇਹ ਕਮਿਊਨਿਟੀ ਦਾ ਕੰਮ ਹੈ ਅਤੇ ਕਮਿਊਨਿਟੀ ਦੀ ਪਾਰਟੀਸੀਪੇਸ਼ਨ ਚਾਹੀਦੀ ਹੈ। ਐਨ.ਆਰ.ਆਈ. ਕੋਈ ਕਮਿਊਨਿਟੀ ਨਹੀਂ ਹੈ। ਤੁਹਾਡੀ ਸਕੀਮ ਵਿਚ ਇਹ ਨਹੀਂ ਹੈ ਕਿ ਉਸ ਤੋਂ ਇਕ ਪੈਸਾ ਵੀ ਲਿਆ ਜਾਵੇ। ਉਹ ਚਾਹੇ 10-20 ਲੱਖ ਰੁਪਿਆ ਵਾਟਰ ਵਰਕਸ ਜਾਂ ਹੋਰ ਕੰਮਾਂ ਲਈ ਦੇ ਦੇਵੇ ਪਰ ਵਰਲਡ ਬੈਂਕ ਇਸ ਚੀਜ਼ ਨੂੰ ਨਹੀਂ ਮੰਨਦਾ ਅਤੇ ਗੌਰਮਿੰਟ ਆਫ਼ ਇੰਡੀਆ ਇਸ ਚੀਜ਼ ਨੂੰ ਨਹੀਂ ਮੰਨਦੀ। ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਵੀ ਮੰਤਰੀ ਜੀ ਨੂੰ ਕਹੋ ਕਿ ਉਥੋਂ ਦੇ ਹਾਲਾਤ ਵੇਖਦੇ ਹੋਏ ਇਹ ਇਸ ਕੰਮ ਨੂੰ ਕਰ ਦੇਣ। ਮੈਂ ਯਕੀਨ ਦਿਵਾਉਂਦਾ ਹਾਂ ਅਤੇ ਪਿੰਡ ਵਾਲਿਆਂ ਨੂੰ ਕਹਿ ਸਕਦਾ ਹਾਂ ਕਿ ਪੈਸੇ ਜਮ੍ਹਾਂ ਕਰਵਾ ਦਿਓ ਪਰ ਇਸ ਕੰਮ ਨੂੰ ਸਿਰਫ ਇਸ ਕਰਕੇ ਨਾ ਰੋਕੋ ਕਿ ਸਾਡੇ ਪੈਸੇ ਆਉਣਗੇ ਤਾਂ ਹੀ ਕੰਮ ਸ਼ੁਰੂ ਹੋਵੇਗਾ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**ਮਾਨਯੋਗ ਸਪੀਕਰ** : ਅਗਲਾ ਸਵਾਲ।

---

## ਬਠਿੰਡਾ ਵਿਖੇ ਕਤਾਈ ਮਿਲਾਂ ਦਾ ਬੰਦ ਹੋਣਾ

*74. **ਸਰਦਾਰ ਮੱਖਣ ਸਿੰਘ** : ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਡੱਬਵਾਲੀ ਸੜਕ, ਬਠਿੰਡਾ ਵਿਖੇ ਪੰਜਾਬ ਕਤਾਈ ਅਤੇ ਬੁਣਾਈ ਮਿਲਜ਼ ਲਿਮਟਿਡ ਦੇ ਬੰਦ ਹੋਣ ਦੀ ਮਿਤੀ ਕੀ ਹੈ ਅਤੇ ਇਸ ਦੇ ਸਿੱਟੇ ਵਜੋਂ ਪ੍ਰਭਾਵਿਤ ਹੋਏ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ(ੳ) ਵਿਚ ਵਰਣਿਤ ਸਾਰੇ ਪ੍ਰਭਾਵਿਤ ਵਿਅਕਤੀਆਂ ਨੂੰ ਉਨ੍ਹਾਂ ਦੇ ਬਕਾਇਆਂ- ਜਿਵੇਂ ਕਿ ਪ੍ਰਾਵੀਡੈਂਟ ਫੰਡ, ਬੋਨਸ, ਗਰੈਚੂਇਟੀ ਆਦਿ ਦੀ ਅਦਾਇਗੀ ਕਰ ਦਿੱਤੀ ਗਈ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : (ੳ) ਪੰਜਾਬ ਸਪਿਨਿੰਗਜ਼ ਅਤੇ ਵੀਵਿੰਗ ਮਿਲਜ਼ ਲਿਮਟਿਡ, ਡੱਬਵਾਲੀ ਰੋਡ, ਬਠਿੰਡਾ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ ]

ਵਲੋਂ 5.7.2001 ਨੂੰ ਸਮੇਟਣ ਦੇ ਹੁਕਮ ਜਾਰੀ ਕੀਤੇ। ਇਸ ਨਾਲ 1162 ਕਾਰੀਗਰਾਂ ਤੇ ਪ੍ਰਭਾਵ ਪਿਆ।

(ਅ) ਨਹੀਂ, ਸ਼੍ਰੀਮਾਨ ਜੀ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਪਹਿਲੀ ਗੱਲ ਤਾਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਸਾਡੇ ਕੋਲ ਜਵਾਬ ਆਇਆ ਹੈ, ਇਸ ਦੇ ਵਿਚ ਕਈ ਲਫਜ਼ ਪੰਜਾਬੀ ਵਿਚ ਠੀਕ ਨਹੀਂ ਲਿਖੇ ਗਏ। ਜਿਵੇਂ ਕਿ ਨਾ 'ਸਪੀਨਿੰਗਜ਼' ਠੀਕ ਲਿਖਿਆ ਹੈ, ਨਾ 'ਵੀਵਿੰਗ' ਠੀਕ ਲਿਖਿਆ ਹੈ, ਨਾ 'ਮਿਲਜ਼' ਠੀਕ ਲਿਖਿਆ ਹੈ ਅਤੇ ਨਾ ਹੀ 'ਬਠਿੰਡਾ' ਠੀਕ ਲਿਖਿਆ ਹੋਇਆ ਹੈ। ਮੇਰੀ ਬੇਨਤੀ ਹੈ, ਮੇਰਾ ਖਿਆਲ ਹੈ ਕਿ ਸੈਕਟਰੀ ਲੈਵਲ ਤੱਕ 10ਵੀਂ ਪੱਧਰ ਦੀ ਪੰਜਾਬੀ ਭਾਸ਼ਾ ਦਾ ਇਮਤਿਹਾਨ ਲਾਜ਼ਮੀ ਪਾਸ ਕੀਤਾ ਹੋਣਾ ਚਾਹੀਦਾ ਹੈ। ਜਿਹੜਾ ਇਹ ਜਵਾਬ ਭੇਜਦੇ ਹਨ, ਇਹ ਸਹੀ ਪੰਜਾਬੀ ਵਿਚ ਲਿਖ ਕੇ ਭੇਜਿਆ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਠੀਕ ਹੈ ਜੀ। ਅੱਗੇ ਚੱਲੋ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਦੂਜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਮੰਤਰੀ ਸਾਹਿਬ ਇੱਥੇ ਆਪਣਾ ਜਵਾਬ ਪੜ੍ਹਦੇ ਹਨ ਤਾਂ ਕਈ ਵਾਰ ਇਹ ਆਪਣੀ ਕਾਰਕਰਦਗੀ ਤੇ ਆਪ ਹੀ ਸ਼ਰਮਿੰਦਾ ਹੋਣ ਵਾਲਾ ਜਵਾਬ ਦੇ ਦਿੰਦੇ ਹਨ। ਸਪੀਕਰ ਸਾਹਿਬ, ਇਹ ਮਿੱਲ ਸਾਲ 2001 ਦੇ ਵਿਚ ਬੰਦ ਹੋ ਗਈ। ਇਸ ਨਾਲ 1162 ਪਰਿਵਾਰ ਪ੍ਰਭਾਵਿਤ ਹੋਏ ਹਨ। ਜਦੋਂ ਇਹ ਕਹਿੰਦੇ ਹਨ ਕਿ 'ਨਹੀਂ ਜੀ', ਅਜੇ ਉਨ੍ਹਾਂ ਨੂੰ 'ਕੁਝ ਨਹੀਂ ਦਿੱਤਾ', ਇਸ ਸਬੰਧੀ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਕਸੂਰ ਦੱਸੋ ਕਿ ਕੀ ਹੈ? ਜਦੋਂ ਕਿ ਗਰੈਚੂਟੀ ਉਨ੍ਹਾਂ ਦੀ ਆਪਣੀ ਹੈ, ਪ੍ਰਾਵੀਡੈਂਟ ਫੰਡ ਦਾ ਪੈਸਾ ਵੀ ਉਨ੍ਹਾਂ ਦਾ ਆਪਣਾ ਹੈ, ਇਸ ਲਈ ਪੈਨਸ਼ਨ ਉਨ੍ਹਾਂ ਦੀ ਬਣਦੀ ਹੈ। ਇਹ ਦੱਸਣ ਕਿ ਇਹ 1162 ਪਰਿਵਾਰਾਂ ਦੀ ਪੈਨਸ਼ਨ, ਗਰੈਚੂਟੀ ਅਤੇ ਪ੍ਰਾਵੀਡੈਂਟ ਫੰਡ ਦਾ ਪੈਸਾ ਆਪਣੇ ਕੋਲ ਰੱਖ ਕੇ ਕਿਉਂ ਬੈਠੇ ਹਨ? ਇਨ੍ਹਾਂ ਕੋਲ ਕੀ ਅਖਤਿਆਰ ਹੈ ਕਿ ਉਨ੍ਹਾਂ ਗਰੀਬਾਂ ਦਾ ਪੈਸਾ ਰੱਖਿਆ ਜਾਵੇ ਔਰ ਜਵਾਬ 'ਨਹੀਂ ਜੀ' ਦੇ ਵਿਚ ਦੇ ਦਿੰਦੇ ਹਨ, ਇਹ ਕਿੰਨੀ ਸ਼ਰਮ ਵਾਲੀ ਗੱਲ ਹੈ, ਜਦੋਂ ਕਿ ਉਹ ਵਿਚਾਰੇ ਪ੍ਰਵਾਸੀ ਮਜ਼ਦੂਰ ਹਨ।

**ਮਾਨਯੋਗ ਸਪੀਕਰ** : ਸਵਾਲ ਕਰ ਲਓ। ਰੈਪੀਟੀਸ਼ਨ ਨਾ ਕਰੀ ਜਾਓ।

**ਸਰਦਾਰ ਮੱਖਣ ਸਿੰਘ** : ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਵਿਚਾਰੇ ਗਰੀਬ ਪਿਛਲੇ ਛੇ ਸਾਲਾਂ ਤੋਂ ਇਥੇ ਇਸ ਆਸ ਵਿਚ ਬੈਠੇ ਹੋਏ ਹਨ ਕਿ ਉਨ੍ਹਾਂ ਨੂੰ ਆਪਣੀ ਬਣਦੀ ਗਰੈਚੂਟੀ ਅਤੇ ਪ੍ਰਾਵੀਡੈਂਟ ਫੰਡ ਦਾ ਪੈਸਾ ਕਦੋਂ ਦਿੱਤਾ ਜਾਵੇਗਾ। ਉਹ ਕਦੋਂ ਆਪਣੇ ਘਰ ਨੂੰ ਵਾਪਸ ਜਾਣਗੇ। ਇਹ ਦੱਸਣ ਕਿ ਕਦੋਂ ਤੱਕ ਉਨ੍ਹਾਂ ਨੂੰ ਇਹ ਪੈਸੇ ਦੇ ਦਿੱਤੇ ਜਾਣਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਬੜੇ ਸੂਝਵਾਨ ਹਨ। ਸਾਨੂੰ ਤਾਂ ਅਜੇ ਆਇਆਂ ਨੂੰ ਤਿੰਨ ਮਹੀਨੇ ਹੀ ਹੋਏ ਹਨ। ਸਾਡੀ ਸਰਕਾਰ ਦਾ ਸਮਾਂ ਅਜੇ ਤਿੰਨ ਮਹੀਨੇ ਦਾ ਹੀ ਹੋਇਆ ਹੈ। ਇਥੇ ਪਿਛਲੇ ਪੰਜ ਸਾਲ ਕਾਂਗਰਸ ਦੀ ਸਰਕਾਰ ਰਹੀ ਹੈ, ਉਦੋਂ ਇਹ ਪੈਸਾ ਕਿਉਂ ਨਹੀਂ ਦਿੱਤਾ ਗਿਆ? ਚੱਲੋ, ਖੈਰ! Any how ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਸਿਵਲ ਰਿੱਟ ਪਟੀਸ਼ਨ ਨੰ: 34 ਆਫ਼ 2001 ਦੇ ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ, ਇਸ ਨੂੰ ਸਮੇਟਣ ਦੇ ਹੁਕਮ ਜਾਰੀ ਕੀਤੇ ਸਨ। ਇਸ ਦੀਆਂ ਵਾਈਂਡ ਅੱਪ ਪ੍ਰੋਸੀਡਿੰਗਜ ਚਲ ਰਹੀਆਂ ਹਨ। ਸਾਰੀਆਂ ਲੀਕੁਡੇਸ਼ਨ ਪ੍ਰੋਸੀਡਿੰਗਜ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਅਨੁਮਤੀ ਅਨੁਸਾਰ ਕੀਤੀਆਂ ਜਾਣੀਆਂ ਹਨ। ਲੀਕੁਡੇਟਰ ਦੇ ਦਫ਼ਤਰ ਵਲੋਂ ਦਿੱਤੀ ਸੂਚਨਾ ਅਨੁਸਾਰ ਕਾਰੀਗਰਾਂ ਤੋਂ ਉਨ੍ਹਾਂ ਦੇ ਦਾਅਵੇ ਮੰਗਵਾਏ ਹਨ ਅਤੇ ਉਹ ਚਾਰਟਿਡ ਅਕਾਊਂਟੈਂਟ ਨੂੰ ਘੋਖ ਲਈ ਭੇਜੇ ਗਏ ਹਨ। ਚਾਰਟਿਡ ਅਕਾਊਂਟੈਂਟ ਦੀ ਰਿਪੋਰਟ ਉਡੀਕੀ ਜਾ ਰਹੀ ਹੈ ਅਤੇ ਕਾਰੀਗਰਾਂ ਦੇ ਦਾਅਵੇ ਦਾ ਭੁਗਤਾਨ ਕੀਤਾ ਜਾਣਾ ਹੈ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਜਵਾਬ ਵਿਚ ਫਿਰ ਕਿਸੇ ਕਿਸਮ ਦੀ ਤਸੱਲੀ ਵਾਲੀ ਗੱਲ ਨਹੀਂ ਹੈ। ਇਹ ਤਾਂ ਮੈਨੂੰ ਵੀ ਪਤਾ ਹੈ ਕਿ ਕੇਸ ਲਿਕੁਡੇਟਰ ਕੋਲ ਗਿਆ ਹੋਇਆ ਹੈ। ਨਿਪਟਾਰਾ ਲਿਕੁਡੇਟਰ ਨੇ ਕਰਨਾ ਹੈ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਮਹਿਕਮੇ ਵਲੋਂ ਪਿਛਲੇ ਪੰਜ-ਛੇ ਸਾਲਾਂ ਦੇ ਵਿਚ ਕੋਈ ਚਿੱਠੀ ਪੱਤਰ ਕੀਤਾ ਗਿਆ ਹੈ? ਇਨ੍ਹਾਂ ਦਾ ਜਲਦੀ ਨਿਬੇੜਾ ਕਰੋ, ਕਿਉਂਕਿ ਵਿਚਾਰੇ 1162 ਪਰਿਵਾਰ ਉਡੀਕੀ ਜਾਂਦੇ ਹਨ। ਇੱਕ ਹੋਰ ਗੈਰਜ਼ਿੰਮੇਵਾਰਾਨਾ ਜਿਹੀ ਗੱਲ ਜਵਾਬ ਦੇ ਵਿਚ ਹਰ ਪਾਸਿਓਂ ਕਹਿ ਦਿੱਤੀ ਜਾਂਦੀ ਹੈ। ਗੈਰ ਜ਼ਿੰਮੇਵਾਰਾਨਾ ਜਵਾਬ ਆ ਜਾਂਦੇ ਹਨ, ਮੈਂ ਇਹ ਤਾਂ ਨਹੀਂ ਕਹਿੰਦਾ ਕਿ ਕਾਂਗਰਸ ਪਾਰਟੀ ਵਾਲਿਆਂ ਦੀ ਸਰਕਾਰ ਜ਼ਿੰਮੇਵਾਰ ਹੈ ਜਾਂ ਅਕਾਲੀ ਪਾਰਟੀ ਦੀ ਸਰਕਾਰ ਜ਼ਿੰਮੇਵਾਰ ਹੈ। ਪਰ 1162 ਪਰਿਵਾਰ ਮਜਬੂਰਨ ਉਥੇ ਬੈਠੇ ਹਨ। ਉਹ ਵਿਚਾਰੇ ਬਠਿੰਡਾ ਦੇ ਵਿਚ ਬੈਠੇ ਹਨ, ਜਦੋਂ ਕਿ ਉਹ ਪ੍ਰਵਾਸੀ ਮਜ਼ਦੂਰ ਹਨ। ਕੀ ਕੋਈ ਚਿੱਠੀ ਪੱਤਰ ਲਿਕੁਡੇਟਰ ਦੇ ਨਾਲ ਇਨ੍ਹਾਂ ਵਲੋਂ ਕੀਤਾ ਗਿਆ ਹੈ ਕਿ ਇਸ ਕੇਸ ਦਾ ਜਲਦੀ ਨਿਪਟਾਰਾ ਕੀਤਾ ਜਾਵੇਗਾ?

**ਮੰਤਰੀ** : ਸਪੀਕਰ ਸਾਹਿਬ, ਇਹ ਆਫੀਸ਼ੀਅਲ ਲਿਕੁਡੇਟਰ ਹਾਈ ਕੋਰਟ ਐਪੁਆਇੰਟ ਕਰਦਾ ਹੈ। ਉਸ ਦੀਆਂ ਪ੍ਰੋਸੀਡਿੰਗਜ਼ ਹੁੰਦੀਆਂ ਹਨ। ਅਸੀਂ ਉਥੇ ਸਿਰਫ ਐਜ਼ ਏ ਪਾਰਟੀ ਪੇਸ਼ ਹੁੰਦੇ ਹਾਂ। ਉਧਰੋਂ ਪਹਿਲਾ ਸਵਾਲ ਹੈ ਕਿ ਜਿਹੜੇ ਇੰਪਲਾਈਜ਼ ਹਨ, ਪਹਿਲਾਂ ਉਨ੍ਹਾਂ ਦਾ ਕਲੇਮ ਜਾਏਗਾ। ਫਿਰ ਜਿਹੜੇ ਸਕਿਓਰਡ ਕ੍ਰੈਡਿਟਰਜ਼ ਹਨ, ਉਨ੍ਹਾਂ ਨੂੰ ਦਿੱਤਾ ਜਾਵੇਗਾ। ਉਸ ਤੋਂ ਬਾਅਦ ਜਿਹੜੇ ਅਨ-ਸਕਿਓਰਡ ਕ੍ਰੈਡਿਟਰਜ਼ ਹਨ, ਉਨ੍ਹਾਂ ਨੂੰ ਦਿੱਤਾ ਜਾਵੇਗਾ। ਪਹਿਲ ਦੇ ਆਧਾਰ ਤੇ ਜਿਹੜੇ ਲੀਕੁਡੇਟਰ ਨੇ, ਉਨ੍ਹਾਂ ਨੇ ਕਲੇਮ ਦੱਸੇ ਹਨ, ਮੰਗੇ ਸਨ, ਉਹ ਐਗਜ਼ਾਮਿਨ ਕਰ ਰਹੇ ਹਨ। ਐਗਜ਼ਾਮਿਨ ਕਰਨ ਤੋਂ ਬਾਅਦ, ਕਿਉਂਕਿ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ ]

ਸਾਰੀਆਂ ਕੋਰਟ ਦੀਆਂ ਪ੍ਰੋਸੀਡਿੰਗਜ਼ ਹਨ, ਅਸੀਂ ਕੋਈ ਇਸ ਦੇ ਵਿਚ ਬਹੁਤੀ ਦਖਲ-ਅੰਦਾਜ਼ੀ ਨਹੀਂ ਕਰ ਸਕਦੇ। ਜਦੋਂ ਵੀ ਸਾਨੂੰ ਜੋ ਹੁਕਮ ਹੋਣਗੇ, ਅਸੀਂ ਕਰ ਦੇਣਾ ਹੈ ਜੀ।

---

## ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸੁੱਕੇ ਦਰਖਤਾਂ ਦਾ ਖਤਰਾ

*95. **ਸਰਦਾਰ ਜਤਿੰਦਰ ਸਿੰਘ ਕਰੀਹਾ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਮੁੱਖ ਸੜਕਾਂ ਦੇ ਨਾਲ-ਨਾਲ ਖੜ੍ਹੇ ਸੁੱਕੇ ਦਰਖਤਾਂ ਦੇ ਕਾਰਣ ਵਾਪਰ ਰਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਦੇ ਵੇਰਵੇ ਕੀ ਹਨ?

**ਸ੍ਰੀ ਤਿਕਸ਼ਨ ਸੂਦ** : ਸ੍ਰੀਮਾਨ ਜੀ, ਨਵਾਂ ਸ਼ਹਿਰ ਜ਼ਿਲ੍ਹੇ ਦੀਆਂ ਮੁੱਖ ਸੜਕਾਂ ਦੇ ਨਾਲ ਖੜ੍ਹੇ ਸੁੱਕ ਚੁੱਕੇ ਦਰਖਤਾਂ ਨਾਲ ਦੁਰਘਟਨਾਵਾਂ ਨੂੰ ਰੋਕਣ ਬਾਰੇ ਸਰਕਾਰ ਵਲੋਂ ਹੇਠ ਲਿਖੇ ਕਦਮ ਚੁੱਕੇ ਗਏ ਹਨ :—

1. ਮੁੱਖ ਸੜਕਾਂ ਦੇ ਨਾਲ ਲਗਦੀਆਂ ਪਟੜੀਆਂ ਤੇ ਖੜ੍ਹੇ ਸੁੱਕੇ ਰੁੱਖ ਮਾਰਕ ਕੀਤੇ ਜਾਂਦੇ ਹਨ ਅਤੇ ਕਟਾਈ ਲਈ ਪੰਜਾਬ ਰਾਜ ਵਣ ਵਿਕਾਸ ਨਿਗਮ ਨੂੰ ਸੌਂਪੇ ਜਾਂਦੇ ਹਨ।

2. ਪੰਜਾਬ ਰਾਜ ਵਣ ਵਿਕਾਸ ਨਿਗਮ ਵੱਲੋਂ ਇਨ੍ਹਾਂ ਰੁੱਖਾਂ ਦੀਆਂ ਲਿਸਟਾਂ ਪ੍ਰਾਪਤ ਹੋਣ ਤੇ ਇਹ ਰੁੱਖ ਜਲਦੀ ਕੱਟ ਲਏ ਜਾਂਦੇ ਹਨ।

3. ਤੇਜ਼ ਹਵਾਵਾਂ ਅਤੇ ਝੱਖੜਾਂ ਕਾਰਨ ਰੁੱਖਾਂ ਅਤੇ ਟਾਹਣਿਆਂ ਦੇ ਸੜਕ ਤੇ ਡਿੱਗਣ ਨਾਲ ਨੁਕਸਾਨ ਵਾਲੀ ਸਥਿਤੀ ਨੂੰ ਨਜਿੱਠਣ ਲਈ ਫੀਲਡ ਦਾ ਸਟਾਫ ਹਮੇਸ਼ਾ ਸੁਚੇਤ ਰਹਿੰਦਾ ਹੈ ਅਤੇ ਰੁੱਖਾਂ ਤੇ ਟਾਹਣਿਆਂ ਨੂੰ ਸੜਕ ਤੋਂ ਤੁਰੰਤ ਹਟਾਇਆ ਜਾਂਦਾ ਹੈ ਤਾਂ ਜੋ ਕੋਈ ਦੁਰਘਟਨਾ ਨਾ ਵਾਪਰੇ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 2 ਸਾਲ ਤਾਂ ਘੱਟੋ ਘੱਟ ਮੈਨੂੰ ਦੇਖਦੇ ਹੋ ਗਏ ਹਨ। ਜਦੋਂ ਮੈਂ ਪਿੰਡ ਤੋਂ ਨਵਾਂ ਸ਼ਹਿਰ ਨੂੰ ਚੱਲਦਾ ਹਾਂ ਤਾਂ ਮੈਂ ਦੇਖਦਾ ਹਾਂ ਕਿ ਪਿਛਲੇ 2 ਸਾਲ ਤੋਂ ਲਗਾਤਾਰ ਉਹ ਦਰੱਖਤ ਸੜਕ ਦੇ ਉੱਪਰ ਸੁੱਕੇ ਖੜ੍ਹੇ ਹਨ ਅਤੇ ਜਿਸ ਦਿਨ ਉਹ ਡਿਗ ਜਾਂਦੇ ਹਨ ਤਾਂ ਉਨ੍ਹਾਂ ਨੂੰ 24 ਘੰਟੇ ਤੋਂ ਪਹਿਲਾਂ ਕੋਈ ਨਹੀਂ ਦੇਖਦਾ ਅਤੇ ਜੇਕਰ ਰਾਤ ਨੂੰ ਕੋਈ ਦਰੱਖਤ ਡਿਗ ਜਾਵੇ ਤਾਂ ਆਮ ਤੌਰ ਤੇ ਐਕਸੀਡੈਂਟ ਹੋ ਜਾਂਦਾ ਹੈ। ਉਥੇ ਪੁਲਿਸ ਦੀਆਂ ਮੋਬਾਇਲ ਵੈਨਜ਼ ਵੀ ਖੜ੍ਹੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਸੂਚਨਾ ਵੀ ਦੇਣ ਜਾਂਦੇ ਹਾਂ ਕਿ ਉਹ ਦਰੱਖਤ ਡਿੱਗਣ ਕਾਰਨ ਐਕਸੀਡੈਂਟ ਹੋ ਗਿਆ ਹੈ ਅਤੇ ਉਨ੍ਹਾਂ ਵਿਅਕਤੀਆਂ ਨੂੰ ਹਸਪਤਾਲ ਪਹੁੰਚਾ ਦਿਉ। ਮੰਤਰੀ ਜੀ ਦੱਸਣ ਕਿ ਜਿਹੜਾ ਦਰੱਖਤ ਗਿਰ ਜਾਵੇ, ਇਹ

Original with;
Punjab Vidhan Sabha
Digitized by;
Panjab Digital Library

ਯਤਨ ਕਰਨ ਕਿ ਇੱਕ ਹਫਤੇ ਦੇ ਅੰਦਰ ਅੰਦਰ ਜਾਂ ਉਸੀ ਦਿਨ ਉਸ ਨੂੰ ਕੱਟ ਕੇ ਇੱਕ ਪਾਸੇ ਰੱਖਿਆ ਜਾਵੇ।

**ਮਾਨਯੋਗ ਸਪੀਕਰ** : ਹਫਤੇ ਵਿਚ ਜਾਂ ਇੱਕ ਦਿਨ ਵਿਚ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਇੱਕ ਦਿਨ ਵਿਚ ਹੀ ਜੀ, ਕੱਟ ਕੇ ਸਾਈਡ ਤੇ ਹੀ ਰੱਖਣਾ ਹੈ ਜੀ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਆਮ ਤੌਰ ਤੇ ਸੁੱਕੇ ਦਰੱਖਤ ਨਹੀਂ ਡਿਗਦੇ ਕਿਉਂਕਿ ਉਨ੍ਹਾਂ ਦਾ ਟੋਪ ਇੰਨਾ ਹੈਵੀ ਨਹੀਂ ਹੁੰਦਾ। ਹਨੇਰੀਆਂ ਝੱਖੜਾਂ ਨਾਲ ਹਰੇ ਦਰੱਖਤਾਂ ਦੇ ਟਾਹਣੇ ਜ਼ਰੂਰ ਡਿਗਦੇ ਹਨ। ਇਸ ਨੂੰ ਜੰਗਲਾਤ ਮਹਿਕਮਾ ਵਣ ਵਿਕਾਸ ਕਾਰਪੋਰੇਸ਼ਨ ਕਰਦੀ ਹੈ। ਸਮਾਂ ਲਗਦਾ ਹੈ ਅਤੇ ਅਸੀਂ ਵਿਚਾਰ ਕੀਤਾ ਹੈ ਕਿ ਇਸ ਸਮੇਂ ਨੂੰ ਸ਼ੌਰਟ ਕੀਤਾ ਜਾਵੇ। ਮੈਂ ਆਸ਼ਵਾਸਨ ਦਿੰਦਾ ਹਾਂ ਕਿ ਅਸੀਂ ਐਸੀ ਨੀਤੀ ਤਿਆਰ ਕਰਾਂਗੇ ਅਤੇ ਇੰਸਟਰਕਸ਼ਨਜ਼ ਜਾਰੀ ਕਰਾਂਗੇ ਕਿ ਜਿਹੜੇ ਦਰੱਖਤ ਹਨੇਰੀਆਂ ਝੱਖੜਾਂ ਨਾਲ ਡਿਗ ਜਾਂਦੇ ਹਨ, ਉਨ੍ਹਾਂ ਨੂੰ ਤੁਰੰਤ ਉਸੇ ਦਿਨ ਚੁਕਾਇਆ ਜਾਵੇ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਧੰਨਵਾਦ ਜੀ।

---

## ਆਰਜ਼ੀ ਖਾਈਆਂ ਨੂੰ ਹਟਾਉਣਾ

*155. **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਕਿਸਾਨਾਂ ਦੀਆਂ ਖੇਤੀਬਾੜੀ ਜ਼ਮੀਨਾਂ ਵਿਚ ਆਰਜ਼ੀ ਖਾਈਆਂ ਖੋਦਣ ਦਾ ਮੁਆਵਜ਼ਾ ਨਾ ਅਦਾ ਕਰਨ ਦੇ ਕੀ ਕਾਰਣ ਹਨ ਅਤੇ ਇਹ ਮੁਆਵਜ਼ਾ ਕਦੋਂ ਤੱਕ ਅਦਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ;

(ਅ) ਉਪਰੋਕਤ ਭਾਗ(ੳ) ਵਿਚ ਵਰਣਿਤ ਆਰਜ਼ੀ ਖਾਈਆਂ ਨੂੰ ਕਦੋਂ ਤੱਕ ਹਟਾ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਅਜੀਤ ਸਿੰਘ ਕੋਹਾੜ** : (ੳ) ਸ਼੍ਰੀਮਾਨ ਜੀ, ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਨਾਲ ਸਬੰਧਤ ਕਿਸਾਨਾਂ ਨੂੰ ਵਾਹੀ ਯੋਗ ਜ਼ਮੀਨ ਵਿਚ ਆਰਜ਼ੀ ਖਾਈਆਂ ਪੁੱਟਣ ਕਾਰਨ ਮੁਆਵਜ਼ਾ ਅਦਾ ਕਰ ਦਿੱਤਾ ਗਿਆ ਹੈ ਅਤੇ ਸਬੰਧਤ ਵੇਰਵੇ ਅਨੁਲੱਗ ਵਿਚ ਦਿੱਤੇ ਗਏ ਹਨ।

Original with;
Punjab Vidhan Sabha
Digitized by;
Panjab Digital Library

[ ਮਾਲ ਮੰਤਰੀ ]

(ਅ) ਉਪਰੋਕਤ ਪੈਰ੍ਹੇ ਵਿਚ ਜ਼ਿਕਰ ਕੀਤੀਆਂ ਆਰਜ਼ੀ ਖਾਈਆਂ ਮਿਲਟਰੀ ਅਥਾਰਟੀਜ਼ ਵਲੋਂ ਅਪਰੇਸ਼ਨ ਪ੍ਰਾਕਰਮ ਦੌਰਾਨ ਖੋਦੀਆਂ ਗਈਆਂ ਸਨ ਅਤੇ ਇਨ੍ਹਾਂ ਨੂੰ ਹਟਾਉਣ ਲਈ ਮਾਮਲਾ ਮਿਲਟਰੀ ਅਥਾਰਟੀ ਨਾਲ ਉਠਾਇਆ ਜਾਵੇਗਾ।

ਅਨੁਲੱਗ

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਵੰਡੀ ਰਕਮ |
|---|---|---|
| 1. | ਅੰਮ੍ਰਿਤਸਰ | 17,90,19,471 ਰੁਪਏ |
| 2. | ਤਰਨਤਾਰਨ | 19,74,17,200 ਰੁਪਏ |

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਸਵਾਲ ਆਰਜ਼ੀ ਖਾਈਆਂ ਬਾਰੇ ਨਹੀਂ ਸੀ, ਕਿਉਂਕਿ ਖਾਈਆਂ ਤਾਂ ਕੋਈ ਹੈ ਹੀ ਨਹੀਂ। ਮੇਰਾ ਸਵਾਲ ਆਰਜ਼ੀ ਡਿਫੈਸਾਂ ਬਾਰੇ ਸੀ। ਸਪੀਕਰ ਸਾਹਿਬ, ਤੁਹਾਡਾ ਵੀ ਏਰੀਆ ਬਾਰਡਰ ਏਰੀਆ ਪੈਂਦਾ ਹੈ, ਸ਼ਾਇਦ ਉਥੇ ਵੀ ਬਣੇ ਹੋਣ, ਜਿਹੜੇ ਬੜੇ ਬੜੇ ਬੰਨ੍ਹ ਬਣੇ ਹੋਏ ਹਨ, ਕੋਈ 200 ਮੀਟਰ, ਕੋਈ 250 ਮੀਟਰ ਅਤੇ ਕੋਈ 300 ਮੀਟਰ ਦੇ ਹਨ। ਕਿਸਾਨਾਂ ਦੀ ਉੱਥੇ ਜ਼ਮੀਨ ਹੈ ਅਤੇ ਉਹ ਟੇਢੇ-ਮੇਢੇ ਕਿਲਿਆਂ ਦੇ ਵਿਚ ਵੀ ਬਣਾਏ ਹੋਏ ਹਨ। ਇਸ ਨਾਲ ਉਹ ਜ਼ਮੀਨ ਹੀ ਵਾਹੀ ਯੋਗ ਨਹੀਂ ਰਹਿ ਗਈ ਅਤੇ ਉਸ ਦੀ ਇਨ੍ਹਾਂ ਨੇ ਹਾਲੇ ਤੱਕ ਚਵੱਨੀ ਵੀ ਅਦਾ ਨਹੀਂ ਕੀਤੀ ਅਤੇ ਇਹ ਜਿਹੜਾ ਅਨੁਲੱਗ ਮੈਨੂੰ ਦਿੱਤਾ ਹੈ ਉਸ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿਚ 17,90,19,471/- ਰੁਪਏ ਅਤੇ ਤਰਨ ਤਾਰਨ ਵਿਚ 19,74,17,200/- ਰੁਪਏ ਦੀ ਰਕਮ ਮੁਆਵਜ਼ੇ ਵਜੋਂ ਵੰਡੀ ਗਈ ਦੱਸਿਆ ਗਿਆ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਬਹੁਤ ਜ਼ਿਆਦਾ ਗਿਣਤੀ ਦੇ ਕਿਸਾਨ ਨਹੀਂ ਹਨ। ਮੇਰੇ ਖਿਆਲ ਨਾਲ ਤਕਰੀਬਨ 100 ਕਿਸਾਨ ਅਫੈਕਟਿਡ ਹੋਏ ਹੋਣਗੇ। ਇਸ ਸਬੰਧ ਵਿਚ ਸਾਡੇ ਇੱਕ ਕਿਸਾਨ ਨੇ ਖੇਮਕਰਨ ਤੋਂ ਇੱਕ ਸਿਵਲ ਰਿਟ ਪਟੀਸ਼ਨ ਵੀ ਹਾਈ ਕੋਰਟ ਵਿਚ ਪਾਈ ਸੀ ਜੋ ਕਿ ਮਿਤੀ 2 ਅਗਸਤ, 2004 ਵਿਚ ਪਾਈ ਸੀ ਉਸ ਸਿਵਲ ਰਿਟ ਪਟੀਸ਼ਨ ਦਾ ਨੰਬਰ 11655 ਹੈ। ਉਸ ਦੇ ਫੈਸਲੇ ਵਿਚ ਪਾਰਟੀਜ਼ ਬਣਾਈਆਂ ਗਈਆਂ ਸਨ; ਯੂਨੀਅਨ ਆਫ ਇੰਡੀਆ ਅਤੇ ਸੈਕਟਰੀ ਮਨਿਸਟਰੀ ਆਫ ਡਿਫੈਂਸ, ਕੇਂਦਰੀਯ ਸਦਨ, ਨਿਯੂ ਦਿੱਲੀ ਰਾਹੀਂ ਬਣਾਏ ਗਏ ਸੀ। ਹੈਡਕੁਆਰਟਰ ਵੈਸਟਰਨ ਕਮਾਂਡ, ਚੰਡੀਮੰਦਿਰ ਨੂੰ ਕਮਾਂਡਿੰਗ ਅਫ਼ਸਰ ਦੇ ਦੁਆਰਾ ਪਾਰਟੀ ਬਣਾਇਆ ਗਿਆ ਸੀ। ਡਿਫੈਂਸ ਐਸਟੇਟ ਅਫ਼ਸਰ, ਅੰਮ੍ਰਿਤਸਰ ਡਵੀਜ਼ਨ ਅੰਮ੍ਰਿਤਸਰ ਨੂੰ ਵੀ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਵੀ ਪਾਰਟੀ ਬਣਾਇਆ ਗਿਆ ਸੀ। ਇਸ ਵਿਚ ਆਨਰੇਬਲ ਹਾਈ ਕੋਰਟ ਨੇ 12.5.06 ਨੂੰ ਫੈਸਲਾ ਦੇ ਦਿੱਤਾ ਕਿ ਇੱਕ ਤਾਂ ਇਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਦੂਜਾ ਜਿਹੜੀਆਂ ਇਹ

Original with;
Punjab Vidhan Sabha
Digitized by;
Panjab Digital Library

ਡਿਫੈਂਸਾਂ ਆਰਜ਼ੀ ਬਣਾਈਆਂ ਗਈਆਂ ਹਨ, ਵੱਡੇ ਵੱਡੇ ਬੰਨ੍ਹ ਥੋੜ੍ਹੇ ਜਿਹੜੇ ਬਣਾਏ ਹੋਏ ਹਨ, ਅਗਰ ਜਦੋਂ ਕਿਤੇ ਪਾਕਿਸਤਾਨ ਦੀ ਆਰਮੀ ਅਡਵਾਂਸ ਕਰ ਜਾਂਦੀ ਹੈ ਤਾਂ ਉਸ ਨੂੰ ਰੋਕਣ ਵਾਸਤੇ ਬਣਾਏ ਗਏ ਹਨ, ਤਾਂ ਜੋ ਉਸਨੂੰ ਛੇਤੀ ਰਿਮੂਵ ਕੀਤਾ ਜਾਵੇ। ਇਸ ਦੇ ਵਾਸਤੇ ਪਹਿਲਾਂ 6 ਮਹੀਨੇ ਦਾ ਟਾਈਮ ਦਿੱਤਾ ਗਿਆ ਸੀ ਪਰ ਨਾ ਤਾਂ ਉਨ੍ਹਾਂ ਨੂੰ ਰਿਮੂਵ ਕੀਤਾ ਗਿਆ ਹੈ ਅਤੇ ਨਾ ਹੀ ਪ੍ਰਭਾਵਿਤ ਲੋਕਾਂ ਨੂੰ ਕੋਈ ਚਵਾਨੀ ਹੀ ਦਿੱਤੀ ਗਈ ਹੈ। ਮੰਤਰੀ ਜੀ ਨੂੰ ਅਫ਼ਸਰ ਸਾਹਿਬਾਨ ਨੇ ਜਿਹੜਾ ਜਵਾਬ ਦਿੱਤਾ ਹੈ, ਇਹ ਬਿਲਕੁਲ ਝੂਠਾ ਜਵਾਬ ਹੈ। ਇਹ ਮਾਈਨਜ਼ ਦੀ ਗੱਲ ਨਹੀਂ ਅਤੇ ਨਾ ਹੀ ਆਰਜ਼ੀ ਖਾਈਆਂ ਦੀ ਗੱਲ ਹੈ। ਇਹ ਬੰਨ੍ਹਾਂ ਦੀ ਗੱਲ ਹੈ ਜਿਹੜੇ ਕਿਸਾਨਾਂ ਦੀਆਂ ਜ਼ਮੀਨਾਂ ਵਿਚ ਬਣਾਏ ਗਏ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਅਫ਼ਸਰਾਂ ਤੋਂ ਸਹੀ ਰਿਪੋਰਟ ਮੰਗਣਗੇ ਅਤੇ ਇਸ ਮਸਲੇ ਨੂੰ ਆਰਮੀ ਨਾਲ ਟੇਕ-ਅਪ ਕਰਨਗੇ? ਇਸ ਤੋਂ ਇਲਾਵਾ ਆਰਮੀ ਨਾਲ ਜਾਂ ਸੈਂਟਰ ਨਾਲ ਟੇਕ-ਅਪ ਕਰਕੇ ਕਦੋਂ ਤੱਕ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇ ਦਿੱਤਾ ਜਾਵੇਗਾ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਇਨ੍ਹਾਂ ਨੇ ਅਦਾਲਤੀ ਕੇਸ ਦੀ ਗੱਲ ਕੀਤੀ ਹੈ, ਇਹ ਸ੍ਰੀ ਸੰਦੀਪ ਸਿੰਘ ਅਤੇ ਸ੍ਰੀ ਮਨਦੀਪ ਸਿੰਘ ਪੁੱਤਰ ਸ੍ਰੀ ਸਰੂਪ ਸਿੰਘ, ਪਿੰਡ ਖੇਮਕਰਨ, ਤਹਿਸੀਲ ਪੱਟੀ, ਜੋ ਖਾਈਆਂ ਖੋਦਣ ਨਾਲ ਪ੍ਰਭਾਵਿਤ ਹੋਏ ਸਨ, ਦੇ ਕੇਸ ਨੂੰ ਉਜਾਗਰ ਕਰਨ ਲਈ ਕੀਤਾ ਗਿਆ ਮਹਿਸੂਸ ਹੁੰਦਾ ਹੈ। ਉਨ੍ਹਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਯੂਨੀਅਨ ਆਫ਼ ਇੰਡੀਆ ਵਿਰੁੱਧ ਰਿੱਟ ਪਟੀਸ਼ਨ ਨੰ: 11655 ਆਫ 2004 ਦਾਇਰ ਕੀਤੀ ਗਈ ਹੈ। ਉਪਰੋਕਤ ਜ਼ਿਕਰ ਰਿਟ ਪਟੀਸ਼ਨ ਰਾਹੀਂ ਬਿਨੈਕਾਰਾਂ ਵੱਲੋਂ ਮਾਨਯੋਗ ਅਦਾਲਤ ਨੂੰ ਉਨ੍ਹਾਂ ਦੀ ਜ਼ਮੀਨ ਤੇ ਲਗਾਏ ਬੰਧ ਨੂੰ ਹਟਾਉਣ ਲਈ ਯੋਗ ਰਿਟ, ਹੁਕਮ ਜਾਂ ਹਦਾਇਤ ਜਾਰੀ ਕਰਨ ਲਈ ਬੇਨਤੀ ਕੀਤੀ ਹੈ। ਮਾਨਯੋਗ ਅਦਾਲਤ ਵੱਲੋਂ ਦਸੰਬਰ 2003 ਤੋਂ ਅਗਲੇ ਸਮੇਂ ਦਾ ਮੁਆਵਜ਼ਾ ਉਨ੍ਹਾਂ ਦੇ ਹੁਕਮ ਦੀ ਮਿਤੀ 6 ਮਹੀਨੇ ਦੇ ਅੰਦਰ ਅੰਦਰ ਅਦਾ ਕਰਨ ਲਈ ਹਦਾਇਤ ਕੀਤੀ ਸੀ। ਉਨ੍ਹਾਂ ਨੇ ਜਵਾਬ ਦਾਤਿਆਂ ਨੂੰ ਇਹ ਹਦਾਇਤ ਵੀ ਕੀਤੀ ਹੈ ਕਿ ਬਿਨੈਕਾਰਾਂ ਨੂੰ ਉਨ੍ਹਾਂ ਦੀ ਜ਼ਮੀਨ ਉਸੇ ਹਾਲਾਤ ਵਿਚ, ਜਿਸ ਵਿਚ ਮਿਲਟਰੀ ਅਥਾਰਟੀ ਵੱਲੋਂ ਲਏ ਜਾਣ ਵੇਲੇ ਸੀ, ਵਾਪਸ ਕਰ ਦਿੱਤੀ ਜਾਵੇ। ਮਾਨਯੋਗ ਅਦਾਲਤ ਵੱਲੋਂ ਭਾਵੇਂ ਜਵਾਬਦਾਤਿਆਂ ਨੂੰ ਇਹ ਖੁੱਲ੍ਹ ਦਿੱਤੀ ਹੈ ਕਿ ਜੇ ਲੋੜ ਹੋਵੇ ਜ਼ਮੀਨ ਤਾਂ ਐਕਵਾਇਰ ਕਰ ਲੈਣ। ਡਿਫੈਂਸ ਅਸਟੇਟ ਅਫ਼ਸਰ, ਜਲੰਧਰ ਵੱਲੋਂ ਬਿਨੈਕਾਰਾਂ ਦੀ ਜ਼ਮੀਨ ਪ੍ਰਾਪਤ ਕਰਨ ਲਈ ਤਜਵੀਜ਼ ਤਿਆਰ ਕੀਤੀ ਗਈ ਹੈ ਅਤੇ ਉਹ ਭੌਂ ਪ੍ਰਾਪਤੀ ਬੋਰਡ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਭੇਜ ਦਿੱਤੀ ਗਈ ਹੈ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਇਨ੍ਹਾਂ ਦੇ ਜਵਾਬ ਦੇ ਮੁਤਾਬਿਕ ਜ਼ਮੀਨ ਐਕਵਾਇਰ ਕਰਨ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਹੈ ਲੇਕਿਨ ਇਹ ਕੰਮ ਤਾਂ ਇਹ ਅਗਾਂਹ ਨੂੰ ਕਰਨਗੇ। ਮੇਰਾ ਸਵਾਲ ਹੈ ਕਿ ਪਿਛਲੇ ਸਮੇਂ ਦਾ ਮੁਆਵਜ਼ਾ ਤਾਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਵਿਰਸਾ ਸਿੰਘ ਵਲਟੋਹਾ ]

ਦਿਵਾ ਦਿਓ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਵੱਲੋਂ ਦੱਸੀ ਗਈ ਮੁਸ਼ਕਲ ਜਾਇਜ਼ ਹੈ ਅਤੇ ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਡੇ ਡਿਪਟੀ ਕਮਿਸ਼ਨਰਾਂ ਤੋਂ ਇਨਫਰਮੇਸ਼ਨ ਕੁਲੈਕਟ ਕਰਕੇ, ਮੈਂ ਖੁਦ ਡਿਫੈਂਸ ਮਨਿਸਟਰ ਨੂੰ ਮਿਲ ਕੇ ਜੋ ਵੀ ਯੋਗ ਹੱਲ ਹੋ ਸਕਿਆ, ਕੱਢਣ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਬਹੁਤ ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ** : ਹੁਣ ਰੈਗੂਲਰ ਕੁਐਸ਼ਚਨਜ਼ ਲਏ ਜਾਣਗੇ। ਹਾਂ ਜੀ, ਸ੍ਰੀ ਮੋਹਨ ਲਾਲ ਜੀ।

---

## STARRED QUESTIONS AND ANSWERS

### ਬਲਾਚੌਰ-ਫਗਵਾੜਾ ਹਾਈਵੇ ਨੂੰ ਚਹੁੰ-ਮਾਰਗੀ ਬਣਾਉਣਾ

*162. **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਚੌਰ-ਫਗਵਾੜਾ ਨੈਸ਼ਨਲ ਹਾਈਵੇ ਨੂੰ ਚਹੁੰ-ਮਾਰਗੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਫਗਵਾੜਾ-ਬਲਾਚੌਰ ਸੜਕ ਨੂੰ ਚਹੁੰ-ਮਾਰਗੀ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਪਰ ਇਸ ਬਾਰੇ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਫਗਵਾੜਾ-ਬਲਾਚੌਰ-ਚੰਡੀਗੜ੍ਹ ਸੜਕ ਬਹੁਤ ਹੀ ਇੰਪਾਰਟੈਂਟ ਸੜਕ ਹੈ। ਕੀ ਮੰਤਰੀ ਜੀ ਦੱਸਣਗੇ ਕਿ ਇਹ ਸੜਕ ਸਟੇਟ ਹਾਈਵੇਅ ਹੈ ਜਾਂ ਨੈਸ਼ਨਲ ਹਾਈਵੇਅ ਹੈ?

**ਮੰਤਰੀ** : ਸਪੀਕਰ ਸਾਹਿਬ, ਫਗਵਾੜਾ ਤੋਂ ਬਲਾਚੌਰ ਮੇਜਰ ਡਿਸ੍ਰਟਿਕਟ ਰੋਡ ਐਮ.ਡੀ.ਆਰ. 56 ਹੈ ਅਤੇ ਰੋਪੜ-ਬਲਾਚੌਰ ਸੜਕ ਸਟੇਟ ਹਾਈਵੇਅ ਹੈ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰਾਹੋਂ-ਮਾਛੀਵਾੜਾ ਪੁਲ ਬਣਾਇਆ ਸੀ। ਜਿੰਨੀ ਜੰਮੂ-ਕਸ਼ਮੀਰ ਦੀ ਟ੍ਰੈਫਿਕ ਹੈ, ਉਹ ਨਵਾਂ ਸ਼ਹਿਰ-ਜਲੰਧਰ-ਅੰਮ੍ਰਿਤਸਰ-ਗੁਰਦਾਸਪੁਰ ਸੜਕ ਤੋਂ ਲੰਘਦੀ ਹੈ। ਜਿੰਨੇ

Original with;
Punjab Vidhan Sabha
Digitized by;
Panjab Digital Library

ਟਰੱਕ ਦਿੱਲੀ ਨੂੰ ਜਾਂਦੇ ਹਨ, ਉਹ ਵੀ ਉਥੋਂ ਲੰਘਦੇ ਹਨ ਅਤੇ ਮਿਲਟਰੀ ਵਾਲਿਆਂ ਦਾ ਆਉਣਾ ਜਾਣਾ ਵੀ ਉਥੋਂ ਹੀ ਹੁੰਦਾ ਹੈ। ਇੰਨੀ ਇੰਪਾਰਟੈਂਟ ਸੜਕ ਨੂੰ ਜ਼ਿਲ੍ਹਾ ਲੈਵਲ ਦੀ ਸੜਕ ਰੱਖਿਆ ਗਿਆ ਹੈ ਜੋ ਠੀਕ ਨਹੀਂ ਹੈ। ਚੰਡੀਗੜ੍ਹ ਨੂੰ ਆਉਣਾ ਜਾਣਾ ਹੋਵੇ ਅਤੇ ਚਾਹੇ ਦਿੱਲੀ ਨੂੰ ਜਾਣਾ ਹੋਵੇ, ਇਸ ਸੜਕ ਦੇ ਉਤੋਂ ਹੀ ਲੰਘਣਾ ਪੈਂਦਾ ਹੈ। ਇਸ ਕਰਕੇ ਕੀ ਮੰਤਰੀ ਜੀ ਇਸ ਨੂੰ ਨੈਸ਼ਨਲ ਹਾਈਵੇਅ ਬਣਾਉਣ ਦਾ ਵਿਸ਼ਵਾਸ ਦੇਣਗੇ? ਇਸ ਦੇ ਨਾਲ ਹੀ ਕੀ ਬੰਗਾ ਅਤੇ ਨਵਾਂ ਸ਼ਹਿਰ ਬਾਈਪਾਸ ਬਣਾਏ ਜਾਣਗੇ? ਮੈਂ ਮੰਤਰੀ ਜੀ ਤੋਂ ਆਸ਼ਵਾਸਨ ਚਾਹੁੰਦਾ ਹਾਂ ਕਿ ਇਹ ਇਸ ਸੜਕ ਨੂੰ ਨੈਸ਼ਨਲ ਹਾਈਵੇਅ ਬਣਾਉਣ ਦੇ ਨਾਲ ਨਾਲ ਬਾਈਪਾਸ ਬਣਾ ਕੇ ਲੋਕਾਂ ਨੂੰ ਆਉਣ ਜਾਣ ਦੀ ਸੁਵਿਧਾ ਪ੍ਰਦਾਨ ਕਰਨਗੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜਿਹੜੀਆਂ ਅਜਿਹੀਆਂ ਸੜਕਾਂ ਹਨ, ਉਨ੍ਹਾਂ ਨੂੰ ਦੁਬਾਰਾ ਰਿਵਿਊ ਕਰਾਂਗੇ। ਜਿਹੜੀਆਂ ਪਲਾਨਡ ਸੜਕਾਂ ਹਨ ਉਹ ਟੇਕ ਅਪ ਕਰਨ ਜਾ ਰਹੇ ਹਾਂ, ਉਸ ਵਿਚ ਇਸ ਨੂੰ ਜ਼ਰੂਰ ਸਟੇਟ ਹਾਈਵੇਅ ਦੇ ਤੌਰ ਤੇ ਲੈ ਲਵਾਂਗੇ। ਜਿੱਥੋਂ ਤੱਕ ਨੈਸ਼ਨਲ ਹਾਈਵੇਅ ਬਣਾਉਣ ਦਾ ਸਵਾਲ ਹੈ ਕਿਉਂਕਿ 7 ਸਾਲ ਵਾਸਤੇ ਓਪਰੇਸ਼ਨ ਐਂਡ ਮੈਂਨਟੀਨੈਂਸ ਦਾ ਕਾਂਟ੍ਰੈਕਟ ਇਕ ਪ੍ਰਾਈਵੇਟ ਕੰਪਨੀ ਨੂੰ ਦੇ ਚੁੱਕੇ ਹਾਂ ਇਸ ਲਈ ਇਸ ਨੂੰ ਨੈਸ਼ਨਲ ਹਾਈ ਵੇਅ ਦੇ ਤੌਰ ਤੇ ਹਾਲੇ ਨਹੀਂ ਲੈ ਸਕਦੇ। ਇਹ ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਸਟੇਟ ਹਾਈਵੇਅ ਨੂੰ ਅਸੀਂ ਆਉਣ ਵਾਲੇ ਕੁਝ ਸਮੇਂ ਵਿਚ ਜ਼ਰੂਰ ਲੈ ਲਵਾਂਗੇ।

**Mr. Speaker :** Next Question.

**ਚੌਧਰੀ ਮੋਹਨ ਲਾਲ ਬਹਿਰਾਮ** : ਸਪਲੀਮੈਂਟਰੀ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਇਹ ਬੜੀ ਮਹੱਤਵਪੂਰਨ ਸੜਕ ਹੈ ਅਤੇ ਜੇਕਰ ਪਿਛਲੀ ਸਰਕਾਰ ਨੇ ਗਲਤੀ ਕੀਤੀ ਅਤੇ ਟੋਲ ਟੈਕਸ ਲਾ ਦਿੱਤਾ, ਤਾਂ ਇਸ ਨੂੰ ਚੌੜਾ ਕਰਨ ਅਤੇ ਚਹੁੰ ਮਾਰਗੀ ਕਰਨ ਵਿਚ ਕੀ ਅੜਚਣ ਹੈ?

**ਮਾਨਯੋਗ ਸਪੀਕਰ** : ਤੁਹਾਡੇ ਕੋਲ ਜਵਾਬ ਆ ਗਿਆ ਹੈ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸੈਂਟਰ ਸਰਕਾਰ ਨੇ ਇਸ ਤੇ ਪੈਸੇ ਖਰਚਣੇ ਹਨ। ਅਸੀਂ ਤਾਂ ਉਨ੍ਹਾਂ ਨਾਲ ਕੇਵਲ ਇਹ ਮਸਲਾ ਟੇਕਅੱਪ ਹੀ ਕਰਨਾ ਹੈ। ਜੇਕਰ ਇਹ ਕਰਵਾ ਦੇਣਗੇ ਤਾਂ ਇਸ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋ ਜਾਵੇਗਾ।

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਸੈਂਟਰ ਗੌਰਮਿੰਟ ਨਾਲ ਟੇਕਅੱਪ ਕਰਨ ਵਾਲੀ ਗੱਲ ਕੀਤੀ ਹੈ ਇਹ ਸਿਰਫ ਨੈਸ਼ਨਲ ਹਾਈ ਵੇਅ ਨੂੰ ਹੀ ਫੋਰ ਲੇਨਿੰਗ ਕਰਦੇ

Original with;
Punjab Vidhan Sabha
Digitized by;
Panjab Digital Library

[ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ]

ਹਨ ਕਿਉਂਕਿ....

**Mr. Speaker :** Next Question.

---

## ਅੱਪਰਾ-ਧੁਲੇਤਾ ਸੜਕ ਦੀ ਮੁਰੰਮਤ

*163. **ਚੌਧਰੀ ਮੋਹਨ ਲਾਲ ਬਹਿਰਾਮ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਨਵਾਂਸ਼ਹਿਰ ਵਿਚ ਅੱਪਰਾ-ਧੁਲੇਤਾ ਵਾਇਆ ਲਸਾੜਾ ਅਤੇ ਮੌਰੋ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸ਼੍ਰੀਮਾਨ ਜੀ, ਅੱਪਰਾ-ਧੁਲੇਤਾ ਵਾਇਆ ਲਸਾੜਾ ਅਤੇ ਮੌਰੋ ਸੜਕ ਦੀ ਕੁੱਲ 14.72 ਕਿਲੋਮੀਟਰ ਲੰਬਾਈ ਵਿਚੋਂ 4.50 ਕਿਲੋਮੀਟਰ ਦਾ ਹਿੱਸਾ ਮੁਰੰਮਤ ਮੰਗਦਾ ਹੈ ਕਿਉਂ ਜੋ ਇਸ ਦੀ ਪਿਛਲੀ ਮੁਰੰਮਤ ਨਵੰਬਰ 2001 ਵਿਚ ਹੋਈ ਸੀ। ਬਾਕੀ ਬਚਦਾ 10.22 ਕਿਲੋਮੀਟਰ ਦਾ ਹਿੱਸਾ ਚੰਗੀ ਹਾਲਤ ਵਿਚ ਹੈ ਅਤੇ ਇਸ ਦੀ ਮੁਰੰਮਤ ਸਾਲ 2003 ਅਤੇ 2005 ਵਿਚ ਕੀਤੀ ਗਈ ਸੀ।

ਖਰਾਬ ਹੋਏ 4.50 ਕਿਲੋਮੀਟਰ ਦੇ ਹਿੱਸੇ ਦੀ ਮੁਰੰਮਤ ਕਰਨ ਲਈ ਮੰਡੀ ਬੋਰਡ ਨੂੰ ਫੰਡਜ਼ ਉਪਲਬਧ ਕਰਨ ਲਈ ਬੇਨਤੀ ਕੀਤੀ ਜਾ ਰਹੀ ਹੈ।

**ਚੌਧਰੀ ਮੋਹਨ ਲਾਲ ਬਹਿਰਾਮ :** ਸਪੀਕਰ ਸਾਹਿਬ, ਅੱਪਰਾ-ਧੁਲੇਤਾ ਤੋਂ ਲਸਾੜਾ ਜਿਹੜੀ ਸੜਕ ਹੈ ਇਸਦੀ ਹਾਲਤ ਏਨੀ ਚਿੰਤਾਜਨਕ ਹੈ ਕਿ ਉਥੇ ਟੋਏ ਹੀ ਟੋਏ ਹਨ। ਸੜਕ ਨਾਂ ਦੀ ਕੋਈ ਚੀਜ਼ ਨਹੀਂ ਹੈ। ਜਿਸ ਕਰਕੇ ਐਕਸੀਡੈਂਟ ਦਾ ਖਤਰਾ ਵੀ ਹਰ ਵੇਲੇ ਬਣਿਆ ਰਹਿੰਦਾ ਹੈ ਔਰ ਲੋਕ ਦੂਰ ਦੂਰ ਤੋਂ ਘੁੰਮ ਕੇ ਇਧਰ ਆਉਂਦੇ ਹਨ, ਜਿਧਰ ਸੜਕ ਠੀਕ ਹੁੰਦੀ ਹੈ। ਇਹ ਅੱਪਰਾ ਬੜਾ ਇੰਪਾਰਟੈਂਟ ਸ਼ਹਿਰ ਹੈ ਕਿਉਂਕਿ ਏਥੇ ਸੋਨੇ ਦਾ ਵਪਾਰ ਹੁੰਦਾ ਹੈ ਅਤੇ ਸਾਰੇ ਪੰਜਾਬ ਦੇ ਲੋਕ ਇਥੋਂ ਸੋਨਾ ਖਰੀਦਣ ਵਾਸਤੇ ਆਉਂਦੇ ਜਾਂਦੇ ਹਨ। ਇਹ ਇਕ ਤਰ੍ਹਾਂ ਨਾਲ ਵਪਾਰ ਦਾ ਕੇਂਦਰ ਹੈ। ਇਸ ਕਰਕੇ ਲੋਕ ਇੱਥੇ ਆਉਂਦੇ ਜਾਂਦੇ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜੀ ਸੜਕ ਹੈ ਇਸ ਨੂੰ ਸਾਲ 2007-08 ਵਿਚ ਫੰਡਜ਼ ਉਪਲਬਧ ਕਰਵਾ ਕੇ ਮੁਰੰਮਤ ਕਰਵਾ ਦੇਣਗੇ ਔਰ ਚੌੜਾ ਕਰਵਾ ਦੇਣਗੇ?

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਜਿਹੜਾ ਇਸ ਸੜਕ ਦਾ 4.5 ਕਿਲੋਮੀਟਰ ਦਾ ਹਿੱਸਾ ਹੈ, ਇਸ ਦੀ ਹਾਲਤ ਕਾਫੀ ਖਸਤਾ ਹੈ। ਇਸ ਦੀ

Original with;
Punjab Vidhan Sabha
Digitized by;
Panjab Digital Library

ਰਿਪੇਅਰ ਜਿਹੜੀ ਹੈ ਉਹ ਸਾਲ 2001 ਵਿਚ ਹੋਈ ਸੀ। 6 ਸਾਲ ਬਾਅਦ ਮੁੜ ਕੇ ਰਿਪੇਅਰ ਹੁੰਦੀ ਹੈ। ਪਹਿਲਾਂ ਹੀ ਇਕ ਸਾਲ ਦੀ ਫੰਡਜ਼ ਦੇ ਵਿਚ ਡੀਲੇਅ ਹੈ। ਸਪੈਸ਼ਲ ਕੇਸ ਦੇ ਤੌਰ ਤੇ ਰਿਪੇਅਰ ਕਰਨ ਵਾਸਤੇ ਅਸੀਂ ਮੰਡੀਕਰਨ ਬੋਰਡ ਨੂੰ ਲਿਖਿਆ ਹੈ ਕਿ ਇਸ ਵਾਸਤੇ 35 ਲੱਖ ਰੁਪਏ ਦਾ ਉਹ ਪ੍ਰਬੰਧ ਕਰਨ। ਇਸ ਸੜਕ ਦੀ ਹਾਲਤ ਬਹੁਤ ਬੁਰੀ ਹੈ। ਅਸੀਂ ਮੰਡੀਕਰਨ ਬੋਰਡ ਨੂੰ ਰਿਕੁਐਸਟ ਕੀਤੀ ਹੈ ਕਿ ਇਸ ਵਾਸਤੇ 35 ਲੱਖ ਰੁਪਿਆ ਸਪੈਸ਼ਲ ਕੇਸ ਦੇ ਤੌਰ ਤੇ ਦਿੱਤਾ ਜਾਵੇ। ਜਿਹੜੀ ਇਨ੍ਹਾਂ ਨੇ ਫੋਰ ਲੇਨਿੰਗ ਦੀ ਗੱਲ ਕੀਤੀ ਹੈ, ਉਸ ਬਾਰੇ ਹਾਲੇ ਸਰਕਾਰ ਦੀ ਕੋਈ ਪਰਪੋਜ਼ਲ ਨਹੀਂ ਹੈ ਲੇਕਿਨ ਫਿਰ ਵੀ ਇਸ ਤੇ ਵਿਚਾਰ ਕਰ ਲਵਾਂਗੇ।

---

## ਮਾਛੀਵਾੜਾ ਵਿਖੇ ਨਵਾਂ ਪਾਲੀਟੈਕਨਿਕ ਖੋਲ੍ਹਣਾ

*103. **ਸਰਦਾਰ ਈਸ਼ਰ ਸਿੰਘ (ਸਰਦਾਰ ਦਰਸ਼ਨ ਸਿੰਘ ਬਰਾੜ ਵਲੋਂ ਪੇਸ਼ ਕੀਤਾ ਗਿਆ)** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਲੁਧਿਆਣਾ ਵਿਚ ਮਾਛੀਵਾੜਾ ਵਿਖੇ ਇਕ ਨਵਾਂ ਪਾਲੀਟੈਕਨਿਕ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ?

**ਸ਼੍ਰੀ ਸਵਰਨਾ ਰਾਮ** : ਜ਼ਿਲ੍ਹਾ ਲੁਧਿਆਣਾ ਵਿਚ ਮਾਛੀਵਾੜਾ ਵਿਖੇ ਇੱਕ ਨਵਾਂ ਪਾਲੀਟੈਕਨਿਕ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਦਰਸ਼ਨ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮਾਛੀਵਾੜਾ ਇਕ ਇਤਿਹਾਸਕ ਸ਼ਹਿਰ ਹੈ ਜਿੱਥੇ 10ਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਰਬੰਸਦਾਨੀ ਚਮਕੌਰ ਸਾਹਿਬ ਤੋਂ ਚਲ ਕੇ ਆਏ ਸਨ ਅਤੇ ਜਿਨ੍ਹਾਂ ਨੇ ਟਿੰਡ ਦਾ ਸਿਰਹਾਣਾ ਲਾ ਕੇ ਕੰਡਿਆਂ ਦੇ ਬਾੜੇ ਵਿਚ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਸ਼ਬਦ ਉਚਾਰਿਆ ਸੀ, ਉਸ ਸ਼ਹਿਰ ਵਿਚ ਕਾਲਜ ਬਣਾਉਣ ਦੀ ਬਹੁਤ ਲੋੜ ਹੈ ਕਿਉਂਕਿ ਆਸ ਪਾਸ ਦਾ ਇਲਾਕਾ ਬਹੁਤ ਗਰੀਬ ਇਲਾਕਾ ਹੈ।

ਪੜ੍ਹਾਈ ਬਹੁਤ ਮਹਿੰਗੀ ਹੋ ਗਈ ਹੈ। ਕਾਲਜ ਬਹੁਤ ਦੂਰ ਪੈਂਦੇ ਹਨ, ਬੜੀ ਮੁਸ਼ਕਲ ਆ ਰਹੀ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਕੀ ਉਥੇ ਕਾਲਜ ਖੋਲ੍ਹਣ ਦੀ ਤਜਵੀਜ਼ ਬਣਾਉਣਗੇ ਕਿਉਂਕਿ ਸਰਕਾਰ ਪਾਲੀਟੈਕਨਿਕ ਕਾਲਜ ਖੋਲ੍ਹ ਸਕਦੀ ਹੈ ਅਤੇ ਇਹ ਉਥੇ ਜ਼ਰੂਰ ਖੋਲ੍ਹਿਆ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮੌਜੂਦਾ ਸਮੇਂ ਦੌਰਾਨ ਨਵਾਂ ਬਹੁ-ਤਕਨੀਕੀ ਕਾਲਜ

Original with;
Punjab Vidhan Sabha
Digitized by;
Panjab Digital Library

[ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ]

ਕੇਵਲ ਪ੍ਰਾਈਵੇਟ ਖੇਤਰ ਵਿਚ ਹੀ ਖੋਲ੍ਹਣ ਦੀ ਆਗਿਆ ਦਿੱਤੀ ਜਾਂਦੀ ਹੈ। ਇਸ ਸਾਲ ਮਾਛੀਵਾੜਾ ਵਿਖੇ ਨਵਾਂ ਬਹੁ-ਤਕਨੀਕੀ ਕਾਲਜ ਖੋਲ੍ਹਣ ਲਈ ਕਿਸੇ ਵੀ ਪ੍ਰਾਈਵੇਟ ਪਾਰਟੀ ਨੇ ਪਹੁੰਚ ਨਹੀਂ ਕੀਤੀ।

**ਸਰਦਾਰ ਦਰਸ਼ਨ ਸਿੰਘ ਬਰਾੜ** : ਜੇਕਰ ਪ੍ਰਾਈਵੇਟ ਪਾਰਟੀ ਨੇ ਪਹੁੰਚ ਨਹੀਂ ਕੀਤੀ ਤਾਂ ਸਰਕਾਰ ਨੂੰ ਇਹ ਜ਼ਰੂਰ ਖੋਲ੍ਹਣਾ ਚਾਹੀਦਾ ਹੈ। ਮਾਛੀਵਾੜਾ ਇਕ ਇਤਿਹਾਸਕ ਸ਼ਹਿਰ ਹੈ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਚਰਨ ਪਾਏ, ਜਿਨ੍ਹਾਂ ਨੇ ਸਿੱਖੀ ਪ੍ਰਫੁੱਲਤ ਕੀਤੀ ਅਤੇ ਜਿਨ੍ਹਾਂ ਸਦਕਾ ਹੀ ਅੱਜ ਅਸੀਂ ਸਿੱਖ ਅਖਵਾਉਂਦੇ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਉਥੇ ਪਾਲੀਟੈਕਨਿਕ ਕਾਲਜ ਜ਼ਰੂਰ ਖੋਲ੍ਹਿਆ ਜਾਵੇ ਤਾਂ ਜੋ ਗਰੀਬ ਲੋਕ ਸਿਖਲਾਈ ਲੈ ਕੇ ਆਪਣਾ ਪੇਟ ਪਾਲ ਸਕਣ।

**ਮੰਤਰੀ** : ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਹਾਲੇ ਤੱਕ ਕੋਈ ਵੀ ਐਸੀ ਨੀਤੀ ਨਹੀਂ ਬਣਾਈ ਜਿਸ ਦੇ ਤਹਿਤ ਸਰਕਾਰੀ ਤੌਰ ਤੇ ਇਨ੍ਹਾਂ ਖੇਤਰਾਂ ਵਿਚ ਕੋਈ ਬਹੁ-ਤਕਨੀਕੀ ਕਾਲਜ ਖੋਲ੍ਹਿਆ ਜਾਵੇ। ਜੇਕਰ ਖੋਲ੍ਹਾਂਗੇ ਤਾਂ ਇਨ੍ਹਾਂ ਦੇ ਇਲਾਕੇ ਨੂੰ ਵੀ ਵਿਚਾਰ ਲਵਾਂਗੇ। ਲੁਧਿਆਣਾ ਸ਼ਹਿਰ ਵਿਖੇ 9 ਬਹੁ-ਤਕਨੀਕੀ ਸੰਸਥਾਵਾਂ ਚਲ ਰਹੀਆਂ ਹਨ ਅਤੇ ਇਸ ਇਲਾਕੇ ਨੂੰ ਟੈਕਨੀਕਲ ਵਿੱਦਿਆ ਦੇ ਤੌਰ ਤੇ ਕੋਈ ਨੁਕਸਾਨ ਨਹੀਂ ਹੋ ਰਿਹਾ ਹੈ। ਅਗਰ ਸਰਕਾਰੀ ਖੇਤਰ ਵਿਚ ਖੋਲ੍ਹਾਂਗੇ ਤਾਂ ਇਸ ਖੇਤਰ ਨੂੰ ਵੀ ਵਿਚਾਰ ਲਿਆ ਜਾਵੇਗਾ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਕਹਿੰਦੇ ਹਨ ਕਿ ਕੋਈ ਸਰਕਾਰੀ ਨੀਤੀ ਨਹੀਂ ਹੈ। ਮੇਰੇ ਖਿਆਲ ਵਿਚ ਇਹ ਘੋਖ ਕਰ ਲੈਣ। ਇਸੇ ਨੀਤੀ ਦੇ ਤਹਿਤ ਲੌਂਗੋਵਾਲ ਵਿਖੇ ਕਾਲਜ ਖੋਲ੍ਹਿਆ ਗਿਆ ਅਤੇ ਹੋਰ ਵੀ ਆਈ.ਟੀ.ਆਈਜ਼ ਖੋਲ੍ਹੀਆਂ ਗਈਆਂ ਹਨ। ਸਰਕਾਰ ਇਸ ਗੱਲ ਦੀ ਘੋਖ ਕਰ ਲਵੇ ਕਿ ਜੇਕਰ ਪ੍ਰਾਈਵੇਟ ਤੌਰ ਤੇ ਕੋਈ ਪਾਰਟੀ ਨਹੀਂ ਖੋਲ੍ਹ ਰਹੀ ਤਾਂ ਕੀ ਸਰਕਾਰ ਇਸ ਨੂੰ ਖੋਲ੍ਹਣਾ ਚਾਹੁੰਦੀ ਹੈ ਜਾਂ ਨਹੀਂ। ਇਹ ਸਾਨੂੰ ਦੱਸ ਦੇਣ।

**ਮੰਤਰੀ** : ਸਪੀਕਰ ਸਾਹਿਬ, ਬੀਬੀ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੌਂਗੋਵਾਲ ਵਿਖੇ ਕਾਲਜ ਪੰਜਾਬ ਸਰਕਾਰ ਦੀ ਪਾਲਿਸੀ ਦੇ ਤਹਿਤ ਨਹੀਂ ਖੋਲ੍ਹਿਆ ਗਿਆ ਬਲਕਿ ਉਹ ਕੇਂਦਰ ਸਰਕਾਰ ਨੇ ਖੋਲ੍ਹਿਆ ਹੈ....

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਬੈਠੇ-ਬੈਠੇ)** : ਤੁਹਾਡਾ ਚੀਫ਼ ਸੈਕਟਰੀ ਉਥੋਂ ਦਾ ਚੇਅਰਮੈਨ ਹੈ।

**ਮੰਤਰੀ** : ਇਹ ਠੀਕ ਹੈ। ਫਿਰ ਵੀ ਇਸ ਨੂੰ ਘੋਖ ਲਿਆ ਜਾਵੇਗਾ ਅਤੇ ਜੇਕਰ

Original with;
Punjab Vidhan Sabha
Digitized by;
Panjab Digital Library

ਕੋਈ ਨਵੀਂ ਨੀਤੀ ਤਹਿਤ ਕਾਲਜ ਖੋਲ੍ਹਿਆ ਜਾਵੇਗਾ ਤਾ ਇਥੇ ਵੀ ਖੋਲ੍ਹ ਦਿੱਤਾ ਜਾਵੇਗਾ।

---

## ਤਹਿਸੀਲ ਗੜ੍ਹਸ਼ੰਕਰ ਵਿਚ ਐਚ.ਐਸ.ਬੀ. ਖਾਦ ਫੈਕਟਰੀ

*219. **ਸਰਦਾਰ ਜਤਿੰਦਰ ਸਿੰਘ ਕਰੀਹਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਐਚ.ਐਸ.ਬੀ. ਫਰਟੀਲਾਈਜ਼ਰਜ਼ ਲਿਮਟਿਡ ਨੂੰ ਇਸ ਦੇ ਸ਼ੁਰੂ ਹੋਣ ਤੋਂ 10 ਸਾਲਾਂ ਦੇ ਸਮੇਂ ਦੌਰਾਨ ਦਿੱਤੀ ਗਈ ਸਬਸਿਡੀ ਅਤੇ ਹੋਰ ਸਹੂਲਤਾਂ ਦੇ ਵੇਰਵੇ ਕੀ ਹਨ ਅਤੇ ਉਕਤ ਸਮੇਂ ਦੌਰਾਨ ਉਪਰੋਕਤ ਵਰਣਿਤ ਫੈਕਟਰੀ ਦੁਆਰਾ ਤਿਆਰ ਕੀਤੀਆਂ ਗਈਆਂ ਖਾਦਾਂ ਦੀ ਮਾਤਰਾ ਕਿੰਨੀ ਹੈ?

**ਸਰਦਾਰ ਸੁੱਚਾ ਸਿੰਘ ਲੰਗਾਹ** : ਅਨੁਲੱਗ 'ੳ' ਅਨੁਸਾਰ ਸੂਚਨਾ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ।

### ਅਨੁਲੱਗ 'ੳ'

ਮੈਸਰਜ਼ ਐਚ.ਐਸ.ਬੀ. ਫਰਟੀਲਾਈਜ਼ਰ ਲਿਮਟਿਡ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਪਿਛਲੇ 10 ਸਾਲਾਂ ਦੌਰਾਨ ਪੰਜਾਬ ਸਰਕਾਰ ਵਲੋਂ ਖੇਤੀਬਾੜੀ ਵਿਭਾਗ ਰਾਹੀਂ ਕੋਈ ਸਬਸਿਡੀ ਆਦਿ ਨਹੀਂ ਦਿੱਤੀ ਗਈ। ਪਰ ਇਸ ਫਰਮ ਨੂੰ ਭਾਰਤ ਸਰਕਾਰ ਵਲੋਂ ਸਾਲ 1993-94 ਤੋਂ 1999-2000 ਤੱਕ ਕੁੱਲ 6,33,70,337/- ਰੁਪਏ ਦੀ ਰਕਮ ਬਤੌਰ ਸਬਸਿਡੀ ਅਦਾ ਕੀਤੀ ਗਈ। ਇਸ ਫਰਮ ਨੇ ਸਾਲ 1993-94 ਤੋਂ ਲੈ ਕੇ ਸਾਲ 1999-2000 ਤੱਕ ਕੁੱਲ 1,72,141.5 ਮੀਟ੍ਰਿਕ ਟਨ ਖਾਦ ਪੰਜਾਬ ਰਾਜ ਵਿਚ ਸਪਲਾਈ ਕੀਤੀ। ਇਸ ਫਰਮ ਦੁਆਰਾ ਇਸ ਸਮੇਂ ਦੌਰਾਨ ਕਿੰਨੀ ਖਾਦ ਦਾ ਉਤਪਾਦਨ ਕੀਤਾ ਗਿਆ ਇਸ ਬਾਰੇ ਵਿਭਾਗ ਪਾਸ ਕੋਈ ਸੂਚਨਾ ਉਪਲਬਧ ਨਹੀਂ ਹੈ। ਸਾਲ 1993-94 ਤੋਂ 1999-2000 ਤੱਕ ਦੀ ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਸਾਲ | ਰਾਜ ਵਿਚ ਫਰਮ ਦੁਆਰਾ ਖਾਦ ਦੀ ਕੀਤੀ ਸਪਲਾਈ | ਖਾਦ ਦੀ ਮਾਤਰਾ ਜਿਸ ਤੇ ਭਾਰਤ ਸਰਕਾਰ ਵੱਲੋਂ ਸਬਸਿਡੀ ਦਿੱਤੀ ਗਈ ਮਾਤਰਾ | |
|---|---|---|---|---|
| | | (ਮੀ. ਟਨ) | (ਮੀ. ਟਨ) | ਰਕਮ (ਰੁਪਏ) |
| 1. | 1993-94 | 23662 | 22183 | 7542220 |
| 2. | 1994-95 | 30364.5 | 27530 | 9360200 |
| 3. | 1995-96 | 26602.75 | 26177.10 | 8900214 |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| | | | | |
|---|---|---|---|---|
| 4. | 1996-97 | 32641 | 29541.50 | 13622462 |
| 5. | 1997-98 | 30613.750 | 39947.4 | 18095091 |
| 6. | 1998-99 | 17282.5 | 7947.5 | 5850150 |
| 7. | 1999-2000 | 10975 | 0 | 0 |
| | ਜੋੜ : | 1,72,141.5 | 1,53,326.5 | 6,33,70,337 |

**ਸਰਦਾਰ ਜਤਿੰਦਰ ਸਿੰਘ ਕਰੀਹਾ** : ਮਾਨਯੋਗ ਸਪੀਕਰ ਸਾਹਿਬ, ਅਸੀਂ ਜਿਸ ਤਰ੍ਹਾਂ ਦੇ ਹਾਲਾਤ ਵਿਚੋਂ ਗੁਜ਼ਰ ਰਹੇ ਹਾਂ, ਜਿਨ੍ਹਾਂ ਅਫਸਰਾਂ ਨੇ ਅਣਗਹਿਲੀ ਕੀਤੀ ਹੈ ਅਤੇ ਮੰਤਰੀ ਜੀ ਵੱਲੋਂ ਇਥੇ ਤੱਥ ਪੜ੍ਹੇ ਗਏ ਹਨ ਉਹ ਆਪਣੇ ਆਪ ਵਿਚ ਬੜੇ ਹੈਰਾਨੀਜਨਕ ਹਨ। ਮੈਂ ਪੁੱਛਿਆ ਹੈ ਕਿ ਇਸ ਫਰਮ ਨੇ ਇਸ ਸਮੇਂ ਦੌਰਾਨ ਜਦੋਂ ਦੀ ਇਹ ਬਣੀ ਹੈ, ਫੈਕਟਰੀ ਐਸਟੈਬਲਿਸ਼ ਹੋਈ ਹੈ, ਉਸ ਤੋਂ 10 ਸਾਲਾਂ ਦੇ ਵਿਚ ਇਸ ਨੇ ਕਿੰਨੀ ਖਾਦ ਦਾ ਉਤਪਾਦਨ ਕੀਤਾ ਹੈ। ਕਿੰਨੀ ਸਿੰਗਲ ਸੁਪਰਫਾਸਫੇਟ ਫਰਟੇਲਾਈਜ਼ਰ ਖਾਦ ਬਣਾਈ ਹੈ ਅਤੇ ਕਿੰਨੀ ਸਬਸਿਡੀ ਇਸ ਨੂੰ ਦਿੱਤੀ ਗਈ ਹੈ? ਜਵਾਬ ਵਿਚ ਮਹਿਕਮਾ ਕਹਿੰਦਾ ਹੈ ਕਿ ਇਸ ਫਰਮ ਦੁਆਰਾ ਉਤਪਾਦਨ ਕਿੰਨਾ ਕੀਤਾ ਗਿਆ, ਇਸ ਬਾਰੇ ਵਿਭਾਗ ਕੋਲ ਸੂਚਨਾ ਉਪਲਬਧ ਨਹੀਂ ਹੈ। ਜਿੰਨੀ ਰਕਮ ਸਬਸਿਡੀ ਦੇ ਤੌਰ ਤੇ ਪ੍ਰਾਪਤ ਕੀਤੀ ਉਹ 6,33,70,337/- ਰੁਪਏ ਹੈ। ਜਦੋਂਕਿ ਇਸ ਫੈਕਟਰੀ ਨੇ ਇਕ ਨਵੇਂ ਪੈਸੇ ਦੀ ਵੀ ਖਾਦ ਤਿਆਰ ਨਹੀਂ ਕੀਤੀ, ਇਕ ਮਿੱਟੀ ਦਾ ਥੈਲਾ ਵੀ ਕਿਸੇ ਏਜੰਸੀ ਨੂੰ ਨਹੀਂ ਦਿੱਤਾ ਗਿਆ ਅਤੇ ਇਨ੍ਹਾਂ ਦੇ ਮਹਿਕਮੇ ਕੋਲ ਕੋਈ ਜਾਣਕਾਰੀ ਹੀ ਨਹੀਂ ਹੈ। ਮੰਤਰੀ ਜੀ ਇਸ ਬਾਰੇ ਦੱਸਣ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਐਚ.ਐਸ.ਬੀ. ਫਰਟੇਲਾਈਜ਼ਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੇ ਸਾਲ 1987 ਤੋਂ ਖਾਦ ਬਣਾਉਣੀ ਸ਼ੁਰੂ ਕੀਤੀ ਸੀ। ਫਰਮ ਵੱਲੋਂ ਸਾਲ 1993-94 ਤੋਂ ਲੈ ਕੇ ਸਾਲ 1999-2000 ਤੱਕ ਕੁੱਲ 1,72,141.5 ਮੀਟਰਿਕ ਟਨ ਸਿੰਗਲ ਸੁਪਰਫਾਸਫੇਟ 16/P.5, 0-2 ਖਾਦ ਪੰਜਾਬ ਰਾਜ ਵਿਚ ਸਪਲਾਈ ਕੀਤੀ ਗਈ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ :

| ਸਾਲ | ਸਪਲਾਈ ਕੀਤੀ ਗਈ ਖਾਦ | |
|---|---|---|
| 1993-94 | 236662 | ਮੀਟਰਿਕ ਟਨ |
| 1994-95 | 30364.5 | ਮੀਟਰਿਕ ਟਨ |
| 1995-96 | 26,602.75 | ਮੀਟਰਿਕ ਟਨ |

Original with;
Punjab Vidhan Sabha
Digitized by;
Panjab Digital Library

| | | |
|---|---|---|
| 1996-97 | 32,641 | ਮੀਟਰਿਕ ਟਨ |
| 1997-98 | 30,613.750 | ਮੀਟਰਿਕ ਟਨ |
| 1998-99 | 17,282.5 | ਮੀਟਰਿਕ ਟਨ |
| 1999-2000 | 10,975 | ਮੀਟਰਿਕ ਟਨ |

ਇਸ ਤੋਂ ਇਲਾਵਾ ਕਿੱਥੇ ਕਿੱਥੇ ਗਈ ਹੋਵੇਗੀ, ਉਸਦਾ ਸਾਡੇ ਕੋਲ ਕੋਈ ਹਿਸਾਬ ਨਹੀਂ। ਪੰਜਾਬ ਸਰਕਾਰ ਵਲੋਂ ਇਸ ਫਰਮ ਨੂੰ ਪਿਛਲੇ 10 ਸਾਲਾਂ ਦੌਰਾਨ ਖੇਤੀਬਾੜੀ ਵਿਭਾਗ ਰਾਹੀਂ ਕੋਈ ਉਤਪਾਦਨ ਸਬਸਿਡੀ ਨਹੀਂ ਦਿੱਤੀ ਗਈ। ਕੇਂਦਰ ਸਰਕਾਰ ਵਲੋਂ 1993-94 ਤੋਂ ਸਿੰਗਲ ਸੁਪਰਫਾਸਫੇਟ ਖਾਦ ਬਣਾਉਣ ਵਾਲੀਆਂ ਫਰਮਾਂ ਨੂੰ ਸਬਸਿਡੀ ਦੇਣੀ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ 1993-94 ਤੋਂ ਲੈ ਕੇ 1998-99 ਤੱਕ 1,53,326.5 ਮੀਟਰਿਕ ਟਨ ਸਿੰਗਲ ਸੁਪਰਫਾਸਫੇਟ ਲਈ ਉਤਪਾਦਨ ਸਬਸਿਡੀ ਖੇਤੀਬਾੜੀ ਵਿਭਾਗ ਵਲੋਂ ਸਮੇਂ ਸਮੇਂ ਸਿਰ ਰਿਪੋਰਟਾਂ ਦੇ ਆਧਾਰ ਤੇ ਕੇਂਦਰ ਸਰਕਾਰ ਵਲੋਂ ਪ੍ਰਵਾਨ ਕੀਤੀ ਗਈ ਹੈ। ਇਸ ਫਰਮ ਨੂੰ ਸਬਸਿਡੀ 6,33,70,337 ਕਰੋੜ ਰੁਪਏ ਦਿੱਤੀ ਗਈ ਹੈ, ਜਿਸਦਾ ਸਾਲਵਾਰ ਵੇਰਵਾ ਪਹਿਲਾਂ ਦੱਸੇ ਅਨੁਸਾਰ ਹੈ।

ਇਹ ਦੱਸਿਆ ਜਾਂਦਾ ਹੈ ਕਿ ਸਿੰਗਲ ਸੁਪਰਫਾਸਫੇਟ ਫਰਟੇਲਾਈਜ਼ਰ ਫੈਕਟਰੀ ਸਾਲ 2000 ਤੋਂ ਬੰਦ ਹੈ ਅਤੇ ਇਸ ਤੋਂ ਬਾਅਦ ਕੋਈ ਖਾਦ ਤਿਆਰ ਨਹੀਂ ਕੀਤੀ ਗਈ। ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਫਰਮ ਵਿਰੁੱਧ ਸਬਸਿਡੀ ਦੇ ਬੋਗਸ ਕਲੇਮ ਸਬੰਧੀ ਵਿਜੀਲੈਂਸ ਵਿਭਾਗ ਨੇ ਪੜਤਾਲ ਕੀਤੀ ਹੈ ਅਤੇ ਮੁਕੱਦਮਾ ਦਰਜ ਕੀਤਾ। ਚੌਕਸੀ ਵਿਭਾਗ ਵਲੋਂ ਮਾਨਯੋਗ ਸਪੈਸ਼ਲ ਜੱਜ, ਰੋਪੜ ਦੀ ਕੋਰਟ ਵਿਚ ਆਪਣੀ ਰਿਪੋਰਟ ਪੇਸ਼ ਕੀਤੀ ਹੋਈ ਹੈ ਅਤੇ ਉਸਦੀ ਅਗਲੀ ਸੁਣਵਾਈ 4.7.2007 ਨੂੰ ਨਿਰਧਾਰਤ ਹੈ। ਵਿਜੀਲੈਂਸ ਬਿਊਰੋ ਵਲੋਂ ਅਦਾਲਤ ਵਿਚ ਪੇਸ਼ ਕੀਤੇ ਗਏ ਮੁਕੱਦਮੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਮੁਕੱਦਮਾ ਨੰਬਰ : 17/2001

ਮਾਨਯੋਗ ਅਦਾਲਤ ਸਪੈਸ਼ਲ ਜੱਜ, ਰੋਪੜ

ਸੁਣਵਾਈ ਦੀ ਮਿਤੀ : 4.7.2007

ਕੇਸ ਅਦਾਲਤ ਵਿਚ ਹੈ ਜੀ।

**ਮਾਨਯੋਗ ਸਪੀਕਰ** : ਠੀਕ ਹੈ ਜੀ, ਕੇਸ ਅਦਾਲਤ ਵਿਚ ਚਲ ਰਿਹਾ ਹੈ?

**ਸਰਦਾਰ ਜਤਿੰਦਰ ਸਿੰਘ ਕਰੀਹਾ** : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਵੱਡੀ ਗੱਲ ਕਰਦਾ ਹਾਂ ਕਿ ਮਾਨਯੋਗ ਅਦਾਲਤ ਆਪਣਾ ਫੈਸਲਾ ਕਰੇਗੀ। ਹਿੰਦੁਸਤਾਨ

Original with;
Punjab Vidhan Sabha
Digitized by;
Panjab Digital Library

[ ਸਰਦਾਰ ਜਤਿੰਦਰ ਸਿੰਘ ਕਰੀਹਾ ]

ਦਾ ਇਕ ਸੰਵਿਧਾਨ ਹੈ, ਵਿਧਾਨ ਹੈ, ਕਾਨੂੰਨ ਹੈ। ਮੈਂ ਸਹੀ ਮਾਅਨਿਆਂ ਵਿਚ ਇਕ ਬੇਨਤੀ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਵੀ ਕਰਦਾ ਹਾਂ ਕਿ ਕੋਰਟ ਤੋਂ ਵੱਖ ਹੋ ਕੇ ਇਸ ਸਦਨ ਦੇ ਸਤਿਕਾਰਯੋਗ ਮੈਂਬਰ, ਜਿਨ੍ਹਾਂ ਨੂੰ ਸੰਗਤ ਨੇ ਸੇਵਾ ਦਿੱਤੀ ਹੈ, ਦੀ ਵੀ ਇਕ ਕਮੇਟੀ ਬਣਾ ਦਿੱਤੀ ਜਾਵੇ। ਉਥੇ ਕੋਈ ਵੀ ਗੱਲ ਨਹੀਂ ਹੈ, ਨਾ ਕੋਈ ਮੁਲਾਜ਼ਮ ਹੈ, ਨਾ ਕੋਈ ਟਰੱਕ ਹੈ। ਕੋਈ ਹਵਾ ਵਿਚ ਤਾਂ ਉੱਡ ਕੇ ਖਾਦ ਚਲੀ ਨਹੀਂ ਗਈ, ਫਿਰ ਕਿਹੜੇ ਟਰੱਕਾਂ ਰਾਹੀਂ ਗਈ? ਉਥੇ ਕੁਝ ਵੀ ਨਹੀਂ ਹੈ। ਨਾ ਕੋਈ ਉਥੇ ਟਰੱਕ ਗਿਆ, ਨਾ ਕੋਈ ਉਥੇ ਮੁਲਾਜ਼ਮ ਹੈ। 6 ਕਰੋੜ ਰੁਪਏ ਦੀ ਸਬਸਿਡੀ ਉਥੇ ਗਈ ਹੈ। ਮਾਨਯੋਗ ਮੁੱਖ ਮੰਤਰੀ ਜੀ ਇਸਦੀ ਜਾਂਚ ਕਰਾਉਣ। ਅਦਾਲਤ ਦਾ ਵੀ ਜੋ ਫੈਸਲਾ ਹੋਵੇਗਾ ਉਹ ਸਿਰ ਮੱਥੇ ਤੇ ਹੈ ਜੀ। ਇਹ ਸਦਨ ਵੀ ਉੱਨਾ ਹੀ ਪਵਿੱਤਰ ਹੈ ਜੀ।

**ਮਾਨਯੋਗ ਸਪੀਕਰ** : ਇਨਕੁਆਰੀ ਵਿਜੀਲੈਂਸ ਬਿਊਰੋ ਨੇ ਕਰ ਲਈ ਹੈ ਅਤੇ ਕੇਸ ਕੋਰਟ ਵਿਚ ਪੈਂਡਿੰਗ ਹੈ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਮਾਨਯੋਗ ਮੈਂਬਰਾਂ ਦੀ ਕਮੇਟੀ ਜਾਵੇ, ਦੇਖ ਕੇ ਭਾਵੇਂ ਮੁੜ ਆਵੇ ਅਤੇ ਦੱਸੇ ਕਿ ਕੀ ਦੇਖ ਕੇ ਆਏ ਹਨ ਜੀ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਗੜ੍ਹਸ਼ੰਕਰ ਮੇਰੀ ਤਹਿਸੀਲ ਹੈ। ਇਹ ਗੱਲ ਬਿਲਕੁਲ ਵਾਜਬ ਹੈ। ਉਥੇ ਫੈਕਟਰੀ ਦਾ ਸਾਨੂੰ ਤਹਿਸੀਲ ਵਾਲਿਆਂ ਨੂੰ ਪਤਾ ਨਹੀਂ ਕਿ ਕਦੋਂ ਫੈਕਟਰੀ ਲੱਗੀ ਹੈ ਅਤੇ ਕਦੋਂ ਪ੍ਰੋਡੱਕਸ਼ਨ ਹੋਈ ਹੈ। ਸਬਸਿਡੀ 6 ਕਰੋੜ ਰੁਪਏ ਦੀ ਦੇ ਦਿੱਤੀ ਗਈ ਹੈ, ਇਸਦੀ ਪੜਤਾਲ ਜ਼ਰੂਰ ਹੋਣੀ ਚਾਹੀਦੀ ਹੈ, ਇਹ ਗੱਲ ਬਿਲਕੁਲ ਠੀਕ ਹੈ ਜੀ।

**ਮੰਤਰੀ** : ਸਪੀਕਰ ਸਾਹਿਬ, ਇਹ ਸਬਸਿਡੀ ਤਕਰੀਬਨ ਛੇ ਕਰੋੜ ਰੁਪਏ ਦੀ ਹੈ। ਦਰਅਸਲ ਇਸ ਬਾਰੇ ਸਾਲ 2001 ਤੋਂ ਅਸੀਂ ਕੇਸ ਫੜ੍ਹੇ ਹਨ। ਮੈਂ ਪੂਰਾ ਵੇਰਵਾ ਦਿੰਦਾ ਹਾਂ। ਸਾਲ 1987-88 ਵਿਚ ਕੋਈ ਕੇਸ ਨਹੀਂ ਸੀ, ਜਦੋਂ ਸ਼ੁਰੂ ਹੋਈ ਸੀ। ਸਾਲ 1988-89 ਵਿਚ ਦੋ ਸੈਂਪਲ ਫੇਲ੍ਹ ਹੋਏ ਤੇ 17 ਕੇਸ ਫੜ੍ਹੇ ਸਨ। ਸਾਲ 1989-90 ਵਿਚ 16 ਕੇਸ ਫੜ੍ਹੇ ਤੇ 9 ਫੇਲ੍ਹ ਹੋਏ। 1990-91 ਵਿਚ 16 ਕੇਸ ਫੜ੍ਹੇ ਤੇ ਇੱਕ ਫੇਲ੍ਹ ਹੋਇਆ। ਇਸੇ ਤਰ੍ਹਾਂ ਸਾਲ 1993-94 ਵਿਚ 50 ਕੇਸ ਫੜ੍ਹੇ ਸੀ, ਉਨ੍ਹਾਂ ਵਿਚੋਂ ਦਸ ਫੇਲ ਹੋਏ। ਹੁਣ ਤੱਕ ਕੁੱਲ 49 ਕੇਸ ਫੇਲ੍ਹ ਹੋਏ ਹਨ। ਹੁਣ ਇਹ ਫੈਕਟਰੀ ਬਿਲਕੁਲ ਬੰਦ ਪਈ ਹੈ।

**ਮਾਨਯੋਗ ਸਪੀਕਰ** : ਸਬਸਿਡੀ ਜਿਹੜੀ 6 ਕਰੋੜ ਦੇ ਕਰੀਬ ਹੈ, ਕੀ ਉਸ

Original with;
Punjab Vidhan Sabha
Digitized by;
Panjab Digital Library

ਦਾ ਹਿਸਾਬ ਤੁਹਾਡੇ ਰਿਕਾਰਡ ਵਿੱਚ ਹੈ?

**ਮੰਤਰੀ** : ਹਾਂ ਜੀ।

**ਮਾਨਯੋਗ ਸਪੀਕਰ** : ਜੇ ਫੈਕਟਰੀ ਨੇ ਕੋਈ ਕੰਮ ਹੀ ਨਹੀਂ ਕੀਤਾ ਤੇ ਸਬਸਿਡੀ ਕਿਥੋਂ ਦੇ ਦਿੱਤੀ।

**ਮੰਤਰੀ** : ਇਹ ਸਬਸਿਡੀ ਕੇਂਦਰ ਸਰਕਾਰ ਨੇ ਦਿੱਤੀ ਹੈ ਜੋ ਕਿ 6,33,70,337/- ਰੁਪਏ ਹੈ। ਇਹ ਕੇਂਦਰ ਸਰਕਾਰ ਨੇ ਦਿੱਤੀ ਔਰ ਸਾਡੇ ਮਹਿਕਮੇ ਨੇ ਇਸ ਨੂੰ ਤਸਦੀਕ ਕੀਤਾ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਉੱਠਿਆ ਹੈ, ਇਹ ਬੜਾ ਹੀ ਅਹਿਮ ਹੈ। ਇਸ ਦੀ ਉਚ ਪੱਧਰੀ ਇਨਕੁਆਰੀ ਕਰਵਾਈ ਜਾਵੇਗੀ। (ਥੰਪਿੰਗ)

---

## ਬਿਸਤ ਦੁਆਬ ਨਹਿਰ ਦੀ ਸਮਰੱਥਾ

*209. **ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਬਿਸਤ-ਦੁਆਬ ਨਹਿਰ ਦੀ ਸਮਰੱਥਾ 1408 ਕਿਊਸਿਕ ਫੁੱਟ ਸੀ ਜਿਸਨੂੰ ਬੁਨਿਆਦੀ ਤੌਰ ਤੇ ਬਿਸਤ ਦੁਆਬ ਖੇਤਰ ਦੇ ਜ਼ਮੀਨ ਹੇਠਲੇ ਪਾਣੀ ਦੀ ਸਤਹ ਨੂੰ ਮੁੜ-ਉਪਰ ਲਿਆਉਣ (ਰੀਚਾਰਜ ਕਰਨ) ਲਈ ਬਣਾਇਆ ਗਿਆ ਸੀ;

(ਅ) ਇਸ ਨਹਿਰ ਦੀ ਮੌਜੂਦਾ ਵੱਧ ਤੋਂ ਵੱਧ ਸਿੰਜਾਈ ਸਮੱਰਥਾ ਕਿੰਨੀ ਹੈ ਅਤੇ ਤਜਵੀਜ਼ਤ ਸਿੰਜਾਈ ਸਮੱਰਥਾ ਨੂੰ ਪ੍ਰਾਪਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਜਵਾਬ ਹੇਠ ਲਿਖੇ ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ੳ) ਬਿਸਤ ਦੁਆਬ ਨਹਿਰ 1452 ਕਿਊਸਿਕ ਸਮਰੱਥਾ ਲਈ ਡਿਜ਼ਾਇਨ ਕੀਤੀ ਗਈ ਸੀ। ਇਸ ਨੂੰ ਜ਼ਮੀਨ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਨਹੀਂ ਸਗੋਂ ਸਿੰਜਾਈ ਸਹੂਲਤਾਂ ਪ੍ਰਦਾਨ ਕਰਨ ਲਈ ਬਣਾਇਆ ਗਿਆ ਸੀ।

Original with;
Punjab Vidhan Sabha
Digitized by;
Panjab Digital Library

[ ਸਿੰਜਾਈ ਮੰਤਰੀ ]

(ਅ) ਇਸਦੀ ਡਿਜ਼ਾਇਨਡ ਸਿੰਜਾਈ ਸਮਰੱਥਾ 45% ਹੈ, ਜਦੋਂ ਕਿ ਮੌਕੇ ਤੇ ਸਿੰਜਾਈ ਸਮਰੱਥਾ 14% ਪ੍ਰਾਪਤ ਹੋ ਰਹੀ ਹੈ। ਦੁਆਬਾ ਖੇਤਰ ਵਿਚ ਬਿਸਤ ਦੁਆਬ ਸਿਸਟਮ ਦੀ ਸਿੰਜਾਈ ਸਮਰੱਥਾ ਵਧਾਉਣ ਲਈ ਇਸ ਨਹਿਰ ਸਿਸਟਮ ਦੇ ਮੁੜ ਵਸੇਬੇ ਦਾ 140.48 ਕਰੋੜ ਰੁਪਏ ਦਾ ਪ੍ਰਾਜੈਕਟ ਬਣਾਇਆ ਗਿਆ, ਜਿਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਸਿੰਜਾਈ ਵਿਭਾਗ ਵੱਲੋਂ ਦਿੱਤੀ ਜਾ ਚੁੱਕੀ ਹੈ।

ਇਸ ਪ੍ਰਾਜੈਕਟ ਦੇ ਮਿਤੀ 31-3-2011 ਤੱਕ ਮੁਕੰਮਲ ਹੋਣ ਦੀ ਤਜਵੀਜ਼ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਿਹੜਾ ਜਵਾਬ ਦਿੱਤਾ ਗਿਆ ਹੈ, ਇਹ ਹਾਊਸ ਦੀ ਸੈਟਿਸਫੈਕਸ਼ਨ ਅਨੁਸਾਰ ਨਹੀਂ ਹੈ। ਜਿਹੜਾ ਜਵਾਬ ਦਿੱਤਾ ਗਿਆ ਹੈ, ਉਸ ਵਿਚ ਦੱਸਿਆ ਗਿਆ ਹੈ ਕਿ ਇਸ ਦੀ ਕਪੈਸਿਟੀ 1452 ਕਿਊਸਿਕ ਹੈ। The design intensity of irrigation was supposed to be 45% ਔਰ ਇਸ ਦੀ ਇਰੀਗੇਸ਼ਨ ਇੰਟੈਂਸਿਟੀ 14% ਅਚੀਵ ਕੀਤੀ ਗਈ ਹੈ। ਦੁਆਬੇ ਦੀ ਇਹ ਬਿਸਤ ਦੁਆਬ ਕੈਨਾਲ ਬੜੀ ਅਹਿਮ ਹੈ ਜਿਸ ਨਾਲ ਸਾਰੇ ਦੁਆਬੇ ਨੂੰ ਪਾਣੀ ਇਰੀਗੇਸ਼ਨ ਵਾਸਤੇ ਜਾਂਦਾ ਹੈ। ਇਰੀਗੇਸ਼ਨ ਦੇ ਨਾਲ ਨਾਲ ਗਰਾਊਂਡ ਵਾਟਰ ਵੀ ਰੀਚਾਰਜ ਹੁੰਦਾ ਹੈ। ਇਹ ਵੀ ਫਾਇਦਾ ਹੁੰਦਾ ਹੈ। ਮੈਂ ਵਜ਼ੀਰ ਸਾਹਿਬ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਇਹ ਵਿਸ਼ਵਾਸ ਦਿਵਾਇਆ ਜਾਵੇ ਕਿ ਇਸ ਦੀ ਇਰੀਗੇਸ਼ਨ ਇੰਟੈਂਸਿਟੀ ਵਧਾਈ ਜਾਵੇ ਤਾਂ ਕਿ ਜ਼ਿਆਦਾ ਪਾਣੀ ਛੱਡਿਆ ਜਾ ਸਕੇ ਜਿਸ ਨਾਲ ਜਿੱਥੇ ਜ਼ਿਮੀਂਦਾਰ ਨੂੰ ਲਾਭ ਹੋਵੇਗਾ ਉਥੇ ਗਰਾਊਂਡ ਵਾਟਰ ਵੀ ਰੀਚਾਰਜ ਹੋਵੇਗਾ? ਗਰਾਊਂਡ ਵਾਟਰ ਵਿਚ ਵੀ ਇਜ਼ਾਫ਼ਾ ਹੋਵੇਗਾ। ਦੂਸਰੀ ਗੱਲ ਇਹ ਹੈ ਕਿ ਫਾਇਨਾਂਸ ਮੰਤਰੀ ਜੀ ਨੇ ਆਪਣੇ ਬਜਟ ਵਿਚ 30 ਕਰੋੜ ਰੁਪਏ ਦੀ ਐਲੋਕੇਸ਼ਨ ਬਿਸਤ ਦੁਆਬ ਕੈਨਾਲ ਵਾਸਤੇ ਕੀਤੀ ਹੈ ਪਰ ਇਸ ਦਾ ਜ਼ਿਕਰ ਜਵਾਬ ਵਿਚ ਨਹੀਂ ਦਿੱਤਾ ਗਿਆ। ਇਨ੍ਹਾਂ ਨੇ ਕਿਹਾ ਹੈ ਕਿ 140 ਕਰੋੜ ਰੁਪਿਆ ਇਸ ਦੀ ਰੀਹੈਬਲੀਟੇਸ਼ਨ ਵਾਸਤੇ ਲੱਗੇਗਾ ਔਰ ਇਸ ਦੀ ਐਡਮਨਿਸਟਰੇਟਿਵ ਅਪਰੂਵਲ ਦੀ ਵੀ ਗੱਲ ਕੀਤੀ ਹੈ। ਐਡਮਨਿਸਟਰੇਟਿਵ ਅਪਰੂਵਲ ਨਾਲ 2011 ਤੱਕ ਟਾਈਮ ਦਿੱਤਾ ਹੈ। ਐਡਮਨਿਸਟਰੇਟਿਵ ਅਪਰੂਵਲਾਂ ਤਾਂ ਬਹੁਤ ਪਈਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਫਾਇਨਾਂਸ਼ੀਅਲ ਅਪਰੂਵਲ ਕਦੋਂ ਤੱਕ ਪ੍ਰਾਪਤ ਹੋ ਜਾਵੇਗੀ? ਇਸ ਦੀ ਰੀਹੈਬਲੀਟੇਸ਼ਨ ਤੇ ਤਕਰੀਬਨ 140 ਕਰੋੜ ਰੁਪਏ ਲੱਗਣਾ ਹੈ ਜਦ ਕਿ ਇਸ ਦੀ 30 ਕਰੋੜ ਰੁਪਏ ਨਾਲ ਸ਼ੁਰੂਆਤ ਹੋਵੇਗੀ, ਇਹ ਕਦੋਂ ਕੀਤੀ ਜਾਵੇਗੀ ਜਿਹੜਾ ਜ਼ਿਕਰ ਕੀਤਾ ਹੈ?

**ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜੋ ਬਿਸਤ ਦੁਆਬ ਕੈਨਾਲ ਨਾਲ ਸਬੰਧਿਤ ਗੱਲ ਕੀਤੀ ਹੈ ਕਿ ਇਸ ਵਾਸਤੇ 1408 ਕਿਊਸਿਕ ਪਾਣੀ ਹਰ ਸਾਲ ਵਾਸਤੇ ਡਿਜ਼ਾਈਨ ਕੀਤਾ ਸੀ ਜਦ ਕਿ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ 1452 ਕਿਊਸਿਕ

Original with;
Punjab Vidhan Sabha
Digitized by;
Panjab Digital Library

ਪਾਣੀ ਵਾਸਤੇ ਡਿਜ਼ਾਇਨ ਕੀਤੀ ਗਈ ਸੀ ਔਰ ਇਸ ਵਿਚ ਗਰਾਊਂਡ ਵਾਟਰ ਰੀਚਾਰਜ ਕਰਨ ਦਾ ਸਿਸਟਮ ਸ਼ਾਮਲ ਨਹੀਂ ਸੀ। ਇਹ ਸਿਸਟਮ ਸਿਰਫ ਸਿੰਜਾਈ ਵਾਸਤੇ ਬਣਾਇਆ ਗਿਆ ਸੀ। ਦੂਸਰੀ ਗੱਲ ਇਹ ਹੈ ਕਿ ਕਈ ਸਾਲਾਂ ਤੋਂ ਬਿਸਤ ਦੁਆਬ ਕੈਨਾਲ ਦਾ ਸਿਸਟਮ ਖਰਾਬ ਪਿਆ ਹੈ। ਪਹਿਲੀ ਸਰਕਾਰ ਨੇ ਇਸ ਪਾਸੇ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ। ਅਸੀਂ ਤਿੰਨ ਮਹੀਨਿਆਂ ਵਿਚ ਸਾਰਾ ਪ੍ਰਾਜੈਕਟ ਤਿਆਰ ਕੀਤਾ ਹੈ ਔਰ ਇਹ ਸਾਰਾ ਪ੍ਰਾਜੈਕਟ 140.48 ਕਰੋੜ ਰੁਪਏ ਦਾ ਹੈ ਜਦ ਕਿ ਇਸ ਸਾਲ ਵਿਚ 30 ਕਰੋੜ ਰੁਪਿਆ ਰੱਖਿਆ ਗਿਆ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਧੰਨਵਾਦ ਜੀ। ਇਹ ਬੜਾ ਇੰਪਾਰਟੈਂਟ ਮਾਮਲਾ ਹੈ, ਤੁਸੀਂ ਕਨਫਿਊਜ਼ ਕਰ ਦਿੱਤਾ। ਮੈਂ 140 ਅਤੇ 30 ਬਾਰੇ ਯਾਦ ਕਰਵਾ ਦਿੱਤਾ ਤਾਂ ਤੁਸੀਂ ਕਹਿ ਦਿੱਤਾ। ਵੈਸੇ ਜਵਾਬ ਵਿਚ ਇਸ ਦਾ ਜ਼ਿਕਰ ਨਹੀਂ ਸੀ। ਦੂਸਰਾ ਬੜਾ ਅਹਿਮ ਮਸਲਾ ਹੈ, ਜ਼ੀਰੋ ਆਵਰ ਵਿਚ ਤਾਂ ਸਾਨੂੰ ਕਹਿਣ ਦਾ ਮੌਕਾ ਨਹੀਂ ਦਿੱਤਾ ਜਾਂਦਾ। ਮੈਂ ਉਸ ਦਿਨ ਵੀ ਜ਼ਿਕਰ ਕੀਤਾ ਸੀ ਕਿ ਹਰਿਆਣੇ ਵਾਲੇ ਹਾਂਸੀ ਬੁਟਾਣਾ ਨਹਿਰ ਪੁੱਟੀ ਜਾ ਰਹੇ ਹਨ। ਇਹ ਲਗਭਗ ਸਮਾਣੇ ਦੇ ਨੇੜੇ ਹੈ। ...(ਵਿਘਨ)... ਕਿਉਂਕਿ ਨਹਿਰ ਨਾਲ ਸਬੰਧਤ ਮਸਲਾ ਹੈ ...(ਵਿਘਨ)... ਤੁਸੀਂ ਨਾ ਜਵਾਬ ਦੇਣ ਨੂੰ ਤਿਆਰ ਹੋ, ਨਾ ਸੁਣਨ ਨੂੰ ਤਿਆਰ ਹੋ। ਅੱਜ ਸਾਨੂੰ ਪੰਜਾਬ ਦੇ ਲੋਕਾਂ ਨੇ ਆਪਣੇ ਹਕੂਕਾਂ ਦੀ ਰਾਖੀ ਕਰਨ ਲਈ ਇਥੇ ਬਿਠਾਇਆ ਹੈ...

**ਮਾਨਯੋਗ ਸਪੀਕਰ** : ਜੇ ਇਸ ਦਾ ਇਸ ਸਵਾਲ ਦੇ ਨਾਲ ਤਾਅਲੁੱਕ ਹੈ ਫਿਰ ਤਾਂ ਜ਼ਰੂਰ ਗੱਲ ਕਰੋ ...(ਵਿਘਨ)...

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਸ ਨਹਿਰ ਦੇ ਬਣਨ ਨਾਲ ਪੰਜਾਬ ਦੇ ਪਾਣੀ ਦਾ ਨੁਕਸਾਨ ਨਾ ਹੋਵੇ। ਇਹ ਵਿਸ਼ਵਾਸ ਦਿਵਾ ਦੇਣ ਕਿ ਇਸ ਨਾਲ ਪੰਜਾਬ ਦੇ ਪਾਣੀ ਦਾ ਨੁਕਸਾਨ ਨਹੀਂ ਹੈ, ਜੇ ਹੈ ਤਾਂ ਕੀ ਸੁਪਰੀਮ ਕੋਰਟ ਵਿਚ ਕਾਨੂੰਨੀ ਲੜਾਈ ਲੜਨ ਵਾਸਤੇ ਪੰਜਾਬ ਸਰਕਾਰ ਤਿਆਰ ਹੈ ਕਿ ਨਹੀਂ ਹੈ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਵਾਲ ਤਾਂ ਇਹ ਨਹੀਂ ਆਇਆ ਲੇਕਿਨ ਸਾਡੇ ਨੌਜਵਾਨ ਐਮ.ਐਲ.ਏ. ਬਾਰ ਬਾਰ ਤਰੱਦਦ ਕਰ ਰਹੇ ਹਨ, ਇਸ ਲਈ ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਹਰ ਤਰ੍ਹਾਂ ਦੀ ਲੜਾਈ ਲੜੀ ਜਾਵੇਗੀ। ਇਹ ਸੁਪਰੀਮ ਕੋਰਟ ਵਿਚ ਲੜਾਈ ਲੜੀ ਜਾ ਰਹੀ ਹੈ।

**ਸਰਦਾਰ ਦਰਸ਼ਨ ਸਿੰਘ ਬਰਾੜ** : ਸਪੀਕਰ ਸਾਹਿਬ, ਸਾਡੇ ਅਬੋਹਰ ਬ੍ਰਾਂਚ ਵਿਚ ਇੱਕ ਸੂਆ ਨਿਕਲਦਾ ਹੈ ਜਿਹੜਾ ਗਿੱਲ ਅਤੇ ਸਿੰਘਾਂਵਾਲਾ ਪਿੰਡਾਂ ਵਿਚੋਂ ਲੰਘਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਥੇ ਇੱਕ ਜ਼ਿਮੀਂਦਾਰ ਨੇ 50 ਕਿੱਲੇ ਝੋਨਾ ਲਗਾਇਆ ਹੋਇਆ ਹੈ। ਉਹ ਪਾਈਪਾਂ ਲਗਾ ਕੇ ਸੂਏ ਦੇ

Original with;
Punjab Vidhan Sabha
Digitized by;
Panjab Digital Library

[ ਸਰਦਾਰ ਦਰਸ਼ਨ ਸਿੰਘ ਬਰਾੜ ]

ਵਿਚੋਂ ਪਾਣੀ ਲਗਾਉਂਦਾ ਹੈ। ਉਥੇ ਲੋਕ ਆਪਸ ਵਿਚ ਲੜੀ ਜਾਂਦੇ ਹਨ। ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਉਹ ਪਾਈਪਾਂ ਲੁਹਾਈਆਂ ਜਾਣ ਤਾਂ ਕਿ ਲੋਕ ਲੜਾਈ ਤੋਂ ਬਚ ਸਕਣ।

**ਮਾਨਯੋਗ ਸਪੀਕਰ :** ਗੱਲ ਇਹ ਹੈ ਕਿ ਜੇ ਇਸ ਸਵਾਲ ਦੇ ਨਾਲ ਥੋੜ੍ਹੀ ਬਹੁਤੀ ਰੈਲੇਵੈਂਸੀ ਹੋਵੇ ਤਾਂ ਹੀ ਸਪਲੀਮੈਂਟਰੀ ਬਣਦੀ ਹੈ। ਨੈਕਸਟ ਕੁਐਸਚਨ, ਸਰਦਾਰ ਮੱਖਣ ਸਿੰਘ।

---

## ਰਾਜ ਵਿਚ ਬਿਜਲੀ ਪ੍ਰੋਜੈਕਟਾਂ ਵਿਚ ਵਿਦੇਸ਼ੀ ਹਿੱਸੇਦਾਰੀ

*84. **ਸਰਦਾਰ ਮੱਖਣ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਪ੍ਰਾਈਵੇਟ/ਵਿਦੇਸ਼ੀ ਹਿੱਸੇਦਾਰੀ ਦੇ ਸਹਿਯੋਗ ਨਾਲ ਬਿਜਲੀ ਉਤਪਾਦਨ ਪ੍ਰੋਜੈਕਟਾਂ ਨੂੰ ਸਥਾਪਤ ਕੀਤੇ ਜਾਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀਆਂ ਸ਼ਰਤਾਂ ਕੀ ਹਨ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

## ਸੂਚਨਾ

## ਰਾਜ ਵਿਚ ਬਿਜਲੀ ਪ੍ਰੋਜੈਕਟਾਂ ਵਿਚ ਪ੍ਰਾਈਵੇਟ/ਵਿਦੇਸ਼ੀ ਹਿੱਸੇਦਾਰੀ

ਰਾਜ ਸਰਕਾਰ ਦੋ ਥਰਮਲ ਪਾਵਰ ਪਲਾਂਟ, ਇੱਕ ਤਲਵੰਡੀ ਸਾਬੋ ਪਾਵਰ ਪਲਾਂਟ (2000 ਮੈਗਾਵਾਟ), ਪਿੰਡ ਬਨਵਾਲਾ, ਜ਼ਿਲ੍ਹਾ ਮਾਨਸਾ ਵਿਖੇ ਅਤੇ ਦੂਸਰਾ ਨਾਭਾ ਪਾਵਰ ਪਲਾਂਟ (1200 ਮੈਗਾਵਾਟ), ਪਿੰਡ ਮਾੜੀ ਅਤੇ ਬੀਂਬੜ, ਜ਼ਿਲ੍ਹਾ ਸੰਗਰੂਰ ਵਿਖੇ ਉਸਾਰੀ, ਮਾਲਕੀ ਅਤੇ ਸੰਚਾਲਕੀ (Build, own and operate) ਆਧਾਰ ਤੇ ਸਥਾਪਤ ਕਰਨ ਲਈ ਕਾਰਵਾਈ ਕਰ ਰਹੀ ਹੈ। ਇਨ੍ਹਾਂ ਪ੍ਰੋਜੈਕਟਾਂ ਦੀ ਉਸਾਰੀ ਲਈ ਵਿਕਾਸਕਰਤਾ ਦੀ ਚੋਣ ਤੁਲਨਾਤਮਕ ਬੋਲੀ ਦੇ ਆਧਾਰ ਤੇ ਕੀਤੀ ਜਾਵੇਗੀ। ਚੁਣੇ ਗਏ ਵਿਕਾਸਕਰਤਾ ਵਲੋਂ ਲੰਮੇ ਸਮੇਂ ਲਈ ਬਿਜਲੀ ਖਰੀਦ ਸਮਝੌਤੇ ਤਹਿਤ ਬਿਜਲੀ ਬੋਰਡ ਨੂੰ 100% ਬਿਜਲੀ ਰਾਜ ਲਈ ਦੇਣ ਦਾ ਸਮਝੌਤਾ ਕਰਨਾ ਪਵੇਗਾ। ਇਸ ਪ੍ਰੋਜੈਕਟ ਲਈ ਬੋਲੀ ਪ੍ਰਤੀਕਿਰਿਆ ਮਿਤੀ 31.1.2008 ਤੱਕ ਪੂਰੀ ਹੋ ਜਾਵੇਗੀ।

ਇੱਕ ਹੋਰ 600 ਮੈਗਾਵਾਟ ਦਾ ਥਰਮਲ ਪਾਵਰ ਪ੍ਰੋਜੈਕਟ ਗੋਇੰਦਵਾਲ ਸਾਹਿਬ ਵਿਖੇ ਮੈਸ: ਜੀ.ਵੀ.ਕੇ. ਲਿਮਟਿਡ ਵਲੋਂ ਸਥਾਪਤ ਕੀਤਾ ਜਾ ਰਿਹਾ ਹੈ। ਇਹ ਪ੍ਰੋਜੈਕਟ ਤੁਲਨਾਤਮਕ ਬੋਲੀ ਦੇ ਆਧਾਰ ਤੇ ਦਿੱਤਾ ਗਿਆ ਹੈ ਅਤੇ ਇਸ ਦਾ ਕੰਮ ਚਾਲੂ ਵਿੱਤੀ ਸਾਲ ਵਿਚ ਸ਼ੁਰੂ ਹੋਣ ਦੀ ਆਸ ਹੈ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ ਇਕ 75 ਮੈਗਾਵਾਟ ਹਾਈਡਲ ਪਾਵਰ ਪ੍ਰੋਜੈਕਟ (ਯੂ.ਬੀ.ਡੀ.ਸੀ. ਸਟੇਜ 3) ਦੀ ਸਥਾਪਨਾ ਵੀ, ਉਸਾਰੀ, ਮਾਲਕੀ, ਸੰਚਾਲਕੀ ਅਤੇ ਬਦਲੀ ਦੇ ਆਧਾਰ ਤੇ ਕਰਨ ਦੀ ਤਜਵੀਜ਼ ਹੈ। ਵਿਕਾਸਕਰਤਾ ਦੀ ਚੋਣ ਤੁਲਨਾਤਮਕ ਬੋਲੀ ਦੇ ਆਧਾਰ ਤੇ ਕੀਤੀ ਗਈ ਹੈ। ਮੈਸਰਜ ਭੀਲਵਾੜਾ ਏਨਰਜੀ, ਨੋਇਡਾ ਨਾਲ ਹਸਤਾਖਰ ਕੀਤੇ ਜਾਣ ਵਾਲੇ ਬਿਜਲੀ ਖਰੀਦ ਦੇ ਇਕਰਾਰਨਾਮੇ ਦਾ ਬਿਜਲੀ ਬੋਰਡ ਦੇ ਕਾਨੂੰਨੀ ਮਾਹਿਰਾਂ ਵਲੋਂ ਨਿਰੀਖਣ ਕੀਤਾ ਜਾ ਰਿਹਾ ਹੈ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਸ ਵਿਚ ਪੰਜਾਬੀ ਦੀ ਦਰੁੱਸਤੀ ਕਰਵਾਉਣੀ ਚਾਹੁੰਦਾ ਹਾਂ। ਪਤਾ ਨਹੀਂ ਕਿਸ ਕਾਬਿਲ ਸੈਕ੍ਰੇਟਰੀ ਸਾਹਿਬ ਨੇ ਜਿਹੜੀ ਕੰਪੀਟੀਟਿਵ ਬਿੱਡ ਹੈ, ਉਸ ਦਾ ਪੰਜਾਬੀ ਵਿਚ ਇਨ੍ਹਾਂ ਨੇ ਤੁਲਨਾਤਮਕ ਉਲੱਥਾ ਕੀਤਾ ਹੈ। ਕੀ ਇਹ ਕੰਪੀਟੀਟਿਵ ਬਿੱਡ ਦੀ ਠੀਕ ਪੰਜਾਬੀ ਬਣੀ ਹੈ? ...(ਹਾਸਾ)... ਕੰਪੈਰੇਟਿਵ ਬਿੱਡ ਦੀ ਇਹ ਪੰਜਾਬੀ ਹੁੰਦੀ ਹੈ...

**ਮਾਨਯੋਗ ਸਪੀਕਰ** : ਮੈਂ ਤੁਹਾਡੀ ਗੱਲ ਤੇ ਸੈਕ੍ਰੇਟਰੀ ਸਾਹਿਬਾਨ ਨੂੰ, ਸੀ.ਐਮ. ਸਾਹਿਬ ਲੀਡਰ ਆਫ ਦਿ ਹਾਊਸ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਸਵਾਲ ਹਨ, ਉਨ੍ਹਾਂ ਦੀ ਲੈਂਗੂਏਜ ਵੱਲ ਧਿਆਨ ਦੇਣ। ਹੁਣ ਅੱਗੇ ਚੱਲੋ।

**ਸਰਦਾਰ ਮੱਖਣ ਸਿੰਘ** : ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਤੋਂ ਦੂਸਰੀ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਕਿ ਇੱਕ 2000 ਮੈਗਾਵਾਟ ਦਾ ਪਲਾਂਟ ਮਾਨਸਾ ਜ਼ਿਲ੍ਹੇ ਦੇ ਪਿੰਡ ਬੰਨ੍ਹੋ ਵਾਲੀ ਵਿਚ ਲਗਾਉਣਾ ਹੈ, ਉਸ ਦਾ ਨਾਮ ਤਲਵੰਡੀ ਸਾਬੋ ਪਾਵਰ ਪ੍ਰੋਜੈਕਟ ਰੱਖਿਆ ਗਿਆ ਹੈ। ਇੱਕ ਪਿੰਡ ਮਾਝੀ, ਜ਼ਿਲ੍ਹਾ ਸੰਗਰੂਰ ਵਿਚ ਲੱਗਣਾ ਹੈ ਅਤੇ ਉਸ ਦਾ ਨਾਮ ਨਾਭਾ ਪਾਵਰ ਪਲਾਂਟ ਰੱਖਿਆ ਗਿਆ ਹੈ। ਇਹ ਸ਼ਹਿਰ ਕਿਸੇ ਹੋਰ ਜ਼ਿਲ੍ਹੇ ਵਿਚ ਪੈਂਦੇ ਹਨ। ਚਲੋ, ਇਹ ਇਸ ਦੀ ਕਲੈਰੀਫਿਕੇਸ਼ਨ ਦੇ ਦੇਣ। ਮੈਂ ਤਾਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਲੋਕਾਂ ਦੀ ਭਾਈਵਾਲੀ ਦੇ ਨਾਲ ਕੀ ਬਿਜਲੀ ਇੰਨੀ ਮਹਿੰਗੀ ਤਾਂ ਨਹੀਂ ਹੋ ਜਾਵੇਗੀ ਕਿ ਆਮ ਆਦਮੀ ਦੀ ਪਹੁੰਚ ਤੋਂ ਹੀ ਬਾਹਰ ਚਲੀ ਜਾਵੇ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੋਹਾਂ ਗੱਲਾਂ ਦਾ ਜਵਾਬ ਦਿੰਦਾ ਹਾਂ। ਜਿਥੋਂ ਤੱਕ ਪਹਿਲੀ ਗੱਲ ਹੈ, ਇਨ੍ਹਾਂ ਦੀ ਗੱਲ ਠੀਕ ਹੈ ਕਿ ਜਿਹੜਾ ਮਾਨਸਾ ਵਿਚ ਪ੍ਰੋਜੈਕਟ ਲੱਗ ਰਿਹਾ ਹੈ, ਉਸ ਦਾ ਨਾਮ ਤਲਵੰਡੀ ਸਾਬੋ ਰੱਖਿਆ ਗਿਆ ਹੈ। ਇਹ ਇਸ ਕਰਕੇ ਹੈ ਕਿ ਇਹ ਇਤਿਹਾਸਕ ਨਾਮ ਹੈ ਔਰ ਇਸ ਦੇ ਨਾਲ ਹੀ ਥੋੜ੍ਹੀ ਦੂਰ ਤੇ ਇਹ ਜ਼ਮੀਨ ਹੈ। ਇਸ ਨਾਲ ਕੋਈ ਨੁਕਸਾਨ ਤਾਂ ਨਹੀਂ ਹੁੰਦਾ ਸਗੋਂ ਉਸ ਪ੍ਰੋਜੈਕਟ ਦਾ ਨਾਮ ਅੱਛਾ ਲੱਗੇਗਾ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ (ਬੈਠੇ ਬੈਠੇ)** : ਫਿਰ ਤੁਸੀਂ ਤਲਵੰਡੀ ਸਾਬੋ ਹੀ ਲਗਾ ਦਿਓ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਉਥੇ ਜਗ੍ਹਾ ਨਹੀਂ ਮਿਲੀ, ਜੇ ਮਿਲਦੀ ਤਾਂ ਉਥੇ ਲਗਾ ਦੇਣਾ ਸੀ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ (ਬੈਠੇ ਬੈਠੇ)** : ਦੇ ਦੇਵਾਂਗੇ ਜੀ।

**ਮੁੱਖ ਮੰਤਰੀ** : ਜੋ ਨਾਭੇ ਦੀ ਗੱਲ ਕਹੀ ਹੈ, ਪਿੰਡ ਦਾ ਨਾਮ ਤਾਂ ਕੋਈ ਜਾਣਦਾ ਨਹੀਂ ਹੁੰਦਾ, ਇਸ ਕਰਕੇ ਇਹ ਨਾਮ ਰੱਖਿਆ ਗਿਆ ਹੈ। ਦੂਸਰਾ ਤੁਹਾਡਾ ਕੀ ਕੁਐਸਚਨ ਸੀ, ਦੁਬਾਰਾ ਦੱਸ ਦਿਓ।

**ਸਰਦਾਰ ਮੱਖਣ ਸਿੰਘ** : ਕੀ ਪ੍ਰਾਈਵੇਟ ਭਾਈਵਾਲੀ ਨਾਲ ਬਿਜਲੀ ਮਹਿੰਗੀ ਤਾਂ ਨਹੀਂ ਹੋ ਜਾਵੇਗੀ ?

**ਮੁੱਖ ਮੰਤਰੀ** : ਜਿੰਨੀ ਮਹਿੰਗੀ ਅੱਜ ਆਪਾਂ ਬਿਜਲੀ ਲੈ ਰਹੇ ਹਾਂ ...(ਵਿਘਨ)... ਇਹ ਤਿੰਨ ਪ੍ਰੋਜੈਕਟ ਲੱਗ ਰਹੇ ਹਨ। ਇਨ੍ਹਾਂ ਦੋ ਥਰਮਲ ਪਲਾਂਟਾਂ ਤੋਂ ਇਲਾਵਾ ਇੱਕ ਗੋਇੰਦਵਾਲ ਸਾਹਿਬ ਵਿਖੇ ਲੱਗ ਰਿਹਾ ਹੈ। ਇਸ ਦੇ ਨਾਲ ਪੰਜਾਬ ਵਿਚ ਪੰਜ ਸਾਲਾਂ ਵਿਚ ਬਿਜਲੀ ਸਰਪਲੱਸ ਹੋ ਜਾਣੀ ਹੈ, ਜਿਸ ਦੀ ਅੱਜ ਸਭ ਤੋਂ ਵੱਡੀ ਡਿਮਾਂਡ ਹੈ। (ਥੰਪਿੰਗ) ਇਸ ਲਈ ਇਹ ਜਿਹੜੇ ਪ੍ਰੋਜੈਕਟ ਲੱਗਣੇ ਹਨ, ਇਨ੍ਹਾਂ ਨਾਲ ਬਿਜਲੀ ਮਹਿੰਗੀ ਨਹੀਂ ਹੋਣੀ, ਇਹ ਤਾਂ ਅੱਜ ਆਪਾਂ ਜਿਸ ਭਾਅ ਤੇ ਲੈਂਦੇ ਹਾਂ, ਉਸ ਤੋਂ ਤਕਰੀਬਨ ਅੱਧੀ ਕੀਮਤ 'ਤੇ ਮਸਾਂ ਹੋਣੀ ਹੈ... ਆਪਾਂ ਜਿਸ ਭਾਅ ਅੱਜ ਲੈਂਦੇ ਹਾਂ ਉਸ ਤੋਂ ਅੱਧੀ ਕੀਮਤ ਤੇ ਇਨ੍ਹਾਂ ਨਾਲ ਐਗਰੀਮੈਂਟ ਕੀਤਾ ਹੈ। ਇਕ ਐਗਰੀਮੈਂਟ ਕੀਤਾ ਹੈ ਗੋਇੰਦਵਾਲ ਸਾਹਿਬ ਵਾਲਾ ਅਤੇ ਦੂਜਾ ਐਗਰੀਮੈਂਟ ਹੋਣਾ ਹੈ। ਬਕਾਇਦਾ ਬਿਠਾ ਕੇ ਗੱਲ ਕੀਤੀ ਜਾਵੇਗੀ ਜੋ ਸਸਤਾ ਦੇਵੇਗਾ, ਉਸ ਨੂੰ ਦਿੱਤਾ ਜਾਵੇਗਾ।

**ਸਰਦਾਰ ਮੱਖਣ ਸਿੰਘ** : ਸਪਲੀਮੈਂਟਰੀ, ਸਪੀਕਰ ਸਾਹਿਬ। ਜਿਹੜੇ ਤਿੰਨ ਪਾਵਰ ਪਲਾਂਟ ਲੱਗ ਰਹੇ ਹਨ, ਜਿਨ੍ਹਾਂ ਵਿਚੋਂ ਸਿਰਫ ਗੋਇੰਦਵਾਲ ਸਾਹਿਬ ਵਾਲਾ ਐਗਰੀਮੈਂਟ ਮੈਸਰਜ ਜੀ.ਵੀ.ਕੇ. ਲਿਮਟਿਡ ਨਾਲ ਹੋ ਚੁੱਕਾ ਹੈ। ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਕਿਹੜੀਆਂ ਸ਼ਰਤਾਂ ਦੇ ਤਹਿਤ ਇਹ ਐਗਰੀਮੈਂਟ ਹੋਇਆ ਹੈ?

**ਮੁੱਖ ਮੰਤਰੀ** : ਇਹ ਬੀ.ਓ.ਟੀ. ਸਕੀਮ ਅਧੀਨ ਹੈ। ਜ਼ਮੀਨ ਦੇ ਪੈਸੇ ਉਨ੍ਹਾਂ ਨੇ ਦੇਣੇ ਹਨ। ਉਪਰ ਵਾਲਾ ਸਾਰਾ ਖ਼ਰਚ ਵੀ ਕਰਨਾ ਹੈ। ਉਨ੍ਹਾਂ ਨਾਲ ਇਹ ਸ਼ਰਤ ਰੱਖੀ ਗਈ ਹੈ ਕਿ ਜਿੰਨੀ ਉਹ ਬਿਜਲੀ ਪੈਦਾ ਕਰਨਗੇ ਉਹ ਸਾਰੀ ਦੀ ਸਾਰੀ ਬਿਜਲੀ ਪੰਜਾਬ ਨੂੰ ਮਿਲੇਗੀ, ਉਹ ਪੰਜਾਬ ਤੋਂ ਬਾਹਰ ਨਹੀਂ ਦੇ ਸਕਦੇ। (ਥੰਪਿੰਗ)

**ਸਰਦਾਰ ਮੱਖਣ ਸਿੰਘ** : ਜੇਕਰ ਅੱਧੀ ਕੀਮਤ ਤੇ ਦੇਣਗੇ ਤਾਂ ਮੈਂ ਧੰਨਵਾਦ ਕਰਾਂਗਾ।

**ਸਰਦਾਰ ਰਣਦੀਪ ਸਿੰਘ ਨਾਭਾ** : ਸਪੀਕਰ ਸਾਹਿਬ, ਪਿਛਲੀ ਸਰਕਾਰ

Original with;
Punjab Vidhan Sabha
Digitized by;
Panjab Digital Library

ਵੇਲੇ ਤਜਵੀਜ਼ ਰੱਖੀ ਗਈ ਸੀ ਕਿ ਨਿਊਕਲੀਅਰ ਪਾਵਰ ਪਲਾਂਟ ਸਬੰਧੀ ਪ੍ਰਧਾਨ ਮੰਤਰੀ ਆ ਕੇ ਗਏ ਸੀ, ਉਸ ਵੇਲੇ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਜੋ ਵੀ ਜ਼ਮੀਨ ਐਕੁਆਇਰ ਕੀਤੀ ਜਾਵੇਗੀ ਚਾਹੇ ਉਹ ਪਿੰਡ ਦੀ ਜ਼ਮੀਨ ਹੈ ਜਾਂ ਪੰਚਾਇਤਾਂ ਦੀ ਜ਼ਮੀਨ ਹੈ ਜਾਂ ਪ੍ਰਾਈਵੇਟ ਅਦਾਰਿਆਂ ਦੀ ਜ਼ਮੀਨ ਹੈ, ਉਨ੍ਹਾਂ ਨਾਲ ਧੱਕਾ ਨਹੀਂ ਕੀਤਾ ਜਾਵੇਗਾ। ਕੀ ਮੁੱਖ ਮੰਤਰੀ ਜੀ ਸਦਨ ਵਿਚ ਵਿਸ਼ਵਾਸ ਦਿਵਾਉਣਗੇ ਕਿ ਪਿੰਡ ਵਾਲਿਆਂ ਤੋਂ ਜ਼ਮੀਨਾਂ ਧੱਕੇ ਨਾਲ ਐਕੁਆਇਰ ਨਹੀਂ ਕੀਤੀਆਂ ਜਾਣਗੀਆਂ?

**ਮੁੱਖ ਮੰਤਰੀ** : ਕੋਈ ਵੀ ਜ਼ਮੀਨ ਧੱਕੇ ਨਾਲ ਐਕੁਆਇਰ ਨਹੀਂ ਕੀਤੀ ਜਾਵੇਗੀ। ਪਿੰਡ ਵਾਲਿਆਂ ਦੀ ਖੁਸ਼ੀ ਪ੍ਰਾਪਤ ਕਰਾਂਗੇ, ਕਿਸਾਨਾਂ ਦੀ ਖੁਸ਼ੀ ਪ੍ਰਾਪਤ ਕਰਾਂਗੇ , ਫੇਰ ਜਿਹੜਾ ਉਨ੍ਹਾਂ ਨੂੰ ਕੰਪਨਸੇਸ਼ਨ ਹੈ, ਜੋ ਕਰੰਟ ਰੇਟ ਹੈ ਉਹ ਦਿੱਤਾ ਜਾਵੇਗਾ + 30% ਉਜਾੜਾ ਅਲਾਉਂਸ ਦਿਤਾ ਜਾਵੇਗਾ। (ਥੰਪਿੰਗ) ਇਕੱਲਾ ਡੀ.ਸੀ. ਹੀ ਨਹੀਂ ਉਸ ਪਿੰਡ ਦਾ ਸਰਪੰਚ, ਉਸ ਹਲਕੇ ਦਾ ਐਮ.ਐਲ.ਏ., ਉਸ ਇਲਾਕੇ ਦਾ ਐਮ.ਪੀ. ਇਹ ਬੈਠ ਕੇ ਡਿਸਾਈਡ ਕਰਨਗੇ। ਸਭ ਕੁਝ ਡੈਮੋਕ੍ਰੇਟਿਕ ਤਰੀਕੇ ਨਾਲ ਕੀਤਾ ਜਾਵੇਗਾ ਕਿਸੇ ਨਾਲ ਕੋਈ ਧੱਕਾ ਨਹੀਂ ਕੀਤਾ ਜਾਵੇਗਾ। ਜਿਸ ਤਰ੍ਹਾਂ ਪਿਛੇ ਧੱਕਾ ਹੋਇਆ ਹੈ, ਉਸ ਤਰ੍ਹਾਂ ਦੀ ਗੱਲ ਨਹੀਂ ਕਰਨੀ। ਸਾਡੀ ਕੋਸ਼ਿਸ਼ ਹੈ ਕਿ ਜਿਸ ਤਰ੍ਹਾਂ ਬਰਨਾਲਾ ਵਿਚ ਹੋਇਆ ਹੈ ਉਸ ਦਾ ਵੀ ਹੱਲ ਕੱਢ ਲਿਆ ਜਾਵੇ ਅਤੇ ਕਿਸਾਨਾਂ ਨੂੰ ਮੁਆਵਜ਼ਾ ਹੋਰ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਮਾਨਯੋਗ ਸਪੀਕਰ** : ਨੈਕਸਟ ਕੁਐਸਚਨ, ਗੋਲਡੀ ਜੀ।

---

## ਡੱਲੇਵਾਲ (ਗੜ੍ਹਸ਼ੰਕਰ) ਵਿਖੇ 66 ਕੇ.ਵੀ. ਗ੍ਰਿਡ ਸਟੇਸ਼ਨ

*222. **ਸ਼੍ਰੀ ਲਵ ਕੁਮਾਰ ਗੋਲਡੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਡੱਲੇਵਾਲ, ਸਬ-ਡਵੀਜ਼ਨ ਗੜ੍ਹਸ਼ੰਕਰ ਵਿਚ 66 ਕੇ.ਵੀ. ਸਬ-ਸਟੇਸ਼ਨ ਸਥਾਪਿਤ ਕਰਨ ਲਈ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਪੰਜਾਬ ਰਾਜ ਬਿਜਲੀ ਬੋਰਡ ਦੀ ਸਾਲ 2008-09 ਦੀ ਯੋਜਨਾ ਵਿਚ ਪਿੰਡ ਡੱਲੇਵਾਲ, ਸਬ-ਡਵੀਜ਼ਨ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇੱਕ ਨਵਾਂ 66 ਕੇ.ਵੀ. ਸਬ-ਸਟੇਸ਼ਨ ਸਥਾਪਿਤ ਕਰਨ ਦੀ ਯੋਜਨਾ ਹੈ। ਇਸ ਸਬ ਸਟੇਸ਼ਨ ਦਾ ਕੰਮ ਸਾਲ 2008-09 ਦੌਰਾਨ ਮੁਕੰਮਲ ਹੋ ਜਾਵੇਗਾ।

**ਸ਼੍ਰੀ ਲਵ ਕੁਮਾਰ ਗੋਲਡੀ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਲਵ ਕੁਮਾਰ ਗੋਲਡੀ ]

ਪਿਛਲੀ ਵਾਰ ਇਸ ਹਾਊਸ ਵਿਚ ਕਿਹਾ ਸੀ ਕਿ ਜਿਹੜੇ ਪੁਰਾਣੇ ਕੰਮ ਹਨ, ਉਹ ਸਫ਼ਰ ਨਹੀਂ ਹੋਣਗੇ। ਪਿਛਲੀ ਸਰਕਾਰ ਵੇਲੇ ਟੈਂਡਰ ਬੁਲਾ ਕੇ ਕਰੀਬ 15 ਲੱਖ ਰੁਪਏ ਇਸ ਕੰਮ ਲਈ ਐਲੋਕੇਟ ਹੋ ਚੁੱਕੇ ਸੀ। ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਇਹ ਕੰਮ ਕਦੋਂ ਸ਼ੁਰੂ ਹੋਣਗੇ ਅਤੇ ਕਦੋਂ ਖ਼ਤਮ ਹੋਣਗੇ?

**ਮੁੱਖ ਮੰਤਰੀ** : ਮੈਂ ਕਲੀਅਰਲੀ ਦੱਸ ਦਿੱਤਾ ਹੈ ਕਿ ਇਹ ਸਾਲ 2008-09 ਵਿਚ ਮੁਕੰਮਲ ਹੋ ਜਾਣਗੇ। ਇਹ ਪੱਕਾ ਵਾਅਦਾ ਹੈ।

**ਸ਼੍ਰੀ ਲਵ ਕੁਮਾਰ ਗੋਲਡੀ** : ਸਪਲੀਮੈਂਟਰੀ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ** : ਹੁਣ ਸਪਲੀਮੈਂਟਰੀ ਦੀ ਕੀ ਲੋੜ ਹੈ।

**ਸ਼੍ਰੀ ਲਵ ਕੁਮਾਰ ਗੋਲਡੀ** : ਸਪੀਕਰ ਸਾਹਿਬ, ਪਿਛਲੇ ਸਾਲ 15 ਲੱਖ ਰੁਪਿਆ ਐਲੋਕੇਟ ਕੀਤਾ ਗਿਆ ਸੀ। ਇਸ ਸਰਕਾਰ ਵੇਲੇ ਫਿਰ ਇਹ ਵਾਪਸ ਕਿਉਂ ਲਿਆ ਗਿਆ? ਇਹ ਆਨ-ਗੋਇੰਗ ਕੰਮ ਰੋਕਿਆ ਕਿਉਂ ਗਿਆ ਹੈ?

**ਮਾਨਯੋਗ ਸਪੀਕਰ** : ਉਨ੍ਹਾਂ ਨੇ ਦੱਸ ਦਿੱਤਾ ਹੈ ਕਿ ਸਾਲ 2008-09 ਵਿਚ ਕੰਮ ਮੁਕੰਮਲ ਕਰਵਾ ਦਿਤਾ ਜਾਵੇਗਾ। ਕਾਫ਼ੀ ਵਧੀਆ ਜਵਾਬ ਹੈ।

**ਸ਼੍ਰੀ ਲਵ ਕੁਮਾਰ ਗੋਲਡੀ** : ਸਪੀਕਰ ਸਾਹਿਬ, 15 ਲੱਖ ਰੁਪਿਆ ਐਲੋਕੇਟ ਹੋਇਆ ਸੀ। ਜਿਹੜਾ ਆਨ-ਗੋਇੰਗ ਕੰਮ ਸੀ ਉਸ ਤੋਂ ਤਾਂ ਪਿੱਛੇ ਹੱਟ ਗਏ। ਫੇਰ ਇਸ ਦਾ ਕੀ ਵਿਸ਼ਵਾਸ ਹੈ ਕਿ ਸਾਲ 2008-09 ਵਿਚ ਬਣਾ ਦੇਣਗੇ। (ਸ਼ੋਰ) (ਵਿਘਨ)

**ਮਾਨਯੋਗ ਸਪੀਕਰ** : ਇਸ ਵਾਸਤੇ ਵਿਸ਼ਵਾਸ ਦਿਵਾਇਆ ਹੈ, ਕੀ ਇਹ ਗੱਲ ਛੋਟੀ ਹੈ। Next Question.

---

## ਮੋਗਾ ਵਿਖੇ ਸਟੇਡੀਅਮ ਦੀ ਉਸਾਰੀ

*175. **ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਗੋਧੇਵਾਲਾ, ਜ਼ਿਲ੍ਹਾ ਮੋਗਾ ਨੇੜੇ ਸਟੇਡੀਅਮ ਦੀ ਉਸਾਰੀ ਤੇ ਕਿੰਨੀ ਰਕਮ ਖਰਚ ਕੀਤੀ ਗਈ/ਖਰਚ ਕੀਤੀ ਜਾਣੀ ਹੈ ਅਤੇ ਇਸ ਦੀ ਉਸਾਰੀ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਪੁੱਡਾ ਵੱਲੋਂ ਮਈ, 2007 ਤੱਕ ਇਸ ਉੱਤੇ 321.89 ਲੱਖ ਰੁਪਏ ਖਰਚਿਆ ਜਾ ਚੁੱਕਾ ਹੈ। ਇਸ ਉੱਤੇ ਮੁਕੰਮਲ ਹੋਣ ਤੱਕ ਹੋਰ

Original with;
Punjab Vidhan Sabha
Digitized by;
Panjab Digital Library

ਅੰਦਾਜ਼ਨ 60.00 ਲੱਖ ਰੁਪਏ ਖਰਚਾ ਆਵੇਗਾ। ਇਹ ਆਸ ਕੀਤੀ ਜਾਂਦੀ ਹੈ ਕਿ ਇਹ ਕੰਮ ਮਿਤੀ 30.9.2007 ਤੱਕ ਮੁਕੰਮਲ ਹੋ ਜਾਵੇਗਾ।

**ਸਰਦਾਰ ਅਜੀਤ ਸਿੰਘ ਸ਼ਾਂਤ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਨੋਨ ਅਰਨਿੰਗ ਪ੍ਰੋਜੈਕਟ ਸਾਲ 1999 ਦੇ ਵਿਚ ਸ਼ੁਰੂ ਕੀਤਾ ਸੀ। ਮੈਂ ਮਾਨਯੋਗ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇਸ ਕੰਮ ਨੂੰ ਮਿਤੀ 30.9.2007 ਤੱਕ ਮੁਕੰਮਲ ਕਰਨ ਜਾ ਰਹੇ ਹਾਂ। ਲੇਕਿਨ ਉਥੇ 7 ਏਕੜ ਦਾ ਵਾਅਦਾ ਹੋਇਆ ਸੀ। ਅੱਜ ਦੀ ਨੋਡਲ ਏਜੰਸੀ ਪੁੱਡਾ ਹੈ। ਜੋ ਕਿ ਬਾਰ੍ਹਾਂ ਪੁਆਇੰਟ ਸਮਥਿੰਗ ਏਕੜ ਤੇ ਕਬਜ਼ਾ ਕਰੀ ਬੈਠੀ ਹੈ। ਮੈਂ ਬੇਨਤੀ ਕਰਨੀ ਚਾਹਾਂਗਾ ਕਿ ਲੋਕਲ ਮਿਊਂਸਿਪੈਲਟੀਆਂ ਦੀ ਇਹ ਜਾਇਦਾਦ ਹੈ ਅਤੇ ਜਿਹੜੀ ਬਾਕੀ ਦੀ ਜ਼ਮੀਨ ਸੱਤ ਏਕੜ ਤੋਂ ਉਪਰ ਹੈ, ਉਹ ਤਕਰੀਬਨ ਪੰਜ ਏਕੜ ਦੇ ਕਰੀਬ ਹੈ। ਉਹ ਕਾਫ਼ੀ ਮਹਿੰਗੀ ਜ਼ਮੀਨ ਹੈ। ਕੀ ਇਹ ਵਾਪਸ ਮਿਊਂਸਿਪੈਲਟੀਆਂ ਨੂੰ ਦਿੱਤੀ ਜਾਵੇਗੀ? ਦੂਜਾ ਸਵਾਲ ਹੈ ਕਿ ਜਿਹੜੀ ਨੋਡਲ ਏਜੰਸੀ ਹੈ, ਉਥੇ ਸਰਵਿਸ ਚਾਰਜਿਜ਼ ਲਾ ਦਿੱਤੇ ਜਾਂਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੰਮ ਹੋਣ ਤੋਂ ਬਾਅਦ ਸਰਵਿਸ ਚਾਰਜਿਜ਼ ਤਾਂ ਨਹੀਂ ਲੱਗੇਗਾ? ਜਿਹੜੇ ਉਥੇ ਐਸ.ਸੀ.ਓ. ਤੇ ਬੂਥ ਬਣ ਰਹੇ ਹਨ, ਜੋ ਕਿ ਵੇਚੇ ਜਾ ਰਹੇ ਹਨ, ਤਕਰੀਬਨ 4 ਕਰੋੜ ਰੁਪਏ ਦੇ ਵੇਚੇ ਜਾ ਚੁੱਕੇ ਹਨ ਔਰ ਕੰਮ ਪੂਰਾ ਹੋਣ ਉਪਰੰਤ ਜਿਹੜਾ ਵਾਪਸ ਪੈਸਾ ਬਚੇਗਾ, ਕੀ ਉਹ ਮਿਊਂਸਿਪੈਲਟੀਆਂ ਨੂੰ ਵਾਪਸ ਕਰ ਦਿੱਤਾ ਜਾਵੇਗਾ?

**ਮੁੱਖ ਮੰਤਰੀ** : ਇਹ ਜਗ੍ਹਾ 12 ਏਕੜ ਨਹੀਂ ਹੈ ਸਗੋਂ 14 ਏਕੜ ਹੈ। ਉਥੇ ਸਟੇਡੀਅਮ ਅਤੇ ਹੋਰ ਸਾਰੀਆਂ ਚੀਜ਼ਾਂ ਜੋ ਬਣਨੀਆਂ ਹਨ, ਉਹ ਤਕਰੀਬਨ ਬਣਨ ਵਾਲੀਆਂ ਹਨ। ਥੋੜ੍ਹੀਆਂ ਜਿਹੀਆਂ ਚੀਜ਼ਾਂ ਹੀ ਮੁਕੰਮਲ ਹੋਣ ਵਿਚ ਰਹਿੰਦੀਆਂ ਹਨ। ਪੁੱਡਾ ਨੇ ਇਸ ਸ਼ਰਤ ਤੇ ਕੀਤਾ ਸੀ ਕਿ ਇਹ ਜਗ੍ਹਾ ਬਣਾ ਦੇਣ, ਉਹ ਤੇ ਜਿੰਨਾ ਰੁਪਿਆ ਲੱਗੇਗਾ, ਉਥੇ ਬੂਥ ਜਾਂ ਹੋਟਲ ਸਾਈਟ ਵੀ ਇੱਕ ਹੈ, ਉਹ ਇਹ ਉਸ ਤੋਂ ਲੈਣ। ਕਿਉਂਕਿ ਨਾ ਮਿਊਂਸਿਪੈਲਟੀਆਂ ਕੋਲ ਇੰਨੇ ਫੰਡ ਸੀ ਅਤੇ ਨਾ ਹੀ ਸਰਕਾਰ ਕੋਲ ਸੀ ਕਿ ਕੰਮ ਮੁਕੰਮਲ ਕਰ ਦਿੱਤਾ ਜਾਵੇ। ਇਸ ਲਈ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਕੰਮ ਮੁਕੰਮਲ ਹੋ ਜਾਵੇਗਾ।

**ਸਰਦਾਰ ਅਜੀਤ ਸਿੰਘ ਸ਼ਾਂਤ** : ਧੰਨਵਾਦ ਜੀ।

**ਮਾਨਯੋਗ ਸਪੀਕਰ** : ਅਗਲਾ ਸਵਾਲ।

---

## ਅੰਮ੍ਰਿਤਸਰ ਵਿਚ ਕੂੜਾ ਸੁੱਟਣ ਵਾਲੀ ਥਾਂ

*212. **ਸ਼੍ਰੀ ਅਨਿਲ ਜੋਸ਼ੀ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਅਨਿਲ ਜੋਸ਼ੀ ]

ਦੱਸਣਗੇ ਕਿ ਕੀ ਅੰਮ੍ਰਿਤਸਰ ਸ਼ਹਿਰ ਵਿਚ ਭਗਤਾਂਵਾਲਾ ਇਲਾਕੇ ਤੋਂ ਕੂੜਾ ਸੁੱਟਣ ਵਾਲੀ ਥਾਂ ਕਿਸੇ ਹੋਰ ਥਾਂ ਤੇ ਤਬਦੀਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ?

**ਸ਼੍ਰੀ ਮਨੋਰੰਜਨ ਕਾਲੀਆ** : ਹਾਂ ਸ਼੍ਰੀਮਾਨ ਜੀ, ਨਗੁਰ ਨਿਗਮ, ਅੰਮ੍ਰਿਤਸਰ ਨੇ ਇੱਕ ਕੰਪੋਸਟ ਪਲਾਂਟ/ਪਾਵਰ ਜੈਨਰੇਸ਼ਨ ਪਲਾਂਟ ਸਥਾਪਿਤ ਕਰਨ ਲਈ ਮਤਾ ਨੰ: ਐਸ.ਏ. 45, ਮਿਤੀ 27-3-2006 ਪਾਸ ਕੀਤਾ ਹੈ। ਇਹ ਪਲਾਂਟ 2-3 ਸਾਲ ਦੇ ਵਿਚ ਮੁਕੰਮਲ ਹੋ ਜਾਵੇਗਾ। ਜਿਉਂ ਹੀ ਪਲਾਂਟ ਮੁਕੰਮਲ ਹੋ ਜਾਂਦਾ ਹੈ, ਭਗਤਾਂਵਾਲਾ ਵਿਖੇ ਗਾਰਬੇਜ ਡੰਪਿੰਗ ਗਰਾਊਂਡ ਨੂੰ ਮਿਊਂਸਿਪਲ ਸੋਲਿਡ ਵੇਸਟ ਰੂਲਾਂ ਅਨੁਸਾਰ ਬੰਦ ਕਰ ਦਿੱਤਾ ਜਾਵੇਗਾ।

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਕੰਪੋਸਟ ਪਲਾਂਟ ਜਾਂ ਪਾਵਰ ਜੈਨਰੇਸ਼ਨ ਪਲਾਂਟ ਹਾਲੇ ਸ਼ੁਰੂ ਹੋਇਆ ਹੈ ਜਾਂ ਨਹੀਂ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਹਾਲੇ ਤਾਂ ਸ਼ੁਰੂ ਨਹੀਂ ਹੋਇਆ। ਹਾਲੇ ਤਾਂ ਇਸ ਸਬੰਧੀ ਪਰਪੋਜ਼ਲ ਹੈ। ਕਿਉਂਕਿ ਰੈਜ਼ੋਲਿਊਸ਼ਨ ਮਿਊਂਸਿਪਲ ਕਾਰਪੋਰੇਸ਼ਨ ਨੇ ਪਾਸ ਕੀਤਾ ਹੈ ਔਰ ਇਹ ਪਿਛਲੀ ਸਰਕਾਰ ਸਮੇਂ ਹੋਇਆ ਹੈ। ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਿਰਫ ਰੈਜ਼ੋਲਿਊਸ਼ਨ ਹੀ ਪਾਸ ਕਰਦੇ ਹਨ, ਹੋਰ ਕੁਝ ਨਹੀਂ ਕਰਦੇ। ਹੁਣ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਦੀ ਜਨਤਾ ਨੇ ਜ਼ਿੰਮੇਵਾਰੀ ਦਿੱਤੀ ਹੈ। ਕਿਉਂਕਿ ਇਹ ਕਾਫੀ ਲੰਬਾ ਪ੍ਰੋਸੈਸ ਹੈ। ਅਸੀਂ ਦੇਖਣਾ ਹੈ ਕਿ ਸਾਰੀ ਦੁਨੀਆਂ ਵਿਚ ਕਿਹੜੇ ਪਲਾਂਟ ਅੱਛੀ ਪਾਵਰ ਜੈਨਰੇਸ਼ਨ ਕਰ ਸਕਦੇ ਹਨ ਅਤੇ ਫਿਰ ਅਸੀਂ ਉਹ ਕੰਪੋਸਟ ਪਲਾਂਟ ਲਗਾ ਸਕਦੇ ਹਾਂ। ਇਹ ਘੋਖ ਕੇ ਲਗਾਵਾਂਗੇ। ਇਸ ਕੰਮ ਤੇ ਦੋ-ਤਿੰਨ ਸਾਲ ਦਾ ਸਮਾਂ ਲਗੇਗਾ।

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਅਜੇ ਸ਼ੁਰੂ ਹੀ ਨਹੀਂ ਹੋਇਆ ਤਾਂ ਮੰਤਰੀ ਸਾਹਿਬ ਕ੍ਰਿਪਾ ਕਰਕੇ ਦੱਸਣ ਕਿ ਅੰਮ੍ਰਿਤਸਰ ਵਿਚ ਰੋਜ਼ ਕਿੰਨੇ ਟਨ ਕੂੜਾ ਇਕੱਠਾ ਹੁੰਦਾ ਹੈ? ਕਿਉਂਕਿ ਪ੍ਰਾਬਲਮ ਬੜੀ ਗੰਭੀਰ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੇ 500 ਟਨ ਕੂੜਾ ਰੋਜ਼ ਇਕੱਠਾ ਹੁੰਦਾ ਹੈ। ਇਹ ਹਾਲੇ ਤੱਕ 194 ਕਨਾਲ ਦੇ ਭਗਤਾਂਵਾਲਾ ਵਿਖੇ ਗਾਰਬੇਜ ਡੰਪਿੰਗ ਗਰਾਊਂਡ ਵਿਚ ਡੰਪ ਹੁੰਦਾ ਹੈ।

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਤਕਰੀਬਨ ਇੱਕ ਸਾਲ ਲੰਘ ਗਿਆ ਹੈ, ਜਦੋਂ ਦਾ ਮਤਾ ਹੋਇਆ ਹੈ। ਉਥੇ ਰੋਜ਼ ਇੰਨਾ ਕੂੜਾ ਆ ਰਿਹਾ ਹੈ ਔਰ ਭਗਤਾਂਵਾਲਾ ਦੇ ਨਾਲ ਅਨਾਜ ਮੰਡੀ ਵੀ ਲਗਦੀ ਹੈ। ਅੱਗੇ ਹੀ ਬਹੁਤ ਸਾਰਾ ਕੂੜਾ ਮੰਡੀ ਤੱਕ ਪਹੁੰਚ ਰਿਹਾ ਹੈ ਪਰ ਇਨ੍ਹਾਂ ਵਲੋਂ ਹਾਲੇ ਤੱਕ ਕੰਮ ਹੀ ਸ਼ੁਰੂ ਨਹੀਂ ਹੋਇਆ। ਜਦੋਂ ਉਥੇ ਬਾਰਸ਼ ਹੁੰਦੀ ਹੈ ਤਾਂ ਸਾਰੀ ਮੰਡੀ ਵਿਚ ਪਾਣੀ ਆ ਜਾਂਦਾ ਹੈ। ਜਿਸ ਨਾਲ ਬੜੀ ਮੁਸ਼ਕਿਲ ਪੈਦਾ ਹੋ ਜਾਂਦੀ ਹੈ।

**ਮਾਨਯੋਗ ਸਪੀਕਰ** : ਇਸ ਦਾ ਜਵਾਬ ਆਲਰੇਡੀ ਆ ਗਿਆ ਹੈ ਜੀ।

ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਰਾਜ ਵਿਚ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ

*173. **ਸਰਦਾਰ ਕੰਵਰਜੀਤ ਸਿੰਘ ਬਰਾੜ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿਚ ਸੀਨੀਅਰ ਸੈਕੰਡਰੀ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਸਕੂਲਾਂ ਵਿਚ ਲੈਕਚਰਾਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਵਿਸ਼ਾਵਾਰ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਲੈਕਚਰਾਰਾਂ ਦੀਆਂ ਆਸਾਮੀਆਂ ਵਿਚੋਂ ਇਸ ਸਮੇਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਡਾਕਟਰ ਉਪਿੰਦਰਜੀਤ ਕੌਰ** : (ੳ) ਰਾਜ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਕੁੱਲ ਗਿਣਤੀ 1339 ਹੈ। ਇਨ੍ਹਾਂ ਸਕੂਲਾਂ ਵਿਚ ਲੈਕਚਰਾਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ 10590 ਹੈ। ਵਿਸ਼ਾਵਾਰ ਸੂਚੀ ਅਨੁਲੱਗ 'ੳ' ਤੇ ਹੈ।

(ਅ) ਇਸ ਸਮੇਂ ਲੈਕਚਰਾਰਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ 3535 ਹੈ। ਵਿਸ਼ਾਵਾਰ ਖਾਲੀ ਅਸਾਮੀਆਂ ਦੀ ਗਿਣਤੀ ਅਨੁਲੱਗ 'ੳ' ਤੇ ਹੀ ਹੈ। ਇਨ੍ਹਾਂ ਅਸਾਮੀਆਂ

Original with; Punjab Vidhan Sabha Digitized by; Panjab Digital Library

[ ਸਿੱਖਿਆ ਮੰਤਰੀ ]

ਨੂੰ ਨਿਕਟ ਭਵਿੱਖ ਵਿਚ ਭਰਨ ਦੇ ਯਤਨ ਕੀਤੇ ਜਾ ਰਹੇ ਹਨ।

## ਅਨੁਲੱਗ 'ੳ'

| ਵਿਸ਼ਾ | ਮਨਜ਼ੂਰਸ਼ੁਦਾ ਆਸਾਮੀਆਂ | ਭਰੀਆਂ ਆਸਾਮੀਆਂ | ਖਾਲੀ ਆਸਾਮੀਆਂ |
|---|---|---|---|
| ਪੰਜਾਬੀ | 1428 | 1074 | 354 |
| ਹਿੰਦੀ | 213 | 124 | 89 |
| ਅੰਗਰੇਜ਼ੀ | 1520 | 1072 | 448 |
| ਪੋਲ ਸਾਇੰਸ | 1295 | 711 | 584 |
| ਹਿਸਟਰੀ | 849 | 382 | 467 |
| ਅਰਥ ਸਾਸ਼ਤਰ | 1104 | 637 | 467 |
| ਸਰੀਰਕ ਸਿੱਖਿਆ | 330 | 140 | 190 |
| ਜੋਗਰਫੀ | 100 | 56 | 44 |
| ਹਿਸਾਬ | 971 | 590 | 381 |
| ਫਿਜ਼ਿਕਸ | 441 | 350 | 91 |
| ਕੈਮਿਸਟਰੀ | 432 | 350 | 82 |
| ਬਾਇਓਲੋਜੀ | 431 | 370 | 61 |
| ਕਾਮਰਸ | 664 | 580 | 84 |
| ਮਿਊਜ਼ਕ | 33 | 23 | 10 |
| ਖੇਤੀਬਾੜੀ | 5 | 2 | 3 |
| ਸੰਸਕ੍ਰਿਤ | 18 | 12 | 6 |
| ਹੋਮ ਸਾਇੰਸ | 20 | 15 | 5 |
| ਸ਼ੋਸਾਲੋਜੀ | 12 | 7 | 5 |
| ਫਾਈਨ ਆਰਟ | 5 | 4 | 1 |
| ਡਿਫੈਂਸ ਸਟੱਡੀ | 1 | 0 | 1 |
| ਅਤੇ ਹੋਰ | 718 | 556 | 162 |
| ਜੋੜ : | 10590 | 7055 | 3535 |

Original with;
Punjab Vidhan Sabha
Digitized by;
Panjab Digital Library

## ਮਿੰਨੀ ਪ੍ਰਾਇਮਰੀ ਸਿਹਤ ਕੇਂਦਰਾਂ ਨੂੰ ਸਮੂਹਿਕ ਸਿਹਤ ਕੇਂਦਰਾਂ ਵਜੋਂ ਅਪਗ੍ਰੇਡ ਕਰਨਾ

*167. **ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਪਿਛਲੇ ਪੰਜ ਸਾਲਾਂ ਦੇ ਦੌਰਾਨ ਬਲਾਕ ਨਿਹਾਲ ਸਿੰਘਵਾਲਾ, ਜ਼ਿਲ੍ਹਾ ਮੋਗਾ ਵਿਚ ਸਮੂਹਿਕ ਸਿਹਤ ਕੇਂਦਰਾਂ ਵਜੋਂ ਅਪਗ੍ਰੇਡ ਕੀਤੇ ਗਏ ਮਿੰਨੀ ਪ੍ਰਾਇਮਰੀ ਸਿਹਤ ਕੇਂਦਰਾਂ ਦੀ ਗਿਣਤੀ ਕਿੰਨੀ ਹੈ ;

(ਅ) ਕੀ ਉਪਰੋਕਤ ਭਾਗ(ੳ) ਵਿਚ ਵਰਣਿਤ ਸਮੂਹਿਕ ਸਿਹਤ ਕੇਂਦਰਾਂ ਵਿਚ ਲੋੜੀਂਦਾ ਮੈਡੀਕਲ ਸਟਾਫ ਲਗਾਇਆ ਗਿਆ ਹੈ; ਜੇਕਰ ਨਹੀਂ, ਤਾਂ ਉਕਤ ਸਮੂਹਿਕ ਸਿਹਤ ਕੇਂਦਰਾਂ ਵਿਚ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਖਾਲੀ ਪਈਆਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : (ੳ) ਸ਼੍ਰੀਮਾਨ ਜੀ, ਇਕ ਬਧਨੀ ਕਲਾਂ ਵਿਚ।

(ਅ) ਨਹੀਂ, ਸ਼੍ਰੀਮਾਨ ਜੀ।

ਇਕ ਪੋਸਟ ਜਿਹੜੀ ਕਿ ਮਿੰਨੀ ਪੀ.ਐਚ.ਸੀ ਬਧਨੀ ਕਲਾਂ ਲਈ ਮਨਜ਼ੂਰ ਹੈ, ਭਰੀ ਹੋਈ ਹੈ ਜੀ।

---

## ਰਾਜ ਵਿਚ ਨਸ਼ੇ ਦੀ ਵਰਤੋਂ ਦਾ ਖਤਰਾ

*172. **ਸਰਦਾਰ ਕੰਵਰਜੀਤ ਸਿੰਘ ਬਰਾੜ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲਾਂ 2005-06 ਅਤੇ 2006-07 ਤੋਂ ਮਿਤੀ ਅੰਤ ਦੇ ਦੌਰਾਨ ਨਸ਼ੇ ਦੀਆਂ ਦਵਾਈਆਂ ਵੇਚਣ ਵਾਲੇ ਕੈਮਿਸਟਾਂ ਵਿਰੁੱਧ ਦਰਜ ਕੀਤੇ ਗਏ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਰਾਜ ਵਿਚ ਨਸ਼ੇ ਦੀ ਵਰਤੋਂ ਦੇ ਖਤਰੇ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਲੋੜੀਂਦੀ ਸੂਚਨਾ ਅਨੁਲੱਗ 'ੳ' ਤੇ ਉਪਲੱਬਧ ਹੈ। ਨਸ਼ੇ ਦੀਆਂ ਦਵਾਈਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦੀ ਵਿਸਥਾਰ ਪੂਰਵਕ ਸੂਚਨਾ ਅਨੁਲੱਗ 'ਅ' ਤੇ ਉਪਲੱਬਧ ਹੈ।

Original with;
Punjab Vidhan Sabha
Digitized by;
Panjab Digital Library

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

## ਅਨੁਲੱਗ - ੳ

### ਜ਼ਿਲ੍ਹਾ ਵਾਰ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਤਹਿਤ ਕੈਮਿਸਟਾਂ ਦੇ ਖਿਲਾਫ ਰਜਿਸਟਰਡ ਕੀਤੇ ਗਏ ਸਾਲ 2005-06, 2006-07 ਅਤੇ ਮਈ, 2007 ਤੱਕ ਦੇ ਕੇਸਾਂ ਦੀ ਸੂਚਨਾ

| | | ਸਾਲ 2005-06 | | | | ਸਾਲ 2006-07 | | | | ਮਈ 2007 ਤੱਕ | | | |
|---|---|---|---|---|---|---|---|---|---|---|---|---|---|
| ਲੜੀ ਨੰ: | ਜ਼ਿਲ੍ਹੇ ਦਾ ਨਾਮ | ਕੇਸਾਂ ਦੀ ਗਿਣਤੀ | ਸਸਪੈਂਡ ਕੀਤੇ ਕੇਸ | ਰੱਦ ਕੀਤੇ ਕੇਸ | ਪ੍ਰਾਸੀਕਿਊਸ਼ਨ ਸਬੰਧੀ ਜਾਰੀ ਕੀਤੇ ਹੁਕਮ | ਕੇਸਾਂ ਦੀ ਗਿਣਤੀ | ਸਸਪੈਂਡ ਕੀਤੇ ਕੇਸ | ਰੱਦ ਕੀਤੇ ਕੇਸ | ਪ੍ਰਾਸੀਕਿਊਸ਼ਨ ਸਬੰਧੀ ਜਾਰੀ ਕੀਤੇ ਹੁਕਮ | ਕੇਸਾਂ ਦੀ ਗਿਣਤੀ | ਸਸਪੈਂਡ ਕੀਤੇ ਕੇਸ | ਰੱਦ ਕੀਤੇ ਕੇਸ | ਪ੍ਰਾਸੀਕਿਊਸ਼ਨ ਸਬੰਧੀ ਜਾਰੀ ਕੀਤੇ ਹੁਕਮ |
| 1. | ਅੰਮ੍ਰਿਤਸਰ | 15 | 13 | 1 | 1 | 20 | 7 | 11 | 2 | 1 | 1 | – | – |
| 2. | ਬਰਨਾਲਾ | – | – | – | – | – | – | – | – | – | – | – | – |
| 3. | ਬਠਿੰਡਾ | 4 | – | 1 | 3 | 1 | – | – | 1 | – | – | – | – |
| 4. | ਫਤਹਿਗੜ੍ਹ ਸਾਹਿਬ | – | – | – | – | – | – | – | – | – | – | – | – |
| 5. | ਫਰੀਦਕੋਟ | – | – | – | – | 3 | 3 | – | – | – | – | – | – |
| 6. | ਫਿਰੋਜ਼ਪੁਰ | 5 | 4 | 1 | – | 11 | 10 | 1 | – | 2 | 1 | – | 1 |
| 7. | ਗੁਰਦਾਸਪੁਰ | 5 | 5 | – | – | 5 | 2 | 2 | 1 | – | – | – | – |
| 8. | ਹੁਸ਼ਿਆਰਪੁਰ | 3 | 2 | – | 1 | 8 | 6 | 1 | 1 | – | – | – | – |
| 9. | ਜਲੰਧਰ | 7 | 4 | 2 | 1 | 15 | 12 | 3 | – | 2 | 1 | 1 | – |
| 10. | ਕਪੂਰਥਲਾ | 2 | – | – | 2 | 6 | 5 | – | 1 | – | – | – | – |

Original with;
Punjab Vidhan Sabha
Digitized by;
Punjab Digital Library

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਸਾਲ 2005-06 ਕੇਸਾਂ ਦੀ ਗਿਣਤੀ | ਸਸਪੈਂਡ ਕੀਤੇ ਕੇਸ | ਰੱਦ ਕੀਤੇ ਕੇਸ | ਪ੍ਰਾਸੀਕਿਊਸ਼ਨ ਸਬੰਧੀ ਜਾਰੀ ਕੀਤੇ ਹੁਕਮ | ਸਾਲ 2006-07 ਕੇਸਾਂ ਦੀ ਗਿਣਤੀ | ਸਸਪੈਂਡ ਕੀਤੇ ਕੇਸ | ਰੱਦ ਕੀਤੇ ਕੇਸ | ਪ੍ਰਾਸੀਕਿਊਸ਼ਨ ਸਬੰਧੀ ਜਾਰੀ ਕੀਤੇ ਹੁਕਮ | ਮਈ 2007 ਤੱਕ ਕੇਸਾਂ ਦੀ ਗਿਣਤੀ | ਸਸਪੈਂਡ ਕੀਤੇ ਕੇਸ | ਰੱਦ ਕੀਤੇ ਕੇਸ | ਪ੍ਰਾਸੀਕਿਊਸ਼ਨ ਸਬੰਧੀ ਜਾਰੀ ਕੀਤੇ ਹੁਕਮ |
|---|---|---|---|---|---|---|---|---|---|---|---|---|---|
| 11. | ਲੁਧਿਆਣਾ | 11 | 9 | 1 | 1 | 34 | 26 | 7 | 1 | 5 | 2 | 3 | – |
| 12. | ਮਾਨਸਾ | 2 | 1 | – | 1 | 1 | 1 | – | – | – | – | – | – |
| 13. | ਮੁਹਾਲੀ | – | – | – | – | 2 | – | 1 | 1 | 1 | – | – | 1 |
| 14. | ਮੋਗਾ | 16 | 10 | 2 | 4 | 20 | 11 | 3 | 6 | 1 | – | 1 | – |
| 15. | ਮੁਕਤਸਰ | 5 | 2 | – | 3 | 3 | 2 | 1 | – | – | – | – | – |
| 16. | ਨਵਾਂਸ਼ਹਿਰ | 2 | 1 | 1 | – | 2 | 1 | 1 | – | – | – | – | – |
| 17. | ਪਟਿਆਲਾ | 1 | 1 | – | – | 5 | 3 | – | 2 | 1 | – | – | 1 |
| 18. | ਰੂਪਨਗਰ | 9 | 7 | 1 | 1 | 13 | 10 | – | 3 | – | – | – | – |
| 19. | ਸੰਗਰੂਰ | 10 | 3 | 4 | 3 | 13 | 6 | 6 | 1 | 2 | 1 | – | 1 |
| 20. | ਤਰਨਤਾਰਨ | – | – | – | – | 2 | – | – | 2 | – | – | – | – |
| | ਕੁੱਲ ਜੋੜ | 97 | 62 | 14 | 21 | 164 | 105 | 37 | 22 | 15 | 6 | 5 | 4 |

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ਅ'

## ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਰਾਜ ਵਿਚ ਨਸ਼ਿਆਂ ਦੀ ਲਤ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦਾ ਵੇਰਵਾ

1. ਡਰੱਗਜ਼ ਅਤੇ ਕਾਸਮੈਟਿਕ ਐਕਟ 1940 ਦੀਆਂ ਧਾਰਾਵਾਂ ਨੂੰ ਪੁਰਜ਼ੋਰ ਤਰੀਕੇ ਨਾਲ ਅਮਲ ਵਿਚ ਲਿਆਉਣ ਹਿਤ ਮਹਿਕਮਾ ਡਰਗਜ਼ ਇੰਸਪੈਕਟਰਾਂ, ਮੈਡੀਕਲ ਅਫਸਰਾਂ, ਸਵੈ-ਸੇਵੀ ਸੰਸਥਾਵਾਂ ਅਤੇ ਪੁਲਿਸ ਮਹਿਕਮੇ ਦੀਆਂ ਸਾਂਝੀਆਂ ਟੀਮਾਂ ਬਣਾ ਕੇ ਰਾਜ ਵਿਚ ਡਾਕਟਰ ਦੀ ਪਰਚੀ ਤੋਂ ਬਿਨਾਂ ਨਸ਼ੇ ਵਜੋਂ ਦੁਰਵਰਤੋਂ ਕੀਤੀਆਂ ਜਾਂਦੀਆਂ ਦਵਾਈਆਂ ਦੀ ਵਿਕਰੀ ਨੂੰ ਰੋਕਣ ਹਿੱਤ ਸਾਂਝੀਆਂ ਇੰਸਪੈਕਸ਼ਨਾਂ ਕਰਵਾ ਰਿਹਾ ਹੈ।

2. ਰਾਜ ਦੇ ਸਾਰੇ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਡਾਕਟਰ ਦੀ ਪਰਚੀ ਤੋਂ ਬਿਨਾਂ ਨਸ਼ੇ ਵਜੋਂ ਦੁਰਵਰਤੋਂ ਕੀਤੀਆਂ ਜਾਣ ਵਾਲੀਆਂ ਦਵਾਈਆਂ ਦੀ ਵਿਕਰੀ ਨੂੰ ਰੋਕਣ ਸਬੰਧੀ ਕਾਰਵਾਈ ਪਹਿਲ ਦੇ ਆਧਾਰ ਤੇ ਕਰਨ।

3. ਕੈਮਿਸਟ ਐਸੋਸੀਏਸ਼ਨਾਂ ਨੂੰ ਨਸੀਹਤ ਕੀਤੀ ਗਈ ਹੈ ਕਿ ਉਹ ਆਪਣੇ ਮੈਂਬਰਾਂ ਨੂੰ ਨਸ਼ੇ ਵਜੋਂ ਦੁਰਵਰਤੋਂ ਹੋਣ ਵਾਲੀਆਂ ਦਵਾਈਆਂ ਦੀ ਵਿਕਰੀ ਬਿਨਾਂ ਡਾਕਟਰ ਦੀ ਪਰਚੀ ਤੋਂ ਨਾ ਕਰਨ ਅਤੇ ਉਕਤ ਦਵਾਈਆਂ ਦਾ ਸਹੀ ਵਿਕਰੀ ਅਤੇ ਖਰੀਦ ਰਿਕਾਰਡ ਰੱਖਣ।

4. ਗੈਰ-ਸਰਕਾਰੀ ਸੰਸਥਾਵਾਂ ਅਤੇ ਅਖਬਾਰਾਂ ਰਾਹੀਂ ਆਮ ਲੋਕਾਂ ਅਤੇ ਨੌਜਵਾਨਾਂ ਵਿਚ ਨਸ਼ਿਆਂ ਦੇ ਦੁਰਪ੍ਰਭਾਵ ਬਾਰੇ ਜਾਗਰੂਕਤਾ ਫੈਲਾਈ ਜਾ ਰਹੀ ਹੈ।

5. ਸਿਵਲ ਸਰਜਨਾਂ ਦੀਆਂ ਮਹੀਨਾਵਾਰ ਮੀਟਿੰਗਾਂ ਦੌਰਾਨ ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਨਸ਼ੇ ਦੀ ਲਾਹਨਤ ਉਤੇ ਵਿਅਕਤੀਗਤ ਤੌਰ ਤੇ ਧਿਆਨ ਦੇਣ।

6. ਸਾਂਝੀਆਂ ਇੰਸਪੈਕਸ਼ਨਾਂ ਵਿਚ ਵਾਧਾ ਕੀਤਾ ਗਿਆ ਹੈ ਅਤੇ ਰਾਜ ਵਿਚ ਕਸੂਰਵਾਰ ਕੈਮਿਸਟਾਂ ਉਤੇ ਮਹਿਕਮੇ ਵਲੋਂ ਕੀਤੀ ਜਾ ਰਹੀ ਕਾਰਵਾਈ ਦੀ ਨਿੱਜੀ ਤੌਰ ਤੇ ਨਿਗਰਾਨੀ ਕੀਤੀ ਜਾ ਰਹੀ ਹੈ।

7. ਤਕਰੀਬਨ 40 ਲੱਖ ਰੁਪਏ ਦੀਆਂ ਸਬੰਧਤ ਦਵਾਈਆਂ ਜੋ ਕਿ ਪਿਛਲੇ 3-4 ਸਾਲਾਂ ਦੌਰਾਨ ਡਰੱਗਜ਼ ਇੰਸਪੈਕਟਰਾਂ ਵਲੋਂ ਕੈਮਿਸਟਾਂ ਪਾਸੋਂ ਫੜ੍ਹੀਆਂ ਗਈਆਂ ਸਨ ਅਤੇ ਜਿਨ੍ਹਾਂ ਸਬੰਧੀ ਮਹਿਕਮੇ ਵਲੋਂ ਕਾਰਵਾਈ ਕੀਤੀ ਜਾ ਚੁੱਕੀ ਹੈ, ਨੂੰ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਜਿਵੇਂ ਕਿ ਗੁਰਦਾਸਪੁਰ 2/- ਲੱਖ ਰੁਪਏ, ਅੰਮ੍ਰਿਤਸਰ 13/- ਲੱਖ ਰੁਪਏ, ਲੁਧਿਆਣਾ 16/- ਲੱਖ ਰੁਪਏ, ਬਠਿੰਡਾ 4/- ਲੱਖ ਰੁਪਏ ਅਤੇ ਭਵਾਨੀਗੜ੍ਹ ਕਸਬਾ, ਜ਼ਿਲ੍ਹਾ ਸੰਗਰੂਰ ਵਿਖੇ 5/- ਲੱਖ ਰੁਪਏ, ਕੀਮਤ ਦੀਆਂ ਇਨ੍ਹਾਂ ਦਵਾਈਆਂ ਨੂੰ ਜਲਾ ਦਿੱਤਾ ਗਿਆ ਹੈ।

---

Original with;
Punjab Vidhan Sabha
Digitized by;
Panjab Digital Library

## ਪੱਟੇਦਾਰਾਂ ਨੂੰ ਮਲਕੀਅਤੀ ਅਧਿਕਾਰ ਦੇਣਾ

*104. **ਸਰਦਾਰ ਈਸ਼ਰ ਸਿੰਘ** : ਕੀ ਮਾਲ ਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਖੇਤੀਬਾੜੀ ਜ਼ਮੀਨਾਂ ਦੇ ਕੁੱਝ ਪੱਟੇਦਾਰਾਂ ਨੂੰ ਪੰਜਾਬ ਪੰਚਾਇਤਾਂ ਦੀ ਜ਼ਮੀਨ ਦੀ ਵਰਤੋਂ ਐਕਟ ਅਧੀਨ 1969-70 ਵਿਚ ਆਪਣੇ ਕਬਜ਼ੇ ਅਧੀਨ ਜ਼ਮੀਨਾਂ ਦੇ ਮਲਕੀਅਤੀ ਅਧਿਕਾਰ ਦੇ ਦਿੱਤੇ ਸਨ ਪ੍ਰੰਤੂ ਕੁੱਝ ਪੱਟੇਦਾਰ ਹਾਲੇ ਵੀ ਮਲਕੀਅਤੀ ਅਧਿਕਾਰਾਂ ਤੋਂ ਵਾਂਝੇ ਰਹਿ ਗਏ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿਚ ਹੋਵੇ, ਤਾਂ ਸਰਕਾਰ ਦੁਆਰਾ ਅਜਿਹੇ ਪੱਟੇਦਾਰਾਂ ਨੂੰ ਮਲਕੀਅਤੀ ਅਧਿਕਾਰ ਦੇਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਅਜੀਤ ਸਿੰਘ ਕੋਹਾੜ** : (ੳ) ਪੰਜਾਬ ਯੂਟੇਲਾਈਜ਼ੇਸ਼ਨ ਆਫ ਪੰਚਾਇਤ'ਜ਼ ਲੈਂਡ ਐਕਟ ਮੌਜੂਦ ਨਹੀਂ ਹੈ।

(ਅ) ਉਪਰੋਕਤ (ੳ) ਦੇ ਮੱਦੇ ਨਜ਼ਰ ਸਵਾਲ ਪੈਦਾ ਨਹੀਂ ਹੁੰਦਾ।

---

## ਜ਼ਿਲ੍ਹਾ ਹੈੱਡ ਕੁਆਰਟਰਜ਼, ਹੁਸ਼ਿਆਰਪੁਰ ਲਈ ਬਸ ਸੇਵਾ

*221. **ਸ਼੍ਰੀ ਲਵ ਕੁਮਾਰ ਗੋਲਡੀ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਹੈੱਡ ਕੁਆਰਟਰਜ਼, ਹੁਸ਼ਿਆਰਪੁਰ ਤੋਂ ਪਿੰਡ ਗੜ੍ਹੀ ਮਣਸੋਵਾਲ ਤੱਕ ਚਾਲੂ ਬਸ ਸੇਵਾ ਹਾਲ ਹੀ ਵਿਚ ਬੰਦ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ?

**ਮਾਸਟਰ ਮੋਹਨ ਲਾਲ** : (ੳ) ਹਾਂ ਜੀ।

(ਅ) ਨਹੀਂ। ਪੰਜਾਬ ਰੋਡਵੇਜ਼ ਦੀ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਪਿੰਡ ਗੜ੍ਹੀ ਮਨਸੋਵਾਲ ਨੂੰ ਕੋਈ ਬੱਸ ਸੇਵਾ ਨਹੀਂ ਹੈ।

---

## ਜਲੰਧਰ ਵਿਚ ਸੜਕਾਂ ਦੀ ਉਸਾਰੀ

*205. **ਸ਼੍ਰੀ ਚੁੰਨੀ ਲਾਲ ਭਗਤ** : ਕੀ ਲੋਕ ਕਾਰਜ (ਭਵਨ ਅਤੇ ਮਾਰਗ)

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਚੁੰਨੀ ਲਾਲ ਭਗਤ ]

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲੰਧਰ ਜ਼ਿਲ੍ਹੇ ਵਿਚ ਪੈਂਦੀਆਂ ਚਿੱਟੀ-ਲਾਂਬੜ੍ਹਾ ਅਤੇ ਪ੍ਰਤਾਪਪੁਰਾ-ਜਮਸ਼ੇਰ ਸੜਕਾਂ ਨੂੰ ਚੌੜਾ ਕਰਨ ਦਾ ਕੰਮ ਕਿਸ ਤਰੀਕ ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਇਨ੍ਹਾਂ ਸੜਕਾਂ ਤੇ ਕੁੱਲ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸ਼੍ਰੀ ਮਾਨ ਜੀ, ਇਸ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ :

### ਲਾਂਬੜ੍ਹਾ ਚਿੱਟੀ ਸੜਕ

ਇਸ ਸੜਕ ਨੂੰ ਪੱਕਾ ਕਰਨ ਦਾ ਕੰਮ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਮਿਤੀ 21-3-2007 ਨੂੰ 161.30 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਹੋ ਗਿਆ ਸੀ। ਇਹ ਕੰਮ ਇਕ ਸਾਲ ਵਿਚ ਪੂਰਾ ਹੋ ਜਾਣ ਦੀ ਸੰਭਾਵਨਾ ਹੈ।

### ਪ੍ਰਤਾਪਪੁਰਾ ਤੋਂ ਜਮਸ਼ੇਰ ਸੜਕ

ਇਸ ਸੜਕ ਨੂੰ ਪੱਕਾ ਕਰਨ ਦਾ ਕੰਮ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਮਿਤੀ 29-5-2007 ਨੂੰ 239.42 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਹੋ ਗਿਆ ਸੀ। ਇਹ ਕੰਮ ਇਕ ਸਾਲ ਵਿਚ ਪੂਰਾ ਹੋ ਜਾਣ ਦੀ ਸੰਭਾਵਨਾ ਹੈ।

---

## ਅਮਲੋਹ ਅਤੇ ਮੰਡੀ ਗੋਬਿੰਦਗੜ੍ਹ ਦੀਆਂ ਮਿਊਂਸਿਪਲ ਕਮੇਟੀਆਂ ਲਈ ਗ੍ਰਾਂਟਾਂ

*231. **ਸਰਦਾਰ ਸਾਧੂ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਅਮਲੋਹ ਅਤੇ ਮੰਡੀ ਗੋਬਿੰਦਗੜ੍ਹ ਮਿਊਂਸਿਪਲ ਕਮੇਟੀਆਂ ਦੇ ਉਨ੍ਹਾਂ ਪ੍ਰਾਜੈਕਟਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਲਈ ਵਿੱਤੀ ਸਾਲ 2006-07 ਦੇ ਦੌਰਾਨ ਵੱਖ-ਵੱਖ ਸਕੀਮਾਂ ਅਧੀਨ ਗ੍ਰਾਂਟਾਂ ਦਿੱਤੀਆਂ ਗਈਆਂ ਸਨ ਅਤੇ ਹਰ ਇਕ ਕੇਸ ਵਿਚ ਕਿੰਨੀ ਗ੍ਰਾਂਟ ਦਿੱਤੀ ਗਈ ;

(ਅ) ਕੀ ਉਪਰੋਕਤ ਭਾਗ(ੳ) ਵਿਚ ਵਰਣਿਤ ਗ੍ਰਾਂਟਾਂ ਦੀ ਰਕਮ ਉਕਤ ਮਿਊਂਸਿਪਲ ਕਮੇਟੀਆਂ ਦੁਆਰਾ ਵਰਤ ਲਈ ਗਈ ਸੀ; ਜੇਕਰ ਨਹੀ, ਤਾਂ ਇਸ ਦੇ ਕਾਰਨ ਕੀ ਹਨ?

**ਸ਼੍ਰੀ ਮਨੋਰੰਜਨ ਕਾਲੀਆਂ** : (ੳ) ਮਿਊਂਸਿਪਲ ਕਮੇਟੀ, ਅਮਲੋਹ ਅਤੇ ਮੰਡੀ

Original with;
Punjab Vidhan Sabha
Digitized by;
Panjab Digital Library

ਗੋਬਿੰਦਗੜ੍ਹ ਨੂੰ ਮਿਊਂਸਿਪਲ ਡਿਵੈਲਪਮੈਂਟ ਪ੍ਰੋਜੈਕਟ ਅਧੀਨ ਵਿੱਤੀ ਸਾਲ 2006-07 ਦੌਰਾਨ ਹੇਠ ਲਿਖੇ ਅਨੁਸਾਰ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ :-

(ਰੁਪਏ ਲੱਖਾਂ ਵਿਚ)

| ਲੜੀ | ਸਥਾਨਕ ਸੰਸਥਾ ਦਾ ਨਾਮ | ਸਕੀਮ ਦਾ ਨਾਮ | ਜਾਰੀ ਕੀਤੀ ਗਰਾਂਟ |
|---|---|---|---|
| 1. | ਅਮਲੋਹ | ਵਾਟਰ ਸਪਲਾਈ | 11.98 |
| 2. | ਮੰਡੀ ਗੋਬਿੰਦਗੜ੍ਹ | ਵਾਟਰ ਸਪਲਾਈ | 14.24 |

(ਅ) ਹਾਂ ਜੀ, ਗਰਾਂਟਾਂ ਪੂਰੀ ਤਰ੍ਹਾਂ ਵਰਤੀਆਂ ਜਾ ਚੁੱਕੀਆਂ ਹਨ।

---

## ਰਾਜ ਵਿਚ ਅਧਿਆਪਕਾਂ ਦੀ ਭਰਤੀ

*185. **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਧਿਆਪਕਾਂ ਦੀ ਭਰਤੀ ਇਸ ਸ਼ਰਤ ਤੇ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਉਹ ਕੁੱਝ ਸਮੇਂ ਲਈ ਸਰਹੱਦੀ ਖੇਤਰਾਂ ਵਿਚ ਵੀ ਆਪਣੀਆਂ ਸੇਵਾਵਾਂ ਨਿਭਾਉਣਗੇ?

**ਡਾਕਟਰ ਉਪਿੰਦਰਜੀਤ ਕੌਰ** : ਹਾਂ ਜੀ। ਇਹ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

---

## ਪ੍ਰਿੰਸੀਪਲਾਂ/ਹੈੱਡਮਾਸਟਰਾਂ ਦੀਆਂ ਖਾਲੀ ਆਸਾਮੀਆਂ

*230. **ਸਰਦਾਰ ਅਵਤਾਰ ਸਿੰਘ ਬਰਾੜ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਪ੍ਰਿੰਸੀਪਲਾਂ ਅਤੇ ਸਰਕਾਰੀ ਹਾਈ ਸਕੂਲਾਂ ਵਿਚ ਹੈੱਡਮਾਸਟਰਾਂ ਦੀਆਂ ਮੰਜ਼ੂਰਸ਼ੁਦਾ ਆਸਾਮੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਡਾਕਟਰ ਉਪਿੰਦਰਜੀਤ ਕੌਰ** : ਪੰਜਾਬ ਰਾਜ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਪ੍ਰਿੰਸੀਪਲਾਂ ਦੀਆਂ ਅਤੇ ਸਰਕਾਰੀ ਹਾਈ ਸਕੂਲਾਂ ਵਿਚ ਹੈਡਮਾਸਟਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਅਤੇ ਖਾਲੀ ਆਸਾਮੀਆਂ ਦੀ ਜ਼ਿਲ੍ਹਾ-ਵਾਰ ਗਿਣਤੀ

Original with;
Punjab Vidhan Sabha
Digitized by;
Panjab Digital Library

[ ਸਿੱਖਿਆ ਮੰਤਰੀ ]

ਅਨੁਲੱਗ - 'ੳ' ਤੇ ਹੈ।

ਇਨ੍ਹਾਂ ਖਾਲੀ ਆਸਾਮੀਆਂ ਨੂੰ ਜਲਦੀ ਹੀ ਭਰ ਦਿੱਤਾ ਜਾਵੇਗਾ।

## ਅਨੁਲੱਗ 'ੳ'

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀਆਂ | | ਸਰਕਾਰੀ ਹਾਈ ਸਕੂਲਾਂ ਦੇ ਮੁੱਖ ਅਧਿਆਪਕਾਂ ਦੀਆਂ | |
|---|---|---|---|---|---|
| | | ਮੰਨਜ਼ੂਰਸ਼ੁਦਾ ਅਸਾਮੀਆਂ | ਖਾਲੀ ਅਸਾਮੀਆਂ | ਮੰਨਜ਼ੂਰਸ਼ੁਦਾ ਅਸਾਮੀਆਂ | ਖਾਲੀ ਅਸਾਮੀਆਂ |
| 1. | ਪਟਿਆਲਾ | 79 | 66 | 100 | 54 |
| 2. | ਲੁਧਿਆਣਾ | 124 | 103 | 191 | 93 |
| 3. | ਰੋਪੜ | 40 | 34 | 59 | 29 |
| 4. | ਸੰਗਰੂਰ | 75 | 67 | 119 | 89 |
| 5. | ਐਸ.ਏ.ਐਸ. ਨਗਰ | 22 | 13 | 51 | 13 |
| 6. | ਬਰਨਾਲਾ | 25 | 22 | 50 | 43 |
| 7. | ਫਤਹਿਗੜ੍ਹ ਸਾਹਿਬ | 32 | 27 | 41 | 25 |
| 8. | ਜਲੰਧਰ | 117 | 103 | 140 | 83 |
| 9. | ਹੁਸ਼ਿਆਰਪੁਰ | 94 | 79 | 140 | 65 |
| 10. | ਗੁਰਦਾਸਪੁਰ | 119 | 106 | 124 | 63 |
| 11. | ਕਪੂਰਥਲਾ | 49 | 46 | 62 | 41 |
| 12. | ਨਵਾਂਸ਼ਹਿਰ | 43 | 40 | 56 | 37 |
| 13. | ਅੰਮ੍ਰਿਤਸਰ | 85 | 71 | 109 | 67 |
| 14. | ਤਰਨਤਾਰਨ | 52 | 51 | 82 | 71 |
| 15. | ਫਰੀਦਕੋਟ | 24 | 21 | 42 | 29 |
| 16. | ਬਠਿੰਡਾ | 71 | 63 | 87 | 56 |
| 17. | ਮਾਨਸਾ | 42 | 38 | 49 | 41 |
| 18. | ਮੋਗਾ | 67 | 64 | 77 | 54 |
| 19. | ਮੁਕਤਸਰ | 57 | 56 | 70 | 42 |
| 20. | ਫਿਰੋਜ਼ਪੁਰ | 81 | 76 | 93 | 44 |
| | ਜੋੜ : | 1298 | 1146 | 1742 | 1039 |

Original with;
Panjab Vidhan Sabha
Digitized by;
Panjab Digital Library

## ਸਰਹੱਦੀ ਖੇਤਰਾਂ ਵਿਚ ਚਲਦੀਆਂ-ਫਿਰਦੀਆਂ ਡਿਸਪੈਂਸਰੀਆਂ

*186. **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਹੱਦੀ ਖੇਤਰਾਂ ਲਈ ਚਲਦੀਆਂ-ਫਿਰਦੀਆਂ ਡਿਸਪੈਂਸਰੀਆਂ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਬਾਰਡਰ ਏਰੀਆ ਵਿਚ ਮੋਬਾਈਲ ਡਿਸਪੈਂਸਰੀਆਂ ਚਲਾਉਣ ਦੀ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਨਹੀਂ ਹੈ।

---

# UNSTARRED QUESTIONS AND ANSWERS

## ਰਾਜ ਵਿਚ ਸਿਖਲਾਈ ਕੋਰਸਾਂ ਲਈ ਕਾਲਜ

47. **ਸਰਦਾਰ ਅਵਤਾਰ ਸਿੰਘ ਬਰਾੜ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਿਖਲਾਈ ਕੋਰਸਾਂ ਲਈ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚ ਬੀ.ਐਡ. ਕੋਰਸ ਲਈ ਸੀਟਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ?

**ਡਾਕਟਰ ਉਪਿੰਦਰਜੀਤ ਕੌਰ** : ਪੰਜਾਬ ਰਾਜ ਵਿਚ ਕੁਲ 134 ਬੀ.ਐਡ. ਕਾਲਜ ਹਨ ਜਿਨ੍ਹਾਂ ਵਿਚੋਂ 4 ਸਰਕਾਰੀ, 15 ਸਹਾਇਤਾ ਪ੍ਰਾਪਤ ਅਤੇ 115 ਸਵੈ-ਵਿੱਤੀ ਕਾਲਜ ਹਨ। ਇਨ੍ਹਾਂ ਵਿਚ 15105 ਕੁਲ ਸੀਟਾਂ ਹਨ ਜਿਨ੍ਹਾਂ ਨੂੰ ਪ੍ਰਵੇਸ਼ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਭਰਿਆ ਜਾਂਦਾ ਹੈ। ਸਰਕਾਰੀ ਐਜੂਕੇਸ਼ਨ ਕਾਲਜਾਂ ਅਤੇ ਪ੍ਰਾਈਵੇਟ ਕਾਲਜਾਂ ਵਿਚ ਕ੍ਰਮਵਾਰ 640 ਅਤੇ 14465 ਸੀਟਾਂ ਹਨ। ਕਾਲਜਾਂ ਅਤੇ ਉਨ੍ਹਾਂ ਵਿਚ ਅਲਾਟ ਸੀਟਾਂ ਦਾ ਵੇਰਵਾ 'Annexure 1' ਤੇ ਰੱਖਿਆ ਜਾਂਦਾ ਹੈ।

## Annexure 1

### List of Colleges along with seats allotted

| Sr. No | Name of the College | Seats |
| --- | --- | --- |
| | **Colleges of Education affiliated to Guru Nanak Dev University, Amritsar** | |
| 1. | Anand College of Education for Women, VPO Jethuwal, Near Bus Stand, Batala Road, Teh. & Distt. Amritsar. | 100 |

Original with;
Punjab Vidhan Sabha
Digitized by;
Panjab Digital Library

[ Education Minister ]

| | | |
|---|---|---|
| 2. | Army Institute of Higher Education (B.Ed College), Pathankot. | 15 |
| 3. | Cheema College of Education, VPO Kishan Kot, Tehsil Batala, District Gurdaspur. | 100 |
| 4. | CT College of Education, Jalandhar. | 100 |
| 5. | D.A.N. College of Education, Nawanshahr. | 150 |
| 6. | D.A.V. College of Education for Women, Amritsar. | 200 |
| 7. | Government College of Education, Jalandhar. | 200 |
| 8. | Guru Nanak College of Education for Women, Kapurthala. | 110 |
| 9. | Guru Nanak Dev University Regional Campus, Gurdaspur. | 50 |
| 10. | J.D.S. College of Education, Vill : Kot, Tehsil Dhar Kalan, District Gurdaspur. | 100 |
| 11. | Kamla Nehru College of Education for Women, Plahi Road, Phagwara. | 100 |
| 12. | K.C. College of Education, K.C. Estate, Karyan Road, Nawanshahr. | 100 |
| 13. | Khalsa College of Education, C-Block, Ranjit Avenue, Amritsar. | 100 |
| 14. | Khalsa College of Education, Amritsar. | 200 |
| 15. | Lovely Institute of Education, Near Chaheru Railway Bridge, Jalandhar-Ludhiana G.T. Road, Phagwara. | 100 |
| 16. | MGN College of Education, Jalandhar. | 130 |
| 17. | Mohan Lal Memorial Institute of Education, Village Moodhal, Batala Road, Amritsar. | 100 |
| 18. | Paradise College of Education, Geeta Colony, Kala Sanghian Road, Jalandhar. | 100 |
| 19. | Ramgarhia College of Education, Phagwara. | 200 |
| 20. | Sai College of Education, V.P.O. Jadla, Tehsil & District Nawanshahr. | 100 |

Original with;
Punjab Vidhan Sabha
Digitized by;
Panjab Digital Library

| | | |
|---|---|---|
| 21. | Sant Baba Bhag Singh Institute of Education, Village Khyala, PO Badhwana, District Jalandhar. | 100 |
| 22. | Shaheed Bhagat Singh College of Education, Patti, Distt. Amritsar. | 100 |
| 23. | S.M.S.R.S.D. College of Education, Pathankot. | 100 |
| 24. | Sh. Vishwa Mittar Sekhri College of Education, Batala. | 100 |
| 25. | Sri Guru Angad Dev College of Education, VPO Khadoor Sahib, District Amritsar. | 100 |
| 26. | St. Soldier College of Education, Jalandhar. | 100 |
| 27. | Swami Sarvanand College of Education, Dinanagar, District Gurdaspur. | 100 |
| 28. | Tagore College of Education for Women, Behrampur Road, Gurdaspur. | 100 |

**Colleges of Education affiliated to Panjab University, Chandigarh**

| | | |
|---|---|---|
| 29. | B.C.M. College of Education, Ludhiana. | 180 |
| 30. | B.K.M. College of Education, Balachaur. | 100 |
| 31. | Babe Ke College of Education, VPO Daudhar, Distt. Moga. | 100 |
| 32. | Babe Ke College of Education, VPO Mudhki, Ferozepur. | 100 |
| 33. | Bawa Nihal Singh B.Ed. College, Kotkpura Chowk, Muktsar. | 100 |
| 34. | Bhutta College of Education, Vill : Bhutta, Ludhiana. | 100 |
| 35. | D.A.V. College of Education, Abohar. | 250 |
| 36. | D.A.V. College of Education, Hoshiarpur. | 300 |
| 37. | D.A.V. College of Education, College Road, Near Hanuman Mandir, Fazilka, Distt. Ferozepur. | 100 |
| 38. | D.D. Jain College of Education for Women, Ludhiana. | 120 |
| 39. | D.M. College of Education, Moga. | 200 |

Original with;
Punjab Vidhan Sabha
Digitized by;
Panjab Digital Library

[ Education Minister ]

| | | |
|---|---|---|
| 40. | Dashmesh Girls College of Education, VPO Badal, Block Lambi, Distt. Muktsar. | 100 |
| 41. | Dev Samaj College of Education for Women, Ferozepur. | 250 |
| 42. | Doraha College of Education, Doraha, Ludhiana. | 100 |
| 43. | G.H.G. Khalsa College of Education for Women, Sidhwan Khurd, Ludhiana. | 250 |
| 44. | G.H.G. Khalsa College of Education, Gurusar, Sudhar. | 200 |
| 45. | G.M.T. College of Education, Jalandhar Byepass, Ludhiana. | 100 |
| 46. | Gobindgarh College of Education, Alour, Teh : Khanna, Distt. Ludhiana. | 100 |
| 47. | Guru Gobind Singh College of Education, Giddarbaha, Muktsar. | 100 |
| 48. | Guru Gobind Singh College of Education, Near Radha Soami Dera, Dabwali Road, Vill. Gurusar, Malout. | 100 |
| 49. | Guru Gobind Singh Khalsa College of Education for Women, Vill. Kamalpura, Ludhiana. | 100 |
| 50. | Guru Nanak College of Education, Dalewal, P.O. Hariana, Hoshiarpur. | 100 |
| 51. | Guru Nanak College of Education, Malerkotla Road, VPO Gopalpur, Ludhiana. | 100 |
| 52. | Guru Teg Bahadur Khalsa College of Education, Dasuya, Hoshiarpur. | 100 |
| 53. | H.K.L. College of Education, Guddar Dhandi Road, Guru Har Sahai, Distt. Ferozepur. | 100 |
| 54. | J.D. College of Education, Sandodhan, Muktsar. | 100 |
| 55. | Jyoti B.Ed. College, Vill. Rampura, Abohar Road, Fazilka. | 100 |
| 56. | Kalgidhar Institute of Higher Education, Near Danewala Chowk, Kingra Road, Malout. | 100 |

Original with;
Punjab Vidhan Sabha
Digitized by;
Panjab Digital Library

| | | |
|---|---|---|
| 57. | Khalsa College of Education, Muktsar. | 100 |
| 58. | Lala Hans Raj Memorial College of Education, V.P.O. Talwandi Bhangaria, Moga. | 100 |
| 59. | Lala Jagat Narayan Education College, Muktsar Road, Opposite Shivalik Public School, Jalalabad, Ferozepur. | 100 |
| 60. | Lala Lajpat Rai Memorial College of Education, Dhudike (Ludhiana). | 100 |
| 61. | Maharaj Brahmanand Bhuriwale Garib Dass Rana Gajinder Chand B.Ed. (Girls) College, Mansowal, P.O. Binewal, Teh : Garhshankar (Hoshiarpur). | 100 |
| 62. | Maharishi Dayanand College of Education, Hanumangarh, Azimgarh, Abohar, Distt. Ferozpur. | 100 |
| 63. | Malwa Central College of Education for Women, Ludhiana. | 250 |
| 64. | Mangal Singh Institute of Education, Village Bughipura, Moga. | 100 |
| 65. | Moga College of Education for Girls, VPO Ghall Kalan, District Moga. | 100 |
| 66. | Muktsar Institute of Higher Education, Jalalabad Road, Muktsar. | 100 |
| 67. | Nanakana Sahib College of Education, Vill. Kotgangu Rai, Distt. Ludhiana. | 100 |
| 68. | Partap College of Education, Ludhiana. | 100 |
| 69. | Rayat College of Education, Railmajra, Near Ropar, District Nawanshahr. | 100 |
| 70. | Sant Baba Bhag Singh Memorial College of Education, VPO Sukhanand, Tehsil Baghapurana, District Moga. | 100 |
| 71. | Sant Baba Hari Singh Memorial College of Education, Mahilpur (Hoshiarpur). | 100 |
| 72. | Satyam College of Education, G.T. Road, Moga. | 100 |

Original with;
Punjab Vidhan Sabha
Digitized by;
Panjab Digital Library

[ Education Minister ]

| | | |
|---|---|---|
| 73. | S.D.S. College of Education for Women, Lopon, Moga. | 250 |
| 74. | Shri Guru Ram Dass B.Ed. College, Jalalabab, Ferozepur. | 100 |
| 75. | Sri Guru Gobind Singh College of Education, Village Beghpur Kamlooh (Mukerian), District Hoshiarpur. | 100 |
| 76. | Shri Satya Sai B.Ed. College, Vill. Karaiwala, Muktsar. | 100 |
| 77. | Sukhdeva Krishna College of Education for Girls, 10/1349, Court Road, Moga. | 100 |
| 78. | Surjeet Memorial College of Education, Vill: Malwai, P.O. Piarayan (Ferozepur). | 100 |
| 79. | Tagore College of Education, Village Fathegarh, Distt. Moga. | 100 |

**Colleges of Education affiliated to Punjabi University, Patiala**

| | | |
|---|---|---|
| 80. | Akal College of Education for Women, Fatehgarh Chhana, Distt. Sangrur. | 100 |
| 81. | Akal College of Education, Gurusagar Mastuana Sahib, Distt. Sangrur. | 100 |
| 82. | Aklia College of Education, Vill. Aklia Kalan, P.O. Goniana Mandi, Distt. Bathinda. | 100 |
| 83. | Ambika College of Education, Badala Road, Kharar, Distt. S.A.S. Nagar (Mohali). | 100 |
| 84. | Baba Farid College of Education, V.P.O. Deon, Muktsar Road, Bathinda. | 100 |
| 85. | Barkat Girls College of Education, Tallewal, Barnala. | 100 |
| 86. | Chandigarh College of Education, Landran, Mohali. | 100 |
| 87. | Chitkara College of Education, Fatepur Garhi, Tehsil Rajpura, Patiala. | 100 |
| 88. | Colonel College of Education, Chural Kalan, Sangrur. | 100 |

Original with;
Punjab Vidhan Sabha
Digitized by;
Punjab Digital Library

| | | |
|---|---|---|
| 89. | Desh Bhagat College of Education, Bardwal, Distt. Sangrur. | 100 |
| 90. | Desh Bhagat Institute of Education, Amloh Road, Gobindgarh. | 100 |
| 91. | Divya Shiksha Gurukul College of Education, Vill: Sitarpur, Patiala. | 100 |
| 92. | Doaba College of Education, Vill. Ghataur, Tehsil Kharar, Distt. Mohali. | 100 |
| 93. | Government College of Education, Faridkot. | 140 |
| 94. | Government College of Education, Patiala. | 200 |
| 95. | Government College of Education, Malerkotla. | 100 |
| 96. | Guru Gobind Singh College of Education, Mansa Road, Talwandi Sabo, Bathinda. | 100 |
| 97. | Guru Gobind Singh College of Education, Barnala. | 100 |
| 98. | Guru Nanak Dev College of Education, V.P.O. Majatri, Tehsil Kharar, Distt. Mohali. | 100 |
| 99. | Guru Teg Bahadur College of Education, Vill: Lehal Khurd, P.O. Lehra Gaga, Sangrur. | 100 |
| 100. | Indo Global College of Education, Abhipur, Ropar. | 100 |
| 101. | International Divine College of Education, Vill: Ratwara Sahib, P.O. Mullanpur Garibdas, Distt. SAS Nagar (Mohali). | 100 |
| 102. | Jasdev Singh Sandhu College of Education, Vill: Kauli, Patiala. | 100 |
| 103. | Lincon College of Education, Sirhind, Distt. Fatehgarh Sahib. | 100 |
| 104. | Maharaja Aggarsain College of Education, Vill: Jai Singh Wala, Bathinda. | 100 |
| 105. | Mastermind College of Education, Vill: Gehri Butter, Bathinda. | 100 |
| 106. | Mata Maiser Khana Girls College of Education, Vill: Maisar Khana, Bathinda. | 100 |

Original with;
Punjab Vidhan Sabha
Digitized by;
Panjab Digital Library

[ Education Minister ]

| | | |
|---|---|---|
| 107. | Mata Sahib Kaur Khalsa Girls College of Education, Dhamomajra, Patiala. | 100 |
| 108. | Mehar Chand College of Education, Bhanopli, Ropar. | 100 |
| 109. | Milkha Singh Educational Institute, Bareta, Distt. Mansa. | 100 |
| 110. | Modern College of Education, Vill. Birkalan, P.O. Cheema, Teh. Sunam, Distt. Sangrur. | 100 |
| 111. | Modern College of Education, Vill. Ranwan, Teh. Malerkotla, Distt. Sangrur. | 100 |
| 112. | Nancy College of Education, Waraichan Road, Samana, Patiala. | 100 |
| 113. | Punjab College of Education, Raipur, Patiala. | 100 |
| 114. | Punjab College of Education, Vill. Sarkapda Chunni Kalan, Mohali-Sirhind Road, Distt. Fatehgarh Sahib. | 100 |
| 115. | R.I.M.T. College of Education, Sirhind side, Mandi Gobindgarh. | 100 |
| 116. | Rayat and Bahra College of Education, Vill. Sahoran, Teh. Kharar, Distt. Mohali. | 100 |
| 117. | Regional College of Education, Kauli, Chandigarh-Rajpura Road, Patiala. | 100 |
| 118. | S.D. College of Education, Barnala. | 100 |
| 119. | S.S. College of Education, Bhikhi, Distt. Mansa. | 100 |
| 120. | S.S.D. Girls College of Education, Vill. Bhokra Bathinda. | 100 |
| 121. | Sachdeva College of Education, Ghuruan, Teh. Kharar, Distt. Mohali. | 100 |
| 122. | Sacred Heart International College of Education, Handiaya Road, Barnala. | 100 |
| 123. | Sardar Rajinder Singh Memorial Mukut College of Education for Women, Rajpura, Patiala. | 100 |

Original with;
Punjab Vidhan Sabha
Digitized by;
Panjab Digital Library

| | | |
|---|---|---|
| 124. | Shaheed Udham Singh College of Education, V.P.O. Mohlana Chowk, Tehsil Sunam, Distt. Sangrur. | 100 |
| 125. | Shivalik Hills College of Education, Patti, P.O. Mankpur Nangal, Tehsil Anandpur Sahib, Ropar. | 100 |
| 126. | Shivalik Institute of Education and Research, Distt. S.A.S. Nagar (Mohali). | 100 |
| 127. | Shiwam College of Education, Khokhar Kalan, Lehra-Sunam Road, V.P.O. Gobindgarh Khokhar, Tehsil Sunam. | 100 |
| 128. | Shri Guru Teg Bahadur College of Education, Vill. Sehke, Teh. Malerkotla, Sangrur. | 100 |
| 129. | Smt. Jawala Devi College of Education, Vill. Sanghol, Fatehgarh Sahib. | 100 |
| 130. | Swami Dayanand College of Education, Vill. Lehra Bega, Bathinda-Rampura Road, Bhucho Mandi, Teh. Nathana, Bathinda. | 100 |
| 131. | Swami Vivekanand College of Education, Moonak-Tohana Road, Moonak, Sangrur. | 100 |
| 132. | Swami Vivekanand College of Education, Vill: Ram Nagar, Near Banur, Tehsil Rajpura, Patiala. | 100 |
| 133. | University College of Education, Bathinda. | 60 |
| 134. | M and M College of Education, Vill. Nagri, Tehsil Sunam, Distt. Sangrur. | 100 |

## ਐਸ.ਏ.ਐਸ. ਨਗਰ, ਮੋਹਾਲੀ ਵਿਖੇ ਮਕਾਨਾਂ ਦੀ ਅਲਾਟਮੈਂਟ

48. **ਸਰਦਾਰ ਅਵਤਾਰ ਸਿੰਘ ਬਰਾੜ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਐਸ.ਏ.ਐਸ. ਨਗਰ, ਮੋਹਾਲੀ ਵਿਖੇ ਪਹਿਲੇ ਫੇਜ਼ ਵਿਚ 'ਐਚ ਈ' ਕੈਟੇਗਰੀ ਦੇ ਮਕਾਨ ਕਿਹੜੇ ਸਾਲ ਵਿਚ ਅਲਾਟ ਕੀਤੇ ਗਏ ਸਨ ਅਤੇ ਇਨ੍ਹਾਂ ਦੀ ਅਲਾਟਮੈਂਟ ਦੀਆਂ ਸ਼ਰਤਾਂ ਕੀ ਸਨ ;

Original with;
Punjab Vidhan Sabha
Digitized by;
Panjab Digital Library

[ ਸਰਦਾਰ ਅਵਤਾਰ ਸਿੰਘ ਬਰਾੜ ]

(ਅ) ਕੀ ਉਪਰੋਕਤ ਭਾਗ(ੳ) ਵਿਚ ਵਰਣਿਤ ਮਕਾਨਾਂ ਦੀਆਂ ਉਪਰਲੀਆਂ ਮੰਜ਼ਿਲਾਂ ਦੇ ਮਾਲਕਾਂ ਲਈ ਪਾਰਕਿੰਗ ਦਾ ਕੋਈ ਉਪਬੰਧ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਥਾਂ ਕਿਹੜੀ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਐਸ.ਏ.ਐਸ. ਨਗਰ, ਫੇਜ਼-1, ਮੁਹਾਲੀ ਵਿਖੇ 'ਐਚ.ਈ.' ਕੈਟਾਗਰੀ ਦੇ ਮਕਾਨਾਂ ਦੀ ਅਲਾਟਮੈਂਟ ਸਾਲ 1975-76 ਦੌਰਾਨ ਕੀਤੀ ਗਈ ਸੀ। ਅਲਾਟਮੈਂਟ ਸਬੰਧੀ ਨਿਯਮ ਅਤੇ ਸ਼ਰਤਾਂ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ।

(ਅ) ਇਨ੍ਹਾਂ ਮਕਾਨਾਂ ਦੀਆਂ ਉਪਰਲੀਆਂ ਮੰਜ਼ਿਲਾਂ ਲਈ ਕਿਸੇ ਕਿਸਮ ਦੀ ਪਾਰਕਿੰਗ ਦੀ ਸੁਵਿਧਾ ਨਹੀਂ ਰੱਖੀ ਗਈ।

**Terms and Conditions of Allotment of House of H.E. Category in Phase-1 at S.A.S. Nagar**

1. Economically Weaker Section house No. (G.F.) Sector 55 (Phase-1) is hereby allotted to you subject to the execution of Hire-Purchase Agreement which you will have to execute within a period of 15 days of the receipt of notice to execute the said agreement on the prescibed form. All charges for entering into Hire-Purchase Agreement, conveyance deed etc. including stamp duty shall have to be borne by you. The tentative price of the house is given in the margin. The final price of the house will be intimated to you in due course and the monthly instalments modified accordingly. All local rates, taxes etc. will be payable by you directly to the concerned authority.

2. In case you accept the allotment of this house you have the option to make the payments as under :—

   Deposit Rs. 14000/-, in lumpsum (full tentative cost of Rs. 15000/- less Rs. 1000/- earnest money) within 15 days of the date of issue of this letter.

   Deposit Rs. 2750/- (25% of the tentative cost of Rs. 15000/- less Rs. 1000/- earnest money) within 30 days of the date of issue of this letter and the balance 75% of the cost through monthly instalments of Rs. 105.50 (tentative), inclusive of interest in 20

Original with;
Punjab Vidhan Sabha
Digitized by;
Panjab Digital Library

years. Each monthly instalment shall be payable in advance by the 10th of every month, failing which penal interest indicated here-after in para 4 shall be charged. First instalment is payable simultaneously with 25% deposit. (The payment of monthly instalment will start from 1/76 i.e. you should pay two instalments for 1&2/76 to-gether with 25% tentative cost.) The amount of monthly instalment is liable to variation after the price of the house (inclusive of interest) is finally determined. Alongwith the monthly instalments, you are also liable to pay the insurance charges in respect of the property allotted to you.

3. All payment should be remitted to the Board by a bank draft in favour of the Punjab Housing Development Board, Chandigarh, drawn on any scheduled Bank at Chandigarh. Alternatively, the payments can be deposited in our saving fund A/c No. 1175 with the Syndicate Bank, Sector 17, Chandigarh who will issue a Receipt on behalf of the Board. In case of delayed payment you shall be liable to pay penal interest at the rates indicated below :—

| | | |
|---|---|---|
| (i) | Default for a period of one month or less. | 2% of the amount due. |
| (ii) | Default for more than 1 month and upto 2 months. | 4% of the amount due. |
| (iii) | Default for more than 2 month and upto 3 months. | 6% of the amount due. |
| (iv) | Default for more than 3 month and upto 4 months. | 8% of the amount due. |
| (v) | Default for more than 4 month and upto 5 months. | 10% of the amount due. |
| (vi) | Default for more than 5 month and upto 6 months. | 12% of the amount due. |

The penal interest shall be rounded off to the next rupee. In case of default exceeding six months the hire-purchase allotment may be terminated and you will be liable to eviction. All outstanding

Original with;
Punjab Vidhan Sabha
Digitized by;
Panjab Digital Library

[ Chief Minister ]

dues shall be recoverable from you as arrears of land revenue. In case you fail to deposit the initial amount of 25% within 30 days from the date of issue of this letter, the allotment may be cancelled and the earnest money forfeited.

4. No additions/alterations in the property allotted to you shall be made without prior approval of the Board in writing. In case of violation of this clause, the Board may resume the property and also take steps to remove the unauthorized additions/alterations at your cost which if not paid is recoverable from you as arrears of land revenue.

5. You shall be responsible for the proper maintenance and up-keep of the property. The maintenance of common portions and common services shall be the joint responsibility of the allottees of the concerned block and in case of failure to do so the Board or any officer authorized in this behalf may take such action as it considers necessary at the cost of the allottees and apportion the expenses amongst the allottees pro-rata or according to the circumstances of a particular case. Decision of the Housing Commissioner in this behalf shall be final and binding. Expenses incurred on your behalf shall be payable within 30 days from the date of issue of payment notice failing which these shall be recoverable from you as arrears of land revenue.

6. The Housing Commissioner or any other officer of the Board authorized by him in this behalf shall have the right to enter and inspect the premises between the hours of sun rise and sun set.

7. You will be bound by the provisions of the following Acts and rules/regulations framed thereunder, as amended from time to time :—

(a) Punjab Housing Development Board Act, 1972.

(b) Punjab Urban Estates Act, 1964.

8. The possession of the house will be given to you after deposit of initial payment of 25% of the cost alongwith first instalment or

Original with;
Punjab Vidhan Sabha
Digitized by;
Panjab Digital Library

payment of total cost in lump sum.

---

## ANNOUNCEMENT BY THE HON'BLE SPEAKER

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਜ਼ਾਦ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਮਤੇ ਬਾਰੇ ਡਿਸੀਜ਼ਨ ਆ ਚੁੱਕਾ ਹੈ। ਹੁਣ ਉਸ ਤੇ ਫਰਦਰ ਕੋਈ ਗੱਲ ਨਹੀਂ ਹੋਵੇਗੀ। ...(ਵਿਘਨ)... (ਸ਼ੋਰ)...

ਮੈਂ ਸਾਲ 2006-2007 ਲਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਰਿਪੋਰਟ ਜੋ ਕਿ ਉਸ ਕਮੇਟੀ ਨੇ ਉਸ ਸਮੇਂ ਦੇ ਮਾਨਯੋਗ ਸਪੀਕਰ ਨੂੰ ਪੇਸ਼ ਕੀਤੀ ਸੀ, ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 203 ਅਧੀਨ ਸਦਨ ਦੀ ਮੇਜ਼ ਤੇ ਰੱਖਦਾ ਹਾਂ ...(ਵਿਘਨ)... (ਸ਼ੋਰ)

(ਇਸ ਵਕਤ ਵੀ ਸਦਨ ਵਿਚ ਕਾਫੀ ਸ਼ੋਰ ਸੀ ਅਤੇ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ)।

ਫੈਸਲਾ ਹੋ ਚੁਕਿਆ ਹੈ। ਜਿਹੜਾ ਤੁਸੀਂ ਮਤਾ ਦਿੱਤਾ ਸੀ, ਉਹ ਰਿਜੈਕਟ ਹੋ ਚੁਕਿਆ ਹੈ। (ਵਿਘਨ, ਸ਼ੋਰ)। ਅਗਲੀ ਆਈਟਮ "ਨਿਯਮ 16 ਅਧੀਨ ਪ੍ਰਸਤਾਵ"। ਸੰਸਦੀ ਕਾਰਜ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

---

## MOTION UNDER RULE 16

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ :

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਪ੍ਰਸਤਾਵ ਪ੍ਰਵਾਨ ਹੋਇਆ।

**ਮਾਨਯੋਗ ਸਪੀਕਰ** : ਅਗਲੀ ਆਈਟਮ, ਵਿਧਾਨਕ ਕੰਮ ਕਾਰ।

---

## LEGISLATIVE BUSINESS

## 1. THE PUNJAB AGRICULTURAL PRODUCE MARKETS (AMENDMENT) BILL, 2007

### (Replacing Ordinance)

**ਮਾਨਯੋਗ ਸਪੀਕਰ** : ਮੰਤਰੀ ਜੀ।

**ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ)** : ਸਪੀਕਰ ਸਾਹਿਬ, ਮੈਂ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2007 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

> ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਜ਼ਾਦ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ।

## ਕਲਾਜ਼ 1 ਦੀ ਉਪ-ਕਲਾਜ਼(2)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ-ਕਲਾਜ਼(2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

## ਕਲਾਜ਼ਾਂ 2 ਅਤੇ 3

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਸਹਿਮਤ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਅਤੇ 3 ਬਿਲ ਦਾ ਹਿੱਸਾ ਹਨ।

**ਪ੍ਰਸਤਾਵ ਪ੍ਰਵਾਨ ਹੋਇਆ।**

Original with;
Punjab Vidhan Sabha
Digitized by;
Panjab Digital Library

## ਕਲਾਜ਼ 1 ਦੀ ਉਪ-ਕਲਾਜ਼ (1)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ-ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

## ਸਿਰਲੇਖ

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਅਗਲਾ ਬਿਲ।

---

Original with;
Punjab Vidhan Sabha
Digitized by;
Punjab Digital Library

## 2. THE PUNJAB VALUE ADDED TAX (AMENDMENT) BILL, 2007

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਬਿਲ, 2007 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਡਿਸਕਸ਼ਨ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ।

### ਕਲਾਜ਼ 1 ਦੀ ਉਪ-ਕਲਾਜ਼ (2)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ-ਕਲਾਜ਼ (2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

### ਕਲਾਜ਼ਾਂ 2 ਅਤੇ 3

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਸਹਿਮਤ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ

Original with;
Punjab Vidhan Sabha
Digitized by;
Panjab Digital Library

ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

**ਪ੍ਰਸਤਾਵ ਪ੍ਰਵਾਨ ਹੋਇਆ।**

## ਕਲਾਜ਼ 1 ਦੀ ਉਪ-ਕਲਾਜ਼ (1)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ-ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

## ਸਿਰਲੇਖ

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਮੁੱਖ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਜ਼ਾਦ ਮੈਂਬਰ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਹੀਂ ਕੀਤੇ ਜਾਣਗੇ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

---

** Not recorded as ordered by the Chair.

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

---

## 3. THE PUNJAB AGRICULTURAL PRODUCE MARKETS (SECOND AMENDMENT) BILL, 2007

**ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ)** : ਸ਼੍ਰੀਮਾਨ ਜੀ, ਮੈਂ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2007 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਡਿਸਕਸ਼ਨ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ,

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਉਪ-ਕਲਾਜ਼(2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ-ਕਲਾਜ਼(2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਕਲਾਜ਼ 1 ਦੀ ਉਪ ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

Original with;
Punjab Vidhan Sabha
Digitized by;
Punjab Digital Library

**ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2007 ਪਾਸ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

---

## 4. THE EAST PUNJAB HOLDINGS (CONSOLIDATION AND PREVENTION OF FRAGMENTATION) AMENDMENT BILL, 2007 (Replacing Ordinance)

**ਮਾਨਯੋਗ ਸਪੀਕਰ** : ਅਗਲਾ ਬਿਲ। ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 (ਆਰਡੀਨੈਂਸ ਦੀ ਥਾਂ ਲੈਣ ਲਈ) ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ ਇਹ ਬਿਲ ਪੇਸ਼ ਕਰਨ।

**ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ)** : ਸਪੀਕਰ ਸਾਹਿਬ, ਮੈਂ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਡਿਸਕਸ਼ਨ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ।

## ਕਲਾਜ਼ 1 ਦੀ ਉਪ ਕਲਾਜ਼ (2)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ ਕਲਾਜ਼ (2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

## ਕਲਾਜ਼ਾਂ 2 ਅਤੇ 3

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਸਹਿਮਤ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

**ਪ੍ਰਸਤਾਵ ਪ੍ਰਵਾਨ ਹੋਇਆ।**

Original with;
Punjab Vidhan Sabha
Digitized by;
Panjab Digital Library

### ਕਲਾਜ਼ 1 ਦੀ ਉਪ ਕਲਾਜ਼ (1)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਉਪ ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

### ਸਿਰਲੇਖ

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਮਾਲ ਅਤੇ ਪੁਨਰਵਾਸ ਮੰਤਰੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

**ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਸੋਧਨਾ ਬਿਲ, 2007 ਪਾਸ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਤੱਕ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਜ਼ਾਦ, ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ** : ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਕੀਤਾ ਜਾਂਦਾ ਹੈ।

*11.14 ਵਜੇ ਪੂਰਵ ਦੁਪਹਿਰ

(*ਇਸ ਉਪ੍ਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ε, 2007

ਹਾਜ਼ਰ

ਨ ਆਫ

ਚੇਅਰ

ਜਾਂਦਾ

ਆ।)

*Original with;*
Punjab Vidhan Sabha
*Digitized by;*
Panjab Digital Library

© 2007

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾਕੇ ਛਾਪੀ ਗਈ।

Punjab Govt. Press, S.A.S. Nagar/6069/08-07

Original with;
Punjab Vidhan Sabha
Digitized by;
Panjab Digital Library

# RESUME

## OF

## BUSINESS. TRANSACTED

## BY THE

# PUNJAB VIDHAN SABHA

## DURING

## THE BUDGET (SECOND) SESSION, 2007

## WITH

## APPENDICES CONTAINING DAILY

## BULLETINS AND

## COMMITTEE OF THE VIDHAN SABHA

PUNJAB VIDHAN SABHA SECRETARIAT,
CHANDIGARH.
OCTOBER, 2007

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PREFACE

The following pages contain Resume of Business transacted by Thirteenth Vidhan Sabha during its Budget (Second) Session, 2007 held from 19th June, 2007 to 29th June, 2007, together with the Bulletins issued daily after the adjournment of each Sitting of the Sabha.

2. It is hoped that the publication would be found useful by the Members and others who may wish to know in detail what work was done each day by the Vidhan Sabha in the above mentioned Session.

3. Any suggestion for further improvement of this publication in future would be very gratefully welcomed.

Chandigarh :
The 4th October, 2007

**MADAN MOHAN,**
SECRETARY.



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# TABLE OF CONTENTS


| Sr. No. | Subject | | Page |
|---|---|---|---|
| 1. | Summoning, sittings and prorogation of the Vidhan Sabha | .. | 1 |
| 2. | Programme observed | .. | 1 |
| 3. | Panel of Chairmen | .. | 5 |
| 4. | Obituary References | .. | 5 |
| 5. | Financial Business | .. | 6 |
| 6. | Legislation | .. | 7 |
| 7. | Synopsis of Bills passed by the Vidhan Sabha | .. | 10 |
| 8. | Resolutions | .. | |
| | (i) Official | .. | 11 |
| | (ii) Non-official | .. | 11 |
| 9. | Papers relaid/laid | .. | 12 |
| 10. | Reports presented/laid | .. | 17 |
| 11. | Adjournment Motion | .. | 18 |
| 12. | Other Motions | .. | 19 |
| 13. | Call Attention Notices under Rule 66 | .. | 20 |
| 14. | Statement made in reply to Matter raised during Zero Hour | .. | 22 |
| 15. | Statements by Ministers | .. | 23 |
| 16. | Comparative Statement of speeches made and time taken | .. | 24 |




*Original with;*
Punjab Vidhan Sabha
*Digitized by;*
Panjab Digital Library

| Sr. No. | Subject | | Page |
|---|---|---|---|
| 17. | Figures relating to Questions | .. | 25 |
| 18. | Questions' Statement | .. | 26 |
| 19. | Statement showing the number of Starred Questions answered, Date-wise and Party-wise | .. | 27 |
| 20. | Statement showing the number of Starred Questions deemed to have been answered under Rule 38, Date-wise and Party-wise | .. | 27 |
| 21. | Statement showing the number of Starred Questions listed in the names of different Ministers, Date-wise | .. | 28 |
| 22. | Statement showing the number of Starred Questions postponed, Date-wise and Party-wise | .. | 30 |
| 23. | Statement showing the number of Postponed Starred Questions, Date-wise and Minister-wise | .. | 31 |
| 24. | Statement showing Starred Questions postponed from some of the above referred Starred Questions which were included in the list of Postponed Starred Questions | .. | 32 |
| 25. | Walk-outs | .. | 32 |
| 26. | Unparliamentary/Undesirable Expressions | .. | 33 |
| 27. | Rulings by the Speaker | .. | 36 |



Original with;
Punjab Vidhan Sabha
Digitized by;
Panjab Digital Library

| Sr. No. | Subject | | Page |
|---|---|---|---|
| 28. | Observation by the Speaker | .. | 37 |
| 29. | Wit and Humour | .. | 39 |

**APPENDIX - I**

| | | | |
|---|---|---|---|
| 30. | Bulletins pertaining to the Budget (Second) Session, 2007 | .. | 40 |

**APPENDIX - II**

| | | | |
|---|---|---|---|
| 31. | Committee | .. | 58 |
| 32. | Index | .. | ( i ) |



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

## 1. SUMMONING, SITTINGS AND PROROGATION OF THE VIDHAN SABHA

TheThirteenth Punjab Vidhan Sabha was summoned by an Order of the Governor dated the 12th June, 2007, to meet for its Second Session in the Punjab Vidhan Sabha Hall, Vidhan Bhawan, Chandigarh, at 2.00 PM on the 19th June, 2007 and it continued to meet till the 29th June, 2007 when it adjourned sine-die. It was later prorogued by an Order of the Governor dated the 13th July, 2007.

During the Session, the Sabha held nine Sittings.

---

## 2. PROGRAMME OBSERVED

| *Date* | *Programme observed* |
|---|---|
| Tuseday, the 19th June, 2007 (2.00 P.M. to 2.30 P.M.) | Obituary references to the deaths of -<br>1. Dr. Jagjit Singh Chohan, Ex-Deputy Speaker and Ex-Minister;<br>2. Sardar Kirpal Singh Libra, Ex-MLA;<br>3. Sardar Sadhu Singh, Ex-MLA;<br>4. Sardar Budh Singh, Freedom Fighter;<br>5. Shri Dalip Chand, Freedom Fighter;<br>6. Sardar Kartar Singh, Freedom Fighter; and<br>7. Sardar Naranjan Singh, Freedom Fighter. |
| Wednesday, the 20th June, 2007 (10.00 A.M. to 12.27 P.M.) | Presentation of Budget Estimates for the year 2007-08 |
| Thursday, the 21st June, 2007 (10.00 A.M. to 2.30 P.M.) | 1. Anouncement by the Speaker regarding nomination of the Panel of Chairmen.<br>2. Announcement by the Secretary regarding laying of Statement showing the Bills which were passed by the 13th Vidhan Sabha during its First Session. |

Original with;
Punjab Vidhan Sabha
Digitized by;
Panjab Digital Library

| Date | Programme observed |
|---|---|
| | 3. Introduction of the following motion regarding behaviour of the Opposition- |

"This House strongly condemns the behaviour of the Congress Legislature Party for their bringing steel plates and spoons inside the Chamber and creating noise with them, which is against the norms of the House. This Party has lowered the prestige of the August House. Such type of act by the Congress Legislature Party could have resulted into fatal incidents if these articles were misused in the House. Such shameful act has for the first time occurred in the history of Punjab Legislature and amounts to serious breach of the privilege of the House.

This House, while condemning the irresponsible behaviour of the Congress Legislature Party, authorize the Hon'ble Speaker to order the checking of such Members before their entry in the House to prevent them from bringing such like articles in order to save the dignity of the House.

This House also resolves that the Members of the Opposition Party, who are present in the House today, be suspended for the remainder period of today's Sitting of the House."

However it was withdrawn.

4. Presentation and adoption of the First Report of the Business Advisory Committee.

Original with;
Punjab Vidhan Sabha
Digitized by;
Panjab Digital Library

| Date | Programme observed |
|---|---|
| | 5. Discussion on the following non-official Resolution:-<br><br>"This House recommends to the State Government to instruct the Police Department to get the increasing dowry related cases registered by the parents of the newly wedded brides thoroughly investigated before proceeding with the same in a stringent manner in order to ensure that the innocent people are not subjected to undue humiliation."<br><br>(Talked out) |
| Friday, the 22nd June, 2007<br>(10.00 A.M. to 2.30 P.M.) | 1. Statement by the Chief Minister.<br>2. General Discussion on the Budget Estimates for the year 2007-08. |
| Saturday, the 23rd June, 2007<br>Sunday, 24th June, 2007 | Holidays. |
| Monday, the 25th June, 2007<br>(2.00 P.M. to 6.30 P.M. | 1. Statement by the Chief Minister regarding tragic incident, which happened 32 years ago on 25th June, 1975 when Smt. Indira Gandhi, the then Prime Minister, supported by some other Parties imposed emergency for her personal gains in the country and by curbing the democratic rights of its citizens, made it a jail.<br>2. Resumption of General Discussion on the Budget Estimates for the year 2007-08. |
| Tuesday, the 26th June, 2007<br>(10.00 A.M. to 2.36 P.M.) | Further resumption of General Discussion on the Budget Estimates for the year 2007-08.<br><br>(Concluded) |

Original with;
Punjab Vidhan Sabha
Digitized by;
Punjab Digital Library

| ***Date*** | ***Programme observed*** |
|---|---|
| Wednesday, the 27th June, 2007 (10.00 A.M. to 1.05 P.M.) | 1. Discussion and Voting on the Demands for Grants relating to the Budget Estimates for the year 2007-08.<br>2. The Punjab Appropriation (No. 2) Bill, 2007.<br>(Passed) |
| Thursday, the 28th June, 2007 (10.00 A.M. to 1.05 P.M.) | 1. Discussion on the following Non-Official Resolution:-<br>"This House recommends to the State Government to frame stringent legal provisions to discourage the rising tendency of canal water theft in the State so that a genuine distribution of canal waters as per the area specific requirements could be ensured."<br>(Talked out)<br>2. Ruling on Adjournment Motion by the Hon'ble Speaker. |
| Friday, the 29th June, 2007 (10.00 A.M. to 11.14 P.M.) | 1. Announcement made by the Speaker regarding laying of the Report of the Committee on Government Assurances for the year 2006-07 under Rule 203.<br>2. Motion under Rule 16 regarding adjournement of the House sine-die.<br>(Carried)<br>3. Legislative Business:-<br>i) The Punjab Agricultural Produce Markets (Amendment) Bill, 2007.<br>(Passed)<br>ii) The Punjab Value Added Tax (Amendment) Bill, 2007.<br>(Passed) |

Original with;
Punjab Vidhan Sabha
Digitized by;
Panjab Digital Library

| Date | Programme observed |
|---|---|
| | iii) The Punjab Agricultural Produce Markets (Second Amendment) Bill, 2007. (Passed) |
| | iv) The East Punjab Holdings (Consolidation and Prevention of Fragmentation) Amendment Bill, 2007. (Passed) |

## 3. PANEL OF CHAIRMEN

On 15th June, 2007 the Speaker nominated the following Members to serve on the Panel of Chairmen under Rule 13(I) of the Rules of Procedure and Conduct of Business in the Punjab Vidhan Sabha (Punjab Legislative Assembly):-

1. Captain Balbir Singh Bath, MLA;
2. Shri Surjeet Kumar Jyani, MLA;
3. Sardar Avtar Singh Brar, MLA;
4. Sardar Sohan Singh Thandal, MLA.

## 4. OBITUARY REFERENCES

References to the deaths of the following were made by the Chief Minister and other Members on the 19th June, 2007:-

1. Dr. Jagjit Singh Chohan, Ex-Deputy Speaker and Ex-Minister;
2. Sardar Kirpal Singh Libra, Ex-MLA;
3. Sardar Sadhu Singh, Ex-MLA;

Original with;
Punjab Vidhan Sabha
Digitized by;
Panjab Digital Library

4. Sardar Budh Singh, Freedom Fighter;
5. Shri Dalip Chand, Freedom Fighter;
6. Sardar Kartar Singh, Freedom Fighter; and
7. Sardar Naranjan Singh, Freedom Fighter.

The Speaker associated himself with the sentiments expressed by the Members in the House. All Members stood in silence for two minutes as a mark of respect to the memory of the deceased.

---

## 5. FINANCIAL BUSINESS

### The Budget Estimates for the year 2007-08

I. The Budget Estimates for the year 2007-08 were presented to the House on the 20th June, 2007.

General Discussion on the Budget was held on the :-

| | |
|---|---|
| 22nd June, 2007 | For 177 minutes (Treasury Benches 50 minutes, INC 116 minutes and Independents 11 minutes) |
| 25th June, 2007 | For 196 minutes (Treasury Benches 100 minutes, INC 88 minutes and Independents 8 minutes) |
| 26th June, 2007 | For 211 minutes (Treasury Benches 159 minutes, INC 38 minutes and Independents 14 minutes) |

The Finance Minister, by way of reply, spoke for 50 minutes on the 26th June, 2007.

Total time taken by the Treasury Benches including time taken by the Finance Minister was 309 minutes, Indian National Congress 242 minutes and Independents 33 minutes.

II. Demands for Grants – There were in all 30 Demands for Grants, totalling a sum of Rs. 30468, 74,51,000/-.

The Demands were discussed and put to the Vote of the House on the 27th June, 2007.

Original with;
Punjab Vidhan Sabha
Digitized by;
Panjab Digital Library

III. The Punjab Appropriation (No. 2) Bill, 2007.

The Punjab Appropriation (No. 2) Bill, 2007 (No. 4-PLA-2007) in respect of the Demands voted by the Sabha and expenditure charged on the Consolidated Fund of the State of Punjab was introduced on the 27th June, 2007.

It was before the House for 107 minutes. Three Members including the Finance Minister from Treasury Benches and two from the Opposition (INC) participated in the debates, speaking for 107 minutes.

The Bill was passed on the 27th June, 2007.

---

## 6. LEGISLATION

The Sabha transacted Legislative Business on 27-06-2007 and 29-06-2007.

### I. Official Bills

The Sabha passed five Bills in all (including one Appropriation Bill).

### II. Non-Official Bills.

Nil.

---

Original with;
Punjab Vidhan Sabha
Digitized by;
Panjab Digital Library

## TABLE

| Sr No | Title of the Bill | Minister Introducing | Date of Intro-duction | Date of Consi-deration | Number of Speeches | | | Time taken in Minutes | | | Amendments Proposed | | | Amendments not moved/ withdrawn/ held out of order/ leave refused | | | Amendments Carried | | | Total time taken in minutes for the disposal of the Bill | Date of Passing | Remarks |
|---|---|---|---|---|---|---|---|---|---|---|---|---|---|---|---|---|---|---|---|---|---|---|
| | | | | | *SAD/BJP/(Treasury)* | *INC* | *Independent* | *SAD/BJP/(Treasury)* | *INC* | *Independent* | *SAD/BJP/(Treasury)* | *INC* | *Independent* | *SAD/BJP/(Treasury)* | *INC* | *Independent* | *SAD/BJP/(Treasury)* | *INC* | *Independent* | | | |
| 1. | The Punjab Appropriation (No. 2) Bill, 2007 | Finance Minister | 27-06-07 | 27-06-07 | 1 | - | - | 4 | - | - | - | - | - | - | - | - | - | - | - | 4 | 27-06-07 | - |
| 2. | The Punjab Agricultural Produce Markets (Amendment) Bill, 2007 | Parliamentary Affairs Minister | 29-06-07 | 29-06-07 | 1 | - | - | 2 | - | - | - | - | - | - | - | - | - | - | - | 2 | 29-06-07 | - |

Original with;
Punjab Vidhan Sabha
Digitized by;
Panjab Digital Library

| | | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|
| 3. | The Punjab Value Added Tax (Amendment) Bill, 2007 | Chief Minister | 29-06-07 | 29-06-07 | 1 | - | - | 3 | - | - | - | - | - | - | - | - | - | - | - | 3 | 29-06-07 | - |
| 4. | The Punjab Agricultural Produce Markets (Second Amendment) Bill, 2007 | Agriculture Minister | 29-06-07 | 29-06-07 | 1 | - | - | 3 | - | - | - | - | - | - | - | - | - | - | - | 3 | 29-06-07 | - |
| 5. | The East Punjab Holdings (Consolidation and Prevention of Fragmentation) Amendment Bill, 2007 | Revenue Minister | 29-06-07 | 29-06-07 | 1 | - | - | 2 | - | - | - | - | - | - | - | - | - | - | - | 2 | 29-06-07 | - |

Original with;
Punjab Vidhan Sabha
Digitized by;
Panjab Digital Library

## 7. SYNOPSIS OF BILLS PASSED BY THE VIDHAN SABHA

1. The Punjab Appropriation (No. 2) Bill, 2007. (Introduced and passed on 27th June, 2007).

The Bill provides for the appropriation out of the Consolidated Fund of the State of Punjab of sums required to meet the expenditure charged on the Consolidated Fund and the Grants made in advance by the Legislative Assembly in respect of the estimated expenditure for the Financial Year 2007-08.

2. The Punjab Agricultural Produce Markets (Amendment) Bill, 2007. (Introduced and passed on 29th June, 2007).

This Bill replaces the Punjab Agricultural Produce Markets (Amendment) Ordinance, 2007 (Punjab Ordinance No. 2 of 2007), which was promulgated to amend the principal Act, so as to supersede the nominated Market Committees by appointing Administrators to hold office and exercise the powers and perform the functions etc. of such Committees till the reconstitution of the Market Committees.

3. The Punjab Value Added Tax (Amendment) Bill, 2007. (Introduced and passed on 29th June, 2007).

This Bill seeks to amend the principal Act, for granting exemption from the levies/taxes on the amount of the bonus announced and to exempt incentive bonus granted by the Government of India in respect of wheat and paddy purchased for the Central pool by procurement agencies during the year 2006-07.

4. The Punjab Agricultural Produce Markets (Second Amendment) Bill, 2007. (Introduced and passed on 29th June, 2007).

This Bill seeks to amend the principal Act, so as to grant longer duration licence to the Arhtiyas on payment of one time lump sum fee of Rs. 2000/-.

5. The East Punjab Holdings (Consolidation and Prevention of Fragmentation) Amendment Bill, 2007. (Introduced and passed on 29th June, 2007).

This Bill replaces the East Punjab Holdings (Consolidation and Prevention

Original with;
Punjab Vidhan Sabha
Digitized by;
Panjab Digital Library

of Fragmentation) Amendment Ordinance, 2007 (Punjab Ordinance No. 3 of 2007), which was promulgated to amend the principal Act, so that land assigned or reserved for common purposes shall continue to be recorded in the Record of Rights in the column of ownership as Jumla Malkan Wa Digar Haqdaran Arazi Hasab Rasad Raqba in the public interest and in the interest of village community as a whole.

---

## 8. RESOLUTIONS

(i) **Official**

Nil.

(ii) **Non-Official**

| Sr. No. | Subject | Total | Treasury Benches SAD/BJP | INC | Independent |
|---|---|---|---|---|---|
| 1. | No. of Notices received | 59 | 8 | 47 | 4 |
| 2. | No. of Notices admitted | 43 | 8 | 31 | 4 |
| 3. | No. of Notices disallowed | 16 | - | 16 | - |
| 4. | No. of Notices referred back | - | - | - | - |
| 5. | No. of Resolutions balloted | 20 | 6 | 12 | 2 |
| 6. | Total No. of Resolutions lapsed on prorogation | 23 | 2 | 19 | 2 |
| 7. | No. of Ballots held | Two | | | |
| 8. | Date(s) on which Ballots held | On 20th June, 2007 and on 27th June, 2007 | | | |

Original with;
Punjab Vidhan Sabha
Digitized by;
Panjab Digital Library

| | | |
|---|---|---|
| 9. | Date on which Business other than Govt. Business was transacted | On 21st June, 2007 and on 28th June, 2007 |

---

On Thursday, the 21st June, 2007, Capt. Balbir Singh Bath, MLA moved the following Resolution.

***"This House recommends to the State Government to instruct the Police Department to get the increasing dowry related cases registered by the parents of the newly wedded brides thoroughly investigated before proceeding with the same in a stringent manner in order to ensure that the innocent people are not subjected to undue humiliation".***

The Resolution was discussed in the House for 1 Hour and 26 Minutes. Six Members from Treasury Benches and one Member from Indian National Congress Party took part in the discussion.

The Resolution was talked out.

On Thursday, the 28th June, 2007, Sardar Virsa Singh Valtoha, MLA moved the following Resolution. While moving the Resolution, he spoke for 15 minutes till the adjournment of the House.

**"This House recommends to the State Government to frame stringent legal provisions to discourage the rising tendency of canal water theft in the State so that a genuine distribution of canal waters as per the area specific requirements could be ensured".**

---

## 9. PAPERS RE-LAID/LAID

| Sr. No. | By whom re-laid/laid | Date on which relaid/laid | Subject |
|---|---|---|---|
| 1. | Minister for Parliamentary Affairs. | 22.06.2007 | 1. i) The Fees for making Application for Grant of Licence Rules, 2004;<br>ii) The Punjab State Electricity Regulatory Commission (Fee) Regulations, 2005; |

Original with;
Punjab Vidhan Sabha
Digitized by;
Panjab Digital Library

| Sr. No. | By whom re-laid/laid | Date on which relaid/laid | Subject |
|---|---|---|---|
| | | | iii) The Punjab State Electricity Regulatory Commission (Conduct of Business) Regulations, 2005; |
| | | | iv) The Punjab State Electricity Regulatory Commission (Procedure for Filing Appeal before the Appellate Authority) Regulations, 2005; |
| | | | v) The Punjab State Electricity Regulatory Commission (Income of other Businesses) Regulations, 2005; |
| | | | vi) The Punjab State Electricity Regulatory Commission (Open Assess) Regulations, 2005; |
| | | | vii) The Punjab State Electricity Regulatory Commission (Forum and Ombudsman) Regulations, 2005; |
| | | | viii) The Punjab State Electricity Regulatory Commission (State Advisory Committee) Regulations, 2005; |
| | | | ix) The Punjab State Electricity Regulatory Commission (Accounting Policy & Procedures) Regulations, 2005; |
| | | | x) The Punjab State Electricity Regulatory Commission (Engagement of Consultants) Regulations, 2005; and |

Original with;
Punjab Vidhan Sabha
Digitized by;
Panjab Digital Library

| Sr. No. | By whom re-laid/laid | Date on which relaid/laid | Subject |
|---|---|---|---|
| | | | xi) The Punjab State Electricity Regulatory Commission (Terms and Conditions for Determination of Tariff) Regulations, 2005; as required under Section 182 of the Electricity Act, 2003. |
| | | | 2. i) The Punjab State Electricity Regulatory Commission (Punjab State Grid Code) Regulations, 2006; and ii) The Punjab State Electricity Regulatory Commission (Intra-State Electricity Trading) Regulations, 2006, as required under Section 182 of the Electricity Act, 2003. |
| | | | 3. The Main Report of the Third Punjab Finance Commission, as required under Article 243-Y(2) of the Constitution of India and Section 11 of the Punjab Finance Commission for Panchayats and Municipalities Act, 1994 alongwith the explanatory memorandum as to the action taken thereon. |
| | | | 4. The Annual Administration Report of the Punjab State Electricity Board for the year 2004-05, as required under Section 75 of the Electricity (Supply) Act, 1948 alongwith statement showing the |

Original with;
Punjab Vidhan Sabha
Digitized by;
Panjab Digital Library

| Sr. No. | By whom re-laid/laid | Date on which relaid/laid | | Subject |
|---|---|---|---|---|
| | | | | Objects and Reasons for laying the above said Report. |
| | | | 5. | The Annual Financial Statement of the Punjab State Electricity Board for the year 2007-08, as required under Section 61 of the Electricity (Supply) Act, 1948 alongwith statement showing the Objects and Reasons for laying the above said Annual Financial Statement. |
| | | | 6. | The Annual Report of the Punjab State Hosiery & Knitwear Development Corporation Limited for the year 2004-05, as required under Section 619-A of the Companies Act, 1956. |
| | | | 7 | The Annual Statement of Accounts and Audit Report of the Punjab State Electricity Regulatory Commission for the year 2005-06, as required under Section 34(4) of the Electricity Regulatory Commission Act, 1998. |
| | | | 8. | The Audit Report on Accounts of the Punjab Financial Corporation for the year 2004-05, as required under Section 37(6) of the Punjab State Financial Corporation Act, 1951. |
| | | | 9. | The 40th Annual Report & Accounts of the Punjab Agro |

Original with;
Punjab Vidhan Sabha
Digitized by;
Panjab Digital Library

| Sr. No. | By whom re-laid/laid | Date on which relaid/laid | | Subject |
|---|---|---|---|---|
| | | | | Industries Corporation Ltd. for the year2005-06, as required under Section 619-A of the Companies Act, 1956. |
| | | | 10. | The Balance Sheet of the Punjab Backward Classes Land Development and Finance Corporation for the year 2004-05, as required under Section 27(6) of the Punjab Backward Classes Land Development and Finance Corporation Act, 1976. |
| | | | 11. | The Administration Report of the Pepsu Road Transport Corporation for the year 2002-03, as required under Section 35(3) of the Road Transport Corporation Act, 1950. |
| | | | 12. | The Annual Administration Report of the Punjab Water Supply and Sewerage Board for the year 2005-06, as required under Section 42(2) of the Punjab Water Supply and Swerage Board Act, 1976. |
| | | | 13. | The Annual Report & Accounts of the Punjab Pollution Control Board for the year 2002-03, as required under Section 39 of the Water (Prevention and Control of Pollution) Act, 1974. |

Original with;
Punjab Vidhan Sabha
Digitized by;
Panjab Digital Library

| Sr. No. | By whom re-laid/laid | Date on which relaid/laid | | Subject |
|---|---|---|---|---|
| | | | 14. | The Report of the Punjab State Vigilance Commission for the Calendar year 2006, as required under Section 15(3) of the Punjab State Vigilance Commission Act, 2006. |
| 2. | Minister for Parliamentary Affairs | 28.06.2007 | 1. i) | The Punjab Agricultural Produce Markets (Amendment) Ordinance, 2007 (Punjab Ordinance No. 2 of 2007); and |
| | | | ii) | The East Punjab Holdings (Consolidation and Prevention of Fragmentation) Amendment Ordinance, 2007 (Punjab Ordinance No. 3 of 2007), as required under Article 213(2)(a) of the Constitution of India. |

## 10. REPORTS PRESENTED/LAID

| Sr. No. | By whom presented/laid | Date on which presented/laid | Subject |
|---|---|---|---|
| 1 | 2 | 3 | 4 |
| | **BUSINESS ADVISORY COMMITTEE** | | |
| 1. | Speaker | 21.06.2007 | First Report of the Business Advisory Committee. |
| | **COMMITTEE ON GOVERNMENT ASSURANCES** | | |
| 2. | Speaker | 29.06.2007 | Report of the Committee on Government Assurances for the year 2006-07. |

Original with;
Punjab Vidhan Sabha
Digitized by;
Panjab Digital Library

## 11. ADJOURNMENT MOTION

Notice of only one Adjournment Motion was received which was mentioned in the House, the detail of which is given below:-

| Sr. No. | Date of Motion | Date on which mentioned in the House | Member(s) giving Notice | Subject | Decision |
|---|---|---|---|---|---|
| 1. | 28.06.2007 | 28.06.2007 | 1. Smt. Rajinder Kaur Bhattal, Leader of the Opposition<br>2. Sardar Gurmit Singh Sodhi.<br>3. Sardar Sukhpal Singh Khaira<br>4. Sardar Darshan Singh Brar<br>5. Sardar Tej Parkash Singh<br>6. Sardar Jit Mohinder Singh<br>7. Sardar Kewal Singh Dhillon<br>8. Shri Om Parkash Soni<br>9. Sardar Ajit Inder Singh Mofar<br>10. Shri Brahm Mohindra<br>11. Sardar Balbir Singh Sidhu<br>12. Sardar Amarjit Singh Samra<br>13. Sardar Gurpreet Singh Kangar<br>14. Sardar Kanwarjit Singh Brar<br>15. Sardar Sukhbinder Singh Sarkaria | Discussion on the law and order situation in the State | Disallowed under Rule 61 (6) as the matter had already been discussed during General Discussion on the Budget and Demands for Grants and further the matter being related to ordinary administration of law for which legal remedies are available. |

Original with;
Punjab Vidhan Sabha
Digitized by;

## 12. OTHER MOTIONS

| Sr. No. | Minister/Member moving | Moved on | Discussed on | Subject | Remarks/ Decision |
|---|---|---|---|---|---|
| 1 | 2 | 3 | 4 | 5 | 6 |
| 1. | Minister for Parliamentary Affairs | 21.06.2007 | 21.06.2007 | Adoption of the recommendations contained in the First Report of the Business Advisory Committee. | Carried |
| 2. | Minister for Parliamentary Affairs | 21.06.2007 | 21.06.2007 | Motion regarding behaviour of the Opposition. | Withdrawn |
| 3. | Minister for Parliamentary Affairs | 29.06.2007 | 29.06.2007 | Motion under Rule 16 regarding Adjournment of the House sine-die. | Carried |

Original with;
Punjab Vidhan Sabha
Digitized by;
Panjab Digital Library

## 13. CALL ATTENTION NOTICES UNDER RULE 66

In all, 19 Notices of calling attention to matters of urgent public importance were received. The detail of the admited Notices which were taken up in the House, is given below:-

| Sr. No. | Call Attention Notice No. | Member (s) Calling Attention | Date | Subject | Remarks |
|---|---|---|---|---|---|
| 1 | 2 | 3 | 4 | 5 | 6 |
| 1. | 1 | Shri Surjeet Kumar Jyani | 21.06.2007 | Regarding contamination of water of Harike Pattan by the acidic fluid of factories in and around Ludhiana and by the sullage water of Budha Nullah. | The Minister for Science, Technology and Environment made a statement. |
| 2. | 2 | Sardar Jatinder Singh Kariha | 25.06.2007 | Regarding resentment amongst the people due to discharge of chemically contaminated solid and liquid waste into the Saila Khurd Choe by the Paper Mill of Amrit Vanaspati Company in District Hoshiarpur. | The Minister for Science, Technology and Environment made a statement. |

Original with;
Punjab Vidhan Sabha
Digitized by;
Panjab Digital Library

| Sr. No. | Call Attention Notice No. | Member (s) Calling Attention | Date | Subject | Remarks |
|---|---|---|---|---|---|
| 1 | 2 | 3 | 4 | 5 | 6 |
| 3. | 7 | (i) Shri Surjeet Kumar Jyani<br>(ii) Sardar Sohan Singh Thandal | 26.06.2007 | Regarding resentment amongst the people due to absence of an alternative route connecting Ferozepur Cantt. and City, as the over-bridge connecting them, is declared unfit for traffic. | The Minister for PWD (B&R) made a statement. |

Original with;
Punjab Vidhan Sabha
Digitized by;
Punjab Digital Library

## 14. STATEMENT MADE IN REPLY TO MATTER RAISED DURING ZERO HOUR

A Statement was made in reply to various points raised by the Hon'ble Members during Zero Hour, the detail of which is as under:-

| Sr. No. | Date | Made by | Subject Matter |
|---|---|---|---|
| 1 | 2 | 3 | 4 |
| 1. | 21.06.2007 | Chief Minister | Regarding launching of the Atta-Dal Scheme w.e.f. 15th August, 2007 for about 13.50 lakh beneficiaries covering 1/3rd population of Punjab and agreeing to the demand of the Leader of the Opposition to go in for a debate on all issues including registration of false cases, political vendetta, law and order for a full day and also assuring that neither any innocent person would be arrested nor any guilty would be left and the rule of law would be allowed to prevail without any interference. The Chief Minister also regretted the sudden incident in Jalandhar in which the guilty Thanedar has been suspended. |

Original with;
Punjab Vidhan Sabha
Digitized by;
Panjab Digital Library

## 15. STATEMENTS BY MINISTERS

The Chief Minister/Ministers made a total number of five statements including three statements made in reply to Call Attention Notices. The detail with regard to the remaining two statements is as follows:-

| Sr. No. | Date | Made by | Subject Matter |
|---|---|---|---|
| 1 | 2 | 3 | 4 |
| 1. | 22.06.2007 | Chief Minister | Regarding the approval given by the Centre for Bathinda Refinery. |
| 2. | 25.06.2007 | Chief Minister | Regarding imposition of emergency in the country by Smt. Indira Gandhi, the late Prime Minister, for her personal gains by curbing the democratic rights of its citizens and making the country a jail. It was also reminded that in the country, it was only the Shiromani Akali Dal and Punjabis who had posed a challenge to counter the atrocities unleashed by the Government by courting arrests and reiterated the SAD/BJP's coalition Government's determination for preserving not only the rights of every citizen of Punjab but also of the whole country. |

Original with;
Punjab Vidhan Sabha
Digitized by;
Panjab Digital Library

## 16. COMPARATIVE STATEMENT OF SPEECHES MADE AND TIME TAKEN

| Number of speeches made by | | | | Time taken by | | | |
|---|---|---|---|---|---|---|---|
| Treasury Benches | | Members of I.N.C. | Independents | Treasury Benches | | Members of I.N.C. | Independents |
| Members excluding Ministers | Ministers | | | Members excluding Ministers | Ministers | | |
| 1 | 2 | 3 | 4 | 5 | 6 | 7 | 8 |
| | | | | H.M. | H.M. | H.M. | H.M |
| 12 | 14 | 11 | 5 | 3.25 | 5.48 | 5.06 | 0.36 |
| 28.57 Per cent | 33.33 Per cent | 26.20 Per cent | 11.90 Per cent | 22.36 Per cent | 37.28 Per cent | 38.14 Per cent | 2.22 Per cent |

Note: (1) Observations/Statements/Rulings etc. by the Chair and time taken thereon are not included in the above Statement.

(2) Question Hour has been excluded from the Statement.

(3) Speeches made and Time Taken by the Chief Parliamentary Secretaries and Parliamentary Secretaries have been included in the category of Ministers.

(4) Time Taken on Divisions, Adjournment Motions, Call Attention Notices, Privilege Motions, No-Confidence Motions, Points of Order, Motions in respect of Legislation, Personal Explanations, Congratulatory Speeches, Presentation of Reports and such other Papers etc. is also excluded from the Statement.

Original with;
Punjab Vidhan Sabha
Digitized by;
Panjab Digital Library

## 17. FIGURES RELATING TO QUESTIONS

| | | |
|---|---|---|
| 1. | Total No. of Sitting of the Sabha | 9 |
| 2. | Total No. of Notices of Questions received | |
| | Starred Questions | 279 |
| | Unstarred Questions | 48 |
| | Short Notice Questions | 2 |
| 3. | Total No. of Sittings at which Questions were not taken up | 1 |
| 4. | Total No. of Members from whom Notices were received | 44 |
| 5. | Total No. of Questions placed on the Order Paper | |
| | Starred Questions | 159 |
| | Unstarred Questions | 46 |
| | Short Notice Question | - |
| 6. | Total No. of Starred Questions to which oral answers were given | 107 |
| 7. | Total No. of Starred Questions deemed to have been answered under Rule-38 | 21 |
| 8. | Total No. of Starred Questions converted into Unstarred Questions | 35 |
| 9. | Total No. of Unstarred Questions replied to | 42 |
| 10. | Total No. of Starred Questions Postponed | 12 |
| 11. | Maximum No. of Questions addressed to any one Minister (Local Govt. Minister on 21.06.2007) | 6 |
| 12. | Maximum No. of Questions orally answered by any one Minister (Local Govt. Minister on 21.06.2007) | 5 |

Original with;
Punjab Vidhan Sabha
Digitized by;
Panjab Digital Library

## 18. QUESTIONS' STATEMENT

| Type of Questions | No. of Notices received | No. of Notices admitted | No. of Notices dis-allowed/ referred back | No. of Notices clubbed with other Notices on the same Subject | No. of Postponed Questions | No. of Questions Not-put | No. of Questions answered | No. of Starred Questions converted into Unstarred Questions on Proro-gation of the Session | No. of Questions deemed to have been answered under Rule-38 | No. of Notices with-drawn | No. of Supple-mentaries asked | No. of Notices lapsed on Prorogation |
|---|---|---|---|---|---|---|---|---|---|---|---|---|
| Starred Questions | 279 | 204 | 161 | - | 12 | 19 | 107 | 35 | 21 | - | 241 | 10 |
| Unstarred Questions | 48 | 46 | 2 | - | 4 | - | 42 | - | - | - | - | - |
| Short Notice Questions | 2 | - | 2 | - | - | - | - | - | - | - | - | - |

Original with;
Punjab Vidhan Sabha
Digitized by;
Panjab Digital Library

## 19. STATEMENT SHOWING THE NUMBER OF STARRED QUESTIONS ANSWERED, DATE-WISE AND PARTY-WISE

| Date | S.A.D. | B.J.P. | I.N.C. | Independents | Total |
|---|---|---|---|---|---|
| 20.06.2007 | 3 | 1 | 9 | 2 | 15 |
| 21.062007 | 3 | 3 | 9 | 2 | 17 |
| 22.06.2007 | 4 | 1 | 8 | 2 | 15 |
| 25.06.2007 | 2 | - | 8 | 2 | 12 |
| 26.06.2007 | 2 | 2 | 9 | - | 13 |
| 27.06.2007 | 2 | - | - | 2 | 13 |
| 28.06.2007 | 6 | 1 | 6 | - | 13 |
| 29.06.2007 | 3 | 1 | 4 | 1 | 9 |
| | | | | Total | 107 |

## 20. STATEMENT SHOWING THE NUMBER OF STARRED QUESTIONS DEEMED TO HAVE BEEN ANSWERED UNDER RULE-38, DATE-WISE AND PARTY-WISE

| Date | S.A.D. | B.J.P. | I.N.C. | Independents | Total |
|---|---|---|---|---|---|
| 20.06.2007 | - | - | - | - | - |
| 21.062007 | - | - | 1 | - | 1 |
| 22.06.2007 | - | - | - | - | - |
| 25.06.2007 | - | - | - | - | - |
| 26.06.2007 | 4 | - | 2 | - | 6 |
| 27.06.2007 | - | - | - | - | - |
| 28.06.2007 | - | 3 | 1 | - | 4 |
| 29.06.2007 | 6 | 2 | 1 | 1 | 10 |
| | | | | Total | 21 |

Original with;
Punjab Vidhan Sabha
Digitized by;
Punjab Digital Library

# 21. STATEMENT SHOWING THE NUMBER OF STARRED QUESTIONS LISTED IN THE NAMES OF DIFFERENT MINISTERS, DATE-WISE

| Date | Chief Minister | Local Govt. Minister | Industries Minister | Rural Dev. & Panchayats Minister | Co-operation Minister | Finance Minister | Parlia-mentary Affairs Minister | Medical Education Minister | Forests Minister | Education Minister | Civil Aviation Minister | Food & Supplies Minister | Health & Family Welfare Minister |
|---|---|---|---|---|---|---|---|---|---|---|---|---|---|
| 20.06.2007 | - | 1 | - | 2 | 1 | - | - | - | 1 | - | - | - | 1 |
| 21.06.2007 | 1 | 6 | 1 | - | 1 | - | - | 1 | 1 | 1 | 1 | 1 | - |
| 22.06.2007 | 1 | 2 | - | 1 | - | - | - | - | 1 | 1 | - | - | 3 |
| 25.06.2007 | 1 | 1 | 1 | 2 | - | - | - | - | - | - | - | - | 3 |
| 26.06.2007 | 2 | 1 | - | 1 | - | - | - | - | - | - | - | - | 3 |
| 27.06.2007 | 3 | 3 | - | 1 | - | - | - | - | - | 3 | - | - | - |
| 28.06.2007 | 2 | 2 | - | - | 1 | - | - | - | - | 4 | - | - | - |
| 29.06.2007 | 3 | 2 | - | - | - | - | - | - | - | 3 | - | - | 3 |

Original with;
Punjab Vidhan Sabha
Digitized by;
Panjab Digital Library

| Date | Revenue Minister | Transport Minister | Animal Husbandry Minister | Welfare Minister | Sports & Youth Services Minister | PWD (B&R) Minister | Technical Edu. & Industrial Training Minister | Social Security Minister | Agri-culture Minister | Irrigation Minister | Cultural Affairs Minister | Water Supply & Sanitation Minister | Total |
|---|---|---|---|---|---|---|---|---|---|---|---|---|---|
| 20.06.2007 | 1 | - | 1 | - | 1 | 2 | 2 | - | 1 | 2 | - | 4 | 20 |
| 21.06.2007 | - | 2 | - | - | - | 2 | - | - | 1 | - | - | 1 | 20 |
| 22.06.2007 | - | 1 | 1 | - | 1 | 2 | - | - | 2 | 3 | - | 1 | 20 |
| 25.06.2007 | 1 | 2 | - | 1 | 1 | 3 | - | 1 | 3 | - | - | - | 20 |
| 26.06.2007 | 3 | 1 | 1 | - | 1 | - | - | - | 2 | 1 | - | 3 | 20 |
| 27.06.2007 | 2 | 1 | - | 2 | - | 2 | - | 1 | 1 | - | - | 1 | 20 |
| 28.06.2007 | - | - | 2 | - | - | 3 | - | - | 1 | 2 | 1 | 2 | 20 |
| 29.06.2007 | 1 | 1 | - | - | - | 3 | 1 | - | 1 | 1 | - | - | 19 |

Original with;
Punjab Vidhan Sabha
Digitized by;
Panjab Digital Library

## 22. STATEMENT SHOWING THE NUMBER OF STARRED QUESTIONS POSTPONED, DATE-WISE AND PARTY-WISE

| Date | S.A.D. | B.J.P. | I.N.C. | Independents | Total |
|---|---|---|---|---|---|
| 20.06.2007 | 1 | 1 | 1 | - | 3 |
| 21.062007 | 1 | - | 1 | - | 2 |
| 22.06.2007 | 1 | - | - | - | 1 |
| 25.06.2007 | - | - | 1 | - | 1 |
| 26.06.2007 | - | 1 | - | - | 1 |
| 27.06.2007 | 1 | - | 3 | - | 4 |
| 28.06.2007 | - | - | - | - | - |
| 29.06.2007 | - | - | - | - | - |
| | | | | Total | 12 |

Original with;
Punjab Vidhan Sabha
Digitized by;
Punjab Digital Library

## 23. STATEMENT SHOWING THE NUMBER OF POSTPONED STARRED QUESTIONS, DATE-WISE AND MINISTER-WISE

| Date | Chief Minister | Local Government Minister | Industries Minister | Rural Development & Panchayats Minister | Forests Minister | Health and Family Welfare Minister | Revenue Minister | Sports & Youth Services Minister | Water Supply and Sanitation Minister | Total |
|---|---|---|---|---|---|---|---|---|---|---|
| 20.06.2007 | - | - | - | 1 | - | - | - | - | 2 | 3 |
| 21.06.2007 | - | - | 1 | - | 1 | - | - | - | - | 2 |
| 22.06.2007 | 1 | - | - | - | - | - | - | - | - | 1 |
| 25.06.2007 | - | - | - | - | - | - | - | 1 | - | 1 |
| 26.06.2007 | - | - | - | - | - | 1 | - | - | - | 1 |
| 27.06.2007 | 1 | 2 | - | - | - | - | 1 | - | - | 4 |
| 28.06.2007 | - | - | - | - | - | - | - | - | - | - |
| 29.06.2007 | - | - | - | - | - | - | - | - | - | - |
| | | | | | | | | | TOTAL | 12 |

Original with;
Punjab Vidhan Sabha
Digitized by;
Panjab Digital Library

## 24. STATEMENT SHOWING STARRED QUESTIONS POSTPONED FROM SOME OF THE ABOVE REFERRED STARRED QUESTIONS WHICH WERE INCLUDED IN THE LIST OF POSTPONED STARRED QUESTIONS

| Date on which Postponed | Industries Minister | Rural Development & Panchayats Minister | Forests Minister | Revenue Minister | Water Supply & Sanitation Minister |
|---|---|---|---|---|---|
| 25.06.2007 | - | 1 | - | - | - |
| 29.06.2007 | 1 | - | 1 | 1 | 2 |
| | | | | Total | 6 |

## 25. WALK OUTS

| Sr. No. | Date | Members walking out | Occasion |
|---|---|---|---|
| 1. | 20.06.2007 | All the Members of the Indian National Congress Party, present in the House, and Sardar Ajit Singh Shant, Independent. | As a protest against disallowing them to seek information on questions, after observation by the Hon'ble Speaker that Rule 165 does not permit Zero Hour during presentation of Budget. |
| 2. | 26.06.2007 | All the Members of the Indian National Congress Party, present in the House, and Sardar Ajit Singh Shant, Independent | As a protest against disallowing them to raise the issue of lathi charge on the farmers of Malwa belt during Zero Hour. |

Original with;
Punjab Vidhan Sabha
Digitized by;
Panjab Digital Library

## 26. UNPARLIAMENTARY/UNDERSIRABLE EXPRESSIONS

| Sr. No. | Expression | Occasion | Date |
|---|---|---|---|
| 1 | 2 | 3 | 4 |
| 1. | ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ (ਕੈਪਟਨ ਕੰਵਲਜੀਤ ਸਿੰਘ): ਮੈਂ ਵਿਰੋਧੀ ਧਿਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਰਤਾਂ ਤਾਂ ਇਹ ਤੁਹਾਡੀਆਂ ਹੀ ਪਾਈਆਂ ਹੋਈਆਂ ਹਨ। ਤੁਸੀਂ ਹੁਣ ਕਿਉਂ ਪਿੱਟਦੇ ਹੋ? ਤੁਸੀਂ ਆਪ ਹੀ ਚੈੱਕ ਵੰਡਦੇ ਸੀ। ਤੁਸੀਂ ਹੀ ਪਹਿਲਾਂ ਨੀਂਹ ਪੱਥਰ ਰੱਖਦੇ ਸੀ। ਇਹ ਸਾਰਾ ਕੁਝ ਪਹਿਲਾਂ ਤੁਸੀਂ ਹੀ ਕੀਤਾ ਹੈ... ਹੁਣ ਤੁਸੀਂ ਇਨ੍ਹਾਂ ਨੂੰ ਝੱਲੋ।<br><br>**Cooperation, Defence Services, Removal of Grievances, Pension and Pensioners Welfare Minister (Captain Kanwaljit Singh):** I would like to ask the Opposition as to why they made hue and cry when they themselves have set the precedents. You used to disburse the cheques. You used to lay the foundation stones. It was all initiated by you... now you must bear with it. | **(when used with reference to the Opposition Party)** | **25.06.2007** |
| 2. | ਮੁੱਖ ਸੰਸਦੀ ਸਕੱਤਰ, ਸਿੱਖਿਆ (ਸ਼੍ਰੀਮਤੀ ਮਹਿੰਦਰ ਕੌਰ ਜੋਸ਼) : ਇਨ੍ਹਾਂ ਦੀ ਸਰਕਾਰ ਸਮੇਂ ਔਰਤ ਦੀ ਰਾਖੀ ਨਹੀਂ ਹੋਈ, ਭੈਣਾਂ ਦੀ ਰਾਖੀ ਨਹੀਂ ਹੋਈ। ਇਨ੍ਹਾਂ ਦੀ ਸਰਕਾਰ ਸਮੇਂ ਭੈਣਾਂ ਨੂੰ ਤੰਦੂਰ ਵਿਚ ਸਾੜਿਆ ਗਿਆ... ਇਹ ਸਰਾਸਰ ਝੂਠ ਬੋਲ ਰਹੇ ਹਨ। ਸੱਚ ਦੀ ਕੋਈ ਗੱਲ ਨਹੀਂ ਕੀਤੀ ਜਾ ਰਹੀ... | **(when used with reference to the Opposition Party)** | **25.06.2007** |

Original with;
Punjab Vidhan Sabha
Digitized by;
Panjab Digital Library

| Sr. No. | Expression | Occasion | Date |
|---|---|---|---|
| 1 | 2 | 3 | 4 |
| | **Chief Parliamentary Secretary, Education (Smt. Mohinder Kaur Josh) :** The women-folk was not safe during their tenure. Women were burnt alive in tandoor during their regime... they are telling an absolute lie. There is nothing true in whatsover is being said. | | |
| 3. | **ਸਰਦਾਰ ਵਿਰਸਾ ਸਿੰਘ ਵਲਟੋਹਾ :** ਮੇਰੇ ਤੋਂ ਪਹਿਲਾਂ ਸਾਡੇ ਸਾਰਿਆਂ ਦੇ ਸਤਿਕਾਰਯੋਗ ਲੀਡਰ ਆਫ ਦਿ ਆਪੋਜੀਸ਼ਨ ਬੋਲ ਰਹੇ ਸਨ। ਉਹ ਕੋਰਾ ਝੂਠ ਬੋਲ ਰਹੇ ਹਨ। ਪਤਾ ਨਹੀਂ ਉਨ੍ਹਾਂ ਨੇ ਇਕੋ ਗੱਲ ਮਿਥੀ ਹੋਈ ਹੈ ਜਿਵੇਂ ਅੱਗੇ ਕਰਦੇ ਆਏ ਹਨ ਕਿ ਅੱਜ ਕੇਵਲ ਤੇ ਕੇਵਲ ਝੂਠ ਹੀ ਬੋਲਣਾ ਹੈ ਅਤੇ ਉਸ ਝੂਠ ਨੂੰ ਇਸ ਤਰ੍ਹਾਂ ਬੋਲਣਾ ਹੈ ਜਿਵੇਂ ਉਨ੍ਹਾਂ ਦੀ ਪੁਰਾਣੀ ਆਦਤ ਹੈ ਕਿ ਉਹ ਸੱਚ ਜਾਪੇ।<br><br>**Sardar Virsa Singh Valtoha :** ...Our respectable Leader of the Opposition was making her speech before me. She was telling absolute lies as if she had made up her mind today to tell only lie, as usual, and it is her old habit to tell lies in such a manner that it seems to be nothing but truth. | **(when used with reference to the Leader of Opposition)** | **25.06.2007** |
| 4. | **ਸਰਦਾਰ ਵਿਰਸਾ ਸਿੰਘ ਵਲਟੋਹਾ :** ਸਾਲ 2002 ਵਿਚ ਕਿਸ ਤਰ੍ਹਾਂ ਵੋਟਾਂ ਲਈਆਂ... ਕਦੇ ਟੀ.ਵੀ. ਚੈਨਲ ਖਰੀਦ ਲਿਆ, ਕਦੇ ਹੋਰ ਚੰਦ ਚਾੜ੍ਹ ਦਿੱਤਾ, ਇਨ੍ਹਾਂ ਨੇ ਬੜੇ ਝੂਠੇ ਵਾਅਦੇ ਕੀਤੇ। | **(when used with reference to the Opposition Party)** | **25.06.2007** |

Original with;
Punjab Vidhan Sabha
Digitized by;
Panjab Digital Library

| Sr. No. | Expression | Occasion | Date |
|---|---|---|---|
| 1 | 2 | 3 | 4 |
| | Sardar Virsa Singh Valtoha: How they got votes during the year 2002... at times they bought T.V. Channel, at some other time they made some other types of gimmicks, they made many bogus promises. | | |
| 5. | ਸਰਦਾਰ ਵਿਰਸਾ ਸਿੰਘ ਵਲਟੋਹਾ : ਮੈਂ ਇੱਥੇ ਪੁਆਇੰਟ ਆਫ ਆਰਡਰ ਵਿਚ ਵੀ ਗੱਲ ਕੀਤੀ ਸੀ ਕਿ ਬੀਬੀ ਜੀ, ਝੂਠ ਨਾ ਬੋਲੋ। ਤੁਸੀਂ ਦਗਾ ਕੀਤਾ ਉਨ੍ਹਾਂ ਗਰੀਬਾਂ ਨਾਲ ਜਿਨ੍ਹਾਂ ਦੇ ਤੁਸੀਂ ਝੂਠ ਦੇ ਮੁਖੌਟੇ ਪਾ ਕੇ ਹਿਤੈਸ਼ੀ ਬਣੀ ਫਿਰਦੇ ਹੋ...।<br><br>**Sardar Virsa Singh Valtoha :** I have raised this issue well within the limits of Point of Order that Madam, please do not tell a lie. You have deceived those poor people whose well wishers you project yourself to be, in disguise. | **(when used with reference to the Leader of the Opposition)** | **25.06.2007** |
| 6. | ਮੁੱਖ ਸੰਸਦੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ (ਸਰਦਾਰ ਸੀਤਲ ਸਿੰਘ) : ਜਦੋਂ ਬਜਟ ਪੇਸ਼ ਹੋਇਆ ਤਾਂ ਹਰ ਪਾਸੇ ਇਸ ਬਜਟ ਦੀ ਸ਼ਲਾਘਾ ਕੀਤੀ ਗਈ। ਇਸ ਲਈ ਇਨ੍ਹਾਂ ਨੂੰ ਬਜਟ ਤੇ ਬੋਲਣ ਲਈ ਕੋਈ ਗੱਲ ਨਹੀਂ ਮਿਲਦੀ। ਇਹ ਐਵੇਂ ਊਟ ਪਟਾਂਗ ਬੋਲੀ ਜਾ ਰਹੇ ਹਨ ਅਤੇ ਇੱਧਰ ਉਧਰ ਹੱਥ ਮਾਰਦੇ ਫਿਰਦੇ ਹਨ।<br><br>**Chief Parliamentary Secretary, Medical Education and Research (Sardar Sital Singh) :** When the | **(when used with reference to the Opposition Party.)** | **25.06.2007** |

Original with;
Punjab Vidhan Sabha
Digitized by;
Panjab Digital Library

| Sr. No. | Expression | Occasion | Date |
|---|---|---|---|
| 1 | 2 | 3 | 4 |
| | budget was presented, it was welcomed from all quarters. So, they have nothing to comment on this budget. So, no they are talking absurdly and running here and there in confusion. | | |

## 27. RULINGS BY THE SPEAKER

### ( i ) RULING BY THE SPEAKER ON 25TH JUNE, 2007 REGARDING DIRECTIONS TO THE MINISTERS ON SUPPLEMENTARIES

ਮੈਂ ਮਨਿਸਟਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਸਪਲੀਮੈਂਟਰੀ ਨਹੀਂ ਕਰ ਸਕਦੇ। ਤੁਸੀਂ ਵੈਸੇ ਗੱਲ ਕਰ ਸਕਦੇ ਹੋ। ਇਸ ਦਾ ਜਵਾਬ ਤੁਸੀਂ ਵੱਖਰੇ ਤੌਰ ਤੇ ਪ੍ਰਾਪਤ ਕਰ ਲੈਣਾ। ਇਸ ਲਈ ਜੋ ਹਾਊਸ ਦੇ ਰੂਲਜ਼ ਹਨ, ਨਿਯਮ ਹਨ, ਉਨ੍ਹਾਂ ਦੀ ਪਾਲਣਾ ਕਰਨ ਦਾ ਯਤਨ ਕਰੀਏ।

(I shall request the Hon'ble Ministers that they cannot ask supplementary. You can speak otherwise. You can have this answered separately. So, we should try to obey the Rules of the House.)

### ( ii ) RULING BY THE SPEAKER REGARDING ALLOCATION OF TIME

ਮੈਂ ਬੇਨਤੀ ਕਰਦਾ ਹਾਂ ਬਤੌਰ ਚੇਅਰਮੈਨ, ਬਤੌਰ ਪ੍ਰਜ਼ਾਈਡਿੰਗ ਅਫਸਰ, ਬਤੌਰ ਹਾਊਸ ਦੇ ਸਪੀਕਰ ਵਜੋਂ ਕਿ ਜਿਹੜਾ ਟਾਈਮ ਤੁਹਾਡੇ ਪੁਆਇੰਟ ਆਫ ਆਰਡਰ ਵਿਚ ਲੱਗਾ ਹੈ ਜਾਂ ਹੋਰ ਪਾਸੇ ਲੱਗਾ ਹੈ, ਉਹ ਟਾਈਮ ਤੁਹਾਡੀ ਪਾਰਟੀ ਦੀ ਗਿਣਤੀ ਵਿਚ ਸ਼ਾਮਿਲ ਨਹੀਂ ਹੋਵੇਗਾ।

(Being the Chairman, Presiding Officer and the Speaker of the House, I request you that the time which you have taken while raising Point of Order or otherwise, the same will not be taken account of while computing the time made use of by your respective Party.)

### ( iii ) RULING BY THE SPEAKER ON 28TH JUNE, 2007 REGARDING ADJOURNMENT MOTION

This is a ruling in regarding to the Adjournment Motion that has been

Original with;
Punjab Vidhan Sabha
Digitized by;
Panjab Digital Library

received. A notice of Adjournment Motion has been received from some of the members of the Opposition to adjourn the business of the House for discussing the allegedly deteriorating law and order situation in the State.

I have made a persual of this notice in the spirit of Rule 61 of the Rules of Procedure and Conduct of Business in the Punjab Vidhan Sabha (Punjab Legislative Assembly). Sub-section (vi) of the said rule provides that the motion shall not revive discussion on a matter which has been discussed in the same Session. The issue to be raised by the motion in regard to which a notice has been given, has already been discussed during the General Discussion on the Budget and discussion made on the demands provided for in the Budget. Besides this, it pertains to the law and order situation for which there exist legal remedies.

Hence, in view of the sub-section (b) and (i) of Rule 61, as stated above, I do not give approval for presenting the said notice for Adjournemt Motion.

## 28. OBSERVATION BY THE SPEAKER

### OBSERVATION BY THE SPEAKER MADE ON 21ST JUNE, 2007 REGARDING UNRULY BEHAVIOUR OF THE OPPOSITION

The Hon'ble Members of the House, I so feel that the sordid incident that has taken place in the House today, is something truly unfortunate, which cannot be condemned by words. The Parliamentary Democracy and the resultant Legislature are the hard earned fruits of a long-drawn out struggle and lakhs of sacrifices, which had been made for the independence of the country. The House is meant for finding solutions for the problems being faced by the common people, for giving pious and better views, opinions and for enacting better laws, to give better and worthwhile suggestion. It is not a stage to play a drama, what precisely has been done today. I request to one and all that the traditions meant for the House had been evolved by sagacious people, who themselves had kept the same in letter and spirit and have thus achieved some landmarks, while taking some vital decisions in the House. The sordid incident that has taken place in the history of the House first time has tormented the sagacious traditions of the House. This House has its own

Original with;
Punjab Vidhan Sabha
Digitized by;
Panjab Digital Library

dignity and authority, which should always be exercised judiciously to maintaining the same, otherwise it will be truly disgusting if the traditions of the House are to be trampled under the burden of such ghastly acts. I have the authority to dispel you from the House or to insure that nothing unwarranted enters the House, but keeping in view the Honour and privileges of the legislators, we are discussing this here. You are not subjected to frisking as we tried to give you respect, but as it has happened today, I think that the term "respect" itself has been robbed for all its respect. This has, in fact, happened for the first time in this House. You have been given all the freedom to say or express anything in the House, but now it seems imminent that you must review your behaviour. You may do anything outside this August House, but as it has happened today, I truly feel ashamed for the same, I feel offended, in fact I feel perturbed. I can exercise the authority vested in me, but keeping in view your dignity (of the office that you hold), I feel that we should try to live up to the traditions of the House. To spoil the traditions is neither expected of us nor of anyone else. The people have expressed their faith in you and you should review what you have done today. It simply tantamount to strangulate the faith of the people, who believe that the legislators elected by them will discuss public welfare inside the House and in diametrically contradiction of this, you have today indulged into such sordid incidents here. You have been accorded all the time to discuss the concrete things here. We will continue to give you more and more time and definitely any good suggestion from your side will be appreciated without any prejudice. I consider every Member of the House to be equal irrespective of their party affiliations. A Member is a Member of the House and all are equal in their dignity and rights. They are free to express them freely. So, we should try to live up to the expectations of the people and also to sensitise ourselves with the traditions being followed in the House. Rather, we must strive to evolve some better traditions for the future generation. But, today I am truly feeling disturbed. Here, we have amongst us some very sagacious people, who have a long experience as Members of the House, but they have failed to act responsibly to check such sordid incident. Today, I would like to say it openly here that any legal action that such an incident warrants, will definitely be taken recourse to. I expect from you that nothing in future will ever be done that robs the House of its

Original with;
Punjab Vidhan Sabha
Digitized by;
Panjab Digital Library

dignity. In fact, we should strive in unison to make it grow in stature. The House belongs to the entire State of Punjab and it is supreme in its own rights. On the one hand, we say that Legislature is supreme and rest are subordinate to it, this does not seem to be genuine. I regret that you have tried to rob the House of its dignity in such a way. I feel that you will also feel bad for what you have done today. We need to think over it. I, once again, request one and all that we must run the House in an authentic manner, laws must be made appropriately, which should prove beneficial for the people. We should try to make it a better House. There is a provision for stringent laws, taking recourse to which, I can take stern action and law will definitely prevail. I request one and all that we should act sensibly and responsibly.

## 29. WIT AND HUMOUR

| Sr. No. | Expression | Occasion | Date |
|---|---|---|---|
| 1. | ਮਾਨਯੋਗ ਸਪੀਕਰ : ਕੈਪਟਨ ਸਾਹਿਬ ਜੀ<br>ਇਕ ਆਵਾਜ਼ : ਇਹ ਉਹ ਕੈਪਟਨ ਨਹੀਂ ਦੂਜਾ ਹੈ (ਹਾਸਾ)<br>ਸਹਿਕਾਰਤਾ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਫਰਕ ਇੰਨਾ ਹੀ ਹੈ ਕਿ ਇਹ ਕਪਤਾਨ ਮੈਦਾਨ ਵਿੱਚ ਖੜ੍ਹਾ ਹੋ ਕੇ ਲੜਦਾ ਹੈ ਤੇ ਤੁਹਾਡੇ ਵਾਲਾ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਦੌੜ ਜਾਂਦਾ ਹੈ।<br><br>**Hon'ble Speaker :** Mr Captain.<br>A Voice : He is not the same Captain. (Laughter)<br><br>**Cooperation Minister (Captain Kanwaljit Singh):** The difference lays in the fact that this Captain gives a tough bettle whereas your Captain (pointing towards the Congress Party) is a deserter. | (When used with reference to Capt. Amarinder Singh, Ex.-C.M., who was abroad during Session days.) | 20.03.2007 |

Original with;
Punjab Vidhan Sabha
Digitized by;
Panjab Digital Library

# APPENDIX I

## 30. BULLETINS PERTAINING TO THE BUDGET (SECOND) SESSION, 2007

## BULLETIN NO. 1

TUESDAY, THE 19TH JUNE, 2007

(2.00 p.m. to 2.30 p.m.)

**OBTIUARY REFERENCES :**

The Chief Minister made references to the deaths of :-

1. Dr. Jagjit Singh Chohan, Ex-Deputy Speaker and Ex-Minister,
2. Sardar Kirpal Singh Libra, Ex-MLA,
3. Sardar Sadhu Singh, Ex-MLA,
4. Sardar Budh Singh, Freedom Fighter,
5. Shri Dalip Chand, Freedom Fighter,
6. Sardar Kartar Singh, Freedom Fighter, and
7. Sardar Naranjan Singh, Freedom Fighter.

While paying tributes to the great personalities for the contributions made by them in their respective fields, he expressed deep grief and sorrow on their demise. He also urged that a condolence resolution be passed by the House and a copy of the same be sent to the bereaved families, and while doing so, he spoke for six minutes.

Thereafter, the following Members paid rich tributes to the departed souls and spoke for the time as mentioned against their names :-

| | | |
|---|---|---|
| 1. | Shri Tikshan Sud, Parliamentary Affairs Minister | 4 minutes |
| 2. | Smt. Rajinder Kaur Bhattal, Leader of Opposition | 9 minutes |
| 3. | Shri Charanjit Singh Channi, Ind. | 3 minutes |

Certain obituary references made by Smt. Rajinder Kaur Bhattal were objected to by the Parliamentary Affairs Minister being out of agenda. The Hon'ble Speaker observed that obituaries should only be confined to the agenda.

Original with;
Punjab Vidhan Sabha
Digitized by;
Panjab Digital Library

The Hon'ble Speaker also associated himself with the sentiments expressed by the Members and informed the House that condolence messages would be sent to the bereaved families.

Thereafter, the Members of the House stood in silence for two minutes as a mark of respect to the departed souls.

The House then adjourned till 10.00 A.M. on Wednesday, the 20th June, 2007.

---

## BULLETIN NO. 2

Wednesday, the 20th June, 2007

(10.00 A.M. to 12.27 P.M.)

### 1. QUESTIONS

**(a) Starred:**

| Total No. of Questions on the Order Paper | Answered | Not Put | Extensions granted | No. of Supplementaries |
|---|---|---|---|---|
| 20 | 15 | 2 | 3 | 38 |

**(b) Unstarred : 18**

### 2. WALKOUT

Immediately after Question Hour, as soon as the Finance Minister was called upon to present the Budget, Sardar Lal Singh, MLA, Congress, stood up and informed that he wanted to seek information relating to questions but the Hon'ble Speaker informed that Rule 165 does not permit Zero hours during presentation of Budget. Feeling dissatisfied, Smt. Rajinder Kaur Bhattal, Leader of the Opposition, who had earlier entered the House wearing red cape alongwith all the members of the Congress Party and Sardar Ajit Singh Shant, Independent all wearing black capes with different slogans inscribed on them against the Government came in the well of the House and started raising slogans. The Chief Minister stood up to assure them to grant time to their satisfaction on any issue but they ignored the assurance and after some time, walked out of the House together raising slogans.

Original with;
Punjab Vidhan Sabha
Digitized by;
Panjab Digital Library

### 3. PRESENTATION OF THE BUDGET ESTIMATES FOR THE YEAR 2007-08

The Finance Minister presented the Budget Estimates for the year 2007-08 and while doing so, he spoke for I hour and 24 minutes.

Mr. Deputy Speaker occupied the Chair from 11.32 A.M. to 11.56 A.M.

The House then adjourned till 10.00 A.M. on Thursday, the 21st June, 2007.

---

## BULLETIN NO. 3

Thursday, the 21st June, 2007

(10.00 A.M. to 2.30 P.M.)

### 1. QUESTIONS

**(a) Starred**

| Total No. of Questions on the Order Paper | Answered | Not Put | Extensions granted | Answered Under Rule 30 | No. of Supple-mentaries |
|---|---|---|---|---|---|
| 20 | 16 | 1 | 2 | 1 | 38 |

**(b) Unstarred: 3**

### 2. ANNOUNCEMENT BY THE SPEAKER

The Hon'ble Speaker made an announcement under Rule13(1) regarding nomination of the following Members to serve on the Panel of Chairmen:-

1. Capt. Balbir Singh Bath,
2. Shri Surjeet Kumar Jyani,
3. Sardar Avtar Singh Brar,
4. Sardar Sohan Singh Thandal.

### 3. ANNOUNCEMENT BY THE SECRETARY

The Secretary made an announcement regarding laying on the Table of the House a statement showing the Bills which were passed by the 13th

Original with;
Punjab Vidhan Sabha
Digitized by;
Panjab Digital Library

Vidhan Sabha during its First Session which had since been assented to by the Governor.

## 4. MATTER RAISED DURING ZERO HOUR AND STATEMENT BY THE CHIEF MINISTER

During Zero Hour, Smt. Rajinder Kaur Bhattal, Leader of the Opposition wanted the Chief Minister to make a statement today for (i) removing the income limit for eligibility of Atta-Dal Scheme as announced in its election manifesto and the launching of the scheme should not exceed beyond 15th August; and (ii) for punishing the guilty officers responsible for registering the false cases against the Congress activists and atrocities committed against them in the Police Stations and Jails.

The Chief Minister assured the Leader of the Opposition to launch the Scheme w.e.f. 15th August for about 13.50 lac beneficiaries covering one-third population of Punjab. He also agreed to include any needy person, exclude any ineligible person and to review the Scheme if the Leader of the Opposition wanted to do so but that would delay the launching of the Scheme. He also agreed to debate all their issues including false cases/political vendetta/law and order for a full day and also assured that neither any innocent person would be arrested nor any guilty would be left and the rule of law would be allowed to prevail without any interference. He also regretted the sudden incident in Jalandhar in which the guilty Thanedar has been suspended.

He wanted the Opposition to co-operate, discuss the Budget and give their suggestions for improvement.

Feeling dissatisfied, Smt. Rajinder Kaur Bhattal insisted upon the Chief Minister to remove the income limit on Atta-Dal Scheme as per SAD election manifesto and make an announcement about the same today.

## 5. ADJOURNMENT OF THE HOUSE

All the Members of the Congress Party including Sardar Ajit Singh Shant, Independent, got up and began to shout "Remove Income Limit-Fulfil Promise." Thereafter, they began to knock the *thalis/plates* with spoons and due to pandemonium, the House was adjourned at 11.30 A.M. for one hour and re-assembled at 12.30 P.M.

Original with;
Punjab Vidhan Sabha
Digitized by;
Panjab Digital Library

## 6. OBSERVATION REGARDING UNRULY BEHAVIOUR OF THE OPPOSITION

Taking serious note of the bringing of steel *thalis/plates* and spoons into the House clandestinely, which is an offence, the Speaker strongly reprimanded the Members of the Congress party for lowering the dignity of the House. Expressing deep pain and anguish at the incident, the Speaker said that the House could not be treated as a *'tamasha'* and they should introspect over what they have done. The House has been created for serious discussion on issues relating to public and none could be allowed to breach its decorum. The House has the power to introduce frisking of Hon'ble Members before their entry but due to their status and dignity, the use of this power is not being opted.

## 7. MOTION REGARDING BEHAVIOUR OF THE OPPOSITION

The following motion which was moved by Sh. Tikshan Sud, was put to the vote of the House. Later at the instance of the Chief Minister, the motion was withdrawn :-

"This House strongly condemns the behaviour of the Congress Legislature Party for their bringing steel plates and spoons inside the Chamber and creating noise with them, which is against the norms of the House. This Party has lowered the prestige of the august House. Such type of act by the Congress Legislature Party could have resulted into fatal incidents if these articles were misused in the House. Such shameful act has, for the first time, occurred in the history of Punjab Legislature and amounts to serious breach of the privilege of the House.

This House, while condemning the irresponsible behaviour of the Congress Legislature Party authorize the Hon'ble Speaker to order the checking of such Members before their entry in the House to prevent them from bringing such like articles in order to save the dignity of the House.

This House also resolves that the Members of the Opposition Party, who are present in the House today, be suspended for the remainder period of today's sitting of the House.

## 8. CALLING ATTENTION NOTICE

Shri Surjeet Kumar, Jyani, MLA drew the attention of the Government

*Original with;*
Punjab Vidhan Sabha
*Digitized by;*
Panjab Digital Library

towards contamination of water of Harike Pattan by the acidic fluid of factories in and around Ludhiana and by the sullage water of Budha Nullah.

Minister for Science, Technology and Environment made the Statement with regard to Call Attention Notice No. 1.

**9. FIRST REPORT OF THE BUSINESS ADVISORY COMMITTEE**

The Speaker presented to the House the First Report of the Business Advisory Committee regarding the Business to be transacted by the Punjab Vidhan Sabha in its Sittings from 22nd June, 2007 to 29th June, 2007.

The following motion moved by Parliamentary Affairs Minister was put to the vote of the House and carried unanimously :-

That this House agrees with the recommendations contained in the First Report of the Business Advisory Committee.

**10. RESOLUTION**

The following Resolution moved by Captain Balbir Singh Bath, MLA was put to the vote of the House and talked out :-

**This House recommends to the State Government to instruct the Police Department to get the increasing dowry related cases registered by the parents of the newly wedded brides thoroughly investigated before proceeding with the same in a stringent manner in order to ensure that the innocent people are not subjected to undue humiliation.**

While moving the Resolution, he spoke for 20 minutes.

Thereafter, the following Members took part in the discussion and spoke for the time as mentioned against their names :-

| | | |
|---|---|---|
| 1. | Sardar Jagbir Singh Brar, SAD | 10 minutes |
| 2. | Sardar Sarabjit Singh Makkar, SAD 8 minutes | 8 minutes |
| 3. | Sardar Ajit Inder Singh Mofar, Congress | 9 minutes |
| 4. | Shri Jagdish Sawhney, Chief Parliamentary Secretary | 7 minutes |
| 5. | Shri Harish Rai Dhanda, Chief Parliamentary Secretary | 17 minutes |
| 6. | Master Mohan Lal, Transport Minister | 15 minutes |

Original with;
Punjab Vidhan Sabha
Digitized by;
Punjab Digital Library

The Deputy Speaker occupied the Chair from 1.12 P.M. to 1.36 P.M. and from 1.40 P.M. to 2.07 P.M. and Capt. Balbir Singh Bath, a Member of the Panel of Chairmen, occupied the Chair from 1.37 P.M. to 1.39 P.M.

The House then adjourned till 10.00 A.M. on Friday, the 22nd June, 2007.

---

**BULLETIN NO. 4**
**Friday, the 22nd June, 2007**
**(10.00 A.M. to 2.30 P.M.)**

## 1. QUESTIONS

**Starred :**

| Total No. of Questions on the Order Paper | Answered | Not Put | Extensions granted | Answered Under Rule 38 | No. of Supple-mentaries |
|---|---|---|---|---|---|
| 20 | 15 | 4 | 1 | - | 31 |

## 2. STATEMENT BY THE CHIEF MINISTER

The Chief Minister announced that his joy knew no bounds in congratulating the whole House and all the Punjabis for the approval by the Central Government for Bathinda Refinery and termed the day as historic one in the history of Punjab when the biggest industrialist of the world, Sh. Lakshmi Mittal, has agreed to initially invest Rs. 3365 crore in Shri Guru Gobind Singh Refinery in Bathinda in which the total of Rs. 18919 crore would be spent. This grand project will usher in economic revolution in the State and would generate employment for about 1.5 lac Punjabis.

He also thanked Dr. Manmohan Singh, the Prime Minister of India, amidst thumping and wished to celebrate the occasion by distributing sweets in the House. Members from Treasury as well as Opposition benches also expressed their gratitude to the Prime Minister for providing fillip to the project.

## 3. ANNOUNCEMENT BY THE HON'BLE SPEAKER

The Hon'ble Speaker announced the presence of Sardar Charnjit Singh Atwal, Deputy Speaker, Lok Sabha, and welcomed him on behalf of the whole House.

Original with;
Punjab Vidhan Sabha
Digitized by;
Panjab Digital Library

## 4. PAPERS RE-LAID/LAID ON THE TABLE

The Parliamentary Affairs Minister re-laid/laid on the Table of the House, Papers as mentioned at item No. II in today's List of Business.

## 5. THE BUDGET ESTIMATES FOR THE YEAR 2007-08

**General Discussion on the Budget Estimates for the year 2007-08:**

The following Members took part in the discussion and spoke for the time as mentioned against their names :-

| | |
|---|---|
| 1. Shri Harish Rai Dhanda, Chief Parliamentary Secretary, | 39 minutes |
| 2. Shri Sunil Kumar Jakhar, Congress | 46 minutes |
| 3. Sardar Iqbal Singh Jhundan, Independent | 11 minutes |
| 4. Sardar Balbir Singh Sidhu, Congress | 21 minutes |
| 5. Sardar Sukhpal Singh Khaira, Congress | 49 minutes |
| 6. Sardar Sher Singh Ghubaya, Chief Parliamentary Secretary | 11 minutes |

The Deputy Speaker occupied the Chair from 11.40 A.M. to 12.33 P.M. and from 1.23 P.M. to 2.16 P.M. and Sardar Avtar Singh Brar, a Member of the Panel of Chairmen, occupied the Chair from 12.34 P.M. to 12.43 P.M.

The House then adjourned till 2.00 P.M. on Monday, the 25th June, 2007.

---

**BULLETIN NO. 5**

**Monday, the 25th June, 2007**

**(2.00 P.M. to 6.30 P.M.)**

## 1. QUESTIONS

At the outset, Postponed Starred Question No. 36 was taken up but the Minister could not reply due to confusion of today's Questions.

| Total No. of Questions on the Order Paper | Answered | Not Put | Extensions granted | Answered Under Rule 38 | No. of Supple-mentaries |
|---|---|---|---|---|---|
| 20 | 12 | 7 | 1 | - | 28 |

Original with;
Punjab Vidhan Sabha
Digitized by;
Panjab Digital Library

**(b) Unstarred : 12**

## 2. STATEMENT BY THE CHIEF MINISTER

The Chief Minister drew the attention of the House and the countrymen towards the tragic incident which happened 32 years ago on 25th June, 1975, when Smt. Indra Gandhi, the then Prime Minister, supported by some other Parties imposed emergency for her personal gains in the country and by curbing the democratic rights of its citizens made it a jail.

Throughout the country, it was only the Shriomani Akali Dal which posed a challenge and started its Morcha for 19 months from the precincts of Sri Harmandir Sahib to counter the atrocities unleashed by the Government and thousands of Punjabis bravely courted arrest.

The SAD/BJP Government reiterated its determination to preserve the rights of every citizen not only in Punjab but in the whole of the country also.

## 3. CALLING ATTENTION NOTICE

Sardar Jatinder Singh Kariha, MLA drew the attention of the Government towards resentment amongst the people due to discharge of chemically contaminated solid and liquid waste into the Saila Khurd Choe by the Paper Mill of Amrit Vanaspati Company in District Hoshiarpur resulting in its bad effect on human health and outbreak of several diseases.

The Minister for Science, Technology & Environment made the statement.

## 4. THE BUDGET ESTIMATES FOR THE YEAR 2007-08

**Resumption of General Discussion on the Budget Estimates for the year 2007-08:**

The following Members took part in the discussion and spoke for the time as indicated against their names:-

| | | |
|---|---|---|
| 1. | Sardar Sher Singh Ghubaya, Chief Parliamentary Secretary | 0.28 minutes |
| 2. | Smt. Rajinder Kaur Bhattal, Leader of the Opposition | 1 hour 28 minutes |

Original with;
Punjab Vidhan Sabha
Digitized by;
Panjab Digital Library

| | | |
|---|---|---|
| 3. | Sardar Virsa Singh Valtoha, SAD | 0.42 minutes |
| 4. | Sardar Sital Singh,<br>Chief Parliamentary Secretary | 0.30 minutes |
| 5. | Shri Madan Lal Thekedar, Independent | 0.08 minutes |

The Deputy Speaker occupied the Chair from 5.33 P.M. to 6.21 P.M., Capt. Balbir Singh Bath and Shri Surjeet Kumar Jyani, Members of the Panel of Chairmen, occupied the Chair from 4.14 P.M. to 4.40 P.M. and from 5.22 P.M. to 5.32 P.M. respectively.

The House then adjourned till 10.00 A.M. on Tuesday, the 26th June, 2007.

---

## BULLETIN NO. 6

**Tuesday, the 26th June, 2007**

**(10.00 A.M. to 2.36 P.M.)**

### 1. QUESTIONS

**(a) Starred :**

| Total No. of Questions on the Order Paper | Answered | Not Put | Extensions granted | Answered Under Rule 38 | No. of Supple-mentaries |
|---|---|---|---|---|---|
| 20 | 13 | - | - | 7 | 29 |

**(b) Unstarred : 5**

### 2. CALLING ATTENTION NOTICE

Shri Surjeet Kumar Jyani, MLA, drew the attention of the Government towards resentment amongst the people due to absence of an alternative route connecting Ferozepur Cantt. and City, as the over bridge connecting them is declared unfit for traffic. (No. 7).

The Minister for PWD (B&R) made the statement.

*Original with;*
Punjab Vidhan Sabha
*Digitized by;*
Panjab Digital Library

## 3. WALKOUT

Immediately after the Question Hour as soon as Shri Surjeet Kumar Jyani, MLA, began to read out his Call Attention Notice, Sardar Avtar Singh Brar, MLA, Congress Party got up to raise the issue of lathi-charge on the farmers in the Malwa belt but he was not allowed. At this, all the Members of the Congress Party stood up in their seats, demanding that the moment be treated as Zero hour and began to raise certain other isues. The Hon'ble Speaker assured them time to raise their issues while participating on the Budget proposals but they started raising slogans and came in the well of the House. Later they staged a walk out, raising slogans, which were not recorded. Sardar Ajit Singh Shant, Independent also joined them from his seat. A little later, they returned to the House.

## 4. THE BUDGET ESTIMATES FOR THE YEAR 2007-08

**Further Resumption of General Discussion on the Budget Estimates for the year 2007-08 :**

The following Members took part in the discussion and spoke for the time as indicated against their names :–

| | | |
|---|---|---|
| 1. | Shri Madan Lal Thekedar, Independent | 5 minutes |
| 2. | Shri Jagdish Sawhney, Chief Parliamentary Secretary | 31 minutes |
| 3. | Shri Surjeet Kumar Jyani, BJP | 7 minutes |
| 4. | Sardar Amarjit Singh Sahi, SAD | 13 minutes |
| 5. | Shri Tikshan Sud, Parliamentary Affairs Minister | 10 minutes |
| 6. | Sardar Charanjit Singh Channi, Independent | 9 minutes |
| 7. | Ch. Mohan Lal, SAD | 21 minutes |
| 8. | Shri Brahm Mohindra, Congress | 19 minutes |
| 9. | Sardar Kanwarjit Singh Brar, Congress | 9 minutes |
| 10. | Sardar Ripjit Singh Brar, Congress | 10 minutes |

Original with;
Punjab Vidhan Sabha
Digitized by;
Panjab Digital Library

11. Sh. Bishamber Dass, BJP 12 minutes

12. S. Sarabjit Singh Makkar, SAD 15 minutes

**5. EXTENSION OF TIME**

With the consent of the House, the time of the sitting of the House was extended till the completion of the Finance Minister's speech.

The Finance Minister, by way of reply, spoke for 50 minutes.

The Deputy Speaker occupied the Chair from 11.14 A.M. to 12.03 P.M. and from 12.06 P.M. to 12.33 P.M. and Capt. Balbir Singh Bath, a Member of the Panel of Chairmen, occupied the Chair from 12.04 P.M. to 12.05 P.M.

The House then adjourned till 10.00 A.M. on Wednesday, the 27th June, 2007.

---

## SPECIAL BULLETIN NO. 1

## DISCUSSION ON THE BUDGET ESTIMATES FOR THE YEAR 2007-08

Discussion on the Budget Estimates for the year 2007-08 took place on three days i.e. 22nd, 25th and 26th June 2007 and it continued for 9 hours and 54 minutes in total. The detail of the time taken by various Parties is as under :–

| Sr. No. | Party | No. of Members who took part in the Discussion | Time taken Hours/Minutes |
|---|---|---|---|
| 1. | Shiromani Akali Dal | 8 | 4.19 |
| 2. | Indian National Congress | 7 | 4.02 |
| 3. | Bharatiya Janata Party | 4 | 1.00 |
| 4. | Independents | 3 | 0.33 |
| | | **Total Time** | **9.54** |

**Note :** Time taken by Shiromani Akali Dal also includes the time taken by the Finance Minister who spoke for 50 minutes.

---

*Original with;*
Punjab Vidhan Sabha
*Digitized by;*
Panjab Digital Library

# BULLETIN NO. 7

**Wednesday, the 27th June, 2007**
**(10.00 A.M. to 1.05 P.M.)**

## 1. QUESTIONS

### (a) Starred :

| Total No. of Questions on the Order Paper | Answered | Not Put | Extensions granted | Answered Under Rule 38 | No. of Supple-mentaries |
|---|---|---|---|---|---|
| 20 | 13 | 3 | 4 | – | 30 |

### (b) Unstarred : 6

## 2. FINANCIAL BUSINESS

### (i) DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2007-08

There were 30 Demands on the Order Paper which were deemed to have been read and moved together. The Members were asked to mention the Demand No. on which they wanted to speak. It was informed that the guillotine will be applied at 1.00 P.M.

The following Members took part in the discussion on the Demands for Grants and spoke for the time as indicated against their names :–

| | | |
|---|---|---|
| 1. | S. Gurbachan Singh Babehali, SAD | 26 minutes |
| 2. | S. Kuldip Singh Bhattal, Congress | 19 minutes |
| 3. | S. Sohan Singh Thandal, SAD | 19 minutes |
| 4. | S. Makhan Singh, Congress | 27 minutes |

The Finance Minister, by way of reply, spoke for 16 minutes.

With the pleasure of the House, all the Demands were put to the vote of the House together and carried unanimously.

Original with;
Punjab Vidhan Sabha
Digitized by;
Panjab Digital Library

## (ii) THE PUNJAB APPROPRIATION (No. 2) BILL, 2007

The Finance Minister introduced the Punjab Appropriation (No. 2) Bill, 2007 and moved that the Punjab Appropriation (No. 2) Bill, 2007 be taken into consideration at once.

The motion was put to the vote of the House and carried.

Thereafter, during clause-wise consideration of the Bill, Clauses 2 and 3, Schedule, Clause 1 and the Title were put to the vote of the House and carried.

The Finance Minister moved that the Bill be passed.

The motion was put to the vote of the House and carried.

The Deputy Speaker occupied the Chair from 11.42 A.M. to 12.32 P.M.

The House then adjourned till 10.00 A.M. on Thursday, the 28th June, 2007.

------

## BULLETIN NO. 8

**Thursday, the 28th June, 2007**
**(10.00 A.M. to 1.10 P.M.)**

## 1. QUESTION HOUR'S PRECEDENCE OVER ADJOURNMENT MOTION

As soon as the first Question from today's List of Questions was called upon, Smt Rajinder Kaur Bhattal, Leader of the Opposition, stood up and insisted that she had given notice of an adjournment motion which should be taken up first, the Speaker drew her attention to Rule 62 under which the item could be taken up after Questions.

## 2. QUESTIONS

### (a) Starred :

| Total No. of Questions on the Order Paper | Answered | Not Put | Extensions granted | Answered Under Rule 38 | No. of Supple-mentaries |
|---|---|---|---|---|---|
| 20 | 13 | 3 | – | 4 | 29 |

Original with;
Punjab Vidhan Sabha
Digitized by;
Panjab Digital Library

**(b) Unstarred : 5**

**3. PANDEMONIUM IN THE HOUSE**

After Question Hour, Smt. Rajinder Kaur Bhattal, Leader of the Opposition wanted the ruling of the Speaker then and there on her adjourment motion to discuss the law and order situation in the State. For not giving the ruling at the spot, there was pandemonium in the House and the remaining business such as laying of Papers and the Resolution was transacted during pandemonium and slogan shouting continued till the final adjournment.

**4. PAPERS LAID ON THE TABLE**

The Parliamentary Affairs Minister Laid on the Table of the House, Papers as mentioned at item No. II in today's List of Business.

**5. RESOLUTION**

S. Virsa Singh Valtoha, MLA moved the following Resolution :–

The House recommends to the State Government to frame stringent legal provisions to discourage the rising tendency of canal water theft in the State so that a genuine distribution of canal waters as per the area specific requirements could be ensured.

While moving the Resolution, he spoke for 15 minutes till the adjournment of the House.

**6. ADJOURNMENT OF THE HOUSE**

Smt. Rajinder Kaur Bhattal, Leader of the Opposition, again began to insist for the Speaker's ruling immediately on her adjournment motion but the Speaker informed that since he has received the motion only this morning, he will give his ruling only after consulting relevant rules. Not feeling satisfied, all the Members of the Congress Party and Sardar Ajit Singh Shant, Independent who were already shouting slogans, came in the well of the House and continued raising slogans till the House finally adjourned. Due to the pandemonium, the House was adjourned at 11.16 A.M. for one hour and re-assembled at 12.15 P.M.

**7. RULING ON ADJOURNMENT MOTION**

Immediately after the House re-assembled, the Members of the

Original with;
Punjab Vidhan Sabha
Digitized by;
Panjab Digital Library

Opposition were already sitting in the well of the House shouting slogans and during slogan shouting, the Hon'ble Speaker gave the following ruling :–

"I have received a notice of adjournment motion from some of the Hon'ble Members of Opposition, seeking adjournment of the business of the House in order to discuss the allegedly deteriorating law and order situation in the State.

I have considered the said Notice in the spirit of Rule 61 of the Rule of Procedure and Conduct of Business in Punjab Vidhan Sabha (Punjab Legislative Assembly). Sub rule (6) of the said Rule provides that the motion shall not revive discussion on the matter which has been discussed in the same Session. The issue to be raised in the motion given notice of has already been discussed during the General Discussion on the Budget and during the discussion made on the Demands of the Budget. Furthermore, the issue relates to the ordinary administration of law wherefor legal remedies are also available.

Thus in view of the above mentioned Sub-rule (6) of Rule 61 read with Sub-rule (10) of the same, I do not give my consent for moving the said adjournment motion."

## 8. ADJOURNMENTS OF THE HOUSE

Not satisfied with the ruling, the Members of the Opposition continued raising slogans and due to pandemonium, the House was adjourned at 12.21 P.M. to meet again at 1.00 P.M.

When the House re-assembled at 1.00 P.M., the Members of the Opposition who were already squatting in the well of the House, started raising anti-Government slogans. The Leader of the Opposition was repeatedly urged to maintain decorum and exercise control over her Members but they ignored and tried to forcibly march towards the Hon'ble Speaker's podium but the human-chain of security personnel foiled their attempt. Due to pandemonium, after 10 minutes the House was adjourned till 10.00 A.M. on Friday, the 29th June, 2007.

---

Original with;
Punjab Vidhan Sabha
Digitized by;
Panjab Digital Library

## BULLETIN NO. 9

**Friday, the 29th June, 2007**
**(10.00 A.M. to 11.40 A.M.)**

### 1. QUESTIONS

**(a) Postponed : 5 having 12 Supplementaries**

**(a) Starred :**

| Total No. of Questions on the Order Paper | Answered | Not Put | Extensions granted | Answered Under Rule 38 | No. of Supple-mentaries |
|---|---|---|---|---|---|
| 19 | 9 | – | – | 10 | 18 |

**(b) Unstarred : 2**

### 2. PANDEMONIUM IN THE HOUSE

Immediately after Question Hour, all the Members of the Congress Party and Sardar Ajit Singh Shant, Independent stood up in their seats and began to raise the issue regarding the decision on their adjournment motion and there was pandemonium in the House; and the remaining business was transacted till adjournment during pandemonium and slogans shouting.

### 3. ANNOUNCEMENT BY THE HON'BLE SPEAKER

The Speaker Laid on the Table the Report of the Committee on Government Assurances for the year 2006-07 under Rule 203.

### 4. MOTION UNDER RULE 16

The following motion moved by the Parliamentary Affairs Minister was put to the vote of the House and carried :-

> That the Vidhan Sabha (Assembly) at its rising this day shall stand adjourned *sine-die.*

### 5. LEGISLATIVE BUSINESS

**1. The Punjab Agricultural Produce Markets (Amendment) Bill, 2007 (Replacing Ordinance)**

Original with;
Punjab Vidhan Sabha
Digitized by;
Panjab Digital Library

The Parliamentary Affairs Minister introduced the Punjab Agricultural Produce Markets (Amendment) Bill, 2007 and also moved that the Bill be taken into consideration at once.

The motion was put to the vote of the House and carried.

At this time, Members of the Congress Party and Sardar Ajit Singh Shant, Independent, came in the well of the House and started raising slogans.

During Clause-wise consideration of the Bill, Sub-Clause(2) of Clause 1, Clauses 2 & 3, Sub-Clause(1) of Clause 1 and the Title were put to the vote of the House and carried.

The motion moved by the Parliamentary Affairs Minister that the Bill be passed, was put to the vote of the House and carried.

**2. The Punjab Value Added Tax (Amendment) Bill, 2007**

The Chief Minister introduced the Punjab Value Added Tax (Amendment) Bill, 2007 and also moved that the Bill be taken into consideration at once.

The motion was put to the vote of the House and carried.

During Clause-wise consideration, Sub-clause (2) of Clause 1, Clauses 2 & 3, Sub-clause (1) of Clause 1 and Title were put to the vote of the House and carried.

The motion moved by the Chief Minister that the Bill be passed, was put to the vote of the House and carried.

**3. The Punjab Agricultural Produce Markets (Second Amendment) Bill, 2007**

The Agriculture Minister introduced the Punjab Agricultural Produce Markets (Second Amendment) Bill, 2007 and also moved that the Bill be taken into consideration at once.

The motion was put to the vote of the House and carried.

During Clause-wise consideration, Sub-clause (2) of Clause 1, Clause 2, Sub-clause (1) of Clause 1 and the Title were put to the vote of the House and carried.

Original with;
Punjab Vidhan Sabha
Digitized by;
Punjab Digital Library

The motion moved by the Agriculture Minister that the Bill be passed, was put to the vote of the House and carried.

**4. The East Punjab Holdings (Consolidation and Prevention of Fragmentation) Amendment Bill, 2007 (Replacing Ordinance)**

The Revenue Minister introduced the East Punjab Holdings (Consolidation and Prevention of Fragmentation) Amendment Bill, 2007 and also moved that the Bill be taken into consideration at once.

The motion was put to the vote of the House and carried.

During Clause-wise consideration, Sub-clause (2) of Clause 1, Clauses 2 & 3, Sub-clause (1) of Clause 1 and the Title were put to the vote of the House and carried.

The motion moved by the Revenue Minister that the Bill be passed, was put to the vote of the House and carried.

Thereafter at 11.14 A.M., the House adjourned *sine-die.*

---

## APPENDIX II

## 31. COMMITTEE

## I. NOMINATED COMMITTEE

### Business Advisory Committee

**(Nominated on 15th June, 2007 under Rule 208 (1))**

| | | |
|---|---|---|
| 1. | Sardar Nirmal Singh Kahlon, Speaker. | Ex-officio Chairman |
| 2. | Shri Manoranjan Kalia, Minister for Local Government, Industry and Commerce. | Member |
| 3. | Captain Kanwaljit Singh, Minister for Co-operation and Defence Services Welfare. | Member |
| 4. | Sardar Manpreet Singh Badal, Minister for Finance and Planning. | Member |
| 5. | Shri Tikshan Sud, Minister for Parliamentary Affairs; and | Member |

Original with;
Punjab Vidhan Sabha
Digitized by;
Panjab Digital Library

6. Smt. Rajinder Kaur Bhattal, MLA & Leader of the Opposition. — Member

## SPECIAL INVITEES

1. Dr. Upinderjeet Kaur, Minister for Education;
2. Sardar Avtar Singh Brar, MLA; and
3. Sardar Charanjit Singh Channi, MLA.

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# 32. INDEX

## To

## Resume of Business transacted by the Punjab Vidhan Sabha during its Second Session, 2007


| | Page |
|---|---|
| **'A'** | |
| Adjournment Motion | 18 |
| Appendix-I | 40 |
| Appendix-II | 58 |
| **'B'** | |
| Bill(s) | |
| Synopsis of..... passed | 10 |
| Bulletins | 40 |
| **'C'** | |
| Call Attention Notices under Rule 66 | 20 |
| Committee..... | 58 |
| .....nominated by the Speaker | |
| Comparative Statement of Speeches made and Time Taken | 24 |
| **'F'** | |
| Figures relating to Questions | 25 |
| Financial Business | 6 |
| **'L'** | |
| Legislation | 7 |
| **'M'** | |
| Motion(s)..... | |
| Adjournment..... | 18 |
| Other..... | 19 |


Original with;
Punjab Vidhan Sabha
Digitized by;
Panjab Digital Library

'N'

Non-Official Bills 7

Non-Official Resolutions 11

'O'

Obituary References 5

Official Bills 11

Official Resolutions 11

Other Motions 19

Observation by the Speaker 37

'P'

Panel of Chairmen 5

Papers Re-laid/Laid 12

Programme observed 1

'Q'

Question(s).....

.....Statement 26

Figures relating to..... 25

'R'

Reports Presented/Laid 17

Resolutions.....

Official..... 7

Non-Official..... 11

Rulings by the Speaker 36

'S'

Summoning Sittings and Prorogation of the Vidhan Sabha 1

Original with;
Punjab Vidhan Sabha
Digitized by;
Panjab Digital Library

Synopsis of Bills passed by the Vidhan Sabha 10

Statements by Ministers 23

Statement made in reply to matter raised during Zero Hour 22

Statement showing the number of Starred Questions answered, Date-wise and Party-wise 27

Statement showing the number of Starred Questions deemed to have been answered under Rule 38, Date-wise and Party-wise 27

Statement showing the number of Statement Questions listed in the names of different Ministers, Date-wise 28

Statement showing Starred Questions postponed from some of the above referred Starred Questions which were included in the list of postponed Starred Questions 32

Statement showing the number of Starred Questions postponed, Date-wise and Party-wise 27

Statement showing the number of postponed Starred Questions, Date-wise and Minister-wise 31

'U'

Unparliamentary/Undesirable Expressions 33

'W'

Walk-outs 32

Wit and Humour 39

---

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

©2007

Published under the authority of the Punjab Vidhan Sabha and typeset & printed by the Controller, Printing & Stationery, Punjab at Punjab Govt. Press, S.A.S. Nagar.

6117 / PGP, Mohali (3)/11

Original with;
Punjab Vidhan Sabha
Digitized by;
Panjab Digital Library

# ANNEXURE

# TO

# PUNJAB VIDHAN SABHA

## DEBATES

*Friday, the 29th June, 2007*

**Vol. II – No. 11**

OFFICIAL REPORT

CONTENTS


| | Page |
|---|---|
| Unstarred Questions (Converted as such from being Starred Questions) and Answers | (11) 1 |
| Appendix | i |



**Punjab Vidhan Sabha Secretariat, Chandigarh**

Price : Rs.________.



*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Panjab Digital Library

## PUNJAB VIDHAN SABHA

*Friday, the 29th June, 2007*

## ANNEXURE

This Annexure contains Unstarred Questions (Converted as such from being Starred Questions) and Answers for the meeting dated 29th June, 2007.

---

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS

### ਹੋਮ ਗਾਰਡ ਕਰਮਚਾਰੀ-ਵਰਗ ਦੀਆਂ ਸੇਵਾਵਾਂ ਦਾ ਨਿਯਮਤੀਕਰਨ

*53. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹੋਮ ਗਾਰਡ ਕਰਮਚਾਰੀ-ਵਰਗ ਨੂੰ ਇਸ ਸਮੇਂ ਅਦਾ ਕੀਤੀ ਜਾ ਰਹੀ ਤਨਖਾਹ ਅਤੇ ਹੋਰ ਭੱਤਿਆਂ (ਇੰਸੈਂਟਿਵਜ਼) ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਦੀ ਤਨਖਾਹ ਵਧਾਉਣ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦੀ ਕੋਈ ਤਜਵੀਜ਼ ਜੇਕਰ ਕੋਈ ਹੋਵੇ, ਸਰਕਾਰ ਦੇ ਵਿਚਾਰ ਅਧੀਨ ਹੈ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹੋਮ ਗਾਰਡ ਵਲੰਟੀਅਰਾਂ ਨੂੰ 150/- ਰੁਪਏ ਪ੍ਰਤੀ ਦਿਨ ਨਿਰਬਾਹ ਭੱਤਾ ਅਤੇ 40/- ਰੁਪਏ ਪ੍ਰਤੀ ਮਹੀਨਾ ਧੁਲਾਈ ਭੱਤਾ ਦਿੱਤਾ ਜਾ ਰਿਹਾ ਹੈ। ਡੇਲੀ ਅਲਾਊਂਸ ਵਧਾਉਣ ਅਤੇ ਇਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

### ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਇੱਕ ਬੱਤੀ ਮੀਟਰ

*59. (ਸੀ.ਯੂ.) ਸਰਦਾਰ ਜੀਤਮਹਿੰਦਰ ਸਿੰਘ ਸਿੱਧੂ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਸ ਸਮੇਂ ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨੂੰ ਇੱਕ ਬੱਤੀ ਮੀਟਰ ਮੁਹੱਈਆ ਕੀਤੇ ਜਾ ਰਹੇ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

## ਸੂਚਨਾ

ਇਸ ਸਮੇਂ ਗਰੀਬੀ ਰੇਖਾ ਤੋਂ ਹੇਠਲੇ (ਬੀ.ਪੀ.ਐਲ.) ਪਰਿਵਾਰਾਂ ਨੂੰ ਬਿਜਲੀ ਕੁਨੈਕਸ਼ਨ ਨਹੀਂ ਦਿੱਤੇ ਜਾ ਰਹੇ ਕਿਉਂਕਿ ਕੁਟੀਰ ਜੋਤੀ ਸਕੀਮ ਭਾਰਤ ਸਰਕਾਰ ਵਲੋਂ ਬੰਦ ਕਰ ਦਿੱਤੀ ਗਈ ਹੈ। ਇਹ ਕੇਸ ਹੁਣ ਰਾਜੀਵ ਗਾਂਧੀ ਗਰਾਮੀਣ ਵਿਦੁੱਯਤੀਕਰਨ ਯੋਜਨਾ (ਆਰ.ਜੀ.ਜੀ.ਵੀ.ਵਾਈ.) ਸਕੀਮ ਦੇ ਘੇਰੇ ਵਿਚ ਆਉਂਦੇ ਹਨ ਜੋ ਕਿ ਬਿਜਲੀ ਮੰਤਰਾਲਾ, ਭਾਰਤ ਸਰਕਾਰ ਵਲੋਂ ਰੀਵਿਊ ਹੋਣੀ ਹੈ ਅਤੇ ਇਨ੍ਹਾਂ ਕੰਮਾਂ ਨੂੰ ਇਸ ਯੋਜਨਾ ਅਧੀਨ ਭਾਰਤ ਸਰਕਾਰ ਵਲੋਂ ਅਗਲੀਆਂ ਹਦਾਇਤਾਂ ਜਾਰੀ ਹੋਣ ਤੱਕ ਰੋਕ ਦਿੱਤਾ ਗਿਆ ਹੈ।

ਪਰ ਗਰੀਬੀ ਰੇਖਾ ਤੋਂ ਹੇਠਲੇ (ਬੀ.ਪੀ.ਐਲ.) ਪਰਿਵਾਰਾਂ ਨੂੰ ਪਹਿਲ ਦੇ ਆਧਾਰ ਤੇ ਕੁਨੈਕਸ਼ਨ ਦੇਣ ਲਈ ਇੱਕ ਵੱਖਰੀ ਸਕੀਮ ਜੋ ਕਿ 29.77 ਕਰੋੜ ਰੁਪਏ ਦੀ ਹੈ, ਬਿਜਲੀ ਮੰਤਰਾਲਾ, ਭਾਰਤ ਸਰਕਾਰ ਨੂੰ ਦਿਹਾਤੀ ਬਿਜਲੀਕਰਨ ਨਿਗਮ (ਆਰ.ਈ.ਸੀ.) ਦਿੱਲੀ ਰਾਹੀਂ ਪ੍ਰਵਾਨਗੀ ਲਈ ਭੇਜੀ ਗਈ ਹੈ। ਇਹ ਸਕੀਮ ਜਲਦੀ ਹੀ ਮਨਜ਼ੂਰ ਹੋਣ ਦੀ ਸੰਭਾਵਨਾ ਹੈ ਅਤੇ ਸਕੀਮ ਪਾਸ ਹੋਣ ਤੋਂ ਤੁਰੰਤ ਬਾਅਦ ਗਰੀਬੀ ਰੇਖਾ ਤੋਂ ਹੇਠਲੇ (ਬੀ.ਪੀ.ਐਲ.) ਪਰਿਵਾਰਾਂ ਨੂੰ ਕੁਨੈਕਸ਼ਨ ਦਿੱਤੇ ਜਾਣਗੇ। ਇਸ ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਲੇ (ਬੀ.ਪੀ.ਐਲ.) ਪਰਿਵਾਰਾਂ ਨੂੰ ਕੁਨੈਕਸ਼ਨ ਦਿੱਤੇ ਜਾਣਗੇ। ਇਸ ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਲੇ (ਬੀ.ਪੀ.ਐਲ.) ਪਰਿਵਾਰਾਂ ਨੂੰ ਮੁਫਤ ਇੱਕ ਬੱਤੀ ਕੁਨੈਕਸ਼ਨ ਦੇਣ ਦੀ ਵਿਵਸਥਾ ਹੈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 62 (ਸੀ.ਯੂ.)*

---

### ਰਾਜ ਵਿੱਚ ਨਹਿਰ ਸਿਸਟਮ ਨੂੰ ਮਜ਼ਬੂਤ ਕਰਨਾ

*76. (ਸੀ.ਯੂ.) ਸਰਦਾਰ ਜੀਤਮਹਿੰਦਰ ਸਿੰਘ ਸਿੱਧੂ : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਵੱਖ-ਵੱਖ ਨਹਿਰ ਸਿਸਟਮਜ਼ ਨੂੰ ਪੱਕਾ ਕਰਨ ਅਤੇ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

ਸਰਦਾਰ ਜਨਮੇਜਾ ਸਿੰਘ ਸੇਖੋਂ : 5 ਨਹਿਰੀ ਸਿਸਟਮਾਂ ਨੂੰ ਪੱਕਾ ਕਰਨ ਅਤੇ ਰੀਹੈਬਲੀਟੇਸ਼ਨ ਕਰਨ ਦੀ ਤਜਵੀਜ਼ ਸਿੰਚਾਈ ਵਿਭਾਗ ਦੇ ਵਿਚਾਰ ਅਧੀਨ ਹੈ। ਇਨ੍ਹਾਂ ਦਾ ਵੇਰਵਾ ਹੇਠ ਲਿਖਤ ਅਨੁਸਾਰ ਹੈ :-

| ਲੜੀ ਨੰ: | ਸਕੀਮ ਦਾ ਨਾਂ | ਅਨੁਮਾਨਤ ਲਾਗਤ (ਕਰੋੜ ਵਿੱਚ) |
|---|---|---|
| 1. | ਫਸਟ ਪਟਿਆਲਾ ਫੀਡਰ ਅਤੇ ਕੋਟਲਾ ਬਰਾਂਚ | 123.30 |

* For Starred Question No. 62 (C.U.) and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

| | | |
|---|---|---|
| 2. | ਬਿਸਤ ਦੁਆਬ ਨਹਿਰ ਸਿਸਟਮ | 140.48 |
| 3. | ਬਠਿੰਡਾ ਬਰਾਂਚ | 173.64 |
| 4. | ਸਿੱਧਵਾਂ ਬਰਾਂਚ | 77.00 |
| 5. | ਅਬੋਹਰ ਬਰਾਂਚ | 161.13 |

---

## ਮਾਰਕਿਟ ਕਮੇਟੀ ਦਫ਼ਤਰ ਮਾਨਸਾ ਦੀ ਇਮਾਰਤ ਦਾ ਬਜ਼ਾਰੀ ਮੁੱਲ

*81. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਹਾਲ ਹੀ ਵਿਚ ਮਾਰਕਿਟ ਕਮੇਟੀ, ਮਾਨਸਾ ਦੇ ਕੁਝ ਦਫ਼ਤਰੀ ਰਿਕਾਰਡ ਸੜ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਡੁਪਲੀਕੇਟ ਰਿਕਾਰਡ ਤਿਆਰ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ;

(ਅ) ਮਾਰਕਿਟ ਕਮੇਟੀ, ਮਾਨਸਾ ਦੇ ਦਫ਼ਤਰ ਦੀ ਪੁਰਾਣੀ ਇਮਾਰਤ ਦਾ ਮੌਜੂਦਾ ਬਜ਼ਾਰੀ ਮੁੱਲ ਕੀ ਹੈ ਅਤੇ ਇਸ ਇਮਾਰਤ ਦੀ ਭਵਿੱਖ ਵਿਚ ਵਰਤੋਂ ਸਬੰਧੀ ਸਰਕਾਰ ਦੀ ਯੋਜਨਾ ਕੀ ਹੈ?

ਸਰਦਾਰ ਸੁੱਚਾ ਸਿੰਘ ਲੰਗਾਹ : (ੳ) ਜੀ ਹਾਂ । ਮਿਤੀ 13-05-07 ਨੂੰ ਦਫ਼ਤਰ ਮਾਰਕਿਟ ਕਮੇਟੀ ਮਾਨਸਾ ਦੇ ਸਟੋਰ ਵਿਚ ਲੱਗੀ ਅੱਗ ਨਾਲ ਕੁਝ ਰਿਕਾਰਡ ਸੜਿਆ ਹੈ। ਇਹ ਰਿਕਾਰਡ 1989-90 ਤੋਂ ਪਹਿਲਾਂ ਦਾ ਹੋਣ ਕਰਕੇ ਕਮੇਟੀ ਨੂੰ ਇਸ ਦੀ ਜ਼ਰੂਰਤ ਨਹੀਂ ਅਤੇ ਅੱਗ ਨਾਲ ਹੋਏ ਨੁਕਸਾਨ ਦੀ ਤਫਸੀਲ ਤਿਆਰ ਕਰਨ ਵਾਸਤੇ ਕਮੇਟੀ ਬਣਾ ਦਿੱਤੀ ਗਈ ਹੈ।

(ਅ) ਮਾਰਕਿਟ ਕਮੇਟੀ ਮਾਨਸਾ ਦੀ ਪੁਰਾਣੀ ਦਫ਼ਤਰੀ ਇਮਾਰਤ ਦੀ ਕੀਮਤ 2,68,800/- ਹੈ। ਇਸ ਇਮਾਰਤ ਵਿਚ ਮਾਰਕਿਟ ਕਮੇਟੀ ਮਾਨਸਾ ਦਾ ਸਬ-ਆਫਿਸ ਕੰਮ ਕਰ ਰਿਹਾ ਹੈ ਅਤੇ ਭਵਿੱਖ ਵਿਚ ਇਹ ਇਮਾਰਤ ਅਨਸੇਫ ਹੋਣ ਕਰਕੇ ਵਰਤਣਯੋਗ ਨਹੀਂ ਹੈ।

---

## ਰਾਜ ਵਿਚ ਬਾਇਓ-ਮੈਡੀਕਲ ਰਹਿੰਦ-ਖੂੰਹਦ ਸੁੱਟਣਾ

*83. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਕੀ ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਅਤੇ ਗੈਰ-ਰਵਾਇਤੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੇ ਹਸਪਤਾਲਾਂ, ਕਲਿਨਿਕਸ ਅਤੇ ਕਲਿਨਿਕਲ ਲੈਬਾਰਟਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਹੜੇ ਖੁਲ੍ਹੇ ਵਿਚ ਆਪਣਾ ਬਾਇਓ ਮੈਡੀਕਲ ਰਹਿੰਦ-ਖੂੰਹਦ ਸੁੱਟ ਰਹੇ ਹਨ ਅਤੇ ਉਨ੍ਹਾਂ ਵਿਰੁੱਧ ਕੀ ਕਾਰਵਾਈ ਕੀਤੀ ਜਾਣੀ ਤਜਵੀਜ਼ਤ ਹੈ?

Original with;
Punjab Vidhan Sabha
Digitized by;
Panjab Digital Library

ਸਰਦਾਰ ਬਿਕਰਮ ਸਿੰਘ ਮਜੀਠੀਆ : ਹਾਂ ਜੀ। ਰਾਜ ਵਿਚ 445 ਪ੍ਰਾਈਵੇਟ ਅਤੇ 34 ਸਰਕਾਰੀ ਹਸਪਤਾਲ, ਕਲੀਨਿਕ ਅਤੇ ਕਲੀਨੀਕਲ ਲੈਬ ਹਨ ਜਿਹੜੀਆਂ ਬਾਇਓ ਮੈਡੀਕਲ ਰਹਿੰਦ ਖੂੰਹਦ ਖੁੱਲ੍ਹੇ ਵਿਚ ਸੁੱਟਦੀਆਂ ਹਨ। ਕਸੂਰਵਾਰਾਂ ਵਿਰੁੱਧ ਇਨਵਾਇਰਨਮੈਂਟ (ਪ੍ਰੋਟੈਕਸ਼ਨ) ਐਕਟ 1986 ਅਧੀਨ ਕਾਰਵਾਈ ਆਰੰਭੀ ਗਈ ਹੈ।

---

## ਜ਼ਿਲ੍ਹਾ ਅਦਾਲਤਾਂ ਵਿੱਚ ਕੰਪਿਊਟਰੀਕਰਨ

*85. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੂੰ ਰਾਜ ਵਿਚ ਜ਼ਿਲ੍ਹਾ ਅਤੇ ਅਧੀਨ ਅਦਾਲਤਾਂ ਦੇ ਰਿਕਾਰਡਾਂ ਦਾ ਕੰਪਿਊਟਰੀਕਰਨ ਕਰਨ ਲਈ ਕੇਂਦਰੀ ਸਰਕਾਰ ਤੋਂ ਕੋਈ ਗ੍ਰਾਂਟ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੀ ਗ੍ਰਾਂਟ ਦਿੱਤੀ ਗਈ ਹੈ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ।

---

## ਸਿੱਖਿਆ ਵਿਭਾਗ ਵਿਚ ਸਰੀਰਕ ਸਿੱਖਿਆ ਲੈਕਚਰਾਰਾਂ ਅਤੇ ਡੀ.ਪੀ. ਐਡ ਅਧਿਆਪਕਾਂ ਦੀ ਭਰਤੀ

*99. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਸਿੱਖਿਆ ਵਿਭਾਗ ਵਿਚ ਸਰੀਰਕ ਸਿੱਖਿਆ ਲੈਕਚਰਾਰਾਂ ਅਤੇ ਡੀ.ਪੀ. ਐਡ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਭਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਡਾਕਟਰ ਉਪਿੰਦਰਜੀਤ ਕੌਰ : ਲੈਕਚਰਾਰ ਸਰੀਰਕ ਸਿੱਖਿਆ ਅਤੇ ਡੀ.ਪੀ.ਆਈ. ਮਾਸਟਰਾਂ ਦੀਆਂ ਖਾਲੀ ਅਸਾਮੀਆਂ ਭਰਨ ਲਈ ਸਰਕਾਰ ਪਹਿਲ ਦੇ ਆਧਾਰ ਤੇ ਕਾਰਵਾਈ ਕਰ ਰਹੀ ਹੈ। ਇਹ ਖਾਲੀ ਅਸਾਮੀਆਂ ਜਲਦੀ ਹੀ ਭਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

---

## ਸਰਵ ਸਿੱਖਿਆ ਅਭਿਆਨ ਅਧੀਨ ਕੰਮ ਕਰ ਰਹੇ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨਾ

*100. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਰਵ ਸਿੱਖਿਆ ਅਭਿਆਨ ਅਧੀਨ ਕੰਮ ਕਰ ਰਹੇ ਬੀ.ਐਡ. ਅਤੇ ਐਮ.ਐਡ. ਡਿਗਰੀ ਹੋਲਡਰਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

Original with;
Punjab Vidhan Sabha
Digitized by;
Panjab Digital Library

ਡਾਕਟਰ ਉਪਿੰਦਰਜੀਤ ਕੌਰ : ਨਹੀਂ ਜੀ।

---

ਸਹਾਇਤਾ-ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਦੀ ਪੈਨਸ਼ਨ ਦੀ ਬਹਾਲੀ

*101. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਸੇਵਾ ਨਿਵ੍ਰਿਤ ਹੋਏ ਅਧਿਆਪਕਾਂ ਦੀਆਂ ਪੈਨਸ਼ਨਾਂ ਬਹਾਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

ਡਾਕਟਰ ਉਪਿੰਦਰਜੀਤ ਕੌਰ : ਜੀ ਨਹੀਂ। ਮਾਮਲਾ ਸੁਪਰੀਮ ਕੋਰਟ ਵਿਖੇ ਪੈਂਡਿੰਗ ਹੈ।

---

ਮਾਛੀਵਾੜਾ ਕਸਬੇ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣਾ

*105. (ਸੀ.ਯੂ.) ਸਰਦਾਰ ਈਸ਼ਰ ਸਿੰਘ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਛੀਵਾੜਾ ਕਸਬੇ ਨੂੰ "ਪਵਿੱਤਰ ਸ਼ਹਿਰ" ਵਜੋਂ ਐਲਾਨ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਸ ਤਰ੍ਹਾਂ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

ਸਬ-ਤਹਿਸੀਲ, ਮਾਛੀਵਾੜਾ ਨੂੰ ਸਬ-ਡਿਵੀਜ਼ਨ ਵਜੋਂ ਅਪਗ੍ਰੇਡ ਕਰਨਾ

*106. (ਸੀ.ਯੂ.) ਸਰਦਾਰ ਈਸ਼ਰ ਸਿੰਘ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਤਹਿਸੀਲ, ਮਾਛੀਵਾੜਾ ਨੂੰ ਸਬ-ਡਵੀਜ਼ਨ ਵਜੋਂ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ, ਇਸ ਦੇ ਵੇਰਵੇ ਕੀ ਹਨ?

ਸਰਦਾਰ ਅਜੀਤ ਸਿੰਘ ਕੋਹਾੜ : ਨਹੀਂ ਜੀ।

---

ਰਾਜ ਵਿੱਚ ਦੁਧਾਰੂ ਪਸ਼ੂਆਂ ਦੀ ਨਸਲ ਵਿੱਚ ਸੁਧਾਰ

*118. (ਸੀ.ਯੂ.) ਸਰਦਾਰ ਜਤਿੰਦਰ ਸਿੰਘ ਕਰੀਹਾ : ਕੀ ਪਸ਼ੂ ਪਾਲਣ

Original with;
Punjab Vidhan Sabha
Digitized by;
Panjab Digital Library

[ ਸਰਦਾਰ ਜਤਿੰਦਰ ਸਿੰਘ ਕਰੀਹਾ ]

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਦੁਧਾਰੂ ਪਸ਼ੂਆਂ ਦੀ ਨਸਲ ਵਿਚ ਸੁਧਾਰ ਕਰਨ ਲਈ ਸਰਕਾਰ ਦੁਆਰਾ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ?

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਅਨੁਲੱਗ 'ੳ' ਅਨੁਸਾਰ।

ਅਨੁਲੱਗ-'ੳ'

1) ਪੰਜਾਬ ਰਾਜ ਵਿਚ ਦੇਸੀ ਗਾਵਾਂ ਨੂੰ ਵਿਦੇਸ਼ੀ ਨਸਲ ਦੇ ਵੀਰਜ਼ ਤੋਂ ਤਿਆਰ ਕੀਤੇ ਟੀਕੇ ਲਾ ਕੇ ਕਰਾਸ ਬਰੀਡਿੰਗ ਪ੍ਰੋਗਰਾਮ ਰਾਹੀਂ ਨਸਲ ਸੁਧਾਰ ਦਾ ਕੰਮ ਕੀਤਾ ਜਾ ਰਿਹਾ ਹੈ।

2) ਸਾਰੇ ਰਾਜ ਦੀਆਂ ਪਸ਼ੂ ਸੰਸਥਾਵਾਂ ਵਿਚ ਮਸਨੂਈ ਗਰਭਦਾਨ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।

3) ਕਿਸਾਨ ਦੇ ਦਰ ਤੇ ਜਾ ਕੇ ਮਸਨੂਈ ਗਰਭਦਾਨ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।

4) ਰਾਜ ਦੇ ਫਾਰਮਾਂ ਤੇ ਜ਼ਰੂਰਤ ਅਨੁਸਾਰ ਵਿਦੇਸ਼ੀ ਅਤੇ ਦੋਗਲੀ ਨਸਲ ਦੇ ਉਤਮ ਕਿਸਮ ਦੇ ਸਾਨ੍ਹਾਂ ਦੀ ਪੈਦਾਵਾਰ ਕਰਨਾ।

5) ਐਂਬਰੀਓ ਟਰਾਂਸਫਰ ਤਕਨੀਕ ਨਾਲ ਉਤਮ ਕਿਸਮ ਦੇ ਸਾਨ੍ਹਾਂ ਦੀ ਪੈਦਾਵਾਰ।

---

## ਜ਼ਿਲ੍ਹਾ ਪੁਲਿਸ ਹੈੱਡ-ਕੁਆਰਟਰਜ਼, ਜਗਰਾਓਂ ਲਈ ਨਵੀਂ ਇਮਾਰਤ ਦੀ ਉਸਾਰੀ

*124. (ਸੀ.ਯੂ.) ਸਰਦਾਰ ਗੁਰਦੀਪ ਸਿੰਘ ਭੈਣੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਜ਼ਿਲ੍ਹਾ ਪੁਲਿਸ ਹੈੱਡ ਕੁਆਰਟਰਜ ਦੇ ਦਫਤਰਾਂ ਨੂੰ ਇੱਕ ਜਗ੍ਹਾ ਲਿਆਉਣ ਲਈ ਜਗਰਾਓਂ ਵਿਖੇ ਇੱਕ ਨਵੀਂ ਇਮਾਰਤ ਦੀ ਉਸਾਰੀ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 127 (ਸੀ.ਯੂ.)*

---

## ਤਲਵੰਡੀ ਸਾਬੋ ਵਿਖੇ ਥਰਮਲ ਪਲਾਂਟ ਲਗਾਉਣਾ

*139. (ਸੀ.ਯੂ.) ਸਰਦਾਰ ਜੀਤਮਹਿੰਦਰ ਸਿੰਘ ਸਿੱਧੂ : ਕੀ ਮੁੱਖ

*For Starred Question No. 127 (C.U.) and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਬ-ਡਿਵੀਜ਼ਨ ਤਲਵੰਡੀ ਸਾਬੋ ਵਿਖੇ ਥਰਮਲ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ। ਫਿਰ ਵੀ ਪਿੰਡ ਬਨਵਾਲਾ, ਜ਼ਿਲ੍ਹਾ ਮਾਨਸਾ ਵਿਖੇ ਥਰਮਲ ਪਾਵਰ ਪਲਾਂਟ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਪ੍ਰੋਜੈਕਟ ਦਾ ਨਾਂ ਤਲਵੰਡੀ ਸਾਬੋ ਪਾਵਰ ਪ੍ਰੋਜੈਕਟ ਰੱਖਿਆ ਗਿਆ ਹੈ। ਇਸ ਪ੍ਰੋਜੈਕਟ ਦੀ ਸਮਰੱਥਾ 2000 ਮੈਗਾਵਾਟ ਹੈ ਅਤੇ ਇਹ ਉਸਾਰੀ, ਮਾਲਕੀ ਅਤੇ ਸੰਚਾਲਕੀ (ਬਿਲਡ ਓਨ ਅਤੇ ਓਪਰੇਟ) ਦੇ ਆਧਾਰ ਤੇ ਵਿਕਸਿਤ ਕੀਤਾ ਜਾਵੇਗਾ। ਇਸ ਪ੍ਰੋਜੈਕਟ ਦੇ ਵਿਕਸਤ ਕਰਤਾ ਦੀ ਚੋਣ ਪਾਰਦਰਸ਼ੀ ਤਰੀਕੇ ਨਾਲ ਟੈਰਿਫ ਆਧਾਰ ਤੇ ਤੁਲਨਾਤਮਕ ਬੋਲੀ ਰਾਹੀਂ ਕੀਤੀ ਜਾਵੇਗੀ।

---

## ਮੀਂਹ/ਗੜਿਆਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਲਈ ਮੁਆਵਜ਼ੇ ਦੀ ਅਦਾਇਗੀ

*146. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਮਿਤੀ 17-18 ਅਪ੍ਰੈਲ, 2007 ਨੂੰ ਪਏ ਮੀਂਹ ਅਤੇ ਗੜਿਆਂ ਕਾਰਨ ਜ਼ਿਲ੍ਹਾ ਬਠਿੰਡਾ ਦੇ ਕੁਝ ਪਿੰਡ ਪ੍ਰਭਾਵਿਤ ਹੋਏ ਸਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਪਿੰਡਾਂ ਦੇ ਨਾਂ ਕੀ ਹਨ;

(ਅ) ਕੀ ਭਾਗ (ੳ) ਵਿਚ ਵਰਣਿਤ ਪਿੰਡਾਂ ਦੇ ਪ੍ਰਭਾਵਿਤ ਕਿਸਾਨਾਂ ਨੂੰ ਇਨ੍ਹਾਂ ਪਿੰਡਾਂ ਦੀ ਸਪੈਸ਼ਲ ਗਿਰਦਾਵਰੀ ਕਰਵਾਉਣ ਤੋਂ ਬਾਅਦ ਕੋਈ ਮੁਆਵਜ਼ਾ ਅਦਾ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਕਿਸਾਨਾਂ ਨੂੰ ਅਤੇ ਹਰੇਕ ਕੇਸ ਵਿਚ ਕਿੰਨਾ ਕਿੰਨਾ ਮੁਆਵਜ਼ਾ ਅਦਾ ਕੀਤਾ ਗਿਆ ਹੈ?

ਸਰਦਾਰ ਅਜੀਤ ਸਿੰਘ ਕੋਹਾੜ : (ੳ) ਹਾਂ ਜੀ। ਜ਼ਿਲ੍ਹਾ ਬਠਿੰਡਾ ਵਿਚ ਬਠਿੰਡਾ ਤਹਿਸੀਲ ਦੇ ਕੁਝ ਪਿੰਡ ਜਿਵੇਂ ਕਿ ਨਰੂਆਨਾ, ਜੋਧਪੁਰ ਰੋਮਾਨਾ, ਜੱਸੀ ਪਾਉ ਵਾਲੀ, ਬਠਿੰਡਾ, ਗੁਰੂਸਰ ਸੈਨੇਵਾਲਾ, ਗਹਿਰੀ ਦੇਵੀ ਨਗਰ ਆਦਿ ਮਿਤੀ 17-18 ਅਪ੍ਰੈਲ, 2007 ਨੂੰ ਹੋਈ ਬਾਰਿਸ਼ ਅਤੇ ਗੜੇਮਾਰੀ ਕਾਰਨ ਪ੍ਰਭਾਵਤ ਹੋਏ ਸਨ।

(ਅ) ਇਸ ਸਬੰਧੀ ਕੋਈ ਮੁਆਵਜ਼ਾ ਅਦਾ ਨਹੀਂ ਕੀਤਾ ਗਿਆ ਕਿਉਂਜੋ ਫਸਲਾਂ ਨੂੰ ਹੋਏ ਨੁਕਸਾਨ ਦੀ ਮਿਕਦਾਰ 25% ਤੋਂ ਘੱਟ ਅਨੁਮਾਨੀ ਗਈ ਸੀ।

---

Original with;
Punjab Vidhan Sabha
Digitized by;
Panjab Digital Library

## ਸਹਿਕਾਰਤਾ ਵਿਭਾਗ ਵਿਚ ਨਵੀਆਂ ਆਸਾਮੀਆਂ ਦੀ ਸਿਰਜਣਾ ਕਰਨਾ

*176. (ਸੀ.ਯੂ.) ਸਰਦਾਰ ਅਜੀਤ ਸਿੰਘ ਸ਼ਾਂਤ : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਰਾਜ ਵਿਚ ਪ੍ਰਾਇਮਰੀ ਕੁਆਪਰੇਟਿਵ ਐਗਰੀਕਲਚਰ ਸਰਵਿਸ ਸੁਸਾਇਟੀਆਂ ਵਿਚ ਕੰਮ ਦਾ ਲੋਡ ਵੱਧ ਜਾਣ ਦੇ ਮੱਦੇ ਨਜ਼ਰ ਨਵੀਆਂ ਆਸਾਮੀਆਂ ਦੀ ਸਿਰਜਣਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਸਮੇਂ ਇਨ੍ਹਾਂ ਵਿਚ ਭਰਤੀ ਕਰਨ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ?

ਕੈਪਟਨ ਕੰਵਲਜੀਤ ਸਿੰਘ : ਸ਼੍ਰੀਮਾਨ ਜੀ, ਰਾਜ ਦੀਆਂ ਪ੍ਰਾਇਮਰੀ ਖੇਤੀਬਾੜੀ ਸਰਵਿਸ ਸਭਾਵਾਂ ਵਿਚ ਨਵੀਆਂ ਆਸਾਮੀਆਂ ਦੀ ਰਚਨਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਇਸ ਸਮੇਂ ਰਾਜ ਦੀਆਂ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਰਵਿਸ ਸਭਾਵਾਂ ਵਿਚ ਭਰਤੀ ਕਰਨ ਬਾਰੇ ਨਾਰਮ ਹੇਠ ਲਿਖੇ ਅਨੁਸਾਰ ਅਪਣਾਇਆ ਜਾ ਰਿਹਾ ਹੈ:-

| ਲੜੀ ਨੰ: | ਸਭਾ ਦਾ ਵਰਗੀਕਰਣ | ਅਸਾਮੀਆਂ ਦਾ ਵੇਰਵਾ |
|---|---|---|
| ੳ. | ਸਭਾਵਾਂ ਜਿਨ੍ਹਾਂ ਦਾ ਔਸਤ ਕਰਜਾ ਮੈਂਬਰਾਂ ਵੱਲ 50 ਲੱਖ ਰੁਪਏ ਜਾਂ ਇਸ ਤੋਂ ਵੱਧ ਲਗਦਾ ਹੋਵੇ। | ਸਕੱਤਰ<br>ਸੇਲਜ਼ਮੈਨ<br>ਸੇਵਾਦਾਰ-ਕਮ-ਚੌਂਕੀਦਾਰ |
| ਅ. | ਸਭਾਵਾਂ ਜਿਨ੍ਹਾਂ ਦਾ ਮੈਂਬਰਾਂ ਵੱਲ ਔਸਤਨ ਕਰਜਾ 35 ਲੱਖ ਰੁਪਏ ਜਾਂ ਇਸ ਤੋਂ ਵੱਧ ਹੋਵੇ। | ਸਕੱਤਰ<br>ਸੇਵਾਦਾਰ-ਕਮ-ਚੌਂਕੀਦਾਰ |

---

## ਪੰਚਾਇਤੀ ਰਾਜ ਸੰਸਥਾਵਾਂ ਨੂੰ ਸ਼ਕਤੀਆਂ ਸੌਂਪਣਾ

*181. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦਸੱਣਗੇ :-

(ੳ) ਰਾਜ ਵਿਚ ਪਿਛਲੀ ਸਰਕਾਰ ਦੁਆਰਾ ਪੰਚਾਇਤਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਦੇ ਵੇਰਵੇ ਕੀ ਹਨ;

(ਅ) ਕੀ ਮੌਜੂਦਾ ਸਰਕਾਰ ਦੁਆਰਾ ਇਸ ਤਰ੍ਹਾਂ ਸੌਂਪੀਆਂ ਗਈਆਂ ਸ਼ਕਤੀਆਂ ਵਾਪਸ ਲੈ ਲਈਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਵਾਪਸ ਲਈਆਂ ਗਈਆਂ ਸ਼ਕਤੀਆਂ ਦੇ ਵੇਰਵੇ ਕੀ ਹਨ ਅਤੇ ਇਸ ਦੇ ਕਾਰਨ ਕੀ ਹਨ?

Original with;
Punjab Vidhan Sabha
Digitized by;
Panjab Digital Library

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਭਾਰਤ ਦੇ ਸੰਵਿਧਾਨ ਦੀ 73ਵੀਂ ਸੋਧ ਦੀ ਪੂਰਤੀ ਲਈ ਪਿਛਲੀ ਸਰਕਾਰ ਵਲੋਂ ਮੰਤਰੀ ਪ੍ਰੀਸ਼ਦ ਦੇ ਫੈਸਲੇ ਮਿਤੀ 17-10-2003 ਅਨੁਸਾਰ 29 ਵਿਸ਼ਿਆਂ ਵਿਚੋਂ 12 ਵਿਸ਼ਿਆਂ ਨਾਲ ਸਬੰਧਤ ਕੰਮ, ਜੋ 6 ਵਿਭਾਗਾਂ ਨਾਲ ਸਬੰਧਤ ਹੈ, ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਿਆ ਗਿਆ ਹੈ। ਇੱਕ ਵਿਸ਼ਾ ਜੋ ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ ਵਿਭਾਗ ਨਾਲ ਸਬੰਧਤ ਹੈ, ਦਾ ਕੰਮ ਨੋਟੀਫਿਕੇਸ਼ਨ ਮਿਤੀ 14-8-2006 ਰਾਹੀਂ ਸੌਂਪਿਆ ਗਿਆ। ਇਨ੍ਹਾਂ ਵਿਸ਼ਿਆਂ ਨਾਲ ਸਬੰਧਤ ਕੰਮਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਜਿਹੜੇ ਕੰਮ ਅਤੇ ਸ਼ਕਤੀਆਂ ਪਹਿਲੀ ਸਰਕਾਰ ਵਲੋਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੀਆਂ ਗਈਆਂ ਹਨ, ਵਿਚੋਂ ਕੋਈ ਵੀ ਸ਼ਕਤੀ ਜਾਂ ਕੰਮ ਮੌਜੂਦਾ ਸਰਕਾਰ ਵਲੋਂ ਵਾਪਸ ਨਹੀਂ ਲਿਆ ਗਿਆ ਹੈ।

## ਵੇਰਵਾ

### 29 ਵਿਸ਼ਿਆਂ ਵਿੱਚੋਂ 13 ਵਿਸ਼ਿਆਂ ਦਾ ਕੰਮ ਜੋ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਿਆ ਗਿਆ ਹੈ, ਦਾ ਵੇਰਵਾ

| ਲੜੀ ਨੰ: | ਵਿਭਾਗ ਦਾ ਨਾਂ | ਕੈਬਨਿਟ ਦੇ ਫੈਸਲੇ ਦੀ ਮਿਤੀ | ਨੋਟੀਫਿਕੇਸ਼ਨ/ਹਦਾਇਤ ਦਾ ਨੰਬਰ ਅਤੇ ਮਿਤੀ | ਭਾਰਤ ਦੇ ਸੰਵਿਧਾਨ ਦੇ 11ਵੇਂ ਸ਼ਡਿਊਲ ਅਧੀਨ ਦਿੱਤੇ ਗਏ ਵਿਸ਼ਿਆਂ ਦਾ ਲੜੀ ਨੰਬਰ |
|---|---|---|---|---|
| 1 | ਸੋਸ਼ਲ ਸਕਿਉਰਿਟੀ, ਵੂਮੈਨ ਐਂਡ ਚਾਈਲਡ ਡਿਵੈਲਪਮੈਂਟ | 16/10/03 | 11/133/2001-6 ਐਸ.ਐਸ. 159 ਮਿਤੀ 9/1/2004 | 25. ਇਸਤਰੀ ਅਤੇ ਬਾਲ ਵਿਕਾਸ<br>26. ਐਸ.ਸੀ. ਅਤੇ ਬੀ.ਸੀ. ਦੇ ਕਮਜ਼ੋਰ ਵਰਗਾਂ ਦੀ ਭਲਾਈ, ਹੈਂਡੀਕੈਪਡ ਅਤੇ ਦਿਮਾਗੀ ਬਿਮਾਰਾਂ ਦੀ ਭਲਾਈ |
| 2 | ਵੈਲਫੇਅਰ ਆਫ ਐਸ.ਸੀ. ਅਤੇ ਬੀ.ਸੀ. | 16/10/03 | 9/15-2002-ਡਬਲਯੂ ਸੀ-6/50, ਮਿਤੀ 14/1/2004 | 27. ਕਮਜ਼ੋਰ ਵਰਗਾਂ ਅਤੇ ਖਾਸ ਕਰਕੇ ਅਨੁਸੂਚਿਤ ਜਾਤੀਆਂ ਦੀ ਭਲਾਈ |
| 3 | ਜਨ ਸਿਹਤ ਵਿਭਾਗ | 16/10/03 | 13/49/2003-5 ਬੀ.ਐਂਡ.ਆਰ. 2/149, ਮਿਤੀ 13/1/2004 | 11. ਪੀਣ ਵਾਲੇ ਪਾਣੀ ਦੀ ਸਪਲਾਈ |
| 4 | ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ | 16/10/03 | 6/20/94/ਜੀ-1/200/3/37012-37223, ਮਿਤੀ 12/11/2003 | 10. ਰੂਰਲ ਹਾਊਸਿੰਗ<br>20. ਲਾਇਬਰੇਰੀ<br>21. ਸੱਭਿਆਚਾਰਕ ਗਤੀਵਿਧੀਆਂ |

Original with;
Punjab Vidhan Sabha
Digitized by;
Panjab Digital Library

[ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ]

| | | | | |
|---|---|---|---|---|
| | | | | 22. ਮਾਰਕਿਟ ਅਤੇ ਮੇਲੇ<br>29. ਸਮੂਹਿਕ ਵਰਤੋਂ ਦੀਆਂ ਜਾਇਦਾਦਾਂ ਦੀ ਸੰਭਾਲ |
| 5 | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 16/10/03 | 2/135/3-3 ਐਚ.ਬੀ.6/160, ਮਿਤੀ 1/1/2004 | 23. ਸਿਹਤ ਅਤੇ ਸਫਾਈ ਜਿਸ ਵਿਚ ਹਸਪਤਾਲ, ਮੁੱਢਲੇ ਸਿਹਤ ਕੇਂਦਰ ਅਤੇ ਡਿਸਪੈਂਸਰੀਆਂ ਵੀ ਸ਼ਾਮਿਲ ਹਨ। |
| | | | 8/12/2005 | 1187 ਸਬਸਿਡਰੀ ਹੈਲਥ ਸੈਂਟਰ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਬਦੀਲ ਕੀਤੇ ਗਏ।<br>24. ਫੈਮਲੀ ਵੈਲਫੇਅਰ |
| 6 | ਸਿੱਖਿਆ ਵਿਭਾਗ | 16/10/03<br>18/2/2006 | ਐਸ.ਓ./ਪੀ.ਏ.9/ 94/ਐਸ.ਸੀ.30, 31, 119, 120 ਅਤੇ 180/2003, ਮਿਤੀ 12/1/2004 ਨੋਟੀਫਿਕੇਸ਼ਨ ਮਿਤੀ 3/3/2006, 10-11-200 ਆਦਿ | 17. ਸਿੱਖਿਆ ਜਿਸ ਵਿਚ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਸ਼ਾਮਿਲ ਹਨ।<br>5752 ਪ੍ਰਾਇਮਰੀ ਸਕੂਲ ਸਿੱਖਿਆ ਵਿਭਾਗ ਵਲੋਂ 13035 ਈ.ਟੀ.ਟੀ. ਟੀਚਰਾਂ ਦੀਆਂ ਅਸਾਮੀਆਂ ਸਹਿਤ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਬਦੀਲ ਕੀਤੇ ਗਏ |
| 7 | ਐਨੀਮਲ ਹਸਬੈਂਡਰੀ | | 32/27/06-ਏ.ਐਚ.-7/4652, ਮਿਤੀ 14/8/2006 | 582 ਵੈਟਰਨਰੀ ਹਸਪਤਾਲ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਬਦੀਲ ਕੀਤੇ ਗਏ |

## ਸੰਵਿਧਾਨ ਦਾ 11ਵਾਂ ਸ਼ਡਿਊਲ
## (ਅਨੁਛੇਦ 243 ਜੀ)

1 ਖੇਤੀਬਾੜੀ, ਖੇਤੀਬਾੜੀ ਪਸਾਰ ਸਮੇਤ;

2 ਜ਼ਮੀਨੀ ਸੁਧਾਰ, ਚੱਕਬੰਦੀ ਅਤੇ ਜ਼ਮੀਨੀ ਖੋਰ ਨੂੰ ਰੋਕਣਾ;

3 ਲਘੂ ਸਿੰਚਾਈ ਜਲ ਪ੍ਰਬੰਧ ਅਤੇ ਜਲ ਸਵਰੂਪ ਵਿਕਾਸ;

4 ਪਸ਼ੂ ਪਾਲਣ, ਡੇਅਰੀ ਅਤੇ ਮੁਰਗੀ ਪਾਲਣ;

Original with;
Punjab Vidhan Sabha
Digitized by;
Panjab Digital Library

5 ਮੱਛੀ ਪਾਲਣ;
6 ਸੋਸ਼ਲ ਫੋਰੈਸਟਰੀ ਅਤੇ ਫਾਰਮ ਫੋਰੈਸਟਰੀ;
7 ਲਘੂ ਜੰਗਲਾਤ ਉਪਜਾ;
8 ਲਘੂ ਖੁਰਾਕੀ ਵਸਤਾਂ ਦੀ ਸੰਭਾਲ ਨਾਲ ਸਬੰਧਤ ਉਦਯੋਗ;
9 ਖਾਦੀ, ਦਿਹਾਤੀ ਅਤੇ ਕੁਟੀਰ ਉਦਯੋਗ;
10 ਰੂਰਲ ਹਾਊਸਿੰਗ;
11 ਪੀਣ ਵਾਲੇ ਪਾਣੀ ਦੀ ਸਪਲਾਈ;
12 ਬਾਲਣ ਅਤੇ ਚਾਰੇ ਸਬੰਧੀ;
13 ਸੜਕਾਂ, ਪੁਲੀਆਂ ਅਤੇ ਪੁਲ, ਪਾਣੀ, ਫੈਰੀਜ਼, ਜਲ ਸ੍ਰੋਤ ਅਤੇ ਦੂਸਰੇ ਆਵਾਜਾਈ ਦੇ ਸਾਧਨ
14 ਦਿਹਾਤੀ ਬਿਜਲੀਕਰਨ ਜਿਸ ਵਿਚ ਬਿਜਲੀ ਦੀ ਵੰਡ ਵੀ ਸ਼ਾਮਲ ਹੈ;
15 ਗੈਰ-ਰਿਵਾਇਤੀ ਊਰਜਾ ਸਾਧਨ;
16 ਗਰੀਬੀ ਹਟਾਉਣ ਪ੍ਰੋਗਰਾਮ;
17 ਸਿੱਖਿਆ ਜਿਸ ਵਿਚ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਸ਼ਾਮਲ ਹਨ;
18 ਤਕਨੀਕੀ ਸਿੱਖਿਆ ਅਤੇ ਕਿੱਤਾ-ਮੁਖੀ ਸਿੱਖਿਆ;
19 ਬਾਲਗ ਅਤੇ ਗੈਰ-ਰਸਮੀ ਸਿੱਖਿਆ;
20 ਲਾਇਬ੍ਰੇਰੀ;
21 ਸੱਭਿਆਚਾਰਕ ਗਤੀਵਿਧੀਆਂ;
22 ਮਾਰਕੀਟ ਅਤੇ ਮੇਲੇ;
23 ਸਿਹਤ ਅਤੇ ਸਫਾਈ ਜਿਸ ਵਿਚ ਹਸਪਤਾਲ, ਮੁੱਢਲੇ ਸਿਹਤ ਕੇਂਦਰ ਅਤੇ ਡਿਸਪੈਂਸਰੀਆਂ ਵੀ ਸ਼ਾਮਲ ਹਨ;
24 ਪਰਿਵਾਰ ਭਲਾਈ;
25 ਇਸਤਰੀ ਤੇ ਬੱਚਿਆਂ ਦਾ ਵਿਕਾਸ;
26 ਸਮਾਜਿਕ ਭਲਾਈ ਜਿਸ ਵਿਚ ਅਪਾਹਜਾਂ ਅਤੇ ਮਾਨਸਿਕ ਅਸੰਤੁਲਨ ਵਾਲੇ ਲੋਕਾਂ ਦੀ ਭਲਾਈ ਸ਼ਾਮਲ ਹੈ;
27 ਕਮਜ਼ੋਰ ਵਰਗਾਂ ਅਤੇ ਖਾਸ ਕਰਕੇ ਅਨੁਸੂਚਿਤ ਜਾਤੀਆਂ ਦੀ ਭਲਾਈ;
28 ਜਨਤਕ ਵੰਡ ਪ੍ਰਣਾਲੀ;
29 ਸਮੂਹਿਕ ਵਰਤੋਂ ਦੀਆਂ ਜਾਇਦਾਦਾਂ ਦੀ ਸੰਭਾਲ।

---

## ਕਰਮਚਾਰੀਆਂ ਦੀਆਂ ਬਦਲੀਆਂ

*182. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਦਿਹਾਤੀ ਵਿਕਾਸ ਅਤੇ

Original with;
Punjab Vidhan Sabha
Digitized by;
Panjab Digital Library

[ ਸਰਦਾਰ ਮੱਖਣ ਸਿੰਘ ]

ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਵਿਚ ਸ਼੍ਰੇਣੀਵਾਰ ਕਿੰਨੀਆਂ ਬਦਲੀਆਂ ਕੀਤੀਆਂ ਗਈਆਂ ਅਤੇ 1 ਮਾਰਚ, 2007 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਕ੍ਰਮਵਾਰ ਸ਼ਿਕਾਇਤਾਂ ਅਤੇ ਬੇਨਤੀਆਂ ਦੇ ਆਧਾਰ ਤੇ ਕਿੰਨੀਆਂ-ਕਿੰਨੀਆਂ ਬਦਲੀਆਂ ਕੀਤੀਆਂ ਗਈਆਂ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਆਦਾਤਰ ਬਦਲੀਆਂ ਰੱਦ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਤਰ੍ਹਾਂ ਰੱਦ ਕੀਤੀਆਂ ਗਈਆਂ ਬਦਲੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਹੈ ਅਤੇ ਇਸ ਦੇ ਕਾਰਨ ਕੀ ਹਨ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਸ਼੍ਰੀਮਾਨ ਜੀ

(ੳ) ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵਿਚ ਸ਼੍ਰੇਣੀਵਾਰ ਕੀਤੀਆਂ ਗਈਆਂ ਬਦਲੀਆਂ ਅਤੇ 1 ਮਾਰਚ, 2007 ਤੋਂ ਲੈ ਕੇ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਕ੍ਰਮਵਾਰ ਸ਼ਿਕਾਇਤਾਂ ਅਤੇ ਬੇਨਤੀਆਂ ਦੇ ਆਧਾਰ ਤੇ ਕੀਤੀਆਂ ਗਈਆਂ ਬਦਲੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਅਸਾਮੀ ਦਾ ਨਾਂ | ਕੁੱਲ ਕੀਤੀਆਂ ਕੀਤੀਆਂ ਬਦਲੀਆਂ ਦੀ ਗਿਣਤੀ | ਮਿਤੀ 1-3-07 ਤੋਂ ਮਿਤੀ ਅੰਤ ਤੱਕ ਸ਼ਿਕਾਇਤਾਂ ਦੇ ਆਧਾਰ ਤੇ ਕੀਤੀਆਂ ਬਦਲੀਆਂ ਦੀ ਗਿਣਤੀ | ਮਿਤੀ 1-3-07 ਤੋਂ ਮਿਤੀ ਅੰਤ ਤੱਕ ਬੇਨਤੀਆਂ ਦੇ ਆਧਾਰ ਤੇ ਕੀਤੀਆਂ ਬਦਲੀਆਂ ਦੀ ਗਿਣਤੀ |
|---|---|---|---|---|
| 1 | ਡਿਪਟੀ ਡਾਇਰੈਕਟਰ | 16 | – | – |
| 2 | ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ | 20 | – | – |
| 3 | ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ | 122 | 01 | – |
| 4 | ਕਾਰਜਕਾਰੀ ਇੰਜੀਨੀਅਰ (ਪਰਡ) | 05 | – | 04 |
| 5 | ਉਪ ਮੰਡਲ ਅਫ਼ਸਰ (ਪਰਡ) | 11 | – | 06 |
| 6 | ਸੁਪਰਡੰਟ ਗਰੇਡ-II | 19 | – | 19 |
| 7 | ਜੂਨੀਅਰ ਇੰਜੀਨੀਅਰ | 122 | – | 10 |
| 8 | ਸੀਨੀਅਰ ਸਹਾਇਕ (ਲੇਖਾ) | 27 | – | 03 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 9 | ਸੀਨੀਅਰ ਸਹਾਇਕ | 06 | - | - |
| 10 | ਸਮਾਜਿਕ ਸਿੱਖਿਆ ਤੇ ਪੰਚਾਇਤ ਅਫ਼ਸਰ | 10 | - | - |
| 11 | ਪੰਚਾਇਤ ਅਫ਼ਸਰ (ਸੰਮਤੀ ਸਾਈਡ) | 58 | - | 58 |
| 12 | ਮੁੱਖ ਸੇਵਿਕਾ | 06 | - | - |
| 13 | ਜੂਨੀਅਰ ਡਰਾਫਟਸਮੈਨ | 02 | - | - |
| 14 | ਈ.ਟੀ.ਟੀ. ਟੀਚਰ | 164 | - | 164 |
| 15 | ਗਰਾਮ ਸੇਵਕ (ਮੇਲ) | 76 | - | 01 |
| 16 | ਸਟੈਨੋਟਾਈਪਿਸਟ | 04 | - | - |
| 17 | ਪੰਚਾਇਤ ਸਕੱਤਰ | 743 | 164 | 16 |
| 18 | ਕਲਰਕ | 33 | - | 10 |
| 19 | ਡਰਾਈਵਰ | 04 | - | 01 |
| 20 | ਸੇਵਾਦਾਰ | 07 | 01 | 03 |

(ਅ) ਨਹੀਂ ਜੀ

ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਆਦਾਤਰ ਬਦਲੀਆਂ ਰੱਦ ਨਹੀਂ ਕੀਤੀਆਂ ਗਈਆਂ ਹਨ। ਫਿਰ ਵੀ ਜੋ ਬਦਲੀਆਂ ਰੱਦ ਕੀਤੀਆਂ ਗਈਆਂ ਹਨ, ਉਨ੍ਹਾਂ ਦੀ ਸ਼੍ਰੇਣੀਵਾਰ ਗਿਣਤੀ ਅਤੇ ਰੱਦ ਕਰਨ ਦੇ ਕਾਰਨ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ: | ਅਸਾਮੀ ਦਾ ਨਾਂ | ਰੱਦ ਕੀਤੀਆਂ ਬਦਲੀਆਂ ਦੀ ਗਿਣਤੀ | ਰੱਦ ਕਰਨ ਦੇ ਕਾਰਨ |
|---|---|---|---|
| 1 | ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ | 03 | ਸਬੰਧਤ ਅਫ਼ਸਰਾਂ ਵੱਲੋਂ ਪ੍ਰਤੀ-ਬੇਨਤੀਆਂ ਦੇ ਅਧਾਰ ਤੇ |
| 2 | ਸੁਪਰਡੰਟ ਗਰੇਡ-II | 01 | ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਬਦਲੀ ਦੇ ਹੁਕਮਾਂ ਤੇ ਰੋਕ ਲਗਾਉਣ ਕਰਕੇ। |
| 3 | ਜੂਨੀਅਰ ਇੰਜੀਨੀਅਰ | 06 | ਪ੍ਰਬੰਧਕੀ ਪੱਖਾਂ ਨੂੰ ਮੁੱਖ ਰੱਖਦੇ ਹੋਏ |
| 4 | ਪੰਚਾਇਤ ਅਫ਼ਸਰ (ਸੰਮਤੀ ਸਾਈਡ) | 01 | ਬੇਨਤੀ ਦੇ ਆਧਾਰ ਤੇ |
| 5 | ਕਲਰਕ | 01 | ਬੇਨਤੀ ਦੇ ਆਧਾਰ ਤੇ |
| 6 | ਪੰਚਾਇਤ ਸਕੱਤਰ | 20 | 11 ਪੰਚਾਇਤ ਸਕੱਤਰਾਂ ਦੀਆਂ ਬਦਲੀਆਂ ਉਨ੍ਹਾਂ ਦੀਆਂ ਬੇਨਤੀਆਂ/ਰਿਟਾਇਰਮੈਂਟ ਨੇੜੇ ਹੋਣ ਕਾਰਨ, ਮੈਡੀਕਲ ਅਧਾਰ ਅਤੇ ਉਨ੍ਹਾਂ ਵਿਰੁੱਧ ਸ਼ਿਕਾਇਤਾਂ ਦੀ |

Original with;
Punjab Vidhan Sabha
Digitized by;
Panjab Digital Library

[ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ]

ਛਾਣਬੀਣ ਉਪਰੰਤ ਰੱਦ ਕੀਤੀਆਂ ਗਈਆਂ ਹਨ ਜਦੋਂ ਕਿ 9 ਪੰਚਾਇਤ ਸਕੱਤਰਾਂ ਦੀਆਂ ਬਦਲੀਆਂ ਮਾਨਯੋਗ ਹਾਈਕੋਰਟ ਵੱਲੋਂ ਸਟੇਅ ਕਰ ਦਿੱਤੀਆਂ ਗਈਆਂ ਹਨ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 187 (ਸੀ.ਯੂ.)*

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 188 (ਸੀ.ਯੂ.)**

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 189 (ਸੀ.ਯੂ.)***

---

## ਪੱਟੀ ਸਬ-ਡਵੀਜ਼ਨ ਵਿਚ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ

*190. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੱਟੀ ਸਬ-ਡਵੀਜ਼ਨ ਵਿਚ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਲਈ ਮਨਜ਼ੂਰ ਕੀਤੀਆਂ ਗਈਆਂ ਆਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚ ਖਾਲੀ ਪਈਆਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਬ-ਡਵੀਜ਼ਨ ਪੱਟੀ ਦੇ ਹਸਪਤਾਲਾਂ, ਡਿਸਪੈਂਸਰੀਆਂ ਅਤੇ ਕੈਟਾਗਰੀ-ਵਾਈਜ਼ ਮਨਜ਼ੂਰਸ਼ੁਦਾ ਆਸਾਮੀਆਂ ਦੀ ਲੋੜੀਂਦੀ ਸੂਚਨਾ ਅਨੁਲੱਗ "ੳ" ਤੇ ਉਪਲਬਧ ਹੈ।

ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਪਈਆਂ ਆਸਾਮੀਆਂ ਜਲਦੀ ਹੀ ਭਰੀਆਂ ਜਾ ਰਹੀਆਂ ਹਨ।

### ਅਨੁਲੱਗ "ੳ"

ਸਬ-ਡਵੀਜ਼ਨ ਪੱਟੀ ਵਿਖੇ ਹਸਤਪਾਲਾਂ ਅਤੇ ਡਿਸਪੈਂਸਰੀਆਂ ਦੀ ਗਿਣਤੀ :

| ਲੜੀ ਨੰ: | ਸੰਸਥਾ ਦਾ ਨਾਂ | ਸੰਸਥਾਵਾਂ ਦੀ ਗਿਣਤੀ |
|---|---|---|
| 1 | ਸਿਵਲ ਹਸਪਤਾਲ ਪੱਟੀ (50 ਬਿਸਤਰਿਆਂ) | 1 |

* For Starred Question No. 187 (C.U.), 188 (C.U.)** and 189 (C.U.)*** and replies there to, please see Appendix to this Annexure.

Original with;
Punjab Vidhan Sabha
Digitized by;
Panjab Digital Library

| | | |
|---|---|---|
| 2 | ਕਮਿਊਨਿਟੀ ਸਿਹਤ ਸੈਂਟਰ (30 ਬਿਸਤਰਿਆਂ) | 3 |
| 3 | ਮੁੱਢਲਾ ਸਿਹਤ ਕੇਂਦਰ (ਬਲਾਕ ਪੱਧਰ ਤੇ) | 1 |
| 4 | ਮਿੰਨੀ ਮੁੱਢਲਾ ਸਿਹਤ ਕੇਂਦਰ | 6 |
| 5 | ਸਬ ਹੈਲਥ ਸੈਂਟਰ | 56 |

## ਸਬ-ਡਵੀਜ਼ਨ ਪੱਟੀ ਵਿਚ ਮਨਜ਼ੂਰਸ਼ੁਦਾ ਅਸਾਮੀਆਂ

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1 | ਸੀਨੀਅਰ ਮੈਡੀਕਲ ਅਫਸਰ | 4 | 2 | 2 |
| 2 | ਮੈਡੀਕਲ ਅਫਸਰ | 40 | 37 | 3 |
| 3 | ਮੈਡੀਕਲ ਅਫਸਰ ਡੈਂਟਲ | 4 | 3 | 1 |
| 4 | ਫਾਰਮਾਸਿਸਟ | 43 | 39 | 4 |
| 5 | ਸਟਾਫ ਨਰਸ | 41 | 37 | 4 |
| 6 | ਮਲਟੀਪਰਪਜ਼ ਹੈਲਥ ਵਰਕਰ (ਮੇਲ) | 47 | 43 | 4 |
| 7 | ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 64 | 63 | 1 |
| 8 | ਮੈਡੀਕਲ ਲੈਬਾਰਟਰੀ ਟੈਕਨੀਸ਼ਨ | 22 | 22 | 0 |
| 9 | ਰੇਡੀਓਗ੍ਰਾਫਰ | 4 | 4 | 0 |
| 10 | ਡਰਾਈਵਰ | 13 | 10 | 3 |
| 11 | ਹੈਲਥ ਅਸਿਸਟੈਂਟ (ਮੇਲ) | 11 | 6 | 5 |
| 12 | ਹੈਲਥ ਅਸਿਸਟੈਂਟ (ਫੀਮੇਲ) | 14 | 8 | 6 |
| 13 | ਆਫਥੈਲਮਿਕ ਅਫਸਰ | 3 | 3 | 0 |
| 14 | ਬਲਾਕ ਐਕਸਟੈਂਸ਼ਨ ਐਜੂਕੇਟਰ | 5 | 2 | 3 |
| 15 | ਕਲਾਸ-4 | 105 | 87 | 18 |

---

## ਪੱਟੀ ਸਬ-ਡਵੀਜ਼ਨ ਵਿਚ ਫਾਰਮ ਹਾਊਸਿਜ਼ ਨੂੰ 24 ਘੰਟੇ ਬਿਜਲੀ ਦੀ ਸਪਲਾਈ

*191. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੱਟੀ ਸਬ-ਡਵੀਜ਼ਨ ਵਿਚ ਪੈਂਦੇ ਫਾਰਮ ਹਾਊਸਿਜ਼ ਦੇ ਵਸਨੀਕਾਂ ਨੂੰ 24 ਘੰਟੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ; ਜੇਕਰ ਨਹੀਂ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਅਨੁਲੱਗ ਅਨੁਸਾਰ ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਅਨੁਲੱਗ

ਪੰਜਾਬ ਰਾਜ ਬਿਜਲੀ ਬੋਰਡ ਵਿਚ ਪ੍ਰਚੱਲਤ ਨੀਤੀ ਅਨੁਸਾਰ, ਪੱਟੀ ਉਪ ਮੰਡਲ ਸਮੇਤ ਸਮੁੱਚੇ ਰਾਜ ਵਿਚ ਪਿੰਡ ਦੀ ਫਿਰਨੀ ਦੇ 500 ਮੀਟਰ ਦੇ ਘੇਰੇ ਦੇ ਅੰਦਰ-ਅੰਦਰ ਆਉਂਦੇ ਸਾਰੇ ਅਜਿਹੇ ਫਾਰਮ ਹਾਊਸਾਂ/ਡੇਰਿਆਂ/ਢਾਣੀਆਂ ਨੂੰ ਸ਼ਹਿਰੀ ਪੈਟਰਨ ਤੇ ਸਪਲਾਈ ਪੰਜਾਬ ਰਾਜ ਬਿਜਲੀ ਬੋਰਡ ਦੇ ਖਰਚੇ ਉੱਤੇ ਦਿੱਤੀ ਜਾ ਰਹੀ ਹੈ। ਪਿੰਡ ਦੀ ਫਿਰਨੀ ਦੇ 500 ਮੀਟਰ ਦੇ ਘੇਰੇ ਤੋਂ ਬਾਹਰ ਪੈਂਦੇ ਫਾਰਮ ਹਾਊਸਾਂ/ਡੇਰਿਆਂ/ਢਾਣੀਆਂ ਲਈ ਪੰਜਾਬ ਰਾਜ ਬਿਜਲੀ ਬੋਰਡ ਦੇ ਖਰਚੇ ਤੇ ਸ਼ਹਿਰੀ ਪੈਟਰਨ ਉੱਤੇ ਸਪਲਾਈ ਤਾਂ ਦਿੱਤੀ ਜਾ ਰਹੀ ਹੈ, ਜੇਕਰ 15 ਜਾਂ ਇਸ ਤੋਂ ਵੱਧ ਘਰਾਂ ਦਾ ਸਮੂਹ (ਕਲੱਸਟਰ) ਹੋਵੇ ਪ੍ਰੰਤੂ ਪੰਜਾਬ ਰਾਜ ਬਿਜਲੀ ਬੋਰਡ ਨੇ ਹੁਣ 5 ਜਾਂ ਇਸ ਤੋਂ ਵੱਧ ਘਰਾਂ ਦੇ ਸਮੂਹ ਵਾਲੇ ਡੇਰਿਆਂ/ਢਾਣੀਆਂ/ ਬਸਤੀਆਂ/ਫਾਰਮ ਹਾਊਸਾਂ ਨੂੰ ਬੋਰਡ ਦੇ ਖਰਚੇ ਤੇ ਸ਼ਹਿਰੀ ਪੈਟਰਨ ਉੱਤੇ ਸਪਲਾਈ ਦੇਣ ਦਾ ਫੈਸਲਾ ਕੀਤਾ ਹੈ। ਰਾਜ ਵਿਚ 12804 ਅਜਿਹੇ ਡੇਰਿਆਂ/ਢਾਣੀਆਂ/ਬਸਤੀਆਂ ਦੀ ਨਿਸ਼ਾਨ-ਦੇਹੀ ਹੋਈ ਹੈ। ਇਨ੍ਹਾਂ ਡੇਰਿਆਂ/ ਢਾਣੀਆਂ/ਬਸਤੀਆਂ ਦੇ ਕਾਰਜ ਦੀ ਅਨੁਮਾਨਤਾ ਲਾਗਤ 90.00 ਕਰੋੜ ਰੁਪਏ ਹੈ ਅਤੇ ਇਹ ਕੰਮ ਡੇਢ ਸਾਲ ਵਿਚ ਪੂਰਾ ਹੋ ਜਾਵੇਗਾ।

ਪੰਜਾਬ ਸਰਕਾਰ ਨੇ ਇਸ ਕਾਰਜ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ ਪਹਿਲੀ ਕਿਸ਼ਤ ਵਜੋਂ 35.00 ਕਰੋੜ ਰੁਪਏ ਪਹਿਲਾਂ ਹੀ ਦਿੱਤੇ ਹੋਏ ਹਨ।

---

## ਜ਼ਿਆਦਾ ਸਮਰੱਥਾ ਵਾਲੇ ਟਰਾਂਸਫਾਰਮਰਜ਼ ਲਗਾਉਣਾ

*192. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਦੀ ਵੀ.ਡੀ.ਐਸ. ਸਕੀਮ ਦੇ ਅਨੁਸਾਰ ਲੋਡ ਵੱਧ ਜਾਣ ਅਨੁਸਾਰ ਜ਼ਿਆਦਾ ਸਮਰੱਥਾ ਵਾਲੇ ਟਰਾਂਸਫਾਰਮਰਜ਼ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ।

---

## ਵੱਖ-ਵੱਖ ਡਾਇਰੈਕਟੋਰੇਟਾਂ ਲਈ ਇੱਕੋ ਇਮਾਰਤ ਦੀ ਉਸਾਰੀ

*193. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਚੰਡੀਗੜ੍ਹ ਵਿਖੇ ਨਿੱਜੀ ਇਮਾਰਤਾਂ ਵਿਚ ਡਾਇਰੈਕਟੋਰੇਟ ਪੱਧਰ ਦੇ ਕੰਮ ਕਰ

Original with;
Punjab Vidhan Sabha
Digitized by;
Panjab Digital Library

ਰਹੇ ਦਫਤਰਾਂ ਲਈ ਸਰਕਾਰ ਦੁਆਰਾ ਮਹੀਨਾਵਾਰ ਕਿੰਨਾ ਕਿਰਾਇਆ ਅਦਾ ਕੀਤਾ ਜਾ ਰਿਹਾ ਹੈ;

(ਅ) ਕੀ ਸਾਰੇ ਡਾਇਰੈਕਟੋਰੇਟ ਦਫਤਰਾਂ ਨੂੰ ਇਕ ਛੱਤ ਹੇਠ ਲਿਆਉਣ ਲਈ ਸਰਕਾਰ ਦੁਆਰਾ ਚੰਡੀਗੜ੍ਹ/ਮੋਹਾਲੀ ਵਿਖੇ ਆਪਣੀ ਇਮਾਰਤ ਉਸਾਰੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲ ਵਿਚ ਲਿਆਂਦੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਚੰਡੀਗੜ੍ਹ ਵਿਖੇ ਨਿੱਜੀ ਇਮਾਰਤਾਂ ਵਿਚ ਡਾਇਰੈਕਟੋਰੇਟ ਪੱਧਰ ਤੇ ਕੰਮ ਕਰ ਰਹੇ ਦਫਤਰਾਂ ਲਈ ਸਰਕਾਰ ਦੁਆਰਾ 29,19,602-00 ਰੁਪਏ (ਉੱਨਤੀ ਲੱਖ ਉੱਨੀ ਹਜ਼ਾਰ ਛੇ ਸੋ ਦੋ ਰੁਪਏ ਕੇਵਲ) ਮਹੀਨਾਵਾਰ ਕਿਰਾਇਆ ਅਦਾ ਕੀਤਾ ਜਾ ਰਿਹਾ ਹੈ, ਜਿਸ ਦਾ ਵੇਰਵਾ ਅਨੁਲੱਗ ਤੇ ਰੱਖਿਆ ਜਾਂਦਾ ਹੈ

(ਅ) ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਨਹੀਂ ਹੈ ਜੀ।

## ਅਨੁਲੱਗ

| ਲੜੀ ਨੰ: | ਵਿਭਾਗ ਦਾ ਨਾਂ | ਦਫ਼ਤਰ ਦਾ ਪਤਾ | ਦਿੱਤਾ ਜਾਣ ਵਾਲਾ ਮਹੀਨਾਵਾਰ ਕਿਰਾਇਆ (ਰੁ:) |
|---|---|---|---|
| 1) | ਡਾਇਰੈਕਟਰ, ਬਾਗਬਾਨੀ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 843-44, ਸੈਕਟਰ 22-ਏ, ਚੰਡੀਗੜ੍ਹ। | 18,857-00 |
| 2) | ਮੁੱਖੀ, ਹੋਮਿਓਪੈਥਿਕ ਵਿਭਾਗ, ਪੰਜਾਬ, ਚੰਡੀਗੜ੍ਹ, | ਐਸ.ਸੀ.ਓ. ਨੰ: 3027-28, ਪੰਜਾਬ, ਚੰਡੀਗੜ੍ਹ। ਦੂਜੀ ਮੰਜ਼ਿਲ, ਸੈਕਟਰ 22-ਡੀ, ਚੰਡੀਗੜ੍ਹ। | 2,500-00 |
| 3) | ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ। | ਸੈਕਟਰ-18, ਚੰਡੀਗੜ੍ਹ। | ਵਿਭਾਗ ਦੀ ਆਪਣੀ ਇਮਾਰਤ ਹੈ। |
| 4) | ਮੁੱਖ ਭੂਮੀਪਾਲ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 92-94, ਸੈਕਟਰ 17-ਡੀ, ਚੰਡੀਗੜ੍ਹ। | 43,015-00 |
| 5) | ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ। | ਮੁੱਖ ਦਫਤਰ ਵਿਜੀਲੈਂਸ ਬਿਊਰੋ, ਐਸ.ਸੀ.ਓ. ਨੰ: 60-61, ਸੈਕਟਰ 17-ਡੀ, ਚੰਡੀਗੜ੍ਹ। | 7,700-00 |
| | | ਦਫਤਰ ਡੀ.ਆਈ.ਜੀ., ਵਿਜੀਲੈਂਸ: ਐਸ.ਸੀ.ਓ. ਨੰ: 45-46, ਸੈਕਟਰ 17, ਚੰਡੀਗੜ੍ਹ। | 58,868-00 |

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

| ਲੜੀ ਨੰ: | ਵਿਭਾਗ ਦਾ ਨਾਂ | ਦਫ਼ਤਰ ਦਾ ਪਤਾ | ਦਿੱਤਾ ਜਾਣ ਵਾਲਾ ਮਹੀਨਾਵਾਰ ਕਿਰਾਇਆ (ਰੁ:) |
|---|---|---|---|
| | | ਦਫ਼ਤਰ ਪੁਲਿਸ ਕਪਤਾਨ, ਵਿਜੀਲੈਂਸ ਬਿਊਰੋ, ਫਲਾਇੰਗ ਸੁਕੈਡ, ਐਸ.ਸੀ.ਓ. ਨੰ: 49-50-51, ਦੂਜੀ ਮੰਜ਼ਿਲ, ਸੈਕਟਰ 17-ਸੀ, ਚੰਡੀਗੜ੍ਹ। | 23,507-00 |
| 6) | ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ। | ਐਸ.ਸੀ.ਓ. ਨੰ: 66-67, ਸੈਕਟਰ 17-ਡੀ (ਪਹਿਲੀ ਤੋਂ ਚੌਥੀ ਮੰਜ਼ਿਲ) | 10,260-00 |
| 7) | ਡਾਇਰੈਕਟਰ ਆਫ ਇੰਸਟੀਚੂਸ਼ਨਲ ਫਾਈਨਾਂਸ ਐਂਡ ਬੈਂਕਿੰਗ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 53-55, ਸੈਕਟਰ 17-ਡੀ, ਚੰਡੀਗੜ੍ਹ। | 9,000-00 |
| | ਡਾਇਰੈਕਟੋਰੇਟ ਆਫ ਡਿਸਇਨਵੈਸਟਮੈਂਟ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 53-55, ਸੈਕਟਰ 17-ਡੀ, ਚੰਡੀਗੜ੍ਹ। | |
| 8) | ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 29-30, ਸੈਕਟਰ 17-ਈ, ਚੰਡੀਗੜ੍ਹ। | ਸਰਕਾਰੀ ਬਿਲਡਿੰਗ ਵਿਚ ਸਥਿਤ ਹੈ। |
| 9) | ਡਾਇਰੈਕਟਰ, ਡੇਅਰੀ ਵਿਕਾਸ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 1106-07, ਸੈਕਟਰ 22-ਬੀ, ਚੰਡੀਗੜ੍ਹ। | 20,800-00 |
| 10) | ਡਾਇਰੈਕਟਰ ਤੇ ਵਾਰਡਨ ਮੱਛੀ ਪਾਲਣ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 1040-41 (ਪਹਿਲੀ ਤੇ ਦੂਜੀ ਮੰਜ਼ਿਲ), ਸੈਕਟਰ 22-ਬੀ, ਚੰਡੀਗੜ੍ਹ। | 8,742-00 |
| 11) | ਡਾਇਰੈਕਟਰ, ਕੌਲੋਨਾਈਜ਼ੇਸ਼ਨ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 2437-38, ਸੈਕਟਰ 22-ਸੀ, ਚੰਡੀਗੜ੍ਹ। | 3,420-00 |
| 12) | ਡਾਇਰੈਕਟਰ, ਖੇਤੀਬਾੜੀ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 85-88, ਸੈਕਟਰ 34-ਏ, ਚੰਡੀਗੜ੍ਹ। | 96,016-00 |
| | ਕੇਨ ਕਮਿਸ਼ਨਰ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 1020-21, ਸੈਕਟਰ 22-ਡੀ, ਚੰਡੀਗੜ੍ਹ। | 24,750-00 |
| | ਜਿਆਲੋਜਿਸਟ/ਹਾਈਡ੍ਰਾਲੋਜਿਸਟ, ਗਰਾਊਂਡ ਵਾਟਰ ਸੈੱਲ, ਡਵੀਜ਼ਨ ਨੰ: 1 ਤੇ 2 | ਐਸ.ਸੀ.ਓ. ਨੰ: 3009-10, ਸੈਕਟਰ 22-ਡੀ, ਚੰਡੀਗੜ੍ਹ। | 30,214-00 |
| | ਮਾਰਕੀਟਿੰਗ ਵਿੰਗ ਆਫ ਐਗਰੀਕਲਚਰ ਵਿਭਾਗ, ਪੰਜਾਬ। | ਐਸ.ਸੀ.ਓ. ਨੰ: 148-49, ਸੈਕਟਰ 34-ਏ, ਚੰਡੀਗੜ੍ਹ। | 19,600-00 |
| | ਡਾਇਰੈਕਟਰ, ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ। | ਐਸ.ਸੀ.ਓ. ਨੰ: 837-38, ਸੈਕਟਰ 22-ਏ, ਚੰਡੀਗੜ੍ਹ। | 15,000-00 |
| | ਪੰਜਾਬ ਸਟੇਟ ਸੀਡ ਕਾਰਪੋਰੇਸ਼ਨ | ਐਸ.ਸੀ.ਓ. ਨੰ: 835-36, ਸੈਕਟਰ 22-ਏ, ਚੰਡੀਗੜ੍ਹ। | 3,000-00 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਦਫ਼ਤਰ ਦਾ ਪਤਾ | ਦਿੱਤਾ ਜਾਣ ਵਾਲਾ ਮਹੀਨਾਵਾਰ ਕਿਰਾਇਆ (ਰੁ:) |
|---|---|---|---|
| 13) | ਚੀਫ਼ ਆਡੀਟਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 2437-38, ਸੈਕਟਰ 22-ਸੀ, ਚੰਡੀਗੜ੍ਹ। | 22,650-00 |
| 14) | ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 57-59, (ਤੀਜੀ ਮੰਜ਼ਿਲ) ਸੈਕਟਰ 17-ਸੀ, ਚੰਡੀਗੜ੍ਹ। | 48,924-00 |
| 15) | ਡਾਇਰੈਕਟਰ, ਆਯੁਰਵੈਦਾ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 823-24, ਸੈਕਟਰ 22-ਏ, ਚੰਡੀਗੜ੍ਹ। | 6,778-00 |
| | ਸਰਕਾਰੀ ਯੋਗਾ ਸੈਂਟਰ। | ਐਸ.ਸੀ.ਓ. ਨੰ: 99, ਸੈਕਟਰ 40-ਡੀ, ਚੰਡੀਗੜ੍ਹ। | 6,205-00 |
| 16) | ਮੁੱਖ ਆਰਕੀਟੈਕਟ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 100, ਸੈਕਟਰ 17-ਡੀ, ਚੰਡੀਗੜ੍ਹ। | 7,662-00 |
| | ਸੀਨੀਅਰ ਆਰਕੀਟੈਕਟ (ਪੂਰਬ), ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 80-82, ਸੈਕਟਰ 17-ਡੀ, ਚੰਡੀਗੜ੍ਹ। | 4,612-00 |
| 17) | ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 50-51, ਸੈਕਟਰ 17-ਏ, ਚੰਡੀਗੜ੍ਹ। | 56,360-00 |
| 18) | ਡਾਇਰੈਕਟੋਰੇਟ ਆਫ ਪੈਨਸ਼ਨਾਂ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 192-93, ਸੈਕਟਰ 17, ਚੰਡੀਗੜ੍ਹ। | 7,500-00 |
| 19) | ਡਾਇਰੈਕਟੋਰੇਟ, ਸੈਨਿਕ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ। | ਸੈਨਿਕ ਰੈਸਟ ਹਾਊਸ, ਸੈਕਟਰ 21-ਡੀ, ਚੰਡੀਗੜ੍ਹ। | 37,553-00 |
| 20) | ਡਾਇਰੈਕਟੋਰੇਟ ਆਫ਼ ਸਪੈਸ਼ਲ ਕੰਪੋਨੈਂਟ ਪਲਾਨ, ਪੰਜਾਬ। | ਐਸ.ਸੀ.ਓ. ਨੰ: 124-25, ਸੈਕਟਰ 34-ਏ, ਚੰਡੀਗੜ੍ਹ। | 44,865-00 |
| 21) | ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ। | | ਸਰਕਾਰੀ ਬਿਲਡਿੰਗ ਵਿਚ ਸਥਿਤ ਹੈ। |
| 22) | ਡਾਇਰੈਕਟਰ, ਖ਼ਜ਼ਾਨਾ ਤੇ ਲੇਖਾ। | ਐਸ.ਸੀ.ਓ. ਨੰ: 110-111, ਸੈਕਟਰ 17-ਸੀ, ਚੰਡੀਗੜ੍ਹ। | 4,160-00 |
| | | ਐਸ.ਸੀ.ਓ. ਨੰ: 3029-3030, ਸੈਕਟਰ 22-ਡੀ, ਚੰਡੀਗੜ੍ਹ। | 18,600-00 |
| 23) | ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 102-103, ਸੈਕਟਰ 34-ਏ, ਚੰਡੀਗੜ੍ਹ। | 89,290-00 |
| 24) | ਲੋਕਪਾਲ, ਪੰਜਾਬ। | ਐਸ.ਸੀ.ਓ. ਨੰ: 198-199, ਸੈਕਟਰ 17-ਸੀ, ਚੰਡੀਗੜ੍ਹ। | 94,000-00 |

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

| ਲੜੀ ਨੰ: | ਵਿਭਾਗ ਦਾ ਨਾਂ | ਦਫ਼ਤਰ ਦਾ ਪਤਾ | ਦਿੱਤਾ ਜਾਣ ਵਾਲਾ ਮਹੀਨਾਵਾਰ ਕਿਰਾਇਆ (ਰੁ:) |
|---|---|---|---|
| 25) | ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ। | ਐਸ.ਸੀ.ਓ. ਨੰ: 128-29, ਸੈਕਟਰ 34-ਏ, ਚੰਡੀਗੜ੍ਹ। | 39,226-00 |
| | ਚੇਅਰਮੈਨ, ਪੰਜਾਬ ਸਟੇਟ ਪਛੜੀਆਂ ਸ਼੍ਰੇਣੀਆਂ ਕਮਿਸ਼ਨ। | ਕੋਠੀ ਨੰ: 548, ਸੈਕਟਰ 33-ਬੀ, ਚੰਡੀਗੜ੍ਹ। | 12,000-00 |
| 26) | ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। | ਸੈਕਟਰ 17-ਬੀ, ਚੰਡੀਗੜ੍ਹ। | 42,248-00 |
| 27) | ਡਾਇਰੈਕਟੋਰੇਟ ਆਫ਼ ਲਾਟਰੀਜ਼, ਪੰਜਾਬ। | ਐਸ.ਸੀ.ਓ. ਨੰ: 50-51, ਸੈਕਟਰ 17-ਏ, ਚੰਡੀਗੜ੍ਹ। | 1,19,271-00 |
| | ਡਾਇਰੈਕਟਰ, ਛੋਟੀਆਂ ਬੱਚਤਾਂ, ਪੰਜਾਬ | | —— |
| 28) | ਡਾਇਰੈਕਟਰ, ਪ੍ਰਾਹੁਣਾਚਾਰੀ ਵਿਭਾਗ, ਪੰਜਾਬ, ਚੰਡੀਗੜ੍ਹ। | | ਸਰਕਾਰੀ ਬਿਲਡਿੰਗ ਵਿਚ ਸਥਿਤ ਹੈ। |
| 29) | ਡਾਇਰੈਕਟੋਰੇਟ, ਸੱਭਿਆਚਾਰਕ ਮਾਮਲੇ, ਪੁਰਾਤਤਵ ਅਤੇ ਅਜਾਇਬ ਘਰ, ਪੰਜਾਬ, ਚੰਡੀਗੜ੍ਹ। | ਪੁਰਾਲੇਖ ਭਵਨ, ਸੈਕਟਰ 38-ਏ, ਚੰਡੀਗੜ੍ਹ। | ਸਰਕਾਰੀ ਬਿਲਡਿੰਗ ਵਿਚ ਸਥਿਤ ਹੈ। |
| 30) | ਡਾਇਰੈਕਟਰ, ਸਿੱਖਿਆ ਵਿਭਾਗ (ਸੈਕੰਡਰੀ) | ਐਸ.ਸੀ.ਓ. ਨੰ: 130-131, ਸੈਕਟਰ 34-ਏ, (ਤੀਜੀ ਤੇ ਚੌਥੀ ਮੰਜ਼ਿਲ) ਚੰਡੀਗੜ੍ਹ। | 26,270-00 |
| | ਡਾਇਰੈਕਟਰ, ਸਿੱਖਿਆ ਵਿਭਾਗ (ਐਲੀਮੈਂਟਰੀ) | ਐਸ.ਸੀ.ਓ. ਨੰ: 66-67, ਸੈਕਟਰ 17-ਏ, (ਪਹਿਲੀ, ਤੀਜੀ ਤੇ ਚੌਥੀ ਮੰਜ਼ਿਲ) ਚੰਡੀਗੜ੍ਹ। | 20,368-00 |
| | ਡਾਇਰੈਕਟਰ, ਐਸ.ਸੀ.ਈ. ਆਰ.ਟੀ., ਪੰਜਾਬ। | ਐਸ.ਸੀ.ਓ. ਨੰ: 98-100, ਸੈਕਟਰ 17-ਡੀ, (ਤੀਜੀ ਤੇ ਚੌਥੀ ਮੰਜ਼ਿਲ) ਚੰਡੀਗੜ੍ਹ। | 3,491-00 |
| | | ਐਸ.ਸੀ.ਓ. ਨੰ: 95-97, ਸੈਕਟਰ 17-ਡੀ, ਚੰਡੀਗੜ੍ਹ। | 6,267-00 |
| | | ਐਸ.ਸੀ.ਓ. ਨੰ: 34, ਸੈਕਟਰ 17-ਈ, ਚੰਡੀਗੜ੍ਹ। | 5,400-00 |
| 31) | ਡਾਇਰੈਕਟਰ, ਸੂਚਨਾ ਤਕਨਾਲੌਜੀ, ਪੰਜਾਬ। | ਐਸ.ਸੀ.ਓ. ਨੰ: 193-94-95, ਸੈਕਟਰ 34-ਏ, ਚੰਡੀਗੜ੍ਹ। | 1,24,822-00 |
| 32) | ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ। | ਐਸ.ਸੀ.ਓ. ਨੰ: 107-08-09, ਸੈਕਟਰ 34-ਏ, ਚੰਡੀਗੜ੍ਹ। | 1,13,200-00 |
| | | ਪਿੰਡ ਖੁੱਡਾ ਲਹੌਰਾ, ਚੰਡੀਗੜ੍ਹ। | 11,600-00 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਦਫ਼ਤਰ ਦਾ ਪਤਾ | ਦਿੱਤਾ ਜਾਣ ਵਾਲਾ ਮਹੀਨਾਵਾਰ ਕਿਰਾਇਆ (ਰੁ:) |
|---|---|---|---|
| 33) | ਡਾਇਰੈਕਟਰ, ਸ਼ਹਿਰੀ ਹਵਾਬਾਜ਼ੀ, ਪੰਜਾਬ। | ਐਸ.ਸੀ.ਓ. ਨੰ: 1068-69, ਸੈਕਟਰ 22-ਬੀ, ਚੰਡੀਗੜ੍ਹ। | 15,550-00 |
| 34) | ਡਾਇਰੈਕਟਰ, ਸਪੋਰਟਸ, ਪੰਜਾਬ। | ਐਸ.ਸੀ.ਓ. ਨੰ: 116-17, ਸੈਕਟਰ 34-ਏ, ਚੰਡੀਗੜ੍ਹ। | 84,807-00 |
| 35) | ਐਗਜ਼ਾਮੀਨਰ, ਸਥਾਨਕ ਫੰਡ ਲੇਖਾ, ਪੰਜਾਬ। | ਐਸ.ਸੀ.ਓ. ਨੰ: 1-2-3, ਸੈਕਟਰ 17-ਏ, ਚੰਡੀਗੜ੍ਹ। | 20,600-00 |
| 36) | ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ। | ਐਸ.ਸੀ.ਓ. ਨੰ: 87, ਸੈਕਟਰ 40-ਸੀ, ਚੰਡੀਗੜ੍ਹ। | 38,072-00 |
| 37) | ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ। | ਯੁਵਾ ਭਵਨ, ਸੈਕਟਰ 42-ਏ, ਚੰਡੀਗੜ੍ਹ। | ਆਪਣੀ ਬਿਲਡਿੰਗ ਹੈ। |
| 38) | ਡਾਇਰੈਕਟਰ, ਜਨਰਲ ਆਫ ਪੁਲਿਸ -ਕਮ-ਆਈ.ਜੀ., ਜੇਲ੍ਹਾਂ, ਪੰਜਾਬ। | ਐਸ.ਸੀ.ਓ. ਨੰ: 8-9, ਸੈਕਟਰ 17-ਏ, ਚੰਡੀਗੜ੍ਹ। | 69,062-00 |
| 39) | ਡਾਇਰੈਕਟਰ, ਪੇਂਡੂ ਵਿਕਾਸ ਵਿਭਾਗ, ਪੰਜਾਬ। | ਐਸ.ਸੀ.ਓ. ਨੰ: 3007-08, ਸੈਕਟਰ 22-ਡੀ, ਚੰਡੀਗੜ੍ਹ। | 6,836-00 |
| 40) | ਡਾਇਰੈਕਟਰ, ਸਟੇਟ ਟਰਾਂਸਪੋਰਟ, ਪੰਜਾਬ। | ਜੀਵਨਦੀਪ ਬਿਲਡਿੰਗ, ਸੈਕਟਰ 17, ਚੰਡੀਗੜ੍ਹ। | 63,623-00 |
| 41) | ਡਾਇਰੈਕਟਰ, ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ, ਪੰਜਾਬ। | ਐਸ.ਸੀ.ਓ. ਨੰ: 194-95, ਸੈਕਟਰ 17-ਸੀ, ਚੰਡੀਗੜ੍ਹ। | 91,834-00 |
| 42) | ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ। | ਐਸ.ਸੀ.ਓ. ਨੰ: 131-132, ਸੈਕਟਰ 17-ਸੀ, ਚੰਡੀਗੜ੍ਹ। | 1,34,487-00 |
| | ਮਿਊਂਸਿਪਲ ਚੋਣ ਦਫ਼ਤਰ, ਸਥਾਨਕ ਸਰਕਾਰ | ਐਸ.ਸੀ.ਓ. ਨੰ: 129-130, ਸੈਕਟਰ 17-ਸੀ, ਚੰਡੀਗੜ੍ਹ। | 25,570-00 |
| | ਸਟੇਟ ਡਿਵਲਪਮੈਂਟ ਅਥਾਰਟੀ, ਪੰਜਾਬ। | ਐਸ.ਸੀ.ਓ. ਨੰ: 8-9, ਸੈਕਟਰ 17-ਡੀ, ਚੰਡੀਗੜ੍ਹ। | 24,434-00 |
| 43) | ਆਰਥਿਕ ਸਲਾਹਕਾਰ, ਪੰਜਾਬ ਸਰਕਾਰ। | ਐਸ.ਸੀ.ਓ. ਨੰ: 1-2-3, ਸੈਕਟਰ 17-ਈ, ਚੰਡੀਗੜ੍ਹ। | 18,003-00 |
| 44) | ਡਾਇਰੈਕਟਰ, ਯਾਤਰਾ ਵਿਭਾਗ, ਪੰਜਾਬ। | ਪਲਾਟ ਨੰ: 3, ਸੈਕਟਰ 38-ਏ, ਚੰਡੀਗੜ੍ਹ। | ਸਰਕਾਰੀ ਬਿਲਡਿੰਗ ਵਿਚ ਸਥਿਤ ਹੈ। |
| 45) | ਡਾਇਰੈਕਟਰ, ਉਦਯੋਗ ਅਤੇ ਕਾਮਰਸ, ਪੰਜਾਬ। | 17 ਬੇਜ਼ ਬਿਲਡਿੰਗ, ਸੈਕਟਰ 17, ਚੰਡੀਗੜ੍ਹ। | 7,295-00 |
| 46) | ਕਿਰਤ ਕਮਿਸ਼ਨਰ, ਪੰਜਾਬ। | ਐਸ.ਸੀ.ਓ. ਨੰ: 87-88, ਸੈਕਟਰ 17-ਡੀ, ਚੰਡੀਗੜ੍ਹ। | 13,940-00 |

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

| ਲੜੀ ਨੰ: | ਵਿਭਾਗ ਦਾ ਨਾਂ | ਦਫ਼ਤਰ ਦਾ ਪਤਾ | ਦਿੱਤਾ ਜਾਣ ਵਾਲਾ ਮਹੀਨਾਵਾਰ ਕਿਰਾਇਆ (ਰੁ:) |
|---|---|---|---|
| 47) | ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ। | ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ। | ਵਿਭਾਗ ਦੀ ਆਪਣੀ ਇਮਾਰਤ ਹੈ। |
| 48) | ਡਾਇਰੈਕਟਰ, ਖੁਰਾਕ ਤੇ ਸਪਲਾਈ, ਪੰਜਾਬ। | ਜੀਵਨਦੀਪ ਬਿਲਡਿੰਗ, ਸੈਕਟਰ 17, ਚੰਡੀਗੜ੍ਹ। | 2,31,550-00 |
| | | ਐਸ.ਸੀ.ਓ. ਨੰ: 4-5, ਸੈਕਟਰ-17, ਚੰਡੀਗੜ੍ਹ। | 6,174-00 |
| 49) | ਡਾਇਰੈਕਟਰ ਜਨਰਲ ਆਫ ਪੁਲਿਸ-ਕਮ-ਕਮਾਂਡੈਂਟ ਜਨਰਲ, ਪੰਜਾਬ ਹੋਮ ਗਾਰਡਜ਼ ਅਤੇ ਡਾਇਰੈਕਟਰ ਸਿਵਲ ਡਿਫੈਂਸ, ਪੰਜਾਬ। | 17 ਬੇਜ਼ ਬਿਲਡਿੰਗ, ਸੈਕਟਰ 17, ਚੰਡੀਗੜ੍ਹ। | 654-00 (ਕੇਵਲ ਸਰਵਿਸ ਚਾਰਜਿਜ਼) |
| 50) | ਡਾਇਰੈਕਟਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਪੰਜਾਬ। | ਤਕਨੀਕੀ ਸਿੱਖਿਆ ਭਵਨ, ਪਲਾਟ ਨੰ: 1, ਸੈਕਟਰ 36, ਚੰਡੀਗੜ੍ਹ। | ਵਿਭਾਗ ਦੀ ਆਪਣੀ ਇਮਾਰਤ ਹੈ। |
| 51) | ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ, ਪੰਜਾਬ। | ਐਸ.ਸੀ.ਓ. ਨੰ: 112-13, ਸੈਕਟਰ 17-ਸੀ, ਚੰਡੀਗੜ੍ਹ। | 1,94,050-00 |
| | | ਐਸ.ਸੀ.ਓ. ਨੰ: 278-79, ਸੈਕਟਰ 32-ਡੀ, ਚੰਡੀਗੜ੍ਹ। | 13,650-00 |
| | | ਐਸ.ਸੀ.ਓ. ਨੰ: 2929-2930, ਸੈਕਟਰ 22-ਸੀ, ਚੰਡੀਗੜ੍ਹ। | 9,655-00 |
| 52) | ਮਕੈਨੀਕਲ ਅਤੇ ਟੀ. ਐਂਡ ਡੀ. ਡਾਇਰੈਕਟੋਰੇਟ। | ਐਸ.ਸੀ.ਓ. ਨੰ: 2919-20, ਸੈਕਟਰ 20-ਸੀ, ਚੰਡੀਗੜ੍ਹ। | 17,788-00 |
| | ਇਲੈਕਟ੍ਰੀਕਲ ਡਾਇਰੈਕਟੋਰੇਟ। | ਐਸ.ਸੀ.ਓ. ਨੰ: 2939-40, ਸੈਕਟਰ 20-ਸੀ, ਚੰਡੀਗੜ੍ਹ। | 13,172-00 |
| | ਡਾਇਰੈਕਟਰ, ਪ੍ਰਸ਼ਾਸਨ। | ਸੈਕਟਰ 42-ਸੀ, ਚੰਡੀਗੜ੍ਹ। | 50,996-00 |
| | ਡਾਇਰੈਕਟਰ/ਸਪਿਲਵੇ ਅਤੇ ਡੈਮ। | ਐਸ.ਸੀ.ਓ. ਨੰ: 62-63, ਸੈਕਟਰ 34-ਏ, ਚੰਡੀਗੜ੍ਹ। | 37,882-00 |
| | ਸ਼ਾਹਪੁਰ ਕੰਡੀ ਡਾਇਰੈਕਟੋਰੇਟ। | ਐਸ.ਸੀ.ਓ. ਨੰ: 175-76, ਸੈਕਟਰ 17-ਸੀ, ਚੰਡੀਗੜ੍ਹ। | 27,249-00 |
| | ਡਾਇਰੈਕਟਰ, ਜਲ ਸਾਧਨ ਤੇ ਵਾਤਾਵਰਨ ਡਾਇਰੈਕਟੋਰੇਟ, ਪੰਜਾਬ। | ਸੈਕਟਰ 17, ਚੰਡੀਗੜ੍ਹ। | 40,376-00 |
| | ਸੀਨੀਅਰ ਹਾਇਡ੍ਰੋਜਿਆਲੋਜਿਸਟ ਵਾਸਤੇ ਡਾਇਰੈਕਟਰ, ਜਲ ਸਾਧਨ ਅਤੇ ਵਾਤਾਵਰਨ, ਡਾਇ:, ਪੰਜਾਬ। | ਐਸ.ਸੀ.ਓ. ਨੰ: 2919-20, ਸੈਕਟਰ 20-ਸੀ, ਚੰਡੀਗੜ੍ਹ। | 3,648-00 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਦਫ਼ਤਰ ਦਾ ਪਤਾ | ਦਿੱਤਾ ਜਾਣ ਵਾਲਾ ਮਹੀਨਾਵਾਰ ਕਿਰਾਇਆ (ਰੁ:) |
|---|---|---|---|
| | ਕਾਰਜਕਾਰੀ ਇੰਜੀਨੀਅਰ, ਜਲ ਸਾਧਨ ਖੋਜ ਮੰਡਲ। | ਸੈਕਟਰ 17, ਚੰਡੀਗੜ੍ਹ। | 14,231-00 |
| | ਡਾਇਰੈਕਟਰ ਪ੍ਰੋਜੈਕਟ ਕੋਆਰਡੀਨੇਸ਼ਨ | ਐਸ.ਸੀ.ਓ. ਨੰ: 2455-56, ਸੈਕਟਰ 22-ਸੀ, ਚੰਡੀਗੜ੍ਹ। | 6,752-00 |
| | ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ ਨੰ: 1 ਸ.ਯ.ਲ. | ਸੈਕਟਰ 22, ਚੰਡੀਗੜ੍ਹ। | 7,859-00 |
| | ਨਿਗਰਾਨ ਇੰਜੀਨੀਅਰ, ਖੋਜ ਹਲਕਾ ਸਿੰਚਾਈ ਤਰੱਕੀ ਸ.ਯ.ਲ. | ਸੈਕਟਰ 35, ਚੰਡੀਗੜ੍ਹ। | 6,483-00 |
| | ਕਾਰਜਕਾਰੀ ਇੰਜੀਨੀਅਰ, ਚਾਂਦਪੁਰ ਉਸਾਰੀ ਮੰਡਲ, ਸ.ਯ.ਲ. | ਸੈਕਟਰ 17, ਚੰਡੀਗੜ੍ਹ। | 4,130-00 |
| | ਡਾਇਰੈਕਟਰ, ਇਲੈਕਟ੍ਰੀਕਲ ਅਤੇ ਮਕੈਨੀਕਲ, ਡਿਜ਼ਾਇਨ, ਸ.ਯ.ਲ. | ਸੈਕਟਰ 34, ਚੰਡੀਗੜ੍ਹ। | 38,410-00 |
| | ਡਾਇਰੈਕਟਰ, ਪਲਾਨਿੰਗ ਅਤੇ ਡੀਜ਼ਾਇਨ ਸਟਡੀਜ਼, ਪੰਜਾਬ | ਸੈਕਟਰ 22, ਚੰਡੀਗੜ੍ਹ। | 19,106-00 |
| | ਸੀਨੀਅਰ ਹਾਈਡ੍ਰਾਲੋਜਿਸਟ | ਸੈਕਟਰ 17, ਚੰਡੀਗੜ੍ਹ। | 1,07,450-00 |
| 53) | ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ। | | |
| | ਸੀ.ਆਈ.ਡੀ., ਮੈਟਲ ਡੀਟੈਕਟਰ ਵਰਕਸ਼ਾਪ। | ਐਸ.ਸੀ.ਓ. ਨੰ: 186, ਸੈਕਟਰ 7, ਚੰਡੀਗੜ੍ਹ। | 21,127-00 |
| | ਸੀ.ਆਈ.ਡੀ., ਟ੍ਰੇਨਿੰਗ ਸਕੂਲ ਹੋਸਟਲ। | ਕੋਠੀ ਨੰ: 1415, ਸੈਕਟਰ 42-ਬੀ, ਚੰਡੀਗੜ੍ਹ। | 20,000-00 |
| | ਸੀ.ਆਈ.ਡੀ., ਟ੍ਰੇਨਿੰਗ ਸਕੂਲ | ਕੋਠੀ ਨੰ: 1284, ਸੈਕਟਰ 42, ਚੰਡੀਗੜ੍ਹ। | 16,000-00 |
| | ਸੀ.ਆਈ.ਡੀ., ਟ੍ਰੇਨਿੰਗ ਸਕੂਲ (ਦਫਤਰ) | ਕੋਠੀ ਨੰ: 2439-40, ਸੈਕਟਰ 22, ਚੰਡੀਗੜ੍ਹ। | 28,526-00 |
| | | ਕੁੱਲ ਜੋੜ : | 29,19,602-00 |

---

## ਸਮਾਜਿਕ ਸੁਰੱਖਿਆ ਪੈਨਸ਼ਨਾਂ ਦੀ ਅਦਾਇਗੀ

***206. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਸਰਦੂਲਗੜ੍ਹ ਅਤੇ ਝੁਨੀਰ ਬਲਾਕਾਂ ਵਿਚ ਉਨ੍ਹਾਂ ਵਿਅਕਤੀਆਂ ਦੀ ਸਾਲ-ਵਾਰ

Original with;
Punjab Vidhan Sabha
Digitized by;
Panjab Digital Library

[ ਸਰਦਾਰ ਅਜੀਤ ਇੰਦਰ ਸਿੰਘ ਮੋਫਰ ]

ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਬੁਢਾਪਾ, ਵਿਧਵਾ ਅਤੇ ਅਪਾਹਜ ਵਿਅਕਤੀਆਂ ਵਜੋਂ ਵੱਖੋ-ਵੱਖ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਸਨ;

(ਅ) ਕੀ ਉਪਰੋਕਤ ਵਰਣਿਤ ਭਾਗ (ੳ) ਵਿਚ ਵਰਣਿਤ ਕਿਸੇ ਲਾਭਪਾਤਰਾਂ ਦੀਆਂ ਪੈਨਸ਼ਨਾਂ ਦੀ ਅਦਾਇਗੀ 1 ਮਾਰਚ, 2007 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਰੋਕ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ?

ਚੌਧਰੀ ਸਵਰਨਾ ਰਾਮ : (ੳ) ਪਿਛਲੇ ਤਿੰਨ ਵਿੱਤੀ ਸਾਲਾਂ ਦੌਰਾਨ ਸਰਦੂਲਗੜ੍ਹ ਅਤੇ ਝੁਨੀਰ ਬਲਾਕਾਂ ਵਿਚ ਬੁਢਾਪਾ ਪੈਨਸ਼ਨ, ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਸਕੀਮ ਅਤੇ ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ ਮਨਜ਼ੂਰ ਕੀਤੇ ਗਏ ਵਿਅਕਤੀਆਂ ਦੇ ਕੇਸਾਂ ਦੀ ਗਿਣਤੀ ਸਬੰਧੀ ਸੂਚਨਾ ਹੇਠ ਲਿਖੇ ਅਨੁਸਾਰ ਹੈ :-

ਬਲਾਕ ਸਰਦੂਲਗੜ੍ਹ

| ਸਾਲ | ਬੁਢਾਪਾ ਪੈਨਸ਼ਨ | ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਸਕੀਮ | ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ | ਕੁੱਲ ਜੋੜ |
|---|---|---|---|---|
| 2004-05 | 1091 | 144 | 16 | 1251 |
| 2005-06 | 661 | 68 | 274 | 1003 |
| 2006-07 | 2820 | 178 | 127 | 3125 |
| ਜੋੜ | 4572 | 390 | 417 | 5379 |

ਬਲਾਕ ਝੁਨੀਰ

| | | | | |
|---|---|---|---|---|
| 2004-05 | 5418 | 38 | 54 | 5510 |
| 2005-06 | 1771 | 114 | 93 | 1978 |
| 2006-07 | 316 | 63 | 35 | 414 |
| ਕੁੱਲ ਜੋੜ | 7505 | 215 | 182 | 7902 |

(ਅ) ਜੀ ਹਾਂ, ਬੁਢਾਪਾ ਪੈਨਸ਼ਨ ਸਕੀਮ ਅਧੀਨ 2386, ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ 42 ਅਤੇ ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ 64 ਕੇਸਾਂ ਦੀ ਬਲਾਕ ਝੁਨੀਰ ਵਿਖੇ ਪੈਨਸ਼ਨ/ਵਿੱਤੀ ਸਹਾਇਤਾ ਸਕੀਮ ਦੇ ਲਾਭਪਾਤਰੀਆਂ ਦੇ ਅਸਲ ਮਨਜ਼ੂਰ ਬਿਨੈ-ਪੱਤਰ ਰਿਕਾਰਡ ਵਿਚ ਉਪਲੱਬਧ ਨਾ

Original with;
Punjab Vidhan Sabha
Digitized by;
Panjab Digital Library

ਹੋਣ ਕਾਰਨ ਪੈਨਸ਼ਨ/ਵਿੱਤੀ ਸਹਾਇਤਾ ਦੀ ਅਦਾਇਗੀ ਮਿਤੀ 1.3.2007 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਰੋਕੀ ਗਈ।

ਬਲਾਕ ਸਰਦੂਲਗੜ੍ਹ ਵਿਚ ਪਿਛਲੇ ਤਿੰਨ ਵਿੱਤੀ ਸਾਲਾਂ ਦੌਰਾਨ ਮਨਜ਼ੂਰ ਹੋਏ ਪੈਨਸ਼ਨ/ਵਿੱਤੀ ਸਹਾਇਤਾ ਦੇ ਕੇਸਾਂ ਦੀ ਮਿਤੀ 1.3.2007 ਤੋਂ ਹੁਣ ਤੱਕ ਅਦਾਇਗੀ ਨਹੀਂ ਰੋਕੀ ਗਈ।

---

## ਬਹਿਰਾਮ, ਜ਼ਿਲ੍ਹਾ ਨਵਾਂਸ਼ਹਿਰ ਲਈ ਮਿਊਂਸਿਪਲ ਕਮੇਟੀ

*215. (ਸੀ.ਯੂ.) ਚੌਧਰੀ ਮੋਹਨ ਲਾਲ ਬਹਿਰਾਮ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਬਹਿਰਾਮ, ਜ਼ਿਲ੍ਹਾ ਨਵਾਂਸ਼ਹਿਰ ਲਈ ਮਿਊਂਸਿਪਲ ਕਮੇਟੀ ਦਾ ਉਪਬੰਧ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਮਨੋਰੰਜਨ ਕਾਲੀਆ** : ਮਾਨਯੋਗ ਚੌਧਰੀ ਮੋਹਨ ਲਾਲ ਬਹਿਰਾਮ, ਐਮ.ਐਲ.ਏ. ਵਲੋਂ ਪਿੰਡ ਬਹਿਰਾਮ, ਜ਼ਿਲ੍ਹਾ ਨਵਾਂ ਸ਼ਹਿਰ ਅਤੇ ਪਿੰਡ ਅਪਰਾ ਜ਼ਿਲ੍ਹਾ ਜਲੰਧਰ ਵਿਖੇ ਨੋਟੀਫਾਈਡ ਏਰੀਆ ਕਮੇਟੀ ਦੀ ਸਥਾਪਨਾ ਕਰਨ ਸਬੰਧੀ ਪ੍ਰਾਪਤ ਹੋਈ ਪ੍ਰਤੀ ਬੇਨਤੀ ਨੂੰ ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਹੁਕਮ ਨੰ: 10/31/92-2ਸਸ3/ 960-981, ਮਿਤੀ 29.12.1992 ਅਤੇ ਪੱਤਰ ਨੰਬਰ 10/50/97-2ਸਸ3/13019, ਮਿਤੀ 10.12.1997 ਰਾਹੀਂ ਨਿਰਧਾਰਤ ਕੀਤੀਆਂ ਗਈਆਂ ਗਾਈਡ ਲਾਈਨਜ਼/ਕਰਾਈਟੇਰੀਆ ਦੀ ਰੋਸ਼ਨੀ ਵਿਚ ਘੋਖਿਆ ਜਾ ਰਿਹਾ ਹੈ। ਡਿਪਟੀ ਡਾਇਰੈਕਟਰ, ਸ਼ਹਿਰੀ ਸਥਾਨਕ ਸੰਸਥਾਵਾਂ, ਜਲੰਧਰ ਨੇ ਸੂਚਿਤ ਕੀਤਾ ਹੈ ਕਿ ਪਿੰਡ ਬਹਿਰਾਮ ਦੀ ਆਬਾਦੀ ਸਾਲ 2001 ਦੀ ਜਨ ਗਣਨਾ ਅਨੁਸਾਰ 3398 ਹੈ, ਜੋ ਕਿ ਸਰਕਾਰ ਵੱਲੋਂ ਨਗਰ ਪੰਚਾਇਤ ਦੇ ਗਠਨ ਸਬੰਧੀ ਨਿਰਧਾਰਤ ਕਰਾਈਟੇਰੀਆ/ਸ਼ਰਤਾਂ ਦੀ ਪੂਰਤੀ ਨਹੀਂ ਕਰਦੀ।

---

## ਬੰਗਾ ਲਈ ਸਬ-ਡਿਵੀਜ਼ਨ ਦਾ ਦਰਜਾ

*216. (ਸੀ.ਯੂ.) ਚੌਧਰੀ ਮੋਹਨ ਲਾਲ ਬਹਿਰਾਮ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੰਗਾ ਨੂੰ ਸਬ-ਡਿਵੀਜ਼ਨ ਪੱਧਰ ਤੇ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਅਜੀਤ ਸਿੰਘ ਕੋਹਾੜ** : ਨਹੀਂ ਜੀ।

---

Original with;
Punjab Vidhan Sabha
Digitized by;-
Panjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰ: 217 (ਸੀ.ਯੂ.)*

---

## ਪੰਚਾਇਤ ਸਕੱਤਰਾਂ ਦੀ ਬਹਾਲੀ

*218. (ਸੀ.ਯੂ.) ਸਰਦਾਰ ਜਤਿੰਦਰ ਸਿੰਘ ਕਰੀਹਾ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੁੱਝ ਪੰਚਾਇਤ ਸਕੱਤਰ, ਜਿਨ੍ਹਾਂ ਦੀ 1997 ਤੋਂ 2002 ਤੱਕ ਦੇ ਸਮੇਂ ਦੌਰਾਨ ਭਰਤੀ ਕੀਤੀ ਗਈ ਸੀ ਅਤੇ ਸਾਲਾਂ 2002-06 ਦੇ ਸਮੇਂ ਦੌਰਾਨ ਜਿਨ੍ਹਾਂ ਦੀਆਂ ਸੇਵਾਵਾਂ ਸਰਕਾਰ ਦੁਆਰਾ ਸਮਾਪਤ ਕਰ ਦਿੱਤੀਆਂ ਗਈਆਂ ਸਨ, ਦੀਆਂ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਬਹਾਲੀ ਕਿਸ ਮਿਤੀ ਤੋਂ ਕੀਤੀ ਗਈ ਹੈ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਸਾਲ 1997 ਤੋਂ 2002 ਦੇ ਸਮੇਂ ਦੌਰਾਨ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਿਚ ਮਿਤੀ 12.10.2001 ਨੂੰ 909 ਪੰਚਾਇਤ ਸਕੱਤਰਾਂ ਦੀ ਭਰਤੀ ਕੀਤੀ ਗਈ ਸੀ। ਇਸ ਭਰਤੀ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸਿਵਲ ਰਿੱਟ ਪਟੀਸ਼ਨ ਨੰ: 5283 ਆਫ 2002 ਦੀ ਸੁਣਵਾਈ ਸਮੇਂ ਮਾਨਯੋਗ ਅਦਾਲਤ ਵਲੋਂ ਮਿਤੀ 24.07.2002 ਨੂੰ ਕੀਤੇ ਗਏ ਨਿਰਣੇ ਦੇ ਉੱਪਰ ਅਮਲ ਕਰਨ ਦੇ ਆਦੇਸ਼ ਅਨੁਸਾਰ ਮਿਤੀ 10.12.2002 ਨੂੰ ਇਨ੍ਹਾਂ 909 ਪੰਚਾਇਤ ਸਕੱਤਰਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਸਨ। ਇਨ੍ਹਾਂ ਦੀਆਂ ਸੇਵਾਵਾਂ ਬਹਾਲ ਨਹੀਂ ਕੀਤੀ ਗਈਆਂ ਪ੍ਰੰਤੂ ਸਾਲ 1995-96 ਵਿਚ ਭਰਤੀ ਕੀਤੇ ਗਏ 470 ਪੰਚਾਇਤ ਸਕੱਤਰ, ਜਿਨ੍ਹਾਂ ਦੀਆਂ ਸੇਵਾਵਾਂ ਮਿਤੀ 12.10.2001 ਨੂੰ ਖਤਮ ਕਰ ਦਿੱਤੀਆਂ ਗਈਆਂ ਸਨ, ਮੰਤਰੀ ਪ੍ਰੀਸ਼ਦ ਦੇ ਫੈਸਲੇ, ਮਿਤੀ 13.11.2003 ਅਨੁਸਾਰ ਮਿਤੀ 17.11.2003 ਨੂੰ ਰੈਗੂਲਰ ਕਰ ਦਿੱਤੇ ਗਏ ਸਨ।

---

## ਨਵਾਂਸ਼ਹਿਰ ਵਿਖੇ ਸੂਚਨਾ ਤਕਨਾਲੌਜੀ ਸੰਸਥਾ

*220. (ਸੀ.ਯੂ.) ਸਰਦਾਰ ਜਤਿੰਦਰ ਸਿੰਘ ਕਰੀਹਾ : ਕੀ ਸੂਚਨਾ ਤਕਨਾਲੌਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੂਚਨਾ ਤਕਨਾਲੌਜੀ ਵਿਚ ਉਚੇਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਨਵਾਂਸ਼ਹਿਰ ਵਿਖੇ ਆਈ.ਟੀ.ਆਈ. ਦੀ ਜਗ੍ਹਾ ਵਿਚ ਇਕ ਵੱਖਰੀ ਸੰਸਥਾ ਚਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

---

* For Starred Question No. 217 (C.U.) and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਚੌਧਰੀ ਸਵਰਨਾ ਰਾਮ) : ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਧੀਨ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਵਾਂਸ਼ਹਿਰ ਵਿਖੇ, ਵੱਖਰੇ ਤੌਰ ਤੇ ਉੱਚ ਸਿੱਖਿਆ ਇਨਫਰਮੇਸ਼ਨ ਤਕਨਾਲੋਜੀ ਸੰਸਥਾ ਸਥਾਪਿਤ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

## ਡੱਲੇਵਾਲ-ਖੁਰਾਲੀ ਸੜਕ ਦੀ ਮੁਰੰਮਤ

*223. (ਸੀ.ਯੂ.) ਸ੍ਰੀ ਲਵ ਕੁਮਾਰ ਗੋਲਡੀ : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਗੜ੍ਹਸ਼ੰਕਰ ਵਿਚ ਡੱਲੇਵਾਲ-ਖੁਰਾਲੀ ਲਿੰਕ ਸੜਕ ਖਸਤਾ ਹਾਲਤ ਵਿਚ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਤੁਰੰਤ ਮੁਰੰਮਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

ਸਰਦਾਰ ਸੁੱਚਾ ਸਿੰਘ ਲੰਗਾਹ : ਹਾਂ ਜੀ, ਇਹ ਠੀਕ ਹੈ ਕਿ ਡੱਲੇਵਾਲ-ਖੁਰਾਲੀ ਲਿੰਕ ਸੜਕ ਜੋ ਕਿ ਤਹਿ: ਗੜ੍ਹਸ਼ੰਕਰ ਵਿਚ ਪੈਂਦੀ ਹੈ ਦੀ ਹਾਲਤ ਖਸਤਾ ਹੈ। ਇਸ ਸੜਕ ਦੇ ਦੋਵੇਂ ਪਾਸੇ ਕਿਸਾਨਾਂ ਵੱਲੋਂ ਬਰਮ ਕੱਟੇ ਗਏ ਹਨ ਅਤੇ ਫਾਲਤੂ ਮਿੱਟੀ ਬਰਮਾਂ ਤੇ ਸੁੱਟੀ ਹੋਈ ਹੈ ਜਿਸ ਕਾਰਣ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਅਤੇ ਸੜਕ ਟੁੱਟ ਚੁੱਕੀ ਹੈ। ਇਹ ਸੜਕ 11/2002 ਦੌਰਾਨ ਮੁਰੰਮਤ ਕੀਤੀ ਗਈ ਸੀ ਅਤੇ ਹੁਣ ਮੁਰੰਮਤ ਲਈ 2008-09 ਵਿਚ ਡਿਊ ਹੋ ਜਾਵੇਗੀ ਅਤੇ ਸਰਕਾਰ ਦੀ ਪਾਲਿਸੀ ਅਨੁਸਾਰ ਮੁਰੰਮਤ ਕਰ ਦਿੱਤੀ ਜਾਵੇਗੀ।

---

## ਪੀ.ਐਚ.ਸੀ. ਬੀਨੇਵਾਲ ਨੂੰ ਅਪਗ੍ਰੇਡ ਕਰਨਾ

*224. (ਸੀ.ਯੂ.) ਸ਼੍ਰੀ ਲਵ ਕੁਮਾਰ ਗੋਲਡੀ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਗੜ੍ਹਸ਼ੰਕਰ ਵਿਚ ਪੀ.ਐਚ.ਸੀ. ਬਿਨੇਵਾਲ ਨੂੰ ਸੀ.ਐਚ.ਸੀ. ਪੱਧਰ ਤੱਕ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਮੁੱਢਲਾ ਸਿਹਤ ਕੇਂਦਰ ਬੀਨੇਵਾਲ, ਤਹਿਸੀਲ ਗੜ੍ਹਸ਼ੰਕਰ ਨੂੰ ਬਤੌਰ ਕਮਿਊਨਿਟੀ ਹੈਲਥ ਸੈਂਟਰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# APPENDIX
# TO
# ANNEXURE
# TO
# PUNJAB VIDHAN SABHA
# DEBATES

*Friday, the 29th June, 2007*

**Vol. II – No. 11**

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS

### ਸਿਵਲ ਹਸਪਤਾਲ, ਨਵਾਂਸ਼ਹਿਰ ਨੂੰ ਅਪਗ੍ਰੇਡ ਕਰਨਾ

*217. ਸਰਦਾਰ ਜਤਿੰਦਰ ਸਿੰਘ ਕਰੀਹਾ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 25 ਬਿਸਤਰਿਆਂ ਵਾਲੇ ਸਿਵਲ ਹਸਪਤਾਲ, ਨਵਾਂਸ਼ਹਿਰ ਨੂੰ 100 ਬਿਸਤਰਿਆਂ ਵਾਲੇ ਸਿਵਲ ਹਸਪਤਾਲ ਵਜੋਂ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਿਵਲ ਹਸਪਤਾਲ ਨਵਾਂਸ਼ਹਿਰ 64 ਬਿਸਤਰਿਆਂ ਦਾ ਹਸਪਤਾਲ ਹੈ। ਨੀਤੀ ਅਨੁਸਾਰ, ਜ਼ਿਲ੍ਹਾ ਪੱਧਰ ਤੇ 100 ਬਿਸਤਰਿਆਂ ਵਾਲਾ ਹਸਪਤਾਲ ਹੀ ਬਣਦਾ ਹੈ। ਇਹ ਫੰਡਜ ਦੀ ਉਪਲੱਭਧਤਾ ਹੋਣ ਤੇ ਹੀ ਨਿਰਭਰ ਹੋ ਸਕਦਾ ਹੈ। ਇਸ ਲਈ ਕੋਈ ਸਮੇਂ-ਸੀਮਾ ਨਹੀਂ ਦਿੱਤੀ ਜਾ ਸਕਦੀ।

---

### ਕਸੂਰ ਡ੍ਰੇਨ ਉਪਰ ਪੁਲ ਦੀ ਉਸਾਰੀ

*187. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ-ਖੇਮਕਰਨ ਸੜਕ ਤੇ ਪਿੰਡ ਮਾੜੀ ਨੌਂ ਆਬਾਦ ਵਿਖੇ ਕਸੂਰ ਡ੍ਰੇਨ ਉਪਰ ਪੁਲ ਉਸਾਰਨ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਇਸ ਪੁਲ ਦੀ ਉਸਾਰੀ ਦਾ ਕੰਮ

Original with;
Punjab Vidhan Sabha
Digitized by;
Panjab Digital Library

ਪ੍ਰਗਤੀ ਅਧੀਨ ਹੈ ਅਤੇ ਮੌਕੇ ਤੇ ਵਰਤਮਾਨ ਸਥਿਤੀ ਅਨੁਸਾਰ ਇਹ ਕੰਮ 31.8.2008 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

---

## ਖਾਲੜਾ-ਹਰੀਕੇ ਸੜਕ ਦੀ ਮੁਰੰਮਤ

*188. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖਾਲੜਾ-ਹਰੀਕੇ ਸੜਕ ਦੀ ਮੁਰੰਮਤ ਕਿਸ ਸਾਲ ਤੋਂ ਹੋਣੀ ਬਣਦੀ ਹੈ ਅਤੇ ਉਕਤ ਸੜਕ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਖਾਲੜਾ-ਹਰੀਕੇ ਸੜਕ ਸਟੇਟ ਹਾਈਵੇ ਨੰ: 19 ਦਾ ਹਿੱਸਾ ਹੈ ਜਿਸ ਦੀ ਲੰਬਾਈ 42.98 ਕਿ:ਮੀ: ਹੈ। ਇਸ ਸੜਕ ਦੀ ਮਿਆਦੀ ਮੁਰੰਮਤ 2004-05 ਵਿਚ ਕਰਨੀ ਡਿਊ ਸੀ, ਪਰੰਤੂ ਇਹ ਕੰਮ ਜਨਵਰੀ, 2008 ਨੂੰ ਹੱਥ ਵਿਚ ਲਿਆ ਗਿਆ। ਹੁਣ ਇਸ ਦੀ ਮੁਰੰਮਤ ਦਾ ਕੰਮ ਪ੍ਰਗਤੀ ਅਧੀਨ ਹੈ, ਜਿਸ ਦੀ ਵਰਤਮਾਨ ਸਥਿਤੀ ਨਿਮਨਲਿਖਤ ਅਨੁਸਾਰ ਹੈ :-

| | |
|---|---|
| 50 ਮਿਲੀਮੀਟਰ ਮੋਟੀ ਬਿਚੂਮਨ ਵਿਛਾਉਣ | 16 ਕਿ:ਮੀ: ਕੰਮ ਪੂਰਾ ਹੋ ਚੁੱਕਾ ਹੈ |
| 25 ਮਿਲੀਮੀਟਰ ਮੋਟੀ ਐਸ.ਡੀ.ਬੀ.ਸੀ. ਵਿਛਾਉਣ | 4 ਕਿ:ਮੀ. ਕੰਮ ਪੂਰਾ ਹੋ ਚੁੱਕਾ ਹੈ |

ਇਹ ਕੰਮ 31.8.2008 ਤੱਕ ਪੂਰਾ ਹੋ ਜਾਣ ਦੀ ਸੰਭਾਵਨਾ ਹੈ।

---

## ਅੰਮ੍ਰਿਤਸਰ-ਖੇਮਕਰਨ ਸੜਕ ਤੇ ਪੁਲ ਦੀ ਉਸਾਰੀ

*189. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ-ਖੇਮਕਰਨ ਸੜਕ ਤੇ ਪਿੰਡ ਅਲਗੋਂ ਕੋਠੀ ਨਜ਼ਦੀਕ ਪੁਲ ਦੀ ਉਸਾਰੀ ਦੇ ਕੰਮ ਵਿਚ ਆ ਰਹੀਆਂ ਮੁਸ਼ਕਲਾਂ ਦੇ ਵੇਰਵੇ ਕੀ ਹਨ ਅਤੇ ਇਸ ਦੀ ਉਸਾਰੀ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਆਰ.ਡੀ. 47.000 ਕਿ:ਮੀ: (ਪਿੰਡ ਅਲਗੋਂ ਕੋਠੀ) ਤੇ ਇਹ ਪੁਲ ਮਨੀਹਾਲਾ ਅਸਕੇਪ (ਬਰਸਾਤੀ ਨਾਲਾ) ਤੇ ਅੰਮ੍ਰਿਤਸਰ-ਖੇਮਕਰਨ ਸੜਕ (ਰਾਜ ਮਾਰਗ-21) ਉਪਰ ਮੁੜ ਉਸਾਰਿਆ ਜਾ ਰਿਹਾ ਹੈ ਅਤੇ ਇਸ ਕੰਮ ਵਿਚ ਕੋਈ ਅੜਚਣ ਪੇਸ਼ ਨਹੀਂ ਆ ਰਹੀ। ਇਹ ਕੰਮ 31.8.2008 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

---

Original with;
Punjab Vidhan Sabha
Digitized by;
Panjab Digital Library

## ਬਠਿੰਡਾ ਵਿਖੇ ਬਾਈ ਪਾਸ ਦੀ ਉਸਾਰੀ

*127. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਰਬਨ ਅਸਟੇਟ, ਬਠਿੰਡਾ ਵਿਚ ਬਰਨਾਲਾ-ਬਠਿੰਡਾ ਸੜਕ ਤੋਂ ਬਠਿੰਡਾ-ਮਾਨਸਾ ਸੜਕ ਤੱਕ ਬਾਈ ਪਾਸ ਦੀ ਉਸਾਰੀ ਅਜੇ ਤੱਕ ਅਧੂਰੀ ਪਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

ਲੋਕ ਨਿਰਮਾਣ ਮੰਤਰੀ, ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਹਾਂ ਜੀ। ਇਸ ਸੜਕ ਦੀ ਕੁਲ ਲੰਬਾਈ 5.822 ਕਿ:ਮੀ: ਹੈ। ਸੜਕ ਦਾ ਹਿੱਸਾ ਕਿ:ਮੀ: 0.00 ਤੋਂ 1.05 ਕਿ:ਮੀ: ਨਗਰ ਸੁਧਾਰ ਟਰੱਸਟ ਬਠਿੰਡਾ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਹੈ ਜਿਸ ਦਾ ਲੱਗਭਗ 75% ਕੰਮ ਪੂਰਾ ਹੋ ਚੁੱਕਾ ਹੈ ਅਤੇ ਸੜਕ ਦੀ ਬਾਕੀ ਲੰਬਾਈ ਲਿਟੀਗੇਸ਼ਨ ਅਧੀਨ ਹੈ। ਸੜਕ ਦਾ 1.05 ਤੋਂ 3.722 ਕਿ:ਮੀ: ਦਾ ਹਿੱਸਾ ਪੁੱਡਾ ਅਧੀਨ ਪੈਂਦਾ ਹੈ ਜਿਥੇ ਕਿ 90% ਕੰਮ ਪੂਰਾ ਹੋ ਚੁੱਕਾ ਹੈ। ਬਾਕੀ ਰਹਿੰਦਾ ਕੰਮ ਮਾਨਯੋਗ ਸੁਪਰੀਮ ਕੋਰਟ ਵਿਚ ਪਟੀਸ਼ਨ ਪੈਂਡਿੰਗ ਹੋਣ ਕਰਕੇ ਲੰਬਿਤ ਹੈ। ਕਿ:ਮੀ: 3.722 ਤੋਂ 5.822 ਤਜਵੀਜ਼ਤ ਰੂਟ ਅਜੇ ਐਕੁਆਇਰ ਕੀਤਾ ਜਾਣਾ ਹੈ। ਲੈਂਡ ਐਕੂਜੀਸ਼ਨ ਐਕਟ ਅਧੀਨ ਧਾਰਾ-4 ਅਧੀਨ ਨੋਟੀਫਿਕੇਸ਼ਨ ਮਿਤੀ 7.1.08 ਨੂੰ ਜਾਰੀ ਕੀਤਾ ਜਾ ਚੁੱਕਾ ਹੈ। ਆਰਮੀ ਅਧਿਕਾਰੀਆਂ ਨੇ ਇਸ ਸੜਕ ਨੇੜੇ ਅਸਲਾ ਡਿਪੂ ਹੋਣ ਕਰਕੇ ਸੜਕ ਦੀ ਅਲਾਈਨਮੈਂਟ ਤੇ ਇਤਰਾਜ਼ ਕੀਤਾ ਹੋਇਆ ਹੈ। ਡੀ.ਸੀ. ਬਠਿੰਡਾ ਵੱਲੋਂ ਇਹ ਮਸਲਾ ਮਿਲਟਰੀ ਸਟੇਸ਼ਨ, ਬਠਿੰਡਾ ਵਿਖੇ ਆਰਮੀ ਅਥਾਰਟੀਜ਼ ਨਾਲ ਉਠਾਇਆ ਹੋਇਆ ਹੈ।

---

## ਮੌੜ ਮੰਡੀ ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ

*62. (ਸੀ.ਯੂ.) ਸਰਦਾਰ ਜੀਤਮਹਿੰਦਰ ਸਿੰਘ ਸਿੱਧੂ : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੌੜ ਮੰਡੀ ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਹਾਂ ਜੀ। ਪੰਜਾਬ ਸਰਕਾਰ ਵੱਲੋਂ ਮੌੜ ਮੰਡੀ ਵਿਖੇ ਰੇਲਵੇ ਓਵਰ ਬਰਿੱਜ ਬਣਾਉਣਾ ਪ੍ਰਵਾਨ ਕੀਤਾ ਗਿਆ ਹੈ। ਚੀਫ਼ ਇੰਜੀਨੀਅਰ (ਆਈ.ਪੀ.) ਪੰਜਾਬ ਵੱਲੋਂ ਆਪਣੇ ਪੱਤਰ ਨੰ: 4161-64 ਮਿਤੀ 31.5.2007 ਰਾਹੀਂ ਇਸ ਕੰਮ ਨੂੰ ਛੇ ਮਹੀਨੇ ਵਿਚ ਪੂਰਾ ਕਰਨ ਲਈ 1456.00 ਲੱਖ ਦੇ ਟੈਂਡਰ ਜਾਰੀ ਕਰ ਦਿੱਤੇ ਗਏ ਹਨ। ਅਲਾਟਮੈਂਟ ਮੁਤਾਬਿਕ ਕੰਮ ਨੂੰ ਸ਼ੁਰੂ ਕਰਨ ਦੀ ਮਿਤੀ 21.06.2007 ਸੀ। ਗਾਂਧੀ ਬਸਤੀ ਵਾਲੇ ਪਾਸੇ ਦੀ ਲੰਬਾਈ 82 ਮੀਟਰ ਅਤੇ ਸਕੂਲ ਵਾਲੇ ਪਾਸੇ ਦੀ

Original with;
Punjab Vidhan Sabha
Digitized by;
Punjab Digital Library

ਲੰਬਾਈ 88.15 ਮੀਟਰ ਹੈ। ਭਾਵੇਂ ਰੇਲਵੇ ਵੱਲੋਂ ਆਪਣੇ ਪੱਤਰ ਨੰ: ਡਬਲਯੂ/ਐਮ.ਆਰ.-ਜੇ.111/ਡਬਲਯੂ-4 ਮਿਤੀ 5.7.2005 ਰਾਹੀਂ ਫਿਜੀਬਿਲਿਟੀ ਰਿਪੋਰਟ ਪ੍ਰਵਾਨ ਕਰ ਦਿੱਤੀ ਗਈ ਸੀ ਪਰ ਜੀਏਡੀ ਨੇ ਇਹ ਅਪਰੂਵ ਨਹੀਂ ਕੀਤੀ। ਰੇਲਵੇ ਪੋਰਸ਼ਨ ਦਾ ਐਸਟੀਮੇਟ ਅਜੇ ਵੀ ਰੇਲਵੇਜ਼ ਵੱਲੋਂ ਸਬਮਿੱਟ ਕੀਤਾ ਜਾਣਾ ਹੈ। ਜਿਵੇਂ ਕਿ ਰੇਲ ਵਿਭਾਗ ਨੇ ਬੌਕਸ ਪੁਸ਼ਿੰਗ ਟੈਕਨੀਕ ਨੂੰ ਅਪਣਾਉਣਾ ਹੈ ਇਸ ਲਈ ਛੋਟੀ ਲੰਬਾਈ ਦੇ ਲਾਂਘੇ ਦਾ ਕੰਮ ਛੱਡ ਦਿੱਤਾ ਗਿਆ ਹੈ ਅਤੇ ਸ਼ੁਰੂ ਨਹੀਂ ਕੀਤਾ ਜਾ ਸਕਿਆ।

---

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©2008

Published under the authority of the Punjab Vidhan Sabha and typesetting & printed by the Controller, Printing & Stationery, Punjab at Punjab Govt. Press, S.A.S. Nagar.

PGP, Mohali/6250/05-08 (1)

Original with;
Punjab Vidhan Sabha
Digitized by;
Panjab Digital Library

under Print:

Annexure
debate dt 29.6.07.

Vinod wadhwa.
17.10.08.

Original with;
Punjab Vidhan Sabha
Digitized by;
Panjab Digital Library

1-7

Original with;
Punjab Vidhan Sabha
Digitized by;
Punjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

B-19174

*Original with;*
Punjab Vidhan Sabha
*Digitized by;*
Panjab Digi [redacted]